

ਆਤਮ ਮਾਰਗ ਪਬਲੀਕੇਸ਼ਨ

# ਕਿਵ ਸਚਿਆਰਾ ਹੋਈਐ?

ਕਰਤਾ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ, ਰਤਵਾੜਾ ਸਾਹਿਬ

# ਕਿਵ ਸਚਿਆਰਾ ਹੋਈਐ?

# (ਭਾਗ 1)

# ਦੋ ਸ਼ਬਦ

ਜਨਵਰੀ 25, 1973 ਤੋਂ ਫਰਵਰੀ 12, 1973 ਤੀਕਰ ਸੰਤ ਮਹਾਰਾਜ ਸ੍ਰੀ **108** ਸੰਤ ਈਸ਼ਰ ਸਿੰਘ ਜੀ ਰਾੜੇ ਸਾਹਿਬ ਵਾਲਿਆਂ ਦੇ ਦੀਵਾਨ ਜ਼ਿਲਾ ਰਾਮਪੁਰ, ਬਿਲਾਸਪੁਰ (ਯੂ.ਪੀ.) ਲੱਗੇ। ਉਸ ਤੋਂ ਪਿਛੋਂ 8 ਮਾਰਚ, 1973 ਤਾਈਂ ਤਰਾਈ ਦੇ ਹੋਰ ਇਲਾਕਿਆਂ ਵਿਚ ਬਾਜਪੁਰ, ਸਰਕੜਾ, ਕਾਸ਼ੀਪੁਰ, ਨਾਨਕ ਪਤਾ, ਨਵਾਬ ਗੰਜ ਆਦਿ ਥਾਵਾਂ ਤੇ ਬੇਅੰਤ ਸੰਗਤਾਂ ਰੂਹਾਨੀ ਪ੍ਰਵਚਨਾਂ ਤੋਂ ਲਾਭ ਉਠਾਉਨਦੀਆਂ ਰਹੀਆਂ। ਬਿਲਾਸਪੁਰ ਤਹਿਸੀਲ ਵਿਚ ਪਿੰਡ ਅਨਵਰੀਆ (ਫੈਜ਼ਗੰਜ) ਸੌ ਏਕੜ ਦਾ ਫਾਰਮ ਅਸੀਂ ਖਰੀਦਿਆ। ਵੰਡਣ ਉਪਰੰਤ 50 ਏਕੜ ਮੇਰੇ ਪਾਸ ਰਹੇ ਜਿਸ ਵਿਚ intensive cultivation ਕਰਕੇ ਆਪਣਾ ਗੁਜ਼ਾਰਾ ਕੀਤਾ। ਇਸੇ ਸਮੇਂ ਵਿਚ ਜੋ ਅਬਾਦਕਾਰ ਪੰਜਾਬ ਦੀ ਵੰਡ ਤੋਂ ਪਿਛੋਂ ਆਪਣਾ ਸਭ ਕੁਝ ਗੁਆ ਕੇ ਵਾਹਿਗੁਰੂ ਜੀ ਦੇ ਭਰੋਸੇ ਦੀ ਟੇਕ ਰੱਖ ਕੇ ਤਰਾਈ ਦੇ ਜੰਗਲਾਂ ਵਿਚ ਪੁੱਜ ਗਏ, ਇਕੱਲਾ-ਇਕੱਲਾ ਆਪਣਾ ਤਾਣ ਲਾ ਰਿਹਾ ਸੀ। ਸਰਕਾਰ ਵਲੋਂ ਕੋਈ ਵੀ ਮਦਦ ਕਿਸੇ ਨੂੰ ਵੀ ਨਹੀਂ ਦਿਤੀ ਜਾ ਰਹੀ ਸੀ। ਸਦੀਆਂ ਤੋਂ ਖੜ੍ਹੇ ਜੰਗਲ ਸ਼ੇਰਾਂ, ਚੀਤਿਆਂ, ਲੱਗੜ ਬਗਿਆਂ, ਬਘਿਆੜਾਂ, ਵੱਡੀਆਂ ਸਰ੍ਹਾਲਾਂ ਜਿਨ੍ਹਾਂ ਦੇ ਕੱਦ 25 ਫੁੱਟ ਲੰਮੇ ਤੇ ਡੇਢ ਫੁੱਟ ਚੌੜੇ ਸਨ ਉਹ ਵੀ ਅਤੇ ਹੋਰ ਅਨੇਕ ਕਿਸਮ ਦੇ ਸੱਪਾਂ ਨਾਲ ਭਰਪੂਰ ਜੰਗਲ ਸਨ। ਮੱਛਰ ਕਾਲ ਰੂਪ ਬਣ ਕੇ ਕੱਟਦਾ ਸੀ। ਅਨੇਕ ਕਿਸਮ ਦੇ ਬੁਖਾਰ ਅਤੇ ਪਾਣੀ ਖਰਾਬ ਹੋਣ ਕਰਕੇ ਬਿਮਾਰੀਆਂ ਅਬਾਦਕਾਰਾਂ ਨੂੰ ਲਗ ਗਈਆਂ ਸਨ ਪਰ ਇਨ੍ਹਾਂ ਨੇ ਗੁਰੂ ਦੀ ਟੇਕ ਵਿਚ ਰਹਿ ਕੇ ਸਭ ਕਾਸੇ ਦਾ ਮੁਕਾਬਲਾ ਕੀਤਾ।

ਇਸ ਬਹੁਤ ਸਖਤ ਜੱਦੋ-ਜਹਿਦ ਵਿਚ 20-25 ਸਾਲ ਜੰਗਲ ਪੁਟਦਿਆਂ ਨੂੰ ਲੰਘ ਗਏ। ਛੋਟੇ-ਛੋਟੇ ਬੱਚੇ ਜੁਆਨ ਹੋ ਗਏ, ਪਰ ਗੁਰਮਤਿ ਸਿਧਾਂਤ ਤੋਂ ਪੂਰੀ ਤਰ੍ਹਾਂ ਅਣਜਾਣ ਹੋ ਕੇ ਜੰਗਲੀ ਸੁਭਾਅ ਧਾਰਨ ਕਰ ਲਏ, ਸ਼ਰਾਬ ਅਪਣਾਅ ਲਈ। ਇਸ ਪਤਨ ਵਿਚ ਰੁੜ੍ਹ ਰਹੀ ਬਿਰਤੀ ਨੂੰ ਰੋਕਣ ਲਈ ਇਕੱਲਿਆਂ ਹੀ ਆਪਣੀ ਖੇਤੀ ਦੀ ਸੰਭਾਲ ਕਰਦਿਆਂ ਹੀ ਸਤਿਸੰਗ ਸ਼ੁਰੂ ਕਰ ਦਿਤਾ। ਥੋੜ੍ਹੇ ਹੀ ਸਮੇਂ ਵਿਚ ਉਨ੍ਹਾਂ ਨੇ ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ ਨੂੰ ਸੁਣਿਆ, ਗੁਰੂ ਦਸ਼ਮੇਸ਼ ਪਿਤਾ ਜੀ ਦੀਆਂ ਕੀਤੀਆਂ ਹੋਈਆਂ ਕੁਰਬਾਨੀਆਂ ਨੂੰ ਪਿਆਰ ਨਾਲ ਅਪਣਾਇਆ ਅਤੇ ਇਨ੍ਹਾਂ ਮੰਦ ਕਰਮਾਂ ਤੋਂ ਛੁਟਕਾਰਾ ਪਾ ਕੇ ਸ਼ਬਦ ਦੇ ਲੜ ਲੱਗੇ। ਇਕ ਨਵਾਂ ਵਾਤਾਵਰਣ ਪੈਦਾ ਹੋ ਗਿਆ। ਅਸੀਂ ਇਕੱਲੇ-ਇਕੱਲੇ ਡੇਰੇ (ਫਾਰਮ) ਵਿਚ ਦੀਵਾਨ ਲਾਏ। ਗੁਰੂ ਮਹਾਰਾਜ ਜੀ ਨੇ ਕ੍ਰਿਪਾ ਕਰੀ ਅਤੇ ਆਪਣਾ ਪਿਆਰ, ਗਿਆਨ ਅਸਾਨੂੰ ਬਖਸ਼ਿਆ। ਸੰਤ ਮਹਾਰਾਜ ਜੀ ਦੇ ਦੀਵਾਨ ਲ'ਗਣ ਨਾਲ ਅੰਧਕਾਰ ਦੂਰ ਹੋ ਕੇ ਮਹਾਨ ਪ੍ਰਕਾਸ਼ ਹਨ੍ਹੇਰੀਆਂ ਨੁਕਰਾਂ ਵਿਚ ਫੈਲ ਗਿਆ। ਸਵਰਗਵਾਸੀ ਕਰਨਲ ਲਾਲ ਸਿੰਘ ਜੀ ਬਾਰਾਂਦਰੀ ਫਾਰਮ, ਰੁਦਰਪੁਰ ਨੇੜੇ ਵਾਲੇ ਮੇਰੇ ਪ੍ਰਮ ਸਹਿਯੋਗੀ ਸਨ। ਉਹ ਅਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਹਿਯੋਗ ਦਿੰਦੇ ਸਨ। ਆਪ ਨਾਨਕ ਮਤਾ ਜੀ ਦੇ ਪ੍ਰਧਾਨ ਵੀ ਸਨ ਤੇ 683 ਏਕੜ ਕੋਆਪਰੇਟਿਵ ਸੁਸਾਇਟੀ ਦੇ ਮਾਲਕ ਵੀ ਸਨ। ਉਨ੍ਹਾਂ ਨੂੰ 7 ਜੁਲਾਈ 1973 ਨੂੰ ਦਰਗਾਹ ਵਲੋਂ ਸੱਦਾ ਆ ਗਿਆ ਅਤੇ ਉਹ ਇਸ ਸੰਸਾਰ ਤੋਂ ਚਲੇ ਗਏ ਅਤੇ ਉਨ੍ਹਾਂ ਦੀ ਮਿਰਤਕ ਦੇਹ ਦਾ 8 ਜੁਲਾਈ 1973 ਨੂੰ ਸਸਕਾਰ ਕੀਤਾ। ਇਕ ਸਹਿਯੋਗੀ ਸਾਥੀ ਦਾ ਜਾਣਾ ਸਾਡੇ ਲਈ ਬੜਾ ਘਾਟਾ ਸੀ।

19 ਜੁਲਾਈ 1973 ਨੂੰ ਮੈਂ ਲੁਧਿਆਣੇ ਤੋਂ ਹੁੰਦਾ ਹੋਇਆ ਸੰਤ ਮਹਾਰਾਜ ਜੀ ਦੇ ਦਰਸ਼ਨ ਕਰਨ ਰਾੜੇ ਸਾਹਿਬ ਪੁਜਿਆ। ਮਹਾਰਾਜ ਜੀ ਨਾਲ ਕਰਨਲ ਲਾਲ ਸਿੰਘ ਜੀ ਬਾਰੇ ਗ'ਲਬਾਤ ਹੁੰਦੀ ਰਹੀ। ਸੰਤ ਮਹਾਰਾਜ ਜੀ ਨੇ ਕਿਹਾ ਕਿ ਤੇਰੀ ਸੱਜੀ ਬਾਂਹ ਟੁੱਟ ਗਈ ਹੈ। ਮੈਂ ਹਾਂ ਵਿਚ ਉਤਰ ਦਿਤਾ। ਮਹਾਰਾਜ ਜੀ ਨੇ ਮੈਨੂੰ ਹੁਕਮ ਕੀਤਾ ਕਿ ਅਸਾਥੋਂ ਇਕ ਲ'ਖ ਰੁਪਿਆ ਲੈ ਜਾਵੋ ਅਤੇ ਤੁਸੀਂ ਫਿਲਮਾਂ ਬਣਾ ਕੇ ਕੀਰਤਨ ਕਰੋ। 20 ਹਜ਼ਾਰ ਦੀ ਜੀਪ ਆ ਜਾਵੇਗੀ, ਬਾਕੀ ਪੈਸੇ ਦਾ ਹੋਰ ਸਮਾਨ ਲੈ ਲੈਣਾ ਪਰ ਮੈਂ ਇਹ ਪੈਸਾ ਸੰਤ ਮਹਾਰਾਜ ਜੀ ਤੋਂ ਲੈਣਾ ਬਿਲਕੁਲ ਵਾਜਬ ਨਾ ਸਮਝਿਆ। ਸਮੇਂ ਦੇ ਫੇਰ ਨਾਲ ਸੰਤ ਮਹਾਰਾਜ ਜੀ ਅਗਸਤ 1975 ਵਿਚ ਪੰਜ ਭੂਤਕ ਚੋਲਾ ਤਿਆਗ ਕੇ ਜੋਤੀ ਜੋਤ ਸਮਾਅ ਗਏ। ਅਸਾਡੇ ਲਈ ਇਕ ਤਰ੍ਹਾਂ ਦਾ ਹਨ੍ਹੇਰ ਹੀ ਪੈ ਗਿਆ। ਹੌਲੀ-ਹੌਲੀ ਸਮਾਂ ਲੰਘਦਾ ਗਿਆ ਇਹ ਗੱਲ ਪੂਰੀ ਤਰ੍ਹਾਂ ਨਾਲ ਮੇਰੀ ਸਿਮ੍ਰਤੀ ਵਿਚੋਂ ਭੁੱਲ ਗਈ। ਸਾਰੀ ਜ਼ਮੀਨ ਵੇਚ ਕੇ 1978 ਵਿਚ ਚੰਡੀਗੜ੍ਹ ਆ ਗਿਆ। ਜਦੋਂ ਇਸ ਮਹਾਨ ਸ਼ਹਿਰ ਦੇ ਆਲੇ-ਦੁਆਲੇ ਦਾ ਸਰਵੇ ਕੀਤਾ ਤਾਂ ਦੇਖਿਆ ਕਿ ਸਿੱਖੀ ਨਾਮ ਦੀ ਵਸਤੂ ਘਾੜ ਦੇ ਇਸ ਪਛੜੇ ਹੋਏ ਏਰੀਏ ਵਿਚੋਂ ਬਿਲਕੁਲ ਹੀ ਖਤਮ ਹੋ ਚੁੱਕੀ ਹੈ। ਉਸ ਦੀ ਥਾਂ ਮੜ੍ਹੀਆਂ, ਗੁੱਗਿਆਂ, ਮਾਤਾ ਰਾਣੀਆਂ ਦੀ ਪੂਜਾ ਜ਼ੋਰਾਂ ਤੇ ਸੀ ਤੇ 95% ਬੰਦੇ, ਬੱਚੇ, ਬੁੱਢੇ, ਜੁਆਨ ਜਰਦਾ ਖਾ ਕੇ ਆਪਣੀ ਸਿਹਤ ਖਰਾਬ ਕਰਕੇ ਮੌਤ ਦੇ ਮੂੰਹ ਵਿਚ ਜਾਣ ਲਈ ਰੋਗ ਗ੍ਰਸਤ ਹੋ ਰਹੇ ਸਨ। ਇਸ ਉਪਰ ਗੰਭੀਰ ਵਿਚਾਰ ਮੈਂ ਅਤੇ (ਪਤਨੀ) ਬੀਬੀ ਰਣਜੀਤ ਕੌਰ ਨੇ ਕੀਤੀ ਅਤੇ ਸਾਰੇ ਕੰਮ ਛੱਡ ਕੇ ਆਪਣਾ ਰਹਿੰਦਾ ਸਮਾਂ ਇਨ੍ਹਾਂ ਪਛੜਿਆਂ ਹੋਇਆ ਇਲਾਕਿਆਂ ਵਿਚ ਸਿੱਖੀ ਦੇ ਪ੍ਰਚਾਰ ਲਈ ਸਮਰਪਤ ਕਰ ਦਿਤਾ। 1978 ਤੋਂ ਲੈ ਕੇ 1986 ਤੱਕ ਸਾਰੇ ਖਰਚੇ, ਲਾਊਡ ਸਪੀਕਰ, ਦਰੀਆਂ, ਲਾਈਟਾਂ ਆਦਿ ਲਈ ਆਪਣੀ ਜੇਬ ਵਿਚੋਂ ਹੀ ਕਰਨਾ, ਸਿਰੋਪਾ ਕੋਈ ਨਾ ਲੈਣਾ, ਜੋ ਕੁਛ ਸੰਗਤ ਵਲੋਂ ਆਵੇ ਉਥੇ ਹੀ ਛੱਡ ਆਉਣਾ।

ਉਸ ਸਮੇਂ ਇਕ ਵਾਰੀ ਪਿੰਡ ਰਾਣੀ ਮਾਜਰੇ ਵਿਚ ਦੀਵਾਨ ਲੱਗੇ ਹੋਏ ਸਨ, ਸਰਦਾਰ ਗੁਰਦੇਵ ਸਿੰਘ ਜੀ (ਸ੍ਵਰਗਵਾਸੀ), ਜਿਸ ਨੂੰ ਸੰਤ ਮਹਾਰਾਜ ਜੀ ਗਹਿ-ਗਡ ਕਹਿ ਕੇ ਬੁਲਾਇਆ ਕਰਦੇ ਸਨ ਜੋ ਵੱਡੀਆਂ-ਵੱਡੀਆਂ ਸਟੇਜਾਂ ਉਪਰ ਸੈਕਟਰੀ ਦਾ ਕੰਮ ਕਰਿਆ ਕਰਦਾ ਸੀ ਅਤੇ ਜਿਸਨੇ ਬੋਲਣ ਦੀ ਖਾਸ ਮਹਾਰਤ ਹਾਲਸ ਕੀਤੀ ਹੋਈ ਸੀ, ਨੇ ਦੀਵਾਨ ਵਿਚ ਕਿਹਾ ਕਿ ਮੈਂ ਸੰਤ ਮਹਾਰਾਜ ਜੀ ਦੀ ਇਕ ਡਾਇਰੀ ਪੜ੍ਹੀ ਜਿਸ ਵਿਚ ਇਕ ਪਤਰੇ ਉਪਰ ਤਿਆਗ ਤੇ ਦੂਜੇ ਉਪਰ ਗ੍ਰਹਿਣ ਲਿਖਿਆ ਹੋਇਆ ਸੀ। ਮੇਰਾ ਨਾਮ ਲੈ ਕੇ ਕਹਿਣ ਲੱਗਿਆ ਕਿ ਮਹਾਰਾਜ ਜੀ ਨੇ ਲਿਖਿਆ ਸੀ ਕਿ ਅਸੀਂ ਵਰਿਆਮ ਸਿੰਘ ਨੂੰ ਇਕ ਲੱਖ ਰੁਪਿਆ ਫਿਲਮਾਂ ਬਣਾ ਕੇ ਪ੍ਰਚਾਰ ਕਰਨ ਲਈ ਅਤੇ ਲੋੜੀਂਦਾ ਸਮਾਨ ਖਰੀਦਣ ਲਈ ਦੇ ਰਹੇ ਸਾਂ,

ਪਰ ਉਸ ਨੇ ਸਾਡੇ ਤਿੰਨ ਵਾਰ ਕਹਿਣ ਦੇ ਬਾਵਜੂਦ ਭੀ ਅੰਗੀਕਾਰ ਨਾ ਕਰਿਆ। ਇਸ ਤਿਆਗ ਨੂੰ ਦੇਖ ਕੇ ਅਸਾਡਾ ਮਨ ਬਹੁਤ ਪ੍ਰਸੰਨ ਹੋਇਆ। ਇਹ ਗੱਲ ਸੁਣਦਿਆਂ ਹੀ ਇਕ ਭੁੱਲੀ ਤਸਵੀਰ ਅੱਖਾਂ ਦੇ ਸਾਮ੍ਹਣੇ ਆ ਗਈ ਅਤੇ ਉਹ ਅਦਲੀ ਹੁਕਮ ਕੰਨਾਂ ਵਿਚ ਗੂੰਜਣ ਲੱਗ ਗਿਆ। ਅਸਾਨੂੰ ਫਿਲਮਾਂ ਬਾਰੇ ਕੋਈ ਜਾਣਕਾਰੀ ਨਹੀਂ ਸੀ ਪਰ ਲਿਮਾਂ ਬਣਾਉਣੀਆ ਸ਼ੁਰੂ ਕਰ ਦਿਤੀਆ। ਇਕ ਫੋਟੋਗ੍ਰਾਫਰ ਨਾਲ **contact** ਕੀਤਾ ਜੋ 800 ਰੁਪਏ ਅਸਾਥੋਂ ਇਕ ਫਿਲਮ ਦੇ ਲੈਂਦਾ ਸੀ। 107 ਫਿਲਮਾਂ ਬਣ ਗਈਆ, ਪਰ ਉਨ੍ਹਾਂ ਵਿਚ ਟੈਕਨੀਕਲੀ ਕਮੀਆਂ ਸਨ। ਹੋਰ ਸੋਧ ਕੀਤੀ ਗਈ, ਫਿਲਮਾਂ ਨੂੰ **dub** ਕਰਨ ਦਾ ਕੰਮ ਆਪਣੇ ਹ'ਥ ਵਿਚ ਲੈ ਲਿਆ। ਇਕ ਟੈਕਨੀਕਲ ਦਫਤਰ ਖੁਲ੍ਹ ਗਿਆ ਜਿਸ ਵਿਚ ਬੀਬੀ ਦਵਿੰਦਰ ਕੌਰ ਨੇ ਬਹੁਤ ਮਿਹਨਤ ਕੀਤੀ, (ਪਤਨੀ) ਬੀਬੀ ਰਣਜੀਤ ਕੌਰ ਨੇ ਪਿਛੋਕੜ ਵਿਚ ਬਹੁਤ ਸੋਹਣੀਆਂ ਸੀਨਰੀਆਂ ਲਿਆ ਕੇ ਲਗਾ ਦਿਤੀਆਂ ਅਤੇ ਅੱਜ ਤੱਕ 700 ਫਿਲਮਾਂ ਦੇ ਕਰੀਬ ਬਣ ਚੁੱਕੀਆਂ ਸਨ ਜਿਸ ਵਿਚ ਸਾਰੀਆਂ ਧਾਰਨਾਵਾਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਦਰਜ ਕੀਤੀਆਂ ਗਈਆਂ ਹਨ ਅਤੇ ਸ਼ਬਦ ਦੇ ਅਰਥ ਇੰਗਲਿਸ਼ ਵਿਚ ਕੀਤੇ ਹੋਏ **dub** ਕੀਤੇ ਗਏ ਹਨ। ਸਾਰੇ ਸੰਸਾਰ ਵਿਚ ਇਹ ਫਿਲਮਾਂ **multiply** ਹੋ ਕੇ ਜਗਿਆਸੂਆਂ ਨੂੰ ਰਾਹ ਦਿਖਾ ਰਹੀਆਂ ਹਨ।

ਸਮੇਂ ਫੇਰ ਬਦਲੇ, ਰਤਵਾੜਾ ਸਾਹਿਬ ਗੁਰਦੁਆਰਾ ਈਸ਼ਰ ਪ੍ਰਕਾਸ਼ ਦਾ ਆਸ਼ਰਮ ਵਜੂਦ ਵਿਚ ਆਇਆ, ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੀ ਹੋਂਦ ਕਾਇਮ ਹੋਈ, ਹੋਰ ਕਈ ਆਸ਼ਰਮ ਪੰਜਾਹ, ਯੂ.ਪੀ. ਵਿਚ ਬਣੇ। ਅਖੀਰ ਸੰਗਤ ਦੀ ਮੰਗ ਉਪਰ 'ਆਤਮ ਮਾਰਗ' ਮੈਗਜ਼ੀਨ 1-4-1995 ਨੂੰ ਹੋਂਦ ਵਿਚ ਆਇਆ ਜੋ ਬਹੁਤ ਹੀ ਸ਼ੀਘਰ ਹਰਮਨ ਪਿਆਰਾ ਹੋ ਗਿਆ। ਅੱਜ 25000 ਦੀ ਗਿਣਤੀ ਦੇ ਏੜ-ਗੇੜ ਵਿਚ ਦੇਸਾਂ, ਪ੍ਰਦੇਸਾਂ ਵਿਚ ਜਾਂਦਾ ਹੈ। **No profit** ਨੂੰ ਸਾਮ੍ਹਣੇ ਰਖਦੇ ਹੋਏ, ਘਾਟਿਆਂ ਦੀ ਪ੍ਰਵਾਹ ਨਾ ਕਰਦੇ ਹੋਏ ਇਹ ਚਲ ਰਿਹਾ ਹੈ। ਇਸ ਵਿਚ ਅਨੇਕਾਂ ਮਹਾਂਪੁਰਸ਼ਾਂ ਦੇ ਅਨੁਭਵੀ ਬਚਨ ਹਰ ਮਹੀਨੇ ਪਾਠਕਾਂ ਦੇ ਹੱਥ ਵਿਚ ਪਹੁੰਚ ਜਾਂਦੇ ਹਨ। ਇਸ ਦੀ ਹਰਮਨ ਪਿਆਰਤਾ ਦਿਨੋ-ਦਿਨ ਵਧਦੀ ਹੀ ਜਾਂਦੀ ਹੈ। ਇਸ ਮੈਗਜ਼ੀਨ ਵਿਚ ਮੇਰੇ ਵਲੋਂ ਲਗਾਏ ਦੀਵਾਨ ਜੋ ਵੀਡੀਓ ਫਿਲਮਾਂ ਰਾਹੀ ਰਿਕਾਰਡ ਕੀਤੇ ਗਏ ਹਨ ਉਨ੍ਹਾਂ ਨੂੰ ਮੈਗਜ਼ੀਨ ਵਿਚ ਛਾਪਿਆ ਜਾ ਰਿਹਾ ਹੈ। ਸੱਤ ਦੀਵਾਨ ਤਿੰਨ-ਤਿੰਨ ਘੰਟੇ ਦੇ ਲਗਾਤਾਰ ਮੋਹਲੀ ਵਿਚ ਲੱਗੇ ਸਨ। 'ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ' ਦੇ ਫੈਸਲੇ ਅਨੁਸਾਰ ਇਨ੍ਹਾਂ ਨੂੰ ਇਕ ਪੁਸਤਕ ਦਾ ਰੂਪ ਦੇ ਦਿਤਾ ਗਿਆ ਜਿਸ ਦਾ ਨਾਮ 'ਸੁਰਤਿ ਸਬਦਿ ਮਾਰਗ' ਰੱਖਿਆ। ਜਦੋਂ ਇਹ ਪੁਸਤਕ ਛਪੀ, ਉਸ ਸਮੇਂ 'ਪੰਜਵਾਂ ਗੁਰਮਤਿ ਸਮਾਗਮ' ਗੁਰਦੁਆਰਾ ਈਸ਼ਰ ਪ੍ਰਕਾਸ਼ ਵਿਚ ਹੋਇਆ। ਉਥੇ ਇਹ ਪੁਸਤਕ 5000 ਦੀ ਗਿਣਤੀ ਵਿਚ ਵਿਕ ਕੇ ਪ੍ਰੇਮੀਆਂ ਦੇ ਹੱਥਾਂ ਵਿਚ ਪਹੁੰਚ ਗਈ। ਦੂਸਰੀ ਲੜੀ ਵਿਚ ਪੀਰ ਬੁੱਧੂ ਸ਼ਾਹ ਨੂੰ ਗੁਰੂ ਦਸ਼ਮੇਸ਼ ਪਿਤਾ ਜੀ ਨੇ ਜੋ ਉਪਦੇਸ਼ ਦਿਤਾ ਸੀ ਉਹ ਪੰਜ ਦੀਵਾਨ 'ਕਿਵ ਕੂੜੈ ਤੁਟੈ ਪਾਲਿ' ਦੀ ਪੁਸਤਕ ਵਿਚ ਲਿਖਤ ਰੂਪ ਵਿਚ ਸੰਕਲਿਤ ਕੀਤੇ ਗਏ। 'ਆਤਮ ਮਾਰਗ' ਮੈਗਜ਼ੀਨ ਵਿਚੋਂ ਲੇਖ ਚੁਣ ਕੇ 'ਬਾਤ ਅਗੰਮ ਕੀ' ਪੁਸਤਕ ਵਿਚ ਰੂਪਮਾਨ ਹੋਏ। ਇਸ ਲੜੀ ਵਿਚ 6 **series** ਛਪ ਚੁੱਕੀਆਂ ਹਨ। 'ਜਪੁਜੀ ਸਾਹਿਬ' ਦਾ ਪੁਰਾਤਨ ਟੀਕਾ ਜੋ ਹੱਥ ਲਿਖਤ ਨੋਟਿੰਗਮ ਵਿਚੋਂ ਪ੍ਰਾਪਤ ਹੋਇਆ, ਉਹ ਵੀ ਪੁਸਤਕ ਦੇ ਰੂਪ ਵਿਚ ਛਪ ਕੇ ਬਹੁਤ ਵੱਡੀ ਗਿਣਤੀ ਵਿਚ ਪਾਠਕਾਂ ਦੇ ਪਾਸ ਪਹੁੰਚ ਚੁਕਿਆ ਹੈ। ਹੁਣ 'ਕਿਵ ਸਚਿਆਰਾ ਹੋਈਐ?' ਦੇ ਸਿਰਲੇਖ ਹੇਠ ਇਕ ਰਾਜਕੁਮਾਰੀ ਅਤੇ ਭਾਰੀ ਤਿਲੋਕਾ ਜੀ ਦੀ ਰੂਹਾਨੀ ਵਾਰਤਾਲਾਪ ਗੁਰਬਾਣੀ ਦੇ ਚਾਨਣ ਵਿਚ ਛਾਪੀ ਗਈ ਹੈ। ਇਸ ਸਬੰਧ ਵਿਚ ਛੇ ਦੀਵਾਨ ਵੀਡੀਓ ਫਿਲਮਾਂ ਵਿਚ ਰਿਕਾਰਡ ਕੀਤੇ ਗਏ ਸਨ। ਉਨ੍ਹਾਂ ਵਿਚੋਂ ਪਹਿਲੀਆਂ ਦੋ ਫਿਲਮਾਂ ਪੁਸਤਕ ਦੇ ਰੂਪ ਵਿਚ ਛਾਪੀਆਂ ਜਾ ਰਹੀਆਂ ਹਨ ਜਿਸ ਤੋਂ ਪਾਠਕਾਂ ਨੂੰ ਗੁਰਮਤਿ ਵਿਚ ਪ੍ਰਚਲਤ ਸਿਧਾਂਤਾਂ ਤੇ ਅਧਾਰਤ ਜੀਵਨ ਦ੍ਰਿਸ਼ਟੀਗੋਚਰੇ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਪੁਸਤਕ ਵਿਚ ਹੁਕਮ-ਕਰਮ-ਮੌਤ-ਆਤਮਾ ਅਤੇ ਹੋਰ ਅਨੇਕਾਂ ਗੂੜ੍ਹ ਵਿਸ਼ਿਆਂ ਉਪਰ ਵਿਚਾਰ ਕੀਤੀ ਗਈ ਹੈ। ਇਕ ਗੁਰਮੁਖ ਜੀਵਨ ਨੂੰ ਅੱਖਰਾਂ ਦੇ ਰੂਪ ਵਿਚ ਦਰਸਾਉਣ ਦਾ ਜਤਨ ਹੈ।

ਆਸ ਹੈ ਕਿ ਪਾਠਕ ਇਸ ਵਿਚੋਂ ਲਾਭ ਪ੍ਰਾਪਤ ਕਰਨਗੇ। ਤਰੁ'ਟੀਆਂ ਮੇਰੀਆਂ ਹੋਣਗੀਆਂ, ਗੁਰਬਾਣੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਹੈ ਹੀ; ਜਿਥੇ ਕਿਤੇ ਵੀ ਕੋਈ ਭੁ'ਲ ਹੋਵੇ ਉਸ ਲਈ ਅਸੀਂ ਖਿਮਾ ਦੇ ਜਾਚਕ ਹਾਂ।

ਅੰਤ ਵਿਚ ਭਾਈ ਗੁਰਮੁਖ ਸਿੰਘ ਜੀ ਅਤੇ ਪ੍ਰੋ. ਗੁਰਦੇਵ ਸਿੰਘ ਜੀ ਅਤੇ ਹੋਰ ਸਟਾਫ ਦਾ ਮੈਂ ਧੰਨਵਾਦ ਕੀਤੇ ਬਿਨਾਂ ਸਮਾਪਤ ਕਰਨਾ ਠੀਕ ਨਹੀਂ ਸਮਝਦਾ। ਉਨ੍ਹਾਂ ਨੇ ਇਸ ਪੁਸਤਕ ਨੂੰ 'ਆਤਮ ਮਾਰਗ' ਦੇ ਦਫਤਰ ਵਿਚ ਕੰਪਿਊਟਰਾਂ ਦੇ ਸਟਾਫ ਨੂੰ ਆਪਣੀ ਅਗਵਾਈ ਦੇ ਕੇ ਸੁਚੱਜਾ ਬਣਾਉਣ ਦਾ ਉਪਰਾਲਾ ਕੀਤਾ। ਇਨ੍ਹਾਂ ਪ੍ਰੇਮੀਆਂ ਦਾ ਭੀ ਬਹੁਤ ਧੰਨਵਾਦੀ ਹਾਂ।

ਮੋਹਾਲੀ

ਦਸੰਬਰ 8, 1996

ਪ੍ਰਾਰਥਕ ਤੇ ਪਬਲਿਸ਼ਰ

ਵਰਿਆਮ ਸਿੰਘ

ਬਾਨੀ ਤੇ ਮੁਖੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ
ਚੈਰੀਟੇਬਲ ਟਰੱਸਟ

# ਕਿਵ ਸਚਿਆਰਾ ਹੋਈਐ ?

## 1

ਸ਼ਾਨ........................................................................

ਡੰਡਉਤਿ ਬੰਦਨ ਅਨਿਕ ਬਾਰ
ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ
ਨਾਨਕ ਦੇ ਕਰਿ ਹਥ॥ ਪੰਨਾ- 256
ਫਿਰਤ ਫਿਰਤ ਪ੍ਰਭ ਆਇਆ
ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ
ਅਪਨੀ ਭਗਤੀ ਲਾਇ॥
ਪੰਨਾ - 289
ਜੇ ਤੂ ਵਤਹਿ ਅੰਙਣੇ
ਹਭ ਧਰਤਿ ਸੁਹਾਵੀ ਹੋਇ॥
ਹਿਕਸੁ ਕੰਤੈ ਬਾਹਰੀ
ਮੈਡੀ ਵਾਤ ਨ ਪੁਛੈ ਕੋਇ॥
ਪੰਨਾ - 1095
ਜੇ ਤੂ ਮਿਤ੍ਰ ਅਸਾਡੜਾ
ਹਿਕ ਭੋਰੀ ਨਾ ਵੇਛੋੜਿ॥
ਜੀਉ ਮਹਿੰਜਾ ਤਉ ਮੋਹਿਆ
ਕਦਿ ਪਸੀ ਜਾਨੀ ਤੋਹਿ॥
ਪੰਨਾ - 1094
ਧਾਰਨਾ - ਸਾਵਣ ਆਇਆ ਸਖੀਏ,
ਮੋਰਾਂ ਨੇ ਰੁਣ ਝੁਣ ਲਾਇਆ
ਮੋਰੀ ਰੁਣ ਝੁਣ ਲਾਇਆ ਭੈਣੇ
ਸਾਵਣੁ ਆਇਆ॥
ਤੇਰੇ ਮੁੰਧ ਕਟਾਰੇ ਜੇਵਡਾ
ਤਿਨਿ ਲੋਭੀ ਲੋਭ ਲੁਭਾਇਆ॥
ਤੇਰੇ ਦਰਸਨ ਵਿਟਹੁ ਖੰਨੀਐ
ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥
ਜਾ ਤੂ ਤਾ ਮੈ ਮਾਣੁ ਕੀਆ ਹੈ
ਤੁਧੁ ਬਿਨੁ ਕੇਹਾ ਮੇਰਾ ਮਾਣੋ॥
ਚੂੜਾ ਭੰਨੁ ਪਲੰਘ ਸਿਉ ਮੁੰਧੇ
ਸਣੁ ਬਾਹੀ ਸਣੁ ਬਾਹਾ॥
ਏਤੇ ਵੇਸ ਕਰੇਦੀਏ ਮੁੰਧੇ
ਸਹੁ ਰਾਤੋ ਅਵਰਾਹਾ॥
ਨਾ ਮਨੀਆਰੁ ਨ ਚੂੜੀਆ
ਨਾ ਸੇ ਵੰਗੁੜੀਆਹਾ॥
ਜੋ ਸਹ ਕੰਠਿ ਨ ਲਗੀਆ
ਜਲਨੁ ਸਿ ਬਾਹੜੀਆਹਾ॥
ਪੰਨਾ - 557-58
ਧਾਰਨਾ - ਸਾਵਣ ਆਇਆ ਸਖੀਏ,
ਮੋਰਾਂ ਨੇ ਰੁਣ ਝੁਣ ਲਾਇਆ -
ਸਭਿ ਸਹੀਆ ਸਹੁ ਰਾਵਣਿ ਗਈਆ
ਹਉ ਦਾਧੀ ਕੈ ਦਰਿ ਜਾਵਾ॥
ਅੰਮਾਲੀ ਹਉ ਖਰੀ ਸੁਚਜੀ
ਤੈ ਸਹ ਏਕਿ ਨ ਭਾਵਾ॥
ਮਾਠਿ ਗੁੰਦਾਂਈ ਪਟੀਆ
ਭਰੀਐ ਮਾਗ ਸੰਧੂਰੇ॥
ਅਗੈ ਗਈ ਨ ਮੰਨੀਆ
ਮਰਉ ਵਿਸੂਰਿ ਵਿਸੂਰੇ॥
ਮੈ ਰੋਵੰਦੀ ਸਭੁ ਜਗੁ ਰੁਨਾ
ਰੁੰਨੜੇ ਵਣਹੁ ਪੰਖੇਰੂ॥
ਇਕੁ ਨ ਰੁਨਾ ਮੇਰੇ
ਤਨ ਕਾ ਬਿਰਹਾ
ਜਿਨਿ ਹਉ ਪਿਰਹੁ ਵਿਛੋੜੀ॥
ਸੁਪਨੈ ਆਇਆ ਭੀ
ਗਇਆ ਮੈ ਜਲੁ ਭਰਿਆ ਰੋਇ॥
ਆਇ ਨ ਸਕਾ ਤੁਝ ਕਨਿ ਪਿਆਰੇ
ਭੇਜਿ ਨ ਸਕਾ ਕੋਇ॥
ਆਉ ਸਭਾਗੀ ਨੀਦੜੀਏ
ਮਤ ਸਹੁ ਦੇਖਾ ਸੋਇ॥
ਪੰਨਾ - 558
ਧਾਰਨਾ - ਸੁਪਨੇ ਆਇਆ ਭੀ ਗਿਆ,
ਮੈਂ ਜਲ ਭਰਿਆ ਰੋਇ - 2,
2.
ਆਉ ਸਭਾਗੀ ਨੀਦੜੀਏ
ਮਤ ਸਹੁ ਦੇਖਾ ਸੋਇ॥
ਤੈ ਸਾਹਿਬ ਕੀ ਬਾਤ ਜਿ ਆਖੈ
ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ
ਵਿਣੁ ਸਿਰ ਸੇਵ ਕਰੀਜੈ॥
ਕਿਉ ਨ ਮਰੀਜੈ ਜੀਅੜਾ ਨ ਦੀਜੈ
ਜਾ ਸਹੁ ਭਇਆ ਵਿਡਾਣਾ॥
ਪੰਨਾ - 558

ਸਾਧਸੰਗਤ ਜੀ! ਇਸ ਕਲਜੁਗ ਦੀ ਅਗਨ ਨਾਲ ਤਪਦੇ ਸੰਸਾਰ ਵਿਚ ਆਪ ਸਤਿਸੰਗ ਰੂਪੀ ਸੀਤਲ ਨਦੀ ਦੇ ਪ੍ਰਵਾਹ ਵਿਚ ਆ ਕੇ ਬਿਰਾਜਮਾਨ ਹੋਏ ਹੋਂ। ਚਿਤ ਬਿਰਤੀਆਂ ਨੂੰ ਇਕਾਗਰ ਕਰੋ, ਬੁੱਧੀ ਨਾਲ ਵਿਚਾਰ ਕੇ ਗੁਰੂ ਮਹਾਰਾਜ ਦੇ ਸਿਧਾਂਤਾਂ ਨੂੰ ਹਿਰਦੇ ਵਿਚ ਧਾਰਨ ਕਰੋ। ਉਪਰਲਾ ਸ਼ਬਦ ਜੋ ਆਪਾਂ ਪਿਆਰ ਨਾਲ ਪੜ੍ਹਿਆ ਹੈ, ਇਹ ਇਕ ਬਿਰਹੁ ਕੁੱਠੀ ਜੀਵ ਆਤਮਾ ਦੀ ਹੂਕ ਹੈ। ਮਿਲਾਪ ਦੀ ਤੜਪ ਨਾਲ ਹਿਰਦਾ ਬਿਰਹੁ ਦਾ ਰੂਪ ਬਣ ਰਿਹਾ ਹੈ। ਮਹੀਨਾ ਸਾਵਣ ਦਾ ਹੈ, ਬਿਰਹਨ ਇਕੱਲੀ ਹੈ, ਅੰਦਰ ਪਿਆਰ ਦੀ ਖਿੱਚ ਹੈ; ਨੀਂਦ ਨਹੀਂ ਆਉਂਦੀ, ਭੁੱਖ ਨਹੀਂ ਲਗਦੀ, ਇੰਤਜ਼ਾਰ ਵਿਚ ਕਦੇ ਉਚਾ ਚੜ੍ਹ ਕੇ ਲੰਮੀਆਂ ਵਾਟਾਂ ਵਲ ਤਕਦੀ ਹੈ ਕਦੇ

ਹੇਠਾਂ ਜਾ ਕੇ ਹੰਝੂਆਂ ਦੀ ਝੜੀ ਬਰਸਾਉਂਦੀ ਹੈ। ਸਾਵਣ ਮਹੀਨੇ ਦੀ ਨਿੱਕੀ-ਨਿੱਕੀ ਕਣੀ ਇਸ ਬਿਰਹਨ ਦੇ ਨਾਲ ਆਪਣੀ ਭਾਵਨਾ ਰਲਾ ਰਹੀ ਹੈ, ਉਡੀਕ ਹੈ ਆਪਣੇ ਪ੍ਰੀਤਮ ਪਿਆਰੇ ਦੀ। ਕਦੇ ਮਿਲਾਪ ਦੀ ਆਸ ਵਿਚ ਸਾਰੇ ਸ਼ਿੰਗਾਰ ਵੀ ਕੀਤੇ; ਤਰਲਾ ਵੀ ਲਿਆ ਅਤੇ ਦਿਲ ਦੀ ਭਾਵਨਾ ਪ੍ਰਗਟ ਕਰਦਿਆਂ ਅੰਦਰੋਂ ਜ਼ੋਰੋ-ਜ਼ੋਰੀ ਨਿਕਲ ਰਿਹਾ ਹੈ -

**ਜਾ ਤੂ ਤਾ ਮੈ ਮਾਣੁ ਕੀਆ ਹੈ**
**ਤੁਧੁ ਬਿਨੁ ਕੇਹਾ ਮੇਰਾ ਮਾਣੋ॥**
**ਪੰਨਾ - 557**

ਸਾਹਿਬਾ! ਤੇਰੇ ਬਿਨਾਂ ਕੀ ਮਾਣ, ਤੇ ਕੀ ਮੇਰੀ ਪੁੱਛ, ਕੀ ਮੇਰੇ ਸ਼ਿੰਗਾਰ -

**ਮਾਠਿ ਗੁੰਦਾਂਈਂ ਪਟੀਆ**
**ਭਰੀਐ ਮਾਗ ਸੰਧੂਰੇ॥ ਪੰਨਾ - 558**

ਆਸ ਸੀ ਕਿ ਮੇਰੇ ਸ਼ਿੰਗਾਰ ਮੇਰੇ ਪਿਆਰੇ ਦੀ ਇਕ ਝਾਤ ਦਾ ਸੁਭਾਗ ਬਖਸ਼ਣਗੇ ਪਰ ਮੈਂ ਅਉਗਣਹਾਰੀ ਕੀ ਜਾਣਾ ਕਿ ਮੇਰੇ ਵਿਚ ਤਾਂ ਕੋਈ ਵੀ ਐਸਾ ਗੁਣ ਨਹੀਂ ਜਿਸ ਤੋਂ ਮੇਰਾ ਪ੍ਰੀਤਮ ਰੀਝ ਕੇ ਮੈਨੂੰ ਅਪਣਾਅ ਲਵੇ।

**ਅਗੈ ਗਈ ਨ ਮੰਨੀਆ**
**ਮਰਉ ਵਿਸੂਰਿ ਵਿਸੂਰੇ॥ ਪੰਨਾ - 558**

ਕੀ ਕਰਾਂ, ਕੋਈ ਪੇਸ਼ ਨਹੀਂ ਜਾਂਦੀ, ਝੋਰਿਆਂ ਵਿਚ ਜਾਨ ਘਟਦੀ ਜਾਂਦੀ ਹੈ। ਸਾਹਿਬਾ! ਕੀ ਕਸੂਰ ਹੋ ਗਿਆ ਮੈਂ ਅਭਾਗਣ ਤੋਂ। ਤੇਰੇ ਮੇਲ ਨੂੰ ਤਾਂਘਦੀ ਹਾਂ, ਲੋਚਦੀ ਹਾਂ, ਲੁਛਦੀ ਹਾਂ ਮੱਛੀ ਵਾਂਗੂੰ, ਮੇਰੀਆਂ ਆਸਾਂ ਅਧੂਰੀਆਂ ਸਨ, ਅਧੂਰੀਆਂ ਹੀ ਰਹਿ ਗਈਆਂ। ਕਿਉਂ ਮੇਰੇ ਨਾਲ ਪ੍ਰੀਤਮ ਪਿਆਰਾ ਕੋਈ ਬਾਤ ਨਹੀਂ ਕਰਦਾ। ਹਿਰਦੇ ਦੀਆਂ ਧੁਰ ਗਹਿਰਾਈਆਂ ਵਿਚੋਂ ਹੂਕ ਨਿਕਲਦੀ ਹੈ-

**ਮੈ ਰੋਵੰਦੀ ਸਭੁ ਜਗੁ ਰੁਨਾ**
**ਰੁੰਨੜੇ ਵਣਹੁ ਪੰਖੇਰੂ॥ਪੰਨਾ - 558**

ਕੀ ਹੋ ਗਿਆ ਏਸ ਹਸਦੇ ਵਸਦੇ ਸੰਸਾਰ ਨੂੰ; ਇਹ ਪੰਖੇਰੂ ਵੀ ਮੇਰੀ ਬਿਰਹਾ ਪੀੜ ਦਾ ਸਾਥ ਦਿੰਦੇ ਰੋ ਰਹੇ ਹਨ, ਇਹ ਜਗਤ ਵੀ ਮੈਨੂੰ ਉਦਾਸ ਨਜ਼ਰ ਆਉਂਦਾ ਹੈ; ਬਿਰਹਾ ਦਾ ਵਾਤਾਵਰਣ ਚੌਹੀਂ ਪਾਸੀਂ ਪਿਆਰ ਕੁੱਠੀਆਂ ਪੀੜਾਂ ਦੇ ਰਿਹਾ ਹੈ। ਦਰਖਤ ਵੀ, ਹਵਾ ਵੀ, ਚੰਦ ਵੀ, ਤਾਰੇ ਵੀ, ਸੂਰਜ ਵੀ; ਕਿਉਂ ਉਦਾਸ ਨਜ਼ਰ ਆ ਰਹੇ ਹਨ? ਪਰ -

**ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ**
**ਜਿਨਿ ਹਉ ਪਿਰਹੁ ਵਿਛੋੜੀ॥**
**ਪੰਨਾ - 558**

ਮੈਂ ਉਤੋਂ ਰੋ ਰਹੀ ਹਾਂ ਪਰ ਮੇਰੇ ਅੰਦਰ 'ਮੈਂ' (ਹਉਮੈ) ਦੀ ਬੱਜਰ ਹੋਂਦ ਨੇ ਇਸ ਵੈਰਾਗ ਨੂੰ ਕਬੂਲ ਨਹੀਂ ਕੀਤਾ ਅਤੇ ਇਹ ਅਭਿੱਜ ਹੀ ਰਹੀ। ਮੈਨੂੰ ਤੇਰੇ ਹੁਕਮ ਨੇ ਸੂਝ ਦਿਤੀ ਕਿ ਤੂੰ ਤਾਂ ਮੇਰੇ ਨਾਲ ਹੈਂ। ਮੈਂ ਗੁਰੂਆਂ, ਪੀਰਾਂ, ਆਰਫਾਂ, ਦਰਵੇਸ਼ਾਂ, ਸਾਧੂਆਂ, ਸੰਤਾਂ ਤੋਂ ਸੁਣਿਆ ਹੈ ਕਿ ਇਹ ਵਿਛੋੜੇ ਸਿਰਫ ਏਸ ਅਣਹੋਈ 'ਮੈਂ' (ਹਉਮੈ) ਕਰਕੇ ਹਨ। ਇਕ ਕੰਧ ਬਣ ਗਈ ਇਸ 'ਮੈਂ' ਦੀ, ਇਸ ਹਉਮੈ ਦੀ। ਵਿਛੋੜੇ ਪਾ ਦਿਤੇ; ਜੁਗ ਬੀਤ ਗਏ, ਤੂੰ ਤਕ ਰਿਹਾ ਹੈਂ; ਉਡੀਕ ਰਿਹਾ ਹੈਂ, ਤੂੰ ਸਮਰੱਥ ਹੈਂ, ਤੂੰ ਏਸ ਹਉਮੈ ਕੰਧ ਦੇ ਆਰ-ਪਾਰ ਦੇਖ ਰਿਹਾ ਹੈਂ, ਪਰ ਮੈਂ ਨਿਤਾਣੀ ਅੰਧਕਾਰ ਦੀ ਵਾਸੀ ਤੇਰੀ ਹਾਜ਼ਰੀ ਨੂੰ ਅਨੁਭਵ ਨਹੀਂ ਕਰ ਰਹੀ। ਗੁਰੂ ਪੀਰ ਕਹਿ ਰਹੇ ਹਨ ਕਿ ਤੂੰ ਏਸ ਸੰਸਾਰ ਵਿਚ ਅਖੰਡ ਜੋਤ ਹੋ ਕੇ ਸਭ ਦੇ ਅੰਦਰ ਬਾਹਰ ਇਕ ਰਸ, ਪਿਆਰ ਦਾ ਰੂਪ ਹੋ ਕੇ ਪਰੀਪੂਰਨ ਹੈਂ। ਪਰ ਮੇਰੀ ਹੋਂਦ ਦੀ ਕਲਪਨਾ (ਹਉਮੈ) ਨੂੰ ਵਿਸ਼ਵਾਸ਼ ਹੀ ਨਹੀਂ ਆ ਰਿਹਾ ਕਿ ਮੇਰਾ ਪਿਆਰਾ, ਜਿਸ ਲਈ ਮੈਂ ਤਰਲੋ ਮੱਛੀ ਹੋ ਰਹੀ ਹਾਂ, ਮੇਰੇ ਐਨਾ ਨੇੜੇ, ਭਰਪੂਰ ਹੋ ਕੇ ਵਸ ਰਿਹਾ ਹੈ? ਇਹ ਮੇਰੀ ਹੋਂਦ ਇਸ ਸਤਿ ਅਵਸਥਾ ਨੂੰ ਮੰਨਣ ਵਿਚ ਨਹੀਂ ਲਿਆ ਰਹੀ। ਮੇਰੀ ਸੁਝ ਨੂੰ ਨੀਂਦ ਆ ਗਈ, ਤੈਂ ਮੇਰੇ ਉਤੇ ਕ੍ਰਿਪਾ ਕੀਤੀ, ਮੇਰੀ ਪੁਕਾਰ ਸੁਣੀ। ਮੈਂ ਤਰਲਾ ਕੀਤਾ, ਜੇ ਮੈਨੂੰ ਮੇਰੇ ਜਾਗਦਿਆਂ ਮੇਰਾ ਪਿਆਰਾ ਨਹੀਂ ਮਿਲਣਾ ਤਾਂ ਮੈਂ ਸੁਪਨਿਆਂ ਦੇ ਦੇਸ਼ ਜਾ ਕੇ ਆਪਣੇ ਪਿਆਰੇ ਦੀ ਢੂੰਡ ਕਰਾਂ ਕਿਉਂਕਿ ਉਥੇ ਮੇਰੀ 'ਮੈਂ' ਦਾ ਪੜਦਾ ਬਹੁਤ ਹੀ ਪਤਲਾ ਹੈ ਜਿਸਦੇ ਆਰ-ਪਾਰ ਦੇਖਿਆ ਜਾ ਸਕਦਾ ਹੈ। ਤਰਲਾ ਕੀਤਾ -

**ਆਉ ਸਭਾਗੀ ਨੀਦੜੀਏ**
**ਮਤੁ ਸਹੁ ਦੇਖਾ ਸੋਇ॥**
**ਪੰਨਾ-558**

ਹੰਝੂਆਂ ਦੀ ਨੈਅ ਬਹਿ ਤੁਰੀ ਤੇ ਮੈਨੂੰ ਅਤਿ ਮਿਠੇ ਸੁਪਨਿਆਂ ਦੀ ਦੁਨੀਆਂ ਵਿਚ ਲੈ ਗਈ। ਹੁਣ ਠੰਢ ਸੀ, ਸ਼ਾਂਤੀ ਸੀ। ਮੇਰੇ ਕੋਈ ਨੇਤ੍ਰ ਖੁਲ੍ਹੇ ਜਿਹੜੇ ਮੈਂ ਪਹਿਲਾਂ ਕਦੇ ਵੀ ਨਹੀਂ ਤੱਕੇ ਸਨ। ਮੈਂ ਭੁੱਲ ਗਈ, ਤੇਰਾ ਪਿਆਰਾਂ ਭਰਿਆ, ਅਪਣੱਤਾਂ ਵੰਡਦਾ ਪ੍ਰਕਾਸ਼ਮਈ ਰੂਪ ਮੇਰੇ ਸਾਹਮਣੇ ਆ ਗਿਆ। ਮੈਂ ਦੇਖ ਕੇ ਗਲਵਕੜੀ ਪਾਈ, ਤੂੰ ਨਿਰਾ ਹੀ ਨੂਰ, ਮੇਰੀ ਗਲਵਕੜੀ ਵਿਚ ਨਾ ਆ ਸਕਿਆ। ਮੈਨੂੰ ਇਕ ਝਟਕਾ ਦੇ ਗਿਆ ਤੇ ਆਪ ਅਗੰਮਤਾ ਵਿਚ ਅਲੋਪ ਹੋ ਗਿਆ। ਐਨੀ ਛੋਟੀ ਮਿਲਣੀ, ਸੁਪਨੇ ਵਿਚ ਆਇਆ ਵੀ ਤੇ ਫੇਰ ਚਲਿਆ ਗਿਆ ਤੇ ਮੇਰੇ ਨੇਤਰਾਂ ਨੇ ਜਲ ਦਾ ਪ੍ਰਵਾਹ ਵਗਾ ਦਿਤਾ। ਹੁਣ ਮੈਂ ਨੀਂਦ ਨੂੰ ਲੋਚਦੀ ਹਾਂ ਕਿ ਮੇਰਾ ਪਿਆਰਾ ਸ਼ਾਇਦ ਮੇਰੇ ਸੁਪਨਿਆਂ ਦੀ ਦੁਨੀਆਂ ਵਿਚ ਫੇਰ ਆ ਕੇ ਝਰਨ੍ਹਾਟਾਂ ਦਿੰਦਾ ਪਿਆਰ ਦੇਵੇ ਤੇ ਮੈਨੂੰ ਅਪਣਾਅ ਲਵੇ, ਆਪਣਾ ਬਣਾ ਲਵੇ; ਮੈਂ ਕਦੇ ਨਾ ਵਿਛੜਾਂ। ਸਾਂਈਆਂ! ਮੇਰਾ ਤਰਲਾ ਸੁਣ! ਮੈਂ ਲੋਚਦੀ ਹਾਂ ਤੇਰੀਆਂ ਗੱਲਾਂ ਸੁਣਨ ਵਾਸਤੇ। ਕੀ ਦੇਵਾਂ ਉਸ ਪਿਆਰੇ ਨੂੰ ਜਿਹੜਾ ਤੇਰੀਆਂ ਗੱਲਾਂ ਸੁਣਾ ਦੇਵੇ -

**ਤੈ ਸਾਹਿਬ ਕੀ ਬਾਤ ਜਿ ਆਖੈ**
**ਕਹੁ ਨਾਨਕ ਕਿਆ ਦੀਜੈ॥**
**ਪੰਨਾ - 558**

ਮੇਰੇ ਕੋਲ ਮੇਰੀ ਹੋਂਦ ਹੀ ਸਭ ਤੋਂ ਪਿਆਰੀ ਹੈ

ਕਿਉਂਕਿ ਮੈਂ ਇਸਨੂੰ ਸਾਂਭ-ਸਾਂਭ ਰਖਦੀ ਹਾਂ। ਮੈਂ ਆਪਣੇ ਹੋਂਦ ਰੂਪ ਸਿਰ ਨੂੰ ਮੂੜਾ (ਕੁਰਸੀ) ਬਣਾ ਦੇਵਾਂ ਅਤੇ ਉਸਦੇ ਬੈਠਣ ਵਾਸਤੇ ਡਾਹ ਦੇਵਾਂ ਤੇ ਬਿਨਾਂ ਸੀਸ ਤੋਂ ਉਸਦੀ ਸੇਵਾ ਵਿਚ ਉਡਦੀ ਫਿਰਾਂ। ਕੀ ਜੀਵਨ ਹੈ - ਵਿਛੋੜੇ ਵਾਲੀ ਅਵਸਥਾ ਦਾ। ਜਦੋਂ ਤੂੰ ਹੀ ਬਿਗਾਨਾ ਹੋ ਗਿਆ ਤੇ ਮੇਰੇ ਜੀਉਣ ਦਾ ਕੀ ਫਾਇਦਾ। ਹੇ ਪ੍ਰਭੂ! ਤੈਂ ਇਹ ਬਿਰਹਾ ਵੀ ਬਹੁਤ ਉਤਮ ਚੀਜ਼ ਬਣਾ ਕੇ ਬਿਰਹੁ ਕੁੱਠਿਆਂ ਨੂੰ ਬਖਸ਼ਿਆ ਹੈ, ਇਸ ਬਿਰਹੇ ਦੇ ਵਿਚ ਹੀ ਤੂੰ ਵਸਦਾ ਹੈਂ। ਭਾਵੇਂ ਤੇਰਾ ਮੇਲ ਨਹੀਂ ਹੁੰਦਾ ਪਰ ਇਹ ਬਿਰਹਾ ਇਕ ਅਗੰਮੀ ਰਸ ਭਰੇ ਸੁਆਦ ਅਨੁਭਵ ਕਰਾ ਦੇਂਦਾ ਹੈ ਅਤੇ ਇਹ ਤੇਰੇ ਤਕ ਪਹੁੰਚਣ ਦੇ ਸਾਰੇ ਸਾਧਨਾਂ ਦਾ ਤੇਰਾ ਰੂਪ ਸੁਲਤਾਨ ਹੀ ਹੈ। ਬਾਦਸ਼ਾਹ ਸਾਧਨ ਹੈ, ਹੇ ਬਿਰਹਾ! ਤੂੰ ਸਾਰਿਆਂ ਹਿਰਦਿਆਂ ਤੇ ਰਾਜ ਕਰਨ ਵਾਲਾ ਹੈਂ ਤੂੰ ਇਕ ਜੀਵਨ ਹੈਂ। ਜਿਨ੍ਹਾਂ ਹਿਰਦਿਆਂ ਦੇ ਅੰਦਰ ਖਿੱਚ ਨਹੀਂ, ਪ੍ਰੇਮ ਨਹੀਂ, ਉਨ੍ਹਾਂ ਨੂੰ ਭਾਵੇਂ ਕਿੰਨਾਂ ਹੀ ਸੁੰਦਰ ਸਰੂਪ, ਕਿੰਨੀ ਹੀ ਮਾਇਆ, ਕਿੰਨੀ ਹੀ ਚੰਗੀ ਕੁਲ, ਕਿੰਨੀ ਹੀ ਬਹੁਤ ਚਤੁਰਤਾ, ਕਿੰਨਾ ਹੀ ਗੱਲਾਂ ਦਾ ਗਿਆਨ ਪ੍ਰਾਪਤ ਹੋਇਆ ਹੋਵੇ; ਸੰਸਾਰ ਦੇ ਗਜ਼ਾਂ ਨਾਲ ਮਿਣਿਆਂ ਉਸਦਾ ਕਿੰਨਾ ਹੀ ਮੁੱਲ ਕਿਉਂ ਨਾ ਜ਼ਿਆਦਾ ਹੋਵੇ ਪਰ ਉਹ ਪਿਆਰ ਭਰੀ ਖਿੱਚ ਤੋਂ ਬਿਨਾਂ ਇਕ ਸੜਿਆਂਦ ਮਾਰਦਾ ਮੁਰਦਾ ਹੈ। ਉਸਦੀ ਸੁਹੱਪਣਤਾ, ਚਤੁਰਤਾ, ਅਮੀਰੀ, ਕੁਲ ਦੀ ਸਰੇਸ਼ਟਤਾ ਸੜਹਾਂਦਾਂ ਮਾਰਦੇ ਮੁਰਦੇ ਸ਼ਿੰਗਾਰ ਹਨ। ਖਿੱਚ ਤੋਂ ਵਿਹੂਣਾ ਜੀਵਨ ਕਿਸ ਕੰਮ? ਉਹ ਜਲਿਆ ਹੋਇਆ ਜੀਵਨ ਹੈ, ਉਹ ਜੀਵਨ ਦੇ ਪ੍ਰੇਮ-ਅਨੰਦ ਤੋਂ ਸੁੰਨਾ ਹੈ।

*ਬਿਰਹਾ ਬਿਰਹਾ ਆਖੀਐ*
*ਬਿਰਹਾ ਤੂ ਸੁਲਤਾਨੁ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨੁ॥*

*ਪੰਨਾ - 1379*

ਮੇਰੇ ਮਾਲਕ! ਤੇਰੇ ਜੇ ਦਰਸ਼ਨ ਨਹੀਂ ਹੋਏ, ਤਾਂ ਤੇਰੀ ਮਿਹਰ ਤਾਂ ਮੇਰੇ ਉਪਰ ਹੈ ਈ ਨਾ। ਤੇਰੇ ਦਰਸ਼ਨਾਂ ਲਈ ਅੱਖਾਂ ਹੰਝੂਆਂ ਨਾਲ ਭਰੀਆਂ ਰਹਿੰਦੀਆਂ ਹਨ, ਦਿਲ ਵਿਚ ਖਿੱਚ ਪੈਂਦੀ ਹੈ, ਤੈਂ ਮੈਨੂੰ ਜੀਉਂਦਾ ਜੀਵਨ ਦਿਤਾ ਹੈ। ਮੁਰਦਾ-ਪੁਣ ਤੋਂ ਬਚਾ ਕੇ ਰਖਿਆ ਹੋਇਆ ਹੈ। ਆਸ ਦੇ ਆਸਰੇ ਜਿਉਂ ਰਹੀ ਹਾਂ ਤੇ ਕਦੇ ਮਨ ਨੂੰ ਖੁਸ਼ੀ ਵੀ ਹੁੰਦੀ ਹੈ ਕਿ ਮੇਰੇ ਪਿਆਰੇ ਨੇ ਮੈਨੂੰ ਜੀਉਂਦਿਆਂ ਵਿਚ ਰੱਖਿਆ ਹੋਇਆ ਹੈ। ਆਸ ਹੈ ਕਿ ਕਦੇ ਤਾਂ ਤਰੁਠੇਂਗਾ ਹੀ, ਦਰਸ਼ਨ ਦੇਵੇਂਗਾ ਹੀ; ਮੁਰਦਾ ਤਾਂ ਹਾਂ ਨਹੀਂ ਨਾ ਮੈਂ। ਅੰਦਰ ਪ੍ਰੀਤ ਕੁਸਕ ਦੀ ਪੀੜਾ ਹੈ -

*ਧਾਰਨਾ - ਮ੍ਰਿਤਕ ਕਹੀਐ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ*
*ਅਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ॥*

*ਪੰਨਾ - 253*

ਸਾਧਸੰਗਤ ਜੀ! ਗੁਰੂ ਮਹਾਰਾਜ ਨੇ ਜੀਵਨ ਦਾ ਭੇਤ ਦੇ ਕੇ ਦੱਸ ਦਿਤਾ। ਪਰ ਇਹ ਗੱਲ ਅਸੀਂ ਸੁਣਨ ਵਾਸਤੇ ਤਿਆਰ ਨਹੀਂ ਹਾਂ। ਇਕ ਛਿਨ ਵਾਸਤੇ ਵੀ ਨਹੀਂ ਸੁਣਨਾ ਚਾਹੁੰਦੇ ਕਿ ਅਸੀਂ ਪ੍ਰੀਤ ਵਿਹੂਣੇ ਸਚਮੁਚ ਹੀ ਮੁਰਦੇ ਹਾਂ। ਇਕ ਆਦਮੀ ਗੁਸੇ ਵਿਚ ਕਹਿ ਦਿੰਦਾ ਹੈ ਕਿ ਤੂੰ ਤਾਂ ਮੁਰਦਾ ਹੈਂ, ਅਸੀਂ ਉਸਦਾ ਕਿਹਾ ਨਹੀਂ ਮੰਨਦੇ ਕਿਉਂਕਿ ਅਸੀਂ ਮੁਰਦੇ ਨਹੀਂ ਹਾਂ। ਤੁਰਦੇ-ਫਿਰਦੇ, ਖਾਂਦੇ-ਪੀਂਦੇ, ਹਸਦੇ-ਖੇਡਦੇ ਜੀਵਨ ਜਿਉਂ ਰਹੇ ਹਾਂ ਪਰ ਸਤਿਪੁਰਸ਼ਾਂ ਦੇ ਬਚਨ ਸਤਿ ਤੇ ਅਧਾਰਤ ਹੁੰਦੇ ਹਨ। ਉਹ ਜੀਵਨ ਦੀਆਂ ਸਚਿਆਈਆਂ ਪ੍ਰਤੱਖ ਅਨੁਭਵ ਕਰਕੇ ਸੰਸਾਰ ਵਿਚ ਪ੍ਰਗਟ ਕਰਦੇ ਹਨ -

*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ॥*

*ਪੰਨਾ - 894*

ਅੱਖਾਂ ਨਾਲ ਦੇਖ ਕੇ ਪੂਰੀ ਤਰ੍ਹਾਂ ਨਿਰਣਾ ਕਰਕੇ ਸਤਿਪੁਰਸ਼ਾਂ ਦੇ ਮੁਖ ਤੋਂ ਵਾਕ ਨਿਕਲਦਾ ਹੈ। ਇਹ ਜੋ ਬਾਣੀ ਹੈ, ਇਹ ਧੁਰ ਤੋਂ ਆਈ ਹੋਈ ਬਾਣੀ ਹੈ। ਅਕਾਲਪੁਰਖ ਦੇ ਮੰਡਲ ਤੋਂ ਅਭੇਦ ਅਵਸਥਾ ਦੇ ਹਿਰਦਿਆਂ ਵਿਚ ਇਹ ਬਾਣੀ ਉਤਰਦੀ ਹੈ। ਗੁਰੂਆਂ ਦੇ ਹਿਰਦਿਆਂ ਵਿਚੋਂ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਕਾਰ ਹੋਈ ਹੈ। ਓਅੰਕਾਰ ਜੀ ਆਪ, ਸ਼ਬਦ ਰੂਪ ਧਾਰ ਕੇ, ਗੁਰੂ ਗ੍ਰੰਥ ਸਾਹਿਬ ਵਿਚ, ਸ਼ਬਦ ਦੀ ਰੂਪ ਰੇਖਾ ਦੇ ਭੂਸ਼ਣ ਪਹਿਨ ਕੇ, ਸਰਗੁਣ ਰੂਪ ਧਾਰ ਕੇ ਬਿਰਾਜਮਾਨ ਹਨ। ਅੱਖਾਂ ਵਾਲਿਆਂ ਨੂੰ ਨਜ਼ਰ ਆਉਂਦਾ ਹੈ। ਉਨ੍ਹਾਂ ਨੂੰ ਜਿਉਂਦੀ ਜਾਗਦੀ ਬਾਣੀ ਝਰਨ੍ਹਾਟਾਂ ਦਿੰਦੀ ਹੈ। ਬਿਜਲਈ, ਮਿਠੀਆਂ, ਰਸ ਭਿੰਨੀਆਂ ਛੋਹਾਂ ਦੇ ਕੇ ਪਿਆਰ ਵਿਚ ਖੁਮਾਰੀ ਬਖਸ਼ਦੀ ਹੈ ਅਤੇ ਪ੍ਰਕਾਸ਼ਮਈ ਹੋ ਕੇ ਜੀਵ ਨੂੰ ਆਪਣੀ ਉਂਗਲੀ ਫੜਾ ਕੇ ਨਿਰੰਕਾਰ ਦੇ ਦਰ ਤਕ ਪਹੁੰਚਾ ਦਿੰਦੀ ਹੈ। ਅੰਨ੍ਹਿਆਂ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ। ਨਾਸਤਿਕਤਾ ਕਰਕੇ ਉਨ੍ਹਾਂ ਦੇ ਹਿਰਦੇ-ਨੈਣ ਪੂਰੀ ਤਰ੍ਹਾਂ ਅੰਧਕਾਰੀ ਹੋਏ ਹੁੰਦੇ ਹਨ। ਕਦੇ ਉਹ ਏਸ ਧੁਰ ਕੀ ਬਾਣੀ ਨੂੰ ਕਵਿਤਾ ਕਹਿੰਦੇ ਹਨ, ਕਦੇ ਗੁਰੂਆਂ ਨੂੰ ਕਵੀ ਦੀ ਉਪਾਧੀ ਦਿੰਦੇ ਹਨ। ਉਹ ਵਿਚਾਰੇ ਕੀ ਕਰਨ, ਧੁਰ ਤੋਂ ਉਨ੍ਹਾਂ ਦੇ ਭਾਗ ਮੰਦੇ ਹੀ ਲਿਖੇ ਹੋਏ ਹਨ। ਉਨ੍ਹਾਂ ਨੂੰ ਨਹੀਂ ਪਤਾ ਕਿ ਕਵਿਤਾ, ਬੁੱਧੀ ਮੰਡਲ ਤੋਂ ਉਪਰ ਉਡਾਰੀ ਨਹੀਂ ਲਾ ਸਕਦੀ। ਆਤਮ ਮੰਡਲ ਦੇ ਅਨੁਭਵ ਨੂੰ ਬੁੱਧੀ ਮੰਡਲ ਦਾ ਅੰਨ੍ਹਾ-ਅਨੁਭਵ ਕੀ ਜਾਣੇ! ਬੁੱਧੀ ਮੰਡਲ ਵਿਚ ਅਗਿਆਨ ਅਤੇ ਅਨ੍ਹੇਰਾ ਹੈ, ਤਰੁਟੀਆਂ ਹੀ ਤਰੁਟੀਆਂ ਹਨ, ਉਸ ਥਾਂ ਦੇ ਭਾਵ ਕਵਿਤਾ ਰੂਪ ਵਿਚ ਅਧੂਰੇ ਹੁੰਦੇ ਹਨ ਅਤੇ ਨਿਰੀ ਕਲਪਨਾ ਹੋਣ ਕਰਕੇ ਉਸ ਵਿਚ 'ਸਤਿ' ਨਹੀਂ ਹੋਇਆ ਕਰਦਾ। ਉਹ ਅਲਪੱਗ ਜੀਵਾਂ ਦੀ ਕਲਮਬੰਦ ਕੀਤੀ ਹੋਈ ਕਵਿਤਾ ਅਖਵਾਇਆ ਕਰਦੀ ਹੈ। ਉਸ ਵਿਚ ਸੋਧਾਂ ਹੋਇਆ

ਕਰਦੀਆਂ ਹਨ। ਅੱਜ ਕੁਝ ਲਿਖਿਆ ਹੈ, ਕੱਲ ਨੂੰ ਬਦਲ ਜਾਇਆ ਕਰਦਾ ਹੈ ਪਰ ਬਾਣੀ ਸਦੀਵ ਲਈ ਅਟੱਲ ਸਿਧਾਂਤ, ਜਿਉਂਦੇ ਜਾਗਦੇ ਆਦਰਸ਼ ਦਾ ਰੂਪ ਹੁੰਦੀ ਹੈ। ਜਿਨ੍ਹਾਂ ਦਾ ਘਟ-ਘਟ ਵਿਚ ਰਮ ਰਹੇ ਪ੍ਰਮੇਸ਼ਰ ਉਤੇ ਭਰੋਸਾ ਨਹੀਂ ਹੁੰਦਾ, ਉਹ ਹੁੰਦੀ ਚੀਜ਼ ਨੂੰ ਅਣਹੋਂਦ ਕਰਕੇ ਮੰਨਦੇ ਹਨ, ਉਨ੍ਹਾਂ ਨੂੰ ਨਾਸਤਿਕ ਮਨਮੁਖ ਦੀ ਉਪਾਧੀ ਨਾਲ ਜਾਣਿਆਂ ਜਾਂਦਾ ਹੈ। ਅਜਿਹੇ ਅਨੁਭਵ-ਵਿਹੂਣੇ ਪੁਰਸ਼ ਆਪੋ ਆਪਣੀ ਅੰਧ-ਬੁੱਧੀ ਦੇ ਅਨੁਭਵ ਵਿਚੋਂ ਆਪਣੇ ਸਿਧਾਂਤ ਪੇਸ਼ ਕਰਦੇ ਹਨ ਪਰ ਜਿਨ੍ਹਾਂ ਨੂੰ ਪ੍ਰਭੂ ਦੀ ਹੋਂਦ ਉਤੇ ਨਿਸ਼ਚਾ ਹੈ, ਜਿਨ੍ਹਾਂ ਨੂੰ ਮਹਾਂਪੁਰਸ਼ਾਂ ਦੇ ਬਚਨਾਂ ਉਤੇ ਵਿਸ਼ਵਾਸ਼ ਹੈ, ਉਨ੍ਹਾਂ ਦੇ ਹਿਰਦੇ ਵਿਚ ਸਤਿ ਦੇ ਸੂਰਜ ਦਾ ਪ੍ਰਕਾਸ਼ ਹੋਣ ਕਰਕੇ ਪਤਾ ਲਗ ਜਾਂਦਾ ਹੈ ਕਿ ਇਹ ਸਾਰਾ ਸੰਸਾਰ ਨਿਰੰਕਾਰ ਦਾ ਹੀ ਰੂਪ ਹੈ। ਜੇ ਅਨੁਭਵ ਦੇ ਨੇਤਰਾਂ ਨਾਲ ਦਰਸ਼ਨ ਕਰਨ ਦੀ ਲੋਚਾ ਮਨ ਵਿਚ ਤੀਬਰ ਹੋ ਉਠੇ ਤਾਂ ਗੁਰੂ ਗ੍ਰੰਥ ਸਾਹਿਬ ਦੇ ਬਚਨਾਂ ਦੇ ਦਰਸ਼ਨ ਕਰੋ, ਬਾਣੀ ਦੇ ਦਰਸ਼ਨ ਹਿਰਦੇ ਵਿਚ ਧਾਰਨ ਕਰੋ। ਬਾਣੀ ਇਸ ਅੰਧਕਾਰਮਈ ਮੰਡਲ 'ਚੋਂ ਚੁਕ ਕੇ ਨਿਰੰਕਾਰ ਦੇ ਸ਼ੁਧ ਸਰੂਪ ਆਤਮ ਤਰੰਗਾਂ ਦੀਆਂ ਮਿਠੀਆਂ, ਪਿਆਰੀਆਂ ਧੁਨਕਾਰਾਂ ਦਿੰਦੇ ਮੰਡਲ ਦੇ ਕੋਲ ਪਹੁੰਚਾ ਦਿੰਦੀ ਹੈ।

ਸੋ ਇਹ ਜੋ ਬਾਣੀ ਆਉਂਦੀ ਹੈ, ਇਹ 'ਅਕਾਲ ਮੰਡਲ' ਵਿਚੋਂ ਮਹਾਂਪੁਰਸ਼ਾਂ ਰਾਹੀਂ ਕਾਲ ਮੰਡਲ ਦੇ ਜੀਵਾਂ ਨੂੰ ਸੂਝ ਦੇਣ ਲਈ ਉਤਰਦੀ ਹੈ। ਬਾਣੀ ਵਿਚ ਫੁਰਮਾਨ ਹੈ ਕਿ ਦੁਨੀਆਂ ਦੀਆਂ ਜੋ **Values** (ਕੀਮਤਾਂ) ਨੇ, ਉਹ **materialistic** (ਪਦਾਰਥਕ) ਚੀਜ਼ਾਂ ਦੇ ਆਧਾਰ ਤੇ ਥਾਪੀਆਂ ਹੋਈਆਂ ਹਨ। ਕਿਸੇ ਕੋਲ ਟੱਨਾਂ ਦੇ ਹਿਸਾਬ ਨਾਲ ਸੋਨਾ ਜਮ੍ਹਾਂ ਹੋਵੇ, ਖਰਬਾਂ ਦੇ ਹਿਸਾਬ ਨਾਲ ਉਹਦੇ ਕੋਲ ਡਾਲਰ ਜਮ੍ਹਾਂ ਹੋਣ; ਦੁਨੀਆਵੀ ਗਜ਼ਾਂ ਨਾਲ ਨਾਪਿਆਂ ਉਹ ਆਦਮੀ ਵੱਡਾ ਕਹਾਏਗਾ। ਘਰ ਵਿਚ ਵੱਡੇ ਜਹਾਜ਼ ਰਖੇ ਹੋਣ, ਬੇਅੰਤ ਵੱਡੀਆਂ-ਵੱਡੀਆਂ ਕੀਮਤੀ ਮਲਕੀਅਤਾਂ ਸੰਸਾਰ ਭਰ ਵਿਚ ਹੋਣ, ਸੰਸਾਰ ਭਰ ਅੰਦਰ ਫੈਕਟਰੀਆਂ ਚਲਦੀਆਂ ਹੋਣ, ਲੱਖਾਂ ਦੀ ਤਾਦਾਦ ਵਿਚ ਉਹਦੇ ਕਰਮਚਾਰੀ ਹੋਣ, ਆਪਣੇ ਹੀ ਚੜ੍ਹਨ ਲਈ ਜਹਾਜ਼ ਹੋਣ, ਇਸ ਦੀ ਹਸਤੀ ਨਾਪਣ ਲਈ ਸੋਨੇ ਦਾ ਗਜ਼ ਕੰਮ ਆਉਂਦਾ ਹੈ, ਜਿਸ ਨਾਲ ਨਾਪਿਆਂ ਉਸਦੀ ਵਡੱਤਣ ਦਾ ਪਤਾ ਲਗਦਾ ਹੈ; ਉਹ ਅਮੀਰ ਪੁਰਸ਼ ਕਹਾਏਗਾ ਭਾਵੇਂ ਉਸਦੀ ਕਮਾਈ ਹੋਈ ਦੌਲਤ ਲੋਕਾਂ ਦੀਆਂ ਆਹਾਂ, ਬੇ-ਵਸਾਂ ਦੇ ਖ਼ੂਨ ਨਾਲ ਲਿਬੜੀ ਹੋਈ ਹੋਵੇ, ਉਸ ਵਿਚੋਂ ਮਜਬੂਰ ਹੌਂਕਿਆਂ ਦੀ ਝੀਣੀ ਬਾਣ ਦਾ ਦਰਦ ਗੂੰਜਦਾ ਹੋਵੇ ਪਰ ਉਹ ਦੁਨੀਆਂ ਦੀ ਨਜ਼ਰ ਵਿਚ ਵੱਡਾ ਆਦਮੀ ਹੋਵੇਗਾ, ਅਮੀਰ ਹੋਵੇਗਾ।

ਦੂਜੇ ਪਾਸੇ ਜੇ ਅਸੀਂ ਕਿਸੇ ਵੀ ਸਾਹਿਤਕ ਨਜ਼ਰੀਏ ਨਾਲ ਨਾਪਦੇ ਹਾਂ ਤਾਂ ਉਸਦੀਆਂ ਰਚਨਾਵਾਂ ਦੇ ਆਧਾਰ ਤੇ ਉਸਨੂੰ ਉਚੀ ਉਪਾਧੀ ਦਿੰਦੇ ਹਾਂ ਅਤੇ ਇਹ ਵਿਚਾਰ ਕਰਦੇ ਹਾਂ ਕਿ ਉਸਦੀ ਲਿਖਣ ਉਡਾਰੀ ਰਚੇ ਹੋਏ ਸਾਹਿਤ ਵਿਚ ਬਹੁਤ ਉਚੀ ਹੈ। ਇਹਨੇ **economics** ਦੀਆਂ, ਸਾਇੰਸ ਦੀਆਂ, ਇਤਿਹਾਸ ਦੀਆਂ, **Philosophy** ਦੀਆਂ ਪੁਸਤਕਾਂ ਲਿਖੀਆਂ ਹਨ; ਉਸਨੂੰ ਸੋਨੇ ਦੇ ਗਜ਼ ਨਾਲ ਨਾਪਿਆਂ ਉਸਦੀ ਕੋਈ ਵੀ ਕੀਮਤ ਆਕਰਸ਼ਤ ਕਰਨ ਵਾਲੀ ਨਹੀਂ ਹੁੰਦੀ ਪਰ ਜਦੋਂ ਸਾਹਿਤਕ ਨਜ਼ਰੀਏ ਨਾਲ ਦੇਖਦੇ ਹਾਂ ਤਾਂ ਉਸਦਾ ਕੁਝ ਮੁੱਲ ਪੈਂਦਾ ਹੈ।

ਕੋਈ ਬੰਦਾ ਰਾਜਸੀ ਸ਼ਕਤੀ ਨਾਲ ਭਰਪੂਰ ਹੈ, ਬੇਇਮਾਨੀਆਂ, ਠੱਗੀਆਂ ਕਰੇ, ਸਾਥੀਆਂ ਨੂੰ ਧੋਖੇ ਦੇ ਕੇ, ਦੁਨੀਆਂ ਵਿਚ ਬੇ-ਅਮਨੀ ਪੈਦਾ ਕਰਕੇ, ਵੱਖੋ-ਵੱਖਰੀਆਂ ਸੰਪਰਦਾਵਾਂ ਮਜ਼ਹਬਾਂ ਵਿਚ ਫੁੱਟ ਪਾ ਕੇ ਖ਼ੂਨ ਦੀ ਹੋਲੀ ਖੇਡਦਾ ਹੋਇਆ ਕਿਸੇ ਰਾਜਸੀ ਕੁਰਸੀ ਤੇ ਬੈਠ ਕੇ ਉਚੀ ਪਦਵੀ ਪ੍ਰਾਪਤ ਕਰ ਲਵੇ; ਕੁਰਸੀ ਦੀ ਵਿਲੱਖਣਤਾ ਦੇ ਅਧਿਕਾਰਾਂ ਦੀ ਪ੍ਰਬਲਤਾ ਨਾਲ ਉਸ ਬੰਦੇ ਨੂੰ ਨਾਪਿਆ ਜਾਂਦਾ ਹੈ। ਉਹਦੀ ਸ਼ਖ਼ਸ਼ੀਅਤ ਦਾ ਇਹੀ ਨਾਪ ਹੈ।

ਇਸੇ ਤਰ੍ਹਾਂ ਦੇ ਨਾਲ ਕੋਈ ਵੱਡਾ **Engineer** ਹੈ, ਸਾਇੰਸਦਾਨ ਹੈ, **Computer Engineer** ਤਾਰਿਆਂ-ਸਤਾਰਿਆਂ ਦੀਆਂ ਚਾਲਾਂ ਨੂੰ ਮਾਪਣ ਵਾਲਾ ਹੈ, ਇਸੇ ਤਰ੍ਹਾਂ ਦੇ ਨਾਲ ਪ੍ਰਮਾਣੂਆਂ ਦੇ ਗੁਪਤ ਭੇਦ ਜਾਨਣ ਵਾਲਾ ਹੈ, **Chemical** ਗੈਸਾਂ ਦਾ ਗਿਆਤਾ ਹੈ; ਇਸ ਵੱਖ-ਵੱਖ ਪਹਿਲੂਆਂ ਤੋਂ, ਉਸ ਦੀ ਸ਼ਖਸ਼ੀਅਤ ਦਾ ਨਾਪ ਲਿਆ ਜਾਂਦਾ ਹੈ। ਕੋਈ ਪ੍ਰੇਮੀ ਸਰੀਰਕ ਤਾਕਤ ਦੇ ਹੁੰਦਿਆਂ ਹੈਰਾਨ ਕਰਨ ਵਾਲੀਆਂ ਗੱਲਾਂ ਕਰਦਾ ਹੈ, ਪਹਿਲਵਾਨ ਹੈ, ਬਹੁਤ ਵਜ਼ਨ ਚੁਕ ਸਕਦਾ ਹੈ, ਕੋਈ ਉਸਦੇ **challenge** ਨੂੰ **accept** ਨਹੀਂ ਕਰਦਾ, ਉਸਨੂੰ ਵੀ ਇਸ ਸ਼ਕਤੀ ਦੇ ਮੁਤਾਬਿਕ ਨਾਪਿਆ ਜਾਂਦਾ ਹੈ। ਕਈ ਕਲਾਕਾਰ ਆਪਣੀ ਕਲਾ ਦਾ ਮੁੱਲ ਪਾਉਂਦੇ ਹਨ ਜਿਵੇਂ ਕਿ ਅਜਕੱਲ ਬਹੁਤ ਸਾਰੇ ਰਾਗੀ, ਜਿਨ੍ਹਾਂ ਦੇ ਗਲੇ ਦੀ ਮਧੁਰਤਾ, ਸਰੋਤਿਆਂ ਨੂੰ ਸਮਾਧਿਤ ਕਰ ਲੈਂਦੀ ਹੈ ਤੇ ਇਕ ਘੰਟੇ ਦੇ ਕਲਾਮਈ ਕੀਰਤਨ ਦੀ ਪ੍ਰਦਸ਼ਨੀ ਕਰਕੇ ਪੰਦਰਾਂ-ਪੰਦਰਾਂ ਹਜ਼ਾਰ ਰੁਪਿਆ ਲੈਂਦੇ ਹਨ; ਉਨ੍ਹਾਂ ਦਾ ਨਾਪ ਉਨ੍ਹਾਂ ਦੀ ਕਲਾ ਤੇ ਆਧਾਰਿਤ ਸੰਸਾਰ ਵਿਚ ਨਾਪਿਆ ਜਾਂਦਾ ਹੈ। ਇਹ ਸਾਰੇ ਵੱਟੇ, ਸੰਸਾਰਕ ਵੱਟੇ ਹਨ। ਇਹ ਸਾਰੇ ਨਾਸ਼ਵਾਨ ਹਨ, ਇਨ੍ਹਾਂ ਦੀ ਦਰਗਾਹ ਵਿਚ ਇਕ ਕੌਡੀ ਜਿੰਨੀ ਵੀ ਕੀਮਤ ਨਹੀਂ ਹੈ ਅਤੇ ਗੁਰੂ ਮਹਾਰਾਜ ਜੀ ਦਸਦੇ ਹਨ ਕਿ ਉਥੇ ਕੀੜਿਆਂ ਦੇ ਵਿਚ ਜੋ ਕੀੜੇ ਪੈਂਦੇ ਹਨ, ਜਿਵੇਂ ਕੁੱਤਿਆਂ ਦੇ ਸਿਰ ਵਿਚ ਕੀੜੇ ਪੈ ਜਾਂਦੇ ਹਨ, ਇਸ ਤੋਂ ਵੱਧ ਕੋਈ ਭੀ ਮੁੱਲ ਉਸ ਵਿਅਕਤੀ ਦਾ ਨਹੀਂ ਹੈ। ਫੁਰਮਾਨ ਹੈ -

*ਜੇ ਜੁਗ ਚਾਰੇ ਆਰਜਾ*  
*ਹੋਰ ਦਸੂਣੀ ਹੋਇ॥*  
*ਨਵਾ ਖੰਡਾ ਵਿਚਿ ਜਾਣੀਐ*  
*ਨਾਲਿ ਚਲੈ ਸਭੁ ਕੋਇ॥*  
*ਚੰਗਾ ਨਾਉ ਰਖਾਇ ਕੈ*

*ਜਸੁ ਕੀਰਤਿ ਜਗਿ ਲੇਇ॥*
*ਜੇ ਤਿਸੁ ਨਦਰਿ ਨ ਆਵਈ*
*ਤ ਵਾਤ ਨ ਪੁਛੈ ਕੇ॥*
*ਕੀਟਾ ਅੰਦਰਿ ਕੀਟੁ ਕਰਿ*
*ਦੋਸੀ ਦੋਸੁ ਧਰੇ॥ ਪੰਨਾ - 2*

ਰੂਹਾਨੀ ਤੌਰ ਤੇ ਦਰਗਾਹ ਵਿਚ ਪਤਿ ਦਾ ਵੱਟਾ ਪਾਇਆ ਜਾਂਦਾ ਹੈ -

*ਪਤਿ ਪਰਵਾਣਾ ਪਿਛੈ ਪਾਈਐ*
*ਤਾ ਨਾਨਕ ਤੋਲਿਆ ਜਾਪੈ॥ ਪੰਨਾ-469*

ਸੋ ਜਿਹਦੇ ਨਾਲ ਸਾਡਾ ਕਿਰਦਾਰ ਤੋਲਿਆ ਜਾਵੇ ਦਰਗਾਹ ਵਿਚ ਉਸ ਨਾਪ (**measurement**) ਨਾਲ ਨਾਪ ਕੇ ਦਸਦੇ ਨੇ ਕਿ ਤੂੰ ਕਿਥੇ ਕੁ ਹੈਂ? ਵਿਚਾਰ ਕਰਕੇ ਦੱਸਦੇ ਨੇ ਕਿ ਠੀਕ ਹੈ, ਕਿੰਨੀਆਂ ਹੀ ਤੇਰੇ ਕੋਲ ਦੁਨੀਆਂ ਦੀਆਂ ਦੌਲਤਾਂ ਤੇ ਨਿਆਮਤਾਂ ਹਨ ਪਰ ਮਾਇਆ ਦੇ ਜੜ੍ਹ ਪ੍ਰਵੇਸ਼ ਨੇ ਤੈਨੂੰ ਇਕ ਪਿਆਰ ਵਿਹੂਣੇ ਮੁਰਦੇ ਦੀ ਹੀ ਉਪਾਧੀ ਦਿਤੀ ਹੈ -

*ਅਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ॥*
*ਪੰਨਾ - 253*

ਜੇ ਤੇਰੇ ਅੰਦਰ ਕਦੇ ਪਿਆਰ ਦਾ ਜਜ਼ਬਾ ਨਹੀਂ ਉਠਿਆ, ਖਿੱਚ ਨਹੀਂ ਖਾਧੀ ਤਾਂ ਤੂੰ ਪ੍ਰੇਮੀਆਂ! ਵਿਚਾਰ ਲੈ, ਆਪੇ ਹੀ ਆਪਣਾ ਨਿਰਣਾ ਕਰ ਲੈ ਕਿ ਤੇਰੀ ਕੀਮਤ ਇਕ ਮੁਰਦੇ ਤੋਂ ਵੱਧ ਨਹੀਂ। **You are a dead object**. ਭਾਵੇਂ ਤੇਰਾ ਸਰੀਰ ਅੰਨ-ਪਾਣੀ ਦੇ ਆਧਾਰ ਤੇ ਚਲਦਾ ਹੈ, ਇਹ ਰਸਾਇਣਕ ਕ੍ਰਿਆ ਨਾਲ ਤੂੰ ਜਿਉਂਦਾ ਕਹਾਉਂਦਾ ਹੈਂ। **Electronic** ਅਤੇ **magnetic** ਲਹਿਰਾਂ ਦੇ ਨਾਲ ਤੇਰਾ ਦਿਮਾਗ ਇਕ ਮਸ਼ੀਨ ਵਾਂਗੂੰ ਕੰਮ ਕਰ ਰਿਹਾ ਹੈ ਪਰ ਇਹ **chemical** ਜੀਵਨ ਇਕ ਮੁਰਦੇ ਦਾ ਜੀਵਨ ਹੋਇਆ ਕਰਦਾ ਹੈ। ਰੂਹਾਨੀਅਤ ਦੇ ਨਾਲ ਇਸਦਾ ਕੋਈ ਸਬੰਧ ਨਹੀਂ। ਰੂਹਾਨੀਅਤ ਦਾ ਸਬੰਧ ਦਿਲ ਨਾਲ ਹੋਇਆ ਕਰਦਾ ਹੈ। ਅਕਲ ਅੰਨ੍ਹੀ ਹੈ, ਮੁਰਦਾ ਹੈ; ਅਕਲ ਖੁਸ਼ਕ ਹੋਇਆ ਕਰਦੀ ਹੈ। ਦਿਲ ਜਿਉਂਦੀ ਜਾਗਦੀ, ਖਿੱਚਾਂ ਪਾਉਂਦੀ ਜੀਵਤ ਅਵਸਥਾ ਹੈ। ਰਸ ਭਰਿਆ ਜਜ਼ਬਾ ਸਦਾ ਖੁਮਾਰੀ ਵਿਚ ਰਖਦਾ ਹੈ। ਡਾ. ਭਾਈ ਵੀਰ ਸਿੰਘ ਜੀ ਫੁਰਮਾਉਂਦੇ ਹਨ -

*ਜਿਨ੍ਹਾਂ ਉਚਿਆਈਆਂ ਉਤੇ*
*ਬੁਧੀ ਖੰਭ ਸਾੜ ਬੈਠੀ,*
*ਉਨ੍ਹਾਂ ਉਚਿਆਈਆਂ ਉਤੇ*
*ਲਗ ਗਈਆਂ ਯਾਰੀਆਂ।*
*ਗਿਆਨੀ ਸਾਨੂੰ ਹੋੜਦਾ ਏ*
*ਬਹਿਮੀ ਢੋਲਾ ਆਖਦਾ ਏ,*
*ਮਾਰੇ ਗਏ ਜਿਨ੍ਹਾਂ ਬੁਧੀ*
*ਪਾਰ ਲਾਈਆਂ ਯਾਰੀਆਂ।*
*ਬੈਠ ਬੇ ਗਿਆਨੀ ਬੁਧੀ ਮੰਡਲੇ*
*ਦੀ ਕੈਦ ਵਿਚ,*
*ਬਲਬਲੇ ਦੇ ਦੇਸ਼ ਸਾਡੀਆਂ*
*ਲਗ ਗਈਆਂ ਯਾਰੀਆਂ।*

ਦੱਸਦੇ ਹਨ ਕਿ ਉਨ੍ਹਾਂ ਉਚਿਆਈਆਂ ਉਤੇ ਸੁਰਤਿ ਦੀਆਂ ਉਡਾਰੀਆਂ ਪੁਜਦੀਆਂ ਹਨ ਜਿਥੇ ਅੰਮ੍ਰਿਤ ਦੇ ਪਿਆਲੇ ਨਾਲ ਬੁਲ੍ਹ ਜੁੜ ਜਾਂਦੇ ਹਨ, ਅੰਮ੍ਰਿਤ ਪੀਤਾ ਜਾਂਦਾ ਹੈ, ਬਿਨਾਂ ਘੁਟਾਂ ਭਰਿਆਂ ਹੀ ਉਸਦਾ ਸਰੂਰ, ਉਸ ਦਾ ਮਹਾਨ ਰਸ ਰੋਮ-ਰੋਮ ਵਿਚ ਸਮਾਅ ਜਾਂਦਾ ਹੈ। ਇਹ ਰਸ ਨਾ ਕ੍ਰੋੜਾਂ ਰੁਪਿਆਂ ਨੂੰ ਮਿਲਦੈ, ਨਾ ਅਰਬਾਂ ਰੁਪਿਆਂ ਨੂੰ ਮਿਲਦੈ; ਇਹ ਰਸ ਸਾਧੂ ਦੀ ਹੱਟ ਤੋਂ ਪ੍ਰਾਪਤ ਹੁੰਦੈ। ਸੁਰਤ ਦੀ ਖੇਡ ਹੈ, ਝੁਮਣੀਆਂ ਆਉਂਦੀਆਂ ਨੇ, ਪਿਆਰ ਦੀਆਂ ਤਰੰਗਾਂ ਸਰੀਰ ਦੇ ਰੋਮ-ਰੋਮ ਨੂੰ ਖੀਵਾ ਕਰ ਦਿੰਦੀਆਂ ਨੇ। ਅਕਲ ਵਾਲੇ ਗਿਆਨੀ, ਵੱਡੀਆਂ ਪੜ੍ਹਾਈਆਂ ਪੜ੍ਹੇ ਹੋਏ ਬੁੱਧੀਜੀਵੀ ਇਸ ਅਵਸਥਾ ਨੂੰ ਤਕ ਕੇ ਕਹਿੰਦੇ ਹਨ ਕਿ ਇਹ ਵਹਿਮੀ ਹੈ ਵਹਿਮੀ। ਰਸੀਆ ਸੁਣਦਾ ਹੈ - ਗਿਆਨੀਆਂ ਦੀਆਂ ਗੱਲਾਂ, ਤੇ ਆਖਦਾ ਹੈ ਕਿ ਆਪਣੇ ਪਾਸ ਹੀ ਰੱਖ ਇਨ੍ਹਾਂ ਅਕਲਾਂ ਨੂੰ, ਤੈਨੂੰ ਨਹੀਂ ਪਤਾ ਪਿਰਮ ਰਸ ਦੇ ਪਿਆਲੇ ਦੇ ਸਰੂਰ ਦਾ। ਇਹ ਮੰਡਲ ਸਰਬ ਸਾਂਝਿਆਂ ਦਾ, ਪੂਰੀ ਅਪਣੱਤ ਵਾਲਿਆਂ ਦਾ, ਰਸੀਆਂ ਦਾ, ਰੰਗ ਰਤੜਿਆਂ ਦਾ; ਆਤਮ ਮੰਡਲ ਹੈ। ਇਥੇ ਦੀ ਸੋਚਣੀ ਹੋਰ, ਇਥੇ ਦੇ ਵਲਵਲੇ ਹੋਰ; ਪਿਆਰ ਵਾਲੇ ਵਲਵਲੇ, ਪਿਆਰਾਂ ਭਰਿਆ ਦੇਸ਼; ਸਾਨੂੰ ਪਿਆਰ ਵਿਚ ਪਰੋ ਗਿਆ। ਅਸੀਂ ਵਲਵਲੇ ਦੇ ਦੇਸ਼ ਦੇ ਵਾਸੀ ਹੋਏ ਜਿਥੇ ਨਿਰੋਲ ਜ਼ਿੰਦਗੀ ਹੈ, ਪਿਆਰ ਹੀ ਪਿਆਰ ਹੈ। ਬੁੱਧੀ ਦਾ ਮੰਡਲ ਉਡਾਰੀਆਂ ਮਾਰਦਾ ਹੈ। ਰਸਕ ਉਡਾਰੀਆਂ ਵਿਚ ਅੰਦਰਲੀ ਫੁਹਾਰ ਦੇ ਵਾਧੂ ਗਿਰ ਗਏ ਰਸ ਵਿਚ ਕਦੇ ਕਵਿਤਾ ਦਾ ਅਨੁਭਵ ਜਾਗਦਾ ਹੈ। ਕਵਿਤਾ ਲਿਖਦਾ ਹੈ, ਆਪੇ ਹੀ ਲਿਖ ਲੈਂਦਾ ਹੈ, ਆਪੇ ਹੀ ਫੇਰ ਕੱਟ ਲੈਂਦਾ ਹੈ ਕਿਉਂਕਿ ਬੁੱਧੀ ਮੰਡਲ ਕੋਈ ਸਥਿਰ ਨਿਰਣੇ ਦਾ ਦੇਸ਼ ਨਹੀਂ ਹੈ। ਇਸ ਮਾਇਆ ਦੇ ਦੇਸ਼ ਵਿਚ ਖਿਨ-ਖਿਨ ਬਦਲੀ ਹੈ; ਰਸ ਨਹੀਂ ਹੈ। ਸੋ ਬੁੱਧੀ ਮੰਡਲੀਆ ਧੁਰ ਤੋਂ ਆਈ ਬਾਣੀ ਨੂੰ ਕਵਿਤਾ ਕਹਿ ਛੁਟਿਆਉਂਦਾ ਹੈ। ਉਹ ਬਾਣੀ ਰਚੀ ਨਹੀਂ ਜਾਂਦੀ, ਮੋਹਲੇ-ਧਾਰ ਬਾਰਿਸ਼ ਦੀ ਤਰ੍ਹਾਂ ਰਸ ਭਰੇ, ਗਿਆਤ ਭਰੇ ਮੰਡਲ ਵਿਚੋਂ ਆਉਂਦਾ ਵੇਗ ਸਾਂਭਿਆ ਨਹੀਂ ਜਾਂਦਾ। ਰਸਾਂ ਨਾਲ ਭਰਪੂਰ ਹੁੰਦਾ ਹੈ। ਜੋ ਪੜ੍ਹਦਾ ਹੈ, ਉਹ ਖੁਮਾਰੀਆਂ ਵਿਚ ਚਲਿਆ ਜਾਂਦਾ ਹੈ।

ਵਲਵਲੇ ਦੇ ਦੇਸ਼ ਦੀ ਗਿਆਤ ਭਾਗਾਂ ਵਾਲਿਆਂ ਨੂੰ ਹੁੰਦੀ ਹੈ। ਉਥੇ ਜੀਵਨ ਹੀ ਜੀਵਨ ਹੈ - ਲਹਿਰਾਂ ਮਾਰਦਾ, ਝਰਨ੍ਹਾਟਾਂ ਦਿੰਦਾ, ਸਾਰੇ ਸੰਸਾਰ ਨਾਲ ਗਲਵਕੜੀਆਂ ਪਾਉਂਦਾ। ਨਹੀਂ ਸੀ ਪਤਾ ਕਿ ਇਹ ਬਖਸ਼ਿਸ਼ਾਂ ਵੀ ਵਾਹਿਗੁਰੂ ਜੀ ਨੇ ਅੰਦਰ ਹੀ ਰੱਖ

ਛੱਡੀਆਂ ਹਨ। ਇਹੋ ਅਸਲੀ ਜੀਵਨ ਹੈ- ਨਾਮ ਦੇ ਨਾਲ ਇਕਮਿਕ ਹੋ ਕੇ ਗੜੂੰਦ ਹੋਇਆ ਹੋਇਆ ਜਿਉਂਦਾ ਜਾਗਦਾ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ -

*ਸੋ ਜੀਵਿਆ ਜਿਸੁ ਮਨਿ*
*ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥*
*ਪੰਨਾ - 142*

ਅਸਲੀ ਜੀਵਨ ਹੈ। ਇਸ ਤੋਂ ਵਿਹੂਣੇ ਦੀ ਨਾਮ ਤੋਂ ਬਿਨਾਂ ਹਰ ਸਮੇਂ ਪਤਿ ਲਹਿ ਰਹੀ ਹੈ ਤੇ ਦਾਤੇ ਦੀਆਂ ਦਿਤੀਆਂ ਦਾਤਾਂ ਨੂੰ ਖਾ ਕੇ ਹਰਾਮ ਕਰਦਾ ਹੈ। ਸਾਧਸੰਗਤ ਜੀ! ਇਸ ਨੀਵੀਂ ਪੱਧਰ ਨੂੰ ਜ਼ਿੰਦਗੀ ਕਹਿੰਦੇ ਨੇ - ਅਕਲਾਂ ਵਾਲੇ। ਇਹ ਇਕ ਮੁਰਦਾ-ਪੁਣ ਦੀ ਅਵਸਥਾ ਹੈ। ਅੰਨ-ਪਾਣੀ ਨਾਲ ਸਰੀਰ ਚਲਦਾ ਹੈ। ਰਸਾਇਣਕ ਕ੍ਰਿਆ ਹੋ ਕੇ, ਥਾਂ-ਥਾਂ ਉਪਰ ਖੁਰਾਕ ਵਿਚੋਂ **Nutrient** ਅੰਦਰਲੇ ਪ੍ਰਬੰਧ ਨਾਲ, ਪ੍ਰਾਣ ਦੀ ਸ਼ਕਤੀ ਨਾਲ ਪਹੁੰਚਾਉਂਦੇ ਹਨ। ਦਿਮਾਗ ਅੰਦਰ **Electronic, Magnetic** ਲਹਿਰਾਂ ਹਰਕਤ ਕਰਦੀਆਂ ਹਨ, ਬਹੁਤ **speed** (ਤੇਜ਼ੀ) ਨਾਲ ਚਲਦੀਆਂ ਹਨ। ਇਹ ਦਿਮਾਗ ਦੇ 15 ਅਰਬ ਤੰਤੂਆਂ ਵਿਚ ਇਕ ਖਿਨ ਵਿਚ, ਘੁੰਮ ਜਾਂਦੀਆਂ ਹਨ। ਦੋ ਖਰਬ, ਪੰਦਰਾਂ ਅਰਬ ਸੈਲ ਸਾਡੀ **body** (ਸਰੀਰ) ਵਿਚ ਹੈ। ਇਹ ਸਾਰੇ ਸਰੀਰ ਵਿਚ ਇਸ **chemical** ਕ੍ਰਿਆ ਨੂੰ ਤੋਰੀ ਰੱਖਦੀਆਂ ਹਨ। ਪ੍ਰਾਕ੍ਰਿਤੀ ਦੇ ਵਿਚ ਜਾਗਰਤ ਲਿਆਉਣ ਵਾਲੀਆਂ **awareness** (ਚੇਤਨਤਾ) ਪੈਦਾ ਕਰਦੀਆਂ ਹਨ। ਇਕ ਜੀਵਨ ਦਾ ਭਾਸ ਹੁੰਦਾ ਹੈ, ਹਰਕਤ ਪੈਦਾ ਹੁੰਦੀ ਹੈ, ਪ੍ਰਾਣ ਹਰਕਤ ਵਿਚ ਆਉਂਦੇ ਨੇ, **blood** (ਖੂਨ) ਸਮੂੰਹ ਨਾੜੀਆਂ ਵਿਚ ਚਲਦਾ ਹੈ, ਦਿਲ ਆਪਣਾ ਕੰਮ ਕਰਦਾ ਹੈ, ਦਿਮਾਗ ਆਪਣਾ ਕੰਮ ਕਰਦਾ ਹੈ। ਇਹ ਵੀ ਇਕ ਜੀਵਨ ਹੈ। ਧਨ ਭੀ ਕਮਾਉਂਦਾ ਹੈ, ਸ਼ੋਹਰਤ ਭੀ ਹਾਸਿਲ ਕਰਦਾ ਹੈ, ਸੁਹੱਪਣ ਦੀ ਲੋਚਾ ਭੀ ਰਖਦਾ ਹੈ; ਇਹ ਕੀ ਹੋਇਆ ਮੁਰਦਾ ਜੀਵਨ - ਜਿਸ ਵਿਚ ਨਾ ਪਿਆਰ ਦੀ ਰੌਂ, ਨਾ ਅੰਤਰੀਵ ਸੂਝ।

ਕੰਮਪਿਊਟਰ ਦੀ ਮਦਦ ਨਾਲ **remote control** ਨਾਲ ਵੱਡੀਆਂ-ਵੱਡੀਆਂ ਮਸ਼ੀਨਾਂ ਆਦਮੀ ਵਾਂਗੂੰ ਕੰਮ ਕਰਦੀਆਂ ਹਨ। ਅਮਰੀਕਾ ਵਿਚ ਵੇਖਿਆ ਹੈ ਕਿ ਮਸ਼ੀਨੀ ਬੰਦੇ ਠੀਕ ਬੰਦਿਆਂ ਵਾਂਗੂੰ ਕੰਮ ਕਰਦੇ ਹਨ। **'House on the Rock'** ਵਿਚ **Orchestra** ਵਜਦਾ ਹੈ, ਡਾਲਰ ਪਾ ਦਿਤੇ ਜਾਂਦੇ ਹਨ, ਉਸ ਵੇਲੇ ਆਪੋ ਆਪਣਾ ਕੰਮ ਸ਼ੁਰੂ ਹੋ ਜਾਂਦਾ ਹੈ। ਕੋਈ ਸਿਤਾਰ ਵਜਾ ਰਿਹਾ ਹੈ, ਕੋਈ ਤਬਲਾ ਵਜਾ ਰਿਹਾ ਹੈ, ਕੋਈ ਬਿਗਲ ਵਜਾ ਰਿਹਾ ਹੈ; ਬੜੀ ਰੌਣਕ ਬੱਝਦੀ ਹੈ ਤੇ ਜਦੋਂ ਪਾਏ ਹੋਏ ਪੈਸਿਆਂ ਦਾ ਸਮਾਂ ਖਤਮ ਹੋ ਜਾਂਦਾ ਹੈ ਤਾਂ ਆਪੋ ਆਪਣੇ ਹੱਥ ਸਾਜ਼ਾਂ ਤੋਂ ਚੁਕ ਲੈਂਦੇ ਹਨ, ਸਾਜ਼ ਵਜਣਾ ਬੰਦ ਹੋ ਜਾਂਦਾ ਹੈ। ਸਾਜ਼ ਬੇਸੁਰੇ ਨਹੀਂ ਵਜਦੇ, ਠੀਕ ਟਿਊਨਾਂ ਸੁਣਾਈ ਦਿੰਦੀਆਂ ਹਨ ਪਰ ਪੈਸੇ ਮੁਕਦੇ ਹੀ ਸਭ ਕੁਝ ਰੁਕ ਜਾਂਦਾ ਹੈ। ਬਹੁਤ ਸਾਰੀਆਂ ਐਸੀਆਂ ਚੀਜ਼ਾਂ ਵੀ ਦੇਖੀਆਂ ਹਨ ਕਿ ਆਦਮੀ ਦੀ ਸ਼ਕਲ ਬਣਾ ਕੇ ਕੰਮਪਿਊਟਰ ਵਿਚ ਫਿੱਟ ਕਰ ਦਿੱਤੀ ਜਾਂਦੀ ਹੈ। ਉਹ ਦਿਤੇ ਹੋਏ ਕੰਮਾਂ ਨੂੰ ਭਲੀਭਾਂਤ ਨਿਭਾਉਂਦੇ ਹਨ। ਇਕ ਤਰ੍ਹਾਂ ਦੀ ਹਰਕਤ ਤਾਂ ਇਨ੍ਹਾਂ ਮਸ਼ੀਨੀ ਬੰਦਿਆਂ ਵਿਚ ਵੀ ਆ ਜਾਂਦੀ ਹੈ ਪਰ ਇਹ ਜੀਵਨ ਦੇ ਨੇੜੇ-ਤੇੜੇ ਵੀ ਨਹੀਂ ਹਨ। ਉਨ੍ਹਾਂ ਵਿਚ ਹਰਕਤ ਹੈਗੀ ਪਰ ਜਜ਼ਬਾ ਕੋਈ ਨਹੀਂ ਹੈ। ਇਸੇ ਤਰ੍ਹਾਂ ਦਾ ਉਹ ਭਾਵ, ਉਹ ਪ੍ਰਗਟ ਨਹੀਂ ਕਰ ਸਕਦੀਆਂ। ਚੁਰਾਹਿਆਂ ਦੇ ਵਿਚ ਕਾਰਾਂ ਦੀਆਂ ਲਾਇਨਾਂ ਤੁਰੀਆਂ ਜਾ ਰਹੀਆਂ ਹਨ। ਕੰਮਪਿਊਟਰ **sense** ਕਰ ਲੈਂਦਾ ਹੈ। ਇਕ ਪਾਸੇ ਦੀਆਂ ਕਾਰਾਂ ਲੰਘਾ ਕੇ ਫੇਰ ਦੂਜੇ ਪਾਸੇ ਦੀ ਲਾਇਟ ਜਗ ਪੈਂਦੀ ਹੈ, ਇਉਂ ਨਹੀਂ ਕਿ ਘੜੀ ਦੇ ਹਿਸਾਬ ਨਾਲ; ਆਪੇ ਹੀ **automatic** ਆਈ ਜਾਵੇ। ਇਸ ਦੇ ਵਿਪਰੀਤ ਕਾਰਾਂ ਦੀ ਗਿਣਤੀ ਦੇ ਮੁਤਾਬਿਕ ਓਨਾਂ ਸਮਾਂ ਆਪਣੇ ਆਪ ਹੀ ਦੇ ਦਿਤਾ ਜਾਂਦਾ ਹੈ। ਸੋ ਕੰਮ ਤਾਂ ਇਹ ਮਸ਼ੀਨਾਂ ਵੀ ਕਰਦੀਆਂ ਹਨ, ਬਹੁਤ ਹੀ **correctness** ਇਨ੍ਹਾਂ ਵਿਚ ਹੋਇਆ ਕਰਦੀ ਹੈ, ਪਰ ਇਹ ਜੀਵਨ ਤਾਂ ਨਹੀਂ ਹੈ ਨਾ। ਇਸ ਵਿਚ ਕੋਈ ਭਾਵ ਨਹੀਂ, ਅਪਣੱਤ ਨਹੀਂ ਹੈ, ਕੋਈ ਪਰਉਪਕਾਰ ਕਰਨ ਦੀ ਚਾਹ ਨਹੀਂ ਹੈ; ਜਿਵੇਂ ਚਲਾਈਆਂ ਜਾਣ, ਚਲਦੀਆਂ ਰਹਿੰਦੀਆਂ ਹਨ।

ਇਸੇ ਤਰ੍ਹਾਂ ਨਾਲ ਇਕ ਖਾਣ ਪੀਣ ਦੇ ਆਧਾਰ ਤੇ ਜੀਵਨ ਹੈ ਉਹ ਆਪਣੇ ਵਾਸਤੇ ਜਿਉਂਦਾ ਹੈ। ਵੈਰ ਭਾਵ, ਨਫਰਤ ਦੇ ਜਜ਼ਬੇ ਉਸ ਵਿਚ ਭਰੇ ਪਏ ਹਨ, ਬਦਲਾ ਲਊ ਰੁਚੀਆਂ ਉਸਦੇ ਰੋਮ-ਰੋਮ ਨੂੰ ਪੀੜਿਤ ਕਰਦੀਆਂ ਹਨ; ਵਿਸ਼ਿਆਂ ਦੀ ਖਿੱਚ ਉਸਨੂੰ ਬਾਵਲਾ ਬਣਾ ਦਿੰਦੀ ਹੈ; ਧਨ ਦੀ ਖਿੱਚ, ਖੁਦਗਰਜ਼ੀ ਦੀ ਖਿੱਚ, ਉਸਦੇ ਜੀਵਨ ਨੂੰ ਥੋਥਾ ਬਣਾ ਦਿੰਦੀ ਹੈ। ਇਹ ਇਕ ਤਰ੍ਹਾਂ ਦੀ ਚੇਤਨਤਾ ਤਾਂ ਹੈ ਪਰ ਜੀਵਨ ਨੀਂ ਹੈ। ਖਾਂਦਾ-ਪੀਂਦਾ, ਬੱਚੇ ਪਾਲਦਾ, ਪੈਸੇ ਕਮਾਉਂਦਾ, ਵੈਰ, ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਵਿਕਾਰ, ਮਹਾਂ ਲੋਭ, ਧ੍ਰੋਹ - ਇਹ ਜੀਵਨ ਜਿਉਣ ਵਾਲਾ ਭਾਵੇਂ ਅੰਤਾਂ ਦਾ ਅਮੀਰ, ਸੋਹਣਾ, ਮੁਖ ਦਾ ਗਿਆਨੀ ਭੀ ਕਿਉਂ ਨਾ ਹੋਵੇ, ਬੈਹਿਸਾਂ ਕਰਨ ਵਾਸਤੇ ਆਪਣੇ ਸਿੰਗਾਂ ਨੂੰ ਵਧਾ ਲਵੇ, ਅੰਦਰ ਉਸਦਾ ਬਿਲਕੁਲ ਬੇ-ਹਿਸ, ਨਿ-ਰਸ ਹੋਣ ਕਰਕੇ ਜੀਵਨ ਰੌ ਨਹੀਂ ਰੁਮਕਦੀ। ਆਪਣੇ ਸੀਮਤ ਖਿਆਲਾਂ ਦੀ ਕੈਦ ਅੰਦਰ ਪੀੜਤ ਹੁੰਦਾ ਰਹੇਗਾ। ਸੋ ਇਹ ਜੀਵਨ ਕਉਡੀ ਦੇ ਕੰਮ ਦਾ ਨਹੀਂ। ਗੁਰੂ ਮਹਾਰਾਜ ਤਾਂ ਇਸ ਜੀਵਨ ਨੂੰ 'ਮਿਰਤਕ ਕਹੀਅਹਿ ਨਾਨਕਾ' ਦੀ ਪਦਵੀ ਦਿੰਦੇ ਹਨ ਕਿਉਂਕਿ ਪ੍ਰੀਤ ਤੋਂ ਵਿਹੂਣਾ ਹੈ। ਜੇ ਉਹਦੇ ਹਿਰਦੇ ਵਿਚ ਪ੍ਰਮੇਸ਼ਰ ਦਾ ਪਿਆਰ ਨਹੀਂ ਹੈ ਤਾਂ ਰੂਹਾਨੀਅਤ ਦੇ ਪੱਖੋਂ ਉਹ ਮਰਿਆ ਹੋਇਆ ਹੈ। ਇਹਦੇ ਮੁਕਾਬਲੇ ਦੇ ਉਤੇ ਬਿਰਹੀ ਪੁਰਸ਼ - ਜਿਸਦੇ ਅੰਦਰ ਲੋਚਾ ਲਗੀ ਹੈ, ਉਹ

ਕੁਰਬਾਨੀ ਕਰਦਾ ਹੈ। ਆਪਣੇ ਸਾਹਿਬ ਦੀ ਬਾਤ ਸੁਣ ਕੇ ਵਿਗਸਦਾ ਹੈ, ਕੁਰਬਾਨ ਜਾਂਦਾ ਹੈ ਅਤੇ ਕਦਰ ਕਰਦਾ ਹੈ ਜਿਵੇਂ ਕਿ ਫੁਰਮਾਨ ਹੈ -

**ਤੈ ਸਾਹਿਬ ਕੀ ਬਾਤ ਜਿ ਆਖੈ**
**ਕਹੁ ਨਾਨਕ ਕਿਆ ਦੀਜੈ॥**
**ਪੰਨਾ - 558**

ਕੀ ਦੇਈਏ ਉਸ ਪਿਆਰੇ ਨੂੰ, ਜਿਹੜਾ ਮੇਰੇ ਪ੍ਰੀਤਮ ਦੀ ਕੋਈ ਗੱਲ ਕਰੇ। ਮੈਂ ਗੱਲ ਸੁਣ ਕੇ ਐਨਾ ਰਿਣੀ ਹੋ ਜਾਂਦਾ ਹਾਂ ਕਿ ਮੈਨੂੰ ਸੁਝਦਾ ਹੀ ਨਹੀਂ ਕਿ ਮੈਂ ਕੀ ਅਰਪਣ ਕਰਾਂ, ਕੀ ਦੇਵਾਂ, ਜਿਸ ਭੇਟਾ ਨਾਲ ਮੈਂ ਇਸ ਦੀ ਹਮਦਰਦੀ ਦਾ ਭਾਰ ਚੁਕਾ ਸਕਾਂ। ਮਹਾਰਾਜ ਜੀ ਅਸਾਨੂੰ ਦਸਦੇ ਹਨ ਕਿ ਪਿਆਰਿਆ! ਤੇਰੇ ਕੋਲ ਦੋ ਬੇ-ਲੋੜੀਆਂ ਵਸਤੂਆਂ ਨੇ ਜਿਨ੍ਹਾਂ ਕਰਕੇ ਤੂੰ ਕਰੋੜਾਂ ਸਾਲਾਂ ਤੋਂ ਭਟਕ ਰਿਹਾ ਹੈਂ, ਬਿਰਹੇ ਵਿਚ ਪੁਕਾਰਾਂ ਕਰ ਰਿਹਾ ਹੈਂ, ਉਹ ਹਨ - **'ਹੰਗਤਾ ਤੇ ਮਮਤਾ'**, ਜਾਂ ਕਹੀਏ **'ਹਉਮੈ'**। ਇਸ ਹਉਮੈ ਨੂੰ ਛੱਡ ਕੇ ਉਹਦੀ ਸੇਵਾ ਕਰੇ। ਇਹੋ ਇਕੋ ਇਕ ਸਾਧਨ ਉਸਦਾ ਬਦਲਾ ਦੇਣ ਲਈ ਮਹੱਤਤਾ ਰਖਦਾ ਹੈ।

**ਸੀਸੁ ਵਢੇ ਕਰਿ ਬੈਸਣੁ ਦੀਜੈ**
**ਵਿਣੁ ਸਿਰ ਸੇਵ ਕਰੀਜੈ॥ ਪੰਨਾ- 558**

ਸੋ ਇਸ ਸ਼ਬਦ ਦੇ ਅੰਦਰ ਇਕ ਬਿਰਹੁ ਦਾ ਨਕਸ਼ਾ ਰੂਪਮਾਨ ਕੀਤਾ ਗਿਆ ਹੈ। ਜੋ ਅਸਾਨੂੰ ਮਾਰਗ ਦਰਸਾਉਂਦਾ ਹੈ, ਸਾਡੇ ਹਨ੍ਹੇਰੇ ਮਨ ਨੂੰ ਪ੍ਰਕਾਸ਼ਿਤ ਕਰਦਾ ਹੈ।

ਪਿਆਰਾਂ ਵਾਲੇ ਜੀਵਨ ਅਸਾਡੇ ਭੁੱਲੜਾਂ ਲਈ ਮਾਰਗ ਦਰਸ਼ਨ ਹੋਇਆ ਕਰਦੇ ਹਨ। ਗੁਰ ਇਤਿਹਾਸ ਦੇ ਅੰਦਰ ਇਕ ਐਸੀ ਪਿਆਰ ਦੀ ਪ੍ਰਕਾਸ਼ਮਈ ਤਰੰਗ ਦਾ ਜ਼ਿਕਰ ਆਉਂਦਾ ਹੈ ਕਿ ਇਕ ਬੀਬੀ, ਜਿਸਨੇ ਇਕ ਵੀ ਅੱਖਰ ਨਹੀਂ ਸੀ ਪੜ੍ਹਿਆ, ਨਾ ਉਸਦੇ ਮਨ ਵਿਚ ਪ੍ਰਭੂ ਬਾਰੇ ਕੋਈ ਗਿਆਤ ਸੀ, ਨਾ ਰੂਹਾਨੀਅਤ ਦੀ ਕੁਝ ਸੂਝ ਸੀ, ਨਾ ਪਾਪ ਦਾ, ਨਾ ਪੁੰਨ ਦਾ ਕੁਛ ਪਤਾ ਸੀ। ਰਾਜਸੀ ਪਰਿਵਾਰ ਵਿਚ, ਰਾਜਸੀ ਵਾਤਾਵਰਣ ਵਿਚ ਪਲੀ ਹੋਈ ਇਹ ਅੱਲੜ ਲੜਕੀ ਆਪਣਾ ਜੀਵਨ ਆਪਣੇ ਹੀ ਢੰਗ ਨਾਲ ਜਿਉਂ ਰਹੀ ਸੀ। ਸੂਰਜ ਛਿਪਦੇ ਹੀ ਸੌਂ ਜਾਣਾ ਅਤੇ ਸੂਰਜ ਚੜ੍ਹੇ ਤੋਂ ਪਿਛੋਂ ਉਠਣਾ, ਜੋ ਮਨ ਵਿਚ ਆ ਗਿਆ ਉਹੀਓ ਗਲ ਕਰਨੀ। ਕੁਝ ਖਾ ਪੀ ਕੇ, ਜੰਗਲਾਂ ਵਿਚ ਘੁੰਮਣਾ, ਘੋੜਿਆਂ ਦੀ ਸਵਾਰੀ ਕਰਨੀ, ਬੇਲਿਆਂ ਵਿਚ ਘੁੰਮਣਾ, ਦਰਿਆਵਾਂ ਵਿਚ ਤਾਰੀਆਂ ਲਾਉਣੀਆਂ, ਸਹੇਲੀਆਂ ਦੇ ਨਾਲ ਸ਼ਿਕਾਰ ਕਰਨ ਜਾਣਾ; ਰਾਜੇ ਦੀ ਲੜਕੀ ਸੀ, ਕੋਈ ਉਸਦੇ ਹੁਕਮ ਨੂੰ ਟਾਲ ਨਹੀਂ ਸੀ ਸਕਦਾ। ਉਸਨੂੰ ਨਾ ਕਿਸੇ ਕਾਨੂੰਨ ਦਾ ਬੰਧਨ, ਨਾ ਕਿਸੇ ਕਾਨੂੰਨ ਦੀ ਭੈ; ਜੋ ਚਿਤ ਵਿਚ ਆਇਆ ਕਰ ਲਿਆ, ਖੁੱਲ੍ਹਾਂ ਦੇ ਜ਼ਮਾਨੇ ਸਨ, ਖੁਲ੍ਹਾਂ ਦਾ ਜੀਵਨ ਬਤੀਤ ਕਰਨਾ। ਘੋੜਿਆਂ ਦੇ ਸ਼ਾਹ ਸਵਾਰ ਹੋਣਾ, ਮੀਲਾਂ ਤੱਕ ਘੋੜੇ ਨਠਾਉਣੇ, ਸ਼ਸ਼ਤਰ ਚਲਾਉਣੇ, ਤਲਵਾਰ, ਨੇਜ਼ਾ, ਤੀਰ ਚਲਾਉਣੇ; ਉਸਦਾ ਰੋਜ਼ਾਨਾ ਦਾ ਜੀਵਨ ਸੀ। ਦੇਸ਼ ਦੇ ਬਿਖੜੇ ਹਾਲ ਸਨ। ਆਪਣੀ ਰਾਖੀ ਆਪ ਕਰਨੀ ਪੈਂਦੀ ਸੀ, ਉਸ ਵੇਲੇ ਚੰਗੇ ਘਰਾਂ ਦੀਆਂ ਲੜਕੀਆਂ ਰਾਠਾਂ ਵਰਗੀਆਂ ਹੋਇਆ ਕਰਦੀਆਂ ਸਨ। ਇਸਨੇ ਸਾਰੇ ਸ਼ਸ਼ਤਰ ਚਲਾਉਣੇ ਸਿੱਖੇ। ਤੀਰ ਅੰਦਾਜ਼ੀ ਵਿਚ ਵੱਡੇ-ਵੱਡੇ ਤੀਰ ਅੰਦਾਜ਼ਾਂ ਨੂੰ ਮਾਤ ਪਾਂਦੀ ਸੀ, ਸਰੀਰ ਵਿਚ ਅਮਿਤ ਬਲ ਸੀ, ਸਰੀਰ ਸਡੌਲ ਸੀ, ਪੂਰੀ ਜਵਾਨੀ ਸੀ, ਚੜ੍ਹਦੀ ਉਮਰ ਸੀ- 18-19 ਸਾਲ ਦੀ, ਸ਼ਾਦੀ ਦਾ ਖਿਆਲ ਅਜੇ ਤੀਕਰ ਕਿਸੇ ਦੇ ਮਨ ਵਿਚ ਨਹੀਂ ਆਇਆ ਸੀ। ਇਹਨੂੰ ਕੋਈ ਰੋਕ ਨਹੀਂ ਸੀ, ਆਪਣੀ ਮੌਜ ਦੇ ਨਾਲ ਬੇਲਿਆਂ, ਜੰਗਲਾਂ ਦੇ ਅੰਦਰ ਸ਼ੇਰ ਦਾ ਸ਼ਿਕਾਰ ਕਰਨਾ, ਚੀਤੇ ਦਾ ਸ਼ਿਕਾਰ ਕਰਨਾ; ਇਸ ਤਰ੍ਹਾਂ ਦੀਆਂ ਬੇਅੰਤ ਖੇਡਾਂ ਕਰਨੀਆਂ, ਦਰਿਆ ਵਿਚ ਲੰਮੀਆਂ ਤਾਰੀਆਂ ਲਾਉਣੀਆਂ, ਕਿਸ਼ਤੀਆਂ ਚਲਾਉਣੀਆਂ ਆਦਿ ਸਹਿਜ ਸੁਭਾਅ ਉਹਦਾ ਕਰਤੱਵ ਸੀ। ਜੰਗਲ ਬੇਲਿਆਂ ਵਿਚ ਘੋੜਿਆਂ ਤੇ ਸਵਾਰ ਹੋ ਕੇ ਸਹੇਲੀਆਂ ਨੇ ਜਾਣਾ ਤੇ ਇਸਦੇ ਕਰਤੱਵ ਦੇਖ ਕੇ ਪ੍ਰਸੰਸਾ ਕਰਨੀ; ਇਹੋ ਖੁਸ਼ੀਆਂ ਸਨ ਇਹਨਾਂ ਪਾਸ। ਇਹ ਜੀਵਨ ਸਹਿਜ ਦਾ ਹੀ ਉਸ ਵੇਲੇ ਰਾਜਿਆਂ, ਰਾਣਿਆਂ, ਸਰਦਾਰਾਂ, ਰਾਉਂਆਂ ਦਾ ਹੋਇਆ ਕਰਦਾ ਸੀ।

ਗੁਰੂ ਨਾਨਕ ਪਾਤਸ਼ਾਹ ਜੀ ਉਸ ਸਮੇਂ ਸੰਸਾਰ ਦਾ ਉਧਾਰ ਕਰਨ ਵਾਸਤੇ ਥਾਂ-ਥਾਂ ਤੇ ਪੁੱਜ ਕੇ ਅਟਕੀਆਂ ਹੋਈਆਂ ਰੂਹਾਂ ਨੂੰ ਸਤਿ ਦਾ ਮਾਰਗ ਦਰਸਾ ਕੇ ਰੂਹਾਨੀ ਮਾਰਗ ਤੇ ਚਲਾ ਰਹੇ ਸਨ। ਆਪ ਅਜੇ ਸੁਲਤਾਨਪੁਰ ਵਿਚ ਹੀ ਸਨ ਕਿ ਉਥੇ ਇਕ ਪ੍ਰਮੇਸ਼ਰ ਦਾ ਪਿਆਰਾ ਭਾਈ ਭਗੀਰਥ, ਜੋ ਮਲਸੀਹਾਂ ਦਾ ਚੌਧਰੀ ਸੀ, ਨੇ ਆਪ ਦੇ ਚਰਨ ਪਰਸੇ। ਭਗੀਰਥ ਜੀ ਪਹਿਲਾਂ ਦੇਵੀ ਦੇ ਅੰਨਿਨ ਭਗਤ ਸਨ ਅਤੇ ਦੇਵੀ ਦੀ ਭਗਤੀ ਕਰਕੇ ਪ੍ਰਭੂ ਦਾ ਮਿਲਾਪ ਲੋਚਦੇ ਸਨ। ਇਕ ਦਿਨ ਗੈਬੀ ਅਵਾਜ਼ ਆਈ, ਉਸ ਨੂੰ ਭਾਸਿਆ ਕਿ ਇਹ ਅਵਾਜ਼ ਮੇਰੀ ਇਸ਼ਟ, ਦੇਵੀ ਵਲੋਂ ਹੈ! ਧਿਆਨ ਨਾਲ ਸੁਣਿਆ, ਸਮਝਿਆ; ਅਵਾਜ਼ ਗੂੰਜ ਰਹੀ ਸੀ, "ਭਗੀਰਥ! ਮੈਂ ਦੇਵੀ ਹਾਂ। ਮੈਂ ਦੁਨੀਆਵੀ ਵਸਤੂਆਂ ਦੀਆਂ ਇਛਿਆਵਾਂ ਪੂਰੀਆਂ ਕਰਨ ਦੀ ਸਮਰੱਥਾ ਰਖਦੀ ਹਾਂ, ਪਰ ਤੇਰੀ ਜੋ ਲੋਚਾ ਪ੍ਰਮੇਸ਼ਰ ਨੂੰ ਮਿਲਣ ਦੀ ਹੈ, ਇਸਨੂੰ ਪੂਰਾ ਕਰਨਾ ਮੇਰੇ ਵਸ ਵਿਚ ਨਹੀਂ ਹੈ। ਪ੍ਰਭੂ ਦੇ ਦਰ ਦੀ ਚਾਬੀ, ਜਿਸ ਨੂੰ ਲਾਉਣ ਨਾਲ ਬੱਜਰ ਕਪਾਟ ਖੁਲ੍ਹਦੇ ਹਨ, ਉਹ ਗੁਰੂ ਪਾਸ ਹੋਇਆ ਕਰਦੀ ਹੈ। ਤੂੰ ਭਾਗਾਂ ਵਾਲਾ ਹੈਂ, ਜਿਸਨੂੰ ਇਸ ਸਮੇਂ ਗੁਰੂ ਪ੍ਰਮੇਸ਼ਰ ਦਾ ਦੀਦਾਰ ਹੋ ਸਕਦਾ ਹੈ, ਉਹ ਹਨ ਗੁਰੂ ਨਾਨਕ; ਜੋ ਐਸ ਵੇਲੇ ਸੰਸਾਰ ਨੂੰ ਸੁੱਚੀ ਕਿਰਤ ਕਰਨ ਦੀ ਸੋਝੀ ਦਿੰਦੇ ਹੋਏ ਇਕ ਮੋਦੀ ਦੀ ਕਾਰ ਨਿਭਾ ਰਹੇ ਹਨ। ਅੱਜ ਉਹ ਤੇਰੀਆਂ ਵਿਲਕਣੀਆਂ ਸੁਣ ਕੇ ਤੇਰੀ ਲੋਚਾ ਦੀ ਜਗਿਆਸਾ ਨੂੰ ਪੂਰਨ ਕਰਨ ਲਈ ਆਪ ਹੀ ਮਲਸੀਹਾਂ ਵਿਚ ਪੁੱਜੇ ਹੋਏ ਹਨ। ਸੁਣ! ਮੈਂ ਤਾਂ

ਆਪ ਉਸ ਗੁਰੂ ਪ੍ਰਮੇਸ਼ਰ ਤੋਂ ਸਾਰੀਆਂ ਦਾਤਾਂ ਲੈਂਦੀ ਹਾਂ ਕਿਉਂਕਿ ਉਹ ਪ੍ਰਮੇਸ਼ਰ ਦਾ ਸਰਗੁਣ ਸਰੂਪ ਹੈ, ਸਭ ਕੁਛ ਉਨ੍ਹਾਂ ਦੇ ਹੱਥ ਵਿਚ ਹੈ। ਤੂੰ ਜਾਹ! ਜਾ ਕੇ ਚਰਨ ਫੜ, ਤੇਰਾ ਕਾਰਜ ਰਾਸ ਹੋ ਜਾਵੇਗਾ।" ਸੋ ਭਾਈ ਭਗੀਰਥ ਗੁਰੂ ਨਾਨਕ ਦੇ ਦਰ ਪਹੁੰਚ ਕੇ ਗੁਰੂ ਨਾਨਕ ਦਾ ਹੀ ਹੋ ਗਿਆ। ਆਪਣਾ ਤਨ, ਮਨ, ਧਨ ਗੁਰੂ ਨਾਨਕ ਨੂੰ ਵੇਚ ਦਿਤਾ, ਆਪਣੇ ਕੋਲ ਕੁਝ ਵੀ ਨਾ ਰੱਖਿਆ। ਆਪਣੀ 'ਮੈਂ' ਉਨ੍ਹਾਂ ਦੇ ਚਰਨਾਂ ਤੇ ਨਿਛਾਵਰ ਕਰ ਦਿਤੀ, ਪੂਰੇ ਦਿਲ ਦਾ ਸੌਦਾ ਹੋ ਗਿਆ; ਭਾਈ ਭਗੀਰਥ ਗੁਰੂ ਨਾਨਕ ਦਾ ਹੋ ਗਿਆ। ਗੁਰੂ ਨਾਨਕ ਦੀ ਕ੍ਰਿਪਾ ਦੇ ਨਾਲ ਪ੍ਰਵਾਨ ਪੁਰਖ ਹੋ ਗਿਆ ਅਤੇ ਰੂਹਾਨੀਅਤ ਦੀ ਸਭ ਤੋਂ ਉਚੀ ਮੰਜ਼ਿਲ ਪ੍ਰਾਪਤ ਹੋ ਗਈ –

***ਕਬੀਰ ਜਾ ਕਉ ਖੋਜਤੇ***
***ਪਾਇਓ ਸੋਈ ਠਉਰੁ॥***
***ਸੋਈ ਫਿਰਿ ਕੈ ਤੂ ਭਇਆ***
***ਜਾ ਕਉ ਕਹਤਾ ਅਉਰੁ॥***

***ਪੰਨਾ – 1369***

ਇਸ ਦਾ ਨੌਜੁਆਨ ਲੜਕਾ, ਜਿਸ ਉਪਰ ਗੁਰੂ ਨਾਨਕ ਪਾਤਸ਼ਾਹ ਦੀ ਪੂਰਨ ਕ੍ਰਿਪਾ ਹੋਣ ਤੇ ਬੱਜਰ ਕਪਾਟ ਖੁਲ੍ਹ ਗਏ, ਅੰਦਰਲੀ ਅਵਸਥਾ ਪ੍ਰਾਪਤ ਹੋ ਗਈ ਅਤੇ ਪੂਰਨ ਬ੍ਰਹਮ ਗਿਆਨ ਦੀ ਨੇਸ਼ਟਾ ਵਿਚ ਲੀਨ ਰਹਿਣ ਲੱਗਿਆ। ਪਿਤਾ ਦੀ ਸੰਗਤ ਨੇ ਹੋਰ ਰੰਗਤ ਚਾੜ੍ਹ ਦਿਤੀ।

ਮਾਂ-ਬਾਪ ਦਾ ਪ੍ਰਮ ਫਰਜ਼ ਹੋਇਆ ਕਰਦਾ ਹੈ ਕਿ ਬੱਚੇ ਨੂੰ ਸਤਿਸੰਗ ਵਿਚ ਲਿਆਉਣ, ਉਸਦੇ ਸੰਸਕਾਰ ਸ਼ੁਭ ਬਣਾਉਣ ਅਤੇ ਉਹ **problem** (ਸਮੱਸਿਆ) ਵਾਲਾ ਨਾ ਬਣੇ। ਜਿਹੜੇ ਮਾਂ-ਬਾਪ ਆਪ ਵੀ ਸਤਿਸੰਗ ਤੋਂ ਹੀਣੇ ਹਨ, ਵਿਸ਼ੇ ਵਿਕਾਰਾਂ ਵਿਚ ਆਪਣਾ ਜੀਵਨ ਨਸ਼ਟ ਕਰ ਰਹੇ ਹਨ, ਉਹ ਆਪਣੇ ਬੱਚਿਆਂ ਨੂੰ ਕੋਈ ਮਾਰਗ ਦਰਸ਼ਨ ਨਹੀਂ ਕਰਾ ਸਕਦੇ। ਐਸੀਆਂ ਮਾਵਾਂ ਨੂੰ ਸਾਰੇ ਧਾਰਮਿਕ ਪੁਰਸ਼ਾਂ ਨੇ ਚੰਗੀਆਂ ਨਹੀਂ ਕਿਹਾ –

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥***
***ਬਿਧਵਾ ਕਸ ਨ ਭਈ ਮਹਤਾਰੀ॥***

***ਪੰਨਾ – 328***

ਉਹ ਮਾਵਾਂ ਧੰਨ ਹਨ ਜੋ ਆਪਣੇ ਬੱਚੇ ਨੂੰ ਆਪਣੇ ਪੇਟ ਦੇ ਅੰਦਰ ਹੁੰਦਿਆਂ ਹੀ ਸ਼ੁਭ ਖਿਆਲਾਂ ਨਾਲ ਭਰ ਦਿੰਦੀਆਂ ਹਨ ਕਿਉਂਕਿ ਮਾਂ ਦੇ ਖਿਆਲਾਂ ਦਾ ਅਸਰ ਗਰਭ ਵਿਚ ਪਏ ਬੱਚੇ ਤੇ ਹੁੰਦਾ ਹੀ ਰਹਿੰਦਾ ਹੈ। ਇਹ ਗੱਲ ਪੂਰੀ ਤਰ੍ਹਾਂ ਨਾਲ ਅੱਜ ਸਾਡੀ ਸਮਝ ਵਿਚ ਆ ਜਾਂਦੀ ਹੈ। ਜੇ ਮਾਂ ਡਰਦੀ ਹੈ ਤਾਂ ਬੱਚਾ ਭੀ ਡਰਦਾ ਹੈ; ਜੇ ਮਾਂ ਖੁਸ਼ ਹੁੰਦੀ ਹੈ ਤਾਂ ਬੱਚਾ ਭੀ ਵਿਗਸਦਾ ਹੈ; ਜੇ ਮਾਂ ਮੰਦੇ ਖਿਆਲ ਵਲ ਜਾਂਦੀ ਹੈ ਤਾਂ ਸਹਿਜੇ ਹੀ ਬੱਚੇ ਦੇ ਸੰਸਕਾਰ ਵੀ ਉਹੋ ਜਿਹੇ ਹੀ ਬਣਨੇ ਸ਼ੁਰੂ ਹੋ ਜਾਂਦੇ ਹਨ। ਉਹ ਮਾਂ ਧੰਨ ਹੈ ਜਿਸ ਦਾ ਪ੍ਰਮੇਸ਼ਰ ਦਾ ਨਾਮ ਜਪਣ ਵਾਲਾ, ਸੰਸਾਰ ਨੂੰ ਸੁੱਖ ਦੇਣ ਵਾਲਾ ਬੱਚਾ ਹੋਵੇ। ਤੁਲਸੀ ਦਾਸ ਜੀ ਨੇ ਆਪਣੀ ਰਚਨਾ ਵਿਚ ਲਿਖਿਆ ਹੈ –

***ਜਨਨੀ ਜਨੇ ਤਾ ਭਗਤ ਜਨੁ***
***ਕੈ ਦਾਤਾ ਕੈ ਸੂਰ॥***
***ਨਹੀਂ ਤਾਂ ਜਨਨੀ ਬਾਂਝ ਰਹਿ***
***ਕਾਹੇ ਗਵਾਵੈ ਨੂਰ॥***

ਸੋ ਇਸ ਕਰਕੇ ਭਾਈ ਤਿਲੋਕੇ ਉਪਰ ਸਤਿਸੰਗ ਤੇ ਗੁਰੂ ਨਾਨਕ ਦੇ ਪਿਆਰ ਦੀ ਰੰਗਤ ਚੜ੍ਹ ਕੇ ਘਟ-ਘਟ ਵਿਚ ਵਿਆਪਕ ਪ੍ਰਭੂ ਦੀ ਹੋਂਦ, ਹੁਲਾਰੇ, ਝੂਮਣੀਆਂ, ਰਸ ਵਿਚ ਰਖਦੇ ਹਨ ਤੇ ਸਰਬਤ੍ਰ ਦੇ ਭਲੇ ਵਿਚ ਅਰਦਾਸ ਕਰਾਉਂਦੇ ਹਨ। ਇਹੋ ਹੀ ਇਕ ਜੀਵਨ ਹੁੰਦਾ ਹੈ ਜਿਸਨੂੰ ਜੀਵਨ ਗਿਣਿਆ ਗਿਆ ਹੈ, ਜਿਸ ਜੀਵਨ ਲਈ ਅਸੀਂ ਅਰਦਾਸਾਂ ਕਰਦੇ ਹਾਂ, ਪ੍ਰਾਪਤ ਹੋਇਆ ਹੋਇਆ ਹੈ। ਕਿੱਡੇ ਭਾਗਾਂ ਵਾਲਾ ਹੈ ਕਿ ਗੁਰੂ ਪ੍ਰਮੇਸ਼ਰ ਰੂਪ, ਗੁਰੂ ਨਾਨਕ ਪਾਤਸ਼ਾਹ ਦੀ ਸੰਗਤ ਜਿਹੜੀ ਕਿ ਚਾਰੇ ਜੁਗਾਂ ਦੇ ਵਿਚ ਦੁਰਲਭ ਹੈ, ਚਾਰੇ ਜੁਗਾਂ ਵਿਚ ਭੀ ਕਿਸੇ ਨੂੰ ਪ੍ਰਾਪਤ ਨਹੀਂ ਹੁੰਦੀ। ਇਨ੍ਹਾਂ ਨੂੰ ਗੁਰੂ ਨਾਨਕ ਦੀ ਸੰਗਤ ਪ੍ਰਾਪਤ ਹੋਈ, ਉਨ੍ਹਾਂ ਦੇ ਚਰਨਾਂ ਦੀ ਧੂੜੀ ਮਸਤਕ ਨਾਲ ਲੱਗੀ। ਕਿੰਨੀ ਪਵਿਤ੍ਰ ਹੈ – ਗੁਰੂ ਨਾਨਕ ਦੇ ਚਰਨਾਂ ਦੀ ਧੂੜੀ, ਜਿਸ ਦਾ ਵੀ ਮਸਤਕ ਉਹਦੇ ਚਰਨਾਂ ਨਾਲ ਛੂਹ ਗਿਆ, ਉਹਦੇ ਜਨਮਾਂ-ਜਨਮਾਂਤਰਾਂ ਦੇ ਕੀਤੇ ਪਾਪਾਂ ਦਾ ਖਾਤਮਾ ਹੋ ਗਿਆ।

ਭਾਈ ਭਗੀਰਥ ਆਪਣੇ ਬੱਚੇ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਸੰਗਤ ਵਿਚ ਲਿਆਉਂਦਾ ਹੈ। ਉਤਮ ਜਗਿਆਸੂ ਦੇਖ ਕੇ ਗੁਰੂ ਨਾਨਕ ਪਾਤਸ਼ਾਹ ਨੇ ਆਪ ਭਾਈ ਤਿਲੋਕੇ ਨੂੰ ਨਾਮ ਦੀ ਦਾਤ ਦਿਤੀ। ਨਾਮ ਦੀ ਘਾਲ ਕਮਾਈ ਉਸਨੇ ਜੀਅ ਭਰ ਕੇ ਕੀਤੀ। ਅਨੁਭਵ ਦੀ ਪ੍ਰਾਪਤੀ ਹੋਈ, ਬਜਰ ਕਪਾਟ ਖੁਲ੍ਹ ਗਏ। ਦਿਬ-ਦ੍ਰਿਸ਼ਟੀ ਪ੍ਰਾਪਤ ਹੋ ਗਈ, ਇਹ ਸੰਸਾਰ ਪ੍ਰਭੂ ਦਾ ਰੂਪ ਹੋ ਕੇ ਭਾਸਿਆ, ਸਾਰੇ ਭਰਮਾਂ ਦਾ ਨਾਸ਼ ਹੋ ਗਿਆ ਤੇ ਭਾਈ ਤਿਲੋਕਾ ਇਕ ਪੂਰਨ ਪੁਰਸ਼ – ਸੰਤ ਕਹੋ! ਗੁਰਮੁਖ ਕਹੋ! ਬ੍ਰਹਮਗਿਆਨੀ ਕਹੋ! ਕੋਈ ਵੀ ਉਪਾਧੀ ਦੇਵੋ ਉਹ ਪ੍ਰਮੇਸ਼ਰ ਨਾਲ ਇਕਮਿਕ ਹੋ ਗਿਆ। ਉਹਦੀ ੧੯-੨੦ ਸਾਲ ਉਮਰ ਹੋ ਗਈ। ਹਰ ਵਕਤ ਪਿਆਰ ਵਿਚ ਰੱਤੇ ਰਹਿਣਾ, ਪ੍ਰੇਮ ਦੇ ਹਿੰਡੋਲੜੇ ਵਿਚ ਝੂਟਦੇ ਰਹਿਣਾ, ਇਹ ਉਸਦਾ ਜੀਵਨ ਸੀ।

ਦੋ ਚੀਜ਼ਾਂ ਹੁੰਦੀਐਂ – ਇਕ ਤਾਂ ਹੁੰਦੀ ਐ ਨਿਰੀ ਅਕਲ, ਜਿਸ ਦੇ ਵਿਚੋਂ ਨਿਕਲਦੀ ਹੈ – ਫਿਲਾਸਫੀ। ਇਹ ਸੋਚ ਦੀ ਉਤਮ ਉਡਾਰੀ ਹੋਇਆ ਕਰਦੀ ਹੈ ਪਰ ਜੀਵਨ ਛੋਹ ਤੋਂ ਵਿਹੂਣੀ ਹੋਣ ਕਰਕੇ ਉਹ ਮੁਰਦਾ ਹੀ ਹੋਇਆ ਕਰਦੀ ਹੈ। ਨਿਰੀ ਫਿਲਾਸਫੀ ਮੁਰਦਿਆਂ ਦਾ ਵਿਸ਼ਾ ਹੁੰਦਾ ਹੈ, ਜਿਉਂਦਿਆਂ ਦਾ ਨਹੀਂ। ਦੂਸਰੀ ਹੋਇਆ ਕਰਦੀ ਹੈ ਕਿ ਫਿਲਾਸਫੀ ਵੀ ਹੋਵੇ ਪਰ ਹਿਰਦਾ ਪ੍ਰਮ ਜੋਤੀ ਦੇ ਪਿਆਰ ਨਾਲ ਲਵਾ-ਲਵ ਭਰਿਆ ਹੋਵੇ ਤੇ

ਸਦੀਵ –

*ਜਤ੍ਰ ਤਤ੍ਰ ਦਿਸਾ ਵਿਸਾ*
*ਹੁਇ ਫੈਲਿਓ ਅਨੁਰਾਗ॥*

*ਜਾਪੁ ਸਾਹਿਬ*

ਦੀ ਪ੍ਰਮ ਹੋਂਦ ਨਾਲ ਪੂਰਨ ਤੌਰ ਤੇ ਜੁੜਿਆ ਹੋਵੇ, ਉਸ ਵਿਚ ਜੀਵਨ ਰੌ ਵਗਦੀ ਹੈ। ਇਹ ਜਿਉਂਦਿਆਂ ਦੀ ਨਿਸ਼ਾਨੀ ਹੁੰਦੀ ਹੈ। ਨਿਰੀ ਫਿਲਾਸਫੀ, ਅਕਲ ਦੀਆਂ ਭੁੱਲ ਭੁਲਾਈਆਂ ਹਨ, ਉਹ ਮਰੇ ਹੋਏ ਦੀ ਨਿਸ਼ਾਨੀ ਹੁੰਦੀ ਹੈ, ਉਹਦੇ ਵਿਚ ਕੁਝ ਨਹੀਂ ਹੁੰਦਾ, ਭਟਕਦਾ ਹੈ ਬੰਦਾ।

ਵੇਦ ਵਿਆਸ ਜੀ ਨੇ ਪੰਜਾਂ ਸਾਸ਼ਤਰਾਂ ਦੀ ਸੋਧ ਕੀਤੀ, ਉਸ ਤੋਂ ਪਿਛੋਂ ਵੇਦਾਂਤ ਸਾਸ਼ਤਰ ਪ੍ਰਗਟ ਕੀਤਾ ਪਰ ਚਿਤ ਨੂੰ ਸ਼ਾਂਤੀ ਨਾ ਆਈ। ਉਸ ਵੇਲੇ ਨਾਰਦ ਜੀ ਕੋਲ ਜਾ ਕੇ ਗੱਲ ਕਰੀ ਕਿ ਮੈਂ ਵੇਦਾਂਤ ਸਾਸ਼ਤਰ ਤਾਂ ਬਣਾ ਦਿਤਾ ਪਰ ਚਿਤ ਨੂੰ ਸ਼ਾਂਤੀ ਨਹੀਂ ਆਈ। ਉਹ ਕਹਿੰਦੇ, ਚਿਤ ਨੂੰ ਸ਼ਾਂਤੀ ਪ੍ਰਭੂ ਪਿਆਰ ਤੋਂ ਬਗੈਰ ਨਹੀਂ ਆਇਆ ਕਰਦੀ। ਜਿਵੇਂ ਕਿ ਫੁਰਮਾਨ ਹੈ –

*ਸੋ ਪ੍ਰਭੁ ਚਿਤਿ ਨ ਆਵਈ*
*ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ*
*ਹੋਇ ਕਿਤੁ ਬਿਧਿ ਮਨੁ ਧੀਰੇ॥*

*ਪੰਨਾ – 707*

ਤੁਸੀਂ ਪ੍ਰਮੇਸ਼ਰ ਦੀ ਪ੍ਰੇਮਾ ਭਗਤੀ ਕਰੋ। ਜਦੋਂ ਮਨ ਭਗਤੀ ਵਿਚ ਲੱਗੇ ਤਾਂ ਮਨ ਸ਼ਾਂਤ ਹੋ ਗਿਆ ਕਿਉਂਕਿ ਭਗਤੀ ਵਿਚ ਪਿਰਮ ਪਿਆਲੇ ਵਿਚੋਂ ਦਾਤਾਂ ਮਿਲਣ ਕਰਕੇ ਰਸ ਦੇ ਮੰਡਲ ਵਿਚ ਪ੍ਰੇਮ ਹੁਲਾਰੇ ਲੈਂਦਾ ਹੈ। ਪ੍ਰੇਮ ਤੋਂ ਬਗੈਰ ਜਿਹੜਾ ਬੰਦਾ ਹੋਵੇ, ਉਹ ਕੁਝ ਵੀ ਨਹੀਂ ਹੁੰਦਾ, ਉਹ ਮਰਿਆਂ ਹੋਇਆਂ ਦੇ ਤੁਲ ਹੁੰਦਾ ਹੈ।

ਧੰਨ ਗੁਰੂ ਨਾਨਕ ਪਾਤਸ਼ਾਹ ਇਸ ਜਲਦੇ-ਬਲਦੇ ਸੰਸਾਰ ਦੇ ਉਧਾਰ ਵਾਸਤੇ ਦੂਰ-ਦੁਰਾਡੇ ਦੇਸ਼ਾਂ ਵਿਚ ਸੰਗਤਾਂ ਨੂੰ ਤਾਰ ਰਹੇ ਸਨ, ਕਾਫੀ ਸਮਾਂ ਬੀਤ ਗਿਆ ਸੀ, ਅੰਤ ਗੁਰਸਿੱਖ, ਜਗਤ ਗੁਰੂ ਜੀ ਦੇ ਪਿਆਰ ਵਿਚ ਰੱਤੇ ਹੋਏ ਗੁਰੂ ਮਹਾਰਾਜ ਜੀ ਦੇ ਵਾਪਿਸ ਪਰਤਣ ਦੀਆਂ ਕੰਨਸੋਆਂ ਲੈਂਦੇ ਰਹਿੰਦੇ ਸਨ ਪਰ ਕੁਝ ਪਤਾ ਨਹੀਂ ਸੀ ਲਗਦਾ। ਪਿਆਰ ਦੀ ਖਿੱਚ ਵਿਚ ਪ੍ਰੋਤੇ ਹੋਏ ਬੇਬੇ ਨਾਨਕੀ ਜੀ ਪਾਸ ਆਪਣੀ ਬਿਹਬਲਤਾ ਪ੍ਰਗਟ ਕਰਦੇ ਹਨ ਅਤੇ ਬੇਬੇ ਜੀ ਧਰਵਾਸ ਦਿੰਦੇ ਹਨ, ਭਰੋਸੇ ਅਤੇ ਆਸ ਵਿਚ ਲੈ ਜਾਂਦੇ ਹਨ ਕਿ ਤੁਸੀਂ ਗੁਰੂ ਜੀ ਨੂੰ ਹਾਜ਼ਰ-ਨਾਜ਼ਰ ਜਾਣੋ; ਸੰਸਾਰ ਦੁਖੀ ਹੈ, ਪ੍ਰਭੂ ਪਿਆਰੇ ਨੂੰ ਭੁੱਲ ਚੁਕਿਆ ਹੈ ਅਤੇ ਵਹਿਮਾਂ ਵਿਚ ਗ੍ਰਸਤ ਹੋਇਆ ਆਪਣੇ ਮੁਖ ਨਿਸ਼ਾਨੇ, ਪ੍ਰਭੂ ਪ੍ਰਾਪਤੀ ਤੋਂ ਖੁੰਝ ਕੇ ਫੋਕਟ ਕਰਮਾਂ ਵਿਚ ਫਸਿਆ ਪਿਆ ਹੈ, ਹਨ੍ਹੇਰੇ ਵਿਚ ਕੋਈ ਰਾਹ ਨਹੀਂ ਲੱਭ ਰਿਹਾ। ਪਰਮੇਸ਼ਰ ਪਿਆਰੇ ਦੇ ਪਿਆਰ ਵਾਲੀਆਂ ਰੂਹਾਂ ਬਿਲਕ ਰਹੀਆਂ ਹਨ, ਪ੍ਰਾਰਥਨਾ ਕਰ ਰਹੀਆਂ ਹਨ ਕਿ ਹੇ ਪ੍ਰਭੂ! ਤੂੰ ਹੀ ਕ੍ਰਿਪਾ ਕਰਕੇ ਆਪਣਾ ਪਿਆਰਾ ਭੇਜ, ਜੋ ਸਾਨੂੰ ਤੇਰੇ ਮਿਲਾਪ ਦਾ ਮਾਰਗ ਪ੍ਰਦਰਸ਼ਤ ਕਰੇ। ਸੋ ਵੀਰ ਜੀ (ਗੁਰੂ ਨਾਨਕ ਸਾਹਿਬ) ਐਸੀਆਂ ਰੂਹਾਂ ਦੀਆਂ ਅਰਦਾਸਾਂ ਸੁਣ ਕੇ ਦੂਰ ਦੇ ਦੇਸ਼ਾਂ ਵਿਚ, ਟਾਪੂਆਂ ਵਿਚ ਪਹੁੰਚ ਕੇ ਉਨ੍ਹਾਂ ਨੂੰ ਪ੍ਰਭੂ ਮਿਲਾਪ ਦਾ ਮਾਰਗ ਦੱਸ ਰਹੇ ਹਨ; ਤੁਸੀਂ ਭੀ ਪਿਆਰ ਨਾਲ ਯਾਦ ਕਰੋ, ਉਹ ਘਟ-ਘਟ ਦੇ ਜਾਨਣਹਾਰ ਹਨ, ਤੁਹਾਡੇ ਅੰਦਰ ਦੀ ਖਿੱਚ ਉਨ੍ਹਾਂ ਨੂੰ ਛੇਤੀਂ ਹੀ ਪੰਜਾਬ ਦੇਸ਼ ਵੱਲ ਵਾਪਿਸ ਲੈ ਆਵੇਗੀ; ਮੈਨੂੰ ਭੀ ਮੇਰਾ ਅੰਦਰਲਾ ਸ਼ਾਅਦੀ ਦੇ ਰਿਹਾ ਹੈ ਕਿ ਵੀਰ ਜੀ ਬਹੁਤ ਛੇਤੀਂ ਆਉਣ ਵਾਲੇ ਹਨ।

ਗੁਰਸਿੱਖੀ ਕਾਫੀ ਦੂਰ ਤੱਕ ਫੈਲ ਚੁਕੀ ਸੀ ਅਤੇ ਗੁਰੂ ਮਹਾਰਾਜ ਤੋਂ ਵਰੋਸਾਈਆਂ ਹੋਈਆਂ ਰੂਹਾਂ ਗੁਰਮੁਖ ਪਿਆਰੇ, ਸਤਿਸੰਗੀਆਂ ਨੂੰ ਢਾਰਸ ਦਿੰਦੇ ਅਤੇ ਨਾਮ ਬਾਣੀ ਨਾਲ ਜੋੜਦੇ ਰਹਿੰਦੇ ਸਨ। ਸ਼ੌਕ ਵਾਲੇ ਗੁਰਸਿੱਖ ਪੰਜਾਹ-ਪੰਜਾਹ, ਸੌ ਸੌ ਮੀਲ ਤੱਕ ਆਪਸ ਵਿਚ ਇਕ ਦੂਜੇ ਦੇ ਦਰਸ਼ਨ ਕਰਕੇ ਗੁਰੂ ਪਿਆਰ ਦੇ ਸੋਹਲੇ ਗਾਉਂਦੇ ਸਨ ਅਤੇ ਅਧਿਆਤਮਕ ਸਤਿਸੰਗ ਕਰਦੇ ਰਹਿੰਦੇ ਸਨ।

ਐਸੇ ਗੁਰਸਿੱਖਾਂ ਵਿਚ ਝਨਾਂ ਦਰਿਆ (ਦਰਿਆ ਚਨਾਬ) ਦੇ ਕੰਢੇ ਇਕ ਛੋਟਾ ਜਿਹਾ ਪਰਗਣਾ ਸੀ ਜਿਥੇ ਇਕ ਰਾਠ ਸਰਦਾਰ ਰਾਜ ਕਰਦਾ ਸੀ। ਉਸ ਦੇ ਰਾਜ ਤੋਂ ਥੋੜੀ ਦੂਰ ਅੱਗੇ ਜਾ ਕੇ ਇਕ ਪਾਸੇ ਨੂੰ ਗੁਰਸਿੱਖ ਪੁੱਗੀਆਂ ਹੋਈਆਂ ਰੂਹਾਂ ਭਾਈ ਜੋਧ ਅਤੇ ਫਿਰਨਾ ਜੀ ਨਿਵਾਸ ਰਖਦੇ ਸਨ; ਉਹ ਪੂਰਨ ਬ੍ਰਹਮ ਗਿਆਨ ਦੀ ਅਵਸਥਾ ਨੂੰ ਪ੍ਰਾਪਤ ਹੋਏ ਹੋਏ ਸਨ ਅਤੇ ਗੁਰੂ ਪਿਆਰ ਵਿਚ ਸਦਾ ਹੀ ਲੀਨ ਰਹਿੰਦੇ ਸਨ। ਇਹ ਦੋਵੇਂ ਗੁਰਸਿੱਖ ਆਪੋ ਆਪਣੀ ਥਾਂ ਵਿਖੇ ਸਤਿਸੰਗ ਕਰਦੇ ਰਹਿੰਦੇ ਸਨ ਅਤੇ ਉਨ੍ਹਾਂ ਦੀ ਮਹਿਮਾ ਸੈਂਕੜੇ ਮੀਲ ਦੂਰ ਵਸਦੇ ਗੁਰਸਿੱਖਾਂ ਤੱਕ ਪਹੁੰਚੀ ਹੋਈ ਸੀ ਅਤੇ ਉਨ੍ਹਾਂ ਪਾਸ ਪਿਆਰ ਵਾਲੇ ਗੁਰਸਿੱਖ ਦੂਰ-ਦਰਾਜ਼ ਦੇ ਇਲਾਕਿਆਂ ਵਿਚੋਂ ਆ ਕੇ ਆਤਮ ਵਿਚਾਰਾਂ ਕਰਿਆ ਕਰਦੇ ਸਨ; ਸੈਕੜਿਆਂ ਦੀ ਗਿਣਤੀ ਵਿਚ ਗੁਰਸਿੱਖ ਦੂਰ ਦੇ ਪੈਂਡੇ ਮਾਰ ਕੇ, ਉਨ੍ਹਾਂ ਦੀ ਸੰਗਤ ਵਿਚ ਜੁੜ ਕੇ ਸਤਿਸੰਗ ਸੁਣਦੇ ਸਨ। ਉਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਬਹੁਤ ਸਾਰੇ ਗੁਰਸਿੱਖ ਆਉਂਦੇ ਹੀ ਰਹਿੰਦੇ ਸਨ।

ਸੁਲਤਾਨਪੁਰ ਦੇ ਨੇੜੇ ਹੀ ਮਲਸੀਹਾਂ ਪਿੰਡ ਦਾ ਇਕ ਨੌਜਵਾਨ ਜਿਸ ਦਾ ਨਾਮ ਭਾਈ ਤਿਲੋਕਾ ਸੀ, ਇਹ ਭੀ ਆਪਣੇ ਪਿਤਾ ਭਾਈ ਭਗੀਰਥ ਜੀ ਤੋਂ ਆਗਿਆ ਲੈ ਕੇ ਭਾਈ ਜੋਧ ਤੇ ਭਾਈ ਫਿਰਨਾ ਜੀ ਦੇ ਦਰਸ਼ਨ ਕਰਨ ਲਈ ਚਲ ਪਿਆ। ਮੰਜ਼ਲਾਂ ਤਹਿ ਕਰਦਾ ਹੋਇਆ ਇਹ ਅੱਜ ਇਕ ਸਰਾਂਇ ਵਿਚ ਰਾਤ ਸਮੇਂ ਠਹਿਰਿਆ ਅਤੇ ਅੰਮ੍ਰਿਤ ਵੇਲੇ ਹੀ ਆਪਣੇ ਪੈਂਡੇ ਤੇ ਚਲਿਆ ਜਾ ਰਿਹਾ ਹੈ। ਰਸਤੇ ਵਿਚ ਅਤੀ ਸੁਹਾਵਣਾ,

ਹਰਿਆਵਲ ਦਾ ਭਰਿਆ ਹੋਇਆ ਜੰਗਲ ਆਇਆ; ਸੰਘਣੇ ਦਰਖਤਾਂ ਦੀ ਸੰਘਣੀ ਛਾਂ ਅਤੇ ਜੰਗਲ ਦੇ ਲਹਿ ਲਹਿ ਕਰਦੇ ਬ੍ਰਿਛ ਬੂਟਿਆਂ ਦੀ ਸੁੰਦਰਤਾ ਦੇਖ ਕੇ ਇਸ ਦਾ ਚਿੱਤ ਖਿੱਚਿਆ ਗਿਆ ਕਿਉਂਕਿ ਰਸਕ ਬੈਰਾਗੀ ਪੁਰਸ਼ਾਂ ਨੂੰ ਹਰ ਸਮੇਂ ਨਾਮ ਦੀ ਧੁਨੀ ਸੁਣਾਈ ਦਿੰਦੀ ਰਹਿੰਦੀ ਹੈ ਅਤੇ ਸੁੰਦਰ ਥਾਂ ਤੇ ਬੈਠ ਕੇ ਨਾਮ ਦਾ ਰਸ ਮਾਨਣ ਲਈ ਅੰਦਰੋਂ ਹੁਲਾਰਾ ਉਠਦਾ ਹੈ। ਜਿਨ੍ਹਾਂ ਨੂੰ ਜੰਗਲਾਂ ਦੀ ਇਕਾਂਤ ਅਤੇ ਸੁੰਦਰ ਵਾਤਾਵਰਨਾਂ ਦਾ ਪਤਾ ਹੈ, ਦਰਿਆਵਾਂ ਦੀ ਸੁੰਦਰਤਾ ਦਾ ਗਿਆਨ ਹੈ, ਉਹ ਜਾਣਦੇ ਹਨ ਕਿ ਐਸੀ ਸੁੰਦਰਤਾ ਮਨ ਵਿਚ ਖਿੱਚ ਪਾ ਦਿਆ ਕਰਦੀ ਹੈ ਅਤੇ ਜੀਅ ਕਰਦਾ ਹੈ ਕਿ ਉਥੇ ਹੀ ਬੈਠ ਕੇ ਭਜਨ ਦਾ ਅਨੰਦ ਮਾਣੀਏ। ਇਕਾਂਤ ਵਿਚ ਬੈਠ ਕੇ ਭਜਨ ਵਿਚ ਲੀਨ ਹੋ ਜਾਂਦੇ ਹਨ। ਭਾਈ ਤਿਲੋਕਾ ਜੀ ਰਸਤੇ ਤੋਂ ਕਾਫੀ ਹਟ ਕੇ ਜੰਗਲ ਵਿਚ ਚਲਦੇ ਗਏ ਅਤੇ 'ਬਲਿਹਾਰੀ ਕੁਦਰਤਿ ਵਸਿਆ' ਦਾ ਅਨੰਦ ਮਾਣਦੇ ਹੋਏ ਇਕ ਥਾਂ 'ਤੇ ਪਹੁੰਚ ਗਏ ਜਿਥੇ ਜਾ ਕੇ ਚਿੱਤ ਵਿਚ ਐਨੀ ਖਿੱਚ ਪਈ ਕਿ ਉਥੇ ਹੀ ਬੈਠ ਕੇ ਪ੍ਰਭੂ ਪਿਆਰ ਦਾ ਰਸ ਮਾਣਿਆ ਜਾਵੇ। ਉਥੋਂ ਨੇੜੇ ਹੀ ਇਕ ਥਾਂ ਨਜ਼ਰੀਂ ਪਿਆ ਜੋ ਕਿ ਬਹੁਤ ਹੀ ਸੁੰਦਰ ਸੀ। ਨੇੜੇ ਜਾ ਕੇ ਦੇਖਿਆ ਤਾਂ ਉਥੇ ਮਠ ਜਿਹੀ ਸ਼ਕਲ ਦਾ ਇਕ ਢਾਂਚਾ ਖੜ੍ਹਾ ਹੈ ਅਤੇ ਕੁਝ ਢਹਿ ਕੇ ਗਿਰਿਆ ਹੋਇਆ ਹੈ। ਐਉਂ ਲਗਦਾ ਸੀ ਜਿਵੇਂ ਕਿਸੇ ਪ੍ਰਭੂ ਪਿਆਰੇ ਨੇ ਬਹੁਤ ਸਮਾਂ ਪਹਿਲਾਂ ਇਸ ਰਮਣੀਕ ਥਾਂ ਤੇ ਬੈਠ ਕੇ ਆਪਣਾ ਸਮਾਂ, ਪਿਆਰੇ ਪਰਮੇਸ਼ਰ ਦੀ ਪਿਆਰ ਭਰੀ ਯਾਦ ਵਿਚ ਲੰਘਾਇਆ ਹੋਣਾ ਹੈ ਪਰ ਸਮੇਂ ਦੇ ਗੇੜ ਨੇ ਇਸ ਮਠ ਨੂੰ ਢਾਹ ਦਿਤਾ। ਇਉਂ ਜਾਪਦਾ ਸੀ ਕਿ ਕੋਈ ਤਿੰਨ ਚਾਰ ਸੌ ਸਾਲ ਪੁਰਾਣਾ ਮਠ ਬਣਿਆ ਹੋਣਾ ਹੈ; ਖੰਡਰਾਤ ਪ੍ਰਭੂ ਪਿਆਰਿਆਂ ਨੂੰ ਆਪਣੀ ਹੱਡਬੀਤੀ ਦੱਸਣ ਲਈ ਖਿੱਚਾਂ ਪਾ ਰਹੇ ਸਨ। ਅਬੋਲ ਹੀ ਪਰਤੀਤ ਦਿੰਦਾ ਸੀ ਕਿ ਕੋਈ ਬੰਦਗੀ ਵਿਚ ਰੱਤਿਆ ਹੋਇਆ ਮਹਾਤਮਾ ਇਸ ਥਾਂ ਤੇ ਪ੍ਰਭੂ ਦੇ ਪਿਆਰ ਵਿਚ ਲੀਨ ਰਿਹਾ ਹੋਵੇਗਾ। ਉਸ ਥਾਂ ਨੇ ਖਿੱਚ ਪਾਈ ਅਤੇ ਭਾਈ ਤਿਲੋਕਾ ਜੀ ਥੋੜੀ ਦੂਰ ਹਟ ਕੇ ਬੈਠ ਗਏ ਅਤੇ ਆਪਣੇ ਸਵੈ-ਸਰੂਪ ਦੇ ਅਨੰਦ ਵਿਚ ਸੁਰਤਿ ਇਕਾਗਰ ਕਰਕੇ ਲੀਨ ਹੋ ਗਏ। ਇਸ ਪ੍ਰਕਾਰ ਬੈਠਿਆਂ ਕਾਫੀ ਦਿਨ ਚੜ੍ਹ ਗਿਆ ਪ੍ਰੰਤੂ ਸੁਰਤਿ ਹੇਠਾਂ ਨਹੀਂ ਸੀ ਉਤਰ ਰਹੀ। ਕਈ ਵਾਰ ਨੇਤਰ ਖੁਲ੍ਹੇ ਅਤੇ ਖੁਲ੍ਹੇ ਨੇਤਰਾਂ ਨਾਲ ਘਟ-ਘਟ ਵਿਚ ਵਿਆਪਕ ਪ੍ਰਭੂ ਦੀ ਸੁੰਦਰਤਾ ਨੂੰ ਤੱਕ ਕੇ ਵਿਸਮਾਦਤ ਅਵਸਥਾ ਵਿਚ ਲੀਨ ਹੋ ਜਾਂਦੇ ਅਤੇ ਫੇਰ ਸੁਰਤਿ ਅੰਦਰ ਚਲੀ ਜਾਂਦੀ।

ਇਹ ਜੰਗਲ ਉਸ ਛੋਟੇ ਜਿਹੇ ਰਾਜੇ ਦੀ ਮਲਕੀਅਤ ਸੀ ਜਿਸ ਵਿਚ ਆਮ ਜਨਤਾ ਨਹੀਂ ਸੀ ਆਇਆ ਕਰਦੀ ਕਿਉਂਕਿ ਰਾਜੇ ਦੀ ਰਾਜਕੁਮਾਰੀ ਇਸ ਜੰਗਲ ਦੀ ਸੁੰਦਰਤਾ ਦੀ ਖਿੱਚੀ ਹੋਈ ਉਥੇ ਸੈਰ ਅਤੇ ਸ਼ਿਕਾਰ ਵਾਸਤੇ ਆਪਣੀਆਂ ਸਹੇਲੀਆਂ ਸਮੇਤ ਆਇਆ ਕਰਦੀ ਸੀ। ਅੱਜ ਭੀ ਸਵੇਰੇ ਹੀ ਉਸ ਨੇ ਆਪਣੀਆਂ ਸਹੇਲੀਆਂ ਨੂੰ ਬੁਲਾਇਆ ਅਤੇ ਘੋੜਿਆਂ ਤੇ ਸਵਾਰ ਹੋ ਗਈਆਂ। ਉਹ ਰਾਜਕੁਮਾਰੀ ਸਭ ਤੋਂ ਅੱਗੇ ਅੱਗੇ; ਘੋੜੇ ਪੋਈਏ ਪਾਈਂ ਜਾ ਰਹੇ ਸਨ; ਮੋਢੇ ਵਿਚ ਕਮਾਨ ਅਤੇ ਭੱਥੇ ਵਿਚ ਤੀਰ ਸਨ; ਤਲਵਾਰ ਘੋੜੇ ਦੀ ਕਾਠੀ ਨਾਲ ਲਟਕ ਰਹੀ ਸੀ ਅਤੇ ਬਰਛੀ ਕਾਠੀ ਦੇ ਨਾਲ ਹੀ ਟੰਗੀ ਹੋਈ ਸੀ ਜੋ ਕਿ ਸਲਿੰਗ ਪਾ ਕੇ ਮੋਢੇ ਵਿਚੋਂ ਲੰਘਾਈ ਹੋਈ ਸੀ। ਇਉਂ ਪਰਤੀਤ ਦਿੰਦਾ ਸੀ ਜਿਵੇਂ ਕਿ ਇਹ ਰਾਜਕੁਮਾਰੀ ਕਿਸੇ ਮਹਾਨ ਯੋਧੇ ਨਾਲ ਯੁੱਧ ਕਰਨ ਲਈ ਜਾ ਰਹੀ ਹੋਵੇ। ਉਸ ਦੀਆਂ ਸਹੇਲੀਆਂ ਭੀ ਸ਼ਸ਼ਤਰਬੱਧ ਹੋ ਕੇ ਪਿਛੇ ਹੀ ਘੋੜਿਆਂ ਤੇ ਆ ਰਹੀਆਂ ਸਨ; ਬੜਾ ਕੁਲਾਹਲ ਹੋ ਰਿਹਾ ਸੀ, ਉਚੀ ਉਚੀ ਗੱਲਾਂ ਹੋ ਰਹੀਆਂ ਸਨ। ਅਚਾਨਕ ਹੀ ਰਾਜਕੁਮਾਰੀ ਦੀ ਨਿਗਾਹ ਭਾਈ ਤਿਲੋਕੇ ਵੱਲ ਗਈ ਅਤੇ ਦੂਰੋਂ ਵੇਖਿਆ, ਐਉਂ ਪਰਤੀਤ ਹੋਇਆ ਕਿ ਇਹ ਕੋਈ ਜੰਗਲੀ ਜਾਨਵਰ ਬੈਠਾ ਹੈ। ਇਕ ਨੂੰ ਚੀਤਾ ਭੁਲੇਖਾ ਪਿਆ ਅਤੇ ਦੂਸਰੇ ਹੀ ਪਲ ਇਹ ਜਾਪਿਆ ਕਿ ਚੀਤਾ ਨਹੀਂ, ਹਰਨ ਹੈ। ਦੂਸਰੀ ਸਹੇਲੀ ਨੇ ਕਿਹਾ, ਨਾ ਇਹ ਚੀਤਾ ਹੈ ਅਤੇ ਨਾ ਹੀ ਹਰਨ; ਸਾਨੂੰ ਨੇੜੇ ਹੋ ਕੇ ਦੇਖਣਾ ਚਾਹੀਦਾ ਹੈ, ਮੈਨੂੰ ਤਾਂ ਕਿਸੇ ਬੰਦੇ ਦੇ ਬੈਠੇ ਹੋਣ ਦਾ ਭੁਲੇਖਾ ਪੈਂਦਾ ਹੈ। ਰਾਜਕੁਮਾਰੀ ਨੇ ਕਿਹਾ, ਏਥੇ ਬੰਦੇ ਦਾ ਕੀ ਕੰਮ? ਬੰਦੇ ਤਾਂ ਰਸਤੇ-ਰਸਤੇ ਵਾਟ ਕੱਢਿਆ ਕਰਦੇ ਹਨ, ਇਹ ਨਿਰ-ਜਨ ਵਣ ਹੈ, ਸ਼ੇਰ ਚੀਤੇ ਆਦਿ ਜੰਗਲੀ ਜਾਨਵਰ ਇਸ ਥਾਂ ਤੇ ਨਿਵਾਸ ਰਖਦੇ ਹਨ। ਡਰਦੇ ਬੰਦੇ ਏਥੇ ਨਹੀਂ ਆਉਂਦੇ। ਰਾਜਕੁਮਾਰੀ ਨੇ ਨੀਝ ਲਾ ਕੇ ਦੂਰ ਤੋਂ ਹੀ ਫੇਰ ਦੇਖਿਆ ਅਤੇ ਕਹਿਣ ਲੱਗੀ, ਮੇਰੀ ਨਿਗਾਹ ਦੇ ਅੰਦਰ ਇਹ ਕੋਈ ਚੀਤਾ ਹੈ। ਭੱਥੇ 'ਚੋਂ ਤੀਰ ਕੱਢਿਆ ਅਤੇ ਕਮਾਣ ਦਾ ਚਿਲਾ ਚਾੜ੍ਹ, ਪੂਰੀ ਸ਼ਕਤੀ ਦੇ ਨਾਲ ਕਮਾਣ ਖਿੱਚ ਕੇ ਜਦੋਂ ਨਿਸ਼ਾਨੇ ਨੂੰ ਫੁੰਡਣ ਲਈ ਤੀਰ ਛੱਡਿਆ ਜਾ ਰਿਹਾ ਸੀ ਤਾਂ ਅੰਦਰੋਂ ਆਵਾਜ਼ ਆਉਂਦੀ ਹੈ ਕਿ ਕਿਤੇ ਕੋਈ ਮਨੁੱਖ ਹੀ ਨ ਹੋਵੇ; ਦਿਲ ਵਿਚ ਧੜਕਣ ਉਠੀ, ਹੱਥ ਕੰਬੇ ਅਤੇ ਦਿਲ ਵਿਚ ਕੋਈ ਅਵਾਜ਼ ਉਠੀ – 'ਤੀਰ ਨਾ ਮਾਰ, ਨ ਮਾਰ ਤੀਰ, ਨਾ ਮਾਰ ਤੀਰ।' ਸੋਚਣ ਲਗ ਗਈ ਕਿ ਅੱਜ ਮੈਨੂੰ ਇਹ ਕੀ ਹੋਣ ਲਗ ਗਿਆ ਹੈ। ਅੱਜ ਤੱਕ ਤਾਂ ਕਦੇ ਵੀ ਅਜਿਹੀ ਭਾਵਨਾ, ਅਜਿਹਾ ਅਸਰ ਮਨ ਉਤੇ ਨਹੀਂ ਹੋਇਆ। ਪਰ ਬਾਵਜੂਦ ਅੰਦਰਲੀ ਅਵਾਜ਼ ਦੇ ਉਸ ਨੇ ਨਿਸ਼ਾਨੇ ਤੇ ਖਿੱਚ ਕੇ ਤੀਰ ਮਾਰਿਆ। ਨਿਸ਼ਾਨਾ ਉਸ ਦਾ ਕਦੇ ਵੀ ਵਾਂਝਾ ਨਹੀਂ ਸੀ ਜਾਇਆ ਕਰਦਾ। ਤੀਰ ਵੱਖੀ ਵਿਚ ਜਾ ਲੱਗਿਆ ਅਤੇ ਭਾਈ ਤਿਲੋਕਾ ਜੀ ਇਕ ਪਾਸੇ ਨੂੰ ਲੁਟਕ ਗਿਆ। ਘੋੜੇ ਨਠਾ ਕੇ ਕੋਲ ਆਈਆਂ ਤਾਂ ਦੇਖ ਕੇ ਹੈਰਾਨ ਹੋ ਗਈਆਂ ਕਿ ਇਹ ਕੀ ਹੋ ਗਿਆ ਹੈ, ਇਹ ਤਾਂ ਬੰਦਾ ਮਾਰਿਆ ਗਿਆ। ਰਾਜਕੁਮਾਰੀ ਦੀ ਨਿਗਾਹ ਨੌਜਵਾਨ ਦੇ ਚਿਹਰੇ ਉਤੇ ਪਈ ਜੋ ਕਿ ਸ਼ਾਂਤ ਰਸ ਨਾਲ ਮਖ਼ਮੂਰ ਖੇੜੇ ਵਿਚ ਆਇਆ ਹੋਇਆ ਇਕ ਅਲੌਕਿਕ ਆਭਾ ਦੇ

ਰਿਹਾ ਸੀ। ਨੈਣ ਅਜੇ ਖੁਲ੍ਹੇ ਸਨ; ਪੀੜਾ ਹੋਣ ਦੇ ਬਾਵਜੂਦ ਭੀ ਅਜੇ ਨੂਰਾਨੀ ਮੁਖੜੇ ਦਾ ਖੇੜਾ ਕਾਇਮ ਸੀ। 22-23 ਵਰ੍ਹਿਆਂ ਦਾ ਨੌਜਵਾਨ, ਸੁੰਦਰਤਾ ਦਾ ਵਜੂਦ ਸੀ; ਸੁੰਦਰਤਾ ਦਾ ਭੰਡਾਰ, ਭਰੀ ਜਵਾਨੀ, ਦਗ-ਦਗ ਕਰਦਾ ਚਿਹਰਾ ਦੇਖਿਆ ਨਾ ਜਾਵੇ। ਅੱਜ ਪਹਿਲਾ ਦਿਨ ਸੀ ਕਿ ਰਾਜਕੁਮਾਰੀ ਦੇ ਮਨ ਵਿਚ ਅਜਿਹੇ ਭਾਵ ਉਤਪੰਨ ਹੋਏ ਕਿ ਐਨਾ ਸੁੰਦਰ ਬੱਚਾ ਕਿਸੇ ਮਾਂ ਬਾਪ ਨੇ ਲਾਡਾਂ ਨਾਲ ਪਾਲਿਆ ਹੋਵੇਗਾ ਜਿਵੇਂ ਕਿ ਮੈਨੂੰ ਮੇਰੇ ਮਾਤਾ ਪਿਤਾ ਪਾਲ ਰਹੇ ਹਨ; ਅਸੀਂ ਐਵੇਂ ਹੀ ਬਿਨਾਂ ਸੋਚੇ-ਸਮਝੇ ਤੀਰ ਮਾਰ ਦਿਤਾ। ਇਹ ਪਹਿਲਾ ਸਮਾਂ ਸੀ ਕਿ ਰਾਜਕੁਮਾਰੀ ਦੇ ਹਿਰਦੇ ਵਿਚ ਕੋਈ ਅਦਿੱਖ ਚੋਟ ਲੱਗੀ, ਕੋਈ ਕੰਬਣੀ ਛਿੜੀ, ਕੋਈ ਪਛਤਾਵਾ ਆਰੰਭ ਹੋ ਗਿਆ। ਅੱਜ ਤੋਂ ਪਹਿਲਾਂ ਕਦੇ ਭੀ ਪਛਤਾਵਾ ਨਹੀਂ ਸੀ ਹੋਇਆ ਭਾਵੇਂ ਉਸ ਨੇ ਆਪਣੇ ਪਿਤਾ ਦੇ ਹੱਥੋਂ ਬੰਦੇ ਮਰਦੇ ਕਈ ਵਾਰ ਵੇਖੇ ਸਨ। ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਪਿਆਰਿਆ! ਪਛਤਾਵਾ ਕਰਨ ਤੋਂ ਪਹਿਲਾਂ ਜ਼ਰਾ ਲੰਮੀ ਨਦਰ ਨਾਲ ਦੇਖਣ ਦੀ ਲੋੜ ਹੈ; ਜਿਵੇਂ ਕਿ -

*ਮੰਦਾ ਮੂਲਿ ਨ ਕੀਚਈ*
*ਦੇ ਲੰਮੀ ਨਦਰਿ ਨਿਹਾਲੀਐ ॥*
*ਪੰਨਾ - 474*

ਪਹਿਲਾਂ ਹੀ ਦੂਰ ਦ੍ਰਿਸ਼ਟੀ ਰੱਖੋ, ਸੋਚ ਤੋਂ ਕੰਮ ਲਓ ਕਿ ਜੋ ਕੁਝ ਮੈਂ ਕਰ ਰਿਹਾ ਹਾਂ, ਇਹ ਕਿਤੇ ਮਾੜਾ ਤਾਂ ਨਹੀਂ ਕਿਉਂਕਿ ਜੇ ਮਾੜਾ ਕਰੀਏ ਤਾਂ ਸੰਸਾਰ ਵਿਚ ਤਾਂ ਹਾਰਨਾ ਹੀ ਹੈ ਸਗੋਂ ਅੱਗੇ ਦਰਗਾਹ ਵਿਚ ਭੀ ਹਾਰ ਅਵੱਸ਼ ਹੀ ਹੋਵੇਗੀ -

*ਧਾਰਨਾ -ਜਿਹੜੇ ਕੰਮਾਂ ਤੋਂ ਹੋਵੇ ਪਛਤਾਵਾ,*
*ਭੁੱਲ ਕੇ ਉਹ ਕੰਮ ਨ ਕਰੀਂ*

*ਫਰੀਦਾ ਜਿਨੀ ਕੰਮੀ ਨਾਹਿ ਗੁਣ*
*ਤੇ ਕੰਮੜੇ ਵਿਸਾਰਿ ॥*
*ਮਤੁ ਸਰਮਿੰਦਾ ਥੀਵਹੀ*
*ਸਾਂਈ ਦੈ ਦਰਬਾਰਿ ॥ ਪੰਨਾ - 1381*

*ਐਸਾ ਕੰਮੁ ਮੂਲੇ ਨ ਕੀਚੈ*
*ਜਿਤੁ ਅੰਤਿ ਪਛੋਤਾਈਐ ॥ ਪੰਨਾ- 918*

ਮਾੜਾ ਕੰਮ ਆਦਮੀ ਜਦ ਵੀ ਕਰਦਾ ਹੈ ਤਾਂ ਸਜ਼ਾ ਜ਼ਰੂਰ ਹੀ ਮਿਲਦੀ ਹੈ- ਏਥੇ ਭੀ ਤੇ ਦਰਗਾਹ ਵਿਚ ਵੀ -

*ਧਾਰਨਾ - ਮੰਦਾ ਨਾ ਕਰੀਏ ਜੀ,*
*ਦਰਗਾਹ ਵਿਚ ਹਾਰ ਜਾਵੇਂਗਾ*

*ਜਿਤੁ ਸੇਵਿਐ ਸੁਖੁ ਪਾਈਐ*
*ਸੋ ਸਾਹਿਬੁ ਸਦਾ ਸਮ੍ਹਾਲੀਐ ॥*
*ਜਿਤੁ ਕੀਤਾ ਪਾਈਐ ਆਪਣਾ*
*ਸਾ ਘਾਲ ਬੁਰੀ ਕਿਉ ਘਾਲੀਐ ॥*
*ਮੰਦਾ ਮੂਲਿ ਨ ਕੀਚਈ*
*ਦੇ ਲੰਮੀ ਨਦਰਿ ਨਿਹਾਲੀਐ ॥*
*ਜਿਉ ਸਾਹਿਬ ਨਾਲਿ ਨ ਹਾਰੀਐ*
*ਤੇਵੇਹਾ ਪਾਸਾ ਢਾਲੀਐ ॥*
*ਕਿਛੁ ਲਾਹੇ ਉਪਰਿ ਘਾਲੀਐ ॥*
*ਪੰਨਾ - 474*

ਬੁਰਾ ਕਰਮ ਕਰਨ ਤੋਂ ਪਹਿਲਾਂ ਹਜ਼ਾਰ ਵਾਰ ਸੋਚੋ ਕਿਉਂਕਿ ਜੇ ਗਲਤ ਕੰਮ ਕਰ ਲਿਆ ਤਾਂ ਪਛਤਾਵਾ ਹੀ ਪਛਤਾਵਾ ਪੱਲੇ ਪਵੇਗਾ। ਗੁਰੂ ਮਹਾਰਾਜ ਜੀ ਵੀ ਉਪਦੇਸ਼ ਦਿੰਦੇ ਹਨ ਕਿ ਬੁਰਾ ਕੰਮ ਕਰਨ ਤੋਂ ਪਹਿਲਾਂ ਸੋਚੋ, ਫੇਰ ਸੋਚੋ ਪਰ ਚੰਗਾ ਕੰਮ ਕਰਨ ਤੋਂ ਪਹਿਲਾਂ ਸੋਚਣ ਦੀ ਬਿਲਕੁਲ ਲੋੜ ਨਹੀਂ-

*ਨਹ ਬਿਲੰਬ ਧਰਮੰ ਬਿਲੰਬ ਪਾਪੰ ॥*
*ਪੰਨਾ - 1354*

ਪਿਆਰਿਆ! ਵਾਹਿਗੁਰੂ ਜੀ ਨੇ ਸਭ ਦੇ ਹਿਰਦੇ ਵਿਚ ਇਕ ਐਸੀ ਸੋਝੀ ਪਾਈ ਹੈ ਜਿਸ ਰਾਹੀਂ ਮਨੁੱਖ ਨੂੰ ਪਹਿਲਾਂ ਹੀ ਇਸ਼ਾਰਾ ਮਿਲ ਜਾਂਦਾ ਹੈ ਕਿ ਮੈਂ ਕੀ ਕਰ ਰਿਹਾ ਹਾਂ। ਜ਼ਮੀਰ ਦੀ ਆਵਾਜ਼ ਹਰੇਕ ਜੀਵ ਦੇ ਅੰਦਰ ਚੱਲ ਰਹੀ ਹੈ ਭਾਵੇਂ ਪਾਪੀ ਹੀ ਕਿਉਂ ਨਾ ਹੋਵੇ। ਸੁਣੋ, ਅੰਦਰੋਂ ਕੀ ਆਵਾਜ਼ ਆ ਰਹੀ ਹੈ, ਬੋਲ-ਬੋਲ ਕੇ ਕੀ ਦੱਸ ਰਹੀ ਹੈ। ਖਬਰਦਾਰ ਕਰਦੀ ਹੈ ਕਿ ਨ ਕਰ ਇਹ ਕੰਮ, ਲੇਖਾ ਦੇਣਾ ਔਖਾ ਹੋ ਜਾਵੇਗਾ। ਪਰ ਮਨੁਖ ਜੋਸ਼ ਵਿਚ ਹੁੰਦੈ, ਮਨ ਦੇ ਹਨ੍ਹੇਰੇ ਦੀਆਂ ਘੁੰਮਣ ਘੇਰੀਆਂ ਵਿਚ ਫਸਿਆ ਹੋਇਆ ਗਲਤ ਕੰਮ ਕਰ ਬੈਠਦਾ ਹੈ ਜਿਸ ਕਾਰਨ ਕਰਕੇ ਜ਼ਮੀਰ ਕਹਿੰਦੀ ਹੈ ਕਿ 'ਨ ਕਰ ਇਹ ਕੰਮ'। ਪਰ ਪਾਪੀ ਆਦਮੀ ਬਾਰ-ਬਾਰ ਗਲਤੀ ਕਰਕੇ ਆਪਣੀ ਜ਼ਮੀਰ ਦੇ ਦੁਆਲੇ ਕਰੜੇ ਪਰਦੇ ਤਾਣ ਦਿੰਦਾ ਹੈ। ਜ਼ਮੀਰ ਤਾਂ ਉਸ ਦੀ ਭੀ ਬੋਲਦੀ ਹੈ ਪਰ ਉਸ ਨੂੰ ਉਹਦੀ ਆਵਾਜ਼ ਸੁਣਾਈ ਨਹੀਂ ਦਿੰਦੀ। ਚਾਹੇ ਦੁਨਿਆਵੀ ਕੰਮ ਕਰਦਾ ਹੈ ਪਰ ਜ਼ਮੀਰ ਇਕ ਵਾਰਨਿੰਗ ਅਵੱਸ਼ ਦੇਵੇਗੀ। ਪੈਸੇ ਉਧਾਰ ਦੇਣ ਲਗਦਾ ਹੈ ਤਾਂ ਵੀ ਖਬਰਦਾਰ ਕਰਦੀ ਹੈ ਕਿ ਜੇ ਇਸ ਨੇ ਨਾ ਮੋੜੇ ਤਾਂ ਸਾਡੇ ਸਬੰਧ ਟੁੱਟ ਜਾਣਗੇ, ਆਪਸ ਵਿਚ ਵੈਰ ਪੈ ਜਾਵੇਗਾ। ਸੋ ਸੋਚ ਸਮਝ ਕੇ ਕੰਮ ਕਰੋ, ਲੋੜਾਂ ਸੀਮਿਤ ਕਰ ਲਓ। ਜ਼ਰੂਰ ਕਰਜ਼ੇ ਲੈਣੇ ਨੇ? ਅਜਿਹੇ ਕੰਮ ਨਾ ਕਰੋ ਜਿਨ੍ਹਾਂ ਦੇ ਕਰਨ ਤੋਂ ਪਛਤਾਉਣਾ ਪਵੇ। ਕਈ ਕੰਮ ਐਸੇ ਨੇ ਜਿਹੜੇ ਏਥੇ ਭੀ ਪਛਤਾਵਾ ਦਿੰਦੇ ਹਨ ਅਤੇ ਪਰਮੇਸ਼ਰ ਦੀ ਦਰਗਾਹ ਵਿਚ ਜਾ ਕੇ ਭੀ ਹਾਰਨਾ ਪੈਂਦਾ ਹੈ। ਇਸੇ ਲਈ ਉਪਦੇਸ਼ ਹੈ - *'ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥ ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥' (ਪੰਨਾ - 474)*

ਮਾਲਿਕ ਪ੍ਰਭੂ ਦੀ ਦਰਗਾਹ ਵਿਚ ਜਾਣਾ ਹੀ ਹੈ ਅਤੇ ਸੱਚ ਦੇ ਕਟਹਿਰੇ ਵਿਚ ਸਭ ਨੇ ਖੜ੍ਹੇ ਹੋਣੈ; ਤੇ ਉਸ ਥਾਂ ਤੇ ਸ਼ਰਮਿੰਦਗੀ ਉਠਾਉਣੀ ਪੈਂਦੀ ਹੈ - ਬੁਰਿਆਂ ਕੰਮਾਂ ਦੇ ਬਦਲੇ। ਇਸੇ ਲਈ ਗੁਰੂ ਮਹਾਰਾਜ ਬਾਰ-ਬਾਰ ਫੁਰਮਾਨ ਕਰਦੇ ਹਨ ਕਿ ਐਸੇ ਕੰਮ ਨ ਕਰੋ

–

*ਧਾਰਨਾ – ਜਾਲੋ ਜਾਲੋ ਐਸੀ ਗੀਤ*
*ਜਿਤ ਮੈਂ ਪਿਆਰਾ ਵਿਸਰੈ*

*ਜਾਲਉ ਐਸੀ ਗੀਤਿ*
*ਜਿਤੁ ਮੈ ਪਿਆਰਾ ਵੀਸਰੈ॥*
*ਨਾਨਕ ਸਾਈ ਭਲੀ ਪਰੀਤਿ*
*ਜਿਤੁ ਸਾਹਿਬ ਸੇਤੀ ਪਤਿ ਰਹੈ॥*
*ਪੰਨਾ – 590*

ਭਾਵ ਇਹ ਕਿ ਉਹ ਕੰਮ ਜਾਲ ਦਿਓ – ਅੱਗ ਵਿਚ ਪਾ ਕੇ, ਜਿਨ੍ਹਾਂ ਦੇ ਕਰਨ ਨਾਲ ਪਰਮੇਸ਼ਰ ਨਾਲੋਂ ਪਿਆਰ ਟੁੱਟੇ, ਮਹਾਂਪੁਰਸ਼ਾਂ ਨਾਲੋਂ ਪਿਆਰ ਟੁੱਟੇ, ਗੁਰੂ ਨਾਲੋਂ ਪਿਆਰ ਟੁੱਟੇ; ਪ੍ਰੀਤ ਉਹ ਹੀ ਚੰਗੀ ਹੈ ਜਿਸ ਦੇ ਨਾਲ ਦਰਗਾਹ ਵਿਚ ਗਿਆਂ ਪਤਿ ਰਹਿ ਜਾਵੇ, ਸ਼ਰਮਿੰਦਗੀ ਨਾ ਉਠਾਣੀ ਪਵੇ ਕਿਉਂਕਿ ਸਾਰੇ ਹੀ ਓਥੇ ਹੁੰਦੇ ਨੇ ਜਿਨ੍ਹਾਂ ਦੀਆਂ ਅਸੀਂ ਅਰਦਾਸਾਂ ਕਰਦੇ ਹਾਂ। ਦਸੋਂ ਪਾਤਸ਼ਾਹੀਆਂ ਭਾਵੇਂ ਇਕੋ ਰੂਪ ਨੇ, ਫੇਰ ਵੀ ਜਿਸ ਤਰ੍ਹਾਂ ਦੀ ਭਾਵਨਾ ਨਾਲ ਤੁਸੀਂ ਦੇਖਣਾ ਚਾਹੋ, ਨਜ਼ਰ ਆ ਜਾਂਦੇ ਨੇ। ਓਥੇ ਸਾਰੀਆਂ ਮੁਕਤ ਆਤਮਾਵਾਂ ਦੀ ਅਦਾਲਤ (Court) ਬੈਠੀ ਹੁੰਦੀ ਹੈ; ਜਦ ਸਾਮ੍ਹਣੇ ਖੜ੍ਹਾ ਕਰ ਦਿਤਾ ਜਾਂਦੈ ਤਾਂ ਉਹ ਸਾਰੇ ਕਹਿੰਦੇ ਨੇ, ਇਹ ਤਾਂ ਅਜਿਹਾ ਸੀਗਾ ਅੰਦਰੋਂ! ਐਹੋ ਜਿਹਾ ਸੀ! ਉਸ ਵੇਲੇ ਪਛਤਾਵਾ ਹੀ ਪੱਲੇ ਪੈਂਦਾ ਹੈ। ਜੇ ਕਿਸੇ ਦੇ ਮਨ ਵਿਚ ਇਹ ਖਿਆਲ ਹੋਵੇ ਕਿ ਅਸੀਂ ਤਾਂ ਬਹੁਤ ਗਲਤ ਕੰਮ ਕਰ ਲਏ, ਹੁਣ ਕੀ ਹੋਵੇਗਾ। ਅਸੀਂ ਤਾਂ ਆਪਣੇ ਆਪ ਪਹਿਲਾਂ ਹੀ ਸ਼ਰਮਿੰਦੇ ਹਾਂ, ਸਾਨੂੰ ਤਾਂ ਸਾਡੀ ਜ਼ਮੀਰ ਲਾਅਨਤਾਂ ਪਾਉਂਦੀ ਹੈ। ਤਾਂ ਇਸ ਉਪਰ ਭੀ ਗੁਰੂ ਮਹਾਰਾਜ ਕਹਿੰਦੇ ਕਿ ਇਕ ਗੱਲ ਦੱਸਦੇ ਹਾਂ ਪਿਆਰਿਓ! ਉਹ ਇਹ ਹੈ ਕਿ ਉਹ ਪ੍ਰਭੂ ਸਦਾ ਹੀ ਐਡਾ ਦਿਆਲੂ ਅਤੇ ਕ੍ਰਿਪਾਲੂ ਹੈ ਕਿ ਜਦੋਂ ਵੀ ਉਹਦਾ ਉਪਦੇਸ਼ ਮੰਨ ਲਓ, ਉਹਦੀ ਸ਼ਰਨ ਵਿਚ ਆ ਜਾਓ, ਉਹ ਫੇਰ ਬਖਸ਼ ਦਿੰਦਾ ਹੈ –

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ॥*
*ਪੰਨਾ – 544*

ਠੀਕ ਹੈ ਉਸ ਦੀ ਮਾਇਆ ਐਡੀ ਪ੍ਰਬਲ ਹੈ, ਤਿਲ੍ਹਕ ਜਾਂਦੇ ਹਾਂ ਅਸੀਂ – ਤਿਲ੍ਹਕਣੀ ਜ਼ਮੀਨ ਦੇ ਅੰਦਰ। ਜੇ ਤਿਲ੍ਹਕ ਜਾਏ, ਸਲਿੱਪ ਮਾਰ ਜਾਵੇ ਕਾਰ-ਜਾਂਦੀ-ਜਾਂਦੀ, ਤਾਂ ਡਰਾਇਵਰ ਦਾ ਕੋਈ ਕਸੂਰ ਨਹੀਂ ਹੁੰਦਾ ਕਿਉਂਕਿ ਉਥੇ ਸੜਕ ਹੀ ਐਸੀ ਹੈ ਜਿਸ ਤੇ ਸਲਿੱਪ ਮਾਰਨੀ ਹੀ ਮਾਰਨੀ ਹੈ; ਚੀਕਣੀ ਮਿੱਟੀ ਹੈ, ਉਥੇ ਕਾਰ ਨੇ ਸਲਿੱਪ ਹੋਣਾ ਹੀ ਹੈ। ਸੋ ਐਡੀ ਵੱਡੀ ਪ੍ਰਬਲ ਮਾਇਆ ਦੇ ਅੰਦਰ ਜੇ ਸਲਿੱਪ ਮਾਰਦੇ ਵੀ ਹਾਂ ਤਾਂ ਮਹਾਰਾਜ ਕਹਿੰਦੇ ਹਨ ਕਿ ਫੇਰ ਉਠ ਕੇ ਖੜ੍ਹੇ ਹੋ ਜਾਓ, ਹਿੰਮਤ ਨਾ ਹਾਰੋ –

*ਆਗਾਹਾ ਕੂ ਤ੍ਰਾਘਿ ਪਿਛਾ*
*ਫੇਰਿ ਨ ਮੁਹਡੜਾ॥*
*ਨਾਨਕ ਸਿਝਿ ਇਵੇਹਾ ਵਾਰ*
*ਬਹੁੜਿ ਨ ਹੋਵੀ ਜਨਮੜਾ॥*
*ਪੰਨਾ – 1096*

ਅੱਗੇ ਨੂੰ ਪੈਰ ਪੁੱਟ, ਪਿਛੇ ਨਾ ਹਟ।

ਸੋ ਰਾਜਕੁਮਾਰੀ ਨੇ ਜ਼ਮੀਰ ਦੀ ਆਵਾਜ਼ ਨਾ ਸੁਣਦਿਆਂ ਹੋਇਆਂ ਤੀਰ ਮਾਰਿਆ ਅਤੇ ਮਨ ਵਿਚ ਬੜੀ ਖੁਸ਼ੀ ਸੀ ਕਿ ਅੱਜ ਮੈਂ ਚੀਤਾ ਮਾਰ ਲਿਆ ਪਰ ਅੱਗੇ ਜਾ ਕੇ ਕੀ ਦੇਖਿਆ ਕਿ ਇਕ ਗੁਰਮੁਖ ਪਿਆਰਾ, ਜਿਸ ਦੇ ਉਤੇ ਨਾਮ ਦੀ ਸੁੰਦਰਤਾ ਚੜ੍ਹੀ ਹੋਈ ਹੈ, ਰੋਮ-ਰੋਮ ਵਿਚੋਂ ਪਰਮੇਸ਼ਰ ਦੇ ਨਾਮ ਦੀ ਧੁਨਿ ਹੋ ਰਹੀ ਹੈ, ਕੋਲ ਆਇਆਂ ਮਨ ਸ਼ਾਂਤ ਹੁੰਦਾ ਹੈ, ਦਰਸ਼ਨ ਕਰੀਏ ਤਾਂ ਕਲਪਨਾਂ ਖਤਮ ਹੁੰਦੀਆਂ ਹਨ, ਕਿਉਂਕਿ ਗੁਰ ਫੁਰਮਾਨ ਐਸਾ ਹੈ –

*ਆਵੈ ਸਾਹਿਬੁ ਚਿਤਿ*
*ਤੇਰਿਆ ਭਗਤਾ ਡਿਠਿਆ॥*
*ਪੰਨਾ – 520*

ਸੰਤ ਪੁਰਸ਼ ਦੇ ਦਰਸ਼ਨ ਕਰਦੇ ਸਾਰ ਅੰਦਰੋਂ 'ਵਾਹਿਗੁਰੂ-ਵਾਹਿਗੁਰੂ' ਦੀ ਧੁਨਿ ਹੋਣ ਲਗ ਜਾਂਦੀ ਹੈ ਕਿਉਂਕਿ ਜਿਵੇਂ ਇਕ ਬਰਫ ਦੇ ਢੇਲੇ ਕੋਲ ਗਿਆਂ ਠੰਢ ਮਹਿਸੂਸ ਹੋਣ ਲਗ ਜਾਂਦੀ ਹੈ; ਅੱਗ ਦੇ ਨੇੜੇ ਜਾਓ ਤਾਂ ਗਰਮੀ ਮਹਿਸੂਸ ਹੋਣ ਲਗ ਜਾਂਦੀ ਹੈ ਕਿਉਂਕਿ ਉਨ੍ਹਾਂ ਦਾ ਸੁਭਾਅ ਹੀ ਐਹੋ ਜਿਹਾ ਹੁੰਦਾ ਹੈ। ਐਸਾ ਜੋ ਸੰਤ ਹੈ ਉਹ ਨਿਰਾ ਹੀ ਸ਼ਾਂਤੀ ਦਾ ਭੰਡਾਰ ਹੁੰਦੈ; ਹੋਰ ਚੀਜ਼ ਕੋਈ ਦੁਨੀਆਂ ਅੰਦਰ ਐਨੀ ਸ਼ਾਂਤ ਨਹੀਂ ਜਿੰਨੇ ਕਿ ਮਹਾਂਪੁਰਸ਼ ਸ਼ਾਂਤ ਚਿੱਤ ਹੁੰਦੇ ਹਨ। ਇਸੇ ਤੇ ਗੁਰੂ ਫੁਰਮਾਨ ਹੈ –

*ਕਬੀਰ ਸੰਤੁ ਨ ਛਾਡੈ ਸੰਤਈ*
*ਜਉ ਕੋਟਿਕ ਮਿਲਹਿ ਅਸੰਤ॥*
*ਮਲਿਆਗਰੁ ਭੁਯੰਗਮ ਬੇਢਿਓ*
*ਤ ਸੀਤਲਤਾ ਨ ਤਜੰਤ॥*
*ਪੰਨਾ – 1373*

*ਨਹ ਸੀਤਲੰ ਚੰਦ੍ਰ ਦੇਵਹ*
*ਨਹ ਸੀਤਲੰ ਬਾਵਨ ਚੰਦਨਹ॥*
*ਨਹ ਸੀਤਲੰ ਸੀਤ ਰੁਤੇਣ*
*ਨਾਨਕ ਸੀਤਲੰ ਸਾਧ ਸ੍ਵਜਨਹ॥*
*ਪੰਨਾ – 1357*

ਸੰਤ ਲੋਕਾਂ ਨੂੰ ਭਾਵੇਂ ਕੋਈ ਕਿੰਨਾ ਹੀ ਦੁਖ ਦੇਵੇ ਪਰ ਉਹ ਆਪਣੀ ਸ਼ਾਂਤੀ ਨਹੀਂ ਛੱਡਿਆ ਕਰਦੇ, ਉਹ ਕਦੇ ਵੀ ਕ੍ਰੋਧ ਵਸ ਹੋ ਕੇ ਊਲ-ਜਲੂਲ ਨਹੀਂ ਬੋਲਦੇ; ਆਪਣਾ ਨੁਕਸਾਨ ਕਰਵਾ ਕੇ ਭੀ ਦੂਜਿਆਂ ਦਾ ਭਲਾ ਲੋਚਦੇ ਹੁੰਦੇ ਹਨ, ਸੱਚੇ ਦਿਲੋਂ ਹਰ ਰੋਜ਼ ਅਰਦਾਸ ਕਰਦੇ ਹਨ – *'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।'* ਸੋ ਸਰਬੱਤ ਦਾ ਭਲਾ ਮੰਗਣ ਵਾਲੇ ਪੁਰਸ਼ ਤੋਂ ਕਦੇ ਵੀ ਕਿਸੇ ਦਾ ਨੁਕਸਾਨ ਅਤੇ ਨਾ ਹੀ ਬੁਰਾ ਹੋ ਸਕਿਆ ਕਰਦਾ ਹੈ।

ਸੋ ਰਾਜਕੁਮਾਰੀ ਜਦੋਂ ਨੇੜੇ ਜਾ ਕੇ ਉਸ

ਸੁੰਦਰਤਾ ਦੇ ਵਜੂਦ ਨੂੰ ਤੱਕਦੀ ਹੈ ਤਾਂ ਬਹੁਤ ਹੀ ਪਛਤਾਵਾ ਕਰਦੀ ਹੈ ਕਿਉਂਕਿ ਪ੍ਰਭੂ ਨਾਮ ਨਾਲ ਰੱਤਿਆ ਹੋਇਆ, ਨੂਰੋ-ਨੂਰ ਹੋਇਆ ਮੁਖੜਾ ਦਿਲ 'ਚ ਖਿੱਚ ਪਾ ਰਿਹਾ ਹੈ। ਰਾਜਕੁਮਾਰੀ ਦੇ ਅੰਦਰ ਇਕ ਅਦ੍ਰਿਸ਼ ਫਿਲਮ ਜਿਹੀ ਚਲ ਪਈ ਕਿ ਮੇਰਾ ਵੀ ਕੋਈ ਵੀਰ ਨਹੀਂ ਹੈ, ਕਿਤੇ ਇਹ ਵੀ ਇਕਲੌਤਾ ਪੁੱਤਰ ਹੀ ਨਾ ਹੋਵੇ - ਆਪਣੇ ਮਾਤਾ ਪਿਤਾ ਦਾ! ਜੇ ਮੈਨੂੰ ਕੋਈ ਤੀਰ ਮਾਰ ਕੇ ਮਾਰ ਦੇਵੇ ਤਾਂ ਮੇਰੇ ਮਾਂ ਬਾਪ ਦਾ ਸੰਸਾਰ ਉਤੇ ਜਿਉਣਾ ਹੀ ਔਖਾ ਹੋ ਜਾਵੇ ਕਿਉਂਕਿ ਮੈਂ ਆਪਣੇ ਮਾਂ ਬਾਪ ਦੀ ਇਕਲੌਤੀ ਪੁੱਤਰੀ ਹਾਂ। ਹਾਇ! ਮੈਂ ਕਿੱਡਾ ਬੁਰਾ ਕੰਮ ਕਰ ਦਿਤਾ, ਇਕ ਘਰ ਮੈਂ ਆਪਣੀ ਅਣਗਹਿਲੀ ਦੇ ਕਾਰਨ ਉਜਾੜ ਦਿਤਾ। ਹੋਰ ਸੋਚਣ ਲੱਗੀ ਕਿ ਕਿਤੇ ਅਜਿਹੇ ਕੰਮ ਨੂੰ ਹੀ ਤਾਂ ਪੰਡਤ ਜੀ ਪਾਪ ਨਹੀਂ ਕਹਿੰਦੇ? ਕਿਉਂਕਿ ਜਦੋਂ ਕਿਤੇ ਪੰਡਤ ਜੀ ਨੂੰ ਕਥਾ ਕਰਦਿਆਂ ਸੁਣਦੀ ਹਾਂ ਕਿ ਪਾਪ ਕਰਨ ਵਾਲੇ ਨੂੰ ਪਛਤਾਉਣਾ ਪੈਂਦਾ ਹੈ; ਕਿਤੇ ਮੈਨੂੰ ਹੀ ਤਾਂ ਨਹੀਂ ਇਹ ਪਾਪ ਲਗ ਜਾਵੇਗਾ ਅਤੇ ਮੈਂ ਸਾਰੀ ਜ਼ਿੰਦਗੀ ਪਛਤਾਉਂਦੀ ਹੀ ਗੁਜ਼ਾਰ ਦੇਵਾਂਗੀ। ਪਹਿਲੀ ਵਾਰ ਜ਼ਿੰਦਗੀ ਵਿਚ ਪਛਤਾਵਾ ਇਹਨੂੰ ਹੋਇਆ ਕਿਉਂਕਿ ਮਹਾਂਪੁਰਸ਼ ਦੇ ਦਰਸ਼ਨ ਕਰਦੇ ਸਾਰ ਵਿਕਾਰ ਪਹਿਲਾਂ ਹੀ ਨੱਠ ਜਾਇਆ ਕਰਦੇ ਹਨ, ਪਵਿੱਤਰਤਾ ਅੰਦਰੋਂ ਜਾਗ ਪੈਂਦੀ ਹੈ, ਮੈਲ ਦੇ ਬੱਦਲ ਹਟ ਜਾਂਦੇ ਨੇ ਤੇ ਅੰਤਸ਼ਕਰਨ ਵਿਚ ਪ੍ਰਕਾਸ਼ ਦਾ ਲਿਸ਼ਕਾਰਾ ਵੱਜਦੈ ਅਤੇ ਪ੍ਰਕਾਸ਼ ਹੁੰਦੇ ਸਾਰ ਹੀ ਪਛਤਾਵਾ ਉਸ ਨੂੰ ਹੋਇਆ ਕਿ ਕਿਸੇ ਮਾਤਾ ਪਿਤਾ ਦਾ ਇਕਲੌਤਾ ਪੁੱਤਰ ਐਨਾ ਸੁੰਦਰ ਪਾਲਿਆ-ਪਲੋਸਿਆ ਮੈਂ ਐਵੇਂ ਹੀ ਅੱਲ੍ਹੜ-ਪੁਣੇ ਵਿਚ ਮਾਰ ਦਿਤਾ। ਘੋੜੇ ਤੋਂ ਇਕ ਦਮ ਉਤਰੀ, ਜਾ ਕੇ ਉਸ ਦੇ ਸਰੀਰ ਨੂੰ ਛੁਹਿਆ ਤਾਂ ਸਰੀਰ ਅਜੇ ਗਰਮ ਸੀ, ਖ਼ੂਨ ਚਲ ਰਿਹਾ ਸੀ; ਪੂਰੇ ਜ਼ੋਰ ਦੇ ਨਾਲ ਖ਼ੂਨ ਦੀ ਨਾੜੀ ਦਬਾ ਲਈ ਤੇ ਵਾਸਤਾ ਪਾਇਆ - ਨਾਲ ਦੀਆਂ ਸਹੇਲੀਆਂ ਅੱਗੇ, ਕਿ ਛੇਤੀਂ ਹੀ ਜਾ ਕੇ ਵੈਦ ਲੈ ਕੇ ਆਉ, ਪਿਤਾ ਜੀ ਨੂੰ ਲੈ ਕੇ ਆਉ ਛੇਤੀਂ। ਸੋ, ਉਨ੍ਹਾਂ ਨੇ ਛੇਤੀਂ-ਛੇਤੀਂ ਵੈਦ ਨੂੰ ਲਿਆਂਦਾ। ਆਪਣੀ ਇਕਲੌਤੀ ਪੁੱਤਰੀ ਦਾ ਪ੍ਰੇਸ਼ਾਨ ਹੋ ਜਾਣਾ ਸੁਣ ਕੇ ਮਾਂ ਵੀ ਆ ਗਈ, ਪਿਤਾ ਵੀ ਆ ਗਿਆ - ਇਹ ਸੋਚ ਕੇ, ਕਿ ਸਾਡੀ ਲੜਕੀ ਕਿਹੋ ਜਿਹੇ ਸੰਕਟ ਵਿਚ ਪੈ ਗਈ। ਜਾ ਕੇ ਦੇਖਿਆ ਤਾਂ ਉਸਦੀ ਹਾਲਤ ਬੁਰੀ ਹੈ, ਰੋ ਰਹੀ ਹੈ, ਪਛਤਾ ਰਹੀ ਹੈ ਅਤੇ ਮੂੰਹੋਂ ਆਪ-ਮੁਹਾਰੇ ਨਿਕਲ ਰਿਹਾ ਹੈ ਕਿ ਜੇ ਇਸ ਨੌਜਵਾਨ ਦਾ ਸਰੀਰ ਛੁਟ ਗਿਆ ਤਾਂ ਮੈਂ ਭੀ ਤੀਰ ਮਾਰ ਕੇ ਨਾਲ ਹੀ ਮਰ ਜਾਵਾਂਗੀ। ਉਸ ਦੀ ਤਰਸਯੋਗ ਹਾਲਤ ਦੇਖ ਕੇ ਖਿਆਲ ਆਇਆ ਕਿ ਬੱਚੀ ਦੇ ਅੰਦਰ ਇਹ ਦਰਦ ਦਾ ਅਹਿਸਾਸ ਬਹੁਤ ਹੀ ਡੂੰਘਾ ਚਲਿਆ ਗਿਆ ਹੈ ਅਤੇ ਰਾਠ ਬੱਚੀ ਅੱਜ ਪਹਿਲੀ ਵਾਰ ਵਿਲਕਦੀ ਦੇਖੀ ਜੋ ਆਪ-ਮੁਹਾਰੇ ਕਹੀ ਜਾ ਰਹੀ ਹੈ ਕਿ ਜੇ ਇਸ ਚੰਗੇ ਪੁਰਸ਼ ਨੂੰ ਕੁਝ ਹੋ ਗਿਆ ਤਾਂ ਮੈਂ ਵੀ ਨਾਲ ਹੀ ਆਪਣੇ ਤੀਰ ਖੋਭ ਕੇ ਮਰ ਜਾਵਾਂਗੀ। ਵੈਦ ਨੇ ਹੱਥ ਵਿਚ ਭਾਈ ਤਿਲੋਕਾ ਜੀ ਦੀ ਨਾੜੀ ਫੜ ਲਈ। ਕੁਝ ਖ਼ੂਨ ਨਿਕਲਣ ਨਾਲ ਰਾਜਕੁਮਾਰੀ ਦੇ ਬਸਤਰਾਂ ਉਤੇ ਪੈ ਗਿਆ। ਉਠਾ ਲਿਆ ਅਤੇ ਮਲ੍ਹਮ ਪੱਟੀ ਦੁਆਰਾ ਇਲਾਜ ਸ਼ੁਰੂ ਹੋ ਗਿਆ, ਤਾਕਤ ਦੀਆਂ ਦਵਾਈਆਂ ਦਿਤੀਆਂ ਜਾਣ ਲਗੀਆਂ। ਇਸ ਤਰ੍ਹਾਂ ਕਈ ਦਿਨ ਸੇਵਾ ਕਰਦਿਆਂ ਨੂੰ ਲੰਘ ਗਏ। ਵੈਦ ਨੇ ਬਹੁਤ ਮਿਹਨਤ ਕੀਤੀ ਤਾਂ ਹੋਸ਼ ਪਰਤੀ, ਦਿਮਾਗ ਨੇ ਕੰਮ ਕਰਨਾ ਸ਼ੁਰੂ ਕਰਿਆ, ਸੁਰਤਿ ਆ ਗਈ - ਚੰਗੀ ਤਰ੍ਹਾਂ ਨਾਲ ਦੇਖਿਆ, ਮੈਂ ਕਿਥੇ ਆ ਗਿਆ ਹਾਂ, ਇਹ ਕਿਸੇ ਵੱਡੇ ਅਮੀਰ ਦਾ ਕਮਰਾ ਹੈ। ਰਾਜਕੁਮਾਰੀ ਉਸ ਦੇ ਪਲੰਘ ਦੇ ਨਾਲ ਹੀ ਮੂੜ੍ਹਾ ਡਾਹ ਕੇ ਬੈਠੀ ਹੋਈ ਇਕ ਟੱਕ ਉਸ ਦੇ ਚਿਹਰੇ ਵਲ ਤਕਦੀ ਰਹਿੰਦੀ ਸੀ ਅਤੇ ਮਨ ਵਿਚ ਖਿਆਲ ਚਲਦੇ ਸਨ ਕਿ ਜਦੋਂ ਇਹ ਸੁਹਣੇ ਬੰਦੇ ਨੂੰ ਹੋਸ਼ ਆ ਜਾਵੇਗੀ ਤਾਂ ਮੈਂ ਇਸ ਨੂੰ ਕਹਾਂਗੀ ਕਿ ਭਲੇ ਪੁਰਸ਼! ਜਿਵੇਂ ਮੈਂ ਤੈਨੂੰ ਮਾਰਿਆ, ਉਸੇ ਤਰ੍ਹਾਂ ਜੇ ਤੂੰ ਮੈਨੂੰ ਮਾਰੇਂ ਤਾਂ ਮੈਨੂੰ ਕੋਈ ਰੰਜ ਨਹੀਂ ਹੋਵੇਗਾ ਸਗੋਂ ਮੇਰੇ ਮਨ ਵਿਚ ਖੁਸ਼ੀ ਹੋਵੇਗੀ ਕਿ ਮੈਂ ਤੇਰੇ ਵਰਗੇ, ਆਪ-ਮੁਹਾਰੇ ਖਿੱਚ ਪਾਉਣ ਵਾਲੇ ਸੁਹਣੇ ਪੁਰਸ਼ ਦੇ ਹੱਥੋਂ ਮਾਰੀ ਜਾ ਰਹੀ ਹੋਵਾਂਗੀ।

ਭਾਈ ਤਿਲੋਕਾ ਜੀ ਦੇ ਨੇਤਰ ਖੁਲ੍ਹੇ, ਇਕ ਨਿਗਾਹ ਭਰ ਕੇ ਰਾਜਕੁਮਾਰੀ ਵਲ ਤੱਕਿਆ। ਉਸ ਦਾ ਤੱਕਣਾ ਕੀ ਸੀ ਕਿ ਇਕ ਥਰਥਰਾਹਟ ਜਿਹੀ ਰਾਜਕੁਮਾਰੀ ਦੇ ਸਰੀਰ ਵਿਚੋਂ ਦੀ ਲੰਘ ਗਈ। ਹੌਲੀ ਬੋਲ ਕੇ ਪੁੱਛਿਆ, "ਮੈਂ ਏਥੇ ਕਿਸ ਤਰ੍ਹਾਂ ਆ ਗਿਆ?" ਰਾਜਕੁਮਾਰੀ ਨੇ ਦੱਸਿਆ, "ਹੇ ਪਰਦੇਸੀ ਭਲੇ ਪੁਰਸ਼ ਜੀ! ਮੇਰੇ ਤੋਂ ਭੁੱਲ ਹੋ ਗਈ, ਮੈਂ ਤੁਹਾਨੂੰ ਬੈਠਿਆਂ ਨੂੰ ਦੂਰੋਂ ਚੀਤਾ ਜਾਣ ਕੇ ਬਾਣ ਮਾਰਿਆ ਸੀ, ਮੈਂ ਉਸ ਦਿਨ ਤੋਂ ਹੀ ਇੰਤਜ਼ਾਰ ਕਰ ਰਹੀ ਹਾਂ ਕਿ ਤੁਸੀਂ ਨੇਤਰ ਖੋਲ੍ਹੋ, ਕਦ ਬੋਲਣ ਲੱਗੋਂ ਅਤੇ ਕਦ ਮੈਂ ਆਪਣਾ ਪਾਪ ਤੁਹਾਡੇ ਅੱਗੇ ਪ੍ਰਗਟ ਕਰਾਂ ਤੇ ਤੁਸੀਂ ਮੈਨੂੰ ਉਸ ਦੀ ਓਵੇਂ ਸਜ਼ਾ ਦੇਵੋਂ ਜਿਸ ਤਰ੍ਹਾਂ ਦੇ ਨਾਲ ਮੈਂ ਤੁਹਾਨੂੰ ਅਚਾਨਕ ਹੀ ਤੀਰ ਮਾਰ ਦਿਤਾ ਸੀ।" ਇਹ ਭੋਲੀ ਜਹੀ ਸਰਲ ਹਿਰਦੇ ਵਿਚੋਂ ਨਿਕਲੀ ਹੋਈ ਆਵਾਜ਼ ਸੁਣ ਕੇ ਭਾਈ ਤਿਲੋਕਾ ਜੀ ਉਤੇ ਗੁੱਸੇ ਦਾ ਕੋਈ ਚਿੰਨ੍ਹ ਪ੍ਰਗਟ ਨਾ ਹੋਇਆ, ਸਗੋਂ ਮੁਸਕਰਾਉਂਦੇ ਹੋਏ ਨੈਣਾਂ ਵਿਚ ਇਕ ਤਰਸ ਆਇਆ ਅਤੇ ਕਹਿਣ ਲੱਗੇ, "ਤੁਹਾਥੋਂ ਮੇਰੇ ਬਾਣ ਲੱਗਿਆ। ਇਹ ਤਾਂ ਕੋਈ ਗੱਲ ਨਹੀਂ ਹੈ, ਕੋਈ ਬਾਤ ਨਹੀਂ ਹੈ - ਪਛਤਾਵਾ ਕਰਨ ਦੀ। ਵਾਹਿਗੁਰੂ ਜੀ ਤੇਰਾ ਭਲਾ ਕਰਨ। ਮੇਰੇ ਗੁਰੂ ਨੇ ਸਿਖਾਇਆ ਹੈ ਕਿ ਭਲਿਆਂ ਦਾ ਭਲਾ ਤਾਂ ਸਭ ਕਰਦੇ ਨੇ ਪਰ ਬੁਰਿਆਂ ਦਾ ਭਲਾ ਮੰਗਣਾ ਗੁਰਸਿੱਖਾਂ ਦਾ ਕਰਮ ਹੈ।

*ਧਾਰਨਾ - ਗੁੱਸਾ ਮਨ ਨਾ ਹੰਢਾਵੀਂ*
*ਮਨਾਂ ਮੇਰਿਆ,*
*ਭਲਾ ਕਰੀਂ ਬੁਰਿਆਂ ਦਾ -2, 2.*
*ਫਰੀਦਾ ਬੁਰੇ ਦਾ ਭਲਾ ਕਰਿ*

*ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ*
*ਪਲੈ ਸਭੁ ਕਿਛੁ ਪਾਇ॥*
*ਪੰਨਾ - 1382*

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬਤ ਦਾ ਭਲਾ॥*

ਬੁਰਿਆਂ ਦਾ ਵੀ ਤੇ ਚੰਗਿਆਂ ਦਾ ਵੀ। ਹੇ ਵਾਹਿਗੁਰੂ! ਸਾਰੇ ਸੰਸਾਰ ਦਾ ਭਲਾ ਕਰ। ਚਾਹੇ ਸਾਡੇ ਉਤੇ ਫੌਜਕਸ਼ੀ ਹੋ ਰਹੀ ਹੋਵੇ, ਉਨ੍ਹਾਂ ਦਾ ਵੀ ਭਲਾ ਕਰੀਂ।

ਗੁਰੂ ਦਸ਼ਮੇਸ਼ ਪਾਤਸ਼ਾਹ ਜੀ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣ ਤੋਂ ਬਾਅਦ ਸਰਸਾ ਨਦੀ ਦੇ ਕੰਢੇ ਜਦੋਂ ਪਹੁੰਚੇ - ਹੋਰ ਸਿੰਘਾਂ ਅਤੇ ਸਾਹਿਬਜ਼ਾਦਿਆਂ ਸਮੇਤ, ਤਾਂ ਗੁਰੂ ਮਹਾਰਾਜ ਕਹਿੰਦੇ, 'ਆਸਾ ਜੀ ਦੀ ਵਾਰ' ਦਾ ਕੀਰਤਨ ਅਜ ਨਹੀਂ ਹੋਇਆ; ਨਿਤਨੇਮ ਤਾਂ ਛੱਡਣਾ ਨਹੀਂ, ਰੂਹਾਨੀ ਖੁਰਾਕ ਜ਼ਰੂਰ ਮਿਲਣੀ ਚਾਹੀਦੀ ਹੈ। ਸਰੀਰਕ ਖੁਰਾਕ ਮਿਲੇ ਨਾ ਮਿਲੇ, ਗੁਜ਼ਾਰਾ ਹੋ ਜਾਂਦਾ ਹੈ ਪਰ ਰੂਹਾਨੀ ਖੁਰਾਕ ਤੋਂ ਬਿਨਾਂ ਤਾਂ ਆਦਮੀ ਦੀ ਹਾਲਤ ਕੀ ਹੁੰਦੀ ਹੈ - ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ 'ਆਖਾ ਜੀਵਾ ਵਿਸਰੈ ਮਰਿ ਜਾਉ।' ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਸੁਣਦਿਆਂ ਹੀ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਜਾਂਦਾ ਹੈ। ਕੀਰਤਨ ਦੌਰਾਨ ਹੀ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦੇਣ ਲਗ ਪਈ। ਸਾਹਿਬਜ਼ਾਦਾ ਅਜੀਤ ਸਿੰਘ ਜੀ ਪੰਜ ਸੌ ਜਵਾਨਾਂ ਨਾਲ ਯੁੱਧ ਕਰਦੇ ਨੇ, ਭਾਈ ਬਚਿੱਤਰ ਸਿੰਘ ਅਤੇ ਹੋਰ ਯੋਧਿਆਂ ਨੇ ਵੈਰੀ ਫੌਜ ਨੂੰ ਰੋਕੀ ਰੱਖਿਆ ਪਰ ਐਡੀ ਵੱਡੀ ਵਿਉਂਤਬੱਧ ਵੈਰੀ ਫੌਜ ਕਿੰਨਾ ਕੁ ਚਿਰ ਰੋਕੀ ਜਾ ਸਕਦੀ ਸੀ। ਫੌਜ ਬਿਲਕੁਲ ਨੇੜੇ ਪਹੁੰਚ ਗਈ ਅਤੇ ਓਧਰੋਂ ਪੂਰੇ ਜ਼ੋਰ ਨਾਲ ਅਰਦਾਸ ਹੋ ਰਹੀ ਹੈ - 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।' ਇਹ ਜਿਹੜੇ ਗੋਲੀ ਚਲਾਉਂਦੇ ਆ ਰਹੇ ਹਨ, ਉਨ੍ਹਾਂ ਦਾ ਭੀ ਭਲਾ ਮੰਗਦੇ ਹਨ ਕਿਉਂਕਿ ਇਨ੍ਹਾਂ ਵਿਚ ਬੁਰਿਆਈ ਇਨ੍ਹਾਂ ਦੇ ਮਾੜੇ ਕਰਮਾਂ ਕਰਕੇ ਹੈ। ਜੇ ਮਾੜੇ ਕਰਮ ਨਾ ਹੋਣ ਤਾਂ ਇਨ੍ਹਾਂ ਦੇ ਅੰਦਰ ਭੀ ਚੰਗਿਆਈ ਆ ਜਾਵੇ। ਬੰਦਾ ਨਹੀਂ ਮਾੜਾ; ਆਤਮਾ ਸਭ ਦੀ ਹੀ ਮਹਾਂ-ਪਵਿੱਤਰ ਹੈ ਲੇਕਿਨ ਤਿੰਨਾਂ ਗੁਣਾਂ ਦੀ ਪ੍ਰਕਿਰਤੀ ਦਾ ਅਸਰ ਹੋਣ ਕਰਕੇ ਆਦਮੀ ਚੰਗਿਆਂ ਅਤੇ ਮੰਦਿਆਂ ਵਿਚ ਵੰਡੇ ਜਾਂਦੇ ਹਨ। ਸੋ ਇਹ ਨਜ਼ਰੀਆ ਹੈ ਗੁਰਮੁਖ ਦਾ, ਕਿ ਬੁਰਿਆਂ ਦਾ ਭੀ ਭਲਾ ਮੰਗਣਾ; ਕਿਸੇ ਨੂੰ ਭੀ ਬੁਰਾ ਨਾ ਕਹਿਣਾ, ਜੇ ਕਹਿਣਾ ਹੈ ਤਾਂ ਆਪ ਨੂੰ ਹੀ, ਜਿਵੇਂ ਕਿ ਗੁਰਬਾਣੀ ਹੈ -

*ਕਬੀਰ ਸਭ ਤੇ ਹਮ ਬੁਰੇ*
*ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ*
*ਮੀਤੁ ਹਮਾਰਾ ਸੋਇ॥ ਪੰਨਾ - 1364*

ਜਦੋਂ ਅਸੀਂ ਕਿਸੇ ਬੁਰੇ ਦਾ ਭੀ ਭਲਾ ਕਰਦੇ ਹਾਂ ਤਾਂ ਪ੍ਰਭੂ ਸਾਡੇ ਉਪਰ ਦਿਆਲੂ ਹੁੰਦਾ ਹੈ ਤੇ ਕੋਈ ਰੋਗ ਨਹੀਂ ਲਗਦਾ - ਦੇਹ ਨੂੰ। ਉਸ ਪ੍ਰਭੂ ਦੇ ਦਰ ਤੇ ਪ੍ਰਵਾਨ ਹੋ ਜਾਂਦੇ ਹਾਂ -

*ਦੇਹੀ ਰੋਗੁ ਨ ਲਗਈ ਪਲੈ*
*ਸਭੁ ਕਿਛੁ ਪਾਇ॥ ਪੰਨਾ - 1382*

ਰਾਜਕੁਮਾਰੀ ਹੈਰਾਨ ਹੈ ਕਿ ਇਹ ਕਿਹੋ ਜਿਹਾ ਭਲਾ ਪੁਰਸ਼ ਹੈ ਕਿ ਇਸ ਨੂੰ ਗੁੱਸਾ ਆਇਆ ਹੀ ਨਹੀਂ ਜਦ ਕਿ ਮੈਂ ਸਾਫ-ਸਾਫ ਦੱਸ ਦਿਤਾ ਹੈ ਕਿ ਮੈਂ ਹੀ ਤੈਨੂੰ ਤੀਰ ਮਾਰਿਆ ਸੀ ਪਰ ਇਹਨੇ ਇਕ ਵਾਰ ਵੀ ਨਹੀਂ ਕਿਹਾ ਕਿ ਤੂੰ ਬਹੁਤ ਮਾੜਾ ਕੰਮ ਕਰਿਐ, ਤੈਨੂੰ ਬਿਨਾਂ ਸੋਚੇ-ਸਮਝੇ ਤੀਰ ਮਾਰਨਾ ਨਹੀਂ ਸੀ ਚਾਹੀਦਾ। ਸਗੋਂ ਇਕ ਅੱਖਰ ਵੀ ਇਸ ਨੇ ਮੈਨੂੰ ਮਾੜਾ ਨਹੀਂ ਕਿਹਾ, ਤਾਂ ਹੀ ਤਾਂ ਇਹ ਮੈਨੂੰ ਪਿਆਰਾ ਅਤੇ ਚੰਗਾ ਲਗ ਰਿਹਾ ਹੈ। ਮੈਂ ਤਾਂ ਅਜਿਹਾ ਪੁਰਸ਼ ਅੱਜ ਤੱਕ ਆਪਣੀ ਜ਼ਿੰਦਗੀ ਵਿਚ ਨਹੀਂ ਦੇਖਿਆ ਜਿਹੜਾ ਬੁਰਾ ਕਰਨ ਵਾਲੇ ਨੂੰ ਭੀ ਕੁਝ ਨਾ ਕਹੇ।

ਭਾਈ ਤਿਲੋਕੇ ਨੇ ਲੰਮਾ ਸਾਹ ਲਿਆ ਅਤੇ ਕਹਿਣ ਲੱਗੇ, "ਮੇਰਾ ਮਾਲਕ ਤੇਰਾ ਭਲਾ ਕਰੇ।" ਉਹ ਕਹਿਣ ਲੱਗੀ, "ਹੇ ਚੰਗੇ ਮਨੁੱਖ! ਮੇਰਾ ਭਲਾ! ਮੈਂ ਤਾਂ ਤੈਨੂੰ ਮੌਤ ਦੇ ਨੇੜੇ ਪਹੁੰਚਾ ਦਿਤਾ ਸੀ। ਮੇਰਾ ਭਲਾ ਤਾਂ ਹੀ ਹੋ ਸਕਦਾ ਹੈ ਕਿ ਤੂੰ ਰਾਜ਼ੀ ਹੋ ਕੇ ਇਹ ਮੇਰੀ ਹੀ ਕਮਾਨ ਨਾਲ ਮੇਰੇ ਤੀਰ ਮਾਰੇਂ ਜਿਵੇਂ ਮੈਂ ਤੇਰੇ ਮਾਰਿਆ ਸੀ ਕਿਉਂਕਿ ਮੈਂ ਪਾਪ ਬਾਰੇ ਸੁਣਿਆ ਸੀ; ਇਕ ਵਾਰ ਪੰਡਤ ਕਹਿੰਦਾ ਸੀ ਕਿ ਪਾਪ ਕਰਨ ਵਾਲਾ ਮੂਰਖ ਹੋਇਆ ਕਰਦਾ ਹੈ ਅਤੇ ਉਸ ਨੂੰ ਦਰਗਾਹ ਵਿਚ ਦੰਡ ਮਿਲਦਾ ਹੈ। ਓਦੋਂ ਮੈਂ ਸੁਣਦੇ ਸਾਰ ਅੱਗ-ਬਗੋਲਾ ਹੋ ਗਈ ਕਿ ਐਸੀਆਂ ਗੱਲਾਂ ਕਮਜ਼ੋਰ ਬੰਦੇ ਦੱਸਦੇ ਨੇ ਪਰ ਅੱਜ ਮੇਰੇ ਦਿਲ ਦੇ ਅੰਦਰ ਇਹ ਹੈ ਕਿ ਇਹ ਪਾਪ ਕਰਮ ਹੀ ਹੁੰਦੈ ਜਿਸ ਦਾ ਮੇਰੇ ਅੰਦਰ ਪਛਤਾਵੇ ਦੇ ਰੂਪ ਵਿਚ ਬਦਲਾ ਲਿਆ ਜਾ ਰਿਹੈ।" ਭਾਈ ਤਿਲੋਕੇ ਨੇ ਬਹੁਤ ਹੀ ਪਿਆਰੀ ਅਵਾਜ਼ ਵਿਚ ਕਿਹਾ, "ਬੀਬਾ! ਪਛਤਾਵਾ ਨਾ ਕਰ, ਇਹ ਤੇਰਾ ਕਸੂਰ ਨਹੀਂ ਹੈ।" ਇਉਂ ਫੁਰਮਾਨ ਹੈ -

*ਧਾਰਨਾ - ਦਦਾ ਦੋਸ ਨ ਦੇਊ ਕਿਸੈ,*
*ਦੋਸ ਕਰੰਮਾਂ ਆਪਣਿਆ - 2, 2.*

ਕਹਿੰਦੇ, "ਬੀਬਾ! ਤੈਨੂੰ ਕੋਈ ਦੋਸ਼ ਨਹੀਂ, ਇਹ ਤਾਂ ਮੇਰੇ ਕਰਮਾਂ ਦਾ ਹੀ ਦੋਸ਼ ਹੈ।" ਕਹਿੰਦੀ, "ਐ ਭਲੇ ਪੁਰਸ਼! ਅਜਿਹੀ ਗੱਲ ਤੂੰ ਕਹਿੰਦਾ ਹੈਂ। ਮੈਂ ਤੇਰੇ ਤੀਰ ਮਾਰਿਐ ਤੇ ਦੋਸ਼ ਤੂੰ ਆਪਣੇ ਸਿਰ ਲੈਂਦਾ ਹੈਂ।" ਕਹਿਣ ਲੱਗੇ, "ਬੀਬਾ! ਤੈਨੂੰ ਨਹੀਂ ਪਤਾ, ਤੈਨੂੰ ਉਹ ਨਿਗਾਹ ਨਹੀਂ ਦਿਤੀ ਹੋਈ, ਸੋਝੀ ਨਹੀਂ ਮਿਲੀ ਪਰਮੇਸ਼ਰ ਤੋਂ। ਸੁਣ, ਮੇਰੇ ਗੁਰੂ ਜੀ ਕਹਿੰਦੇ ਨੇ ਕਿ ਕਿਸੇ ਨੂੰ ਦੋਸ਼ ਨਾ

ਦਿਓ, ਦੋਸ਼ ਆਪਣੇ ਹੀ ਕਰਮਾਂ ਦਾ ਹੋਇਆ ਕਰਦੈ; ਚੰਗਾ ਮੰਦਾ ਸਭ ਆਪਣੇ ਹੀ ਕਰਮਾਂ ਦਾ ਫਲ ਹੋਇਆ ਕਰਦਾ ਹੈ।"

ਕ੍ਰਿਸ਼ਨ ਮਹਾਰਾਜ ਜੀ ਸੋਲ੍ਹਾਂ ਕਲਾਂ ਸੰਪੂਰਨ ਅਵਤਾਰ ਹੋਏ ਨੇ। ਦੁਆਪਰ ਜੁਗ ਦੇ ਅੰਦਰ ਜੁਗ ਦੀ ਸਮਾਪਤੀ ਦੇ ਨੇੜੇ ਆਪ ਨੇ ਭਾਰਤਵਰਸ਼ ਵਿਚੋਂ ਸਾਧੂਆਂ ਨੂੰ ਬੁਲਾਇਆ, ਪ੍ਰਭਾਤ ਛੇਤਰ ਦੇ ਉਤੇ ਬਹੁਤ ਸਾਰੇ ਮਹਾਤਮਾ ਪਹੁੰਚ ਗਏ। ਕ੍ਰਿਸ਼ਨ ਮਹਾਰਾਜ ਜੀ ਆਪਣੇ ਪਰਿਵਾਰ ਸਮੇਤ ਮਹਾਂਪੁਰਸ਼ਾਂ ਦੀ ਸੇਵਾ ਕਰਨ ਲੱਗੇ। ਉਨ੍ਹਾਂ ਦੇ ਜਿਹੜੇ ਬੱਚੇ ਸੀ, ਉਹ ਕੁਝ ਨਾਸਤਕ ਬਿਰਤੀ ਦੇ ਹੋ ਚੁੱਕੇ ਸਨ; ਸ਼ਰਾਬ ਦੀ ਵਰਤੋਂ ਤੋਂ ਪ੍ਰਭਾਵਿਤ ਹੋ ਚੁਕੇ ਸਨ। ਸੰਤਾਂ ਦੀ ਮਹਿਮਾ ਨੂੰ ਉਨ੍ਹਾਂ ਨੇ ਬਿਲਕੁਲ ਹੀ ਵਿਸਾਰ ਦਿਤਾ ਸੀ ਅਤੇ ਇਹ ਸਮਝਣ ਲਗ ਗਏ ਸਨ ਕਿ ਇਹ ਤਾਂ ਪਖੰਡੀ ਲੋਕ ਦੁਨੀਆਂ ਨੂੰ ਬੁੱਧੂ ਬਣਾ ਰਹੇ ਹਨ ਅਤੇ ਹਲਵਾਮੰਡਾ ਹਜ਼ਮ ਕਰਨ ਲਈ ਐਵੇਂ ਝੂਠੀਆਂ ਕਹਾਣੀਆਂ ਬਣਾ ਕੇ ਲੋਕਾਂ ਨੂੰ ਡਰਾ ਰਹੇ ਹਨ। ਇਨ੍ਹਾਂ ਵਿਚ ਅਤੇ ਹੋਰ ਬੰਦਿਆਂ ਵਿਚ ਕੀ ਫਰਕ ਹੈ; ਬੱਸ ਐਨਾ ਹੀ ਹੈ ਕਿ ਇਨ੍ਹਾਂ ਦੇ ਕੱਪੜੇ ਗੇਰੂ ਰੰਗ ਦੇ ਹੁੰਦੇ ਹਨ, ਭਗਵੇਂ ਰੰਗ ਦੇ ਹੁੰਦੇ ਹਨ ਅਤੇ ਸਾਡੇ ਹੋਰ ਭਾਂਤ-ਭਾਂਤ ਰੰਗਾਂ ਦੇ ਹੁੰਦੇ ਹਨ; ਇਹ ਅੱਖਾਂ ਮੀਚ ਕੇ ਬੈਠੇ ਰਹਿੰਦੇ ਹਨ - ਬਗਲੇ ਵਾਂਗ, ਤੇ ਜਦੋਂ ਡੱਡੀ ਨੇੜੇ ਆ ਜਾਂਦੀ ਹੈ ਤਾਂ ਇਕ ਦਮ ਝਪਟਾ ਮਾਰ ਕੇ ਖਾ ਜਾਂਦੇ ਹਨ। ਇਸ ਤਰ੍ਹਾਂ ਇਹ ਪਖੰਡੀ ਸੰਤ ਹਨ ਪਰ ਕਹਿੰਦੇ ਹਨ ਕਿ ਤ੍ਰਿਕਾਲਦਰਸ਼ੀ ਹਾਂ। ਇਹ ਸਭ ਢੌਂਗ ਹੈ ਅਤੇ ਅਸੀਂ ਇਸ ਢੌਂਗ ਨੂੰ ਨੰਗਿਆਂ ਕਰ ਦਿੰਦੇ ਹਾਂ।

ਬੱਚਿਆਂ ਨੂੰ ਇਕੱਠਾ ਕੀਤਾ ਅਤੇ ਇਕ ਬੱਚਾ, ਜਿਸ ਦਾ ਨਾਮ ਸੁੰਭ ਸੀ, ਦੇ ਪੇਟ ਉਤੇ ਇਕ ਬਾਟਾ ਮੂਧਾ ਮਾਰ ਕੇ ਕੱਪੜੇ ਨਾਲ ਬੰਨ੍ਹ ਦਿਤਾ ਅਤੇ ਬੀਬੀਆਂ ਵਾਲੇ ਬਸਤ੍ਰ ਪੁਆ ਕੇ ਇਸ ਤਰ੍ਹਾਂ ਦਾ ਭੇਖ ਬਣਾ ਦਿਤਾ ਜਿਵੇਂ ਕਿ ਕੋਈ ਗਰਭਵਤੀ ਬੀਬੀ ਹੋਵੇ ਅਤੇ ਬਾਕੀ ਬੱਚਿਆਂ ਨੇ ਮਰਦਾਂ ਵਾਲੇ ਬਸਤ੍ਰ ਪਾ ਲਏ ਅਤੇ ਲੱਗੇ ਸੰਤਾਂ ਨੂੰ ਮਸਖਰੀਆਂ ਕਰਨ। ਇਕੱਲੇ-ਇਕੱਲੇ ਸੰਤ ਕੋਲ ਜਾ ਕੇ ਨਮਸਕਾਰਾਂ ਕਰਨ ਅਤੇ ਬੜੇ ਹੌਂਸਲੇ ਨਾਲ ਪੁੱਛਣ, ਬਾਬਾ ਜੀ! ਸੁਣਦੇ ਹਾਂ ਕਿ ਤੁਸੀਂ ਤ੍ਰਿਕਾਲਦਰਸ਼ੀ ਹੋ, ਤੁਸੀਂ ਭੂਤ ਭਵਿੱਖਤ ਅਤੇ ਵਰਤਮਾਨ ਬਾਰੇ ਸਭ ਕੁਛ ਜਾਣਦੇ ਹੋ; ਅਸੀਂ ਤੁਹਾਨੂੰ ਤਾਂ ਹੀ ਨਮਸਕਾਰਾਂ ਕਰ ਰਹੇ ਹਾਂ ਪਰ ਇਹ ਸਾਡੇ ਨਾਲ ਇਕ ਲੜਕੀ ਹੈ, ਇਹ ਸ਼ਰਮਾਉਂਦੀ ਹੋਈ ਆਪ ਤਾਂ ਕੁਝ ਨਹੀਂ ਕਹਿੰਦੀ ਪਰ ਇਹ ਪੁੱਛਣਾ ਚਾਹੁੰਦੀ ਹੈ ਕਿ ਇਸ ਦੇ ਪੇਟ ਵਿਚੋਂ ਲੜਕਾ ਪੈਦਾ ਹੋਵੇਗਾ ਜਾਂ ਲੜਕੀ? ਸੰਤ ਨਿਰੋਲ ਸ਼ਾਂਤੀ ਦਾ ਮੁਜੱਸਮਾ ਹੋਇਆ ਕਰਦੇ ਹਨ। ਹੱਸ ਕੇ ਉਤਰ ਦੇ ਦੇਣਾ ਕਿ ਇਹ ਤਾਂ ਪਰਮੇਸ਼ਰ ਦੀ ਮਰਜ਼ੀ ਅਨੁਸਾਰ ਹੀ ਸਭ ਕੁਝ ਹੋਇਆ ਕਰਦਾ ਹੈ, ਸਾਨੂੰ ਨਹੀਂ ਪਤਾ। ਮੁੰਡਿਆਂ ਨੇ ਤਾੜੀਆਂ ਵਜਾ ਕੇ ਮਸ਼ਕਰੀ ਨਾਲ ਕਹਿ ਦੇਣਾ ਕਿ ਐਵੇਂ ਸੰਤ ਬਣੇ ਫਿਰਦੇ ਹੋ? ਜੇ ਇਕ ਛੋਟੀ ਜਿਹੀ ਗੱਲ ਦਾ ਵੀ ਪਤਾ ਨਹੀਂ, ਤੁਸੀਂ ਹੋਰ ਦੁਨੀਆਂ ਨੂੰ ਕੀ ਦੱਸੋਗੇ?

ਇਸ ਤਰ੍ਹਾਂ ਇਕੱਲੇ-ਇਕੱਲੇ ਕੋਲ ਜਾ ਕੇ ਨਿਰਾਦਰੀ ਕਰਦੇ ਅਤੇ ਅੰਤ ਵਿਚ ਆਪਣੀ ਯਾਦਵ ਕੁਲ ਦੇ ਗੁਰੂ ਦੁਰਬਾਸ਼ਾ ਰਿਸ਼ੀ ਜੀ ਕੋਲ ਪਹੁੰਚ ਗਏ। ਇਸ ਰਿਸ਼ੀ ਜੀ ਪਾਸੋਂ ਕ੍ਰਿਸ਼ਨ ਜੀ ਮਹਾਰਾਜ ਨੇ ਅੱਠ ਦਿਨਾਂ ਵਿਚ ਬ੍ਰਹਮ ਵਿਦਿਆ ਪੜ੍ਹੀ ਸੀ ਅਤੇ ਫੇਰ ਅੱਠ ਦਿਨਾਂ ਦੇ ਅੰਦਰ ਸੰਦੀਪਨ ਜੀ ਦੇ ਆਸ਼ਰਮ ਤੇ ਜਾ ਕੇ ਹੋਰ ਵਿਦਿਆ ਪ੍ਰਾਪਤ ਕੀਤੀ ਸੀ ਅਤੇ ਸ਼ਸ਼ਤਰ ਵਿਦਿਆ ਸਿੱਖੀ ਸੀ। ਇਸ ਤਰ੍ਹਾਂ ਸੰਦੀਪਨ ਜੀ ਕ੍ਰਿਸ਼ਨ ਜੀ ਦੇ ਸ਼ਸ਼ਤਰ ਗੁਰੂ ਸਨ ਅਤੇ ਦੁਰਬਾਸ਼ਾ ਜੀ ਅਧਿਆਤਮਕ ਗੁਰੂ ਸਨ। ਸਾਰੇ ਪੀਰਾਂ-ਪੈਗੰਬਰਾਂ ਦੇ ਅਧਿਆਤਮਕ ਗੁਰੂ ਹੋਇਆ ਕਰਦੇ ਹਨ ਪਰ ਗੁਰੂ-ਘਰ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਆਪਣੇ ਗੁਰੂ ਬਾਰੇ ਇਉਂ ਦੱਸ ਪਾਉਂਦੇ ਹਨ -

***ਅਪਰੰਪਰ ਪਾਰਬ੍ਰਹਮੁ ਪਰਮੇਸਰੁ***
***ਨਾਨਕ ਗੁਰੁ ਮਿਲਿਆ ਸੋਈ ਜੀਉ।।***
***ਪੰਨਾ - 599***

ਉਨ੍ਹਾਂ ਦੇ ਗੁਰੂ ਅਕਾਲਪੁਰਖ ਹੀ ਸਨ ਕਿਉਂਕਿ ਆਪਣੇ ਦਸਵੇਂ ਸਰੂਪ ਵਿਚ ਵੀ ਦਸਦੇ ਹਨ -

***ਆਦਿ ਅੰਤਿ ਏਕੈ ਅਵਤਾਰਾ।।***
***ਸੋਈ ਗੁਰੂ ਸਮਝਿਯਹੁ ਹਮਾਰਾ।।***
***(ਚੌਪਈ ਪਾਤਸ਼ਾਹੀ 10)***

ਹੋਰ ਅਵਤਾਰਾਂ ਦੇ ਗੁਰੂ ਕੋਈ ਨਾ ਕੋਈ ਰਿਸ਼ੀ ਮੁਨੀ ਸਨ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਹੀ ਅਕਾਲ ਪੁਰਖ ਦਾ ਰੂਪ ਸਨ -

***ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ***
***ਕਹਾਯਉ।। ਪੰਨਾ - 1408***

ਸੋ ਇਸ ਤਰ੍ਹਾਂ ਉਹ ਬੱਚੇ ਚਲਦੇ-ਚਲਦੇ, ਪੁਛਦੇ-ਪੁਛਦੇ ਦੁਰਬਾਸ਼ਾ ਰਿਸ਼ੀ ਜੀ ਕੋਲ ਪਹੁੰਚ ਜਾਂਦੇ ਹਨ ਅਤੇ ਉਥੇ ਜਾ ਕੇ ਉਹੀ ਗੱਲ ਕਹੀ। ਸੁਣ ਕੇ ਦੁਰਬਾਸ਼ਾ ਜੀ ਅੰਤਰਧਿਆਨ ਹੋ ਗਏ ਕਿ ਮੁੰਡੇ ਐਡੇ ਗੁਸਤਾਖ ਹੋ ਗਏ ਹਨ? ਕ੍ਰਿਸ਼ਨ ਮਹਾਰਾਜ ਜੀ ਦੇ ਹੁੰਦਿਆਂ ਹੀ ਸੰਤਾਂ ਦਾ ਐਡਾ ਨਿਰਾਦਰ ਕਰਨ ਲਗ ਪਏ? ਅਜੇ ਤਾਂ ਕਲਜੁਗ ਨਹੀਂ ਆਰੰਭ ਹੋਇਆ ਤੇ ਪਤਾ ਨਹੀਂ ਕਲਜੁਗ ਵਿਚ ਲੋਕ ਕੀ ਕੁਝ ਕਰਿਆ ਕਰਨਗੇ। ਕਿਉਂਕਿ ਨਾਸਤਕ ਲੋਕ ਸੰਤਾਂ ਦੀ ਨਿੰਦਿਆ ਕਰ ਕਰ ਕੇ ਕੁੰਭੀ ਨਰਕ, ਜੋ ਰਾਜੇ ਜਨਕ ਨੇ ਤ੍ਰੇਤੇ ਜੁਗ ਦੇ ਅੰਦਰ ਭਜਨ ਦੇ ਬਲ ਨਾਲ ਖਾਲੀ ਕਰਵਾਏ ਸਨ, ਭਰਨਗੇ। ਅਜੇ ਤਾਂ ਦੁਆਪਰ ਯੁਗ ਹੀ ਹੈ ਤੇ ਹੁਣੇ ਹੀ ਸੰਤਾਂ ਦਾ ਨਿਰਾਦਰ! ਇਹ ਤਾਂ ਹੁਣੇ ਹੀ ਸ਼ੁਰੂ ਹੋ ਗਿਆ; ਫੇਰ ਮਸ਼ਕਰੀ ਕਰਦੇ ਨੇ - ਕੁਲ ਗੁਰੂ ਨਾਲ। ਦੋ ਵਾਰ ਦੁਰਬਾਸ਼ਾ ਜੀ ਨੇ ਬੱਚਿਆਂ ਨੂੰ ਟਾਲ ਦਿਤਾ। ਪਰ ਉਹ ਫੇਰ ਕਹਿਣ ਲੱਗੇ, "ਗੁਰੂ ਜੀ! ਤੁਸੀਂ ਤਾਂ ਸਾਡੇ ਕੁਲ-ਗੁਰੂ ਹੋ, ਤੁਹਾਨੂੰ ਵੀ ਨਹੀਂ ਪਤਾ ਕਿ ਇਸ ਲੜਕੀ ਦੇ

ਲੜਕਾ ਪੈਦਾ ਹੋਵੇਗਾ ਜਾਂ ਲੜਕੀ? ਐਵੇਂ ਹੀ ਮੱਥੇ ਟਿਕਾਉਂਦੇ ਹੋ ਅਤੇ ਫੇਰ ਤੁਹਾਡੇ ਅਤੇ ਸਾਡੇ ਅੰਦਰ ਫਰਕ ਕੀ ਹੋਇਆ? ਉਨ੍ਹਾਂ ਨੂੰ ਫੇਰ ਸਮਝਾਇਆ ਕਿ ਬੱਚਿਓ! ਸੰਤਾਂ ਨਾਲ ਮਸਖਰੀਆਂ ਨਹੀਂ ਕਰੀਦੀਆਂ; ਸੰਤਾਂ ਦਾ ਜੇ ਤੁਸੀਂ ਆਦਰ ਨਹੀਂ ਕਰ ਸਕਦੇ ਤਾਂ ਨਿਰਾਦਰ ਵੀ ਨਾ ਕਰੋ। ਸਾਰੇ ਬੱਚੇ ਖਿੜ-ਖਿੜਾ ਕੇ ਹੱਸ ਪਏ ਤੇ ਕਹਿਣ ਲੱਗੇ, “ਜੇ ਕੋਈ ਸੰਤ ਹੋਵੇ ਤਾਂ ਹੀ ਅਸੀਂ ਉਸ ਦਾ ਆਦਰ ਕਰੀਏ; ਐਥੇ ਤਾਂ ਸਾਰੇ ਰੋਟੀਆਂ ਖਾਣੇ ਬੈਠੇ ਹਨ ਜਿਨ੍ਹਾਂ ਨੂੰ ਇਹ ਭੀ ਪਤਾ ਨਹੀਂ ਕਿ ਇਸ ਲੜਕੀ ਦੇ ਕੀ ਔਲਾਦ ਹੋਵੇਗੀ।” ਉਸ ਵੇਲੇ ਦੁਰਬਾਸ਼ਾ ਜੀ ਨੇ ਸੋਚਿਆ ਕਿ ਜਿੰਨੇ ਮਹਾਂਪੁਰਸ਼ ਇਸ ਅਸਥਾਨ ਤੇ ਆਏ ਹੋਏ ਨੇ, ਸਾਰੇ ਇਕ ਤੋਂ ਇਕ ਚੜ੍ਹਦੇ ਨੇ। ਉਨ੍ਹਾਂ ਦਾ ਇਹ ਗੁਸਤਾਖ ਮੁੰਡੇ ਨਿਰਾਦਰ ਕਰਦੇ ਨੇ। ਇਸ ਨਿਰਾਦਰ ਦਾ ਫਲ ਇਨ੍ਹਾਂ ਨੂੰ ਜ਼ਰੂਰ ਭੁਗਤਣਾ ਚਾਹੀਦਾ ਹੈ।”

***ਸੰਤਨ ਸੇਤੀ ਮਸਖਰੀ ਕੁਲ***
***ਡੋਬਣ ਕੀ ਰੀਤ।***

ਕਹਿੰਦੇ ਨੇ ਜਿਸਨੇ ਡੁੱਬਣਾ ਹੋਵੇ, ਉਹ ਸੰਤਾਂ ਨੂੰ ਛੇੜ ਲਵੇ, ਆਪੇ ਡੁੱਬ ਜਾਂਦੈ। ਗੁਰਬਾਣੀ ਹੈ -

***ਦੁਰਬਾਸਾ ਸਿਉ ਕਰਤ ਠਗਉਰੀ***
***ਜਾਦਵ ਏ ਫਲ ਪਾਏ॥ ਪੰਨਾ-693***

ਗੁਰੂ ਮਹਾਰਾਜ ਕਹਿੰਦੇ ਨੇ ਕਿ ਦੁਰਬਾਸ਼ਾ ਜੀ ਨਾਲ ਠਗਉਰੀ (ਮਸਖਰੀ) ਕੀਤੀ ਤਾਂ ਫਲ ਕੀ ਹੋਇਆ ਆਪਣੀ ਕੁਲ ਦਾ ਨਾਸ਼ ਕਰਵਾ ਲਿਆ।

ਦੁਰਬਾਸ਼ਾ ਜੀ ਫੇਰ ਪ੍ਰੇਮ ਨਾਲ ਬੋਲੇ, “ਜਾਓ ਬੱਚਿਓ ਜਾਓ! ਸੰਤਾਂ ਨਾਲ ਮਸਖਰੀਆਂ ਨਹੀਂ ਕਰੀਦੀਆਂ।” ਉਹ ਕਹਿਣ ਲੱਗੇ, “ਗੁਰੂ ਜੀ! ਫਿਰ ਇਉਂ ਕਿਉਂ ਨਹੀਂ ਕਹਿ ਦਿੰਦੇ ਕਿ ਸਾਨੂੰ ਨਹੀਂ ਪਤਾ। ਐਵੇਂ ਤ੍ਰਿਕਾਲਦਰਸ਼ੀ ਬਣੇ ਫਿਰਦੇ ਓਂ।” ਉਸ ਵੇਲੇ ਦੁਰਬਾਸ਼ਾ ਜੀ ਬ੍ਰਹਮ ਤੇਜ਼ ਵਿਚ ਆ ਗਏ ਅਤੇ ਨਾਸਤਕ ਬੱਚਿਆਂ ਨੂੰ ਉਨ੍ਹਾਂ ਵਲੋਂ ਕੀਤੇ ਕਰਮ ਦਾ ਫਲ ਭੁਗਤਾਉਣ ਲਈ ਬੋਲੇ -

“ਫੇਰ ਪੁੱਛਣਾ ਹੀ ਹੈ?”

“ਹਾਂ।”

ਦੂਜੀ ਵਾਰ ਫੇਰ ਕਿਹਾ, “ਪੁਛਣੈ?”

ਬੱਚੇ ਕੁਝ ਡਰ ਗਏ, ਪਰ ਫੇਰ ਕਹਿ ਦਿਤਾ, “ਹਾਂ।”

“ਫੇਰ ਦੱਸੀਏ?”

ਕਹਿੰਦੇ, “ਹਾਂ, ਦੱਸ ਦਿਓ। ਅਸੀਂ ਕਦ ਕਹਿੰਦੇ ਹਾਂ, ਨਾ ਦੱਸੋ?”

ਇਹ ਸੁਣ ਕੇ ਦੁਰਬਾਸ਼ਾ ਜੀ ਕਹਿਣ ਲੱਗੇ, “ਜਾਓ, ਇਸ ਦੇ ਪੇਟ ’ਚੋਂ ਉਹ ਪੈਦਾ ਹੋਵੇਗਾ ਜਿਹੜਾ ਤੁਹਾਡੀ ਕੁਲ ਦਾ ਨਾਸ਼ ਕਰੇਗਾ।” ਇਹ ਕਹਿੰਦੇ ਸਾਰ ਹੱਥ ਵਿਚ ਪਾਣੀ ਦੀ ਚੁਲੀ ਲਈ ਅਤੇ ਜ਼ੋਰ ਨਾਲ ਵਗਾਹ ਕੇ ਮਾਰੀ।

ਬੱਚੇ ਡਰ ਗਏ ਤੇ ਵਾਪਸ ਆ ਗਏ ਤੇ ਜਦੋਂ ਕੱਪੜੇ ਲਾਹੇ ਤਾਂ ਵਿਚੋਂ ਲੋਹੇ ਦਾ ਇਕ ਮੂਸਲ ਨਿਕਲਿਆ; ਬਾਟੀ ਨਾ ਨਿਕਲੀ। ਇਹ ਦੇਖ ਕੇ ਡਰ ਗਏ ਕਿ ਬਾਟੀ ਕਿਥੇ ਚਲੀ ਗਈ? ਰੋਣ ਲਗ ਗਏ ਕਿ ਹੁਣ ਸਾਡੀ ਕੁਲ ਦਾ ਜ਼ਰੂਰ ਨਾਸ਼ ਹੋ ਜਾਵੇਗਾ; ਸਾਡੇ ਮਾਂ ਬਾਪ, ਭਾਈ, ਰਿਸ਼ਤੇਦਾਰ ਆਦਿ ਸਾਰੀ ਕੁਲ ਖਤਮ ਹੋ ਜਾਵੇਗੀ। ਸਾਰੇ ਰੋਂਦੇ-ਰੋਂਦੇ ਕ੍ਰਿਸ਼ਨ ਮਹਾਰਾਜ ਜੀ ਕੋਲ ਪਹੁੰਚਦੇ ਹਨ।

ਕ੍ਰਿਸ਼ਨ ਮਹਾਰਾਜ ਪੁੱਛਣ ਲੱਗੇ, “ਤੁਸੀਂ ਕਿਉਂ ਰੋ ਰਹੇ ਓਂ, ਕੀ ਹੋ ਗਿਆ?”

“ਸਾਨੂੰ ਦੁਰਬਾਸ਼ਾ ਜੀ ਨੇ ਸ੍ਰਾਪ ਦੇ ਦਿਤਾ।”

ਕ੍ਰਿਸ਼ਨ ਮਹਾਰਾਜ ਜੀ ਕਹਿਣ ਲੱਗੇ ਕਿ ਸੰਤ ਨਾ ਤਾਂ ਬਿਨਾਂ ਕਾਰਨ ਵਰ ਦਿੰਦੇ ਹਨ, ਨਾ ਹੀ ਸ੍ਰਾਪ। ਵਰ ਲੈਣਾ ਹੋਵੇ ਤਾਂ ਸੇਵਾ ਕਰਕੇ ਉਨ੍ਹਾਂ ਨੂੰ ਪ੍ਰਸੰਨ ਕਰ ਲਵੇ; ਬਚਨ ਲੈਣਾ ਹੋਵੇ ਸੰਤਾਂ ਦੀ ਖੁਸ਼ੀ ਪ੍ਰਾਪਤ ਕਰੇ। ਫੇਰ ਉਨ੍ਹਾਂ ਦੇ ਮੁਖ ਤੋਂ ਜੋ ਬਚਨ ਨਿਕਲ ਜਾਏ, ਉਹ ਅਵੱਸ਼ ਪੂਰਾ ਹੋ ਜਾਇਆ ਕਰਦਾ ਹੈ।

***ਭਗਤ ਮੁਖੈ ਤੇ ਬੋਲਦੇ***
***ਸੇ ਵਚਨ ਹੋਵੰਦੇ॥ ਪੰਨਾ - 306***

ਪ੍ਰਸੰਨ ਕਰਕੇ ਉਨ੍ਹਾਂ ਦੇ ਮੁਖ ਤੋਂ ਬਚਨ ਕਢਾਉਣਾ ਪੈਂਦਾ ਹੈ।

ਬਹੁਤ ਵਾਰੀ ਦੇਖਿਐ ਕਿ ਸੰਤਾਂ ਕੋਲ ਲੋੜਵੰਦ ਆਉਂਦੇ ਹਨ। ਨਾ ਕਦੇ ਸੇਵਾ ਕੀਤੀ, ਨਾ ਹੀ ਆਪਣਾ ਕੋਈ ਪਰੀਚਾ ਦਿਤਾ, ਨਾ ਕਦੇ ਭੁੱਲ ਕੇ ਵੀ ਸਤਿਸੰਗ ਵਿਚ ਆਉਂਦੇ ਨੇ ਪਰ ਸੰਤਾਂ ਕੋਲ ਆਉਂਦੇ ਹੀ ਕਹਿੰਦੇ ਹਨ- ਇਸ ਦੇ ਪੁੱਤਰ ਨਹੀਂ ਹੁੰਦਾ, ਇਸ ਨੂੰ ਫਲ ਦਿਓ ਜੀ....., ਬਾਰ-ਬਾਰ ਕਹਿੰਦੇ ਹਨ - ਬਾਬਾ ਜੀ ਬਚਨ ਕਰ ਦਿਓ। ਉਹ ਕਹਿੰਦੇ ਹਨ, “ਕੀ ਬਚਨ ਕਰਾਉਣੈ ਭਾਈ?” “ਜੀ ਸਾਡੇ ਇਉਂ ਹੋ ਜਾਵੇ, ਸਾਡੇ ਵ੍ਹਹ ਹੋ ਜਾਵੇ....।” ਫੇਰ ਕਹੀਦਾ ਹੈ - ਦੇਖੋ ਭਾਈ! ਤੁਸੀਂ ਜਿਵੇਂ-ਜਿਵੇਂ ਕਹਾ ਲਓ, ਉਵੇਂ ਜਿਵੇਂ ਬੋਲ ਦਿੰਦੇ ਹਾਂ। ਇਕ ਤਾਂ ਐਸੇ ਹੁੰਦੇ ਹਨ ਜੋ ਕਹਿੰਦੇ ਹਨ, “ਜੀ ਤੁਸੀਂ ਕਹਿ ਦਿਓ, ਪੁੱਤਰ ਹੋ ਜਾਵੇਗਾ।” ਅਸੀਂ ਕਹਿੰਦੇ ਹਾਂ, ਭਾਈ ਜੇ ਸਾਡੇ ਕਹੇ ਤੇ ਹੋ ਜਾਵੇ ਤਾਂ ਹੁਣੇ ਕਹਿ ਦਿੰਦੇ ਹਾਂ। ਡਾਕਟਰਾਂ ਦੀ ਕੀ ਲੋੜ ਹੈ, ਫੇਰ ਤਾਂ ਰੱਬ ਦੀ ਭੀ ਕੋਈ ਲੋੜ ਨਾ ਰਹੇ। ਸੋ ਇਸ ਤਰ੍ਹਾਂ ਜ਼ਬਰਦਸਤੀ ਸੰਤਾਂ ਤੋਂ ਬਚਨ ਕਰਾਉਂਦੇ ਨੇ। ਸਾਧ ਸੰਗਤ! ਇਕ ਬਚਨ ਤਾਂ ਉਹ ਹੁੰਦਾ ਹੈ ਕਿ ਸੇਵਾ ਕਰਕੇ ਸੰਤਾਂ ਨੂੰ ਪ੍ਰਸੰਨ ਕਰ ਲਵੇ, ਫੇਰ ਉਨ੍ਹਾਂ ਦੇ ਮੂੰਹੋਂ ਆਪਣੇ ਆਪ ਹੀ ਬਚਨ ਨਿਕਲ ਜਾਂਦਾ ਹੈ। ਮਹਾਂਪੁਰਸ਼ ਬਚਨ ਕਰਨ ਤੋਂ ਬਹੁਤ ਸੰਕੋਚ ਕਰਦੇ ਹੁੰਦੇ ਹਨ ਪਰ ਉਸਦੀ ਦੁਰ-ਭਾਵਨਾਂ ਅਤੇ ਉਸਦੇ ਪਾਪ ਕਰਮ ਦੇ ਪ੍ਰੇਰੇ ਹੋਏ ਉਸ ਸੂਰਤ ਵਿਚ ਆਪਣੇ ਆਪ ਹੀ ਉਨ੍ਹਾਂ ਦੇ ਮੁਖ ਵਿਚੋਂ ਬਚਨ ਹੋ ਜਾਇਆ ਕਰਦਾ ਹੈ। ਪਰ ਜੇ ਸੰਤਾਂ ਨੂੰ ਤੰਗ ਕਰੇ ਜਾਂ

ਨਿੰਦਿਆ ਕਰੇ, ਬੁਰਾ ਕਰੇ ਤਾਂ ਫੇਰ ਐਸਾ ਵੀ ਸਮਾਂ ਆ ਜਾਂਦਾ ਹੈ ਕਿ ਸਬਰ ਦਾ ਪਿਆਲਾ ਉਛਲਣ ਲਗ ਜਾਂਦਾ ਹੈ ਤੇ ਸੰਤ ਲੋਕ ਬਚਨ ਕਰਕੇ ਫਨਾਹ ਵੀ ਕਰ ਦਿਆ ਕਰਦੇ ਨੇ ਪਰ ਆਮ ਤੌਰ ਤੇ ਸੰਤ ਕਦੇ ਵੀ ਕਿਸੇ ਨੂੰ ਮਾੜਾ ਨਹੀਂ ਕਹਿੰਦੇ।

ਸੋ, ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਸੰਤ, ਬਿਨਾਂ ਕਾਰਨ ਨਾ ਸਰਾਪ ਦਿੰਦੇ ਹਨ ਅਤੇ ਨਾ ਹੀ ਵਰ। ਇਹ ਆਪਣੀ ਹੀ ਭਾਵਨਾ ਵਰ ਲੈਂਦੀ ਹੈ ਅਤੇ ਆਪਣੀ ਹੀ ਭਾਵਨਾ ਸਰਾਪ ਲੈ ਲੈਂਦੀ ਹੈ। ਸਾਰੀ ਗੱਲ ਪੁਤਰਾਂ, ਪੋਤਰਿਆਂ ਤੋਂ ਸੁਣ ਕੇ ਕਹਿਣ ਲੱਗੇ ਕਿ ਫੇਰ ਤਾਂ ਤੁਹਾਡੀ ਹੀ ਗਲਤੀ ਹੈ, ਤੁਸੀਂ ਹੀ ਸੰਤਾਂ ਨੂੰ ਜਾ ਕੇ ਤੰਗ ਕੀਤਾ। ਸੋ ਹੁਣ ਯਾਦਵ ਕੁਲ ਦਾ ਨਾਸ਼ ਅਵੱਸ਼ ਹੀ ਹੋ ਜਾਵੇਗਾ ਕਿਉਂਕਿ ਸਾਧ ਦਾ ਬਚਨ ਟਲਿਆ ਨਹੀਂ ਕਰਦਾ–

*ਧਾਰਨਾ –ਭਾਵੇਂ ਚੰਦਰਮਾ ਨਾਸ਼ ਹੋ ਜਾਵੇ,*
*ਸੰਤਾਂ ਦਾ ਬੋਲ ਨ ਟਲੇ*
*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ*
*ਰਵਿ ਸਸੀਅਰ ਬੇਨਾਧਾ॥*
*ਗਿਰਿ ਬਸੁਧਾ ਜਲ ਪਵਨ ਜਾਇਗੋ*
*ਇਕਿ ਸਾਧ ਬਚਨ ਅਟਲਾਧਾ॥*
*ਪੰਨਾ – 1204*

"ਮਹਾਰਾਜ ਜੀ! ਤੁਸੀਂ ਵੀ ਉਨ੍ਹਾਂ ਦਾ ਬਚਨ ਨਹੀਂ ਬਦਲ ਸਕਦੇ?"

ਇਹ ਸੁਣ ਕੇ ਆਪ ਨੇ ਫੁਰਮਾਇਆ ਕਿ ਇਹ ਨੇਤ, ਆਦਿ ਜੁਗਾਦਿ ਤੋਂ ਹੀ ਚਲੀ ਆਉਂਦੀ ਹੈ ਕਿ ਪ੍ਰਭੂ ਆਪਣੇ ਪਿਆਰਿਆਂ/ਸੰਤਾਂ ਦਾ ਕੀਤਾ ਹੋਇਆ ਬਚਨ ਕਦੇ ਵੀ ਨਹੀਂ ਟਾਲਦੇ ਜਦੋਂ ਕਿ ਸੰਤ ਪ੍ਰਭੂ ਦੀ ਕੀਤੀ ਹੋਈ ਨੂੰ ਬਦਲ ਸਕਦੇ ਹਨ–

*ਧਾਰਨਾ – ਮੇਰੀ ਬੰਨ੍ਹੀ ਹੋਈ*
*ਭਗਤ ਛੁਡਾਉਂਦੇ ਨੇ,*
*ਭਗਤਾਂ ਦੀ ਬੰਨ੍ਹੀ ਨਾ ਛੁੱਟਦੀ*
*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*
*ਪੰਨਾ – 1252-53*

ਪਰਮੇਸ਼ਰ ਦੀ ਬੰਨ੍ਹੀ ਹੋਈ ਨੂੰ ਸੰਤ, ਭਗਤ ਛੁਡਾ ਦਿੰਦੇ ਨੇ ਕਿਉਂਕਿ ਉਨ੍ਹਾਂ ਦੀ ਸੁਰਤੀ ਬਿਰਤੀ ਐਸੀ ਹੁੰਦੀ ਹੈ ਕਿ –

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ॥*
*ਪੰਨਾ – 748*

ਉਨ੍ਹਾਂ ਨੇ ਪਰਮੇਸ਼ਰ ਨੂੰ ਪਿਆਰ ਦੇ ਨਾਲ ਐਨਾਂ ਵਸ ਵਿਚ ਕਰ ਲਿਆ ਹੁੰਦਾ ਹੈ ਕਿ ਜੋ ਕੁਝ ਵੀ ਕਰਾਉਣਾ ਚਾਹੁਣ, ਉਹ ਪਰਮੇਸ਼ਰ ਨੂੰ ਕਰਨਾ ਹੀ ਪੈਂਦਾ ਹੈ – *'ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥'* ਜਦੋਂ ਉਹ ਮੈਨੂੰ ਬੰਨ੍ਹ ਲੈਂਦੇ ਨੇ ਤਾਂ ਫੇਰ ਮੇਰੇ ਤੋਂ ਜਵਾਬ ਨਹੀਂ ਦੇ ਹੁੰਦਾ – ਉਨ੍ਹਾਂ ਨੂੰ। ਸੋ ਉਸ ਵੇਲੇ ਬੱਚਿਆਂ ਨੇ ਪੁੱਛਿਆ ਕਿ ਕੋਈ ਪ੍ਰਾਸਚਿਤ ਦੱਸੋ। ਤਾਂ ਕ੍ਰਿਸ਼ਨ ਜੀ ਨੇ ਫੁਰਮਾਇਆ ਕਿ ਪ੍ਰਾਸਚਿਤ ਇਹ ਹੈ ਕਿ ਪ੍ਰਭਾਸ ਤੀਰਥ ਤੇ ਜਾ ਕੇ ਇਸ ਮੂਸਲ ਨੂੰ ਰਗੜ-ਰਗੜ ਕੇ ਸਮੁੰਦਰ ਵਿਚ ਸੁੱਟ ਦਿਓ ਅਤੇ ਨਾਲ ਹੀ ਸਾਰੀ ਕੁਲ ਓਥੇ ਜਾ ਕੇ ਭਜਨ ਬੰਦਗੀ ਕਰੇ।

ਇਹ ਸੁਣ ਕੇ ਸਾਰੇ ਹੀ ਉਸ ਤੀਰਥ ਤੇ ਆ ਗਏ। ਯਾਦਵਾਂ ਨੂੰ ਸ਼ਰਾਬ ਪੀਣ ਦੀ ਆਦਤ ਪ੍ਰਪੱਕ ਹੋ ਚੁਕੀ ਸੀ। ਉਨ੍ਹਾਂ ਨੇ ਕ੍ਰਿਸ਼ਨ ਮਹਾਰਾਜ ਦਾ ਬਚਨ ਨਾ ਮੰਨਿਆ ਤੇ ਸ਼ਰਾਬ ਪੀ ਲਈ ਜਦੋਂ ਕਿ ਉਨ੍ਹਾਂ ਨੇ ਪਹਿਲਾਂ ਹੀ ਸਖਤ ਤਾਕੀਦ ਕੀਤੀ ਸੀ ਕਿ ਤੀਰਥ ਤੇ ਜਾ ਕੇ ਪਰਮੇਸ਼ਰ ਦੀ ਭਜਨ ਬੰਦਗੀ ਕਰਨੀ ਹੈ ਅਤੇ ਸ਼ਰਾਬ ਬਿਲਕੁਲ ਨਹੀਂ ਵਰਤਣੀ। ਰਗੜਦੇ-ਰਗੜਦੇ ਮੂਸਲ ਖਤਮ ਹੋ ਗਿਆ ਪਰ ਅੰਤ ਵਿਚ ਇਕ ਨਿੱਕਾ ਜਿਹਾ ਟੁਕੜਾ ਹੱਥ ਵਿਚੋਂ ਨਿਕਲ ਕੇ ਸਮੁੰਦਰ ਵਿਚ ਗਿਰ ਗਿਆ ਅਤੇ ਨੇੜੇ ਹੀ ਘੁੰਮ ਰਹੀ ਇਕ ਮੱਛੀ ਨੇ ਇਸ ਲੋਹੇ ਦੇ ਟੁਕੜੇ ਨੂੰ ਨਿਗਲ ਲਿਆ। ਯਾਦਵ ਪ੍ਰਾਸਚਿਤ ਕਰ ਰਹੇ ਹਨ, ਤੇ ਉਸੇ ਥਾਂ ਉਸ ਮੱਛੀ ਨੂੰ ਇਕ ਬੱਧਕ ਨੇ ਫੜ ਲਿਆ ਅਤੇ ਜਦੋਂ ਬੱਧਕ ਨੇ ਮੱਛੀ ਨੂੰ ਚੀਰਿਆ ਤਾਂ ਉਸ ਦੇ ਪੇਟ 'ਚੋਂ ਉਹੀ ਨੋਕਦਾਰ ਤਿਕੋਨਾ ਲੋਹੇ ਦਾ ਟੁਕੜਾ ਨਿਕਲਿਆ ਜੋ ਕਿ ਉਸ ਨੇ ਤੀਰ ਦੀ ਮੁਖੀ ਬਣਾ ਲਿਆ।

ਉਧਰ ਯਾਦਵਾਂ ਦੀ ਸਾਰੀ ਹੀ ਕੁਲ ਸ਼ਰਾਬ ਦੇ ਨਸ਼ੇ ਵਿਚ, ਆਪਸ ਵਿਚ ਲੜ ਭਿੜ ਕੇ ਖਤਮ ਹੋ ਗਈ। ਤਾਂ ਉਸ ਵੇਲੇ ਕ੍ਰਿਸ਼ਨ ਮਹਾਰਾਜ ਇਸ ਭਾਣੇ ਨੂੰ ਜਾਣਦੇ ਹੋਏ ਇਕੱਲੇ ਹੀ ਜੰਗਲ ਵਿਚ ਨਿਕਲ ਗਏ ਅਤੇ ਇਕ ਦਰਖਤ ਦੀ ਛਾਂ ਹੇਠ, ਦਰਖਤ ਨਾਲ ਪਿੱਠ ਲਾ ਕੇ, ਆਪਣਾ ਇਕ ਚਰਨ ਦੂਜੇ ਗੋਡੇ ਉਪਰ ਰੱਖ ਕੇ ਅਰਾਮ ਕਰਨ ਲੱਗੇ ਤਾਂ ਚਰਨ ਵਿਚ ਪਦਮ ਲਿਸ਼ਕਾਂ ਮਾਰ ਰਿਹਾ ਸੀ। ਉਸ ਸਮੇਂ ਉਸੇ ਜੰਗਲ ਵਿਚ ਇਕ ਸ਼ਿਕਾਰੀ, ਸ਼ਿਕਾਰ ਦੀ ਭਾਲ ਵਿਚ ਸੀ ਤੇ ਉਸਨੇ ਪਦਮ ਦੀ ਲਿਸ਼ਕ ਨੂੰ ਹਿਰਨ ਦੀ ਅੱਖ ਜਾਣ ਕੇ, ਸੇਧ ਲੈ ਕੇ ਬਾਣ ਮਾਰਿਆ ਜੋ ਕਿ ਕ੍ਰਿਸ਼ਨ ਮਹਾਰਾਜ ਦੀ ਵੱਖੀ 'ਚ ਜਾ ਖੁਭਿਆ। ਸ਼ਿਕਾਰੀ ਦੌੜ ਕੇ ਆਇਆ ਕਿ ਮਤਾਂ ਹਰਨ ਬਾਣ ਸਮੇਤ ਹੀ ਨਾ ਭੱਜ ਜਾਵੇ, ਪਰ ਕੋਲ ਆ ਕੇ ਹੈਰਾਨ ਹੋ ਗਿਆ ਕਿ ਮੈਂ ਤਾਂ ਕ੍ਰਿਸ਼ਨ ਜੀ ਮਹਾਰਾਜ, ਜੋ ਕਿ ਸੋਲ੍ਹਾਂ ਕਲਾਂ ਸੰਪੂਰਨ ਅਵਤਾਰ ਭਗਵਾਨ ਰੂਪ ਹਨ, ਨੂੰ ਬਾਣ ਮਾਰਿਆ ਤਾਂ ਬਹੁਤ ਪਛਤਾਇਆ। ਜਿਸ ਤਰ੍ਹਾਂ ਭਾਈ ਤਿਲੋਕੇ ਦੇ ਬਾਣ ਮਾਰ ਕੇ ਬੀਬੀ ਨੇ

ਪਛਤਾਵਾ ਕੀਤਾ ਸੀ, ਉਸ ਤੋਂ ਭੀ ਕਈ ਗੁਣਾਂ ਵੱਧ ਪਛਤਾਵਾ ਕੀਤਾ ਅਤੇ ਦੇਖਦੇ ਸਾਰ ਧਾਹਾਂ ਮਾਰ ਕੇ ਰੋਣ ਲਗਿਆ। ਭਾਈ ਸਾਹਿਬ ਗੁਰਦਾਸ ਜੀ ਇਸ ਬਾਰੇ ਲਿਖਦੇ ਹਨ -

*ਜਾਇ ਸੁਤਾ ਪਰਭਾਸ ਵਿਚਿ*
*ਗੋਡੇ ਉਤੈ ਪੈਰ ਪਸਾਰੇ॥*
*ਚਰਣ ਕਮਲ ਵਿਚਿ ਪਦਮੁ ਹੈ,*
*ਝਿਲਮਿਲ ਝਲਕੈ ਵਾਂਗੀ ਤਾਰੇ॥*
*ਬਧਿਕੁ ਆਇਆ ਭਾਲਦਾ,*
*ਮਿਰਗੈ ਜਾਣਿ ਬਾਣੁ ਲੈ ਮਾਰੇ॥*
*ਦਰਸਨ ਡਿਠੋਸੁ ਜਾਇਕੈ,*
*ਕਰਣ ਪਲਾਵ ਕਰੇ ਪੂਕਾਰੇ॥*
*ਗਲਿ ਵਿਚਿ ਲੀਤਾ ਕ੍ਰਿਸ਼ਨ ਜੀ,*
*ਅਵਗੁਣੁ ਕੀਤਾ ਹਰਿ ਨ ਚਿਤਾਰੇ॥*
*ਕਰਿ ਕਿਰਪਾ ਸੰਤੋਖਿਆ,*
*ਪਤਿਤ ਉਧਾਰਣੁ ਬਿਰਦੁ ਬੀਚਾਰੇ॥*
*ਭਲੇ ਭਲੇ ਕਰਿ ਮੰਨੀਅਨਿ*
*ਬੁਰਿਆਂ ਦੇ ਹਰਿ ਕਾਜ ਸਵਾਰੇ॥*
*ਪਾਪ ਕਰੇਂਦੇ ਪਤਿਤ ਉਧਾਰੇ॥*
*ਭਾਈ ਗੁਰਦਾਸ ਜੀ, ਵਾਰ-10/23*

ਉਸ ਵੇਲੇ ਬਹੁਤ ਰੋਇਆ, ਬਹੁਤ ਸਟਪਟਾਇਆ, ਦਰੱਖਤਾਂ ਦੇ ਨਾਲ ਟੱਕਰਾਂ ਮਾਰਦੈ ਅਤੇ ਪਛਤਾਵਾ ਕਰਦੈ ਕਿ ਮੈਂ ਕਿੱਡਾ ਬੁਰਾ ਕੰਮ ਕਰ ਦਿਤਾ ਕਿ ਐਨੇ ਪਿਆਰੇ ਮਹਾਨ ਭਗਵਾਨ ਨੂੰ ਮੈਂ ਬਾਣ ਮਾਰਿਆ, ਕਿਥੇ ਲੇਖੇ ਦੇਵਾਂਗਾ; ਹੁਣ ਬਾਣ ਲਗ ਗਿਆ, ਅਣਹੋਇਆ ਹੋ ਨਹੀਂ ਸਕਦਾ। ਬਹੁਤ ਹੀ ਬੁਰਾ ਕੰਮ ਮੇਰੇ ਤੋਂ ਹੋ ਗਿਆ। ਮੈਂ ਕਿਉਂ ਜਿਉਂਦਾ ਹਾਂ, ਇਹ ਲਗੇ ਹੋਏ ਬਾਣ ਨੂੰ ਦੇਖਣ ਤੋਂ ਪਹਿਲਾਂ ਮੈਂ ਮਰ ਕਿਉਂ ਨਾ ਗਿਆ। ਮੇਰੇ ਜਿਉਂਣ ਦਾ ਕੋਈ ਧਰਮ ਨਹੀਂ, ਮੇਰੇ ਪ੍ਰਾਣ ਕਿਉਂ ਨਾ ਨਿਕਲ ਗਏ। ਕਿੰਨਾ ਚੰਗਾ ਹੁੰਦਾ ਜੇ ਮੈਂ ਇਹ ਦ੍ਰਿਸ਼ ਆਪਣੀਆਂ ਅੱਖਾਂ ਨਾਲ ਨਾ ਦੇਖਦਾ। ਹੇ ਪ੍ਰਭੂ! ਤੁਹਾਡੇ ਪ੍ਰਾਣਾਂ ਦੇ ਅੰਤ ਹੋਣ ਤੋਂ ਪਹਿਲਾਂ ਹੀ ਮੈਂ ਮਰ ਜਾਵਾਂ ਤਾਂ ਵੀ ਇਸ ਦਾ ਪ੍ਰਾਸਚਿਤ ਨਹੀਂ ਹੋ ਸਕਦਾ। ਉਚੀ-ਉਚੀ ਵਿਰਲਾਪ ਕਰ ਰਿਹਾ ਹੈ ਅਤੇ ਕਹਿ ਰਿਹਾ ਹੈ, ਹੇ ਬ੍ਰਿਛੋ! ਹੇ ਪੰਛੀਓ! ਤੁਸੀਂ ਵੀ ਸਾਰੇ ਰੋ ਰਹੇ ਹੋਂ। ਮੇਰੀ ਕੀਤੀ ਤੇ ਤੁਹਾਨੂੰ ਵੀ ਬਹੁਤ ਪਛਤਾਵਾ ਹੋ ਰਿਹਾ ਹੋਣਾ ਹੈ। ਤੁਸੀਂ ਵੀ ਦੇਖ ਰਹੇ ਹੋਂ ਕਿ ਮੈਂ ਕ੍ਰਿਸ਼ਨ ਮਹਾਰਾਜ ਜੀ ਨੂੰ ਬਾਣ ਮਾਰਿਆ ਪਰ ਮੇਰੇ ਤੋਂ ਵੱਡੀ ਭੁੱਲ ਹੋ ਗਈ। ਮੈਂ ਇਨ੍ਹਾਂ ਨੂੰ ਨਹੀਂ ਮਾਰਿਆ, ਮੈਂ ਤਾਂ ਮਿਰਗ ਜਾਣ ਕੇ ਬਾਣ ਮਾਰਿਆ। ਕਿਵੇਂ ਮੈਂ ਪ੍ਰਾਸਚਿਤ ਕਰਾਂ - ਇਸ ਕਰਮ ਦਾ। ਲੱਕੜੀਆਂ ਇਕੱਠੀਆਂ ਕਰਕੇ, ਚਿਖਾ ਜਲਾ ਕੇ ਮੈਂ ਜਿਉਂਦਾ ਮਰ ਜਾਵਾਂ, ਮੇਰੀ ਬਣੀ ਹੋਈ ਭਸਮ ਦਾ ਕੋਈ ਨਾਮ ਨਿਸ਼ਾਨ ਬਾਕੀ ਨਾ ਰਹੇ। ਐਨਾ ਕਰਨ ਦੇ ਨਾਲ ਵੀ, ਮੇਰੇ ਉਤੋਂ ਇਸ ਘੋਰ ਪਾਪ ਦਾ ਬੋਝ ਨਹੀਂ ਲਹਿਣਾ। ਜੇ ਮੈਂ ਜੁਗਾਂ-ਜੁਗਾਂਤਰਾਂ ਤਾਈਂ ਨਰਕਾਂ ਵਿਚ ਸੜਦਾ ਰਹਾਂ, ਤਾਂ ਵੀ ਪ੍ਰਾਸਚਿਤ ਨਹੀਂ ਹੋ ਸਕਦਾ।

ਉਚੀ-ਉਚੀ ਰੋਂਦਾ, ਕ੍ਰਿਸ਼ਨ ਮਹਾਰਾਜ ਦੇ ਸਨਮੁਖ ਹੋਇਆ। ਉਹ ਬੱਧਕ ਨੂੰ ਦੇਖ ਕੇ ਮੁਸਕਰਾਏ ਅਤੇ ਬੜੇ ਪਿਆਰ ਭਰੀ ਮਿੱਠੀ ਅਵਾਜ਼ ਦੇ ਨਾਲ ਕਿਹਾ, "ਬੱਧਕ! ਮੇਰੇ ਪਾਸ ਆ। ਤੂੰ ਕਿਉਂ ਰੋਂਦਾ ਹੈਂ? ਤੈਨੂੰ ਰੋਣਾ ਨਹੀਂ ਚਾਹੀਦਾ। ਮੇਰੇ ਪਾਸ ਆ, ਬਾਣ ਲੱਗਿਆ ਕਰਕੇ ਮੈਨੂੰ ਹਿੱਲਣਾ ਔਖਾ ਹੋ ਰਿਹਾ ਹੈ। ਮੇਰੇ ਹੋਰ ਨੇੜੇ ਆ।" ਉਹ ਨੇੜੇ ਪੁਜਦਾ ਹੈ ਤਾਂ ਕ੍ਰਿਸ਼ਨ ਮਹਾਰਾਜ ਉਸਨੂੰ ਬਹੁਤ ਪ੍ਰੇਮੀ, ਪ੍ਰੇਮ ਭਗਤ ਵਾਂਗੂੰ ਜਾਣ ਕੇ ਜੱਫੀ ਵਿਚ ਲੈ ਲੈਂਦੇ ਹਨ ਅਤੇ ਘੁਟਦੇ ਹਨ, ਪਿਆਰ ਕਰਦੇ ਹਨ। ਫੇਰ ਪੁਛਦੇ ਹਨ, "ਤੂੰ ਕਿਉਂ ਰੋਂਦਾ ਹੈਂ?" ਕਹਿਣ ਲੱਗਿਆ, "ਮਹਾਰਾਜ! ਮੈਂ ਬੱਜਰ ਪਾਪੀ ਹਾਂ, ਮਹਾਂ-ਮਹਾਂ ਹਤਿਆਰਾ ਹਾਂ। ਪਾਪੀ ਤਾਂ ਮੈਂ ਪਹਿਲਾਂ ਵੀ ਬਹੁਤ ਹਾਂ - ਕਿੰਨੇ ਜਾਨਵਰ ਮਾਰੇ, ਕਿੰਨੇ ਪਿਆਰੇ ਪੰਖੀਆਂ ਦੀਆਂ ਜ਼ਿੰਦਾਂ ਬਾਣ ਮਾਰ-ਮਾਰ ਕੇ ਖਤਮ ਕਰ ਦਿਤੀਆਂ; ਉਹ ਸਾਰੇ ਪੰਛੀ ਮੇਰੇ ਤੋਂ ਜਵਾਬ-ਤਲਬੀ ਕਰ ਰਹੇ ਹਨ ਕਿ ਤੈਨੂੰ ਕੀ ਹੱਕ ਸੀ - ਪ੍ਰਮੇਸ਼ਰ ਦੀ ਦਿਤੀ ਹੋਈ ਜ਼ਿੰਦ ਨੂੰ ਅਸਾਥੋਂ ਖੋਹ ਲੈਣ ਦਾ। ਪਰ ਮਹਾਰਾਜ! ਹੁਣ ਤਾਂ ਮੈਂ ਮਹਾਂ-ਮਹਾਂ ਹਤਿਆਰਾ ਹੋ ਚੁਕਿਆ ਹਾਂ - ਆਪ ਨੂੰ ਬਾਣ ਮਾਰ ਕੇ।" ਕ੍ਰਿਸ਼ਨ ਮਹਾਰਾਜ ਸੁਣ ਕੇ ਮੁਸਕਰਾਏ ਅਤੇ ਕਹਿਣ ਲੱਗੇ, "ਬੱਧਕ! ਤੂੰ ਕੋਈ ਵੀ ਅਵਗੁਣ ਨਹੀਂ ਕੀਤਾ।" ਬੱਧਕ ਹੈਰਾਨ ਹੋਇਆ, "ਮਹਾਰਾਜ! ਇਸ ਤੋਂ ਵੱਧ ਵੀ ਕੋਈ ਅਵਗੁਣ ਹੋ ਸਕਦਾ ਹੈ? ਐਡਾ ਵੱਡਾ ਮੈਂ ਬੱਜਰ ਪਾਪ ਕੀਤਾ, ਮੇਰਾ ਕੀ ਹਾਲ ਹੋਏਗਾ? ਆਪ ਕਹਿੰਦੇ ਹੋ ਕਿ ਤੈਂ ਕੁਝ ਵੀ ਨਹੀਂ ਕੀਤਾ ਅਤੇ ਮੇਰੇ ਔਗੁਣਾਂ ਦਾ ਕੋਈ ਵਿਚਾਰ ਵੀ ਨਹੀਂ ਕਰ ਰਹੇ। ਭਲਿਆਂ ਨਾਲ ਤਾਂ ਸਾਰੇ ਭਲਿਆਈ ਕਰਦੇ ਹਨ ਪਰ ਮੇਰੇ ਵਰਗੇ ਦੁਸ਼ਟ ਨਾਲ ਵੀ ਤੁਸੀਂ ਨਰਾਜ਼ ਨਹੀਂ ਹੋ ਰਹੇ। ਪਾਤਸ਼ਾਹ! ਮੈਂ ਪਾਪੀ ਹਾਂ, ਹੇ ਮੇਰੇ ਭਗਵਾਨ! ਮੈਂ ਪਾਪੀ ਹਾਂ, ਮੈਂ ਭਾਰੀ ਦੰਡ ਦੇ ਕਾਬਿਲ ਹਾਂ। ਮੈਨੂੰ ਹੱਥੀਂ ਦੰਡ ਦਿਓ ਤਾਂ ਕਿ ਮੇਰੇ ਮਨ ਵਿਚ ਕੁਝ ਪ੍ਰਾਸਚਿਤ ਦਾ ਫਲ ਪ੍ਰਾਪਤ ਹੋਵੇ।" ਕ੍ਰਿਸ਼ਨ ਮਹਾਰਾਜ ਜੀ ਨੇ ਪਿਆਰ ਨਾਲ ਕਿਹਾ ਕਿ ਬੱਧਕ! ਤੂੰ ਨਾ ਰੋ। ਇਹ ਤਾਂ ਸਾਰੇ ਸੰਸਾਰ ਦੇ ਅੰਦਰ ਕਰਮਾਂ ਦੀ ਖੇਡ ਚਲ ਰਹੀ ਹੈ। ਮੇਰੀ ਮਾਇਆ ਨੇ ਕਰਮਾਂ ਦਾ ਡਰਾਮਾ ਰਚਿਆ ਹੋਇਆ ਹੈ। ਆਦਮੀ ਕੁਝ ਨਵੇਂ ਕਰਮ ਕਰ ਰਿਹਾ ਹੈ, ਨਵੇਂ ਬੀਜ ਬੀਜ ਰਿਹਾ ਹੈ ਅਤੇ ਕੁਝ ਪਿਛਲੇ ਜਨਮਾਂ ਵਿਚ ਕੀਤੇ ਹੋਏ ਕਰਮਾਂ ਨੂੰ ਭੋਗ ਰਿਹਾ ਹੈ। ਤੂੰ ਨਾ ਰੋ -

*ਦਦੈ ਦੋਸੁ ਨ ਦੇਊ ਕਿਸੈ*
*ਦੋਸੁ ਕਰੰਮਾ ਆਪਣਿਆ॥*
*ਜੋ ਮੈ ਕੀਆ ਸੋ ਮੈ ਪਾਇਆ*
*ਦੋਸੁ ਨ ਦੀਜੈ ਅਵਰ ਜਨਾ॥*
*ਪੰਨਾ - 433*

ਮਹਾਰਾਜ ਜੀ ਨੇ ਜੋ ਸਿਧਾਂਤ ਕਰਮਾਂ ਦਾ ਦਿਤਾ

ਹੈ, ਇਹ ਵਿਚਾਰਨਯੋਗ ਹੈ। ਅਸੀਂ ਬਾਣੀ ਨੂੰ ਨਹੀਂ ਵਿਚਾਰਦੇ, ਛੋਟੀਆਂ-ਛੋਟੀਆਂ ਗੱਲਾਂ ਦਾ ਦੋਸ਼ ਦੂਸਰਿਆਂ ਦੇ ਸਿਰ ਥਪਦੇ ਹਾਂ। ਇਲਜ਼ਾਮ ਲਾਉਂਨੇ ਹਾਂ ਕਿ ਇਹਨੇ ਮੇਰੇ ਨਾਲ ਆਹ ਕਰਿਐ, ਮੇਰੇ ਨਾਲ ਔਹ ਕਰਿਐ। ਜੀਵ ਨਹੀਂ ਜਾਣਦਾ ਕਿ ਮੈਂ ਪਿਛਲੇ ਕਰਮਾਂ ਵਿਚ ਕੀ ਕਰਮ ਕੀਤੇ ਹਨ ਅਤੇ ਹੁਣ ਮੈਨੂੰ ਪਾਰਬ੍ਰਹਮ ਪ੍ਰਮੇਸ਼ਰ ਦੇ ਅਟੱਲ ਹੁਕਮ ਕਰਕੇ ਭੁਗਤਾਏ ਜਾ ਰਹੇ ਹਨ। ਇਹਦੇ ਨਾਲ ਅਦਲੇ ਦਾ ਬਦਲਾ ਹੋ ਰਿਹਾ ਹੈ। ਕਰਮਾਂ ਦੀ ਖੇਡ ਨੂੰ ਕੋਈ ਵਿਰਲਾ ਪੁਰਸ਼ ਹੀ ਜਾਣਦਾ ਹੈ ਕਿ ਕਿਹੜਾ ਕਰਮ ਮੈਂ ਹੁਣ ਬੀਜ ਰਿਹਾ ਹਾਂ, ਕਿਹੜਾ ਪਹਿਲਾਂ ਦਾ ਬੀਜਿਆ ਭੁਗਤ ਰਿਹਾ ਹਾਂ ਅਤੇ ਕਿਸ ਕਰਮ ਦਾ ਬਦਲਾ ਦੇ ਰਿਹਾ ਹਾਂ। ਦੂਸਰਿਆਂ ਦੇ ਸਿਰ ਉਪਰ ਅਸੀਂ ਦੋਸ਼ ਦਿੰਦੇ ਹਾਂ ਕਿ ਇਸਨੇ ਮੇਰੇ ਨਾਲ ਵਧੀਕੀ ਕਰੀ ਹੈ।

ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ, "ਬੱਧਕ! ਰੋ ਨਾ। ਤੇਰਾ ਕੋਈ ਕਸੂਰ ਨਹੀਂ ਹੈ।" ਇਕ ਪਾਸੇ ਕ੍ਰਿਸ਼ਨ ਮਹਾਰਾਜ ਜੀ ਦੀ ਵੱਖੀ ਵਿਚੋਂ ਖ਼ੂਨ ਚਲ ਰਿਹਾ ਹੈ, ਬਾਣ ਲਗਿਆ ਹੋਇਆ ਹੈ; ਦੂਜੇ ਪਾਸੇ ਬੁੱਕਲ ਵਿਚ ਲੈ ਕੇ ਬੱਧਕ ਨੂੰ ਪਿਆਰ ਨਾਲ ਕਹਿ ਰਹੇ ਹਨ, ਕਿਉਂ ਰੋਂਦਾ ਹੈਂ – ***'ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ॥'*** ਆਪਣਾ ਬਿਰਦ ਪਛਾਣ ਰਹੇ ਹਨ, ਆਪਣਾ ਬਿਰਦ ਪਾਲ ਰਹੇ ਹਨ। ਬੁਰਿਆਂ ਨੂੰ ਤਾਰਨ ਵਾਲਾ, ਬੁਰਿਆਂ ਦਾ ਭਲਾ ਕਰਨ ਵਾਲਾ, ਬੁਰਿਆਂ ਦੇ ਕਾਰਜ ਸਵਾਰਨ ਵਾਲਾ ਇਹ ਬਿਰਦ ਹੈ- ਪ੍ਰਭੂ ਦਾ। ਅਸਾਨੂੰ ਮਾਤਾ ਦੇ ਉਦਰ ਵਿਚ ਪਾਲਦਾ ਹੈ। ਪੁਠੇ ਲਟਕਦਿਆਂ ਨੂੰ ਜੀਵਨ ਦਾਨ ਦੇਈਂ ਰਖਦਾ ਹੈ। ਇਕ ਗੰਦੀ ਬੂੰਦ ਤੋਂ ਕਿੰਨਾ ਸੁੰਦਰ ਸਰੀਰ ਬਖਸ਼ਦਾ ਹੈ। ਮਾਂ-ਬਾਪ, ਭੈਣ-ਭਰਾ, ਕੁੜਮ-ਕਬੀਲੇ, ਰਿਸ਼ਤੇਦਾਰ, ਬੰਧੂ ਅਸਾਡਾ ਜੀਅ ਲੱਗਣ ਵਾਸਤੇ ਦਿੰਦਾ ਹੈ। ਅਰੋਗ ਤੇ ਸੁੰਦਰ ਸਰੀਰ ਦੀ ਬਖਸ਼ਿਸ਼ ਕਰਦਾ ਹੈ। ਸਰੀਰ ਦੀ ਪਾਲਣਾ ਵਾਸਤੇ ਸ਼ੁੱਧ ਹਵਾ, ਸ਼ੁੱਧ ਪੌਣ-ਪਾਣੀ, ਸ਼ੁੱਧ ਖੁਰਾਕ ਅਤੇ ਹੋਰ ਸਾਰੀਆਂ ਸਹੂਲਤਾਂ ਦਿੰਦਾ ਹੈ ਪਰ ਇਹ ਮਨੁੱਖ ਕਿਹੋ ਜਿਹਾ ਹੈ ਕਿ ਭੁੱਲ ਕੇ ਵੀ ਪ੍ਰਭੂ ਦੇ ਅਹਿਸਾਨ ਨੂੰ ਨਹੀਂ ਚਿਤਾਰਦਾ। ਆਪਣੇ ਅਭਿਮਾਨ ਵਿਚ ਬੇਸੁੱਧ ਹੋ ਜਾਂਦਾ ਹੈ ਤੇ ਪ੍ਰਭੂ ਦੀ ਯਾਦ ਵਿਚ ਸਦਾ ਪ੍ਰੋਤੇ ਮਹਾਂਪੁਰਸ਼, ਜੋ ਸਰਬੱਤ ਦਾ ਭਲਾ ਹਰ ਸਮੇਂ ਲੋਚਦੇ ਅਤੇ ਕਰਦੇ ਹਨ, ਉਨ੍ਹਾਂ ਨੂੰ ਵੀ ਬਹੁਤ ਬੁਰੀ ਨਿਗ੍ਹਾ ਨਾਲ ਦੇਖਦਾ ਹੈ। ਪ੍ਰਮੇਸ਼ਰ ਦਾ ਪਿਆਰ ਉਹਦੇ ਹਿਰਦੇ ਵਿਚ ਨਹੀਂ ਆਉਂਦਾ। ਅਜਿਹੇ ਨਾ-ਫਰਾਮੋਸ਼ (ਅਕ੍ਰਿਤਘਣ) ਅਸੀਂ ਹਾਂ ਜਿਸਦੇ ਫਲਸਰੂਪ ਅਸਾਡੇ ਕਰਮਾਂ ਅਨੁਸਾਰ ਅਸੀਂ ਅਤਿ ਦੁਖ ਪਾਉਂਦੇ ਹਾਂ। ਪਰ ਧੰਨ ਹੈ ਪ੍ਰਭੂ ਪ੍ਰਮਾਤਮਾ ਜਿਹੜਾ ਸਾਡੇ ਸਾਰੇ ਔਗੁਣ, ਅਕ੍ਰਿਤਘਣਤਾ ਨੂੰ ਦੇਖਦਾ ਹੋਇਆ ਫੇਰ ਵੀ ਸਾਨੂੰ ਹਰ ਸਵੇਰ ਖੁਸ਼ੀਆਂ ਦੇ ਭੰਡਾਰੇ ਬਖਸ਼ਦਾ ਹੈ। ਦਿਨ ਲੰਘ ਰਹੇ ਹਨ, ਹਫਤੇ ਲੰਘ ਰਹੇ ਹਨ, ਸਾਲ ਲੰਘ ਰਹੇ ਹਨ। ਸਦਾ ਹੀ ਸਾਡੇ ਉਪਰ ਦਿਆਲੂ, ਕ੍ਰਿਪਾਲੂ ਹੋ ਕੇ ਵਰਤਦਾ ਹੈ। ***'ਸਦਾ ਸਦਾ ਦਇਆਲ॥'*** ਉਸਦਾ ਬਿਰਦ ਹੈ। ਉਹ ਪਤਿਤਾਂ ਨੂੰ ਵੀ ਪਾਲਦਾ ਹੈ, ਮਹਾਂਮੂਰਖਾਂ, ਮਨਮੁਖਾਂ ਨੂੰ ਵੀ ਰਿਜ਼ਕ ਪਹੁੰਚਾਉਂਦਾ ਹੈ।

ਕ੍ਰਿਸ਼ਨ ਮਹਾਰਾਜ ਆਪਣਾ ਬਿਰਦ ਪਾਲਣ ਦੇ ਨਿਯਮ ਅਨੁਸਾਰ ਵੱਖੀ ਵਿਚ ਤੀਰ ਮਾਰਨ ਵਾਲੇ ਬੱਧਕ ਨੂੰ ਪਿਆਰ ਕਰ ਰਹੇ ਹਨ। ਕਰਨ ਵੀ ਕਿਉਂ ਨਾ - ਹੋਏ ਜੋ ਨਿਰੇ ਪਿਆਰ ਦੇ ਸਰੂਪ। ***'ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ॥''*** ਬੁਰਿਆਂ ਨੂੰ ਤਾਰਨ ਵਾਲਾ ਬਿਰਦ ਪਾਲ ਰਹੇ ਹਨ- ***'ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ॥'***

ਚਾਰ ਕਿਸਮ ਦੇ ਬੰਦੇ ਹੁੰਦੇ ਹਨ - ਸੰਸਾਰ ਉਪਰ। ਇਕ ਤਾਂ ਉਹ ਹੁੰਦੇ ਹਨ- ਜਿਹੜਾ ਬੁਰਾ ਕਰੇ - ਇੱਟ ਮਾਰੇ, ਤਾਂ ਪੱਥਰ ਉਹਦੇ ਸਿਰ ਵਿਚ ਟਿਕਾਉਂਦੇ ਹਨ; ਦੂਜੇ ਉਹ ਹੁੰਦੇ ਹਨ - ਜੇ ਇੱਟ ਮਾਰੀ ਹੈ, ਉਹਨੂੰ ਮਾਫ ਕਰ ਦਿੰਦੇ ਹਨ; ਤੀਜੇ ਉਹ ਹੁੰਦੇ ਹਨ ਜਿਹੜੇ ਬੁਰਾ ਕਰਨ ਵਾਲਿਆਂ ਨੂੰ ਛੱਡ ਦਿੰਦੇ ਹਨ; ਚੌਥੀ ਕਿਸਮ ਦੇ ਉਹ ਹੁੰਦੇ ਹਨ ਜੋ ਬੁਰਾ ਕਰਨ ਵਾਲਿਆਂ ਨਾਲ ਨੇਕੀ ਕਰਦੇ ਹਨ। ਸਭ ਤੋਂ ਵੱਡੀ ਨੇਕੀ - ਉਸਨੂੰ ਪ੍ਰਮੇਸ਼ਰ ਨਾਲ ਜੋੜਦੇ ਹਨ। ਕੁਝ ਨਹੀਂ ਕਹਿੰਦੇ, ਕੋਈ ਵੀ ਬਦਲੇ ਦੀ ਅੰਸ, ਅੰਦਰ ਨਹੀਂ ਰਖਦੇ -

> ***ਬੁਰਿਆਂ ਨਾਲ ਬੁਰਿਆਈ ਕਰਦੇ ਮਾਫ***
> ***ਕਰਨ ਕਈ ਸਿਆਣੇ।***
> ***ਬੁਰਿਆਂ ਨਾਲ ਭਲਿਆਈ ਕਰਨੀ ਇਹ***
> ***ਗੁਰੂ ਨਾਨਕ ਜਾਣੇ।***

ਗੁਰੂ ਦਾ ਸਿੱਖ, ਬਾਣੀ ਨਾਲ ਆਪਣੇ ਮਨ ਨੂੰ ਰਸ ਦੇ ਘਰ ਵਿਚ ਲਿਆ ਕੇ, ਸਾਰੀ ਸ੍ਰਿਸ਼ਟੀ ਦਾ, ਪ੍ਰਮੇਸ਼ਰ ਰੂਪ ਜਾਣ ਕੇ ਧਿਆਨ ਧਰਦਾ ਹੈ ਅਤੇ ਅਰਦਾਸ ਦੇ ਰੂਪ ਵਿਚ ਦੋਏ ਹੱਥ ਜੋੜ ਕੇ ਕਹਿੰਦਾ ਹੈ - ***'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ।'***

***'ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ॥ ਪਾਪ ਕਰੇਂਦੇ ਪਤਿਤ ਉਧਾਰੇ॥'*** "ਬੱਧਕ! ਤੇਰੇ ਨਾਲ ਪਹਿਲ ਮੈਂ ਹੀ ਕੀਤੀ ਸੀ। ਰਾਮ ਅਵਤਾਰ ਹੁੰਦਿਆਂ, ਤ੍ਰੇਤੇ ਜੁਗ ਵਿਚ ਜੋ ਬਾਲੀ ਨੂੰ ਬਾਣ ਮਾਰਨ ਵਾਲਾ ਰਾਮ ਸੀ, ਉਹ ਮੈਂ ਹੀ ਸੀ ਤੇ ਤੂੰ ਬਾਲੀ ਦੇ ਰੂਪ ਵਿਚ ਮੈਨੂੰ ਉਲਾਂਭਾ ਦਿਤਾ ਸੀ ਕਿ ਭਗਵਾਨ! ਤੁਸੀਂ ਛੁਪ ਕੇ ਮੇਰੇ ਬਾਣ ਮਾਰਿਐ, ਤੁਸੀਂ ਮੇਰੇ ਨਾਲ ਅਨੀਤੀ ਕੀਤੀ ਹੈ। ਹੇ ਬੱਧਕ! ਤੂੰ ਨਹੀਂ ਜਾਣਦਾ, ਮੈਂ ਤੈਨੂੰ ਕਿਹਾ ਸੀ ਕਿ ਤੂੰ ਇੰਤਜ਼ਾਰ ਕਰ। ਦੁਆਪਰ ਜੁਗ ਵਿਚ ਤੇਰੇ ਇਸ ਕਰਮ ਦਾ ਬਦਲਾ ਤੈਨੂੰ ਦੇ ਦੇਵਾਂਗਾ। ਸੋ, ਇਹ ਤਾਂ ਮੈਂ ਇਕ ਕਰਮ ਭੁਗਤਾਇਆ ਹੈ।" ਦੋਸ਼ ਕਿਸਨੂੰ ਦੇਵੇ - ਕਰਮਾਂ ਦਾ ਹੀ ਦੋਸ਼ ਹੈ ਨਾ - ***'ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥ ਜੋ ਮੈ ਕੀਆ ਸੋ ਮੈ***

***ਪਾਇਆ ਦੋਸੁ ਨ ਦੀਜੈ ਅਵਰ ਜਨਾ।।'***

ਭਾਈ ਤਿਲੋਕਾ ਜੀ ਮੁਸਕਰਾਏ ਅਤੇ ਕਿਹਾ ਕਿ ਬੀਬਾ! ਤੈਂ ਕੀ ਮਾੜਾ ਕੰਮ ਕੀਤੈ? ਤੂੰ ਕੋਈ ਵੀ ਅਫਸੋਸ ਨਾ ਕਰ। ਹੈਰਾਨ ਹੈ ਬੀਬੀ ਕਿ ਮੈਨੂੰ ਐਨਾ ਬੁਰਾ ਕਰਨ ਤੋਂ ਉਪਰੰਤ ਵੀ ਪਿਆਰ ਨਾਲ ਬੋਲ ਰਹੇ ਹਨ। ਕੋਈ ਕ੍ਰੋਧ ਦੀ ਰੇਖਾ ਇਨ੍ਹਾਂ ਦੇ ਮਸਤਕ ਉਪਰ ਨਹੀਂ ਹੈ। ਮੈਂ ਪੰਡਤ ਜੀ ਤੋਂ ਕਥਾ ਕਰਦਿਆਂ ਜੋ ਕੁਝ ਸੁਣਦੀ ਹਾਂ, ਮੈਨੂੰ ਤਾਂ ਐਉਂ ਲਗਦਾ ਹੈ ਕਿ ਇਹ ਕੋਈ ਪੂਰਨ ਸਾਧੂ ਹਨ। ਐਨੇ ਪਿਆਰ ਨਾਲ ਬੋਲਣਾ ਸਾਧੂ ਸੰਤਾਂ ਦਾ ਹੀ ਕਰਤੱਵ ਹੈ। ਆਮ ਸਧਾਰਣ ਬੰਦਿਆਂ ਵਾਲੀ ਗੱਲ ਤਾਂ ਇਹੋ ਹੋਣੀ ਸੀ ਕਿ ਉਹ ਮੇਰੇ ਤੋਂ ਬਦਲਾ ਲੈਣ ਦੀ ਗੱਲ ਆਖਦੇ। ਪਰ ਬਦਲਾ ਲੈਣ ਦੀ ਥਾਂ ਮੈਨੂੰ ਪਿਆਰ ਕਰ ਰਹੇ ਹਨ, ਦਿਲਾਸਾ ਦੇ ਰਹੇ ਹਨ। ਜੇ ਕਿਤੇ ਮੇਰੇ ਨਾਲ ਐਸ ਤਰ੍ਹਾਂ ਹੋਇਆ ਹੁੰਦਾ ਤਾਂ ਮੈਂ ਦੁਹਾਈ ਮਚਾਉਣੀ ਸੀ, ਗਾਲ੍ਹਾਂ ਕੱਢਣੀਆਂ ਸਨ ਅਤੇ ਆਪਣੀਆਂ ਅੱਖਾਂ ਦੇ ਸਾਮ੍ਹਣੇ ਦੋਸ਼ੀ ਨੂੰ ਮਰਵਾ ਦੇਣਾ ਸੀ। ਇਨ੍ਹਾਂ ਦੇ ਚਿਹਰੇ ਉਪਰ ਤਾਂ ਕੋਈ ਐਸੇ ਚਿੰਨ੍ਹ ਹੀ ਨਹੀਂ ਹਨ ਕਿ ਇਨ੍ਹਾਂ ਦੇ ਅੰਦਰ ਮੇਰੇ ਲਈ ਕੋਈ ਦ੍ਵੈਸ਼ ਹੋਵੇ, ਮੇਰੇ ਵਲ ਘੂਰ-ਘੂਰ ਕੇ ਦੇਖਣ; ਇਸ ਦੇ ਵਿਪਰੀਤ ਕਿੰਨਾ ਰਸ ਹੈ - ਇਨ੍ਹਾਂ ਦੇ ਨੇਤਰਾਂ ਵਿਚ; ਜਦੋਂ ਖੋਲ੍ਹਦੇ ਹਨ ਤਾਂ ਆਪਣੇ-ਆਪਣੇ ਲਗਦੇ ਹਨ। ਇਨ੍ਹਾਂ ਨੂੰ ਦੇਖਦੇ ਸਾਰ ਮੇਰੀ 'ਮੈਂ' ਗੁੰਮ ਹੋ ਜਾਂਦੀ ਹੈ ਅਤੇ ਮੈਨੂੰ ਲਗਦਾ ਹੈ ਕਿ ਮੈਂ ਇਸ ਪਿਆਰ ਦੀ ਮੂਰਤ ਵਿਚ ਹੀ ਸਮਾਅ ਰਹੀ ਹਾਂ। ਕਿੰਨੀ ਮਿੱਠੀ ਮੁਸਕਾਨ ਹੈ - ਬੁਲ੍ਹਾਂ ਦੇ ਉਤੇ, ਚਿਹਰੇ ਤੇ ਕਿੰਨੀ ਸ਼ਾਂਤੀ ਹੈ; ਇਹ ਕੋਈ ਬਹੁਤ ਅਨੋਖੇ ਵਿਅਕਤੀ ਹਨ। ਜ਼ਖਮ ਕਿੰਨਾ ਗਹਿਰਾ ਹੋ ਗਿਆ, ਹਕੀਮ ਇਹ ਕਹਿੰਦੇ ਨੇ ਕਿ ਅਸੀਂ ਕੋਸ਼ਿਸ਼ ਕਰ ਰਹੇ ਹਾਂ, ਬਚਾਉਣਾ ਪ੍ਰਮੇਸ਼ਰ ਦੇ ਹੱਥ ਵਿਚ ਹੈ। ਹਕੀਮਾਂ ਦੀ ਗੱਲ ਵਿਚ ਮੈਨੂੰ ਸ਼ੱਕ ਲਗਦਾ ਹੈ ਕਿ ਹਾਲਤ ਬਹੁਤ ਗੰਭੀਰ ਹੈ ਤੇ ਇਸਨੇ ਬਚਣਾ ਨਹੀਂ ਪਰ ਐਨੇ ਦੁੱਖ ਵਿਚ ਹੁੰਦੇ ਹੋਏ ਵੀ ਮੈਨੂੰ ਦੋਸ਼ੀ ਨਹੀਂ ਬਣਾ ਰਹੇ, ਸਗਮਾਂ ਬੜੇ ਮਿੱਠੇ ਪਿਆਰੇ ਬੋਲ ਨਾਲ ਕਹਿ ਰਹੇ ਹਨ ਕਿ ਬੀਬਾ! ਤੂੰ ਅਫਸੋਸ ਨਾ ਕਰ। ਤੂੰ ਕਿਉਂ ਰੋਂਦੀ ਹੈਂ? ਇਹ ਤਾਂ ਸਾਰਾ ਮੇਰੇ ਕਰਮਾਂ ਦਾ ਹੀ ਦੋਸ਼ ਹੈ, ਉਸਨੇ ਹੀ ਪ੍ਰੇਰ ਕੇ ਮੈਨੂੰ ਜੰਗਲ ਵਿਚ ਲਿਆਂਦਾ ਤੇ ਮੈਂ ਪ੍ਰਭੂ ਦੀ ਯਾਦ ਵਿਚ ਲੀਨ ਹੋ ਗਿਆ ਪਰ ਮੇਰੇ ਕਰਮ ਨੇ ਤੈਨੂੰ ਪ੍ਰੇਰਿਆ, ਤੂੰ ਕਮਾਨ ਤੇ ਬਾਣ ਰੱਖ ਕੇ ਚਲਾਇਆ, ਮੇਰੇ ਕਰਮ ਨੇ ਹੀ ਮੇਰੀ ਵੱਖੀ ਵਿਚ ਲਿਆ ਮਾਰਿਆ; ਤੇਰਾ ਤਾਂ ਕੋਈ ਕਸੂਰ ਨਹੀਂ। ਆਪਣੇ ਆਪ ਨੂੰ ਹੀ ਦੋਸ਼ ਦਿੰਦੇ ਨੇ।

ਸਾਧਸੰਗਤ ਜੀ! ਇਹ ਸਾਰਾ ਕਿਉਂ ਹੈ? ਤੁਹਾਨੂੰ ਪਤਾ ਹੀ ਹੈ ਕਿ ਇਕ ਤਾਂ ਰਹਿਤਾਂ ਉਹ ਹੁੰਦੀਆਂ ਹਨ ਜਿਹੜੀਆਂ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਪੰਜ ਪਿਆਰੇ ਨਾਮ ਦੀ ਦਾਤ ਦੇਣ ਵੇਲੇ, ਅੰਮ੍ਰਿਤ ਛਕਾਉਣ ਤੋਂ ਬਾਅਦ ਰਹਿਤਾਂ-ਕੁਰਹਿਤਾਂ ਦੇ ਰੂਪ ਵਿਚ ਦਸਦੇ ਹਨ। ਉਹ ਰਹਿਤਾਂ ਸਾਨੂੰ ਪੂਰੀ ਤਰ੍ਹਾਂ ਪਾਲਣ ਕਰਨੀਆਂ ਚਾਹੀਦੀਆਂ ਹਨ ਕਿਉਂਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ ਸਾਮ੍ਹਣੇ ਇਕ **pledge** ਕੀਤਾ ਹੈ। ਅਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ ਦੱਸਿਆ ਜਾਂਦਾ ਹੈ ਕਿ ਅੱਜ ਤੋਂ ਬਾਦ ਤੁਹਾਡੇ ਗੁਰੂ, ਬਾਣੀ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਜੀ ਹੋਣਗੇ ਅਤੇ ਇਨ੍ਹਾਂ ਦੇ ਵਿਚ ਅੰਕਿਤ ਕੀਤੇ ਸਿਧਾਂਤ, ਜੋ ਗੁਰੂ ਰੂਪ ਹਨ, ਅਸੀਂ ਉਹ ਪੂਰੀ ਤਰ੍ਹਾਂ ਨਾਲ ਮੰਨਣੇ ਹਨ - ਜਿਨ੍ਹਾਂ ਵਿਚ ਨਿੱਤ ਕਰਨ ਵਾਲੇ ਕਰਮ ਅਤੇ ਦੂਸਰੇ ਨਿਸ਼ੇਧ ਕਰਮ ਦੱਸੇ ਗਏ ਹਨ। ਅਸਾਨੂੰ ਮਾਰਗ ਦਰਸ਼ਨ ਕਰਾਇਆ ਜਾਂਦਾ ਹੈ। ਉਨ੍ਹਾਂ ਵਿਚ ਹੀ ਆਉਂਦਾ ਹੈ ਕਿ ਮੰਦਾ ਮੈਂ ਹੀ ਹਾਂ। ਸਭ ਤੋਂ ਜੇ ਕੋਈ ਬੁਰਾ ਹੈ ਤਾਂ ਉਹ ਵੀ ਮੈਂ ਹਾਂ। ਮੇਰੇ ਤੋਂ ਸਾਰੇ ਭਲੇ ਹੀ ਹਨ ਅਤੇ ਬਾਣੀ ਵਿਚ ਫੁਰਮਾਨ ਹੈ ਕਿ ਇਸ ਨਿਸ਼ਚੇ ਵਾਲਾ ਜੋ ਬੰਦਾ ਹੈ, ਉਹ ਗੁਰੂਆਂ, ਪੀਰਾਂ-ਪੈਗੰਬਰਾਂ, ਮਹਾਂਪੁਰਸ਼ਾਂ ਦਾ ਮਿੱਤਰ ਹੈ-

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ।।***
***ਜਿਨਿ ਐਸਾ ਕਰਿ ਬੂਝਿਆ***
***ਮੀਤੁ ਹਮਾਰਾ ਸੋਇ।।***
***ਪੰਨਾ - 1364***
***ਹਮ ਨਹੀ ਚੰਗੇ ਬੁਰਾ ਨਹੀ ਕੋਇ।।***
***ਪ੍ਰਣਵਤਿ ਨਾਨਕੁ ਤਾਰੇ ਸੋਇ।।***
***ਪੰਨਾ - 728***
***ਧਾਰਨਾ- ਗੁਰਸਿੱਖ ਨਾ ਕਿਸੇ ਨੂੰਮੰਦਾ***
***ਆਖਦਾ, ਮੰਦਾ ਜਾਣੇ ਸਦਾ ਆਪ ਨੂੰ***
***ਹਉ ਅਪਰਾਧੀ ਗੁਨਹਗਾਰੁ***
***ਹਉ ਬੇਮੁਖ ਮੰਦਾ।।***
***ਚੋਰ ਯਾਰ ਜੂਆਰਿ ਹਉਂ***
***ਪਰ ਘਰਿ ਜੋਹੰਦਾ।।***
***ਨਿੰਦਕੁ ਦੁਸਟੁ ਹਰਾਮ ਖੋਰੁ***
***ਠਗੁ ਦੇਸ ਠਗੰਦਾ।।***
***ਕਾਮੁ ਕਰੋਧੁ ਮਦੁ ਲੋਭੁ ਮੋਹੁ***
***ਹੰਕਾਰੁ ਕਰੰਦਾ।।***
***ਬਿਸਾਸਘਾਤੀ ਅਕਿਰਤਘਣ***
***ਮੈ ਕੋ ਨ ਰਖੰਦਾ।।***
***ਸਿਮਰਿ ਮੁਰੀਦਾ ਢਾਢੀਆ***
***ਸਤਿਗੁਰੁ ਬਖਸੰਦਾ।।***
***ਭਾਈ ਗੁਰਦਾਸ ਜੀ, ਵਾਰ 36/21***

ਸਾਡੇ ਵਿਚ ਕਿੰਨਾ ਫਰਕ ਹੈ, ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਨੂੰ ਬਿਲਕੁਲ ਹੀ ਨਹੀਂ ਮੰਨਦੇ। ਉਂਝ ਅਸੀਂ ਦਿਨ ਰਾਤ ਕੂਕਦੇ ਰਹਿੰਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਸਾਡਾ ਗੁਰੂ ਹੈ ਪਰ ਗੁਰੂ ਦਾ ਹੁਕਮ ਮੰਨਣਾ ਤਾਂ ਇਕ ਪਾਸੇ ਰਿਹਾ, ਇਸ ਸਿਧਾਂਤ ਨੂੰ ਅਸੀਂ ਵਿਚਾਰਨ ਵਾਸਤੇ ਵੀ ਤਿਆਰ ਨਹੀਂ ਹਾਂ। ਅਸੀਂ ਸਟੇਜਾਂ ਤੇ ਖੜ੍ਹ

ਕੇ ਫੋਕੇ ਹੋਕੇ ਦਿੰਦੇ ਹਾਂ ਕਿ ਮੇਰੇ ਵਰਗਾ ਕੋਈ ਚੰਗਾ ਨਹੀਂ ਹੈ। ਮੈਂ ਤੁਹਾਡਾ ਆਹ ਭਲਾ ਕੀਤਾ, ਔਹ ਭਲਾ ਕੀਤਾ, ਮੈਂ ਤੁਹਾਡੇ ਨਾਲ ਨੇਕੀਆਂ ਕਰਦਾ ਹਾਂ। ਇਹ ਸਭ ਕੀ ਹੋਇਆ? ਇਕ ਢੌਂਗ ਹੀ ਹੋਇਆ ਨਾ। ਗੱਲਾਂ ਨਾਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣਾ, ਪਰ ਕਰਨੀ ਦੇ ਵਿਪਰੀਤ ਹੋ ਕੇ ਕਹਿਣਾ ਕਿ ਅਸੀਂ ਚੰਗੇ ਹਾਂ, ਹੋਰ ਕੋਈ ਨਹੀਂ; ਹੋਰ ਸਾਰਾ ਸੰਸਾਰ ਲੁਟੇਰਿਆਂ ਦਾ ਤੁਰਿਆ ਫਿਰਦਾ ਹੈ, ਸੰਸਾਰ ਮਾੜਾ ਹੈ। ਪਰ ਪਿਆਰਿਓ! ਜਿਹੋ ਜਿਹਾ ਸ਼ੀਸ਼ਾ ਆਪਣੇ ਅੰਦਰ ਲਗਿਆ ਹੁੰਦਾ ਹੈ, ਉਸ ਵਿਚ ਝਾਕਿਆਂ ਉਹੋ ਜਿਹਾ ਹੀ ਰੰਗ ਨਜ਼ਰ ਆਇਆ ਕਰਦਾ ਹੈ। ਬ੍ਰਹਮਗਿਆਨੀ ਮਹਾਂਪੁਰਸ਼ ਹਰ ਪ੍ਰਾਣੀ ਦੇ ਅੰਦਰ ਇਕੋ ਪ੍ਰਭੂ ਨੂੰ ਤੱਕਦੇ ਹਨ। ਉਨ੍ਹਾਂ ਦੀ ਨਜ਼ਰ ਵਿਚ ਨਾ ਹੀ ਕੋਈ ਬੁਰਾ ਹੈ, ਨਾ ਹੀ ਕੋਈ ਭੁਲਿਆ ਹੈ, ਨਾ ਕੋਈ ਮੂਰਖ ਹੈ, ਨਾ ਕੋਈ ਸਿਆਣਾ ਹੈ; ਜੇ ਹੈ ਤਾਂ ਇਕੋ ਪ੍ਰਭੂ ਦੀ ਜੋਤਿ –

***ਮਨ ਮੇਰੇ ਜਿਨਿ ਅਪੁਨਾ ਭਰਮੁ***
***ਗਵਾਤਾ॥***
***ਤਿਸ ਕੈ ਭਾਣੈ ਕੋਇ ਨ ਭੂਲਾ***
***ਜਿਨਿ ਸਗਲੋ ਬ੍ਰਹਮੁ ਪਛਾਤਾ॥***
***ਪੰਨਾ – 610***
***ਨਾ ਕੋ ਮੂਰਖੁ ਨਾ ਕੋ ਸਿਆਣਾ॥***
***ਵਰਤੈ ਸਭ ਕਿਛੁ ਤੇਰਾ ਭਾਣਾ॥***
***ਪੰਨਾ – 98***

ਮਹਾਂਪੁਰਖਾਂ ਦੀ ਦ੍ਰਿਸ਼ਟੀ ਹੋਰ ਹੈ ਪਰ ਸੰਸਾਰ ਦੀ ਦ੍ਰਿਸ਼ਟੀ ਹੋਰ ਹੈ। ਸੰਸਾਰ ਕਹਿੰਦਾ ਹੈ ਕਿ ਮੈਂ ਚੰਗਾ ਹਾਂ, ਮੈਂ ਚੰਗਾ ਕਰਿਆ, ਮੇਰੇ ਨਾਲ ਉਹਨੇ ਬੁਰਾ ਕਰਿਆ; ਗੁਰਮੁਖ ਪਰਉਪਕਾਰੀ ਹੈ, ਉਹ ਬੁਰਿਆਂ ਨੂੰ ਵੀ ਡੁੱਬਣ ਤੋਂ ਬਚਾਉਂਦਾ ਹੈ। ਭਾਈ ਗੁਰਦਾਸ ਜੀ ਦ੍ਰਿਸ਼ਟਾਂਤ ਦਿੰਦਿਆਂ ਫੁਰਮਾਉਂਦੇ ਹਨ –

***ਫਲ ਦੇ ਵੱਟ ਵਗਾਇਆਂ***
***ਤੱਛਣਹਾਰੇ ਤਾਰਿ ਤਰੰਦਾ॥***
***ਭਾਈ ਗੁਰਦਾਸ ਜੀ, ਵਾਰ – 28/12***

ਪਾਣੀ ਦਾ ਪੁੱਤਰ ਬ੍ਰਿਛ ਹੈ; ਉਹਦੇ ਵੱਟਾ ਮਾਰੋ, ਫਲ ਸੁੱਟ ਦਿੰਦਾ ਹੈ। ਫਲ ਖਾਂਦਾ ਹੈ ਆਦਮੀ, ਅਨੰਦ ਲੈਂਦਾ ਹੈ, ਛਾਵੇਂ ਬੈਠਦਾ ਹੈ; ਦਰਖਤ ਨੇ ਐਂ ਤਾਂ ਨਹੀਂ ਕਦੇ ਕਿਹਾ ਕਿ ਇਹਨੇ ਮੇਰੇ ਵੱਟਾ ਮਾਰਿਐ, ਮੈਂ ਇਹਦੇ ਉਪਰ ਵੱਡਾ ਟਾਹਣਾ ਗਿਰਾ ਕੇ ਮਾਰ ਦਿਆਂ।

***ਤੱਛੈ ਪੁੱਤ ਨ ਡੋਬਈ***
***ਪੁੱਤ ਵੈਰ ਜਲ ਜੀ ਨ ਧਰੰਦਾ।***
***ਭਾਈ ਗੁਰਦਾਸ ਜੀ, ਵਾਰ – 28/12***

ਦਰਖ਼ਤ ਟੁੱਟੇ ਹੋਏ ਦੀ, ਜਦ ਕਿਸ਼ਤੀ ਬਣ ਜਾਂਦੀ ਹੈ, ਫੇਰ ਉਹ ਤੋਰਦੈ ਤੇ ਉਹ ਜਿਹੜਾ ਪੁੱਤਰ ਹੈ ਦਰਖ਼ਤ, ਜਿਹੜੇ ਉਹਦੇ ਉਤੇ ਬੈਠ ਕੇ ਲੰਘਦੇ ਹਨ, ਉਨ੍ਹਾਂ ਨਾਲ ਵੈਰ ਨਹੀਂ ਕਰਦਾ; ਪਾਰ ਲੰਘਾਈ ਜਾਂਦਾ ਹੈ। ਬੰਦੇ ਨੇ ਉਸਨੂੰ ਕੱਟਿਆ ਸੀ, ਉਹ ਉਸਨੂੰ ਪਾਰ ਕਰਦਾ ਹੈ –

***ਵਰਸੈ ਹੋਇ ਸਹੰਸ ਧਾਰ***
***ਮਿਲਿ ਗਿਲ ਜਲ ਨੀਵਾਣ ਚਲੰਦਾ।***
***ਭਾਈ ਗੁਰਦਾਸ ਜੀ, ਵਾਰ – 28/12***

ਬੱਦਲ ਹੈ – ਹਜ਼ਾਰਾਂ ਹੀ ਧਾਰਾਂ ਹੋ ਕੇ ਵਰਸਦੈ, ਬਨਸਪਤੀ ਦੇ ਨਾਲ ਮਿਲ ਕੇ ਫੇਰ ਨੀਵੇਂ ਥਾਂ ਨੂੰ ਰੁੜ੍ਹ ਜਾਂਦੈ –

***ਡੋਬੈ ਡੁੱਬੈ ਅਗਰ***
***ਨੋ........................।***
***ਭਾਈ ਗੁਰਦਾਸ ਜੀ, ਵਾਰ – 28/12***

ਜਿਵੇਂ ਅਗਰ ਦਾ ਡੱਬਾ ਹੁੰਦੈ (ਲੱਕੜੀ ਦਾ), ਉਹਨੂੰ ਡੋਬ ਦਿੰਦੇ ਨੇ ਕਿਉਂਕਿ ਡੁੱਬ ਕੇ ਉਹਦੀ ਕੀਮਤ ਵਧ ਜਾਂਦੀ ਹੈ –

***..........ਆਪ ਛੱਡ ਪੁੱਤ ਪੈਜ ਰਖੰਦਾ॥***
***ਭਾਈ ਗੁਰਦਾਸ ਜੀ, ਵਾਰ – 28/12***

ਜੇ ਡੁੱਬੇ ਨਾ – ਅਗਰ ਦੀ ਲੱਕੜੀ, ਤਾਂ ਕਹਿੰਦੇ, ਮੁੱਲ ਨਹੀਂ ਪੈਂਦਾ ਪੂਰਾ ਉਹਦਾ। ਸੋ ਲੱਕੜੀ ਦਾ ਮੁੱਲ, ਤਾਂ ਪੈਂਦਾ ਹੈ ਜੇ ਉਹ ਪਾਣੀ ਦੇ ਅੰਦਰ ਡੁੱਬ ਜਾਵੇ ਤੇ ਪਾਣੀ ਛੱਡ ਦਿੰਦੈ – ਆਪਣਾ ਸੁਭਾਅ, ਤੇ ਪੁੱਤਰ ਦੀ ਲਾਜ ਰਖਦੈ –

***ਤਰ ਡੁਬੈ ਡੁੱਬਾ ਤਰੈ***
***ਜਿਣ ਹਾਰੈ ਹਾਰੈ ਸੁ ਜਿਣੰਦਾ॥***
***ਭਾਈ ਗੁਰਦਾਸ ਜੀ, ਵਾਰ – 28/12***

ਜਿਹੜਾ ਤਰਦੈ, ਉਹ ਡੁੱਬ ਜਾਇਆ ਕਰਦੈ; ਡੁੱਬਿਆ ਹੋਇਆ ਤਰ ਜਾਇਆ ਕਰਦੈ; ਜਿਹੜਾ ਜਿਤਦੈ, ਉਹ ਹਾਰ ਜਾਂਦਾ ਹੈ; ਹਾਰਿਆ ਹੋਇਆ ਜਿੱਤ ਜਾਂਦੈ–

***ਉਲਟਾ ਖੇਲ ਪਿਰੰਮ ਦਾ***
***ਪੈਰਾਂ ਉੱਪਰ ਸੀਸ ਨਿਵੰਦਾ॥***
***ਭਾਈ ਗੁਰਦਾਸ ਜੀ, ਵਾਰ –28/12***

ਸੀਸ ਉਤੇ ਤਾਂ ਕੋਈ ਪੈਰ ਨਹੀਂ ਧਰਦਾ; ਸਾਰੇ ਪੈਰਾਂ ਦੇ ਉਪਰ ਸੀਸ ਧਰਦੇ ਨੇ। ਕਹਿੰਦੇ, ਪਿਆਰ ਦੀ ਖੇਡ ਉਲਟੀ ਹੈ –

***ਆਪਹੁੰ ਕਿਸੈ ਨ ਜਾਣੈ ਮੰਦਾ॥***
***ਭਾਈ ਗੁਰਦਾਸ ਜੀ, ਵਾਰ – 28/12***

ਜਦ ਕਹੇਗਾ, ਮੰਦਿਆਂ ਦੀ ਲਿਸਟ ਵਿਚ ਮੈਂ ਅਖੀਰ ਤੇ ਹਾਂ। ਸੋ ਇਹ ਗੁਰਮੁਖ ਦਾ ਸੁਭਾਅ ਹੋਇਆ ਕਰਦਾ ਹੈ – ਦੂਜੇ ਦਾ ਭਲਾ ਕਰਨਾ, ਆਪਣੇ ਆਪ ਨੂੰ ਸਚਮੁਚ ਛੋਟਾ ਜਾਣਨਾ ਕਿਉਂਕਿ ਸਭਨਾਂ ਘਟਾਂ ਵਿਚ ਪ੍ਰਭੂ ਦੀ ਜੋਤ ਨੂੰ ਪ੍ਰਤੱਖ ਦੇਖਦਾ ਹੈ। ਸੋ ਉਸਦੇ ਲਈ ਸੰਸਾਰ ਵਿਚ ਕੋਈ ਮੰਦਾ ਨਹੀਂ ਹੈ, ਕੋਈ ਬੁਰਾ ਨਹੀਂ ਹੈ। ਬ੍ਰਹਮ ਦੀ ਪਛਾਣ ਹੋਣ ਨਾਲ ਸਾਰੀ ਖੇਡ ਬ੍ਰਹਮ ਦੇ ਹੁਕਮ ਵਿਚ ਹੀ ਹੁੰਦੀ ਲਗਦੀ ਹੈ।

ਸੋ ਐਸੀ ਉਚੀ ਬਿਰਤੀ ਵਾਲਾ ਭਾਈ ਤਿਲੋਕਾ

ਕਹਿ ਰਿਹਾ ਹੈ ਕਿ ਬੀਬਾ ਤੂੰ ਤਾਂ ਕੋਈ ਕਸੂਰ ਨਹੀਂ ਕਰਿਆ, ਤੂੰ ਕਿਉਂ ਪਛਤਾਵਾ ਕਰਦੀ ਹੈਂ ਤੇ ਕਿਉਂ ਰੋਈ ਜਾਂਦੀ ਹੈਂ? ਕਹਿੰਦੀ, "ਚੰਗੇ ਪੁਰਖ! ਹੇ ਬਹੁਤ ਪਿਆਰੇ ਲੱਗਣ ਵਾਲੇ ਪੁਰਸ਼! ਤੇਰੇ ਬੋਲ ਵਿਚ ਕਿੰਨਾਂ ਦਰਦ ਹੈ, ਕਿੰਨੀ ਅਪਣੱਤ ਹੈ; ਅਜੇ ਮੈਂ ਕਸੂਰ ਨਹੀਂ ਕਰਿਆ? ਤੇਰੀ ਮੈਂ ਜਾਨ ਲੈ ਲਈ, ਕਿੰਨੇ ਦਿਨਾਂ ਦਾ ਤੂੰ ਬੇਹੋਸ਼ ਪਿਆ ਹੈਂ; ਅਜੇ ਮੈਂ ਤੈਨੂੰ ਚੰਗੀ ਲਗ ਰਹੀ ਹਾਂ? ਤੂੰ ਕੋਈ ਆਦਮੀ ਨਹੀਂ ਹੈਂ, ਸਚਮੁੱਚ ਹੀ ਕਿਸੇ ਹੋਰ ਅਸਮਾਨ ਤੋਂ ਉਤਰਿਆ ਹੋਇਆ ਦੇਵਤਾ ਹੈਂ। ਅਸੀਂ ਇਸ ਦੇਸ਼ ਦੇ ਵਾਸੀ ਭੋਰਾ-ਭੋਰਾ ਗੱਲ ਉਪਰ ਇਕ ਦੂਜੇ ਦਾ ਗਲ ਵੱਢਣ ਨੂੰ ਤਿਆਰ ਹੋ ਜਾਂਦੇ ਹਾਂ ਪਰ ਤੂੰ ਕਿਸੇ ਹੋਰ ਲੋਕ ਦਾ ਹੋਣ ਕਰਕੇ ਕਹਿ ਰਿਹਾ ਹੈਂ ਕਿ ਨਹੀਂ ਬੀਬਾ! ਤੂੰ ਬੜੀ ਚੰਗੀ ਹੈਂ।" "ਤੈਨੂੰ ਪਤੈ! ਤੂੰ ਕਿੰਨੀ ਸੇਵਾ ਕਰ ਰਹੀ ਹੈਂ - ਪਰਦੇਸੀ ਦੀ। ਰਾਜੇ ਦੀ ਲੜਕੀ ਹੋ ਕੇ ਇਕ ਗਰੀਬ ਬੰਦੇ ਦੀ ਤੂੰ ਸੇਵਾ ਕਰਨ ਲੱਗੀ ਹੋਈ ਹੈਂ। ਤੁਸੀਂ ਰਾਜੇ ਲੋਕ ਤਾਂ ਮੇਰੇ ਵਰਗੇ ਜਿਉਂਦੇ ਬੰਦੇ ਦਾ ਗਲਾ ਘੁੱਟ ਕੇ ਮਾਰ ਦਿੰਦੇ ਹੋਂ; ਇਸ ਦੇ ਵਿਪਰੀਤ ਤੂੰ ਮੇਰੀ ਸੇਵਾ ਕਰ ਰਹੀ ਹੈਂ, ਮੇਰਾ ਦਰਦ ਤੇਰੇ ਦਿਲ ਅੰਦਰ ਹੈ। ਮੈਨੂੰ ਤੂੰ ਪਿਆਰ ਕਰ ਰਹੀ ਹੈਂ, ਤੂੰ ਇਕ ਗਰੀਬ ਬੰਦੇ ਦੀ ਦਿਨ ਰਾਤ ਸੇਵਾ ਕਰ ਰਹੀ ਹੈਂ। ਬੀਬਾ! ਸੇਵਾ ਦਾ ਫਲ ਮਿਲਦੈ। ਐਥੇ ਵੀ ਮਿਲਦੈ; ਐਥੇ ਸੁਖ-ਸ਼ਾਂਤੀ ਮਿਲਦੀ ਹੈ ਤੇ ਦਰਗਾਹ ਵਿਚ ਜਾ ਕੇ ਥਾਂ ਮਿਲ ਜਾਇਆ ਕਰਦੀ ਹੈ।" ਗੁਰੂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥*
*ਪੰਨਾ - 26*

ਪਿਆਰ ਦੀ ਖੇਡ ਹੋਰ ਹੁੰਦੀ ਹੈ। ਪਿਆਰ ਦੀ ਕਥਾ ਨਿਆਰੀ ਹੁੰਦੀ ਹੈ।

ਸਾਧਸੰਗਤ ਜੀ! ਯੂ.ਪੀ. ਵਿਚ ਜਦੋਂ ਮੈਂ ਫਾਰਮ ਵਿਚ ਖੇਤੀ ਕਰਿਆ ਕਰਦਾ ਸੀ ਤਾਂ ਮੇਰੇ ਪਾਸ ਇਕ ਕੁੱਤਾ ਸੀ। ਜਦੋਂ ਮੈਂ ਸ਼ਹਿਰ ਤੋਂ ਕੰਮ ਕਰਕੇ ਆਉਣਾ, ਮੇਰੀ ਕਾਰ ਦੋ ਮੀਲ ਤੋਂ ਪਿੰਡ ਧਾਮਣੀ ਕੋਲੋਂ ਮੁੜਨੀ ਅਤੇ ਕਾਰ ਦਾ ਵੱਜਿਆ ਹੌਰਨ ਕੁਤੇ ਨੇ - ਜਿਸਦਾ ਨਾਮ ਜੌਨੀ ਸੀ, ਪਛਾਣ ਲੈਣਾ ਤਾਂ ਉਹ ਮੇਰੇ ਵਲ ਨੂੰ ਪੂਰੀ ਤਾਕਤ ਨਾਲ ਦੌੜ ਪੈਂਦਾ ਸੀ। ਉਸਨੇ ਮੈਨੂੰ ਇਕ ਕਿਲੋਮੀਟਰ ਦੂਰ, ਮਜਰੇ ਨਾਮੀ ਪਿੰਡ ਵਿਚ ਆ ਕੇ ਰਲ ਜਾਣਾ। ਫੇਰ ਉਹ ਕਾਰ ਦੇ ਮੂਹਰੇ ਨਚਦਾ ਫਾਰਮ ਵਲ ਨੂੰ ਦੌੜਦਾ ਸੀ, ਬਹੁਤ ਪਿਆਰ ਕਰਦਾ ਸੀ। 1977 ਵਿਚ ਮੈਂ ਫਾਰਮ ਵੇਚ ਕੇ ਮੋਹਾਲੀ ਆ ਗਿਆ ਪਰ ਉਹ ਕੁੱਤਾ ਉਥੇ ਹੀ ਰਿਹਾ। ਉਸਨੂੰ ਮੈਂ ਆਪਣੇ ਨਾਲ ਨਾ ਲਿਆ ਸਕਿਆ ਪਰ ਉਸ ਦੀ ਯਾਦ ਮੇਰੇ ਅੰਦਰ ਆਉਂਦੀ ਹੀ ਰਹਿੰਦੀ ਸੀ। ਜਿਨ੍ਹਾਂ ਨੂੰ ਮੈਂ ਫਾਰਮ ਵੇਚਿਆ ਸੀ, ਉਨ੍ਹਾਂ ਦਾ ਘਰ ਸਿੱਧਾ ਨਦੀਆਂ ਤੇ ਜੰਗਲ ਲੰਘ ਕੇ ਡੇਢ ਕਿਲੋਮੀਟਰ ਤੇ ਸੀ। ਉਹ ਹਰ ਰੋਜ਼ ਰੋਟੀ ਖਾਣ ਵਾਸਤੇ ਉਨ੍ਹਾਂ ਦੇ ਘਰ ਚਲਿਆ ਜਾਇਆ ਕਰਦਾ ਪਰ ਰੋਟੀ ਖਾਣ ਪਿਛੋਂ ਇਕ ਸਕਿੰਟ ਵੀ ਨਹੀਂ ਠਹਿਰਦਾ ਸੀ। ਉਹ ਸਿੱਧਾ ਮੇਰੇ ਵੇਚੇ ਹੋਏ ਫਾਰਮ ਹਾਊਸ ਵਿਚ ਨਦੀਆਂ, ਜੰਗਲ ਲੰਘ ਕੇ ਆ ਜਾਇਆ ਕਰਦਾ ਸੀ। ਜਿਥੇ ਮੈਂ ਸੰਗਤ ਨੂੰ ਮਿਲਿਆ ਕਰਦਾ ਸੀ, ਉਹ ਉਥੇ ਹੀ ਬੈਠਾ ਰਹਿੰਦਾ ਸੀ। ਉਹ ਦੱਸਣ ਕਿ ਜਿਧਰੋਂ ਤੁਸੀਂ ਕਾਰ ਵਿਚ ਆਇਆ ਕਰਦੇ ਸੀ, ਉਧਰ ਨੂੰ ਮੂੰਹ ਕਰਕੇ ਬੈਠਾ ਰਹਿੰਦਾ। ਹੋਰ ਲੰਘਦੀਆਂ ਕਾਰਾਂ ਨੂੰ ਤੱਕਦਾ ਰਹਿੰਦਾ ਪਰ ਕਿਸੇ ਕਾਰ ਨੂੰ ਅਗਾਊਂ ਲੈਣ ਨਾ ਜਾਂਦਾ ਅਤੇ ਨਾ ਹੀ ਉਸਨੇ ਮਾਲਕਾਂ ਨਾਲ ਪਿਆਰ ਪਾਇਆ। ਉਥੇ ਹੀ ਇੰਤਜ਼ਾਰ ਕਰਦਾ ਰਿਹਾ ਕਿ ਕਦ ਮੈਂ ਫਾਰਮ ਆਵਾਂ ਤੇ ਅਸਾਨੂੰ ਉਹ ਪਿਆਰ ਕਰੇ। ਕਈ ਵਾਰ ਉਸਦੀਆਂ ਅੱਖਾਂ ਵਿਚ ਹੰਝੂ ਗਿਰਦੇ ਕਈ ਪ੍ਰੇਮੀਆਂ ਨੇ ਦੇਖੇ। ਉਸਦੇ ਪਿਆਰ ਦੀ ਖਿੱਚ ਮੇਰੇ ਤਕ ਪਹੁੰਚਦੀ, ਮੇਰੇ ਅੰਦਰ ਵੀ ਖਿੱਚ ਪੈਦਾ ਹੋਈ। ਮੈਂ ਉਸ ਕੁੱਤੇ ਨੂੰ ਮਿਲਣ ਵਾਸਤੇ ਤੇ ਨਾਲ ਲਿਆਉਣ ਵਾਸਤੇ ਸੰਗਤ ਸਮੇਤ ਯੂ.ਪੀ. ਵਿਚ ਦੀਵਾਨ ਲਾਉਣ ਪਹੁੰਚਿਆ ਪਰ ਮੈਨੂੰ ਇਹ ਸੁਣ ਕੇ ਦੁਖ ਹੋਇਆ ਕਿ ਉਹ ਜੌਨੀ ਨਾਮ ਦਾ ਕੁੱਤਾ ਮੇਰਾ ਇੰਤਜ਼ਾਰ ਕਰਦਾ-ਕਰਦਾ ਦੋ ਦਿਨ ਪਹਿਲਾਂ ਹੀ ਪ੍ਰਾਣ ਛੱਡ ਗਿਆ।

ਪਸ਼ੂਆਂ ਦੀ ਸੇਵਾ ਕਰ ਲਓ, ਦਰਖਤਾਂ ਦੀ ਸੇਵਾ ਕਰ ਲਓ, ਖੇਤੀ ਦੀ ਸੇਵਾ ਕਰ ਲਓ; ਕਿਸੇ ਦੀ ਵੀ ਸੇਵਾ ਕਰ ਲਓ, ਇਹ ਸੇਵਾ ਇਥੇ ਫਲ ਦਿੰਦੀ ਹੈ। ਜਿਹੜੀ ਗੁਰੂ ਦੀ ਸੇਵਾ ਹੈ, ਉਹ ਐਥੇ ਵੀ ਫਲ ਦਿੰਦੀ ਹੈ ਤੇ ਦਰਗਾਹ ਵਿਚ ਵੀ ਫਲ ਦਿੰਦੀ ਹੈ।

ਸਾਧਸੰਗਤ ਜੀ! ਤੁਸੀਂ ਧਿਆਨ ਦੇਵੋ, ਤੁਹਾਡੀ ਸੇਵਾ ਕਰਨ ਵਾਸਤੇ ਚਾਰ ਡਾਕਟਰ ਹਰ ਸਮਾਗਮ ਵਿਚ ਰਤਵਾੜਾ ਸਾਹਿਬ ਅਤੇ ਮੋਹਾਲੀ, ਮਹੀਨੇ ਵਿਚ ਛੇ ਵਾਰੀ ਆਉਂਦੇ ਹਨ ਅਤੇ ਸੇਵਾ ਕਰਦੇ ਹਨ। ਜੇ ਤੁਸੀਂ ਇਨ੍ਹਾਂ ਦਿਨਾਂ ਤੋਂ ਬਗੈਰ ਇਨ੍ਹਾਂ ਹੀ ਡਾਕਟਰਾਂ ਦੀ ਕਲੀਨਿਕ ਵਿਚ ਜਾਵੋ ਤਾਂ 100-100 ਰੁਪਿਆ **consulting fee** (ਸਲਾਹ ਮਸ਼ਵਰੇ ਦੀ ਫੀਸ) ਦੇਣੀ ਪੈਂਦੀ ਹੈ। ਇਥੇ ਇਹ ਸੈਂਕੜੇ ਮਰੀਜ਼ ਫਰੀ ਦੇਖਦੇ ਹਨ। ਦਵਾਈਆਂ ਤੁਹਾਡੇ ਵਲੋਂ ਫਰੀ ਦਿਤੀਆਂ ਜਾਂਦੀਆਂ ਹਨ। ਆਪੇ ਹੀ ਅੰਦਾਜ਼ਾ ਲਾ ਲਓ ਕਿ ਜੇ ਸੌ ਮਰੀਜ਼ ਨੂੰ ਵੀ ਦੇਖਣ ਤਾਂ 10,000 ਰੁਪਏ ਉਨ੍ਹਾਂ ਦੀ ਫੀਸ ਬਣ ਜਾਵੇ ਪਰ ਇਹ ਡਾਕਟਰ ਨਿਸ਼ਕਾਮ ਹੋ ਕੇ ਸੇਵਾ ਕਰਦੇ ਹਨ। ਸੇਵਾ ਦਾ ਫਲ ਉਨ੍ਹਾਂ ਨੂੰ ਮਿਲਣਾ ਹੀ ਹੈ।

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥*
*ਪੰਨਾ - 26*

ਦਰਗਾਹ ਵਿਚ ਬਾਂਹ ਲੁਡਾਉਂਦੇ ਹਨ - ਸੇਵਾ ਕਰਨ

ਵਾਲੇ; ਮੋਢੇ ਸੁੰਗੋੜ ਕੇ ਨਹੀਂ ਤੁਰਿਆ ਕਰਦੇ। ਸੇਵਾ ਦਾ ਫਲ ਮਿਲਦਾ ਹੈ। ਗੁਰੂ ਘਰ ਦੇ ਅੰਦਰ ਜਿਥੇ ਸਿਮਰਨ ਦੀ ਮਹਾਨਤਾ ਦੱਸੀ ਗਈ ਹੈ, ਉਥੇ ਸੇਵਾ ਦੀ ਵੀ ਮਹਾਨਤਾ ਉਸਦੇ ਬਰਾਬਰ ਹੀ ਹੈ।

ਭਾਈ ਤਿਲੋਕਾ ਜੀ ਨੇ ਕਿਹਾ, "ਬੀਬਾ! ਮੈਂ ਪਰਦੇਸੀ ਹਾਂ, ਤੂੰ ਮੈਨੂੰ ਨਹੀਂ ਜਾਣਦੀ ਪਰ ਤੂੰ ਪਰਦੇਸੀ ਦੀ ਸੇਵਾ ਦੇਖ ਕਿੰਨੀ ਕਰਦੀ ਹੈਂ; ਨਾ ਦਿਨੇ ਸੌਂਦੀ ਹੈਂ, ਨਾ ਰਾਤ ਨੂੰ ਸੌਂਦੀ ਹੈਂ; ਮੈਂ ਮਹਿਸੂਸ ਕੀਤਾ ਹੈ ਕਿ ਤੂੰ ਹਰ ਵਕਤ ਜਾਗਦੀ ਬੈਠੀ ਰਹਿੰਦੀ ਹੈਂ। ਤੁਸੀਂ ਮੈਨੂੰ ਪੈਣ ਲਈ ਸੋਹਣਾ ਪਲੰਘ ਦਿਤਾ ਹੈ। ਤੂੰ ਇਸ ਦੇ ਕੋਲ ਕੁਰਸੀ ਡਾਹ ਕੇ ਹਰ ਵਕਤ ਮੇਰੇ ਵਲ ਝਾਕਦੀ ਰਹਿੰਦੀ ਹੈਂ ਕਿ ਹੁਣ ਬੋਲਿਆ, ਹੁਣ ਬੋਲਿਆ। ਕਦੇ ਪਾਣੀ ਦਿੰਦੀ ਹੈਂ, ਕਦੇ ਕੋਈ ਹੋਰ ਚੀਜ਼ ਲਿਆ ਕੇ ਦਿੰਦੀ ਹੈਂ; ਮੈਂ ਤਾਂ ਇਸ ਸੇਵਾ ਦਾ ਅਧਿਕਾਰੀ ਨਹੀਂ ਨਾ, ਇਹ ਤੂੰ ਨਿਸ਼ਕਾਮ ਸੇਵਾ ਕਰ ਰਹੀ ਹੈਂ। ਤੈਨੂੰ ਇਸਦਾ ਫਲ ਸੰਸਾਰ ਵਿਚ ਵੀ ਮਿਲੇਗਾ ਅਤੇ ਦਰਗਾਹ ਵਿਚ, ਜਿਥੇ ਹਰ ਬੰਦੇ ਨੇ ਸੰਸਾਰ ਵਿਚ ਜ਼ਿੰਦਗੀ ਦਾ ਨਾਟਕ ਖੇਡ ਕੇ ਜਾਣਾ ਹੈ, ਉਸ ਸੱਚੀ ਦਰਗਾਹ ਵਿਚ ਵੀ ਤੈਨੂੰ ਮਾਣ ਪ੍ਰਾਪਤ ਹੋਵੇਗਾ।" ਰਾਜਕੁਮਾਰੀ ਇਹ ਬਚਨ ਸੁਣ ਕੇ ਬਹੁਤ ਹੀ ਹੈਰਾਨ ਹੋਈ ਤੇ ਕਹਿਣ ਲੱਗੀ, "ਹੇ ਭਲੇ ਪੁਰਖ! ਆਹ ਗੱਲ ਨਹੀਂ ਮੈਂ ਸਮਝ ਸਕੀ ਕਿ ਇਸ ਦੁਨੀਆਂ ਤੋਂ ਲਾਂਭੇ ਕੋਈ ਹੋਰ ਦਰਗਾਹ ਵੀ ਹੋਇਆ ਕਰਦੀ ਹੈ? ਕੀ ਹੁੰਦੀ ਹੈ ਦਰਗਾਹ - ਮੇਰੀ ਸਮਝ ਵਿਚ ਨਹੀਂ ਆਉਂਦਾ ਕਿਉਂਕਿ ਮੈਂ ਤਾਂ ਜੋ ਕੁਝ ਦੇਖਦੀ ਹਾਂ, ਸੁਣਦੀ ਹਾਂ, ਇਹੀ ਮੇਰੀ ਦੁਨੀਆਂ ਹੈ; ਮੈਨੂੰ ਕਿਸੇ ਨੇ ਨਹੀਂ ਦੱਸਿਆ ਕਿ ਦਰਗਾਹ ਕੀ ਹੁੰਦੀ ਹੈ।" ਭਾਈ ਤਿਲੋਕਾ ਜੀ ਕਹਿਣ ਲੱਗੇ, "ਬੀਬਾ! ਇਹ ਸੰਸਾਰ ਬਿਨਸਨਹਾਰ ਹੈ। ਇਸ ਦੇ ਵਿਚ ਨਾ ਕੋਈ ਸਰੀਰਧਾਰੀ, ਨਾ ਕੋਈ ਦਰਖਤ, ਨਾ ਕੋਈ ਪਹਾੜ - ਸਦਾ ਨਹੀਂ ਰਹਿੰਦਾ; ਸਮਾਂ ਆਇਆਂ ਸਭ ਚਲੇ ਜਾਂਦੇ ਹਨ।

ਦੇਖ ਤੂੰ ਆਪਣੇ ਪੜਦਾਦੇ ਤੋਂ ਉਪਰ ਪਰਿਵਾਰ ਦੇ ਸਬੰਧਿਤ ਮੈਂਬਰਾਂ ਨੂੰ ਨਹੀਂ ਜਾਣਦੀ ਜਿਨ੍ਹਾਂ ਨੇ ਆ ਕੇ ਇਸ ਤੁਹਾਡੇ ਨਗਰ ਦੀ ਬੁਨਿਆਦ ਰੱਖੀ, ਰਾਜ ਹਾਸਿਲ ਕੀਤੇ, ਬਾਗ ਲਵਾਏ। ਤੇਰੇ ਵਾਂਗੂੰ ਹੀ ਐਥੇ ਆ ਕੇ ਜਵਾਨੀਆਂ ਮਾਣੀਆਂ ਪਰ ਉਹ ਸਾਰੇ ਹੁਣ ਕਿਥੇ ਨੇ? ਉਹ ਸਾਰੇ ਭਲੇ ਬੁਰੇ ਕਰਮ ਕਰਕੇ ਸੰਸਾਰ ਤੋਂ ਚਲੇ ਗਏ ਅਤੇ ਆਪਣੇ ਕੀਤੇ ਹੋਏ ਕਰਮਾਂ ਦਾ ਲੇਖਾ ਦੇਣ ਲਈ ਪਰਲੋਕ ਵਿਚ ਪਹੁੰਚ ਕੇ, ਹੁਣ ਪਤਾ ਨਹੀਂ ਉਹ ਕਿਸ ਥਾਂ ਹੋਣ। ਬੀਬਾ! ਇਹ ਜੋ ਸੁੰਦਰ ਸਰੀਰ ਆਪਾਂ ਨੂੰ ਮਿਲਿਆ ਹੋਇਆ ਹੈ, ਇਸ ਵਿਚ ਕਈ ਹੋਰ ਪਰਤਾਂ ਹਨ। ਜਿਵੇਂ ਇਕ ਵੱਡਾ ਡੱਬਾ ਹੋਵੇ, ਉਹਦੇ ਵਿਚ ਇਕ ਛੋਟਾ ਡੱਬਾ ਹੋਵੇ, ਉਹਦੇ ਵਿਚ ਇਕ ਹੋਰ ਛੋਟਾ ਡੱਬਾ ਹੋਵੇ, ਫੇਰ ਉਹਤੋਂ ਛੋਟਾ ਡੱਬਾ ਹੋਵੇ; ਇਸੇ ਤਰ੍ਹਾਂ ਸਾਡੇ ਇਸ ਵਜੂਦ ਦੀ ਬਣਤਰ ਹੈ। ਆਹ ਜਿਹੜਾ ਸਰੀਰ ਹੈ ਇਹ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ, ਜਿਹਨੂੰ ਗਲਤੀ ਦੇ ਨਾਲ ਤੂੰ ਆਪਣਾ ਆਪ ਕਹਿ ਰਹੀ ਹੈਂ। ਤੂੰ ਦੇਖਿਆ ਹੋਣਾ ਹੈ ਜਦੋਂ ਤੂੰ ਕੋਈ ਸ਼ਿਕਾਰ ਮਾਰਦੀ ਸੀ ਤਾਂ ਉਸ ਮਰੇ ਹੋਏ ਜਾਨਵਰ ਦਾ ਸਰੀਰ ਐਥੇ ਹੀ ਰਹਿ ਜਾਂਦਾ ਹੈ ਪਰ ਵਿਚੋਂ ਰੂਹ ਨਿਕਲ ਕੇ ਚਲੀ ਜਾਇਆ ਕਰਦੀ ਹੈ ਜਿਸ ਨੂੰ ਅਸੀਂ ਦੇਖ ਨਹੀਂ ਸਕਦੇ, ਫੜ ਨਹੀਂ ਸਕਦੇ। ਇਸੇ ਤਰ੍ਹਾਂ ਨਾਲ ਇਹ ਜੋ ਢਾਂਚਾ ਹੈ, ਇਹਨੂੰ ਅਸੀਂ ਆਪਣਾ ਆਪ ਕਹਿ ਦਿੰਦੇ ਹਾਂ, ਇਹ ਤਾਂ ਇਥੇ ਹੀ ਰਹਿ ਜਾਂਦਾ ਹੈ। ਕੋਈ ਇਸਦਾ ਸ਼ਮਸ਼ਾਨ ਭੂਮੀ ਵਿਚ ਸਸਕਾਰ ਕਰ ਦਿੰਦਾ ਹੈ, ਕਈ ਪਾਣੀ ਵਿਚ ਰੋੜ੍ਹ ਦਿੰਦੇ ਹਨ। ਜੇ ਇਹ ਘਰ ਵਿਚ ਰੱਖਿਆ ਜਾਵੇ ਤਾਂ ਸਾਰਾ ਘਰ ਬਦਬੂ ਨਾਲ ਭਰ ਜਾਵੇ। ਇਹਦੇ ਵਿਚ ਜੋ ਬੋਲਦੀ, ਦੇਖਦੀ, ਖੁਸ਼ੀਆਂ ਮਾਣਦੀ ਰੂਹ ਹੈ, ਇਹ ਵਿਚੋਂ ਨਿਕਲ ਜਾਇਆ ਕਰਦੀ ਹੈ। ਬੀਬਾ! ਮੈਂ ਵੀ ਚਲੇ ਜਾਣਾ ਹੈ, ਮੇਰਾ ਸਰੀਰ ਐਥੇ ਹੀ ਰਹਿ ਜਾਣਾ ਹੈ; ਮੈਂ ਰਹਿਣਾ ਨਹੀਂ ਹੈ, ਮੇਰੀ ਵੀ ਤਿਆਰੀ ਹੈ - ਥੋੜ੍ਹੇ ਦਿਨਾਂ ਵਿਚ। ਪਰ ਮੈਂ ਮਰਨਾ ਨਹੀਂ ਹੈ; ਮਰਦਾ ਸਰੀਰ ਹੁੰਦਾ ਹੈ, ਮੈਂ ਇਸ ਵਿਚ ਰਹਿਣ ਵਾਲਾ ਹਾਂ। ਮੈਨੂੰ ਪਤਾ ਹੈ ਅੰਦਰਲੀ ਅਸਲੀ ਚੀਜ਼ ਦਾ, ਤੈਨੂੰ ਪਤਾ ਨਹੀਂ ਹੈ। ਤੂੰ ਦੇਖਿਆ ਹੋਣਾ ਹੈ ਨਾ! ਬਦਾਮ ਵਿਚ ਅਸਲੀ ਚੀਜ਼ ਕੀ ਹੁੰਦੀ ਹੈ?" ਕਹਿੰਦੀ, "ਬਦਾਮ।" ਕਹਿੰਦੇ, "ਨਹੀਂ; ਹੋਰ ਅੱਗੇ ਸੋਚ?"

ਕਹਿਣ ਲੱਗੀ, "ਜਿਹੜਾ ਚਿੱਟਾ-ਚਿੱਟਾ ਹਿੱਸਾ ਹੁੰਦਾ ਹੈ, ਉਹ ਅਸਲੀ ਚੀਜ਼ ਹੁੰਦੀ ਹੈ।" ਉਹ ਕਹਿਣ ਲੱਗੇ, "ਹੋਰ ਅਗਾਹਾਂ ਚਲ।" ਰਾਜਕੁਮਾਰੀ ਕਹਿਣ ਲੱਗੀ, "ਫੇਰ ਅੱਗੇ ਤਾਂ ਬਦਾਮ ਰੋਗਨ ਹੁੰਦਾ ਹੈ।" ਭਾਈ ਤਿਲੋਕਾ ਜੀ ਕਹਿਣ ਲੱਗੇ, "ਬੀਬਾ! ਇਵੇਂ ਜਿਵੇਂ ਆਪਣਾ ਸਰੀਰ ਹੁੰਦਾ ਹੈ। ਇਕ ਤਾਂ ਆਹ ਸਰੀਰ ਹੁੰਦੈ ਜਿਸਨੂੰ ਤੂੰ ਦੇਖ ਰਹੀ ਹੈਂ; ਮੈਂ ਬੋਲ ਰਿਹਾ ਹਾਂ, ਜਿਸਨੂੰ ਬਾਣ ਲੱਗਿਆ। ਇਹ ਸਰੀਰ ਦੁਨੀਆਂ ਵਿਚ ਕੰਮ ਕਰਦੈ। ਇਸਦੇ ਅੰਦਰ ਇਕ ਇਹੋ ਜਿਹਾ ਹੀ ਸਰੀਰ ਹੈ ਜਿਸਨੂੰ **Ethrical body** (ਅਕਾਸ਼ੀ ਸਰੀਰ) ਆਖਦੇ ਹਨ, ਉਹ 19 ਚੀਜ਼ਾਂ ਦਾ ਬਣਿਆ ਹੁੰਦੈ, ਉਸ ਵਿਚ ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਪੰਜ ਪ੍ਰਾਣ, ਮਨ, ਚਿੱਤ, ਬੁੱਧ, ਅਹੰਭਾਵ ਹੁੰਦੇ ਹਨ, ਉਸ ਨੂੰ ਜੀਅਰਾ ਵੀ ਆਖਦੇ ਹਨ। ਉਹ ਨਾ ਕਦੇ ਮਰਦਾ ਹੈ, ਨਾ ਅੱਗ ਵਿਚ ਜਲਾਇਆਂ ਜਲਦਾ ਹੈ, ਨਾ ਪਾਣੀ ਵਿਚ ਡੋਬਿਆਂ ਡੁੱਬਦਾ ਹੈ, ਨਾ ਉਹ ਫੜਿਆ ਜਾਂਦਾ ਹੈ, ਉਹ ਕਦੇ ਵੀ ਨਹੀਂ ਮਰਦਾ। ਸਦਾ-ਸਦਾ ਦੀ ਜ਼ਿੰਦਗੀ ਉਸਨੂੰ ਪ੍ਰਾਪਤ ਹੁੰਦੀ ਹੈ। ਜਿਹੜਾ ਅਸੀਂ ਕਰਮ ਕਰਦੇ ਹਾਂ ਨਾ, ਉਹ ਫਲ ਭੋਗਣ ਲਈ ਅਨੇਕ ਸਰੀਰ ਧਾਰਦਾ ਹੈ। ਜਦੋਂ ਇਹ ਸੂਖਸ਼ਮ ਸਰੀਰ ਨਿਕਲ ਕੇ ਦਰਗਾਹ ਵਿਚ ਜਾਂਦਾ ਹੈ, ਉਸ ਵੇਲੇ ਕੀਤੇ ਹੋਏ ਕਰਮ ਨਾਲ ਜਾਂਦੇ ਹਨ। ਉਹ ਸੱਚ ਦੀ ਦੁਨੀਆਂ ਹੈ, ਉਹ ਪ੍ਰਕਾਸ਼ ਦੀ ਦੁਨੀਆਂ ਹੈ। ਆਦਮੀ ਸਰੀਰ ਛੱਡ ਦਿੰਦਾ ਹੈ, ਉਸ ਵੇਲੇ ਇਸ ਗੱਲ ਦਾ ਭੇਤ ਖੁਲ੍ਹਦਾ ਹੈ। ਦਰਗਾਹ ਵਿਚ ਜਾ ਕੇ ਹੀ ਉਸਦੇ

ਕੀਤੇ ਕਰਮਾਂ ਦਾ ਲੇਖਾ-ਜੋਖਾ ਹੁੰਦਾ ਹੈ; ਉਹਨੂੰ ਦਰਗਾਹ ਕਹਿੰਦੇ ਹਨ, ਸੱਚੀ ਕਚਹਿਰੀ ਕਹਿੰਦੇ ਹਨ। ਜਿਵੇਂ ਤੇਰੇ ਪਿਤਾ ਜੀ ਕਚਹਿਰੀ ਕਰਦੇ ਹਨ - ਸੱਚਿਆਂ ਨੂੰ ਇਨਾਮ ਦਿੰਦੇ ਹਨ ਅਤੇ ਝੂਠਿਆਂ ਨੂੰ ਦੰਡ ਦਿੰਦੇ ਹਨ; ਠੀਕ ਇਸੇ ਤਰ੍ਹਾਂ ਹੀ ਸੂਖਸ਼ਮ ਮੰਡਲਾਂ ਦੀ ਕਚਹਿਰੀ ਹੁੰਦੀ ਹੈ ਜਿਸਨੂੰ ਮੈਂ ਕਚਹਿਰੀ ਕਹਿੰਦਾ ਹਾਂ। ਸੰਸਾਰ ਵਿਚ ਜਿਨ੍ਹਾਂ ਨੇ ਸੇਵਾ ਕੀਤੀ ਹੁੰਦੀ ਹੈ, ਜਿਵੇਂ ਤੂੰ ਮੇਰੀ ਸੇਵਾ ਕਰ ਰਹੀ ਹੈਂ, ਉਨ੍ਹਾਂ ਦਾ ਦਰਗਾਹ ਵਿਚ ਆਦਰ ਹੁੰਦਾ ਹੈ ਅਤੇ ਉਨ੍ਹਾਂ ਨੂੰ ਥਾਂ ਮਿਲਦਾ ਹੈ। ਸਾਰੇ ਆਦਰ ਨਾਲ ਜੀ-ਜੀ ਕਹਿੰਦੇ ਹਨ -

***ਰੇ ਰੇ ਦਰਗਹ ਕਹੈ ਨ ਕੋਊ॥***
***ਆਉ ਬੈਠੁ ਆਦਰੁ ਸੁਭ ਦੇਊ॥***
***ਪੰਨਾ - 252***

ਅਰੇ-ਅਰੇ ਨਹੀਂ ਕੋਈ ਕਰਦਾ; ਸਭ ਕਹਿਣਗੇ - ਆਓ ਜੀ ਬੈਠੋ, ਧੰਨ ਹੋਂ, ਦੁਨੀਆਂ 'ਚ ਜਾ ਕੇ ਤੁਸੀਂ ਬਹੁਤ ਨੇਕ ਕੰਮ ਕਰਕੇ ਆਏ ਹੋਂ। ਜਿੰਨੀ ਦੁਨੀਆਂ ਵਿਚ ਨਿਰਮਾਣਤਾ ਹੋਵੇਗੀ, ਸਰੀਰ ਛੱਡਣ ਤੋਂ ਪਿਛੋਂ ਓਨਾਂ ਹੀ ਦਰਗਾਹ ਵਿਚ ਉਚਾ ਜਾਵੇਗਾ। ਜਿੰਨਾਂ ਦੁਨੀਆਂ ਵਿਚ ਰਹਿ ਕੇ ਅਭਿਮਾਨ ਕਰੇਗਾ, ਓਨਾਂ ਹੀ ਨੀਵਾਂ ਰਹਿ ਜਾਵੇਗਾ। ਪਾਪਾਂ ਦੇ ਬੋਝ ਨਾਲ ਉਪਰ ਉਡਾਰੀਆਂ ਨਹੀਂ ਮਾਰਦਾ। ਇਸ ਦੇ ਵਿਪਰੀਤ ਹੇਠਲੇ ਮੰਡਲਾਂ ਵਿਚ ਨਿਘਰਦਾ ਜਾਂਦਾ ਹੈ ਅਤੇ ਉਥੇ ਆਪਣੇ ਕੀਤੇ ਹੋਏ ਕਰਮਾਂ ਦਾ ਫਲ ਪਾ ਕੇ 84 ਲੱਖ ਕਿਸਮ ਦੇ ਸਰੀਰ - ਭੂਤਾਂ-ਪ੍ਰੇਤਾਂ ਦੀ ਦੁਨੀਆਂ, ਬੇਅੰਤ ਕਿਸਮ ਦੀ ਦੁਨੀਆਂ ਵਿਚ ਦੁੱਖ ਭੋਗੇਗਾ। ਜਿਹੜੇ ਸੇਵਾ ਕਰਦੇ ਹਨ, ਪਿਆਰ ਕਰਦੇ ਹਨ, ਬੰਦਗੀ ਕਰਦੇ ਹਨ, ਨਿਰੰਕਾਰ ਨਾਲ ਪਿਆਰ ਕਰਦੇ ਹਨ, ਉਹ ਉਪਰਲੀਆਂ ਦਰਗਾਹਾਂ ਵਿਚ ਜਾਂਦੇ ਹਨ। ਇਸ ਦੇ ਵਿਪਰੀਤ ਜਿਹੜੇ ਦੂਸਰੇ ਨੇ - 'ਆਹ ਜਗ ਮਿੱਠਾ, ਅਗਲਾ ਕਿਨ ਡਿਠਾ' ਦੇ ਧਾਰਨੀ ਹੋ ਕੇ ਨਰਕਾਂ ਵਿਚ ਦੁਖ ਭੋਗਦੇ ਹਨ। ਕਬੂਤਰ ਆਉਂਦੈ, ਬੈਠ ਗਿਆ ਜਾ ਕੇ ਕਿਸੇ ਦਰਖਤ ਤੇ; ਜੇ ਉਹ ਬਿੱਲੀ ਨੂੰ ਦੇਖ ਲਵੇ ਤਾਂ ਅੱਖਾਂ ਬੰਦ ਕਰ ਲੈਂਦਾ ਹੈ, ਪਰ ਉਡਦਾ ਨਹੀਂ। ਸਾਧਸੰਗਤ ਜੀ! ਕਹਿੰਦਾ ਹੈ, ਮੈਨੂੰ ਤਾਂ ਬਿੱਲੀ ਦਿਸਦੀ ਨਹੀਂ। ਅੱਖਾਂ ਮੀਚਣ ਨਾਲ ਤਾਂ ਬਿੱਲੀ ਨੇ ਹਟਣਾ ਨਹੀਂ, ਉਹਨੇ ਤਾਂ ਆਉਣਾ ਹੀ ਆਉਣਾ ਹੈ।

ਜੇ ਇਹ ਕਹਿ ਦਿਓ ਕਿ 'ਆਹ ਜਗ ਮਿਠਾ ਅਗਲਾ ਕਿਨ ਡਿੱਠਾ', ਇੰਨਾਂ ਕਹਿਣ ਦੇ ਨਾਲ ਕੀਤੇ ਹੋਏ ਕਰਮਾਂ ਦੇ ਭੋਗਣ ਵਾਲੇ ਫਲ ਖਤਮ ਨਹੀਂ ਹੋਇਆ ਕਰਦੇ; ਉਹ ਤਾਂ ਲੇਖੇ ਦੇਣੇ ਹੀ ਪੈਂਦੇ ਹਨ। ਉਥੇ ਹੋਏਗਾ ਕੀ? ਫੇਰ ਪਛਤਾਉਣਾ ਪੈਂਦਾ ਹੈ, ਫੇਰ ਕੁਝ ਪੱਲੇ ਨਹੀਂ ਪੈਂਦਾ -

***ਧਾਰਨਾ - ਜ਼ਿੰਦੇ ਰੋਵੇਂਗੀ ਤੇ***
***ਰੋ ਰੋ ਪਛੋਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ***

ਕਹਿਣ ਲੱਗੇ, "ਬੀਬਾ! ਉਥੇ ਕੀਤੇ ਕਰਮਾਂ ਦੇ ਲੇਖੇ ਹੁੰਦੇ ਹਨ। ਮਾੜੇ ਕੰਮਾਂ ਦੀ ਸਜ਼ਾ ਮਿਲਦੀ ਹੈ।" ਸੋ ਐਸ ਤਰ੍ਹਾਂ ਰੱਬ ਦੀ ਦਰਗਾਹ ਹੋਇਆ ਕਰਦੀ ਹੈ ਜਿਥੇ ਸੱਚੇ ਬੰਦੇ, ਸੱਚੇ ਹੋਣ ਕਰਕੇ ਮਾਣ ਪਾਉਂਦੇ ਹਨ ਅਤੇ ਪਾਪੀ ਬੰਦੇ, ਪਾਪੀ ਹੋਣ ਕਰਕੇ ਸਜ਼ਾਵਾਂ ਭੋਗਦੇ ਹਨ। ਇਸ ਸੰਸਾਰ ਦੇ ਅੰਦਰ ਆਦਮੀ ਐਸ਼ੋ-ਇਸ਼ਰਤ ਨਹੀਂ ਕਰਨ ਵਾਸਤੇ ਆਇਆ। **Eat drink and be merry for we shall have to die.** ਖਾਓ ਪੀਓ ਮੌਜ ਕਰੋ ਕਿਉਂਕਿ ਆਪਾਂ ਮਰ ਜਾਣੈ। ਇਹ ਸੋਚ ਬਹੁਤ ਹੀ ਗਲਤ ਹੈ। ਜੇਕਰ ਐਸਾ ਹੁੰਦਾ ਕਿ ਸਰੀਰ ਦੇ ਮਰ ਜਾਣ ਤੋਂ ਬਾਅਦ ਕੁਝ ਵੀ ਜਿਉਂਦਾ ਨਾ ਰਹਿੰਦਾ, ਤਾਂ ਤਾਂ ਇਹ ਅਸੂਲ ਕੁਝ ਮਾਇਨੇ ਰੱਖਦਾ। ਪਰ ਇਹਦੇ ਵਿਚ ਰਹਿਣ ਵਾਲਾ ਜੀਵ, ਸਰੀਰ ਮਰਨ ਤੋਂ ਬਾਦ ਮਰਦਾ ਹੀ ਨਹੀਂ। ਪਾਪ ਕਰਮਾਂ ਦੇ, ਭੋਗਾਂ ਦੇ ਉਹਦੇ ਉਤੇ ਦਾਗ ਲੱਗੇ ਹੁੰਦੇ ਹਨ ਅਤੇ ਬਹੁਤ ਡਰਾਉਣਾ ਲਗਦਾ ਹੈ -

***ਨੰਗਾ ਦੋਜਕਿ ਚਾਲਿਆ ਤਾ***
***ਦਿਸੈ ਖਰਾ ਡਰਾਵਣਾ॥***
***ਪੰਨਾ - 471***
***ਦਾਗ ਦੋਸ ਮੁਹਿ ਚਲਿਆ ਲਾਇ॥***
***ਦਰਗਹ ਬੈਸਣ ਨਾਹੀ ਜਾਇ॥***
***ਪੰਨਾ - 662***

ਦਰਗਾਹ ਵਿਚ ਬੈਠਣ ਨੂੰ ਥਾਂ ਨਹੀਂ ਮਿਲਦਾ। ਜਿਵੇਂ ਕੋਹੜ ਹੋਇਆ ਹੁੰਦਾ ਹੈ, ਐਉਂ ਉਹਦੇ ਸੂਖਸ਼ਮ ਸਰੀਰ ਉਪਰ ਪਾਪਾਂ ਦੇ ਦਾਗ ਉਭਰੇ ਹੋਏ ਹੁੰਦੇ ਹਨ, ਫੇਰ ਪਛਤਾਉਣਾ ਪੈਂਦਾ ਹੈ। ਇਸ ਕੰਮ ਵਾਸਤੇ ਨਹੀਂ ਆਇਆ ਕਿ ਹੱਸ ਲਏ, ਖੇਲ੍ਹ ਲਏ, ਸੌਂ ਲਏ, ਦਿਨ ਲੰਘਾ ਲਿਆ। ਐਸ ਤਰ੍ਹਾਂ ਕਈ ਸਮੇਂ ਨੂੰ ਬਿਤਾਉਣ ਵਾਸਤੇ ਆਉਂਦੇ ਹਨ, ਭੋਗਾਂ ਵਿਚ ਪ੍ਰਵਿਰਤ ਹੋ ਕੇ ਸਮਾਂ ਲੰਘਾਉਂਦੇ ਹਨ ਪਰ ਸੂਝਵਾਨ, ਸਤਿਸੰਗ ਵਿਚ ਆਉਣ ਵਾਲਾ ਵਿਅਕਤੀ ਜਾਣਦਾ ਹੈ ਕਿ ਅਸੀਂ ਸਮੇਂ ਨੂੰ ਸਫਲ ਕਰਨ ਵਾਸਤੇ ਆਏ ਹਾਂ। ਅਸੀਂ ਵੀ ਅਜਿਹੀਆਂ ਬਹੁਤ ਜੂਨੀਆਂ ਵਿਚ ਸਮਾਂ ਲੰਘਾਇਆ ਹੈ -

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥***
***ਪੰਨਾ - 176***

ਮਹਾਂਪੁਰਸ਼ ਦੱਸਦੇ ਹਨ ਕਿ ਦਰਖ਼ਤ ਵਗੈਰਾ ਆਪਾਂ ਬਣਦੇ ਹਾਂ ਅਤੇ ਹੋਰ ਅਨੇਕਾਂ ਸਰੀਰ ਧਾਰਨ ਕਰਦੇ ਹਾਂ, ਇਸ ਤਰ੍ਹਾਂ ਚਲਦੇ-ਚਲਦੇ ਅਸਾਨੂੰ ਮਨੁਖਾ ਦੇਹ ਪ੍ਰਾਪਤ ਹੋ ਗਈ ਹੈ। ਹੁਣ ਸਾਡੇ ਸਰੀਰ ਵਿਚ ਜਿਹੜੀ ਜਾਗ੍ਰਤ ਹੈ, ਚੇਤਨਤਾ ਹੈ, ਹੋਸ਼ ਹੈ ਇਹ ਬਾਕੀ ਸਾਰੀਆਂ ਜੂਨੀਆਂ

ਨਾਲੋਂ ਬਹੁਤ ਵਧੀਕ ਹੈ। ਇਸ ਹੋਸ਼ ਦੇ ਸਹਾਰੇ ਅਸੀਂ ਇਸ ਸਰੀਰ ਦੇ ਨਾਲ ਕੰਮ-ਕਾਰ ਕਰਦੇ ਹਾਂ। ਹੁਣ ਇਹ ਸਰੀਰ ਜੋ ਸਾਨੂੰ ਮਿਲਿਆ ਹੈ, ਇਹ ਸਾਨੂੰ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਹੀ ਪ੍ਰਾਪਤ ਹੋਇਆ ਹੈ। ਜਨਮ ਮਰਨ ਦਾ ਚੱਕਰ ਜਿਹੜਾ ਸਾਡੇ ਗਲ ਪਿਆ ਹੈ, ਉਹ ਪ੍ਰਮੇਸ਼ਰ ਨੂੰ ਮਿਲ ਕੇ ਅਸੀਂ ਇਸੇ ਸਰੀਰ ਵਿਚ ਕੱਟਣਾ ਹੈ ਪਰ ਹੁੰਦਾ ਕੀ ਹੈ ਕਿ ਐਥੇ ਆ ਕੇ ਹੰਸ ਮੋਤੀ ਨਹੀਂ ਚੁਗਦਾ। ਮਾਨ ਸਰੋਵਰ ਝੀਲ ਤੋਂ ਉਡਾਰੀ ਮਾਰ ਕੇ ਆ ਗਿਆ। ਮੋਤੀ ਸਾਮ੍ਹਣੇ ਪਏ ਨੇ ਪਰ ਉਨ੍ਹਾਂ ਨੂੰ ਨਹੀਂ ਚੁਗ ਰਿਹਾ; ਉਸ ਦੀ ਥਾਂ ਤੇ ਥੋੜੇ ਪਾਣੀ ਵਿਚ ਖੜ੍ਹਾ ਹੋ ਕੇ ਡੱਡੀਆਂ ਫੜ-ਫੜ ਕੇ ਖਾ ਰਿਹਾ ਹੈ ਅਤੇ ਮਰੇ ਹੋਏ ਡੰਗਰਾਂ ਦੇ ਕਰੰਗਾਂ ਤੇ ਬੈਠ ਕੇ ਕਰੰਗਾਂ ਨੂੰ ਚੂੰਡ ਰਿਹਾ ਹੈ। ਹੈ ਨਾ ਅਜੀਬ ਗੱਲ! ਇਸ ਬਾਰੇ ਮਹਾਰਾਜ ਜੀ ਦਾ ਫੁਰਮਾਨ ਹੈ –

*ਧਾਰਨਾ -ਹੰਸ ਮੋਤੀ ਚੁਗਣ ਨੂੰ ਆਇਆ,*
*ਕਰੰਗਾਂ ਤੇ ਆ ਕੇ ਬਹਿ ਗਿਆ ।*
*ਸਉ ਓਲਾਮੇ ਦਿਨੈ ਕੇ*
*ਰਾਤੀ ਮਿਲਨਿ ਸਹੰਸ॥*
*ਸਿਫਤਿ ਸਲਾਹਣੁ ਛਡਿ ਕੈ*
*ਕਰੰਗੀ ਲਗਾ ਹੰਸੁ॥*
*ਫਿਟੁ ਇਵੇਹਾ ਜੀਵਿਆ*
*ਜਿਤੁ ਖਾਇ ਵਧਾਇਆ ਪੇਟੁ॥*
*ਨਾਨਕ ਸਚੇ ਨਾਮ ਵਿਣੁ*
*ਸਭੋ ਦੁਸਮਨੁ ਹੇਤੁ॥ ਪੰਨਾ - 790*

ਅਜੀਬ ਬਾਤ ਹੈ। ਹੰਸ ਦਾ ਕੰਮ ਹੈ - ਮੋਤੀ ਚੁਗਣਾ, ਮੋਤੀ ਚੁਗਣ ਦੇ ਨਾਲ ਉਹਦੇ ਵਿਚ ਤਾਕਤ ਆਉਂਦੀ ਹੈ। ਬਾਰ੍ਹਾਂ-ਬਾਰ੍ਹਾਂ ਸੌ ਮੀਲ ਦੀ ਉਡਾਰੀ ਇਕੱਠੀ ਇਕ ਸਾਹ 'ਚ ਮਾਰਦੈ ਪਰ ਜੇ ਆ ਕੇ ਮਰੇ ਹੋਏ ਡੰਗਰਾਂ ਦੀ ਡੁਡਲੀ (ਜਿਥੇ ਮਰੇ ਹੋਏ ਡੰਗਰ ਸੁੱਟੇ ਜਾਂਦੇ ਹਨ) ਤੇ ਹੱਡੀਆਂ ਨਾਲੋਂ ਮਾਸ ਕੱਢ-ਕੱਢ ਕੇ ਖਾਵੇ, ਫੇਰ ਤਾਂ ਅਜੀਬ ਬਾਤ ਹੋਈ, ਫੇਰ ਉਹਨੂੰ ਹੰਸ ਨੀਂ ਕੋਈ ਕਹੇਗਾ- ਬਗਲਾ ਕਹੇਗਾ, ਇੱਲ੍ਹ ਕਹੇਗਾ ਜਾਂ ਗਿਲਝ ਕਹੇਗਾ। ਗਿਲਝ ਦਾ ਇਹ ਕੰਮ ਹੁੰਦਾ ਹੈ। ਆਇਆ ਤਾਂ ਸਿਫਤ ਸਲਾਹੁਣ ਵਾਸਤੇ, ਬੰਦਗੀ ਕਰਨ ਵਾਸਤੇ ਸੀ - ਅੰਮ੍ਰਿਤ ਵੇਲੇ ਉਠਣਾ, ਉਠ ਕੇ ਇਸ਼ਨਾਨ ਕਰਨਾ, ਨਾਮ ਜਪਣਾ ਤੇ ਨਾਮ ਦਾ ਰਸ ਮਾਨਣਾ। ਨਾਮ ਦੇ ਰਸ ਦੀ ਥਾਂ ਤੇ ਸ਼ਰਾਬ ਦੇ ਪਿਆਲੇ ਪੀਣੇ ਸ਼ੁਰੂ ਕਰ ਦਿਤੇ; ਸਿਫਤ ਸਲਾਹ ਦੀ ਥਾਂ ਤੇ, ਅਨੰਦ ਦੀ ਥਾਂ ਤੇ, ਹੱਡੀਆਂ ਚੂੰਡਣੀਆਂ ਸ਼ੁਰੂ ਕਰ ਦਿਤੀਆਂ। ਪਹਿਲਾਂ ਜਾਨਵਰ ਮਾਰਦੈ, ਫੇਰ ਪਸ਼ੂਆਂ ਵਾਂਗਣ ਹੱਡੀਆਂ ਚੂੰਡਦੈ, ਸ਼ਰਾਬਾਂ ਪੀਂਦੈ, ਨਿੰਦਿਆ ਕਰਦੈ, ਚੁਗਲੀ ਕਰਦੈ, ਈਰਖਾ ਕਰਦੈ, ਵਿਸ਼ੇ ਵਿਕਾਰਾਂ 'ਚ ਪੈਂਦੈ, ਭੋਗਾਂ ਦੇ ਕੁ-ਰਸਾਂ 'ਚ ਪੈਂਦੈ, ਕਾਮ ਭੋਗਾਂ 'ਚ ਪੈਂਦੈ। ਕਿੱਡਾ ਗਲਤ ਕੰਮ ਹੋ ਗਿਆ। ਆਇਆ ਤਾਂ ਕੋਈ ਹੋਰ ਕੰਮ ਕਰਨ ਵਾਸਤੇ ਸੀ।

ਕਹਿੰਦੇ, ਬੀਬਾ! ਮਨੁੱਖ ਦਾ ਕੰਮ ਜਿਹੜਾ ਐਥੇ ਹੈ, ਉਹ ਪ੍ਰਮੇਸ਼ਰ ਦਾ ਭਜਨ ਕਰਨਾ ਹੈ। ਭਜਨ ਦਾ ਨਹੀਂ ਪਤਾ ਲਗਦਾ ਜਦ ਤਾਂਈਂ ਗੁਰੂ ਨਹੀਂ ਧਾਰਦਾ। ਸੋ ਇਹ ਦੇਹ ਅਕਾਰਥ ਹੀ ਚਲੀ ਜਾਂਦੀ ਹੈ ਜੋ ਬੰਦਗੀ ਨਹੀਂ ਕਰਦਾ। ਮਹਾਰਾਜ ਜੀ ਫੁਰਮਾਉਂਦੇ ਨੇ ਕਿ ਇਹ ਤਾਂ ਮਨੁੱਖ ਦਾ ਸਰੀਰ ਹੈ ਹੀ ਭਜਨ ਕਰਨ ਵਾਸਤੇ –

*ਧਾਰਨਾ - ਏਹੋ ਤੇਰੀ ਵਾਰੀ ਐ,*
*ਗੋਬਿੰਦ ਮਿਲਣੇ ਦੀ*
*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥*
*ਪੰਨਾ - 12*

ਮਾਇਆ ਦੇ ਪਿਆਰ ਵਿਚ ਕਿੰਨੇ ਸਾਲ ਲੰਘ ਗਏ - ਗਿਣ ਕੇ ਦੇਖਿਓ, ਆਪੇ ਹੀ ਗਿਣਿਓਂ ਕਿ ਕਿੰਨੇ ਭਜਨ 'ਚ ਲੰਘੇ ਨੇ ਤੇ ਕਿੰਨੇ ਲੰਘੇ ਨੇ - ਮਾਇਆ ਦੇ ਪਿਆਰ 'ਚ। ਮਹਾਰਾਜ ਕਹਿੰਦੇ, ਉਹ ਤਾਂ ਤੇਰੇ ਕਿਸੇ ਕੰਮ ਹੀ ਨਾ ਆਏ। ਹੁਣੇ ਸਾਡੀ ਗੱਲ ਮੰਨ ਲੈ, ਨਹੀਂ ਤਾਂ ਫੇਰ ਪਛਤਾਵੇਂਗਾ; ਫੇਰ ਕੀ ਫਾਇਦਾ? *'ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥'*

ਸੰਤਾਂ ਦੀ ਸੰਗਤ ਕਰ ਲੈ। ਉਨ੍ਹਾਂ ਦੀ ਸੰਗਤ ਤੋਂ ਬਗੈਰ ਨਾਮ ਨਹੀਂ ਜਪ ਹੋਣਾ ਕਿਉਂਕਿ ਸੰਤਾਂ ਦਾ ਕੰਮ ਹੀ ਨਾਮ ਜਪਣਾ ਤੇ ਸੰਸਾਰ ਨੂੰ ਜਪਾਉਣਾ ਹੁੰਦਾ ਹੈ, ਹੋਰ ਸੰਤਾਂ ਦਾ ਕੋਈ ਕੰਮ ਨਹੀਂ ਹੁੰਦਾ। ਕਿੱਡੀ ਵੱਡੀ ਪਦਵੀ ਦਿੰਦੇ ਨੇ ਮਹਾਰਾਜ –

*ਜਨੁ ਨਾਨਕੁ ਧੂੜਿ ਮੰਗੈ*
*ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*
*ਪੰਨਾ - 306*

ਐਡੀ ਵੱਡੀ ਬਾਤ ਮਹਾਰਾਜ ਨੇ ਕਹਿ ਦਿਤੀ! ਉਹ ਸੰਤਾਂ ਦਾ ਕੰਮ ਹੁੰਦੈ, ਉਨ੍ਹਾਂ ਦੇ ਨਾਲ ਮਿਲ ਕੇ ਨਾਮ ਜਪਿਆ ਜਾਂਦੈ –

*ਕਬੀਰ ਸੇਵਾ ਕਉ ਦੁਇ ਭਲੇ*
*ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ*
*ਸੰਤੁ ਜਪਾਵੈ ਨਾਮੁ॥ ਪੰਨਾ - 1373*

"ਸੋ ਬੀਬਾ! ਇਹ ਮਨੁੱਖ ਦੇਹੀ, ਘੋੜਿਆਂ ਤੇ ਛਾਲਾਂ ਮਾਰਨ ਵਾਸਤੇ ਨਹੀਂ ਪ੍ਰਾਪਤ ਹੋਈ। ਇਹ ਤਾਂ ਪ੍ਰਭੂ ਦਾ ਨਾਮ ਜਪਣ ਵਾਸਤੇ ਪ੍ਰਾਪਤ ਹੋਈ ਹੈ।" ਇਸ ਤਰ੍ਹਾਂ ਉਪਦੇਸ਼ ਦਿੰਦੇ ਨੇ –

*ਗੁਰ ਸੇਵਾ ਤੇ ਭਗਤਿ ਕਮਾਈ॥*

***ਤਬ ਇਹ ਮਾਨਸ ਦੇਹੀ ਪਾਈ।।***
***ਇਸ ਦੇਹੀ ਕਉ ਸਿਮਰਹਿ ਦੇਵ।।***
***ਸੋ ਦੇਹੀ ਭਜੁ ਹਰਿ ਕੀ ਸੇਵ।।***
***ਭਜਹੁ ਗੋਬਿੰਦ ਭੂਲਿ ਮਤ ਜਾਹੁ।।***
***ਮਾਨਸ ਜਨਮ ਕਾ ਏਹੀ ਲਾਹੁ।।***
***ਪੰਨਾ - 1159***

ਆਹੀ ਲਾਹਾ ਹੈ; ਲਾਹੇ ਨੂੰ ਛੱਡ ਕੇ ਘਾਟੇ ਵਿਚ ਨਾ ਪੈ ਜਾਈਂ, ਘਾਟੇ ਦਾ ਵਪਾਰੀ ਬਣ ਕੇ ਨਾ ਜਾਈਂ, ਦੋਏ ਹੱਥ ਝਾੜ ਕੇ ਨਾ ਐਥੋਂ ਜਾਈਂ; ਲੱਦਿਆ ਹੋਇਆ ਜਾਵੇਂ ਤਾਂ ਹਰ ਥਾਂ ਦੇ ਉਤੇ -

***ਧੰਨਿ ਧੰਨਿ ਕਹੈ ਸਭੁ ਕੋਇ।।***
***ਮੁਖ ਊਜਲ ਹਰਿ ਦਰਗਹ ਸੋਇ।।***
***ਇਹੁ ਵਾਪਾਰੁ ਵਿਰਲਾ ਵਾਪਾਰੈ।।***
***ਨਾਨਕ ਤਾ ਕੈ ਸਦ ਬਲਿਹਾਰੈ।।***
***ਪੰਨਾ - 283***

ਸੌ ਵਾਰੀ ਬਲਿਹਾਰ ਜਾਨੇ ਆਂ ਜਿਹੜਾ ਨਾਮ ਦਾ ਵਪਾਰ ਕਰਦੈ। ਸੋ ਉਚੀ-ਉਚੀ ਬੋਲ-ਬੋਲ ਕੇ ਸੰਤ ਦੱਸਦੇ ਨੇ ਕਿ ਅਸੀਂ ਪ੍ਰਮੇਸ਼ਰ ਦਾ ਭਜਨ ਕਰਨ ਆਏ ਆਂ -

***ਭਜਹੁ ਗੋਬਿੰਦ ਭੂਲਿ ਮਤ ਜਾਹੁ।।***
***ਮਾਨਸ ਜਨਮ ਕਾ ਏਹੀ ਲਾਹੁ।।***
***ਜਬ ਲਗੁ ਜਰਾ ਰੋਗੁ ਨਹੀ ਆਇਆ।।***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ।।***
***ਜਬ ਲਗੁ ਬਿਕਲ ਭਈ ਨਹੀ ਬਾਨੀ।।***
***ਭਜਿ ਲੇਹਿ ਰੇ ਮਨ ਸਾਰਿਗਪਾਨੀ।।***
***ਅਬ ਨ ਭਜਸਿ ਭਜਸਿ ਕਬ ਭਾਈ।।***
***ਆਵੈ ਅੰਤੁ ਨ ਭਜਿਆ ਜਾਈ।।***
***ਜੋ ਕਿਛੁ ਕਰਹਿ ਸੋਈ ਅਬ ਸਾਰੁ।।***
***ਫਿਰਿ ਪਛਤਾਹੁ ਨ ਪਾਵਹੁ ਪਾਰ।।***
***ਪੰਨਾ - 1159***

***ਕਰਣੋ ਹੁਤੋ ਸੁ ਨਾ ਕੀਓ***
***ਪਰਿਓ ਲੋਭ ਕੈ ਫੰਧ।।***
***ਨਾਨਕ ਸਮਿਓ ਰਮਿ ਗਇਓ***
***ਅਬ ਕਿਉ ਰੋਵਤ ਅੰਧ।।***
***ਪੰਨਾ - 1428***

ਜੋ ਕੁਛ ਕਰਨੈਂ, ਹੁਣੇ ਕਰ ਲੈ - ਹੁਣ ਤੋਂ ਹੀ, **from this very moment.** ਵਾਹਿਗੁਰੂ-ਵਾਹਿਗੁਰੂ ਕਰਨ ਲਗ ਜਾਹ। ਨਹੀਂ ਤਾਂ ਗੁਰੂ ਸਾਹਿਬ ਕਹਿੰਦੇ ਨੇ ਕਿ ਅੰਨ੍ਹੇ ਆਦਮੀ (**blind man**)! ਹੁਣ ਕਿਉਂ ਰੋਂਦੈ ਤੂੰ? ਤੇਰੀ ਅੱਖ ਨੀਂ ਖੁਲ੍ਹੀ, ਤੈਨੂੰ ਜਾਗ ਨੀਂ ਆਈ? ਐਸ ਤਰ੍ਹਾਂ ਪੜ੍ਹ ਲਉ -

***ਧਾਰਨਾ - ਤੈਨੂੰ ਗੁਰੂ ਜਗਾਉਂਦੇ ਨੇ,***
***ਗਾਫਲਾ, ਤੈਨੂੰ ਜਾਗ ਨਾ ਆਈ***

***ਜਾਗ ਲੇਹੁ ਰੇ ਮਨਾ ਜਾਗ***
***ਲੇਹੁ ਕਹਾ ਗਾਫਲ ਸੋਇਆ।।***
***ਜੋ ਤਨ ਉਪਜਿਆ ਸੰਗ ਹੀ***
***ਸੋ ਭੀ ਸੰਗ ਨ ਹੋਇਆ।।***
***ਮਾਤ ਪਿਤਾ ਸੁਤ ਬੰਧ***
***ਜਨ ਹਿਤੁ ਜਾ ਸਿਉ ਕੀਨਾ।।***
***ਜੀਉ ਛੂਟਿਓ ਜਬ ਦੇਹ ਤੇ***
***ਡਾਰਿ ਅਗਨਿ ਮੈ ਦੀਨਾ।।***
***ਪੰਨਾ - 726***

ਕਹਿੰਦੇ, ਤੈਨੂੰ ਜਾਗ ਨਹੀਂ ਆਈ! ਐਨੀ ਗਾੜ੍ਹੀ ਨੀਂਦ ਤੂੰ ਸੌਂ ਰਿਹੈਂ; ਜਾਗ ਲੈ, ਤੂੰ ਜਾਗ ਲੈ। ਬੜੇ ਤਰੀਕਿਆਂ ਦੇ ਨਾਲ ਗੁਰੂ ਜਗਾਉਂਦੇ ਨੇ - ਚੋਭਾਂ ਵੀ ਮਾਰਦੇ ਨੇ, ਚੂੰਢੀਆਂ ਵੀ ਭਰਦੇ ਨੇ, ਪਰ ਮਜ਼ਾਲ ਐ - ਇਹਨੂੰ ਜਾਗ ਆਵੇ! ਐਹੋ ਜਿਹੇ ਬਚਨ ਵੀ ਕਹਿੰਦੇ ਨੇ -

***ਧਾਰਨਾ - ਕਾਹਨੂੰ ਜੰਮਣਾ ਸੀ,***
***ਭਗਤੀ ਤੋਂ ਹੀਣਿਆਂ ਓਏ,***
***ਕਾਹਨੂੰ ਜੰਮਣਾ***

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਇ ਰਾਮ ਰਾਜੇ।।***
***ਇਹੁ ਮਾਣਸ ਜਨਮੁ ਦੁਲੰਭੁ ਹੈ***
***ਨਾਮ ਬਿਨਾ ਬਿਰਥਾ ਸਭੁ ਜਾਏ।।***
***ਹੁਣਿ ਵਤੈ ਹਰਿ ਨਾਮੁ ਨ ਬੀਜਿਓ***
***ਅਗੈ ਭੁਖਾ ਕਿਆ ਖਾਏ।।***
***ਮਨਮੁਖਾ ਨੋ ਫਿਰਿ ਜਨਮੁ ਹੈ***
***ਨਾਨਕ ਹਰਿ ਭਾਏ।।***
***ਪੰਨਾ - 450***

ਸੋਚਦਾ ਨੀਂ ਕਿ ਕਾਲ ਨੇ ਅਵੱਸ਼ ਆ ਜਾਣਾ ਹੈ, ਇਹ ਕਿਸੇ ਦਾ ਰੋਕਿਆ ਰੁਕਦਾ ਨਹੀਂ। ਦਵਾਈਆਂ ਬੂਟੀਆਂ ਧਰੀਆਂ ਦੀਆਂ ਧਰੀਆਂ ਰਹਿ ਜਾਂਦੀਆਂ ਹਨ, ਨਬਜ਼ ਹਕੀਮ ਦੇ ਹੱਥ ਵਿਚ ਫੜੀ ਹੀ ਰਹਿ ਜਾਂਦੀ ਹੈ, ਪਲ ਵਿਚ ਜਿੰਦ ਪਰਾਈ ਹੋ ਜਾਂਦੀ ਹੈ, ਆਪਣਾ ਸਭ ਬੇਗਾਨਾ ਹੋ ਜਾਂਦਾ ਹੈ। ਜੋ ਸਾਰੀ ਜ਼ਿੰਦਗੀ ਦੇ ਅੰਦਰ ਛਲ, ਕਪਟ, ਪਾਪ ਕਰ ਕਰ ਕੇ ਜੋੜਿਆ ਹੈ, ਬਿਜ਼ਨਸਾਂ ਚਲਾਈਆਂ ਹਨ, ਸਾਥੀਆਂ ਨੂੰ ਧੋਖੇ ਦਿਤੇ ਹਨ, ਗਰੀਬਾਂ ਦੀ ਸਿਹਤ ਨਾਲ ਖੇਲ੍ਹ ਕੇ ਨਕਲੀ ਦਵਾਈਆਂ ਦਿਤੀਆਂ ਹਨ, **drug** ਲਿਆ-ਲਿਆ ਕੇ ਭੋਲੇ-ਭਾਲੇ ਨੌਜਵਾਨਾਂ ਦੀਆਂ ਸਿਹਤਾਂ ਬਰਬਾਦ ਕੀਤੀਆਂ ਹਨ, ਲੋਕਾਂ ਨੂੰ ਦੁਖ ਦੇ-ਦੇ ਕੇ ਰਿਸ਼ਵਤਾਂ ਲਈਆਂ ਹਨ, ਸਰਕਾਰੀ ਅਫਸਰ ਬਣ ਕੇ ਕ੍ਰੋੜਾਂ ਰੁਪਏ ਦੇ ਕਮਿਸ਼ਨ ਲੈ ਕੇ ਲਾਇਸੈਂਸ ਦਿਤੇ ਹਨ ਅਤੇ ਦੇਸ਼ ਦੀ ਕਿਸਮਤ ਨਾਲ ਖੇਲ੍ਹਦਾ ਰਿਹਾ ਹੈਂ, ਇਨਾਮ ਲੈਣ ਵਾਸਤੇ ਬਹੁਤ ਹੀ ਮਾੜੇ ਕੰਮ ਕੀਤੇ ਹਨ, ਸਕੂਲਾਂ ਵਿਚ, ਕਾਲਜਾਂ ਵਿਚ, ਦਾਖਲੇ ਦੇਣ ਵਾਸਤੇ ਵੱਡੀਆਂ-ਵੱਡੀਆਂ ਰਕਮਾਂ **donations** ਦੀਆਂ ਲਈਆਂ ਹਨ, ਗਰੀਬ ਵਿਦਿਆਰਥੀਆਂ ਦਾ ਹੱਕ ਮਾਰਿਆ ਹੈ; ਕੀ ਖੱਟਿਆ ਧਾਤਾਂ ਦੇ ਸਿੱਕੇ ਜਾਂ ਕਾਗਜ਼ਾਂ ਦੇ ਨੋਟਾਂ ਤੋਂ ਜਾਂ ਕੋਠੀਆਂ ਬਣਾਈਆਂ ਹਨ, **shop-**

**cum-flat** ਬਣਾਏ ਹਨ, ਵਿਭਚਾਰ ਕੀਤੇ ਹਨ, ਧੋਖੇ ਦਿਤੇ ਹਨ –

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥*
*ਸੁਤ ਦਾਰਾ ਪਹਿ ਆਨਿ ਲੁਟਾਵੈ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥*
*ਪੰਨਾ – 656*

ਤੇਰੀ ਥਾਂ ਕਿਸੇ ਨੇ ਲੇਖਾ ਨਹੀਂ ਦੇਣਾ; ਆਪਣੀਆਂ ਕੀਤੀਆਂ ਆਪ ਭੁਗਤੇਂਗਾ। ਜੰਮਣ-ਮਰਣ ਵਿਚ ਕਿੰਨਾਂ ਦੁਖ ਪ੍ਰਾਪਤ ਹੋਵੇਗਾ। ਜਿਨ੍ਹਾਂ ਦਾ ਖੂਨ ਚੂਸਿਆ ਹੈ, ਮਾਸ ਖਾਧਾ ਹੈ, ਤਿਆਰ ਰਹਿ – ਉਹ ਵੀ ਤੇਰੇ ਨਾਲ ਐਵੇਂ ਵਰਤਣ ਵਾਸਤੇ ਤਿਆਰ ਹੋ ਰਹੇ ਹਨ। ਮੂਰਖਾ! ਵਾਹਿਗੁਰੂ ਦੀ ਦਰਗਾਹ ਵਿਚ ਵਿਸ਼ਵਾਸ਼ ਰੱਖ ਜਿਥੇ ਤੇਰੇ ਇਕ-ਇਕ ਕਰਮ ਦਾ ਲੇਖਾ ਹੋਵੇਗਾ ਅਤੇ ਤੂੰ ਲੇਖਾ ਦੇਣ ਵਾਸਤੇ ਬਹੁਤ ਤਕਲੀਫ਼ਾਂ, ਦੁਖ, ਸੰਕਟ ਸਹੇਂਗਾ –

*ਲੈ ਫਾਹੇ ਰਾਤੀ ਤੁਰਹਿ*
*ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ*
*ਲੁਕਿ ਅੰਦਰਿ ਠਾਣੀ॥*
*ਸੰਨੀ ਦੇਨਿ ਵਿਖੰਮ ਥਾਇ*
*ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ*
*ਪਛੁਤਾਣੀ॥*
*ਅਜਰਾਈਲੁ ਫਰੇਸਤਾ*
*ਤਿਲ ਪੀੜੇ ਘਾਣੀ॥ ਪੰਨਾ – 315*

ਮਹਾਂਪੁਰਸ਼ ਦਸਦੇ ਹਨ ਕਿ ਮੌਤ ਦਾ ਦੁੱਖ ਕਿੰਨਾ ਹੁੰਦਾ ਹੈ। ਅਨੁਮਾਨ ਹੈ ਕਿ ਇਕ ਹਜ਼ਾਰ ਬਿੱਛੂ ਇਕੱਠਾ ਲੜ ਜਾਵੇ ਜਾਂ ਚਾਰ ਸੌ ਤਲਵਾਰ ਇਕ ਫੱਟ ਉਤੇ ਵਾਰ-ਵਾਰ ਮਾਰੀ ਜਾਵੇ; ਐਨਾ ਦੁਖ ਹੁੰਦਾ ਹੈ – ਜਮਾਂ ਦੇ ਠੇਂਗੇ ਦਾ –

*ਕਬੀਰ ਜਮ ਕਾ ਠੇਂਗਾ ਬੁਰਾ ਹੈ*
*ਓਹੁ ਨਹੀ ਸਹਿਆ ਜਾਇ॥*
*ਏਕੁ ਜੁ ਸਾਧੂ ਮੋਹਿ ਮਿਲਿਓ*
*ਤਿਨਿ ਲੀਆ ਅੰਚਲਿ ਲਾਇ॥*
*ਪੰਨਾ – 1368*

ਬਚਾਇਆ ਕਿਸ ਨੇ ਦੁੱਖ ਤੋਂ? ਇਕ ਸਾਧੂ ਨੇ, ਜਿਸਨੇ ਆਪਣੇ ਲੜ ਲਾ ਲਿਆ, ਆਪਣੇ ਸ਼ੁਭ ਉਪਦੇਸ਼ ਦੇ ਕੇ ਸੱਚੇ ਮਾਰਗ ਉਪਰ ਚਲਾ ਦਿਤਾ, ਪ੍ਰਮੇਸ਼ਰ ਦਾ ਭਜਨ ਕਰਨ ਲਾ ਦਿਤਾ; ਨਾਮ ਜਪਾਇਆ, ਗਿਆਨ ਦਾ ਪ੍ਰਕਾਸ਼ ਹੋਇਆ, ਵਾਹਿਗੁਰੂ ਜੀ ਦੀ ਜੋਤ ਨੂੰ ਘਟ-ਘਟ ਵਿਚ ਦੇਖਿਆ, ਉਸ ਨੇ ਚਰਨੀਂ ਲਾ ਲਿਆ। *'ਏਕੁ ਜੁ ਸਾਧੂ ਮੋਹਿ ਮਿਲਿਓ ਤਿਨਿ ਲੀਆ ਅੰਚਲਿ ਲਾਇ॥'* ਮਨਮੁਖ ਨੂੰ ਵਾਰ-ਵਾਰ ਜੰਮਣਾ ਅਤੇ ਮਰਨਾ ਪੈਂਦਾ ਹੈ –

*ਮਨਮੁਖੁ ਦੁਖ ਕਾ ਖੇਤੁ ਹੈ*
*ਦੁਖੁ ਬੀਜੇ ਦੁਖੁ ਖਾਇ॥*
*ਦੁਖ ਵਿਚਿ ਜੰਮੈ ਦੁਖਿ ਮਰੈ*
*ਹਉਮੈ ਕਰਤ ਵਿਹਾਇ॥*
*ਪੰਨਾ – 947*

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸੰਤ ਆਪ ਨਾਮ ਜਪ ਕੇ ਦੂਸਰਿਆਂ ਨੂੰ ਜਪਾਉਂਦੇ ਹਨ। ਉਨ੍ਹਾਂ ਦੇ ਨਾਲ ਮਿਲ ਕੇ ਨਾਮ ਜਪਿਆ ਜਾਂਦਾ ਹੈ – *'ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥ ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥'*

ਉਂਝ ਵੀ ਤੁਸੀਂ ਵਿਚਾਰ ਕਰਕੇ ਦੇਖੋ ਤਾਂ ਜਿਸਦੇ ਨਾਲ ਮੇਲ-ਜੋਲ ਵਧ ਜਾਵੇਗਾ, ਉਸਦਾ ਅਸਰ ਸਾਡੇ ਮਨ ਉਪਰ ਸੁਭਾਵਿਕ ਹੀ ਪੈਣਾ ਸ਼ੁਰੂ ਹੋ ਜਾਵੇਗਾ। ਜੇ ਵਿਭਚਾਰੀ ਹੈ ਤਾਂ ਕਾਮੁਕ ਬਿਰਤੀ ਨੂੰ ਉਤੇਜਨਾ ਮਿਲਦੀ ਹੈ; ਜੇ ਚੋਰ ਹੈ ਤਾਂ ਚੋਰੀ ਦੇ ਖਿਆਲ ਮਨ ਨੂੰ ਆ ਘੇਰਦੇ ਹਨ; ਜੇ ਲੋਭੀ ਹੈ ਤਾਂ ਲੋਭ ਦਾ ਅਸਰ ਸਾਡੇ ਉਤੇ ਸੁਤਹ ਹੀ ਪੈਣਾ ਸ਼ੁਰੂ ਹੋ ਜਾਂਦਾ ਹੈ। ਫੁਰਮਾਨ ਹੈ –

*ਕਬੀਰ ਮਨੁ ਪੰਖੀ ਭਇਓ*
*ਉਡਿ ਉਡਿ ਦਹ ਦਿਸ ਜਾਇ॥*
*ਜੋ ਜੈਸੀ ਸੰਗਤਿ ਮਿਲੈ*
*ਸੋ ਤੈਸੋ ਫਲੁ ਖਾਇ॥*
*ਪੰਨਾ – 1369*

ਸਾਕਤ ਦੀ ਸੰਗਤ ਤੋਂ ਬਚਿਆ ਨਹੀਂ ਜਾ ਸਕਦਾ, ਉਸਦੇ ਖਿਆਲਾਂ ਨੇ ਜ਼ਰੂਰ ਹੀ ਅਸਰ ਕਰਨਾ ਹੈ। ਮਹਾਰਾਜ ਫੁਰਮਾਨ ਕਰਦੇ ਹਨ –

*ਕਬੀਰ ਮਾਰੀ ਮਰਉ ਕੁਸੰਗ ਕੀ*
*ਕੇਲੇ ਨਿਕਟਿ ਜੁ ਬੇਰੁ॥*
*ਉਹ ਝੂਲੈ ਉਹ ਚੀਰੀਐ*
*ਸਾਕਤ ਸੰਗੁ ਨ ਹੇਰਿ॥*
*ਪੰਨਾ – 1369*

ਅਤੇ ਫੇਰ ਚੰਗੀ ਸੰਗਤ ਕਰਨ ਲਈ ਪ੍ਰੇਰਦੇ ਹਨ –

*ਕਬੀਰ ਸੰਗਤਿ ਕਰੀਐ ਸਾਧ ਕੀ*
*ਅੰਤਿ ਕਰੈ ਨਿਰਬਾਹੁ॥*
*ਸਾਕਤ ਸੰਗੁ ਨ ਕੀਜੀਐ*
*ਜਾ ਤੇ ਹੋਇ ਬਿਨਾਹੁ॥*
*ਪੰਨਾ – 1369*

ਇਸ ਕਰਕੇ ਪੂਰੇ ਮਹਾਂਪੁਰਸ਼ਾਂ ਦੀ ਸੰਗਤ ਮਿਲਣ ਨਾਲ ਨਾਮ ਜਪਿਆ ਜਾਂਦਾ ਹੈ ਕਿਉਂਕਿ ਸੰਤ ਆਪ ਨਾਮ ਜਪਦੇ ਹਨ। ਬਹੁਤ ਸਾਰੇ ਪ੍ਰੇਮੀ ਜਦੋਂ ਗੁਰੂ ਮਹਾਰਾਜ ਜੀ ਦਾ ਹੁਕਮ ਸੁਣਦੇ ਹਨ ਕਿ ਸੰਤ ਨਾਮ ਜਪਾਉਂਦੇ ਹਨ ਤਾਂ ਇਕ ਤਰ੍ਹਾਂ ਦੀ ਉਨ੍ਹਾਂ ਦੀ ਚਿੰਤਕ ਸ਼ਕਤੀ ਵਿਚ **allergy** ਹੋ ਜਾਂਦੀ ਹੈ। ਉਨ੍ਹਾਂ ਦੇ ਮਨ ਵਿਚ ਆਉਂਦਾ ਹੈ ਕਿ ਗੁਰੂ ਮਹਾਰਾਜ ਸੰਤਾਂ ਦੀ ਕਿਉਂ ਮਹਾਨਤਾ

ਵਰਣਨ ਕਰਦੇ ਹਨ। ਉਹ ਫਿਰ ਸੰਤ ਦਾ ਅਰਥ, ਅਨਰਥ ਦੀ ਸ਼ਕਲ ਵਿਚ ਪੇਸ਼ ਕਰਦੇ ਹਨ ਜਦੋਂ ਕਿ ਗੁਰੂ ਮਹਾਰਾਜ ਜੀ ਨੇ ਸਾਫ ਹੀ ਨਿਸ਼ਾਨੀ ਦੱਸੀ ਹੈ –

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ*
*ਪੂਰਨੁ ਸੋਈ ਸੰਤੁ॥ ਪੰਨਾ – 319*

ਹੋ ਸਕਦਾ ਹੈ ਉਨ੍ਹਾਂ ਦੇ ਸਾਮ੍ਹਣੇ ਭੇਖੀਆਂ, ਦੰਭੀਆਂ, ਲਾਲਚੀਆਂ ਦਾ ਤਸੱਬਰ ਆ ਜਾਂਦਾ ਹੋਵੇ ਅਤੇ ਉਹ ਸੰਤ ਪਦ ਤੋਂ ਹੀ ਨਾ-ਖੁਸ਼ ਹੋ ਜਾਂਦੇ ਹੋਣ। ਪਰ ਗੁਰੂ ਮਹਾਰਾਜ ਨੇ ਸਪਸ਼ਟ ਹੀ ਕਹਿ ਦਿਤਾ ਕਿ ਜਿਨ੍ਹਾਂ ਦਾ ਕੋਈ ਸਵਾਸ ਨਾਮ ਤੋਂ ਵਾਂਝਾ ਨਹੀਂ ਜਾਂਦਾ, ਉਹ ਸੰਤ ਹਨ, ਉਹ ਪ੍ਰਮੇਸ਼ਰ ਦੇ ਪਿਆਰੇ ਹੀ ਨਹੀਂ ਸਗਮਾਂ ਪ੍ਰਮੇਸ਼ਰ ਦਾ ਰੂਪ ਹੀ ਹਨ –

*ਜਿਨਾ ਨਾ ਵਿਸਰੈ ਨਾਮ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*
*ਪੰਨਾ – 397*

ਗੁਰੂ ਦਸ਼ਮੇਸ਼ ਪਿਤਾ ਜੀ ਦਾ ਫੁਰਮਾਨ ਹੈ –

*ਆਤਮ ਰਸ ਜਿਹ ਜਾਨਹੀ,*
*ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ,*
*ਤਾਸ ਮਹਿ, ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਸੋ ਇਸ ਤਰ੍ਹਾਂ ਅਸਾਨੂੰ ਸਤਿ ਨੂੰ ਸਤਿ ਹੀ ਸਮਝਣਾ ਚਾਹੀਦਾ ਹੈ ਅਤੇ ਗੁਰੂ ਮਹਾਰਾਜ ਜੀ ਦੇ ਫੁਰਮਾਨ ਉਤੇ ਕਿੰਤੂ ਕਰਨ ਨਾਲ ਅਸਾਡਾ ਰੂਹਾਨੀ ਤੌਰ ਉਪਰ ਬਹੁਤ ਵੱਡਾ ਨੁਕਸਾਨ ਹੋ ਜਾਂਦਾ ਹੈ। ਜੇਕਰ ਇਕ ਅਭੇਦ ਅਵਸਥਾ ਦੇ ਬ੍ਰਹਮਗਿਆਨੀ ਮਹਾਂਪੁਰਸ਼ ਉਪਰ ਇਕ ਤਰਕ ਕਰ ਦੇਈਏ ਤਾਂ ਛੇ ਕਲਾ ਵੈਰਾਗ ਦੀਆਂ ਨਸ਼ਟ ਹੋ ਜਾਂਦੀਆਂ ਹਨ, ਜੋ ਸਾਨੂੰ ਕਈ ਜਨਮਾਂ ਦੇ ਦੁਖ ਪ੍ਰਾਪਤ ਕਰਨ ਉਪਰੰਤ ਪ੍ਰਾਪਤ ਹੋਈਆਂ ਸਨ।

ਸੋ ਬੀਬਾ! ਇਹ ਮਨੁਖ ਦੇਹੀ, ਘੋੜਿਆਂ ਤੇ ਛਾਲਾਂ ਮਾਰਨ ਵਾਸਤੇ ਨਹੀਂ ਪ੍ਰਾਪਤ ਹੋਈ। ਇਸ ਤਰ੍ਹਾਂ ਉਪਦੇਸ਼ ਕਰਦੇ ਨੇ –

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਭਜਹੁ ਗੋਬਿੰਦ ਭੂਲਿ ਮਤ ਜਾਹੁ॥*
*ਮਾਨਸ ਜਨਮ ਕਾ ਏਹੀ ਲਾਹੁ॥*
*ਪੰਨਾ – 1159*

ਆਹੀ ਲਾਹਾ ਹੈ, ਲਾਹੇ ਨੂੰ ਛੱਡ ਕੇ ਘਾਟੇ ਵਿਚ ਨਾ ਪੈ ਜਾਈਂ। ਦੇਖੀਂ, ਘਾਟੇ ਦਾ ਵਪਾਰੀ ਬਣ ਕੇ, ਦੋਏ ਹੱਥ ਝਾੜ ਕੇ ਦਵਾਲੀਏ ਵਣਜਾਰੇ ਵਾਂਗ ਨਾ ਜਾਈਂ; ਨਾਮ ਦੀਆਂ ਗੂਣਾਂ ਭਰੀਆਂ ਨਾਲ ਲੈ ਕੇ ਜਾਈਂ। ਫੇਰ ਹਰ ਕੋਈ ਆਦਰ ਕਰੇਗਾ –

*ਲਾਦਿ ਖੇਪ ਸੰਤਹ ਸੰਗਿ ਚਾਲੁ॥*
*ਅਵਰ ਤਿਆਗਿ ਬਿਖਿਆ ਜੰਜਾਲ॥*
*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥*
*ਇਹੁ ਵਾਪਾਰੁ ਵਿਰਲਾ ਵਾਪਾਰੈ॥*
*ਨਾਨਕ ਤਾ ਕੈ ਸਦ ਬਲਿਹਾਰੈ॥*
*ਪੰਨਾ – 283*

ਸੌ ਵਾਰੀ ਬਲਿਹਾਰ ਜਾਂਦੇ ਹਾਂ –

ਸੋ ਉਚੀ-ਉਚੀ ਬੋਲ ਕੇ ਸੰਤ ਦੱਸਦੇ ਨੇ ਕਿ ਅਸੀਂ ਪ੍ਰਮੇਸ਼ਰ ਦਾ ਭਜਨ ਕਰਨ ਵਾਸਤੇ ਆਏ ਹਾਂ –

*ਜਬ ਲਗੁ ਜਰਾ ਰੋਗੁ ਨਹੀ ਆਇਆ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥*
*ਜਬ ਲਗੁ ਬਿਕਲ ਭਈ ਨਹੀ ਬਾਨੀ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ॥*
*ਅਬ ਨ ਭਜਸਿ ਭਜਸਿ ਕਬ ਭਾਈ॥*
*ਆਵੈ ਅੰਤੁ ਨ ਭਜਿਆ ਜਾਈ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ॥*
*ਪੰਨਾ – 1159*

ਜਮਾਂ ਦਾ ਠੇਂਗਾ (**Hunter**) ਬਹੁਤ ਹੀ ਬੁਰਾ ਹੈ, ਉਹ ਸਹਿਆ ਨਹੀਂ ਜਾਂਦਾ। ਕੀ ਤੁਸੀਂ ਗੁਰੂ ਦਾ ਹੁਕਮ ਨਾ ਮੰਨ ਕੇ ਜਮਾਂ ਦੇ ਬਾਰ-ਬਾਰ ਹੰਟਰ ਖਾਣੇ ਹਨ? ਵੱਡੇ ਤੋਂ ਵੱਡਾ ਵਲੀ ਪੁਰਸ਼ ਵੀ ਇਕੋ ਹੰਟਰ ਨਾਲ ਮੂਰਛਿਤ ਹੋ ਜਾਂਦਾ ਹੈ। ਜਮਾਂ ਨੂੰ ਦੇਖਦੇ ਸਾਰ ਬਾਹਰ ਗਿਆ ਸਾਹ ਅੰਦਰ ਆਉਣ ਦੀ ਹਿੰਮਤ ਨਹੀਂ ਕਰਦਾ। ਸਾਰੀ ਮਸ਼ੀਨਰੀ ਫੇਲ੍ਹ ਹੋ ਜਾਂਦੀ ਹੈ, ਅੱਖਾਂ ਇਕ ਥਾਂ ਖੜ੍ਹ ਜਾਂਦੀਆਂ ਹਨ, ਹੱਥ-ਪੈਰ ਹਿੱਲ ਨਹੀਂ ਸਕਦੇ। ਜਮਾਂ ਨੂੰ ਵੇਖਦੇ ਹੀ ਅਤਿ ਦੀ ਘਬਰਾਹਟ ਹੋ ਜਾਂਦੀ ਹੈ। ਕੀ ਗੁਰੂ ਮਹਾਰਾਜ ਦੀਆਂ ਗੁਰਬਾਣੀ ਰਾਹੀਂ ਦੱਸੀਆਂ ਇਨ੍ਹਾਂ ਸੱਚਿਆਈਆਂ ਨੂੰ ਇਹ ਕਹਿ ਕੇ ਟਾਲ ਰਿਹਾ ਹੈਂ ਕਿ ਗੁਰੂ ਮਹਾਰਾਜ ਜੀ ਭਿਆਨਕ ਬਾਣੀ ਰਾਹੀਂ ਸਾਨੂੰ ਸਿੱਧੇ ਰਸਤੇ ਪਾਉਣ ਲਈ ਕਹਿ ਰਹੇ ਹਨ ਜਿਵੇਂ ਬੱਚੇ ਨੂੰ ਕਹਿ ਦਿੰਦੇ ਨੇ ਕਿ ਅੰਦਰ ਹਨੇਰ੍ਹੇ ਵਿਚ ਨਾ ਜਾਈਂ, ਉਥੇ ਮਾਊਂ ਬੈਠਾ ਹੈ। ਹਰ ਵਾਰੀ ਮਨਮੁਖ ਰਹਿ ਕੇ, ਜੰਮਦਾ ਹੈ ਤੇ ਮਰ ਜਾਂਦਾ ਹੈ; ਕੀ ਹੋਈ ਤੇਰੀ ਜ਼ਿੰਦਗੀ? ਕੀ ਹੋਈ ਤੇਰੀ ਵਡਿਆਈ? ਐਵੇਂ ਅਹੰਕਾਰ ਦੇ ਅਸਰ ਹੇਠ ਆਇਆ, ਵੱਡਾ ਬਣਿਆ ਫਿਰਦਾ ਹੈਂ, ਬੇ-ਮਤਲਬੀਆਂ ਗੱਲਾਂ ਕਰਦਾ ਹੈਂ। ਕਾਲ ਵੱਡਿਆਂ-ਵੱਡਿਆਂ ਦੀ ਲਿਹਾਜ਼ ਨਹੀਂ ਕਰਦਾ–

*ਜੋਗੀ ਜਤੀ ਬ੍ਰਹਮਚਾਰੀ,*
*ਬਡੇ ਬਡੇ ਛਤ੍ਰਧਾਰੀ,*
*ਛਤ੍ਰ ਹੀ ਕੀ ਛਾਇਆ,*

*ਕਈ ਕੋਸ ਲੌ ਚਲਤ ਹੈਂ।।*
*ਬਡੇ ਬਡੇ ਰਾਜਨ*
*ਤੇ ਦਾਬਤ ਫਿਰਤਿ ਦੇਸ,*
*ਬਡੇ ਬਡੇ ਭੂਪਨ ਕੇ ਦ੍ਰਪ ਕੋ ਦਲਤੁ*
*ਹੈਂ।।*
*ਮਾਨ ਸੇ ਮਹੀਪ ਔ,*
*ਦਿਲੀਪ ਕੇ ਸੇ ਛਤ੍ਰਧਾਰੀ,*
*ਬਡੋ ਅਭਿਮਾਨ ਭੁਜ*
*ਦੰਡ ਕੋ ਕਰਤ ਹੈਂ।।*
*ਦਾਰਾ ਸੇ ਦਿਲੀਸਰ,*
*ਦ੍ਰਜੋਧਨ ਸੇ ਮਾਨਧਾਰੀ,*
*ਭੋਗ ਭੋਗ ਭੂਮ,*
*ਅੰਤ ਭੂੰਮ ਮੈ ਮਿਲਤ ਹੈਂ।।*
*ਕਬਿੱਤ (ਅਕਾਲਿ ਉਸਤਤਿ)*

ਜਦੋਂ ਜਮਦੂਤ ਆਉਂਦੇ ਨੇ, ਗਲ ਵਿਚ ਸੰਗਲ ਪਾ ਕੇ ਧੂੰਹਦੇ ਨੇ –

*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ।।*
*ਪੰਨਾ – 464*

ਨਰਕਾਂ ਦੇ ਦੁਖ ਸਹਿ ਕੇ, ਅਨੇਕ ਜੂਨੀਆਂ ਵਿਚੋਂ ਘੁੰਮ ਕੇ ਫੇਰ ਮਨੁੱਖ ਬਣਦਾ ਹੈ। ਜਿਵੇਂ ਹਲਟ ਦੀਆਂ ਟਿੰਡਾਂ ਖੂਹ ਵਿਚ ਵਾਰ-ਵਾਰ ਚੱਕਰ ਲਾਉਂਦੀਆਂ ਹਨ, ਐਵੇਂ ਜਿਵੇਂ ਸਾਡਾ ਜੀਵ-ਆਤਮਾ ਜੰਮਣ-ਮਰਨ ਦੇ ਚੱਕਰ ਵਿਚ ਘੁਮੇਟਣੀਆਂ ਖਾਂਦਾ ਹੈ –

*ਮਨਮੁਖਿ ਆਵੈ ਮਨਮੁਖਿ ਜਾਵੈ।।*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ।।*
*ਜਿਤਨੇ ਨਰਕ ਸੇ ਮਨਮੁਖਿ*
*ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ।।*
*ਪੰਨਾ – 1073*

ਗੁਰਮੁਖ ਨੂੰ ਇਹ ਘਟਨਾਵਾਂ ਨਹੀਂ ਵਾਪਰਦੀਆਂ। ਗੁਰਮੁਖ ਨੇ ਨਾਮ ਜਪਿਆ ਹੁੰਦਾ ਹੈ – ਸੰਸਾਰ ਤੇ ਆ ਕੇ, ਵਾਹਿਗੁਰੂ ਦੀ ਦੁਨੀਆਂ ਦੀ ਸੇਵਾ ਕੀਤੀ ਹੁੰਦੀ ਹੈ; ਉਹ ਵੱਡੇ ਸ਼ਾਹਾਂ ਵਾਂਗ ਮਾਣ ਤੇ ਇੱਜ਼ਤ ਨਾਲ ਪਰਲੋਕ ਨੂੰ ਜਾਂਦੇ ਹਨ। ਸਾਰੇ ਪਰਲੋਕਾਂ ਵਿਚ ਉਸਦੇ ਲੰਘਣ ਸਮੇਂ ਜੈ-ਜੈਕਾਰ ਹੁੰਦੀ ਹੈ ਅਤੇ ਦਰਗਾਹ ਵਿਚ ਜਾ ਕੇ ਮਾਣ ਪ੍ਰਾਪਤ ਕਰਦੇ ਹਨ। ਪਰ ਮਨਮੁਖਾਂ ਨੂੰ ਜਾਗ ਹੀ ਨਹੀਂ ਆਉਂਦੀ ਅਤੇ ਨਾ ਹੀ ਆਪਣੇ ਥਾਂ ਤੋਂ ਸਰਕਦੇ ਹਨ। ਉਚੀ-ਉਚੀ ਬੋਲ ਕੇ ਚਾਰੇ ਵੇਦ, ਛੇਈ ਸ਼ਾਸ਼ਤਰ, ਸਤਾਈ ਸਿਮ੍ਰਤੀਆਂ, ਅਨੇਕਾਂ ਮਹਾਂਪੁਰਸ਼, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਇਨ੍ਹਾਂ ਮਾਇਆ ਦੇ ਅਸਰ ਵਿਚ ਗ੍ਰਸਿਆਂ ਅੰਨ੍ਹਿਆਂ ਤੇ ਬੋਲਿਆਂ ਨੂੰ ਸੱਚ ਦੀ ਮਤਿ ਦਿੰਦੇ ਹਨ ਪਰ ਕੀ ਮਜ਼ਾਲ, ਇਨ੍ਹਾਂ ਦਾ ਚਿਤ ਫਿਰੇ –

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ।।*
*ਜੋ ਸੈਤਾਨਿ ਵੰਞਾਇਆ*
*ਸੇ ਕਿਤ ਫੇਰਹਿ ਚਿਤ।।*
*ਪੰਨਾ – 1378*

ਉਚੀ-ਉਚੀ ਲਾਉਡ ਸਪੀਕਰ ਲਾ ਕੇ ਕੀਰਤਨ ਕੀਤਾ ਜਾਂਦਾ ਹੈ, ਖੋਲ੍ਹ-ਖੋਲ੍ਹ ਕੇ ਵਿਆਖਿਆ ਕੀਤੀ ਜਾਂਦੀ ਹੈ, ਆਪ ਹੀ ਕੀਰਤਨ ਕਰਦੇ ਹਨ, ਆਪ ਹੀ ਕਥਾਵਾਂ ਕਰਦੇ ਹਨ, ਆਪੇ ਭੇਖ ਧਾਰ ਕੇ ਸ਼੍ਰੇਸ਼ਟ ਪੁਰਸ਼ ਬਣਦੇ ਹਨ; ਪਰ ਟਟੋਲੋ ਆਪਣੇ ਦਿਲ ਨੂੰ ਕਿ ਕੀ ਤੁਸੀਂ ਨਿੰਦਿਆ ਕਰਨੀ ਛੱਡ ਦਿਤੀ, ਚੁਗਲੀ ਕਰਨੀ ਛੱਡ ਦਿਤੀ, ਵੈਰ ਕਰਨਾ ਛੱਡ ਦਿਤਾ, ਵਿਰੋਧ ਦੇ ਜੀਵਨ ਵਿਚੋਂ ਤਾਂ ਨਹੀਂ ਲੰਘ ਰਹੇ, ਲੋਭ ਵਿਚ ਕੁੱਤੇ ਦੀ ਤਰ੍ਹਾਂ ਪੂੰਛ ਤਾਂ ਨਹੀਂ ਮਾਰ ਰਹੇ? ਕਹਿੰਦੇ, "ਨਹੀਂ।" ਜਿਵੇਂ ਕੁੱਤੇ ਦੀ ਪੂੰਛ ਬਾਰ੍ਹਾਂ ਸਾਲ ਬਾਅਦ ਨਾਲੀ ਵਿਚੋਂ ਕੱਢੀਏ ਤਾਂ ਉਥੇ ਦੀ ਉਥੇ ਹੀ ਰਹਿੰਦੀ ਹੈ। ਪਤਾ ਨਹੀਂ ਕੀ ਹੋ ਗਿਆ ਮਨੁੱਖ ਨੂੰ? ਕਹਿੰਦਾ ਹੈ ਮੈਂ ਸਾਰਿਆਂ ਦਾ ਸਰਦਾਰ ਹਾਂ; ਸੁਆਹ ਸਰਦਾਰ ਹੈਂ? ਸਰਦਾਰ ਤਾਂ ਤਾਂਹੀ ਤੂੰ ਹੈਂ ਜੇ ਬੰਦਗੀ ਕਰੇਂ, ਤੇਰੇ ਵਿਚ ਇਨਸਾਨੀਅਤ ਆ ਜਾਵੇ। ਭਲਾ ਸੋਚੋ ਤਾਂ ਸਹੀ, ਗਧੇ ਨੂੰ ਕੋਈ ਇਹ ਨਹੀਂ ਕਹਿੰਦਾ ਕਿ ਗਧਾ ਬਣ ਜਾ। ਕੁੱਤੇ ਨੂੰ ਕੋਈ ਨਹੀਂ ਕਹਿੰਦਾ – ਤੂੰ ਕੁੱਤਾ ਬਣ; ਪਰ ਇਨਸਾਨ ਨੂੰ ਕਹਿੰਦੇ ਹਨ ਕਿ ਭਾਈ ਸਾਹਿਬ ਜੀ! ਤੁਸੀਂ ਇਨਸਾਨਾਂ ਵਾਲੀ ਗੱਲ ਕਰੋ; ਪਸ਼ੂਆਂ ਵਾਲੀ ਗੱਲ ਨਾ ਕਰੋ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

*ਕਰਤੂਤਿ ਪਸੂ ਕੀ ਮਾਨਸ ਜਾਤਿ।।*
*ਲੋਕ ਪਚਾਰਾ ਕਰੈ ਦਿਨੁ ਰਾਤਿ।।*
*ਪੰਨਾ – 267*

ਕਰਤੂਤਾਂ ਪਸ਼ੂਆਂ ਵਾਲੀਆਂ ਕਰਦਾ ਹੈ ਤੇ ਜਾਤ ਮਨੁੱਖ ਦੀ ਹੈ। ਪਸ਼ੂ ਮਨੁੱਖ ਨੂੰ ਕਹਿੰਦੇ ਹਨ ਕਿ ਪਿਆਰਿਆ! ਤੂੰ ਪਸ਼ੂਆਂ ਵਾਲੇ ਕੰਮ ਨਾ ਕਰ। ਸੋ ਐਸ ਤਰ੍ਹਾਂ, ਜਾਗਦੇ ਨਹੀਂ ਹਨ। ਬਥੇਰੇ ਸੰਤਾਂ ਦੇ ਵਖਿਆਨ ਸੁਣਦੇ ਹਨ, ਪਰ ਕੀ ਮਜ਼ਾਲ ਐ ਕਿ ਇਕ ਪਲ ਲਈ ਤਾਂ ਜਾਗ ਲੈਣ, ਕਦੇ ਹੋਸ਼ ਤਾਂ ਆ ਜਾਵੇ; ਠਗਮੂਰੀ ਦੇ ਨਸ਼ੇ ਦੇ **influence** ਹੇਠ ਨਸ਼ੇ ਦੇ ਅਧੀਨ ਰਹਿੰਦੇ ਹਨ।

ਸਾਧਸੰਗਤ ਜੀ! ਭਾਈ ਤ੍ਰਿਲੋਕਾ ਜੀ, ਭਾਈ ਭਗੀਰਥ ਜੀ ਦੇ ਲੜਕੇ, ਪੂਰਨ ਬ੍ਰਹਮ ਦੀ ਅਵਸਥਾ ਨੂੰ ਮਾਨਣ ਵਾਲੇ ਬ੍ਰਹਮਗਿਆਨੀ ਸਨ। ਆਪ ਬੜੇ ਹੀ ਪਿਆਰ ਨਾਲ, ਜਦੋਂ ਹੋਸ਼ ਆਉਂਦੀ ਹੈ ਤਾਂ ਰਾਜਕੁਮਾਰੀ ਦੀ ਸੇਵਾ ਦੇਖ ਕੇ ਪ੍ਰਸੰਨ ਹੁੰਦੇ ਹਨ। ਉਹਦਾ ਔਗੁਣ ਨਹੀਂ ਤੱਕਦੇ ਕਿ ਇਸ ਅੱਲੜ ਕੁੜੀ ਨੇ ਤੀਰ ਮਾਰ ਕੇ ਮੇਰਾ ਮਾਨਸ ਜਨਮ ਖਤਮ ਕਰ ਦਿਤਾ; ਜਾਂ ਤਾਂ ਮੈਂ ਇਹਨੂੰ ਕੋਈ ਸਰਾਪ ਦੇਵਾਂ ਜਿਸ ਕਰਕੇ ਇਹ ਜਨਮਾਂ-ਜਨਮਾਂਤਰਾਂ ਤਕ ਅਤੇ ਪਰਲੋਂ ਤਕ ਨਰਕਾਂ ਵਿਚ ਸੜਦੀ ਰਹੇ ਜਾਂ ਇਹਨੂੰ ਕੋਈ ਦੁਰ-ਬਚਨ ਕਹਿ ਦੇਵਾਂ, ਫਿੱਕਾ ਹੀ ਬੋਲ ਦੇਵਾਂ। ਇਸ ਦੇ ਵਿਪਰੀਤ ਉਸ ਅੱਲੜ ਲੜਕੀ

ਨੂੰ ਪ੍ਰਮੇਸ਼ਰ ਨਾਲ ਜੋੜਨ ਦੀ ਮਨਸਾ ਨਾਲ ਲੋਚਦੇ ਹਨ ਕਿ ਇਹਦਾ ਭਲਾ ਹੋ ਜਾਵੇ, ਇਹ ਜੰਮਣ-ਮਰਣ ਦੇ ਚੱਕਰ ਵਿਚੋਂ ਨਿਕਲ ਜਾਵੇ। ਸੰਤ ਚੰਦਨ ਵਾਂਗ ਹੋਇਆ ਕਰਦੇ ਹਨ। ਚੰਦਨ ਨੂੰ ਕੱਟਣ ਵਾਲਾ ਜੋ ਕੁਹਾੜਾ ਹੈ, ਉਸ ਵਿਚ ਵੀ ਆਪਣੀ ਸੁਗੰਧੀ ਭਰ ਦਿੰਦਾ ਹੈ - ਇਹ ਹੈ ਸੰਤਾਂ ਦਾ ਵਰਤਾਰਾ। ਸੰਤਾਂ ਵਾਸਤੇ ਸਾਰਾ ਸੰਸਾਰ ਵਾਹਿਗੁਰੂ ਦਾ ਹੀ ਰੂਪ ਹੋਇਆ ਕਰਦਾ ਹੈ। ਉਨ੍ਹਾਂ ਵਾਸਤੇ ਕੋਈ ਵੈਰੀ ਨਹੀਂ ਹੁੰਦਾ। ਉਨ੍ਹਾਂ ਨੇ ਸਭ ਤੋਂ ਵੱਡੇ ਵੈਰੀ ਨੂੰ ਜਿਤ ਲਿਆ ਹੁੰਦਾ ਹੈ -

*ਮਨ ਰਿਪੁ ਜੀਤੇ ਸਭ ਰਿਪੁ ਜੀਤੇ॥*
*ਮਨ ਰਿਪੁ ਜੀਤੇ ਸਭੁ ਰਿਪੁ ਜੀਤੇ॥*
*(ਬੈਰਾਗ ਸ਼ਤਕ)*

ਜੇ ਮਨ ਵੈਰੀ ਜੀਉਂਦਾ ਹੈ ਤਾਂ ਸਾਰੇ ਵੈਰੀ ਹੀ ਜੀਉਂਦੇ ਹਨ; ਜਦੋਂ ਮਨ ਵੈਰੀ ਨੂੰ ਜਿਤ ਲਿਆ ਤਾਂ ਸਾਰੇ ਦੁਸ਼ਮਣਾਂ ਨੂੰ ਜਿੱਤ ਲਿਆ, ਸਾਰਾ ਸੰਸਾਰ ਹੀ ਜਿੱਤ ਲਿਆ। ਇਸ ਕਰਕੇ ਸੰਤਾਂ ਦਾ ਕੋਈ ਵੈਰੀ ਨਹੀਂ ਹੁੰਦਾ। ਜੇ ਹੁੰਦੈ ਤਾਂ ਮਨ ਹੀ ਹੁੰਦੈ ਪਰ ਇਹ ਜਦੋਂ ਮਿੱਤਰ ਬਣ ਜਾਂਦਾ ਹੈ ਤਾਂ ਸਹਾਇਤਾ ਵੀ ਬਹੁਤ ਕਰਦਾ ਹੈ -

*ਮਮਾ ਮਨ ਸਿਉ ਕਾਜੁ ਹੈ*
*ਮਨ ਸਾਧੇ ਸਿਧਿ ਹੋਇ॥*
*ਮਨ ਹੀ ਮਨ ਸਿਉ*
*ਕਹੈ ਕਬੀਰਾ ਮਨ ਸਾ*
*ਮਿਲਿਆ ਨ ਕੋਇ॥ ਪੰਨਾ - 342*

*ਧਾਰਨਾ -ਵੈਰੀ ਮਿਤਰ ਨੂੰ ਸਮਾਨ ਸਾਧੂ*
*ਜਾਣਦੇ ਸਭਨੀਂ ਘਟੀਂ ਰਾਮ ਦੇਖਦੇ*

ਇਕੋ ਬਿਰਤੀ, ਸਮਾਨ ਬਿਰਤੀ 'ਚ ਰਹਿੰਦੇ ਹਨ - ਧਰਤੀ ਵਾਲੀ ਬਿਰਤੀ ਹੈ, ਅਗਨਿ ਵਾਲੀ ਬਿਰਤੀ ਹੈ, ਹਵਾ ਵਾਲੀ ਬਿਰਤੀ ਹੈ, ਪਾਣੀ ਵਾਲੀ ਬਿਰਤੀ ਹੈ, ਅਕਾਸ਼ ਵਾਲੀ ਬਿਰਤੀ ਹੈ।

*ਚੰਦਨ ਅਗਰ ਕਪੂਰ ਲੇਪਨ*
*ਤਿਸੁ ਸੰਗੇ ਨਹੀ ਪ੍ਰੀਤਿ॥*
*ਪੰਨਾ - 1018*

ਜੇ ਧਰਤੀ ਦੇ ਉਤੇ ਚੰਦਨ ਨਾਲ ਲਿਪਾਈ ਕਰ ਦਿਓ ਤਾਂ ਉਹਦੇ ਨਾਲ ਉਹਦੀ ਕੋਈ ਪ੍ਰੀਤ ਨਹੀਂ ਹੈ -

*ਬਿਸਟਾ ਮੂਤ੍ ਖੋਦਿ ਤਿਲੁ ਤਿਲੁ*
*ਮਨਿ ਨ ਮਨੀ ਬਿਪਰੀਤਿ॥*
*ਪੰਨਾ - 1018*

ਵਿਸ਼ਟਾ ਕਰ ਦਿਓ - ਧਰਤੀ ਉਤੇ, ਪਿਸ਼ਾਬ ਕਰ ਦਿਓ, ਉਹਦੇ ਨਾਲ ਉਹ ਗੁੱਸੇ ਨਹੀਂ ਹੁੰਦੀ। ਸੰਤਾਂ ਦਾ ਸੁਭਾਅ ਦਸਦੇ ਨੇ -

*ਊਚ ਨੀਚ ਬਿਕਾਰ ਸੁਕ੍ਰਿਤ*
*ਸੰਲਗਨ ਸਭ ਸੁਖ ਛਤ੍ਰ॥*
*ਮਿਤ੍ਰ ਸਤ੍ਰ ਨ ਕਛੂ ਜਾਨੈ*
*ਸਰਬ ਜੀਅ ਸਮਤ॥*
*ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ*
*ਅੰਧਕਾਰ ਬਿਨਾਸ॥*
*ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ*
*ਮਨਿ ਨ ਭਇਓ ਬਿਖਾਦੁ॥*
*ਪੰਨਾ - 1018*

ਸੋ ਧਰਤੀ ਦਾ, ਹਵਾ ਦਾ, ਅੱਗ ਦਾ ਇਹ ਸੁਭਾਅ ਲੈਂਦੇ ਨੇ। ਅਗਨ ਦੇ ਵਿਚ ਕੁਛ ਪਾ ਦਿਉ, ਉਹਨੂੰ ਭਸਮ ਕਰ ਦਿੰਦੀ ਐ; ਪਾਣੀ ਸਾਰਿਆਂ ਨੂੰ ਸੁਰਜੀਤੀ ਦੇ ਦਿੰਦੈ, ਹਵਾ ਸਾਰਿਆਂ ਨੂੰ ਠੰਢ ਦਿੰਦੀ ਐ, ਅਕਾਸ਼ ਸਾਰਿਆਂ ਨੂੰ ਵਧਣ-ਫੁੱਲਣ ਦਾ ਮੌਕਾ ਦਿੰਦੈ। ਸੋ -

*ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ॥*
*ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥*
*ਪੰਨਾ - 392*

ਉਨ੍ਹਾਂ ਦੀ ਦ੍ਰਿਸ਼ਟੀ ਵਿਚ ਪੱਕਾ ਸਮਾਇਆ ਹੁੰਦਾ ਹੈ ਕਿ ਐਥੇ ਜੋ ਵੀ ਦ੍ਰਿਸ਼ਟਮਾਨ ਹੈ, ਇਹ ਸਾਰਾ ਵਾਹਿਗੁਰੂ ਹੀ ਹੈ ਅਤੇ ਸਾਰਾ ਹੀ ਆਤਮ ਪਸਾਰਾ ਹੈ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ*
*ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥*
*ਪੰਨਾ - 846*

ਇਥੇ ਹੋਰ ਕੋਈ ਨਹੀਂ, ਕੇਵਲ ਵਾਹਿਗੁਰੂ ਜੀ ਹੀ ਆਪਣੀ ਮਹਿਮਾ ਵਿਚ ਆਪ ਹੀ ਸਰਗੁਣ-ਨਿਰਗੁਣ ਰੂਪ ਧਾਰ ਕੇ ਆਪਣਾ ਖੇਲ੍ਹ ਕਰ ਰਹੇ ਹਨ। ਅਗਿਆਨੀਆਂ ਦੇ ਮਨਾਂ ਵਿਚ ਇਹ ਹੁੰਦਾ ਹੈ ਕਿ ਮੈਂ ਹੋਰ ਹਾਂ, ਉਹ ਹੋਰ ਹੈ; ਅੰਨ੍ਹਿਆਂ ਦਾ ਤੇ ਸੁਜਾਖਿਆਂ ਦਾ ਫਰਕ ਹੋਇਆ ਕਰਦਾ ਹੈ। ਸੋ ਦੋਹਾਂ ਦੀ ਦ੍ਰਿਸ਼ਟੀ 'ਚ, ਵਰਤੋਂ 'ਚ, ਵਿਹਾਰ 'ਚ ਫਰਕ ਹੋਇਆ ਕਰਦਾ ਹੈ। ਬੰਦੇ ਓਹੀ ਹੁੰਦੇ ਨੇ, ਉਵੇਂ ਹੀ ਸੌਂਦੇ ਨੇ, ਉਵੇਂ ਹੀ ਭੋਜਨ ਖਾਂਦੇ ਨੇ, ਉਵੇਂ ਹੀ ਬਾਲ-ਬੱਚਿਆਂ ਵਿਚ ਰਹਿੰਦੇ ਨੇ, ਉਵੇਂ ਜਿਵੇਂ ਹੀ ਮਿੱਤਰਾਂ ਨਾਲ ਬੋਲਦੇ ਨੇ, ਲੇਕਿਨ ਸੁਭਾਅ 'ਚ ਫਰਕ ਹੋਇਆ ਕਰਦਾ ਹੈ। ਮਨਮੁਖ ਦਾ ਜਿਹੜਾ ਸੁਭਾਅ ਹੈ, ਉਹ ਨਿਰਾ ਅੰਧਕਾਰ ਦਾ ਹੁੰਦਾ ਹੈ; ਗੁਰਮੁਖ ਦਾ ਜੋ ਸੁਭਾਅ ਹੈ, ਉਹ ਗਿਆਨ ਦੇ ਪ੍ਰਕਾਸ਼ ਵਿਚ ਰਹਿੰਦਾ ਹੈ। ਕਿੰਨਾਂ ਫਰਕ ਐ - ਇਕ ਮਿਸਾਲ ਨਾਲ ਸਮਝ 'ਚ ਆ ਜਾਏਗਾ -

ਅਨੰਦਪੁਰ ਸਾਹਿਬ ਵਿਚ ਬਹੁਤ ਭਿਆਨਕ ਯੁੱਧ ਮਚਿਆ ਹੋਇਆ ਹੈ, ਮਾਰਾ-ਵਿਕਾਰਾ ਹੋ ਰਿਹਾ ਹੈ, ਫੌਜਾਂ ਬਹੁਤ ਜ਼ੋਰ ਨਾਲ ਲੜ ਰਹੀਆਂ ਹਨ, ਸੂਰਮਿਆਂ ਦੀਆਂ ਲੋਥਾਂ ਧੜਾ-ਧੜ ਧਰਤੀ ਤੇ ਗਿਰ ਰਹੀਆਂ ਹਨ, ਅੱਧੀਆਂ ਦੇ ਕਰੀਬ ਫੌਜਾਂ ਮਰ ਚੁਕੀਆਂ ਹਨ। ਰੋਪੜ ਦੇ ਰਹਿਣ ਵਾਲਾ, ਇਕ ਮੁਗਲ ਖਾਨ ਜਰਨੈਲ - ਇਹਨੇ ਪਾਨ ਦਾ ਬੀੜਾ ਰੱਖਿਆ ਕਿ ਕੋਈ ਅੱਜ ਨਿਤਰੋ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਜ਼ਿੰਦਾ ਫੜ ਕੇ ਲਿਆਵੇ ਜਾਂ ਸ਼ਹੀਦ ਕਰੇ। ਉਸ ਵੇਲੇ ਵੱਡੇ-ਵੱਡੇ ਜੋਧਿਆਂ ਨੇ ਨੀਵੀਆਂ ਪਾ ਲਈਆਂ ਅਤੇ ਇਸ ਮੁਗਲ ਖਾਨ ਨੇ ਆਪ ਹੀ ਪਾਨ ਦਾ ਬੀੜਾ ਚੁਕਿਆ ਅਤੇ ਗਰਜਵੀਂ ਆਵਾਜ਼ ਵਿਚ ਕਿਹਾ ਕਿ ਜਾਂ ਤਾਂ ਮੈਂ ਆਪ ਜੰਗ ਵਿਚ ਮਾਰਿਆ ਜਾਵਾਂਗਾ ਜਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਪਕੜੇ ਬਗੈਰ ਵਾਪਸ ਨਹੀਂ ਆਵਾਂਗਾ।

ਫੌਜ ਦੀ ਜਥੇਬੰਦੀ ਕਰਕੇ ਵਿਸਥਾਰ ਪੂਰਵਕ ਸਕੀਮ ਬਣਾ ਲਈ ਅਤੇ ਥਾਂ-ਥਾਂ ਤੇ ਹੱਲੇ ਕਰਨ ਦੀਆਂ ਸਕੀਮਾਂ ਕਰਕੇ, ਮਾਰ ਲਓ-ਮਾਰ ਲਓ ਕਰਕੇ ਸਾਰੀ ਫੌਜ ਚੜ੍ਹਾ ਦਿਤੀ ਕਿ ਅੱਜ ਫੈਸਲਾ-ਕੁੰਨ ਲੜਾਈ ਕਰਨੀ ਹੈ। ਸੋ ਮਾਰੂ ਯੁੱਧ ਸ਼ੁਰੂ ਹੋ ਗਿਆ। ਕਦੇ ਮੁਗਲਾਂ ਦੀਆਂ ਫੌਜਾਂ ਵਧਦੀਆਂ ਹਨ ਅਤੇ ਕਦੇ ਖਾਲਸਾ ਫੌਜ ਦੇ ਸਿਰਲੱਥ ਸੂਰਮੇ ਫੌਜ ਨੂੰ ਐਉਂ ਪਿਛੇ ਹਟਾ ਦਿੰਦੇ ਹਨ ਜਿਵੇਂ ਧੁੰਧ ਦੇ ਬੱਦਲਾਂ ਨੂੰ ਥੋੜੀ ਜਿਹੀ ਹਵਾ ਚਲਣ ਤੇ ਹੀ ਉਡ ਜਾਣਾ ਪੈਂਦਾ ਹੈ। ਇਸ ਤਰ੍ਹਾਂ ਯੁੱਧ ਕਰਦਿਆਂ ਸੂਰਜ ਦੇਖਦਾ-ਦੇਖਦਾ ਥੱਕ ਕੇ ਪਹਾੜੀਆਂ ਦੇ ਓਹਲੇ ਅਲੋਪ ਹੋ ਗਿਆ। ਬਿਗਲ ਵੱਜ ਗਿਆ, ਜ਼ਖਮੀਆਂ ਨੂੰ ਚੁੱਕਣ ਲਈ ਪਾਲਕੀਆਂ ਵਾਲੇ ਸੇਵਾਦਾਰ ਨਿ-ਸ਼ਸ਼ਤਰੇ ਹੋ ਕੇ ਯੁੱਧ ਦੇ ਮੈਦਾਨ ਵਿਚ ਆ ਗਏ। ਜ਼ਖਮੀਆਂ ਨੂੰ ਸੰਭਾਲਦੇ ਹਨ ਅਤੇ ਵੈਦਕ ਸਹਾਇਤਾ ਲਈ ਪਿਛੇ ਲੈ ਜਾਂਦੇ ਹਨ। ਫੱਟ ਬੰਨ੍ਹੇ ਜਾਂਦੇ ਹਨ, ਜ਼ਖਮ ਸਿਉਂਤੇ ਜਾਂਦੇ ਹਨ।

ਦੂਸਰੇ ਦਿਨ ਇਸ ਤੋਂ ਵੀ ਭਿਆਨਕ ਯੁੱਧ ਫੇਰ ਹੋ ਗਿਆ। ਇਤਿਹਾਸ ਵਿਚ ਇਹ ਜੁੱਧ ਆਪਣੀ ਮਹਾਨਤਾ ਆਪ ਹੀ ਰੱਖਦੇ ਹਨ। ਇਕ ਪਾਸੇ ਧਰਮ ਦੀ ਰਾਖੀ ਲਈ ਜੂਝਣ ਵਾਲੇ ਪਰਵਾਨੇ, ਮਾਨਵੀ ਹੱਕਾਂ ਦੇ ਰਾਖੇ; ਦੂਸਰੇ ਪਾਸੇ ਜਾਬਰ ਫੌਜਾਂ, ਜੋ ਦੂਸਰਿਆਂ ਦੇ ਹੱਕ ਨੂੰ ਹੜੱਪ ਕਰਨਾ ਚਾਹੁੰਦੀਆਂ ਹਨ। ਅੱਜ ਯੁੱਧ ਦੀ ਸਮਾਪਤੀ ਪਿਛੋਂ ਗੁਰੂ ਮਹਾਰਾਜ ਜੀ ਨੇ ਖਾਲਸੇ ਦੇ ਜਥੇਦਾਰਾਂ ਨੂੰ ਬੁਲਾ ਕੇ ਪੁਛਿਆ ਕਿ ਅੱਜ ਯੁੱਧ ਦਾ ਕੀ ਹਾਲ ਰਿਹਾ? ਕਿਉਂਕਿ ਅੱਜ ਦੂਰ-ਦੂਰ ਜਥੇ ਜਾ ਕੇ ਚਾਰੇ ਪਾਸੇ ਲੜ ਰਹੇ ਸਨ। ਉਸ ਵੇਲੇ ਅਚਾਨਕ ਸ਼ਕਾਇਤ ਹੋ ਗਈ, ਕੁਝ ਸਿੰਘ ਕਹਿਣ ਲੱਗੇ, "ਆਪ ਦੀ ਕ੍ਰਿਪਾ ਦੇ ਨਾਲ ਯੁੱਧ ਤਾਂ ਠੀਕ ਰਿਹਾ। ਬਹੁਤ ਹੀ ਪਰਵਾਨੇ ਵੱਧ ਤੋਂ ਵੱਧ ਸ਼ਮਾਂ (ਲਾਟ) ਤੇ ਚੜ੍ਹ-ਚੜ੍ਹ ਕੇ ਕੁਰਬਾਨੀਆਂ ਦੇ ਰਹੇ ਸਨ ਪਰ ਯੁੱਧ ਦੇ ਅੰਦਰ ਸਿੱਖ ਦੇ ਰੂਪ ਵਿਚ ਪਾਣੀ ਪਿਲਾ ਰਹੇ ਭਾਈ ਘਨਈਏ ਦੇ ਕਿਰਦਾਰ ਉਪਰ ਸਾਨੂੰ ਸ਼ੱਕ ਪੈਂਦਾ ਹੈ ਕਿ ਕਿਤੇ ਉਹ ਦੁਸ਼ਮਨ ਫੌਜਾਂ ਦਾ ਜਾਸੂਸ ਨਾ ਹੋਵੇ, ਸੀ.ਆਈ.ਡੀ. ਨਾ ਹੋਵੇ।" ਮਹਾਰਾਜ ਜੀ ਕਹਿੰਦੇ, "ਕਿਉਂ?" ਕਹਿੰਦੇ, "ਪਾਤਸ਼ਾਹ! ਇਹ ਪਾਣੀ ਦੀ ਮਸ਼ਕ ਲਿਆਉਂਦਾ ਸੀ। ਜੋ ਵੀ ਗਿਰਿਆ ਹੋਇਆ, ਫੱਟੜ ਹੋਇਆ ਹੋਇਆ ਜਵਾਨ ਪਾਣੀ ਕਹਿ ਕੇ ਅਵਾਜ਼ ਮਾਰਦਾ ਸੀ, ਇਹ ਉਸੇ ਪਾਸੇ ਨੂੰ ਨੱਠ ਜਾਂਦਾ ਸੀ ਤੇ ਪਾਣੀ ਪਿਲਾ ਦਿੰਦਾ ਸੀ; ਮੁਗਲਾਂ ਨੂੰ ਵੀ ਪਾਣੀ ਪਲਾਉਂਦਾ ਸੀ ਅਤੇ ਅਸੀਂ ਪਿਆਸੇ ਰਹਿ ਜਾਂਦੇ ਸੀ; ਉਹ ਪਾਣੀ ਪੀ ਕੇ ਹੋਸ਼ ਵਿਚ ਆ ਕੇ ਫੇਰ ਲੜਨ ਲਗ ਜਾਂਦੇ ਸਨ।"

ਉਨ੍ਹਾਂ ਦਾ ਭਰਮ ਦੂਰ ਕਰਨ ਵਾਸਤੇ ਮਹਾਰਾਜ ਜੀ ਨੇ ਕਿਹਾ ਕਿ ਭਾਈ ਘਨਈਏ ਨੂੰ ਪੇਸ਼ ਕਰੋ।

ਡੇਰੇ ਪਤਾ ਕਰਿਆ, ਉਥੋਂ ਪਤਾ ਲਗਿਆ ਕਿ ਭਾਈ ਘਨਈਆ ਤਾਂ ਅਜੇ ਮੈਦਾਨੇ ਜੰਗ ਵਿਚੋਂ ਹੀ ਨਹੀਂ ਆਏ। ਰਾਤ ਦੇ ਦਸ ਵੱਜੇ ਹੋਏ ਨੇ। ਮੈਦਾਨੇ ਜੰਗ ਵਿਚ ਗਏ, ਪਾਲਕੀਆਂ ਵਾਲੇ ਆਪੋ-ਆਪਣੇ ਫੱਟੜਾਂ ਨੂੰ ਪਛਾਣ ਕੇ ਪਾਲਕੀਆਂ ਨਾਲ ਪਿਛੇ ਹੈਡ ਕੁਆਰਟਰਾਂ ਵਿਚ ਲਿਜਾਂਦੇ ਹਨ, ਮੈਦਾਨੇ ਜੰਗ ਵਿਚ ਸਾਂ-ਸਾਂ ਦੀ ਆਵਾਜ਼ ਆ ਰਹੀ ਸੀ ਪਰ ਇਕ ਬਹੁਤ ਹੀ ਮਧੁਰ ਆਵਾਜ਼ - 'ਤੂੰਹੀਂ-ਤੂੰਹੀਂ-ਤੂੰਹੀਂ ਮੋਹਿਨਾ; ਵਾਹਿਗੁਰੂ ਤੂੰਹੀਂ, ਵਾਹਿਗੁਰੂ ਤੂੰਹੀਂ' - ਹੋਰ ਕੋਈ ਅਵਾਜ਼ ਨਹੀਂ ਸੀ ਆ ਰਹੀ। ਬਿਨਾਂ ਵਿਤਕਰੇ ਤੋਂ ਪਾਣੀ ਪਿਲਾ ਰਹੇ ਸਨ। ਜਿਸ ਵਕਤ ਕੋਲ ਗਏ, ਹੈਰਾਨ ਹੋ ਗਏ ਕਿ ਉਹ ਮੁਗਲ ਖਾਨ ਜਰਨੈਲ ਜਿਸ ਨੂੰ ਸਿੰਘ ਮਾਰ ਕੇ ਸੁੱਟ ਗਏ ਸੀ, ਉਹਦਾ ਸਿਰ ਪੱਟ ਤੇ ਰੱਖ ਕੇ, ਦੰਦਲ ਖੋਲ੍ਹ ਕੇ ਮੂੰਹ ਵਿਚ ਪਾਣੀ ਪਾ ਰਿਹਾ ਸੀ। ਪਾਣੀ ਦੀ ਘੁੱਟ ਅੰਦਰ ਗਈ, ਮੁਗਲ ਖਾਨ ਜਰਨੈਲ ਦੀ ਹੋਸ਼ ਪਰਤੀ ਅਤੇ ਕਹਿਣ ਲੱਗਿਆ -

"ਕੌਣ?"

"ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਅਧਨਾ ਜਿਹਾ ਸਿੱਖ, ਗਰੀਬ ਜਿਹਾ ਸਿੱਖ, ਪਾਣੀ ਪਿਲਾਉਣ ਵਾਲਾ ਸਿੱਖ।"

"ਤੂੰ ਪਛਾਣ ਕੇ ਪਾਣੀ ਪਿਲਾ ਰਿਹੈਂ?"

"ਹਾਂ।"

"ਮੈਂ ਕੌਣ ਹਾਂ, ਤੂੰ ਜਾਣਦੈਂ?"

ਬਹੁਤ ਹੀ ਮਧੁਰ ਮਿੱਠੀ ਅਵਾਜ਼ ਵਿਚ ਉਤਰ ਆਇਆ, "ਪ੍ਰਮੇਸ਼ਰ ਦੀ ਜੋਤ; ਕੋਈ ਹੋਰ ਨਹੀਂ ਤੂੰ, ਮੇਰੇ ਗੁਰੂ ਦਸਵੇਂ ਪਾਤਸ਼ਾਹ ਦਾ ਸਰੂਪ।"

"ਮੈਂ ਤਾਂ ਉਹ ਜਰਨੈਲ ਹਾਂ ਜੋ ਇਨ੍ਹਾਂ ਨੂੰ ਫੜਨ ਆਇਆ ਸੀ।"

"ਠੀਕ ਹੈ, ਪਰ ਮੈਨੂੰ ਤਾਂ ਇਹ ਸਾਰਾ ਕੁਝ ਆਪਣੇ ਗੁਰੂ ਦਾ ਕੌਤਕ ਹੀ ਲਗ ਰਿਹਾ ਹੈ; ਪਤਾ ਨਹੀਂ ਉਹ ਕਿਹੜੇ ਰੰਗਾਂ ਵਿਚ ਖੇਡ ਰਹੇ ਹਨ।"

ਬ੍ਰਹਮਗਿਆਨੀ ਭਾਈ ਘਨਈਏ ਦੇ ਹੱਥਾਂ ਦਾ ਪਾਣੀ ਨਿਰਾ ਪਾਣੀ ਹੀ ਨਹੀਂ ਸੀ, ਉਹ ਨਾਮ ਦੀ ਕਰੰਟ ਨਾਲ ਭਰਿਆ ਹੋਇਆ ਨਿਰਾ ਅੰਮ੍ਰਿਤ ਹੀ ਸੀ ਜਿਸਨੇ ਹੋਸ਼ ਵਿਚ ਲਿਆ ਦਿਤਾ।

ਪੁਛਿਆ, "ਤੈਨੂੰ ਵੈਰੀ, ਵੈਰੀ ਨਹੀਂ ਲਗਦਾ?"

ਉਸਨੇ ਕਿਹਾ, "ਮੇਰੇ ਗੁਰੂ ਦਾ ਫੁਰਮਾਨ ਹੈ ਕਿ ਐਥੇ ਪ੍ਰਮੇਸ਼ਰ ਦੀ ਜ਼ਾਤ ਤੋਂ ਬਿਨਾਂ ਕੋਈ ਹੋਰ ਹੈ ਹੀ ਨਹੀਂ; ਕੀਹਦੇ ਨਾਲ ਵੈਰ ਕੀਤਾ ਜਾਵੇ, ਕਿਸਨੂੰ ਵੈਰੀ ਆਖਿਆ ਜਾਵੇ? ਵੈਰੀ ਤੇ ਮਿੱਤਰ ਦੀ ਪ੍ਰੀਭਾਸ਼ਾ ਸਾਡੇ ਅੰਦਰੋਂ ਖਤਮ ਹੋ ਚੁੱਕੀ ਹੈ। ਮੈਨੂੰ ਤਾਂ ਆਪਣੇ ਗੁਰੂ ਤੋਂ ਬਗੈਰ ਹੋਰ ਨਜ਼ਰ ਆਉਣਾ ਹੀ ਬੰਦ ਹੋ ਗਿਆ ਹੈ। ਇਸ ਕਰਕੇ ਮੈਂ, ਕਿਸੇ ਹੋਰ ਨੂੰ ਨਹੀਂ ਪਾਣੀ ਪਿਲਾ ਰਿਹਾ; ਮੈਂ ਤਾਂ ਆਪਣੇ ਗੁਰੂ ਨੂੰ ਪਾਣੀ ਪਿਲਾ ਰਿਹਾ ਹਾਂ।"

ਭਾਈ ਘਨਈਏ ਦੇ ਹੱਥਾਂ ਨਾਲ ਛੂਹਿਆ ਹੋਇਆ ਪਾਣੀ, ਮੁਗਲ ਖਾਨ ਦੇ ਅੰਦਰ ਪਿਆਰ ਪੈਦਾ ਕਰ ਗਿਆ ਤੇ ਉਹਦੇ ਅੰਦਰ ਪਿਆਰ ਪਿਆਲਾ ਛਲਕਣ ਲਗਾ ਕਿ ਗੁਰੂ ਗੋਬਿੰਦ ਸਿੰਘ ਜੀ ਐਨੇ ਉਚੇ ਪੈਗੰਬਰ ਨੇ ਜਿਨ੍ਹਾਂ ਦੇ ਅੰਦਰ, ਮਾਰਨ ਆਇਆਂ ਲਈ

ਵੀ ਪਿਆਰ ਹੈ? ਉਹ ਵੈਰਾਗੀ ਹੋ ਕੇ ਉਠ ਗਿਆ। ਐਨੇ ਨੂੰ ਸਿੰਘ ਆ ਗਏ, ਉਨ੍ਹਾਂ ਨੇ ਭਾਈ ਘਨਈਏ ਦੀ ਮਸ਼ਕ ਵਗਾਹ ਮਾਰੀ ਅਤੇ ਕਿਹਾ ਕਿ ਤੂੰ ਕਿਸਨੂੰ ਪਾਣੀ ਪਿਲਾ ਰਿਹਾ ਹੈਂ?

ਗੁਰੂ ਦਸ਼ਮੇਸ਼ ਪਿਤਾ ਜੀ ਦੇ ਪਾਸ ਲੈ ਜਾਂਦੇ ਨੇ, "ਪਾਤਸ਼ਾਹ! ਇਹ ਉਸ ਜਰਨੈਲ ਨੂੰ ਪਾਣੀ ਪਿਲਾ ਰਿਹਾ ਸੀ ਜਿਹੜਾ ਅੱਜ ਸਾਰੇ ਯੁੱਧ ਦਾ ਇੰਚਾਰਜ਼ ਸੀ, ਜਿਸਨੂੰ ਅਸੀਂ ਮਾਰ ਕੇ ਸੁੱਟ ਆਏ ਸੀ। ਉਹ ਕੱਲ ਦੇ ਯੁੱਧ ਵਾਸਤੇ ਫੇਰ ਤਿਆਰ ਹੋ ਕੇ ਸਖਤ ਲੜਾਈ ਲੜੇਗਾ।"

ਮਹਾਰਾਜ ਜੀ ਘਟ-ਘਟ ਦੇ ਜਾਨਣਹਾਰ ਫੁਰਮਾਉਣ ਲੱਗੇ ਕਿ ਘਨਈਆ! ਸ਼ਕਾਇਤ ਹੈ ਤੇਰੀ। ਤੂੰ ਮੁਗਲਾਂ ਨੂੰ ਪਾਣੀ ਪਿਲਾਉਂਦੈ? ਜੇ ਅਸੀਂ ਕਹੀਏ ਕਿ ਮੁਸਲਮਾਨਾਂ ਨੂੰ ਪਾਣੀ ਪਿਲਾਉਂਨੈ, ਇਹ ਕਹਿਣਾ ਇਕ ਬਹੁਤ ਵੱਡੀ ਗਲਤੀ ਹੈ ਕਿਉਂਕਿ ਸਮੁੱਚੀ ਜਾਤੀ ਕੋਈ ਵੀ ਬੁਰੀ ਨਹੀਂ ਹੋਇਆ ਕਰਦੀ। ਮੁਸਲਮਾਨਾਂ ਦੀਆਂ ਕੀਤੀਆਂ ਕੁਰਬਾਨੀਆਂ ਵੀ ਕਿਸੇ ਤਰ੍ਹਾਂ ਘੱਟ ਨਹੀਂ। '1 **friend in need is a friend indeed**.' ਜਿੰਨਾਂ ਮੁਸਲਮਾਨਾਂ ਨੇ ਕੰਮ ਕਰਿਐ – ਅਤਿ ਦੇ ਔਖੇ ਮੌਕੇ ਦੇ ਉਤੇ; ਉਹ ਕਿਸ ਤਰ੍ਹਾਂ ਮਾੜੇ ਹੋ ਸਕਦੇ ਹਨ। ਜੇ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਭਾਈ ਮਰਦਾਨਾ ਜੀ ਪਰਿਵਾਰ ਦਾ ਹਿਤ ਛੱਡ ਕੇ ਚਾਰੇ ਉਦਾਸੀਆਂ ਵਿਚ ਨਾਲ ਰਹੇ, ਬਾਲ ਬੱਚਿਆਂ ਵਲੋਂ ਬੇਪਰਵਾਹ ਹੋ ਗਏ; ਉਹਦੀ ਕਮਾਈ ਘੱਟ ਨਹੀਂ ਸੀ। ਉਹ ਬਾਲ-ਬੱਚੇਦਾਰ ਸੀ, ਗਰੀਬ ਬੱਚਾ ਸੀ, ਉਹਨੂੰ ਵੀ ਸ਼ਿਕਵੇ, ਮਿਹਣੇ ਵੱਧ ਮਿਲਦੇ ਸੀ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਜਦੋਂ ਪਾਉਂਟੇ ਸਾਹਿਬ ਦੀ ਲੜਾਈ ਲੜੀ ਤਾਂ ਬੁੱਧੂਸ਼ਾਹ ਨੇ ਵੀ ਆਪਣੇ ਬੱਚੇ ਸ਼ਹੀਦ ਕਰਾਏ। ਬੇਅੰਤ ਮਿਸਾਲਾਂ ਨੇ – ਅਨੰਦਪੁਰ ਸਾਹਿਬ ਦੀਆਂ, ਮਾਛੀਵਾੜੇ ਸਾਹਿਬ ਦੀਆਂ, ਤੇ ਉਸ ਤੋਂ ਅਗਾਹਾਂ ਜਦੋਂ ਮਹਾਰਾਜ ਰਾਏ ਕੋਟ ਚਲੇ ਜਾਂਦੇ ਨੇ – ਰਾਏ ਕੱਲੇ ਦੇ ਪਾਸ।

ਸੋ ਅਸੀਂ ਜੇ ਬੇ-ਵਿਚਾਰੇ ਕਹਿ ਦੇਈਏ ਕਿ ਮੁਸਲਮਾਨ ਮਾੜੇ ਸਨ; ਇਹ ਬੜੀ ਭਾਰੀ ਬੇ-ਇਨਸਾਫੀ ਹੈ। ਹਰ ਕੌਮ ਵਿਚ ਮਾੜੇ ਬੰਦੇ ਹੋਇਆ ਕਰਦੇ ਹਨ। ਸਾਰੀ ਕੌਮ ਕਦੇ ਵੀ ਮਾੜੀ ਨਹੀਂ ਹੋਇਆ ਕਰਦੀ।

ਸਾਧਸੰਗਤ ਜੀ! ਇਕ ਗੱਲ ਦੱਸਾਂ, ਬੇਨਤੀ ਕਰਾਂ ਕਿ ਮਹਾਰਾਜ ਜੀ ਨੇ ਜਿਹੜੀ ਇਹ ਗੱਲ ਕਹੀ, ਪਤਾ ਨਹੀਂ ਕੀਹਨੇ ਲਿਖ ਦਿਤੀ। ਜਾਣ ਕੇ ਚਲਾਕੀਆਂ ਕਰ ਦਿੰਦੇ ਨੇ, ਜਿਨ੍ਹਾਂ ਦੇ ਹੱਥਾਂ 'ਚ ਇਤਿਹਾਸ ਆ ਜਾਏ। ਉਹਦੇ ਵਿਚ ਲਿਖਿਆ ਹੋਇਆ ਹੈ ਕਿ ਬਾਂਹ ਨੂੰ ਲਾਲ੍ਹਾ ਲਾ ਕੇ ਤਿਲਾਂ 'ਚ ਪਾ ਦਿਉ; ਜਿੰਨੇ ਤਿਲ ਲਗ ਜਾਣ, ਜੇ ਐਨੀਆਂ ਕਸਮਾਂ ਮੁਸਲਮਾਨ ਖਾਵੇ ਤਾਂ ਵੀ ਇਤਬਾਰ ਨਾ ਕਰੋ। 'ਮੁਸਲਮਾਨ' ਲਿਖਿਆ ਹੋਇਆ ਹੈ – ਮੂਹਰੇ। ਉਹ ਉਚਾਰਿਆ ਹੈ ਉਥੇ, ਜਿਥੇ ਇਹ ਗੱਲ ਗੁਰੂ ਦਸ਼ਮੇਸ਼ ਪਿਤਾ ਦੇ ਮੁਖ ਤੋਂ ਕਹਾਈ ਲਿਖੀ ਹੈ ਪਰ ਹਾਲਾਤ ਇਸ ਤੋਂ ਬਿਲਕੁਲ ਵਿਪਰੀਤ ਹਨ। ਸਰਸਾ ਦਰਿਆ ਲੰਘਦੇ ਸਾਰ ਹੀ ਮਹਾਰਾਜ ਨਿਹੰਗ ਖਾਨ ਦੇ ਕਿਲੇ, ਕੋਟਲੇ ਵਿਚ ਜਾਂਦੇ ਹਨ ਅਤੇ ਭਾਈ ਬਚਿੱਤਰ ਸਿੰਘ ਨੂੰ ਨਿਹੰਗ ਖਾਨ ਦੇ ਹਵਾਲੇ ਕਰਕੇ, ਜ਼ਖਮਾਂ ਤੇ ਮਲ੍ਹਮ-ਪੱਟੀ ਲਾਉਣ ਲਈ ਕਹਿੰਦੇ ਹਨ।

ਫੇਰ ਮਹਾਰਾਜ ਜੀ ਉਸ ਤੋਂ ਅਗਾਹਾਂ ਗਨੀ ਖਾਂ, ਨਬੀ ਖਾਂ ਕੋਲ ਕਿਉਂ ਜਾਂਦੇ? ਉਨ੍ਹਾਂ ਦੇ ਘਰ ਕਿਉਂ ਜਾਂਦੇ? ਉਸ ਮੌਕੇ ਸਾਰਾ ਪਿੰਡ ਦਲੇਰ ਖਾਂ ਦੀ ਕਮਾਂਡ ਵਿਚ ਘੇਰਿਆ ਹੋਇਆ ਸੀ। ਉਨ੍ਹਾਂ ਨੂੰ ਤਾਂ ਬੜਾ ਭਾਰਾ ਮੌਕਾ ਸੀ- ਇਨਾਮ ਲੈਣ ਦਾ। ਲੱਖਾਂ ਰੁਪਏ ਉਨ੍ਹਾਂ ਨੂੰ ਮਿਲਣੇ ਸੀ ਜੇ ਉਹ ਦੱਸ ਦਿੰਦੇ ਕਿ ਗੁਰੂ ਦਸਵੇਂ ਪਾਤਸ਼ਾਹ ਸਾਡੇ ਘਰ ਨੇ।

ਸੋ ਕਿੱਡੀ ਵੱਡੀ ਗਲਤਫਹਿਮੀ ਇਤਿਹਾਸ ਵਾਲਿਆਂ ਨੇ ਪਾ ਦਿਤੀ। ਦਰਅਸਲ ਗੱਲ ਇਹ ਹੁੰਦੀ ਹੈ ਕਿ ਜਿਹੜੇ ਸ਼ਾਸ਼ਕ ਹੁੰਦੇ ਨੇ, ਰਾਜੇ ਹੁੰਦੇ ਨੇ- ਚਾਹੇ ਆਪਣੈ, ਚਾਹੇ ਬਿਗਾਨੈ; ਦੁਨੀਆਂ 'ਚ ਕੋਈ ਕੋਈ ਰਾਜ ਹੈ; ਇਹਦਾ ਸਮਝੌਤਾ ਓਨਾਂ ਚਿਰ ਚਲਦੈ, ਜਿੰਨਾਂ ਚਿਰ ਤਾਕਤ ਹੋਵੇ। ਜਦੋਂ ਤਾਕਤ ਘਟ ਜਾਵੇ, ਸਮਝੌਤੇ ਨੂੰ ਔਹ ਮਾਰਦੇ ਨੇ – ਵਗਾਹ ਕੇ। ਰਾਜ (**state**) ਨੂੰ ਬਚਨ ਦੀ ਕਦਰ ਨਹੀਂ ਹੁੰਦੀ; **interest** ਹੁੰਦੈ ਆਪਣਾ। ਉਹ ਰਾਜ ਬੇਵਕੂਫ ਹੈ, ਜਿਹੜਾ ਕਿਸੇ ਬਚਨ ਤੇ ਚਲਦੈ। ਰਾਜੇ ਹਮੇਸ਼ਾ ਹਿਤ ਤੇ ਚਲਿਆ ਕਰਦੇ ਹਨ, **state** ਹਿਤ ਦੀ ਹੁੰਦੀ ਹੈ; ਬਚਨ ਇਹਦੇ ਮੂਹਰੇ ਕੁਛ ਨਹੀਂ ਹੁੰਦਾ, ਲੋਕਾਂ ਨੂੰ ਬੇਵਕੂਫ ਬਣਾਉਣ ਦੀਆਂ ਗੱਲਾਂ ਹੋਇਆ ਕਰਦੀਆਂ ਨੇ।

***"ਕੋਈ ਕਿਸੇ ਕਾ ਦੀਆ ਨ ਲੈ ਹੈ,***
***ਜੋ ਲੈ ਹੈ ਨਿਜ ਬਲ ਸੇ ਲੈ ਹੈ।"***

ਤਾਕਤ ਹੋਵੇ, ਸੰਗਠਨ ਹੋਵੇ ਤਾਂ ਕੁਛ ਮਿਲਿਆ ਕਰਦੈ, ਨਹੀਂ ਨੀਂ ਮਿਲਿਆ ਕਰਦਾ। ਸੋ ਇਸ ਤਰ੍ਹਾਂ ਦੇ ਨਾਲ ਮਾੜੇ ਨਹੀਂ ਹੁੰਦੇ ਮੁਸਲਮਾਨ; ਇਹ ਸੋਚਣਾ ਹੀ ਬੁਰੀ ਬਾਤ ਹੈ। ਬਾਬਾ ਫਰੀਦ ਕੌਣ ਸੀ? ਭਾਈ ਮਰਦਾਨਾ ਜੀ ਕੌਣ ਸੀ? ਸੋ ਐਸੀਆਂ ਗੱਲਾਂ ਸੋਚਣੀਆਂ ਹੀ ਬੁਰੀਆਂ ਹੋਇਆ ਕਰਦੀਆਂ ਹਨ।

ਸੋ ਗੁਰੂ ਮਹਾਰਾਜ ਜੀ ਨੇ ਫੁਰਮਾਇਆ ਕਿ –

"ਤੂੰ ਮੁਗਲਾਂ ਦੀ ਫੌਜ ਨੂੰ ਪਾਣੀ ਪਿਲਾਇਐ?"

"ਨਹੀਂ ਮਹਾਰਾਜ।"

"ਫੇਰ ਪਹਾੜੀ ਫੌਜ ਨੂੰ ਪਾਣੀ ਪਿਲਾਇਐ?"

"ਨਹੀਂ ਮਹਾਰਾਜ।"

"ਫੇਰ ਖਾਲਸਾ ਫੌਜ ਨੂੰ ਪਿਲਾਇਐ?"

"ਨਹੀਂ ਮਹਾਰਾਜ।"

"ਫੇਰ ਤੂੰ ਕਿਹਨੂੰ ਪਾਣੀ ਪਿਲਾਇਐ?"

"ਪਾਤਸ਼ਾਹ! ਕੋਈ ਸਮਾਂ ਸੀ ਜਦ ਮੈਂ ਤੇਰੀ ਛਤਰ-ਛਾਇਆ ਹੇਠ ਨਹੀਂ ਆਇਆ ਸੀ? ਮੈਨੂੰ ਵੈਰੀ ਵੀ ਦਿਸਦੇ ਸਨ, ਮਿੱਤਰ ਵੀ ਦਿਸਦੇ ਸਨ, ਆਪਣੇ ਵੀ ਤੇ ਬੇਗਾਨੇ ਵੀ ਦਿਸਦੇ ਸਨ ਪਰ ਜਦੋਂ ਤੋਂ ਆਪ ਨੇ ਮੇਰੇ ਅੰਨ੍ਹੇ ਨੇਤਰਾਂ ਵਿਚ ਗਿਆਨ ਦਾ ਸੁਰਮਾ ਪਾ ਦਿਤਾ, ਹੁਣ ਤਾਂ ਮੈਨੂੰ ਤੁਹਾਡੇ ਤੋਂ ਬਗੈਰ ਸੰਸਾਰ ਅੰਦਰ ਕੋਈ

ਦਿਸਦਾ ਹੀ ਨਹੀਂ, ਉਸ ਵੇਲੇ ਤੋਂ ਦੂਜਾ ਦਿਸਣਾ ਹਟ ਗਿਆ। ਮੈਂ ਤਾਂ ਤੈਨੂੰ ਹੀ ਤੇਰੇ ਪਿਆਰ ਵਿਚ ਪਾਣੀ ਪਿਲਾਇਐ। ਮੈਂ ਕੀ ਜਾਣਾ - ਮੁਗਲ ਕੌਣ ਹੈ, ਜਾਂ ਹੋਰ ਕੌਣ ਨੇ? ਮੈਨੂੰ ਤਾਂ ਪਾਤਸ਼ਾਹ! ਤੇਰੇ ਬਗੈਰ ਹੋਰ ਦਿਸਣਾ ਹੀ ਬੰਦ ਹੋ ਗਿਆ ਹੈ -

*ਸਭ ਮਹਿ ਰਹੇ ਬਿਰਾਜ ਸਮਾਨਾ।।*
*ਸਤ੍ਰ ਮਿਤ੍ਰ ਕੋ ਜਾਇ ਨ ਜਾਨਾ।।*
*ਸਭ ਥਲ ਤੁਮਰੋ ਰੂਪ ਨਿਹਾਰੋ।।*
*ਭੇਦ ਭਿੰਨ ਕੋ ਨਹੀਂ ਬਿਚਾਰੋ।।*
*ਮੋ ਕੋ ਤੋ ਇਸ ਹੀ ਦ੍ਰਿਸਟਾਵੈ।।*
*ਤੁਮ ਬਿਨ ਦੂਸਰ ਨਦਰ ਨ ਆਵੈ।।*
*ਸ੍ਰੀ ਸੂ. ਪ੍ਰ. ਗ੍ਰੰਥ, ਪੰਨਾ - 5809*
*"ਤੈਨੂੰ ਪਿਆ ਪਿਲਾਵਾਂ ਪਾਣੀ,*
*ਸਿਰ ਮੇਰੇ ਦੇ ਸਾਈਂ*
*"ਤੁਰਕ ਅਤੁਰਕ ਨ ਦਿਸਦਾ ਮੈਨੂੰ,*
*ਤੂੰ ਸਾਰੇ ਦਿਸ ਆਈਂ।*
*"ਪਿਆਰੇ ਦੇ ਇਕ ਪਿਆਰ ਪ੍ਰੋਤਾ,*
*ਉਸਦੀ ਸੇਵ ਕਰਾਵਾਂ;*
*"ਉਸ ਨੂੰ ਦੇਖਾਂ, ਉਸ ਨੂੰ ਸੇਵਾਂ,*
*ਪਾਣੀ ਉਨੂੰ ਪਿਲਾਵਾਂ।"*
*ਹੱਸੇ ਤੇ ਗਲ ਲਾਇਆ ਪਜਾਰਾ,*
*ਡੱਬੀ ਹੱਥ ਫੜਾਈ : -*
*"ਪਾਣੀ ਨਾਲ ਮਲ੍ਹਮ ਬੀ ਰੱਖੀਂ,*
*ਲੋੜ ਪਈ ਤੇ ਲਾਈਂ"*
*(ਕਲਗੀਧਰ ਚਮਤਕਾਰ) ਪੰਨਾ - 746*

*ਧਾਰਨਾ - ਗੁਰਾਂ ਨੇ ਮੇਰੇ ਓ,*
*ਨੈਣ ਖੋਲ੍ਹ 'ਤੇ, ਮੈਨੂੰ ਸਾਰੀਆਂ*
*ਘਟਾਂ ਦੇ ਵਿਚ ਤੂੰਹੀਓਂ ਦਿਸਿਆ,*
*ਨੈਣ ਖੋਲ੍ਹ 'ਤੇ, ਗੁਰਾਂ ਨੇ ਮੇਰੇ ਓ,*
*ਨੈਣ ਖੋਲ੍ਹ 'ਤੇ - 2*

*ਗੁਰਹਿ ਦਿਖਾਇਓ ਲੋਇਨਾ।*
*ਈਤਹਿ ਊਤਹਿ ਘਟਿ ਘਟਿ*
*ਘਟਿ ਘਟਿ ਤੂੰਹੀ ਤੂੰਹੀ ਮੋਹਿਨਾ।।*
*ਪੰਨਾ - 407*

ਕਿਉਂਕਿ ਇਕੋ ਹੀ ਨਜ਼ਰ ਆ ਰਿਹੈ ਸਾਧਸੰਗਤ ਜੀ ਸਾਰੇ। ਸੋ ਉਪਦੇਸ਼ ਦੇ ਰਹੇ ਨੇ - ਕਿਉਂਕਿ ਵੈਰੀ ਮਿਤਰ ਸਮਾਨ ਹੋਇਆ ਕਰਦੇ ਨੇ - ਸੰਤਾਂ ਨੂੰ। ਸੰਤਾਂ ਦਾ ਕੋਈ ਵੈਰੀ ਨਹੀਂ ਹੋਇਆ ਕਰਦਾ; ਜੇ ਹੁੰਦੈ ਤਾਂ ਮਨ ਹੁੰਦੈ - ਆਪਣਾ; ਸੰਸਾਰ ਵਿਚ ਕੋਈ ਨਹੀਂ ਵੈਰੀ ਹੁੰਦਾ-

*ਇਕੁ ਸਜਣੁ ਸਭਿ ਸਜਣਾ*
*ਇਕੁ ਵੈਰੀ ਸਭਿ ਵਾਦਿ।।*
*ਪੰਨਾ - 957*

ਜਦੋਂ ਵਾਹਿਗੁਰੂ ਜੀ ਨਾਲ ਬਣ ਗਈ, ਫੇਰ ਸੱਜਣ ਹੀ ਹੋਇਆ ਕਰਦੇ ਨੇ ਸਾਰੇ।

ਸੋ ਭਾਈ ਤਿਲੋਕਾ ਜੀ ਪੂਰੀ ਅਪਣੱਤ ਨਾਲ ਅਤੇ ਹਾਰਦਿਕ ਪਿਆਰ ਨਾਲ ਰਾਜਕੁਮਾਰੀ ਵਲ ਦੇਖੇ। ਅੰਦਰ ਪੂਰੀ ਤਰ੍ਹਾਂ ਉਤਸ਼ਾਹ ਹੈ ਕਿ ਇਸ ਲੜਕੀ ਦਾ ਕੁਛ ਭਲਾ ਹੋ ਜਾਵੇ ਕਿਉਂਕਿ ਆਪ ਨੂੰ ਪਤਾ ਹੈ ਕਿ ਮੇਰੀ ਉਮਰ ਦੀ ਡੋਰ ਛੇਤੀਂ ਹੀ ਟੁੱਟਣ ਵਾਲੀ ਹੈ। ਰਾਜਕੁਮਾਰੀ ਨੇ ਜੋ ਪਿਆਰ ਦੀ ਭਾਵਨਾ ਅਤੇ ਸੇਵਾ ਦੀ ਲਗਨ ਵਿਖਾਈ ਹੈ, ਉਸ ਤੋਂ ਪ੍ਰਸੰਨ ਹੋ ਕੇ ਚਾਹੁੰਦੇ ਹਨ ਕਿ ਉਸਦੇ ਜਨਮ-ਮਰਨ ਦਾ ਕੇਵਲ ਚੱਕਰ ਹੀ ਨਾ ਕੱਟਿਆ ਜਾਵੇ, ਸਗਮਾਂ ਇਸ ਨੂੰ ਇਕ ਪਰਵਾਣ ਹੋਈ ਰੂਹ ਦੇ ਦਰਜੇ ਤਕ ਗੁਰੂ ਦੀ ਮਦਦ ਨਾਲ ਪਹੁੰਚਾ ਦਿਤਾ ਜਾਵੇ। ਦੋਹਾਂ ਦੀ ਸਰੀਰਕ ਉਮਰ ਬਰਾਬਰ ਦੀ ਹੈ, ਦੋਹਾਂ ਦੇ ਚਿਹਰੇ ਤੋਂ ਨੂਰ ਝਰਦਾ ਹੈ। ਭਾਈ ਤਿਲੋਕਾ ਜੀ ਦੇ ਨੈਣਾਂ ਦੀ ਮਸਤੀ ਅਤੇ ਨਾਮ ਦੀ ਸ਼ਕਤੀ ਉਨ੍ਹਾਂ ਦੀ ਖਿੱਚ ਨੂੰ ਮੈਗਨਿਟ ਵਾਂਗੂੰ ਪ੍ਰਗਟ ਕਰ ਰਹੀ ਹੈ। ਇਕ ਵਾਰੀ ਉਨ੍ਹਾਂ ਦੇ ਨੈਣਾਂ ਤੇ ਝਾਤ ਪਿਆਂ, ਵੇਖਣ ਵਾਲੇ ਦੇ ਅੰਦਰ ਇਕ ਮਿੱਠਾ ਧੱਕਾ ਲਗਦਾ ਹੈ ਅਤੇ ਅਜਿਹੀ ਖਿੱਚ ਪੈਦਾ ਹੁੰਦੀ ਹੈ ਕਿ ਇਹ ਚਿਹਰਾ ਅੱਖਾਂ ਤੋਂ ਓਹਲੇ ਨਾ ਹੋਵੇ। ਆਪ ਪੂਰਨ ਬ੍ਰਹਮਗਿਆਨ ਅਵਸਥਾ ਦੇ ਮਹਾਂਪੁਰਸ਼, ਭਾਵੇਂ ਉਮਰ ਦੇ ਹਿਸਾਬ ਨਾਲ ਸਰੀਰ ਅਜੇ ਭਰ ਜਵਾਨੀ ਵਿਚ ਪੈਰ ਰੱਖ ਰਿਹਾ ਹੈ, ਪਰ ਅੰਦਰਲੇ ਗਿਆਨ ਦੀ ਪ੍ਰਾਪਤੀ ਵਿਚ ਉਹ ਗੁਰੂ ਨਾਨਕ ਪਾਤਸ਼ਾਹ ਨਾਲ ਅਭੇਦ ਅਵਸਥਾ ਦੇ ਪ੍ਰਤੀਕ ਹਨ। ਓਧਰਲੇ ਪਾਸੇ ਲੜਕੀ ਰਾਜੇ ਦੀ ਹੈ, ਲੇਕਿਨ ਬਿਲਕੁਲ ਅੱਲ੍ਹੜ ਤੇ ਅਣਜਾਣ ਹੈ ਜੋ ਰੂਹਾਨੀਅਤ ਦੇ 'ੳ, ਅ' ਵੀ ਤੋਂ ਪੂਰੀ ਤਰ੍ਹਾਂ ਅਗਿਆਤ ਹੈ; ਉਸਨੂੰ ਨਹੀਂ ਪਤਾ ਕਿ ਸੰਤਾਂ ਦੇ ਕੀ ਕਰਮ ਹੋਇਆ ਕਰਦੇ ਹਨ। ਉਸਨੇ ਮਾਤਾ-ਪਿਤਾ ਦੇ ਪਿਆਰ ਦਾ ਹੀ ਰਸ ਮਾਣਿਆ ਹੋਇਆ ਹੈ ਪਰ ਜੋ ਪਿਆਰ ਤੇ ਦਰਦ ਦੀ ਅਵਸਥਾ ਹੁਣ ਅਨੁਭਵ ਕਰ ਰਹੀ ਹੈ, ਉਹਦੇ ਵਿਚ ਵਿਲੱਖਣਤਾ ਹੈ। ਉਹ ਧੁਰ ਅੰਦਰ ਖਿੱਚ ਪਾ ਰਿਹਾ ਹੈ। ਜ਼ਿੰਦਗੀ ਦੇ ਵਿਚ ਪਹਿਲੀ ਵਾਰੀ ਉਸਨੂੰ ਇਸ ਪਿਆਰ ਦਾ ਅਨੁਭਵ ਹੋਇਆ ਹੈ। ਇਸ ਪਿਆਰ ਵਿਚ ਕੋਈ ਐਸੀ ਅਲੌਕਿਕ ਖਿੱਚ ਹੈ ਜੋ ਅੰਦਰ ਸ਼ਾਂਤੀ ਪ੍ਰਦਾਨ ਕਰਦੀ ਜਾਂਦੀ ਹੈ ਅਤੇ ਇਕ ਪਿਰਮ ਰਸ ਆਪਣੇ ਆਪ ਹੀ ਪੈਦਾ ਹੋ ਰਿਹਾ ਹੈ, ਜਿਸਦਾ ਰਸ ਉਸਨੇ ਕਦੇ ਵੀ ਨਹੀਂ ਮਾਣਿਆ ਸੀ। ਇਸ ਪ੍ਰੇਮ ਰਸ ਵਿਚ ਪਵਿੱਤਰ ਖਿੱਚ ਹੈ; ਕੋਈ ਨਿੱਜੀ ਹਿਤ ਨਹੀਂ ਹੈ, ਕੋਈ ਮੰਦ ਵਾਸ਼ਨਾ ਨਹੀਂ ਹੈ। ਇਹ ਨਿਰਮਲ ਪਿਆਰ ਹੈ ਜਿਹੜਾ ਆਮ-ਤੌਰ ਤੇ ਗੁਰੂਆਂ, ਪੀਰਾਂ, ਪੈਗੰਬਰਾਂ ਤੇ ਸੰਤਾਂ ਨਾਲ ਹੋ ਜਾਇਆ ਕਰਦਾ ਹੈ। ਇਹ ਪਿਆਰ ਜੇ ਹਿਰਦੇ ਵਿਚ ਉਤਪੰਨ ਹੋ ਜਾਵੇ ਤਾਂ ਜਪਾਂ ਤਪਾਂ ਦੀਆਂ ਕਠਿਨ ਘਾਲਨਾਵਾਂ ਦੇ ਉਤੋਂ ਦੀ ਉਲਾਂਘ ਭਰ ਕੇ ਲੰਘ ਜਾਇਆ ਕਰਦਾ ਹੈ। ਇਸ ਪਿਆਰ ਬਾਰੇ ਗੁਰੂ ਦਸ਼ਮੇਸ਼ ਪਿਤਾ ਜੀ ਦਾ ਫੁਰਮਾਨ ਹੈ -

*ਸਾਚ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮੁ ਕੀਓ ਤਿਨ ਹੀ*
*ਪ੍ਰਭੁ ਪਾਇਓ।। ਤ੍ਵਪ੍ਰਸਾਦਿ ਸ੍ਵਯੇ*

ਵਾਹਿਗੁਰੂ ਜੀ ਦੇ ਸਰੂਪ ਨੂੰ ਰੂਪ, ਰੰਗ, ਰੇਖ, ਭੇਖ ਦੀ ਅਣਹੋਂਦ ਕਰਕੇ ਅਸੀਂ ਜਾਣ ਨਹੀਂ ਸਕਦੇ, ਪਰ ਉਸਦੀ ਹੋਂਦ ਨੂੰ ਅਸੀਂ ਅਨੁਭਵ ਰਾਹੀਂ ਮਹਿਸੂਸ ਕਰ

ਸਕਦੇ ਹਾਂ। ਓਹਦੀਆਂ ਤਿੰਨ ਨਿਸ਼ਾਨੀਆਂ ਬਹੁਤ ਹੀ ਪ੍ਰਬਲ ਹਨ – ਇਕ ਤਾਂ ਹੈ ਖੇੜਾ ਹੀ ਖੇੜਾ, ਅਨੰਦ ਹੀ ਅਨੰਦ; ਬਿਨਾਂ ਹੀ ਕਿਸੇ ਕਾਰਨ ਤੋਂ ਝੁੰਮਣੀਆਂ ਆਉਣੀਆਂ, ਚਿਹਰੇ ਤੇ ਨਿਖਾਰ ਆ ਜਾਣਾ। ਅੰਦਰਲਾ ਅਨੰਦ ਸਰੀਰ ਦੀਆਂ ਹਰਕਤਾਂ, ਮਿੱਠੀ ਬੋਲ-ਚਾਲ, ਮਿਲਣੀਆਂ ਤੋਂ ਪ੍ਰਗਟ ਹੋ ਜਾਇਆ ਕਰਦਾ ਹੈ। ਦੂਸਰਾ – ਸਰੀਰ ਦੇ ਅੰਦਰ ਇਕ ਐਸਾ ਰਸ ਭਰ ਜਾਣਾ ਜਿਸ ਨਾਲ ਸਾਰਾ ਸਰੀਰ ਪ੍ਰਮ ਪਵਿੱਤਰ ਹੋ ਜਾਇਆ ਕਰਦਾ ਹੈ ਅਤੇ ਉਸ ਰਸ ਦੇ ਚਸ਼ਮੇ ਦੇ ਪ੍ਰਬਲ ਵੇਗ ਵਿਚੋਂ ਅਨੰਦ ਦੀਆਂ ਝਰਨ੍ਹਾਟਾਂ ਉਠਦੀਆਂ ਹਨ। ਤੀਸਰਾ – ਅੰਦਰ ਪਿਆਰ ਦੀ ਖਿੱਚ ਐਨੀ ਪ੍ਰਬਲ ਹੋ ਜਾਣੀ ਕਿ ਸਾਰੀ ਸ੍ਰਿਸ਼ਟੀ ਵਿਚ ਕੋਈ ਵੀ ਦੋਖੀ, ਵੈਰੀ, ਬਿਗਾਨਾ ਨਜ਼ਰ ਨਾ ਆਉਣਾ। ਇਥੋਂ ਤਕ ਕਿ ਪਿਆਰ ਹੀ ਪਿਆਰ ਸਰੀਰ ਵਿਚ ਭਰ ਜਾਂਦਾ ਹੈ ਅਤੇ ਪਸ਼ੂਆਂ, ਪੰਛੀਆਂ, ਬੂਟਿਆਂ, ਫੁੱਲਾਂ, ਪਹਾੜਾਂ, ਦਰਿਆਵਾਂ, ਝਰਨਿਆਂ, ਛਿਪਦੇ ਸੂਰਜ ਦੇ ਦ੍ਰਿਸ਼ਾਂ, ਚੜ੍ਹਦੇ ਚੰਦ ਦੀ ਮਿੱਠੀ ਚਾਂਦਨੀ ਨਾਲ ਪਿਆਰ ਦੀ ਝਰਨਾਹਟ ਜਾ ਰਲਦੀ ਹੈ ਅਤੇ ਇਹ ਸਾਰੇ ਆਪਣੇ ਹੀ ਲਗਦੇ ਹਨ। ਸਾਰਾ ਬ੍ਰਹਿਮੰਡ- ਜਿਧਰ ਵੀ ਨਿਗ੍ਹਾ ਜਾਂਦੀ ਹੈ, ਸੋਚ ਜਾਂਦੀ ਹੈ, ਹੋਸ਼ ਜਾਂਦੀ ਹੈ, ਉਹ ਪਿਆਰ ਹੀ ਪਿਆਰ ਨਜ਼ਰ ਆਉਂਦਾ ਹੈ ਕਿਉਂਕਿ ਵਾਹਿਗੁਰੂ ਜੀ ਆਪ ਹੀ ਪਿਆਰ ਦਾ ਸਰੂਪ ਹਨ –

*ਜਤ੍ਰ ਤਤ੍ਰ ਦਿਸਾ ਵਿਸਾ*
*ਹੁਇ ਫੈਲਿਓ ਅਨੁਰਾਗ॥*
*(ਜਾਪੁ ਸਾਹਿਬ)*

ਇਹ ਨਿਰਮਲ ਪਿਆਰ ਹੋਇਆ ਕਰਦਾ ਹੈ। ਇਸਦੇ ਵਿਪਰੀਤ ਕਾਮੁਕ ਖਿੱਚਾਂ, ਤਰੰਗਾਂ, ਪਿਆਰ ਦਾ ਭੁਲੇਖਾ ਪਾਉਂਦੀਆਂ ਹਨ ਅਤੇ ਭੋਗਾਂ ਦੀ ਰੁਚੀ ਮਨ ਵਿਚ ਬੇਚੈਨੀ ਪੈਦਾ ਕਰਦੀ ਹੈ। ਇਹ ਪਿਆਰ ਨਹੀਂ ਹੋਇਆ ਕਰਦਾ, ਇਹ ਇਕ ਅਤਿ ਭੱਦਾ ਜਜ਼ਬਾ ਹੈ ਜਿਸਨੂੰ ਗਲਤੀ ਨਾਲ ਆਦਮੀ ਪਿਆਰ ਕਹਿ ਦਿੰਦਾ ਹੈ। ਪਿਆਰ ਤਾਂ ਇਕ ਐਸੀ ਕਰੰਟ ਹੈ; ਇਹ ਸਰੀਰ ਵਿਚ ਪੈਦਾ ਹੋ ਜਾਂਦੀ ਹੈ ਤਾਂ ਮੱਲੋ-ਮੱਲੀ ਉਚੀਆਂ ਉਡਾਰੀਆਂ ਦੇ ਵਿਚ ਪ੍ਰਵੇਸ਼ ਕਰਨ ਨੂੰ ਜੀਅ ਕਰਦਾ ਹੈ। ਇਹ ਵਲਵਲੇ ਦੇ ਦੇਸ਼ ਵਿਚ, ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਾਉਂਦੀਆਂ ਹਨ ਅਤੇ ਪਿਆਰੀਆਂ ਝੂੰਮਾਂ ਮਹਿਸੂਸ ਹੁੰਦੀਆਂ ਹਨ ਜਿਵੇਂ ਡਾ. ਭਾਈ ਵੀਰ ਸਿੰਘ ਜੀ ਨੇ ਅੰਕਿਤ ਕੀਤਾ ਹੈ –

*ਜਿਨ੍ਹਾਂ ਉਚਜਾਈਆਂ ਉਤੋਂ*
*'ਬੁੱਧੀ' ਖੰਭ ਸਾੜ ਢੱਠੀ,*
*ਮੱਲੋ ਮੱਲੀ ਓਥੇ*
*ਦਿਲ ਮਾਰਦਾ ਉਡਾਰੀਆਂ।*
*ਪਜਾਲੇ ਅਣਡਿੱਠੇ ਨਾਲ,*
*ਬੁੱਲ੍ਹ ਲੱਗ ਜਾਣ ਓਥੇ,*
*ਰਸ ਤੇ ਸਰੂਰ ਚੜ੍ਹੇ,*
*ਝੂੰਮਾਂ ਆਉਣ ਪਜਾਰੀਆਂ।*
*'ਗਜਾਨੀ' ਸਾਨੂੰ ਹੋੜਦਾ ਤੇ*
*"ਵਹਿਮੀ ਢੋਲਾ" ਆਖਦਾ ਏ,*
*"ਮਾਰੇ ਗਏ ਜਿਨ੍ਹਾਂ ਲਾਈਆਂ*
*ਬੁੱਧੋਂ ਪਾਰ ਤਾਰੀਆਂ।"*
*"ਬੈਠ ਵੇ ਗਿਆਨੀ!*
*ਬੁੱਧੀ ਮੰਡਲੇ ਦੀ ਕੈਦ ਵਿਚ,*
*'ਵਲਵਲੇ ਦੇ ਦੇਸ਼'*
*ਸਾਡੀਆਂ ਲੱਗ ਗਈਆਂ ਯਾਰੀਆਂ।"*

ਅਨੁਭਵ ਜਾਗਦਾ ਹੈ ਅਤੇ ਮੱਲੋ-ਮੱਲੀ ਭਾਵਨਾ ਬੁੱਲ੍ਹਾਂ ਤੇ ਆ ਕੇ, ਪ੍ਰਗਟ ਹੋ ਕੇ ਸਾਰੇ ਸੰਸਾਰ ਨੂੰ ਕਲਾਵੇ ਵਿਚ ਲੈਣ ਨੂੰ ਜੀਅ ਕਰਦਾ ਹੈ ਅਤੇ ਕਹਿ ਹੋ ਜਾਂਦਾ ਹੈ –

*ਸਭੇ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥*
*ਪੰਨਾ – 97*

ਜਾਂ ਇਹ ਵੀ ਅਨੁਭਵ ਜਾਗ ਪੈਂਦਾ ਹੈ ਕਿ ਐਥੇ ਤੂੰ ਹੀ ਤੂੰ ਹੈਂ, ਤੂੰ ਹੀ ਤੂੰ ਹੈਂ; ਮੇਰੀ ਮੈਂ ਵੀ ਤੂੰ ਹੈਂ, ਮੇਰੀ 'ਮੇਰੀ' ਵੀ ਤੂੰ ਹੈਂ, ਮੇਰਾ ਸਭ ਕੁਛ ਤੂੰ ਹੈਂ; ਤੂੰ 'ਮੈਂ' ਹੈਂ, 'ਮੈਂ' ਤੂੰ ਹਾਂ – ਇਹ ਪਿਆਰ ਹੀ ਹੈ ਜੋ ਗਿਆਨ ਦੀ ਖੁਸ਼ਕੀ ਤੋਂ ਦੂਰ ਰੱਖ ਕੇ ਪ੍ਰਤੱਖ ਅਨੁਭਵ ਬਖਸ਼ਦਾ ਹੈ।

ਸੋ ਇਸ ਪਿਆਰ ਦਾ ਵਾਸੀ ਸੀ – ਭਾਈ ਤਿਲੋਕਾ ਜੀ, ਜੋ ਐਨੇ ਫੱਟੜ ਹੋ ਚੁੱਕੇ ਹਨ ਕਿ ਮੁੜ ਜੀਵਨ ਆ ਜਾਣ ਦੀ ਕੋਈ ਵਿਵਸਥਾ ਨਹੀਂ ਹੈ। ਤਾਂ ਵੀ ਅੰਦਰਲੇ ਪਿਆਰ ਵਿਚ ਰੱਤੇ ਇਸ ਰਾਜਕੁਮਾਰੀ ਦਾ ਭਲਾ ਹੀ ਨਹੀਂ ਲੋਚਦੇ ਸਗਮਾਂ ਇਸਨੂੰ ਪ੍ਰਭੂ ਰੂਪ ਬਣਾ ਦੇਣਾ ਲੋਚਦੇ ਹਨ। ਦੂਜੇ ਪਾਸੇ ਇਹ ਰਾਜਕੁਮਾਰੀ ਹੈ ਜਿਸ ਨੇ ਅਜੇ ਮਾਤਰੀ-ਪਿਤਰੀ ਪਿਆਰ ਤੋਂ ਬਿਨਾਂ ਕਿਸੇ ਹੋਰ ਪਿਆਰ ਦਾ ਅਨੁਭਵ ਨਹੀਂ ਕੀਤਾ। ਉਸ ਵਿਚ ਕੋਈ ਵਾਸ਼ਨਾ ਨਹੀਂ ਹੈ, ਕੇਵਲ ਇਕ ਦਰਦ ਹੈ ਕਿ ਇਹ ਪ੍ਰਦੇਸੀ ਜੋ ਮੇਰੇ ਹੱਥੋਂ ਫੱਟੜ ਹੋ ਗਿਆ ਹੈ, ਇਹ ਮੁੜ ਕੇ ਜੀਵਨ ਮਾਣੇ ਤੇ ਮੈਂ ਆਪਣੇ ਕੀਤੇ ਕਸੂਰ ਦੇ ਬਦਲੇ ਇਸ ਦੀ ਟਹਿਲਣ ਬਣਾਂ। ਇਸਨੂੰ ਹਰ ਤਰ੍ਹਾਂ ਸਾਰੀ ਜ਼ਿੰਦਗੀ ਵਿਚ ਸੁਖ ਦੇਵਾਂ ਅਤੇ ਇਹ ਮੈਨੂੰ ਕਹੇ ਕਿ ਮੈਂ ਅਜੇ ਤਕ ਤੈਨੂੰ ਮਾਫ ਨਹੀਂ ਕੀਤਾ ਤੇ ਮੈਂ ਆਪਣੇ ਇਸ ਕਸੂਰ ਦੇ ਬਦਲੇ ਆਪਣੇ ਆਪ ਨੂੰ ਬੰਧਨ ਵਿਚ ਪਾ ਲਵਾਂ। ਦੋਹਾਂ ਦੀਆਂ ਸੋਚਾਂ ਹਨ ਪਰ ਇਕ ਦੋਹਾਂ ਵਿਚ ਸਾਂਝੀ ਹੈ – ਉਹ ਹੈ ਸਾਂਝੀ 'ਦਰਦ।'

ਵਾਹਿਗੁਰੂ ਜੀ ਨਿਰਵੈਰ ਹੈ, ਉਸ ਦੇ ਸੰਤ ਵੀ ਨਿਰਵੈਰ ਹੋਇਆ ਕਰਦੇ ਹਨ; ਵਾਹਿਗੁਰੂ ਜੀ ਅਤਿ ਨਿਰਮਲ ਹੈ, ਉਸਦੇ ਸੰਤ ਵੀ ਨਿਰਮਲ ਹੋਇਆ ਕਰਦੇ ਹਨ। ਉਨ੍ਹਾਂ ਨਿਰਮਲਾਂ ਨੂੰ ਦੇਖ ਕੇ ਪਾਪਾਂ ਦੀਆਂ ਮੈਲਾਂ **wash** (ਧੋ) ਹੋ ਜਾਇਆ ਕਰਦੀਆਂ ਹਨ। ਬਲਿਹਾਰ ਹਾਂ ਐਸੇ ਸੰਤ ਵਿਅਕਤੀ ਤੋਂ, ਜਿਨ੍ਹਾਂ ਨੇ ਆਸਰੀ ਸੰਪ੍ਰਦਾ ਦੇ ਘਿਨਾਉਣੇ ਜਜ਼ਬਿਆਂ – ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ ਨੂੰ ਪੀਹ ਕੇ ਪਾਊਡਰ ਬਣਾ ਦਿਤਾ ਹੈ ਅਤੇ ਹਵਾ ਦੇ ਵਿਚ ਉਡਾ ਦਿਤਾ ਹੈ –

*ਧਾਰਨਾ – ਤੂੰ ਨਿਰਵੈਰ.....*

### ਸੰਤ ਤੇਰੇ ਨਿਰਮਲ

**ਤੂੰ ਨਿਰਵੈਰੁ ਸੰਤ ਤੇਰੇ ਨਿਰਮਲ॥**
**ਜਿਨ ਦੇਖੇ ਸਭ ਉਤਰਹਿ ਕਲਮਲ॥**
**ਪੰਨਾ - 108**

ਵਾਹਿਗੁਰੂ ਨਿਰਵੈਰ ਹੈ ਤੇ ਉਹਦੇ ਪਿਆਰੇ ਜਿਹੜੇ ਨੇ, ਉਹ ਬਿਲਕੁਲ ਨਿਰਮਲ ਤੇ ਨਿਰਵੈਰ ਹੁੰਦੇ ਹਨ, ਸਭ ਕਿਸਮ ਦੀਆਂ ਮੈਲਾਂ ਤੋਂ ਰਹਿਤ ਹੁੰਦੇ ਹਨ -

**ਹਉ ਬਲਿਹਾਰੀ ਸੰਤਨ ਤੇਰੇ............॥**
**ਪੰਨਾ - 108**

ਕਿਹੜੇ ਸੰਤਾਂ ਦੇ? ਜਿਨ੍ਹਾਂ ਨੇ -

**...............ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ॥**
**ਪੰਨਾ - 108**

ਸਾਰੇ ਪੀਹ ਦਿਤੇ - **'ਤੂੰ ਨਿਰਵੈਰੁ ਸੰਤ ਤੇਰੇ ਨਿਰਮਲ॥ ਜਿਨ ਦੇਖੇ ਸਭ ਉਤਰਹਿ ਕਲਮਲ॥'** ਦਰਸ਼ਨ ਕਰਦੇ ਹੀ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਸੋ ਉਸ ਬੀਬੀ ਨੇ ਪੂਰਨ ਅਭੇਦ ਅਵਸਥਾ ਦੇ ਗੁਰਮੁਖ ਦਾ, ਨਿਰਵੈਰ ਦਾ, ਨਿਰੇ ਪਿਆਰ ਦਾ ਦਰਸ਼ਨ ਕਰਿਆ, ਜਿਨ੍ਹਾਂ ਦੇ ਚਿਤ ਵਿਚ ਟਿਕਾਉ ਹੀ ਟਿਕਾਉ ਹੈ, ਕੋਈ ਕਾਹਲਾ-ਪੁਣ ਨਹੀਂ, ਕੋਈ ਆਪਣੇ ਪਿਛੋਕੜ ਦੀ ਗੱਲ ਨਹੀਂ ਕਰਦੇ ਅਤੇ ਨਾ ਹੀ ਕਹਿੰਦੇ ਹਨ ਕਿ ਸਾਡੇ ਘਰ ਸਨੇਹਾ ਭੇਜ ਦਿਓ, ਮੇਰੇ ਪਿਤਾ ਦਾ ਆਹ ਨਾਉਂ ਹੈ। ਕੋਈ ਬਾਤ ਨਹੀਂ ਕਰਦੇ ਕਿ ਮੈਂ ਇਕਲੌਤਾ ਪੁੱਤਰ ਹਾਂ, ਮੇਰੇ ਪਿਤਾ ਨੂੰ ਜ਼ਰੂਰ ਬੁਲਾ ਲਓ; ਨਾ ਹੀ ਇਹ ਸੂਹ ਦਿੰਦੇ ਹਨ ਕਿ ਸਾਡੇ ਸਤਿਸੰਗੀ ਐਥੇ ਨੇੜੇ ਹੀ ਰਹਿੰਦੇ ਹਨ, ਉਨ੍ਹਾਂ ਨੂੰ ਖਬਰ ਕਰ ਦਿਓ; ਕੋਈ ਬਾਤ ਨਹੀਂ ਕਰਦੇ, ਕੋਈ ਫੁਰਨਾ ਨਹੀਂ ਕਰਦੇ, ਅੰਦਰੋਂ ਪੂਰੀ ਤਰ੍ਹਾਂ ਨਾਲ ਚੇਤਨ ਹਨ। ਕੋਈ ਘਬਰਾਹਟ ਚਿਹਰੇ ਉਤੇ ਨਹੀਂ। ਅੰਦਰਲੀ ਨਿਰਮਲਤਾ, ਸੁੱਚਤਾ ਅਤੇ ਪਿਆਰ ਦਾ ਵੇਗ ਚਿਹਰੇ ਉਤੇ ਪ੍ਰਭਾਵਸ਼ਾਲੀ ਕਿਰਨਾਂ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਸੁੱਚਤਾ ਦੀਆਂ, ਨਾਮ ਦੀ ਕਮਾਈ ਦੀਆਂ, ਪਿਆਰ ਦੀਆਂ ਕਿਰਨਾਂ ਬਖੇਰ ਰਹੀ ਹੈ। ਥੋੜੇ ਜਿਹੇ ਦਿਨਾਂ 'ਚ ਸੇਵਾ ਕਰਕੇ, ਹਫਤਾ-ਡੇਢ ਹਫਤਾ ਹੋ ਗਿਆ, ਰਾਜਕੁਮਾਰੀ ਨੇ ਮਹਿਸੂਸ ਕੀਤਾ ਕਿ ਇਹ ਅਤਿ ਦੀਆਂ ਖਿੱਚਾਂ ਪਾਉਣ ਵਾਲਾ ਨੌਜਵਾਨ ਨਿਰਾ ਹੀ ਪਿਆਰ ਦਾ ਮੁਜੱਸਮਾ ਘਰ ਵਿਚ ਆ ਗਿਆ। ਸੰਤਾਂ ਦਾ ਜੀਵਨ ਨਿਰੋਲ ਪਿਆਰ ਦਾ ਜੀਵਨ ਹੋਇਆ ਕਰਦਾ ਹੈ। ਉਨ੍ਹਾਂ ਵਿਚ ਕੋਈ ਹੋਰ ਮਾੜੀ ਅੰਸ ਨਾ ਹੋਣ ਕਰਕੇ ਉਹ ਪ੍ਰਮ ਪਵਿੱਤਰ ਹੋਇਆ ਕਰਦੇ ਹਨ। ਵਾਹਿਗੁਰੂ ਜੀ ਵੀ ਨਿਰਾ ਪਿਆਰ ਹੀ ਹੈ। **God is love, love is God.** ਲੇਕਿਨ ਜਿਹੜਾ **love** ਹੈ -**God**, ਉਹ ਚੇਤਨ ਹੈ। ਚੇਤਨ ਹੋਣ ਕਰਕੇ ਉਹਦਾ ਇਕ ਕਰਿਸ਼ਮਾ **love** ਹੈ; ਸਾਰਾ ਹੀ ਨਹੀਂ **love**, ਜੇ ਕਹੀਏ। ਉਹਦੇ ਵਿਚ ਸਤਿ ਵੀ ਹੈ, ਚਿਤ ਵੀ ਹੈ, ਅਨੰਦ ਵੀ ਹੈ, ਪਿਆਰ ਵੀ ਹੈ - **'ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥'**

ਰਾਜਕੁਮਾਰੀ ਨੇ ਜ਼ਿੰਦਗੀ ਵਿਚ ਪਹਿਲੀ ਵਾਰ ਅਨੁਭਵ ਕੀਤਾ ਕਿ ਭਾਈ ਤਿਲੋਕਾ ਨਿਰੇ ਪਿਆਰ ਦੀ ਮੂਰਤ ਹੈ, ਅਪਣੱਤ ਦਾ ਵਜੂਦ ਹੈ। ਜਦ ਦੇਖਦੀ ਹੈ ਤਾਂ ਐਉਂ ਲਗਦਾ ਹੈ ਕਿ ਮੇਰਾ ਆਪਣਾ ਆਪ ਹੀ ਹੈ। ਨਿਰਸੰਕੋਚ ਹੋ ਕੇ ਦਿਨ ਰਾਤ ਉਸ ਦੀ ਸੇਵਾ ਕਰਦੀ ਹੈ। ਪਲੰਘ ਦੇ ਪਾਸ ਕੁਰਸੀ ਡਾਹ ਕੇ ਬੈਠੀ ਰਹਿੰਦੀ ਹੈ। ਉਸਨੂੰ ਕਦੇ ਵੀ ਇਹ ਮਹਿਸੂਸ ਨਹੀਂ ਹੁੰਦਾ ਕਿ ਇਹ ਕੋਈ ਓਪਰਾ ਆਦਮੀ ਪਲੰਘ ਤੇ ਪਿਆ ਹੈ; ਗੈਰ ਪ੍ਰਤੀਤ ਨਹੀਂ ਦਿੰਦਾ, ਆਪਣਾ ਆਪ ਹੀ ਲਗਦਾ ਹੈ। ਤਕਲੀਫ ਹੈ - ਜ਼ਖਮ ਦੇ ਅੰਦਰ। ਉਨ੍ਹਾਂ ਦਿਨਾਂ ਵਿਚ **pain killer** ਦਵਾਈਆਂ ਨਹੀਂ ਸੀ ਹੁੰਦੀਆਂ ਪਰ ਆਪਣੇ ਬ੍ਰਹਮਅਨੰਦ ਦੇ ਅੰਦਰ ਲੀਨ ਹੋਣ ਕਰਕੇ ਪੀੜਾ ਨੂੰ ਅੰਦਰ ਹੀ ਜਰ ਰਹੇ ਹਨ। ਚਿਹਰੇ ਉਤੇ ਕੋਈ ਨਿਸ਼ਾਨੀ ਪੀੜਾ ਦੀ ਆਉਣ ਨਹੀਂ ਦਿੰਦੇ। ਜਦੋਂ ਵੀ ਨੇਤਰ ਖੁਲ੍ਹਦੇ ਹਨ ਤਾਂ ਨਾਲ ਹੀ, ਬਹੁਤ ਹੀ ਦਿਲ ਖਿੱਚਵੀਂ ਮੁਸਕਾਨ ਬੁਲ੍ਹਾਂ ਉਪਰ ਆਉਂਦੀ ਹੈ। ਇਕ ਸੀਤਲਤਾ ਦਾ ਪ੍ਰਗਟਾਅ ਹੁੰਦਾ ਹੈ। ਮਹਾਰਾਜ ਜੀ ਕਹਿੰਦੇ ਹਨ ਕਿ ਜੇ ਦੁਨੀਆਂ ਵਿਚ ਕੋਈ ਸੀਤਲ ਚੀਜ਼ ਹੈ ਤਾਂ ਉਹ ਕੇਵਲ ਪ੍ਰਮੇਸ਼ਰ ਦੇ ਪਿਆਰੇ ਹਨ -

**ਨਹ ਸੀਤਲੰ ਚੰਦ੍ਰ ਦੇਵਹ**
**ਨਹ ਸੀਤਲੰ ਬਾਵਨ ਚੰਦਨਹ॥**
**ਨਹ ਸੀਤਲੰ ਸੀਤ ਰੁਤੇਣ**
**ਨਾਨਕ ਸੀਤਲੰ ਸਾਧ ਸ੍ਵਜਨਹ॥**
**ਪੰਨਾ - 1357**

ਸੰਤ ਜਿਹੜੇ ਹੁੰਦੇ ਹਨ ਉਨ੍ਹਾਂ ਦਾ ਸੁਭਾਅ ਅਤਿ ਦਾ ਸੀਤਲ ਹੁੰਦਾ ਹੈ। ਬੇਅੰਤ ਮਿਸਾਲਾਂ ਪਹਿਲਾਂ ਵੀ ਕੀਰਤਨ ਪ੍ਰੋਗਰਾਮਾਂ ਵਿਚ ਸੰਗਤ ਨਾਲ ਸਾਂਝੀਆਂ ਕੀਤੀਆਂ ਹਨ ਜਿਵੇਂ ਕਿ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦੀਆਂ -

**ਕਬੀਰ ਸੰਤੁ ਨ ਛਾਡੈ ਸੰਤਈ**
**ਜਉ ਕੋਟਿਕ ਮਿਲਹਿ ਅਸੰਤ॥**
**ਪੰਨਾ - 1373**

ਕ੍ਰੋੜਾਂ ਹੀ ਅਸੰਤ ਮਿਲ ਜਾਣ ਤਾਂ ਵੀ ਸੰਤ-ਪੁਣਾ ਨਹੀਂ ਛੱਡਦੇ।

ਬਾਬਾ ਬੀਰ ਸਿੰਘ ਜੀ ਉਪਰ ਗੁਰੂ ਮਾਰੀਆਂ ਫੌਜਾਂ ਨੇ ਲਾਹੌਰ ਤੋਂ ਤੋਪਖਾਨੇ ਸਮੇਤ ਤਕਰੀਬਨ ਇਕ ਲੱਖ ਫੌਜ ਨਾਲ ਚੜ੍ਹਾਈ ਕਰ ਦਿਤੀ। ਬਾਬਾ ਜੀ ਨੂੰ ਜਦੋਂ ਪਤਾ ਲੱਗਿਆ ਤਾਂ ਆਪ ਨੌਰੰਗਾਬਾਦ ਛੱਡ ਕੇ ਬਿਆਸਾ ਦੇ ਕੰਢੇ ਪਹੁੰਚ ਗਏ। ਉਸ ਥਾਂ ਆਪ ਨੇ ਕਿਹਾ ਕਿ ਪਿਆਰੀ ਸਾਧਸੰਗਤ ਜੀ! ਅੱਜ ਸਾਡੇ ਵੀਰ ਲਾਹੌਰ ਤੋਂ ਲੱਖਾਂ ਦੀ ਤਾਦਾਦ ਵਿਚ ਤੋਪਾਂ, ਬੰਦੂਕਾਂ, ਨੇਜ਼ਿਆਂ, ਬਰਛਿਆਂ, ਤਲਵਾਰਾਂ ਨਾਲ ਭਿਆਨਕ ਸ਼ਕਲ ਧਾਰ ਕੇ ਮਾਰੋ-ਮਾਰ ਕਰਦੇ ਆ ਰਹੇ ਹਨ। ਅੱਜ ਵਾਹਿਗੁਰੂ ਜੀ ਨੇ ਐਸੇ ਹੀ ਰੂਪ ਵਿਚ ਦਰਸ਼ਨ ਦੇਣੇ ਹਨ।

ਬਾਬਾ ਜੀ ਪਾਸ 27000 ਸਿੰਘ ਸਨੱਦ-ਬੱਧ ਹਾਜ਼ਰ ਸਨ। ਉਨ੍ਹਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਫੇਰ ਤਾਂ ਅਸੀਂ ਵੀ ਤਿਆਰ-ਬਰ-ਤਿਆਰ ਹੋ ਜਾਈਏ ਅਤੇ ਸੂਰਮਿਆਂ ਵਾਂਗੂੰ ਪੂਰੀ ਤਕੜਾਈ ਨਾਲ ਡੱਟ ਕੇ ਉਨ੍ਹਾਂ ਦਾ ਸਵਾਗਤ ਉਸੇ ਤਰ੍ਹਾਂ ਕਰੀਏ? ਤਾਂ ਬਾਬਾ ਜੀ ਨੇ ਕਿਹਾ, "ਨਹੀਂ ਭਾਈ! ਉਹ ਪ੍ਰਭੂ ਇਸੇ ਰੂਪ ਵਿਚ ਦਰਸ਼ਨ ਦੇਣ ਆ ਰਿਹਾ ਹੈ। ਆਪ ਨੇ ਉਨ੍ਹਾਂ ਦਾ ਸੰਗਤ ਦੇ ਰੂਪ ਵਿਚ ਸਤਿਕਾਰ ਕਰਨਾ ਹੈ। ਉਹ ਦੂਰੋਂ ਭੁੱਖੇ-ਪਿਆਸੇ ਇਥੇ ਪਹੁੰਚਣਗੇ, ਉਨ੍ਹਾਂ ਵਾਸਤੇ ਵੱਡਿਆਂ ਦੇਗਿਆਂ ਵਿਚ, ਕੜਾਹਿਆਂ ਵਿਚ ਦਾਲੇ, ਸਬਜ਼ੀ ਅਤੇ ਕੜਾਹ ਪ੍ਰਸ਼ਾਦ ਦਾ ਅਤੁੱਟ ਗੁਰੂ ਕਾ ਲੰਗਰ ਤਿਆਰ ਕਰੋ।" ਫੌਜਾਂ ਨੇੜੇ ਆ ਗਈਆਂ। ਬਾਬਾ ਜੀ ਨੇ ਹੁਕਮ ਕੀਤਾ ਕਿ ਕੀਰਤਨ ਸ਼ੁਰੂ ਕੀਤਾ ਜਾਵੇ। ਕੀਰਤਨ ਸਮਾਗਮ ਸ਼ੁਰੂ ਹੋ ਗਿਆ ਅਤੇ ਨਾਲ ਹੀ ਤੋਪਾਂ, ਗੋਲੀਆਂ ਦਾ ਮੀਂਹ ਵਰ੍ਹਨਾ ਸ਼ੁਰੂ ਹੋ ਗਿਆ। ਤੋਪਾਂ ਦੇ ਗੋਲੇ ਦੀਵਾਨ ਵਿਚ ਗਿਰਦੇ ਹਨ, ਜ਼ਖਮੀ ਹੋ ਰਹੇ ਹਨ। ਉਸ ਵੇਲੇ ਬਾਬਾ ਜੀ ਦੀਆਂ ਦੋਹਾਂ ਬਾਹਾਂ ਵਿਚ ਅਤੇ ਛਾਤੀ ਵਿਚ ਗੋਲੀਆਂ ਲਗੀਆਂ ਅਤੇ ਇਕ ਤੋਪ ਦੇ ਗੋਲੇ ਨਾਲ ਆਪ ਦਾ ਪੱਟ ਉਡ ਗਿਆ। ਉਸ ਵੇਲੇ ਮੁਖ ਸੇਵਾਦਾਰ ਭਾਈ ਜੋਧ ਸਿੰਘ ਨੇ ਬਹੁਤ ਹੀ ਵੈਰਾਗ ਨਾਲ ਬਾਬਾ ਜੀ ਪਾਸ ਆ ਕੇ ਕਿਹਾ ਕਿ ਮੈਂ ਇਹ ਦ੍ਰਿਸ਼ ਨਹੀਂ ਦੇਖ ਸਕਦਾ। ਆਪ ਦੇ ਪਵਿੱਤਰ ਸਰੀਰ ਵਿਚੋਂ ਖੂਨ ਦੀਆਂ ਧਾਰਾਂ ਚਲ ਰਹੀਆਂ ਹਨ। ਪਰ ਅਜਿਹੀ ਅਵਸਥਾ ਵਿਚ ਵੀ ਬਾਬਾ ਬੀਰ ਸਿੰਘ ਜੀ ਮੁਸਕਰਾਏ ਤੇ ਕਹਿਣ ਲੱਗੇ, "ਜੋਧ ਸਿੰਘਾ! ਮੇਰੇ ਨਾਲ ਐਨੀ ਦੇਰ ਰਹਿ ਕੇ ਵੀ ਨਹੀਂ ਸਮਝੇ? ਮੈਂ ਸਰੀਰ ਤਾਂ ਨਹੀਂ ਨਾ, ਮੈਂ ਨਿਰੀ ਜੋਤ ਹਾਂ - ਅਖੰਡ ਜੋਤੀ; ਇਸਨੂੰ ਨਾ ਤੋਪ ਉਡਾ ਸਕਦੀ ਹੈ, ਨਾ ਗੋਲੀਆਂ ਮਾਰ ਸਕਦੀਆਂ ਨੇ, ਨਾ ਅੱਗ ਜਾਲ ਸਕਦੀ ਹੈ ਅਤੇ ਨਾ ਪਾਣੀ ਡੋਬ ਸਕਦਾ ਹੈ। ਤੂੰ ਸਰੀਰਕ ਨਿਸ਼ਚੇ 'ਚੋਂ ਉਪਰ ਉਠ ਕੇ ਮੇਰੇ ਅਸਲੀ ਸਰੂਪ ਨੂੰ ਪਛਾਣ। ਇਹ ਇਕ ਵਾਹਿਗੁਰੂ ਜੀ ਵਲੋਂ ਖੇਲ੍ਹ ਹੋ ਰਿਹਾ ਹੈ; ਮੈਂ ਵੀ ਦੇਖ ਰਿਹਾ ਹਾਂ, ਤੂੰ ਵੀ ਦੇਖ। ਸਾਡਾ ਸਰੀਰ ਹੁਣ ਛੇਤੀਂ ਹੀ ਸ਼ਾਂਤ ਹੋ ਜਾਣਾ ਹੈ, ਇਸਨੂੰ ਜਲਪ੍ਰਵਾਹ ਕਰ ਦਿਓ। ਪਰ ਯਾਦ ਰੱਖਣਾ, ਜਦੋਂ ਤੁਹਾਡੇ ਵੀਰ ਤੁਹਾਡੇ ਪਾਸ ਆਉਣ ਤਾਂ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਬੇਨਤੀ ਕਰਨੀ ਕਿ ਸਾਰੇ ਪ੍ਰੇਮੀ ਬੈਠ ਕੇ ਲੰਗਰ ਛਕਣ; ਇਹ ਗੱਲ ਨਾ ਭੁੱਲਣੀ।

ਜਦੋਂ ਫੌਜਾਂ ਅੰਦਰ ਆ ਗਈਆਂ ਅਤੇ ਬਚਦੇ ਪ੍ਰੇਮੀਆਂ ਨੇ ਲੰਗਰ ਛਕਣ ਵਾਸਤੇ ਅਰਦਾਸ ਕੀਤੀ। ਕੋਈ ਮਾੜਾ ਸ਼ਬਦ ਉਨ੍ਹਾਂ ਵਾਸਤੇ ਨਾ ਵਰਤਿਆ ਤਾਂ ਬਹੁਤ ਸਾਰੇ ਫੌਜੀ ਅਫਸਰਾਂ ਦੇ ਹੰਝੂ ਵਹਿ ਰਹੇ ਸਨ ਕਿ ਇਕ ਸਾਧੂ ਨੂੰ ਬਿਨਾਂ ਕਿਸੇ ਕਸੂਰ ਦੇ ਤੋਪਾਂ ਨਾਲ ਉਡਾ ਦਿਤਾ। ਸੋ ਇਹ ਹੱਦ ਦਰਜੇ ਦੀ ਸੀਤਲਤਾਈ ਸੀ ਜੋ ਸਾਧੂਆਂ ਵਿਚ ਪ੍ਰਗਟ ਹੋ ਜਾਇਆ ਕਰਦੀ ਹੈ।

ਇਸੇ ਤਰ੍ਹਾਂ ਨਾਲ ਇਕ ਵਾਰੀ ਆਸਾਮ ਵਿਚ ਬਹੁਤ ਸਾਰੇ ਸਾਧੂ ਇਕੱਠੇ ਹੋਏ, ਤਾਂ ਉਥੇ ਵਿਚਾਰ ਚੱਲੀ ਕਿ ਅਜਕੱਲ ਸਾਧੂ ਬਹੁਤ ਛੇਤੀਂ ਮਨ ਦਾ ਸੰਤੁਲਨ ਵਿਗਾੜ ਲੈਂਦੇ ਹਨ ਅਤੇ ਕ੍ਰੋਧ ਵਸ ਹੋ ਜਾਂਦੇ ਹਨ। ਕੋਈ ਐਸਾ ਸੰਤ ਨਹੀਂ ਦੇਖਿਆ ਜਿਸ ਵਿਚ ਪੂਰਨ ਰੂਪ ਵਿਚ ਸੀਤਲਤਾਈ ਹੋਵੇ, ਤਾਂ ਇਕ ਨਾਗਾ ਸੰਪ੍ਰਦਾ ਦਾ ਸੰਤ ਕਹਿਣ ਲੱਗਿਆ ਕਿ ਮਹਾਂਪੁਰਸ਼ੋ! ਮੈਂ ਇਕ ਸੰਤ ਦੇ ਦਰਸ਼ਨ ਕੀਤੇ ਹਨ, ਉਹ ਪੰਜਾਬ ਵਿਚ ਇਕ ਆਸ਼ਰਮ, ਜਿਸਦਾ ਨਾਮ **ਹਰਖੋਵਾਲ** ਹੈ, ਵਿਚ ਰਹਿੰਦੇ ਹਨ। ਮੈਂ ਉਥੇ ਕੁਝ ਸਮਾਂ ਠਹਿਰ ਕੇ ਅਨੁਮਾਨ ਲਾਇਆ ਸੀ ਕਿ ਇਹ ਮਹਾਂਪੁਰਸ਼ ਪੂਰਨ ਬ੍ਰਹਮਗਿਆਨੀ ਹਨ ਅਤੇ ਸ਼ਾਂਤੀ ਦਾ ਸਰੂਪ ਹੀ ਹਨ। ਇਹ ਸੁਣ ਕੇ ਸਾਰੇ ਸੰਤ ਇਕੱਠੇ ਬੋਲ ਪਏ ਕਿ ਉਹ ਸ਼ਾਂਤੀ ਦਾ ਸਰੂਪ ਓਨਾਂ ਚਿਰ ਤੱਕ ਹੀ ਹਨ ਜਿੰਨੀ ਦੇਰ ਤਕ ਉਨ੍ਹਾਂ ਦਾ ਆਦਰ ਹੁੰਦਾ ਹੈ ਪਰ ਨਿਰਾਦਰ ਨੂੰ ਸਹਿਨ ਕਰਨ ਵਾਲਾ ਕੋਈ ਵਿਰਲਾ ਹੀ ਪੁਰਸ਼ ਸੰਸਾਰ ਵਿਚ ਹੋਵੇ ਤਾਂ ਹੋਵੇ, ਕਿਹਾ ਨਹੀਂ ਜਾ ਸਕਦਾ। ਅਖੀਰ ਕਾਫੀ ਚਿਰ ਇਸ ਗੱਲ ਉਪਰ ਚਰਚਾ ਹੋਣ ਉਪਰੰਤ ਇਕ ਸੰਨਿਆਸੀ ਨੇ ਕਿਹਾ ਕਿ ਮੈਂ ਦੇਖਦਾ ਹਾਂ ਕਿ ਜੇ ਸਚਮੁੱਚ ਉਹਦੇ ਵਿਚ ਸੀਤਲਤਾ ਹੋਈ। ਪਰ ਇਕ ਗੱਲ ਹੈ ਕਿ ਜੇ ਉਹ ਸੀਤਲ ਸੁਭਾਅ ਹੋਏ ਤਾਂ ਮੈਂ ਉਨ੍ਹਾਂ ਦੇ ਹੀ ਚਰਨਾਂ ਦਾ ਸੇਵਕ ਬਣ ਜਾਣਾ ਹੈ।

ਇਸ ਆਸ਼ੇ ਨੂੰ ਲੈ ਕੇ ਆਸਾਮ ਤੋਂ ਉਹ ਹਰਖੋਵਾਲ ਪਹੁੰਚਿਆ। ਮਨ ਵਿਚ ਬੜੀਆਂ ਵਿਉਂਤਾਂ ਹਨ ਕਿ ਮੈਂ ਉਨ੍ਹਾਂ ਨੂੰ ਪਰਖਾਂਗਾ। ਆਸ਼ਰਮ ਵਿਚ ਆ ਕੇ ਪੁਛਿਆ ਕਿ ਤੁਹਾਡਾ ਸੰਤ ਕਿਥੇ ਹੈ? ਬੋਲ ਵਿਚ ਬੜਾ ਰੁੱਖਾਪਨ ਸੀ। ਸੇਵਾਦਾਰਾਂ ਨੇ ਉਸਦੇ ਬੇਅਦਬੀ ਤੇ ਰੁੱਖੇਪਨ ਨਾਲ ਪੁੱਛਣ ਦੀ ਪਰਵਾਹ ਨਾ ਕਰਦਿਆਂ ਕਿਹਾ ਕਿ ਮਹਾਰਾਜ! ਪਹਿਲਾਂ ਸਾਨੂੰ ਕੋਈ ਸੇਵਾ - ਪ੍ਰਸ਼ਾਦਾ, ਇਸ਼ਨਾਨ ਆਦਿ ਦੀ ਦੱਸੋ, ਆਪਣੇ ਆਰਾਮ ਲਈ ਕਮਰੇ ਵਿਚ ਆਸਨ ਲਾਓ। ਸੰਤ ਆਪਣੀ ਮੌਜ ਵਿਚ ਬਾਹਰ ਗਏ ਹੋਏ ਹਨ। ਉਹ ਜਦੋਂ ਵੀ ਏਥੇ ਆਏ, ਅਸੀਂ ਆਪ ਜੀ ਦਾ ਸੰਦੇਸ਼ਾ ਉਨ੍ਹਾਂ ਨੂੰ ਦੇ ਦੇਵਾਂਗੇ, ਫੇਰ ਪ੍ਰਸਪਰ ਦਰਸ਼ਨ ਮੇਲੇ ਹੋ ਜਾਣਗੇ। ਸੇਵਕਾਂ ਦੇ ਬਚਨ ਸੁਣ ਕੇ ਉਸ ਨੇ ਕੋਈ **judgement** ਕੀਤੀ ਕਿ ਜਿਸ ਮਹਾਤਮਾ ਦੇ ਸੇਵਕ ਮਿਠ-ਬੋਲੜੇ ਤੇ ਆਏ ਗਏ ਦਾ ਸਤਿਕਾਰ ਕਰਨ ਵਾਲੇ ਹੋਣ, ਉਹ ਮਹਾਤਮਾ ਵੀ ਜ਼ਰੂਰ ਸ਼ਾਂਤੀ ਦਾ ਭੰਡਾਰ ਹੋ ਸਕਦਾ ਹੈ ਕਿਉਂਕਿ ਉਸਨੇ ਪਰਖਣਾ ਸੀ। ਫੇਰ ਕਹਿਣ ਲੱਗਾ ਕਿ ਕਿਥੇ ਹੈ ਸੰਤ - ਮੈਨੂੰ ਇਹ ਦੱਸੋ; ਰੋਟੀ ਪਾਣੀ ਦੀ ਮੈਨੂੰ ਕੋਈ ਲੋੜ ਨਹੀਂ। ਇਕ ਸੇਵਾਦਾਰ ਨੇ ਦੱਸ ਦਿਤਾ ਕਿ ਉਹ ਐਸ ਚੋਏ ਦੇ ਕੰਢੇ ਆਪਣੀ ਮੌਜ ਵਿਚ ਕਿਸੇ ਦਰਖਤ ਦੇ ਹੇਠਾਂ ਬਰੇਤੀ ਉਪਰ ਹੀ ਬੈਠੇ ਹੋਣਗੇ, ਤੁਸੀਂ ਐਧਰ ਜਾ ਕੇ ਉਨ੍ਹਾਂ ਨੂੰ ਮਿਲ ਸਕਦੇ ਹੋ। ਪਹਿਲਾਂ ਤੁਹਾਨੂੰ ਉਨ੍ਹਾਂ ਦਾ ਸੇਵਾਦਾਰ ਮਿਲੇਗਾ, ਉਸ ਤੋਂ ਪੁੱਛ ਕੇ ਚਲੇ ਜਾਇਓ। ਜੇ ਤੁਸੀਂ ਚਾਹੋ ਤਾਂ ਅਸੀਂ ਨਾਲ ਸੇਵਾਦਾਰ ਭੇਜ ਦਿੰਦੇ ਹਾਂ। ਉਹ ਸੰਨਿਆਸੀ ਮਹਾਤਮਾ ਕਹਿਣ ਲੱਗਾ, ਮੈਨੂੰ ਸੇਵਾਦਾਰ ਦੀ ਕੋਈ ਲੋੜ ਨਹੀਂ। ਇਹ ਕਹਿ ਕੇ ਉਹ ਚਲ ਪਿਆ। ਕਾਫੀ ਦੂਰ ਜਾ ਕੇ ਉਸਨੂੰ ਸੇਵਾਦਾਰ ਮਿਲਿਆ, ਉਸਨੇ ਉਸਨੂੰ ਵੀ ਬੜੇ ਰੁੱਖੇ ਤਰੀਕੇ ਨਾਲ ਪੁਛਿਆ ਕਿ ਸੰਤ

ਕਿਥੇ ਹੈ? ਸੇਵਾਦਾਰ ਨੇ ਕਿਹਾ, "ਮਹਾਂਪੁਰਸ਼ੋ! ਮਹਾਤਮਾ ਸਾਹਮਣੇ ਦਰਖਤ ਹੇਠ ਖਾਕੀ ਚਾਦਰਾ ਲਈਂ ਧਰਤੀ ਉਪਰ ਹੀ ਅਰਾਮ ਕਰ ਰਹੇ ਹਨ।" ਇਹ ਮਹਾਤਮਾ ਉਥੇ ਪਹੁੰਚ ਗਿਆ ਤੇ ਜਾਂਦੇ ਹੀ ਸੰਤਾਂ ਦੀ ਛਾਤੀ ਉਪਰ ਸਣੇ ਜੋੜੇ ਪੈਰ ਰੱਖ ਕੇ ਕਿਹਾ ਕਿ ਉਠ, ਮੈਂ ਤੈਨੂੰ ਮਿਲਣ ਆਇਆ ਹਾਂ। ਸੰਤਾਂ ਨੇ ਚਾਦਰੇ ਵਿਚੋਂ ਦੋਵੇਂ ਬਾਹਾਂ ਕੱਢੀਆਂ, ਛਾਤੀ ਉਪਰ ਰੱਖਿਆ ਉਸਦਾ ਚਰਨ ਦੱਬਣ ਲੱਗੇ ਅਤੇ ਮਿੱਠੇ ਬਚਨ ਕਹੇ, ਪਰ ਇਸਨੇ ਪੈਰ ਨਾਲ ਜ਼ੋਰ ਦੀ ਧੱਕਾ ਮਾਰਿਆ ਅਤੇ ਕਿਹਾ ਕਿ ਉਠਦਾ ਕਿਉਂ ਨਹੀਂ? ਸੰਤ ਇਕ ਦਮ ਚਾਦਰਾ ਲਾਹ ਕੇ ਉਠੇ ਅਤੇ ਕਿਹਾ ਕਿ ਮਹਾਰਾਜ! ਮੇਰੇ ਤੋਂ ਬੜੀ ਭੁੱਲ ਹੋ ਗਈ; ਤੁਸੀਂ ਐਡੀ ਦੂਰੋਂ ਚਲ ਕੇ ਆਏ ਹੋਂ, ਮੈਨੂੰ ਚਾਹੀਦਾ ਸੀ ਕਿ ਮੈਂ ਆਪ ਦਾ ਪੂਰੇ ਸਤਿਕਾਰ ਨਾਲ ਆਦਰ ਕਰਦਾ; ਬੜੀ ਭੁੱਲ ਹੋ ਗਈ। ਐਨਾ ਕਹਿ ਕੇ ਬਾਬਾ ਜਵਾਲਾ ਸਿੰਘ ਜੀ ਨੇ ਉਹਦੇ ਦੋਏ ਚਰਨ ਫੜ ਕੇ ਨਮਸਕਾਰ ਕਰ ਦਿਤੀ। ਇਸ ਸਾਧੂ ਨੇ ਦੇਖਿਆ ਕਿ ਬਾਬਾ ਜੀ ਦੀ ਬਿਰਤੀ ਤਾਂ ਇਕ ਰਸ ਰਹੀ ਹੈ, ਇਸਨੇ ਤਾਂ ਕਿੰਚਤ ਮਾਤਰ ਵੀ ਕ੍ਰੋਧ ਨਹੀਂ ਕੀਤਾ ਅਤੇ ਸੋਚਿਆ ਕਿ ਸਚਮੁਚ ਹੀ ਇਹ ਮਹਾਤਮਾ, ਸੀਤਲਤਾ ਦਾ ਰੂਪ ਹਨ। ਇਕ ਦਮ ਪਿਛੇ ਹਟ ਕੇ ਬਾਬਾ ਜੀ ਦੇ ਚਰਨਾਂ ਤੇ ਢਹਿ ਪਿਆ ਤੇ ਕਿਹਾ, "ਮਹਾਂਪੁਰਸ਼ੋ! ਪਹਿਲਾਂ ਤਾਂ ਮੇਰੀ ਅਵੱਗਿਆ ਬਖਸ਼ੋ ਕਿ ਮੈਂ ਆਪ ਜੀ ਦੀ ਪਰਖ ਕਰਦਿਆਂ ਬਹੁਤ ਬੇਅਦਬੀ ਕੀਤੀ ਹੈ ਤੇ ਇਸਦੇ ਫਲਸਰੂਪ ਪ੍ਰਾਸਚਿਤ ਕਰਨ ਵਾਸਤੇ ਆਪ ਜੀ ਦੇ ਚਰਨਾਂ ਦਾ ਦਾਸ ਹੀ ਬਣ ਗਿਆ ਹਾਂ; ਆਪ ਖਿਮਾ ਕਰੋ।" ਸੋ ਇਸ ਤਰ੍ਹਾਂ ਸੰਤ ਸ਼ਾਂਤੀ ਦੇ ਪੁੰਜ ਹੋਇਆ ਕਰਦੇ ਹਨ ਭਾਵੇਂ ਕ੍ਰੋੜਾਂ ਅਸੰਤ ਮਿਲ ਜਾਣ। ਨਿੰਦਿਆ ਕਰਨ, ਬੇਅਦਬੀ ਦੇ ਵਾਕ ਕਹਿਣ, ਤਾਂ ਵੀ ਆਪ ਦੇ ਮਨ ਵਿਚ ਖੇਦ ਨਹੀਂ ਹੋਇਆ ਕਰਦਾ।

ਇਸੇ ਤਰ੍ਹਾਂ ਨਾਲ ਸੰਤ ਮਹਾਰਾਜ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਬਹੁਤ ਗੰਭੀਰ ਸਨ, ਬਚਨ ਦੇ ਬਲੀ ਸਨ। ਉਨ੍ਹਾਂ ਦਿਨਾਂ ਵਿਚ ਲੁਧਿਆਣੇ ਅਤੇ ਮਾਲਵੇ ਵਿਚ ਸੰਤਾਂ ਦੇ ਖਿਲਾਫ ਜਥੇਬੰਦਕ ਤਰੀਕੇ ਨਾਲ ਨਿੰਦਿਆ ਅਤੇ ਤ੍ਰਿਸਕਾਰ ਦੀ ਮੁਹਿੰਮ ਚਲ ਰਹੀ ਸੀ। ਇਕ ਪ੍ਰੇਮੀ ਖੰਡਨ-ਮੰਡਨ ਕਰਨ ਵਾਲੇ ਜੱਥਿਆਂ ਦਾ ਜੋ ਮੁਖੀ ਸੀ, ਉਸਨੂੰ ਸੰਤ ਅਤਰ ਸਿੰਘ ਜੀ ਦੇ ਕੀਤੇ ਹੋਏ ਪ੍ਰਉਪਕਾਰ ਦੇ ਕੰਮ ਅਤੇ ਉਨ੍ਹਾਂ ਦੇ ਸਿੱਖ ਸੰਗਤਾਂ ਦੀ ਮਕਬੂਲੀਅਤ (ਹਰਮਨ ਪਿਆਰ) ਬਹੁਤ ਹੀ ਚੁੱਭਦੀ ਸੀ। ਉਸਨੇ ਨਿੰਦਿਆ ਦੀ ਬਦਬੂਦਾਰ ਭੜਾਸ ਸਾਰੀਆਂ ਸਿੱਖ ਸੰਗਤਾਂ ਵਿਚ ਫੈਲਾਉਣ ਦਾ ਜਤਨ ਕੀਤਾ ਪਰ ਮਹਾਂਪੁਰਸ਼ਾਂ ਦੀ ਕਰਨੀ ਕਮਾਈ ਅਤੇ ਪਰਉਪਕਾਰੀ ਜੀਵਨ ਨੂੰ ਸਾਰੀਆਂ ਸਿੱਖ ਸੰਗਤਾਂ ਤਨੋ ਮਨੋ ਹਿਰਦੇ ਤੋਂ ਜਾਣਦੀਆਂ ਸਨ ਅਤੇ ਗੁਰੂਆਂ ਵਰਗਾ ਸਤਿਕਾਰ ਉਨ੍ਹਾਂ ਨੂੰ ਦਿੰਦੀਆਂ ਸਨ ਕਿਉਂਕਿ ਮਹਾਂਪੁਰਸ਼ਾਂ ਨੇ ਆਪਣੇ ਬਚਨਾਂ ਨਾਲ ਲੱਖਾਂ ਨਿਗੁਰਿਆਂ ਨੂੰ ਗੁਰੂ ਦੇ ਲੜ ਲਾ ਕੇ, ਨਾਮ ਬਾਣੀ ਦੇ ਜੀਵਨ ਵਿਚ ਪ੍ਰਵੇਸ਼ ਕਰਾ ਕੇ, ਮਾਨਸ ਜਨਮ ਦੀ ਸਫਲਤਾ ਦੀ ਸੋਧ ਦਿਤੀ। ਉਹ ਇਸ ਪ੍ਰੇਮੀ ਦੀਆਂ ਲਿਖਤਾਂ ਅਤੇ ਵਾਚਕ ਗੱਲਾਂ ਤੋਂ ਬਹੁਤ ਘ੍ਰਿਣਾ ਕਰਦੇ ਸਨ। ਇਸ ਪ੍ਰੇਮੀ ਨੇ ਵਿਰੋਧਤਾ ਦੀ ਅੱਗ ਵਿਚ ਜਲਦਿਆਂ ਹੋਇਆਂ ਸੰਤ ਮਹਾਰਾਜ ਜੀ ਦੀ ਇਕ ਤਸਵੀਰ ਬਣਾਈ ਜਿਸ ਵਿਚ ਉਨ੍ਹਾਂ ਦੀਆਂ ਅੱਖਾਂ ਤਸਵੀਰ ਵਿਚੋਂ ਕੱਢ ਦਿਤੀਆਂ ਅਤੇ ਹੇਠਾਂ ਲਿਖ ਦਿਤਾ - 'ਬਗਲ ਸਮਾਧੀ।' ਸੰਗਤ ਬਹੁਤ ਦੁਖੀ ਹੋਈ ਅਤੇ ਤਸਵੀਰ ਲੈ ਕੇ ਬਾਬਾ ਜੀ ਪਾਸ ਪਹੁੰਚੇ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ ਇਸ ਤਸਵੀਰ ਦੇ ਨਾਲ ਦੀਆਂ ਸੈਂਕੜੇ ਤਸਵੀਰਾਂ ਬਣਾ ਕੇ ਉਹ ਈਰਖਾਲੂ ਵੰਡ ਰਿਹਾ ਹੈ। ਉਸ ਵੇਲੇ ਸੰਤ ਮਹਾਰਾਜ ਸ਼ਾਂਤ ਰਹੇ ਅਤੇ ਕਿਹਾ ਕਿ ਭਾਈ! ਵਾਹਿਗੁਰੂ ਜੀ ਨੇ ਉਸ ਪ੍ਰੇਮੀ ਨੂੰ ਇਹੋ ਹੀ ਸੁਭਾਅ ਬਖਸ਼ਿਆ ਹੈ, ਉਹ ਵਿਚਾਰਾ ਈਰਖਾ ਵਿਚ ਜਲ ਰਿਹਾ ਹੈ; ਨਾ ਦਿਨੇ, ਨਾ ਰਾਤ ਉਸਨੂੰ ਚੈਨ ਨਹੀਂ ਆ ਰਿਹਾ। ਉਹ ਈਰਖਾ ਦਾ **high fever** ਹੋਣ ਕਰਕੇ ਦੁਖ ਪਾ ਰਿਹਾ ਹੈ। ਤੁਹਾਨੂੰ ਚਾਹੀਦਾ ਹੈ ਕਿ ਉਸ ਦੇ ਭਲੇ ਲਈ ਅਰਦਾਸ ਕਰੋ ਅਤੇ ਪ੍ਰਮੇਸ਼ਰ ਦਾ ਨਾਮ ਜਪੋ। ਉਹਦਾ ਧਿਆਨ ਨਾ ਕਰੋ, ਉਹ ਕਮਲ-ਪੁਣਾ ਕਰਦਾ ਹੈ। ਐਨੀ ਗੱਲ ਮੂੰਹ 'ਚੋਂ ਨਿਕਲੀ ਤੇ ਉਹ ਕਮਲਾ ਹੋ ਗਿਆ -

***ਸੂਰਬੀਰ ਬਚਨ ਕੇ ਬਲੀ॥***

***ਪੰਨਾ - 392***

ਦੇ ਮੁੱਖ ਦਾ ਨਿਕਲਿਆ ਅਮੋਘ ਬਾਣ, ਸਹਿਜ ਨਾਲ ਹੀ ਚਲ ਗਿਆ। ਉਸ ਪ੍ਰੇਮੀ ਦਾ ਦਿਮਾਗ ਫਿਰ ਗਿਆ, ਉਸ ਦੇ ਕ੍ਰਮ ਅਤਿ ਮੰਦੇ ਹੋ ਗਏ। ਅਖੀਰ ਟੱਕਰਾਂ ਮਾਰ-ਮਾਰ ਕੇ ਉਸ ਦੇ ਪ੍ਰਾਣ ਨਿਕਲ ਗਏ।

ਸੋ ਇਸ ਤਰ੍ਹਾਂ ਦੇ ਨਾਲ ਪੂਰਨ ਸ਼ਾਂਤ-ਮੂਰਤ ਨੌਜਵਾਨ ਭਾਈ ਤਿਲਕਾ ਜੀ ਜਾਣਦੇ ਹਨ ਕਿ ਇਸ ਰਾਜਕੁਮਾਰੀ ਨੇ ਅਕਾਰਨ ਹੀ ਮੇਰੇ ਬਾਣ ਮਾਰਿਆ ਪਰ ਸ਼ਾਂਤੀ ਦੇ ਪੁੰਜ ਹੁੰਦੇ ਹੋਏ ਉਸ ਦੇ ਭਲੇ ਦੀ ਕਾਮਨਾ ਕਰ ਰਹੇ ਹਨ। ਅੱਜ ਜਦ ਰਾਜਕੁਮਾਰੀ ਭਾਈ ਤਿਲੋਕੇ ਦੀ ਤਿਮਾਰਦਾਰੀ ਕਰਦੀ ਪਛਤਾਵਾ ਕਰ ਰਹੀ ਸੀ ਤਾਂ ਆਪ ਕਹਿਣ ਲੱਗੇ, ਕਿ ਬੀਬਾ! ਤੂੰ ਪਛਤਾਵਾ ਕਰ ਰਹੀ ਹੈਂ? ਸੋਚ ਰਹੀ ਹੈਂ ਕਿ ਮੈਂ ਅਕਾਰਨ ਇਸ ਪ੍ਰਦੇਸੀ ਨੂੰ ਬਾਣ ਮਾਰਿਆ? ਤੂੰ ਪਛਤਾਵਾ ਨਾ ਕਰ। ਰਾਜਕੁਮਾਰੀ ਕਹਿਣ ਲੱਗੀ ਕਿ ਹੇ ਚੰਗੇ ਮਨੁੱਖ! ਮੈਂ ਤੇਰੇ ਵਰਗਾ ਪਿਆਰਾ ਅੱਜ ਤੱਕ ਸਾਰੀ ਦੁਨੀਆਂ ਦੇ ਵਿਚ ਨਹੀਂ ਦੇਖਿਆ। ਉਹ ਤਾਂ ਦੇਖੇ ਹਨ ਜਿਹੜੇ ਕੁਛ ਕਹਿਣ ਪਿਛੋਂ ਗੁੱਸਾ ਕਰਦੇ ਹਨ ਅਤੇ ਬਦਲਾ ਲੈਣ ਦੀ ਬਾਤ ਸੋਚਦੇ ਰਹਿੰਦੇ ਹਨ। ਮੈਂ ਬਦਲਾ ਦੇਣ ਨੂੰ ਵੀ ਤਿਆਰ ਹਾਂ। ਤੈਨੂੰ ਕੁਛ ਨਾ ਹੋਵੇ, ਸਾਰਾ ਦੁੱਖ ਆਪਣਾ ਮੇਰੀ ਝੋਲੀ ਵਿਚ ਪਾ ਦੇ। ਮੈਂ ਤੇਰੀ ਥਾਂ ਉਪਰ ਇਸ ਪੀੜਾ ਨੂੰ ਝੱਲਣ ਦੀ ਕੋਸ਼ਿਸ਼ ਕਰਾਂ। ਜੇ ਤੂੰ ਮੈਨੂੰ ਇਸੇ ਤਰ੍ਹਾਂ ਨਾਲ ਹੀ ਰਾਜ਼ੀ ਖੁਸ਼ੀ ਪੁਛੇਂ ਤਾਂ ਮੇਰਾ ਦਿਲ ਮੈਨੂੰ ਸ਼ਾਅਦੀ ਦਿੰਦਾ ਹੈ ਕਿ ਮੈਂ ਵੀ ਤੇਰੇ ਵਰਗੇ ਚੰਗੇ ਪੁਰਖ ਨੂੰ ਦੇਖ ਕੇ ਬਲ-ਬਲ ਜਾਵਾਂ ਅਤੇ ਬਿਮਾਰੀ ਵਿਚ ਹੀ ਰਹਿ ਕੇ ਤੇਰੇ ਮਿੱਠੇ ਸਾਥ ਦਾ ਨਿੱਘ ਮਾਣਾਂ ਤੇ ਮੈਂ ਤੇਰੇ ਉਪਰ ਕਿਸੇ ਕਿਸਮ ਦਾ

ਗੁੱਸਾ ਨਾ ਕਰਾਂ। ਪਰ ਮੈਂ ਕੀ ਕਰਾਂ, ਬਾਣ ਤਾਂ ਮੈਂ ਮਾਰ ਚੁੱਕੀ ਹਾਂ ਅਤੇ ਬਾਣ ਦਾ ਦੁੱਖ ਤੂੰ ਸਹਿ ਰਿਹਾ ਹੈਂ। ਕਿੰਨੇ-ਕਿੰਨੇ ਦਿਨ ਬੇਹੋਸ਼ੀ ਵਿਚ ਰਹਿੰਦਾ ਹੈਂ। ਕਿਤੇ ਆ ਕੇ ਚਾਰ ਘੜੀਆਂ ਗੱਲਾਂ ਕਰਦਾ ਹੈਂ, ਉਹ ਕਿੰਨੀਆਂ ਪਿਆਰੀਆਂ ਘੜੀਆਂ ਹਨ। ਮੇਰੇ ਹੰਝੂਆਂ ਦੇ ਭਰੇ ਨੇਤਰ, ਹਉਕਿਆਂ ਭਰੇ ਸਵਾਸ ਕੁਛ ਅਨੰਦ ਮਹਿਸੂਸ ਕਰਦੇ ਹਨ। ਜਦੋਂ ਤੂੰ ਮੈਨੂੰ ਕਹਿੰਦਾ ਹੈਂ ਕਿ ਤੇਰਾ ਕੋਈ ਦੋਸ਼ ਨਹੀਂ ਅਤੇ ਤੂੰ ਪਛਤਾਵਾ ਨਾ ਕਰ, ਤਾਂ ਮੈਨੂੰ ਐਉਂ ਲਗਦਾ ਹੈ ਕਿ ਤੂੰ ਦੁਨੀਆਂ ਦਾ ਬੰਦਾ ਨਹੀਂ ਹੈਂ, ਕਿਸੇ ਅਰਸ਼ਾਂ-ਕੁਰਸ਼ਾਂ ਤੋਂ ਇਸ ਮਿੱਟੀ ਦੇ ਮੰਡਲ ਵਿਚ ਰੂਪ ਧਾਰ ਕੇ ਆਇਆ ਹੈਂ। ਤੇਰੇ, ਬਿਨਾਂ ਬੋਲਿਆਂ ਹੀ, ਕੇਵਲ ਤੇਰਾ ਵਜੂਦ ਤੱਕ ਕੇ ਮੇਰੇ ਅੰਦਰ ਖਿੱਚ ਪੈ ਰਹੀ ਹੈ। ਤੂੰ ਮੈਨੂੰ ਇਹ ਨਾ ਕਹਿ ਕਿ ਮੈਂ ਪਛਤਾਵਾ ਨਾ ਕਰਾਂ। ਇਹ ਗੱਲ ਮੇਰੇ ਉਤੇ ਬੋਝ ਬਣ ਜਾਂਦੀ ਹੈ ਜਿਸ ਦਾ ਭਾਰ ਮੇਰੇ ਤੋਂ ਚੁੱਕਿਆ ਨਹੀਂ ਜਾਂਦਾ। ਇਸ ਦੀ ਥਾਂ ਤੇ ਜੇ ਤੂੰ ਇਹ ਕਹੇਂ ਕਿ ਰਾਜਕੁਮਾਰੀ ਤੂੰ ਬਹੁਤ ਮਾੜਾ ਕੰਮ ਕੀਤਾ ਹੈ, ਤੈਨੂੰ ਸੋਚ ਲੈਣਾ ਚਾਹੀਦਾ ਸੀ ਕਿ ਤੂੰ ਇਕ ਪ੍ਰਦੇਸੀ ਨੂੰ ਚੀਤਾ ਜਾਣ ਕੇ ਬਾਣ ਮਾਰਿਆ। ਹੁਣ ਮੈਂ ਬਦਲਾ ਲੈਣਾ ਚਾਹੁੰਦਾ ਹਾਂ, ਉਹੀ ਤੀਰ ਲਿਆ, ਮੈਂ ਵੀ ਤੈਨੂੰ ਉਹੀ ਤੀਰ ਖੋਭ ਕੇ ਫੱਟੜ ਕਰ ਦਿਆਂ; ਫੇਰ ਮੇਰਾ ਬਦਲਾ ਉਤਰਦਾ ਹੈ। ਉਸ ਵੇਲੇ ਤਿੰਨ ਵਾਰੀ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਦੀ ਆਵਾਜ਼ ਭਾਈ ਤਿਲੋਕੇ ਦੇ ਮੂੰਹ ਵਿਚੋਂ ਨਿਕਲੀ ਅਤੇ ਤਰਸ ਭਰੇ ਨੈਣਾਂ ਨਾਲ ਉਸ ਰਾਜਕੁਮਾਰੀ ਵਲ ਤੱਕਿਆ। ਰਾਜਕੁਮਾਰੀ ਨੇਤਰਾਂ ਦੀ ਤੱਕਣੀ ਦੀ ਤਾਬ ਨਾ ਲਿਆ ਸਕੀ ਅਤੇ ਆਪਣੇ ਆਪੇ ਵਿਚ ਗੁੰਮ ਹੁੰਦੀ ਗਈ। ਜਦੋਂ ਨੇਤਰ ਖੋਲ੍ਹਦੀ ਹੈ ਤਾਂ ਕੀ ਦੇਖਦੀ ਹੈ ਕਿ ਉਹ ਭਲਾ ਪੁਰਖ ਫੇਰ ਬੇਹੋਸ਼ੀ ਦੀ ਹਾਲਤ ਵਿਚ ਚਲਿਆ ਜਾਂਦਾ ਹੈ। ਇਹ ਮੱਥੇ ਉਪਰ ਮੁਸ਼ਕਪੂਰ, ਕੇਸਰ ਆਦਿ ਦਾ ਲੇਪ ਕਰਦੀ ਹੈ। ਪੈਰਾਂ ਦੀਆਂ ਤਲੀਆਂ ਮਲਦੀ ਹੈ ਕਿ ਭਲਾਂ ਪ੍ਰਦੇਸੀ ਨੇਤਰ ਖੋਲ੍ਹੇ ਅਤੇ ਮੈਨੂੰ ਕਹੇ ਕਿ ਹੁਣ ਮੈਂ ਤੈਨੂੰ ਮਾਰਨ ਵਾਸਤੇ ਤਿਆਰ ਹਾਂ। ਭਾਈ ਤਿਲੋਕੇ ਨੇ ਨੇਤਰ ਖੋਲ੍ਹੇ, ਥੋੜ੍ਹੇ ਸਾਵਧਾਨ ਹੋਏ, ਫਿਰ ਓਹੀ ਗੱਲ ਦੁਹਰਾਉਂਦੇ ਨੇ ਕਿ ਬੀਬਾ! ਤੂੰ ਪਛਤਾਵਾ ਨਾ ਕਰ ਕਿਉਂਕਿ ਮੈਂ ਨਿਸ਼ਚੇਪੂਰਵਕ ਜਾਣਦਾ ਹਾਂ ਕਿ ਇਸ ਸੰਸਾਰ ਵਿਚ ਜੋ ਕੁਛ ਵੀ ਹੋ ਰਿਹਾ ਹੈ। ਉਹ ਸਭ ਵਾਹਿਗੁਰੂ ਦੇ ਹੁਕਮ ਵਿਚ ਹੋ ਰਿਹਾ ਹੈ; ਹੁਕਮ ਤੋਂ ਬਾਹਰ ਪੱਤਾ ਵੀ ਨਹੀਂ ਹਿੱਲਦਾ। ਇਹ ਮੇਰੇ ਕਰਮਾਂ ਦਾ ਹੀ ਫਲ ਹੈ ਜੋ ਮੈਂ ਤੇਰੇ ਹੱਥੋਂ ਭੁਗਤਣਾ ਸੀ। ਹੁਕਮ ਦੀ ਖੇਡ ਵਰਤ ਰਹੀ ਹੈ -

*ਦਦਾ ਦੋਸੁ ਨ ਦੇਊ ਕਿਸੈ*
*ਦੋਸ ਕਰੰਮਾ ਆਪਣਿਆ॥*
*ਜੋ ਮੈ ਕੀਆ ਸੋ ਮੈ ਪਾਇਆ*
*ਦੋਸ ਨ ਦੀਜੈ ਅਵਰ ਜਨਾ॥*
*ਪੰਨਾ - 433*

ਐਸੇ ਸੂਝਵਾਨ ਮਹਾਂਪੁਰਸ਼ਾਂ ਨੂੰ ਅਰਸ਼ਾਂ ਦੇ ਦੇਵਤੇ ਵੀ ਲੋਚਦੇ ਹਨ; ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਬ੍ਰਹਮਾ ਬਿਸ਼ਨ ਤੇ ਮਹੇਸ਼*
*ਸਾਰੇ ਦੇਵਤੇ,*
*ਸੰਗਤ ਲੋਚਣ ਸਾਧੂਆਂ ਦੀ - 2, 2.*

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸਰ॥*
*ਨਾਨਕ ਬ੍ਰਹਮ*
*ਗਿਆਨੀ ਆਪਿ ਪਰਮੇਸਰ॥*
*ਪੰਨਾ - 273*

ਐਸੇ ਬ੍ਰਹਮਗਿਆਨੀ ਬੀਤ ਰਾਗ ਅਭੇਦ ਅਵਸਥਾ ਦੇ ਮਹਾਂਪੁਰਸ਼ ਹੁਕਮ ਦੀ ਖੇਲ੍ਹ ਨੂੰ ਪ੍ਰਤੱਖ ਦੇਖਦੇ ਹਨ। ਹੁਕਮ ਤੋਂ ਜੋ ਸੁੰਨ ਹੈ, ਉਸਦੇ ਗਿਆਨ ਨੇਤਰ ਬੰਦ ਹੋਣ ਕਰਕੇ ਉਹ ਅੰਧਾ ਹੈ। ਜਿਸ ਉਪਰ ਵਾਹਿਗੁਰੂ ਜੀ ਦੀ ਕ੍ਰਿਪਾ ਹੋ ਜਾਵੇ, ਉਹ ਹੁਕਮ ਨੂੰ ਬੁੱਝ ਜਾਂਦਾ ਹੈ - ਸਮਰੱਥ ਗੁਰੂ ਦੀ ਕ੍ਰਿਪਾ ਰਾਹੀਂ-

*ਧਾਰਨਾ - ਸਭ ਹੁਕਮੇ ਆਉਂਦਾ ਜੀ*
*ਸਭ ਕਿਛੁ ਹੁਕਮੇ ਜਾਏ -*
*ਸਭ ਹੁਕਮੇ ਆਉਂਦਾ ਜੀ.*
*ਸਭੁ ਕਿਛੁ ਹੁਕਮੇ ਆਵਦਾ*
*ਸਭੁ ਕਿਛੁ ਹੁਕਮੇ ਜਾਇ॥*
*ਜੇ ਕੋ ਮੂਰਖੁ ਆਪਹੁ ਜਾਣੈ*
*ਅੰਧਾ ਅੰਧੁ ਕਮਾਇ॥ ਪੰਨਾ - 556*

ਹੁਕਮ ਤੋਂ ਬਾਗੀ, ਮਨਮੁਖ ਬੰਦੇ ਹੀ ਹੋਇਆ ਕਰਦੇ ਹਨ। ਉਹ **blind man** (ਅੰਨ੍ਹੇ ਆਦਮੀ) **blindness** (ਅਗਿਆਨਤਾ) ਵਿਚ ਸੰਸਾਰ ਵਿਚ ਵਰਤਦੇ ਹਨ ਅਤੇ ਪ੍ਰਮੇਸ਼ਰ ਤੋਂ ਭੁੱਲੇ ਰਹਿੰਦੇ ਹਨ। ਉਨ੍ਹਾਂ ਨੂੰ ਨਹੀਂ ਪਤਾ ਕਿ ਇਸ ਆਦਮੀ ਦਾ ਬਲ ਕੋਈ ਵੀ ਕੰਮ ਨਹੀਂ ਸਾਰਦਾ। ਇਹ ਬਲ ਵੀ ਵਾਹਿਗੁਰੂ ਜੀ ਦੇ ਹੱਥ ਵਿਚ ਹੀ ਹੈ -

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥*
*ਆਗਿਆਕਾਰੀ ਬਪੁਰਾ ਜੀਉ॥*
*ਜੋ ਤਿਸੁ ਭਾਵੈ ਸੋਈ ਫੁਨ ਥੀਉ॥*
*ਕਬਹੂ ਊਚ ਨੀਚ ਮਹਿ ਬਸੈ॥*
*ਕਬਹੂ ਸੋਗ ਹਰਖ ਰੰਗਿ ਹਸੈ॥*
*ਕਬਹੂ ਨਿੰਦ ਚਿੰਦ ਬਿਉਹਾਰ॥*
*ਕਬਹੂ ਊਭ ਅਕਾਸ ਪਇਆਲ॥*
*ਕਬਹੂ ਬੇਤਾ ਬ੍ਰਹਮ ਬੀਚਾਰ॥*
*ਨਾਨਕ ਆਪਿ ਮਿਲਾਵਣਹਾਰ॥*
*ਪੰਨਾ - 277*

ਕੋਈ ਵਾਹਿਗੁਰੂ ਦੀ ਕ੍ਰਿਪਾ ਨਾਲ ਪੂਰੇ ਸਤਿਗੁਰੂ ਦੇ ਮਿਲਾਪ ਹੋਣ ਤਾਂ ਹੁਕਮ ਨੂੰ ਬੁੱਝਦਾ ਹੈ ਅਤੇ ਸੁਖ ਪਾਉਂਦਾ ਹੈ। ਸਾਧਸੰਗਤ ਜੀ! ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਸ ਦੀ ਵਿਚਾਰ ਅਗਲੇ ਦੀਵਾਨ ਵਿਚ ਵਾਹਿਗੁਰੂ ਜੀ ਦੀ ਪ੍ਰੇਰਨਾ ਨਾਲ ਕਰਨ ਦੀ ਕੋਸ਼ਿਸ਼ ਕਰਾਂਗੇ।

# ਕਿਵ ਸਚਿਆਰਾ ਹੋਈਐ ?

## 2

ਸ਼ਾਨ.............................................

*ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ*
*ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ*
*ਅਪਨੀ ਭਗਤੀ ਲਾਇ॥ ਪੰਨਾ - 289*

(ਅੱਜ ਸੰਗਤ ਬਹੁਤ ਉਤਸ਼ਾਹ ਨਾਲ ਇਕੱਤਰ ਹੋਈ, ਦੀਵਾਨ ਵਿਚ **pin drop silence** ਸੀ। ਸਾਰਿਆਂ ਦੇ ਨੇਤਰ ਚਕੋਰਾਂ ਵਾਂਗੂੰ ਗੁਰੂ ਸਰੂਪ ਦੇ ਦਰਸ਼ਨ ਕਰ ਰਹੇ ਸਨ ਅਤੇ ਮਹਾਂਪੁਰਸ਼ਾਂ ਦੇ ਪ੍ਰਵਚਨ ਸੁਣਨ ਵਿਚ ਤੀਬਰ-ਤਰ ਜਗਿਆਸਾ ਧਾਰ ਕੇ ਗੰਭੀਰ ਵਿਚਾਰਾਂ ਸੁਣਨ ਲਈ ਤਿਆਰ ਹੋ ਕੇ ਆਏ ਪ੍ਰਤੀਤ ਹਿੰਦੇ ਸਨ। ਸਭਨਾਂ ਦੇ ਹਿਰਦੇ ਵਿਚ ਇਕ ਉਤਸ਼ਾਹ ਸੀ ਕਿ ਅਸੀਂ ਪਿਛਲੇ ਦੀਵਾਨ ਵਿਚ ਵਿਆਖਿਆ ਕੀਤੀ ਗਈ, ਅਧੂਰੀ ਵਿਚਾਰ ਨੂੰ ਹੋਰ ਅਗਾਹਾਂ ਜਾਣ ਕੇ ਆਪਣੇ ਜੀਵਨ ਨੂੰ ਪੱਥ ਪ੍ਰਦਰਸ਼ਨ ਕਰੀਏ। ਸ਼ਬਦ ਸ਼ੁਰੂ ਹੋਇਆ ਜੋ ਤਿੰਨ ਹਿੱਸਿਆਂ ਵਿਚ ਗਾਇਆ ਜਾਣ ਲਗਿਆ। ਪਹਿਲੇ ਹਿੱਸੇ ਵਿਚ ਬਾਬਾ ਜੀ ਆਪ ਬੋਲਦੇ ਸਨ, ਦੂਜੇ ਹਿੱਸੇ ਵਿਚ ਭਾਈ ਆਪਣੀ ਰਸਨਾ ਪਵਿੱਤਰ ਕਰਦੇ ਹਨ ਅਤੇ ਤੀਜੇ ਹਿੱਸੇ ਵਿਚ ਬੀਬੀਆਂ ਗੱਜ-ਬੱਜ ਕੇ ਪੂਰੇ ਥਰੋਟ ਨਾਲ ਗਾਉਂਦੀਆਂ ਸੀ। ਧਾਰਨਾ ਸਿੱਧੀ ਸੀ, ਸਭ ਦੀ ਸਮਝ ਵਿਚ ਆਉਂਦੀ ਸੀ।)

*ਧਾਰਨਾ - ਲਾਡ ਲਡਾਇਆ,*
*ਤੇਰੇ ਭਰੋਸੇ ਮੈਂ - 2, 2.*

*ਤੇਰੈ ਭਰੋਸੈ ਪਿਆਰੇ*
*ਮੈ ਲਾਡ ਲਡਾਇਆ॥*
*ਭੂਲਹਿ ਚੂਕਹਿ ਬਾਰਿਕ ਤੂੰ*
*ਹਰਿ ਪਿਤਾ ਮਾਇਆ॥*
*ਸੁਹੇਲਾ ਕਹਨੁ ਕਹਾਵਨੁ॥*
*ਤੇਰਾ ਬਿਖਮੁ ਭਾਵਨੁ॥*
*ਹਉ ਮਾਣੁ ਤਾਣੁ ਕਰਉ*
*ਤੇਰਾ ਹਉ ਜਾਨਉ ਆਪਾ॥*
*ਸਭ ਹੀ ਮਧਿ ਸਭਹਿ ਤੇ*
*ਬਾਹਰਿ ਬੇਮੁਹਤਾਜ ਬਾਪਾ॥*
*ਪਿਤਾ ਹਉ ਜਾਨਉ ਨਾਹੀ*
*ਤੇਰੀ ਕਵਨ ਜੁਗਤਾ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ*
*ਮਮਤਾ॥*
*ਭਏ ਕਿਰਪਾਲ ਠਾਕੁਰ*
*ਰਹਿਓ ਆਵਣ ਜਾਣਾ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ॥*

*ਪੰਨਾ - 51-52*

*ਧਾਰਨਾ - ਹਰਿ ਕੇ ਸੇਵਕ ਜੋ ਹਰਿ*
*ਭਾਏ, ਤਿਨ ਕੀ ਕਥਾ ਨਿਰਾਰੀ ਰੇ*
*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ ਕੀ ਕਥਾ ਨਿਰਾਰੀ ਰੇ॥*
*ਪੰਨਾ - 855*

ਸਾਧਸੰਗਤ ਜੀ! ਆਪਣੀਆਂ ਚਿਤ ਬਿਰਤੀਆਂ ਨੂੰ ਇਕਾਗਰ ਕਰਕੇ ਪਿਛਲੇ ਹਫਤੇ ਵਿਚ ਹੋਈ ਵਿਚਾਰ ਨੂੰ ਆਪਣੇ ਹਿਰਦੇ ਵਿਚ ਸਿਮਰਤ ਕਰੋ ਅਤੇ ਚਿਤ ਬਿਰਤੀਆਂ ਇਕਾਗਰ ਕਰਕੇ ਸ੍ਵਣ ਕਰੋ - ਨਿਰਾਰੀ ਕਥਾ, ਇਕ ਪ੍ਰਭੂ ਨੂੰ ਭਾਈ ਹੋਈ, ਪਰਵਾਣ ਰੂਹ ਵਲੋਂ ਹੋਈ। ਜਿਹੜੇ ਵਾਹਿਗੁਰੂ ਨੂੰ ਭਾਅ ਜਾਂਦੇ ਨੇ, ਪ੍ਰਵਾਨ ਹੋ ਜਾਂਦੇ ਹਨ। ਉਨ੍ਹਾਂ ਦੀਆਂ ਕਥਾਵਾਂ ਅਤੇ ਮਾਇਆ ਵਿਚ ਮੋਹੇ ਹੋਏ ਸਾਡੇ ਵਰਗੇ ਬੰਦਿਆਂ ਵਿਚ ਜ਼ਮੀਨ ਅਸਮਾਨ, ਰਾਤ ਅਤੇ ਦਿਨ ਦਾ ਫਰਕ ਹੋਇਆ ਕਰਦਾ ਹੈ। ਉਨ੍ਹਾਂ ਦੀ ਜੋ ਕਥਾ ਹੈ ਉਹ ਅਕਥ ਕਥਾ ਦੇ ਘੇਰੇ ਵਿਚ ਆ ਜਾਂਦੀ ਹੈ। ਸਾਡੀਆਂ ਜੋ ਜੀਵਨ ਦੀਆਂ ਘਟਨਾਵਾਂ ਹਨ ਉਹ ਆਮ ਘਟਨਾਵਾਂ ਹੋਣ ਕਰਕੇ ਮਾਇਆ ਦੇ ਮੰਡਲ ਵਿਚ ਘੁੰਮਣ-ਘੇਰੀਆਂ ਖਾਂਦੀਆਂ ਹਨ। ਉਹ ਕਿਸੇ ਨੂੰ ਪੱਥ ਪ੍ਰਦਰਸ਼ਨ ਨਹੀਂ ਕਰ ਸਕਦੀਆਂ। ਸਗੋਂ ਹਉਮੈ ਦੇ ਰੰਗ ਵਿਚ ਰੰਗੀਆਂ ਪ੍ਰਮੇਸ਼ਰ ਭੁਲਾਉਣ ਵਾਲਾ ਅਸਰ ਕਰਦੀਆਂ ਹਨ। ਉਹ ਕਥਾਵਾਂ ਭੁੱਲ ਜਾਂਦੀਆਂ ਹਨ ਜਿਨ੍ਹਾਂ ਦਾ ਚਿਰਾਗ ਬੁਝਦੇ ਸਾਰ ਸੰਸਾਰ ਉਤੋਂ ਨਾਮ ਨਿਸ਼ਾਨ ਮਿਟ ਜਾਂਦਾ ਹੈ ਅਤੇ ਉਸ ਦਾ *'ਆਇਆ ਗਇਆ ਮੁਇਆ ਨਾਉ॥'* ਹੋ ਜਾਇਆ ਕਰਦਾ ਹੈ। ਇਕ ਉਹ ਹਨ ਜਿਹੜੇ ਪ੍ਰਭੂ ਦੇ ਪਿਆਰ ਵਿਚ, ਅੰਧਕਾਰ ਤੋਂ ਰਹਿਤ ਪ੍ਰਕਾਸ਼ਮਈ ਜੀਵਨ ਚਰਿਤ੍ਰ ਸੰਸਾਰ ਵਿਚ ਉਕਰ ਜਾਂਦੇ ਹਨ। ਨਾ ਹੀ ਉਨ੍ਹਾਂ ਦਾ ਨਾਮ ਮਰਦਾ ਹੈ, ਉਹ ਅਮਰ ਅਵਸਥਾ ਵਿਚ ਰਹਿੰਦੇ ਹਨ ਅਤੇ ਲਾਈਟ ਹਾਊਸ ਵਾਂਗੂੰ ਭੁੱਲੇ ਭਟਕੇ ਜਹਾਜ਼ਾਂ ਰੂਪੀਂ ਸੰਸਾਰ ਨੂੰ ਚਾਨਣ ਮੁਨਾਰੇ ਦਾ ਕੰਮ ਦੇ ਕੇ ਉਨ੍ਹਾਂ ਦੀ ਜੀਵਨ ਨਈਆ ਨੂੰ ਕਿਨਾਰੇ ਉਤੇ ਪਹੁੰਚਾਉਣ ਦਾ ਜਤਨ ਕਰਦੇ ਹਨ। ਹਉਮੈ ਦਾ ਬੇੜ੍ਹਿਆ ਹੋਇਆ ਜੀਵ ਜੰਮਦਾ ਮਰਦਾ ਰਹਿੰਦਾ ਹੈ। ਉਹ ਕਰਮ ਭੋਗਣ ਆਉਂਦਾ ਹੈ ਅਤੇ ਕਰਮ ਭੋਗਣ ਉਪਰੰਤ ਦੋਸ਼ਾਂ ਦੇ ਦਾਗ ਮੂੰਹ ਉਪਰ ਲਾ ਕੇ ਆਪਣੀਆਂ ਕੀਤੀਆਂ ਕਰਤੂਤਾਂ ਤੋਂ ਸ਼ਰਮਿੰਦਾ ਹੋਣ ਲਈ ਸੱਚੀ ਦਰਗਾਹ ਵਿਚ ਧੂਹ ਕੇ ਲਿਜਾਇਆ ਜਾਂਦਾ ਹੈ ਪਰ ਇਸਦੇ ਵਿਪਰੀਤ ਜੋ ਪ੍ਰਮੇਸ਼ਰ ਦੇ ਦਰ ਤੇ ਭਾਅ ਜਾਂਦੇ ਹਨ, ਉਨ੍ਹਾਂ ਦੀ ਕਥਾ ਨਿਆਰੀ ਹੁੰਦੀ ਹੈ। ਉਹ ਸੰਸਾਰ ਵਿਚ ਸੰਸਾਰ ਦਾ ਭਲਾ ਕਰਨ ਵਾਸਤੇ ਸਪਸ਼ਟ ਮਿਸ਼ਨ ਦੇ ਕੇ ਭੇਜੇ ਜਾਂਦੇ ਹਨ। ਪਾਰਬ੍ਰਹਮ ਸਦਾ ਉਨ੍ਹਾਂ ਦੇ ਅੰਗ ਸੰਗ ਪ੍ਰਗਟ ਵਸਦਾ ਹੈ। ਉਨ੍ਹਾਂ ਦੀ ਅਤੇ ਉਨ੍ਹਾਂ ਦੇ ਸਿਧਾਂਤਾਂ ਦੀ ਕਦੇ ਮੌਤ ਨਹੀਂ ਹੁੰਦੀ; ਉਹ ਸਦਾ

ਅਮਰ ਰਹਿੰਦੇ ਹਨ। ਜਿਹੜੇ ਭਾਏ ਨੇ –

***'ਹਰਿ ਕੇ ਸੇਵਕ ਜੋ ਹਰਿ ਭਾਏ'*** ਭਾਉਂਦਾ ਕੌਣ ਹੈ? ਜੋ ਹਰੀ ਦਾ ਸੇਵਕ ਹੈ; ਜੋ ਉਤੋਂ-ਉਤੋਂ ਸੇਵਕ ਹੈ, ਅੰਦਰੋਂ ਸੇਵਕ ਨਹੀਂ ਬਣਿਆਂ, ਉਹ ਪ੍ਰਮੇਸ਼ਰ ਦੇ ਦਰ ਤੇ ਨਹੀਂ ਭਾਇਆ ਕਰਦਾ। ਸੰਸਾਰ ਦੇ ਵਿਚ ਉਹਦਾ ਨਾਉਂ ਉਚਾ ਹੋ ਜਾਂਦਾ ਹੈ, ਅਖਬਾਰਾਂ ਦੇ ਵਿਚ ਉਹਦੀਆਂ ਬਹੁਤ ਸਾਰੀਆਂ ਬਾਤਾਂ ਆਉਣਗੀਆਂ, ਲੋਕ ਕਥਾਵਾਂ ਦੇ ਵਿਚ ਬਾਤਾਂ ਆ ਜਾਣਗੀਆਂ, ਵੱਡੇ-ਵੱਡੇ **award** (ਇਨਾਮ) ਮਾਇਆ ਮੰਡਲ ਦੇ ਬੰਦੇ ਦੇਣਗੇ, ਬੜਾ ਆਦਰ-ਮਾਣ ਉਨ੍ਹਾਂ ਨੂੰ ਸੰਸਾਰ ਵਿਚ ਪ੍ਰਾਪਤ ਹੋ ਸਕਦਾ ਹੈ, ਉਨ੍ਹਾਂ ਦੇ ਵੱਡੇ-ਵੱਡੇ ਗੁਨਾਹ ਭੇਖ ਵਿਚ ਛੁਪ ਸਕਦੇ ਹਨ। ਕੀ ਫਾਇਦਾ ਹੈ ਮਾਇਆ ਦੇ ਮੰਡਲ ਦੀ ਵਡਿਆਈ ਹਾਸਿਲ ਕਰਕੇ, ਜੇ ਵਾਹਿਗੁਰੂ ਜੀ ਨੂੰ ਨਹੀਂ ਭਾਉਂਦਾ, ਅਜਿਹੇ ਪੁਰਖਾਂ ਦੀਆਂ ਕਥਾਵਾਂ ਨਿਆਰੀਆਂ ਨਹੀਂ ਹੋਣਗੀਆਂ। ਉਹੀ ਉਹਦੀ ਕਥਾ ਅੰਦਰ ਈਰਖਾ, ਨਿੰਦਿਆ, ਲੋਭ, ਅਭਿਮਾਨ, ਸ਼ੰਕਾ ਹੋਵੇਗਾ, ਕੁਝ ਲੈਣ ਦਾ ਸਾਹਸ ਹੋਏਗਾ, ਆਪਣੇ ਹਿੱਤਾਂ ਦੀ ਰਾਖੀ ਦੀ ਬਾਤ ਹੋਰ ਚਲੇਗੀ ਕਿਉਂਕਿ ਕਥਾ ਜਿਹੜੀ ਹੈ, ਉਹ ਨਿਆਰੀ ਨਹੀਂ ਹੈ, ਆਮ ਸਧਾਰਣ ਕਥਾ ਹੈ। ਲੱਖਾਂ ਅਜਿਹੇ ਬੰਦੇ ਸੰਸਾਰ ਵਿਚ ਆਏ, ਲੱਖਾਂ ਇਸ ਸੰਸਾਰ ਦੇ ਉਤੇ ਵੱਡੇ-ਵੱਡੇ ਨਾਮ ਪੈਦਾ ਕਰਕੇ ਸੰਸਾਰ ਤੋਂ ਵਿਦਾ ਹੋਏ ਪਰ ਗੁਰੂ ਮਹਾਰਾਜ ਦਸਦੇ ਹਨ–

***ਕੀਟਾ ਅੰਦਰਿ ਕੀਟੁ ਕਰਿ***
***ਦੋਸੀ ਦੋਸੁ ਧਰੇ॥*** ***ਪੰਨਾ - 2***

ਇਕ ਪਾਸੇ ਸੰਸਾਰੀ ਸੋਚ ਵਾਲੇ ਹਨ ਜਿਹੜੇ ਸੰਸਾਰ ਤੋਂ ਅੱਗੇ ਦਰਗਾਹ ਦੀ ਬਾਤ ਤੇ ਵਿਸ਼ਵਾਸ਼ ਨਹੀਂ ਕਰਦੇ। ਦੂਜੇ ਪਾਸੇ ਪ੍ਰਭੂ ਦੇ ਪਿਆਰੇ ਆਪਣਾ ਜੀਵਨ ਦੂਸਰਿਆਂ ਦੇ ਕੰਮ ਵਿਚ ਲਾ ਦਿੰਦੇ ਹਨ। ਉਨ੍ਹਾਂ ਦੇ ਜੀਵਨ ਵਿਚ **extreme opposite angle** ਹੁੰਦੇ ਹਨ ਜੋ ਕਦੇ ਮੇਲ ਨਹੀਂ ਖਾਂਦੇ –

***ਭਗਤਾ ਤੈ ਸੈਸਾਰੀਆ***
***ਜੋੜੁ ਕਦੇ ਨ ਆਇਆ॥ ਪੰਨਾ - 145***

ਦੋਹਾਂ ਦਾ ਜੋੜ ਕਦੀ ਨਹੀਂ ਹੋਇਆ ਕਰਦਾ ਕਿਉਂਕਿ ਸੰਸਾਰੀ ਦਾ ਜੀਵਨ ਹੋਰ ਹੈ, ਓਹਦੀ ਸੋਚ ਹੋਰ ਹੈ; ਉਸਦਾ ਮੁਖ ਹਨ੍ਹੇਰੇ ਵਲ ਹੁੰਦਾ ਹੈ, ਹਨ੍ਹੇਰੇ ਵਲ ਚਲਦਾ ਡੁੱਬਦਾ ਹੈ –

***ਨਾਨਕ ਮਨਮੁਖਿ ਅੰਧੁ ਪਿਆਰੁ॥***
***ਬਾਝੁ ਗੁਰੂ ਡੁਬਾ ਸੰਸਾਰੁ॥***
***ਪੰਨਾ - 138***

ਪਰ ਪ੍ਰਭੂ ਪਿਆਰਿਆਂ ਦਾ ਮੁੱਖ ਪ੍ਰਕਾਸ਼ ਵਲ ਹੁੰਦਾ ਹੈ, ਹਨ੍ਹੇਰੇ ਵਲ ਉਨ੍ਹਾਂ ਦੀ ਪਿੱਠ ਹੁੰਦੀ ਹੈ, ਉਹ ਪ੍ਰਕਾਸ਼ ਵਿਚ ਅਨੰਦ ਮਾਣਦੇ ਹਨ। ਦੋਹਾਂ ਦਾ ਮਾਰਗ ਅੱਡੋ ਅੱਡ ਹੈ, ਦੋਹਾਂ ਦੇ ਲਕਸ਼ ਅਡੋ-ਅੱਡ ਹਨ। ਇਕ ਦਾ ਲਕਸ਼ ਸੰਸਾਰ ਹੈ, ਸੰਸਾਰ ਦੀਆਂ ਪ੍ਰਾਪਤੀਆਂ - ਪੁੱਤਰ, ਪਰਿਵਾਰ, ਸੋਹਣੇ ਘਰ, ਸੋਹਣੀਆਂ ਸਵਾਰੀਆਂ, ਲੋਕਾਂ ਵਿਚ ਇੱਜ਼ਤ, ਅਖਬਾਰਾਂ ਵਿਚ ਨਾਮ ਆਵੇ ਅਤੇ ਦੁਨੀਆਂ ਵਿਚ ਆਪਣੀ ਮਾਇਆ ਕਰਕੇ, ਆਪਣੀ ਬੁੱਧੀ ਕਰਕੇ ਮਾਣ ਦੀ ਪ੍ਰਾਪਤੀ ਵਿਚ ਲੀਨ ਹੋਇਆ ਹੋਇਆ ਜੀਵਨ ਗੁਜ਼ਾਰੇ ਅਤੇ ਅੰਤ ਦੇ ਸਮੇਂ ਇਸ ਸੰਸਾਰ ਵਿਚੋਂ ਧੂਹ ਕੇ ਕੱਢਿਆ ਜਾਵੇ ਅਤੇ ਦਰਗਾਹ ਵਿਚ, ਸੰਸਾਰ ਵਿਚ ਰਹਿੰਦਿਆਂ ਪਾਈਆਂ ਪਕੜਾਂ ਦੇ ਵਿਯੋਗ ਦਾ ਦੁਖ ਸਹੇ। ਦੂਸਰੇ ਪਾਸੇ ਦਾ ਜੀਵਨ ਹੈ ਕਿ ਸਾਰੇ ਪਵਿੱਤਰ ਕਰਮ ਅਪਣਾਅ ਕੇ, ਆਪਣੇ ਜੀਵਨ ਨੂੰ ਪ੍ਰਕਾਸ਼ ਵਿਚ ਰੱਖ ਕੇ ਸੰਸਾਰ ਦਾ ਭਲਾ ਕਰਦਾ ਬਤੀਤ ਕਰੇ ਅਤੇ ਸਾਰੇ ਪਰਉਪਕਾਰ ਦੇ ਕੰਮ ਕਰਦਾ ਇਸ ਵਿਸ਼ਵਾਸ਼ ਦਾ ਧਾਰਨੀ ਹੋਵੇ ਕਿ ਮੈਂ ਕੁਝ ਵੀ ਨਹੀਂ ਕਰ ਰਿਹਾ। ਇਹ ਤਾਂ ਵਾਹਿਗੁਰੂ ਦੀ ਕ੍ਰਿਪਾ ਹੈ, ਉਹ ਮੈਨੂੰ ਤੰਦਰੁਸਤੀ ਬਖਸ਼ ਕੇ, ਸੂਝ ਬਖਸ਼ ਕੇ ਪਰਉਪਕਾਰ ਦਾ ਜੀਵਨ ਬਿਤਵਾ ਰਿਹਾ ਹੈ, ਉਸਦੇ ਬਦਲੇ ਵਿਚ ਕੋਈ ਮੰਗ ਨਹੀਂ ਕਰਦਾ, ਦੁਖ-ਸੁਖ ਨੂੰ ਖਿੜੇ ਮੱਥੇ ਸਹਾਰਦਾ ਹੈ। ਅਜਿਹੀ ਭਾਵਨਾ –

***ਕਰਕੇ ਨੀਚ ਸਦਾਵਣਾ***
***ਤਾਂ ਪ੍ਰਭੁ ਲੇਖੈ ਅੰਦਰ ਪਾਈ॥***
***ਭਾਈ ਗੁਰਦਾਸ ਜੀ, ਵਾਰ - 1/16***

ਕੋਈ **publicity** ਨਹੀਂ ਕਰਾਉਣੀ, ਕਿਸੇ ਥਾਂ ਤੋਂ ਕਿਸੇ **award** ਦੀ ਇਛਿਆ ਨਹੀਂ ਕਰਨੀ ਅਤੇ ਧੁਰ ਅੰਦਰੋਂ ਇਹ ਸਮਝਣਾ ਕਿ ਮੇਰੇ ਤੋਂ ਸਾਰਾ ਸੰਸਾਰ ਚੰਗਾ ਹੈ, ਮੈਂ ਹੀ ਸਭ ਤੋਂ ਪਿੱਛੇ ਹਾਂ –

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ॥***
***ਪੰਨਾ - 1364***

ਮੈਨੂੰ ਛੱਡ ਦਿਓ, ਮੇਰੇ ਤੋਂ ਬਗੈਰ ਸਾਰੇ ਹੀ ਚੰਗੇ ਹਨ। ਸਾਰਾ ਸੰਸਾਰ ਭਲਿਆਂ ਦਾ ਹੈ, ਆਪ ਸਭ ਤੋਂ ਬੁਰਿਆਂ ਦੀ ਲਾਇਨ ਵਿਚ ਖੜ੍ਹਨਾਂ ਮੰਨ ਲਿਆ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਐਸੀ ਸੱਚੀ ਸੋਝੀ ਵਾਲਾ ਜਗਿਆਸੂ ਅਸਾਡਾ ਪਿਆਰਾ ਮਿੱਤਰ ਹੈ ਕਿਉਂਕਿ ਉਸਨੇ ਜ਼ਿੰਦਗੀ ਦੇ ਅਸਲੀ ਭੇਤ ਨੂੰ ਸਮਝ ਲਿਆ ਹੈ –

***ਜਿਨਿ ਐਸਾ ਕਰਿ ਬੂਝਿਆ***
***ਮੀਤੁ ਹਮਾਰਾ ਸੋਇ॥ ਪੰਨਾ - 1364***

ਜਿਹਨੇ ਇਹੋ ਜਿਹਾ ਜੀਵਨ ਅਮਲ ਵਿਚ ਲਿਆ ਕੇ ਬੁੱਝ ਲਿਆ ਕਿ – ***'ਹਮ ਨਹੀ ਚੰਗੇ ਬੁਰਾ ਨਹੀ ਕੋਇ॥'*** ਉਹ ਮਿੱਤਰ ਹੈ ਅਸਾਡਾ। ਇਹ ਇਕ ਰੇਖਾ ਹੈ ਜੋ ਸੰਸਾਰੀਆਂ ਨੂੰ ਪ੍ਰਭੂ ਪਿਆਰੇ ਤੋਂ ਵੱਖਰਾ ਕਰਦੀ ਹੈ। ਪ੍ਰਭੂ ਪਿਆਰੇ ਦਾ ਜੀਵਨ ਸੰਸਾਰ ਵਿਚੋਂ ਕੁਝ ਵੀ ਲੈਣ ਵਾਸਤੇ ਨਹੀਂ ਹੁੰਦਾ, ਦੇਣਾ ਹੀ ਦੇਣਾ ਹੁੰਦਾ ਹੈ –

***ਮਤਿ ਹੋਦੀ ਹੋਇ ਇਆਣਾ॥***

*ਤਾਣ ਹੋਦੇ ਹੋਇ ਨਿਤਾਣਾ॥*
*ਅਣਹੋਦੇ ਆਪੁ ਵੰਡਾਏ॥*
*ਕੋ ਐਸਾ ਭਗਤੁ ਸਦਾਏ॥*
*ਪੰਨਾ - 1384*

ਉਹ ਸੰਸਾਰ ਨੂੰ ਸਭ ਤੋਂ ਅਮੁੱਲ ਦਾਤ ਨਾਲ ਜੋੜਦਾ ਹੈ, ਉਹ ਹੈ ਦਾਤ 'ਨਾਮ', ਜਿਸਨੂੰ ਪ੍ਰਾਪਤ ਕਰਕੇ ਆਦਮੀ ਦਾ ਜੰਮਣ ਮਰਨ ਖਤਮ ਹੋ ਜਾਂਦਾ ਹੈ। ਸੰਸਾਰੀ ਦਾ ਜੀਵਨ ਦੂਸਰੇ ਨੂੰ ਕਦੇ ਵੀ ਸੁਖ ਨਹੀਂ ਪਹੁੰਚਾਉਂਦਾ। ਉਹ ਆਪਣੇ ਵਾਸਤੇ ਹੀ ਸਦਾ ਜਿਉਂਦਾ ਹੈ। ਇਕ ਕਹਿੰਦਾ ਹੈ - ਤੇਰਾ ਹੀ ਤੇਰਾ; ਇਕ ਕਹਿੰਦਾ ਹੈ - ਮੇਰਾ ਹੀ ਮੇਰਾ, ਮੇਰਾ ਹੀ ਮੇਰਾ। ਦੂਜਾ ਕਹਿੰਦਾ ਹੈ ਨਹੀਂ ਪਾਤਸ਼ਾਹ! ਸਭ ਕੁਝ ਤੇਰਾ ਹੀ ਤੇਰਾ, ਤੇਰਾ ਹੀ ਤੇਰਾ। ਜੇ ਮੋਦੀਖਾਨੇ ਵਿਚ ਤੱਕੜੀ ਤੋਲ ਕੇ ਰਾਸ਼ਨ ਦਿੰਦਾ ਹੈ ਤਾਂ ਤੇਰਾਂ ਆਉਂਦੇ ਹੀ ਤੇਰਾਂ ਦੀ ਰੱਟ ਲੱਗ ਜਾਂਦੀ ਹੈ। ਜਿਸ ਸੱਚੇ ਪਾਤਸ਼ਾਹ ਦਾ ਇਹ ਭੰਡਾਰਾ ਹੈ, ਉਹ ਨਾਲ ਦੀ ਨਾਲ ਭਰੀ ਜਾਂਦਾ ਹੈ, ਜਦੋਂ ਸਾਲ ਦੇ ਅੰਤ ਵਿਚ ਲੇਖੇ ਪੱਤੇ ਜੋੜੇ ਜਾਂਦੇ ਹਨ, ਸੈਂਕੜੇ ਰੁਪਈਏ ਜੋ ਅੱਜ ਦੇ ਲੱਖਾਂ ਰੁਪਈਆਂ ਦੇ ਬਰਾਬਰ ਹਨ, ਵਾਧਾ ਨਿਕਲਦਾ ਹੈ। ਸੋ ਮੇਰੇ-ਮੇਰੇ ਵਿਚ ਘਾਟਾ ਹੈ, ਤੇਰੇ-ਤੇਰੇ ਵਿਚ ਵਾਧਾ ਹੈ। ਗੁਰਮੁਖ ਦੇ ਜੀਵਨ ਵਿਚ ਗੁਰਮੁਖ ਦੀ ਸੋਚ ਹੋਇਆ ਕਰਦੀ ਹੈ, ਹੇ ਪ੍ਰਭੂ! ਪੁੱਤਰ ਵੀ ਤੇਰੇ, ਸਰੀਰ ਵੀ ਤੇਰੇ, ਮਨ ਵੀ ਤੇਰਾ, ਪ੍ਰਾਣ ਵੀ ਤੇਰੇ, ਬੁੱਧੀ ਵੀ ਤੇਰੀ, ਅੰਤਸ਼ਕਰਣ ਵੀ ਤੇਰਾ। ਹੇ ਪ੍ਰਭੂ ਮੇਰੀ 'ਮੈਂ' ਵੀ ਤੇਰੀ। ਦੂਜਾ ਇਸ ਦੇ ਵਿਪਰੀਤ ਕਹਿੰਦਾ ਹੈ ਕਿ ਬੁੱਧੀ ਮੇਰੀ ਹੈ, ਘਰ ਮੇਰਾ ਹੈ, ਸਰੀਰ ਮੇਰਾ ਹੈ, ਜਾਇਦਾਦ ਮੇਰੀ ਹੈ, ਪਰਿਵਾਰ ਮੇਰਾ ਹੈ - ਕਿੰਨਾ ਫਰਕ ਹੈ ਦੋਹਾਂ ਦਾ। ਦੋਨੋਂ ਇਕ ਦੂਜੇ ਵਲ ਪਿੱਠ ਕਰੀਂ ਜਾਂਦੇ ਨੇ - ਇਕ ਚੜ੍ਹਦੇ ਵਲ ਨੂੰ ਤੇ ਦੂਜੇ ਛਿਪਦੇ ਵਲ ਨੂੰ ਜਾਂਦੇ ਹਨ, ਦੋਹਾਂ ਦੀਆਂ ਕਹਾਣੀਆਂ ਵਿਚ ਫਰਕ ਪੈ ਗਿਆ। ਸੋ ਸੰਸਾਰ ਦੀ ਕਹਾਣੀ ਜੋ ਹੈ, ਉਹ ਛਿਪਦੇ ਵਲ ਜਾਣ ਦੀ ਹੈ, ਹਨ੍ਹੇਰੇ ਵਲ ਨੂੰ ਤੁਰਿਆ ਜਾ ਰਿਹਾ ਹੈ। ਗੁਰਮੁਖ ਦੀ ਜੋ ਕਹਾਣੀ ਹੈ, ਉਹ ਚੜ੍ਹਦੇ ਵਲ ਨੂੰ ਤੁਰ ਰਹੀ ਹੈ, ਪ੍ਰਕਾਸ਼ ਵਲ ਨੂੰ ਜਾ ਰਿਹਾ ਹੈ। ਉਹ ਭਾਏ ਨੇ ਪ੍ਰਮੇਸ਼ਰ ਨੂੰ, ਉਨ੍ਹਾਂ ਦੀਆਂ ਕਥਾਵਾਂ ਨਿਆਰੀਆਂ ਨੇ। ਇਹ ਅੰਮ੍ਰਿਤ ਵੇਲੇ ਜਾਗਦੇ ਹਨ, ਕ੍ਰੋੜਾਂ ਸਾਲਾਂ ਦੀ ਵਿੱਥ ਭੁੱਲ ਕਰਕੇ ਪਈ ਹੋਈ ਨੂੰ, ਨਾਮ ਦੇ ਨਾਲ ਪਿਆਰ ਕਰਕੇ ਘਟਾਉਂਦੇ ਨੇ। ਦੋ ਵਜੇ ਤੜਕੇ ਜਹਾਜ਼ ਵਿਚ ਬੈਠ ਜਾਓ, ਉਹ ਪੱਛਮ ਵਲ ਨੂੰ ਜਾ ਰਿਹਾ ਹੈ, ਉਸ ਵਲ ਹਨ੍ਹੇਰਾ ਹੀ ਰਹੇਗਾ, ਸਾਰੇ ਰਸਤੇ ਚਾਨਣਾ ਆਉਣਾ ਹੀ ਨਹੀਂ। ਸਾਰੀ ਦੁਨੀਆਂ ਦਾ ਚੱਕਰ ਕੱਟ ਆਉਂਦਾ ਹੈ ਕਨਕੋਰਡ ਜਹਾਜ਼ ਹੈ ਜਿਹੜਾ ਬਹੁਤ ਤੇਜ਼ ਚਲਦਾ ਹੈ। ਚਾਰ ਘੰਟੇ 'ਚ ਪੈਰਿਸ ਤੋਂ ਨਿਊਯਾਰਕ ਪਹੁੰਚ ਜਾਂਦਾ ਹੈ, ਦੂਜੇ ਅੱਠ ਘੰਟੇ ਵਿਚ ਪਹੁੰਚਦੇ ਨੇ। ਇਹ ਸੂਰਜ ਨੂੰ ਆਪਣੇ ਨਾਲ ਰਲਣ ਨਹੀਂ ਦਿੰਦਾ - ਐਨਾ ਤੇਜ਼ ਹੈ। ਰਾਤ ਦੇ ੧੨ ਵਜੇ ਚਲਾ ਦਿਓ - ਹਨ੍ਹੇਰੇ ਵਲ ਨੂੰ, ਮੁੜ ਕੇ ਸੂਰਜ ਆਉਂਦਾ ਹੀ ਨਹੀਂ ਉਹਦੇ ਰਸਤੇ ਵਿਚ, ਕਿਉਂਕਿ ਉਹਦੀ speed (ਰਫਤਾਰ) ਐਨੀ ਹੈ। ਜੇ ਓਹੀ ਜਹਾਜ਼ ਸੂਰਜ ਵਲ ਨੂੰ ਚਲ ਪਵੇ ਤਾਂ ਦਿਨ ਹੀ ਰਹੇਗਾ, ਹਨ੍ਹੇਰਾ ਆਉਣਾ ਹੀ ਨਹੀਂ। ਸੋ ਇਸੇ ਤਰ੍ਹਾਂ ਜੋ ਜੀਵ ਆਤਮਾ ਹਨ੍ਹੇਰੇ ਵਲ ਨੂੰ ਚਲ ਪੈਂਦੀ ਹੈ, ਉਸ ਵਾਸਤੇ ਹਨ੍ਹੇਰਾ ਹੀ ਆਉਂਦਾ ਰਹੇਗਾ। ਉਹਦਾ ਸਾਰਾ ਜੀਵਨ ਹਨ੍ਹੇਰੇ ਵਿਚ, ਅੰਧਕਾਰ ਵਿਚ ਠੋਕਰਾਂ ਖਾਂਦੇ ਲੰਘ ਜਾਏਗਾ। ਜਿਹਨੇ ਪ੍ਰਕਾਸ਼ ਵਲ ਮੂੰਹ ਕਰ ਲਿਆ ਉਹਦੇ ਜੀਵਨ ਵਿਚ ਵਿਛੋੜੇ, ਠੋਕਰਾਂ, ਘਾਟੇ, ਨਿੰਦਿਆ ਨਹੀਂ ਹੈ। ਸੋ ਇਸ ਕਰਕੇ ਸਾਧਸੰਗਤ ਜੀ ਕਥਾਵਾਂ ਦਾ ਫਰਕ ਪੈਂਦਾ ਹੈ -

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ ਕੀ ਕਥਾ ਨਿਰਾਰੀ ਰੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ॥ਪੰਨਾ - 855*

ਉਹ ਨਾ ਕਦੇ ਆਉਂਦੇ ਨੇ - ਸੰਸਾਰ ਤੇ, ਨਾ ਕਦੇ ਜਾਂਦੇ ਨੇ, ਨਾ ਮਰਦੇ ਨੇ। ਦੂਜੇ ਪੁਰਸ਼ ਕਹਿੰਦੇ ਨੇ ਕਿ ਉਹ ਮਰਦੇ ਤਾਂ ਹੈਗੇ ਸਾਡੇ ਵਾਂਗਣ, ਉਨ੍ਹਾਂ ਦਾ ਸਰੀਰ ਵੀ ਜਲਾਇਆ ਜਾਂਦੈ? ਕਹਿੰਦੇ, ਨਹੀਂ। ਇਹ ਗੱਲ ਵੀ ਸਮਝਣ ਵਾਲੀ ਹੈ। ਉਨ੍ਹਾਂ ਦੇ ਜੀਵਨ ਦਾ ਸੈਂਟਰ ਕਿਤੇ ਹੋਰ ਹੈ, ਸਾਡੇ ਜੀਵਨ ਦਾ ਸੈਂਟਰ ਕਿਤੇ ਹੋਰ ਹੈ। ਜਿਵੇਂ ਮੈਂ ਪਹਿਲਾਂ ਬੇਨਤੀ ਕੀਤੀ ਹੈ ਕਿ ਅਸੀਂ ਹਨ੍ਹੇਰੇ ਵਿਚ ਜਿਉਂਦੇ ਹਾਂ, ਉਹ ਪ੍ਰਕਾਸ਼ ਵਿਚ ਜਿਉਂਦੇ ਨੇ। ਬਾਕੀ ਸਾਰਾ ਸੰਸਾਰ ਰਜੋ ਗੁਣ, ਸਤੋ ਗੁਣ, ਤਮੋ ਗੁਣ ਦੀ ਮਾਇਆ ਦਾ ਮੋਹਿਆ ਹੋਇਆ ਮੂਰਛਿਤ ਹੋ ਕੇ ਜੀਵਨ ਗੁਜ਼ਾਰ ਰਿਹਾ ਹੈ। ਪ੍ਰਭੂ ਦੇ ਪਿਆਰੇ ਤਿੰਨ ਗੁਣਾਂ ਤੋਂ ਅਤੀਤ ਹੋ ਕੇ ਸਦਾ ਜਾਗਦੇ ਹਨ, ਉਨ੍ਹਾਂ ਉਪਰ ਮਾਇਕ ਨੀਂਦ ਦਾ ਕੋਈ ਅਸਰ ਨਹੀਂ ਹੁੰਦਾ। ਉਨ੍ਹਾਂ ਦੇ ਨੇਤਰ, ਗੁਰੂ ਦੇ ਗਿਆਨ ਦੇ ਸੁਰਮੇ ਨੇ ਪ੍ਰਕਾਸ਼ਮਈ ਕਰ ਦਿਤੇ ਹੁੰਦੇ ਨੇ। ਸੋ ਐਸੇ ਪ੍ਰਕਾਸ਼ ਵਿਚ ਜੀਉਣ ਵਾਲਾ ਪ੍ਰੇਮੀ ੨੨ ਸਾਲ ਦਾ ਸੁੰਦਰ, ਸਡੌਲ ਸਰੀਰ ਵਾਲਾ, ਚੜ੍ਹਦੀ ਜਵਾਨੀ ਹੈ, ਚੇਹਰਾ ਲਾਲੀ ਨਾਲ ਭੱਖ-ਭੱਖ ਕਰਦਾ ਹੈ, ਰੂਹਾਨੀ ਸੁੰਦਰਤਾ ਦੀਆਂ ਕਿਰਨਾਂ ਮੁਖ ਤੋਂ ਝਰਦੀਆਂ ਨੇ, ਨੇਤਰਾਂ ਵਿਚ ਐਸੀ ਕਸ਼ਿਸ਼ ਹੈ, ਐਸੀ **megnetic eyes** ਨਾਮ ਐਨਰਜੀ ਨਾਲ ਰੱਤੀਆਂ ਹੋਈਆਂ ਹਨ, ਜੋ ਵੀ ਇਕ ਵਾਰ ਉਨ੍ਹਾਂ ਵਲ ਦੇਖਦਾ ਹੈ, ਉਹਦੇ ਅੰਦਰ ਓਹਦਾ ਸਰੂਪ ਵਸ ਜਾਂਦਾ ਹੈ ਅਤੇ ਇਹ ਸਰੂਪ ਆਪਣੇ ਨਾਲ ਪਵਿੱਤਰਤਾ ਸ਼ਾਂਤੀ ਤੇ ਪਿਆਰ, ਦੇਖਣ ਵਾਲੇ ਦੇ ਅੰਦਰ, ਪ੍ਰਵੇਸ਼ ਕਰ ਦਿੰਦਾ ਹੈ। ਮਾੜੀ ਚੀਜ਼ ਨਹੀਂ ਕੋਈ ਨਾਲ ਲੈ ਕੇ ਜਾਂਦਾ। ਉਨ੍ਹਾਂ ਦਾ ਵਜੂਦ ਪਵਿੱਤਰਤਾ ਦਾ ਹੋਣ ਕਰਕੇ ਰੂਹਾਨੀ ਖੂਬਸੂਰਤੀ ਹੈ, ਚੇਹਰੇ ਦਾ ਰੰਗ ਗੋਰਾ ਹੋ ਜਾਣਾ, ਚਿਹਰਾ ਗੋਲ ਤੇ ਅੱਖੀਆਂ ਸੁੰਦਰ ਹੋ ਜਾਂਦੀਆਂ ਹਨ। ਦੁਨੀਆਂ ਦੀ **Beauty Queen** ਜਾਂ **Beauty King** ਬਣ ਜਾਣਾ ਇਕ ਅੰਨ੍ਹੇ ਨੇਤਰਾਂ ਦੀ ਪਰਖ ਹੈ। ਜਿਨ੍ਹਾਂ ਦੀਆਂ ਅੱਖੀਆਂ ਉਪਰ ਕਾਮ ਦੀ ਪੱਟੀ ਚੜ੍ਹੀ

ਹੋਈ ਹੈ, ਉਹ ਆਏ ਦਿਨ **Beauty Queen** ਦਾ ਐਲਾਨ ਕਰਦੇ ਰਹਿੰਦੇ ਹਨ ਪਰ ਜਿਨ੍ਹਾਂ ਦੇ ਨੇਤਰ ਖੁਲ੍ਹੇ ਹਨ, ਉਹ ਇਨ੍ਹਾਂ ਵਿਸ਼ ਗੰਧਲਾਂ ਨੂੰ ਨਕਟੀ ਦਾ ਨਾਮ ਹੀ ਦਿੰਦੇ ਹਨ –

*ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ।।*
*ਪੰਨਾ – 528*

ਪਰ ਰੂਹਾਨੀ ਖ਼ੂਬਸੂਰਤੀ ਦੁਨੀਆਂ ਵਿਚ ਸਭ ਤੋਂ ਵੱਡੀ ਹੈ। ਜੇ ਰੰਗ ਚਿੱਟਾ ਵੀ ਹੋਵੇ, ਨਕਸ਼ ਸੋਹਣੇ ਵੀ ਹੋਣ ਪਰ ਉਹਦੇ ਅੰਦਰ ਕਰੂਰਤਾ ਹੋਵੇ, ਛਲ ਕਪਟ ਹੋਵੇ, ਨੇਤਰਾਂ ਵਿਚ ਕਾਮੁ ਹੋਵੇ, ਕਰੂਰਤਾ ਹੋਵੇ ਤਾਂ ਉਹਦਾ ਚਿਹਰਾ ਸੰਸਾਰਕ ਨਜ਼ਰ ਨਾਲ ਦੇਖਿਆਂ ਸੋਹਣਾ ਹੋਣ ਦੇ ਬਾਵਜੂਦ ਵੀ ਡਰਾਉਣਾ ਹੈ –

*ਫਰੀਦਾ ਤਿਨਾ ਮੁਖ ਡਰਾਵਣੇ*
*ਜਿਨਾ ਵਿਸਾਰਿਓਨੁ ਨਾਉ।।*
*ਐਥੈ ਦੁਖ ਘਣੇਰਿਆ*
*ਅਗੈ ਠਉਰ ਨ ਠਾਉ।।*
*ਪੰਨਾ – 1383*

*ਕਬੀਰ ਕੰਚਨ ਕੇ ਕੁੰਡਲ ਬਨੇ*
*ਊਪਰਿ ਲਾਲ ਜੜਾਉ।।*
*ਦੀਸਹਿ ਦਾਧੇ ਕਾਨ ਜਿਉ*
*ਜਿਨ ਮਨਿ ਨਾਹੀ ਨਾਉ।। ਪੰਨਾ– 1364*

ਦੂਜੇ ਪਾਸੇ ਨਕਸ਼ ਵੀ ਪ੍ਰਮੇਸ਼ਰ ਨੇ ਅੱਛੇ ਨਹੀਂ ਦਿਤੇ, ਸਰੀਰ ਦੀ ਬਨਾਵਟ ਵੀ ਅੱਛੀ ਨਹੀਂ; ਜੇ ਉਹਦੇ ਅੰਦਰ ਨਾਮ ਦੀ ਰੌ ਚਲਦੀ ਹੈ ਤਾਂ ਉਹ ਖਿੱਚ ਪਾਉਂਦੀ ਹੈ ਕਿਉਂਕਿ ਉਹਦੇ ਨੇਤਰ ਸੁਥਰੇ ਨੇ, ਉਹਦੇ ਬੋਲ ਪਿਆਰੇ ਨੇ, ਉਹਦੇ ਬੋਲਣ, ਫਿਰਨ–ਤੁਰਨ ਵਿਚ ਪਵਿੱਤਰਤਾ ਹੋਣ ਕਰਕੇ ਉਹਦੇ ਅੰਦਰ ਰੂਹਾਨੀ ਸੁੰਦਰਤਾ ਹੈ; ਉਹ ਪਿਆਰਾ ਲਗਦਾ ਹੈ। ਸੋ ਭਰਪੂਰ ਰੂਹਾਨੀ ਸੁੰਦਰਤਾ ਨਾਲ ਨੂਰੋ–ਨੂਰ ਹੋਇਆ ਨੌਜਵਾਨ ਭਾਈ ਤਿਲੋਕਾ ਸੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਦਾ ਸਮਾਂ ਹੈ, ਸਿੱਖੀ ਅਜੇ ਟਾਂਵੇ–ਟਾਂਵੇ ਸੂਝਵਾਨ ਪ੍ਰੇਮੀਆਂ ਨੂੰ ਪ੍ਰਾਪਤ ਹੋਈ ਸੀ ਪਰ ਸਿੱਖੀ ਦੇ ਧਾਰਨ ਕਰਨ ਵਾਲਿਆਂ ਦੇ ਵਿਸ਼ਵਾਸ਼ ਪੱਕੇ ਸਨ। ਸੋਝੀ ਵਾਲੇ ਬੰਦੇ ਗੁਰੂ ਨਾਨਕ ਪਾਤਸ਼ਾਹ ਦੀ ਛੋਹ ਨਾਲ ਸੰਸਾਰ ਦੇ ਉਤੇ ਪੈਦਾ ਹੋ ਰਹੇ ਸਨ। ਐਹਨਾਂ ਹੀ ਬੰਦਿਆਂ ਦੇ ਵਿਚੋਂ ਜੀਵਨ ਦਾ ਅਸਲੀ ਰੂਪ ਪ੍ਰਗਟ ਹੋ ਰਿਹਾ ਸੀ, ਪ੍ਰਕਾਸ਼ ਫੈਲ ਰਿਹਾ ਸੀ, ਅੰਧਕਾਰ ਘਟ ਰਿਹਾ ਸੀ। ਭਾਈ ਗੁਰਦਾਸ ਜੀ ਦੇ ਮੁਤਾਬਿਕ –

*ਸਤਿਗੁਰ ਨਾਨਕ ਪ੍ਰਗਟਿਆ,*
*ਮਿਟੀ ਧੁੰਧੁ ਜਗਿ ਚਾਨਣੁ ਹੋਆ।*
*ਭਾਈ ਗੁਰਦਾਸ ਜੀ, ਵਾਰ 1/27*

ਭਾਈ ਫਿਰਨਾ ਤੇ ਭਾਈ ਜੋਧ ਉਸ ਰਾਜੇ ਦੇ ਰਾਜ ਵਿਚ ਹੀ ਰਹਿੰਦੇ ਸਨ ਜਿਨ੍ਹਾਂ ਦੀ ਖਿੱਚ ਦਾ ਖਿਚਿਆ ਭਾਈ ਤਿਲੋਕਾ ਉਨ੍ਹਾਂ ਦੇ ਦਰਸ਼ਨ ਕਰਨ ਗਿਆ। ਗੁਰੂ ਨਾਨਕ ਪਾਤਸ਼ਾਹ ਕਾਫੀ ਸਮੇਂ ਤੋਂ ਦੂਰ–ਦਰਾਜ਼ ਸੰਗਤਾਂ ਦਾ ਉਧਾਰ ਕਰਨ ਵਾਸਤੇ ਗਏ ਹੋਏ ਸਨ। ਉਸ ਵੇਲੇ ਗੁਰਸਿੱਖ ਇਕ ਦੂਜੇ ਨਾਲ ਮਿਲ ਕੇ ਰੂਹਾਨੀ ਸੇਧ ਪ੍ਰਾਪਤ ਕਰਿਆ ਕਰਦੇ ਸਨ ਤੇ ਆਪਣੇ ਰੂਹਾਨੀ ਸ਼ੰਕੇ ਨਵਿਰਤ ਕਰਿਆ ਕਰਦੇ ਸਨ, ਰੂਹਾਨੀ ਅਭਿਆਸ ਵੀ ਮਿਲ ਕੇ ਕਰਿਆ ਕਰਦੇ ਸਨ। ਚੰਗੀਆਂ ਸਹੇਲੀਆਂ ਜਿਵੇਂ ਇਕ ਦੂਜੇ ਤੋਂ ਸਲਾਹ ਲੈਂਦੀਆਂ ਹਨ, ਇਸੇ ਤਰ੍ਹਾਂ ਗੁਰਸਿੱਖ **advanced stage** ਦੇ ਗੁਰਸਿੱਖਾਂ ਤੋਂ ਸੇਧ ਪ੍ਰਾਪਤ ਕਰਦੇ ਸਨ। ਇਕ ਦੂਜੇ ਗੁਰਮੁਖ ਪਿਆਰੇ ਨੂੰ ਮਿਲ ਕੇ ਗੁਰੂ ਦੇ ਪਿਆਰ ਵਿਚ ਭਿੱਜੀਆਂ ਕਥਾਵਾਂ ਕਰਕੇ ਆਪਣੇ ਪਿਆਰੇ ਦੇ ਪਿਆਰ ਦੀ ਮਿੱਠੀ ਯਾਦ ਦਿਲ ਵਿਚ ਸੁਰਜੀਤ ਕਰਿਆ ਕਰਦੇ ਸਨ। ਭਾਈ ਤਿਲੋਕੇ ਦੇ ਮਨ ਵਿਚ ਬੜਾ ਚਾਓ ਹੈ ਕਿ ਮੈਂ ਭਾਈ ਜੋਧ ਤੇ ਭਾਈ ਫਿਰਨੇ ਦੇ ਦਰਸ਼ਨ ਕਰਾਂਗਾ, ਬਹੁਤ ਸਾਰੇ ਪ੍ਰਸ਼ਨ ਪੁਛਾਂਗਾ ਅਤੇ ਨਾਮ ਅਭਿਆਸ ਦਾ ਇਕੱਠੇ ਹੋ ਕੇ ਅਨੰਦ ਮਾਣਾਂਗੇ ਕਿਉਂਕਿ ਅਭਿਆਸੀ ਪੁਰਸ਼ਾਂ ਨੂੰ ਮਿਲ ਕੇ ਨਾਮ ਚਿਤ ਆਇਆ ਕਰਦਾ ਹੈ–

*ਆਵੈ ਸਾਹਿਬੁ ਚਿਤਿ ਤੇਰਿਆ*
*ਭਗਤਾ ਡਿਠਿਆ।। ਪੰਨਾ – 520*

ਜਦੋਂ ਅਜਿਹੇ ਗੁਰਸਿੱਖ ਪ੍ਰਭੂ ਯਾਦ ਵਿਚ ਨਾਮ ਖੁਮਾਰੀ ਨੂੰ ਮਾਣਦੇ ਇਕੱਠੇ ਹੁੰਦੇ ਸਨ ਤਾਂ ਸਾਰੀ ਦੁਨੀਆਂ ਦੀ ਖ਼ੂਬਸੂਰਤੀ, ਸਾਰੀ ਸ਼ਾਂਤੀ ਉਸ ਸੰਗਤ ਵਿਚ ਨਿਵਾਸ ਕਰਿਆ ਕਰਦੀ ਸੀ। ਜਿਥੇ ਪੰਜ ਅਜਿਹੇ ਪ੍ਰਭੂ ਪਿਆਰੇ ਇਕੱਠੇ ਹੋ ਕੇ ਸਤਿਸੰਗ ਕਰਦੇ ਹਨ, ਉਥੇ ਪੰਜੀ ਪ੍ਰਮੇਸ਼ਰ ਦੇ ਅਸੂਲ ਦੇ ਮੁਤਾਬਿਕ ਪ੍ਰਮੇਸ਼ਰ ਦੇ ਦਰਸ਼ਨ ਹੁੰਦੇ ਨੇ; ਜੇ ਦੋ ਹੋ ਜਾਣ ਤਾਂ ਸਾਧਸੰਗਤ ਦਾ ਦਰਜਾ ਰਖਦੀ ਹੈ –

*ਇਕ ਸਿਖ ਦੋ ਸਾਧਸੰਗਤ ਪੰਜੀ*
*ਪਰਮੇਸਰ।।*

ਭਾਈ ਤਿਲੋਕਾ ਜੀ ਆਪਣੇ ਬਿਰਧ ਪਿਤਾ ਤੋਂ ਆਗਿਆ ਪ੍ਰਾਪਤ ਕਰਕੇ ਸਨੇ–ਸਨੇ ਇਸ ਜੰਗਲ ਤਕ ਪੁਜ ਗਏ। ਇਕ ਸੁਹਾਵਣਾ ਥਾਂ ਦੇਖ ਕੇ ਪ੍ਰਭੂ ਧਿਆਨ ਵਿਚ ਬੈਠ ਜਾਂਦੇ ਨੇ। ਇਕ ਰਾਜਕੁਮਾਰੀ ਨੂੰ ਭੁਲੇਖਾ ਲਗਦੈ ਕਿ ਸ਼ਾਇਦ ਸ਼ੇਰ ਜਾਂ ਚਿਤਰਾ ਬੈਠਾ ਹੈ। ਉਹ ਆ ਕੇ ਬਾਣ ਮਾਰਦੀ ਹੈ। ਜਦੋਂ ਕੋਲ ਆ ਕੇ ਦੇਖਦੀ ਹੈ, ਹੈਰਾਨ ਹੋ ਜਾਂਦੀ ਹੈ ਕਿ ਐਨਾ ਸੋਹਣਾ ਮਨੁੱਖ ਮੇਰੇ ਹੱਥੋਂ ਮਾਰਿਆ ਗਿਆ ਤੇ ਨਾਲ ਹੀ ਦੇਖਦੀ ਹੈ ਕਿ ਸਵਾਸ ਚਲ ਰਹੇ ਨੇ, ਗਰਮ ਲਹੂ ਚਲ ਰਿਹਾ ਹੈ, ਪਿਤਾ ਨੂੰ ਖ਼ਬਰ ਭੇਜ ਕੇ ਡੋਲੀ ਵਿਚ ਘਰ ਲੈ ਜਾਂਦੀ ਹੈ, ਵੈਦ ਪੂਰੀ ਮਿਹਨਤ ਕਰਦੇ ਹਨ।

ਕਈ ਦਿਨਾਂ ਪਿਛੋਂ ਜਦ ਹੋਸ਼ ਆਉਂਦੀ ਹੈ ਤਾਂ ਭਾਈ ਤਿਲੋਕਾ ਜੀ ਪੁਛਦੇ ਹਨ ਕਿ ਮੈਂ ਕਿਥੇ ਆ ਗਿਆ? ਸਾਰਾ ਵਿਰਤਾਂਤ ਸੁਣਿਆ ਕਿ ਐ ਚੰਗੇ ਮਨੁੱਖ! ਮੈਂ ਮਾਰਿਐ ਤੈਨੂੰ! ਕੋਈ ਪਤਾ ਨਹੀਂ ਮੈਨੂੰ ਤੇਰੀ ਮਾਤਾ ਦਾ, ਕੋਈ ਪਤਾ ਨਹੀਂ ਤੇਰੇ ਪਿਤਾ ਦਾ, ਤੇਰੇ ਨਾਮ ਦਾ ਕੋਈ ਪਤਾ ਨਹੀਂ ਤੇ ਕੋਈ ਪਤਾ ਨਹੀਂ ਤੇਰੇ ਦੇਸ਼ ਦਾ। ਮਨੁੱਖ ਤਾਂ ਅੱਗੇ ਵੀ ਮਰ ਜਾਂਦੇ ਨੇ ਪਿਤਾ ਜੀ ਤੋਂ – ਬਾਣ ਨਾਲ, ਮੇਰੇ ਤੋਂ ਵੀ ਮਰ ਜਾਂਦੇ ਨੇ। ਜਾਨਵਰ

ਬੇਅੰਤ ਮਰ ਜਾਂਦੇ ਹਨ ਪਰ ਜੋ ਦੁਖ ਅੱਜ ਮੈਨੂੰ ਹੋਇਆ ਹੈ, ਇਹ ਦੁਖ ਪਹਿਲਾਂ ਕਦੇ ਨਹੀਂ ਹੋਇਆ। ਮੈਨੂੰ ਲਗਦੈ ਕਿ ਮੈਂ ਕੋਈ ਉਗਰ ਪਾਪ ਕਰ ਦਿਤਾ ਹੈ; ਮੈਨੂੰ ਬਖਸ਼ ਦੇ।

ਸੋ ਆਪ ਦਾ ਇਲਾਜ ਹੋ ਰਿਹਾ ਹੈ ਤੇ ਆਪ ਉਸ ਲੜਕੀ ਨੂੰ ਬਹੁਤ ਸਾਰੀਆਂ ਗੁਰਮਤਿ ਦੀਆਂ ਸੋਧਾਂ ਦੇ ਕੇ ਸਮਝਾਉਂਦੇ ਨੇ ਜੋ ਪਿਛਲੇ ਪ੍ਰੋਗਰਾਮ ਦੇ ਅੰਦਰ ਆਪ ਸਾਰਿਆਂ ਨੇ, ਜੋ ਆਏ ਸਨ, ਸ੍ਰਵਣ ਕੀਤਾ ਹੈ; ਜਿਹੜੇ ਨਹੀਂ ਆਏ ਸੀ, ਆਡੀਓ ਟੇਪਾਂ ਲੈ ਕੇ ਜਾਂ ਵੀਡੀਓ ਫਿਲਮਾਂ ਰਾਹੀਂ ਪ੍ਰਤੱਖ ਦੇਖ ਲਓ। ਉਸੇ ਪ੍ਰੋਗਰਾਮ ਦੀ ਦੂਸਰੀ ਲੜੀ ਸ੍ਰਵਣ ਕਰਨ ਵਾਸਤੇ ਆਪਾਂ ਅੱਜ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਸ਼ੁਸ਼ੋਭਤ ਹੋਏ ਹਾਂ।

ਸੋ ਭਾਈ ਤਿਲੋਕਾ ਜੀ ਕਹਿ ਰਹੇ ਨੇ ਕਿ ਬੀਬਾ! ਤੂੰ ਆਪਣੇ ਆਪ ਨੂੰ ਕਿਉਂ ਦੋਸ਼ ਦਿੰਦੀ ਹੈਂ? ਤੂੰ ਤਾਂ ਕੁਝ ਵੀ ਨਹੀਂ ਕਰਿਆ। ਕਹਿੰਦੀ, "ਐ ਚੰਗੇ ਮਨੁੱਖ! ਤੂੰ ਮੈਨੂੰ ਦੋਸ਼ ਨਹੀਂ ਦਿੰਦਾ? ਮੈਂ ਤੈਨੂੰ ਮਰਨ ਦੇ ਕਿਨਾਰੇ ਪਹੁੰਚਾ ਦਿਤਾ।" ਭਾਈ ਤਿਲੋਕੇ ਨੇ ਕਿਹਾ, "ਤੂੰ ਮੈਨੂੰ ਜਾਣ ਕੇ ਨਹੀਂ ਮਾਰਿਆ, ਅਕਾਰਨ ਹੋ ਗਿਆ।" ਵੱਡਿਆਂ-ਵੱਡਿਆਂ ਮਹਾਂਪੁਰਸ਼ਾਂ ਦਾ, ਜਿਵੇਂ ਕ੍ਰਿਸ਼ਨ ਮਹਾਰਾਜ ਜੀ ਦੀ ਵਾਰਤਾ ਦੱਸੀ ਸੀ ਕਿ ਕਿਵੇਂ ਜੰਗਲ 'ਚ ਜਾ ਕੇ ਉਨ੍ਹਾਂ ਨੂੰ ਬੱਧਕ ਨੇ ਬਾਣ ਮਾਰਿਆ।" ਤੇਰਾ ਕਸੂਰ ਨਹੀਂ ਹੈ, ਇਹ ਤਾਂ ਮੇਰੇ ਹੀ ਕਰਮਾਂ ਦਾ ਕਸੂਰ ਹੈ –

*ਦਦੈ ਦੋਸੁ ਨ ਦੇਊ ਕਿਸੈ*
*ਦੋਸੁ ਕਰੰਮਾ ਆਪਣਿਆ॥*
*ਜੋ ਮੈ ਕੀਆ ਸੋ ਮੈ ਪਾਇਆ*
*ਦੋਸੁ ਨ ਦੀਜੈ ਅਵਰ ਜਨਾ॥*

*ਪੰਨਾ – 433*

ਕਾਹਨੂੰ ਦੂਜਿਆਂ ਨੂੰ ਦੋਸ਼ ਦਿੰਨੈ। ਇਹ ਜੋ ਸੰਸਾਰ ਵਿਚ ਮੇਰੇ ਨਾਲ ਵਰਤ ਰਿਹਾ ਹੈ, ਇਹ ਸਾਰਾ ਮੇਰੇ ਕਿਸੇ ਪੂਰਬਲੇ ਕਰਮ ਦਾ ਹੀ ਫਲ ਹੈ ਜਾਂ ਮੇਰੇ ਮਾਲਕ ਨੂੰ ਇਹੋ ਭਾਉਂਦਾ ਹੈ ਕਿ ਮੈਂ ਇਸੇ ਤਰ੍ਹਾਂ ਨਾਲ ਸਰੀਰ ਛੱਡਾਂ।" ਰਾਜਕੁਮਾਰੀ ਕਹਿੰਦੀ, "ਤੈਨੂੰ ਗੁੱਸਾ ਨਹੀਂ ਆਉਂਦਾ, ਤੈਨੂੰ ਮੈਂ ਬੁਰੀ ਨੀਂ ਲਗਦੀ, ਮੇਰੇ ਮਾਂ-ਬਾਪ ਬੁਰੇ ਨਹੀਂ ਲਗਦੇ?" ਕਹਿੰਦੇ, "ਨਾ, ਸਾਨੂੰ ਤਾਂ ਸੰਸਾਰ ਵਿਚ ਕੋਈ ਵੀ ਬੁਰਾ ਨਹੀਂ ਲਗਦਾ। ਮੈਂ ਹੀ ਬੁਰਾ ਹਾਂ –

*ਕਬੀਰ ਸਭ ਤੇ ਹਮ ਬੁਰੇ*
*ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ*
*ਮੀਤੁ ਹਮਾਰਾ ਸੋਇ॥ ਪੰਨਾ – 1364*

ਬੀਬਾ! ਮੇਰੇ ਤੋਂ ਸਾਰੇ ਹੀ ਚੰਗੇ ਤੋਂ ਚੰਗੇ ਹਨ, ਮੈਨੂੰ ਕੋਈ ਵੀ ਬੁਰਾ ਨਹੀਂ ਲਗਦਾ।"

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ॥*

*ਪੰਨਾ – 610*

ਪਿਆਰਿਓ! ਇਹ ਗੁਰਸਿੱਖ ਦਾ ਜੀਵਨ ਹੈ – ਸਾਧਸੰਗਤ ਜੀ। ਸੋ ਬੜੇ ਵਿਸਥਾਰ ਨਾਲ ਆਪਾਂ ਵਿਚਾਰ ਕੀਤੀ ਸੀ। ਉਹ ਕਹਿਣ ਲੱਗੇ ਕਿ ਬੀਬਾ! ਮੇਰਾ ਪਿਆਰਾ ਗੁਰੂ ਹਨ੍ਹੇਰੇ 'ਚੋਂ ਕੱਢ ਕੇ ਪ੍ਰਕਾਸ਼ ਵਿਚ ਲੈ ਜਾਂਦਾ ਹੈ, ਸਾਡਾ ਹਨ੍ਹੇਰੇ ਦੀਆਂ ਗੱਲਾਂ ਨਾਲ ਕੋਈ ਸਬੰਧ ਨਹੀਂ। ਸੰਸਾਰ ਨੂੰ ਗੁੱਸਾ ਆਉਂਦਾ ਹੈ, ਸੰਸਾਰ ਬਦਲੇ ਲੈਂਦਾ ਹੈ, ਸੰਸਾਰ ਦੁਗਣਾ-ਚੌਗਣਾ ਨੁਕਸਾਨ ਪਹੁੰਚਾ ਕੇ, ਦੂਜੇ ਦਾ ਨੁਕਸਾਨ ਦੇਖ ਕੇ ਖੁਸ਼ ਹੁੰਦਾ ਹੈ ਪਰ ਗੁਰਸਿੱਖ ਬੁਰੇ ਦਾ ਭਲਾ ਕਰਦੇ ਨੇ –

*ਭਲੇ ਭਲੇ ਕਰਿ ਮੰਨੀਅਨਿ*
*ਬੁਰਿਆਂ ਦੇ ਹਰਿ ਕਾਜ ਸਵਾਰੇ॥*

*ਭਾਈ ਗੁਰਦਾਸ ਜੀ, ਵਾਰ – 10/23*

ਭਲਿਆਂ ਦਾ ਤਾਂ ਸਭ ਕੋਈ ਭਲਾ ਮੰਨਦਾ ਹੈ, ਪਰ ਗੁਰੂ ਨਾਨਕ ਨੇ ਇਹ ਰਸਤਾ ਦਸਿਆ ਹੈ ਕਿ ਬੁਰੇ ਦਾ ਵੀ ਭਲਾ ਕਰ –

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ*
*ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ*
*ਪਲੈ ਸਭੁ ਕਿਛੁ ਪਾਇ॥*

*ਪੰਨਾ – 1382*

ਹਰ ਰੋਜ਼ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥੇ ਟੇਕਦੇ ਹਾਂ ਅਤੇ ਲਾਊਡ ਸਪੀਕਰਾਂ ਰਾਹੀਂ ਗਲੇ ਫਾੜ-ਫਾੜ ਕੇ ਅਸੀਂ ਕਹਿੰਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਸਾਡਾ ਗੁਰੂ ਹੈ ਪਰ ਅਸੀਂ ਐਨੇ ਬੇਇਤਬਾਰੇ ਅਤੇ ਨਾਸਤਿਕ ਹਾਂ ਕਿ ਜਦੋਂ ਗੁਰੂ ਦਾ ਬਚਨ ਮੰਨਣ ਦੀ ਵਾਰੀ ਆਉਂਦੀ ਹੈ ਤਾਂ ਉਥੇ ਅਸੀਂ ਅਕਲ ਦੀ ਗੱਲ ਮੰਨਦੇ ਹਾਂ। ਗੁਰੂ ਦੇ ਬਚਨ ਦੀ ਅਸੀਂ ਕੋਈ ਪਰਵਾਹ ਨਹੀਂ ਕਰਦੇ। ਹਾਂ ਅਸੀਂ ਨਾਸਤਿਕ, ਭੇਖ ਅਸਾਡਾ ਆਸਤਕਾਂ ਦਾ ਕਰਿਆ ਹੈ। ਕਿਸੇ ਨੇ ਕੀਤਾ – ਬੁਰੇ ਦਾ ਭਲਾ, ਛੱਡਿਆ ਹੈ ਗੁੱਸਾ! ਅਤੇ ਕੀਤਾ ਹੈ ਪਿਆਰ-ਵਿਰੋਧੀ ਨਾਲ! ਮੰਗਿਆ ਹੈ ਭਲਾ ਉਸਦਾ? ਮੂੰਹ ਨਾਲ ਅਸੀਂ ਕਹਿ ਦਿੰਦੇ ਹਾਂ –

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ॥*

ਫੇਰ ਮੁਕਦਮੇਬਾਜ਼ੀਆਂ ਕਿਉਂ? ਰਾਈਫਲਾਂ ਮੋਢਿਆਂ ਤੇ ਚੱਕ-ਚੱਕ ਕੇ ਦੂਜਿਆਂ ਨੂੰ ਡਰਾਉਣ ਦਾ ਕੀ ਮਤਲਬ? ਲਾਊਡ ਸਪੀਕਰਾਂ ਤੇ ਭੈੜੇ ਤੋਂ ਭੈੜੇ ਅੱਖਰ ਵਰਤ ਕੇ ਦੂਸਰੇ ਦੀ ਵਿਰੋਧਤਾ ਕਿਉਂ? ਸਾਫ ਹੈ ਕਿ ਅਸੀਂ ਗੁਰੂ ਦੇ ਭੇਖੀ ਸਿੱਖ ਹਾਂ। ਹੁਕਮ ਮੰਨਣ ਵਾਲੇ ਸਿੱਖ ਨਹੀਂ ਹਾਂ। ਕੀ ਫਾਇਦੇ – ਐਸੀ ਸਿੱਖੀ ਦਾ? ਦੁਨੀਆਂ ਨੂੰ ਧੋਖਾ ਦਿੰਦੇ ਰਹੋ, ਮਹਾਰਾਜ ਜੀ ਫੁਰਮਾਨ ਕਰਦੇ ਨੇ –

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥*
*ਤਿਸ ਕੈ ਭਾਣੈ ਕੋਇ ਨ ਭੂਲਾ*

*ਜਿਨਿ ਸਗਲੋ ਬ੍ਰਹਮੁ ਪਛਾਤਾ॥*
*ਪੰਨਾ - 610*

ਬ੍ਰਹਮ ਦੀ ਪਛਾਣ ਵਲ ਅਸੀਂ ਜਾਂਦੇ ਹਾਂ? ਬਿਲਕੁਲ ਨਹੀਂ। ਸੋਚੋ, ਸਮਝੋ, ਹੋਸ਼ ਵਿਚ ਆਓ ਅਤੇ ਸੱਚੇ ਦਿਲੋਂ ਸ਼ਬਦ ਗੁਰੂ ਦੀ ਸਿੱਖੀ ਧਾਰਨ ਕਰੋ। ਜਦੋਂ ਛੋਟੇ ਜਿਹੇ ਹੁਕਮ ਹੀ ਨਹੀਂ ਮੰਨੇ ਜਾਂਦੇ ਤਾਂ ਰੂਹਾਨੀ ਸਫਰ ਲੰਗੜੀਆਂ ਲੱਤਾਂ ਨਾਲ ਅਤੇ ਅੰਨ੍ਹੀਆਂ ਅੱਖਾਂ ਨਾਲ ਕਿਵੇਂ ਨੇਪਰੇ ਚੜ੍ਹੇਗਾ? ਕਿਵੇਂ ਸਚਿਆਰੇ ਹੋਵਾਂਗੇ? ਰਾਜਸੀ ਪਾਰਟੀਆਂ ਬਣੀਆਂ ਹੋਈਆਂ ਨੇ, ਇਕ ਦੂਜੇ ਦੀ ਨਿੰਦਿਆ ਕਰਦੇ ਨੇ; ਕੁਝ constructive (ਉਸਾਰੂ) ਕੰਮ ਕਰੋ। ਦੱਸੋ ਦੇਸ਼ ਵਾਸੀਆਂ ਨੂੰ, ਕਿ ਅਸੀਂ ਕੀ ਦੇਵਾਂਗੇ, ਜੇ ਅਸੀਂ ਰਾਜ ਸੰਭਾਲਿਆ। ਬਚਨ ਕਰੋ ਅਤੇ ਬਚਨ ਦੇ ਉਤੇ ਪੂਰੀ ਤਰ੍ਹਾਂ ਪਹਿਰਾ ਦੇਵੋ। ਧਾਰਮਿਕ ਬੰਦੇ, ਉਤੋਂ, ਧਰਮੀ ਹਨ ਪਰ ਅੰਦਰੋਂ ਧਰਮ ਦੀ ਲਾਗ, ਨੇੜੇ-ਤੇੜੇ ਵੀ ਨਹੀਂ ਆਈ। ਓਹੀ ਬਦਲੇ, ਓਹੀ ਗੁੱਸੇ, ਉਹੀ ਦੂਜਿਆਂ ਨੂੰ ਘਟੀਆ ਜਾਨਣ ਦੀ ਵਾਦੀ - ਕੱਢੀ ਹੈ ਮਨ ਵਿਚੋਂ? ਹੁਕਮ ਹੈ - *'ਫਰੀਦਾ ਬੁਰੇ ਦਾ ਭਲਾ ਕਰਿ............॥'* ਅਸੀਂ ਜਿਹਦੇ ਅੱਗੇ ਸੀਸ ਨਿਵਾਉਂਦੇ ਹਾਂ, ਸੀਸ ਨਿਵਾ ਕੇ ਹੁਕਮ ਨੂੰ ਨਾ ਮੰਨਣ ਕਰਕੇ ਬੇਮੁਖ ਹੁੰਦੇ ਹਾਂ। ਕੀ ਐਸ ਤਰ੍ਹਾਂ ਅਸੀਂ ਗੁਰੂ ਦੀ ਖੁਸ਼ੀ ਲੈ ਸਕਦੇ ਹਾਂ? ਗੁਰੂ ਕਹਿੰਦਾ ਹੈ ਆ ਗਿਆ ਤੂੰ ਮੇਰੇ ਕੋਲ? ਕੀ ਚਿਤਵਨੀ ਹੈ ਤੇਰੇ ਅੰਦਰ? ਸੱਚੇ ਪਾਤਸ਼ਾਹ! ਫਲਾਣੇ ਨੇ ਮੇਰੇ ਨਾਲ ਬੁਰਿਆਈ ਕਰੀ ਹੈ, ਮੈਂ ਤਾਂ ਦੁੱਗਣੀ ਬੁਰਿਆਈ ਕਰਨੀ ਹੈ ਤਾਂ ਕਿ ਉਹਨੂੰ ਸੁਰਤ ਆ ਜਾਵੇ, ਅੱਗੇ ਵਾਸਤੇ ਨਾ ਕਿਸੇ ਨਾਲ ਬੁਰਿਆਈ ਕਰੇ। ਨਾ ਪਿਆਰਿਓ! ਆਹ ਗੱਲ ਨਾ ਸੋਚੋ। ਫੇਰ ਕੀ ਕਰਾਂ? ਕਹਿੰਦੇ, ਸੁਣ ਧਿਆਨ ਨਾਲ -

*ਫਰੀਦਾ ਬੁਰੇ ਦਾ ਭਲਾ ਕਰਿ*
*ਗੁਸਾ ਮਨਿ ਨ ਹਢਾਇ॥*
*ਪੰਨਾ - 1382*

ਗੁੱਸਾ ਨਾ ਹੰਢਾ ਬੇਟਾ! ਇਹ ਤੇਰੇ ਕਰਮਾਂ ਦਾ ਹੀ ਦੋਸ਼ ਹੈ, ਕਿਸੇ ਨੇ ਤੇਰੇ ਨਾਲ ਬੁਰਾ ਕੰਮ ਨਹੀਂ ਕੀਤਾ। ਜੇ ਤੂੰ ਸਾਡੀ ਗੱਲ ਮੰਨ ਲਵੇਂ ਤਾਂ ਤੇਰੀਆਂ ਸਾਰੀਆਂ ਚਿਤਵਨੀਆਂ ਖਤਮ ਹੋ ਕੇ -

*ਦੇਹੀ ਰੋਗ ਨ ਲਗਈ ਪਲੈ*
*ਸਭੁ ਕਿਛੁ ਪਾਇ॥ ਪੰਨਾ - 1382*

ਤੇਰੀ ਦੇਹੀ ਨੂੰ ਰੋਗ ਨਹੀਂ ਲੱਗਣਾ। ਜੇ ਸਾਡਾ ਕਹਿਣਾ ਮੰਨ ਲਏਂਗਾ, ਰੂਹਾਨੀਅਤ ਦੀ ਬਖਸ਼ਿਸ਼ ਤੇਰੇ ਪੱਲੇ ਵਿਚ ਆ ਕੇ ਭਰ ਜਾਏਗੀ। ਜੇ ਬਦਲਾ ਲਏਂਗਾ, ਫੇਰ ਕੀ ਹੋਏਗਾ? ਅਦਲੇ ਦਾ ਬਦਲਾ, ਬਦਲੇ ਦਾ ਅਦਲਾ; ਇਹ ਤਾਂ ਚਲਦਾ ਈ ਰਹਿਣੈ, ਪੁਸ਼ਤ-ਦਰ-ਪੁਸ਼ਤ ਜਾਣੈ, ਜਨਮ-ਦਰ-ਜਨਮ ਜਾਣੈ। ਬੰਦ ਕਰਦੇ ਇਸੇ ਥਾਂ ਤੇ; ਜਿਹੜੇ ਭਲੇ ਨੇ ਉਨ੍ਹਾਂ ਨੂੰ ਵੀ ਨਮਸ਼ਕਾਰ ਕਰ ਦੇ, ਜਿਹੜੇ ਬੁਰੇ ਨੇ ਉਨ੍ਹਾਂ ਨੂੰ ਵੀ ਕਰ ਦੇ; ਚੱਕਰ ਖਤਮ ਕਰ ਦੇ, ਅਗਾਹਾਂ ਨਾ ਬੀਜ।

ਭਾਈ ਤਿਲੋਕਾ ਜੀ ਕਹਿਣ ਲੱਗੇ, ਬੀਬਾ! ਸਾਡੇ ਗੁਰੂ ਨਾਨਕ ਨੇ ਤਾਂ ਇਹ ਸਿਖਾਇਐ ਤੇ ਨਾਲ ਇਹ ਸੰਸਾਰ ਦੇ ਅੰਦਰ ਅਦ੍ਰਿਸ਼ ਸ਼ਕਤੀ ਜੋ ਸਾਰੇ ਸੰਸਾਰ ਦੀ ਕੁਦਰਤ 'ਚੋਂ ਨਜ਼ਰ ਆਉਂਦੀ ਐ -

*ਬਲਿਹਾਰੀ ਕੁਦਰਤਿ ਵਸਿਆ॥*
*ਤੇਰਾ ਅੰਤੁ ਨ ਜਾਈ ਲਖਿਆ॥*
*ਪੰਨਾ - 469*

ਉਹ ਜੋ ਮਹਾਂਸ਼ਕਤੀ ਹੈ, ਉਸਨੂੰ ਅਸੀਂ ਪਿਆਰ ਨਾਲ ਵਾਹਿਗੁਰੂ ਕਹਿਨੇ ਹਾਂ, ਕੋਈ ਰਾਮ ਕਹਿੰਦਾ ਹੈ, ਕੋਈ ਰਹੀਮ ਕਹਿੰਦਾ ਹੈ, ਕੋਈ ਅੱਲਾ ਕਹਿੰਦਾ ਹੈ, ਕੋਈ ਗੋਬਿੰਦ ਕਹਿੰਦਾ ਹੈ, ਕੋਈ ਨਾਰਾਇਣ ਕਹਿੰਦਾ ਹੈ; ਆਪਣੀ-ਆਪਣੀ ਸ਼ਰਧਾ ਦੇ ਮੁਤਾਬਿਕ ਉਸਨੂੰ ਕਹਿੰਦੇ ਨੇ ਪਰ ਸਾਡੇ ਗੁਰੂ ਨਾਨਕ ਪਾਤਸ਼ਾਹ ਨੇ ਦੱਸਿਐ ਕਿ ਉਹ 'ਵਾਹਿਗੁਰੂ' ਹੈ। ਉਹ ਵਾਹਿਗੁਰੂ ਐਨਾ ਸਮਰੱਥ ਹੈ ਕਿ ਇਕ ਘਾਹ ਦਾ ਤਿਨਕਾ ਵੀ ਉਸਦੇ ਹੁਕਮ ਬਿਨਾਂ ਨਹੀਂ ਹਿੱਲ ਸਕਦਾ, ਜਦ ਤਕ ਉਹਦਾ ਹੁਕਮ ਨਹੀਂ ਹੁੰਦਾ; ਦਰੱਖਤ ਦਾ ਪੱਤਾ ਵੀ ਨਹੀਂ ਝੜ ਸਕਦਾ। ਉਸਦਾ ਹੁਕਮ ਪ੍ਰਧਾਨ ਹੋ ਰਿਹਾ ਹੈ ਪਰ ਇਹ ਆਦਮੀ ਗਲਤੀ ਨਾਲ ਕਹਿੰਦਾ ਹੈ ਕਿ ਮੈਂ ਆਹ ਕੰਮ ਕਰਿਐ, ਔਹ ਕੰਮ ਕਰਿਐ; ਇਸ ਤਰ੍ਹਾਂ ਹਉਮੈ ਵਿਚ ਫਸ ਜਾਂਦਾ ਹੈ, ਕਰਮਾਂ ਦੇ ਜਾਲ ਵਿਚ ਜਕੜਿਆ ਜਾਂਦਾ ਹੈ, ਫੇਰ ਇਨ੍ਹਾਂ ਕਰਮਾਂ ਨੂੰ ਭੋਗਣ ਲਈ ਜੰਮਦਾ ਤੇ ਮਰਦਾ ਰਹਿੰਦਾ ਹੈ -

*ਹੁਕਮੈ ਅੰਦਰਿ ਸਭੁ ਕੋ*
*ਬਾਹਰਿ ਹੁਕਮ ਨ ਕੋਇ॥*
*ਨਾਨਕ ਹੁਕਮੈ ਜੇ ਬੁਝੈ*
*ਤ ਹਉਮੈ ਕਹੈ ਨ ਕੋਇ॥ ਪੰਨਾ - 1*

ਹੁਕਮ ਦੀ ਗੱਲ ਸਮਝ ਕੇ 'ਹਉਂ' ਤੇ 'ਮੈਂ' ਦੀ ਗੱਲ ਖਤਮ ਹੋ ਜਾਂਦੀ ਹੈ, ਰਹਿੰਦੀ ਹੀ ਨਹੀਂ। ਜਿਹੜੇ ਹੁਕਮ ਵਿਚ ਚਲਦੇ ਨੇ, ਉਨ੍ਹਾਂ ਨੂੰ ਸੁੱਖ ਪ੍ਰਾਪਤ ਹੁੰਦਾ ਹੈ। ਐਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਓਹੀਓ ਸੁਖ ਪਾਉਂਦੇ ਨੇ,*
*ਮੰਨਦੇ ਜੋ ਹੁਕਮ ਹਰੀ ਦਾ*

*ਸਭਿ ਮਹਿ ਵਰਤੈ ਏਕੋ ਸੋਈ॥*
*ਗੁਰ ਪਰਸਾਦੀ ਪਰਗਟੁ ਹੋਈ॥*
*ਸਭਨਾ ਪ੍ਰਤਿਪਾਲ ਕਰੇ*
*ਜਗਜੀਵਨੁ ਦੇਦਾ ਰਿਜਕੁ ਸੰਬਾਹਾ ਹੇ॥*
*ਪੂਰੇ ਸਤਿਗੁਰਿ ਬੂਝਿ ਬੁਝਾਇਆ॥*
*ਹੁਕਮੇ ਹੀ ਸਭੁ ਜਗਤੁ ਉਪਾਇਆ॥*
*ਹੁਕਮੁ ਮੰਨੇ ਸੋਈ ਸੁਖੁ ਪਾਏ*
*ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ॥*
*ਪੰਨਾ - 1055*

*ਆਵਣੁ ਜਾਣਾ ਰਖੈ ਨ ਕੋਈ॥*
*ਜੰਮਣੁ ਮਰਣੁ ਤਿਸੈ ਤੇ ਹੋਈ॥*
*ਗੁਰਮੁਖਿ ਸਾਚਾ ਸਦਾ ਧਿਆਵਹੁ*
*ਗਤਿ ਮੁਕਤਿ ਤਿਸੈ ਤੇ ਪਾਹਾ ਹੇ॥*
*ਪੰਨਾ - 1057*

ਇਥੇ ਸਭ ਹੁਕਮ ਦੀ ਖੇਲ੍ਹ ਵਰਤ ਰਹੀ ਹੈ, ਹੁਕਮ ਵਿਚ ਹੀ ਆਦਮੀ ਸੰਸਾਰ ਤੇ ਆਉਂਦਾ ਹੈ ਤੇ ਹੁਕਮ ਵਿਚ ਹੀ ਸੰਸਾਰ ਤੋਂ ਚਲਿਆ ਜਾਂਦਾ ਹੈ। ਵਾਹਿਗੁਰੂ ਜੀ ਆਪਣੀ ਸੰਸਾਰਕ ਖੇਡ ਦੀ ਕ੍ਰਿਆ ਹੁਕਮ ਸ਼ਕਤੀ ਦੇ ਰਾਹੀਂ ਹੀ ਚਲਾ ਰਹੇ ਹਨ। ਫੁਰਮਾਨ ਹੈ – *'ਆਵਣੁ ਜਾਣਾ ਰਖੈ ਨ ਕੋਈ।। ਜੰਮਣੁ ਮਰਣੁ ਤਿਸੈ ਤੇ ਹੋਈ।। ਗੁਰਮੁਖਿ ਸਾਚਾ ਸਦਾ ਧਿਆਵਹੁ ਗਤਿ ਮੁਕਤਿ ਤਿਸੈ ਤੇ ਪਾਹਾ ਹੇ।।'*

ਇਕ ਸਾਖੀ ਗੁਰ ਇਤਿਹਾਸ ਵਿਚ ਆਉਂਦੀ ਹੈ ਕਿ ਇਕ ਗੁਰਮੁਖ ਨਾਮ ਦਾ ਗੁਰਸਿੱਖ ਗੁਰੂ ਪੰਜਵੇਂ ਪਾਤਸ਼ਾਹ ਜੀ ਦੇ ਪਾਸ ਆਇਆ। ਗੁਰੂ ਮਹਾਰਾਜ ਜੀ ਤੋਂ ਪ੍ਰਭੂ ਦੇ ਭਾਣੇ ਦੇ ਬਚਨ ਸ੍ਰਵਣ ਕੀਤੇ ਜਿਨ੍ਹਾਂ ਵਿਚ ਐਸੇ ਭਾਵ ਸਨ ਕਿ ਵਾਹਿਗੁਰੂ ਜੀ ਨੂੰ ਜੋ ਕੁਝ ਭਾਉਂਦਾ ਹੈ, ਉਹ ਆਪਣੀ ਮੌਜ ਵਿਚ ਉਸੇ ਤਰ੍ਹਾਂ ਨਾਲ ਕਰਦਾ ਹੈ, ਉਸਦੇ ਉਤੇ ਕਿਸੇ ਹੋਰ ਦਾ ਹੁਕਮ ਨਹੀਂ ਚਲਦਾ। ਉਹ ਸਾਰੀ ਸ੍ਰਿਸ਼ਟੀ ਦੇ ਕਾਰਜ ਨੂੰ ਚਲਾਉਣ ਵਾਲਾ, ਸੰਭਾਲਣ ਵਾਲਾ, ਪ੍ਰਤਿਪਾਲ ਕਰਨ ਵਾਲਾ ਪਾਤਸ਼ਾਹਾਂ ਦਾ ਪਾਤਸ਼ਾਹ ਹੈ। ਉਸਦੀ ਰਜ਼ਾ ਵਿਚ ਚਲਿਆਂ ਦੁਖ ਨਹੀਂ ਹੋਇਆ ਕਰਦਾ –

*ਜੋ ਤਿਸੁ ਭਾਵੈ ਸੋਈ ਕਰਸੀ*
*ਹੁਕਮੁ ਨ ਕਰਣਾ ਜਾਈ।।*
*ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ*
*ਨਾਨਕ ਰਹਣੁ ਰਜਾਈ।।*

*ਪੰਨਾ – 6*

ਜੋ ਕੁਝ ਵੀ ਸੰਸਾਰ ਵਿਚ ਵਰਤ ਰਿਹਾ ਹੈ, ਉਹ ਵਾਹਿਗੁਰੂ ਨੂੰ ਉਸੇ ਤਰ੍ਹਾਂ ਨਾਲ ਭਾਉਂਦਾ ਹੈ। ਆਦਮੀ ਆਪਣੀ ਅਕਲ ਦੇ ਹਿਸਾਬ ਨਾਲ ਇਸ ਵਿਚ ਕਿੰਤੂ ਕਰਦਾ ਹੈ ਤੇ ਕਿਤੇ ਕਹਿੰਦਾ ਹੈ ਕਿ ਇਹ ਪ੍ਰਮੇਸ਼ਰ ਠੀਕ ਨਹੀਂ ਕਰ ਰਿਹਾ ਅਤੇ ਕਿਤੇ ਕਹਿੰਦਾ ਹੈ ਕਿ ਫਲਾਣੇ ਨੇ ਗਲਤੀ ਕਰੀ ਤਾਂ ਐਸ ਤਰ੍ਹਾਂ ਹੋਇਆ, ਪਰ ਮਹਾਰਾਜ ਜੀ ਕਹਿੰਦੇ ਹਨ ਕਿ –

*ਜੋ ਕਿਛੁ ਵਰਤੈ ਸਭ ਤੇਰਾ ਭਾਣਾ।।*
*ਹੁਕਮੁ ਬੂਝੈ ਸੋ ਸਚਿ ਸਮਾਣਾ।।*

*ਪੰਨਾ – 193*

*ਤੇਰਾ ਭਾਣਾ ਸਭੁ ਕਿਛੁ ਹੋਵੈ।।*
*ਮਨਹਠਿ ਕੀਚੈ ਅੰਤਿ ਵਿਗੋਵੈ।।*

*ਪੰਨਾ – 356*

ਜਦੋਂ ਦੁਖ ਅਤੇ ਸੁਖ ਵਾਹਿਗੁਰੂ ਜੀ ਦੇ ਭਾਣੇ ਵਿਚ ਆਉਂਦੇ ਹਨ ਤਾਂ ਇਸ ਜੀਵ ਦੀ ਕੋਈ ਪੇਸ਼ ਨਹੀਂ ਜਾਂਦੀ, ਹਉਮੈ ਦੇ ਅਸਰ ਅਧੀਨ ਇਹਦੀ ਆਪਣੀ ਸੋਚ ਹੋਇਆ ਕਰਦੀ ਹੈ, ਆਪਣੇ ਹਿਤ ਹੋਇਆ ਕਰਦੇ ਹਨ ਅਤੇ ਆਪਣੇ ਹਿਤਾਂ ਦੇ ਮੁਤਾਬਿਕ ਚਾਹੁੰਦਾ ਹੈ ਕਿ ਪ੍ਰਮੇਸ਼ਰ ਮੇਰੀ ਮਰਜ਼ੀ ਦੇ ਮੁਤਾਬਿਕ ਜੋ ਮੈਂ ਮੰਗਾਂ, ਉਹ ਮੈਨੂੰ ਦੇਵੇ; ਜੋ ਮੈਂ ਚੰਗਾ ਚਾਹਾਂ, ਉਹੀ ਮੇਰੇ ਨਾਲ ਹੋਵੇ ਪਰ ਇਸਨੂੰ ਅਗੰਮੀ ਹੁਕਮ ਦੀ ਸੋਝੀ ਨਾ ਹੋਣ ਕਰਕੇ ਇਹ ਵਾਹਿਗੁਰੂ ਜੀ ਦੀ ਰਜ਼ਾ ਵਿਚ ਰਾਜ਼ੀ ਰਹਿਣ ਦੀ ਥਾਂ ਪ੍ਰਭੂ ਨੂੰ ਹੀ ਕੋਸਦਾ ਹੈ ਤੇ ਕਹਿੰਦਾ ਹੈ ਕਿ ਮੈਂ ਸੰਸਾਰ ਉਤੇ ਕੋਈ ਮਾੜਾ ਕੰਮ ਨਹੀਂ ਕੀਤਾ ਫਿਰ ਵੀ ਮੇਰੇ ਨਾਲ ਐਸਾ ਭਾਣਾ ਕਿਉਂ ਵਰਤ ਗਿਆ? ਇਹ ਆਪਣੇ ਹਿਤ ਦੇ ਛੋਟੇ ਜਿਹੇ ਘੇਰੇ ਵਿਚੋਂ ਉਪਜੀ ਵਾਸ਼ਨਾ ਹੈ ਜਿਸ ਰਾਹੀਂ ਅਸੀਂ ਚਾਹੁੰਦੇ ਹਾਂ ਕਿ ਸੰਸਾਰ ਦੇ ਚਲ ਰਹੇ ਸਮੁੱਚੇ ਪ੍ਰਬੰਧ ਵਿਚ ਦਖਲ ਦੇ ਕੇ, ਆਪਣੀ ਮਰਜ਼ੀ ਵਾਹਿਗੁਰੂ ਜੀ ਦੇ ਭਾਣੇ ਵਿਚ ਲਿਆ ਕੇ ਰੁਕਾਵਟ ਪਾਈਏ। ਜਿਸ ਤਰ੍ਹਾਂ ਦੇ ਨਾਲ ਸਾਡੇ ਜੋ ਨਿੱਜ ਦੇ ਹਿਤ ਹਨ, ਉਹ ਸਮੁੱਚੇ ਪ੍ਰਬੰਧ ਦੇ ਚਲ ਰਹੇ ਵੱਡੇ ਇੰਤਜ਼ਾਮ ਨੂੰ ਨਾ ਸਮਝਦਿਆਂ ਹੋਇਆਂ ਆਪਣੀ ਮਰਜ਼ੀ ਮੰਨਵਾ ਕੇ ਦਖਲ ਦਿੰਦੇ ਹਨ ਅਤੇ ਵਾਹਿਗੁਰੂ ਜੀ ਦੇ ਹੁਕਮ ਵਿਚ ਆਪਣੀ ਮਰਜ਼ੀ ਦਾਖਲ ਕਰਨੀ ਲੋਚਦੇ ਹਨ। ਇਸ ਤਰ੍ਹਾਂ ਉਸ ਦੇ ਭਾਣੇ ਵਿਚ ਦਖਲ ਅੰਦਾਜ਼ੀ ਹੋਇਆ ਕਰਦੀ ਹੈ। ਪਰ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ –

*ਗੁਰਮੁਖਿ ਹੁਕਮੁ ਮੰਨੇ*
*ਸਹ ਕੇਰਾ ਹੁਕਮੇ ਹੀ ਸੁਖੁ ਪਾਏ।।*
*ਹੁਕਮੋ ਸੇਵੇ ਹੁਕਮੁ ਅਰਾਧੇ*
*ਹੁਕਮੇ ਸਮੈ ਸਮਾਏ।।।*
*ਹੁਕਮੁ ਵਰਤੁ ਨੇਮੁ ਸੁਚ ਸਜਮੁ*
*ਮਨ ਚਿੰਦਿਆ ਫਲੁ ਪਾਏ।।*
*ਸਦਾ ਸੁਹਾਗਣਿ ਜਿ ਹੁਕਮੈ ਬੁਝੈ*
*ਸਤਿਗੁਰੁ ਸੇਵੈ ਲਿਵ ਲਾਏ।।*
*ਨਾਨਕ ਕ੍ਰਿਪਾ ਕਰੇ ਜਿਨ ਊਪਰਿ*
*ਤਿਨਾ ਹੁਕਮੇ ਲਏ ਮਿਲਾਏ।।*

*ਪੰਨਾ – 1422*

ਆਉਣਾ ਜਾਣਾ ਸਭ ਹੁਕਮ ਦੇ ਅੰਦਰ ਹੈ। ਅਗਿਆਨੀ ਪੁਰਸ਼ ਹੁਕਮ ਨੂੰ ਨਾ ਬੁੱਝਦਾ ਹੋਇਆ ਹੁਕਮ ਦੀ ਸੁਰ ਵਿਚ ਸੁਰ ਨਹੀਂ ਰਲਾ ਸਕਦਾ ਅਤੇ ਇਸ ਦੀ ਮਰਜ਼ੀ ਦੇ ਮੁਤਾਬਿਕ ਸਭ ਕੁਝ ਨਹੀਂ ਵਰਤਦਾ ਤਾਂ ਇਹ ਇਸ ਸੰਘਰਸ਼ ਵਿਚ ਹਾਰ ਖਾ ਕੇ ਰੋਂਦਾ-ਪਿੱਟਦਾ ਹੈ, ਦੁਖ ਮੰਨਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਨ੍ਹਾਂ ਜੰਤਾਂ ਦੇ ਵੱਸ ਵਿਚ ਕੁਝ ਵੀ ਨਹੀਂ ਹੈ। ਸਾਰੇ ਇਕ ਹੁਕਮ ਦੀ ਖੇਲ੍ਹ ਚਲ ਰਹੀ ਹੈ–

*ਹੁਕਮੀ ਸਭੇ ਊਪਜਹਿ*
*ਹੁਕਮੀ ਕਾਰ ਕਮਾਹਿ।।*
*ਹੁਕਮੀ ਕਾਲੈ ਵਸਿ ਹੈ*
*ਹੁਕਮੀ ਸਾਚਿ ਸਮਾਹਿ।।*
*ਨਾਨਕ ਜੋ ਤਿਸੁ ਭਾਵੈ ਸੋ ਥੀਐ*
*ਇਨਾ ਜੰਤਾ ਵਸਿ ਕਿਛੁ ਨਾਹਿ।।*

*ਪੰਨਾ – 55*

ਹੁਕਮ, ਭਾਣਾ ਤੇ ਰਜ਼ਾ ਉਸ ਸਾਹਿਬ ਦੇ ਮੰਡਲ ਦੀ ਨਾ ਸਮਝ ਵਿਚ ਆਉਣ ਵਾਲੀ ਖੇਡ ਹੈ। ਭਾਣੇ ਵਿਚ ਹੀ ਵੱਡੇ-ਵੱਡੇ ਸਿਆਣੇ ਜ਼ਿੰਦਗੀ ਦੇ ਰਾਹੋਂ ਕੁਰਾਹ

ਪੈ ਕੇ ਦੁਖੀ ਹੁੰਦੇ ਹਨ, ਭਾਣੇ ਵਿਚ ਹੀ ਸਧਾਰਣ ਬੰਦਿਆਂ ਨੂੰ ਜੀਵਨ ਰਾਹ ਦੀ ਸੋਝੀ ਹੋ ਜਾਂਦੀ ਹੈ, ਭਾਣੇ ਵਿਚ ਹੀ ਸਮਰੱਥ ਗੁਰੂ ਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ, ਭਾਣੇ ਵਿਚ ਹੀ ਵਾਹਿਗੁਰੂ ਦੀ ਕ੍ਰਿਪਾ ਹੋਣ ਤੇ ਵਾਹਿਗੁਰੂ ਦੇ ਗੁਣ ਗਾਏ ਜਾ ਸਕਦੇ ਹਨ; ਜੂਨੀਆਂ 'ਚ ਘੁੰਮਣਾ ਵੀ ਉਸਦੇ ਭਾਣੇ ਵਿਚ ਹੀ ਹੈ। ਉਸਦੀ ਮਰਜ਼ੀ ਦੇ ਮੁਤਾਬਿਕ ਹੀ ਸਭ ਕੁਝ ਹੋ ਰਿਹਾ ਹੈ। ਮੂਰਖ ਤੇ ਸਿਆਣਾ, ਕਹਿਣ ਵਾਸਤੇ ਹੀ ਹਨ ਜਦੋਂ ਕਿ ਸਭ ਕੁਝ ਉਸਦੇ ਭਾਣੇ ਵਿਚ ਹੀ ਵਰਤ ਰਿਹਾ ਹੈ। ਸੋ ਇਹ ਦੋਵੇਂ ਉਪਾਧੀਆਂ ਅਸਲੀਅਤ ਨੂੰ ਨਾ ਸਮਝ ਕੇ ਵਰਤੀਆਂ ਜਾਂਦੀਆਂ ਹਨ। ਵਾਹਿਗੁਰੂ ਦੀ ਕ੍ਰਿਆ ਗੰਮਤਾ ਤੋਂ ਪਰ੍ਹੇ ਹੈ ਅਤੇ ਮਾਨਸ ਸਰੀਰ ਦਾ ਕੋਈ ਵੀ ਇੰਦ੍ਰਾ ਇਸਨੂੰ ਸਮਝ ਨਹੀਂ ਸਕਦਾ। ਉਸਦੀ ਕ੍ਰਿਆ ਦੀ ਗਿਣਤੀ **infinity** ਹੈ, ਅਥਾਹ ਹੈ, ਬੇਅੰਤ ਹੈ ਅਤੇ ਅਕੱਥ ਹੈ, ਜੋ ਕਿਸੇ ਤਰ੍ਹਾਂ ਵੀ ਕਹੀ ਨਹੀਂ ਜਾ ਸਕਦੀ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ –

*ਭਾਣੈ ਉਝੜ ਭਾਣੈ ਰਾਹਾ॥*
*ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ॥*
*ਭਾਣੈ ਭਰਮਿ ਭਵੈ ਬਹੁ ਜੂਨੀ*
*ਸਭ ਕਿਛੁ ਤਿਸੈ ਰਜਾਈ ਜੀਉ॥*

*ਪੰਨਾ – 98*

ਭਾਣੇ ਵਿਚ ਹੀ ਗਲੀਆਂ ਵਿਚ ਰੁਲਦਿਆਂ ਨੂੰ ਤਖਤਾਂ ਉਪਰ ਸ਼ਸ਼ੋਭਤ ਕੀਤਾ ਜਾਂਦਾ ਹੈ, ਭਾਣੇ ਵਿਚ ਹੀ ਬਾਦਸ਼ਾਹ ਭੀਖ ਮੰਗਦੇ ਫਿਰਦੇ ਹਨ। ਫੁਰਮਾਨ ਹੈ –

*ਭਾਣੈ ਤਖਤਿ ਵਡਾਈਆ*
*ਭਾਣੈ ਭੀਖ ਉਦਾਸਿ ਜੀਉ॥*
*ਭਾਣੈ ਥਲ ਸਿਰਿ ਸਰੁ ਵਹੈ*
*ਕਮਲੁ ਫੁਲੈ ਆਕਾਸਿ ਜੀਉ॥*

*ਪੰਨਾ– 762*

ਅਜਿਹੇ ਬਚਨਾਂ ਦੇ ਭਾਵ ਸੁਣ ਕੇ ਇਸ ਗੁਰਸਿੱਖ ਨੇ ਗੁਰੂ ਮਹਾਰਾਜ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ! ਆਪ ਜੀ ਫੁਰਮਾਨ ਕਰਦੇ ਹੋ ਕਿ –

*ਹੁਕਮੁ ਮੰਨੇ ਸੋਈ ਸੁਖੁ ਪਾਏ ਹੁਕਮੁ*
*ਸਿਰਿ ਸਾਹਾ ਪਾਤਿਸਾਹਾ ਹੇ॥*

*ਪੰਨਾ – 1055*

ਪਰ ਇਹ ਹੁਕਮ ਮੰਨਿਆਂ ਜਾਣਾ ਬਹੁਤ ਹੀ ਔਖਾ ਹੈ। ਆਪ ਜੀ ਦੇ ਅਜਿਹੇ ਫੁਰਮਾਨ ਸੁਣ ਕੇ, ਕਿ ਇਹ ਜੀਵ ਹੁਕਮ ਵਿਚ ਹੀ ਸੰਸਾਰ ਵਿਚ ਆਇਆ ਹੈ ਤੇ ਹੁਕਮ ਮੁਤਾਬਿਕ ਹੀ ਸੰਸਾਰ ਤੋਂ ਚਲਾ ਜਾਂਦਾ ਹੈ, ਹੁਕਮ ਵਿਚ ਹੀ ਸਾਰੀਆਂ ਸ੍ਰਿਸ਼ਟੀਆਂ ਦੇ ਪਸਾਰੇ ਹੋਏ ਹਨ ਤੇ ਹੁਕਮ ਵਿਚ ਹੀ ਇਹ ਜੀਵ ਰਸ ਭੋਗਾਂ ਵਿਚ ਪ੍ਰਵਿਰਤ ਹੁੰਦਾ ਹੈ। ਸੱਚੇ ਪਾਤਸ਼ਾਹ! ਆਪ ਦਾ ਇਹ ਫੁਰਮਾਨ ਹੈ –

*ਗੁਰਮੁਖਿ ਹੁਕਮੁ ਮੰਨੇ ਸਹ ਕੇਰਾ*
*ਹੁਕਮੇ ਹੀ ਸੁਖੁ ਪਾਏ॥*

*ਪੰਨਾ – 1422*

ਕੀ ਕਿਸੇ ਐਸੇ ਪੁਰਸ਼ ਦੇ ਦਰਸ਼ਨ ਹੋ ਸਕਦੇ ਹਨ, ਜੋ ਪ੍ਰਭੂ ਦੇ ਹੁਕਮ ਵਿਚ ਰਹਿੰਦਾ ਹੋਇਆ ਲੇਸ ਮਾਤਰ ਵੀ ਵਿਖਸ਼ੇਪਤਾ ਵਿਚ ਨਾ ਆਵੇ? ਮਹਾਰਾਜ ਜੀ ਨੇ ਕਿਹਾ ਕਿ ਭਾਈ ਪ੍ਰੇਮੀਆਂ! ਗੁਰੂ ਅੰਮ੍ਰਿਤ ਸਰੋਵਰ ਹੋਇਆ ਕਰਦਾ ਹੈ ਜਿਥੇ ਮੋਤੀ ਰੂਪ ਬਚਨ, ਗੁਰੂ ਦੇ ਮੁੱਖ ਤੋਂ ਪ੍ਰਗਟ ਹੁੰਦੇ ਹਨ। ਇਨ੍ਹਾਂ ਬਚਨਾਂ ਨੂੰ ਹੰਸ ਰੂਪ ਗੁਰਮੁਖ ਪਿਆਰੇ ਚੁਗਦੇ ਹਨ ਤੇ ਕਮਾਉਂਦੇ ਹਨ। ਦੂਸਰਿਆਂ ਨੂੰ ਗੁਰੂ ਬਚਨਾਂ ਅਨੁਸਾਰ ਪ੍ਰਕਾਸ਼ ਬਖਸ਼ਦੇ ਹਨ। ਸੰਗਤ ਦੇ ਦਰਸ਼ਨ ਕਰ; ਇਨ੍ਹਾਂ ਵਿਚ ਅਨੇਕ ਐਸੇ ਗੁਰਮੁਖ ਪਿਆਰੇ ਵਾਸ ਰਖਦੇ ਹਨ ਜਿਨ੍ਹਾਂ ਦੇ ਦਰਸ਼ਨ ਕਰਨ ਦੀ ਇੱਛਾ ਤੇਰੇ ਮਨ ਵਿਚ ਜਾਗੀ ਹੈ। ਸਿੱਖ ਕਹਿਣ ਲੱਗਿਆ ਕਿ ਮਹਾਰਾਜ! ਸਾਡੀ ਅਲਪ ਬੁੱਧੀ ਹੈ, ਅਸੀਂ ਗੁਰਮੁਖ ਤੇ ਮਨਮੁਖ ਦੀ ਪਛਾਣ ਨਹੀਂ ਕਰ ਸਕਦੇ ਅਤੇ ਨਾ ਹੀ ਸਾਨੂੰ ਸੰਤ ਜਨਾਂ ਦੀ ਕੋਈ ਪਹਿਚਾਣ ਹੈ ਕਿਉਂਕਿ ਉਨ੍ਹਾਂ ਨੇ ਕੋਈ ਖਾਸ ਕਿਸਮ ਦਾ ਭੇਖ ਨਹੀਂ ਬਣਾਇਆ ਹੁੰਦਾ ਜਿਸ ਤੋਂ ਇਹ ਪਤਾ ਲਗ ਜਾਵੇ ਕਿ ਇਹ ਗੁਰਸਿੱਖ, ਗੁਰਮੁਖ ਅਵਸਥਾ ਵਿਚ ਪ੍ਰਵਾਨ ਹੋਇਆ ਗੁਰਸਿੱਖ ਹੈ। ਇਹ ਤਾਂ ਆਪ ਹੀ ਕ੍ਰਿਪਾ ਕਰਕੇ ਮੇਰੀਆਂ ਅੱਖਾਂ ਤੋਂ ਮੋਤੀਆ ਬਿੰਦ ਲਾਹ ਕੇ ਗੁਰਮੁਖ ਦੇ ਦਰਸ਼ਨ ਕਰਾਓ।

ਗੁਰੂ ਮਹਾਰਾਜ ਜੀ ਨੇ ਕਿਹਾ ਕਿ ਜੇ ਤੂੰ ਪ੍ਰਤੱਖ ਰੂਪ ਵਿਚ ਦੇਖਣਾ ਚਾਹੁੰਦਾ ਹੈਂ ਤਾਂ ਗੁਜਰਾਤ ਦੇ ਰਹਿਣ ਵਾਲੇ ਭਾਈ ਭਿਖਾਰੀ ਨਾਮ ਦੇ ਗੁਰਸਿੱਖ ਦੇ ਦਰਸ਼ਨ ਦੋ ਚਾਰ ਦਿਨਾਂ ਵਿਚ ਹੀ ਜਾ ਕੇ ਕਰ ਅਤੇ ਉਸਦੇ ਗ੍ਰਿਹ ਵਿਖੇ ਦੋ ਚਾਰ ਦਿਨ ਦਾ ਨਿਵਾਸ ਰੱਖੀਂ। ਉਨ੍ਹਾਂ ਦੀ ਕ੍ਰਿਆ ਨੂੰ ਗਹੁ ਨਾਲ ਵੇਖੀਂ ਤੇ ਭਾਈ ਭਿਖਾਰੀ ਦੇ ਨਿਤ ਕਰਮਾਂ ਵਿਚੋਂ ਤੈਨੂੰ ਗੁਰਮੁਖ ਪਦ ਦੀ ਰਹਿਣੀ ਬਹਿਣੀ ਦੀ ਸੋਝੀ ਹੋ ਜਾਵੇਗੀ ਅਤੇ ਭਾਣੇ ਦੇ ਰਸ ਨੂੰ ਤੂੰ ਆਪਣੀਆਂ ਅੱਖਾਂ ਤੇ ਸੀਮਤ ਬੁੱਧੀ ਨਾਲ ਪ੍ਰਤੱਖ ਦੇਖ ਲਵੇਂਗਾ।

ਇਹ ਗੁਰਮੁਖ ਪਿਆਰਾ ਆਗਿਆ ਲੈ ਕੇ ਗੁਜਰਾਤ ਵਲ ਚਲ ਪਿਆ। ਪਤਾ ਕਰਕੇ ਭਾਈ ਭਿਖਾਰੀ ਦੇ ਬੂਹੇ ਅੱਗੇ ਪਹੁੰਚਿਆ। ਘਰੋਂ ਪੁਛਣ ਤੇ ਪਤਾ ਲੱਗਿਆ ਕਿ ਭਾਈ ਭਿਖਾਰੀ ਜੀ ਆਪਣੀ ਮੌਜ ਨਾਲ ਹੀ ਬੈਠਕ (**drawing room**) ਵਿਚ ਬੈਠੇ ਹਨ। ਬੂਹੇ ਤੇ ਦਸਤਕ ਦੇ ਕੇ ਬੂਹਾ ਖੁਲ੍ਹਾਇਆ। ਭਾਈ ਭਿਖਾਰੀ ਜੀ ਉਠੇ ਅਤੇ ਬਹੁਤ ਪ੍ਰੇਮ ਨਾਲ ਗੁਰਸਿੱਖ ਦਾ ਆਦਰ ਸਤਿਕਾਰ ਕੀਤਾ। ਜਲ ਪਾਣੀ ਦੀ ਸੇਵਾ ਪੁੱਛੀ ਅਤੇ ਕੁਛ ਘਰੋਂ ਛਕਣ-ਛਕਾਉਣ ਵਾਸਤੇ ਲਿਆ ਕੇ ਭੇਟ ਕੀਤਾ ਪਰ ਆਪ ਫਰਸ਼ ਤੇ ਪਈ ਇਕ ਪੁਰਾਣੀ ਦਰੀ ਦੀ ਗੰਢ-ਤਰੁਪ ਕਰ ਰਹੇ ਸਨ। ਜਿਥੋਂ ਫਟੀ ਹੋਈ ਸੀ, ਉਥੇ ਨਵੇਂ ਕੱਪੜਿਆਂ ਦੀਆਂ ਟਾਕੀਆਂ ਲਾ ਰਹੇ ਸਨ। ਬਾਹਰੋਂ ਆਏ ਗੁਰਮੁਖ ਨੇ ਜਲ ਪਾਣੀ ਛਕਣ ਪਿਛੋਂ ਤੀਖਣ ਨਜ਼ਰ ਨਾਲ ਤੱਕਿਆ ਕਿ ਇਸੇ ਕਮਰੇ ਵਿਚ ਮ੍ਰਿਤਕ

ਸਮੇਂ ਸਸਕਾਰ ਕਰਨ ਨਮਿਤ ਕੁਝ ਚੀਜ਼ਾਂ ਰੱਖੀਆਂ ਹੋਈਆਂ ਹਨ ਜਿਨ੍ਹਾਂ ਵਿਚ ਇਕ ਅਰਥੀ ਅਤੇ ਇਕ ਕਣਕ ਦੀ ਨਾੜੀ ਦਾ ਪੂਲਾ ਪਿਆ ਹੈ, ਇਕ ਨਵਾਂ ਘੜਾ ਵੀ ਰੱਖਿਆ ਹੋਇਆ ਹੈ। ਮਨ ਵਿਚ ਕੁਝ ਸਹਿਮ ਆਇਆ ਪਰ ਪੁਛ ਨਾ ਸਕਿਆ। ਖਿੜਕੀ ਵਿਚੋਂ ਦੇਖਿਆ ਕਿ ਘਰ ਵਿਚ ਪਕਵਾਨ ਪਕਾਏ ਜਾ ਰਹੇ ਹਨ, ਕੱਪੜੇ ਸਿਉਂਤੇ ਜਾ ਰਹੇ ਹਨ, ਰਿਸ਼ਤੇਦਾਰ, ਸਬੰਧੀ ਅਤੇ ਹੋਰ ਅਨੇਕਾਂ ਪਿਆਰੇ ਘਰ ਵਿਚ ਆਏ ਹੋਏ ਹਨ; ਘਰ ਵਿਚ ਮੰਗਲਾਚਾਰ ਹੈ, ਖੁਸ਼ੀਆਂ ਹਨ, ਸਾਰਿਆਂ ਦੇ ਚਿਹਰਿਆਂ ਤੇ ਖੇੜਾ ਹੈ। ਦੋਨੋਂ ਹਾਲਤਾਂ ਉਸਨੇ ਦੇਖੀਆਂ। ਭਾਈ ਭਿਖਾਰੀ ਜੀ ਨੇ ਗੁਰੂ ਮਹਾਰਾਜ ਜੀ ਬਾਰੇ ਬਚਨ ਚਲਾਏ ਤੇ ਬਹੁਤ ਹੀ ਅਨੰਦਿਤ ਹੋਏ ਕਿ ਗੁਰੂ ਮਹਾਰਾਜ ਜੀ ਦਾ ਨਿੱਜ ਦਾ ਭੇਜਿਆ ਹੋਇਆ ਗੁਰਸਿੱਖ ਮੈਨੂੰ ਦਰਸ਼ਨ ਦੇਣ ਆਇਆ ਹੈ। ਬਹੁਤ ਬਚਨ ਕੀਤੇ, ਨਿਯਤ ਸਮੇਂ ਤੇ ਗੁਰਬਾਣੀ ਦਾ ਨਿਤਨੇਮ ਕੀਤਾ ਅਤੇ ਰਾਤ ਨੂੰ ਪ੍ਰਭੂ ਪ੍ਰੇਮ ਵਿਚ ਲੀਨ ਹੋ ਕੇ ਉਸਦਾ ਨਾਮ ਜਪਦਿਆਂ ਬਿਰਾਜਮਾਨ ਹੋ ਗਏ। ਸੁਖ ਦੀ ਰਾਤ ਬਤੀਤ ਕੀਤੀ।

ਦੂਜੇ ਦਿਨ ਭਾਈ ਭਿਖਾਰੀ ਦੇ ਹੋਣਹਾਰ ਜਵਾਨੀ ਵਿਚ ਪੈਰ ਰਖਦੇ ਲੜਕੇ ਦੀ ਸ਼ਾਦੀ ਸੀ। ਵਿਆਹੁਣ ਜਾਣ ਲਈ ਸਵਾਰੀਆਂ ਵਿਚ ਸਵਾਰ ਹੋ ਕੇ ਘਰੋਂ ਪ੍ਰੇਮੀ ਚਲ ਪਏ। ਭਾਈ ਭਿਖਾਰੀ ਨੇ ਭਾਈ ਗੁਰਮੁਖ ਜੀ ਨੂੰ ਆਪਣੇ ਨਾਲ ਹੀ ਥਾਂ ਦਿਤੀ। ਭਾਈ ਭਿਖਾਰੀ ਜੀ ਬੜੇ ਚਾਅ ਮਲ੍ਹਾਰ ਨਾਲ ਪੁਤਰ ਨੂੰ ਵਿਆਹ ਕੇ ਵਾਪਸ ਆ ਰਹੇ ਸਨ, ਅਚਾਨਕ ਪੁਤਰ ਦੇ ਪੇਟ ਵਿਚ ਦਰਦ ਉਠ ਖੜ੍ਹਾ ਹੋਇਆ। ਜੋ ਵੀ ਦਵਾ-ਦਾਰੂ ਉਸ ਸਮੇਂ ਪ੍ਰਾਪਤ ਸੀ, ਉਹ ਦਿਤੀ ਪਰ ਕੋਈ ਅਰਾਮ ਨਾ ਹੋਇਆ। ਸਾਰੇ ਬਰਾਤੀਆਂ ਦੇ ਮਨਾਂ ਅੰਦਰ ਚਿੰਤਾ ਦੀਆਂ ਰੇਖਾਵਾਂ ਪ੍ਰਤੱਖ ਦਿਸਣ ਲਗੀਆਂ। ਬਰਾਤ ਚਲਦੇ ਰਸਤੇ ਵਿਚ ਹੀ ਭਾਈ ਭਿਖਾਰੀ ਦਾ ਹੋਣਹਾਰ ਪੁੱਤਰ ਇਸ ਸਰੀਰ ਰੂਪੀ ਪਿੰਜਰ ਵਿਚੋਂ ਉਡਾਰੀ ਮਾਰ ਗਿਆ। ਲੜਕਾ ਅਤੇ ਨਵੀਂ ਬਣੀ ਉਸਦੀ ਪਤਨੀ ਦੋਨੋਂ ਇਕ ਰੱਥ ਵਿਚ ਸਵਾਰ ਸਨ। ਉਸ ਲੜਕੀ ਨੇ ਵੀ ਦੇਖਿਆ ਕਿ ਮੇਰਾ ਸੁਹਾਗ ਖਿੜਨ ਤੋਂ ਪਹਿਲਾਂ ਹੀ ਮੁਰਝਾ ਕੇ ਬੂਟੇ ਦੀ ਟਾਹਣੀ ਨਾਲੋਂ ਗਿਰ ਗਿਆ ਹੈ ਪਰ ਉਸਦੇ ਅੰਦਰ ਕੋਈ ਬਹੁਤੀ ਘਬਰਾਹਟ ਨਹੀਂ ਸੀ। ਜਿਸ ਵਕਤ ਆਪਣੇ ਘਰ ਦੇ ਬੂਹੇ ਅੱਗੇ ਪਹੁੰਚਦੇ ਹਨ, ਮਾਤਾ ਪਾਣੀ ਵਾਰਨ ਵਾਸਤੇ ਬੂਹੇ ਵਿਚ ਪਾਣੀ ਲਈਂ ਅਤੇ ਹੋਰ ਅਨੇਕ ਮੰਗਲ ਸਮਾਗਮ ਦੀਆਂ ਕ੍ਰਿਆਵਾਂ ਕਰਨ ਵਾਸਤੇ ਖੁਸ਼ੀ ਦੇ ਪ੍ਰਗਟਾਅ ਲਈ ਆਪਣੀਆਂ ਲੜਕੀਆਂ ਸਮੇਤ ਖੜ੍ਹੀ ਹੈ। ਲੜਕੀਆਂ ਨੇ ਬੂਹਾ ਮੱਲਿਆ ਹੈ ਕਿ ਆਪਣੇ ਭਰਾ ਤੋਂ ਮਨ ਮਰਜ਼ੀ ਦਾ ਤੋਹਫਾ ਪ੍ਰਾਪਤ ਕਰਨਾ ਹੈ ਪਰ ਵਾਤਾਵਰਣ ਇਕ ਦਮ ਬੇ-ਸ਼ਗਨੀਆਂ ਦੀ ਹਾਲਤ ਵਿਚ ਪ੍ਰਗਟ ਹੋ ਗਿਆ। ਪੁੱਤਰ ਦੇ ਮਿਰਤਕ ਸਰੀਰ ਨੂੰ ਭਾਈ ਭਿਖਾਰੀ ਜੀ ਆਪ ਕਲਾਵੇ ਵਿਚ ਚੁੱਕ ਕੇ ਵਾਹਿਗੁਰੂ-ਵਾਹਿਗੁਰੂ ਕਰਦੇ ਲਿਆ ਰਹੇ ਹਨ। ਭਾਈ ਗੁਰਮੁਖ ਜੋ ਗੁਰੂ ਮਹਾਰਾਜ ਦੇ ਭੇਜੇ ਹੋਏ ਉਨ੍ਹਾਂ ਦੇ ਨਾਲ ਸਨ, ਉਨ੍ਹਾਂ ਦੇ ਅੱਖਾਂ 'ਚੋਂ ਹੰਝੂਆਂ ਦੀ ਝੜੀ ਵਗ ਰਹੀ ਸੀ - ਇਹ ਮਹਿਸੂਸ ਕਰਕੇ, ਕਿ ਇਸ ਗੁਰਸਿੱਖ ਨੂੰ ਕਿੰਨਾ ਦੁਖ ਹੋ ਰਿਹਾ ਹੈ। ਪਰ ਨਾਲ ਹੀ ਉਹ ਹੈਰਾਨ ਹੋ ਰਿਹਾ ਸੀ ਕਿ ਇਸ ਗੁਰਮੁਖ ਪਿਆਰੇ ਨੇ ਕੋਈ ਚੀਕ-ਚਿੰਗਿਆੜਾ ਨਹੀਂ ਪਾਇਆ ਅਤੇ ਸਭਨਾਂ ਨੂੰ ਚੁੱਪ ਕਰਾ ਕੇ ਸਤਿਗੁਰੂ ਦੇ ਭਾਣੇ ਵਿਚ ਰਹਿਣ ਦੀ ਸ਼ਿਕਸ਼ਾ ਦੇ ਕੇ ਕਿਹਾ ਕਿ ਮੇਰੇ ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ -

*ਜਿਉ ਜਿਉ ਤੇਰਾ ਹੁਕਮੁ*
*ਤਿਵੈ ਤਿਉ ਹੋਵਣਾ।।*
*ਜਹ ਜਹ ਰਖਹਿ ਆਪਿ*
*ਤਹ ਜਾਇ ਖੜੋਵਣਾ।। ਪੰਨਾ - 523*

*ਹੁਕਮਿ ਰਜਾਈ ਜੋ ਚਲੈ*
*ਸੋ ਪਵੈ ਖਜਾਨੈ।।*
*ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ।।*
*ਪੰਨਾ - 421*

*ਹੁਕਮੁ ਭੀ ਤਿਨਾ ਮਨਾਇਸੀ*
*ਜਿਨ ਕਉ ਨਦਰਿ ਕਰੇਇ।।*
*ਹੁਕਮੁ ਮੰਨਿ ਸੁਖੁ ਪਾਇਆ*
*ਪ੍ਰੇਮ ਸੁਹਾਗਣਿ ਹੋਇ।।*
*ਪੰਨਾ - 510*

ਸੋ ਸੰਸਾਰ ਵਿਚ ਆਉਣਾ-ਜਾਣਾ, ਮਿਲਣਾ-ਵਿਛੜਨਾ, ਵਡਿਆਈ ਪਾਉਣੀ, ਤਖਤਾਂ ਤੋਂ ਲਹਿ ਜਾਣਾ; ਸਭ ਉਸ ਪ੍ਰਭੂ ਦੇ ਹੁਕਮ ਅਧੀਨ ਹੀ ਹੋ ਰਿਹਾ ਹੈ -

*ਸਭੁ ਕਿਛੁ ਹੁਕਮੇ ਆਵਦਾ*
*ਸਭੁ ਕਿਛੁ ਹੁਕਮੇ ਜਾਇ।।*
*ਜੇ ਕੋ ਮੂਰਖੁ ਆਪਹੁ ਜਾਣੈ*
*ਅੰਧਾ ਅੰਧੁ ਕਮਾਇ।।*
*ਨਾਨਕੁ ਹੁਕਮੁ ਕੋ ਗੁਰਮੁਖਿ ਬੁਝੈ*
*ਜਿਸ ਨੋ ਕਿਰਪਾ ਕਰੇ ਰਜਾਇ।।*
*ਪੰਨਾ - 556*

ਸੋ ਇਸਦੇ ਨਾਲ ਹੀ ਆਪ ਨੇ ਫੁਰਮਾਨ ਕੀਤਾ ਕਿ ਸਭ ਵਿਚ ਉਹੀ ਸਮਾਈ ਪਾਉਂਦਾ ਹੈ ਜਿਹੜਾ ਗੁਰੂ ਦਾ ਹੁਕਮ ਮੰਨਦਾ ਹੈ। ਪ੍ਰਭੂ ਉਨ੍ਹਾਂ ਨੂੰ ਸਭ ਕੁਝ ਬਖਸ਼ਦਾ ਹੈ ਜਿਹੜੇ ਹੁਕਮ ਵਿਚ ਰਾਜ਼ੀ ਰਹਿੰਦੇ ਹਨ; ਇਥੋਂ ਤਕ ਕਿ ਸੰਸਾਰ ਵਿਚ ਰਹਿੰਦਿਆਂ ਹੀ ਜੀਵਨ ਬਤੀਤ ਕਰਦਿਆਂ ਪ੍ਰਭੂ ਕ੍ਰਿਪਾ ਕਰਕੇ ਆਪਣੇ ਨਿੱਜ ਮਹਿਲ ਦਾ ਦਰਵਾਜ਼ਾ ਉਨ੍ਹਾਂ ਵਾਸਤੇ ਖੋਲ੍ਹ ਦਿੰਦਾ ਹੈ ਤੇ ਉਹ ਸੁਖ ਮਹਿਲ ਦੇ ਵਾਸੀ ਹੋ ਜਾਇਆ ਕਰਦੇ ਹਨ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਜੋ ਕਿਛੁ ਵਰਤੈ ਸਭ ਤੇਰਾ ਭਾਣਾ।।*
*ਹੁਕਮੁ ਬੂਝੈ ਸੋ ਸਚਿ ਸਮਾਣਾ।।*
*ਕਰਿ ਕਿਰਪਾ ਦੀਜੈ ਪ੍ਰਭ ਦਾਨੁ।।*
*ਨਾਨਕ ਸਿਮਰੈ ਨਾਮੁ ਨਿਧਾਨੁ।।*
*ਪੰਨਾ - 193*

*ਜਿਸੁ ਜਨ ਅਪਨਾ ਹੁਕਮੁ ਮਨਾਇਆ।।*

*ਸਰਬ ਥੋਕ ਨਾਨਕ ਤਿਨਿ ਪਾਇਆ॥*

*ਪੰਨਾ - 268*

*ਜਿਨਾ ਹੁਕਮੁ ਮਨਾਇਓਨੁ*
*ਤੇ ਪੂਰੇ ਸੰਸਾਰਿ॥*
*ਸਾਹਿਬੁ ਸੇਵਨਿ ਆਪਣਾ*
*ਪੂਰੈ ਸਬਦਿ ਵੀਚਾਰਿ॥*

*ਪੰਨਾ - 512*

*ਹੁਕਮਿ ਮੰਨਿਐ ਹੋਵੈ ਪਰਵਾਣੁ*
*ਤਾ ਖਸਮੈ ਕਾ ਮਹਲੁ ਪਾਇਸੀ॥*

*ਪੰਨਾ - 471*

ਸੋ ਇਸ ਤਰ੍ਹਾਂ ਦੇ ਨਾਲ ਸਾਰਿਆਂ ਨੂੰ ਸਮਝਾ ਕੇ ਉਨ੍ਹਾਂ ਨੂੰ ਅਥਾਹ ਅਗੰਮ ਦੇ ਦਰਿਆ ਵਿਚੋਂ ਗੋਤੇ ਖਾਂਦਿਆਂ ਨੂੰ ਕੱਢਿਆ। ਜੋ ਦਰੀ ਆਪ ਨੇ ਟਾਕੀਆਂ ਲਾ-ਲਾ ਕੇ ਠੀਕ ਕੀਤੀ ਸੀ, ਉਹ ਲਿਆ ਕੇ ਵਿਛਾ ਦਿਤੀ ਅਤੇ ਸਾਰਿਆਂ ਨੂੰ ਬੇਨਤੀ ਕੀਤੀ ਕਿ ਹੁਣੇ ਹੀ ਇਸ ਬੱਚੇ ਦੀ ਮਿਰਤਕ ਦੇਹ ਦਾ ਸਸਕਾਰ ਕੀਤਾ ਜਾਵੇ। ਅਰਥੀ ਤੇ ਮਿਰਤਕ ਦਾ ਸਮਾਨ ਪਹਿਲਾਂ ਹੀ ਤਿਆਰ ਸੀ, ਉਹ ਸਾਰਾ ਚੁਕ ਲਿਆਂਦਾ ਅਤੇ ਗੁਰੂ ਮਹਾਰਾਜ ਦੇ ਹੁਕਮ ਵਿਚ ਜੋਟੀਆਂ ਦਾ ਕੀਰਤਨ ਕਰਦੇ ਹੋਏ ਸ਼ਮਸ਼ਾਨ ਘਾਟ ਨੂੰ ਚਲੇ ਗਏ ਤੇ ਸਸਕਾਰ ਕਰਕੇ, ਘਰ ਆ ਕੇ ਸਭ ਨੂੰ ਲੰਗਰ ਛਕਾਇਆ ਅਤੇ ਬੈਠ ਕੇ ਸਮੂਹਿਕ ਰਹਿਰਾਸ ਪੜ੍ਹੀ ਅਤੇ ਆਪ ਉਠ ਕੇ ਅਰਦਾਸ ਕੀਤੀ ਕਿ ਮੇਰੇ ਪ੍ਰਮ ਪਿਆਰੇ ਗੁਰੂ ਅਰਜਨ ਪਾਤਸ਼ਾਹ! ਤੇਰੇ ਹੁਕਮ ਵਿਚ ਇਹ ਲੜਕਾ ਸੰਸਾਰ ਤੇ ਆਇਆ ਸੀ ਤੇ ਸੰਸਾਰੀ ਖੇਲ੍ਹ ਕੀਤੇ; ਜਦੋਂ ਤੂੰ ਬੁਲਾ ਲਿਆ ਤਾਂ ਤੇਰੇ ਪਾਸ ਪਹੁੰਚ ਗਿਆ। ਅਸੀਂ ਭਰੋਸੇ ਵਿਚ ਕਮਜ਼ੋਰ ਹਾਂ ਤੇਰਾ ਹੁਕਮ ਨਹੀਂ ਬੁੱਝ ਸਕਦੇ ਤੇ ਆਪਣੀ ਮਰਜ਼ੀ ਅਨੁਸਾਰ ਚਾਹੁੰਦੇ ਸਾਂ ਕਿ ਇਹ ਪੁਤਰ ਮਾਤਾ ਪਿਤਾ ਦੇ ਸਰੀਰ ਵਿਚ ਹੁੰਦਿਆਂ, ਸੰਸਾਰੀ ਖੇਡ-ਖੇਡਦਿਆਂ ਨਾਮ ਜਪਦਾ ਤੇ ਪੂਰਨ ਗੁਰਸਿੱਖ ਬਣਦਾ ਪਰ ਤੈਨੂੰ ਜਿਵੇਂ ਭਾਇਆ, ਉਸੇ ਤਰ੍ਹਾਂ ਨਾਲ ਵਰਤਿਆ। ਹੇ ਪ੍ਰਭੂ! ਸਾਡੇ ਮਨ ਵਿਚ ਕੋਈ ਗਿਣਤੀ ਨਾ ਵਰਤੇ। ਜਿਵੇਂ ਅਸੀਂ ਪਹਿਲਾਂ ਤੇਰੇ ਪਿਆਰ ਵਿਚ ਰੱਤੇ ਰਹਿੰਦੇ ਸਾਂ, ਉਵੇਂ ਹੀ ਰਹੀਏ।

ਸੋ ਆਪ ਆਪਣੇ ਨਿੱਜ ਦੇ ਕਮਰੇ ਵਿਚ ਪਹੁੰਚ ਗਏ। ਭਾਈ ਗੁਰਮੁਖ, ਜੋ ਗੁਰੂ ਮਹਾਰਾਜ ਦਾ ਭੇਜਿਆ ਆਇਆ ਹੋਇਆ ਸੀ, ਉਹ ਇਹ ਕ੍ਰਿਆ ਦੇਖ ਕੇ ਬਹੁਤ ਹੀ ਅਚੰਭਿਤ ਹੋਇਆ ਅਤੇ ਮਨ ਵਿਚ ਵਿਚਾਰਿਆ ਕਿ ਮੈਂ ਤਾਂ ਹੁਕਮ ਤੇ ਭਾਣੇ ਬਾਰੇ ਕਦੇ ਭਰੋਸੇ ਵਿਚ ਨਹੀਂ ਸਾਂ ਆਇਆ ਅਤੇ ਸਦਾ ਹੀ ਗੁਰੂ ਤੋਂ ਮੰਗਦਾ ਰਹਿੰਦਾ ਸੀ ਕਿ ਪ੍ਰਮੇਸ਼ਰ! ਕਦੇ ਦੁਖ ਨਾ ਦਿਖਾਈਂ, ਅਸਹਿ ਵਿਛੋੜਿਆਂ ਨਾਲ ਸਾਡਾ ਵਾਹ ਨਾ ਪਾਈਂ, ਸੁਖਾਂ ਦਾ ਜੀਵਨ ਬਿਤਾਈਂ। ਮਨ ਵਿਚ ਸੋਚਦਾ ਹੈ ਕਿ ਜੇਕਰ ਇਹ ਭਾਣਾ ਮੇਰੇ ਨਾਲ ਵਰਤ ਜਾਂਦਾ ਤਾਂ ਮੈਂ ਡਾਡਾਂ ਮਾਰ-ਮਾਰ ਕੇ ਆਪ ਰੋਣਾ ਸੀ ਤੇ ਦੂਜਿਆਂ ਨੂੰ ਵੀ ਰੁਆਉਣਾ ਸੀ। ਪਰ ਧੰਨ ਹੈ ਭਾਈ ਭਿਖਾਰੀ ਜਿਸਨੂੰ ਇਸ ਘਟਨਾ ਦਾ ਲੇਸ ਮਾਤਰ ਵੀ ਦੁਖ ਨਹੀਂ ਹੋਇਆ; ਕਿੰਨਾ ਮਹਾਨ ਹੈ ਇਹ। ਵਿਛੋੜੇ ਦਾ ਤਾਂ ਪ੍ਰਕ੍ਰਿਤੀ ਵੀ ਦੁਖ ਮੰਨਦੀ ਹੈ। ਦਰਖਤ ਦਾ ਜੇ ਪੱਤਾ ਤੋੜਿਆ ਜਾਵੇ ਤਾਂ ਟਾਹਣੀ ਵਿਚੋਂ ਪਾਣੀ ਸਿੰਮਦਾ ਹੈ ਜੋ ਵਿਛੋੜੇ ਦਾ ਪ੍ਰੀਤਕ ਹੈ; ਪਰ ਧੰਨ ਹੈ ਇਹ ਗੁਰਮੁਖ ਜਿਸਨੂੰ ਲੇਸ਼ ਮਾਤਰ ਵੀ ਦੁਖ ਨਹੀਂ ਹੋਇਆ। ਸਚਮੁਚ ਹੀ ਇਹ ਕੋਈ ਬਹੁਤ ਉਚੀ ਅਵਸਥਾ ਹੈ ਜਿਥੇ ਕਿਹਾ ਜਾਂਦਾ ਹੈ ਕਿ -

*ਤੇਰਾ ਕੀਆ ਮੀਠਾ ਲਾਗੈ॥*

*ਪੰਨਾ - 394*

ਉਸਨੇ ਭਾਈ ਭਿਖਾਰੀ ਨੂੰ ਪੁਛਿਆ ਕਿ ਮਿਰਤਕ ਦਾ ਸਮਾਨ ਪਹਿਲਾਂ ਤਿਆਰ ਕਰਨ ਤੋਂ ਭਾਵ ਇਹੀ ਸੀ ਕਿ ਤੁਹਾਨੂੰ ਪਹਿਲਾਂ ਹੀ ਪਤਾ ਸੀ ਕਿ ਮੇਰੇ ਪੁੱਤਰ ਨੇ ਬਰਾਤ ਵਿਚੋਂ ਵਾਪਸ ਨਹੀਂ ਆਉਣਾ ਤੇ ਸਰੀਰ ਛੱਡ ਦੇਣਾ ਹੈ? ਤੁਸੀਂ ਗੁਰੂ ਮਹਾਰਾਜ ਦੇ ਪ੍ਰਵਾਨ ਗੁਰਸਿੱਖਾਂ ਵਿਚੋਂ ਹੋ, ਤੁਸੀਂ ਉਨ੍ਹਾਂ ਤੋਂ ਇਸਦੇ ਜੀਵਨ ਦੀ ਦਾਤ ਕਿਉਂ ਨਾ ਮੰਗੀ? ਗੁਰੂ, ਭਾਣੇ ਦੇ ਮਾਲਕ ਹਨ ਅਤੇ ਸਰਬ ਕਲਾ ਸਮਰੱਥ ਹਨ; ਸਰਬੱਗ ਆਪ ਪ੍ਰਮੇਸ਼ਰ ਹਨ। ਅਸੀਂ ਗੁਰੂ ਤੋਂ ਅਨੇਕ ਦਾਤਾਂ ਮੰਗਦੇ ਹਾਂ, ਮੰਗਣ ਤੇ ਗੁਰੂ ਦਾਤਾਂ ਦਿੰਦੇ ਹਨ -

*ਜੋ ਮਾਗਹਿ ਠਾਕੁਰ ਅਪੁਨੇ ਤੇ*
*ਸੋਈ ਸੋਈ ਦੇਵੈ॥ ਪੰਨਾ - 681*

ਦੇ ਫੁਰਮਾਨ ਦੇ ਮੁਤਾਬਿਕ ਅਸਾਨੂੰ ਮੰਗਾਂ ਮੰਗਣ ਦੀ ਖੁਲ੍ਹ ਹੈ; ਇਹ ਵਰਜਿਤ ਨਹੀਂ ਹੈ। ਜੋ ਮੰਗਿਆ ਜਾਂਦਾ ਹੈ ਸੋ ਮਿਲਦਾ ਹੈ। ਗੁਰੂ ਮਹਾਰਾਜ ਦੀ ਬਾਣੀ ਵਿਚ ਹੀ ਫੁਰਮਾਨ ਆਉਂਦਾ ਹੈ ਕਿ -

*ਚਾਰਿ ਪਦਾਰਥ ਜੇ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥*

*ਪੰਨਾ - 266*

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ॥*

*ਪੰਨਾ - 714*

ਇਨ੍ਹਾਂ ਮਹਾਂਵਾਕਾਂ ਤੋਂ ਸਿੱਧ ਹੁੰਦਾ ਹੈ ਕਿ ਗੁਰੂ, ਮੰਗਣ ਨੂੰ ਗੁਰਮਤਿ ਤੋਂ ਪ੍ਰਤਿਕੂਲ ਨਹੀਂ ਸਮਝਦਾ ਸਗਮਾਂ ਆਪਣੇ ਗੁਰਸਿੱਖਾਂ ਨੂੰ ਦਿੰਦੇ ਹੀ ਰਹਿੰਦੇ ਹਨ। ਤੁਸੀਂ ਆਪਣੇ ਪੁੱਤਰ ਲਈ ਜੀਵਨਦਾਨ ਕਿਉਂ ਨਾ ਮੰਗਿਆ? ਮੈਨੂੰ ਆਪ ਤੋਂ ਇਸ ਪ੍ਰਸ਼ਨ ਦਾ ਉਤਰ ਮਿਲਣ ਤੇ ਹੀ ਸ਼ਾਂਤੀ ਆਵੇਗੀ। ਸੋ ਭਾਈ ਭਿਖਾਰੀ ਜੀ ਨੇ ਕਿਹਾ ਕਿ ਪਿਆਰੇ ਗੁਰਮੁਖ ਜੀਓ! ਇਕਨਾਂ ਨੂੰ ਮੰਗਾਂ ਮੰਗਣ ਦੀ ਸੋਝੀ ਹੁੰਦੀ ਹੈ, ਇਕਨਾਂ ਨੂੰ ਪਤਾ ਨਹੀਂ ਹੁੰਦਾ ਕਿ ਜੇ ਸਾਰੀ ਦੁਨੀਆਂ ਦਾ ਬਾਦਸ਼ਾਹ ਮਿਲ ਜਾਵੇ ਤਾਂ ਉਸ ਤੋਂ ਕੀ ਮੰਗਣਾ ਚਾਹੀਦਾ ਹੈ। ਥੋੜ੍ਹੀ ਸੋਝੀ ਵਾਲਾ, ਜਿਸਦੇ ਘਰ ਮੱਝ ਭੁੱਖੀ ਖੜ੍ਹੀ ਹੈ, ਜੇ ਉਸਨੂੰ ਬਾਦਸ਼ਾਹ ਕਹੇ ਕਿ ਮੰਗ ਕੀ ਮੰਗਦਾ ਹੈਂ? ਤਾਂ ਉਹ ਇਕ ਤੂੜੀ ਦੀ ਪੰਡ ਦੀ ਮੰਗ ਕਰੇਗਾ ਜਿਸ ਨਾਲ ਸ਼ਹਿਨਸ਼ਾਹ ਦੀ ਹਤਕ ਹੀ ਹੈ। ਇਕਨਾਂ ਨੂੰ ਪਤਾ ਹੈ ਕਿ ਅਜਿਹੇ ਬਾਦਸ਼ਾਹ ਤੋਂ ਕੀ ਮੰਗਣਾ ਚਾਹੀਦਾ ਹੈ। ਇਸੇ ਤਰ੍ਹਾਂ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਵਾਹਿਗੁਰੂ ਜੀ ਜੋ ਸਤਿਗੁਰੂ ਦੇ

ਰੂਪ ਵਿਚ ਸਰਗੁਣ ਹੁੰਦਾ ਹੋਇਆ ਅਨੇਕਾਂ ਦਾਤਾਂ ਦਿੰਦਾ ਹੀ ਰਹਿੰਦਾ ਹੈ, ਉਸ ਤੋਂ ਸੋਝੀਵਾਨ ਸਭ ਤੋਂ ਵੱਡੀ ਦਾਤ, ਜਿਸਦਾ ਕੋਈ ਮੁੱਲ ਨਹੀਂ ਹੈ, ਮੰਗਦਾ ਹੋਇਆ ਬੇਨਤੀ ਕਰੇਗਾ ਕਿ ਹੇ ਮੇਰੇ ਪ੍ਰਭੂ! ਜੇ ਤੂੰ ਤੁਠਾ ਹੈਂ ਤਾਂ ਮੈਨੂੰ ਆਪਣੇ ਅਮੁੱਲ ਨਾਮ ਦੀ ਦਾਤ ਬਖਸ਼ –

*ਸਾਈ ਨਾਮੁ ਅਮੋਲੁ*
*ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ*
*ਸੇ ਨਾਨਕ ਹਰਿ ਰੰਗੁ ਮਾਣਦੋ॥*

*ਪੰਨਾ – 81*

*ਵਿਣੁ ਤੁਧੁ ਹੋਰੁ ਜਿ ਮੰਗਣਾ*
*ਸਿਰਿ ਦੁਖਾ ਕੈ ਦੁਖ॥*
*ਦੇਹਿ ਨਾਮੁ ਸੰਤੋਖੀਆ*
*ਉਤਰੈ ਮਨ ਕੀ ਭੁਖ॥*
*ਗੁਰਿ ਵਣੁ ਤਿਣੁ ਹਰਿਆ*
*ਕੀਤਿਆ ਨਾਨਕ ਕਿਆ ਮਾਨੁਖ॥*

*ਪੰਨਾ – 958*

ਭਾਈ ਗੁਰਮੁਖ! ਜੇ ਅਸੀਂ ਇਸ ਵਿਚ ਇਹਦਾ ਜੀਵਨ ਦਾਨ ਮੰਗਦੇ ਤਾਂ ਆਪ ਹੀ ਵਿਚਾਰ ਕੇ ਦੇਖੋ ਕਿ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਜੋ ਆਇਆ ਸੋ ਚਲਸੀ*
*ਸਭੁ ਕੋਈ ਆਈ ਵਾਰੀਐ॥*

*ਪੰਨਾ – 474*

ਇਸ ਸੰਸਾਰ ਉਪਰ ਜੋ ਵੀ ਆਇਆ ਹੈ ਅਤੇ ਜੋ ਵੀ ਦ੍ਰਿਸ਼ਟਮਾਨ ਸੰਸਾਰ ਹੈ, ਸਭ ਚਲਿਆ ਜਾਂਦਾ ਹੈ –

*ਜੋ ਉਪਜੈ ਸੋ ਕਾਲਿ ਸੰਘਾਰਿਆ॥*
*ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ॥*

*ਪੰਨਾ – 227*

ਗੁਰੂ ਮਹਾਰਾਜ ਜੀ ਦਾ ਇਹ ਮਤ ਹੈ ਕਿ ਜੋ ਜੀਵ ਸੰਸਾਰ ਵਿਚ ਆਉਂਦਾ ਹੈ, ਉਸਦੇ ਸਵਾਸ ਪਲ, ਘੜੀਆਂ, ਦਿਨ, ਮਹੀਨੇ, ਸਾਲ ਸਭ ਗਿਣ ਕੇ ਮਸਤਕ ਵਿਚ ਲਿਖੇ ਜਾਂਦੇ ਹਨ –

*ਗਣਿ ਘਾਲੇ ਸਭ ਦਿਵਸ ਸਾਸ*
*ਨਹ ਬਢਨ ਘਟਨ ਤਿਲੁ ਸਾਰ॥*
*ਜੀਵਨ ਲੋਰਹਿ ਭਰਮ ਮੋਹ*
*ਨਾਨਕ ਤੇਊ ਗਵਾਰ॥*

*ਪੰਨਾ – 254*

ਜਦੋਂ ਸਾਰੇ ਸਵਾਸ ਹੀ ਗਿਣ ਕੇ ਭੇਜਿਆ ਗਿਆ ਹੈ ਤਾਂ ਹੁਕਮ ਵਿਚ ਸੰਸਾਰ ਤੋਂ ਜਾਣਾ ਹੀ ਹੈ। ਮਹਾਰਾਜ ਜੀ ਹੋਰ ਜੀਵਨ ਮੰਗਣ ਵਾਲੇ ਨੂੰ ਗਵਾਰ ਕਹਿੰਦੇ ਹਨ। ਭਾਈ ਗੁਰਮੁਖ ਨੇ ਸਾਰੀ ਗੱਲ ਸੁਣ ਕੇ ਗੁਰੂ ਹੁਕਮਾਂ ਦੀ ਵਿਚਾਰ ਕੀਤੀ ਪਰ ਫੇਰ ਵੀ ਕਿਹਾ ਕਿ ਤੁਹਾਨੂੰ ਪਤਾ ਸੀ ਇਹ ਭਾਣਾ ਵਰਤਣਾ ਹੈ ਤਾਂ ਤੁਸੀਂ ਆਪਣੇ ਲੜਕੇ ਦੀ ਸ਼ਾਦੀ ਨਾ ਕਰਦੇ। ਇਹ ਸੁਣ ਕੇ ਭਾਈ ਭਿਖਾਰੀ ਜੀ ਮੁਸਕਰਾਏ ਤੇ ਕਹਿਣ ਲੱਗੇ, ਭਾਈ ਗੁਰਮੁਖ ਜੀ! ਗੁਰੂ ਦੀ ਬਾਣੀ ਨੂੰ ਵਿਚਾਰਨ ਉਪਰੰਤ ਸਾਨੂੰ ਇਸ ਗੱਲ ਦੀ ਵੀ ਸੋਝੀ ਆਉਂਦੀ ਹੈ ਕਿ ਸੰਸਾਰ ਦੇ ਅੰਦਰ ਵਾਹਿਗੁਰੂ ਜੀ ਵਲੋਂ ਇਕ 'ਹੁਕਮ' ਦੀ ਐਸੀ ਕ੍ਰਿਆ ਹੈ ਜਿਸ ਅਨੁਸਾਰ ਐਥੇ ਜੀਵ ਆਪਸ ਵਿਚ ਮਿਲਦੇ ਹਨ ਤੇ ਫਿਰ ਵਿਛੜ ਜਾਂਦੇ ਹਨ, ਪ੍ਰਭੂ ਨੇ ਸ੍ਰਿਸ਼ਟੀ ਦੀ ਉਤਪਤੀ ਕਰਕੇ ਇਸ ਵਿਚ ਸੰਜੋਗ ਤੇ ਵਿਜੋਗ ਦੀ ਕ੍ਰਿਆ ਲਾਗੂ ਕਰ ਦਿਤੀ –

*ਸੰਜੋਗੁ ਵਿਜੋਗੁ ਉਪਾਇਓਨੁ*
*ਸ੍ਰਿਸਟੀ ਕਾ ਮੂਲੁ ਰਚਾਇਆ॥*

*ਪੰਨਾ – 509*

ਸ੍ਰਿਸ਼ਟੀ ਦੀ ਕਾਰ ਕੋਈ ਆਪ-ਹੁਦਰੇ-ਪੁਣ ਨਾਲ ਨਹੀਂ ਚਲ ਰਹੀ, ਇਸ ਵਿਚ ਸੰਜੋਗ ਤੇ ਵਿਜੋਗ ਦੀਆਂ ਸ਼ਕਤੀਆਂ ਆਪਸ ਵਿਚ ਮਿਲਾਂਦੀਆਂ ਤੇ ਵਿਛੋੜਦੀਆਂ ਹਨ। ਜੁੜਨ ਤੇ ਵਿਛੜਨ ਦਾ ਨਿਯਮ ਬਣਾ ਕੇ ਸ੍ਰਿਸ਼ਟੀ ਦਾ ਮੁੱਢ ਬੱਧਾ। ਆਪਣੇ ਹੁਕਮ ਨਾਲ ਰਚਨਾ ਰਚੀ ਤੇ ਆਪਣੀ ਜੋਤਿ (ਸਤਿਆ) ਉਸ ਵਿਚ ਰੱਖੀ। ਜੋਤ ਕਰਕੇ ਹੀ ਸਭ ਨੂੰ ਜੀਵਨ ਤੇ ਗਿਆਨ ਮਿਲਿਆ। ਇਸ ਵਿਚ ਸਤਿਗੁਰੂ ਜੀ ਨੇ ਆ ਕੇ ਵਾਹਿਗੁਰੂ ਜੀ ਦੀ ਅਕਥ ਕਹਾਣੀ ਸੁਣਾਈ, ਸੱਚਾ ਉਪਦੇਸ਼ ਸੁਣਾਇਆ। ਤਿੰਨ ਮੁਖ ਦੇਵਤੇ – ਬ੍ਰਹਮਾ, ਵਿਸ਼ਨੂੰ, ਮਹੇਸ਼ ਉਪਾਏ ਜਿਵੇਂ ਕਿ 'ਜਪੁਜੀ ਸਾਹਿਬ' ਵਿਚ ਫੁਰਮਾਨ ਹੈ –

*ਏਕਾ ਮਾਈ ਜੁਗਤਿ ਵਿਆਈ*
*ਤਿਨਿ ਚੇਲੇ ਪਰਵਾਣੁ॥*
*ਇਕੁ ਸੰਸਾਰੀ ਇਕੁ ਭੰਡਾਰੀ*
*ਇਕੁ ਲਾਏ ਦੀਬਾਣੁ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ*
*ਜਿਵ ਹੋਵੈ ਫੁਰਮਾਣੁ॥*
*ਓਹੁ ਵੇਖੈ ਓਨਾ ਨਦਰਿ ਨ ਆਵੈ*
*ਬਹੁਤਾ ਏਹੁ ਵਿਡਾਣੁ॥*

*ਪੰਨਾ – 7*

ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਤਿੰਨਾਂ ਗੁਣਾਂ ਨੂੰ ਰਜੋ, ਤਮੋ, ਸਤੋ ਗੁਣੀ ਮਾਇਆ ਵਿਚ ਉਤਪਤ ਕਰਕੇ ਸਾਰਿਆਂ ਨੂੰ ਧੰਦੇ ਲਾ ਛੱਡਿਆ ਹੈ। ਇਸੇ ਤਰ੍ਹਾਂ ਨਾਲ ਨਾਮ ਤੇ ਰੂਪ ਦੀ ਹੋਂਦ ਕਰਕੇ ਮਾਇਆ ਦਾ ਮੁੱਢ ਬੱਧਾ। ਚੌਥੀ ਤੁਰੀਆ ਅਵਸਥਾ ਵਿਚ ਪਹੁੰਚ ਕੇ ਸੁਖ ਮਿਲਦਾ ਹੈ। ਮੇਲ ਤੇ ਵਿਛੋੜੇ ਦੇ ਦੋ ਗੁਣ ਮਨੁੱਖ ਦੇ ਆਚਰਣ ਵਿਚ ਕੰਮ ਕਰ ਰਹੇ ਹਨ। ਕਦੀ ਮਨੁੱਖ ਦੀ ਰੁਚੀ ਹੁਕਮੀ ਬੰਦਾ ਬਣ ਕੇ ਰੱਬ ਨਾਲ ਮਿਲੇ ਰਹਿਣ ਦੀ ਹੁੰਦੀ ਹੈ, ਕਦੇ ਭੋਗਾਂ ਦਾ ਖਿਚਿਆ ਰੱਬ ਤੋਂ ਦੂਰ ਹੋ ਜਾਂਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਸੰਜੋਗੀ ਮੇਲਾਵੜਾ*
*ਇਨਿ ਤਨਿ ਕੀਤੇ ਭੋਗ॥*
*ਵਿਜੋਗੀ ਮਿਲਿ ਵਿਛੁੜੇ*
*ਨਾਨਕ ਭੀ ਸੰਜੋਗ॥ ਪੰਨਾ – 989*

ਕਦੀ ਮਨੁੱਖ ਵਿਜੋਗ ਵਿਚ ਆਉਣ ਕਰਕੇ ਓਝੜ ਪੈ

ਜਾਂਦਾ ਹੈ, ਕਦੀ ਸੁਖ ਵਿਚ ਆਉਣ ਕਰਕੇ ਉਸਨੂੰ ਠੀਕ ਰਾਹ ਲਗਦਾ ਹੈ।

*ਸੰਜੋਗੁ ਵਿਜੋਗੁ ਉਪਾਇਓਨੁ*
*ਸ੍ਰਿਸਟੀ ਕਾ ਮੂਲੁ ਰਚਾਇਆ।।*
*ਹੁਕਮੀ ਸ੍ਰਿਸਟਿ ਸਾਜੀਅਨੁ*
*ਜੋਤੀ ਜੋਤਿ ਮਿਲਾਇਆ।।*
*ਜੋਤੀ ਹੂੰ ਸਭੁ ਚਾਨਣਾ*
*ਸਤਿਗੁਰਿ ਸਬਦੁ ਸੁਣਾਇਆ।।*
*ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ*
*ਸਿਰਿ ਧੰਧੈ ਲਾਇਆ।।*
*ਮਾਇਆ ਕਾ ਮੂਲੁ ਰਚਾਇਓਨੁ*
*ਤੁਰੀਆ ਸੁਖੁ ਪਾਇਆ।। ਪੰਨਾ - 509*

ਸੋ ਇਸ ਤਰ੍ਹਾਂ ਨਾਲ ਭਾਈ ਗੁਰਮੁਖ! ਸੰਸਾਰ ਦੀ ਕ੍ਰਿਆ ਨਿਰੰਕਾਰੀ ਹੁਕਮ ਵਿਚ ਚਲ ਰਹੀ ਹੈ -

*ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ।।*
*ਸ੍ਰਿਸਟਿ ਉਪਾਇ ਦੁਖਾ ਸੁਖ ਦੀਏ।।*
*ਪੰਨਾ - 1032*

ਇਹ ਸੰਜੋਗ ਤੇ ਵਿਜੋਗ ਦੀ ਕ੍ਰਿਆ ਨਿਰੰਕਾਰ ਵਲੋਂ ਹੀ ਧੁਰ ਦਰਗਾਹੋਂ ਹੋਇਆ ਕਰਦੀ ਹੈ। ਸੰਜੋਗ ਵਿਜੋਗ ਧੁਰੋਂ ਹੀ ਹੋਇਆ ਕਰਦੇ ਹਨ -

*ਸੰਜੋਗੁ ਵਿਜੋਗੁ ਧੁਰਹੁ ਹੀ ਹੂਆ।।*
*ਪੰਚ ਧਾਤੁ ਕਰਿ ਪੁਤਲਾ ਕੀਆ।।*
*ਸਾਹੈ ਕੈ ਫੁਰਮਾਇਅੜੈ ਜੀ*
*ਦੇਹੀ ਵਿਚ ਜੀਉ ਆਇ ਪਇਆ।।*
*ਪੰਨਾ - 1007*

ਤਾਂ ਉਸ ਗੁਰਸਿੱਖ ਨੇ ਫੇਰ ਕਿਹਾ ਕਿ ਤੁਸੀਂ ਤਾਂ ਆਪਣਾ ਮਨ ਸਮਝਾ ਲਿਆ ਪਰ ਉਸ ਬੀਬੀ ਦਾ ਕੀ ਹਾਲ ਹੋਣਾ, ਜਿਸਦੇ ਹੱਥਾਂ ਦੀ ਮਹਿੰਦੀ ਵੀ ਨਹੀਂ ਲਹੀ, ਜਿਸਨੇ ਮਨ ਵਿਚ ਸੰਜੋਗੀ ਜੀਵਨ ਦੇ ਅਨੇਕਾਂ ਸੁਪਨੇ, ਜਿਨ੍ਹਾਂ ਸੁਪਨਿਆਂ ਦੀ ਬਦੌਲਤ ਕਲਪਨਾ ਦਾ ਇਕ ਵੱਡਾ ਮਹਿਲ ਉਸਾਰਿਆ ਸੀ, ਜੀਵਨ ਚਿਤਰਿਆ ਸੀ। ਭਾਈ ਭਿਖਾਰੀ ਜੀ! ਉਸ ਬੀਬੀ ਨੂੰ ਕੌਣ ਸ਼ਾਂਤੀ ਦੇਵੇਗਾ? ਤਾਂ ਭਾਈ ਭਿਖਾਰੀ ਜੀ ਨੇ ਕਿਹਾ ਕਿ ਉਸ ਬੀਬੀ ਨੂੰ ਪਿਛਲੇ ਜਨਮ ਦੀ ਸੋਝੀ ਹੈ, ਉਹ ਸਭ ਕੁਝ ਜਾਣਦੀ ਹੈ ਅਤੇ ਉਸ ਨੇ ਆਪਣੇ ਮਨ ਵਿਚ ਕੋਈ ਕਲਪਨਾ ਹੀ ਨਹੀਂ ਕੀਤੀ ਸੀ ਕਿਉਂਕਿ ਉਸਨੂੰ ਸਚਿਆਰ ਜੀਵਨ ਦੀ ਸੋਝੀ ਪਿਛਲੇ ਜਨਮ ਦੇ ਤਪਾਂ, ਸੇਵਾ, ਸਤਿਸੰਗ ਕਰਦਿਆਂ ਹੋ ਗਈ ਸੀ। ਚਲੋ! ਤੁਹਾਡਾ ਸ਼ੰਕਾ ਮਿਟਾਉਣ ਵਾਸਤੇ ਆਪਾਂ ਉਸ ਬੀਬੀ ਪਾਸ ਚਲਦੇ ਹਾਂ। ਭਾਈ ਗੁਰਮੁਖ ਨੇ ਜਾ ਕੇ ਬੀਬੀ ਪਾਸ ਅਫਸੋਸ ਕੀਤਾ ਅਤੇ ਕਿਹਾ ਕਿ ਬੇਟਾ! ਤੈਨੂੰ ਅਸਹਿ ਦੁਖ ਦੀ ਪ੍ਰਾਪਤੀ ਹੋਈ ਹੈ ਕਿਉਂਕਿ ਪਤੀ ਦਾ ਵਿਛੋੜਾ ਪਤਨੀ ਲਈ ਅਤਿ ਅਸਹਿ ਹੁੰਦਾ ਹੈ, ਉਸਨੂੰ ਸਾਰਾ ਜੀਵਨ ਦੁਖਾਂ ਦਾ ਕੱਟਣਾ ਪੈਂਦਾ ਹੈ। ਅਸਾਨੂੰ ਬਹੁਤ ਅਫਸੋਸ ਹੈ। ਉਸ ਬੀਬੀ ਨੇ ਸੁਣ ਕੇ ਕਿਹਾ ਕਿ ਪਿਤਾ ਜੀ! ਜੋ ਕੁਛ ਹੋਇਆ ਹੈ, ਉਸ ਦਾ ਮੈਨੂੰ ਪਤਾ ਸੀ ਤੇ ਮੈਂ ਆਪ ਹੀ ਮੂੰਹੋਂ ਮੰਗ ਕੇ ਅਜਿਹੇ ਹਾਲਾਤ ਬਣਾਏ ਹਨ। ਬਹੁਤ ਸਾਰੀਆਂ ਸੰਸਾਰ ਦੇ ਅੰਦਰ ਅਦ੍ਰਿਸ਼ ਦੁਨੀਆਂ ਵਿਚ ਇਸ ਸੰਸਾਰ ਦੀਆਂ **plannings** ਚਲ ਰਹੀਆਂ ਹਨ।

ਸੰਖੇਪ ਵਿਚ ਮੈਂ ਦਸਦੀ ਹਾਂ ਕਿ ਪਿਛਲੇ ਜਨਮ ਵਿਚ ਮੈਂ ਇਕ ਰਾਜੇ ਦੀ ਲੜਕੀ ਸੀ। ਮੈਂ ਬਚਪਨ ਤੋਂ ਹੀ ਜਪ-ਤਪ ਕਰਦੀ ਰਹੀ ਜਿਸਦੇ ਫਲਸਰੂਪ ਮੇਰੇ ਅੰਦਰ ਐਸਾ ਮਨੋਬਲ ਉਤਪੰਨ ਹੋਇਆ ਕਿ ਮੈਂ ਆਪਣੀ ਗੱਲ ਹਰ ਕਿਸੇ ਤੋਂ ਮੰਨਵਾ ਸਕਦੀ ਸੀ। ਮੇਰਿਆਂ ਨੇਤਰਾਂ ਵਿਚ ਚੁੰਬਕ ਸ਼ਕਤੀ ਐਨੇ ਵੇਗ ਨਾਲ ਸ਼ਾਖਸ਼ਾਤਕਾਰ ਹੋ ਗਈ ਕਿ ਮੇਰੇ ਨੇਤਰਾਂ ਵਲ ਆਦਮੀ ਤਾਂ ਕੀ, ਕੋਈ ਪਸ਼ੂ ਵੀ ਲਗਾਤਾਰ ਨਹੀਂ ਦੇਖ ਸਕਦਾ ਸੀ। ਜਵਾਨ ਹੋਈ ਤਾਂ ਮਾਂ ਬਾਪ ਨੂੰ ਮੇਰੀ ਸ਼ਾਦੀ ਕਰਨ ਦੀ ਚਿੰਤਾ ਫੁਰੀ। ਪਹਿਲਾਂ ਤਾਂ ਮੈਂ ਜਵਾਬ ਹੀ ਦੇਂਦੀ ਰਹੀ, ਇਸ ਗੱਲ ਨਾਲ ਸਹਿਮਤ ਹੀ ਨਾ ਹੋਈ ਪਰ ਸ਼ਾਸ਼ਤਰਾਂ ਦੀ ਮਰਯਾਦਾ ਦੇ ਮੁਤਾਬਿਕ ਮੈਨੂੰ ਪਤਾ ਲਗਿਆ ਕਿ ਇਸਤ੍ਰੀ ਦਾ ਸਭ ਤੋਂ ਵੱਡਾ ਧਰਮ ਪਤੀਵਰਤਾ ਧਰਮ ਹੈ। ਪਰ ਮੈਂ ਆਪਣੇ ਘਰਦਿਆਂ ਅੱਗੇ ਇਕ ਸ਼ਰਤ ਇਹ ਰੱਖ ਦਿਤੀ ਕਿ ਮੈਂ ਸੁਅੰਬਰ ਰਾਹੀਂ ਸ਼ਾਦੀ ਕਰਾਵਾਂਗੀ ਤੇ ਜੈ-ਮਾਲਾ ਉਸ ਪ੍ਰਤਾਪੀ ਪੁਰਸ਼ ਦੇ ਗਲੇ ਵਿਚ ਪਾਵਾਂਗੀ ਜਿਸਦੇ ਦੇਖਣ ਨਾਲ ਮੇਰੀਆਂ ਅੱਖਾਂ ਢਹਿ ਪੈਣ। ਸੁਅੰਬਰ ਵਿਚ ਕੋਈ ਐਸਾ ਪੁਰਸ਼ ਨਾ ਪਹੁੰਚਿਆ ਜੋ ਮੇਰੀ ਸ਼ਰਤ ਪੂਰੀ ਕਰ ਸਕਦਾ। ਇਸ ਦੇ ਵਿਪਰੀਤ ਸਾਰੇ ਰਾਜਕੁਮਾਰ, ਰਾਜੇ, ਰਾਣੇ, ਰਾਠ, ਰਾਓ, ਸੂਰਬੀਰ ਜਦੋਂ ਮੇਰੇ ਨੇਤਰਾਂ ਵਲ ਦੇਖਦੇ ਤਾਂ ਉਹ ਇਨ੍ਹਾਂ ਦੀ ਤਾਬ ਨਾ ਝਲਦੇ ਹੋਏ ਢੱਠ ਜਾਇਆ ਕਰਦੇ। ਸ਼ਰਤ ਪੂਰੀ ਨਾ ਹੋਣ ਕਰਕੇ ਮੇਰੇ ਮਾਂ-ਬਾਪ ਨੇ ਤੀਰਥ ਯਾਤਰਾ ਅਰੰਭੀ। ਇਕ ਥਾਂ ਇਕ ਮਹਾਨ ਤਪੱਸਵੀ 22 ਸਾਲ ਦਾ ਬ੍ਰਹਮਚਾਰੀ, ਜਿਸ ਨੇ ਬ੍ਰਹਮਚਰੀਆ ਦੀ ਪ੍ਰਤੱਗਿਆ ਧਾਰਨ ਕਰੀ ਹੋਈ ਸੀ, ਉਸਦੇ ਸਨਮੁਖ ਜਦ ਮੈਂ ਹੋਈ, ਉਸਦਾ ਤੇਜ਼ ਪ੍ਰਤਾਪ ਦੇਖ ਕੇ ਮੇਰੇ ਨੇਤਰ ਢੱਠ ਗਏ। ਮਾਂ-ਬਾਪ ਨੂੰ ਮੈਂ ਕਹਿ ਦਿਤਾ ਕਿ ਮੇਰੀ ਸ਼ਰਤ ਪੂਰੀ ਹੋ ਗਈ ਹੈ, ਮੇਰੀ ਸ਼ਾਦੀ ਇਸ ਨਾਲ ਕਰ ਦਿਓ। ਪਰ ਉਹ ਕਿਸੇ ਤਰ੍ਹਾਂ ਵੀ ਨਾ ਮੰਨਿਆ। ਮੈਂ ਉਸਦੀ ਸੇਵਾ ਵਿਚ ਠਹਿਰ ਗਈ ਅਤੇ ਲਗਾਤਾਰ ਕਈ ਸਾਲ ਉਸ ਦੀ ਸੇਵਾ ਕਰਦੀ ਰਹੀ। ਇਕ ਦਿਨ ਉਸਨੇ ਪ੍ਰਸੰਨ ਹੋ ਕੇ ਮੈਨੂੰ ਕਿਹਾ ਕਿ ਆਖਿਰ ਤੂੰ ਕੀ ਚਾਹੁੰਦੀ ਹੈ? ਮੈਂ ਬੇਨਤੀ ਕੀਤੀ ਕਿ ਮੈਂ ਤੇਰੇ ਨਾਲ ਵਿਧੀ ਪੂਰਵਕ ਵਿਵਾਹ ਕਰਕੇ ਆਪਣਾ ਪਤੀ ਬਣਾ ਕੇ ਜੁਗਾਂ-ਜੁਗਾਂਤਰਾਂ ਦੀ ਸਾਂਝ ਪਾਉਣਾ ਚਾਹੁੰਦੀ ਹਾਂ। ਤਾਂ ਉਸਨੇ ਕਿਹਾ ਕਿ ਮੈਂ ਤੈਨੂੰ ਇਸ ਜਨਮ ਵਿਚ ਤਾਂ ਨਹੀਂ ਵਰਾਂਗਾ ਪਰ ਅਗਲੇ ਜਨਮ ਤੇਰੇ ਨਾਲ ਵਿਵਾਹ ਕਰਕੇ ਮੇਰਾ ਕੋਈ ਸਰੀਰਕ ਸਬੰਧ ਤੇਰੇ ਨਾਲ ਨਹੀਂ ਹੋ ਸਕੇਗਾ ਤੇ ਮੈਂ ਸ਼ੀਘਰ ਹੀ ਸਰੀਰ ਛੱਡ ਜਾਵਾਂਗਾ। ਸੋ ਪਿਤਾ ਜੀ! ਮੈਨੂੰ ਇਸ ਜਨਮ ਵਿਚ ਸਭ ਕੁਛ ਯਾਦ ਸੀ। ਮੈਂ ਉਸ ਮਹਾਨ ਪੁਰਸ਼ ਦੀ ਲੋਚਾ ਕਰਦੀ ਰਹਿੰਦੀ ਸਾਂ ਕਿ ਕਦੋਂ ਮੇਰਾ ਸੰਜੋਗ ਉਸ ਨਾਲ ਹੋਵੇ ਤੇ ਮੈਂ ਇਸ ਦਿਸਦੇ ਸੰਸਾਰ

ਦੇ ਨਾਸ਼ਵਾਨ ਸਬੰਧਾਂ ਤੋਂ ਉਪਰ ਉਠ ਕੇ ਅਮਰੀ ਸਬੰਧ ਉਸ ਨਾਲ ਪ੍ਰਾਪਤ ਕਰਾਂ। ਸੋ ਦੋ ਰੂਹਾਂ ਦਾ ਮੇਲ ਹੋ ਗਿਆ। ਉਹ ਅਮਰ ਪੁਰਸ਼ ਹਨ, ਮੈਂ ਵੀ ਆਪਣਾ ਜੀਵਨ ਬਤੀਤ ਕਰਕੇ ਉਸਦੇ ਪਾਸ ਹੀ ਜਾ ਕੇ ਮਾਣ ਪ੍ਰਾਪਤ ਕਰਨਾ ਹੈ। ਇਸ ਕਰਕੇ ਮੈਨੂੰ ਦੁਖ ਕਿਉਂ ਹੋਵੇ? ਥੋੜ੍ਹੀ ਦੇਰ ਦਾ ਵਿਛੋੜਾ ਹੈ ਫੇਰ ਅਮਰ ਮੇਲ ਹੋ ਜਾਣਾ ਹੈ। ਅਜਿਹੇ ਬਚਨ ਸੁਣ ਕੇ ਭਾਈ ਗੁਰਮੁਖ ਜੋ ਗੁਰੂ ਮਹਾਰਾਜ ਨੇ ਭੇਜਿਆ ਸੀ, ਬਹੁਤ ਹੀ ਅਸਚਰਜ ਹੋਇਆ ਕਿ ਹੁਕਮ ਮੰਨਣ ਵਾਲੇ ਵਿਰਲੇ ਬੰਦਿਆਂ ਦੇ ਦਰਸ਼ਨ ਕੀਤੇ ਹਨ। ਸੋ ਮਹਾਰਾਜ ਦਾ ਫੁਰਮਾਨ ਹੈ -

*ਪੂਰੈ ਸਤਿਗੁਰਿ ਬੂਝਿ ਬੁਝਾਇਆ॥*
*ਹੁਕਮੇ ਹੀ ਸਭੁ ਜਗਤੁ ਉਪਾਇਆ॥*
*ਹੁਕਮੁ ਮੰਨੇ ਸੋਈ ਸੁਖੁ ਪਾਏ*
*ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ॥*

*ਪੰਨਾ - 1055*

ਸ੍ਰਿਸ਼ਟੀ ਦੀ ਉਤਪਤੀ ਹੁਕਮ ਦੇ ਅੰਦਰ ਹੋਈ ਹੈ। ਹੁਕਮ ਐਡਾ ਕਰਾਰਾ ਹੈ ਕਿ ਹੁਕਮੀ ਦੀ ਰਜ਼ਾ ਦੇ ਅੰਦਰ ਸਾਰੀ ਸ੍ਰਿਸ਼ਟੀ ਨੂੰ ਉਸ ਨੇ ਨੱਥ ਕੇ ਰੱਖਿਆ ਹੋਇਆ ਹੈ। ਉਸ ਵੇਲੇ ਭਾਈ ਤਿਲੋਕਾ ਜੀ, ਰਾਜ ਕੁਮਾਰੀ ਨੂੰ ਸਮਝਾਉਂਦੇ ਹੋਏ ਫੁਰਮਾਨ ਕਰਦੇ ਹਨ ਕਿ ਇਸ ਸ੍ਰਿਸ਼ਟੀ ਵਿਚ ਪ੍ਰਭੂ ਆਪ ਹੀ ਵਰਤਦਾ ਹੈ ਪਰ ਉਸ ਨੇ ਆਪਣੇ ਹੁਕਮ ਨਾਲ ਇਸ ਸ੍ਰਿਸ਼ਟੀ ਵਿਚ ਹਉਮੈ ਦਾ ਤੱਤ ਪੈਦਾ ਕੀਤਾ ਹੈ ਜਿਸ ਨਾਲ ਪ੍ਰਭੂ ਦੀ ਅਖੰਡ ਸੱਤਾ ਕਰਕੇ ਵਖੋ-ਵੱਖਰੇ ਜੀਵ-ਜੰਤੂ, ਜਿਨਸਾਂ, ਰੰਗਾਂ, ਜਾਤੀਆਂ, ਚੌਰਾਸੀ ਲੱਖ ਜੂਨਾਂ ਵਿਚ ਵਖੇਵਾਂ ਨਜ਼ਰੀ ਪੈਂਦਾ ਹੈ। ਦਰਅਸਲ ਇਕੋ ਪ੍ਰਭੂ ਹੈ, ਪਰ ਹਉਮੈ ਕਰਕੇ ਉਸ ਅਖੰਡਤਾ ਵਿਚ ਖੰਡਤਾ ਪ੍ਰਤੀਤ ਦੇ ਰਹੀ ਹੈ। ਮਹਾਰਾਜ ਦਾ ਫੁਰਮਾਨ ਹੈ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ॥*

*ਪੰਨਾ - 999*

*ਧਾਰਨਾ - ਓਹੀਓ ਸੁਖ ਪਾਉਂਦੇ ਨੇ,*
*ਮੰਨਦੇ ਜੋ ਹੁਕਮ ਹਰੀ ਦਾ*

*ਪੂਰੈ ਸਤਿਗੁਰਿ ਬੂਝਿ ਬੁਝਾਇਆ॥*
*ਹੁਕਮੇ ਹੀ ਸਭੁ ਜਗਤੁ ਉਪਾਇਆ॥*
*ਹੁਕਮੁ ਮੰਨੇ ਸੋਈ ਸੁਖੁ ਪਾਏ*
*ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ॥*

*ਪੰਨਾ - 1055*

ਸ੍ਰਿਸ਼ਟੀ ਦੀ ਉਤਪਤੀ ਹੁਕਮ ਦੇ ਅੰਦਰ ਹੋਈ ਹੈ। ਹੁਕਮ ਐਡਾ ਕਰਾਰਾ ਹੈ ਕਿ ਸਾਰੀ ਸ੍ਰਿਸ਼ਟੀ ਦੇ ਅੰਦਰ ਹੁਕਮ ਦੀ ਕ੍ਰਿਆ ਚਲ ਰਹੀ ਹੈ। ਇਕ ਤਾਂ ਉਹ ਹੈ ਜਿਹਦੇ ਨਾਲ ਸ੍ਰਿਸ਼ਟੀ ਦੇ ਅੰਦਰ ਹਉਮੈ ਹੁਕਮ ਦੇ ਨਾਲ ਹੀ ਪਈ ਹੈ। ਉਹਦੇ ਨਾਲ ਇਹ ਜੀਵ ਬਣ ਗਏ ਸਾਰੇ, ਤੇ ਹੁਕਮ ਦੇ ਬੰਨ੍ਹੇ ਹੋਏ ਤੁਰੇ ਫਿਰਦੇ ਨੇ। ਲੇਕਿਨ ਗਲਤੀ ਕੀ ਹੋਈ ਪ੍ਰਮੇਸ਼ਰ ਦਾ ਹੁਕਮ ਤਾਂ ਨਹੀਂ ਮੰਨਦੇ, 'ਮੈਂ' ਨੂੰ ਵਿਚ ਲੈ ਆਉਂਦੇ ਨੇ। 'ਮੈਂ' ਵਿਚ ਲਿਆਉਣ ਦੇ ਨਾਲ ਫਸ ਗਏ। ਦੂਸਰਾ ਹੁਕਮ ਹੋਇਆ ਕਰਦਾ ਹੈ - ਜਿਹੜਾ ਅਸੀਂ ਕੰਮ ਕਰ ਲਿਆ ਅੱਜ, ਜਿਹੜਾ ਬੀਜ ਬੀਜ ਲਿਆ ਕਿਸਾਨ ਨੇ, ਉਹਨੇ ਹਰਾ ਹੋਣੈ, ਇਹ ਵੀ ਹੁਕਮ ਦੇ ਅੰਦਰ ਹੈ। ਕਦੇ ਅਜਿਹਾ ਨਹੀਂ ਹੋਇਆ ਕਿ ਕਦੇ ਕਿਸੇ ਨੇ ਕਣਕ ਬੀਜੀ ਹੋਵੇ ਤੇ ਕਣਕ ਨੂੰ ਫਲ ਛੋਲਿਆਂ ਦਾ ਲਗਿਆ ਹੋਵੇ; ਕਦੇ ਛੋਲਿਆਂ ਦਾ ਬੀਜ ਬੀਜ ਕੇ ਮੱਕੀ ਨਹੀਂ ਬਣੀ -

*ਜੇਹਾ ਬੀਜੈ ਸੋ ਲੁਣੈ*
*ਕਰਮਾ ਸੰਦੜਾ ਖੇਤੁ॥*

*ਪੰਨਾ - 134*

ਇਕ ਜ਼ਬਰਦਸਤ ਪ੍ਰਬੰਧ ਚਲ ਰਿਹਾ ਹੈ ਜਿਸ ਨੂੰ **law of nature** (ਕੁਦਰਤ ਜਾ ਕਾਨੂੰਨ) ਕਹਿੰਦੇ ਨੇ। ਅੱਗ ਨੇ ਜਾਲਣਾ ਹੀ ਹੈ, ਅੱਗ ਵਿਚ ਹੱਥ ਪਾਇਆਂ ਅਗਨ ਦਾ ਕਾਨੂੰਨ ਵਰਤ ਰਿਹਾ ਹੈ। ਇਸੇ ਤਰ੍ਹਾਂ ਨਾਲ ਤੀਸਰਾ ਹੁਕਮ ਉਹ ਹੈ ਜਿਹੜਾ ਸਾਡੇ ਸਰੀਰ ਦੇ ਅੰਦਰ ਚਲ ਰਿਹਾ ਹੈ। ਜ਼ਹਿਰ ਖਾ ਲਓ, ਆਦਮੀ ਮਰ ਜਾਵੇਗਾ; ਤਮਾਕੂ ਪੀ ਲਓ, ਉਹਦੇ ਸਰੀਰ 'ਚ ਬਲਗਮ ਵਧ ਜਾਣੀ ਹੈ ਜਿਸ ਤੋਂ ਟੀ.ਬੀ. ਹੋਣੀ ਹੀ ਹੈ; ਸ਼ਰਾਬ ਪੀ ਲਓ, ਬੁੱਧੀ ਭ੍ਰਿਸ਼ਟ ਹੋਣੀ-ਓ-ਹੋਣੀ ਹੈ ਅਤੇ ਮਨ ਵਿਚ ਬੇਚੈਨੀ, ਬੇ-ਅਮਨੀ ਸ਼ਰਾਬ ਦੇ ਤੱਤ ਨਾਲ ਹੋਣੀ ਹੀ ਹੈ ਕਿਉਂਕਿ ਉਹ ਤਾਂ ਹੁਕਮ ਦੀ ਬਾਤ ਹੈ ਸਾਰੀ। ਪ੍ਰਮੇਸ਼ਰ ਬਾਰ-ਬਾਰ ਨੀਂ ਇਕੱਲੇ-ਇਕੱਲੇ ਨੂੰ ਕਹਿੰਦਾ, ਉਸਨੇ ਤਾਂ ਆਪਣਾ ਹੁਕਮ ਸੰਸਾਰ ਵਿਚ ਪ੍ਰਵੇਸ਼ ਕੀਤਾ ਹੋਇਆ ਹੈ। ਹੁਕਮ ਆਪਣੀ ਕ੍ਰਿਆ ਦੇ ਮੁਤਾਬਿਕ ਚਲਦਾ ਹੈ। ਹਰ **action** ਦਾ **reaction** (ਕਰਮ ਦਾ ਪ੍ਰਤੀਕਰਮ) ਹੋਇਆ ਹੀ ਕਰਦਾ ਹੈ। ਗਾਲ੍ਹਾਂ ਕੱਢ ਲਓ ਪੜੋਸੀ ਨੂੰ, ਵੈਰ ਜ਼ਰੂਰ ਪਵੇਗਾ ਅਤੇ ਬੇਚੈਨੀ ਵਧੇਗੀ ਕਿਉਂਕਿ ਗਾਲ੍ਹਾਂ ਦਾ ਪ੍ਰਤੀਕਰਮ ਇਸ ਤਰ੍ਹਾਂ ਨਾਲ ਹੀ ਹੋਇਆ ਕਰਦਾ ਹੈ। ਸਾਰੀ ਗੱਲ ਹੰਗਤਾ ਅਤੇ ਮਮਤਾ ਦੇ ਅਧੀਨ ਹੋਣ ਨਾਲ ਵਿਗੜਦੀ ਹੈ। ਹੰਗਤਾ ਧਾਰ ਕੇ ਅਸੀਂ ਕਰਮ ਕਰਦੇ ਹਾਂ ਜਿਨ੍ਹਾਂ ਵਿਚ ਚੰਗੇ ਕਰਮ ਭੀ ਹੁੰਦੇ ਹਨ, ਮਾੜੇ ਕਰਮ ਭੀ ਹੁੰਦੇ ਹਨ। ਸਾਡੇ ਮਨ ਵਿਚ ਇਹ ਪੱਕੀ ਭਾਵਨਾ ਹੁੰਦੀ ਹੈ ਕਿ ਮੈਂ ਕਰਮ ਕੀਤਾ ਹੈ। ਇਹ 'ਮੈਂ' ਭਾਵਨਾ, ਕਰਮ ਬਣਦਾ ਹੈ ਅਤੇ ਕਰਮ ਦਾ ਫਲ ਭੋਗਣ ਲਈ ਹੁਕਮ ਦੀ ਕ੍ਰਿਆ ਆਰੰਭ ਹੋ ਜਾਂਦੀ ਹੈ, ਕਰਮਾਂ ਦਾ ਚੱਕਰ ਚਲ ਪੈਂਦਾ ਹੈ। ਪਹਿਲੇ ਕਰਮ ਭੋਗੇ ਜਾਂਦੇ ਹਨ, ਹੋਰ ਕਰਮ ਨਾਲ ਦੀ ਨਾਲ ਕਰਦਾ ਰਹਿੰਦਾ ਹੈ। ਕਰਮਾਂ ਬਾਰੇ ਸਮਝਣ ਦਾ ਯਤਨ ਕਰੋ।

ਕਰਮ ਕਈ ਕਿਸਮ ਦੇ ਹਨ - ਕਾਇਕ ਕਰਮ, ਪ੍ਰਾਸਚਿਤ ਕਰਮ, ਕ੍ਰਿਆਮਾਨ ਕਰਮ, ਪਰਾਲਬਧ ਕਰਮ, ਸੰਚਿਤ ਕਰਮ; ਇਸੇ ਤਰ੍ਹਾਂ ਨਾਲ ਬਹੁਤ ਕਿਸਮ ਦੇ ਕਰਮ ਹਨ। ਸਾਡੇ ਨਾਲ ਜੋ ਸਬੰਧ ਰੱਖਦੇ ਹਨ ਜਿਨ੍ਹਾਂ ਦਾ ਅਸਰ ਸਾਡੇ ਉਤੇ ਪੈਂਦਾ ਹੈ, ਉਹ ਆਮਤੌਰ ਉਪਰ ਸਭ ਤੋਂ ਪਹਿਲਾਂ ਕ੍ਰਿਆਮਾਨ ਕਰਮ ਹੋਇਆ ਕਰਦੇ ਹਨ।

ਜੋ ਅਸੀਂ **day to day** ਕਰਦੇ ਹਾਂ ਅਤੇ ਹੰਗਤਾ ਧਾਰ ਕੇ ਚੰਗੇ ਮੰਦੇ ਕਰਮਾਂ ਨੂੰ ਅਪਣਾਉਂਦੇ ਹਾਂ, ਇਨ੍ਹਾਂ ਵਿਚੋਂ ਕੁਝ ਕਰਮ ਇਥੇ ਹੀ ਭੁਗਤ ਲਏ ਜਾਂਦੇ ਹਨ। ਨੇਕ ਅਤੇ ਬੁਰਾ ਫਲ, ਹਾਣ ਅਤੇ ਲਾਭ ਦਾ ਫਲ, ਖੁਸ਼ੀ-ਗਮੀ ਦਾ ਫਲ, ਮੇਲ ਤੇ ਵਿਛੋੜੇ ਦਾ ਫਲ ਅਸੀਂ ਇਥੇ ਹੀ ਭੁਗਤ ਲੈਂਦੇ ਹਾਂ ਕਿਉਂਕਿ ਅਸੀਂ ਹਰ ਰੋਜ਼ ਕਰਮ ਕਰਦੇ ਹਾਂ। ਸਾਰੇ ਕਰਮ ਇਕ ਜਨਮ ਵਿਚ ਭੋਗੇ ਨਹੀਂ ਜਾਂਦੇ। ਜੋ ਭੋਗਣ ਤੋਂ ਰਹਿ ਜਾਂਦੇ ਹਨ, ਉਹ ਕਰਮ ਅਸਾਡੇ ਕਰਮਾਂ ਦੇ ਸਟੋਰ (ਲੇਖਾਂ) ਵਿਚ ਜਮ੍ਹਾਂ ਹੋ ਜਾਂਦੇ ਹਨ। ਜਦੋਂ ਜੀਵ ਦੁਬਾਰਾ ਸੰਸਾਰ ਵਿਚ ਉਨ੍ਹਾਂ ਕਰਮਾਂ ਦਾ ਬੰਨ੍ਹਿਆਂ ਹੋਇਆ ਫੇਰ ਸਰੀਰ ਧਾਰਨ ਕਰਦਾ ਹੈ ਤਾਂ ਉਨ੍ਹਾਂ ਵਿਚੋਂ ਜਿਹੜੇ ਅਗਲੇ ਸਰੀਰ ਦੇ **life span** (ਜੀਵਨ ਦੇ ਸਮੇਂ) ਵਿਚ ਭੋਗੇ ਜਾਣੇ ਹਨ, ਉਨ੍ਹਾਂ ਨੂੰ ਪਰਾਲਬਧ ਕਰਮ ਬਣਾ ਕੇ ਜੀਵ ਦੇ ਮਸਤਕ ਵਿਚ ਲੇਖ ਲਿਖ ਦਿਤੇ ਜਾਂਦੇ ਹਨ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਹੁਕਮਿ ਚਲਾਏ ਆਪਣੈ*
*ਕਰਮੀ ਵਹੈ ਕਲਾਮ॥*
*ਨਾਨਕ ਸਚਾ ਸਚਿ ਨਾਇ*
*ਸਚੁ ਸਭਾ ਦੀਬਾਨੁ॥*

*ਪੰਨਾ - 1241*

*ਜੈਸੀ ਕਲਮ ਵੁੜੀ ਹੈ ਮਸਤਕਿ*
*ਤੈਸੀ ਜੀਅੜੇ ਪਾਸਿ॥*

*ਪੰਨਾ - 74*

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਕਰਮਾਂ ਨੂੰ ਕਿਸੇ ਤਰ੍ਹਾਂ ਨਾਲ ਮਿਟਾਇਆ ਨਹੀਂ ਜਾਂਦਾ, ਉਹ ਭੋਗਣੇ ਹੀ ਪੈਂਦੇ ਹਨ।

*ਨਾਨਕ ਕਮਾਣਾ ਸੰਗਿ ਜੁਲਿਆ*
*ਨਹ ਜਾਇ ਕਿਰਤੁ ਮਿਟਾਇਆ॥*

*ਪੰਨਾ - 460*

ਇਸ ਥਾਂ ਦੀਆਂ ਪ੍ਰਾਪਤੀਆਂ, ਤਰੱਕੀਆਂ ਨਾਲ ਵੀ ਕਾਫੀ ਹੱਦ ਤਕ ਪਰਾਲਬਧ ਕਰਮਾਂ ਦਾ ਸਬੰਧ ਹੋਇਆ ਕਰਦਾ ਹੈ। ਆਪਣੇ ਜ਼ੋਰ ਦੇ ਨਾਲ ਜੇ ਕਰਨ ਦੀ ਹੀਣਤਾ ਹੋਵੇ ਤਾਂ ਆਦਮੀ ਜ਼ੋਰ ਲਾ ਕੇ ਵੀ ਪ੍ਰਾਪਤੀ ਨਹੀਂ ਕਰ ਸਕਿਆ ਕਰਦਾ। ਮਹਾਰਾਜ ਜੀ ਦਾ ਫੁਰਮਾਨ ਹੈ -

*ਆਪਣ ਲੀਆ ਜੇ ਮਿਲੈ*
*ਤਾ ਸਭੁ ਕੋ ਭਾਗਠੁ ਹੋਇ॥*
*ਕਰਮਾ ਉਪਰਿ ਨਿਬੜੈ*
*ਜੇ ਲੋਚੈ ਸਭੁ ਕੋਇ॥ ਪੰਨਾ - 157*

*ਵਿਣੁ ਕਰਮਾ ਕਿਛੁ ਪਾਈਐ*
*ਨਾਹੀ ਜੇ ਬਹੁਤੇਰਾ ਧਾਵੈ॥*

*ਪੰਨਾ - 722*

ਇਸ ਸਰੀਰ ਨੂੰ ਇਕ ਤਰ੍ਹਾਂ ਨਾਲ ਧਰਤੀ ਦੀ ਤੁਲਨਾ ਦਿਤੀ ਜਾਂਦੀ ਹੈ। ਧਰਤੀ ਵਿਚ ਜਿਸ ਤਰ੍ਹਾਂ ਦੇ ਬੀਜ ਪਾਉਂਦੇ ਹਾਂ, ਉਸੇ ਤਰ੍ਹਾਂ ਦੀ ਫਸਲ ਉਗਦੀ ਹੈ। ਇਸੇ ਤਰ੍ਹਾਂ ਦੇ ਨਾਲ ਅਸੀਂ ਜਿਹੋ ਜਿਹੇ ਖਿਆਲ ਨਾਲ ਕਰਮ ਕਰਦੇ ਹਾਂ, ਉਸ ਤਰ੍ਹਾਂ ਦੇ ਹੀ ਫਲ ਸਾਨੂੰ ਪ੍ਰਾਪਤ ਹੋਇਆ ਕਰਦੇ ਹਨ -

*ਕਰਮ ਧਰਤੀ ਸਰੀਰੁ ਜੁਗ ਅੰਤਰਿ*
*ਜੋ ਬੋਵੈ ਸੋ ਖਾਤਿ॥*

*ਪੰਨਾ - 78*

ਇਸੇ ਤਰ੍ਹਾਂ ਦੇ ਨਾਲ ਪਰਾਲਬਧ ਕਰਮ ਹੁਕਮ ਦੀ ਕ੍ਰਿਆ ਦੇ ਅਧੀਨ ਚਲ ਰਹੇ ਹਨ, ਇਸੇ ਕਰਕੇ ਇਹ ਅਖਾਣ ਪ੍ਰਚਲਤ ਹੋ ਗਿਆ ਹੈ-

*ਭੋਗੇ ਬਿਨ ਭਾਗੈ ਨਹੀ*
*ਕਰਮ ਗਤੀ ਬਲਵਾਨ।*

ਦੂਸਰੇ ਕਰਮ ਜੋ ਇਕ ਜਨਮ ਵਿਚ ਭੋਗੇ ਨਹੀਂ ਜਾਂਦੇ, ਉਨ੍ਹਾਂ ਨੂੰ ਸੰਚਿਤ ਕਰਮ ਕਿਹਾ ਜਾਂਦਾ ਹੈ। ਉਹ ਕਰਮ ਸਟੋਰ ਵਿਚ ਜਮ੍ਹਾਂ ਹੋ ਜਾਂਦੇ ਹਨ ਅਤੇ ਸਮਾਂ ਆਉਣ ਤੇ ਜੀਵ ਨੂੰ ਭੋਗਣੇ ਪੈਂਦੇ ਹਨ। ਉਨ੍ਹਾਂ ਦਾ ਕੋਈ ਨੇਮ ਨਹੀਂ ਕਿ ਕਦੋਂ ਸਮਾਂ ਆਵੇ ਤੇ ਕਦੋਂ ਭੋਗੇ ਜਾਣਗੇ।

ਧਾਰਮਿਕ ਇਤਿਹਾਸ ਵਿਚ ਐਸੀਆਂ ਕਥਾਵਾਂ ਪ੍ਰਚਲਿਤ ਹਨ ਕਿ ਜਿਸ ਵਕਤ ਮਹਾਂਭਾਰਤ ਦਾ ਜੁੱਧ ਸਮਾਪਤ ਹੋਇਆ ਤਾਂ ਕ੍ਰਿਸ਼ਨ ਮਹਾਰਾਜ ਜੀ ਦੀ ਪ੍ਰੇਰਨਾ ਨਾਲ ਪੰਜੇ ਪਾਂਡਵ ਭਰਾ - ਹਾਰੇ ਹੋਏ, ਰਾਜਾ ਧ੍ਰਿਤਰਾਸ਼ਟਰ ਦੇ ਪਾਸ, ਉਸ ਦੇ ਮਾਰੇ ਜਾ ਚੁੱਕੇ ਪੁਤਰਾਂ ਦਾ, ਸਬੰਧੀਆਂ ਦਾ, ਮਿਤਰਾਂ ਦਾ ਅਫਸੋਸ ਕਰਨ ਲਈ ਆਏ। ਗੱਲਬਾਤ ਚਲਦੀ ਰਹੀ, ਉਸ ਰਾਜੇ ਨੇ ਕ੍ਰਿਸ਼ਨ ਮਹਾਰਾਜ ਨੂੰ ਕਿਹਾ ਕਿ ਜੁੱਧ ਤਾਂ ਹੋਇਆ ਕਰਦੇ ਹਨ, ਇਕ ਧਿਰ ਜਿਤਦੀ ਹੈ ਤੇ ਦੂਜੀ ਹਾਰਦੀ ਹੈ। ਇਹ ਆਦਿ ਕਾਲ ਤੋਂ ਹੀ ਗਤੀ ਚਲ ਰਹੀ ਹੈ ਪਰ ਮੈਂ ਇਸ ਗੱਲ ਦੇ ਉਤੇ ਜ਼ਬਰਦਸਤ ਸ਼ੰਕਾ ਕਰਦਾ ਹਾਂ ਕਿ ਮੈਨੂੰ ਜੋ ਵਿਧਾਤੇ ਨੇ ਸਜ਼ਾ ਦਿਤੀ ਹੈ, ਉਹ ਨਜਾਇਜ਼ ਹੈ। ਇਕ ਤਾਂ ਮੈਨੂੰ ਜਮਾਂਦਰੂ ਹੀ ਨੇਤਰਹੀਣ ਪੈਦਾ ਕੀਤਾ। ਦੂਸਰਾ ਮੇਰੇ ਸੌ ਪੁਤਰ ਅਠਾਰ੍ਹਾਂ ਦਿਨਾਂ ਵਿਚ ਮੇਰੇ ਸਾਮ੍ਹਣੇ ਹੀ ਮਾਰੇ ਗਏ। ਇਹ ਮੇਰੇ ਨਾਲ ਨਜਾਇਜ਼ ਹੋਈ ਹੈ। ਮੈਂ ਵਿਧਾਤਾ ਦੇ ਪਾਸ ਅਰਦਾਸਾਂ ਵੀ ਕੀਤੀਆਂ, ਬੇਨਤੀਆਂ ਵੀ ਕੀਤੀਆਂ ਪਰ ਉਸਨੇ ਮੇਰੀ ਇਕ ਨਾ ਸੁਣੀ। ਹੇ ਕ੍ਰਿਸ਼ਨ ਮਹਾਰਾਜ! ਹੇ ਪ੍ਰਭੂ! ਤੁਸੀਂ ਸੋਲ੍ਹਾਂ ਕਲਾਂ ਸੰਪੂਰਨ ਦੁਆਪਰ ਜੁਗ ਦੇ ਅਵਤਾਰ ਹੋਂ, ਪ੍ਰਭੂ ਨੇ ਆਪ ਦਾ ਹੀ ਪੱਖ ਲਿਆ ਅਤੇ ਅਸਾਡੇ ਵਲ ਕੋਈ ਵੀ ਧਿਆਨ ਨਾ ਦਿਤਾ। ਇਨ੍ਹਾਂ ਪੰਜਾਂ ਪਾਂਡਵਾਂ ਵਿਚੋਂ ਕੋਈ ਵੀ ਸ਼ਹੀਦ ਨਾ ਹੋਇਆ, ਮੇਰੇ ਸਾਰੇ ਪੁੱਤਰ ਮਾਰੇ ਗਏ।

ਉਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਫੁਰਮਾਨ ਕੀਤਾ ਕਿ ਰਾਜਨ! ਪ੍ਰਭੂ ਦਾ ਹੁਕਮ ਬਹੁਤ ਹੀ ਕਰਾਰਾ ਹੈ, ਇਸਦੇ ਵਿਚ ਨਰਮਾਈ ਲੈ ਆਉਣੀ ਬਹੁਤ ਹੀ ਔਖੀ ਕ੍ਰਿਆ ਹੈ। ਜੇਹਾ ਕੋਈ ਬੀਜਦਾ ਹੈ, ਉਸਨੂੰ ਵੱਢਣਾ ਹੀ ਪੈਂਦਾ ਹੈ ਭਾਵੇਂ ਛੇਤੀਂ ਫਲ ਕੱਟ ਲਵੇ, ਭਾਵੇਂ ਸੈਂਕੜੇ ਸਾਲ ਲੰਘ ਜਾਣ ਤੋਂ ਪਿਛੋਂ ਫਲ ਭੋਗੇ। ਹੇ ਰਾਜਨ! ਤੇਰੀ ਬੁੱਧੀ ਵਿਚ ਅਲਪੱਗਤਾ ਹੋਣ ਕਰਕੇ ਤੂੰ ਇਸ ਖੇਲ੍ਹ ਨੂੰ ਪੂਰੀ ਤਰ੍ਹਾਂ ਵੇਖ ਨਹੀਂ ਸਕਿਆ। ਮੈਂ ਤੈਨੂੰ ਭੂਤਕਾਲ

ਵਿਚ ਇਕ ਸੌ ਸੱਤ ਜਨਮ ਪਹਿਲਾਂ ਲੈ ਜਾਂਦਾ ਹਾਂ, ਤੂੰ ਆਪਣੀਆਂ ਅੰਤਰੀਵ ਅੱਖਾਂ ਦੇ ਨਾਲ ਸਾਰੀ ਖੇਲ੍ਹ ਵੇਖ ਕੇ ਨਿਰਣਾ ਕਰ ਕਿ ਕੀ ਇਹ ਤੇਰੇ ਕਰਮ ਦਾ ਫਲ ਵਿਧਾਤਾ ਨੇ ਸਹੀ ਤਰੀਕੇ ਨਾਲ ਭੁਗਤਾਇਆ ਹੈ ਜਾਂ ਨਜ਼ਾਇਜ਼ ਹੋਈ ਹੈ?

ਧ੍ਰਿਤਰਾਸ਼ਟਰ ਭੂਤਕਾਲ ਵਿਚ ਸੁਰਤੀ ਦੇ ਨੈਣਾਂ ਨਾਲ ਵੇਖਦਾ ਹੈ ਕਿ ਉਹ ਇਕ ਰਾਜਾ ਹੈ, ਮਾਸ ਖਾਣ ਦੀ ਉਸਨੂੰ ਪ੍ਰਬਲ ਇੱਛਾ ਬਣੀ ਰਹਿੰਦੀ ਹੈ; ਇਕ ਤਰ੍ਹਾਂ ਨਾਲ ਉਹ ਹਰ ਰੋਜ਼ ਆਪਣੀ ਰਸੋਈ ਵਿਚ ਮਾਸ ਬਣਵਾਉਂਦਾ ਹੈ। ਇਕ ਵਾਰੀ ਬਾਹਰੋਂ ਕਿਤੋਂ ਵੀ ਮਾਸ ਦੀ ਪ੍ਰਾਪਤੀ ਨਾ ਹੋਈ। ਇਸਦੇ ਪਾਸ ਬਾਵਰਚੀ ਖਾਨੇ ਦੇ ਇੰਚਾਰਜ ਨੇ ਬੇਨਤੀ ਕੀਤੀ ਕਿ ਮਹਾਰਾਜ! ਅੱਜ ਮਾਸ ਕਿਤੋਂ ਵੀ ਉਪਲਬਧ ਨਹੀਂ ਹੋ ਰਿਹਾ। ਉਸ ਵੇਲੇ ਇਸਨੇ ਹੁਕਮ ਦਿਤਾ ਕਿ ਜੋ ਹੰਸਾਂ ਦੇ ਸੌ ਬੱਚੇ ਪਾਲੇ ਹੋਏ ਹਨ, ਉਨ੍ਹਾਂ ਵਿਚੋਂ ਇਕ ਕੱਟ ਲਓ ਅਤੇ ਭੋਜਨ ਤਿਆਰ ਕਰੋ। ਜਦੋਂ ਉਸਨੇ ਹੰਸ ਖਾਧਾ ਤਾਂ ਹੁਕਮ ਦੇ ਦਿਤਾ ਕਿ ਹਰ ਰੋਜ਼ ਇਸ ਪੰਛੀ ਦਾ ਮਾਸ ਖਾਣ ਲਈ ਮੈਨੂੰ ਦੇਵੋ। ਹੁੰਦੇ-ਹੁੰਦੇ ਸਾਰੇ ਬੱਚੇ ਖਾ ਲਏ ਗਏ। ਜਦੋਂ ਉਨ੍ਹਾਂ ਦੇ ਮਾਤਾ-ਪਿਤਾ ਮੌਸਮ ਬਦਲਣ ਨਾਲ ਉਸਦੀ ਰਾਖਵੀਂ ਝੀਲ ਦੇ ਕੰਢੇ ਉਤਰੇ ਤਾਂ ਉਨ੍ਹਾਂ ਨੇ ਜਾਣ ਲਿਆ ਕਿ ਅਸਾਡੇ ਬੱਚੇ ਨਜ਼ਰ ਨਹੀਂ ਆ ਰਹੇ। ਉਹ ਰਾਜੇ ਦੇ ਮਹਿਲਾਂ ਉਤੇ ਘੁੰਮਦੇ ਰਹੇ, ਥੱਕ ਹਾਰ ਕੇ ਮਰ ਗਏ। ਜਦੋਂ ਇਹ ਸਾਰਾ ਦ੍ਰਿਸ਼ ਅੰਤ੍ਰੀਵੀ ਅੱਖਾਂ ਦੇ ਨਾਲ ਵੇਖ ਲਿਆ ਤਾਂ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਰਾਜਨ! ਇਕ ਸੌ ਸੱਤ ਜਨਮ ਪਹਿਲਾਂ ਕੀਤੇ ਹੋਏ ਕਰਮ ਦਾ ਫਲ ਤੈਨੂੰ ਹੁਣ ਭੋਗਣਾ ਪਿਆ ਹੈ, ਵਾਹਿਗੁਰੂ ਦੇ ਪ੍ਰਬੰਧ ਵਿਚ ਕਦੇ ਕੁਝ ਵੀ ਨਜਾਇਜ਼ ਨਹੀਂ ਹੋਇਆ ਕਰਦਾ। ਇਸ ਤੋਂ ਅੱਗੇ ਜੋ ਤੂੰ ਆਖਦਾ ਹੈਂ ਕਿ ਮੈਨੂੰ ਨੇਤ੍ਰਹੀਣ ਕਿਉਂ ਪੈਦਾ ਕੀਤਾ, ਇਕ ਸੌ ਚੌਥਾ ਜਨਮ ਦਿਖਾਉਂਦੇ ਹਾਂ। ਜਦੋਂ ਤੂੰ ਬੱਚਿਆਂ ਨਾਲ ਖੇਲ੍ਹਦਾ ਸੀ, ਉਹ ਸਮਾਂ ਦੇਖ। ਕੀ ਦੇਖਦਾ ਹੈ ਕਿ ਬੱਚੇ ਅੱਕ ਟਿੱਡੇ ਨੂੰ ਫੜਦੇ ਹਨ, ਬੱਚੇ ਆਪੋ-ਆਪਣੀ ਮੌਜ ਅਨੁਸਾਰ ਕਦੇ ਟਿੱਡੇ ਨੂੰ ਫੜ ਲੈਂਦੇ ਹਨ, ਕਦੇ ਛਡ ਦਿੰਦੇ ਹਨ, ਕਦੇ ਉਪਰ ਉਡਾ ਦਿੰਦੇ ਹਨ ਪਰ ਇਸਨੇ ਇਕ ਟਿੱਡਾ ਫੜਿਆ। ਨੇੜੇ ਕੰਡੇਦਾਰ ਕਿੱਕਰ ਦੀ ਵਾੜ ਸੀ, ਉਸਨੇ ਇਕ ਸੂਲ ਤੋੜੀ ਅਤੇ ਟਿੱਡੇ ਦੀਆਂ ਦੋਨੋਂ ਅੱਖਾਂ ਦੇ ਵਿਚੀਂ ਸਾਰ-ਪਾਰ ਕੱਢ ਕੇ ਉਸਨੂੰ ਉਪਰ ਹਵਾ ਵਿਚ ਵਗਾਹ ਮਾਰਿਆ। ਉਹ ਟਿੱਡਾ ਸੂਲ ਦੇ ਕਸ਼ਟ ਨਾਲ ਬੇਹਬਲ ਹੋ ਗਿਆ ਅਤੇ ਕਸ਼ਟ ਸਹਿੰਦਾ-ਸਹਿੰਦਾ ਪ੍ਰਾਣਾਂ ਦਾ ਅੰਤ ਕਰ ਗਿਆ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਰਾਜਨ! ਸਾਰੀ ਰਚਨਾ ਪ੍ਰਭੂ ਨੇ ਰਚੀ ਹੈ। ਰਚਣ ਵਾਲੇ ਦੇ ਅਖਤਿਆਰ ਹੈ - ਕਿਸੇ ਨੂੰ ਮਾਰੇ, ਭਾਵੇਂ ਕਿਸੇ ਨੂੰ ਜੀਵਨਦਾਨ ਦੇਵੇ। ਮਨੁੱਖ ਕਿਸੇ ਨੂੰ ਜੀਵਨ ਦਾਨ ਨਹੀਂ ਦੇ ਸਕਦਾ। ਇਸ ਦਾ ਕੀ ਹੱਕ ਹੈ ਕਿ ਵਾਹਿਗੁਰੂ ਦੇ ਪੈਦਾ ਕੀਤੇ ਜੀਵਾਂ ਨੂੰ ਆਪਣੇ ਖਾਣ ਹਿਤ ਮਾਰੇ ਅਤੇ ਜੀਵਾਂ ਨੂੰ ਤਕਲੀਫ ਦੇਵੇ? ਜੀਵ ਦੀ ਧੱਕਾਜ਼ੋਰੀ ਕੀਤੀ ਹੋਈ ਕਰਮ ਬਣ ਜਾਂਦੀ ਹੈ ਕਿਉਂਕਿ ਜੀਵ ਹਉਮੈ ਦਾ ਬੰਨ੍ਹਿਆਂ ਹੋਇਆ ਕਰਮ ਕਰਦਾ ਹੈ, ਕਰਮ ਦਾ ਫਲ ਉਸਨੂੰ ਪ੍ਰਭੂ ਹੁਕਮ ਅਨੁਸਾਰ ਭੋਗਣਾ ਹੀ ਪੈਂਦਾ ਹੈ। ਇਸ ਕਰਕੇ ਗੁਰੂ ਮਹਾਰਾਜ ਬਾਰ-ਬਾਰ ਫੁਰਮਾਨ ਕਰਦੇ ਹਨ -

***ਦਦੈ ਦੋਸੁ ਨ ਦੇਊ ਕਿਸੈ***
***ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ॥***

***ਪੰਨਾ-433***

ਗੁਰੂ ਦਸਵੇਂ ਪਾਤਸ਼ਾਹ ਸੰਗਤ ਵਿਚ ਬਿਰਾਜਮਾਨ ਹਨ। ਆਪ ਦੇ ਦਰਸ਼ਨ ਲਈ ਇਕ ਬੈਰਾਗੀ ਸਾਧੂਆਂ ਦੀ ਜਮਾਤ ਦੂਰ-ਦਰਾਜ਼ ਦੇ ਦੇਸਾਂ ਤੋਂ ਆਈ। ਉਨ੍ਹਾਂ ਨੇ ਆ ਕੇ ਪਾਤਸ਼ਾਹ ਦੇ ਦਰਸ਼ਨ ਕੀਤੇ। ਬਚਨ ਕਰ ਰਹੇ ਹਨ, ਉਸੇ ਵੇਲੇ ਇਕ ਪ੍ਰੇਮੀ, ਬਿਸ਼ੰਭਰਦਾਸ ਦਾ ਲੜਕਾ ਹਰਗੋਪਾਲ ਸੰਗਤ ਵਿਚ ਆ ਗਿਆ। ਕੀ ਦੇਖਦਾ ਹੈ ਕਿ ਗੁਰੂ ਮਹਾਰਾਜ ਨੇ ਇਕ ਹੱਥ ਵਿਚ ਇਕ ਬਟੇਰਾ ਫੜਿਆ ਹੋਇਆ ਹੈ ਅਤੇ ਦੂਜੇ ਹੱਥ ਵਿਚ ਬਾਜ ਹੈ। ਬਟੇਰੇ ਦੇ ਬਾਜ ਚੁੰਝ ਮਾਰਦਾ ਹੈ ਅਤੇ ਉਸਦਾ ਮਾਸ ਨੋਚ ਲੈਂਦਾ ਹੈ। ਉਹ ਬਟੇਰਾ ਤੜਫ ਰਿਹਾ ਹੈ ਪਰ ਮਹਾਰਾਜ ਜੀ ਨੇ ਉਸਨੂੰ ਉਡਣ ਨਹੀਂ ਦਿਤਾ। ਅਜਿਹਾ ਕੌਤਕ ਵੇਖ ਕੇ ਕਿਸੇ ਨੂੰ ਸਮਝ ਨਹੀਂ ਆ ਰਿਹਾ ਕਿ ਗੁਰੂ ਮਹਾਰਾਜ ਜੀ ਦਾ ਇਸ ਕੌਤਕ ਤੋਂ ਕੀ ਭਾਵ ਹੈ। ਸਾਰੀ ਸੰਗਤ ਬੜੇ ਧਿਆਨ ਨਾਲ ਸਾਵਧਾਨ ਹੋ ਕੇ ਇਸ ਕੌਤਕ ਨੂੰ ਦੇਖ ਸੋਚ ਰਹੀ ਹੈ ਕਿ ਇਹ ਕੋਈ ਪਾਪੀ ਜੀਵ ਹੋਵੇਗਾ ਜਿਸਦਾ ਫਲ ਗੁਰੂ ਮਹਾਰਾਜ ਭੁਗਤਾ ਰਹੇ ਹਨ। ਹੌਲੀ-ਹੌਲੀ ਬਟੇਰੇ ਦਾ ਮਾਸ ਬਾਜ ਨੇ ਖਾ ਲਿਆ। ਮਹਾਰਾਜ ਜੀ ਨੇ ਬਚਿਆ ਹੋਇਆ ਪਿੰਜਰ ਸੇਵਾਦਾਰ ਨੂੰ ਫੜਾ ਕੇ ਦੂਰ ਸੁੱਟਣ ਦਾ ਹੁਕਮ ਦਿਤਾ ਅਤੇ ਆਪ ਆਪਣੇ ਹੱਥ ਸੁੱਚੇ ਕਰਕੇ ਗੰਭੀਰ ਹੋਏ ਦਰਸ਼ਨ ਦੇ ਰਹੇ ਹਨ। ਵੈਰਾਗੀਆਂ ਦੇ ਸ੍ਰੀ ਮਹੰਤ ਨੇ ਬੇਨਤੀ ਕੀਤੀ ਕਿ ਹੇ ਪ੍ਰਭੂ! ਆਪ ਸਰਬ ਕਲਾ ਸਮਰੱਥ ਹੋਂ, ਆਪ ਵਿਚ ਤੇ ਪ੍ਰਮੇਸ਼ਰ ਦੇ ਵਿਚ ਕੋਈ ਵੀ ਭੇਦ ਨਹੀਂ ਹੈ ਕਿਉਂਕਿ ਅਸੀਂ ਗੁਰੂਆਂ ਦੀ ਬਾਣੀ ਵਿਚ ਪੜ੍ਹਿਆ ਹੈ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ॥***

***ਪੰਨਾ - 442***

ਆਪ ਤ੍ਰਿਕਾਲਦਰਸ਼ੀ ਹੋ ਅਸੀਂ ਆਪ ਦੀ ਕ੍ਰਿਆ ਸਮਝ ਨਹੀਂ ਸਕੇ। ਅਸਾਡੇ ਕਈ ਪ੍ਰੇਮੀ, ਹੋ ਸਕਦਾ ਹੈ ਇਸ ਕ੍ਰਿਆ ਤੋਂ ਕੁਝ ਅਣਜਾਣ-ਪੁਣਾ ਹੋਣ ਕਰਕੇ ਸ਼ੰਕਿਆਂ ਦੀ ਦਲਦਲ ਵਿਚ ਨਾ ਖੁਭ ਜਾਣ। ਸੋ ਆਪ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪ ਇਸ ਗੁਪਤ ਰਹੱਸ ਉਪਰ ਪ੍ਰਕਾਸ਼ ਪਾ ਕੇ ਕ੍ਰਿਤਾਰਥ ਕਰੋ ਤਾਂ ਕਿ ਸਾਨੂੰ ਵੀ ਕੁਝ ਸਿਖਿਆ ਆਵੇ। ਆਪ ਦੇ ਬਚਨ ਸੁਣ

ਕੇ ਮਹਾਰਾਜ ਜੀ ਨੇ ਦੱਸਿਆ ਕਿ ਪਿਛਲੇ ਦੂਰ ਦੇ ਜਨਮ ਵਿਚ ਇਹ ਬਟੇਰਾ ਇਕ ਅਮੀਰ ਪੁਰਸ਼, ਬਾਹੂ ਬਲ ਵਾਲਾ ਅਭਿਮਾਨੀ ਬੰਦਾ ਸੀ। ਇਸਦੇ ਰਾਜ ਵਿਚ ਇਕ ਸ਼ਾਹੂਕਾਰ ਵਿਆਜ ਦਾ ਕੰਮ ਕਰਦਾ ਸੀ, ਪੈਸੇ ਉਧਾਰੇ ਦੇ ਕੇ ਆਪਣਾ ਨਿਰਬਾਹ ਕਰਿਆ ਕਰਦੇ ਸਨ। ਇਸ ਅਮੀਰ ਨੇ ਉਸ ਤੋਂ ਪੈਸੇ ਉਧਾਰੇ ਲੈ ਲਏ ਅਤੇ ਜ਼ਮਾਨਤ ਵਿਚ ਇਕ ਮਹਾਂਪੁਰਸ਼ਾਂ ਵਲ ਇਸ਼ਾਰਾ ਕਰਕੇ ਕਿਹਾ ਕਿ ਮੈਂ ਇਸ ਸਤਿਪੁਰਸ਼ ਦੀ ਜ਼ਮਾਨਤ ਦਿੰਦਾ ਹਾਂ। ਸ਼ਾਹੂਕਾਰ ਨੇ ਵਿਸ਼ਵਾਸ਼ ਕਰ ਲਿਆ, ਪਰ ਇਸ ਅਭਿਮਾਨੀ ਨੇ ਪੈਸੇ ਤਾਂ ਵਾਪਸ ਕੀ ਕਰਨੇ ਸਨ, ਆਪਣੇ ਜ਼ੋਰ ਦੇ ਨਾਲ ਆਪਣੇ ਬੰਦਿਆਂ ਰਾਹੀਂ ਉਸਨੂੰ ਲੁੱਟ ਲਿਆ ਅਤੇ ਆਪਣੇ ਨਗਰ ਵਿਚੋਂ ਉਜਾੜ ਦਿਤਾ। ਜਿਥੇ ਜਾ ਕੇ ਉਹ ਵਸਿਆ, ਉਥੋਂ ਵੀ ਉਜਾੜ ਦਿਤਾ। ਉਸਨੇ ਪੈਸੇ ਵਾਪਸ ਲੈਣ ਲਈ ਕਈ ਵਾਰ ਤਰਲੇ ਭਰੇ ਪਰ ਇਸ ਪੁਰਸ਼ ਨੇ ਉਸਨੂੰ ਕੋਈ ਆਈ-ਗਈ ਨਾ ਦਿਤੀ ਅਤੇ ਦਿਤੀ ਹੋਈ ਜ਼ਮਾਨਤ ਦੀ ਵੀ ਲਿਹਾਜ਼ ਨਾ ਕਰੀ। ਇਸ ਪ੍ਰੇਮੀ ਨੇ ਕਿਹਾ ਕਿ ਰੱਬ ਦੀ ਦਰਗਾਹ ਵਿਚ ਤੈਨੂੰ ਲੇਖਾ ਦੇਣਾ ਪਵੇਗਾ, ਮੈਂ ਉਥੇ ਜਾ ਕੇ ਆਪਣਾ ਹਿਸਾਬ-ਕਿਤਾਬ ਤੇਰੇ ਨਾਲ ਨਿਬੇੜਾਂਗਾ। ਉਹ ਜ਼ਿਮੀਦਾਰ ਕਹਿਣ ਲੱਗਿਆ ਕਿ ਮੈਂ ਦਰਗਾਹ-ਦਰਗੂਹ ਕੋਈ ਨਹੀਂ ਜਾਣਦਾ, ਸਭ ਢਕੌਂਸਲੇ ਹਨ। ਚਲਾਕ ਲੋਕ ਫਰਜ਼ੀ ਦਰਗਾਹਾਂ ਬਣਾ ਕੇ ਭੋਲੀ-ਭਾਲੀ ਜਨਤਾ ਨੂੰ ਡਰਾਉਂਦੇ ਰਹਿੰਦੇ ਹਨ। ਨਾ ਕੋਈ ਧਰਮਰਾਜ ਹੈ, ਨਾ ਕੋਈ ਇਸ ਸੰਸਾਰ ਨੂੰ ਪੈਦਾ ਕਰਨ ਵਾਲਾ ਹੈ, ਇਹ ਸੰਸਾਰ ਤਾਂ ਆਪਣੇ-ਆਪ ਆਪੇ ਹੀ ਬਣਿਆ ਹੋਇਆ ਹੈ। ਇਸਨੂੰ ਬਣਾਉਣ ਵਾਲਾ ਕੋਈ ਨਹੀਂ ਹੈ - ***'ਆਹ ਜਗ ਮਿੱਠਾ ਅਗਲਾ ਕਿਨ ਡਿੱਠਾ।'*** ਇਹ ਸਭ ਡਰਾਉਣ ਵਾਲੀਆਂ ਗੱਲਾਂ ਮੈਂ ਨਹੀਂ ਮੰਨਦਾ। ਜੋ ਕੁਛ ਹੈ ਸਾਡੇ ਸਾਹਮਣੇ ਹੀ ਹੈ, ਕੋਈ ਲੇਖਾ-ਪੱਤਾ ਨਹੀਂ ਹੁੰਦਾ। ਜਿਵੇਂ ਵੀ ਕਿਸੇ ਤੋਂ ਕੋਈ ਚੀਜ਼ ਹਾਸਿਲ ਹੁੰਦੀ ਹੈ, ਲੈਣ ਦੀ ਕਰੋ ਅਤੇ ਮੌਜਾਂ ਉਡਾਓ। ਲੇਖਿਆਂ ਪੱਤਿਆਂ ਦਾ ਡਰਾਵਾ ਇਨਸਾਨ ਨੂੰ ਇਕ ਖੋਖਲਾ ਡਰਾਵਾ ਹੈ। ਮੈਂ ਤੇਰੇ ਪੈਸੇ ਕਿਸੇ ਤਰ੍ਹਾਂ ਨਾਲ ਵੀ ਨਹੀਂ ਮੋੜਨੇ।

ਉਸ ਪ੍ਰੇਮੀ ਨੂੰ ਝਟਕਾ ਲੱਗਿਆ ਅਤੇ ਉਸਦੇ ਪ੍ਰਾਣਾਂ ਦਾ ਅੰਤ ਹੋਣ ਲੱਗਿਆ ਤਾਂ ਉਸਦੇ ਮੂੰਹੋਂ ਨਿਕਲਿਆ, ਜ਼ਿੰਮੀਦਾਰ ਜੀ! ਜੇ ਮੇਰਾ ਵਸ ਚਲਦਾ ਤਾਂ ਮੈਂ ਤੇਰਾ ਜਿਉਂਦੇ ਦਾ ਮਾਸ ਨੋਚ-ਨੋਚ (ਚੂੰਡ-ਚੂੰਡ) ਕੇ ਖਾਂਦਾ। ਐਨਾ ਕਹਿ ਕੇ ਉਹ ਸ਼ਾਹੂਕਾਰ ਮਰ ਗਿਆ। ਵੈਰਾਗੀ ਸਾਧੂਆਂ ਨੂੰ ਮੁਖਾਤਿਬ ਕਰਕੇ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਮਹਾਂਪੁਰਸ਼ੋ! ਤੁਸੀਂ ਪ੍ਰਮੇਸ਼ਰ ਦੇ ਨਿਯਮ ਨੂੰ ਭਲੀਭਾਂਤ ਜਾਣਦੇ ਹੋ -

***ਜੇਹਾ ਬੀਜੈ ਸੋ ਲੁਣੈ***
***ਕਰਮਾ ਸੰਦੜਾ ਖੇਤੁ॥ ਪੰਨਾ - 134***

ਸੋ ਸਮਾਂ ਪਾ ਕੇ ਉਹ ਸ਼ਾਹੂਕਾਰ ਬਾਜ ਬਣ ਗਿਆ ਅਤੇ ਉਹ ਜ਼ਿਮੀਦਾਰ ਆਪਣੇ ਕਰਮਾਂ ਦਾ ਬੰਨ੍ਹਿਆਂ ਹੋਇਆ ਬਟੇਰਾ ਬਣ ਗਿਆ। ਇਹ ਬਟੇਰਾ, ਸਿੰਘ ਫੜ ਲਿਆਏ ਤੇ ਬਾਜ ਪਹਿਲਾਂ ਹੀ ਸਾਡੇ ਪਾਸ ਸੀ। ਇਨ੍ਹਾਂ ਨੇ ਮਹਾਂਪੁਰਸ਼ਾਂ ਦੀ ਜ਼ਾਮਨੀ ਦਿਤੀ ਸੀ। ਸੋ ਅਸਾਡਾ ਫਰਜ਼ ਸੀ ਕਿ ਅਸੀਂ ਇਸ ਬਟੇਰੇ ਦੇ ਕਰਮਾਂ ਦਾ ਫਲ ਆਪ ਭੁਗਤਾਈਏ। ਇਸ ਕਰਕੇ ਅਸੀਂ ਤਾਂ ਇਸਦੇ ਕਰਮ ਦਾ ਫਲ ਭੁਗਤਾਇਆ ਹੈ। ਇਸ ਜ਼ਿਮੀਦਾਰ ਦਾ ਕੀਤਾ ਹੋਇਆ ਕਰਮ ਹੁਕਮ ਵਿਚ ਹੁਣ ਹੀ ਭੁਗਤਾਇਆ ਜਾਣਾ ਸੀ। ਇਹ ਸੁਣ ਕੇ ਸਾਰੇ ਵੈਰਾਗੀਆਂ ਦੇ ਸ਼ੰਕੇ ਦੂਰ ਹੋ ਗਏ।

ਸੋ ਇਸ ਤਰ੍ਹਾਂ ਨਾਲ ਪ੍ਰਭੂ ਦੇ ਹੁਕਮ ਦੀ ਕ੍ਰਿਆ ਚਲ ਰਹੀ ਹੈ। ਇਹ ਪ੍ਰਬਲ ਹੁਕਮ ਕਰਮ ਨੂੰ ਬਲ ਦਿੰਦਾ ਹੈ ਅਤੇ ਅਸੀਂ ਕਰਮ ਭੋਗਦੇ ਹਾਂ।

ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਕਿਸੇ ਤਰ੍ਹਾਂ ਦੇ ਨਾਲ ਇਹ ਕਰਮ ਦਾ ਫਲ ਮਿਟ ਸਕਦਾ ਹੈ ਜਾਂ ਨਹੀਂ? ਇਸ ਸਿਧਾਂਤ ਨੂੰ ਅਸਾਨੂੰ ਸਮਝਣਾ ਪਵੇਗਾ। ਵਾਹਿਗੁਰੂ ਜੀ ਦੇ ਪਿਆਰੇ ਹਰ ਵਕਤ ਵਾਹਿਗੁਰੂ ਜੀ ਨਾਲ ਜੁੜੇ ਰਹਿੰਦੇ ਹਨ, ਵਾਹਿਗੁਰੂ ਜੀ ਨੇ ਆਪਣੇ ਪਿਆਰਿਆਂ ਨੂੰ **veeto power** ਦਿਤੀ ਹੋਈ ਹੈ। ਉਹ ਜੇ ਚਾਹੁਣ ਤਾਂ ਲੇਖ ਨੂੰ ਪੂਰੀ ਤਰ੍ਹਾਂ ਮੇਟ ਵੀ ਸਕਦੇ ਹਨ, ਸੁਪਨੇ ਵਿਚ ਭੁਗਤਾ ਸਕਦੇ ਹਨ ਜਾਂ ਸੂਲੀ ਤੋਂ ਸੂਲ ਬਣਾ ਕੇ ਭੁਗਤਾ ਸਕਦੇ ਹਨ। ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ -

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ॥***
***ਤਿਨ ਕੀ ਸੋਭਾ ਸਭਨੀ ਥਾਈ***
***ਜਿਨ ਪ੍ਰਭ ਕੇ ਚਰਣ ਪਰਾਤੇ॥***
***ਪੰਨਾ - 748***

ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਲਿਖਦੇ ਹਨ ਕਿ -

***ਧੂੜੀ ਲੇਖੁ ਮਿਟਾਇਆ***
***ਚਰਣੋਦਕ ਮਨੁ ਵਸਗਤਿ ਆਯਾ।***
***ਭਾਈ ਗੁਰਦਾਸ ਜੀ, ਵਾਰ - 23/3***

ਸੰਤਾਂ ਦੇ ਚਰਨਾਂ ਦੀ ਧੂੜੀ ਵਿਚ ਪ੍ਰਬਲ ਸ਼ਕਤੀ ਹੋਇਆ ਕਰਦੀ ਹੈ ਅਤੇ ਉਹ ਲੇਖ ਮਿਟਾ ਦਿਆ ਕਰਦੇ ਹਨ ਤੇ ਸੰਪਰਦਾਈ ਮਹਾਂਪੁਰਸ਼ਾਂ ਦੇ ਮੁਖ ਤੋਂ ਐਸੇ ਬਚਨ ਸੁਣੇ ਜਾਂਦੇ ਹਨ ਕਿ ਇਕ ਸ਼ਾਹੂਕਾਰ ਲਾਹੌਰ ਵਿਚ ਰਿਹਾ ਕਰਦਾ ਸੀ। ਇਕ ਵਾਰੀ ਉਹ ਸੌਦਾਗਰ ਵਪਾਰ ਕਰਨ ਲਈ ਦੂਰ ਦੇ ਦੇਸ਼ਾਂ ਵਿਚ ਗਿਆ, ਪਿਛੇ ਘਰ ਵਿਚ ਉਸ ਦੀ ਖੂਬਸੂਰਤ ਇਸਤ੍ਰੀ ਬੱਚਿਆਂ ਸਮੇਤ ਰਹਿ ਗਈ। ਇਕ ਦਿਨ ਉਹ ਕੇਸੀਂ ਇਸ਼ਨਾਨ ਕਰਕੇ ਆਪਣੇ ਤਿੰਨ ਮੰਜ਼ਿਲੇ ਮਕਾਨ ਦੀ ਉਪਰਲੀ ਛੱਤ ਉਤੇ ਬੈਠੀ ਆਪਣੇ ਕੇਸਾਂ ਦਾ ਪਾਣੀ ਸੌਖਤ ਕਰ ਰਹੀ ਸੀ। ਦੂਜੇ ਪਾਸੇ ਨੇੜੇ ਹੀ ਲਾਹੌਰ ਦੇ ਕਿਲੇ ਦਾ ਉਸ ਸਮੇਂ ਦਾ ਹਾਕਮ ਕਿਲੇ ਦੇ ਬੁਰਜ ਉਪਰ ਖੜ੍ਹਾ ਸ਼ਹਿਰ ਦਾ ਨਿਰੀਖਣ ਕਰ ਰਿਹਾ

ਸੀ ਅਤੇ ਦੂਰਬੀਨ ਹੱਥ ਵਿਚ ਲੈ ਕੇ ਆਉਂਦੇ-ਜਾਂਦੇ ਲੋਕਾਂ ਨੂੰ ਵੇਖ ਰਿਹਾ ਸੀ, ਬਜ਼ਾਰ ਵਿਚ ਹੋਏ ਇਕੱਠਾਂ ਨੂੰ ਭਾਂਪ ਰਿਹਾ ਸੀ। ਦੂਰਬੀਨ ਘੁੰਮਾ ਕੇ ਰਿਹਾਇਸ਼ੀ ਮਕਾਨਾਂ ਉਪਰ ਜਦੋਂ ਕੀਤੀ ਤਾਂ ਉਸ ਸੌਦਾਗਰ ਦੀ ਇਸਤ੍ਰੀ ਆਪਣੀ ਸਾਦੀ **dress** ਵਿਚ ਬੈਠੀ ਉਸਨੂੰ ਅਤਿਅੰਤ ਸੁੰਦਰ ਨਜ਼ਰ ਆਈ। ਉਸਦਾ ਮਨ, ਵੇਖਦਿਆਂ ਹੀ, ਕਾਮ ਵਾਸ਼ਨਾ ਦੇ ਅਧੀਨ ਹੋ ਗਿਆ। ਇਹ ਵਾਸ਼ਨਾ ਐਸੀ ਪ੍ਰਬਲ ਹੋਇਆ ਕਰਦੀ ਹੈ ਕਿ ਇਸਦਾ ਡੰਗਿਆ, ਸਾਰੀਆਂ ਸਦਾਚਾਰਕ ਕੀਮਤਾਂ ਨੂੰ ਤਿਆਗ ਕੇ ਆਪਣੀ ਵਾਸ਼ਨਾ ਦੀ ਪੂਰਤੀ ਲਈ ਜਾਇਜ਼-ਨਜਾਇਜ਼ ਸਭ ਢੰਗ ਅਪਨਾਉਣ ਲਈ ਤਤਪਰ ਹੋ ਜਾਇਆ ਕਰਦਾ ਹੈ। ਨਾ ਹੀ ਉਸ ਨੂੰ ਲੋਕ ਲਾਜ ਦਾ ਡਰ ਹੁੰਦਾ ਹੈ, ਨਾ ਹੀ ਪਰਲੋਕ ਦਾ ਡਰ ਰਹਿੰਦਾ ਹੈ; ਲੱਜਾ, ਸ਼ਰਮ ਦੇ ਅੱਖਰ ਅਤੇ ਇਨ੍ਹਾਂ ਦਾ ਮਤਲਬ ਉਸਦੇ ਮਨ ਵਿਚੋਂ ਅਲੋਪ ਹੋ ਜਾਇਆ ਕਰਦਾ ਹੈ। ਅਰਥ-ਅਨਰਥ ਦੀ ਨਾ ਵਿਚਾਰ ਕਰਦਾ ਹੋਇਆ ਕਾਮ ਪੂਰਤੀ ਲਈ ਅੰਨ੍ਹਾ ਹੋ ਜਾਇਆ ਕਰਦਾ ਹੈ। ਉਸ ਸਮੇਂ ਉਸਨੇ ਆਪਣੇ ਨੇੜੇ ਹੀ ਖੜ੍ਹੇ ਇਕ ਸੇਵਾਦਾਰ ਨੂੰ ਬੁਲਾਇਆ ਅਤੇ ਉਸਨੂੰ ਉਸ ਬੀਬੀ ਦਾ ਘਰ ਦਿਖਾ ਕੇ ਕਿਹਾ ਕਿ ਉਸਨੂੰ ਮੇਰੇ ਕੋਲ ਸੱਦ ਕੇ ਲਿਆਵੋ ਅਤੇ ਉਹ ਮੇਰੇ ਪਾਸ ਰਹੇ; ਨਹੀਂ ਤਾਂ ਮੈਂ ਉਸ ਦੇ ਬਾਲ-ਬੱਚੇ, ਉਸਦੇ ਪਤੀ ਨੂੰ ਮਰਵਾ ਕੇ ਉਸਨੂੰ ਜ਼ਬਰਦਸਤੀ ਚੁੱਕ ਕੇ ਆਪਣੇ ਮਹਿਲਾਂ ਵਿਚ ਬੇਗਮ ਬਣਾ ਲਵਾਂਗਾ।

ਸਿਆਣਾ ਚੋਬਦਾਰ ਭਾਵੇਂ ਮਨੋਂ ਇਸ ਗੱਲ ਨੂੰ ਪਸੰਦ ਨਹੀਂ ਸੀ ਕਰਦਾ ਪਰ ਕੁਝ ਬੋਲ ਕੇ ਆਖ ਵੀ ਨਹੀਂ ਸੀ ਸਕਦਾ। ਹੁਕਮ ਮੰਨ ਕੇ ਉਸ ਮਕਾਨ ਵਲ ਗਿਆ ਅਤੇ ਉਸ ਨਾਲ ਗੱਲਬਾਤ ਕਰਕੇ ਕਿਹਾ ਕਿ ਅਸਾਡੇ ਲਾਹੌਰ ਦਾ ਹਾਕਮ ਇਹ ਚਾਹੁੰਦਾ ਹੈ ਕਿ ਤੂੰ ਉਸ ਦੇ ਪਾਸ ਆਵੇਂ। ਉਸ ਦੀ ਵਾਸ਼ਨਾ ਮੰਦ ਹੈ, ਉਸ ਦੀ ਪੂਰਤੀ ਲਈ ਉਸ ਨੇ ਮੈਨੂੰ ਭੇਜਿਆ ਹੈ। ਉਹ ਬੀਬੀ ਸੁਣ ਕੇ ਹੱਕੀ-ਬੱਕੀ ਰਹਿ ਗਈ ਅਤੇ ਆਪਣੀ ਕੁਲ ਧਰਮ, ਆਪਣੇ ਨਿੱਜ ਧਰਮ, ਆਪਣੇ ਸਮਾਜਿਕ ਧਰਮ ਅਤੇ ਆਪਣੇ ਪਤੀਵਰਤਾ ਧਰਮ ਨੂੰ ਵਿਚਾਰ ਕੇ ਪੂਰੀ ਸਪਸ਼ਟ ਹੋ ਕੇ ਉਤਰ ਦਿਤਾ ਕਿ ਮੈਂ ਇਕ ਪਤੀਵਰਤਾ ਇਸਤ੍ਰੀ ਹਾਂ ਅਤੇ ਮੈਂ ਆਪਣੇ ਧਰਮ ਦੇ ਵਿਚ ਬੱਧੀ ਕਿਸੇ ਪਰ ਪੁਰਸ਼ ਨਾਲ ਅੰਗ ਨਹੀਂ ਲਾ ਸਕਦੀ। ਮੈਨੂੰ ਆਪਣੇ ਧਰਮ ਦੀ ਪੂਰਤੀ ਲਈ ਭਾਵੇਂ ਆਪਣੀ ਜਾਨ ਵੀ ਕੁਰਬਾਨ ਕਰਨੀ ਪਵੇ ਤਾਂ ਵੀ ਮੈਂ ਇਹ ਪਤਿਤ ਕਰਮ ਬਿਲਕੁਲ ਵੀ ਨਹੀਂ ਕਰ ਸਕਦੀ। ਦੂਸਰਾ ਮੈਂ ਹਿੰਦੂ ਧਰਮ ਨਾਲ ਸਬੰਧ ਰਖਦੀ ਹਾਂ, ਉਹ ਮੁਸਲਿਮ ਹਾਕਮ ਹੈ, ਉਸਨੂੰ ਮੇਰੇ ਵਲੋਂ ਕਹਿ, ਕਿ ਉਹ ਆਪਣੇ ਇਸਲਾਮ ਦੇ ਧਰਮ ਉਪਰ ਪੂਰੀ ਤਰ੍ਹਾਂ ਦ੍ਰਿੜ੍ਹਤਾ ਨਾਲ ਚੱਲੇ, ਜਿਸਦੇ ਮੁਤਾਬਿਕ ਪਰਾਈਆਂ ਇਸਤ੍ਰੀਆਂ ਦੇ ਉਪਰ ਜ਼ਬਰ ਕਰਨਾ, ਸ਼ਰਾ ਦੇ ਮੁਤਾਬਿਕ ਬਿਲਕੁਲ ਹੀ ਵਰਜਿਤ ਹੈ। ਜੇ ਆਪ ਹੀ ਹਾਕਮ ਹੁੰਦਾ ਹੋਇਆ ਸ਼ਰਾ ਦੇ ਕਾਨੂੰਨਾਂ ਦੀਆਂ ਧੱਜੀਆਂ ਉਡਾਉਂਦਾ ਹੈ ਤਾਂ ਪਰਜਾ ਦੀ ਰਾਖੀ ਕੌਣ ਕਰੇਗਾ? ਇਹ ਮੇਰੀ ਬੇਨਤੀ ਉਸ ਪਾਸ ਕਰ ਦੇਣੀ।

ਇਹ ਸੁਣ ਕੇ ਉਸ ਸੇਵਾਦਾਰ ਨੇ ਕਿਹਾ ਕਿ ਬੀਬੀ ਉਹ ਹਾਕਮ ਬੜਾ ਨਿਰਦਈ ਹੈ, ਸੁਕਰਮ-ਆਕਰਮ ਦੀ ਉਸਨੂੰ ਕੋਈ ਸੋਝੀ ਨਹੀਂ ਹੈ, ਉਸਨੂੰ ਉਸਦੇ ਕੀਤੇ ਕਰਮਾਂ ਲਈ ਪੁਛਣ ਵਾਲਾ ਕੋਈ ਨਹੀਂ ਹੈ; ਇਸ ਲਈ ਹੋ ਸਕਦਾ ਹੈ ਕਿ ਉਹ ਤੁਹਾਡਾ ਘਰ ਜ਼ਬਤ ਕਰ ਲਵੇ, ਤੇਰੇ ਪਤੀ ਨੂੰ ਕੈਦ ਕਰ ਲਵੇ ਅਤੇ ਬੱਚਿਆਂ ਨੂੰ ਮਰਵਾ ਦੇਵੇ ਤੇ ਤੈਨੂੰ ਜ਼ਬਰਦਸਤੀ ਆਪਣੇ ਮਹਿਲਾਂ ਵਿਚ ਸ਼ਾਮਿਲ ਕਰ ਲਵੇ।

ਇਹ ਸੁਣ ਕੇ ਬੀਬੀ ਨੇ ਕਿਹਾ ਕਿ ਵੀਰਾ! ਮੈਂ ਧਰਮ ਨੂੰ ਕਿਸੇ ਤਰ੍ਹਾਂ ਵੀ ਨਹੀਂ ਤਿਆਗ ਸਕਦੀ ਭਾਵੇਂ ਮੇਰੇ ਸਰੀਰ ਦੇ ਟੁਕੜੇ-ਟੁਕੜੇ ਕਰ ਦੇਵੇ। ਉਹ ਵਾਪਸ ਆ ਗਿਆ। ਕੋਰਾ ਜਵਾਬ ਸੁਣ ਕੇ ਉਹ ਹਾਕਮ ਹੋਰ ਵਸੀਲੇ ਸੋਚਣ ਲੱਗਿਆ। ਕਾਜ਼ੀ ਨਾਲ ਸਲਾਹ ਕੀਤੀ, ਉਸਨੇ ਸਮਝਾਇਆ ਕਿ ਮਹਾਰਾਜ! ਲਾਹੌਰ ਵਿਚ ਹਿੰਦੂਆਂ ਦਾ ਬੜਾ ਜ਼ੋਰ ਹੈ ਜੇ ਤੁਸੀਂ ਧੱਕੇ ਨਾਲ ਇਹ ਕੰਮ ਕਰਿਆ ਤਾਂ ਇਹ ਫਰਿਆਦੀ ਹੋ ਕੇ ਦਿੱਲੀ ਬਾਦਸ਼ਾਹ ਪਾਸ ਜਾਣਗੇ, ਇਨ੍ਹਾਂ ਦੀ ਫਰਿਆਦ ਸੁਣ ਕੇ ਬਾਦਸ਼ਾਹ ਦੇ ਮਨ ਤੇ ਚੰਗਾ ਅਸਰ ਨਹੀਂ ਹੋਏਗਾ। ਅਸਾਨੂੰ ਐਸਾ ਕੰਮ ਕਰਨਾ ਚਾਹੀਦਾ ਹੈ ਕਿ ਸੱਪ ਵੀ ਮਰ ਜਾਏ ਤੇ ਡੰਡਾ ਵੀ ਨਾ ਟੁੱਟੇ। ਮੈਂ ਮੋਹਨੀ ਮੰਤ੍ਰ ਸਿੱਧ ਕੀਤਾ ਹੋਇਆ ਹੈ, ਮੈਂ ਉਸ ਮੰਤ੍ਰ ਬਲ ਨਾਲ ਉਸਨੂੰ ਉਸਦੀ ਆਪਣੀ ਮਰਜ਼ੀ ਨਾਲ ਹੀ ਮਹਿਲਾਂ ਵਿਚ ਬੁਲਾ ਦੇਵਾਂਗਾ, ਕੋਈ ਬੰਦਾ ਭੇਜਣ ਦੀ ਲੋੜ ਨਹੀਂ; ਆਪਣੇ ਆਪ ਹੀ ਆ ਜਾਵੇਗੀ। ਉਸਨੇ ਮੰਤ੍ਰ ਪੜ੍ਹਿਆ ਅਤੇ ਮੰਜੇ ਦੇ ਪਾਵੇ ਦੇ ਹੇਠਾਂ ਰੱਖ ਦਿਤਾ। ਉਧਰ ਉਸ ਬੀਬੀ ਦੇ ਮਨ ਵਿਚ ਖਿਆਲ ਆਇਆ ਕਿ ਜੇ ਮੇਰੇ ਪਤੀ ਨੂੰ, ਮੇਰੇ ਬੱਚਿਆਂ ਨੂੰ ਮਰਵਾ ਦਿਤਾ, ਜਾਇਦਾਦ ਜ਼ਬਤ ਕਰ ਲਈ ਫੇਰ ਵੀ ਮੈਨੂੰ ਉਹ ਮਹਿਲਾਂ ਵਿਚ ਲੈ ਜਾਣਗੇ; ਮੇਰੇ ਪਿਛੇ ਮੇਰੇ ਬੱਚੇ, ਮੇਰਾ ਪਤੀ ਸੰਤਾਪ ਕਿਉਂ ਕੱਟਣ, ਮੈਂ ਆਪ ਹੀ ਚਲੀ ਜਾਂਦੀ ਹਾਂ। ਐਨੇ ਨੂੰ ਕਾਜ਼ੀ ਨੇ ਦੂਜਾ ਮੰਤ੍ਰ ਮੰਜੇ ਦੇ ਪਾਵੇ ਹੇਠ ਦਬਾ ਦਿਤਾ। ਉਸਦਾ ਅਸਰ - ਉਹ ਬੀਬੀ ਵਸਤਰ ਬਦਲਣ ਲਗ ਗਈ। ਤੀਸਰਾ ਮੰਤ੍ਰ ਤੀਸਰੇ ਪਾਵੇ ਹੇਠ ਦੱਬ ਦਿਤਾ ਤਾਂ ਉਹ ਹਾਰ-ਸ਼ਿੰਗਾਰ ਲਾ ਕੇ ਆਪਣੀ ਮਰਜ਼ੀ ਨਾਲ ਚਲਣ ਦੀ ਤਿਆਰੀ ਕਰਨ ਲਗੀ। ਚੌਥਾ ਮੰਤ੍ਰ ਪੜ੍ਹਿਆ ਗਿਆ, ਚੌਥੇ ਪਾਵੇ ਹੇਠ ਦੱਬ ਦਿਤਾ ਤਾਂ ਉਹ ਘਰ ਨੂੰ ਤਾਲਾ ਲਾ ਕੇ ਕਿਲੇ ਵਲ ਨੂੰ ਚਲ ਪਈ। ਕਾਜ਼ੀ ਨੇ ਆਪਣੇ ਮੰਤ੍ਰ ਬਲ ਨਾਲ ਦੱਸਿਆ ਕਿ ਹੁਣ ਉਹ ਤਾਲਾ ਲਾ ਕੇ ਆ ਰਹੀ ਹੈ।

ਜਿਸ ਰਸਤੇ ਉਹ ਚਲੀ ਆ ਰਹੀ ਸੀ, ਉਸੇ ਰਸਤੇ ਇਕ ਸੰਘਣੇ ਦਰਖਤ ਹੇਠ ਇਕ ਪੂਰਨ ਮਹਾਂਪੁਰਸ਼, ਤ੍ਰਿਕਾਲਦਰਸ਼ੀ ਆਪਣਾ ਨਿਵਾਸ ਰੱਖਿਆ ਕਰਦੇ ਸਨ

ਅਤੇ ਸੰਗਤਾਂ ਨੂੰ ਦਰਸ਼ਨ ਦੇ ਕੇ ਸਤਿ ਮਾਰਗ ਤੇ ਚਲਣ ਦੀ ਪ੍ਰੇਰਨਾ ਕਰਿਆ ਕਰਦੇ ਸਨ। ਉਸ ਬੀਬੀ ਦੇ ਮਨ ਵਿਚ ਆਇਆ ਕਿ ਮੈਂ ਵੀ ਜਾਂਦੀ ਵਾਰੀ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰ ਜਾਵਾਂ। ਜਦੋਂ ਉਸਨੇ ਨਮਸਕਾਰ ਕੀਤੀ ਤਾਂ ਉਸੇ ਵੇਲੇ ਮਹਾਂਪੁਰਸ਼ਾਂ ਨੇ ਉਸ ਦੇ ਲੱਗੇ ਹੋਏ ਹਾਰ-ਸ਼ਿੰਗਾਰ ਨੂੰ ਦੇਖ ਕੇ ਯੋਗ ਬਲ ਨਾਲ ਅਨੁਭਵ ਕੀਤਾ ਕਿ ਇਹ ਬੀਬੀ ਤਾਂ ਮਹਾਂ-ਨਿੰਦਨੀ ਕੁਕਰਮ ਕਰਨ ਲਈ ਕਿਲੇ ਵਲ ਨੂੰ ਜਾ ਰਹੀ ਹੈ। ਉਨ੍ਹਾਂ ਨੇ ਉਸਦਾ ਮਸਤਕ ਵਾਚਿਆ ਅਤੇ ਪੜ੍ਹਿਆ ਕਿ ਇਸ ਦੇ ਮਸਤਕ ਵਿਚ ਇਹ ਭੈੜਾ ਲੇਖ ਲਿਖਿਆ ਹੋਇਆ ਹੈ। ਮਹਾਂਪੁਰਸ਼ ਦਿਆਲੂ ਸਨ, ਉਨ੍ਹਾਂ ਦੇ ਮਨ ਵਿਚ ਦਇਆ ਆਈ ਅਤੇ ਬੀਬੀ ਨੂੰ ਤਾੜਨਾ ਕਰਕੇ ਪੁਛਿਆ ਤਾਂ ਉਸਨੇ ਸੱਚੋ-ਸੱਚ ਦਸ ਦਿਤਾ ਕਿ ਮਹਾਰਾਜ! ਮੈਨੂੰ ਕੋਈ ਬਹੁਤ ਬੁਰੀ ਸ਼ਕਤੀ, ਮੇਰੀ ਸੁੱਧ ਬੁੱਧ ਭੁਲਾ ਕੇ ਮੈਨੂੰ ਇਸ ਦੁਸ਼ਟ ਕਰਮ ਲਈ ਖਿੱਚੀਂ ਲਈ ਜਾ ਰਹੀ ਹੈ, ਮੇਰੀ ਸੁਰਤ ਕੋਈ ਕੰਮ ਨਹੀਂ ਕਰ ਰਹੀ। ਮੈਂ ਖੁਦ ਹੈਰਾਨ ਹਾਂ ਕਿ ਮੈਨੂੰ ਕੀ ਹੋ ਗਿਆ, ਮੈਨੂੰ ਬਚਾਓ; ਮੈਂ ਆਪਣੇ ਆਪ ਨਹੀਂ ਬਚ ਸਕਦੀ। ਉਸ ਵੇਲੇ ਮਹਾਂਪੁਰਸ਼ਾਂ ਨੇ ਆਪਣੇ ਚਰਨਾਂ ਹੇਠੋਂ ਚਰਨ ਧੂੜ ਚੁਕੀ ਅਤੇ ਮਸਤਕ ਤੇ ਮਲ ਕੇ ਕਾਟਾ ਲਾ ਦਿਤਾ ਅਤੇ ਫੁਰਮਾਇਆ ਕਿ ਬੇਟੀ! ਤੈਨੂੰ ਮੰਤ੍ਰ ਦਾ ਬਲ ਖਿਚੀਂ ਲਈ ਜਾ ਰਿਹਾ ਸੀ, ਇਹ ਲੇਖ ਤੇਰੇ ਕਰਮਾਂ ਵਿਚ ਭੋਗਣਾ ਲਿਖਿਆ ਹੋਇਆ ਸੀ। ਹੁਣ ਜਾਹ! ਆਰਾਮ ਨਾਲ ਆਪਣੇ ਘਰ ਬੈਠ, ਇਹ ਲੇਖ ਧੂੜੀ ਨੇ ਮਿਟਾ ਦਿਤਾ ਹੈ। ਸੋ ਇਸ ਤਰ੍ਹਾਂ ਦੇ ਨਾਲ ਉਹ ਬੀਬੀ ਵਾਪਸ ਚਲੀ ਗਈ, ਹੋਸ਼ ਆ ਗਈ। ਕਾਜ਼ੀ ਨੇ ਹਾਕਮ ਨੂੰ ਦੱਸਿਆ ਕਿ ਉਹ ਬੀਬੀ ਅੱਧੇ ਰਸਤੇ ਤਕ ਤਾਂ ਪਹੁੰਚ ਗਈ ਸੀ ਪਰ ਮੇਰੇ ਮੰਤ੍ਰ ਦਾ ਬਲ ਇਕ ਸਾਧੂ ਨੇ ਨਿਹਫਲ ਕਰ ਦਿਤਾ। ਹੁਣ ਨਹੀਂ ਉਹ ਆਉਂਦੀ, ਤੁਹਾਨੂੰ ਵੀ ਮਨ ਸ਼ਾਂਤ ਕਰਨਾ ਚਾਹੀਦਾ ਹੈ; ਬਹੁਤ ਬਦਨਾਮੀ ਹੋ ਜਾਵੇਗੀ। ਇਸ ਤਰ੍ਹਾਂ ਮੱਥੇ ਦਾ ਲਿਖਿਆ ਹੋਇਆ ਕਰਮ, ਸੰਤਾਂ ਦੀ ਧੂੜੀ ਨੇ ਮਿਟਾ ਦਿਤਾ ਅਤੇ ਕਰਮ ਅੰਸ ਮਾਤਰ ਹੀ ਭੋਗਿਆ ਗਿਆ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਕਰਮ ਦੇ ਸਬੰਧ ਵਿਚ ਅਤੇ ਕਰਮ ਦੀ ਸ਼ਕਤੀ ਬਾਰੇ ਬਹੁਤ ਵਿਸਥਾਰ ਪੂਰਵਕ ਸਪਸ਼ਟ ਕੀਤਾ ਗਿਆ ਹੈ ਕਿ-

*ਲੇਖੁ ਨ ਮਿਟਈ ਹੇ ਸਖੀ*
*ਜੋ ਲਿਖਿਆ ਕਰਤਾਰਿ॥*

*ਪੰਨਾ - 937*

ਆਮ ਹਾਲਤਾਂ ਵਿਚ ਕਰਮਾਂ ਦਾ ਫਲ ਭੋਗਣਾ ਹੀ ਪੈਂਦਾ ਹੈ।

ਦੁਆਪਰ ਜੁਗ ਦੇ ਅੰਤ ਵਿਚ ਜਦੋਂ ਮਹਾਂਭਾਰਤ ਦਾ ਜੁੱਧ ਲੜਿਆ ਗਿਆ ਤਾਂ ਪਾਂਡਵਾਂ ਦੀ ਜਿੱਤ ਹੋਈ ਅਤੇ ਪਾਂਡਵਾਂ ਪਾਸ ਭਾਰਤ ਵਰਸ਼ ਦਾ ਰਾਜ ਆ ਗਿਆ। ਅਰਜਨ ਦਾ ਪੋਤਾ, ਮਹਾਰਾਜਾ ਪ੍ਰੀਛਤ ਗੱਦੀ ਉਤੇ ਬੈਠਾ, ਉਸਦੇ ਪਿਛੋਂ ਉਸਦਾ ਲੜਕਾ ਜਨਮੇਜਾ ਗੱਦੀ ਉਤੇ ਬੈਠਾ। ਇਹ ਤੀਸਰਾ ਜਨਮੇਜਾ ਸੀ, ਬੜਾ ਪ੍ਰਤਾਪਸ਼ਾਲੀ ਮਹਾਰਾਜਾ ਸੀ, ਸਾਰੇ ਭਾਰਤ ਵਰਸ਼ ਉਤੇ ਉਹਦਾ ਰਾਜ ਸੀ, ਉਹ ਅਜਿੱਤ ਸੈਨਾ ਦਾ ਮਾਲਕ ਸੀ। ਕੋਈ ਰਾਜਾ ਉਸ ਨਾਲ ਟਾਕਰਾ ਨਹੀਂ ਸੀ ਕਰ ਸਕਦਾ। ਬਹੁਤ ਹਠ ਵਾਲਾ ਸੀ ਅਤੇ ਤਪੀ ਵੀ ਸੀ। 14 ਵਿਦਿਆ ਪੜ੍ਹਿਆ ਹੋਇਆ ਸੀ। ਉਸਦੇ ਆਪਣੇ ਮੁਕਾਬਲੇ ਤੇ ਉਸ ਸਮੇਂ ਭਾਰਤ ਵਿਚ ਕੋਈ ਸੂਰਬੀਰ ਨਹੀਂ ਸੀ, ਉਸਨੂੰ ਆਪਣੀਆਂ ਬਾਹਾਂ ਤੇ ਬਹੁਤ ਮਾਣ ਸੀ। ਜੋ ਚਾਹੁੰਦਾ ਸੀ, ਉਹ ਕੰਮ ਕਰ ਲਿਆ ਕਰਦਾ ਸੀ। ਅਣਹੋਈਆਂ ਨੂੰ ਹੋਈਆਂ ਕਰਨ ਦੇ ਉਸਦੇ ਇਰਾਦੇ ਸਨ, ਸਮੇਂ ਨੂੰ ਬਦਲਣ ਲਈ ਉਹ ਦ੍ਰਿੜ੍ਹ ਵਿਸ਼ਵਾਸ਼ੀ ਸੀ। ਉਹ ਜਦੋਂ ਆਪਣੇ ਬਜ਼ੁਰਗਾਂ ਦੇ ਕਾਰਨਾਮੇ ਸੁਣਿਆ ਕਰਦਾ ਸੀ ਅਤੇ ਕ੍ਰਿਸ਼ਨ ਮਹਾਰਾਜ ਜੀ, ਵੇਦ ਵਿਆਸ ਜੀ ਬਾਰੇ ਸੁਣਦਾ ਸੀ ਤਾਂ ਉਸਦੇ ਮਨ ਵਿਚ ਇਕ ਸ਼ੰਕਾ ਜ਼ਬਰਦਸਤ ਉਤਪੰਨ ਹੋ ਜਾਂਦਾ ਸੀ ਕਿ ਕ੍ਰਿਸ਼ਨ ਮਹਾਰਾਜ ਜੋ ਕਿ ਦੁਆਪਰ ਜੁਗ ਦੇ ਸੋਲਾਂ ਕਲਾਂ ਸੰਪੂਰਨ ਅਵਤਾਰ ਹੋਏ ਹਨ, ਵੇਦ ਵਿਆਸ ਜੀ ਤ੍ਰਿਕਾਲਦਰਸ਼ੀ, ਭੀਸ਼ਮ ਪਿਤਾਮਾ ਵਰਗੇ ਬ੍ਰਹਮਚਾਰੀ ਹੋਏ ਹਨ, ਬਿਦਰ ਜੀ ਵਰਗੇ ਨੀਤੀਵਾਨ ਹੋਏ ਹਨ ਤਾਂ ਉਨ੍ਹਾਂ ਨੇ ਮਹਾਂਭਾਰਤ ਦਾ ਜੁੱਧ ਕਿਉਂ ਨਾ ਰੋਕਿਆ ਜਦੋਂ ਕਿ ਉਨ੍ਹਾਂ ਨੂੰ ਪਤਾ ਸੀ ਕਿ ਇਸ ਜੁੱਧ ਵਿਚ ਸਰਵਨਾਸ਼ ਹੋ ਜਾਵੇਗਾ ਅਤੇ ਆਰੀਅਨ ਕਲਚਰ ਤਹਿਸ-ਨਹਿਸ, ਉਲਟ-ਪੁਲਟ ਹੋ ਜਾਵੇਗੀ; ਵਰਨ ਸ਼ੰਕਰ ਔਲਾਦ ਹੋ ਜਾਵੇਗੀ, ਕਰਮ ਧਰਮ ਸਭ ਨਸ਼ਟ ਹੋ ਜਾਣਗੇ, ਇਕ ਤਰ੍ਹਾਂ ਨਾਲ ਆਰੀਅਨ ਕੌਮ ਦਾ ਸਰਵਨਾਸ਼ ਹੋ ਜਾਵੇਗਾ। ਫਿਰ ਕੀ ਕਾਰਨ ਹੈ ਕਿ ਉਨ੍ਹਾਂ ਨੇ ਇਸ ਸਰਵ ਨਾਸ਼ ਵਾਲੇ ਜੁੱਧ ਨੂੰ ਹਟਾਉਣ ਦਾ ਕਿਉਂ ਨਾ ਕੋਈ ਜਤਨ ਕੀਤਾ? ਇਸ ਜੁੱਧ ਵਿਚ ਅਨੁਮਾਨ ਤੋਂ ਰਹਿਤ ਤਬਾਹੀ ਹੋਈ, ਜਿਸ ਵਿਚ ੪੫ ਲੱਖ ਅਜਿੱਤ ਸੂਰਮਾ ਅਠਾਰ੍ਹਾਂ ਦਿਨਾਂ ਵਿਚ ਮਾਰਿਆ ਗਿਆ, ਭਾਰਤ ਵਰਸ਼ ਦੇ ਰਾਜੇ, ਰਾਜਕੁਮਾਰ ਵੀ ਮਾਰੇ ਗਏ; ਇਹ ਜੁੱਧ ਕਿਉਂ ਨਾ ਰੋਕਿਆ? ਮਨ ਵਿਚ ਖਿਆਲ ਆਇਆ ਕਿ ਉਸ ਸਮੇਂ ਜੇ ਮੈਂ ਹੁੰਦਾ ਤਾਂ ਇਕ ਖਾਨਦਾਨ ਵਿਚ ਵੀ ਇਹ ਆਪਸੀ ਜੁੱਧ ਬਿਲਕੁਲ ਨਾ ਹੋਣ ਦਿੰਦਾ।

ਗੁਰੂ ਦਸਵੇਂ ਪਾਤਸ਼ਾਹ ਜੀ ਇਸ ਰਾਜੇ ਬਾਰੇ ਸੰਕੇਤ ਕਰਦੇ ਹਨ -

*ਰਾਜ ਕੋ ਗ੍ਰਿਹ ਪਾਇਕੈ*
*ਜਨਮੇਜ ਰਾਜ ਮਹਾਨ॥*
*ਸੂਰਬੀਰ ਹਠੀ ਤਪੀ ਦਸ*
*ਚਾਰ ਚਾਰ ਨਿਧਾਨ॥*
*ਪਿਤਰ ਕੇ ਬਧ ਕੋਪ*
*ਤੇ ਸਬ ਬਿਪ੍ਰ ਲੀਨ ਬੁਲਾਇ॥*
*ਸਰਪ ਮੇਧ ਕਰ ਯੋ*
*ਲਗੇ ਮਖ ਧਰਮ ਕੇ ਚਿਤ ਚਾਇ॥*
*1/165 ਗਿਆਨ ਪ੍ਰਬੋਧ, ਪੰਨਾ - 1188*

ਇਕ ਦਿਨ ਵੇਦ ਵਿਆਸ ਜੀ, ਰਾਜੇ ਜਨਮੇਜੇ ਪਾਸ ਆਏ। ਰਾਜੇ ਨੇ ਉਨ੍ਹਾਂ ਦਾ ਬਹੁਤ ਸਤਿਕਾਰ ਕੀਤਾ। ਵਿਆਸ ਜੀ ਉਸ ਦੇ ਬਜ਼ੁਰਗ ਸਨ। ਕਹਿਣ ਲੱਗਿਆ ਕਿ ਜਦੋਂ ਮਹਾਂਭਾਰਤ ਦਾ ਜੁੱਧ ਹੋਇਆ, ਉਸ ਵੇਲੇ ਤੁਸੀਂ ਵੀ ਹਾਜ਼ਰ ਸੀ? ਕਹਿਣ ਲੱਗੇ, "ਹਾਂ! ਅਸੀਂ ਜੁੱਧ ਪੂਰੀ ਤਰ੍ਹਾਂ ਨਾਲ ਦੇਖਿਆ ਹੈ, ਸਾਡੇ ਹੁੰਦਿਆਂ ਹੀ ਇਹ ਮਹਾਨ ਘੋਰ ਜੁੱਧ ਅਠਾਰ੍ਹਾਂ ਦਿਨ ਹੋਇਆ।" ਜਨਮੇਜਾ ਕਹਿਣ ਲੱਗਿਆ ਕਿ ਕ੍ਰਿਸ਼ਨ ਮਹਾਰਾਜ ਜੀ ਭੀ ਸਨ? ਵੇਦ ਵਿਆਸ ਜੀ ਨੇ ਕਿਹਾ, "ਹਾਂ।" "ਭੀਸ਼ਮ ਪਿਤਾਮਾ ਅਤੇ ਮਹਾਨ ਨੀਤੀ ਵੇਤਾ, ਬਿਦਰ ਜੀ, ਦਰੋਣਾਚਾਰੀਆ ਅਜਿੱਤ ਸੂਰਮਾ ਉਸ ਵੇਲੇ ਹੋਏ ਹਨ?" ਵਿਆਸ ਜੀ ਨੇ ਕਿਹਾ, "ਹਾਂ, ਸਾਰੇ ਸਨ।" "ਇਕ ਗੱਲ ਮੈਨੂੰ ਸਮਝ ਨਹੀਂ ਆ ਰਹੀ ਕਿ ਤੁਹਾਡੇ ਹੁੰਦਿਆਂ ਅਜਿਹੀਆਂ ਘਟਨਾਵਾਂ ਹੋਈਆਂ, ਜੋ ਇਕ ਬੁਰੇ ਤੋਂ ਬੁਰਾ ਆਦਮੀ ਵੀ ਨਹੀਂ ਕਰ ਸਕਦਾ; ਇਹ ਕਿਥੇ ਦੀ ਅਕਲ ਸੀ ਕਿ ਇਕ ਇਸਤ੍ਰੀ ਦੇ ਵਸਤਰ ਸਾਰੀ ਸਭਾ ਦੇ ਸਾਮ੍ਹਣੇ ਲਾਹੁਣ ਦਾ ਹੁਕਮ ਇਕ ਰਾਜਕੁਮਾਰ ਦੇ ਦੇਵੇ, ਜੋ ਗੱਦੀ ਤੇ ਨਹੀਂ ਬੈਠਾ ਸੀ, ਉਸ ਦਾ ਪਿਤਾ ਧ੍ਰਿਤਰਾਸ਼ਟਰ ਉਸ ਸਮੇਂ ਦਾ ਰਾਜਾ ਸੀ। ਭੀਸ਼ਮ ਪਿਤਾਮਾ ਜੀ ਸਭਾ ਵਿਚ ਹਾਜ਼ਰ ਸਨ, ਦਰੋਣਾਚਾਰੀਆ, ਗੁਰੂ ਕ੍ਰਿਪਾਚਾਰੀਆ, ਬਿਦਰ ਜੀ - ਉਸ ਸਮੇਂ ਇਹ ਮਹਾਨ ਪੁਰਸ਼ ਸਭਾ ਵਿਚ ਹਾਜ਼ਰ ਸਨ ਫਿਰ ਇਹ ਰਾਜਕੁਮਾਰ ਦੇ ਹੁਕਮ ਨੂੰ ਦਰੋਣਾਚਾਰੀਆ, ਗੁਰੂ ਕ੍ਰਿਪਾਚਾਰੀਆ ਨੇ ਕਿਉਂ ਸਿਰ ਨਿਵਾ ਕੇ ਮੰਨਿਆਂ ਜਦੋਂ ਕਿ ਉਹ ਰਾਜ ਹੁਕਮ ਨਹੀਂ ਸੀ। ਇਕ ਬਹੁਤ ਘਿਨੌਣੀ, **illegal** ਬਾਤ ਕਰਵਾਈ ਸੀ।" ਇਸ ਘਟਨਾ ਬਾਰੇ ਗੁਰੂ ਮਹਾਰਾਜ ਜੀ ਨੇ ਵੀ ਫੁਰਮਾਨ ਕੀਤਾ ਹੈ -

***ਪੰਚਾਲੀ ਕਉ ਰਾਜ ਸਭਾ ਮਹਿ***
***ਰਾਮ ਨਾਮ ਸੁਧਿ ਆਈ॥***
***ਤਾ ਕੋ ਦੂਖੁ ਹਰਿਓ ਕਰੁਣਾ ਮੈ***
***ਅਪਨੀ ਪੈਜ ਬਢਾਈ॥***

***ਪੰਨਾ - 1008***

ਉਸਨੇ ਕਿਹਾ ਕਿ ਮੈਂ ਸੁਣਿਆ ਹੈ ਕਿ ਐਨੇ ਸੁਚੇਤ ਅਸਾਡੇ ਬਜ਼ੁਰਗਾਂ ਨੇ, ਜੂਆ ਖੇਡਿਆ; ਕੀ ਲੋੜ ਸੀ ਜੂਆ ਖੇਡਣ ਦੀ, ਤੇ ਇਥੋਂ ਤਕ ਗਏ ਕਿ ਆਪਣੇ ਆਪ ਨੂੰ ਵੀ ਗੁਲਾਮ ਬਣਾ ਲਿਆ ਤੇ ਆਪਣੀ ਇਸਤ੍ਰੀ ਨੂੰ ਜੂਏ ਵਿਚ ਹਾਰ ਦਿਤਾ। ਐਸੀ ਬਾਤ ਵੀ ਮੈਂ ਸੁਣੀ ਹੈ -

***ਧਾਰਨਾ - ਬਣ ਕੇ ਮਜ਼ਦੂਰ ਜੀ,***
***ਰੋਂਦੇ ਸੀ ਪੰਜੇ ਪਾਂਡਵ।***

***ਰੋਵਹਿ ਪਾਂਡਵ ਭਏ ਮਜੂਰ॥***
***ਜਿਨ ਕੈ ਸੁਆਮੀ ਰਹਤ ਹਦੂਰਿ॥***

***ਪੰਨਾ - 954***

ਬੜੀ ਤਰਕਸ਼ੀਲ ਗੱਲ ਕਰੀ। ਕਹਿਣ ਲੱਗੇ, "ਪਹਿਲਾਂ ਮਜ਼ੂਰੀ ਕਰੀ; ਪਤਾ ਨਹੀਂ ਸੀ ਕਿ ਜੂਆ ਨਹੀਂ ਖੇਲ੍ਹੀਦਾ? ਕਿੰਨਾ ਦੁਖ ਪਾਇਆ, ਕਿੰਨਾ ਝਗੜਾ-ਝਟਾ ਕਰਿਆ?" ਤਰਕ ਕਰ ਰਿਹੈ - ਬਜ਼ੁਰਗਾਂ ਦੇ ਉਤੇ। ਜਿਸ ਵਕਤ ਬਨਵਾਸ ਚਲੇ ਗਏ, ਬਾਰ੍ਹਾਂ ਸਾਲ ਤਾਂ ਰਹਿਣਾ ਸੀ ਵੈਸੇ, ਤੇਰ੍ਹਵੇਂ ਸਾਲ ਗੁਪਤ ਰਹਿਣਾ ਸੀ; ਜੇ ਪਤਾ ਲੱਗ ਜਾਵੇ ਤਾਂ ਫੇਰ ਬਾਰ੍ਹਾਂ ਸਾਲ ਬਨਵਾਸ ਕੱਟਣਾ ਪੈਣਾ ਸੀ। ਵੈਰਾਟ ਰਾਜੇ ਦੇ ਪਾਸ ਆਪਣਾ ਨਾਮ ਬਦਲ ਕੇ ਛੁਪ ਕੇ ਨੌਕਰੀ ਕਰਦੇ ਰਹੇ। ਰਾਜਾ ਯੁਧਿਸ਼ਟਰ - 'ਕੰਕ' ਨਾਮ ਰਖਾ ਕੇ ਵੈਰਾਟ ਨੂੰ ਚੌਪੜ ਖਿਡਾਉਂਦਾ ਰਿਹਾ। ਭੀਮ ਸੈਨ - 'ਬੱਲਭ' ਨਾਮ ਰਖਾ ਕੇ ਰਸੋਈਆ ਬਣ ਕੇ ਰਸੋਈ ਦਾ ਕੰਮ ਕਰਦਾ ਰਿਹਾ। ਅਰਜਨ - 'ਬ੍ਰਿਹੰਡੜਾ' ਨਾਮ ਰਖਾ ਕੇ ਰਾਜ ਪੁਤਰੀ ਨੂੰ ਨ੍ਰਿਤਕਾਰੀ ਸਿਖਾਉਂਦਾ ਰਿਹਾ। ਨਕੁਲ - 'ਗ੍ਰੰਥੀ ਪਾਲ' ਨਾਮ ਰਖਾ ਕੇ ਘੋੜਿਆਂ ਦੀ ਸੇਵਾ ਕਰਦਾ ਰਿਹਾ। ਸਹਦੇਵ - 'ਤੰਤੀਪਾਲ' ਨਾਮ ਰਖਾ ਕੇ ਗਊਆਂ ਦੀ ਸੇਵਾ ਕਰਦਾ ਰਿਹਾ। ਭੀਮਸੈਨ ਇਕੱਲਾ ਜਾ ਕੇ ਰੋਇਆ ਕਰੇ ਕਿ ਮੇਰੇ ਮੁਕਾਬਲੇ ਤਕੜਾ ਕੋਈ ਨਹੀਂ ਹੈ - ਭਾਰਤ ਵਰਸ਼ ਵਿਚ, ਤੇ ਇਥੇ ਮੈਂ ਮਾੜਿਆਂ-ਮਾੜਿਆਂ ਤੋਂ ਝਿੜਕਾਂ ਸਹਿ ਰਿਹਾ ਹਾਂ। ਲੇਕਿਨ ਕਰਨਾ ਕੀ ਸੀ, ਕਿ ਪਤਾ ਨਾ ਲੱਗੇ। ਰਾਜਾ ਯੁਧਿਸ਼ਟਰ ਰੋਇਆ ਕਰੇ, ਜਦੋਂ ਦ੍ਰੋਪਤੀ ਦੇ ਉਤੇ ਬਿਪਤਾ ਆਈ, ਉਥੇ ਕ੍ਰੀਚਕ ਨੇ ਉਸਨੂੰ ਬੁਲਾਇਆ, ਉਸ ਵੇਲੇ ਇਕੱਲੇ-ਇਕੱਲੇ ਵੀ ਰੋਏ, ਇਕੱਠੇ ਹੋ ਕੇ ਵੀ ਰੋਏ ਕਿ ਇਸ ਵਿਚਾਰੀ ਉਪਰ ਦੂਸਰੀ ਵਾਰੀ ਬਿਪਤਾ ਆ ਗਈ। ਪਹਿਲੀ ਵਾਰੀ ਆਈ -

***ਪੰਜੇ ਪਾਂਡੋ ਵੇਖਦੇ ਅਉਘਟ ਰੁਧੀ***
***ਨਾਰਿ ਜਿਨਾਂ ਦੀ।***

***ਭਾਈ ਗੁਰਦਾਸ ਜੀ, ਵਾਰ 10/8***

ਦੂਜੀ ਵਾਰੀ ਉਥੇ ਰੋਏ। ਏਥੇ ਹੰਝੂ ਅੰਦਰ ਨੂੰ ਗਏ, ਉਥੇ ਬਾਹਰ ਨੂੰ ਆਏ। ਮਹਾਰਾਜ ਕਹਿੰਦੇ ਨੇ -

***ਰੋਵਹਿ ਪਾਂਡਵ ਭਏ ਮਜੂਰ॥***
***ਜਿਨ ਕੈ ਸੁਆਮੀ ਰਹਤ ਹਦੂਰਿ॥***

***ਪੰਨਾ - 954***

ਇਹ ਰਾਜਾ 14 ਵਿਦਿਆ ਪੜ੍ਹਿਆ ਹੋਇਆ ਸੀ - ਸੰਗੀਤ, ਡੰਗਰ-ਪਸ਼ੂ ਪਾਲਣ, ਖੇਤੀ ਬਾੜੀ, ਵੈਦਕ, ਤਾਰਿਆਂ ਦੀ ਵਿਦਿਆ, ਔਸ਼ਧੀਆਂ, ਖਗੋਲ, ਭੂਗੋਲ, ਇਤਿਹਾਸ, ਫੌਜ ਦੀ ਵਿਦਿਆ, ਰਾਜਨੀਤੀ ਆਦਿ ਅਨੇਕਾਂ ਵਿਦਿਆ ਦਾ ਇਹ ਮਹਾਨ ਤਪੀ ਸੀ। ਸਰੀਰ ਬਹੁਤ ਸੁੰਦਰ ਸੀ, ਵਿਦਿਆ ਦਾ ਖਜ਼ਾਨਾ ਸੀ।

ਬਹੁਤ ਵਿਦਿਆ ਆ ਜਾਵੇ ਤਾਂ ਤਰਕਾਂ-ਵਿਤਰਕਾਂ ਬਹੁਤ ਹੀ ਪੈਦਾ ਹੋ ਜਾਇਆ ਕਰਦੀਆਂ ਹਨ। ਅਜਕੱਲ ਅਸਾਡੇ ਪੜ੍ਹੇ-ਲਿਖੇ, ਜਿਨ੍ਹਾਂ ਨੂੰ ਅਸੀਂ **Phd., D.Lit**. ਕਹਿ ਕੇ ਮਾਣ ਬਖਸ਼ਦੇ ਹਾਂ, ਉਨ੍ਹਾਂ ਵਿਚੋਂ ਕਈਆਂ ਦੇ ਮਨਾਂ ਵਿਚ ਤਰਕ ਆਈ ਹੋਈ ਹੈ, ਬੇਅੰਤ ਹੀ ਗੱਲਾਂ, ਪੁਰਾਣੇ ਰਿਸ਼ੀਆਂ-ਮੁਨੀਆਂ, ਪੈਗੰਬਰ, ਅਉਲੀਆਂ ਬਾਰੇ ਕਰਦੇ ਹੀ ਰਹਿੰਦੇ ਹਨ। ਕਈ ਕਹਿੰਦੇ ਹਨ ਕਿ ਬਚਿੱਤਰ ਨਾਟਕ ਗੁਰੂ ਦਸਵੇਂ ਪਾਤਸ਼ਾਹ ਨੇ

ਨਹੀਂ ਲਿਖਿਆ, ਕਈ ਕਹਿੰਦੇ ਹਨ ਕਿ ਰਾਮਾ ਅਵਤਾਰ ਤੇ ਕ੍ਰਿਸ਼ਨਾ ਅਵਤਾਰ ਗੁਰੂ ਦਸ਼ਮੇਸ਼ ਪਿਤਾ ਦੀ ਕਿਰਤ ਨਹੀਂ ਹਨ ਅਤੇ ਕਈ ਏਥੋਂ ਤਕ ਚਲੇ ਜਾਂਦੇ ਹਨ ਕਿ 'ਹਮਰੀ ਕਰੋ ਹਾਥ ਦੈ ਰੱਛਾ' ਇਹ ਚੌਪਈ ਗੁਰੂ ਦਸ਼ਮੇਸ਼ ਪਿਤਾ ਦੀ ਕਿਰਤ ਨਹੀਂ ਹੈ। ਜੇ ਅਸੀਂ ਮੰਨ ਲਈਏ ਤਾਂ ਫਿਰ ਅੰਮ੍ਰਿਤ ਛਕਾਉਣ ਵਾਸਤੇ ਕਿਹੜੀ ਚੌਪਈ ਅੰਮ੍ਰਿਤ ਬਾਣੀਆਂ ਵਿਚ ਪੜ੍ਹਿਆ ਕਰੀਏ? ਕਈ ਅਰਦਾਸ ਨੂੰ ਹੀ ਖੰਡਨ ਕਰੀ ਜਾਂਦੇ ਹਨ ਅਤੇ ਇਸ ਵਿਚ ਸੋਧ ਚਾਹੁੰਦੇ ਹਨ। ਕਈ ਗੁਰੂ ਮਹਾਰਾਜ ਜੀ ਦੇ ਲਿਖੇ ਮੰਗਲਾਂ ਉਪਰ ਹੀ ਕਿੰਤੂ ਕਰੀ ਜਾਂਦੇ ਹਨ। ਸਦੀਆਂ ਦੇ ਬਣੇ ਹੋਏ ਨਿਸ਼ਚੇ ਖੰਡਤ ਕਰੀ ਜਾਂਦੇ ਹਨ। ਪਤਾ ਨਹੀਂ ਇਹ ਕੀ ਸੋਚਦੇ ਹਨ ਅਤੇ ਸਾਨੂੰ ਕਿਥੇ ਲਿਜਾਉਣਾ ਚਾਹੁੰਦੇ ਹਨ। ਵਿਦਿਆ ਦੇ ਚਕਾਚੂੰਧ ਹਨ੍ਹੇਰੇ ਵਿਚ ਪ੍ਰਮੇਸ਼ਰ ਨੇ ਭੁਲਾ ਦਿਤੇ, ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਪੋਥੀ ਦੀ ਤੁਲਨਾ ਦਿੰਦੇ ਹਨ। ਗੁਰੂ ਮਹਾਰਾਜ ਜੀ ਸਰਬ ਕਲਾ ਸਮਰੱਥ, ਸਰਬ ਸ਼ਕਤੀਸ਼ਾਲ ਹਨ; ਇਹ ਪੜ੍ਹੇ-ਲਿਖੇ ਵਿਦਵਾਨ ਇਸਨੂੰ ਕਿਤਾਬ ਹੀ ਦਸਦੇ ਹਨ। ਫੇਰ ਇਹ ਸਿੱਖ ਦੇ ਸਿੱਖ ਹੀ ਹਨ; ਸਿੱਖ ਹੀ ਨਹੀਂ, ਇਹ ਵੱਡੀਆਂ-ਵੱਡੀਆਂ ਕਾਨਫਰੰਸਾਂ ਕਰਕੇ ਆਪਣੀ ਮਨਮਤਿ ਹਾਵੀ ਕਰ ਰਹੇ ਹਨ ਜਿਸ ਕਰਕੇ ਜਗਿਆਸੂ ਕੁਰਾਹੇ ਪੈ ਰਹੇ ਹਨ। ਜੇ ੭ਚੌਪਈ ਗੁਰੂ ਦਸ਼ਮੇਸ਼ ਪਿਤਾ ਦੀ ਕਿਰਤ ਨਹੀਂ ਹੈ ਤਾਂ ਅੰਮ੍ਰਿਤ ਕਾਹਦੇ ਨਾਲ ਛਕਾਵੋਂਗੇ? ਜੇ ਹੋਰ ਕੋਈ ਇਸ ਦੀ ਥਾਂ **propose** ਕਰੋਂਗੇ ਤਾਂ ਪਿਛਲਾ **link** ਹੀ ਟੁੱਟ ਗਿਆ। ਕਿਉਂ ਐਸੀਆਂ ਗੱਲਾਂ ਆਪਣੀ ਹਨ੍ਹੇਰੀ ਵਿਦਿਆ ਦੇ ਅੰਧਕਾਰ ਵਿਚੋਂ ਪ੍ਰਗਟ ਕਰ ਰਹੇ ਹੋ? ਗੁਰੂ ਮਹਾਰਾਜ, ਦਸ਼ਮੇਸ਼ ਪਿਤਾ ਜੀ ਦੇ ਸਮੇਂ ਤੋਂ ਅੰਮ੍ਰਿਤ ਦੀ ਵਿਧੀ ਇਕੋ ਹੀ ਰਹੀ ਹੈ ਜਿਸਨੂੰ ਅਸੀਂ ਪੁਸ਼ਤ-ਦਰ-ਪੁਸ਼ਤ ਅੱਗੇ, ਲਈ ਆ ਰਹੇ ਹਾਂ। ਕਦੇ ਅੰਮ੍ਰਿਤ ਦੀ ਲਹਿਰ ਬੰਦ ਤਾਂ ਹੋਈ ਨਹੀਂ ਕਿ ਚੌਪਈ ਭੁੱਲ ਕੇ ਹੋਰ ਲਾ ਦਿਤੀ। ਇਹ ਮਾਨਯੋਗ ਵਿਦਵਾਨ ਸਿੱਧਾ ਹੀ ਕਹਿੰਦੇ ਹਨ ਕਿ ਉਹ ਸਿੱਖ ਤਾਂ ਸਿਧੇ ਸਾਦੇ ਸਨ, ਉਨ੍ਹਾਂ ਨੂੰ ਇਨ੍ਹਾਂ ਗਹਿਰਾਈਆਂ ਦਾ ਪਤਾ ਨਹੀਂ ਸੀ। ਇਨ੍ਹਾਂ ਸਿੱਧੇ ਸਾਦੇ ਗੁਰਸਿੱਖਾਂ ਨੇ ਹੀ ਮੁਗਲਾਂ ਦੇ ਜ਼ੁਲਮ ਰਾਜ ਨੂੰ ਜੜ੍ਹੋਂ ਪੁੱਟ ਕੇ ਸੁੱਟ ਦਿਤਾ ਸੀ। ਜਿਥੇ ਇਨ੍ਹਾਂ ਨੇ ਜਾਨਾਂ ਹੂਲ-ਹੂਲ ਕੇ ਸਿੱਖੀ ਸਿਦਕ ਨੂੰ ਬਚਾ ਲਿਆ ਤੇ ਚੜ੍ਹਦੀ ਕਲਾ ਵਿਚ ਲਿਆਂਦਾ, ਉਨ੍ਹਾਂ ਨੂੰ ਸਿੱਧੇ-ਸਾਦੇ ਕਹਿ ਕੇ ਕੋਈ ਆਦਰ ਤੇ ਸ਼ਰਧਾ ਵਾਲੀ ਗੱਲ ਨਹੀਂ ਕਰਦੇ। ਇਹ ਠੀਕ ਹੈ ਕਿ ਉਹ ਬਹੁਤ ਪੜ੍ਹੇ-ਲਿਖੇ ਨਹੀਂ ਸੀ ਪਰ ਅਰੂੜ ਵਿਸ਼ਵਾਸ਼ ਉਨ੍ਹਾਂ ਦੇ ਰੋਮ-ਰੋਮ ਵਿਚ ਰਚਿਆ ਹੋਇਆ ਸੀ। ਪਰ ਇਹ ਜੋ ਪੜ੍ਹੇ-ਲਿਖੇ ਕਹਾਉਂਦੇ ਹਨ, ਇਨ੍ਹਾਂ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਵਸੀਕਾਰ ਕਰਨ ਵਾਸਤੇ ਕੋਈ ਘਾਲ ਕਮਾਈ ਨਹੀਂ ਕੀਤੀ। ਪੰਜਾਂ ਚੋਰਾਂ, ਪੰਜਾਂ ਠੱਗਾਂ, ਆਸਰੀ ਸੰਪ੍ਦਾ ਦੇ ਵੈਰੀਆਂ ਦੇ ਕਾਬੂ ਵਿਚ ਆਏ ਹੋਏ ਇਹ ਪੜ੍ਹੇ-ਲਿਖੇ ਨਹੀਂ ਕਹਾ ਸਕਦੇ। ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਪੜਿਆ ਮੂਰਖੁ ਆਖੀਐ*
*ਜਿਸੁ ਲਬੁ ਲੋਭੁ ਅਹੰਕਾਰਾ॥*

*ਪੰਨਾ – 140*

ਮੂਰਖ ਬੰਦੇ ਨੇ, ਜਿਨ੍ਹਾਂ ਦੇ ਅੰਦਰ ਵਾਸ਼ਨਾਵਾਂ ਚਲਦੀਆਂ ਹਨ। ਸੋ ਉਨ੍ਹਾਂ ਦੇ ਅੰਦਰ ਐਸੀਆਂ ਗਲਤ ਗੱਲਾਂ ਆ ਕੇ ਨਾਸਤਿਕਤਾ ਦੀ ਦੁਰਗੰਧ ਫੈਲੀ ਜਾਂਦੀ ਹੈ।

ਸੋ ਇਸ ਤਰ੍ਹਾਂ ਨਾਲ ਤਰਕਾਂ-ਵਿਤਰਕਾਂ ਚੇਤਨ ਮਨ ਦੀ ਇਕ ਖੇਡ ਹੀ ਹੈ। ਰਾਜੇ ਜਨਮੇਜੇ ਦੇ ਮਨ ਦੀ ਤਰਕ ਦੇਖਣ ਨੂੰ ਭਲੀਭਾਂਤ ਲਗਦੀ ਹੈ ਪਰ ਇਹ ਪ੍ਰਭੂ ਦੇ ਹੁਕਮ ਵਿਚ ਚਲ ਰਹੀ ਕ੍ਰਿਆ ਦੇ ਵਿਪਰੀਤ ਹੈ। ਕਿਉਂਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥*
*ਆਗਿਆਕਾਰੀ ਬਪੁਰਾ ਜੀਉ॥*
*ਜੋ ਤਿਸੁ ਭਾਵੈ ਸੋਈ ਫੁਨਿ ਥੀਉ॥*
*ਕਬਹੂ ਊਚ ਨੀਚ ਮਹਿ ਬਸੈ॥*
*ਕਬਹੂ ਸੋਗ ਹਰਖ ਰੰਗਿ ਹਸੈ॥*
*ਕਬਹੂ ਨਿੰਦ ਚਿੰਦ ਬਿਉਹਾਰ॥*
*ਕਬਹੂ ਊਭ ਅਕਾਸ ਪਇਆਲ॥*
*ਕਬਹੂ ਬੇਤਾ ਬ੍ਰਹਮ ਬੀਚਾਰ॥*
*ਨਾਨਕ ਆਪਿ ਮਿਲਾਵਣਹਾਰ॥*

*ਪੰਨਾ – 277*

ਜੋ ਕੁਝ ਵੀ ਸੰਸਾਰ ਤੇ ਹੋ ਰਿਹਾ ਹੈ, ਗੁਰੂ ਨਾਨਕ ਸਿਧਾਂਤ ਅਨੁਸਾਰ ਸਭ ਕੁਝ ਪ੍ਰਭੂ ਦੀ ਆਗਿਆ ਵਿਚ ਹੋ ਰਿਹਾ ਹੈ। ਹੁਕਮ ਤੋਂ ਬਾਹਰ ਇਕ ਪੱਤਾ ਵੀ, ਦਰੱਖਤ ਵੀ ਝੂਲਣ ਦੀ ਤਾਕਤ ਨਹੀਂ ਰਖਦਾ। ਆਪਣੀ ਮੌਜ ਵਿਚ ਅਨੇਕ ਕਿਸਮ ਦੀ ਖੇਲ੍ਹ ਖੇਲ੍ਹ ਰਿਹਾ ਹੈ –

*ਕਹੁ ਨਾਨਕ ਕਰਤੇ ਕੀਆ ਬਾਤਾ*
*ਜੋ ਕਿਛੁ ਕਰਣਾ ਸੁ ਕਰਿ ਰਹਿਆ॥*

*ਪੰਨਾ – 469*

ਅਸੀਂ ਘਟਨਾਵਾਂ ਨੂੰ ਆਪਣੀ ਸੀਮਤ ਬੁੱਧੀ ਦੇ ਘੇਰੇ ਵਿਚ ਦੇਖਦੇ ਹਾਂ, ਪਰ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

*ਹੁਕਮੇ ਜੁਗ ਮਹਿ ਆਇਆ*
*ਚਲਣੁ ਹੁਕਮਿ ਸੰਜੋਗਿ ਜੀਉ॥*
*ਹੁਕਮੇ ਪਰਪੰਚੁ ਪਸਰਿਆ*
*ਹੁਕਮਿ ਕਰੇ ਰਸ ਭੋਗ ਜੀਉ॥*

*ਪੰਨਾ – 760*

*ਸਭੁ ਕਿਛੁ ਹੁਕਮੇ ਆਵਦਾ*
*ਸਭੁ ਕਿਛੁ ਹੁਕਮੇ ਜਾਇ॥*
*ਜੇ ਕੋ ਮੂਰਖੁ ਆਪਹੁ ਜਾਣੈ*
*ਅੰਧਾ ਅੰਧੁ ਕਮਾਇ॥*
*ਨਾਨਕ ਹੁਕਮੁ ਕੋ ਗੁਰਮੁਖਿ ਬੁਝੈ*

**ਜਿਸ ਨੋ ਕਿਰਪਾ ਕਰੇ ਰਜਾਇ॥**

**ਪੰਨਾ - 556**

ਹੁਕਮ ਨੂੰ ਨਾ ਬੁੱਝਣਾ ਹੀ ਮਨ ਦਾ ਹਨ੍ਹੇਰਾ ਹੈ ਅਤੇ ਤਰਕ-ਵਿਤਰਕ ਇਸ ਵਿਚ ਹੀ ਉਪਜਦੀ ਹੈ। ਦੁਖ ਵੀ ਹੁਕਮ ਨੂੰ ਨਾ ਬੁੱਝਣ ਕਰਕੇ ਪੈਦਾ ਹੁੰਦੇ ਹਨ -

**ਜਬ ਲਗੁ ਹੁਕਮੁ ਨ ਬੂਝਤਾ**
**ਤਬ ਹੀ ਲਉ ਦੁਖੀਆ॥**
**ਗੁਰ ਮਿਲਿ ਹੁਕਮੁ ਪਛਾਣਿਆ**
**ਤਬ ਹੀ ਤੇ ਸੁਖੀਆ॥**

**ਪੰਨਾ - 400**

ਰਾਜਾ ਜਨਮੇਜਾ ਵੇਦ ਵਿਆਸ ਜੀ ਨੂੰ ਤਰਕ ਕਰਕੇ ਪੁਛ ਰਿਹਾ ਸੀ; ਵੇਦ ਵਿਆਸ ਜੀ ਜੋ ਤ੍ਰਿਕਾਲਦਰਸ਼ੀ ਮਹਾਤਮਾ ਸਨ, ਨੇ ਕਿਹਾ ਕਿ ਰਾਜਾ ਜਨਮੇਜਾ! ਇਹ ਮਹਾਂਭਾਰਤ ਦਾ ਜੁੱਧ ਏਵੇਂ ਹੀ ਹੋਣਾ ਸੀ ਤੇ ਇਹ ਸਰਵਨਾਸ਼ ਭੀ ਏਵੇਂ ਹੀ ਹੋਣਾ ਸੀ। ਜੋ ਕੁਝ ਹੁਣ ਹੋ ਰਿਹਾ ਹੈ ਉਹ ਵੀ ਪ੍ਰਭੂ ਦੇ ਅਟੱਲ ਹੁਕਮ ਅਨੁਸਾਰ ਹੋ ਰਿਹਾ ਹੈ; ਟਾਲਿਆ ਨਹੀਂ ਜਾ ਸਕਦਾ। ਤਾਂ ਰਾਜਾ ਜਨਮੇਜਾ ਨੇ ਕਿਹਾ ਕਿ ਜੇ ਤੁਸੀਂ ਸਮਝਾਉਂਦੇ, ਕ੍ਰਿਸ਼ਨ ਮਹਾਰਾਜ ਜੀ ਸਮਝਾਉਂਦੇ ਤਾਂ ਹੋ ਸਕਦਾ ਸੀ ਇਹ ਮਹਾਨ ਘਟਨਾ ਨਾ ਵਾਪਰਦੀ, ਭਾਰਤ ਦਾ ਇਤਿਹਾਸ ਹੋਰਵੇਂ ਹੁੰਦਾ। ਵਿਆਸ ਜੀ ਨੇ ਕਿਹਾ ਕਿ ਕ੍ਰਿਸ਼ਨ ਮਹਾਰਾਜ ਜੀ ਦੁਆਰਕਾ ਤੋਂ ਖੁਦ ਚਲ ਕੇ ਦੁਰਯੋਧਨ ਨੂੰ ਸਮਝਾਉਣ ਵਾਸਤੇ ਆਏ, ਪੂਰਾ ਤਾਣ ਲਾਇਆ, ਖਰੀਆਂ-ਖਰੀਆਂ ਯੁਕਤੀਆਂ-ਅਯੁਕਤੀਆਂ ਅਤੇ ਨਤੀਜੇ ਤੋਂ ਦੁਰਯੋਧਨ ਨੂੰ ਜਾਣੂ ਕਰਾਇਆ। ਦੁਰਯੋਧਨ ਇਹ ਗੱਲਾਂ ਨਾ ਸਹਾਰਦਾ ਹੋਇਆ ਇਥੋਂ ਤਕ ਗਲਤ ਕੰਮ ਕਰਨ ਲੱਗਿਆ ਕਿ ਕ੍ਰਿਸ਼ਨ ਮਹਾਰਾਜ ਜੀ ਨੂੰ ਬੰਦੀਖਾਨੇ ਵਿਚ ਸੁੱਟ ਦੇਵੇ। ਅਜਿਹੀਆਂ ਪ੍ਰਸਥਿਤੀਆਂ ਵਿਚ ਕਿਵੇਂ ਕਿਸੇ ਨੂੰ ਸਮਝਾਇਆ ਜਾ ਸਕਦਾ ਹੈ। ਇਹ ਹੋਣਹਾਰ ਸੀ, ਜਦੋਂ ਹਿਰਦੇ ਵਿਚ ਵਸ ਗਈ ਉਸ ਸਮੇਂ ਸ੍ਰੇਸ਼ਟ ਬੁੱਧੀ ਦਾ ਨਾਸ਼ ਹੋ ਗਿਆ ਅਤੇ ਕੁ-ਬੁੱਧੀ ਨੇ ਆ ਕੇ ਡੇਰੇ ਲਾ ਲਏ। ਫਿਰ ਉਸ ਕੁ-ਬੁੱਧੀ ਦੇ ਮੁਤਾਬਿਕ ਜੋ ਕੁਝ ਭਾਣਾ ਵਰਤਿਆ, ਇਸੇ ਤਰ੍ਹਾਂ ਹੀ ਵਰਤਣਾ ਸੀ। 'ਹੋਣਹਾਰ ਹਿਰਦੇ ਵਸੀ ਗਈ ਸਰੀਰੋਂ ਬੁੱਧ।' ਜਾਂ 'ਵਿਨਾਸ਼ਕਾਲੇਯ ਬੁੱਧੀ ਬਪਰੀਤਹ'। ਰਾਜਾ ਜਨਮੇਜਾ ਕਹਿਣ ਲੱਗਿਆ ਕਿ ਇਹ ਵਿਚਾਰਾਂ ਮੈਨੂੰ ਸੰਤੁਸ਼ਟ ਨਹੀਂ ਕਰ ਸਕਦੀਆਂ। ਜੇ ਆਦਮੀ ਨੂੰ ਪਤਾ ਹੋਵੇ ਕਿ ਮੇਰੇ ਨਾਲ ਇਸ ਤਰ੍ਹਾਂ ਵਰਤਣਾ ਹੈ ਤਾਂ ਉਸ ਨੂੰ ਆਪਣੇ ਪ੍ਰਾਕਰਮ ਬਲ, ਬੁੱਧੀ ਅਤੇ ਦੂਰ ਦੀ ਸੋਚ ਨਾਲ, ਦੂਰ ਦ੍ਰਿਸ਼ਟੀ ਨਾਲ ਰੋਕ ਸਕਦਾ ਹੈ।

ਵੇਦ ਵਿਆਸ ਜੀ ਇਕ ਮਹਾਨ ਯੋਗੀ ਸਨ। ਭੂਤ, ਭਵਿੱਖਤ, ਵਰਤਮਾਨ ਉਨ੍ਹਾਂ ਲਈ ਕੋਈ ਦੀਵਾਰਾਂ ਨਹੀਂ ਸਨ। ਉਹ ਤ੍ਰਿਕਾਲਦਰਸ਼ੀ ਸਨ, ਉਨ੍ਹਾਂ ਨੇ ਜਨਮੇਜੇ ਦਾ ਭਵਿੱਖ ਵੇਖਿਆ ਅਤੇ ਫੁਰਮਾਉਣ ਲੱਗੇ ਕਿ ਰਾਜਾ ਜਨਮੇਜਾ! ਅਸੀਂ ਤੈਨੂੰ ਇਕ ਗੁਹਝ ਬਾਤ ਦਸਦੇ ਹਾਂ ਜੋ ਤੇਰੇ ਨਾਲ ਵਰਤਣੀ ਹੈ, ਜਿਸ ਤੋਂ ਤੇਰੀ ਮੌਤ ਦਾ ਕਾਰਨ ਉਤਪੰਨ ਹੋਣਾ ਹੈ। ਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਹਨ -

**ਗੋਤਮੁ ਤਪਾ ਅਹਿਲਿਆ ਇਸਤ੍ਰੀ**
**ਤਿਸੁ ਦੇਖਿ ਇੰਦ੍ਰੁ ਲੁਭਾਇਆ॥**
**ਸਹਸ ਸਰੀਰ ਚਿਹਨ ਭਗ ਹੂਏ**
**ਤਾ ਮਨਿ ਪਛੋਤਾਇਆ॥**
**ਕੋਈ ਜਾਣਿ ਨ ਭੂਲੈ ਭਾਈ॥**
**ਸੋ ਭੂਲੈ ਜਿਸੁ ਆਪਿ ਭੁਲਾਏ**
**ਬੂਝੈ ਜਿਸੈ ਬੁਝਾਈ॥**
**ਤਿਨਿ ਹਰੀਚੰਦਿ ਪ੍ਰਿਥਮੀ**
**ਪਤਿ ਰਾਜੈ ਕਾਗਦਿ ਕੀਮ ਨ ਪਾਈ॥**
**ਅਉਗਣੁ ਜਾਣੈ ਤ ਪੁੰਨ ਕਰੇ ਕਿਉ**
**ਕਿਉ ਨੇਖਾਸਿ ਬਿਕਾਈ॥**
**ਕਰਉ ਅਢਾਈ ਧਰਤੀ ਮਾਂਗੀ**
**ਬਾਵਨ ਰੂਪਿ ਬਹਾਨੈ॥**
**ਕਿਉ ਪਇਆਲਿ ਜਾਇ**
**ਕਿਉ ਛਲੀਐ ਜੇ ਬਲਿ ਰੂਪੁ ਪਛਾਨੈ॥**
**ਰਾਜਾ ਜਨਮੇਜਾ ਦੇ ਮਤੀ**
**ਬਰਜਿ ਬਿਆਸਿ ਪੜ੍ਹਾਇਆ॥**
**ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ**
**ਨ ਚਲੈ ਚਲਾਇਆ॥**

.............................................

**ਆਪੇ ਕਰੇ ਕਰਾਏ ਕਰਤਾ ਜਿਨਿ ਏਹ**
**ਰਚਨਾ ਰਚੀਐ॥**
**ਹਰਿ ਅਭਿਮਾਨੁ ਨ ਜਾਈ ਜੀਅਹੁ**
**ਅਭਿਮਾਨੇ ਪੈ ਪਚੀਐ॥**
**ਭੁਲਣ ਵਿਚ ਕੀਆ ਸਭੁ ਕੋਈ**
**ਕਰਤਾ ਆਪਿ ਨ ਭੂਲੈ॥**
**ਨਾਨਕ ਸਚਿ ਨਾਮਿ ਨਿਸਤਾਰਾ**
**ਕੋ ਗੁਰ ਪਰਸਾਦਿ ਅਘੁਲੈ॥**

**ਪੰਨਾ - 1343-44**

ਵਿਆਸ ਜੀ ਨੇ ਕਿਹਾ, "ਹੇ ਰਾਜਨ! ਇਹ ਕਿਸੇ ਦੇ ਵੱਸ ਨਹੀਂ ਹੈ, ਜੋ ਲੇਖ ਲਿਖੇ ਗਏ ਹਨ ਉਹ ਜ਼ਰੂਰ ਭੋਗਣੇ ਪੈਂਦੇ ਹਨ।"

**ਧਾਰਨਾ- ਹੁਕਮ ਨ ਟਲਦਾ ਜੀ, ਪਿਆਰੇ,**
**ਜੋ ਲਿਖਿਆ ਦਰਗਾਹੋਂ - 2, 2**

**ਸਭੇ ਸੁਰਤੀ ਜੋਗ ਸਭਿ**
**ਸਭੇ ਬੇਦ ਪੁਰਾਣ॥**
**ਸਭੇ ਕਰਣੇ ਤਪ ਸਭਿ**
**ਸਭੇ ਗੀਤ ਗਿਆਨ॥**
**ਸਭੇ ਬੁਧੀ ਸੁਧਿ ਸਭਿ**
**ਸਭਿ ਤੀਰਥ ਸਭਿ ਥਾਨ॥**
**ਸਭਿ ਪਾਤਿਸਾਹੀਆ ਅਮਰ ਸਭਿ**
**ਸਭਿ ਖੁਸੀਆ ਸਭਿ ਖਾਨ॥**
**ਸਭੇ ਮਾਣਸ ਦੇਵ ਸਭਿ**
**ਸਭੇ ਜੋਗ ਧਿਆਨ॥**

***ਸਭੇ ਪੁਰੀਆ ਖੰਡ ਸਭਿ***
***ਸਭੇ ਜੀਅ ਜਹਾਨ॥***
***ਹੁਕਮਿ ਚਲਾਏ ਆਪਣੈ***
***ਕਰਮੀ ਵਹੈ ਕਲਾਮ॥***
***ਨਾਨਕ ਸਚਾ ਸਚਿ ਨਾਇ***
***ਸਚੁ ਸਭਾ ਦੀਬਾਨੁ॥ ਪੰਨਾ - 1241***

ਵਿਆਸ ਜੀ ਕਹਿੰਦੇ, "ਉਹ ਤਾਂ ਹੁਕਮ ਹੈ, ਹੁਕਮੀ ਦੇ ਹੱਥ ਵਿਚ ਹੈ; ਬੰਦੇ ਦੇ ਹੱਥ ਵਿਚ ਨਹੀਂ ਹੈ, ਜੋ ਹੁਕਮ ਨੂੰ ਬਦਲ ਦੇਵੇ। ਸਭੇ ਪੁਰੀਆਂ, ਖੰਡ-ਬ੍ਰਹਿਮੰਡ, ਦੇਵੀ-ਦੇਵਤੇ, ਦਾਨਵ ਗੰਧਰਬ, ਜੱਛ, ਪਸ਼ੂ-ਪੰਛੀ, ਸਾਰੇ **Planets**, ਪਉਣ, ਪਾਣੀ, ਸਾਰੇ ਤੱਤ, ਸਾਰੇ ਪੀਰ-ਪੈਗੰਬਰ, ਔਲੀਏ ਹੁਕਮ ਦੇ ਬੰਨ੍ਹੇ ਹੋਏ ਆਪੋ-ਆਪਣੀ ਕਾਰ ਕਰ ਰਹੇ ਹਨ, ਤੂੰ ਕਿਸ ਦਾ ਬੀਚਾਰਾ ਹੈਂ?"

***ਹੁਕਮਿ ਚਲਾਏ ਆਪਣੈ***
***ਕਰਮੀ ਵਹੈ ਕਲਾਮ॥ ਪੰਨਾ - 1241***

ਮੱਥੇ ਤੇ ਲਿਖੇ ਲੇਖਾਂ ਅਧੀਨ ਹੀ ਚਲ ਰਹੇ ਹਨ। ਕਰਾਰਾ ਹੁਕਮ ਚਲ ਰਿਹਾ ਹੈ; ਉਹ ਮਾੜਾ-ਮੋਟਾ ਨਹੀਂ ਹੈ ਜੋ ਮੇਟਿਆ ਜਾਵੇ।

ਜਨਮੇਜੇ ਨੇ ਕਿਹਾ, "ਮਹਾਰਾਜ! ਆਪ ਨਰਾਜ਼ ਨਾ ਹੋਣਾ, ਜੇ ਮੈਂ ਇਹ ਕਹਾਂ ਕਿ ਮੇਰਾ ਵਿਸ਼ਵਾਸ਼ ਇਨ੍ਹਾਂ ਗੱਲਾਂ ਤੇ ਨਹੀਂ ਬਣਦਾ; ਆਦਮੀ ਨੂੰ ਪਤਾ ਹੋਵੇ ਫੇਰ ਕਿਵੇਂ ਹੋ ਜਾਣ ਦੇਵੇ? ਖੂਹ ਨੂੰ ਵੇਖ ਕੇ ਕੌਣ ਉਹਦੇ ਵਿਚ ਗਿਰਦੈ? ਮੈਨੂੰ ਮੇਰੀ ਭਾਵੀ ਦੱਸ ਦੇਵੋ, ਫੇਰ ਵੇਖਿਓ ਮੈਂ ਕਿਵੇਂ ਬਚਦਾਂ।"

ਵਿਆਸ ਜੀ ਨੇ ਕਿਹਾ, "ਹੇ ਰਾਜਨ! ਇਹ ਕਿਸੇ ਦੇ ਵੱਸ ਨਹੀਂ ਹੈ, ਜੋ ਲੇਖ ਲਿਖੇ ਗਏ ਹਨ ਉਹ ਜ਼ਰੂਰ ਭੋਗਣੇ ਪੈਂਦੇ ਹਨ।"

ਰਾਜੇ ਨੇ ਫਿਰ ਵੀ ਆਪਣੀ ਗੱਲ ਤੇ ਹਠ ਕਰ ਲਿਆ। ਤਾਂ ਵਿਆਸ ਜੀ ਨੇ ਕਿਹਾ, "ਸੁਣ, ਹੇ ਰਾਜਨ! ਤੇਰੇ ਉਪਰ ਵੀ ਭਾਵੀ ਆਉਣ ਵਾਲੀ ਹੈ। ਹੁਣ ਤੈਨੂੰ ਦੱਸ ਦਿੱਤਾ, ਤੂੰ ਤਕੜਾ ਹੋ ਕੇ ਰਹੀਂ। ਤੂੰ ਇਕ ਘੋੜੀ ਖਰੀਦੇਂਗਾ, ਉਸ ਉਤੇ ਚੜ੍ਹ ਕੇ ਸ਼ਿਕਾਰ ਖੇਡਣ ਜਾਏਂਗਾ। ਸ਼ਿਕਾਰ ਖੇਡਦਿਆਂ-ਖੇਡਦਿਆਂ ਤੂੰ ਥੱਕ ਜਾਏਂਗਾ, ਫਿਰ ਬ੍ਰਿਛ ਨਾਲ ਘੋੜੀ ਬੰਨ੍ਹ ਕੇ ਇਕ ਤਲਾਬ ਦੇ ਕਿਨਾਰੇ ਪਰ ਆਰਾਮ ਕਰੇਂਗਾ। ਤਲਾਬ ਵਿਚੋਂ ਇਕ ਦਰਿਆਈ ਘੋੜਾ ਨਿਕਲ ਕੇ ਤੇਰੀ ਘੋੜੀ ਨਾਲ ਸਬੰਧ ਕਰੇਗਾ, ਉਸ ਨੂੰ ਹਮਲ (ਗਰਭ) ਹੋ ਜਾਏਗਾ। ਫਿਰ ਉਸ ਤੋਂ ਇਕ ਬੜਾ ਸੁੰਦਰ ਵਛੇਰਾ ਪੈਦਾ ਹੋਵੇਗਾ। ਸਮੇਂ ਅਨੁਸਾਰ ਉਸ ਘੋੜੇ ਨੂੰ ਛੱਡ ਕੇ ਸਾਰਿਆਂ ਰਾਜਿਆਂ ਨੂੰ ਜੈ (ਜਿੱਤ) ਕਰਕੇ ਤੂੰ ਰਾਜਸੂ ਯੱਗ ਅਰੰਭੇਂਗਾ। ਉਸ ਸਮੇਂ ਤੂੰ 18 ਜਾਤੀਆਂ ਦੇ ਕੁਲ ਬ੍ਰਾਹਮਣ ਸੱਦੇਂਗਾ। ਅਹੂਤੀਆਂ ਤੋਂ ਪਿਛੋਂ ਜਦ ਤੂੰ ਭੰਡਾਰਾ ਵਰਤਾਏਂਗਾ, ਤੇ ਸਾਰੇ ਛਕ ਲੈਣਗੇ, ਫਿਰ ਤੂੰ ਰਾਣੀ ਨੂੰ ਨਾਲ ਲੈ ਕੇ ਦੱਛਣਾ ਦੇਣ ਜਾਵੇਂਗਾ। ਦੱਛਣਾ ਦੇਂਦਿਆਂ-ਦੇਂਦਿਆਂ ਤੇਰੀ ਰਾਣੀ ਦੇ ਸਿਰ ਉਤੋਂ ਕਪੜਾ ਲਹਿ ਜਾਏਗਾ, ਬ੍ਰਾਹਮਣ ਵੇਖ ਕੇ ਹੱਸਣਗੇ। ਉਸ ਵੇਲੇ ਤੇਰੇ ਅੰਦਰ ਕ੍ਰੋਧ ਆਉਣ ਨਾਲ, ਕਿਸੇ ਨੂੰ ਖੀਰ ਵਿਚ, ਕਿਸੇ ਨੂੰ ਅੱਗ ਵਿਚ ਪਾ ਕੇ ਤੂੰ ਸਾਰਿਆਂ ਨੂੰ ਖਤਮ ਕਰ ਦੇਵੇਂਗਾ। ਇਸ ਤਰ੍ਹਾਂ ਬ੍ਰਹਮ ਹੱਤਿਆ ਦੇ ਪਾਪ ਕਰਕੇ ਤੈਨੂੰ ਅਠਾਰਾਂ ਹੀ ਪ੍ਰਕਾਰ ਦਾ ਕੋੜ੍ਹ ਨਿਕਲੇਗਾ ਜਿਸ ਕਰਕੇ ਤੂੰ ਬਹੁਤ ਦੁਖੀ ਹੋਵੇਂਗਾ ਅਤੇ ਸਾਰੇ ਭਾਰਤ ਵਰਸ਼ ਵਿਖੇ ਤੇਰੀ ਨਿੰਦਿਆ ਹੋਵੇਗੀ। ਹੁਣ ਤੈਨੂੰ ਸਮਝਾਉਂਦੇ ਹਾਂ, ਤੂੰ ਘੋੜੀ ਨਾ ਖਰੀਦੀਂ। ਜੇ ਖਰੀਦ ਵੀ ਲਵੇਂ ਤਾਂ ਬਾਹਰ ਸ਼ਿਕਾਰ ਖੇਡਣ ਨਾ ਜਾਵੀਂ। ਜੇ ਸ਼ਿਕਾਰ ਖੇਡਣ ਚਲਾ ਵੀ ਜਾਵੇਂ ਤਾਂ ਰਾਹ ਵਿਚ ਕਿਧਰੇ ਠਹਿਰੀਂ ਨਾ। ਜੇ ਠਹਿਰੇਂ ਵੀ ਸਹੀ ਤਾਂ ਯੱਗ ਨੂੰ ਨਾ ਅਰੰਭੀਂ; ਜੇ ਯੱਗ ਨੂੰ ਅਰੰਭੇਂ ਤਾਂ ਔਰਤ ਨੂੰ ਨਾਲ ਲੈ ਕੇ ਦੱਛਣਾ ਦੇਣ ਨਾ ਜਾਵੀਂ। ਪਰ ਦੇਖ ਲਈਂ, ਤੂੰ ਸਾਰੇ ਹੀ ਕੰਮ ਕਰਨੇ ਹਨ। ਇਸ ਪ੍ਰਕਾਰ ਤੇਰੇ ਉਪਰ ਬਿਪਤਾ ਆਉਣੀ ਹੈ ਤੂੰ ਹੋਸ਼ ਦੇ ਨਾਲ ਰਹੀਂ। ਵੱਡਿਆਂ ਉਪਰ ਤੂੰ ਸ਼ੰਕਾ ਕੀਤੀ ਹੈ ਪਰ ਹੁਣ ਤੈਨੂੰ ਦੱਸ ਵੀ ਦਿਤਾ ਹੈ, ਤੂੰ ਬਚ ਕੇ ਵਿਖਾਵੀਂ।"

ਵਿਆਸ ਭਗਵਾਨ ਜੀ ਤੋਂ ਇਹ ਭਵਿਖਤ ਵਾਕ ਸੁਣ ਕੇ ਰਾਜੇ ਨੇ ਆਪਣੇ ਮਨ ਵਿਚ ਪੱਕੀ ਸਲਾਹ ਕਰ ਲਈ ਕਿ ਅੱਗੋਂ ਲਈ ਘੋੜਾ-ਘੋੜੀ ਕੋਈ ਨਹੀਂ ਖਰੀਦਣਾ।

ਜਦ ਕਾਫੀ ਸਮਾਂ ਗੁਜ਼ਰ ਗਿਆ ਤੇ ਇਸ ਨੇ ਕੋਈ ਘੋੜੀ-ਘੋੜਾ ਨਾ ਖਰੀਦਿਆ, ਤਦ ਅਗਲੇ ਘੋੜੇ ਸੈਨਾਂ ਪਾਸੋਂ ਕਈ ਮਰ ਗਏ ਤਾਂ ਵਜ਼ੀਰਾਂ ਨੇ ਕਿਹਾ, "ਐ ਬਾਦਸ਼ਾਹ! ਜੇ ਘੋੜਾ-ਘੋੜੀ ਕੋਈ ਵੀ ਨਾ ਖਰੀਦਿਆ ਤਾਂ ਸੈਨਾ ਦਾ ਕੰਮ ਕਿਵੇਂ ਨਿਭੇਗਾ, ਤੇਰੀ ਬਾਦਸ਼ਾਹੀ ਕਿਵੇਂ ਚਲੇਗੀ? ਤੂੰ ਘੋੜੀ ਭਾਵੇਂ ਨਾ ਖਰੀਦ ਪਰ ਘੋੜੇ ਤਾਂ ਖਰੀਦਣ ਦੇਹ।" ਉਸ ਵੇਲੇ ਬਾਦਸ਼ਾਹ ਨੇ ਘੋੜੇ ਖਰੀਦਣ ਦਾ ਹੁਕਮ ਦੇ ਦਿਤਾ। ਵਜ਼ੀਰਾਂ ਨੇ ਬਹੁਤ ਹੀ ਘੋੜੇ ਖਰੀਦੇ ਪਰ ਉਸ ਵੇਲੇ ਇਕ ਅੱਵਲ ਜਾਤੀ ਦੀ 'ਖੁਰਾਸਾਨੀ' ਘੋੜੀ ਬਹੁਤ ਅਣਮੁੱਲੀ ਆ ਗਈ। ਵਜ਼ੀਰ ਵੇਖ ਕੇ ਬੜਾ ਚਿੰਤਾਤੁਰ ਹੋਇਆ ਕਿ ਜੇ ਇਹ ਘੋੜੀ ਕਿਸੇ ਹੋਰ ਬਾਦਸ਼ਾਹ ਨੇ ਖਰੀਦ ਲਈ ਤਾਂ ਚੰਗਾ ਨਹੀਂ। ਇਹ ਘੋੜੀ ਅਸਾਡੇ ਕੋਲ ਹੀ ਰਹਿਣੀ ਚਾਹੀਦੀ ਹੈ। ਵਜ਼ੀਰ ਨੇ ਬਾਦਸ਼ਾਹ ਨੂੰ ਲਿਆ ਕੇ ਘੋੜੀ ਵਿਖਾਈ ਤੇ ਕਿਹਾ ਕਿ ਇਹ ਘੋੜੀ ਆਪ ਜੀ ਦੇ ਯੋਗ ਦੀ ਹੈ; ਜੇ ਕਿਸੇ ਹੋਰ ਬਾਦਸ਼ਾਹ ਨੇ ਖਰੀਦ ਲਈ ਤਾਂ ਸਾਡੀ ਹੱਤਕ ਹੈ। ਆਪ ਜੀ ਨੇ ਚੜ੍ਹਨਾ ਨਹੀਂ, ਪਰ ਖਰੀਦਣ ਵਿਚ ਤਾਂ ਕੋਈ ਡਰ ਨਹੀਂ। ਆਪ ਜੀ ਦੇ ਤਬੇਲੇ ਵਿਚ ਖੜ੍ਹੀ ਰਹੇਗੀ। ਇਹ ਗੱਲ ਸੁਣ ਕੇ ਬਾਦਸ਼ਾਹ ਨੇ ਹੁਕਮ ਦੇ ਦਿਤਾ ਕਿ ਚੰਗਾ, ਖਰੀਦ ਲਓ।

ਉਸੀ ਵੇਲੇ ਖਜ਼ਾਨੇ 'ਚੋਂ ਰੁਪਯਾ ਦਿਵਾ ਕੇ ਘੋੜੀ ਖਰੀਦ ਲਈ। ਤਬੇਲੇ ਬੱਧੀ ਨੂੰ ਕਈ ਸਾਲ ਗੁਜ਼ਰ ਗਏ ਤਾਂ ਵਜ਼ੀਰ ਨੇ ਕਿਹਾ, "ਬਾਦਸ਼ਾਹ ਸਲਾਮਤ! ਇਕ

ਵੇਰ ਇਸ ਉਤੇ ਚੜ੍ਹ ਕੇ ਤਾਂ ਵੇਖੋ, ਕੈਸੀ ਹੈ।" ਜਿਸ ਵੇਲੇ ਰਾਜਾ ਜਨਮੇਜਾ ਉਸ ਉਤੇ ਚੜ੍ਹਿਆ ਤਾਂ ਉਹ ਇਸ ਨੂੰ ਲੈ ਕੇ ਅਜਿਹੀ ਉਡੀ ਕਿ ਧਰਤੀ ਤੇ ਪੈਰ ਲੱਗਣ ਹੀ ਨਾ ਦਿਤਾ। ਸੰਘਣੇ ਜੰਗਲ ਵਿਚ ਲੈ ਗਈ। ਉਥੇ ਤਲਾਬ ਦੇ ਕਿਨਾਰੇ ਇਸ ਨੂੰ ਬੰਨ੍ਹ ਕੇ ਆਪ ਸੌਂ ਗਿਆ। ਉਸੀ ਵੇਲੇ ਤਲਾਬ ਵਿਚੋਂ ਦਰਿਆਈ ਘੋੜਾ ਨਿਕਲਿਆ ਤੇ ਉਸ ਨੇ ਘੋੜੀ ਨਾਲ ਸਬੰਧ ਕੀਤਾ ਅਤੇ ਉਸ ਤੋਂ ਕਾਲੇ ਕੰਨਾਂ ਵਾਲਾ ਬੜਾ ਸੁੰਦਰ ਵਛੇਰਾ ਹੋਇਆ ਤਾਂ ਰਾਜੇ ਨੇ ਸਾਰੇ ਦਿਗ ਬਿਜੇ ਕਰਕੇ ਅਸਮੇਧ ਯੱਗ ਅਰੰਭ ਦਿਤਾ। ਅਹੂਤੀਆਂ ਪਾਉਣ ਲਈ ਬੜੇ-ਬੜੇ ਵਿਦਵਾਨ ਪੰਡਤ ਬੁਲਾਏ। ਫਿਰ 18 ਜਾਤੀਆਂ ਦੇ ਬ੍ਰਾਹਮਣ ਬੁਲਾ ਕੇ ਸਭ ਨੂੰ ਨਿਉਂਤਾ ਛਕਾਇਆ। ਪਹਿਲੀਆਂ ਗੱਲਾਂ ਇਸ ਨੂੰ ਸਭ ਭੁੱਲ ਗਈਆਂ। ਪ੍ਰਸ਼ਾਦ ਛਕਾ ਕੇ ਜਦ ਰਾਣੀ ਨੂੰ ਨਾਲ ਲੈ ਕੇ ਦੱਛਣਾ ਦੇਣ ਗਿਆ ਤਾਂ ਉਸ ਦੇ ਸਿਰ ਤੋਂ ਪੱਲਾ ਲਹਿ ਗਿਆ।

ਸਿਰ ਨੰਗਾ ਹੋਣ ਦੇ ਸਬੱਬ ਕਰਕੇ ਸਾਰੇ ਬ੍ਰਾਹਮਣ ਹੱਸ ਪਏ। ਇਸ ਨੇ ਕ੍ਰੋਧ ਵਿਚ ਆ ਕੇ ਕਿਸੇ ਨੂੰ ਖੀਰ ਦੇ ਕੜਾਹੇ ਵਿਚ ਸੁਟਿਆ, ਕਿਸੇ ਨੂੰ ਅੱਗ ਵਿਚ, ਕਿਸੇ ਨੂੰ ਭਾਜੀ ਦੇ ਕੜਾਹੇ ਵਿਚ, ਕਿਸੇ ਦੇ ਸਿਰ ਤੇ ਬਿੰਨ੍ਹੂ ਟਿਕਾ ਕੇ ਸਿਰ ਵਿਚ ਖੀਰ ਪਾ ਦਿਤੀ। ਜਦ ਇਸ ਤਰ੍ਹਾਂ ਬ੍ਰਾਹਮਣਾਂ ਦੀ ਹਾਲਤ ਕੀਤੀ ਤਾਂ ਇਸ ਨੂੰ ਅਠਾਰਾਂ ਹੀ ਪ੍ਰਕਾਰ ਦਾ ਕੋੜ੍ਹ ਨਿਕਲ ਆਇਆ। ਫਿਰ ਇਸ ਨੇ ਵਿਆਸ ਭਗਵਾਨ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ! ਜੋ ਜੋ ਗੱਲਾਂ ਆਪ ਜੀ ਨੇ ਕਹੀਆਂ ਸਨ, ਮੇਰੇ ਪਾਸੋਂ ਉਹੀ ਹੋ ਗਈਆਂ ਹਨ। ਤਾਂ ਵਿਆਸ ਜੀ ਨੇ ਕਿਹਾ, "ਹੇ ਰਾਜਨ! ਜੋ ਮੱਥੇ ਦੇ ਲੇਖ ਲਿਖੇ ਹੁੰਦੇ ਹਨ, ਉਹ ਅਵੱਸ਼ ਭੋਗਣੇ ਪੈਂਦੇ ਹਨ, ਭੋਗੇ ਬਗੈਰ ਮਿਟ ਨਹੀਂ ਸਕਦੇ।"

**ਧਾਰਨਾ –** **ਦੇਹੀ ਫਿੱਟ ਗਈ,**
**ਰੋਗ ਭੈੜਾ ਲੱਗਿਆ,**
**ਧਾਂਹਾਂ ਮਾਰ ਰਾਜਾ ਰੋਂਵਦਾ**

***ਰੋਵੈ ਜਨਮੇਜਾ ਖੁਇ ਗਇਆ॥***
***ਏਕੀ ਕਾਰਣਿ ਪਾਪੀ ਭਇਆ॥***
***ਪੰਨਾ – 954***

ਰਾਜਾ ਧਾਹਾਂ ਮਾਰ ਕੇ ਰੋ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਇਸ ਰਾਜੇ ਨੂੰ ਵੇਦ ਵਿਆਸ ਜੀ ਨੇ ਬਹੁਤ ਵਿਸਥਾਰ ਨਾਲ ਹੋਣੀ ਬਾਰੇ ਸਮਝਾਇਆ। ਇਕੱਲੀ-ਇਕੱਲੀ ਗੱਲ ਦੇ ਉਤੇ ਵਰਜਦੇ ਹਨ ਕਿ ਜੇ ਆਹ ਗੱਲ ਹੋ ਗਈ ਤਾਂ ਆਹ ਨਹੀਂ ਕਰਨੀ; ਜੇ ਅਗਲੀ ਹੋ ਗਈ ਤਾਂ ਉਸ ਤੋਂ ਅਗਲੀ ਨਹੀਂ ਕਰਨੀ; ਪੱਕਾ ਕਰ ਦਿਤਾ –

***ਰਾਜਾ ਜਨਮੇਜਾ ਦੇ ਮਤੀ***
***ਬਰਜਿ ਬਿਆਸਿ ਪੜਾਇਆ॥***
***ਪੰਨਾ – 1344***

ਰਾਜੇ ਤੋਂ ਸਭ ਗੱਲਾਂ ਹੋ ਗਈਆਂ। ਯੱਗ ਕੀਤੇ, ਤੇ ਅਠਾਰ੍ਹਾਂ ਗੋਤਾਂ ਦੇ ਬ੍ਰਾਹਮਣ ਮਾਰ ਦਿਤੇ –

***ਤਿਨਿ ਕਰਿ ਜਗ ਅਠਾਰਹ ਘਾਏ***
***ਕਿਰਤੁ ਨ ਚਲੈ ਚਲਾਇਆ॥***
***ਪੰਨਾ – 1344***

ਹੁਣ ਕਿਰਤ ਹਟਿਆ? ਜਿਹੜਾ ਪ੍ਰਮੇਸ਼ਰ ਨੇ ਮੱਥੇ 'ਚ ਲਿਖ ਦਿਤਾ, ਉਹਨੂੰ ਕੋਈ ਟਾਲ ਸਕਿਆ?

***ਕਹੁ ਮਾਨੁਖ ਤੇ ਕਿਆ ਹੋਇ ਆਵੈ॥***
***ਜੋ ਤਿਸੁ ਭਾਵੈ ਸੋਈ ਕਰਾਵੈ॥***
***ਪੰਨਾ – 277***

ਜਿਹੜਾ ਮਨਮੁਖ ਹੈ, ਉਹ ਤਾਂ **blind** ਹੈ, ਚਤੁਰਾਈਆਂ ਕਰਦੈ ਕਿ ਮੈਂ ਨਹੀਂ ਗੱਲ ਹੋਣ ਦਿੰਦਾ –

***ਮਨਮੁਖੁ ਅੰਧੁ ਕਰੇ ਚਤੁਰਾਈ॥***
***ਭਾਣਾ ਨ ਮੰਨੇ ਬਹੁਤੁ ਦੁਖੁ ਪਾਈ॥***
***ਭਰਮੇ ਭੂਲਾ ਆਵੈ ਜਾਏ***
***ਘਰੁ ਮਹਲੁ ਨ ਕਬਹੂ ਪਾਇਦਾ॥***
***ਪੰਨਾ – 1064***

ਰਾਜਾ ਜਨਮੇਜਾ ਕੋਹੜ ਦੇ ਦੁਖ ਨਾਲ ਦੁਖੀ ਹੋ ਰਿਹਾ ਸੀ। ਉਸਨੇ ਵੇਦ ਵਿਆਸ ਜੀ ਨੂੰ ਬੇਨਤੀ ਕੀਤੀ ਕਿ ਮੇਰੇ ਰੋਗ ਦਾ ਕੁਝ ਉਪਚਾਰ ਕਰੋ। ਉਨ੍ਹਾਂ ਨੇ ਕਿਹਾ, "ਹੇ ਰਾਜਨ! ਪ੍ਰਮੇਸ਼ਰ ਦਾ ਨਾਮ ਸਰਬ ਕਲਾ ਸਮਰੱਥ ਹੈ ਅਤੇ ਸਾਰੇ ਰੋਗਾਂ, ਔਕੜਾਂ, ਸੰਤਾਪਾਂ ਦਾ ਇਲਾਜ ਹੈ। ਮੈਂ ਤੈਨੂੰ ਪ੍ਰਭੂ ਦੇ ਨਾਮ ਦੀ ਕਥਾ ਸੁਣਾਵਾਂਗਾ, ਤੂੰ ਸਤਿ ਕਰਕੇ ਮੰਨਣਾ ਅਤੇ ਕਿਸੇ ਥਾਂ ਤੂੰ ਨਾਸਤਕ ਬੁੱਧੀ ਅਨੁਸਾਰ ਕਿੰਤੂ ਨਹੀਂ ਕਰਨਾ।" ਵੇਦ ਵਿਆਸ ਜੀ ਕਥਾ ਸੁਣਾ ਰਹੇ ਸਨ। ਫਿਰ ਮਹਾਂਭਾਰਤ ਦੇ ਜੁੱਧ ਵਿਚ ਅਰਜਨ ਬਾਰੇ ਜਦੋਂ ਦੱਸਿਆ ਕਿ ਉਹ ਪ੍ਰਮ ਬੀਰ ਆ ਕੇ ਗਰਜਿਆ –

***ਤਹਾਂ ਗਰਜਿਯੋ ਅਰਜਨੰ ਪਰਮ ਬੀਰੰ।***
***ਧਨੁਰ ਬੇਦ ਗਿਆਤਾ ਤਜੇ ਪਰਮ ਤੀਰੰ।***
***43/211***

***ਤਜੀ ਬੀਰ ਬਾਨਾਵਰੀ ਬੀਰ ਖੇਤੰ।***
***ਹਨਿਓ ਭੀਖਮੰ ਸਭੈ ਸੈਨਾ ਸਮੇਤੰ॥***
***ਦਈ ਬਾਣਸਿੱਜਾ ਗਰੇ ਭੀਖਮੈਣੰ।***
***ਜਯੰ ਪੱਤ੍ਰ ਪਾਇਓ ਸੁਖੰ ਪਾਂਡਵੇਣੰ॥***
***44/212***

***ਭਏ ਦ੍ਰੋਣ ਸੈਨਾਪਤੀ ਸੈਨਪਾਲੰ॥***
***ਭਇਓ ਘੋਰ ਜੁੱਧੰ ਤਹਾਂ ਤਉਨ ਕਾਲੰ॥***
***ਹਨਿਓ ਧ੍ਰਿਸਟ ਦੋਨੰ ਤਜੇ ਦ੍ਰੋਣ ਪ੍ਰਾਣੰ।***
***ਕਰਿਓ ਜੁੱਧ ਤੇ ਦੇਵਲੋਕੰ ਪਿਆਣੰ॥***
***45/213***
***ਗਿਆਨ ਪ੍ਰਬੋਧ, ਪੰਨਾ – 1195***

ਇਹ ਵਿਆਸ ਜੀ ਨੇ ਕਰਣ ਦਾ, ਸਲ ਰਾਜੇ ਦਾ, ਅਸ਼੍ਵਥਾਮਾ ਦਾ, ਦਰੋਣਾਚਾਰੀਆ ਦਾ, ਪਾਂਡਵਾਂ ਦੇ ਪੰਜੇ ਪੁੱਤਰ ਮਾਰੇ ਜਾਣ ਦਾ, ਦੁਰਯੋਧਨ ਅਤੇ ਭੀਮਸੈਨ ਦੇ ਯੁੱਧ ਦਾ ਹਾਲ ਦੱਸਿਆ। ਭੀਮਸੈਨ ਨੇ ਬਹੁਤ ਹੀ ਭਿਆਨਕ ਜੁੱਧ ਕੀਤਾ। ਦੁਰਯੋਧਨ ਮਾਰਿਆ ਗਿਆ –

*ਹਨਿਓ ਰਾਜ ਦੁਰਯੋਧਨੰ ਜੁਧ ਭੂਮੰ।*
*ਭਜੇ ਸਭੈ ਜੋਧਾ ਚਲੀ ਧਾਮ ਧੂਮੰ।।*
*ਕਰਯੋ ਰਾਜ ਨਿਹਕੰਟਕੰ ਕਉਰਪਾਲੰ।।*
*ਪੁਨਰ ਜਾਇਕੈ ਮੰਝਿ ਸਿੱਝੈ ਹਿਵਾਲੰ।।*
*16/234*

*ਤਹਾ ਏਕ ਗੰਧ੍ਰਬ ਸਿਉ ਜੁੱਧ ਮੱਚਯੋ।*
*ਭੁਰਪਾਲੰ ਧੂਰਾ ਰੰਗੁ ਰੱਚਯੋ।।*
*ਤਹਾ ਸੱਤ੍ਰ ਕੇ ਭੀਮ ਹਸਤੀ ਚਲਾਏ।*
*ਫਿਰੇ ਮੱਧਿ ਗੈਣੰ ਅਜਉ ਲਉ ਨ ਆਏ।।*
*17/235*

*ਸੁਨੈ ਬੈਨ ਕਉ ਭੂਪ ਇਉ ਐਂਠ ਨਾਕੰ।*
*ਕਰਯੋ ਹਸ ਮੰਦੈ ਬੁਲਯੋ ਏਮ ਬਾਕੰ।।*
*ਰਹਿਯੋ ਨਾਕ ਮੈ ਕੁਸਟ ਛਤ੍ਰੀ ਸਵਾਨੰ।*
*ਭਈ ਤਉਨ ਹੀ ਰੋਗ ਤੇ ਭੂਪ ਹਾਨੰ।।*
*18/236*

*ਗਿਆਨ ਪ੍ਰਬੋਧ, ਪੰਨਾ - 1198*

ਰਾਜੇ ਜਨਮੇਜੇ ਨੇ ਇਸ ਵਾਕ ਨੂੰ ਸੁਣ ਕੇ ਨੱਕ ਚਾੜ੍ਹਿਆ ਅਤੇ ਕਿਹਾ ਕਿ ਇਹ ਬਿਲਕੁਲ ਗੱਪ ਹੈ, ਫਜ਼ੂਲ ਬਾਤ ਹੈ; ਕਦੇ ਹਾਥੀ ਵੀ ਉਪਰਲੇ **sphere** (ਮੰਡਲ) ਵਿਚ ਸੁੱਟੇ ਜਾ ਸਕਦੇ ਹਨ? ਉਸ ਵੇਲੇ ਵੇਦ ਵਿਆਸ ਜੀ ਨੇ ਕਿਹਾ ਕਿ ਰਾਜਨ! ਮੰਤ੍ਰ ਬਲ ਬਹੁਤ ਹੀ ਅਧਿਕ ਹੋਇਆ ਕਰਦਾ ਹੈ। ਉਸ ਬਲ ਕਰਕੇ ਭੀਮਸੈਨ ਨੇ ਹਾਥੀ ਚਲਾਏ; ਮੈਂ ਤੈਨੂੰ ਪ੍ਰਤੱਖ ਦਿਖਾ ਦਿੰਦਾ ਹਾਂ। ਇਹ ਕਹਿ ਕੇ ਵਿਆਸ ਜੀ ਨੇ ਆਪਣੇ ਯੋਗ ਬਲ ਨਾਲ ਹਾਥੀਆਂ ਦੇ ਪਿੰਜਰ ਹੇਠਾਂ ਉਤਾਰ ਲਏ ਅਤੇ ਜਨਮੇਜੇ ਦੀ ਮੂੜ੍ਹ-ਮਤੀ ਕਰਕੇ ਮੌਤ ਹੋ ਗਈ। ਇਸ ਤਰ੍ਹਾਂ ਦੇ ਨਾਲ ਜਿਸਨੂੰ ਪ੍ਰਮੇਸ਼ਰ ਭੁਲਾ ਦਿੰਦਾ ਹੈ, ਉਸ ਦਾ ਵਿਨਾਸ਼ ਹੋ ਜਾਇਆ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਫੁਰਮਾਨ ਹੈ -

*ਜਨਮੇਜੈ ਗੁਰ ਸਬਦੁ ਨ ਜਾਨਿਆ।।*
*ਕਿਉ ਸੁਖੁ ਪਾਵੈ ਭਰਮਿ ਭੁਲਾਨਿਆ।।*
*ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ।।*
*ਪੰਨਾ - 225*

ਨਾਮ ਵਿਚ ਅਮਿਤ ਸ਼ਕਤੀ ਹੈ ਅਤੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਵਾਹਿਗੁਰੂ ਜੀ ਨੇ ਨਾਮ ਦੀ ਦਵਾਈ ਹਰੇਕ ਬੰਦੇ ਦੇ ਅੰਦਰ ਰੱਖੀ ਹੈ। ਫੁਰਮਾਨ ਹੈ -

*ਹਰਿ ਅਉਖਧੁ ਸਭ ਘਟ ਹੈ ਭਾਈ।।*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ।।*
*ਗੁਰਿ ਪੂਰੈ ਸੰਜਮੁ ਕਰਿ ਦੀਆ।।*
*ਨਾਨਕ ਤਉ ਫਿਰਿ ਦੂਖ ਨ ਥੀਆ।।*
*ਪੰਨਾ - 259*

ਇਹ ਗੱਲਾਂ ਅਸੀਂ ਪ੍ਰਤਿਆ ਕੇ ਦੇਖੀਆਂ ਹਨ। ਅਸਾਡੇ ਪਾਸ ਦੋ ਤਿੰਨ ਅਜਿਹੀਆਂ ਬੀਬੀਆਂ ਆਈਆਂ ਜਿਨ੍ਹਾਂ ਵਿਚੋਂ ਦੋ ਦੇ ਸਰੀਰ ਗਲ ਗਏ ਸਨ ਅਤੇ ਮੈਲਾ ਪਾਣੀ ਸਿੰਮ ਰਿਹਾ ਸੀ, ਬਹੁਤ ਦੁਖੀ ਸਨ; ਨਾ ਕੋਈ ਦਵਾਈ ਅਸਰ ਕਰਦੀ ਸੀ ਅਤੇ ਨਾ ਹੀ ਕੋਈ ਹੋਰ ਇਲਾਜ ਸੁਝਦਾ ਸੀ - *'ਸਰਬ ਰੋਗ ਕਾ ਅਉਖਦੁ ਨਾਮੁ।।' (ਪੰਨਾ - 274)* ਦਾ ਵਿਸ਼ਵਾਸ਼ ਮੇਰੇ ਹਿਰਦੇ ਵਿਚ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਇਸ ਵਿਧੀ ਨਾਲ 'ਜਪੁਜੀ ਸਾਹਿਬ' ਦੇ ਪਾਠ ਕਰੋ। ਮਨ ਵਿਚ ਪੂਰਨ ਵਿਸ਼ਵਾਸ਼ ਹੋਣਾ ਚਾਹੀਦਾ ਹੈ, ਅਕਾਲ ਪੁਰਖ ਪਾਸ ਅਰਦਾਸ ਕਰਦੇ ਰਹੋ। ਸਾਰੀ ਸੰਗਤ ਹੈਰਾਨ ਹੋ ਗਈ ਕਿ 42 ਦਿਨਾਂ ਤੋਂ ਬਾਦ ਉਨ੍ਹਾਂ ਦੇ ਸਰੀਰ ਜਿਉਂ ਕੇ ਤਿਉਂ, ਨਵੇਂ ਨਰੋਏ ਹੋ ਗਏ। ਉਨ੍ਹਾਂ ਵਿਚੋਂ ਇਕ ਬੀਬੀ ਰਾਮ ਦਰਬਾਰ ਕਲੋਨੀ ਦੀ ਅਤੇ ਇਕ ਚੰਡੀਗੜ੍ਹ ਦੀ ਸੀ। ਪਹਿਲੀ ਬੀਬੀ, ਭੁਪਿੰਦਰ ਸਿੰਘ ਦੀ ਮਾਤਾ ਸੀ।

ਇਸੇ ਤਰ੍ਹਾਂ ਗੁਰਦੁਆਰਾ ਸਾਹਿਬ ਦੇ **paint** (ਰੰਗ-ਰੋਗਨ) ਦੀ ਸੇਵਾ ਕਰਨ ਵਾਲੇ ਭਾਈ ਤ੍ਰਿਲੋਚਨ ਸਿੰਘ ਜੀ, ਜਿਨ੍ਹਾਂ ਵਿਚ ਬੜੀ ਨਿਮਰਤਾ ਤੇ ਸੁੱਚੀ ਕਿਰਤ ਕਰਨ ਦੀ ਲਗਨ ਹੈ, ਦੀ ਮਾਤਾ ਡੱਡੂ ਮਾਜਰੇ, ਚੰਡੀਗੜ੍ਹ ਰਹਿੰਦੀ ਸੀ। ਉਸਦੀ ਸੱਜੀ ਬਾਂਹ ਇਕ ਤਰ੍ਹਾਂ ਨਾਲ ਕੂਹਣੀ ਤਕ ਗਲ ਗਈ। ਹੱਥ ਦਾ ਮਾਸ, ਹਥੇਲੀ ਦਾ ਮਾਸ ਅਤੇ ਨਹੁੰ ਪੂਰੀ ਤਰ੍ਹਾਂ ਝੜ ਗਏ, ਨੰਗੀਆਂ ਹੱਡੀਆਂ ਨਿਕਲ ਆਈਆਂ। ਜਿਉਂ-ਜਿਉਂ ਇਲਾਜ ਕੀਤਾ, ਬਾਂਹ ਵੀ ਕੂਹਣੀ ਤਕ ਗਲ ਗਈ ਅਤੇ ਮੁੜ ਕੇ ਛਾਤੀ ਨਾਲ ਲਗ ਗਈ। ਇਹ ਬੀਬੀ ਅਨਪੜ੍ਹ ਸੀ, ਇਸਨੂੰ ਤਿੰਨ ਘੰਟੇ ਹਰ ਰੋਜ਼ ਮੂਲਮੰਤ੍ਰ ਦੇ ਵਿਧੀ ਪੂਰਵਕ ਪਾਠ ਕਰਨ ਲਈ ਆਖਿਆ ਗਿਆ। 45 ਦਿਨਾਂ ਪਿਛੋਂ ਸਾਰੀ ਸੰਗਤ ਹੈਰਾਨ ਹੋ ਗਈ ਕਿ ਨਵੇਂ ਨਹੁੰ ਆ ਗਏ ਹਨ ਅਤੇ ਹਥੇਲੀ ਪਹਿਲਾਂ ਵਾਂਗ ਹੀ ਮਾਸ ਨਾਲ ਭਰ ਗਈ ਹੈ। ਸੰਗਤ ਵਿਚ ਇਕ ਵਿਸ਼ਵਾਸ਼ ਪੈਦਾ ਹੋ ਗਿਆ।

ਇਸੇ ਤਰ੍ਹਾਂ ਨਾਲ ਇਕ ਪ੍ਰੇਮੀ, ਭਾਈ ਜਰਨੈਲ ਸਿੰਘ, ਪੈਂਤਪੁਰ ਦਾ, ਜੋ ਰਤਵਾੜਾ ਸਾਹਿਬ ਦੇ ਬਿਲਕੁਲ ਨਾਲ ਲਗਦਾ ਪਿੰਡ ਹੈ, ਉਸਦੇ ਹੱਥ, ਪੈਰ ਲੰਮੀਆਂ ਲਕੀਰਾਂ ਵਿਚ ਫਟ ਗਏ, ਪਾਣੀ ਚੋਣ ਲਗ ਗਿਆ। ਉਸਨੇ, ਜਿਸ ਥਾਂ ਉਪਰ ਸੰਗਤਾਂ ਇਸ਼ਨਾਨ ਕਰਿਆ ਕਰਦੀਆਂ ਹਨ, ਤਿੰਨ ਦਿਨ ਗਾਰਾ ਮਲਿਆ; ਉਹ ਸਾਰੇ ਨਿਸ਼ਾਨ ਪੂਰੀ ਤਰ੍ਹਾਂ ਨਾਲ ਮਿਟ ਗਏ। ਇਸ ਤਰ੍ਹਾਂ ਨਾਲ ਇਕ ਨਹੀਂ, ਸੈਂਕੜਿਆਂ ਦੀ ਗਿਣਤੀ ਵਿਚ *'ਸਰਬ ਰੋਗ ਕਾ ਅਉਖਦੁ ਨਾਮੁ।।'* ਦੀ ਵਰਤੋਂ ਕਰਕੇ ਰੋਗੀ ਰਾਜ਼ੀ ਹੋ ਗਏ।

ਡਾ. ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਇਕ ਬੰਗਾਲੀ ਸਾਧੂ ਉਕਾੜੇ, ਸੰਤ ਬਸੰਤ ਸਿੰਘ ਜੀ ਪਾਸ ਆਇਆ। ਉਹਦਾ ਸਾਰਾ ਸਰੀਰ ਫੋੜਿਆਂ ਨਾਲ ਭਰਿਆ ਪਿਆ ਸੀ ਅਤੇ ਰਿਸ ਰਿਹਾ ਸੀ; ਕਿਤੋਂ ਰਾਜ਼ੀ ਨਾ ਹੋਇਆ। ਉਹ ਸਾਧੂ ਯੋਗ ਦੀ ਕ੍ਰਿਆ ਕਰਦੇ-ਕਰਦੇ ਕੁੰਡਲਨੀ ਜਗਾਉਣ ਸਮੇਂ ਧੱਕਾ ਖਾ ਗਿਆ ਸੀ।

ਗੁਰੂ ਮਹਾਰਾਜ ਜੀ ਨੇ ਸਾਨੂੰ ਯੋਗਿਕ ਕ੍ਰਿਆਵਾਂ

ਤੋਂ ਵਰਜ ਕੇ ਰੱਖਿਆ ਹੋਇਆ ਹੈ ਕਿਉਂਕਿ ਇਹ ਕ੍ਰਿਆਵਾਂ ਇਕ ਸੁਲਝੇ ਹੋਏ ਯੋਗੀ ਟੀਚਰ (ਗੁਰੂ) ਤੋਂ ਬਿਨਾਂ ਨਹੀਂ ਹੋ ਸਕਿਆ ਕਰਦੀਆਂ। ਜੇ ਇਕ ਵਾਰੀ ਸਵਾਸਥ ਵਿਗੜ ਜਾਵੇ ਤਾਂ ਫੇਰ ਕੋਈ ਦਵਾਈ ਐਸੀ ਨਹੀਂ ਜੋ ਉਸ ਦੇ ਰੋਗ ਨੂੰ ਰਾਜ਼ੀ ਕਰ ਦੇਵੇ। ਮਹਾਰਾਜ ਜੀ ਸਾਨੂੰ ਸੁਖੈਨ ਸਾਧਨ ਦਸਦੇ ਆਏ ਹਨ ਜਿਸ ਵਿਚ ਸਭ ਤੋਂ ਸ੍ਰੇਸ਼ਟ ਸੁਰਤਿ ਸਬਦਿ ਦਾ ਮਾਰਗ ਹੈ। ਕਈ ਪ੍ਰੇਮੀ ਆਪਣੇ ਆਪ ਸ੍ਵਾਸ ਖਿੱਚਣ ਲਗ ਜਾਂਦੇ ਹਨ, ਉਹ ਗਰਮੀ ਖੁਸ਼ਕੀ ਦਿਮਾਗ ਵਿਚ ਪੈਣ ਕਰਕੇ ਦਿਮਾਗ ਦਾ ਸੰਤੁਲਨ ਗਵਾ ਬੈਠਦੇ ਹਨ ਕਿਉਂਕਿ ਅਸਾਡੇ ਵਿਚ ਇਕ ਪੱਕੀ ਆਦਤ ਹੈ ਕਿ ਅਸੀਂ ਕਿਸੇ ਸਾਧੂ-ਸੰਤ ਨੂੰ ਤਾਂ ਮੰਨਣਾ ਹੀ ਨਾ ਹੋਇਆ; ਜੋ ਕੁਝ ਕਰਨਾ ਹੈ, ਆਪੇ ਹੀ ਕਰਨਾ ਹੈ ਪਰ ਇਹ ਸੂਖਮ ਭੇਦ ਦੱਸਣ ਤੋਂ ਬਿਨਾਂ ਸਿਰੇ ਨਹੀਂ ਚੜ੍ਹਿਆ ਕਰਦੇ। ਅਸੀਂ ਤਾਂ ਬਿਨਾਂ ਹੀ ਸੋਚੇ ਸਮਝੇ ਸਾਧੂ, ਸੰਤਾਂ ਦੇ ਖਿਲਾਫ **remarks** ਦੇ ਦਿੰਦੇ ਹਾਂ ਕਿ ਇਨ੍ਹਾਂ ਸੰਤਾਂ ਨੇ ਪੰਥ ਦਾ ਭੱਠਾ ਬਹਾ ਦਿਤਾ। ਇਨ੍ਹਾਂ ਪ੍ਰੇਮੀਆਂ ਦਾ ਵੀ ਖਿਆਲ ਆਪਣੇ ਤਜਰਬੇ ਦੇ ਅਧਾਰ ਤੇ ਸਤਿ ਹੀ ਹੋਣਾ ਹੈ ਕਿਉਂਕਿ ਸੰਤਾਂ ਦਾ ਭੇਖ ਧਾਰ ਕੇ ਬਹੁਤ ਸਾਰੇ ਅਸੰਤ, ਸੰਤ ਸਮਾਜ ਵਿਚ ਘੁਸਪੈਠ ਕਰ ਲੈਂਦੇ ਹਨ। ਉਨ੍ਹਾਂ ਦੀ ਕ੍ਰਿਆ ਨੂੰ ਦੇਖ ਕੇ ਮਨ ਕੁਦਰਤੀ ਤੌਰ ਤੇ ਉਦਾਸ ਹੋ ਜਾਂਦਾ ਹੈ ਅਤੇ ਅਜਿਹੇ **remarks** ਦੇਣੇ ਕੋਈ ਹੈਰਾਨ ਕਰਨ ਵਾਲੀ ਬਾਤ ਨਹੀਂ ਹੈ। ਪਰ ਜੇ ਵਿਚਾਰ ਕੇ ਦੇਖਿਆ ਜਾਵੇ ਤਾਂ ਸੁਲਝੇ ਹੋਏ ਸੰਤ, ਪੰਥ ਨੂੰ ਚੜ੍ਹਦੀ ਕਲਾ ਵਿਚ ਹੀ ਲਿਜਾ ਰਹੇ ਹਨ। ਅਸਾਡੇ ਜੱਥਿਆਂ ਨੇ ਥੋੜ੍ਹੇ ਚਿਰ ਵਿਚ ਹੀ 3 ਲੱਖ 74 ਹਜ਼ਾਰ ਸਿੰਘਾਂ ਨੂੰ ਪੰਜ ਪਿਆਰਿਆਂ ਰਾਹੀਂ ਅੰਮ੍ਰਿਤ ਛਕਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਿਆ ਹੈ। ਬਾਕੀ ਤੁਸੀਂ ਨਿਰਣਾ ਕਰਕੇ ਦੇਖ ਲਓ, ਬੇਅੰਤ ਸਿੰਘ ਸਭਾਵਾਂ, ਬੇਅੰਤ ਜਥੇ ਗੱਲਾਂ ਤਾਂ ਬਹੁਤ ਵੱਡੀਆਂ-ਵੱਡੀਆਂ ਕਰਦੇ ਹਨ ਪਰ ਨਤੀਜਾ ਕੁਝ ਵੀ ਨਹੀਂ ਨਿਕਲਿਆ ਕਰਦਾ।

ਸੋ ਇਸ ਤਰ੍ਹਾਂ ਨਾਲ ਗਲਤ ਗੱਲਾਂ ਹੋ ਜਾਇਆ ਕਰਦੀਆਂ ਹਨ, ਕ੍ਰਿਆ ਗਲਤ ਹੋ ਜਾਂਦੀ ਹੈ - ਕਿਸੇ **guide** ਤੋਂ ਬਿਨਾਂ। ਉਸ ਸੰਤ ਦਾ ਗਾਈਡ-ਹੀਣ ਹੋਣ ਕਰਕੇ ਸਰੀਰ ਗਲ ਗਿਆ। ਡਾ. ਭਾਈ ਵੀਰ ਸਿੰਘ ਜੀ ਫੁਰਮਾਉਂਦੇ ਹਨ ਕਿ ਉਹ ਸਾਧੂ ਉਨ੍ਹਾਂ ਕੋਲ ਆਇਆ, ਉਨ੍ਹਾਂ ਨੇ ਅੱਗੇ ਕਮਾਲੀਏ ਵਾਲੇ ਸੰਤਾਂ ਕੋਲ ਜਾਣ ਲਈ ਕਿਹਾ। ਜਦੋਂ ਉਹ ਸਾਧੂ ਕਮਾਲੀਏ ਵਾਲੇ ਸੰਤਾਂ ਕੋਲ ਪਹੁੰਚਿਆ ਤਾਂ ਜਾ ਕੇ ਬੇਨਤੀ ਕੀਤੀ ਕਿ ਮੈਂ ਬੜਾ ਦੁਖੀ ਹਾਂ, ਗੁਰੂ ਨਾਨਕ ਦੇ ਘਰ ਆਇਆ ਹਾਂ ਜੋ ਦੀਨ-ਦੁਨੀਆਂ ਦੇ ਵੈਦ ਹਨ ਜਿਹੜੇ ਇਕੋ ਦਵਾਈ ਨਾਲ ਦੁਨੀਆਂ ਦੇ ਦੁਖ ਵੀ ਦੂਰ ਕਰ ਦਿੰਦੇ ਹਨ ਤੇ ਦਰਗਾਹ ਦੇ ਦੁਖ ਵੀ ਦੂਰ ਕਰ ਦਿੰਦੇ ਹਨ; ਮੇਰਾ ਵੀ ਦੁਖ ਦੂਰ ਕਰੋ। ਸੰਤਾਂ ਨੇ ਕਿਹਾ ਕਿ ਕ੍ਰੋੜਾਂ ਜੱਗਾਂ ਦੇ ਫਲ ਦੇਣਹਾਰੀ ਗੁਰਬਾਣੀ ਦਾ ਅਖੰਡਪਾਠ ਤੈਨੂੰ ਸੁਣਾਵਾਂਗੇ, ਤੂੰ ਜਿਉਂ-ਜਿਉਂ ਬਾਣੀ ਸੁਣੇਂਗਾ, ਤਿਉਂ-ਤਿਉਂ ਤੇਰਾ ਰੋਗ ਠੀਕ ਹੋ ਜਾਵੇਗਾ। ਆਪ ਜੀ ਅਖੰਡਪਾਠ ਬਹੁਤ ਹੀ ਸਹਿਜ ਨਾਲ, ਪਿਆਰ ਨਾਲ, ਬਿਨਾਂ ਕਾਹਲੇ ਪੈਣ ਤੋਂ ਪੂਰੇ 48 ਘੰਟੇ ਵਿਚ ਕਰਿਆ ਕਰਦੇ ਸਨ। ਉਸ ਸਾਧੂ ਦਾ ਬਿਸਤਰਾ ਗੁਰਦੁਆਰੇ ਵਿਚ ਲਾ ਦਿਤਾ। ਉਸਨੇ ਚਿਤ ਇਕਾਗਰ ਕਰਕੇ ਬਾਣੀ ਸੁਣਨੀ ਸ਼ੁਰੂ ਕਰ ਦਿਤੀ। ਉਹ ਬੰਗਾਲੀ, ਹਿੰਦੀ ਜਾਣਦਾ ਸੀ ਅਤੇ ਬਾਣੀ ਨੂੰ ਸਮਝ ਰਿਹਾ ਸੀ, ਮਨ ਲੀਨ ਕਰਕੇ ਬਾਣੀ ਸੁਣਦਾ ਰਿਹਾ। ਪਹਿਲੇ ਅਖੰਡਪਾਠ ਦੇ ਭੋਗ ਸਮੇਂ ਉਸਦਾ ਸਰੀਰ ਰਸਣ ਤੋਂ ਹਟ ਗਿਆ, ਫੋੜੇ ਕੁਝ ਠੀਕ ਹੁੰਦੇ ਮਾਲੂਮ ਹੋਏ। ਦੂਜਾ ਅਖੰਡਪਾਠ ਸ਼ੁਰੂ ਕੀਤਾ ਗਿਆ। ਜਦੋਂ ਉਸ ਦਾ ਭੋਗ ਪਿਆ ਤਾਂ ਉਹ ਬਿਲਕੁਲ ਨਵਾਂ ਨਰੋਇਆ ਹੋ ਚੁੱਕਾ ਸੀ। ਕੁਝ ਦਿਨ ਰਹਿਣ ਤੋਂ ਪਿਛੋਂ ਉਸ ਨੇ ਬਾਬਾ ਜੀ ਨੂੰ ਬੇਨਤੀ ਕਰੀ ਕਿ ਮੈਂ ਜਿਥੇ ਆਉਣਾ ਸੀ ਆ ਗਿਆ, ਹੁਣ ਮੈਨੂੰ ਆਪਣੇ ਚਰਨਾਂ ਵਿਚ ਹੀ ਰਹਿਣ ਦੀ ਪ੍ਰਵਾਨਗੀ ਬਖਸ਼ੋ। ਹੁਣ ਮੈਂ ਕਿਥੇ ਜਾਣਾ ਹੈ, ਜਿਸ ਗੁਰੂ ਨਾਨਕ ਨੇ ਮੈਨੂੰ ਨਵਾਂ ਨਰੋਆ ਸਰੀਰ ਦਿਤਾ ਹੈ, ਹੁਣ ਤਾਂ ਮੈਂ ਸਦਾ ਲਈ ਇਸ ਦਾ ਬਣ ਚੁੱਕਾ ਹਾਂ।

ਬਾਣੀ ਜਿਥੇ ਸਾਨੂੰ ਰੂਹਾਨੀ ਸੋਝੀ ਬਖਸ਼ਦੀ ਹੈ, ਉਥੇ ਸਾਡੇ ਸਾਰੇ ਸੰਕਟਾਂ, ਸੰਤਾਪਾਂ, ਰੋਗਾਂ ਤੋਂ ਬਰੀ ਵੀ ਕਰਾਉਂਦੀ ਹੈ। ਜਿਹੜਾ ਵੀ ਪੁਰਸ਼ ਇਸ ਬਾਣੀ ਦਾ ਹਿਰਦੇ ਤੋਂ ਸਤਿਕਾਰ ਕਰੇਗਾ, ਉਸ ਦੇ ਹਿਰਦੇ ਵਿਚ ਨਾਮ ਦਾ ਪ੍ਰਕਾਸ਼ ਹੋ ਜਾਵੇਗਾ-

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ॥*
*ਪੰਨਾ - 797*

ਬਾਣੀ ਚਾਹੇ ਗਾ ਕੇ ਪੜ੍ਹ ਲਓ, ਚਾਹੇ ਵਿਚਾਰ ਕੇ ਪੜ੍ਹ ਲਵੋ, ਚਾਹੇ ਸੁਣ ਲਓ - ਬਿਰਤੀ ਟਿਕਾ ਕੇ; ਇਸ ਦਾ ਅਸਰ ਹੋਣਾ ਹੀ ਹੈ। ਇਸੇ ਲਈ ਸਾਰਿਆਂ ਨੂੰ ਬੇਨਤੀ ਕਰਦੇ ਹਾਂ ਕਿ ਪਿਆਰਿਓ! ਮਨ ਚਿਤ ਇਕਾਗਰ ਕਰਕੇ ਬਾਣੀ ਪੜ੍ਹਿਆ ਕਰੋ ਅਤੇ ਗੁਰਬਾਣੀ ਦਾ ਸਤਿਕਾਰ ਕਰੋ। ਜੋ ਕੁਝ ਗੁਰੂ ਮਹਾਰਾਜ ਫੁਰਮਾਉਂਦੇ ਹਨ, ਉਨ੍ਹਾਂ ਦੇ ਸਿਧਾਂਤਾਂ ਨੂੰ ਹਿਰਦੇ ਵਿਚ ਧਾਰਨ ਕਰੋ ਅਤੇ ਉਸ ਦੇ ਅਨੁਕੂਲ ਆਪਣਾ ਜੀਵਨ ਬਣਾ ਕੇ ਆਪ ਵੀ ਸੁਖੀ ਰਹੋ ਤੇ ਸੰਸਾਰ ਨੂੰ ਵੀ ਸੁੱਖ ਵੰਡੋ।

ਸੋ ਇਸ ਤਰ੍ਹਾਂ ਰਾਜੇ ਜਨਮੇਜੇ ਨੇ ਵੇਦ ਵਿਆਸ ਜੀ ਤੋਂ ਪ੍ਰਭੂ ਨਾਮ ਦੀ ਮਹਿਮਾ ਸੁਣ ਕੇ ਤਰਕ ਕੀਤੀ, ਜਿਸ ਕਰਕੇ ਨੱਕ ਤੇ ਕੋਹੜ ਹੋਣ ਨਾਲ ਮਰ ਗਿਆ।

ਅਸਾਡੀ ਅਕਲ ਆਪਣੇ ਹਿਸਾਬ ਨਾਲ ਹੀ ਚਲਦੀ ਹੈ, ਅਸੀਂ ਇਹ ਸਾਰਾ ਕੁਝ ਸੁਣ ਕੇ ਕਹਿ ਦਿੰਦੇ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਐਵੇਂ ਸੁਣੀਆਂ-ਸੁਣਾਈਆਂ ਗੱਲਾਂ ਲਿਖ ਦਿਤੀਆਂ। ਇਹ ਸਾਡੀ ਤਰਕ ਬੁੱਧੀ ਅਸਾਨੂੰ ਨਾਸਤਿਕ ਬਣਾ ਦਿਆ ਕਰਦੀ ਹੈ। ਗੁਰੂ ਨਾਨਕ ਪਾਤਸ਼ਾਹ ਤੇ ਪਾਰਬ੍ਰਹਮ ਪ੍ਰਮੇਸ਼ਰ ਵਿਚ ਕੋਈ ਫਰਕ ਨਹੀਂ ਸੀ ਅਤੇ ਧੁਰ ਦੀ ਬਾਣੀ ਅਕਾਲ ਪੁਰਖ

ਵਲੋਂ ਆਈ ਹੋਣ ਕਰਕੇ ਆਤਮ ਮੰਡਲ ਦੀ ਕਿਰਤ ਹੈ, ਇਸ ਵਿਚ ਬੁੱਧੀ ਦਾ ਕੋਈ ਰਲਾਅ ਨਹੀਂ ਹੋਇਆ ਕਰਦਾ। ਬਾਣੀ ਉਪਰ ਕਿੰਤੂ ਕਰਨਾ ਅਸਾਡੀ ਬੇਸਮਝੀ ਹੈ। ਗੁਰੂ ਮਹਾਰਾਜ ਨੇ, ਜੇ ਇਹ ਗੱਲਾਂ ਹੋਈਆਂ ਤਾਂ ਹੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀਆਂ। ਅਸਾਨੂੰ ਐਵੇਂ ਇਕ ਫੋਕਾ ਖਿਆਲ ਪੈਦਾ ਹੋਇਆ ਹੋਇਆ ਹੈ ਕਿ ਮੈਂ **D.LIt, Phd**. ਹਾਂ, ਮੈਂ ਬਹੁਤ ਅਕਲ ਵਾਲਾ ਹਾਂ, ਮੈਂ ਸਭ ਕੁਝ ਜਾਣਦਾ ਹਾਂ।

ਪਿਆਰਿਓ! ਜੇ ਸੰਸਾਰ ਸਾਗਰ ਨੂੰ ਤਰਨਾ ਹੈ ਤਾਂ ਤਰਕ ਦੇ ਮੰਡਲ ਵਿਚੋਂ ਉਚੇ ਉਠ ਕੇ ਗੁਰੂ ਦੇ ਪਿਆਰ ਵਿਚ ਆਓ ਅਤੇ ਗੁਰੂ ਦੇ ਦੱਸੇ ਹੋਏ ਵਿਚਾਰਾਂ ਉਪਰ ਪੂਰੀ ਤਰ੍ਹਾਂ ਪਹਿਰਾ ਦੇਵੋ। ਅਗਰ-ਮਗਰ ਕਰਕੇ ਆਪਣੀ ਮਤਿ, ਬਾਣੀ ਦੀ ਵਿਆਖਿਆ ਵਿਚ ਰਲਾ ਦੇਣੀ ਠੀਕ ਨਹੀਂ ਹੋਇਆ ਕਰਦੀ। ਗੁਰਬਾਣੀ ਸਤਿ ਹੈ, ਪੜ੍ਹਿਆ-ਸੁਣਿਆ ਉਸੇ ਦਾ ਥਾਂ ਪੈਂਦਾ ਹੈ ਜੋ ਇਸ ਬਾਣੀ ਨੂੰ ਸਤਿ-ਸਤਿ ਕਰਕੇ ਮੰਨਦਾ ਹੈ।

ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ ਭਾਈ -

*ਸਾਹਾ ਹੁਕਮੁ ਰਜਾਇ ਸੋ ਨ ਟਲੈ*
*ਜੋ ਪ੍ਰਭੁ ਕਰੈ ਬਲਿ ਰਾਮ ਜੀਉ॥*

*ਪੰਨਾ - 763*

*ਹੁਕਮੇ ਜੁਗ ਮਹਿ ਆਇਆ*
*ਚਲਣੁ ਹੁਕਮਿ ਸੰਜੋਗਿ ਜੀਉ॥*
*ਹੁਕਮੇ ਪਰਪੰਚੁ ਪਸਰਿਆ*
*ਹੁਕਮਿ ਕਰੇ ਰਸ ਭੋਗ ਜੀਉ॥*

*ਪੰਨਾ - 760*

ਮਨਮੁਖ ਅੰਨ੍ਹਾਂ ਚਤੁਰਾਈਆਂ ਕਰਦੈ -

*ਮਨਮੁਖੁ ਅੰਧੁ ਕਰੇ ਚਤੁਰਾਈ॥*
*ਭਾਣਾ ਨ ਮੰਨੇ ਬਹੁਤੁ ਦੁਖੁ ਪਾਈ॥*

*ਪੰਨਾ - 1064*

ਬੰਦਾ ਆਪਣੀ ਅਕਲ ਦੀਆਂ ਭੁਲ-ਭੁਲਾਈਆਂ ਵਿਚ ਭੁੱਲ ਕੇ ਭਾਣਾ ਨਹੀਂ ਮੰਨਦਾ। ਜੇ ਸਾਡੇ ਮਨਾਂ ਵਿਚ ਇਹ ਖਿਆਲ ਪੈਦਾ ਹੋਵੇ ਕਿ ਭਾਣਾ ਮੰਨ ਕੇ ਅਸੀਂ ਕੁਝ ਵੀ ਨਾ ਕਰੀਏ? ਇਸ ਗੱਲ ਬਾਰੇ ਬੇਨਤੀ ਹੈ ਕਿ ਇਹ ਜੀਵ ਇਕ ਜੰਤ ਹੀ ਹੈ, ਇਸਦੇ ਵੱਸ ਕੁਝ ਹੈ ਨਹੀਂ। ਇਹਦੇ ਅੰਦਰਲੀ ਅਵਾਜ਼ ਇਸਨੂੰ ਕੁਝ ਕਰਨ ਲਈ ਸਦਾ ਹੀ ਕਹਿੰਦੀ ਰਹਿੰਦੀ ਹੈ। ਸੰਸਾਰ ਵਿਚ ਚੱਲਣ ਲਈ ਸਾਨੂੰ ਬੁੱਧੀ ਦਿਤੀ ਹੈ, ਬੁੱਧੀ ਦਾ ਅਸੀਂ ਪ੍ਰਯੋਗ ਕਰਦੇ ਹਾਂ। ਅਸਾਡੇ ਨਾਲ ਐਸੀਆਂ ਘਟਨਾਵਾਂ ਵਰਤ ਜਾਂਦੀਆਂ ਹਨ ਜੋ ਅਸਾਡੇ ਲੱਖ ਜਤਨ ਕਰਨ ਤੇ ਵੀ ਨਹੀਂ ਟਲਦੀਆਂ। ਉਸ ਸਮੇਂ ਸਾਨੂੰ ਵਾਹਿਗੁਰੂ ਜੀ ਦੀ ਰਜ਼ਾ ਵਿਚ ਰਾਜ਼ੀ ਰਹਿਣਾ, ਉਸ ਦਾ ਭਾਣਾ ਮੰਨ ਕੇ ਰਹਿਣਾ ਚਾਹੀਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ -

*ਧਾਰਨਾ - ਸੋ ਪਵੈ ਖਜਾਨੈ ਜੀ*
*ਹੁਕਮ ਰਜਾਈ ਜੋ ਚਲੈ*

*ਅਹਿਨਿਸਿ ਨਾਮਿ ਸੰਤੋਖੀਆ*
*ਸੇਵਾ ਸਚੁ ਸਾਈ॥*
*ਤਾ ਕਉ ਬਿਘਨੁ ਨ ਲਾਗਈ*
*ਚਾਲੈ ਹੁਕਮਿ ਰਜਾਈ॥*
*ਹੁਕਮਿ ਰਜਾਈ ਜੋ ਚਲੈ*
*ਸੋ ਪਵੈ ਖਜਾਨੈ॥*
*ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ॥*

*ਪੰਨਾ - 421*

ਅਕਾਲ ਪੁਰਖ ਦੀ ਦਰਗਾਹ ਅੰਦਰ ਉਨ੍ਹਾਂ ਨੂੰ ਪ੍ਰਵੇਸ਼ ਮਿਲਦਾ ਹੈ ਜਿਹੜੇ ਵਾਹਿਗੁਰੂ ਜੀ ਦੇ ਹੁਕਮ ਤੇ ਰਜ਼ਾ ਵਿਚ ਜ਼ਿੰਦਗੀ ਗੁਜ਼ਾਰਦੇ ਹਨ। ਜਿਹੜੇ ਆਪਣੀਆਂ ਮਨਮਰਜ਼ੀਆਂ ਕਰਨਗੇ, ਨਾਸਤਿਕਤਾ ਵਿਚ ਜੀਵਨ ਗੁਜ਼ਾਰਨਗੇ, ਮਹਾਰਾਜ ਜੀ ਦੇ ਅਟੱਲ ਹੁਕਮਾਂ ਤੋਂ ਸਿਰ ਫੇਰਨਗੇ, ਮਹਾਰਾਜ ਜੀ ਕਹਿੰਦੇ ਹਨ ਕਿ -

*ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ॥*

*ਪੰਨਾ - 421*

ਜੂਠਿਆਂ ਵਿਚ ਰਲਾ ਦਿਤੇ।

*ਅਹਿਨਿਸਿ ਨਾਮਿ ਸੰਤੋਖੀਆ*
*ਸੇਵਾ ਸਚੁ ਸਾਈ॥*
*ਤਾ ਕਉ ਬਿਘਨੁ ਨ ਲਾਗਈ*
*ਚਾਲੈ ਹੁਕਮਿ ਰਜਾਈ॥*

*ਪੰਨਾ - 421*

ਜਿਹਨੇ ਹੁਕਮ ਮੰਨ ਲਿਆ, ਰਜ਼ਾ ਮੰਨ ਲਈ, ਉਹਨੂੰ ਵਿਘਨ ਨਹੀਂ ਲਗਦਾ ਕਿਉਂਕਿ ਸਾਰਾ ਸੰਸਾਰ ਹੀ ਹੁਕਮ ਵਿਚ ਹੈ -

*ਪਾਤਾਲ ਪੁਰੀਆ ਲੋਅ ਆਕਾਰਾ॥*
*ਤਿਸੁ ਵਿਚਿ ਵਰਤੈ ਹੁਕਮੁ ਕਰਾਰਾ॥*
*ਹੁਕਮੇ ਸਾਜੇ ਹੁਕਮੇ ਢਾਹੇ*
*ਹੁਕਮੇ ਮੇਲਿ ਮਿਲਾਇਦਾ॥*

*ਪੰਨਾ - 1060*

ਹੁਕਮ ਦੇ ਨਾਲ ਹੀ ਮੇਲ ਕਰਾਉਂਦਾ ਹੈ, ਹੁਕਮ ਦੇ ਨਾਲ ਢਾਹੁੰਦਾ ਹੈ, ਹੁਕਮ ਦੇ ਨਾਲ ਸਾਜਦਾ ਹੈ। ਸੋ ਆਉਣਾ ਜਾਣਾ ਸੰਸਾਰ ਤੇ, ਮਹਾਰਾਜ ਜੀ ਕਹਿੰਦੇ, ਹੁਕਮ ਦੀ ਖੇਡ ਹੈ ਪਿਆਰਿਓ -

*ਧਾਰਨਾ- ਹੁਕਮ ਵਿਚ ਆਉਂਦਾ ਹੈ*
*ਹੁਕਮ ਵਿਚ ਜਾਂਦੈ ਜੱਗ ਤੋਂ*

*ਹੁਕਮੇ ਜੁਗ ਮਹਿ ਆਇਆ*
*ਚਲਣੁ ਹੁਕਮਿ ਸੰਜੋਗਿ ਜੀਉ॥*
*ਹੁਕਮੇ ਪਰਪੰਚੁ ਪਸਰਿਆ*
*ਹੁਕਮਿ ਕਰੇ ਰਸ ਭੋਗ ਜੀਉ॥*
*ਜਿਸ ਨੋ ਕਰਤਾ ਵਿਸਰੈ*
*ਤਿਸਹਿ ਵਿਛੋੜਾ ਸੋਗੁ ਜੀਉ॥*

*ਪੰਨਾ - 760*

ਧਿਆਨ ਦੇਵੋ ਕਿ ਭਾਈ ਤਿਲੋਕਾ ਜੀ ਜਿਹੜੇ ਹਰ ਸਮੇਂ ਗੁਰੂ ਨਾਨਕ ਪਾਤਸ਼ਾਹ ਨਾਲ ਅਭੇਦ ਰਹਿੰਦੇ ਹਨ, ਉਹ ਰਾਜ ਕੁਮਾਰੀ ਜੀ ਨੂੰ ਪਿਆਰ ਨਾਲ

ਸਮਝਾਉਂਦੇ ਹਨ ਕਿ ਬੀਬਾ! ਤੂੰ ਅਫਸੋਸ ਨਾ ਕਰ; ਤੂੰ ਮੈਨੂੰ ਨਹੀਂ ਮਾਰਿਆ। ਤੇਰੇ ਵਿਚ ਕੀ ਤਾਕਤ ਸੀ – ਤੀਰ ਚਲਾਉਣ ਦੀ? ਇਹ ਤਾਂ ਪ੍ਰਭੂ, ਮੇਰੇ ਮਾਲਕ ਦਾ ਹੁਕਮ ਸੀ, ਤਾਂ ਤੂੰ ਮਾਰਿਐ। ਮੇਰੇ ਲੱਗਣਾ ਸੀ, ਮੇਰੇ ਮਾਲਕ ਨੇ ਮੈਨੂੰ ਬੁਲਾਇਐ। ਮੈਨੂੰ ਆਪਣੇ ਘਰ ਜਾਣ ਦੀ ਖੁਸ਼ੀ ਹੈ ਬਹੁਤ। ਤੈਨੂੰ ਤਾਂ ਕੇਵਲ ਇਕ ਸਾਧਨ ਹੀ ਬਣਾਇਐ – ਉਸ ਮੇਰੇ ਮਾਲਕ ਨੇ, ਇਹ ਬਹਾਨਾ ਬਣਾ ਕੇ ਤੇਰਾ ਵੀ ਭਲਾ ਕਰਨਾ ਹੈ ਤੇ ਮੈਨੂੰ ਜਾਣ ਦਾ ਕੋਈ ਡਰ ਨਹੀਂ ਹੈ ਕਿਉਂਕਿ ਮੈਂ ਆਪਣੇ ਪਿਆਰੇ ਕੋਲ ਜਾਣਾ ਹੈ –

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥*
*ਪੰਨਾ – 1365*

ਰਾਜਕੁਮਾਰੀ ਨੇ ਸੁਣ ਕੇ ਕਿਹਾ, "ਐ ਚੰਗੇ ਮਨੁੱਖ! ਗੁਰਮੁਖ ਜੀਓ! ਤੁਹਾਡੀਆਂ ਸਾਰੀਆਂ ਗੱਲਾਂ ਬੜੀਆਂ ਅਜੀਬ ਨੇ। ਮੈਂ ਕੋਈ ਵੀ ਗੱਲ ਸਮਝ ਨਹੀਂ ਸਕਦੀ। ਤੁਹਾਨੂੰ ਮੌਤ ਤੋਂ ਡਰ ਨਹੀਂ ਲਗਦਾ?"

ਭਾਈ ਤਿਲੋਕਾ ਜੀ ਨੇ ਕਿਹਾ, "ਨਹੀਂ, ਅਸੀਂ ਆਪਣਾ ਘਰ ਇਸ ਸੰਸਾਰ ਵਿਚ ਨਹੀਂ ਬਣਾਇਆ ਕਿਉਂਕਿ ਸਾਨੂੰ ਨਿਸ਼ਚੇ ਪੂਰਵਕ ਪਤਾ ਹੈ ਕਿ ਇਥੇ ਕੋਈ ਵੀ ਰਹਿਣ ਵਾਸਤੇ ਨਹੀਂ ਆਉਂਦਾ। ਚਾਹੇ ਰਾਜਾ ਹੈ, ਚਾਹੇ ਰਾਣਾ ਹੈ, ਚਾਹੇ ਗਰੀਬ ਹੈ; ਸਭ ਨੇ ਜਾਣਾ ਹੀ ਹੈ। ਇਕਨਾਂ ਨੂੰ ਸੋਝੀ ਨਹੀਂ ਹੈ ਪਰ ਮੈਨੂੰ ਤਾਂ ਮੇਰੇ ਪਿਆਰੇ ਨੇ ਸੋਝੀ ਬਖਸ਼ੀ ਹੋਈ ਹੈ ਅਤੇ ਮੈਂ ਉਸ ਸੱਚੀ ਦਰਗਾਹ ਵਿਚ ਅਤਿ ਸੁੰਦਰ ਘਰ ਬਣਾ ਲਿਆ ਹੈ –

*ਨਾਨਕ ਬਧਾ ਘਰੁ ਤਹਾਂ ਜਿਥੈ*
*ਮਿਰਤੁ ਨ ਜਨਮੁ ਜਰਾ॥*
*ਪੰਨਾ – 44*

ਅਸੀਂ ਘਰ ਉਥੇ ਬਣਾਇਐ, ਜਿਥੇ ਮੌਤ ਨਹੀਂ ਪਹੁੰਚਦੀ। ਇਹ ਘਰ ਤਾਂ ਮੌਤ ਦਾ ਘਰ ਹੈ, ਢਹਿ ਜਾਂਦੇ ਨੇ ਘਰ, ਢਾਹ ਦਿੰਦੈ ਕੋਈ। ਸਾਡਾ ਘਰ ਉਸ ਥਾਂ ਦੇ ਉਤੇ ਹੈ ਜਿਥੇ ਸੱਚਖੰਡ ਹੈ; ਜਿਥੇ ਮੌਤ ਪਹੁੰਚ ਨਹੀਂ ਸਕਦੀ, ਜਿਥੇ ਸਦਾ ਅਨੰਦ ਹੀ ਅਨੰਦ ਹੈ, ਜਿਥੇ ਮੇਰਾ ਪਿਆਰਾ ਕਦੇ ਵੀ ਨਹੀਂ ਵਿਛੜਦਾ ਅਤੇ ਸਦਾ –

*ਕਰਿ ਕਰਿ ਵੇਖੈ ਨਦਰਿ ਨਿਹਾਲ॥*
*ਪੰਨਾ – 8*

ਪਰ ਇਨ੍ਹਾਂ ਗੱਲਾਂ ਨੂੰ, ਜੋ ਬਿਲਕੁਲ ਹੀ ਸਤਿ ਹਨ – ਦੁਨੀਆਂ ਨਹੀਂ ਮੰਨਦੀ–

*ਧਾਰਨਾ – ਗੱਲਾਂ ਵਾਲੀ ਦੁਨੀਆਂ ਸਾਰੀ,*
*ਵਿਰਲੇ ਭਾਣਾ ਮੰਨਦੇ – 2, 2*
*ਵਿਰਲੇ ਭਾਣਾ ਮੰਨਦੇ – 4, 2.*
*ਗੱਲਾਂ ਵਾਲੀ ਦੁਨੀਆਂ ਸਾਰੀ,...–2*

*ਜੋ ਤੁਧੁ ਕਰਣਾ ਸੋ ਕਰਿ ਪਾਇਆ॥*
*ਭਾਣੇ ਵਿਚਿ ਕੋ ਵਿਰਲਾ ਆਇਆ॥*
*ਭਾਣਾ ਮੰਨੇ ਸੋ ਸੁਖੁ ਪਾਏ*
*ਭਾਣੇ ਵਿਚਿ ਸੁਖੁ ਪਾਇਦਾ॥*
*ਪੰਨਾ – 1063*

*ਆਵਣੁ ਜਾਣਾ ਰਖੈ ਨ ਕੋਈ॥*
*ਜੰਮਣੁ ਮਰਣੁ ਤਿਸੈ ਤੇ ਹੋਈ॥*
*ਗੁਰਮੁਖਿ ਸਾਚਾ ਸਦਾ ਧਿਆਵਹੁ*
*ਗਤਿ ਮੁਕਤਿ ਤਿਸੈ ਤੇ ਪਾਹਾ ਹੇ॥*
*ਪੰਨਾ – 1057*

ਕੋਈ ਵਿਰਲਾ ਹੈ ਜੋ ਭਾਣਾ ਮੰਨਦਾ ਹੈ।

ਇਕ ਵਾਰੀ ਗੁਰਸਿਖਾਂ ਨੇ ਗੁਰੂ ਪੰਜਵੇਂ ਪਾਤਸ਼ਾਹ ਜੀ ਪਾਸ ਬੇਨਤੀ ਕੀਤੀ, "ਪਾਤਸ਼ਾਹ! ਤੇਰੀ ਖੁਸ਼ੀ ਉਹਦੇ ਉਤੇ ਐ, ਜਿਹੜਾ ਤੇਰਾ ਭਾਣਾ ਮੰਨਦਾ ਹੈ। ਤੂੰ ਉਸਨੂੰ ਹੀ ਪ੍ਰਵਾਨ ਕਰਦਾ ਹੈਂ, ਖਜ਼ਾਨੇ 'ਚ ਪਾਉਂਦੈਂ ਜਿਹੜਾ ਹੁਕਮ 'ਚ, ਰਜ਼ਾ 'ਚ ਚਲਦੈ।"

ਮਹਾਰਾਜ ਜੀ ਨੇ ਫੁਰਮਾਇਆ, "ਹਾਂ, ਇਸੇ ਤਰ੍ਹਾਂ ਹੀ ਹੈ।"

"ਕੀ ਗੱਲ ਪਾਤਸ਼ਾਹ! ਸਾਨੂੰ ਸਮਝ 'ਚ ਨਹੀਂ ਆਉਂਦੀ?"

ਮਹਾਰਾਜ ਜੀ ਕਹਿਣ ਲੱਗੇ, "ਪਿਆਰਿਓ! ਤੁਹਾਨੂੰ ਇਸ ਕਰਕੇ ਨਹੀਂ ਪਤਾ ਲਗਦਾ, ਇਥੇ ਹਉਮੈ ਮੰਡਲ ਵਿਚ ਤੁਸੀਂ ਵਸਦੇ ਹੋ; ਹੁਕਮ ਨੂੰ ਜੇ ਬੁੱਝ ਲਈਏ ਤਾਂ ਹਉਮੈ ਦਾ ਨਾਸ਼ ਹੋ ਜਾਇਆ ਕਰਦਾ ਹੈ –

*ਨਾਨਕ ਹੁਕਮੈ ਜੇ ਬੁਝੈ*
*ਤ ਹਉਮੈ ਕਹੈ ਨ ਕੋਇ॥ ਪੰਨਾ – 1*

ਹਉਮੈ ਦਾ ਨਾਸ਼ ਹੋ ਜਾਵੇ ਤਾਂ ਇਸੇ ਜੀਵ ਨੂੰ ਆਪਣੀ ਸੋਝੀ ਹੋ ਜਾਂਦੀ ਹੈ ਕਿ ਮੈਂ ਇਹ ਬਿਨਸਨਹਾਰ ਰੂਹ ਨਹੀਂ ਹਾਂ; ਮੈਂ ਸੱਚੀ ਰੂਹ ਹਾਂ ਜੋ ਕਦੇ ਵੀ ਜੰਮਦੀ ਨਹੀਂ, ਕਦੇ ਮਰਦੀ ਨਹੀਂ। ਮੈਂ ਆਤਮਾ ਹਾਂ, ਆਤਮਾ ਮਾਇਆ ਦੇ ਅਸਰ ਅਧੀਨ ਜੀਵ ਬਣ ਜਾਂਦਾ ਹੈ। ਇਹ ਜੀਵ ਹੀ ਹਉਮੈ ਦਾ ਪਰਦਾ ਪੈਣ ਕਰਕੇ, ਜੀਵ ਬਣ ਕੇ ਜੀਵ – ਆਤਮਾ ਕਹਾਉਂਦਾ ਹੈ। ਜਦੋਂ ਹਉਮੈ ਦਾ ਅਭਾਵ ਹੋ ਜਾਇਆ ਕਰਦਾ ਹੈ ਤਾਂ ਇਹ ਜੀਵ, ਆਤਮਾ ਅਖਵਾਉਂਦਾ ਹੈ ਜੋ ਉਸਦਾ ਆਦਿ ਹੈ। ਪ੍ਰਮਾਤਮਾ ਵਿਚ ਅਭੇਦ ਹੋ ਜਾਇਆ ਕਰਦਾ ਹੈ; ਜਿਸ ਤੋਂ ਹੋਇਆ ਹੈ, ਉਸ ਦੇ ਵਿਚ ਹੀ ਆਦਿ ਜੁਗਾਦਿ ਵਿਚ ਚਲਿਆ ਜਾਂਦਾ ਹੈ।

*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ॥*
*ਪੰਨਾ – 1291*

ਅਕਾਲ ਪੁਰਖ ਦੀ ਪ੍ਰਮ ਜੋਤ ਵਿਚ ਸਮਾਅ ਕੇ ਅਕਾਲ ਪੁਰਖ ਦਾ ਹੀ ਰੂਪ ਹੋ ਜਾਂਦਾ ਹੈ ਜਿਸ ਤਰ੍ਹਾਂ ਨਾਲ ਫੁਰਮਾਨ ਹੈ ਕਿ –

*ਕਬਹੂ ਸਾਧਸੰਗਤਿ ਇਹੁ ਪਾਵੈ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ॥*

*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥*

*ਪੰਨਾ - 278*

ਜਿਸ ਤੋਂ ਹੋਇਆ ਸੀ ਉਸ ਵਿਚ ਹੀ ਲੀਨ ਹੋ ਗਿਆ। ਜਿਸ ਤਰ੍ਹਾਂ ਨਾਲ ਆਪ ਸਾਰਿਆਂ ਨੇ ਦੇਖਿਆ ਹੋਣਾ ਹੈ ਕਿ ਜਦੋਂ ਅਸੀਂ ਪਾਣੀ ਦੇ ਕੰਢੇ ਖੜ੍ਹੇ ਹੁੰਦੇ ਹਾਂ ਤਾਂ ਉਸ ਵਿਚ ਹਵਾ ਦੇ ਵੇਗ ਨਾਲ ਲਹਿਰਾਂ ਉਠ ਕੇ ਇਕ ਪਾਸੇ ਨੂੰ ਆਈ ਜਾਂਦੀਆਂ ਹਨ ਅਤੇ ਆਪਣਾ ਸਫਰ ਪੂਰਾ ਕਰਕੇ ਜਦੋਂ ਦੂਜੇ ਕੰਢੇ ਤੇ ਪਹੁੰਚਦੀਆਂ ਹਨ ਤਾਂ ਉਹ ਲਹਿਰ ਪਾਣੀ ਵਿਚ ਹੀ ਸਮਾਅ ਜਾਇਆ ਕਰਦੀ ਹੈ। ਸਮੁੰਦਰ ਦੇ ਕਿਨਾਰੇ ਬਹੁਤ ਉਚੀਆਂ ਲਹਿਰਾਂ ਉਠਿਆ ਕਰਦੀਆਂ ਹਨ, ਬਹੁਤ ਸ਼ਕਤੀਸ਼ਾਲ ਹੋਇਆ ਕਰਦੀਆਂ ਹਨ। ਵੱਡੇ-ਵੱਡੇ ਜਹਾਜ਼ਾਂ ਨੂੰ ਡਾਵਾਂਡੋਲ ਕਰ ਦਿੰਦੀਆਂ ਹਨ। ਜਦੋਂ ਹਵਾ ਦੇ ਵੇਗ ਨਾਲ ਉਹ ਧਰਤੀ ਨਾਲ ਆਪਣੇ ਕੰਢਿਆਂ ਤੇ ਪਹੁੰਚਦੀਆਂ ਹਨ ਤਾਂ ਹੈਰਾਨੀ ਹੋ ਜਾਂਦੀ ਹੈ ਕਿ ਐਡੀ ਵੱਡੀ ਲਹਿਰ ਚਲੀ ਕਿਥੇ ਗਈ। ਸੂਝਵਾਨ ਪ੍ਰੇਮੀ ਦੇਖਦੇ ਹਨ ਕਿ ਉਹ ਸਮੁੰਦਰ ਵਿਚੋਂ ਹੀ ਉਠੀ ਸੀ, ਹਜ਼ਾਰਾਂ ਮੀਲਾਂ ਦਾ ਸਫਰ ਕਰਕੇ ਉਹ ਕੰਢੇ ਨਾਲ ਟਕਰਾਅ ਕੇ ਸਮੁੰਦਰ ਵਿਚ ਹੀ ਲੀਨ ਹੋ ਗਈ। ਉਹ ਸਮੁੰਦਰ ਤੋਂ ਕਦੇ ਵੀ ਵੱਖਰੀ ਨਹੀਂ ਹੋਈ ਸੀ। ਕੇਵਲ ਇਕ ਕ੍ਰਿਆ ਮਾਤਰ ਸੀ ਜੋ ਦੇਖਣ ਕਰਕੇ ਅਸੀਂ ਵੱਖਰੀ ਹਸਤੀ ਮੰਨਦੇ ਹਾਂ ਪਰ ਉਹ ਆਦਿ ਜੁਗਾਦਿ ਤੋਂ ਸਮੁੰਦਰ ਦਾ ਹੀ ਰੂਪ ਸੀ। ਸਮੁੰਦਰ ਆਪ ਹੀ ਸੀ ਜਾਂ ਇਉਂ ਕਹੋ ਕਿ ਸਮੁੰਦਰ ਆਪ ਹੀ ਆਪਣੀ ਮੌਜ ਵਿਚ ਖੇਲ੍ਹ ਰਿਹਾ ਸੀ।

ਇਸੇ ਤਰ੍ਹਾਂ ਨਾਲ ਇਕੋ ਵਾਹਿਗੁਰੂ ਅਨੇਕਾਂ ਰੂਪਾਂ ਵਿਚ ਹੋ ਕੇ ਆਪਣੀ ਤ੍ਰਿਗੁਣੀ ਮਾਇਆ ਕਰਕੇ ਵੱਖਰਾ-ਵੱਖਰਾ ਪ੍ਰਤੀਤ ਦਿੰਦਾ ਹੈ ਕਿਉਂਕਿ ਅਚਰਜ ਰੂਪ ਵਾਲੀ ਮਾਇਆ ਜੀਵਾਂ ਨੂੰ ਮੋਹ ਲੈਂਦੀ ਹੈ ਅਤੇ ਅਸਲੀਅਤ ਤੋਂ ਉਹ ਪੂਰੀ ਤਰ੍ਹਾਂ ਨਾਲ ਅਗਿਆਤ ਹੋ ਜਾਂਦੇ ਹਨ। ਕੋਈ ਵਿਰਲਾ ਹੀ ਹੈ ਜਿਹੜਾ ਇਸ ਭੇਦ ਨੂੰ ਪ੍ਰਤੱਖ ਰੂਪ ਵਿਚ ਜਾਣ ਲੈਂਦਾ ਹੈ ਕਿਉਂਕਿ ਇਥੇ ਗੋਬਿੰਦ ਤੋਂ ਬਗੈਰ ਹੋਰ ਹੈ ਹੀ ਕੋਈ ਨਹੀਂ, ਨਾ ਕੋਈ ਪਹਿਲਾਂ ਹੋਇਆ ਹੈ, ਨਾ ਹੁਣ ਹੀ ਕੋਈ ਹੈ, ਨਾ ਹੀ ਕੋਈ ਅੱਗੇ ਨੂੰ ਹੋਵੇਗਾ। ਸਿਰਫ ਦਸਣ ਵਾਸਤੇ ਅਸਾਡੇ ਕੋਲ ਕੁਝ ਮਿਸਾਲਾਂ ਹੋਇਆ ਕਰਦੀਆਂ ਹਨ। ਜਿਵੇਂ ਇਕ ਧਾਗਾ ਵੱਟਿਆ ਅਤੇ ਉਸ ਦਾ ਇਕ ਵੱਡਾ ਪਿੰਨਾ ਬਣਾ ਲਿਆ ਉਸ ਦੀ ਮਾਲਾ ਬਣਾਉਣੀ ਸ਼ੁਰੂ ਕਰ ਲਈ ਅਤੇ 108 ਮਣਕੇ ਬਣਾ ਕੇ ਵਿਚਾਲੇ ਮਣੀ ਦੀ ਗੰਢ ਦੇ ਦਿਤੀ। ਹੁਣ ਉਸੇ ਧਾਗੇ ਦੇ ਨਾਮ ਅੱਡ-ਅੱਡ ਹੋ ਗਏ। ਇਕ ਤਾਂ ਮਣਕੇ ਹਨ, ਇਕ ਦੂਜੇ ਨੂੰ ਜੋੜਨ ਵਾਲਾ ਧਾਗਾ ਵੀ ਵਿਚ ਹੈ ਅਤੇ ਵੱਡਾ ਮਣਕਾ ਵੀ ਉਸੇ ਧਾਗੇ ਦਾ ਹੀ ਕੱਟ ਕੇ ਬਣਾਇਆ ਹੋਇਆ ਹੈ, ਜਿਸਨੂੰ ਮਣੀ ਕਹਿੰਦੇ ਹਨ, ਇਸੇ ਤਰ੍ਹਾਂ ਨਾਲ ਸਮੁੰਦਰ ਇਕੋ ਹੀ ਹੈ ਪਰ ਉਸ ਦੇ ਵਿਚੋਂ ਪਾਣੀ ਦੀਆਂ ਲਹਿਰਾਂ, ਝੱਗ ਅਤੇ ਬੁਲਬਲੇ ਪਾਣੀ ਉਪਜ ਕੇ ਵੱਖਰੇ-ਵੱਖਰੇ ਨਜ਼ਰ ਆਉਂਦੇ ਹਨ ਪਰ ਵਿਚਾਰ ਕਰਿਆਂ, ਬੁਲਬਲੇ, ਝੱਗ, ਲਹਿਰਾਂ ਇਹ ਸਭ ਪਾਣੀ ਹੀ ਹਨ ਅਤੇ ਸਮੁੰਦਰ ਹੀ ਹੈ। ਇਸ ਮਾਇਆ ਦਾ ਪੰਜਾਂ ਤੱਤਾਂ ਰਾਹੀਂ ਹੋਇਆ ਖਿਲਾਰ, ਸ੍ਰਿਸ਼ਟੀ ਨਜ਼ਰ ਆਉਂਦੀ ਹੈ। ਪਰ ਕਿਉਂਕਿ ਇਥੇ ਕੇਵਲ ਨਿਰੰਕਾਰ ਹੀ ਹੈ ਅਤੇ ਉਹ ਹੀ ਆਪਣੀ ਮੌਜ ਵਿਚ ਅਨੇਕਾਂ ਰੂਪ ਧਾਰ ਕੇ ਅਨੇਕਤਾ ਵਿਚ ਦਿਸਦਾ ਹੈ।

*ਏਕ ਮੂਰਤਿ ਅਨੇਕ ਦਰਸਨ*
*ਕੀਨ ਰੂਪ ਅਨੇਕ ॥*
*ਖੇਲ ਖੇਲ ਅਖੇਲ ਖੇਲਨ*
*ਅੰਤ ਕੋ ਫਿਰ ਏਕ ॥ (ਜਾਪੁ ਸਾਹਿਬ)*

ਹਉਮੈ ਦੇ ਚਮਤਕਾਰ ਕਰਕੇ ਇਹ ਆਤਮਾ ਜੀਵ ਰੂਪ ਵਿਚ ਭਾਸਣ ਲੱਗ ਗਿਆ ਅਤੇ ਜੀਵ ਭਾਵ ਦਾ ਲਗਾਤਾਰ ਅਧਿਆਸ ਇਸ ਵਿਚ ਬਹੁਤ ਕਿਸਮ ਦੇ ਭ੍ਰਮ ਪੈਦਾ ਕਰ ਗਿਆ ਜਿਨ੍ਹਾਂ ਕਰਕੇ ਵਾਹਿਗੁਰੂ ਜੀ ਅਨੇਕਤਾ ਦੇ ਵਿਚ ਵੱਖੋ-ਵੱਖਰੇ ਰੂਪਾਂ, ਰੰਗਾਂ ਵਿਚ ਨਜ਼ਰੀ ਆ ਕੇ ਅਨੇਕਤਾ ਵਿਚ ਦਿਸਣ ਲੱਗ ਗਏ ਅਤੇ ਸੰਸਾਰ ਦੀ ਵਖਰੀਅਤਿ ਭਾਸਣ ਲੱਗੀ, ਅਧਿਆਸ ਪੱਕ ਗਿਆ ਝੂਠੇ ਭ੍ਰਮ ਕਰਕੇ ਤਿੰਨਾਂ ਗੁਣਾਂ ਦੀ ਨੀਂਦ ਵਿਚ ਫਸਿਆ ਜੀਵ ਸੁਪਨੇ ਲੈ ਕੇ ਭ੍ਰਮ ਗਿਆ ਪਰ ਜਦੋਂ ਗੁਰੂ ਦੇ ਸ਼ਬਦ ਨਾਲ ਇਸ ਜੀਵ ਨੂੰ ਜਾਗ ਆ ਜਾਂਦੀ ਹੈ ਤਾਂ ਇਸ ਦਾ ਭ੍ਰਮ ਨਾਸ਼ ਹੋ ਕੇ ਇਸ ਦਾ ਜੀਵ ਭਾਵ ਵੀ ਨਸ਼ਟ ਹੋ ਜਾਇਆ ਕਰਦਾ ਹੈ ਅਤੇ ਤੱਤ ਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ ॥*
*ਗੁਰ ਕਿਰਪਾ ਤੇ ਸੇ ਜਨ ਜਾਗੇ*
*ਜਿਨਾ ਹਰਿ ਮਨਿ ਵਸਿਆ*
*ਬੋਲਹਿ ਅੰਮ੍ਰਿਤ ਬਾਣੀ ॥*
*ਕਹੈ ਨਾਨਕੁ ਸੋ ਤਤੁ ਪਾਏ*
*ਜਿਸ ਨੋ ਅਨਦਿਨੁ ਹਰਿ ਲਿਵ ਲਾਗੈ*
*ਜਾਗਤ ਰੈਣਿ ਵਿਹਾਣੀ ॥*

*ਪੰਨਾ - 920*

ਸੋ ਇਸ ਤਰ੍ਹਾਂ ਨਾਲ ਘਟ-ਘਟ ਦੇ ਵਿਚ ਵਿਆਪਕ ਬਾਹਰ ਵੀ ਤੇ ਅੰਦਰ ਵੀ ਇਕ ਵਾਹਿਗੁਰੂ ਹੀ ਰੂਪਮਾਨ ਅਤੇ ਅਰੂਪਮਾਨ ਵਿਚ ਵਿਅਕਤ ਹਨ। ਜੀਵ ਦਾ ਕੋਈ ਵੀ ਵਿਅਕਤੀਤਵ ਪੱਕੀ ਤਰ੍ਹਾਂ ਨਹੀਂ ਹੈ। ਇਹ ਲੰਬੇ ਅਧਿਆਸ ਕਰਕੇ ਭ੍ਰਮ ਦਰ ਭ੍ਰਮ ਪੈਣ ਕਰਕੇ ਆਪਣੇ ਅਸਿਤਤ੍ਵ ਨੂੰ ਸਤਿ ਜਾਣਦਾ ਹੈ ਅਤੇ ਅਗਿਆਨ ਦੇ ਹਨ੍ਹੇਰੇ ਵਿਚ ਰੁੜ੍ਹਿਆ ਫਿਰਦਾ ਹੈ, ਦੁਖੀ ਹੁੰਦਾ ਹੈ,

ਅਨੇਕਾਂ ਜੂਨਾਂ ਨੂੰ ਭੋਗਦਾ ਹੈ। ਗੁਰੂ ਗ੍ਰੰਥ ਸਾਹਿਬ ਜੀ, ਉਪਰ ਕਥੇ ਬਚਨਾਂ ਨੂੰ ਸਪਸ਼ਟ ਕਰਦੇ ਹੋਏ ਫੁਰਮਾਨ ਕਰਦੇ ਹਨ -

*ਏਕ ਅਨੇਕ ਬਿਆਪਕ ਪੂਰਕ*
*ਜਤ ਦੇਖਉ ਤਤ ਸੋਈ॥*
*ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ*
*ਬਿਰਲਾ ਬੂਝੈ ਕੋਈ॥*
*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ॥*
*ਗੋਬਿੰਦ ਬਿਨੁ ਨਹੀ ਕੋਈ॥*
*ਸੂਤੁ ਏਕੁ ਮਣਿ ਸਤ ਸਹੰਸ*
*ਜੈਸੇ ਓਤਿ ਪੋਤਿ ਪ੍ਰਭੁ ਸੋਈ॥*
*ਜਲ ਤਰੰਗ ਅਰੁ ਫੇਨ ਬੁਦਬੁਦਾ*
*ਜਲ ਤੇ ਭਿੰਨ ਨ ਹੋਈ॥*
*ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ*
*ਬਿਚਰਤ ਆਨ ਨ ਹੋਈ॥*
*ਮਿਥਿਆ ਭਰਮੁ ਅਰੁ ਸੁਪਨ ਮਨੋਰਥ*
*ਸਤਿ ਪਦਾਰਥੁ ਜਾਨਿਆ॥*
*ਸੁਕ੍ਰਿਤ ਮਨਸਾ ਗੁਰ ਉਪਦੇਸੀ*
*ਜਾਗਤ ਹੀ ਮਨੁ ਮਾਨਿਆ॥*
*ਕਹਤ ਨਾਮਦੇਉ ਹਰਿ ਕੀ ਰਚਨਾ*
*ਦੇਖਹੁ ਰਿਦੈ ਬੀਚਾਰੀ॥*
*ਘਟ ਘਟ ਅੰਤਰਿ ਸਰਬ ਨਿਰੰਤਰਿ*
*ਕੇਵਲ ਏਕ ਮੁਰਾਰੀ॥*

*ਪੰਨਾ - 485*

ਇਸ ਅਵਸਥਾ ਵਿਚ ਜੀਵ ਪੂਰੀ ਤਰ੍ਹਾਂ ਭੁੱਲ ਜਾਂਦਾ ਹੈ ਕਿ ਇਸ ਸੰਸਾਰ ਵਿਚ ਵਾਹਿਗੁਰੂ ਜੀ ਦਾ ਹੁਕਮ ਚਲ ਰਿਹਾ ਹੈ। ਹੁਕਮ ਨਾ ਮੰਨਣ ਕਰਕੇ ਹਉਮੈ ਉਪਜਦੀ ਹੈ। ਹਉਮੈ ਤੱਤ ਵਾਹਿਗੁਰੂ ਜੀ ਨੂੰ ਤਿੰਨ ਹਿੱਸਿਆਂ ਵਿਚ ਪ੍ਰਗਟਾਉਂਦਾ ਹੈ - ਇਕ ਬ੍ਰਹਮ, ਦੂਜਾ ਜੀਵ ਆਤਮਾ ਤੇ ਤੀਜਾ ਸੰਸਾਰ। ਜੇ ਇਹ ਹੁਕਮ ਨੂੰ ਬੁੱਝ ਜਾਵੇ ਜੋ ਪੂਰੇ ਗੁਰੂ ਦੀ ਕ੍ਰਿਪਾ ਤੋਂ ਬਗੈਰ ਨਹੀਂ ਹੋ ਸਕਿਆ ਕਰਦਾ ਤਾਂ ਇਹੋ ਜੀਵ ਪਰਤ ਕੇ ਵਾਹਿਗੁਰੂ ਬਣ ਜਾਇਆ ਕਰਦਾ ਹੈ। ਜੋ ਇਸਦੀ ਤੱਤ ਅਵਸਥਾ ਹੈ ਅਤੇ ਜਿਸ ਨੂੰ ਪ੍ਰਾਪਤ ਕਰਨ ਲਈ ਜੋਗੀ, ਜਤੀ, ਬ੍ਰਹਮਚਾਰੀ, ਤਪੱਸਵੀ ਆਦਿ ਤਰਲੇ ਲੈ ਰਹੇ ਹਨ, ਜਿਸ ਉਪਰ ਗੁਰੂ ਦੀ ਕ੍ਰਿਪਾ ਹੋ ਜਾਵੇ ਉਹ ਹੁਕਮ ਨੂੰ ਬੁਝ ਲੈਂਦਾ ਹੈ ਅਤੇ ਆਤਮ ਸ਼ਾਖਸ਼ਾਤਕਾਰ ਹੋ ਕੇ ਉਸ ਨੂੰ ਆਪਣੇ ਅਸਲੀ ਸਰੂਪ ਦੀ ਸੋਝੀ ਹੋ ਜਾਇਆ ਕਰਦੀ ਹੈ। ਉਸ ਦਾ ਜੀਵ ਭਾਵ ਪੂਰੀ ਤਰ੍ਹਾਂ ਨਾਲ ਖਤਮ ਹੋ ਕੇ ਕੇਵਲ ਇਕੋ ਆਤਮ ਪਸਾਰਾ ਨਜ਼ਰੀ ਪੈਂਦਾ ਹੈ। ਸੰਸਾਰਕ ਕ੍ਰਿਆ ਸਾਰੀ ਹੁਕਮ ਵਿਚ ਚਲ ਰਹੀ ਹੈ। ਇਹ ਸਰੀਰ ਜਿਸ ਵਿਚ ਆਤਮ ਪ੍ਰਕਾਸ਼ ਪੂਰੀ ਤਰ੍ਹਾਂ ਨਾਲ ਹੋ ਚੁੱਕਿਆ ਹੈ ਇਹ ਵੀ ਹੁਕਮ ਵਿਚ ਹੀ ਆਪਣਾ ਵੱਖਰਾਪੁਣ ਛੱਡ ਕੇ ਚਲਦਾ ਹੈ। ਕ੍ਰਿਆ ਸਾਰੀ ਬੰਦਿਆਂ ਵਾਲੀ ਕਰਦਾ ਹੈ ਪਰ ਆਪ ਅ-ਕਰਤਾ ਹੋਣ ਕਰਕੇ ਨਿਰਲੇਪ ਰਹਿੰਦਾ ਹੈ ਕਿਉਂਕਿ ਆਪਾ ਭਾਵ ਤਾਂ ਰਿਹਾ ਹੀ ਨਾ। ਵਾਹਿਗੁਰੂ ਜੀ ਆਪ ਹੀ ਕ੍ਰਿਆ ਕਰਕੇ ਪ੍ਰਤੱਖ ਭਾਸਦਾ ਹੈ। ਵਾਹਿਗੁਰੂ ਜੀ ਦਾ ਹੁਕਮ ਤਾਂ ਸਾਰੇ ਗਿਆਨੀਆਂ ਅਗਿਆਨੀਆਂ ਵਿਚ ਵਰਤ ਰਿਹਾ ਹੈ ਪਰ ਅਗਿਆਨੀ ਇਸ ਹੁਕਮ ਨੂੰ ਨਾ ਬੁੱਝ ਕੇ ਹਉਮੈ ਵਸ ਇਹ ਧਾਰ ਲੈਂਦਾ ਹੈ ਕਿ ਜੋ ਕੁਝ ਕਰਦਾ ਹਾਂ, ਮੈਂ ਕਰਦਾ ਹਾਂ। ਮੈਂ ਆਪਣੀ ਮਰਜ਼ੀ ਨਾਲ ਚੰਗਾ ਮੰਦਾ ਕਰ ਸਕਦਾ ਹਾਂ। ਇਸ ਤਰ੍ਹਾਂ ਕਰਕੇ ਉਹ ਭਰਮਾਂ ਦੇ ਚੱਕਰ ਵਿਚ ਫਸ ਜਾਂਦਾ ਹੈ। ਗਿਆਨਵਾਨ ਪੁਰਸ਼ ਆਪਣੀ ਹੋਂਦ ਨੂੰ ਲੈਅ ਕਰਕੇ ਆਪ ਕੁਝ ਵੀ ਨਹੀਂ ਕਰ ਰਿਹਾ ਹੁੰਦਾ। ਉਸ ਤੋਂ ਜੋ ਹੁੰਦਾ ਪ੍ਰਤੀਤ ਦਿੰਦਾ ਹੈ ਉਹ ਵਾਹਿਗੁਰੂ ਜੀ ਦੀ ਹੀ ਕ੍ਰਿਆ ਹੋਇਆ ਕਰਦੀ ਹੈ। ਫਰਕ ਕੇਵਲ ਇੰਨਾ ਹੈ ਕਿ ਅਗਿਆਨੀ ਕਹਿੰਦਾ ਹੈ ਕਿ ਮੈਂ ਕਰਦਾ ਹਾਂ ਅਤੇ ਗਿਆਨਵਾਨ ਦੀ ਹੋਂਦ ਹੀ ਨਾ ਹੋਣ ਕਰਕੇ, ਉਸ ਸਰੀਰ ਵਿਚ ਕੋਈ ਹਉਂ ਦੀ ਅੰਸ ਨਾ ਹੋਣ ਕਰਕੇ ਹੁਕਮ ਪ੍ਰਤੱਖ ਰੂਪ ਵਿਚ ਵਰਤਦਾ ਹੈ। ਐਸਾ ਜੋ ਵਜੂਦ ਹੈ ਉਹ ਆਪ ਪ੍ਰਮੇਸ਼ਰ ਹੋਇਆ ਕਰਦਾ ਹੈ ਜਾਂ ਸੰਸਾਰੀ ਬੋਲੀ ਵਿਚ ਐਉਂ ਕਹੋ ਕਿ ਉਹ ਪ੍ਰਮੇਸ਼ਰ ਨੂੰ ਪ੍ਰਵਾਨ ਹੋਈ ਹਸਤੀ ਹੋਇਆ ਕਰਦੀ ਹੈ ਜੋ ਸਾਰਾ ਫਰਕ ਹਉਮੈ ਕਰਕੇ ਪ੍ਰਤੀਤ ਦਿੰਦਾ ਹੈ। ਕਰਮਾਂ ਦਾ ਫਲ ਭੋਗਣ ਲਈ ਇਸ ਦਾ ਨਿੱਕਾ ਆਪਾ ਜਿਸ ਨੂੰ ਜੀਵ ਆਤਮਾ ਆਖਦੇ ਹਨ, ਚੌਰਾਸੀ ਦੇ ਚੱਕਰਾਂ ਵਿਚ ਘੁੰਮਦਾ ਫਿਰਦਾ ਹੈ।

ਇਕ ਵਾਰੀ ਗੁਰੂ ਪੰਜਵੇਂ ਪਾਤਸ਼ਾਹ ਜੀ ਦੇ ਦਰਬਾਰ ਵਿਚ ਐਸਾ ਜ਼ਿਕਰ ਹੋ ਰਿਹਾ ਸੀ ਤਾਂ ਸੰਗਤਾਂ ਦੇ ਕਹਿਣ ਤੇ ਭਾਈ ਗੁਰਮੁਖ ਨੂੰ ਭਾਈ ਭਿਖਾਰੀ ਪਾਸ ਭੇਜਿਆ ਸੀ ਜਿਸ ਬਾਰੇ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਉਸ ਨੇ ਕਿਵੇਂ ਆਪਣਾ ਜੀਵਨ ਹੁਕਮ ਮੁਤਾਬਿਕ ਢਾਲਿਆ ਹੋਇਆ ਸੀ ਅਤੇ ਆਪਣੀ ਹਉਂ ਨੂੰ ਪੂਰੀ ਤਰ੍ਹਾਂ ਲੀਨ ਕਰਕੇ ਭਰਮ ਰਹਿਤ ਅਵਸਥਾ ਵਿਚ ਆਤਮ ਪਦ ਵਿਚ ਅਰੂੜ੍ਹ ਆਪਣਾ ਜੀਵਨ ਬਤੀਤ ਕਰ ਰਿਹਾ ਸੀ।

ਭਾਈ ਤਿਲੋਕਾ ਜੀ ਨੂੰ ਰਾਜਕੁਮਾਰੀ ਦੇ ਮਹਿਲਾਂ ਵਿਚ ਪਿਆਂ ਨੂੰ ਕਾਫੀ ਸਮਾਂ ਲੰਘ ਚੁੱਕਿਆ ਸੀ। ਉਨ੍ਹਾਂ ਅਜੇ ਤੱਕ ਆਪਣਾ ਕੋਈ ਪਰੀਚਾ ਨਹੀਂ ਦਿਤਾ ਸੀ ਅਤੇ ਨਾ ਹੀ ਉਸ ਰਾਜਕੁਮਾਰੀ ਨੇ ਪੁੱਛਿਆ ਹੀ ਸੀ। ਓਹਦੀ ਤਾਂ ਸਾਰੀ ਸੁਰਤ ਇਕੋ ਗੱਲ ਉਤੇ ਕੇਂਦਰਿਤ ਸੀ ਕਿ ਕਿਵੇਂ ਨਾ ਕਿਵੇਂ ਇਹ ਅਤਿ ਪਿਆਰਾ, ਸੁੰਦਰ ਨੌਜੁਆਨ ਜਿਸਦੀ ਦ੍ਰਿਸ਼ਟੀ ਵਿਚ ਕਹਿਰਾਂ ਦੀ ਖਿੱਚ ਹੈ, ਬੋਲ ਪੂਰੀ ਮਿਠਾਸ ਨਾਲ ਭਰੇ ਹੋਏ ਜਿਸ ਦੇ ਵੀ ਕੰਨੀਂ ਪੈਂਦੇ ਉਹ ਉਨ੍ਹਾਂ ਦਾ ਹੀ ਬਣ ਜਾਂਦਾ ਹੈ, ਇਹ ਬਚ ਜਾਵੇ। ਸਰੀਰ ਤੰਦਰੁਸਤ ਹੋ ਜਾਵੇ ਅਤੇ ਪੂਰੀ ਤਰ੍ਹਾਂ ਸਵੱਸਥ ਹੋ ਕੇ ਇਨ੍ਹਾਂ ਮਹਿਲਾਂ ਵਿਚ ਹੀ ਰਹੇ ਅਤੇ ਮੇਰਾ ਜੀਅ ਅਤਿ ਪ੍ਰਸੰਨ ਹੋਵੇ ਜਦੋਂ ਇਹ ਮਹਾਂ ਪਵਿੱਤਰ ਪਿਆਰਾ ਵਜੂਦ ਮੇਰੇ ਨਾਲ ਹੀ ਘੋੜੇ ਤੇ ਚੜ੍ਹ ਕੇ ਜੰਗਲਾਂ ਵਿਚ ਜਾਵੇ ਅਤੇ ਉਸੇ ਥਾਂ ਪਹੁੰਚੇ ਜਿਥੇ ਮੈਂ ਇਸ ਦੇ ਤੀਰ ਮਾਰਿਆ ਸੀ ਅਤੇ ਇਹ ਵੀ ਮੇਰੇ ਤੋਂ ਬਦਲਾ ਲੈਣ ਲਈ ਐਵੇਂ

ਝੂਠਾ ਮੂਠਾ ਤੀਰ ਮਾਰ ਕੇ ਕਹੇ ਕਿ ਮੈਂ ਵੀ ਸ਼ੇਰਨੀ ਦੇ ਤੀਰ ਮਾਰਿਆ ਹੈ। ਰਾਜ ਕੁਮਾਰੀ ਨੌਂਜੁਆਨ ਸੀ ਉਸ ਦੇ ਹਿਰਦੇ ਅੰਦਰ ਅਨੇਕ ਤਰੰਗਾਂ ਉਠਦੀਆਂ ਸਨ ਪ੍ਰੰਤੂ ਉਹ ਐਨੀ ਭੋਲੀ ਸੀ ਕਿ ਕੋਈ ਵੀ ਮੈਲਾ ਖਿਆਲ ਮਨ ਵਿਚ ਨਹੀਂ ਉਠਦਾ ਸੀ। ਉਹ ਸੁਭਾਵਿਕ ਹੀ ਭਾਈ ਤਿਲੋਕੇ ਨਾਲ ਕਿਸੇ ਅਤਿ ਪਵਿੱਤਰ ਪਿਆਰ ਵਿਚ ਪਰੋਤੀ ਗਈ ਸੀ ਜਿਥੇ ਸੰਸਾਰ ਦੀਆਂ ਮੰਦ ਵਾਸ਼ਨਾਵਾਂ ਹਜ਼ਾਰਾਂ ਕੋਹ ਦੂਰ ਰਹਿੰਦੀਆਂ ਹਨ। ਇਹ ਪਿਆਰ ਕੁਝ ਅਲੌਕਿਕ ਸੀ ਜੋ ਕੋਈ ਕੋਈ ਜਗਿਆਸੂ ਆਪਣੇ ਮੁਰਸ਼ਦ ਨੂੰ, ਗੁਰੂ  ਨੂੰ ਕਰਦਾ ਹੈ। ਪਿਆਰ ਤਾਂ ਪਿਆਰ ਹੀ ਹੁੰਦਾ ਹੈ ਇਸ ਦੇ ਅਤਿ ਨੀਵੇਂ ਜਜ਼ਬੇ ਕਾਮ ਵਾਸ਼ਨਾ ਵਿਚ ਹੋਇਆ ਕਰਦੇ ਹਨ। ਹਿਤ ਪੂਰਤੀ ਲਈ ਹੋਇਆ ਕਰਦੇ ਹਨ। ਪਿਆਰ ਵਿਚ ਜੀਅ ਕਰਦਾ ਹੈ ਕਿ ਮੇਰਾ ਕੁਝ ਵੀ ਨਾ ਰਹੇ ਤੇ ਮੈਂ ਆਪਣੇ ਪ੍ਰੇਮੀ ਦਾ ਰੂਪ ਹੀ ਬਣ ਜਾਵਾਂ। ਇਹ ਉਤਮ ਪਿਆਰ ਹੈ ਜੋ ਵਾਹਿਗੁਰੂ ਜੀ ਨੂੰ ਨਿਰਾਕਾਰ ਅਵਸਥਾ ਵਿਚੋਂ ਪ੍ਰਗਟ ਕਰਕੇ ਸਾਕਾਰ ਰੂਪ ਧਾਰਨ ਕਰਨ ਲਈ ਬੇਵਸ ਕਰ ਦਿੰਦਾ ਹੈ। ਗੁਰੂ ਮਹਾਰਾਜ ਜੀ ਦਾ ਸਿਧਾਂਤ ਹੈ ਕਿ ਵਾਹਿਗੁਰੂ ਜੀ ਜੇ ਵਸ ਆਉਂਦੇ ਹਨ ਤਾਂ ਕੇਵਲ ਸੱਚੇ ਪਿਆਰ ਨਾਲ, ਨਿਸ਼ਕਾਮ ਖਿੱਚ ਨਾਲ ਬੰਨ੍ਹਿਆ ਜਾ ਕੇ ਵਸ ਆਉਂਦਾ ਹੈ –

*ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥*
*ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥*
*ਨਾ ਤੂ ਆਵਹਿ ਵਸਿ ਤੀਰਥਿ ਨਾਈਐ ॥*
*ਨਾ ਤੂ ਆਵਹਿ ਵਸਿ ਧਰਤੀ ਧਾਈਐ ॥*
*ਨਾ ਤੂ ਆਵਹਿ ਵਸਿ ਕਿਤੈ ਸਿਆਣਪੈ ॥*
*ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥*
*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*
*ਤੂ ਭਗਤਾ ਕੈ ਵਸਿ*
*ਭਗਤਾ ਤਾਣੁ ਤੇਰਾ ॥      ਪੰਨਾ – 962*

ਇਸੇ ਪਿਆਰ ਨੂੰ ਗੁਰੂ ਦਸ਼ਮੇਸ਼ ਪਿਤਾ ਜੀ ਨੇ ਇਹ ਕਹਿ ਕੇ ਕਿ –

*ਸਾਚ ਕਹੋ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥*
*ਸ੍ਵਯੇ ਪਾ: 10*

ਸੰਸਾਰ ਨੂੰ ਬਹੁਤ ਹੀ ਸੁਖੈਨ ਪ੍ਰਭੂ ਮਿਲਾਪ ਦਾ ਰਸਤਾ ਦੱਸ ਦਿਤਾ। ਨੌਂ ਤਰ੍ਹਾਂ ਦੀ ਭਗਤੀ ਹੋਇਆ ਕਰਦੀ ਹੈ ਜਿਨ੍ਹਾਂ ਦਾ ਅੰਤਮ ਧੇਅ ਪ੍ਰੇਮਾ ਭਗਤੀ ਹੋਇਆ ਕਰਦੀ ਹੈ। ਵਾਹਿਗੁਰੂ ਜੀ ਪ੍ਰੇਮ ਦਾ ਰੂਪ ਧਾਰ ਕੇ ਸੰਸਾਰ ਵਿਚ ਪ੍ਰੀਪੂਰਨ ਹਨ –

*ਜਤ੍ਰ ਤਤ੍ਰ ਦਿਸਾ ਵਿਸਾ*
*ਹੁਇ ਫੈਲਿਓ ਅਨੁਰਾਗ ॥   (ਜਾਪੁ ਸਾਹਿਬ)*

ਪਿਆਰ ਦੀ ਨਿਸ਼ਾਨੀ ਅੰਤਰੀਵੀ ਨਿਸ਼ਕਾਮ ਖਿੱਚ ਹੋਇਆ ਕਰਦੀ ਹੈ। ਇਹ ਇਕ ਅਤਿ ਉਚਾ ਜੀਵਨ ਹੈ ਜਿਸ ਦੀ ਸੋਝੀ ਸੰਸਾਰ ਨੂੰ ਆਉਣੀ ਮੁਸ਼ਕਲ ਹੈ ਕਿਉਂਕਿ ਸੰਸਾਰ ਪਦਾਰਥਾਂ ਦੀ ਖਿੱਚ ਵਿਚ, ਵਿਸ਼ਿਆਂ ਦੀ ਖਿੱਚ ਵਿਚ, ਆਪਣੇ ਮਨੋਰਥਾਂ ਦੀ ਖਿੱਚ ਵਿਚ ਡੁੱਬਿਆ ਹੋਇਆ ਗੋਤੇ ਖਾ ਰਿਹਾ ਹੈ ਅਤੇ ਪ੍ਰਮੇਸ਼ਰ ਤੋਂ ਭੁੱਲ ਕੇ ਦੁਖੀ ਹੋ ਰਿਹਾ ਹੈ। ਜੇ ਪਿਆਰ ਦੀ ਖਿੱਚ ਵਾਹਿਗੁਰੂ ਜੀ ਨਾਲ ਮੇਲ ਖਾ ਜਾਵੇ ਤਾਂ ਜੀਵਨ ਦੇ ਅੰਦਰ ਇਕ ਐਸਾ ਵਿਗਾਸ ਆਉਂਦਾ ਹੈ ਜਿਸਦੀ ਮਹਿਮਾ ਕਥਨ ਨਹੀਂ ਕੀਤੀ ਜਾ ਸਕਦੀ। ਉਹ ਆਰਿਆਂ ਦੇ ਦੰਦਿਆਂ ਥੱਲੇ ਚੀਰਿਆ ਜਾ ਰਿਹਾ ਕਿਸੇ ਅਕਹਿ ਪਿਆਰ ਨੂੰ ਮਾਣਦਾ, ਆਪਣੇ ਪ੍ਰੀਤਮ ਦੇ ਦੇਸ਼ ਜਾ ਰਿਹਾ ਹੁੰਦਾ ਹੈ। ਬੰਦ-ਬੰਦ ਕਟਾਉਂਦਾ ਕਿਸੇ ਨੂੰ ਸਰਾਪ ਨਹੀਂ ਦੇ ਰਿਹਾ, ਬੁਰਾ ਨਹੀਂ ਆਖ ਰਿਹਾ। ਉਸਦੇ ਅੰਦਰ ਪਿਆਰ ਦਾ ਪਿਆਲਾ ਲਬਾ-ਲਬ ਭਰਿਆ ਹੋਣ ਕਰਕੇ ਦੋਖ ਦ੍ਰਿਸ਼ਟੀ ਨੂੰ ਕੋਈ ਥਾਂ ਹੀ ਨਹੀਂ ਮਿਲਿਆ ਕਰਦਾ। ਇਹ ਦੇਸ ਅਗੰਮ ਦਾ ਦੇਸ ਹੈ। ਇਹ ਅਤਿ ਸੂਖਸ਼ਮ ਵਲਵਲਿਆਂ ਦਾ ਦੇਸ ਹੈ ਇਹ ਕਿਸੇ ਭਾਗਾਂ ਵਾਲੇ ਦੇ ਹਿੱਸੇ ਆਇਆ ਕਰਦਾ ਹੈ। ਦੁਨੀਆਂ ਪਿਆਰ ਵਾਲਿਆਂ ਨੂੰ ਬਉਰੇ, ਦੀਵਾਨੇ ਆਖਦੀ ਹੈ। ਡਾ. ਭਾਈ ਵੀਰ ਸਿੰਘ ਜੀ ਇਕ ਥਾਂ ਉਤੇ ਐਸਾ ਫੁਰਮਾਨ ਕਰਦੇ ਹਨ –

*ਜਿਨ੍ਹਾਂ ਉਚਿਆਈਆਂ ਉਤੇ*
*ਬੁਧੀ ਖੰਭ ਸਾੜ ਬੈਠੀ,*
*ਉਨ੍ਹਾਂ ਉਚਿਆਈਆਂ*
*ਉਤੇ ਲਗ ਗਈਆਂ ਯਾਰੀਆਂ।*
*ਗਿਆਨੀ ਸਾਨੂੰ ਹੋੜਦਾ ਏ*
*ਬਹਿਮੀ ਢੋਲਾ ਆਖਦਾ ਏ,*
*ਮਾਰੇ ਗਏ ਜਿਨ੍ਹਾਂ*
*ਬੁੱਧੀ ਪਾਰ ਲਾਈਆਂ ਯਾਰੀਆਂ।*
*ਬੈਠ ਬੇ ਗਿਆਨੀ*
*ਬੁਧੀ ਮੰਡਲੇ ਦੀ ਕੈਦ ਵਿਚ,*
*ਬਲਬਲੇ ਦੇ ਦੇਸ਼ ਸਾਡੀਆਂ*
*ਲਗ ਗਈਆਂ ਯਾਰੀਆਂ।*

ਪਿਆਰ ਵਾਲਿਆਂ ਨੂੰ ਸਾਰਾ ਸੰਸਾਰ ਆਪਣਾ-ਆਪਣਾ ਲਗਦਾ ਹੈ। ਰਾਗ ਦ੍ਵੈਸ਼ ਤੋਂ ਉਨ੍ਹਾਂ ਦਾ ਮਨ ਬਿਲਕੁਲ ਅਛੋਹ ਹੋਇਆ ਕਰਦਾ ਹੈ। ਉਨ੍ਹਾਂ ਦੇ ਅੰਦਰ ਐਤਨੀ ਨਿਰਮਲਤਾਈ ਦਾ ਪ੍ਰਕਾਸ਼ ਹੋ ਜਾਂਦਾ ਹੈ ਕਿ ਵਾਹਿਗੁਰੂ ਜੀ ਵੀ ਪਿਆਰ ਦੇ ਬੰਨ੍ਹੇ ਹੋਏ ਉਨ੍ਹਾਂ ਦੇ ਪਿਛੇ-ਪਿਛੇ ਫਿਰਦੇ ਹਨ।

*ਕਬੀਰ ਮਨੁ ਨਿਰਮਲੁ ਭਇਆ*
*ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ*
*ਕਹਤ ਕਬੀਰ ਕਬੀਰ ॥    ਪੰਨਾ – 1367*

ਸੋ ਇਸ ਤਰ੍ਹਾਂ ਦਾ ਪਿਆਰ ਰਾਜ ਕੁਮਾਰੀ ਦਾ ਅਛੋਪਲੇ ਹੀ ਭਾਈ ਤਿਲੋਕਾ ਜੀ ਦੇ ਵਜੂਦ ਨਾਲ ਹੋ ਗਿਆ। ਉਹ ਗਿਆਨਵਾਨ ਨਹੀਂ ਸੀ। ਉਹ ਪੰਜਾਂ ਤੱਤਾਂ ਦੇ ਵਜੂਦ ਨੂੰ ਹੀ ਸਮਝਦੀ ਸੀ। ਉਹਨੂੰ ਨਹੀਂ ਪਤਾ ਸੀ ਕਿ ਗੁਰਮੁਖ ਕੀ ਹੁੰਦਾ ਹੈ ਅਤੇ ਨਾ ਹੀ ਉਹ ਇਹ ਚਾਹੁੰਦੀ ਸੀ ਕਿ ਇਹ ਪਵਿੱਤਰ ਵਜੂਦ ਕਦੇ ਵੀ

ਮੇਰੀਆਂ ਅੱਖਾਂ ਤੋਂ ਓਹਲੇ ਹੋਵੇ। ਭਾਈ ਤਿਲੋਕਾ ਜੀ ਨੇ ਨੇਤਰ ਖੋਲ੍ਹੇ ਅਤੇ ਥੋੜ੍ਹੀ ਧੀਮੀ ਆਵਾਜ਼ ਵਿਚ ਕਹਿਣ ਲੱਗੇ, "ਬੀਬਾ ਜੀ! ਤੁਸੀਂ ਕਿੰਨੇ ਚੰਗੇ ਹੋਂ, ਵਾਹਿਗੁਰੂ ਜੀ ਨੇ ਤੁਹਾਨੂੰ ਕਿੰਨਾ ਨਿਰਛਲ, ਨਿਰਕਪਟ ਤੇ ਪਿਆਰ ਭਰਿਆ ਦਿਲ ਦਿਤਾ ਹੈ। ਮੈਂ ਕਿੰਨੇ ਦਿਨਾਂ ਤੋਂ ਆਪ ਦੇ ਇਸ ਮਹੱਲ ਵਿਚ ਪਿਆ ਹਾਂ, ਤੁਸੀਂ ਮੇਰੀ ਗਰੀਬੀ ਅਮੀਰੀ ਨਹੀਂ ਦੇਖੀ। ਤੁਸੀਂ ਮੇਰੀ ਲਗਾਤਾਰ ਪੂਰੇ ਹਿਰਦੇ ਤੇ ਪਿਆਰ ਨਾਲ ਸੇਵਾ ਕਰ ਰਹੇ ਹੋਂ, ਤੁਹਾਡੇ ਹਿਰਦੇ ਵਿਚ ਉਠ ਰਹੀ ਅਪਣੱਤ ਮੈਂ ਮਹਿਸੂਸ ਕਰ ਰਿਹਾ ਹਾਂ। ਤੁਸੀਂ ਰਾਜੇ ਲੋਕ ਹੋਂ, ਰਾਜੇ ਲੋਕ ਗਰੀਬਾਂ ਦੀ ਕਦੇ ਵੀ ਪ੍ਰਵਾਹ ਨਹੀਂ ਕਰਿਆ ਕਰਦੇ। ਮੇਰਾ ਸਰੀਰ ਉਸ ਜੰਗਲ ਵਿਚ ਜ਼ਖਮੀ ਹੋ ਗਿਆ ਸੀ, ਰਾਜਿਆਂ ਨੂੰ ਕੀ ਪ੍ਰਵਾਹ ਹੁੰਦੀ ਹੈ - ਕੋਈ ਮਰੇ, ਕੋਈ ਜੀਵੇ। ਮੇਰੇ ਸਰੀਰ ਦਾ ਖ਼ੂਨ ਨਿਕਲ ਜਾਣਾ ਸੀ ਅਤੇ ਇਹ ਕਾਫੀ ਸਮਾਂ ਪਹਿਲਾਂ ਖਤਮ ਹੋ ਜਾਣਾ ਸੀ। ਪਰ ਮੈਂ ਹੈਰਾਨ ਹੋ ਰਿਹਾ ਹਾਂ ਕਿ ਮੇਰੇ ਵਰਗੇ ਗਰੀਬ ਦੀ ਤੁਸੀਂ ਕਿੰਨੀ ਦੇਖਭਾਲ ਕੀਤੀ ਹੈ? ਤੁਸੀਂ ਇਨਸਾਨੀਅਤ ਦੇ ਨਾਤੇ ਮੈਨੂੰ ਪਿਆਰ ਕਰ ਰਹੇ ਹੋਂ ਤੇ ਸੇਵਾ ਕਰ ਰਹੇ ਹੋਂ। ਵੈਦ ਜੋ ਮੇਰੇ ਇਲਾਜ ਵਾਸਤੇ ਤੁਸੀਂ ਲਾਇਆ ਹੈ ਉਹ ਬਾਰ-ਬਾਰ ਆ ਕੇ ਦਵਾਈਆਂ ਦਿੰਦਾ ਹੈ ਅਤੇ ਬਹੁਤ ਕੀਮਤੀ ਦਵਾਈ ਦਾ ਪ੍ਰਯੋਗ ਕਰ ਰਿਹਾ ਹੈ। ਤੁਹਾਡੇ ਮਾਤਾ ਪਿਤਾ ਕਿੰਨੇ ਨੇਕ ਇਨਸਾਨ ਹਨ ਜਿਨ੍ਹਾਂ ਨੇ ਤੁਹਾਨੂੰ ਮੇਰੀ ਸੇਵਾ ਕਰਨ ਤੋਂ ਵਰਜਿਆ ਨਹੀਂ ਹੈ; ਨਹੀਂ ਤਾਂ ਰਾਜਸੀ ਘਰਾਣਿਆਂ ਵਿਚ ਕੌਣ ਕਿਸੇ ਨੂੰ ਪੁਛਦਾ ਹੈ?

ਐਨਾ ਕਹਿ ਕੇ ਆਪ ਜੀ ਨੇ ਫੇਰ ਨੇਤਰ ਬੰਦ ਕਰ ਲਏ। ਵੈਦ ਜੀ ਨੇ ਜੋ ਦਵਾਈ ਅਜਿਹੇ ਸਮੇਂ ਵਰਤਣ ਵਾਸਤੇ ਤਾਕੀਦ ਕੀਤੀ ਸੀ, ਰਾਜਕੁਮਾਰੀ ਨੇ ਉਹ ਦਵਾਈ ਆਪਣੇ ਹੱਥਾਂ ਨਾਲ ਪਾਣੀ ਵਿਚ ਘੋਲ ਕੇ ਮੂੰਹ ਵਿਚ ਪਾਈ ਅਤੇ ਕੁਝ ਮੱਥੇ ਉਤੇ ਲੇਪ ਕੀਤਾ। ਭਾਈ ਤਿਲੋਕਾ ਜੀ ਫੇਰ ਹੋਸ਼ ਵਿਚ ਆ ਗਏ। ਕਹਿਣ ਲੱਗੇ ਕਿ ਬੀਬਾ ਜੀਓ! ਤੁਸੀਂ ਮੇਰੀ ਬਹੁਤ ਸੇਵਾ ਕੀਤੀ ਹੈ। ਅੱਜ ਮੈਂ ਆਪ ਨੂੰ ਇਕ ਭੇਤ ਦੀ ਗੱਲ ਦੱਸਦਾ ਹਾਂ, ਉਹ ਇਹ ਹੈ ਕਿ ਜਿਵੇਂ ਤੁਸੀਂ ਮੈਨੂੰ ਪਿਆਰ ਕਰਦੇ ਹੋਂ, ਇਵੇਂ-ਜਿਵੇਂ ਮੈਂ ਆਪਣੇ ਪਿਆਰੇ ਨੂੰ ਪ੍ਰੇਮ ਕਰਦਾ ਹਾਂ। ਉਨ੍ਹਾਂ ਦਾ ਇਕ ਹੋਰ ਪਿਆਰਾ ਹੈ ਜਿਸ ਦਾ ਉਹ ਰੂਪ ਹੀ ਬਣੇ ਹੋਏ ਹਨ। ਬੀਬਾ! ਮੈਨੂੰ ਮੇਰੇ ਪਿਆਰੇ ਨੇ ਬੁਲਾ ਲਿਆ ਹੈ ਤੇ ਹੁਣ ਮੈਂ ਥੋੜ੍ਹੇ ਦਿਨਾਂ ਵਿਚ ਚਲੇ ਜਾਣਾ ਹੈ। ਇਹ ਮੇਰਾ ਸਰੀਰ ਇਥੇ ਹੀ ਪਿਆ ਰਹਿ ਜਾਣਾ ਹੈ। ਮੈਂ ਇਸ ਵਿਚ ਵਸਦਾ ਹਾਂ ਮੈਂ ਇਹਨੂੰ ਛੱਡ ਕੇ ਆਪਣੇ ਪਿਆਰੇ ਪਾਸ ਚਲਿਆ ਜਾਣਾ ਹੈ। ਇੰਨਾ ਸੁਣਦੇ ਹੀ ਰਾਜਕੁਮਾਰੀ ਨੇ ਇਹ ਸਮਝਣ ਦਾ ਜਤਨ ਕੀਤਾ ਕਿ ਇਹ ਚੰਗਾ ਮਨੁੱਖ ਆਪਣੇ ਮੁਖਾਰਬਿੰਦ ਤੋਂ ਕੀ ਕਹਿ ਰਿਹਾ ਹੈ? ਉਹ ਘਬਰਾ ਗਈ ਅਤੇ ਕਹਿਣ ਲੱਗੀ ਕਿ ਹੇ ਪਿਆਰੇ ਪੁਰਸ਼! ਮੈਂ ਤੇਰੀ ਗੱਲ ਨਹੀਂ ਸਮਝੀ। ਇਕ ਪਾਸੇ ਤਾਂ ਤੂੰ ਇਹ ਕਹਿੰਦਾ ਹੈਂ ਕਿ ਮੇਰਾ ਸਰੀਰ ਐਥੇ ਹੀ ਰਹਿ ਜਾਣਾ ਹੈ ਤੇ ਮੈਂ ਇਸ ਵਿਚੋਂ ਨਿਕਲ ਕੇ ਆਪਣੇ ਪਿਆਰੇ ਪਾਸ ਚਲਿਆ ਜਾਣਾ ਹੈ। ਮੈਨੂੰ ਇਕ ਗੱਲ ਯਾਦ ਆ ਗਈ ਕਿ ਮੇਰੀ ਦਾਦੀ ਦਾ ਸਰੀਰ ਇਥੇ ਹੀ ਰਹਿ ਗਿਆ। ਮੇਰੀ ਮਾਤਾ ਕਹਿੰਦੀ ਸੀ ਕਿ ਇਹ ਮਰ ਗਈ ਹੈ। ਉਹਨੇ ਤਾਂ ਨਹੀਂ ਸੀ ਦੱਸਿਆ ਕਿ ਮੈਂ ਕਿਤੇ ਹੋਰ ਚਲੀ ਜਾਵਾਂਗੀ। ਉਹ ਮਰ ਗਈ ਅਤੇ ਖਤਮ ਹੋ ਗਈ। ਇਹ ਤੇਰੀ ਗੱਲ ਮੇਰੀ ਸਮਝ ਵਿਚ ਨਹੀਂ ਆ ਰਹੀ। ਕਿਤੇ ਤੂੰ ਵੀ ਤਾਂ ਨਹੀਂ ਉਸੇ ਤਰ੍ਹਾਂ ਨਾਲ ਕਰਨਾ।

ਭਾਈ ਤਿਲੋਕਾ ਜੀ ਕਹਿਣ ਲੱਗੇ ਬੀਬਾ! ਇਕ ਗੱਲ ਤੂੰ ਸਮਝ ਲਈ ਹੈ। ਆਮ ਲੋਕੀ ਜਿਨ੍ਹਾਂ ਨੂੰ ਗਿਆਨ ਨਹੀਂ ਹੋਇਆ ਕਰਦਾ ਉਹ ਕਿਹਾ ਕਰਦੇ ਹਨ ਕਿ ਫਲਾਣਾ ਮਰ ਗਿਆ ਹੈ। ਉਹ ਸਰੀਰ ਛੱਡਣ ਨੂੰ ਹੀ ਮਰ ਗਿਆ ਕਹਿੰਦੇ ਹਨ ਪਰ ਪ੍ਰਮੇਸ਼ਰ ਦੇ ਪਿਆਰੇ ਕਦੇ ਵੀ ਮਰਿਆ ਨਹੀਂ ਕਰਦੇ। ਉਹ ਸਦਾ-ਸਦਾ ਜਿਉਂਦੇ ਰਹਿੰਦੇ ਹਨ। ਇਹ ਪੰਜਾਂ ਤੱਤਾਂ ਦੇ ਸਰੀਰ ਅੰਦਰ ਇਕ ਹੋਰ ਸਰੀਰ ਹੈ ਜਿਸ ਨੂੰ ਸੂਖਸ਼ਮ ਸਰੀਰ ਆਖਿਆ ਜਾਂਦਾ ਹੈ। ਪੰਜ ਗਿਆਨ ਇੰਦ੍ਰੇ, ਅੱਖਾਂ, ਕੰਨ, ਨੱਕ, ਜਿਹਭਾ ਆਦਿ ਦੀਆਂ ਸ਼ਕਤੀਆਂ ਅਤੇ ਪੰਜ ਕਰਮ ਇੰਦ੍ਰੇ ਆਪਣੇ ਸੂਖਸ਼ਮ ਰੂਪ ਵਿਚ ਮਨ, ਬੁੱਧ, ਚਿੱਤ ਅਤੇ ਮੈਂ ਭਾਵ ਦੇ ਨਾਲ ਇਸ ਵਿਚ ਵਸਦੇ ਹਨ। ਇਸ ਤੋਂ ਅੱਗੇ ਇਸ ਸਰੀਰ ਵਿਚ ਜਿਸ ਨੂੰ ਸੂਖਸ਼ਮ ਸਰੀਰ ਕਹਿੰਦੇ ਹਨ, ਇਕ ਕਾਰਨ ਸਰੀਰ ਹੋਇਆ ਕਰਦਾ ਹੈ। ਐਉਂ ਸਮਝ ਲਵੋ ਕਿ ਤੁਸੀਂ ਰਾਜੇ ਲੋਕ ਜਦੋਂ ਦਰਬਾਰ ਲਗਾਉਂਦੇ ਹੋ ਤਾਂ ਬਹੁਤ ਵਧੀਆ ਵਰਦੀ, ਅਸ਼ਤਰ-ਸ਼ਸ਼ਤਰ ਪਹਿਨੇ ਹੁੰਦੇ ਹਨ, ਉਸ ਦੇ ਹੇਠਾਂ ਕਮੀਜ਼ ਆਦਿ ਪਹਿਨੇ ਹੁੰਦੇ ਹਨ। ਉਸ ਤੋਂ ਹੇਠਾਂ ਬੁਨੈਣ ਪਹਿਨੀ ਹੁੰਦੀ ਹੈ; ਜੇ ਇਹ ਸਾਰੇ ਲਾਹ ਲਈਏ ਤਾਂ ਸਰੀਰ ਨਜ਼ਰੀ ਪੈਂਦਾ ਹੈ। ਇਸ ਸੰਸਾਰ ਨੂੰ ਜਿਨ੍ਹਾਂ ਨੇ ਜਾਣ ਲਿਆ ਹੈ ਉਨ੍ਹਾਂ ਦਾ ਅਨੁਭਵ ਹੈ ਕਿ ਸਥੂਲ ਸਰੀਰ ਵਿਚ ਸੂਖਸ਼ਮ ਸਰੀਰ ਹੈ। ਸਥੂਲ ਸਰੀਰ ਨੇ ਸੂਖਸ਼ਮ ਸਰੀਰ ਨੂੰ ਢਕਿਆ ਹੋਇਆ ਹੈ ਜਿਵੇਂ ਕੱਪੜੇ ਆਦਿ ਨੂੰ ਕੋਟ ਨੇ ਢਕਿਆ ਹੋਇਆ ਹੈ। ਕੋਟ ਲਾਹ ਦੇਈਏ ਤਾਂ ਕਮੀਜ਼ ਵਾਲਾ ਸਰੀਰ ਨਜ਼ਰੀਂ ਪੈਂਦਾ ਹੈ। ਕਮੀਜ਼ ਲਾਹੇ ਤੋਂ ਬੁਨੈਣ ਵਾਲਾ ਸਰੀਰ ਨਜ਼ਰੀ ਪੈਂਦਾ ਹੈ। ਬੁਨੈਣ ਲਾਹ ਦੇਈਏ ਤਾਂ ਅਸਲੀ ਸਰੀਰ, ਕਾਲਾ, ਗੋਰਾ, ਵਿੰਗਾ, ਟੇਢਾ ਨਜ਼ਰੀ ਆਉਂਦਾ ਹੈ। ਬੁਨੈਣ ਨੇ ਸਰੀਰ ਨੂੰ ਢਕਿਆ ਹੈ। ਸੋ ਇਸ ਤਰ੍ਹਾਂ ਨਾਲ ਜੋ ਤੂੰ ਦੇਖ ਰਹੀ ਹੈਂ ਮੈਂ ਉਹ ਨਹੀਂ ਹਾਂ ਇਹ ਤਾਂ ਪੰਜਾਂ ਤੱਤਾਂ ਦਾ ਕੁਝ ਸਮੇਂ ਲਈ ਮਿਲਿਆ ਹੋਇਆ ਸਥੂਲ ਸਰੀਰ ਹੈ ਜਿਸ ਦਾ ਨਾਮ ਰੱਖਿਆ ਜਾਂਦਾ ਹੈ, ਜਿਸ ਦੇ ਮਾਂ-ਬਾਪ ਹੋਇਆ ਕਰਦੇ ਹਨ, ਜਿਸ ਦਾ ਘਰ, ਦੇਸ਼ ਹੋਇਆ ਕਰਦਾ ਹੈ। ਇਸੇ ਸਰੀਰ ਦਾ ਸਬੰਧ ਦੁਨੀਆਂ ਨਾਲ ਜੁੜਦਾ ਹੈ। ਸੂਖਸ਼ਮ ਸਰੀਰ ਨੂੰ ਕੋਈ ਵਿਰਲਾ ਹੀ ਜਾਣਦਾ ਹੈ ਅਤੇ ਅੰਤਲੇ ਬੁਨੈਣ ਰੂਪੀ ਸਰੀਰ ਨੂੰ ਜਿਸ ਨੂੰ ਕਾਰਨ ਸਰੀਰ ਕਹਿੰਦੇ ਹਨ, ਉਹ ਕੇਵਲ ਹੋਂਦ ਮਾਤਰ ਅਗਿਆਨ ਗ੍ਰਸਿਆ ਸਰੀਰ ਹੋਇਆ ਕਰਦਾ ਹੈ। ਉਸ ਤੋਂ ਅੱਗੇ ਜੋ ਅਸਲੀਅਤ ਹੈ ਉਹ ਆਤਮਾ ਹੈ। ਆਤਮਾ ਨਾ ਕਦੇ ਜਨਮ ਲੈਂਦੀ ਹੈ, ਨਾ ਕਦੇ ਮਰਦੀ ਹੈ, ਨਾ ਉਸ

ਦੀ ਕੋਈ ਮਾਂ ਹੁੰਦੀ ਹੈ, ਨਾ ਪਿਤਾ ਹੁੰਦਾ ਹੈ, ਨਾ ਕੋਈ ਭਰਾ ਹੁੰਦਾ ਹੈ, ਨਾ ਉਹ ਦੁਖੀ ਹੁੰਦੀ ਹੈ, ਨਾ ਉਹਨੂੰ ਕਿਸੇ ਚੀਜ਼ ਦੀ ਲੋੜ ਹੁੰਦੀ ਹੈ ਉਹ ਅਚਾਹ ਹੈ, ਅਸੰਗ ਹੈ। ਉਸਦਾ ਕਿਸੇ ਚੀਜ਼ ਨਾਲ ਜੋੜ ਨਹੀਂ ਹੋਇਆ ਕਰਦਾ, ਉਹ ਪਵਿੱਤਰ ਹੈ; ਉਹ ਕਿਸੇ ਤੋਂ ਕੁਝ ਨਹੀਂ ਚਾਹੁੰਦੀ।

ਸੋ ਬੀਬਾ ਜੀਓ! ਇਹ ਆਪਣਾ ਨਿੱਕਾ ਆਪਾ ਹੋਇਆ ਕਰਦਾ ਹੈ, ਇਸ ਨੂੰ ਨਿੱਕੀ ਜਿੰਦ ਵੀ ਆਖਦੇ ਹਨ। ਇਹ ਕਦੇ ਜੰਮਿਆ ਮਰਿਆ ਨਹੀਂ ਕਰਦਾ, ਨਾ ਕਿਤੋਂ ਆਉਂਦਾ ਹੈ, ਨਾ ਕਿਤੇ ਜਾਂਦਾ ਹੈ। ਸੋ ਤੂੰ ਵੀ ਆਤਮਾ ਹੈਂ, ਤੂੰ ਅਚਾਹ ਹੈਂ, ਤੈਨੂੰ ਕਿਸੇ ਦੇ ਪਿਆਰ ਦੀ ਲੋੜ ਨਹੀਂ, ਤੇਰੀ ਕੋਈ ਮਾਂ ਨਹੀਂ, ਨਾ ਹੀ ਤੇਰਾ ਕੋਈ ਬਾਪ ਹੈ; ਇਹ ਜੋ ਦਿਸਦੇ ਹਨ ਇਹ ਸਥੂਲ ਸਰੀਰ ਦੇ ਸਬੰਧੀ ਹਨ। ਸਥੂਲ ਸਰੀਰ ਬਿਨਸਨਹਾਰ ਹੈ। ਤੂੰ ਆਤਮਾ ਹੈਂ, ਮੈਂ ਵੀ ਆਤਮਾ ਹਾਂ; ਤੂੰ ਨਿਰਮਲ ਜੋਤ ਹੈਂ, ਮੈਂ ਵੀ ਨਿਰਮਲ ਜੋਤ ਹਾਂ। ਮੈਨੂੰ ਆਪਣੇ ਆਪ ਦੀ ਪਛਾਣ ਹੈ। ਤੈਨੂੰ ਪਤਾ ਨਹੀਂ ਕਿ ਤੂੰ ਕੌਣ ਹੈਂ। ਤੂੰ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਦੇਹ ਮੰਨਦੀ ਹੈਂ। ਇਸ ਦੇਹ ਦੇ ਸਬੰਧੀਆਂ ਨਾਲ ਪਿਆਰ ਕਰਦੀ ਹੈਂ। ਤੂੰ ਆਪਣੇ ਸਰੂਪ ਨੂੰ ਪਛਾਣ। ਸੋ ਮੈਂ ਇਸ ਸਰੀਰ ਵਿਚੋਂ ਥੋੜ੍ਹੇ ਦਿਨਾਂ ਨੂੰ ਚਲਿਆ ਜਾਣਾ ਹੈ। ਐਨੀ ਗੱਲ ਸੁਣਦੇ ਹੀ ਉਸ ਦੀ ਸਮਝ ਵਿਚ ਆ ਗਿਆ ਕਿ ਇਹ ਤਾਂ ਕਹਿੰਦਾ ਹੈ ਕਿ ਮੈਂ ਮਰ ਜਾਣਾ ਹੈ। ਬਾਕੀ ਹੋਰ ਗੱਲਾਂ ਉਸਦੀ ਸਮਝ ਵਿਚ ਨਹੀਂ ਪਈਆਂ। ਉਹ ਉਚੀ-ਉਚੀ ਰੋਣ ਲੱਗ ਗਈ ਤੇ ਕਹਿਣ ਲੱਗੀ, "ਹੇ ਚੰਗੇ ਪੁਰਖ! ਤੂੰ ਮੈਨੂੰ ਆਤਮਾ ਨਾ ਕਹਿ। ਮੈਂ ਇਕੱਲੀ ਹੋ ਜਾਵਾਂਗੀ ਤਾਂ ਮੈਨੂੰ ਕੌਣ ਪਿਆਰ ਕਰੇਗਾ, ਮੇਰੇ ਚਾਓ ਮਲ੍ਹਾਰ, ਮੇਰਾ ਸਹੇਲੀਆਂ ਨਾਲ ਰਹਿਣਾ, ਮੇਰਾ ਮਾਂ-ਬਾਪ ਨਾਲ ਗਲਵੱਕੜੀਆਂ ਪਾ ਕੇ ਮਿਲਣਾ, ਪਿਆਰ ਕਰਨਾ ਇਹ ਸਭ ਕਿਥੇ ਜਾਵੇਗਾ? ਉਹ ਉਚੀ-ਉਚੀ ਰੋਣ ਲੱਗ ਗਈ ਤੇ ਕਹਿਣ ਲੱਗੀ, ਚੰਗੇ ਪੁਰਸ਼ ਤੂੰ ਜਾਹ ਨਾ। ਮੈਂ ਤੇਰੀ ਸੇਵਾ ਕਰਾਂਗੀ, ਤੇਰੀ ਗੁਲਾਮ ਬਣ ਕੇ ਮੈਂ ਤੈਨੂੰ ਕਹਾਂਗੀ ਕਿ ਤੂੰ ਮੈਨੂੰ ਓਹੀ ਤੀਰ ਮਾਰ ਤੇ ਜੋ ਦਰਦ ਤੈਨੂੰ ਸਹਿਣਾ ਪਿਆ ਹੈ ਉਹ ਮੈਂ ਸਹਾਂ। ਤੂੰ ਮੇਰੀ ਦਾਰੀ ਕਰੇਂ, ਮੇਰੇ ਮੂੰਹ ਵਿਚ ਦਵਾਈ ਪਾਵੇਂ ਅਤੇ ਮੇਰੇ ਮੱਥੇ ਤੇ ਲੇਪ ਕਰੇਂ, ਤਾਂ ਮੇਰੇ ਪਾਪ ਦਾ ਪ੍ਰਾਸਚਿਤ ਹੋ ਸਕੇਗਾ। ਤੂੰ ਮੈਨੂੰ ਆਤਮਾ ਨਾ ਬਣਾ, ਜਿਵੇਂ ਮੈਂ ਹਾਂ ਮੈਨੂੰ ਐਥੇ ਹੀ ਰਹਿਣ ਦੇ। ਐਨਾ ਕਹਿ ਕੇ ਉਹ ਉਚੀ-ਉਚੀ ਰੋਣ ਲੱਗ ਗਈ।

ਰੋਣਾ ਸੁਣ ਕੇ ਉਸ ਦੀ ਮਾਤਾ ਅੰਦਰ ਆ ਗਈ। ਉਸ ਨੂੰ ਬੁੱਕਲ ਵਿਚ ਲਿਆ ਤੇ ਕਹਿਣ ਲੱਗੀ, "ਕੀ ਹੋਇਆ?" ਤਾਂ ਰਾਜਕੁਮਾਰੀ ਕਹਿਣ ਲੱਗੀ, "ਮਾਤਾ! ਮੈਨੂੰ ਇਸ ਚੰਗੇ ਪੁਰਸ਼ ਨੇ ਕਿਹਾ ਹੈ ਕਿ ਤੂੰ ਰਾਜਕੁਮਾਰੀ ਨਹੀਂ ਹੈਂ, ਤੂੰ ਆਤਮਾ ਹੈਂ। ਤੈਨੂੰ ਕਿਸੇ ਦੇ ਪਿਆਰ ਦੀ ਲੋੜ ਨਹੀਂ ਹੈ, ਤੂੰ ਆਪ ਨਿਰਾ ਹੀ ਪਿਆਰ ਹੈਂ, ਤੂੰ ਸਰੀਰ ਨਹੀਂ ਹੈਂ, ਤੂੰ ਇਹਦੇ ਵਿਚ ਵਸਣ ਵਾਲੀ ਆਤਮਾ ਹੈਂ। ਮੈਂ ਇਕੱਲੀ ਹੋ ਗਈ ਹਾਂ, ਮਾਂ! ਮੈਨੂੰ ਇਕੱਲੇ ਪਨ ਦਾ ਡਰ ਵੱਢ-ਵੱਢ ਖਾਂਦਾ ਹੈ ਕਿ ਮੈਂ ਕਿਵੇਂ ਆਪਣੇ ਮਾਤਾ-ਪਿਤਾ ਨੂੰ ਪਿਆਰ ਕਰਾਂਗੀ, ਕਿਵੇਂ ਸਹੇਲੀਆਂ ਨੂੰ ਮਿਲਿਆ ਕਰਾਂਗੀ, ਕਿਵੇਂ ਘੋੜਿਆਂ ਤੇ ਚੜ੍ਹ ਕੇ ਸ਼ਸ਼ਤਰ ਚਲਾਵਾਂਗੀ, ਕਿਵੇਂ ਜੰਗਲ, ਬੇਲਿਆਂ ਵਿਚ ਘੁੰਮਾਂਗੀ? ਮਾਂ! ਮੈਂ ਮਰ ਰਹੀ ਹਾਂ ਇਸ ਚੰਗੇ ਪੁਰਸ਼ ਨੂੰ ਤੂੰ ਕਹਿ ਕਿ ਮੈਨੂੰ ਆਤਮਾ ਨਾ ਕਹੇ। ਮੈਂ ਰਾਜਕੁਮਾਰੀ ਹਾਂ, ਮੈਂ ਰਾਜਕੁਮਾਰੀ ਹੀ ਰਹਾਂ। ਮਾਤਾ! ਨਾਲੇ ਇਹ ਕਹਿ ਰਹੇ ਹਨ ਕਿ ਮੈਂ ਇਸ ਸਰੀਰ ਵਿਚੋਂ ਚਲੇ ਜਾਣਾ ਹੈ, ਮੇਰਾ ਪਿਆਰਾ ਬੁਲਾ ਰਿਹਾ ਹੈ। ਜਿਵੇਂ ਤੂੰ ਮੈਨੂੰ ਪਿਆਰ ਕਰਦੀ ਹੈਂ, ਐਵੇਂ ਜਿਵੇਂ ਮੈਂ ਵੀ ਆਪਣੇ ਪਿਆਰੇ ਨੂੰ ਪਿਆਰ ਕਰਦਾ ਹਾਂ। ਮਾਤਾ! ਮੇਰਾ ਸਿਰ ਘੁੰਮ ਰਿਹਾ ਹੈ, ਕੋਈ ਗੱਲ ਮੇਰੀ ਸਮਝ ਵਿਚ ਨਹੀਂ ਆ ਰਹੀ, ਮੈਨੂੰ ਇਸ ਗੱਲ ਤੋਂ ਬਚਾਅ। ਮੈਂ ਦੁਨੀਆਂ ਵਿਚ ਦੁਨੀਆਂ ਵਾਂਗੂੰ ਰਹਿਣਾ ਚਾਹੁੰਦੀ ਹਾਂ। ਇਹ ਕਹਿ ਰਿਹਾ ਹੈ ਕਿ ਮੈਂ ਮਰ ਜਾਣਾ ਹੈ। ਇਹ ਗੱਲ ਮੈਨੂੰ ਨਹੀਂ ਭਾਉਂਦੀ। ਮਾਂ ਕਹਿਣ ਲੱਗੀ ਬੱਚੀਏ! ਇਹ ਕੋਈ ਫੁਕਰਾ ਹੈ, ਇਹ ਲੋਕ ਵਾਧੂ ਦੀਆਂ ਗੱਲਾਂ ਕਰਿਆ ਕਰਦੇ ਹਨ, ਤੇਰੇ ਪਿਤਾ ਜੀ ਆ ਗਏ ਹਨ, ਤੂੰ ਚਲ ਕੇ ਆਪਣੇ ਪਿਤਾ ਜੀ ਨਾਲ ਪਿਆਰ ਕਰ। ਉਹ ਮਾਂ ਨੂੰ ਗਲਵੱਕੜੀ ਪਾਈਂ ਕਮਰੇ 'ਚੋਂ ਨਿਕਲਣ ਲੱਗੀ ਤਾਂ ਕੀ ਦੇਖਦੀ ਹੈ ਕਿ ਇਸ ਚੰਗੇ ਪੁਰਸ਼ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ। ਇਹ ਮਾਂ ਨੂੰ ਛੱਡ ਉਸ ਕੋਲ ਆ ਗਈ ਤੇ ਨੱਕ ਤੇ ਹੱਥ ਰੱਖ ਕੇ ਦੇਖਿਆ ਤੇ ਸਾਹ ਆ ਰਿਹਾ ਸੀ। ਮਾਂ ਉਸ ਨੂੰ ਬਾਹਰ ਲੈ ਗਈ। ਪਿਤਾ ਨੂੰ ਸਾਰੀ ਗੱਲ ਦੱਸੀ। ਪਿਤਾ ਕਹਿਣ ਲੱਗਿਆ, "ਬੇਟੀ! ਇਹ ਕੋਈ ਫੁਕਰਾ ਤੁਰਿਆ ਫਿਰਦਾ ਹੈ, ਇਹ ਵਾਧੂ ਦੀਆਂ ਗੱਲਾਂ ਹੀ ਕਰਿਆ ਕਰਦੇ ਹਨ ਕਿ ਇਹ ਸੰਸਾਰ ਦੁੱਖਾਂ ਦਾ ਘਰ ਹੈ ਤੇ ਸੁਖ ਨਾਮ ਜਪਣ ਨਾਲ ਮਿਲਦਾ ਹੈ। ਇਨ੍ਹਾਂ ਨੂੰ ਕੀ ਪਤਾ ਕਿ ਸੁੱਖ ਕਿਵੇਂ ਮਾਣੀਦੇ ਹਨ। ਅਜਿਹੀਆਂ ਗੱਲਾਂ ਕਹਿ ਕੇ ਇਹ ਲੋਕਾਂ ਨੂੰ ਡਰਾਉਂਦੇ ਹਨ। ਅਜਿਹੀਆਂ ਗੱਲਾਂ ਕਰਦੇ ਹਨ ਜੋ ਇਨ੍ਹਾਂ ਨੇ ਕਦੇ ਵੀ ਨਹੀਂ ਦੇਖੀਆਂ ਹੁੰਦੀਆਂ। ਲੋਕਾਂ ਨੂੰ ਡਰਾ-ਡਰਾ ਕੇ ਆਪਣਾ ਉੱਲੂ ਸਿੱਧਾ ਕਰਦੇ ਹਨ। ਮੈਂ ਹੁਣੇ ਚੋਬਦਾਰਾਂ ਨੂੰ ਹੁਕਮ ਕਰਦਾ ਹਾਂ ਕਿ ਇਸ ਫੁਕਰੇ ਨੂੰ ਜੰਗਲ ਵਿਚ ਸੁੱਟ ਆਵੋ, ਇਸਨੇ ਮੇਰੀ ਲਾਡਲੀ ਧੀ ਦੀ ਸ਼ਾਂਤੀ ਭੰਗ ਕਰ ਦਿਤੀ ਹੈ ਅਤੇ ਇਸ ਨੂੰ ਨਾ ਸਮਝ ਆਉਣ ਵਾਲੀ ਆਤਮਾ ਬਣਾ ਰਿਹਾ ਹੈ।

ਲੜਕੀ ਨੇ ਸੁਣਦੇ ਸਾਰ ਡਾਡ ਮਾਰੀ ਤੇ ਕਿਹਾ ਕਿ ਪਿਤਾ ਜੀ! ਇਸ ਚੰਗੇ ਪੁਰਸ਼ ਨੂੰ ਕੁਛ ਨਾ ਕਹੋ। ਉਹਦਾ ਕਿਹਾ ਮੈਨੂੰ ਬਹੁਤ ਪਿਆਰਾ ਲੱਗਦਾ ਹੈ। ਮੈਂ ਤਾਂ ਇਹ ਸੋਚ ਕੇ ਰੋਈ ਸਾਂ ਕਿ ਮੈਂ ਆਤਮਾ ਬਣ ਕੇ ਇਕੱਲੀ ਰਹਿ ਜਾਵਾਂਗੀ। ਪਿਤਾ ਜੀ ਉਹ ਚੰਗਾ ਪੁਰਸ਼ ਕਦੇ ਝੂਠ ਨਹੀਂ ਬੋਲਦਾ, ਉਹਦੇ ਬੋਲਾਂ ਵਿਚ ਖਿੱਚ ਹੈ, ਉਹਦੇ ਦੇਖਣ ਵਿਚ ਐਸੀ ਖਿੱਚ ਹੈ ਹਰ ਕਿਸੇ ਦਾ ਮਨ

ਮੋਹ ਲੈਂਦੇ ਹਨ, ਕਿੰਨੇ ਚੰਗੇ ਨੇ ਉਸ ਦੇ ਨੈਣ, ਕਿੰਨੇ ਚੰਗੇ ਨੇ ਉਸ ਦੇ ਬੋਲ; ਤੁਸੀਂ ਆਪ ਵੀ ਮੋਹੇ ਜਾਵੋਂਗੇ। ਤੁਹਾਨੂੰ ਐਉਂ ਲੱਗੇਗਾ ਕਿ ਇਹ ਤਾਂ ਕੋਈ ਪੂਰਨ ਪੁਰਸ਼ ਹੈ। ਜੇ ਤੁਸੀਂ ਇਹਨੂੰ ਕੁਛ ਕਿਹਾ ਤਾਂ ਮੈਂ ਕਟਾਰ ਮਾਰ ਕੇ ਮਰ ਜਾਵਾਂਗੀ।

ਇਹ ਸੁਣ ਕੇ ਪਿਤਾ ਨੇ ਕਿਹਾ ਕਿ ਮੇਰੀ ਬੱਚੀਏ! ਤੂੰ ਫਿਕਰ ਨਾ ਕਰ, ਉਹ ਜਿਉਂਦਾ ਹੈ, ਉਸਦੇ ਸਵਾਸ ਚਲਦੇ ਹਨ। ਮੈਂ ਵੈਦ ਜੀ ਨੂੰ ਤਾਕੀਦ ਕੀਤੀ ਹੈ ਕਿ ਤੁਸੀਂ ਉਸ ਨੂੰ ਕੋਈ ਐਸਾ ਕੁਸ਼ਤਾ ਆਦਿ ਦੇਵੋ ਜਿਹਦੇ ਨਾਲ ਇਹਦੇ ਵਿਚ ਤਾਕਤ ਆ ਜਾਵੇ ਤੇ ਇਹ ਚੱਲਣ ਫਿਰਨ ਲੱਗ ਜਾਵੇ। ਕਹਿਣ ਲੱਗੀ, "ਪਿਤਾ ਜੀ! ਜਿਵੇਂ ਮੈਂ ਤੁਹਾਨੂੰ ਪਿਆਰ ਕਰਦੀ ਹਾਂ, ਜਾਂ ਜਦੋਂ ਤੁਸੀਂ ਕਈ ਵਾਰ ਦੇਰ ਨਾਲ ਆਵੋਂ ਤਾਂ ਮੇਰੇ ਅੰਦਰ ਇਕ ਬੇਚੈਨੀ ਲਗਦੀ ਹੈ ਤੇ ਮੇਰਾ ਜੀਅ ਨਹੀਂ ਲਗਦਾ, ਮੈਂ ਅੰਦਰ ਬਾਹਰ ਘੁੰਮਦੀ ਫਿਰਦੀ ਹਾਂ। ਜਦੋਂ ਤੁਸੀਂ ਆਉਂਦੇ ਹੋ ਤਾਂ ਮੈਂ ਤੁਹਾਨੂੰ ਮਿਲਦੀ ਹਾਂ, ਮੇਰਾ ਜੀਅ ਭਰ ਜਾਂਦਾ ਹੈ ਤੇ ਉਹ ਬੇਚੈਨੀ ਦੂਰ ਹੋ ਜਾਂਦੀ ਹੈ। ਇਵੇਂ ਜਿਵੇਂ ਜਦੋਂ ਮੈਂ ਇਸ ਚੰਗੇ ਮਨੁੱਖ ਦੇ ਕੋਲ ਜਾਂਦੀ ਹਾਂ ਤਾਂ ਮੇਰਾ ਮਨ ਭਰਿਆ-ਭਰਿਆ ਰਹਿੰਦਾ ਹੈ ਤੇ ਇਹ ਮੈਨੂੰ ਸਾਰੀ ਦੁਨੀਆਂ ਨਾਲੋਂ ਚੰਗਾ ਪੁਰਸ਼ ਲਗਦਾ ਹੈ। ਮੇਰੇ ਅੰਦਰ ਕੋਈ ਖੇੜਾ ਆਉਂਦਾ ਹੈ - ਇਹ ਸੋਚ ਕੇ, ਕਿ ਇਹ ਰਾਜ਼ੀ ਹੋ ਜਾਵੇ, ਚਲਣ ਫਿਰਨ ਲੱਗ ਜਾਵੇ। ਜਿਵੇਂ ਮੈਂ ਆਪਣੇ ਘਰ ਵਿਚ ਰਹਿੰਦੀ ਹਾਂ ਇਸੇ ਤਰ੍ਹਾਂ ਇਹ ਆਪਣੇ ਘਰ ਵਿਚ ਏਥੇ ਹੀ ਰਹੇ ਅਤੇ ਤੁਹਾਨੂੰ ਪਿਤਾ ਜੀ ਕਹੇ, ਮਾਤਾ ਨੂੰ ਮਾਤਾ ਜੀ ਕਹੇ।" ਐਨੀਆਂ ਗੱਲਾਂ ਸੁਣ ਕੇ ਉਸ ਦਾ ਪਿਤਾ ਸਮਝ ਗਿਆ ਕਿ ਰਾਜਕੁਮਾਰੀ ਨੂੰ ਉਹਦੇ ਨਾਲ ਕਿਸੇ ਉਚੇ ਕਿਸਮ ਦਾ ਪਿਆਰ ਹੋ ਗਿਆ ਹੈ ਜਿਸਨੂੰ ਅਸੀਂ ਮਾਇਆਧਾਰੀ ਸਮਝ ਨਹੀਂ ਸਕਦੇ। ਉਹਦੇ ਰੋਮ-ਰੋਮ ਵਿਚ ਇਸ ਪ੍ਰਦੇਸੀ ਦਾ ਪਿਆਰ ਵਸ ਗਿਆ ਹੈ। ਜੇ ਮੈਂ ਇਸ ਨੂੰ ਬਾਹਰ ਕਿਤੇ ਸੁਟਵਾ ਦਿਤਾ ਤਾਂ ਇਹ ਬਿਰਹੁ ਕੁਠੀ ਹੋ ਕੇ ਮਰ ਜਾਵੇਗੀ। ਇਸ ਨੇ ਜਿਉਂ ਨਹੀਂ ਸਕਣਾ। ਹੋ ਸਕਦਾ ਹੈ ਕਿ ਇਹ ਕਿਸੇ ਉਚੇ ਕਿਸਮ ਦਾ ਸਾਧੂ ਹੋਵੇ ਅਤੇ ਰਾਜਕੁਮਾਰੀ ਨੂੰ ਕਿਸੇ ਉਚੇ ਗਿਆਨ ਵਿਚ ਪ੍ਰਵੇਸ਼ ਕਰਾਉਂਦਾ ਹੋਵੇ ਕਿਉਂਕਿ ਵੈਦ ਜੀ ਕਹਿੰਦੇ ਸਨ ਕਿ ਅਸੀਂ ਜਤਨ ਤਾਂ ਬਹੁਤ ਕਰ ਰਹੇ ਹਾਂ ਕਿ ਇਹ ਠੀਕ ਹੋ ਜਾਵੇ ਪਰ ਇਸ ਦਾ ਬਚ ਜਾਣਾ ਅਸੰਭਵ ਹੈ ਤੇ ਇਹ ਵੀ ਕਹਿੰਦੇ ਹਨ ਕਿ ਇਹ ਗੱਲ ਰਾਜਕੁਮਾਰੀ ਤੋਂ ਗੁਪਤ ਰੱਖਣੀ ਹੈ।

ਉਸ ਵੇਲੇ ਗੱਲ ਬਦਲ ਕੇ ਕਹਿਣ ਲੱਗਿਆ ਕਿ ਪਿਆਰੀ ਬੇਟੀ! ਇਹ ਮਰਦਾ ਨਹੀਂ, ਵੈਦ ਜੀ ਪੂਰਾ ਤਾਣ ਲਾ ਰਹੇ ਹਨ। ਬਹੁਤ ਸ਼ਕਤੀ ਦੇਣ ਵਾਲੀਆਂ ਦਵਾਈਆਂ ਇਸ ਨੂੰ ਦੇ ਰਹੇ ਹਨ। ਤੈਨੂੰ ਉਸ ਨੇ ਕਿਹਾ ਹੈ ਕਿ ਤੂੰ ਆਤਮਾ ਹੈਂ; ਇਹ ਗੱਲਾਂ ਤਾਂ ਆਮ ਸਾਧ, ਸੰਤ ਕਿਹਾ ਹੀ ਕਰਦੇ ਹਨ। ਇਹ ਆਪਣੇ ਵਰਗੇ ਲੋਕਾਂ ਦੇ ਸੁਣਨ ਦੀਆਂ ਗੱਲਾਂ ਨਹੀਂ ਹੁੰਦੀਆਂ। ਅਜਿਹੀਆਂ ਗੱਲਾਂ ਤਾਂ ਇਹ ਸੰਸਾਰ ਕਰਦਾ ਤੇ ਸੁਣਾਉਂਦਾ ਹੀ ਰਹਿੰਦਾ ਹੈ। ਬੱਚੀਏ! ਆਪਾਂ ਸਰੀਰ ਹਾਂ, ਖਾਣਾ, ਪੀਣਾ, ਆਪਣੀਆਂ ਸ਼ਕਤੀਆਂ ਵਧਾਉਣੀਆਂ, ਰਾਜ ਭਾਗ ਹੋਰ ਵਧਾਉਣੇ ਇਹ ਆਪਣੇ ਰਾਠ ਲੋਕਾਂ ਦਾ ਕੰਮ ਹੈ। ਜੇ ਇਨ੍ਹਾਂ ਗੱਲਾਂ ਵਿਚ ਪੈ ਗਏ ਤਾਂ ਕੋਈ ਸਾਡੇ ਤੋਂ ਵੀ ਤਕੜਾ ਰਾਜਾ ਆ ਕੇ ਸਾਡੇ ਤੇ ਹਮਲਾ ਕਰਕੇ ਰਾਜ ਖੋਹ ਲਵੇਗਾ। ਅਸੀਂ ਲੋਕ ਤਾਂ ਓਹੀ ਗੱਲ ਮੰਨਦੇ ਹਾਂ ਜੋ ਅਸਾਡੇ ਸਾਮ੍ਹਣੇ ਹੁੰਦੀ ਹੈ। ਇਹ ਜੀਵਨ ਤਾਂ ਖਾਣ, ਪੀਣ, ਹੰਢਾਉਣ, ਮੌਜਾਂ ਮਾਣਨ ਵਾਸਤੇ ਮਿਲਦਾ ਹੈ; ਨਾ ਕੋਈ ਨਰਕ ਹੈ, ਨਾ ਸਵਰਗ ਹੈ।

ਤੂੰ ਯਾਦ ਕਰ ਜਦੋਂ ਪੰਡਤ ਜੀ ਕਥਾ ਸੁਣਾ ਰਹੇ ਸੀ ਕਿ ਮਰਨ ਤੋਂ ਬਾਦ ਜੀਵ ਕਿੰਨੇ ਲੰਬੇ ਬਿਖੜੇ ਪੈਂਡੇ ਵਿਚੋਂ ਲੰਘਦਾ ਹੈ ਤਾਂ ਤੂੰ ਪੰਡਤ ਜੀ ਨੂੰ ਨਰਾਜ਼ ਹੋ ਕੇ ਕਿਹਾ ਸੀ ਕਿ ਤੂੰ ਮੈਨੂੰ ਜਮਦੂਤਾਂ ਦਾ ਡਰ ਦਿੰਦਾ ਹੈਂ, ਮੈਂ ਰਾਠ ਦੀ ਧੀ ਹਾਂ, ਅਜਿਹੀਆਂ ਕਮਜ਼ੋਰ ਗੱਲਾਂ ਕਰਕੇ ਤੂੰ ਮੈਨੂੰ ਡਰਾਉਣਾ ਚਾਹੁੰਦਾ ਹੈਂ। ਜਿਵੇਂ ਦੀਵੇ ਵਿਚ ਬੱਤੀ ਜਗਦੀ ਹੈ - ਤੇਲ ਦੇ ਆਸਰੇ; ਤੇਲ ਮੁਕ ਗਿਆ ਦੀਵਾ ਬੁਝ ਗਿਆ। ਸੋ ਇਸੇ ਤਰ੍ਹਾਂ ਨਾਲ ਅਸੀਂ ਇਥੇ ਸੰਸਾਰ ਵਿਚ ਹਾਂ, ਤੂੰ ਸਾਨੂੰ ਪ੍ਰਲੋਕ ਦੀਆਂ ਗੱਲਾਂ ਦੱਸ-ਦੱਸ ਕੇ ਡਰਾਉਂਦਾ ਹੈ? ਸੋ ਬੇਟਾ! ਤੂੰ ਆਤਮਾ ਨਹੀਂ ਹੈਂ। ਜੋ ਕੁਝ ਤੂੰ ਦਿਸਦੀ ਹੈਂ, ਤੂੰ ਓਹੀ ਹੈਂ। ਤੂੰ ਰਾਜਕੁਮਾਰੀ ਹੀ ਹੈਂ ਇਨ੍ਹਾਂ ਕਮਜ਼ੋਰ ਗੱਲਾਂ ਵਲ ਧਿਆਨ ਨਾ ਦੇ। ਮੈਂ ਤੇਰੇ ਤੋਂ ਡਰਦਾ ਹਾਂ, ਨਹੀਂ ਤਾਂ ਮੈਂ ਇਸ ਨੂੰ ਕਦੋਂ ਦਾ ਕਿਸੇ ਜੰਗਲ ਵਿਚ ਸੁਟਵਾ ਦਿਤਾ ਹੁੰਦਾ ਤਾਂ ਕਿ ਇਹ ਮੇਰੀ ਲਾਡਲੀ ਧੀ ਨੂੰ ਆਤਮਾ-ਆਤਮਾ ਕਹਿ ਕੇ ਨਾ ਡਰਾਉਂਦਾ। ਤੂੰ ਬੇਫਿਕਰ ਰਹਿ, ਤੂੰ ਉਹਦੀਆਂ ਗੱਲਾਂ ਨਾ ਸੁਣ।

ਰਾਜਕੁਮਾਰੀ ਕਹਿਣ ਲੱਗੀ, "ਪਿਤਾ ਜੀ! ਉਹਦੀਆਂ ਗੱਲਾਂ ਐਨੀਆਂ ਵਜ਼ਨਦਾਰ ਹਨ ਉਥੇ ਸਾਡੀ ਅਕਲ ਕੁਝ ਵੀ ਕੰਮ ਨਹੀਂ ਕਰਦੀ। ਉਸ ਨੇ ਮੈਨੂੰ ਬੜੀ ਜੁਗਤ ਨਾਲ ਸਮਝਾ ਦਿਤਾ ਕਿ ਜੀਵ ਆਤਮਾ ਕਦੇ ਮਰਿਆ ਨਹੀਂ ਕਰਦਾ। ਇਹ ਸਰੀਰ ਛੱਡ ਦਿੰਦਾ ਹੈ ਅਤੇ ਦੂਸਰਾ ਆਪਣੇ ਕਰਮਾਂ ਦੇ ਵਸ ਧਾਰਨ ਕਰ ਲੈਂਦਾ ਹੈ। ਜੇ ਚੰਗੇ ਕਰਮ ਕੀਤੇ ਹੋਣ, ਕਿਸੇ ਨੂੰ ਦੁਖੀ ਨਾ ਕੀਤਾ ਹੋਵੇ, ਕਿਸੇ ਦੇ ਹੱਕਾਂ ਤੇ ਛਾਪਾ ਨਾ ਮਾਰਿਆ ਹੋਵੇ ਤੇ ਇਸ ਸਰੀਰ ਵਿਚ ਰਹਿ ਕੇ ਦਾਨ, ਪੁੰਨ, ਨੇਕੀ ਕਰੇ ਤਾਂ ਜਦੋਂ ਅਗਲਾ ਸਰੀਰ ਧਾਰਨ ਕਰੇਗਾ ਉਹ ਮਨੁੱਖ ਦਾ ਸਰੀਰ ਹੀ ਹੋਵੇਗਾ। ਉਸ ਨੇ ਮੈਨੂੰ ਦੱਸਿਆ ਕਿ ਜਿਵੇਂ ਆਪਾਂ ਕੱਪੜੇ ਬਦਲ ਲੈਂਦੇ ਹਾਂ, ਕੱਪੜੇ ਪੁਰਾਣੇ ਹੋ ਜਾਣ ਤਾਂ ਫੇਰ ਆਪਾਂ ਉਹ ਕੱਪੜੇ ਨਹੀਂ ਪਹਿਨਦੇ ਇਸੇ ਤਰ੍ਹਾਂ ਨਾਲ ਅਸੀਂ ਇਕ ਸਰੀਰ ਛੱਡ ਕੇ ਨਵੇਂ ਸਰੀਰ ਰੂਪੀ ਵਸਤਰ ਪਹਿਨ ਲੈਂਦੇ ਹਾਂ। ਜਨਮ ਬਤੀਤ ਕਰਦੇ-ਕਰਦੇ ਸਰੀਰ ਰੋਗੀ ਵੀ ਹੋ ਜਾਇਆ ਕਰਦਾ ਹੈ। ਬੁਢਾਪਾ ਆ ਜਾਇਆ ਕਰਦਾ ਹੈ ਅਤੇ ਇਸ ਦੇ ਸਾਰੇ ਅੰਗ ਕਮਜ਼ੋਰ ਹੋ ਜਾਂਦੇ ਹਨ। ਜਨਮ ਤੋਂ ਤੁਰੇ ਆ ਰਹੇ ਸਾਥੀ - ਅੱਖਾਂ,

ਨੱਕ, ਕੰਨ, ਜੀਭ, ਹੱਥ, ਪੈਰ ਆਪਣੀ ਕ੍ਰਿਆ ਸ਼ਕਤੀ ਵਿਚ ਖੀਨ ਹੋ ਜਾਂਦੇ ਹਨ, ਸਰੀਰ ਰੋਗੀ ਹੋ ਜਾਂਦਾ ਹੈ, ਤਾਂ ਇਹ ਸਰੀਰ ਛੱਡ ਕੇ ਨਵਾਂ ਸਰੀਰ ਧਾਰਨ ਕਰ ਲਈਦਾ ਹੈ। ਸੋ ਇਹ ਗੱਲਾਂ ਮੈਨੂੰ ਅੱਛੀਆਂ ਲਗਦੀਆਂ ਹਨ। ਇਹ ਜੋ ਆਪਾਂ ਗੱਲਾਂ ਕਰਦੇ ਹਾਂ ਕਿ ਸਰੀਰ ਧਾਰਨ ਕਰਕੇ ਖਾਓ, ਪੀਓ, ਮੌਜ ਕਰੋ, ਫੇਰ ਅੰਤ ਕੀ ਹੋਏਗਾ? ਮਰ ਗਏ। ਉਹ ਚੰਗਾ ਪੁਰਸ਼ ਕਹਿੰਦਾ ਹੈ ਕਿ ਅਸੀਂ ਮਰਨ ਤੋਂ ਪਿਛੋਂ ਵੀ ਜਿਉਂਦੇ ਰਹਿੰਦੇ ਹਾਂ। ਇਹ ਜੀਵ ਆਤਮਾ ਮਰਿਆ ਨਹੀਂ ਕਰਦਾ। ਇਸ ਜਨਮ ਵਿਚ ਇਹ ਕਰਮ ਕਰਦਾ ਹੈ ਅਤੇ ਆਪਣੀ ਵਾਸ਼ਨਾ ਦੇ ਮੁਤਾਬਿਕ ਇਸ ਨੂੰ ਹੋਰ ਸਰੀਰ ਮਿਲ ਜਾਇਆ ਕਰਦਾ ਹੈ। ਮੈਨੂੰ ਤੁਹਾਡੀ ਸੋਚ ਪਸੰਦ ਨਹੀਂ ਕਿ ਖਾਓ ਪੀਉ ਮੌਜ ਕਰੋ ਕਿਉਂਕਿ ਅੰਤ ਮਰ ਜਾਣਾ ਹੈ। ਕੀ ਹੋਇਆ ਇਹ ਜੀਵਨ? ਨਸ਼ੇ ਖਾਣ ਵਾਲਾ ਹਰ ਵੇਲੇ ਤੋਟਾ ਆਉਣ ਤੋਂ ਪਹਿਲਾਂ ਨਸ਼ਾ ਖਾਵੇ ਤਾਂ ਨਸ਼ਾ ਚੜ੍ਹਿਆ ਰਹਿੰਦਾ ਹੈ।"

ਮੈਂ ਚੰਗੇ ਪਰਦੇਸੀ ਨੂੰ ਪੁਛਿਆ ਕਿ ਤੁਹਾਨੂੰ ਜ਼ਖਮ ਦਾ ਬਹੁਤ ਦਰਦ ਝਲਣਾ ਪੈਂਦਾ ਹੈ ਤੁਸੀਂ ਕਲਪਦੇ ਕਿਉਂ ਨਹੀਂ? ਹਾਇ-ਹਾਇ ਕਿਉਂ ਨਹੀਂ ਕਰਦੇ, ਜਦੋਂ ਭੀ ਮੈਂ ਵੇਖਦੀ ਹਾਂ ਤੁਹਾਡੇ ਚਿਹਰੇ ਤੇ ਸਦਾ ਹੀ ਮੁਸਕਰਾਹਟ ਰਹਿੰਦੀ ਹੈ ਅਤੇ ਅੱਖਾਂ ਵਿਚੋਂ ਇਕ ਬਹੁਤ ਹੀ ਪਿਆਰੀ ਖੁਮਾਰੀ ਰਹਿੰਦੀ ਹੈ। ਇਹ ਕੀ ਗੱਲ ਹੈ ਤੁਸੀਂ ਹਰ ਵਕਤ ਨਵੇਂ ਨਰੋਏ ਪ੍ਰਤੀਤ ਦਿੰਦੇ ਰਹਿੰਦੇ ਹੋ ਭਾਵੇਂ ਜ਼ਖਮਾਂ ਕਰਕੇ ਤੁਹਾਨੂੰ ਹਿਲਣਾ ਜੁਲਣਾ ਭੀ ਮੁਸ਼ਕਲ ਹੋ ਰਿਹਾ ਹੈ। ਪਿਤਾ ਜੀ! ਉਹ ਕਹਿੰਦਾ ਕਿ ਆਦਮੀ ਦੇ ਅੰਦਰ ਵਾਹਿਗੁਰੂ ਜੀ ਦਾ ਨਾਮ ਸਮੋਇਆ ਹੋਇਆ ਹੈ। ਮੈਂ ਉਸ ਨਾਮ ਵਿਚ ਰਹਿੰਦਾ ਹਾਂ ਅਤੇ ਉਸ ਨਾਮ ਦੀ ਖੁਮਾਰੀ ਸਦਾ ਹੀ ਚੜ੍ਹੀ ਰਹਿੰਦੀ ਹੈ। ਉਹ ਨਾਮ ਖੁਮਾਰੀ ਜਿਸ ਨੂੰ ਭੀ ਪ੍ਰਾਪਤ ਹੋ ਜਾਵੇ ਉਹ ਸਦਾ ਖਿੜਿਆ ਰਹਿੰਦਾ ਹੈ।

***ਨਾਨਕ ਭਗਤਾ ਸਦਾ ਵਿਗਾਸ॥***

***ਪੰਨਾ -2***

ਖਾ ਪੀ ਕੇ ਮਰ ਗਏ, ਮੜ੍ਹੀਆਂ ਵਿਚ ਜਲ ਗਏ, ਕਬਰਾਂ ਵਿਚ ਦੱਬੇ ਗਏ; ਕੀ ਹੋਇਆ ਇਹ ਜੀਵਨ? ਜੀਵਨ ਤਾਂ ਉਹ ਹੀ ਠੀਕ ਹੈ ਜੋ ਮਰਨ ਪਿਛੋਂ ਫੇਰ ਜਿਉਂਦਾ ਹੀ ਰਹੇ, ਹੋਰ ਸਰੀਰ ਧਾਰ ਲਵੇ।

ਰਾਜ ਕੁਮਾਰੀ ਅਜਿਹੀਆਂ ਗੱਲਾਂ ਪਿਤਾ ਨਾਲ ਕਰ ਰਹੀ ਸੀ, ਮਾਤਾ ਭੀ ਸੁਣ ਰਹੀ ਸੀ। ਉਹ ਅੰਦਰੇ-ਅੰਦਰ ਇਸ ਗੱਲ ਵਲ ਪੂਰਾ ਧਿਆਨ ਦੇ ਕੇ ਪੰਡਤ ਜੀ ਦੀਆਂ ਗੱਲਾਂ ਯਾਦ ਕਰ ਰਹੇ ਸਨ ਕਿ ਜੋ ਪੁੰਨ ਦਾਨ, ਨੇਕ ਕਰਮ ਧਰਮ ਕਰਕੇ ਮਰਦਾ ਹੈ ਉਹ ਸਵਰਗ ਨੂੰ ਜਾਂਦਾ ਹੈ ਅਤੇ ਮਾੜਾ ਕੰਮ ਕਰਨ ਵਾਲਾ ਨਰਕਾਂ ਦੇ ਦੁੱਖ ਭੋਗਦਾ ਹੈ ਅਤੇ ਕੁੱਤੇ ਬਿਲਿਆਂ ਦੀਆਂ ਜੂਨਾਂ ਭੋਗਦਾ ਹੈ।

ਰਾਜ ਕੁਮਾਰੀ ਦਾ ਪਿਤਾ ਕਹਿਣ ਲੱਗਿਆ, "ਬੇਟੀ! ਸੱਚਮੁੱਚ ਹੀ ਤੈਨੂੰ ਅਤਿ ਪਿਆਰਾ ਲੱਗਣ ਵਾਲਾ ਪਰਦੇਸੀ ਬਹੁਤ ਚੰਗਾ ਨੌਜਵਾਨ ਹੈ। ਉਹ ਜੋ ਕੁਝ ਕਹਿੰਦਾ ਹੈ ਉਹ ਠੀਕ ਹੀ ਹੈ। ਜਿਹੜਾ ਉਹ ਕਹਿੰਦਾ ਹੈ ਕਿ ਤੂੰ ਆਤਮਾ ਹੈਂ ਉਹ ਗੱਲ ਤੂੰ ਪੰਡਿਤ ਜੀ ਤੋਂ ਸਮਝ। ਮੈਂ ਤਾਂ ਰਾਠ ਹਾਂ, ਯੁੱਧਾਂ ਜੰਗਾਂ ਬਾਰੇ ਚੰਗੀ ਤਰ੍ਹਾਂ ਜਾਣਦਾ ਹਾਂ। ਆਤਮਾ ਦੀ ਗੱਲ ਮੇਰੀ ਭੀ ਸਮਝ ਤੋਂ ਪਰ੍ਹੇ ਹੈ। ਕਈ ਵਾਰੀ ਪੰਡਿਤ ਜੀ ਜਦੋਂ ਗੀਤਾ ਦੀ ਕਥਾ ਕਰਦੇ ਹਨ ਉਹ ਆਤਮਾ ਦੀ ਗੱਲ ਕਰਿਆ ਕਰਦੇ ਹਨ।"

ਰਾਜਕੁਮਾਰੀ ਦੇ ਪਿਤਾ ਨੇ ਆਪਣੇ ਰਾਜ ਪੰਡਤ ਜੀ ਨੂੰ ਬੁਲਾਇਆ ਅਤੇ ਉਸ ਨੂੰ ਸਮਝਾਇਆ ਕਿ ਜੋ ਪੁਰਸ਼ ਇਸ ਰਾਜਕੁਮਾਰੀ ਦੇ ਹੱਥੋਂ ਘਾਇਲ ਹੋਇਆ ਸੀ, ਮੈਨੂੰ ਐਉਂ ਲਗਦਾ ਹੈ ਕਿ ਉਹ ਕੋਈ ਸਾਧੂ ਕਿਸਮ ਦਾ ਬੰਦਾ ਹੈ। ਉਸਨੇ ਅੱਜ ਰਾਜਕੁਮਾਰੀ ਨੂੰ ਕਿਹਾ ਕਿ ਤੂੰ ਆਤਮਾ ਹੈਂ, ਤੈਨੂੰ ਕਿਸੇ ਚੀਜ਼ ਦੀ ਚਾਹ ਨਹੀਂ ਹੈ, ਤੂੰ ਅਚਾਹ ਹੈਂ, ਤੈਨੂੰ ਕਿਸੇ ਪਿਆਰ ਦੀ ਲੋੜ ਨਹੀਂ ਹੈ, ਤੂੰ ਆਪ ਹੀ ਪਿਆਰ ਹੈਂ; ਤੈਨੂੰ ਸੁੱਖ ਦੀ ਲੋੜ ਨਹੀਂ ਹੈ, ਤੂੰ ਸੁਖ ਦੇਣ ਵਾਲੀ ਹੈਂ, ਤੂੰ ਆਪ ਹੀ ਨਿਰੋਲ ਖੁਸ਼ੀਆਂ ਦਾ ਭੰਡਾਰਾ ਹੈਂ, ਤੂੰ ਸਦਾ ਜਾਗਦੀ ਰਹਿਣ ਵਾਲੀ ਜੋਤ ਹੈਂ, ਤੂੰ ਕਦੇ ਮਰਦੀ ਨਹੀਂ, ਤੂੰ ਆਪਣੇ ਸਰੂਪ ਨੂੰ ਪਛਾਣ। ਪੰਡਤ ਜੀ! ਰਾਜ ਕੁਮਾਰੀ ਨੂੰ ਇਹ ਗੱਲਾਂ ਸਮਝ ਨਹੀਂ ਆ ਰਹੀਆਂ ਅਤੇ ਇਹ ਘਬਰਾ ਕੇ ਰੋ ਰਹੀ ਹੈ ਕਿ ਮੈਂ ਇਕੱਲੀ ਰਹਿ ਜਾਵਾਂਗੀ, ਮੈਨੂੰ ਪਿਆਰ ਦੀ ਹਰ ਵਕਤ ਲੋੜ ਹੈ ਅਤੇ ਮੇਰਾ ਜੀਅ ਕਰਦਾ ਰਹਿੰਦਾ ਹੈ ਕਿ ਮੇਰੇ ਮਾਤਾ-ਪਿਤਾ, ਮੇਰੀਆਂ ਸਖੀਆਂ ਸਹੇਲੀਆਂ ਮੈਨੂੰ ਜੀਅ ਭਰ ਕੇ ਪਿਆਰ ਕਰਨ ਅਤੇ ਆਪਣੇ ਕਲਾਵੇ ਵਿਚ ਲੈ ਕੇ ਘੁੱਟ ਕੇ ਕਹਿਣ ਕਿ ਅਸਾਨੂੰ ਤੇਰਾ ਬਹੁਤ ਹੀ ਪਿਆਰ ਆਉਂਦਾ ਹੈ। ਤਾਂ ਮੇਰਾ ਮਨ ਰਾਜ਼ੀ ਹੁੰਦਾ ਹੈ।

ਸੋ ਐਸੇ ਵਹਿਣਾਂ ਵਿਚ ਪਈ ਰਾਜਕੁਮਾਰੀ ਬਹੁਤ ਘਬਰਾ ਗਈ ਹੈ ਕਿਉਂਕਿ ਉਸ ਪਰਦੇਸੀ ਨੇ ਬਹੁਤ ਉਚੀ ਕਿਸਮ ਦੀਆਂ ਗੱਲਾਂ ਇਸ ਨਾਲ ਕੀਤੀਆਂ ਹਨ ਜਿਨ੍ਹਾਂ ਨੂੰ ਮੰਨਣ ਤੇ ਝੱਲਣ ਵਾਸਤੇ ਅਜੇ ਰਾਜ ਕੁਮਾਰੀ ਤਿਆਰ ਨਹੀਂ ਹੈ। ਉਹ ਪਰਦੇਸੀ ਅਜੇ ਜਿਉਂਦਾ ਹੈ ਰਾਜਕੁਮਾਰੀ ਉਸਨੂੰ ਬਹੁਤ ਸੱਚੇ ਕਿਸਮ ਦਾ ਪਿਆਰ ਕਰਦੀ ਹੈ। ਉਸ ਨੂੰ ਜਦੋਂ ਹੋਸ਼ ਆਵੇਗੀ ਉਸ ਨੇ ਫੇਰ ਇਹੀ ਗੱਲਾਂ ਕਰਨੀਆਂ ਹਨ ਫੇਰ ਇਹ ਘਬਰਾਵੇਗੀ। ਤੁਸੀਂ ਇਸ ਨੂੰ ਦੱਸੋ, ਸਮਝਾਵੋ, ਆਤਮਾ ਕੀ ਹੈ? ਕੀ ਇਹ ਹੁੰਦੀ ਵੀ ਹੈ ਕਿ ਨਹੀਂ, ਕਿ ਐਵੇਂ ਡਰ ਹੀ ਪਾਇਆ ਹੋਇਆ ਹੈ? ਮੈਨੂੰ ਤਾਂ ਐਉਂ ਲਗਦਾ ਹੈ ਕਿ ਇਹ ਵਾਧੂ ਦੀਆਂ ਹੀ ਗੱਲਾਂ ਹਨ। ਆਦਮੀ ਸੰਸਾਰ ਵਿਚ ਆਉਂਦਾ ਹੈ, ਆਪਣੀਆਂ ਪਰਸਥਿਤੀਆਂ ਦੇ ਮੁਤਾਬਿਕ ਜੀਵਨ ਨਿਰਬਾਹ ਕਰਕੇ ਖਤਮ ਹੋ ਜਾਂਦਾ ਹੈ। ਇਹ ਤੁਹਾਡੇ ਪੰਡਤਾਂ ਦੀਆਂ ਹੀ ਗੱਲਾਂ ਹਨ ਕਿ ਆਤਮਾ ਹੈ, ਜੀਵ ਆਤਮਾ ਹੈ ਸਾਡੇ ਨਾਲ ਤਾਂ ਇਨ੍ਹਾਂ ਦਾ ਕੋਈ ਮਤਲਬ ਨਹੀਂ, ਸਾਨੂੰ ਤਾਂ ਇਹ ਵਾਧੂ ਦੇ ਡਰਾਵੇ ਹੀ ਲਗਦੇ ਹਨ। ਦੀਵੇ ਵਿਚ ਬੱਤੀ ਓਨੀਂ ਦੇਰ

ਤੱਕ ਜਲਦੀ ਹੈ ਜਿੰਨੀ ਦੇਰ ਤੱਕ ਦੀਵੇ ਵਿਚ ਤੇਲ ਹੁੰਦਾ ਹੈ। ਤੇਲ ਮੁੱਕ ਗਿਆ, ਬੱਤੀ ਬੁਝ ਗਈ, ਫੇਰ ਬਾਕੀ ਕੀ ਰਹਿ ਗਿਆ? ਇਹੀ ਗੱਲ ਸਾਡੇ ਆਦਮੀਆਂ ਨਾਲ ਹੈ। ਜਿੰਨਾਂ ਚਿਰ ਸਰੀਰ ਨਵਾਂ ਨਰੋਆ ਹੈ ਚਲਦਾ ਰਹਿੰਦਾ ਹੈ; ਬਿਮਾਰ ਹੋ ਗਿਆ, ਇਲਾਜ ਨਾਲ ਠੀਕ ਨਾ ਹੋ ਸਕਿਆ ਤਾਂ ਇਹ ਤੁਰ ਜਾਇਆ ਕਰਦਾ ਹੈ।

ਐਨੀ ਗੱਲ ਸੁਣ ਕੇ ਪੰਡਤ ਜੀ ਕਹਿਣ ਲੱਗੇ ਕਿ ਰਾਜਨ! ਵੇਦਾਂ ਸ਼ਾਸ਼ਤਰਾਂ ਦੀ ਮਤ ਉਤੇ ਕਿੰਤੂ ਕਰਨ ਦਾ ਸਾਨੂੰ ਅਧਿਕਾਰ ਨਹੀਂ ਹੈ। ਅਸਾਡੀ ਮਤ ਅਲਪੱਗ ਹੈ। ਰਿਸ਼ੀਆਂ ਮੁਨੀਆਂ ਨੇ ਜੰਗਲਾਂ ਵਿਚ ਰਹਿ ਕੇ ਸਾਰੇ ਜੀਵਨ ਦੇ ਸੁੱਖ ਸਵਾਦ ਛੱਡ ਕੇ ਅੰਦਰਲੀ ਖੋਜ ਕੀਤੀ ਹੈ। ਉਹ ਮਤ ਬਿਲਕੁਲ ਸਤਿ ਹੈ। ਮੈਂ ਕੋਸ਼ਿਸ਼ ਕਰਾਂਗਾ ਕਿ ਰਾਜਕੁਮਾਰੀ ਨੂੰ ਕੁਝ ਸਮਝਾ ਸਕਾਂ। ਥੋੜ੍ਹੀ ਦੇਰ ਪਿਛੋਂ ਪੰਡਤ ਜੀ ਪੰਜ ਇਸ਼ਨਾਨਾਂ ਕਰਕੇ ਆਪਣੇ ਕੁਸ਼ਾ ਦੇ ਆਸਣ ਤੇ ਬਿਰਾਜਮਾਨ ਹੋ ਗਏ ਅਤੇ ਇਕ ਦੋ ਗ੍ਰੰਥ ਆਪਣੇ ਸਾਮ੍ਹਣੇ ਰੱਖ ਲਏ। ਰਾਜ ਕੁਮਾਰੀ ਨੂੰ ਵੀ ਸੰਦੇਸ਼ਾ ਭੇਜ ਕੇ ਮੰਗਵਾਇਆ। ਜਦੋਂ ਉਹ ਆ ਕੇ ਬੈਠ ਗਈ ਉਸ ਵੇਲੇ ਪੰਡਤ ਜੀ ਕਹਿਣ ਲੱਗੇ ਕਿ ਬੇਟਾ! ਆਤਮਾ ਦਾ ਵਿਸ਼ਾ ਅਤਿ ਗੂੜ੍ਹਾ ਹੈ। ਇਹ ਵੱਡੇ-ਵੱਡੇ ਅਭਿਆਸੀਆਂ ਯੋਗੀਆਂ, ਬੈਰਾਗੀਆਂ, ਜਗਿਆਸੂਆਂ ਦੀ ਸਮਝ ਵਿਚ ਆਉਣਾ ਬਹੁਤ ਹੀ ਕਠਿਨ ਹੈ। ਮੈਂ ਤੈਨੂੰ ਸੁਖਾਲੀ ਜਿਹੀ ਗੱਲ ਨਾਲ ਸਮਝਾਉਣ ਦਾ ਜਤਨ ਕਰਾਂਗਾ ਤੇ ਤੂੰ ਸਮਝਣ ਦਾ ਜਤਨ ਕਰੀਂ। ਅਕਾਲ ਪੁਰਖ ਜੀ ਨੇ ਜਦੋਂ ਆਪਣੇ ਆਪ ਤੋਂ ਸੰਸਾਰ ਦੀ ਰਚਨਾ ਕੀਤੀ ਤਾਂ ਇਕ ਤੋਂ ਅਨੇਕ ਰੂਪ ਵਿਚ ਆਪੇ ਹੀ ਪ੍ਰਗਟ ਹੋ ਗਿਆ। ਆਪਣੀ ਮਾਇਆ ਦਾ ਪਸਾਰਾ ਕੀਤਾ। ਇਸ ਰਾਹੀਂ ਅਨੇਕ ਕਿਸਮ ਦੀ ਰਚਨਾ ਕੀਤੀ। ਇਸ ਸੰਸਾਰ ਵਿਚ ਪ੍ਰਮਾਤਮਾ ਤੋਂ ਪੈਦਾ ਹੋਏ ਦੋ ਤੱਤ ਕੰਮ ਕਰ ਰਹੇ ਹਨ। ਇਕ ਜੜ੍ਹ ਹੈ ਅਤੇ ਇਕ ਚੇਤਨ ਹੈ। ਜੜ੍ਹ ਪ੍ਰਕ੍ਰਿਤੀ ਨੂੰ ਆਖਦੇ ਹਨ ਚੇਤਨ ਆਤਮਾ ਨੂੰ ਕਹਿੰਦੇ ਹਨ। ਚੇਤਨ ਤੇ ਜੜ੍ਹ ਮਿਲ ਕੇ ਸੰਸਾਰ ਦਾ ਕਾਰਜ ਕਰ ਰਹੇ ਹਨ। ਪ੍ਰਮਾਤਮਾ ਸਤਿ ਚਿਤ ਅਨੰਦ ਹੈ, ਸਵੈਭੰ ਹੈ, ਪੂਰਨ ਗਿਆਨ ਹੈ ਪਰ ਸੰਸਾਰ ਦੀ ਕ੍ਰਿਆ ਵਾਸਤੇ ਮਾਇਆ, ਅਗਿਆਨ, ਭੁੱਲ, ਅਵਿਦਿਆ, ignorance ਦਾ ਪਸਾਰਾ ਕਰਕੇ ਜੀਵਾਂ ਦੀ ਖੇਲ੍ਹ ਵੇਖ ਰਿਹਾ ਹੈ। ਮਾਇਆ ਦੇ ਤਿੰਨ ਗੁਣ ਹਨ - ਰਜੋ ਤਮੋ ਅਤੇ ਸਤੋ। ਇਨ੍ਹਾਂ ਤਿੰਨਾਂ ਗੁਣਾਂ ਨਾਲ ਸ਼ੁੱਧ ਅਵਸਥਾ ਵਿਚ ਪ੍ਰਧਾਨ ਕਹਾਉਂਦੀ ਹੈ ਅਤੇ ਜਦੋਂ ਰਜੋ ਤਮੋ ਅਤੇ ਸਤੋ ਗੁਣ ਆਪਣੀ ਮਰਯਾਦਾ ਛੱਡ ਕੇ ਹਿਲਜੁਲ ਪੈਦਾ ਕਰਦੇ ਹਨ ਤਾਂ ਇਸ ਨੂੰ ਹੀ ਮਾਇਆ ਕਿਹਾ ਜਾਂਦਾ ਹੈ। ਜਦੋਂ ਤੱਤਾਂ ਦਾ ਸੰਤੁਲਨ ਘੱਟ ਵਧ ਹੁੰਦਾ ਹੈ ਤਾਂ ਇਸ ਵਿਚ ਵਿਕਾਰ ਪੈਦਾ ਹੋ ਕੇ ਸ਼ੁੱਧ ਮਾਇਆ, ਮਲਨ ਮਾਇਆ, ਹੋ ਕੇ ਤਿੰਨ ਗੁਣੀਂ ਹੋ ਜਾਂਦੀ ਹੈ ਇਸ ਨੂੰ ਅਵਿਦਿਆ ਕਹਿੰਦੇ ਹਨ। ਇਹ ਅਵਿਦਿਆ ਗੁਰੂ ਦੇ ਉਪਦੇਸ਼ ਨਾਲ ਨਾਸ਼ ਹੋ ਜਾਂਦੀ ਹੈ।

ਜਦੋਂ ਅੰਤਸ਼ਕਰਣ ਵਿਚੋਂ ਜਨਮਾਂ ਜਨਮਾਂਤਰਾਂ ਦੀ ਪਈ ਹੋਈ ਮੈਲ ਦੂਰ ਹੋ ਜਾਂਦੀ ਹੈ ਤਾਂ ਇਸ ਜੀਵ ਨੂੰ ਸੋਝੀ ਪੈਂਦੀ ਹੈ ਕਿ ਇਥੇ ਤਾਂ ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ ਅਤੇ ਘਾਲ ਕਮਾਈ ਕਰਦਿਆਂ ਗੁਰੂ ਦੇ ਉਪਦੇਸ਼ ਰਾਹੀਂ ਪ੍ਰਕਾਸ਼ ਹੋ ਜਾਂਦਾ ਹੈ ਤਾਂ ਦ੍ਵੈਤ ਦੀ ਹਾਨੀ ਹੋ ਜਾਂਦੀ ਹੈ ਅਤੇ ਇਸਨੂੰ ਪ੍ਰਤੱਖ ਅਨੁਭਵ ਹੋ ਜਾਂਦਾ ਹੈ ਕਿ ਇਥੇ ਤਾਂ ਇਕੋ ਆਤਮਾ ਹੀ ਪਰੀਪੂਰਨ ਹੈ ਜਿਸ ਤੋਂ ਸਾਰੀ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ ਤੇ ਸਭ ਆਤਮ ਰੂਪ ਹੀ ਹੈ। ਅਗਿਆਨ ਦੇ ਕਾਰਨ ਇਹ ਸ਼ੁੱਧ ਬਿਰਤੀ ਮਾਇਆ ਦੇ ਸੰਜੋਗ ਨਾਲ ਆਪਣੀ ਸੁਰਤ ਗੁਆ ਬੈਠਦੀ ਹੈ ਅਤੇ ਅਗਿਆਨਮਈ ਅਨੰਦ ਵਿਚ ਪ੍ਰਵੇਸ਼ ਕਰ ਜਾਂਦੀ ਹੈ ਅਤੇ ਅਨੰਦ ਦਾ ਪਰਦਾ ਇਸ ਦੇ ਦੁਆਲੇ ਫੈਲ ਜਾਂਦਾ ਹੈ। ਹੋਰ ਹੇਠਾਂ ਤਿਲ੍ਕ ਕੇ ਇਹੀ ਸੁਰਤ ਪੰਜ ਗਿਆਨ ਇੰਦ੍ਰੇ ਅਤੇ ਬੁੱਧੀ ਨਾਲ ਮਿਲ ਕੇ ਵਿਗਿਆਨਮਈ ਕੋਸ਼ ਕਹਾਉਂਦੀ ਹੈ। ਜਦੋਂ ਹੋਰ ਹੇਠਾਂ ਆਉਂਦੀ ਹੈ ਤਾਂ ਇਸ ਵਿਚ ਫੁਰਨੇ ਪੈਦਾ ਹੁੰਦੇ ਹਨ, ਇੰਦ੍ਰੀਆਂ ਮਨ ਦੇ ਸਮੇਤ ਮਨੋਮਈ ਕੋਸ਼ ਦੇ ਘੜਦੇ ਵਿਚ ਆ ਜਾਂਦੀਆਂ ਹਨ। ਪੰਜ ਕ੍ਰਮ ਇੰਦ੍ਰੇ, ਪੰਜ ਪ੍ਰਾਣ ਇਸ ਨੂੰ ਪ੍ਰਾਣਮਈ ਕੋਸ਼ ਕਹਿੰਦੇ ਹਨ। ਇਸ ਵਿਚ ਪ੍ਰਾਣ, ਉਪਾਨ, ਬਿਆਨ, ਉਦਾਨ, ਸਮਾਨ ਇਹ ਪੰਜ Vital forces ਦੀ ਐਨਰਜੀ ਕੰਮ ਕਰਦੀ ਹੈ। ਇਸ ਅਵਸਥਾ ਵਿਚ ਇਹ ਆਪਣੇ ਸਰੂਪ ਨੂੰ ਪੂਰੀ ਤਰ੍ਹਾਂ ਭੁੱਲ ਜਾਂਦਾ ਹੈ ਅਤੇ ਅੰਤ ਵਿਚ ਵਾਰੀ ਆ ਜਾਂਦੀ ਹੈ ਜਦੋਂ ਸਥੂਲ ਸਰੀਰ ਦਾ ਰੂਪ ਧਾਰ ਕੇ ਆਪਣੀ ਸ਼ਕਲ ਸੂਰਤ ਦੇਖਦਾ ਹੈ ਜਿਸ ਰੂਪ ਵਿਚ ਤੁਸੀਂ ਤੇ ਮੈਂ ਹਾਂ। ਇਹ ਜੋ ਪੰਜ ਗਿਆਨ ਇੰਦ੍ਰੇ, ਪੰਜ ਕ੍ਰਮ ਇੰਦ੍ਰਿਆਂ ਵਾਲਾ ਪ੍ਰਤੱਖ ਸਰੂਪ ਦਿਸਦਾ ਹੈ ਇਸ ਨੂੰ ਅੰਨਮਈ ਕੋਸ਼ ਕਹਿੰਦੇ ਹਨ। ਜੋ ਮੈਂ ਬਚਨ ਆਪ ਨੂੰ ਕਹੇ ਹਨ ਉਹ ਸਮਝ ਆਉਣੇ ਬਹੁਤ ਹੀ ਮੁਸ਼ਕਲ ਹਨ। ਬ੍ਰਹਮ ਅਤੇ ਆਤਮਾ ਇਕੋ ਹੀ ਹਨ। ਇਨ੍ਹਾਂ ਵਿਚ ਭੇਦ ਕੋਈ ਨਹੀਂ। ਕੇਵਲ ਕ੍ਰਿਆ ਮਾਤਰ ਜੋ ਸ਼ਕਤੀ ਹੈ ਜਿਸ ਦੇ ਪ੍ਰਤੀ ਇਸ ਦਾ ਬਿੰਬ (ਪਰਛਾਵਾਂ) ਪੈ ਕੇ ਸਾਰੇ ਬ੍ਰਹਿਮੰਡ ਵਿਚ ਹਿਲਜੁਲ ਹੋ ਰਹੀ ਹੈ ਉਸ ਨੂੰ ਆਤਮਾ ਕਿਹਾ ਜਾਂਦਾ ਹੈ। ਆਤਮਾ ਅਤਿ ਸੂਖਸ਼ਮ ਹੋਣ ਕਰਕੇ ਕਿਸੇ ਵੀ ਇੰਦ੍ਰੇ ਦਾ, ਬੁੱਧ ਦਾ, ਮਨ ਦਾ ਵਿਸ਼ਾ ਨਹੀਂ ਹੋ ਸਕਦੀ। ਮਤਲਬ ਇਹ ਹੈ ਕਿ ਇਹ ਜੋ ਸਰੀਰਕ ਇੰਦ੍ਰੇ ਹਨ ਇਹ ਆਤਮਾ ਨੂੰ ਕਿਸੇ ਵੀ ਤਰੀਕੇ ਨਾਲ ਸਮਝਣ ਤੋਂ ਅਸਮਰੱਥ ਹਨ। ਰੂਪ ਰਹਿਤ ਆਤਮਾ (ਬ੍ਰਹਮ) ਸਥੂਲ ਇੰਦਰਿਆਂ ਦਾ ਵਿਸ਼ਾ ਕਿਵੇਂ ਬਣੇ? ਕਿਵੇਂ ਇਹ ਬ੍ਰਹਮ ਲਖਿਆ ਜਾਵੇ?

ਆਤਮਾ ਦੇ ਸਮੀਪ ਵਰਤਣ ਵਾਲੀ ਇਕ ਬੁੱਧੀ ਹੈ ਇਹੀ ਲਗਾਤਾਰ ਅਭਿਆਸ ਦੇ ਨਾਲ ਸਿੱਧੀ ਤੇ ਸ਼ੁੱਧ ਬਣ ਜਾਇਆ ਕਰਦੀ ਹੈ ਜੋ ਆਤਮਾ ਨੂੰ ਲੱਖਣ ਦੀ ਸਮਰੱਥਾ ਰੱਖਦੀ ਹੈ। ਮਨ ਦਾ ਵੇਗ ਵਿਸ਼ੇਸ਼ ਕਰਕੇ ਬਾਹਰ ਮੁਖ ਹੈ, ਅੰਤਰਮੁਖ ਨਹੀਂ ਰਚਿਆ ਗਿਆ। ਇਸੇ ਤਰ੍ਹਾਂ ਨਾਲ ਪੰਜ ਵਿਸ਼ੇ ਸ਼ਬਦ, ਸਪਰਸ਼, ਰੂਪ, ਰਸ, ਗੰਧ

ਬਾਹਰ ਦੇ ਵਿਸ਼ੇ ਹਨ, ਇਹ ਮਨ ਨੂੰ ਬਾਹਰ ਖਿੱਚ ਪਾ ਰੱਖਦੇ ਹਨ। ਇਹ ਪੰਜ ਗਿਆਨ ਇੰਦ੍ਰੇ ਅੱਖਾਂ, ਨੱਕ, ਕੰਨ, ਜੀਭ, ਤਵਚਾ ਆਪਣੇ ਪ੍ਰੇਰਕ ਮਨ ਨੂੰ ਨਹੀਂ ਵੇਖ ਸਕਦੇ। ਮਨ ਇਨ੍ਹਾਂ ਗਿਆਨ ਇੰਦ੍ਰਿਆਂ ਦਾ ਵਿਸ਼ਾ ਨਹੀਂ ਹੈ। ਮਨ ਸੂਖਮ ਹੈ, ਗਿਆਨ ਇੰਦ੍ਰੇ ਅਸਥੂਲ ਹਨ ਇਸ ਕਰਕੇ ਇਹ ਮਨ ਨੂੰ ਵੇਖ ਨਹੀਂ ਸਕਦੇ। ਇਸੇ ਤਰ੍ਹਾਂ ਨਾਲ ਮਨ ਬੁੱਧੀ ਨੂੰ ਨਹੀਂ ਦੇਖ ਸਕਦਾ। ਬੁੱਧੀ ਮਨ ਦੇ ਸਾਰੇ ਫੁਰਨਿਆਂ ਨੂੰ ਜਾਣਦੀ ਹੈ। ਬੁੱਧੀ ਨੂੰ ਪਤਾ ਹੁੰਦਾ ਹੈ ਕਿ ਮਨ ਚੰਗੇ ਫੁਰਨੇ ਕਰਦਾ ਹੈ ਜਾਂ ਮਾੜੇ ਫੁਰਨੇ ਕਰ ਰਿਹਾ ਹੈ। ਬੁੱਧੀ ਦੁਖ ਸੁਖ ਨੂੰ ਨਹੀਂ ਜਾਣ ਸਕਦੀ। ਦੁੱਖ ਸੁੱਖ ਨੂੰ ਜਾਨਣ ਵਾਲਾ ਚਿਤ ਹੋਇਆ ਕਰਦਾ ਹੈ। ਆਤਮਾ ਜੋ ਹੈ ਉਹ ਅਤਿ ਸੂਖਸ਼ਮ ਹੋਇਆ ਕਰਦਾ ਹੈ। ਪੰਜ ਕਰਮ ਇੰਦ੍ਰੇ - ਹੱਥ, ਪੈਰ, ਆਦਿ, ਪੰਜ ਗਿਆਨ ਇੰਦ੍ਰੇ ਅੱਖਾਂ, ਨੱਕ, ਕੰਨ, ਰਸਨਾ, ਤਵਚਾ ਆਦਿ, ਪੰਜ ਪ੍ਰਾਣ, ਮਨ, ਬੁੱਧ, ਚਿੱਤ ਇਹ ਸਾਰੀਆਂ ਅਨਾਤਮ ਵਸਤਾਂ ਹਨ। ਆਤਮਾ ਸਤਿ ਚਿਤ ਅਨੰਦ ਹੈ। ਇਹ ਅਨਾਤਮ ਸੰਘਾਤ (ਸੰਗ੍ਰਹਿ) ਆਤਮਾ ਨੂੰ ਨਹੀਂ ਜਾਣ ਸਕਦਾ। ਆਤਮਾ ਸੂਖਮ ਹੈ ਇਹ ਸਾਰੇ ਅਸਥੂਲ ਹਨ। ਭੁੱਲ ਕੇ ਵੀ ਇਹ ਸੁਰਤਿ, ਆਤਮਾ ਵਲ ਨਹੀਂ ਜਾਂਦੀ। ਇਹ ਸਦੀਵ ਵਿਸ਼ਿਆਂ ਵਲ ਹੀ ਜਾਂਦਾ ਹੈ। ਪੰਜ ਗਿਆਨ ਇੰਦ੍ਰੇ ਮਨ ਆਦਿ, ਬਾਹਰ ਨੂੰ ਹੀ ਦੌੜਦੇ ਹਨ ਇਸ ਕਰਕੇ ਆਪਣੇ ਸਰੂਪ ਤੋਂ ਸਦਾ ਹੀ ਭ੍ਰਿਸ਼ਟ ਹੋਏ ਰਹਿੰਦੇ ਹਨ। ਇਹ ਸਾਰੇ ਇੰਦ੍ਰੇ ਬਾਹਰ ਨੂੰ ਦੌੜਦੇ ਰਹਿੰਦੇ ਹਨ ਇਸ ਕਰਕੇ ਇਹ ਕਦੇ ਤ੍ਰਿਪਤ ਨਹੀਂ ਹੁੰਦੇ। ਜਿੰਨਾਂ ਚਿਰ ਸਤਿਗੁਰੂ ਦੀ ਸ਼ਰਨ ਇਨ੍ਹਾਂ ਨੂੰ ਪ੍ਰਾਪਤ ਨਹੀਂ ਹੁੰਦੀ। ਇਹ ਅੰਤਰਮੁਖ ਨਹੀਂ ਹੋ ਸਕਿਆ ਕਰਦੇ। ਪੂਰਨ ਸਤਿਗੁਰੂ ਦੇ ਸ਼ਬਦ ਨਾਲ ਲੱਗ ਕੇ ਇਹ ਸਾਰੇ ਇੰਦ੍ਰੇ ਠਾਕੇ ਜਾਂਦੇ ਹਨ ਅਤੇ ਇਨ੍ਹਾਂ ਦਾ ਧਾਵਣਾ ਦੌੜਨਾ ਸ਼ਬਦ ਵਿਚ ਲੀਨ ਹੋ ਕੇ ਬੰਦ ਹੋ ਜਾਇਆ ਕਰਦਾ ਹੈ। ਫਿਰ ਇਨ੍ਹਾਂ ਦਾ ਰੁਖ ਨਿਜ ਘਰ ਵਲ ਨੂੰ ਹੋ ਜਾਇਆ ਕਰਦਾ ਹੈ। ਹਰਿਆਏ ਪਸ਼ੂ ਵਾਂਗੂੰ ਮਨ ਤੇ ਇੰਦ੍ਰੇ ਦੁਖਦਾਈ ਹਨ। ਹਰਨ ਵਾਂਗੂੰ ਮ੍ਰਿਗ ਤ੍ਰਿਸ਼ਨਾ ਦੇ ਭਰਮ ਵਿਚ ਭੁੱਲੇ ਹੋਏ ਭਟਕਦੇ ਰਹਿੰਦੇ ਹਨ। ਕਸਤੂਰੀ ਮਿਰਗ ਦੇ ਅੰਦਰ ਹੋਇਆ ਕਰਦੀ ਹੈ, ਹਿਰਨ ਭਟਕਦਾ ਹੈ ਕਿ ਉਸ ਨੂੰ ਬਾਹਰੋਂ ਸੁਗੰਧੀ ਆ ਰਹੀ ਹੈ। ਜਦੋਂ ਨਾਭੀ ਨੂੰ ਇਸ ਦਾ ਮੂੰਹ ਲਗ ਜਾਂਦਾ ਹੈ ਤਾਂ ਇਹ ਥਿਰ ਹੋ ਜਾਇਆ ਕਰਦਾ ਹੈ।

ਹੇ ਰਾਜਕੁਮਾਰੀ! ਇਸੇ ਤਰ੍ਹਾਂ ਨਾਲ ਜਦੋਂ ਇਹ ਜੀਵ ਮਹਾਂਪੁਰਸ਼ਾਂ ਦੀ ਸ਼ਰਨ ਵਿਚ ਆ ਕੇ ਸ਼ਬਦ ਦਾ ਅਭਿਆਸ ਕਰਕੇ ਆਪਣੇ ਅੰਦਰ ਜਾਣ ਦੀ ਜਾਚ ਸਿੱਖ ਲੈਂਦਾ ਹੈ ਤਾਂ ਇਹ ਵਿਸ਼ਰਾਮ ਪਾਉਂਦਾ ਹੈ। ਜਦੋਂ ਰਸ ਉਪਜਦਾ ਹੈ ਤਾਂ ਅਨੁਭਵ ਵਿਚ ਅੰਤ੍ਰੀਵ ਗਿਆਨ ਪ੍ਰਗਟ ਹੋ ਕੇ ਇਹ ਆਪਣੇ ਅਸਲੀ ਸਰੂਪ ਆਤਮਾ ਨੂੰ ਸ਼ਾਖਸ਼ਾਤ ਕਰ ਲਿਆ ਕਰਦਾ ਹੈ। ਆਤਮਾ ਤੇ ਪ੍ਰਮਾਤਮਾ ਇਕੋ ਰੂਪ ਹਨ। ਜਿਸ ਨੂੰ ਆਤਮ ਗਿਆਨ ਹੋ ਜਾਂਦਾ ਹੈ ਉਸ ਪੁਰਸ਼ ਦਾ ਆਉਣਾ ਜਾਣਾ, ਜੰਮਣਾ ਮਰਨਾ ਪੂਰੀ ਤਰ੍ਹਾਂ ਨਾਲ ਖਤਮ ਹੋ ਕੇ ਉਹ ਮਹਾਨ ਸੁਖਮਈ ਅਵਸਥਾ ਵਿਚ ਪ੍ਰਵੇਸ਼ ਕਰ ਜਾਇਆ ਕਰਦਾ ਹੈ। ਸੋ ਇਸ ਕਰਕੇ ਹੇ ਰਾਜਕੁਮਾਰੀ! ਮੈਂ ਇਹ ਮਹਿਸੂਸ ਕਰਦਾ ਹਾਂ ਕਿ ਮੇਰੀਆਂ ਥੋੜ੍ਹੀਆਂ ਜਿਹੀਆਂ ਸੰਖੇਪ ਗੱਲਾਂ ਤੋਂ ਤੈਨੂੰ ਆਤਮਾ ਬਾਰੇ ਸਮਝ ਨਹੀਂ ਆ ਸਕਦਾ ਪਰ ਇਹ ਸਤਿ ਹੈ ਕਿ ਤੂੰ ਆਤਮਾ ਹੈਂ; ਨਾ ਹੀ ਕਾਰਨ ਸਰੀਰ ਹੈਂ, ਨਾ ਹੀ ਸੂਖਸ਼ਮ ਸਰੀਰ ਹੈਂ, ਨਾ ਹੀ ਜਿਹੜਾ ਅਸਥੂਲ ਸਰੀਰ ਪ੍ਰਾਪਤ ਹੋ ਕੇ ਜਿਹਨੂੰ ਤੂੰ ਆਪਣਾ ਆਪ ਸਮਝਦੀ ਹੈਂ ਇਹ ਵੀ ਤੂੰ ਨਹੀਂ ਹੈਂ। ਆਤਮਾ ਤਿੰਨਾਂ ਸਰੀਰਾਂ, ਪੰਜਾਂ ਕੋਸ਼ਾਂ, ਤਿੰਨਾਂ ਤਾਪਾਂ - ਆਧ, ਬਿਆਧ, ਉਪਾਧ, ਤਿੰਨ ਗੁਣਾਂ - ਰਜੋ, ਤਮੋ, ਸਤੋ ਅਤੇ ਸਾਰਾ ਦ੍ਰਿਸ਼ਟਮਾਨ ਜੋ ਵੀ ਤੈਨੂੰ ਨਜ਼ਰ ਆ ਰਿਹਾ ਹੈ ਉਸ ਤੋਂ ਪਰ੍ਹੇ ਹੈਂ। ਉਸ ਵਿਚ ਕੋਈ ਵਿਕਲਪ ਨਹੀਂ ਹੈ, ਨਾ ਹੀ ਉਸ ਦਾ ਕੋਈ ਅਕਾਰ ਹੈ, ਉਹ ਸਦਾ ਹੀ ਅਨੰਦ ਸਰੂਪ ਹੈ, ਸਾਰਾ ਪਿਆਰ ਸਾਰਾ ਅਨੰਦ, ਸਾਰੀਆਂ ਹੋਂਦਾਂ ਉਸ ਵਿਚੋਂ ਹੀ ਪ੍ਰਗਟ ਹੁੰਦੀਆਂ ਹਨ। ਉਹ ਕੇਵਲ ਅਨੁਭਵ ਪ੍ਰਕਾਸ਼ ਹੈ ਅਤੇ ਆਪਣੇ ਆਪ ਵਿਚ ਅਸਥਿਤ ਹੈ ਅਤੇ ਸਦਾ ਹੀ ਸਮਾਧ ਰੂਪ ਰਹਿੰਦੀ ਹੈ। ਇਹ ਆਤਮਾ ਇਸ ਸਰੀਰ ਦੀਆਂ ਜਾਗ੍ਰਤ, ਸੁਪਨ, ਸਖੋਪਤ ਅਵਸਥਾ ਤੋਂ ਪਰ੍ਹੇ ਹੈ। ਆਤਮਾ ਨੇ ਕਿਸੇ ਕਿਸਮ ਦਾ ਵੀ ਸਰੀਰ ਧਾਰਨ ਨਹੀਂ ਕੀਤਾ ਹੋਇਆ। ਇਹ ਮਨ, ਚਿਤ, ਬੁੱਧ ਵਿਚ ਸਮਝ ਆਉਣ ਵਾਲੇ ਵਿਸ਼ਿਆਂ ਤੋਂ ਪਰ੍ਹੇ ਹੈ, ਅਗੋਚਰ ਹੈ, ਨਿਸ ਪਰਪੰਚ ਹੈ, ਅਵਾਚ ਹੈ, ਅਫੁਰ ਹੈ, ਨਿਰਵਿਕਲਪ ਸਮਾਧ ਰੂਪ ਹੈ। ਆਤਮਾ ਅਮਰ ਹੈ, ਅਕਰਤਾ ਹੈ, ਅਭੋਗਤਾ ਹੈ ਅਤੇ ਪਰੀਪੂਰਨ ਹੈ, ਅਨੰਤ ਹੈ, ਕੂਟੱਸਥ ਹੈ, ਅਚੁੱਤ ਹੈ, ਅਵੇਸ਼ ਹੈ, ਅਕਾਲ ਹੈ, ਅਵਸਤੂ ਹੈ।

ਹੇ ਰਾਜਕੁਮਾਰੀ! ਇਹ ਜੋ ਮੈਂ ਬਚਨ ਆਖ ਰਿਹਾ ਹਾਂ ਤੈਨੂੰ ਬਿਲਕੁਲ ਸਮਝ ਨਹੀਂ ਆਉਣੇ ਕਿਉਂਕਿ ਤੇਰੀ ਬਿਰਤੀ ਪੂਰੀ ਤਰ੍ਹਾਂ ਮਾਇਆਕਾਰ ਹੋਣ ਕਰਕੇ ਦ੍ਵੈਤ ਦੇ ਅਸਰ ਅਧੀਨ ਹੈ। ਇਨ੍ਹਾਂ ਗੱਲਾਂ ਨੂੰ ਸਮਝ ਨਹੀਂ ਸਕਦੀ ਜੋ ਬਿਲਕੁਲ ਸਮਝਣਯੋਗ ਹਨ ਅਤੇ ਸਮਝ ਤੋਂ ਬਗੈਰ ਆਦਮੀ ਦਾ ਜੰਮਣ ਮਰਨ ਨਹੀਂ ਕੱਟਿਆ ਜਾ ਸਕਦਾ। ਜਿਹੜੇ ਅਸੀਂ ਕਰਮ ਕਰਦੇ ਹਾਂ ਉਹਦਾ ਬੋਝ ਅਸੀਂ ਜਨਮ ਦਰ ਜਨਮ ਆਪਣੇ ਉਪਰ ਲਈਂ ਫਿਰਦੇ ਹਾਂ। ਇਨ੍ਹਾਂ ਕਰਮਾਂ ਕਰਕੇ ਅਸੀਂ ਜੰਮਦੇ ਮਰਦੇ ਰਹਿੰਦੇ ਹਾਂ, ਦੁੱਖ ਸੁਖ ਭੋਗਦੇ ਹਾਂ, ਸ਼ਾਂਤ, ਅਸ਼ਾਂਤ ਹੁੰਦੇ ਹਾਂ। ਇਹੀ ਆਤਮਾ ਜਦੋਂ ਮਾਇਆ ਵਿਚ ਪ੍ਰਤੀਬਿੰਬਤ ਹੋ ਕੇ ਕਰਮ ਕਰਦੀ ਨਜ਼ਰ ਆਉਂਦੀ ਹੈ ਤਾਂ ਇਸ ਨੂੰ ਜੀਵ ਆਤਮਾ ਦੀ ਉਪਾਧੀ ਗ੍ਰਹਿਣ ਕਰਨੀ ਪੈਂਦੀ ਹੈ। ਇਹ ਜੀਵ ਆਤਮਾ ਆਪਣੇ ਆਪ ਨੂੰ ਭੁੱਲ ਕੇ ਬੁੱਧੀ, ਮਨ, ਪ੍ਰਾਣ ਤੋਂ ਹੁੰਦੀ ਹੋਈ ਪੰਜਾਂ ਤੱਤਾਂ ਦੀ ਦੇਹ ਨੂੰ ਆਪਣਾ ਆਪਾ ਮੰਨ ਕੇ ਦੇਹ ਕਹਾਉਂਦੀ ਹੈ। ਇਸ ਦਾ ਜੀਵ ਆਤਮਾ ਨਾਮ ਭੀ ਨਹੀਂ ਰਹਿੰਦਾ। ਇਹ ਸਰੀਰ ਬਣ ਜਾਂਦਾ ਹੈ। ਇਹ ਜੀਵ ਆਤਮਾ ਨਾਸ਼ਵਾਨ ਨਹੀਂ ਹੈ। ਜਦ ਤੱਕ ਇਹ ਆਪਣੇ ਆਪ ਨੂੰ ਵੱਖਰਾ ਸਮਝਦੀ ਹੈ ਅਤੇ ਇਸ ਵਿਚ

ਹੰਗਤਾ ਤੇ ਮਮਤਾ ਪੂਰੀ ਤਰ੍ਹਾਂ ਨਾਲ ਸਮਾਈ ਰਹਿੰਦੀ ਹੈ ਤਾਂ ਇਹ ਸਰੀਰ ਦੇ ਮਰਨ ਪਿਛੋਂ ਮਰਿਆ ਨਹੀਂ ਕਰਦੀ। ਇਹ ਸੂਖਸ਼ਮ ਸਰੀਰ ਨਾਲ ਕੀਤੇ ਹੋਏ ਕਰਮਾਂ ਦੇ ਸੰਗ੍ਰਹਿ ਨੂੰ ਲੈ ਕੇ ਕਰਮਾਂ ਦੇ ਅਧੀਨ ਹੋਈ ਹੋਈ ਜੰਮਦੀ ਮਰਦੀ ਰਹਿੰਦੀ ਹੈ। ਜੀਵ ਆਤਮਾ ਨੂੰ ਨਾ ਹੀ ਕੋਈ ਮਾਰ ਸਕਦਾ ਹੈ, ਨਾ ਹੀ ਇਹ ਮਰਦੀ ਹੈ, ਪਰ ਜਦੋਂ ਸਤਿ ਪੁਰਸ਼ਾਂ ਦੀ ਸੰਗਤ ਕਰਕੇ ਇਹ ਜੀਵ ਨਾਮ ਅਭਿਆਸ ਦੀ ਕਮਾਈ ਕਰਦਾ ਹੋਇਆ ਦੇਹ ਅਧਿਆਸ ਤੋਂ ਉਚਾ ਉਠਦਾ ਹੋਇਆ ਆਪਣੇ ਆਪ ਨੂੰ ਆਤਮਾ ਸਮਝਦਾ ਹੈ ਤੇ ਆਪਣੇ ਆਤਮ ਸਰੂਪ ਨੂੰ ਸ਼ਾਖਸ਼ਾਤ ਕਰ ਲੈਂਦਾ ਹੈ ਤਾਂ ਇਹ ਮੁੜ ਕੇ ਕੋਈ ਸਰੀਰ ਧਾਰਨ ਨਹੀਂ ਕਰਦਾ, ਨਾ ਹੀ ਇਸ ਉਪਰ ਕੀਤੇ ਹੋਏ ਕਰਮ ਬੰਧਾਏਮਾਨ ਹੁੰਦੇ ਹਨ। ਕਰਮ ਓਨਾਂ ਚਿਰ ਹੀ ਫਲ ਦਿੰਦੇ ਹਨ ਜਿੰਨਾਂ ਚਿਰ ਇਸ ਨੂੰ ਆਤਮ ਗਿਆਨ ਨਹੀਂ ਹੁੰਦਾ ਅਤੇ ਆਤਮ ਸ਼ਾਖਸ਼ਾਤਕਾਰ ਨਹੀਂ ਕਰਦਾ।

ਪੰਡਤ ਜੀ ਕਹਿਣ ਲੱਗੇ, ਕਿ ਬੀਬਾ! ਕ੍ਰਿਸ਼ਨ ਮਹਾਰਾਜ ਜੀ ਨੇ ਅਰਜਨ ਨੂੰ ਕੌਰਵਾਂ ਤੇ ਪਾਂਡਵਾਂ ਦੇ ਯੁੱਧ ਵੇਲੇ ਸਮਝਾਇਆ ਸੀ ਕਿ ਆਤਮਾ ਨਾ ਮਰਦਾ ਹੈ, ਨਾ ਜੰਮਦਾ ਹੈ; ਕੋਈ ਅਜਿਹਾ ਸਮਾਂ ਨਹੀਂ ਹੋਇਆ ਜਦੋਂ ਆਤਮਾ ਦਾ ਅਭਾਵ ਹੋਇਆ ਹੋਵੇ। ਆਤਮਾ ਨਿਤ ਪ੍ਰਾਪਤ ਹੈ ਪਰ ਜੀਵ, ਆਤਮ ਸਰੂਪ ਨੂੰ ਭੁੱਲ ਕੇ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਦੇਹ ਮੰਨਦਾ ਹੈ। ਵਾਸਤਵ ਵਿਚ ਇਹ ਹੈ ਕਿ ਆਤਮਾ ਸਦਾ ਸਦਾ ਤੋਂ ਹੈ ਅਤੇ ਐਸਾ ਸਮਾਂ ਕਦੇ ਨਹੀਂ ਆਵੇਗਾ ਜਦੋਂ ਆਤਮਾ ਨਹੀਂ ਹੋਵੇਗੀ। ਇਹ ਨਿਤ, ਅਜਨਮਾ, ਸਦਾ ਪੁਰਾਤਨ, ਸਰੀਰ ਦੇ ਮਰਨ ਤੇ ਵੀ ਨਹੀਂ ਮਰਦਾ। ਕ੍ਰਿਸ਼ਨ ਮਹਾਰਾਜ ਨੇ ਅਰਜਨ ਨੂੰ ਕਿਹਾ ਕਿ ਜਿਹੜਾ ਆਤਮਾ ਨੂੰ ਅਬਿਨਾਸੀ, ਨਿਤ, ਅਜਨਮਾ ਅਤੇ ਆਪਣੇ ਆਪ ਨੂੰ ਜਾਣਦਾ ਹੈ ਉਹ ਨਾ ਹੀ ਕਿਸੇ ਨੂੰ ਮਾਰਦਾ ਹੈ, ਨਾ ਮਰਦਾ ਹੈ। ਜਿਵੇਂ ਕੋਈ ਬੰਦਾ ਪੁਰਾਣੇ ਕੱਪੜੇ ਉਤਾਰ ਕੇ ਨਵੇਂ ਪਹਿਨ ਲੈਂਦਾ ਹੈ ਤਿਵੇਂ ਹੀ ਇਹ ਆਪਣੀ ਮਰਜ਼ੀ ਨਾਲ ਸਰੀਰ ਧਾਰਨ ਕਰ ਲੈਂਦਾ ਹੈ। ਜੇ ਇਸਦੀ ਇਛਿਆ ਨਾ ਹੋਵੇ ਤਾਂ ਕੋਈ ਵੀ ਕਰਮ ਇਸ ਨੂੰ ਸਰੀਰ ਧਾਰਨ ਨਹੀਂ ਕਰਾ ਸਕਦਾ। ਆਤਮਾ ਨੂੰ ਕੋਈ ਸ਼ਸ਼ਤਰ ਕੱਟ ਨਹੀਂ ਸਕਦਾ, ਅੱਗ ਜਲਾ ਨਹੀਂ ਸਕਦੀ, ਪਾਣੀ ਸੁਕਾ ਨਹੀਂ ਸਕਦਾ; ਨਾ ਇਹ ਕੱਟ ਹੁੰਦਾ ਹੈ, ਨਾ ਭਿੱਜ ਸਕਦਾ ਹੈ, ਨਾ ਸੁੱਕ ਸਕਦਾ ਹੈ, ਇਹ ਨਿਰਸੰਦੇਹ, ਨਿਤ ਵਿਆਪਕ, ਅਚੱਲ ਅਤੇ ਥਿਰ ਰਹਿਣ ਵਾਲਾ ਸਨਾਤਨ ਹੈ; ਇਸਦਾ ਕੋਈ ਰੂਪ ਨਹੀਂ ਹੈ। ਇਹ ਕਿਸੇ ਰੂਪ ਰੇਖਾ, ਚੱਕਰ ਚਿਹਨ ਰਹਿਤ ਕੇਵਲ ਅਵਿਅਕਤ ਅਤੇ ਸਾਰੇ ਵਿਕਾਰਾਂ ਤੋਂ ਨਿਰਲੇਪ ਹੈ। ਇਹ ਬਾਲ, ਜੁਆਨੀ, ਬਿਰਧ, ਮੌਤ ਆਦਿ ਵਿਕਾਰਾਂ ਤੋਂ ਰਹਿਤ ਹੈ ਇਹ ਚਿਤ ਨਾਲ ਵਿਚਾਰਿਆ ਨਹੀਂ ਜਾਂਦਾ। ਇਸ ਨੂੰ ਵੇਖਣ ਲਈ, ਅਨੁਭਵ ਕਰਨ ਲਈ ਇਸ ਸਰੀਰ ਵਿਚ ਸਾਧਨਾ ਸੰਪੰਨ ਹੋ ਕੇ, ਇਕ ਐਸੀ ਸਿੱਧ ਰੂਪ ਬੁੱਧੀ ਦੀ ਪ੍ਰਾਪਤੀ ਹੁੰਦੀ ਹੈ ਜਿਸ ਰਾਹੀਂ ਇਹ ਆਪਣੇ ਸਰੂਪ ਨੂੰ ਪਛਾਣ ਸਾਰੇ ਦੁਖਾਂ ਤੋਂ ਬਰੀ ਹੋ ਜਾਇਆ ਕਰਦਾ ਹੈ। ਪੰਡਤ ਜੀ ਕਹਿਣ ਲੱਗੇ ਕਿ ਰਾਜ ਕੁਮਾਰੀ ਜੀ! ਉਹ ਪ੍ਰਦੇਸੀ ਜੋ ਤੈਨੂੰ ਆਤਮਾ ਕਹਿੰਦਾ ਹੈ, ਉਹ ਬਿਲਕੁਲ ਸਤਿ ਹੈ। ਤੁਹਾਨੂੰ ਇਹ ਗੱਲ ਅਜੇ ਸਮਝ ਵਿਚ ਨਹੀਂ ਆਉਂਦੀ ਜਦੋਂ ਤੱਕ ਤੁਸੀਂ ਸਾਧਨ ਸੰਪੰਨ ਹੋ ਕੇ ਉਹ ਅੱਖ ਪ੍ਰਾਪਤ ਨਹੀਂ ਕਰ ਲੈਂਦੇ, ਜੋ ਤੁਹਾਡੇ ਅੰਦਰ ਪ੍ਰਭੂ ਨੇ ਰੱਖੀ ਹੈ ਜਿਸ ਨੂੰ ਅਨੁਭਵ ਦੀ ਅੱਖ ਆਖਿਆ ਜਾਂਦਾ ਹੈ।

ਐਨੀਆਂ ਗੱਲਾਂ ਕਰਕੇ ਪੰਡਤ ਜੀ ਨੇ ਰਾਜਕੁਮਾਰੀ ਵਲ ਦੇਖਿਆ ਅਤੇ ਅਨੁਭਵ ਕੀਤਾ ਕਿ ਰਾਜ ਕੁਮਾਰੀ ਕਿਸੇ ਗਹਿਰੀ ਸੋਚ ਵਿਚ ਗਲਤਾਨ ਹੋਈ ਸਮਝਣ ਦਾ ਜਤਨ ਕਰਦੀ ਪ੍ਰਤੀਤ ਦੇ ਰਹੀ ਹੈ। ਪੰਡਤ ਜੀ ਐਨੇ ਬਚਨ ਕਰਕੇ ਉਠ ਜਾਂਦੇ ਹਨ ਅਤੇ ਆਪਣੇ ਮਨ ਦੇ ਅੰਦਰ ਵਿਚਾਰ ਕਰਦੇ ਹਨ ਕਿ ਅਜਿਹਾ ਗੂੜ੍ਹ ਵਿਸ਼ਾ ਇਸ ਰਾਜ ਕੁਮਾਰੀ ਦੀ ਸਮਝ ਤੋਂ ਬਹੁਤ ਹੀ ਪਰ੍ਹੇ ਹੈ ਅਤੇ ਉਹ ਸਮਝ ਨਹੀਂ ਸਕੀ।

ਰਾਜ ਕੁਮਾਰੀ ਕਾਫੀ ਦੇਰ ਇਨ੍ਹਾਂ ਵਹਿਣਾਂ ਵਿਚ ਹੀ ਪਈ ਰਹੀ ਭਾਵੇਂ ਉਹ ਕੁਝ-ਕੁਝ ਸਮਝ ਗਈ ਕਿ ਆਤਮਾ ਕੋਈ ਚੰਗੀ ਚੀਜ਼ ਹੈ ਆਤਮਾ ਬਣ ਕੇ ਡਰਨ ਦੀ ਲੋੜ ਨਹੀਂ ਪਰ ਫੇਰ ਵੀ ਉਸ ਦਾ ਦੇਹ ਅਧਿਆਸ ਪੱਕਾ ਹੋਣ ਕਰਕੇ ਉਹ ਇਸ ਵਿਚੋਂ ਨਿਕਲਣ ਦੀ ਸਮਰੱਥਾ ਨਹੀਂ ਰੱਖਦੀ। ਰਾਜ ਕੁਮਾਰੀ ਛੇਤੀਂ-ਛੇਤੀਂ ਕ੍ਰਿਆ ਸਾਂਭ ਕੇ ਉਸ ਪ੍ਰਦੇਸੀ ਦੇ ਕਮਰੇ ਵਿਚ ਚਲੀ ਗਈ ਕਿਉਂਕਿ ਉਸ ਦੇ ਅੰਦਰ ਕੁਝ ਐਸ ਤਰ੍ਹਾਂ ਮਹਿਸੂਸ ਹੋਣ ਲੱਗ ਗਿਆ ਸੀ ਕਿ ਇਹ ਚੰਗਾ ਪੁਰਸ਼! ਕਿਸੇ ਤਰ੍ਹਾਂ ਨਾਲ ਰਾਜ਼ੀ ਹੋ ਜਾਵੇ, ਉਠ ਕੇ ਤੁਰਨ ਫਿਰਨ ਲਗ ਜਾਵੇ ਅਤੇ ਮੇਰੀਆਂ ਅੱਖਾਂ ਤੋਂ ਲਾਂਭੇ ਨਾ ਹੋਵੇ, ਮੈਂ ਇਸ ਨੂੰ ਦੇਖ-ਦੇਖ ਕੇ ਜੀਵਨ ਮਾਣਾਂ ਅਤੇ ਇਸ ਦੇ ਮਿੱਠੇ ਬੋਲ ਤੇ ਖਿੱਚ ਵਾਲੀ ਸ਼ਕਤੀ ਨੂੰ ਸੁਣਾਂ ਤੇ ਵੇਖਾਂ। ਜਦੋਂ ਅੰਦਰ ਗਈ ਤਾਂ ਉਹ ਚੰਗਾ ਪ੍ਰਦੇਸੀ, ਨੌਜਵਾਨ ਬੇਹੋਸ਼ੀ ਦੀ ਹਾਲਤ ਵਿਚ ਸੀ। ਰਾਤ ਭਰ ਬੈਠ ਕੇ ਉਹ ਦਵਾਈ ਵੀ ਚਮਚੇ ਨਾਲ ਮੂੰਹ ਵਿਚ ਪਾਉਂਦੀ ਰਹੀ। ਅੰਮ੍ਰਿਤ ਵੇਲਾ ਹੋ ਆਇਆ ਤਾਂ ਵੇਖ ਕੇ ਪ੍ਰਸੰਨ ਹੋਈ ਕਿ ਅੱਜ ਉਸ ਦੇ ਚਿਹਰੇ ਉਪਰ ਅਜੀਬ ਕਿਸਮ ਦੀ ਮੁਸਕਰਾਹਟ ਹੈ। ਜਦੋਂ ਨੇਤ੍ਰ ਖੋਲ੍ਹਦਾ ਹੈ ਤਾਂ ਐਉਂ ਲਗਦਾ ਹੈ ਜਿਸ ਤਰ੍ਹਾਂ ਚਮਕ ਪੱਥਰ ਪੂਰੀ ਤਾਕਤ ਨਾਲ ਲੋਹੇ ਦੇ ਛੋਟੇ ਕਿਣਕਿਆਂ ਨੂੰ ਆਪਣੇ ਵਲ ਧੂਹ ਰਿਹਾ ਹੋਵੇ। ਰਾਜ ਕੁਮਾਰੀ ਖਿੱਚ ਖਾ ਗਈ ਤੇ ਉਸ ਦੇ ਅੰਦਰ ਬਹੁਤ ਹੀ ਪਿਆਰ ਵਾਲਾ ਪਰਿਵਰਤਨ ਹੋਇਆ।

ਥੋੜ੍ਹੀ ਦੇਰ ਤੋਂ ਪਿਛੋਂ ਉਸ ਨੇ ਆਪਣੇ ਮੁੱਖ ਤੋਂ ਬਹੁਤ ਹੀ ਪਿਆਰ ਭਰੇ ਬਚਨ ਫੇਰ ਦੁਹਰਾਏ ਕਿ ਬੀਬਾ! ਤੁਸੀਂ ਬਹੁਤ ਚੰਗੇ ਹੋ ਤੁਸੀਂ ਮੇਰੇ ਵਰਗੇ ਗਰੀਬ ਦੀ ਦਾਰੀ ਕੀਤੀ ਹੈ ਮੇਰੇ ਗਰੀਬ ਦੇ ਕੋਲ ਹੋਰ ਤਾਂ ਕੁਛ ਨਹੀਂ ਹੈ, ਕੇਵਲ ਪਿਆਰ ਦਾ ਲਵਾ-ਲਵ ਭਰਿਆ ਹੋਇਆ ਪਿਆਲਾ ਹੈ। ਮੈਂ ਇਹ ਚਾਹੁੰਦਾ ਹਾਂ ਕਿ ਮੇਰੇ

ਪਾਸ ਜੋ ਸਭ ਤੋਂ ਕੀਮਤੀ ਚੀਜ਼ ਹੈ ਉਹ ਹੈ ਆਤਮ ਗਿਆਨ, ਪ੍ਰਮਾਤਮ ਗਿਆਨ, ਮੈਂ ਉਸ ਦਾ ਤੁਹਾਨੂੰ ਭਾਈਵਾਲ ਬਣਾ ਕੇ ਉਸ ਮਹਾਨ ਅਨੰਦ ਵਿਚ ਅਤੇ ਉਸ ਅਵਸਥਾ ਵਿਚ ਪਹੁੰਚਾ ਸਕਾਂ ਜਿਥੇ ਨਾ ਮੌਤ ਹੈ, ਨਾ ਬੁਢਾਪਾ ਹੈ; ਅਨੰਦ ਹੀ ਅਨੰਦ ਹੈ। ਤੁਸੀਂ ਮੇਰੀ ਗੱਲ ਦਾ ਬੁਰਾ ਮਨਾਇਆ ਜੋ ਮੈਂ ਤੁਹਾਨੂੰ ਪੂਰੀ ਤਰ੍ਹਾਂ ਨਾਲ ਅਨੁਭਵ ਕਰਕੇ ਦੱਸੀ ਸੀ ਜੋ ਮੇਰੇ ਪਿਆਰੇ ਨੇ ਮੈਨੂੰ ਪ੍ਰਤੱਖ ਦਿਖਾਈ ਸੀ। ਉਹ ਇਹ ਸੀ ਕਿ ਤੂੰ ਆਤਮਾ ਹੈਂ, ਤੂੰ ਸਭ ਤੋਂ ਉਚੀ ਹੈਂ, ਤੂੰ ਸਰੀਰ ਮਰਨ ਦੇ ਨਾਲ ਮਰ ਨਹੀਂ ਜਾਣਾ, ਸਦਾ ਅਮਰ ਹੈਂ, ਸਤਿ ਚਿਤ ਅਨੰਦ ਹੈਂ। ਤੈਨੂੰ ਹਾਲੇ ਇਸ ਗੱਲ ਦੀ ਸਮਝ ਨਹੀਂ ਪੈਂਦੀ ਤੇ ਘਬਰਾਉਂਦੀ ਹੈਂ। ਇਸ ਸੰਸਾਰ ਵਿਚ ਇਕੋ ਇਕ ਪਰਮ ਸ਼ਕਤੀ ਹੈ ਜਿਸ ਨੂੰ ਅਸੀਂ ਵਾਹਿਗੁਰੂ ਆਖਦੇ ਹਾਂ। ਉਸ ਵਾਹਿਗੁਰੂ ਨੇ ਆਪਣੀ ਮੌਜ ਵਿਚ ਇਸ ਸੰਸਾਰ ਦੀ ਰਚਨਾ ਕੀਤੀ ਅਤੇ ਰਚਨਾ ਕਰਨ ਉਪਰੰਤ ਇਸਦੇ ਕਣ-ਕਣ ਵਿਚ ਵਿਆਪਕ ਹੋ ਕੇ ਆਪਣੀ ਰਚਨਾ ਨੂੰ ਚਲਾ ਰਿਹਾ ਹੈ, ਵੇਖ ਰਿਹਾ ਹੈ, ਆਪਣੇ ਹੁਕਮ ਦੇ ਅਧੀਨ ਸਾਰੀ ਕ੍ਰਿਆ ਨੂੰ ਨੱਥਿਆ ਹੋਇਆ ਹੈ। ਅਸੀਂ ਉਸ ਵਾਹਿਗੁਰੂ ਦੀ ਅੰਸ ਹਾਂ।

ਇਕ ਮਿਸਾਲ ਦੇ ਨਾਲ ਮੈਂ ਤੈਨੂੰ ਦੱਸਦਾਂ ਹਾਂ ਕਿ ਤੂੰ ਝਨਾਂ ਦਰਿਆ ਦੇ ਉਤੇ ਜਾਇਆ ਕਰਦੀ ਹੈਂ ਉਸ ਦਾ ਪਾਣੀ ਤੁਹਾਡੇ ਜੰਗਲਾਂ ਵਿਚੋਂ, ਕਈ ਛੰਭਾਂ ਵਿਚ ਖੜ੍ਹਾ ਹੋ ਕੇ ਕਈ-ਕਈ ਮੀਲ ਦੇ ਵਿਚ ਭਰਿਆ ਹੋਇਆ ਹੈ। ਜਦੋਂ ਜ਼ੋਰ ਦੀ ਹਵਾ ਚਲਦੀ ਹੈ ਤਾਂ ਤੂੰ ਦੇਖਿਆ ਹੋਣਾ ਹੈ ਕਿ ਕਿਸ ਤਰ੍ਹਾਂ ਦੇ ਨਾਲ ਉਸ ਵਿਚ ਲਹਿਰਾਂ ਉਠਦੀਆਂ ਹਨ। ਇਹ ਲਹਿਰਾਂ ਪਾਣੀ ਵਿਚ ਹਵਾ ਦੇ ਜ਼ੋਰ ਨਾਲ ਚਲਣ ਕਰਕੇ ਉਠਦੀਆਂ ਹਨ ਪਰ ਤੂੰ ਹੈਰਾਨ ਵੀ ਹੁੰਦੀ ਹੋਵੇਂਗੀ ਕਿ ਇਹ ਲਹਿਰਾਂ ਪਾਣੀ ਵਿਚੋਂ ਉਠ ਕੇ ਕਿਥੇ ਚਲੀਆਂ ਜਾਂਦੀਆਂ ਹਨ, ਕਦੇ ਤੂੰ ਇਹ ਵੀ ਮਹਿਸੂਸ ਕੀਤਾ ਹੋਣਾ ਹੈ ਕਿ ਲਹਿਰਾਂ ਕੰਢਿਆਂ ਨਾਲ ਟਕਰਾਅ ਕੇ ਪਾਣੀ ਵਿਚ ਹੀ ਰਲ ਜਾਇਆ ਕਰਦੀਆਂ ਹਨ। ਇਹ ਵੀ ਜਾਣਿਆ ਹੋਵੇਗਾ ਕਿ ਲਹਿਰਾਂ ਵੀ ਪਾਣੀ ਅਤੇ ਝੀਲ ਵੀ ਪਾਣੀ ਹੈ ਪਰ ਵੇਖਣ ਵਿਚ ਲਹਿਰਾਂ ਵੱਖ ਪ੍ਰਤੀਤ ਦੇਣ ਲੱਗ ਜਾਇਆ ਕਰਦੀਆਂ ਹਨ। ਇਸੇ ਤਰ੍ਹਾਂ ਨਾਲ ਪ੍ਰਮੇਸ਼ਰ ਰੂਪ ਮਹਾਂ ਚੇਤਨ ਸਾਗਰ ਵਿਚੋਂ ਮਾਇਆ ਦੀ ਉਪਾਧੀ ਕਰਕੇ ਅਨੇਕ ਰੂਪ, ਰੰਗ ਉਪਜਦੇ ਹਨ ਅਤੇ ਬਿਨਸ ਜਾਂਦੇ ਹਨ। ਜਿਵੇਂ ਪਾਣੀ ਦੀਆਂ ਲਹਿਰਾਂ ਪਾਣੀ ਵਿਚ ਰਲ ਜਾਂਦੀਆਂ ਹਨ ਇਵੇਂ-ਜਿਵੇਂ ਇਹ ਪਸਾਰਾ ਵੀ ਪ੍ਰਮੇਸ਼ਰ ਵਿਚ ਰਲ ਜਾਇਆ ਕਰਦਾ ਹੈ। ਜਿਵੇਂ ਪਾਣੀ ਦੀ ਲਹਿਰ ਪਾਣੀ ਹੈ, ਇਸੇ ਤਰ੍ਹਾਂ ਨਾਲ ਜੋ ਸਰੀਰਧਾਰੀ ਸਾਡਾ ਜੀਵ ਆਤਮਾ ਹੈ ਉਹ ਆਤਮਾ ਹੀ ਹੈ ਜਾਂ ਐਉਂ ਕਹਿ ਲਓ ਕਿ ਪ੍ਰਮਾਤਮਾ ਹੀ ਹੈ ਪਰ ਜਦੋਂ ਤੱਕ ਅਗਿਆਨ ਦਾ ਹਨ੍ਹੇਰਾ ਦੂਰ ਨਹੀਂ ਹੁੰਦਾ ਓਨੀਂ ਦੇਰ ਤੱਕ ਵੱਖਰੇ ਪ੍ਰਤੀਤ ਦਿੰਦੇ ਹਨ ਪਰ ਜਦੋਂ ਅਸੀਂ ਗੁਰੂ ਦੀ ਬਖਸ਼ਿਸ਼ ਨਾਲ ਉਸ ਦੇ ਸ਼ਬਦ ਦਾ ਅਭਿਆਸ ਕਰਦੇ ਹਾਂ ਤਾਂ ਸਾਡੇ ਅੰਦਰ ਪ੍ਰਕਾਸ਼ ਆਉਣਾ ਸ਼ੁਰੂ ਹੋ ਜਾਂਦਾ ਹੈ ਅਤੇ ਅਸੀਂ ਸਰੀਰ ਦੇ ਪੰਜਾਂ ਤੱਤਾਂ - ਪਉਣ ਪਾਣੀ, ਧਰਤੀ, ਅੱਗ ਅਤੇ ਅਕਾਸ਼; ਪੰਜ ਵਿਸ਼ਿਆਂ - ਸ਼ਬਦ, ਸਪਰਸ਼, ਰੂਪ, ਰਸ, ਗੰਧ ਤੋਂ ਨਿਆਰੇ ਪੰਜ ਭੂਤਾਂ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਪੰਜ ਪ੍ਰਾਣ - ਪ੍ਰਾਣ, ਉਪਾਨ, ਬਿਆਨ, ਉਦਾਨ, ਸਮਾਨ ਤੋਂ ਨਿਆਰੇ ਅਸਥੂਲ, ਸੂਖਮ ਅਤੇ ਕਾਰਨ ਸਰੀਰ ਤੋਂ ਨਿਆਰੇ ਮਨ, ਬੁੱਧੀ, ਚਿੱਤ ਅਤੇ ਮੈਂ ਭਾਵ ਤੋਂ ਉਚੇ ਉਠ ਕੇ ਜਦੋਂ ਅਸੀਂ ਦੇਖਦੇ ਹਾਂ ਤਾਂ ਸਾਨੂੰ ਆਪਣਾ ਆਤਮ ਸਰੂਪ ਅਨੁਭਵ ਹੋਇਆ ਕਰਦਾ ਹੈ। ਜਦੋਂ ਆਤਮ ਸਾਖਸ਼ਾਤਕਾਰ ਹੋ ਜਾਵੇ, ਪ੍ਰਤੱਖ ਰੂਪ ਵਿਚ ਅਨੁਭਵ ਹੋ ਜਾਵੇ ਤਾਂ ਫੇਰ ਨਾ ਕੋਈ ਪਾਪ ਚਿਮੜਦਾ ਹੈ ਤੇ ਨਾ ਕੋਈ ਕਰਮ ਫਲ ਦੇਣ ਦੇ ਸਮਰੱਥ ਰਹਿੰਦਾ ਹੈ ਉਹ ਆਪਣੇ ਅਸਲੀ ਸਰੂਪ ਵਾਹਿਗੁਰੂ ਜੀ ਵਿਚ ਸਮਾਅ ਕੇ ਵਾਹਿਗੁਰੂ ਹੀ ਬਣ ਜਾਇਆ ਕਰਦਾ ਹੈ।

ਸੋ ਬੀਬਾ! ਤੂੰ ਇਹ ਗੱਲਾਂ ਸੁਣ ਕੇ ਬਹੁਤ ਘਬਰਾਉਂਦੀ ਹੈਂ। ਇਹ ਮੈਂ ਤੈਨੂੰ ਅੰਸ ਮਾਤਰ ਹੀ ਗੱਲਾਂ ਕੀਤੀਆਂ ਹਨ। ਬਹੁਤ ਜ਼ਿਆਦਾ ਗਹਿਰੀਆਂ ਗੱਲਾਂ ਨਹੀਂ ਕੀਤੀਆਂ। ਤੂੰ ਮੈਨੂੰ ਪਿਆਰ ਕੀਤਾ ਹੈ, ਮੈਂ ਤੈਨੂੰ ਇਹ ਆਤਮ ਵਸਤੂ ਦੀ ਜਾਣਕਾਰੀ ਦਿਤੀ ਹੈ ਜਿਸ ਨੂੰ ਮੇਰੇ ਸਤਿਗੁਰੂ 'ਨਾਮ' ਆਖਦੇ ਹਨ। ਬੀਬਾ! ਹੁਣ ਮੇਰੇ ਸਰੀਰ ਨੇ ਬਿਨਸ ਜਾਣਾ ਹੈ। ਮੈਨੂੰ ਪਤਾ ਹੈ ਤੇਰੇ ਤੋਂ ਇਹ ਵਿਛੋੜਾ ਸਹਿਆ ਨਹੀਂ ਜਾਣਾ ਪਰ ਜੇ ਤੂੰ ਮੈਨੂੰ ਸਚਮੁੱਚ ਪਿਆਰ ਕਰਦੀ ਹੈਂ ਤੇ ਮੈਨੂੰ ਮਿਲਣਾ ਚਾਹੁੰਦੀ ਹੈਂ ਤਾਂ ਮੈਂ ਤੈਨੂੰ ਦਸਦਾਂ ਹਾਂ ਕਿ ਅੱਗੇ ਜਾ ਕੇ ਦੇਹਾਂ ਦਾ ਮਿਲਾਵਾ ਨਹੀਂ ਹੋਇਆ ਕਰਦਾ, ਸ਼ਬਦ ਦਾ ਮਿਲਾਵਾ ਹੋਇਆ ਕਰਦਾ ਹੈ। ਮੈਂ ਆਪਣੇ ਪਿਆਰੇ ਪਾਸ ਚਲੇ ਜਾਣਾ ਹੈ ਅਤੇ ਸਦੀਵ ਕਾਲ ਉਥੇ ਹੀ ਨਿਵਾਸ ਕਰਨਾ ਹੈ।

ਇਕ ਗੱਲ ਮੈਂ ਤੈਨੂੰ ਹੋਰ ਦੱਸਦਾ ਹਾਂ ਇਸ ਗੱਲ ਨੂੰ ਗੁਪਤ ਰੱਖਣਾ ਹੈ। ਉਹ ਇਹ ਹੈ ਕਿ ਇਸ ਸਾਰੇ ਦਿਸਣ ਵਾਲੇ ਸੰਸਾਰ ਨੂੰ ਚਲਾਉਣ ਵਾਲਾ ਮੇਰਾ ਪਿਆਰਾ ਹੈ। ਉਸ ਦੇ ਹੁਕਮ ਵਿਚ ਹੀ ਜੀਵ ਪੈਦਾ ਹੁੰਦਾ ਹੈ ਅਤੇ ਹੁਕਮ ਵਿਚ ਹੀ ਚਲੇ ਜਾਂਦਾ ਹੈ। ਉਸ ਦਾ ਨਾਮ ਵਾਹਿਗੁਰੂ ਹੈ, ਉਹ ਆਪ ਹੀ ਸਾਰਿਆਂ ਦੇ ਵਿਚ ਹੋ ਕੇ ਵਰਤਦਾ ਹੈ। ਜਿਵੇਂ ਤੈਨੂੰ ਇਹ ਦੱਸਾਂ ਕਿ ਇਥੇ ਮੇਰੇ ਪਿਆਰੇ ਵਾਹਿਗੁਰੂ ਜੀ ਤੋਂ ਬਿਨਾਂ ਹੋਰ ਹੈ ਹੀ ਕੋਈ ਨਹੀਂ। ਉਹ ਆਪ ਹੀ ਰਾਜਾ ਤੇ ਰੰਕ, ਗਰੀਬ ਤੇ ਅਮੀਰ ਹੋ ਕੇ, ਦੁਖੀ ਤੇ ਸੁੱਖੀ ਹੋ ਕੇ ਹਰ ਰੂਪ, ਹਰ ਰੰਗ ਵਿਚ ਵਰਤ ਰਿਹਾ ਹੈ ਉਸ ਤੋਂ ਬਿਨਾਂ ਹੋਰ ਇਥੇ ਕੋਈ ਨਹੀਂ ਹੈ; ਉਸ ਨੇ ਆਪਣੀ ਮਾਇਆ ਪਸਾਰ ਕੇ ਜੀਵ ਨੂੰ ਭੁਲਾ ਦਿਤਾ ਹੈ। ਉਨ੍ਹਾਂ ਦਾ ਇਕ ਅਤਿ ਪਿਆਰਾ ਰੂਪ ਜਿਸ ਨੂੰ ਮੈਂ ਗੁਰੂ ਨਾਨਕ ਪਾਤਸ਼ਾਹ ਕਹਿੰਦਾ ਹਾਂ, ਉਹ ਸੰਸਾਰ ਨੂੰ ਭੇਤ ਦੱਸਣ ਲਈ ਦੇਸ਼ਾਂ-ਵਿਦੇਸ਼ਾਂ ਵਿਚ

ਜਗਿਆਸੂਆਂ ਨੂੰ ਭਾਲ-ਭਾਲ ਕੇ ਤਾਰ ਰਹੇ ਹਨ। ਜੋ ਮੈਂ ਤੈਨੂੰ ਗੱਲਾਂ ਕਹੀਆਂ ਹਨ ਉਨ੍ਹਾਂ ਨੂੰ ਪ੍ਰਤੱਖ ਰੂਪ ਵਿਚ ਵਿਖਾ ਰਹੇ ਹਨ। ਉਸ ਵੇਲੇ ਰਾਜ ਕੁਮਾਰੀ ਨੇ ਕਿਹਾ ਕਿ ਹੇ ਸਭ ਤੋਂ ਚੰਗੇ ਵਜੂਦ! ਮੈਂ ਤਾਂ ਤੈਨੂੰ ਪਿਆਰ ਕਰਦੀ ਹਾਂ, ਮੈਨੂੰ ਤੇਰੇ ਬਿਨਾਂ ਹੋਰ ਕੋਈ ਨਹੀਂ ਚਾਹੀਦਾ ਮੈਂ ਗੁਰੂ ਨਾਨਕ ਨੂੰ ਨਹੀਂ ਜਾਣਦੀ ਅਤੇ ਨਾ ਹੀ ਮੈਨੂੰ ਵਾਹਿਗੁਰੂ ਦੀ ਕੋਈ ਪਛਾਣ ਹੈ। ਜੇ ਤੂੰ ਸਰੀਰ ਵਿਚੋਂ ਚਲਿਆ ਗਿਆ ਤਾਂ ਮੈਂ ਵੀ ਤੀਰ ਮਾਰ ਕੇ ਉਸੇ ਸਮੇਂ ਤੇਰੇ ਨਾਲ ਚਲ ਪੈਣਾ ਹੈ। ਤੂੰ ਮੈਨੂੰ ਆਤਮਾ ਨਾ ਬਣਾ, ਮੈਨੂੰ ਸਰੀਰ ਹੀ ਰਹਿਣ ਦੇ। ਮੇਰੇ ਤੋਂ ਆਤਮਾ ਦਾ ਬੋਝ ਚੁੱਕਿਆ ਨਹੀਂ ਜਾਂਦਾ।

ਉਸ ਵੇਲੇ ਸਾਰੀ ਗੱਲ ਸੁਣ ਕੇ ਭਾਈ ਤਿਲੋਕਾ ਜੀ ਨੇ ਕਿਹਾ ਕਿ ਜੇ ਤੂੰ ਆਤਮ ਘਾਤ ਕਰਨਾ ਹੈ, ਤੀਰ ਮਾਰ ਕੇ ਮਰਨਾ ਹੈ, ਕੁਝ ਖਾ ਕੇ ਮਰਨਾ ਹੈ ਤਾਂ ਤੇਰਾ ਤੇ ਮੇਰਾ ਕਦੇ ਵੀ ਮਿਲਾਪ ਨਹੀਂ ਹੋ ਸਕਣਾ। ਮੈਂ ਅਤਿ ਉਚੇ ਦੇਸ਼ ਦਾ ਵਾਸੀ ਬਣ ਜਾਣਾ ਹੈ ਜਿਥੇ ਨਾ ਮਾਇਆ ਪਹੁੰਚ ਸਕਦੀ ਹੈ, ਨਾ ਦੁੱਖ, ਨਾ ਮੌਤ ਪਹੁੰਚ ਸਕਦੀ ਹੈ। ਉਥੇ ਸਦਾ ਅਨੰਦ ਹੀ ਅਨੰਦ ਝਿਮ-ਝਿਮ ਕਰਕੇ ਬਰਸਦਾ ਹੈ ਅਤੇ ਉਸ ਥਾਂ ਦੇ ਵਾਸੀਆਂ ਨੂੰ ਅਤਿ ਉਚੇ ਅਨੰਦ ਵਿਚ ਰਖਦਾ ਹੈ। ਸੋ ਬੀਬਾ! ਜੇ ਤੂੰ ਇਸ ਤਰ੍ਹਾਂ ਮਰ ਗਈ ਤਾਂ ਤੂੰ ਕਰਮਾਂ ਦੀ ਬੰਨ੍ਹੀ ਹੋਈ ਜੰਮਣ ਮਰਨ ਦੇ ਚੱਕਰ ਵਿਚ ਪੈ ਜਾਵੇਂਗੀ ਅਤੇ ਤੇਰਾ ਕਦੇ ਵੀ ਭਲਾ ਨਹੀਂ ਹੋ ਸਕਣਾ। ਤੂੰ ਇਕ ਸਰੀਰ ਛੱਡੇਂਗੀ, ਦੂਜੇ ਵਿਚ ਪੈ ਜਾਵੇਂਗੀ ਜਿਵੇਂ ਹਲਟ ਦੀਆਂ ਟਿੰਡਾਂ ਖੂਹ ਵਿਚ ਘੁੰਮਦੀਆਂ ਹਨ, ਪਾਣੀ ਭਰਦੀਆਂ ਹਨ ਅਤੇ ਬਾਹਰ ਆ ਕੇ ਖਾਲੀ ਹੋ ਕੇ ਫੇਰ ਭਰਦੀਆਂ ਹਨ, ਫੇਰ ਖਾਲੀ ਹੋ ਜਾਂਦੀਆਂ ਹਨ, ਇਸੇ ਤਰ੍ਹਾਂ ਤੂੰ ਘੁਮੇਟਣੀਆਂ ਖਾਂਦੀ ਫਿਰੇਂਗੀ ਤੇ ਮੈਂ ਤੈਨੂੰ ਕਿਸੇ ਤਰ੍ਹਾਂ ਵੀ ਨਹੀਂ ਮਿਲ ਸਕਣਾ ਕਿਉਂਕਿ ਮੈਂ ਮਾਇਆ ਮੰਡਲ ਵਿਚੋਂ ਨਿਕਲ ਕੇ ਅਕਾਲ ਮੰਡਲ ਵਿਚ ਪ੍ਰਵੇਸ਼ ਕਰ ਲੈਣਾ ਹੈ ਜਿਥੇ ਜੰਮਣ ਮਰਨ ਦਾ ਚੱਕਰ ਗਲ ਵਿਚ ਨਹੀਂ ਪੈਂਦਾ ਤੇ ਸਦਾ-ਸਦਾ ਵਾਸਤੇ ਅਮਰ ਹੋ ਜਾਈਦਾ ਹੈ। ਜੇ ਤੂੰ ਮੈਨੂੰ ਮਿਲਣਾ ਹੈ ਤਾਂ ਤੂੰ ਆਪਣੇ ਆਪ ਨੂੰ ਪਛਾਣ ਕਿ ਤੂੰ ਕੌਣ ਹੈਂ। ਕਹਿਣ ਲੱਗੀ, "ਮੈਂ ਤਾਂ ਅੱਛੀ ਤਰ੍ਹਾਂ ਨਾਲ ਜਾਣਦੀ ਹਾਂ ਜੋ ਮੈਂ ਤੇਰੇ ਸਾਮ੍ਹਣੇ ਖੜ੍ਹੀ ਹਾਂ ਇਹ ਮੈਂ ਹਾਂ। ਤੂੰ ਜੋ ਆਤਮਾ ਦੀ ਗੱਲ ਕਹਿੰਦਾ ਹੈਂ, ਹੇ ਅਤਿ ਪਿਆਰੇ ਪੁਰਖਾ! ਇਹ ਮੇਰਾ ਜੀਅ ਨਹੀਂ ਕਰਦਾ ਕਿ ਮੈਂ ਆਤਮਾ ਬਣ ਕੇ ਜੀਵਾਂ।" ਭਾਈ ਤਿਲੋਕਾ ਜੀ ਕਹਿਣ ਲੱਗੇ, "ਬੀਬਾ ਜੀ! ਤੂੰ ਆਪਣੇ ਆਪ ਨੂੰ ਸਰੀਰ ਹੀ ਸਮਝਦੀ ਹੈਂ, ਮੇਰੇ ਸਰੀਰ ਨਾਲ ਪਿਆਰ ਕਰਦੀ ਹੈਂ ਤਾਂ ਤੂੰ ਬਹੁਤ ਵੱਡੀ ਭੁੱਲ ਕਰਦੀ ਹੈਂ। ਇਹ ਸਰੀਰ ਨਾਲ ਨਹੀਂ ਜਾਣਾ ਇਹ ਸੜ ਜਾਵੇਗਾ; ਨਾ ਇਹ ਬੋਲੇਗਾ, ਨਾ ਹੀ ਪਿਆਰ ਕਰੇਗਾ। ਇਹ ਮੁਰਦਾ ਹੋ ਜਾਵੇਗਾ, ਇਸ ਦਾ ਤੁਸੀਂ ਸਸਕਾਰ ਕਰ ਦੇਣਾ ਹੈ ਫੇਰ ਤੇਰਾ ਤੇ ਮੇਰਾ ਮੇਲ ਨਹੀਂ ਹੋਵੇਗਾ। ਮੈਂ ਮਰਨਾ ਨਹੀਂ, ਮੈਂ ਸਦਾ ਦਾ ਜੀਵਨ ਪ੍ਰਾਪਤ ਕਰ ਲੈਣਾ ਹੈ ਮੈਂ ਆਤਮਾ ਹਾਂ, ਮੇਰੇ ਅਤੇ ਪ੍ਰਮੇਸ਼ਰ ਦਾ ਕੋਈ ਫਰਕ ਨਹੀਂ ਰਿਹਾ, ਮੈਂ ਉਸ ਦਾ ਹੀ ਰੂਪ ਹੋ ਚੁੱਕਿਆ ਹਾਂ। ਮੇਰੀ ਮੈਂ ਮਰ ਚੁੱਕੀ ਹੈ। ਹੁਣ ਅਸਲੀਅਤ ਪ੍ਰਗਟ ਹੋ ਗਈ ਹੈ। ਹੁਣ ਇਸ ਸਰੀਰ ਵਿਚ ਵਾਹਿਗੁਰੂ ਦੀ ਸਤਾ ਹੀ ਕੰਮ ਕਰ ਰਹੀ ਹੈ।

ਤੂੰ ਮੇਰਾ ਬਚਨ ਮੰਨ, ਜੋ ਮੈਂ ਕਹਿੰਦਾ ਹਾਂ ਉਹ ਤੂੰ ਯਾਦ ਕਰ ਲੈ; ਤੂੰ ਸਰੀਰ ਨਹੀਂ ਹੈਂ, ਇਸ ਸਰੀਰ ਨੂੰ ਚਲਾਉਣ ਵਾਲੀ ਆਤਮਾ ਹੈਂ; ਤੈਨੂੰ ਜੀਵ ਆਤਮਾ ਉਨਾਂ ਚਿਰ ਹੀ ਕਹਿੰਦੇ ਹਨ ਜਿੰਨਾਂ ਚਿਰ ਤੂੰ ਅਗਿਆਨ ਦੇ ਹਨ੍ਹੇਰੇ ਵਿਚ ਭਟਕ ਕੇ ਆਪਣੇ ਆਪ ਨੂੰ ਸਰੀਰ ਜਾਣਦੀ ਹੈਂ। ਜਿੰਨਾਂ ਚਿਰ ਤੂੰ ਇਹ ਸਮਝਦੀ ਹੈਂ ਕਿ ਮੇਰੀ ਕੋਈ ਮਾਂ, ਬਾਪ ਹੈ, ਮੇਰਾ ਕੋਈ ਦੇਸ਼ ਹੈ, ਮੇਰਾ ਕੋਈ ਘਰ ਹੈ ਤੂੰ ਅਗਿਆਨ ਦੇ ਹਨ੍ਹੇਰੇ ਵਿਚ ਵਸਦੀ ਹੈਂ। ਤੂੰ ਹੈ ਤਾਂ ਆਤਮਾਂ, ਪਰ ਤੂੰ ਬਿਲਕੁਲ ਹਨ੍ਹੇਰੇ ਦੇ ਅਗਿਆਨ ਭਰੇ ਅਸਰ ਅਧੀਨ ਸਰੀਰ ਮੰਨਦੀ ਹੈਂ। ਜੇ ਤੂੰ ਆਪਣੇ ਆਪ ਨੂੰ ਸਰੀਰ ਹੀ ਮੰਨਦੇ ਰਹਿਣਾ ਹੈ ਤਾਂ ਤੇਰਾ ਤੇ ਮੇਰਾ ਕਦੇ ਵੀ ਮੇਲ ਨਹੀਂ ਹੋਣਾ। ਤੂੰ ਇਹ ਕਹਿੰਦੀ ਹੈਂ ਕਿ ਮੈਂ ਉਥੇ ਜਾਣਾ ਹੈ ਜਿਥੇ ਤੂੰ ਜਾਣਾ ਹੈ। ਤੂੰ; ਤਾਂ ਉਥੇ ਜਾਵੇਂਗੀ ਜੇ ਤੂੰ ਮੇਰੀ ਗੱਲ ਤੇ ਪੂਰਨ ਵਿਸ਼ਵਾਸ਼ ਕਰੇਂ। ਪਹਿਲਾਂ ਤਾਂ ਇਹ ਕਿ ਮੈਂ ਕਦੇ ਜੰਮਦੀ ਮਰਦੀ ਨਹੀਂ ਹਾਂ, ਮੈਂ ਵਾਹਿਗੁਰੂ ਦੀ ਅੰਸ ਹਾਂ, ਵਾਹਿਗੁਰੂ ਦਾ ਹੀ ਰੂਪ ਹਾਂ ਅਤੇ ਮੇਰਾ ਵਾਹਿਗੁਰੂ ਹੀ ਸਾਰਿਆਂ ਸਰੀਰਾਂ ਨੂੰ ਚਲਾ ਰਿਹਾ ਹੈ ਮੈਂ ਉਸ ਦੇ ਦੇਸ਼ ਜਾ ਕੇ ਵਸਣਾ ਹੈ। ਉਥੇ ਉਹੀ ਜਾ ਸਕਦੇ ਹਨ ਜਿਨ੍ਹਾਂ ਨੂੰ ਇਸ ਸਰੀਰ ਵਿਚ ਰਹਿੰਦਿਆਂ ਆਪਣੇ ਸਰੀਰ ਦਾ ਪ੍ਰਤੱਖ ਗਿਆਨ ਹੋ ਜਾਵੇ। ਤੂੰ ਮੇਰੇ ਉਪਰ ਵਿਸ਼ਵਾਸ਼ ਕਰ; ਕੀ ਤੈਨੂੰ ਮੇਰੇ ਉਪਰ ਕੋਈ ਸ਼ੱਕ ਹੈ ?"

ਦੇਖ! ਤੂੰ ਇਕ ਵਾਰੀ ਫੇਰ ਸੁਣ ਲੈ ਕਿ ਤੂੰ ਪ੍ਰਮ ਅਨੰਦ ਹੈਂ, ਤੂੰ ਚੇਤਨ ਹੈਂ, ਨਿਰਾ ਪਿਆਰ ਹੈਂ, ਤੂੰ ਸੁਖ ਲੈਣ ਵਾਲੀ ਨਹੀਂ ਤੂੰ ਸੁੱਖ ਵੰਡਣ ਵਾਲੀ ਹੈਂ।

ਰਾਜ ਕੁਮਾਰੀ ਕਹਿਣ ਲੱਗੀ ਕਿ ਹੇ ਚੰਗੇ ਪੁਰਖ! ਇਸ ਦੁਨੀਆਂ ਵਿਚ ਸਭ ਤੋਂ ਪਿਆਰੇ ਮੇਰੇ ਵਜੂਦ! ਮੈਂ ਤੈਨੂੰ ਬਿਲਕੁੱਲ ਸੱਚ ਆਖਦੀ ਹਾਂ ਕਿ ਮੈਂ ਕਦੇ ਸੋਚ ਵੀ ਨਹੀਂ ਸਕਦੀ ਕਿ ਤੂੰ ਮੈਨੂੰ ਕੋਈ ਗਲਤ ਗੱਲ ਆਖਦਾ ਹੈਂ, ਤੂੰ ਜੋ ਕੁਝ ਵੀ ਕਹੇਂਗਾ ਮੈਨੂੰ ਉਸ ਉਤੇ ਪੂਰਾ-ਪੂਰਾ ਵਿਸ਼ਵਾਸ਼ ਹੈ ਪਰ ਮੈਂ ਕਰਾਂ ਕੀ, ਮੈਨੂੰ ਨਾ ਤਾਂ ਆਤਮਾ ਦਾ ਪਤਾ ਲਗਦਾ ਹੈ ਅਤੇ ਨਾ ਹੀ ਪ੍ਰਮਾਤਮਾ ਦਾ ਪਤਾ ਲਗਦਾ ਹੈ। ਮੈਂ ਤਾਂ ਆਪਣੇ ਆਪ ਨੂੰ ਸਰੀਰ ਹੀ ਸਮਝਦੀ ਹਾਂ। ਤੂੰ ਕਹਿੰਦਾ ਹੈਂ ਕਿ ਪ੍ਰਮੇਸ਼ਰ ਤੇਰੇ ਵਿਚੋਂ ਹੋ ਕੇ ਦੇਖਦਾ ਹੈ, ਸੁਣਦਾ ਹੈ; ਮੈਨੂੰ ਤਾਂ ਇਹ ਗੱਲ ਸੁਣ ਕੇ ਡਰ ਲੱਗ ਰਿਹਾ ਹੈ ਕਿ ਮੇਰੇ ਵਿਚ ਕੋਈ ਹੋਰ ਵੀ ਵਸਦਾ ਹੈ। ਇਹ ਗੱਲ ਸੁਣ ਕੇ ਭਾਈ ਤਿਲੋਕਾ ਜੀ ਮੁਸਕਰਾ ਪਏ ਤੇ ਉਸ ਦੇ ਭੋਲੇਪਨ ਨੂੰ ਜਾਣ ਕੇ ਫੇਰ ਕਿਹਾ, "ਬੀਬਾ! ਤੈਨੂੰ ਮੈਂ ਇਕ ਹੋਰ ਭੇਤ ਦੀ ਗੱਲ ਦੱਸਦਾ ਹਾਂ ਕਿ ਸਾਰਿਆਂ ਸਰੀਰਾਂ ਵਿਚ ਅੰਦਰ ਬਾਹਰ ਜੋ

ਕੁਝ ਵੀ ਤੈਨੂੰ ਦਿਖਦਾ ਹੈ ਸਭ ਵਿਚ ਰੂਪ ਅਰੂਪ ਹੋ ਕੇ ਵਾਹਿਗੁਰੂ ਜੀ ਆਸਣ ਲਾ ਕੇ ਬੈਠੇ ਹਨ। ਇਹ ਗੱਲ ਤੈਨੂੰ ਅਜੇ ਸਮਝ ਨਹੀਂ ਆਉਣੀ। ਤੂੰ ਵਿਸ਼ਵਾਸ਼ ਕਰ, ਜਦੋਂ ਤੈਨੂੰ ਇਹ ਗੱਲ ਸਮਝ ਆ ਜਾਵੇਗੀ ਤਾਂ ਤੈਨੂੰ ਸਾਰੇ ਭੇਤ ਖੁੱਲ੍ਹ ਜਾਣਗੇ। ਤੈਨੂੰ ਇਸ ਕਰਕੇ ਹਾਲੇ ਪਤਾ ਨਹੀਂ ਲੱਗਦਾ ਕਿਉਂਕਿ ਵਾਹਿਗੁਰੂ ਜੀ ਨੇ ਸੰਸਾਰ ਦੀ ਰਚਨਾ ਕਰਨ ਵੇਲੇ ਹਉਮੈ ਤੱਤ ਇਸ ਰਚਨਾ ਦੇ ਵਿਚ ਪਾ ਦਿਤਾ –

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ॥*
*ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ*
*ਵਿਸਰਿਐ ਦੁਖੁ ਪਾਈ॥ ਪੰਨਾ – 946*

ਹੁਣ ਅਸਲੀਅਤ ਦਾ ਪਤਾ, ਤਾਂ ਨਹੀਂ ਲਗਦਾ ਕਿ ਉਹ ਹਉਮੈ ਤੱਤ ਬਹੁਤ ਸਖਤ ਹੈ, ਬੱਜਰ ਵਰਗਾ ਹੈ। ਐਉਂ ਸਮਝ ਲਵੋ ਕਿ ਵਾਹਿਗੁਰੂ ਜੀ ਨੇ ਆਪਣਾ ਮਹਿਲ, ਆਪਣੇ ਰਹਿਣ ਦਾ ਟਿਕਾਣਾ, ਆਪਣਾ ਮੰਦਰ ਇਸ ਸਰੀਰ ਵਿਚ ਬਣਾਇਆ ਹੋਇਆ ਹੈ ਅਤੇ ਉਸ ਮੰਦਰ ਦੇ ਗੇਟ ਨੂੰ ਬੰਦ ਕਰ ਦਿਤਾ ਹੈ ਜਿਸ ਨੂੰ ਬਜਰ ਕਪਾਟ ਕਹਿੰਦੇ ਹਨ। ਹੁਣ ਵਾਹਿਗੁਰੂ ਜੀ ਤਾਂ ਤੇਰੇ ਅੰਦਰ ਹੈ ਪਰ ਇਹ ਜੋ ਹਉਮੈ ਦੀ ਕੰਧ ਬਣ ਗਈ ਹੈ ਇਹ ਉਸ ਨੂੰ ਵੇਖਣ ਨਹੀਂ ਦਿੰਦੀ ਅਤੇ ਨਾ ਹੀ ਸਤਿਪੁਰਸ਼ਾਂ ਦੇ ਬਚਨਾਂ ਉਪਰ ਭਰੋਸਾ ਹੋਣ ਦਿੰਦੀ ਹੈ। ਇਹ ਤਾਂ ਕੇਵਲ ਉਨ੍ਹਾਂ ਚੀਜ਼ਾਂ ਨੂੰ ਮੰਨਦਾ ਹੈ ਜੋ ਇਸ ਦੇ ਸਮਝ ਵਿਚ ਆ ਜਾਣ ਅਤੇ ਇਸ ਦੇ ਸੁਭਾਅ ਦੇ ਅਨੁਕੂਲ ਹੋਣ। ਸੱਚ ਤਾਂ ਇਹ ਹੈ ਕਿ ਇਹ ਜੀਵ ਸਾਰੀ ਜ਼ਿੰਦਗੀ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਦੇਹ ਮੰਨਦਾ ਹੈ ਭਾਵੇਂ ਪੜ੍ਹ ਕੇ ਕਿਤਾਬਾਂ ਦੇ ਗੱਡੇ ਲੱਦ ਲਵੇ ਪਰ ਆਪਣੀ ਮਨੌਤ ਤੋਂ ਤਿਲ ਭਰ ਵੀ ਪਾਸੇ ਨਹੀਂ ਹੁੰਦਾ। ਜਿੰਨਾਂ ਮਰਜ਼ੀ ਗੁਰੂ ਸਮਝਾਈ ਜਾਵੇ। ਗੁਰੂ ਦਾ ਆਦਰ ਵੀ ਕਰੇਗਾ, ਗੁਰੂ ਨੂੰ ਭੇਟਾ ਵੀ ਚਾੜ੍ਹੇਗਾ, ਗੁਰੂ ਬਾਰੇ ਜੇ ਕੋਈ ਗਲਤ ਗੱਲ ਕਹਿ ਦੇਵੇ ਤਾਂ ਲੋਕਾਂ ਨਾਲ ਲੜੇਗਾ ਵੀ, ਰੌਲਾ ਪਾਵੇਗਾ ਕਿ ਮੇਰਾ ਗੁਰੂ ਸਭ ਤੋਂ ਵੱਡਾ ਹੈ ਪਰ ਆਪ ਉਸ ਦਾ ਇਕ ਵੀ ਬਚਨ ਨਹੀਂ ਮੰਨੇਗਾ ਅਤੇ ਗੁਰੂ ਨੂੰ ਆਪਣੀ ਮਰਜ਼ੀ ਮੁਤਾਬਿਕ ਚਲਾਉਣ ਦਾ ਜਤਨ ਕਰੇਗਾ। ਇਹ ਸਾਰਾ ਕਿਉਂ ਹੁੰਦਾ ਹੈ ਕਿਉਂਕਿ ਉਸ ਨੂੰ ਇਕ ਰੋਗ ਲੱਗ ਗਿਆ ਜਿਸ ਨੂੰ 'ਹਉਮੈ' ਦਾ ਰੋਗ ਕਹਿੰਦੇ ਹਨ। ਰਾਜਕੁਮਾਰੀ! ਮੈਂ ਤੇਰੇ ਤੋਂ ਇਕ ਗੱਲ ਪੁੱਛਦਾ ਹਾਂ ਕਿ ਕਦੇ ਤੈਨੂੰ ਬੁਖਾਰ ਵੀ ਹੋਇਆ ਹੈ? ਉਹ ਝੱਟਪਟ ਬੋਲ ਉਠੀ ਕਿ ਮੈਨੂੰ ਇਕ ਵਾਰੀ ਬੁਖਾਰ ਹੋਇਆ ਸੀ ਕਈ ਦਿਨ ਬੁਖਾਰ ਨਾ ਉਤਰਿਆ। ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਮੈਨੂੰ ਦੱਸ ਕਿ ਜਦੋਂ ਤੂੰ ਕੁਝ ਖਾਂਦੀ ਸੀ, ਭੋਜਨ ਸਵਾਦ ਲਗਦਾ ਸੀ?" ਕਹਿਣ ਲੱਗੀ, "ਬਿਲਕੁਲ ਨਹੀਂ, ਮੈਨੂੰ ਸਭ ਕੌੜਾ ਲਗਦਾ ਸੀ, ਬੇਸੁਆਦ ਲਗਦਾ ਸੀ। ਮੈਂ ਆਪਣੀ ਮਾਤਾ ਨੂੰ ਕਹਿੰਦੀ ਸੀ ਕਿ ਮਾਂ! ਮੈਂ ਪਾਣੀ ਨਿਤ ਪੀਂਦੀ ਸੀ, ਇਹਦੇ ਸੁਆਦ ਨੂੰ ਕੀ ਹੋ ਗਿਆ? ਦਾਲ, ਸਬਜ਼ੀ ਵੀ ਸੁਆਦ ਨਹੀਂ ਲਗਦੀ?" ਮਾਂ ਕਹਿਣ ਲੱਗੀ, "ਬੇਟੀ! ਚੀਜ਼ਾਂ ਤਾਂ ਓਹੀ ਹਨ ਪਰ ਤੇਰੇ ਅੰਦਰ ਜੋ ਰਸ ਲੈਣ ਵਾਲਾ ਇੰਦ੍ਰਾ ਸੀ ਉਹ ਵਿਕਾਰੀ ਹੋ ਗਿਆ ਹੈ। ਜਦੋਂ ਤੂੰ ਰਾਜ਼ੀ ਹੋ ਜਾਵੇਂਗੀ ਤਾਂ ਇਹ ਚੀਜ਼ਾਂ ਤੈਨੂੰ ਫੇਰ ਸੁਆਦ ਲੱਗਣਗੀਆਂ।"

ਇਸੇ ਤਰ੍ਹਾਂ ਹਉਮੈ ਕਰਕੇ ਸਾਡੀ ਸਮਝ ਵਿਚ ਐਨਾ ਫਰਕ ਪੈ ਗਿਆ ਕਿ ਅਸੀਂ ਮਹਾਂਪੁਰਸ਼ਾਂ ਦੇ ਅਨੁਭਵ ਕੀਤੇ ਹੋਏ ਜੋ ਸਤਿ ਸਿਧਾਂਤ ਹਨ ਉਹ ਸਾਨੂੰ ਕਿਸੇ ਤਰ੍ਹਾਂ ਵੀ ਮੰਨਣਯੋਗ ਨਹੀਂ ਲਗਦੇ। ਇਸ ਕਰਕੇ ਮੈਂ ਤੈਨੂੰ ਦੱਸਦਾ ਹਾਂ ਕਿ ਸਾਰੇ ਜੀਵ ਹਉਮੈ ਦੇ ਰੋਗੀ ਹਨ। ਉਹ ਗੁਰੂ, ਪੀਰਾਂ, ਸਤਿਗੁਰਾਂ ਦੇ ਬਚਨਾਂ ਨੂੰ ਸਤਿ ਨਹੀਂ ਮੰਨ ਸਕਦੇ। ਉਹ ਆਪਣੇ ਤਜਰਬੇ 'ਚ ਆਏ ਹੋਏ ਸਿਧਾਂਤਾਂ ਨੂੰ ਮੰਨਦੇ ਹਨ ਪਰ ਕਈ ਵਾਰੀ ਇਹ ਵੀ ਦੱਸਿਆ ਹੈ ਕਿ ਭੂਗੋਲ ਦਾ ਵਿਦਿਆਰਥੀ ਆਪਣੇ ਉਸਤਾਦ ਦੀ ਗੱਲ ਮੰਨ ਜਾਂਦਾ ਹੈ। ਜਦੋਂ ਉਹ ਕਹਿੰਦਾ ਹੈ ਕਿ ਧਰਤੀ ਗੋਲ ਹੈ, ਉਹ ਵਿਸ਼ਵਾਸ਼ ਵਿਚ ਆ ਜਾਂਦਾ ਹੈ। ਕਿਉਂ ਆਉਂਦਾ ਹੈ ਕਿਉਂਕਿ ਉਸ ਦੀ ਸਮਝ ਨੇ ਨਿਰਨਾ ਕਰ ਲਿਆ ਕਿ ਮੇਰਾ ਉਸਤਾਦ ਡਿਗਰੀ ਪ੍ਰਾਪਤ ਹੈ ਅਤੇ ਉਸ ਦਾ ਗਿਆਨ ਬਿਲਕੁਲ ਸਹੀ ਹੈ। ਇਸ ਦੇ ਵਿਪਰੀਤ ਉਹ ਗੁਰੂ ਦੇ ਬਚਨ ਇਸ ਵਾਸਤੇ ਨਹੀਂ ਮੰਨਦਾ ਕਿਉਂਕਿ ਵਿਸ਼ਵਾਸ਼ ਦੀ ਅਣਹੋਂਦ ਹੈ। ਵੈਸੇ ਕਹਿਣ ਨੂੰ ਗੁਰੂ ਦਾ ਪੂਰਾ ਸਤਿਕਾਰ ਕਰਦਾ ਹੈ, ਪਰ ਉਨ੍ਹਾਂ ਦੇ ਬਚਨਾਂ ਦੀ ਕਮਾਈ ਨਹੀਂ ਕਰਦਾ ਕਿਉਂਕਿ ਉਨ੍ਹਾਂ ਦੇ ਬਚਨਾਂ ਉਪਰ ਵਿਸ਼ਵਾਸ਼ ਨਹੀਂ ਹੈ। ਇਹੀ ਗੱਲ ਤੇਰੇ ਨਾਲ ਹੋ ਰਹੀ ਹੈ। ਮੈਂ ਤੈਨੂੰ ਬਿਲਕੁਲ ਅੱਖੀਂ ਦੇਖਿਆ ਅਨੁਭਵ ਦੱਸਦਾ ਹਾਂ ਪਰ ਤੇਰੇ ਮਨ ਵਿਚ ਵਿਸ਼ਵਾਸ਼ ਨਹੀਂ ਆਉਂਦਾ। ਜੇ ਵਿਸ਼ਵਾਸ਼ ਆ ਜਾਵੇ ਤਾਂ ਗੱਲ ਹੁਣੇ ਹੀ ਮੁੱਕ ਸਕਦੀ ਹੈ ਪਰ ਤੇਰੀ ਸੁਰਤ ਮਾਇਆਕਾਰ ਹੈ। ਮਾਇਆ ਇਕ ਪ੍ਰਬਲ ਸ਼ਕਤੀ ਹੈ ਇਕ ਅੰਧਕੂਪ ਹੈ ਜਿਸ ਵਿਚ ਹੱਥ ਮਾਰਿਆਂ ਵੀ ਨਹੀਂ ਦਿਸਦਾ। ਉਹ ਆਪਣੇ ਨਿਜ ਤਜਰਬੇ ਤੋਂ ਅਗਿਆਤ ਰਹਿਣ ਕਰਕੇ ਸਤਿ ਬਚਨ ਨਹੀਂ ਮੰਨਦਾ। ਏਸੇ ਤਰ੍ਹਾਂ ਤੇਰੀ ਹਾਲਤ ਹੈ, ਤੂੰ ਸਰੀਰ ਨਹੀਂ ਹੈ। ਤੂੰ ਆਪਣੇ ਆਪ ਨੂੰ ਸਰੀਰ ਮੰਨਦੀ ਹੈਂ ਤੇਰੇ ਅੰਦਰ ਜੋ ਆਤਮ ਜੋਤ ਹੈ ਉਸ ਨੂੰ ਨਹੀਂ ਮੰਨਦੀ। ਉਹ ਇਸ ਕਰਕੇ ਕਿਉਂਕਿ ਤੂੰ ਹਉਮੈ ਦੀ ਬਿਮਾਰ ਹੈਂ ਤੇ ਜਦੋਂ ਤੱਕ ਹਉਮੈ ਦਾ ਨਾਸ਼ ਨਹੀਂ ਹੁੰਦਾ ਇਸ ਜੀਵ ਦਾ ਜੰਮਣ ਮਰਨ ਖਤਮ ਨਹੀਂ ਹੁੰਦਾ। ਮੇਰੇ ਸਤਿਗੁਰੂ ਜੀ ਫੁਰਮਾਨ ਕਰਦੇ ਹਨ –

*ਧਾਰਨਾ – ਜੰਮਦਾ ਤੇ ਮਰਦਾ ਹੈ,*
*ਹਉਮੈ ਦਾ ਬੰਨ੍ਹਿਆ ਹੋਇਆ*

*ਹਉਮੈ ਏਹਾ ਜਾਤਿ ਹੈ*
*ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ*
*ਫਿਰਿ ਫਿਰਿ ਜੋਨੀ ਪਾਹਿ॥*
*ਪੰਨਾ – 466*

*ਹਉਮੈ ਵਿਚਿ ਜਗੁ ਬਿਨਸਦਾ*
*ਮਰਿ ਜੰਮੈ ਆਵੈ ਜਾਇ॥*
*ਮਨਮੁਖ ਸਬਦੁ ਨ ਜਾਣਨੀ*
*ਜਾਸਨਿ ਪਤਿ ਗਵਾਇ॥ ਪੰਨਾ- 33*

ਬੀਬਾ! ਇਸੇ ਕਰਕੇ ਤੈਨੂੰ ਪਤਾ ਨਹੀਂ ਲਗਦਾ ਕਿਉਂਕਿ ਹਉਮੈ ਦੇ ਪਰਦੇ ਨੇ ਤੇਰੇ ਅੰਦਰ ਹਨ੍ਹੇਰਾ ਕਰ ਦਿਤਾ ਹੈ। ਮੇਰੇ ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਇਸ ਸਰੀਰ ਦੇ ਬੁੱਧੀ ਰੂਪ ਬ੍ਰਿਖ ਉਪਰ ਦੋ ਪੰਖੀ ਨਿਵਾਸ ਕਰਦੇ ਹਨ। ਇਕ ਤਾਂ ਸਾਖੀ ਚੇਤਨ ਹੈ ਇਕ ਉਸਨੂੰ ਦੇਖਣ ਵਾਲਾ ਵਿਸ਼ੇਸ਼ ਚੇਤਨ ਹੈ। ਸਾਖੀ ਚੇਤਨ ਦਾ ਪਰਛਾਵਾਂ, ਜੋ ਦੌੜਦਾ ਭਜਦਾ ਹੈ, ਦੁੱਖੀ ਸੁੱਖੀ ਹੁੰਦਾ ਹੈ ਉਸ ਨੂੰ ਜੀਵ ਆਖਿਆ ਜਾਂਦਾ ਹੈ। ਜੋ ਇਸ ਵਿਚ ਅਸਲੀ ਪੰਖੇਰੂ ਹੈ ਜਿਸ ਦਾ ਪਰਛਾਵਾਂ ਮਾਇਆ ਵਿਚ ਪੈ ਕੇ ਹਿਲਜੁਲ ਹੁੰਦੀ ਹੈ ਉਹ ਆਤਮਾ ਹੈ -

*ਨਾਨਕ ਤਰਵਰੁ ਏਕੁ ਫਲੁ*
*ਦੁਇ ਪੰਖੇਰੂ ਆਹਿ॥*
*ਆਵਤ ਜਾਤ ਨ ਦੀਸਹੀ*
*ਨਾ ਪਰ ਪੰਖੀ ਤਾਹਿ॥ ਪੰਨਾ - 550*

*ਪੰਖੀ ਬਿਰਖਿ ਸੁਹਾਵੜੇ*
*ਊਡਹਿ ਚਹੁ ਦਿਸਿ ਜਾਹਿ॥*
*ਜੇਤਾ ਊਡਹਿ ਦੁਖ ਘਣੇ*
*ਨਿਤ ਦਾਝਹਿ ਤੈ ਬਿਲਲਾਹਿ॥*
*ਪੰਨਾ - 66*

ਆਤਮ ਸਰੂਪ ਆਪਣੇ ਅਨੰਦ ਵਿਚ, ਆਪਣੇ ਪ੍ਰਮਾਤਮ ਸਰੂਪ ਵਿਚ ਸਦਾ ਹੀ ਅਨੰਦਿਤ ਰਹਿੰਦਾ ਹੈ ਅਤੇ ਉਸ ਦੇ ਸਤਾ ਪਾਉਣ ਵਾਲੇ, ਪਰਛਾਵੇਂ ਰੂਪ ਜੀਵ, ਕਰਮ ਕਰਦਾ ਹੈ ਅਤੇ ਦੁਖੀ ਹੋ ਰਿਹਾ ਹੈ। ਬੀਬਾ! ਤੂੰ ਜੀਵ ਦੀ ਉਪਾਧੀ ਧਾਰਨ ਕਰ ਲਈ ਹੈ। ਇਹ ਇਸ ਕਰਕੇ ਹੈ ਕਿ ਤੇਰੇ ਉਤੇ ਹਉਮੈ ਤੱਤ ਦਾ ਅਸਰ ਹੈ। ਜਦੋਂ ਨਾਮ ਅਭਿਆਸ ਨਾਲ ਜੀਵ ਭਾਵਨਾ ਖਤਮ ਹੋ ਜਾਵੇਗੀ, ਉਸ ਵੇਲੇ ਜੋ ਤੇਰਾ ਅਸਲ ਸਰੂਪ ਆਤਮਾ ਹੈ ਉਹ ਸ਼ਾਖਸ਼ਾਤਕਾਰ ਹੋ ਜਾਵੇਗਾ। ਤੂੰ ਹੁਣ ਜੀਵ ਆਤਮਾ ਬਣੀ ਹੋਈ ਹੈਂ ਤੈਨੂੰ ਤਾਂ ਇਸ ਦਾ ਹੀ ਨਹੀਂ ਪਤਾ ਕਿ ਜੀਵ ਆਤਮਾ ਹਾਂ। ਤੂੰ ਤਾਂ ਇਸ ਤੋਂ ਵੀ ਬਹੁਤ ਹੇਠਾਂ ਜਾ ਕੇ ਆਪਣੇ ਆਪ ਨੂੰ ਸਰੀਰ ਮੰਨ ਰਹੀ ਹੈਂ। ਕਹਿਣ ਲੱਗੀ, "ਗੁਰਮੁਖ ਪਿਆਰੇ! ਮੈਨੂੰ ਇਹ ਤਾਂ ਦੱਸੋ ਕਿ ਮੈਂ ਆਤਮਾ ਬਣ ਕੇ ਸਭ ਕੁਝ ਭੁੱਲ ਕਿਉਂ ਗਈ?" ਕਹਿਣ ਲੱਗੇ, "ਮੈਂ ਪਹਿਲਾਂ ਹੀ ਦਸ ਚੁੱਕਿਆ ਹਾਂ ਕਿ ਵਾਹਿਗੁਰੂ ਜੀ ਨੇ ਹਉਮੈ ਤੱਤ ਸ੍ਰਿਸ਼ਟੀ ਦੀ ਰਚਨਾ ਵੇਲੇ ਆਤਮ ਪਸਾਰੇ ਦੀ ਥਾਂ ਜਗਤ ਦਿਸਣ ਲਈ ਪੈਦਾ ਕਰ ਦਿਤਾ। ਜਦੋਂ ਤੈਨੂੰ ਸ਼ਬਦ ਦੇ ਬਲ ਨਾਲ ਸੋਝੀ ਉਤਪੰਨ ਹੋ ਜਾਵੇਗੀ ਤਾਂ ਤੈਨੂੰ ਪਤਾ ਲਗ ਜਾਵੇਗਾ ਕਿ ਮੈਂ ਨਿਮਾਣੀ, ਨਿਤਾਣੀ, ਸਮਰੱਥ ਹੋ ਗਈ ਹਾਂ। ਅੱਗੇ ਤੈਨੂੰ ਇਕ ਮੀਲ ਤੋਂ ਵੱਧ ਨਹੀਂ ਦਿਸਦਾ ਸੀ ਫੇਰ ਤੈਨੂੰ ਲੱਖਾਂ ਮੀਲਾਂ ਤੋਂ ਵੀ ਦੂਰ ਦਿਸਣ ਲੱਗ ਜਾਵੇਗਾ। ਹਜ਼ਾਰਾਂ ਮੀਲਾਂ ਦੀ ਆਵਾਜ਼ ਤੈਨੂੰ ਸੁਣਨ ਲੱਗ ਜਾਵੇਗੀ। ਤੂੰ ਪੂਰਨ ਸ਼ਕਤੀਵਾਨ ਹੋ ਜਾਵੇਂਗੀ। ਤੇਰੇ ਬੋਲ ਵਿਚ ਸ਼ਕਤੀ ਆ ਜਾਵੇਗੀ। ਜੋ ਤੂੰ ਕਹੇਂਗੀ ਉਹ ਉਸੇ ਵੇਲੇ ਹੋ ਜਾਵੇਗਾ, ਜੋ ਤੇਰੀ ਲੋਚਾ ਹੋਵੇਗੀ ਉਹ ਤੈਨੂੰ ਉਸੇ ਛਿਨ ਪ੍ਰਾਪਤ ਹੋ ਜਾਵੇਗੀ। ਇਥੋਂ ਤੱਕ ਕਿ ਤੂੰ ਵਾਹਿਗੁਰੂ ਵਰਗੀ ਹੋ ਜਾਵੇਂਗੀ। ਤੈਨੂੰ ਅਜੇ ਇਨ੍ਹਾਂ ਗੱਲਾਂ ਦੀ ਸੋਝੀ ਨਹੀਂ ਹੈ, ਤੂੰ ਐਸੇ ਹਨ੍ਹੇਰੇ ਵਿਚ ਪਈ ਹੈਂ ਜਿਥੋਂ ਤੈਨੂੰ ਜੁਗਤੀ ਨਾਲ ਹੌਲੀ-ਹੌਲੀ ਕੱਢਿਆ ਜਾ ਸਕਦਾ ਹੈ। ਤੈਨੂੰ ਐਨੀ ਸੋਝੀ ਆ ਜਾਵੇਗੀ ਕਿ ਪਹਿਲਾਂ ਹੀ ਤੈਨੂੰ ਹੋਣ ਵਾਲੀਆਂ ਗੱਲਾਂ ਦਾ ਪਤਾ ਲੱਗ ਜਾਵੇਗਾ, ਕਿਉਂਕਿ ਆਤਮਾ ਨੂੰ ਹਰ ਗੱਲ ਦਾ ਪਤਾ ਲੱਗ ਜਾਂਦਾ ਹੈ। ਆਤਮਾ ਦੇ ਅੱਗੇ ਭੂਤ, ਭਵਿੱਖਤ, ਵਰਤਮਾਨ ਕਾਲ ਦੀ ਕੋਈ ਬੰਧਸ਼ ਨਹੀਂ ਹੈ।

ਐਨੀਆਂ ਗੱਲਾਂ ਸੁਣ ਕੇ ਰਾਜਕੁਮਾਰੀ ਕਹਿਣ ਲੱਗੀ, ਮੇਰੀ ਸਮਝ ਵਿਚ ਕੁਝ ਨਹੀਂ ਆ ਰਿਹਾ। ਜਿਉਂ-ਜਿਉਂ ਮੈਂ ਤੇਰੇ ਮੁੱਖ ਤੋਂ ਬਚਨ ਸੁਣਦੀ ਹਾਂ ਤਾਂ ਮੈਨੂੰ ਐਉਂ ਲਗਦਾ ਹੈ ਕਿ ਮੈਂ ਇਕ ਬਹੁਤ ਭਾਰੀ ਪੰਡ ਦੇ ਥੱਲੇ ਆ ਕੇ ਅਚੁੱਕ ਬੋਝ ਚੁੱਕ ਰਹੀ ਹਾਂ ਪਰ ਤੁਸੀਂ ਮੈਨੂੰ ਐਨੇ ਚੰਗੇ ਲੱਗ ਰਹੇ ਹੋ ਕਿ ਮੈਂ ਕਿਸੇ ਵੀ ਤਰ੍ਹਾਂ ਨਹੀਂ ਸੋਚ ਸਕਦੀ ਕਿ ਤੁਹਾਡੀਆਂ ਗੱਲਾਂ ਵਿਚ ਕੋਈ ਅਤਿਕਥਨੀ ਹੈ। ਉਸ ਵੇਲੇ ਭਾਈ ਤਿਲੋਕਾ ਜੀ ਕਹਿਣ ਲੱਗੇ, ਬੀਬਾ! ਤੂੰ ਧਿਆਨ ਨਾਲ ਸੁਣ, ਤੇਰੇ ਕੰਮ ਆਵੇਗਾ। ਜਿਹੜੀ ਗੱਲ ਮੈਂ ਤੈਨੂੰ ਦੱਸ ਰਿਹਾ ਹਾਂ ਕਿਉਂਕਿ ਇਹ ਬ੍ਰਹਮ ਵਿਚਾਰ ਹੈ ਅਤੇ ਸਤਿ ਦੀ ਕਥਾ ਹੈ ਅਤੇ ਪੂਰਨ ਸਤਿਸੰਗ ਹੈ -

*ਲੋਗੁ ਜਾਨੈ ਇਹੁ ਗੀਤੁ ਹੈ*
*ਇਹੁ ਤਉ ਬ੍ਰਹਮ ਬੀਚਾਰ॥ ਪੰਨਾ- 335*

ਆਪਾਂ ਬ੍ਰਹਮ ਦੀ ਵਿਚਾਰ ਕਰ ਰਹੇ ਹਾਂ। ਸਾਧਸੰਗਤ ਜੀ! ਜੋ ਬਚਨ ਆਪਾਂ ਭਾਈ ਤਿਲੋਕਾ ਜੀ ਦੇ ਮੁਖ ਤੋਂ ਸੁਣਦੇ ਹਾਂ ਉਹ ਬ੍ਰਹਮ ਦੀ ਵਿਚਾਰ ਹੈ। ਅਸੀਂ ਗਾਉਂਦੇ ਹਾਂ, ਅਸੀਂ **Pin drop silence** (ਮਹਾਨ ਚੁੱਪ) ਧਾਰ ਕੇ ਸੁਣ ਰਹੇ ਹਾਂ ਇਹ ਆਪਣੇ ਵੀ ਉਨੇ ਹੀ ਧਿਆਨ ਨਾਲ ਸੁਣਨ ਵਾਲੀ ਹੈ ਜਿਸ ਤਰ੍ਹਾਂ ਨਾਲ ਰਾਜਕੁਮਾਰੀ ਸੁਣ ਰਹੀ ਹੈ। ਇਹ ਕਿਸੇ ਦਾ ਦਿਲ ਪਰਚਾਵਾ ਕਰਨ ਵਾਸਤੇ ਨਹੀਂ ਬੋਲਿਆ ਜਾ ਰਿਹਾ ਜਾਂ ਜੀਅ ਲਾਉਣ ਵਾਸਤੇ ਸਾਖੀ ਨਹੀਂ ਸੁਣਾਈ ਜਾ ਰਹੀ, ਇਹ ਤਾਂ ਬ੍ਰਹਮ ਗਿਆਨ ਦੀ ਵਿਚਾਰ ਹੈ; ਪਛਾਣੋ ਆਪਣੇ ਆਪ ਨੂੰ।

ਭਾਈ ਤਿਲੋਕਾ ਜੀ ਕਹਿਣ ਲੱਗੇ, "ਬੀਬਾ! ਦੇਖ ਮੈਂ ਤੈਨੂੰ ਇਕ ਗੱਲ ਦੱਸਦਾ ਹਾਂ ਕਿ ਮੈਂ ਆਪਣੇ ਸਤਿਗੁਰੂ ਦੇ ਬਚਨਾਂ ਉਪਰ ਪੂਰਾ-ਪੂਰਾ ਵਿਸ਼ਵਾਸ਼ ਕਰਦਾ ਹਾਂ। ਉਹ ਦੱਸਦੇ ਹਨ ਕਿ ਤੁਸੀਂ ਮਾਨਸ ਸਰੀਰ ਧਾਰਨ ਤੋਂ ਪਹਿਲਾਂ ਕਿਥੇ ਸੀ -

*ਕੇਤੇ ਰੁਖ ਬਿਰਖ ਹਮ ਚੀਨੇ*

*ਕੇਤੇ ਪਸੂ ਉਪਾਏ॥*
*ਕੇਤੇ ਨਾਗ ਕੁਲੀ ਮਹਿ ਆਏ*
*ਕੇਤੇ ਪੰਖ ਉਡਾਏ॥* *ਪੰਨਾ - 156*

ਨਾਗਾਂ ਦੀਆਂ ਕੁਲੀਆਂ ਵਿਚ ਆਏ, ਫੰਘ ਵੀ ਉਡਾਉਂਦੇ ਰਹੇ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਪੰਨਾ - 176*

ਹੁਣ ਸੋਚੋ! ਜਦ ਆਪਾਂ ਮਿੱਟੀ ਸੀ, ਪੱਥਰ ਸੀ ਉਸ ਵੇਲੇ ਉਹਦੇ ਵਿਚ ਹੀ ਮਸਤ ਸੀ, ਮਰਨ ਤੋਂ ਡਰ ਗਏ ਪਰ ਜਦੋਂ ਉਹਦੇ 'ਚ ਮਰ ਕੇ ਅਸੀਂ ਪਾਣੀ ਨਾਲ ਰੁੜ੍ਹ ਕੇ ਖੇਤਾਂ 'ਚ ਆਏ, ਬੀਜ ਦੇ ਨਾਲ ਰਲ ਕੇ ਜਦੋਂ ਲਹਿਰਾ ਲਿਆ, ਫੇਰ ਸਾਨੂੰ ਪਤਾ ਲੱਗਿਆ ਕਿ ਅਸੀਂ ਪੱਥਰ ਨਹੀਂ ਹਾਂ, ਅਸੀਂ ਤਾਂ ਜਿਉਂਦੇ ਜਾਗਦੇ ਹਾਂ। ਸਾਡੇ ਵਿਚੋਂ ਕਈ ਰੰਗਾਂ ਦੇ ਫੁੱਲ ਨਿਕਲਦੇ ਹਨ, ਅਨਾਜ ਨਿਕਲਦਾ ਹੈ, ਹਵਾ ਵਿਚ ਅਸੀਂ ਝੂਲਦੇ ਹਾਂ। ਪਹਿਲੀ ਜ਼ਿੰਦਗੀ ਨਾਲੋਂ ਇਹ ਜ਼ਿੰਦਗੀ ਵਧੀਆ ਹੈ। ਸਾਨੂੰ ਨਵਾਂ ਜੀਵਨ ਮਿਲ ਗਿਆ -

*ਕਈ ਜਨਮ ਸੈਲ ਗਿਰਿ ਕਰਿਆ॥*
*ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ॥*
*ਪੰਨਾ - 176*

ਕਿਥੇ ਅਸੀਂ ਜਿੰਦ ਵਾਲੇ ਬੂਟੇ ਬਣ ਕੇ, ਫੁੱਲ ਬਣ ਕੇ ਝੂਲਦੇ ਸੀ, ਜ਼ਿੰਦਗੀ ਦਾ ਸਵਾਦ ਆ ਗਿਆ। ਪਹਿਲੀ ਜ਼ਿੰਦਗੀ ਨਾਲੋਂ ਇਹ ਜ਼ਿੰਦਗੀ ਵੱਡੀ ਸੀ ਪਰ ਜਦ ਦਾਣੇ ਬਣ ਗਏ, ਫਲ ਬਣ ਗਏ, ਉਸ ਤੋਂ ਬਾਦ ਕੁਛ ਪੰਛੀ ਖਾ ਗਏ, ਕੁਛ ਚੂਹੇ ਖਾ ਗਏ। ਉਨ੍ਹਾਂ ਦੇ ਨਾਲ ਰਲ ਕੇ ਅਸੀਂ ਹੈਰਾਨ ਹੋ ਗਏ ਕਿ ਅਸੀਂ ਤਾਂ ਪੱਥਰ ਸਾਂ, ਹੁਣ ਅਸਮਾਨਾਂ 'ਚ ਉਡ ਰਹੇ ਹਾਂ; ਮਰੇ ਨਹੀਂ ਹਾਂ, ਜਿਉਂਦੇ ਹਾਂ, ਲੇਕਿਨ ਰੂਪ ਬਦਲ ਗਿਆ ਸਾਡਾ। ਆਂਡੇ 'ਚ ਹੋ ਕੇ ਆ ਗਏ, ਫੰਘ ਨਿਕਲ ਆਏ। ਫਸਲ ਤੁਰ ਨਹੀਂ ਸਕਦੀ, ਦਰਖੱਤ ਤੁਰ ਨਹੀਂ ਸਕਦਾ, ਅਸੀਂ ਉਡਾਰੀਆਂ ਮਾਰਦੇ ਹਾਂ, ਦੌੜੇ ਫਿਰਦੇ ਹਾਂ। ਜਦ ਉਹ ਜ਼ਿੰਦਗੀ ਖਤਮ ਹੋਈ, ਉਸ ਤੋਂ ਉਪਰ ਆਏ ਉਸ ਵੇਲੇ ਅਸੀਂ ਮਨੁੱਖ ਬਣ ਗਏ। ਉਹਦੇ ਨਾਲੋਂ ਕਿਤੇ ਜ਼ਿਆਦਾ ਅਕਲ ਆ ਗਈ; ਦੌੜੇ ਫਿਰਦੇ ਹਾਂ, ਆਪਣਾ ਜਿਹੜਾ ਆਹ ਸਰੀਰ ਹੈ - ਅੰਡਜ, ਜੇਰਜ, ਸੇਤਜ, ਉਤਭੁਜ - ਚਾਰ ਖਾਣੀਆਂ ਦੇ ਵਿਚੋਂ ਲੰਘ ਕੇ ਆਇਆ ਹੈ। ਹੁਣ ਜੇਰਜ ਵਿਚ ਆ ਗਏ। ਜੇਰਜ ਦੀ ਉਤਮ ਪਦਵੀ ਮਨੁੱਖ ਦਾ ਸਰੀਰ ਹੈ। ਹੁਣ ਜਦ ਏਥੋਂ ਮਰਾਂਗੇ; ਜਿਉਂਦੇ ਵੀ ਮਰ ਸਕਦੇ ਹਾਂ ਤੇ ਮਰਨ ਤੋਂ ਬਾਦ ਵੀ ਮਰ ਸਕਦੇ ਹਾਂ, ਜਿਵੇਂ ਦੁਨੀਆਂ ਮਰਦੀ ਹੈ, ਐਂ ਵੀ ਮਰ ਸਕਦੇ ਹਾਂ, ਪਰ ਜਿਉਂਦੇ ਮਰਨਾ ਪੈਂਦਾ ਹੈ। ਇਸ ਵਿਚ ਮੈਂ ਭਾਵ ਹੈ, ਮੈਂ ਫਲਾਣਾ ਸਿੰਘ, ਮੈਂ ਬੜਾ ਅਮੀਰ, ਮੈਂ ਬੜਾ ਰੂਪਵੰਤ, ਮੇਰੇ ਸਬੰਧ ਸੀ, ਮੇਰੇ ਪੁੱਤਰ, ਇਹ ਜਿਹੜੀ ਬੁੱਧੀ ਹੈ ਇਹਨੂੰ ਹਉਮੈ ਦੀ ਬੁੱਧੀ ਆਖਦੇ ਹਨ। ਜਦੋਂ ਅਸੀਂ ਜਿਉਂਦੇ ਮਰਾਂਗੇ, ਫੇਰ ਸਾਨੂੰ ਆਤਮਿਕ ਸੋਝੀ ਹੋਵੇਗੀ। ਸਾਡੀ ਇਹ ਬੁੱਧੀ ਬਦਲ ਜਾਵੇਗੀ ਜੋ ਸੰਸਾਰ ਨਾਲ ਸਬੰਧ ਰੱਖਦੀ ਹੈ ਅਤੇ ਆਤਮ ਵਿਸ਼ੈਣੀ ਬੁੱਧੀ ਪ੍ਰਾਪਤ ਹੋ ਕੇ ਐਸਾ ਉਤਮ ਗਿਆਨ ਪ੍ਰਾਪਤ ਹੋ ਜਾਵੇਗਾ ਕਿ ਅਸਾਡਾ ਫੇਰ ਜੰਮਣ ਮਰਨ ਖਤਮ ਹੋ ਜਾਵੇਗਾ -

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ॥*
*ਪੰਨਾ - 339*

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥*
*ਪੰਨਾ - 8*

ਫੇਰ ਬਗੈਰ ਕਾਰਨ ਜਾਣਨ ਤੋਂ ਪਤਾ ਲਗ ਜਾਂਦਾ ਹੈ ਕਿ ਕੀ ਹੋਣ ਵਾਲਾ ਹੈ? ਐਨੀਆਂ ਗੱਲਾਂ ਸੁਣ ਕੇ ਰਾਜਕੁਮਾਰੀ ਕਹਿਣ ਲੱਗੀ ਕਿ ਤੇਰੀਆਂ ਸਾਰੀਆਂ ਗੱਲਾਂ ਮੈਨੂੰ ਬੜੀਆਂ ਪਿਆਰੀਆਂ ਲਗਦੀਆਂ ਹਨ ਪਰ ਮੈਂ ਅਣਜਾਣ ਹਾਂ ਮੇਰੇ ਵਾਸਤੇ ਇਕ ਨਵੀਂ ਕਿਤਾਬ ਖੁਲ੍ਹੀ ਹੈ। ਤੂੰ ਬੋਲਦਾ ਜਾਂਦਾ ਹੈਂ ਤੇ ਮੈਂ ਸੁਣ-ਸੁਣ ਇਸ ਪੁਸਤਕ ਨੂੰ ਪੜ੍ਹ ਰਹੀ ਹਾਂ। ਇਕ ਗੱਲ ਦੱਸ, ਤੈਨੂੰ ਪਤਾ ਸੀ ਕਿ ਮੈਂ ਤੇਰੇ ਤੀਰ ਮਾਰਨਾ ਹੈਂ? ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਮੇਰੇ ਗੁਰੂ ਨੇ ਮੇਰੇ ਅੰਦਰਲੇ ਨੈਣ, ਦਿਬ ਦ੍ਰਿਸ਼ਟ ਰਾਹੀਂ ਖੋਲ੍ਹ ਦਿਤੇ, ਮੇਰੇ ਕੰਨ ਦਿਬ ਸਰਵਣ ਕਰਨ ਲੱਗ ਗਏ, ਮੈਨੂੰ ਦਿਬ ਬੁੱਧੀ ਪ੍ਰਾਪਤ ਹੋ ਗਈ। ਮੈਨੂੰ ਸਾਰਾ ਹੀ ਪਤਾ ਸੀ ਕਿ ਤੂੰ ਮੇਰੇ ਤੀਰ ਮਾਰਨਾ ਹੈ ਕਿਉਂਕਿ ਇਹ ਕਰਮ ਭੁਗਤਾਣਾ ਸੀ ਜਿਸ ਵਿਚ ਮੈਂ ਆਪਣੇ ਸਰੀਰ ਦੀ ਬਲੀ ਦੇ ਕੇ ਤੇਰਾ, ਤੇਰੇ ਮਾਤਾ, ਪਿਤਾ ਤੇ ਪ੍ਰਜਾ ਦਾ ਭਲਾ ਕਰਨਾ ਸੀ; ਇਹ ਗੱਲ ਮੈਂ ਹੋਰ ਪ੍ਰਗਟ ਨਹੀਂ ਕਰਦਾ। ਇਹ ਗੱਲ ਤੈਨੂੰ ਮੇਰਾ ਪਿਆਰਾ, ਜਿਸਨੂੰ ਮੈਂ ਗੁਰੂ ਨਾਨਕ ਸਾਹਿਬ ਜੀ ਕਹਿੰਦਾ ਹਾਂ ਮੇਰੇ ਵਾਹਿਗੁਰੂ ਜੀ ਦਾ ਖਾਸ ਰੂਪ ਹਨ, ਉਹ ਤੈਨੂੰ ਦੱਸਣਗੇ। ਉਹ ਤੇਰੇ ਪਾਸ ਆਉਣਗੇ ਤੈਨੂੰ ਬਹੁਤ ਪਿਆਰ ਕਰਨਗੇ। ਉਹ ਮੇਰੇ ਪਿਆਰੇ ਹਨ ਤੈਨੂੰ ਝਿੜਕਣਗੇ ਨਹੀਂ, ਕਿਉਂਕਿ ਉਹ ਨਿਰਾ ਹੀ ਪਿਆਰ ਰੂਪ ਹਨ। ਉਨ੍ਹਾਂ ਦੇ ਪਿਆਰ ਕਰਕੇ ਮੇਰੇ ਵਿਚ ਪਿਆਰ ਨੇ ਨਿਵਾਸ ਕੀਤਾ ਹੈ, ਉਹ ਪਿਆਰ ਸਰੂਪ ਹਨ। ਮੇਰੇ ਇਥੇ ਆਉਣ ਵਿਚ, ਤੇਰੇ ਵਲੋਂ ਮੇਰੇ ਸਰੀਰ ਨੂੰ ਤੀਰ ਮਾਰਨ ਵਿਚ, ਤੇਰੇ ਵਲੋਂ ਕੀਤੀ ਸੇਵਾ ਵਿਚ ਕੀ ਛੁਪਿਆ ਹੋਇਆ ਹੈ, ਇਹ ਤੈਨੂੰ ਮੇਰੇ ਸਤਿਗੁਰੂ ਜੀ ਦੱਸਣਗੇ। ਇਹ ਉਨ੍ਹਾਂ ਦਾ ਹੀ ਹੁਕਮ ਸੀ ਕਿ ਮੈਂ ਐਥੇ ਆ ਕੇ ਮਰਨਾ ਹੈ। ਇਸ ਵਿਚ ਵੀ ਭੇਤ ਹੈ, ਇਹ ਭੇਤ ਦੇਣੇ ਬਿਵਰਜਿਤ ਹਨ। ਤੂੰ ਹੁਣ ਵਿਸ਼ਵਾਸ਼ ਕਰ ਕਿ ਤੂੰ ਆਤਮਾ ਹੈਂ। ਜੇ ਤੈਨੂੰ ਮੇਰੀ ਇਸ ਗੱਲ ਤੇ ਵਿਸ਼ਵਾਸ਼ ਨਾ ਆਇਆ ਤਾਂ ਤੂੰ ਗਰਭ ਜੂਨੀਆਂ ਵਿਚ ਚਲੀ ਜਾਵੇਂਗੀ। ਮੇਰਾ ਤੇਰਾ ਮਿਲਾਪ ਨਹੀਂ ਹੋਣਾ। ਤੇਰੇ ਅੰਦਰ ਤੀਬਰ ਇੱਛਾ ਹੈ ਤੇ ਤੂੰ ਮਿਲਣਾ ਚਾਹੁੰਦੀ ਹੈਂ ਤਾਂ ਤੇਰਾ ਮੇਰੇ ਸਰੀਰ ਨਾਲ ਪਿਆਰ ਜੋ ਹੈ, ਉਹ

ਝੂਠਾ ਹੈ। ਆਪਾਂ ਦੋਵੇਂ ਪ੍ਰਮੇਸ਼ਰ ਦਾ ਸਰੂਪ ਹਾਂ। ਇਹ ਗੱਲ ਤੈਨੂੰ ਮੇਰੇ ਸਤਿਗੁਰੂ ਜੀ ਸਮਝਾਉਣਗੇ। ਸੋ ਜੇ ਤੂੰ ਇਸ ਗੱਲ ਉਪਰ ਵਿਸ਼ਵਾਸ਼ ਨਾ ਕੀਤਾ, ਮੈਨੂੰ ਸਰੀਰ ਹੀ ਸਮਝਦੀ ਰਹੀ, ਫੇਰ ਤੇਰਾ ਮੇਰਾ ਮੇਲ ਨਹੀਂ ਹੋਣਾ। ਮੇਰੀਆਂ ਯਾਦਗਾਰਾਂ ਨੂੰ ਬਣਾ ਕੇ ਨਾ ਪੂਜਦੀ ਰਹੀਂ, ਮੇਰੇ ਉਪਦੇਸ਼ਾਂ ਨੂੰ ਕਮਾਈਂ ਤੇ ਇਹ ਹੌਲੀ-ਹੌਲੀ ਤੇਰੀ ਸਮਝ ਵਿਚ ਆ ਜਾਣਗੇ। ਜਿਹੜੇ ਗੁਰੂ, ਪੀਰਾਂ ਦੇ ਉਪਦੇਸ਼ਾਂ ਨੂੰ ਨਹੀਂ ਮੰਨਦੇ ਉਹ ਆਪਣੇ ਕਰਮਾਂ ਦੇ ਬੰਨ੍ਹੇ ਹੋਏ ਬਹੁਤ ਨੀਵੀਂ ਸਥਿਤੀ ਵਿਚ ਪ੍ਰਗਟ ਹੋ ਜਾਂਦੇ ਹਨ।

*ਧਾਰਨਾ – ਵਿਸ਼ਟਾ ਵਿਚ ਰਲ ਜਾਂਦੇ ਨੇ,*
*ਨਾਮ ਤੋਂ ਹੀਣੇ ਰਹਿ ਕੇ*

ਕਹਿੰਦੇ ਬੀਬਾ! ਪ੍ਰਮੇਸ਼ਰ ਦਾ ਨਾਮ ਜਦ ਤੱਕ ਪ੍ਰਾਪਤ ਨਹੀਂ ਹੁੰਦਾ, ਸਰੀਰ ਛੱਡਣ ਤੋਂ ਬਾਦ ਵਿਸ਼ਟਾ ਵਿਚ ਰਲ ਜਾਂਦੇ ਹਨ, ਜਿਸਨੂੰ ਅਸੀਂ ਦੇਖਣਾ ਨਹੀਂ ਚਾਹੁੰਦੇ –

*ਨਾਨਕ ਨਾਮੁ ਨ ਚੇਤਨੀ*
*ਅਗਿਆਨੀ ਅੰਧੁਲੇ ਅਵਰੇ ਕਰਮ ਕਮਾਇ॥*
*ਜਮ ਦਰਿ ਬਧੇ ਮਾਰੀਅਹਿ*
*ਫਿਰਿ ਵਿਸਟਾ ਮਾਹਿ ਪਚਾਹਿ॥*
*ਪੰਨਾ – 648*

ਸਵਾਲ ਆਉਂਦਾ ਹੈ – ਸਾਡੇ ਸਾਮ੍ਹਣੇ ਕਿ ਇਹ ਜੀਵ ਜਾਂਦਾ ਕਿਥੇ ਹੈ? ਜਦੋਂ ਆਦਮੀ ਮਰ ਜਾਂਦਾ ਹੈ, ਫੇਰ ਜੀਵ ਦਾ ਕੀ ਹਾਲ ਹੁੰਦਾ ਹੈ? ਰਾਜਕੁਮਾਰੀ ਇਹੀ ਸਵਾਲ ਭਾਈ ਤਿਲੋਕਾ ਜੀ ਤੋਂ ਪੁਛਦੀ ਹੈ –

*ਧਾਰਨਾ – ਮੈਨੂੰ ਦੱਸਿਓ ਪਿਆਰਿਓ,*
*ਕਿਥੇ ਜੀਵ ਚਲਿਆ ਜਾਂਦੈ*

ਕਹਿਣ ਲੱਗੇ, ਰਾਜਕੁਮਾਰੀ! ਸਰੀਰ ਦਾ ਵਿਛੋੜਾ ਹੋਣ ਤੇ ਸਾਰੇ ਇਕ ਥਾਂ ਨਹੀਂ ਜਾਇਆ ਕਰਦੇ, ਵੱਖਰੇ-ਵੱਖਰੇ ਥਾਂ ਜਾਂਦੇ ਹਨ, ਮੇਲ ਨਹੀਂ ਹੋਇਆ ਕਰਦਾ। ਮਹਾਰਾਜ ਜੀ ਕਹਿੰਦੇ ਨੇ ਕਿ ਜੀਵ ਜਿਹੜਾ ਹੈ –

*ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ॥*
*ਜੀਵਿ ਜੀਵਿ ਮੁਏ ਮੁਏ ਜੀਵੇ॥*
*ਪੰਨਾ – 1238*

ਸੰਸਾਰ ਵਿਚ ਇਕ ਵਾਰੀ ਤਾਂ ਨਹੀਂ ਜੁੜੇ, ਬਹੁਤ ਵਾਰੀ ਜੁੜੇ ਹਾਂ, ਬਹੁਤ ਵਾਰੀ ਮੇਲ ਹੋਇਆ ਹੈ – ਸੰਗਤਾਂ ਦਾ ਵੀ, ਆਪਣਾ ਵੀ, ਘਰ ਵਾਲਿਆਂ ਦਾ ਵੀ, ਮਿੱਤਰਾਂ ਦਾ ਵੀ, ਦੁਸ਼ਮਣਾਂ ਦਾ ਵੀ। ਪਰ ਇਹ ਪਛਾਣ ਨਹੀਂ ਆਉਂਦੀ ਕਿ ਪਿਛਲੇ ਜਨਮ 'ਚ ਤੁਸੀਂ ਮਿਲੇ ਸੀ ਜਾਂ ਨਹੀਂ ਮਿਲੇ ਸੀ। ਕਿਸੇ-ਕਿਸੇ ਨੂੰ ਤਾਂ ਲਗ ਜਾਂਦਾ ਹੈ, ਸਾਰਿਆਂ ਨੂੰ ਪਤਾ ਨਹੀਂ ਲਗਦਾ –

*ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ॥*
*ਜੀਵਿ ਜੀਵਿ ਮੁਏ ਮੁਏ ਜੀਵੇ॥*
*ਕੇਤਿਆ ਕੇ ਬਾਪ ਕੇਤਿਆ ਕੇ ਬੇਟੇ*
*ਕੇਤੇ ਗੁਰ ਚੇਲੇ ਹੂਏ॥ ਪੰਨਾ – 1238*

ਕਈ ਵਾਰੀ ਪਿਓ ਬਣ ਗਏ, ਕਈ ਵਾਰੀ ਉਹਦੇ ਹੀ ਪੁੱਤਰ ਜਾਂ ਪੋਤਰੇ ਬਣ ਗਏ – ਇਕੋ ਘਰ ਦੇ ਅੰਦਰ।

ਇਕ ਸਾਖੀ ਸੁਣਾਇਆ ਕਰਦੇ ਨੇ ਤੇ ਗੁਰੂ ਨਾਨਕ ਪਾਤਸ਼ਾਹ ਜੀ ਬਾਰੇ ਦੱਸਿਆ ਕਰਦੇ ਹਨ ਕਿ ਇਕ ਖੂਹ ਉਤੇ ਸੋਹਣਾ ਥਾਂ ਦੇਖ ਕੇ ਆਪ ਬੈਠ ਗਏ। ਖੂਹ ਚਲਦਾ ਸੀ, ਪ੍ਰਸ਼ਾਦਾ ਆਇਆ, ਉਨ੍ਹਾਂ ਨੇ ਮਹਾਰਾਜ ਜੀ ਨੂੰ ਬੜੇ ਪਿਆਰ ਨਾਲ ਪ੍ਰਸ਼ਾਦਾ ਛਕਾਇਆ। ਮਹਾਰਾਜ ਜੀ ਦੇ ਮੁਖ 'ਚੋਂ ਨਿਕਲ ਗਿਆ, ਕਹਿੰਦੇ, "ਬਜ਼ੁਰਗਾ! ਤੇਰੀ ਮੁਕਤੀ ਕਰ ਦੇਈਏ?" ਕਹਿੰਦਾ, "ਵਾਹ ਸੰਤ ਜੀ! ਨਾਲੇ ਮੈਂ ਪ੍ਰਸ਼ਾਦੇ ਛਕਾਏ, ਨਾਲੇ ਮੇਰੀ ਮੁਕਤੀ ਕਰਨ ਲੱਗੇ ਓਂ; ਆਹ ਬੱਚਿਆਂ ਦਾ ਕੀ ਬਣੇਗਾ?" ਮਹਾਰਾਜ ਜੀ ਹੱਸ ਪਏ, ਕਹਿੰਦੇ, "ਮਰਦਾਨਿਆਂ! ਇਹਨੂੰ ਐਂ ਨਹੀਂ ਪਤਾ ਕਿ ਮੁਕਤੀ ਕੀ ਹੁੰਦੀ ਹੈ? ਮਰਨ ਨੂੰ ਹੀ ਮੁਕਤੀ ਸਮਝਦਾ ਹੈ।" ਬਹੁਤੇ ਸਮਝਦੇ ਨੇ ਕਿ ਰੱਬ ਦੇ ਕੋਲ ਮੇਰੀ ਚਿੱਠੀ ਨਹੀਂ ਨਿਕਲੀ। ਚਿੱਠੀ ਨਿਕਲ ਕੇ ਤੂੰ ਤਖਤ ਤੇ ਬਹਿਣਾ ਹੈ? ਨਰਕਾਂ 'ਚ ਘੁੰਮਣਾ ਹੈ। ਚੰਗਾ ਹੈ ਜੇ ਜਿਉਂਦਾ-ਜਿਉਂਦਾ ਵਾਹਿਗੁਰੂ-ਵਾਹਿਗੁਰੂ ਕਹਿ ਲਵੇਂ। ਕੋਈ ਮਹਾਂਪੁਰਸ਼ ਆ ਜਾਵੇ, ਉਹਦੀ ਧੂੜ ਉਡ ਕੇ ਪੈ ਜਾਵੇ; ਕੀ ਪਤਾ ਤੇਰੇ ਲੇਖ ਹੀ ਬਦਲ ਜਾਣ? ਉਡੀਕ ਕਰ, ਅਰਦਾਸ ਕਰ, ਬਾਰ-ਬਾਰ ਅਰਦਾਸ ਕਰ –

*ਨਾਨਕ ਦਾਸੁ ਇਹੈ ਸੁਖੁ ਮਾਗੈ*
*ਮੋ ਕਉ ਕਰਿ ਸੰਤਨ ਕੀ ਧੂਰੇ॥*
*ਪੰਨਾ – 13*

ਹੇ ਪ੍ਰਭੂ! ਕੋਈ ਧੂੜੀ ਦੇ ਦੇ ਮੈਨੂੰ –

*ਦਾਨੁ ਮਹਿੰਡਾ ਤਲੀ ਖਾਕੁ*
*ਜੇ ਮਿਲੈ ਤ ਮਸਤਕਿ ਲਾਈਐ॥*
*ਪੰਨਾ – 468*

ਸੋ ਇਸ ਤਰ੍ਹਾਂ ਦੇ ਨਾਲ ਇਕ ਪ੍ਰੇਮੀ ਕਹਿੰਦਾ, ਚਿੱਠੀ ਆ ਜਾਵੇ। ਬਾਬਾ ਜੀ ਤੁਸੀਂ ਕਰੋ, ਓਧਰਲਾ ਪਾਸਾ ਹੀ ਕਰ ਦਿਓ। ਮੈਂ ਕਿਹਾ, ਇਹ ਮੇਰੇ ਹੱਥ ਵਿਚ ਐ ਕਿ ਮੈਂ ਓਧਰ ਨੂੰ ਕਰ ਦੇਵਾਂ? ਫੇਰ ਤਾਂ ਮੈਂ ਇਥੇ ਦੋ ਸਿੰਘ ਰੱਖਾਂ ਕਿ ਲੈ ਜਾ ਬਾਬੇ ਨੂੰ, ਇਹਦਾ ਗਲ ਘੁੱਟ ਦੇ ਕਿਉਂਕਿ ਦੂਜਾ ਪਾਸਾ ਮੰਗਦਾ ਹੈ ਇਹ। ਐਂ ਨਹੀਂ ਹੁੰਦਾ ਪ੍ਰੇਮੀਓ! ਉਹ ਗਲਤ ਸਮਝਦਾ ਸੀ – ਮੁਕਤੀ ਨੂੰ। ਅਸੀਂ ਮਰਨ ਨੂੰ ਮੁਕਤੀ ਸਮਝਦੇ ਹਾਂ। ਮਰਨਾ ਮੁਕਤੀ ਨਹੀਂ ਹੁੰਦੀ। ਜਿਹੜੇ ਕਰਮ ਕੀਤੇ ਨੇ, ਮਰਨ ਤੋਂ ਬਾਦ ਉਨ੍ਹਾਂ ਦਾ ਤਾਂ ਲੇਖਾ ਤਿਆਰ ਪਿਆ ਹੈ- ਭੁਗਤਣ ਵਾਸਤੇ –

*ਲੈ ਫਾਹੇ ਰਾਤੀ ਤੁਰਹਿ*
*ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ*
*ਲੁਕਿ ਅੰਦਰਿ ਠਾਣੀ॥*
*ਸੰਨੀ ਦੇਨਿ ਵਿਖੰਮ ਥਾਇ*
*ਮਿਠਾ ਮਦੁ ਮਾਣੀ॥*

*ਕਰਮੀ ਆਪੋ ਆਪਣੀ ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥*
*ਪੰਨਾ - 315*

ਓਥੇ ਤਾਂ ਧਰਮਰਾਜ ਖੜ੍ਹਾ ਤੇਰੀ ਉਡੀਕ ਕਰ ਰਿਹਾ ਹੈ ਕਿ ਆ ਜਾ ਤੂੰ; ਇਥੇ ਤੂੰ ਕਰ ਲੈ ਹੁਣ ਦੁਨੀਆਂ 'ਚ ਮਨਮਰਜ਼ੀਆਂ; ਫੇਰ ਤੈਨੂੰ ਪਤਾ ਲੱਗੇਗਾ -

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥*
*ਪੰਨਾ - 464*

ਧਰਮਰਾਜ ਕਹਿੰਦਾ ਹੈ ਕਿ ਇਸ ਨੂੰ ਸਵਰਗਾਂ ਵਿਚੋਂ ਸਿੱਟ ਦਿਓ, ਧੱਕਾ ਦੇ ਦਿਓ ਨਰਕਾਂ 'ਚ। ਕਹਿੰਦਾ ਮੈਨੂੰ ਪੈਰ ਰੱਖਣ ਜੋਗਾ ਥਾਉਂ ਦੇ ਦਿਉ, ਐਨੇ 'ਚ ਹੀ ਗੁਜ਼ਾਰਾ ਕਰ ਲਵਾਂਗਾ। ਕਹਿੰਦੇ, ਐਥੇ ਨਹੀਂ ਤੂੰ ਰਹਿ ਸਕਦਾ-

*ਮਨਿ ਅੰਧੈ ਜਨਮੁ ਗਵਾਇਆ॥*
*ਪੰਨਾ - 464*

ਜਦ ਅੰਨ੍ਹਾ ਸੀ, ਜਦ ਜਨਮ ਗਵਾ ਰਿਹਾ ਸੀ? ਅੱਗੇ ਕੋਈ ਨਹੀਂ ਤੇਰੇ ਲਈ ਤਖਤ ਲਾਈਂ ਬੈਠਾ। ਸੋ ਪਿਆਰਿਓ! ਸਮਝੋ, ਜੇ ਕਾਗਜ਼ ਕਢਾਉਣੇ ਨੇ, ਤੂੰ ਰੱਬ ਦਾ ਹੀ ਨਾਮ ਲੈ ਲੈ, ਤੇਰੇ ਸਾਰੇ ਦੁੱਖ ਹਟ ਜਾਣਗੇ।

ਸੋ ਐਸ ਤਰ੍ਹਾਂ ਦੇ ਨਾਲ ਕਹਿੰਦਾ, "ਮੇਰੀ ਮੁਕਤੀ ਨਾ ਕਰਿਓ, ਮੇਰੇ ਬਾਲ ਬੱਚੇ ਅਜੇ ਛੋਟੇ-ਛੋਟੇ ਨੇ।" ਮਹਾਰਾਜ ਕਹਿੰਦੇ, "ਸਮਝਦਾ ਨਹੀਂ ਹੈ।" ਦੂਜੀ ਵਾਰੀ ਜਦ ਆਏ, ਤਾਂ ਓਹੀ ਬਜ਼ੁਰਗ ਮਰ ਕੇ ਬੈਲ ਬਣਿਆ ਹੋਇਆ ਹੈ। ਫੇਰ ਮਹਾਰਾਜ ਜੀ ਨੇ ਕੰਨ 'ਚ ਗੱਲ ਕਹੀ ਕਿ ਹੁਣ ਤਾਂ ਮੁਕਤੀ ਕਰਾ ਲੈ। ਸਿਰ ਹਿਲਾ ਦਿਤਾ, ਕਹਿੰਦਾ, ਜੇ ਮੈਂ ਮਰ ਗਿਆ, ਇਨ੍ਹਾਂ ਨੂੰ ਦਸ ਰੁਪਿਆਂ ਦਾ ਹੋਰ ਲੈਣਾ ਪਵੇਗਾ। ਉਨ੍ਹਾਂ ਦਿਨਾਂ ਵਿਚ ਭਾਅ ਬੜੇ ਸਸਤੇ ਸੀ, ਬੈਲ ਦਸ ਰੁਪਏ ਦਾ ਆਉਂਦਾ ਸੀ ਤੇ ਗਊ ਪੰਜ ਰੁਪਏ ਦੀ ਆਉਂਦੀ ਸੀ। ਉਹ ਰੁਪਈਆ ਨਹੀਂ ਸੀ; ਨਾਉਂ ਦਾ ਹੀ ਰੁਪਈਆ ਸੀ, ਪਰ ਉਹ ਕਿੰਨੇ **Pounds** (ਪੌਂਡ) ਦਾ ਸੀ। ਸੋ ਇਸ ਤਰ੍ਹਾਂ ਦੇ ਨਾਲ ਤੀਜੀ ਵਾਰੀ ਜਦ ਮਹਾਰਾਜ ਆਏ, ਕੁੱਤਾ ਬਣਿਆ ਹੋਇਆ ਹੈ। ਕਹਿੰਦੇ, ਹੁਣ ਤਾਂ ਮੁਕਤੀ ਕਰ ਦੇਈਏ ਤੇਰੀ? ਕਹਿੰਦਾ, "ਮੇਰੇ ਮੁੰਡੇ ਸ਼ਰਾਬ ਪੀ ਕੇ ਸੌਂ ਜਾਂਦੇ ਨੇ; ਨੂੰਹਾਂ ਨੂੰ ਪਤਾ ਨਹੀਂ ਹੈ, ਛੋਟੀ ਜਿਹੀ ਤਾਲੀ ਲਾ ਕੇ ਉਪਰ ਕੋਠੇ ਤੇ ਪੈ ਜਾਂਦੀਆਂ ਨੇ। ਚੋਰਾਂ ਨੂੰ ਪਤਾ ਹੀ ਹੁੰਦਾ ਹੈ ਕਿ ਥੱਕੇ ਹੋਏ ਕਿਸਾਨਾਂ ਨੂੰ ਨੀਂਦ ਆ ਜਾਂਦੀ ਹੈ। ਮੈਂ ਸਾਰੀ ਰਾਤ ਜਾਗਦਾ ਹਾਂ, ਆਹ! ਮੇਰੀ ਪਿੱਠ ਭੰਨੀ ਪਈ ਹੈ ਚੋਰਾਂ ਨੇ - ਸੋਟੀਆਂ ਮਾਰ-ਮਾਰ ਕੇ। ਜੇ ਤੁਸੀਂ ਮੇਰੀ ਮੁਕਤੀ ਕਰ ਦਿਤੀ ਤਾਂ ਇਹ ਗਰੀਬ ਹੋ ਜਾਣਗੇ। ਜੇ ਮੈਂ ਮਰ ਗਿਆ ਤਾਂ ਇਨ੍ਹਾਂ ਦੀ ਰਾਖੀ ਕੌਣ ਕਰੇਗਾ?" ਸੋ ਇਸ ਤਰ੍ਹਾਂ ਨਾਲ ਦੁਨੀਆਂ ਵਿਚ ਘੁੰਮਦਾ-ਘੁੰਮਾਉਂਦਾ ਇਕ ਗੰਦੇ ਪਾਣੀ ਦਾ ਸੁੰਡ ਬਣ ਗਿਆ। ਮਹਾਰਾਜ ਜੀ ਕਹਿਣ ਲੱਗੇ, "ਮਰਦਾਨਿਆਂ! ਵਾਹਿਗੁਰੂ ਕਹਿ ਕੇ ਛਿੱਟਾ ਮਾਰ ਦੇ।" ਜਦੋਂ ਸਰੀਰ ਛੱਡ ਦਿਤਾ, ਦੇਵ ਦੇਹੀ ਪ੍ਰਾਪਤ ਹੋ ਗਈ ਤਾਂ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਜੇ ਇਹੀ ਮੁਕਤੀ ਸੀ ਤਾਂ ਤੁਸੀਂ ਪਹਿਲਾਂ ਹੀ ਕਿਉਂ ਨਾ ਕਰ ਦਿਤੀ? ਮਹਾਰਾਜ ਕਹਿੰਦੇ, "ਹੁਣ ਤੂੰ ਇਹ ਗੱਲ ਕਹਿੰਦਾ ਹੈਂ, ਪਰ ਪਹਿਲਾਂ ਤਾਂ ਤੂੰ ਕਹਿੰਦਾ ਸੀ ਕਿ ਮੈਂ ਤਾਂ ਜੀ ਆਪਣੇ ਪੁੱਤਰ, ਪੋਤਿਆਂ ਨੂੰ ਦੇਖਦਾ ਰਹਿੰਦਾ ਹਾਂ, ਇਹਦੇ ਵਿਚ ਮੈਨੂੰ ਬੜਾ ਅਨੰਦ ਹੈ।"

*ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ॥*
*ਜੀਵਿ ਜੀਵਿ ਮੁਏ ਮੁਏ ਜੀਵੇ॥*
*ਕੇਤਿਆ ਕੇ ਬਾਪ ਕੇਤਿਆ ਕੇ ਬੇਟੇ*
*ਕੇਤੇ ਗੁਰ ਚੇਲੇ ਹੂਏ॥*
*ਆਗੇ ਪਾਛੈ ਗਣਤ ਨ ਆਵੈ*
*ਕਿਆ ਜਾਤੀ ਕਿਆ ਹੁਣਿ ਹੂਏ॥*
*ਪੰਨਾ - 1238*

ਅਸੀਂ ਪਹਿਲਾਂ ਕੀ ਸੀਗੇ, ਹੁਣ ਕੀ ਹਾਂ? ਕਿਸੇ ਨੂੰ ਨਹੀਂ ਪਤਾ, ਕਿਸੇ ਵਿਰਲੇ-ਵਿਰਲੇ ਨੂੰ ਪਤਾ ਹੈ।

ਵਾਹਿਗੁਰੂ ਜੀ ਨੇ ਆਪਣੀ ਮੌਜ ਅਨੁਸਾਰ ਬਿਨਾਂ ਕਿਸੇ ਦੇ ਸਲਾਹ ਮਸ਼ਵਰੇ ਤੋਂ ਅਨੇਕਾਂ ਭਾਂਤਾਂ ਦੀ ਸ੍ਰਿਸ਼ਟੀ ਦੀ ਰਚਨਾ ਕੀਤੀ। ਸਿਆਣਿਆਂ ਦੇ ਆਪੋ ਆਪਣੇ ਖਿਆਲ ਹਨ ਕੋਈ ਇਸ ਰਚਨਾ ਨੂੰ ਕਿਸੇ ਤਰ੍ਹਾਂ ਵਰਣਨ ਕਰਦਾ ਹੈ, ਕੋਈ ਕਿਸੇ ਤਰ੍ਹਾਂ ਨਾਲ। ਪਦਾਰਥਵਾਦ ਦੇ ਜਾਣੂੰ ਵਿਗਿਆਨੀ, ਇਸਨੂੰ ਆਪਣੇ ਬੇਅੰਤ ਮਤਾਂ ਅਨੁਸਾਰ ਵਰਣਨ ਕਰਦੇ ਹਨ। ਗੁਰੂ ਦਸ਼ਮੇਸ਼ ਪਿਤਾ ਨੇ ਫੁਰਮਾਨ ਕੀਤਾ ਹੈ -

*ਆਪੁ ਆਪੁਨੀ ਬੁਧਿ ਹੈ ਜੇਤੀ॥*
*ਬਰਨਤ ਭਿੰਨ ਭਿੰਨ ਤੁਹਿ ਤੇਤੀ॥*
*ਤੁਮਰਾ ਲਖਾ ਨ ਜਾਇ ਪਸਾਰਾ॥*
*ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥*
*(ਚੌਪਈ ਸਾਹਿਬ)*

ਗੁਰਬਾਣੀ ਅਨੁਸਾਰ ਸੰਖੇਪ ਵਿਚ ਦੱਸਿਆ ਗਿਆ ਹੈ ਕਿ -

*ਜਲੁ ਤਰੰਗ ਅਗਨੀ ਪਵਨੈ ਫੁਨਿ*
*ਤ੍ਰੈ ਮਿਲਿ ਜਗਤੁ ਉਪਾਇਆ॥*
*ਐਸਾ ਬਲੁ ਛਲੁ ਤਿਨ ਕਉ ਦੀਆ*
*ਹੁਕਮੀ ਠਾਕਿ ਰਹਾਇਆ॥*
*ਪੰਨਾ - 1345*

ਜਪੁਜੀ ਸਾਹਿਬ ਵਿਚ ਫੁਰਮਾਨ ਹੋਇਆ ਹੈ ਕਿ -

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥*
*ਪੰਨਾ - 3*

ਬਾਣੀ ਦਾ ਸਿਧਾਂਤ ਹੈ ਕਿ ਸ੍ਰਿਸ਼ਟੀ ਦੀ ਰਚਨਾ ਹੁਕਮ ਅਨੁਸਾਰ ਸ਼ਬਦ ਤੋਂ ਹੋਈ ਹੈ। ਇਹ ਗੱਲ ਦ੍ਰਿੜ੍ਹਤਾਪੂਰਵਕ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਰਸਾ ਰਹੀ ਹੈ ਕਿ ਰਚਨਾ ਤੋਂ ਪਹਿਲਾਂ ਅਕਾਲ ਪੁਰਖ ਆਪੇ ਹੀ ਆਪ ਸੀ।

*ਅਰਬਦ ਨਰਬਦ ਧੁੰਧੂਕਾਰਾ॥*
*ਧਰਣਿ ਨ ਗਗਨਾ ਹੁਕਮੁ ਅਪਾਰਾ॥*
*ਨਾ ਦਿਨੁ ਰੈਨਿ ਨ ਚੰਦੁ*
*ਨ ਸੂਰਜੁ ਸੁੰਨ ਸਮਾਧਿ ਲਗਾਇਦਾ॥*
*ਖਾਣੀ ਨ ਬਾਣੀ ਪਉਣ ਨ ਪਾਣੀ॥*
*ਓਪਤਿ ਖਪਤਿ ਨ ਆਵਣ ਜਾਣੀ॥*
*ਖੰਡ ਪਤਾਲ ਸਪਤ ਨਹੀ ਸਾਗਰ*
*ਨਦੀ ਨ ਨੀਰੁ ਵਹਾਇਦਾ॥*
*ਨਾ ਤਦਿ ਸੁਰਗੁ ਮਛੁ ਪਇਆਲਾ॥*
*ਦੋਜਕੁ ਭਿਸਤੁ ਨਹੀ ਖੈ ਕਾਲਾ॥*
*ਨਰਕੁ ਸੁਰਗੁ ਨਹੀ ਜੰਮਣੁ ਮਰਣਾ*
*ਨਾ ਕੋ ਆਇ ਨ ਜਾਇਦਾ॥*
*ਬ੍ਰਹਮਾ ਬਿਸਨੁ ਮਹੇਸੁ ਨ ਕੋਈ॥*
*ਅਵਰੁ ਨ ਦੀਸੈ ਏਕੋ ਸੋਈ॥*
*ਨਾਰਿ ਪੁਰਖੁ ਨਹੀ ਜਾਤਿ*
*ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ॥*
*ਪੰਨਾ - 1035*

ਇਸੇ ਸ਼ਬਦ ਵਿਚ ਅੱਗੇ ਦਰਸਾਂਦੇ ਹਨ -

*ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥*
*ਬਾਝੁ ਕਲਾ ਆਡਾਣੁ ਰਹਾਇਆ॥*
*ਬ੍ਰਹਮਾ ਬਿਸਨੁ ਮਹੇਸੁ ਉਪਾਏ*
*ਮਾਇਆ ਮੋਹੁ ਵਧਾਇਦਾ॥*
*ਵਿਰਲੇ ਕਉ ਗੁਰ ਸਬਦੁ ਸੁਣਾਇਆ॥*
*ਕਰਿ ਕਰਿ ਦੇਖੈ ਹੁਕਮੁ ਸਬਾਇਆ॥*
*ਖੰਡ ਬ੍ਰਹਮੰਡ ਪਾਤਾਲ ਅਰੰਭੇ*
*ਗੁਪਤਹੁ ਪਰਗਟੀ ਆਇਦਾ॥*
*ਪੰਨਾ - 1036*

ਥੋੜ੍ਹੇ ਵਿਸਤਾਰ ਦੇ ਨਾਲ ਆਪ ਫੁਰਮਾਉਂਦੇ ਹਨ -

*ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ*
*ਮਿਲਿ ਜਗਤੁ ਉਪਾਇਆ॥*
*ਐਸਾ ਬਲੁ ਛਲੁ ਤਿਨ ਕਉ ਦੀਆ*
*ਹੁਕਮੀ ਠਾਕਿ ਰਹਾਇਆ॥*
*ਐਸੇ ਜਨ ਵਿਰਲੇ ਜਗ*
*ਅੰਦਰਿ ਪਰਖਿ ਖਜਾਨੈ ਪਾਇਆ॥*
*ਪੰਨਾ - 1345*

ਗੁਰੂ ਮਹਾਰਾਜ ਜੀ ਉਸ ਅਵਸਥਾ ਦਾ ਜ਼ਿਕਰ ਕਰਦੇ ਹੋਏ ਫੁਰਮਾਨ ਕਰਦੇ ਹਨ -

*ਪਿਤਾ ਕਾ ਜਨਮੁ ਕਿ ਜਾਨੈ ਪੂਤੁ॥*
*ਸਗਲ ਪਰੋਈ ਅਪੁਨੈ ਸੂਤਿ॥*
*ਪੰਨਾ - 284*

*ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ॥*
*ਅਵਰ ਨ ਬੂਝਿ ਕਰਤ ਬੀਚਾਰੁ॥*
*ਕਰਤੇ ਕੀ ਮਿਤਿ ਨ ਜਾਨੈ ਕੀਆ॥*
*ਨਾਨਕ ਜੋ ਤਿਸੁ ਭਾਵੈ ਸੋ ਵਰਤੀਆ॥*
*ਪੰਨਾ - 285*

ਦੂਸਰਾ ਸਿਧਾਂਤ ਆਪ ਪ੍ਰਗਟ ਕਰਦੇ ਹਨ ਕਿ ਵਾਹਿਗੁਰੂ ਆਪਣੀ ਸ੍ਰਿਸ਼ਟੀ ਸਾਜ ਕੇ ਘਟ-ਘਟ ਵਿਚ ਵਿਆਪਕ ਹੁੰਦਾ ਹੋਇਆ ਵੀ ਨਿਰਲੇਪ ਹੈ ਕਿਸੇ ਪਕੜ ਵਿਚ ਨਹੀਂ ਆਇਆ।

*ਆਪੀਨੈ ਆਪੁ ਸਾਜਿਓ*
*ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ*
*ਕਰਿ ਆਸਣੁ ਡਿਠੋ ਚਾਉ॥*
*ਪੰਨਾ - 463*

ਭਾਈ ਗੁਰਦਾਸ ਜੀ ਸ੍ਰਿਸ਼ਟੀ ਦੀ ਰਚਨਾ ਬਾਰੇ ਹੀ ਫੁਰਮਾਨ ਕਰਦੇ ਅੰਕਿਤ ਕਰਦੇ ਹਨ ਕਿ ਨਿਰੰਕਾਰ ਆਪਣੀ ਮਹਿਮਾ ਵਿਚ ਆਪ ਹੀ ਸਥਿਤ ਸੀ ਉਸ ਨੂੰ ਕੋਈ ਮਜ਼ਬੂਰੀ ਨਹੀਂ ਸੀ, ਨਾ ਹੀ ਕੋਈ ਹੋਰ ਪ੍ਰਬਲ ਸ਼ਕਤੀ ਜੋ ਉਨ੍ਹਾਂ ਨੂੰ ਪ੍ਰੇਰਨਾ ਦੇ ਕੇ ਸ੍ਰਿਸ਼ਟੀ ਦੀ ਰਚਨਾ ਕਰਾਉਂਦੀ। ਵਾਹਿਗੁਰੂ ਜੀ ਆਪੇ ਆਪ ਹੀ ਸਨ ਅਤੇ ਨਿਰੰਕਾਰ ਅਵਸਥਾ 'ਚ ਆਪਣੀ ਮਹਿਮਾ ਵਿਚ ਆਪ ਸਥਿਤ ਸਨ। ਆਪ ਜੀ ਨੇ ਜਦੋਂ ਰਚਨਾ ਕੀਤੀ ਤਾਂ ਆਪ ਨਿਰੰਕਾਰ ਰੂਪ ਤੋਂ ਸਰਗੁਣ ਰੂਪ ਵਿਚ ਪ੍ਰਗਟ ਹੋਏ ਅਤੇ ਨਿਰੰਕਾਰ ਤੋਂ ਏਕੰਕਾਰ ਹੋ ਕੇ ਸ਼ਬਦ ਰਾਹੀਂ ਰਚਨਾ ਕੀਤੀ। ਉਹ ਸ਼ਬਦ ਅਕਾਲ ਪੁਰਖ ਵਿਚ ਹੀ ਸੀ ਜਿਸ ਨੂੰ ਓਅੰਕਾਰ ਕਿਹਾ ਜਾਂਦਾ ਹੈ। ਉਸ ਓਅੰਕਾਰ ਰੂਪੀ ਸ਼ਬਦ ਵਿਚੋਂ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ।

*ਨਿਰੰਕਾਰ ਆਕਾਰ ਹੋਇ*
*ਏਕੰਕਾਰ ਅਪਾਰ ਸਦਾਯਾ।*
*ਏਕੰਕਾਰਹੁੰ ਸ਼ਬਦ ਧੁਨ*
*ਓਅੰਕਾਰ ਅਕਾਰ ਬਨਾਯਾ।*
*ਭਾਈ ਗੁਰਦਾਸ ਜੀ, ਵਾਰ 26/2*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਉਤਪਤਿ ਪਰਲਉ ਸਬਦੇ ਹੋਵੈ॥*
*ਸਬਦੇ ਹੀ ਫਿਰਿ ਓਪਤਿ ਹੋਵੈ॥*
*ਪੰਨਾ - 117*

*ਏਕ ਕਵਾਵੈ ਤੇ ਸਭਿ ਹੋਆ॥*

*ਪੰਨਾ - 1003*

ਗੁਰੂ ਦਸ਼ਮੇਸ਼ ਪਿਤਾ ਦਾ ਵੀ ਫੁਰਮਾਨ ਹੈ ਕਿ -

*ਪ੍ਰਥਮ ਓਅੰਕਾਰ ਤਿਨ ਕਹਾ॥*
*ਸੋ ਧੁਨ ਪੂਰ ਜਗਤ ਮੋ ਰਹਾ॥*

ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ –

*ਸਾਚੇ ਤੇ ਪਵਨਾ ਭਇਆ*
*ਪਵਨੈ ਤੇ ਜਲੁ ਹੋਇ॥*
*ਜਲ ਤੇ ਤ੍ਰਿਭਵਣੁ ਸਾਜਿਆ*
*ਘਟਿ ਘਟਿ ਜੋਤਿ ਸਮੋਇ॥*

*ਪੰਨਾ – 19*

ਇਸ ਅਵਸਥਾ ਨੂੰ ਕੋਈ ਵੀ ਦੁਨੀਆਂ ਵਿਚ ਕਹਿਣ ਲਈ ਸਮਰਥ ਨਹੀਂ ਹੈ। ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਸਿੱਧਾਂ ਨੇ ਪੁਛਿਆ –

*ਆਦਿ ਕਉ ਕਵਨੁ ਬੀਚਾਰੁ ਕਥੀਅਲੇ*
*ਸੁੰਨ ਕਹਾ ਘਰ ਵਾਸੋ॥*

*ਪੰਨਾ – 940*

ਰਚਨਾ ਦੇ ਮੁੱਢ ਵਿਚ ਕੀ ਹਾਲਤ ਸੀ? ਇਸ ਦਾ ਕੀ ਵਿਚਾਰ ਦੱਸਦੇ ਹੋ? ਉਸ ਵੇਲੇ ਅਫੁਰ ਨਿਰੰਕਾਰ ਕਿਥੇ ਵਸਦਾ ਸੀ? ਤਾਂ ਉਸਦੇ ਉਤਰ ਵਿਚ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਆਦਿ ਦੀ ਅਵਸਥਾ ਕਥਨ ਕਹਿਣ ਤੋਂ ਬਾਹਰ ਹੈ ਉਸਦੀ ਵਿਚਾਰ ਨਹੀਂ ਹੋ ਸਕਦੀ ਕਿਉਂਕਿ ਵਾਹਿਗੁਰੂ ਜੀ ਨਿਰਗੁਣ ਰੂਪ ਵਿਚ ਹੋਣ ਕਰਕੇ ਵਿਸਮਾਦ ਰੂਪ ਸਨ। ਇਸ ਕਰਕੇ ਇਸ ਅਵਸਥਾ ਨੂੰ ਕਥਿਆ ਨਹੀਂ ਜਾ ਸਕਦਾ ਅਤੇ ਵਾਹਿਗੁਰੂ ਜੀ ਨੇ ਆਪਣੇ ਆਪ ਵਿਚ ਹੀ ਵਾਸਾ ਕੀਤਾ ਹੋਇਆ ਸੀ।

*ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ*
*ਸੁੰਨ ਨਿਰੰਤਰਿ ਵਾਸੁ ਲੀਆ॥*

*ਪੰਨਾ – 940*

ਵਿਅਕਤੀ ਰਹਿਤ ਹੋਣ ਦੀ ਹਾਲਤ ਹੋਣ ਤੋਂ ਨਿਰਮਲ ਸਰੂਪ ਆਪ ਹੀ ਬਣਿਆ ਫਿਰ ਨਿਰਗੁਣ ਤੋਂ ਸਰਗੁਣ ਹੋਇਆ –

*ਅਵਿਗਤੋ ਨਿਰਮਾਇਲੁ ਉਪਜੇ*
*ਨਿਰਗੁਣ ਤੇ ਸਰਗੁਣੁ ਥੀਆ॥*

*ਪੰਨਾ – 940*

ਬਾਣੀ ਵਿਚ ਵਾਹਿਗੁਰੂ ਜੀ ਦੇ ਦੋ ਰੂਪ ਦੱਸੇ ਹਨ। ਇਕ ਉਹ ਹੈ ਜਦੋਂ ਉਸਨੇ ਕੋਈ ਰਚਨਾ ਨਹੀਂ ਸੀ ਰਚੀ, ਆਪਣੀ ਮਹਿਮਾ ਦੇ ਵਿਚ ਆਪ ਹੀ ਸਥਿਤ ਸੀ। ਉਸ ਦੇ ਅਕਰਤਾ ਜਾਂ ਅਜੂਨੀ ਹੋਣ ਦੇ ਗੁਣ ਉਸ ਤੇ ਨਹੀਂ ਘਟ ਸਕਦੇ। ਸਗੋਂ ਉਸ ਬਾਬਤ ਅਸੀਂ ਕੋਈ ਵੀ ਖਿਆਲ ਆਪਣੇ ਮਨ ਵਿਚ ਨਹੀਂ ਬੰਨ੍ਹ ਸਕਦੇ। ਇਹ ਉਸ ਦਾ 'ਨਿਰਗੁਣ' ਰੂਪ ਹੈ। ਫਿਰ ਉਸ ਨੇ ਰਚਨਾ ਕੀਤੀ ਤੇ ਆਪਣੇ ਆਪ ਨੂੰ ਕੁਦਰਤ ਵਿਚ ਦਰਸਾਇਆ। ਜਿਤਨੇ ਗੁਣ ਜਾਂ ਸਿਫਤਾਂ ਉਸ ਦੀਆਂ ਵਰਣਨ ਕੀਤੀਆਂ ਜਾਂਦੀਆਂ ਹਨ, ਉਹ ਸਭ ਉਸ 'ਸਰਗੁਣ' ਰੂਪ ਬ੍ਰਹਮ ਦੀਆਂ ਹਨ। ਇਹ ਦੋਵੇਂ ਰੂਪ ਇਕੋ ਵਾਹਿਗੁਰੂ ਦੇ ਹਨ। ਫੇਰ ਇਸ ਜੀਵ ਬਾਰੇ ਵਿਚਾਰ ਹੈ –

*ਕਹਾ ਤੇ ਆਵੈ ਕਹਾ ਇਹੁ ਜਾਵੈ*
*ਕਹਾ ਇਹੁ ਰਹੈ ਸਮਾਈ॥*

*ਪੰਨਾ – 940*

ਗੁਰੂ ਮਹਾਰਾਜ ਜੀ ਉਤਰ ਦਿੰਦੇ ਹਨ –

*ਹੁਕਮੇ ਆਵੈ ਹੁਕਮੇ ਜਾਵੈ*
*ਹੁਕਮੇ ਰਹੈ ਸਮਾਈ॥*
*ਪੂਰੇ ਗੁਰ ਤੇ ਸਾਚੁ ਕਮਾਵੈ*
*ਗਤਿ ਮਿਤਿ ਸਬਦੇ ਪਾਈ॥*

*ਪੰਨਾ – 940*

ਸੋ ਇਸ ਤਰ੍ਹਾਂ ਨਾਲ ਵਾਹਿਗੁਰੂ ਜੀ ਆਪ ਹੀ ਜਾਣਦੇ ਹਨ ਕਿ ਕਿਸ ਤਰ੍ਹਾਂ ਦੇ ਨਾਲ ਸ੍ਰਿਸ਼ਟੀ ਦੀ ਰਚਨਾ ਹੋਈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਫੁਰਮਾਨ ਹੈ ਕਿ –

*ਹੁਕਮੀ ਹੋਵਨਿ ਆਕਾਰ ਹੁਕਮੁ*
*ਨ ਕਹਿਆ ਜਾਈ॥*
*ਹੁਕਮੀ ਹੋਵਨਿ ਜੀਅ*
*ਹੁਕਮਿ ਮਿਲੈ ਵਡਿਆਈ॥* *ਪੰਨਾ – 1*

ਇਹ ਸਾਰੀ ਕ੍ਰਿਆ ਹੁਕਮ ਦੇ ਅਧੀਨ ਚਲ ਰਹੀ ਹੈ। ਜੀਵ ਹੁਕਮ ਦੇ ਬੰਨ੍ਹੇ ਹੋਏ ਅਨੇਕਾਂ ਜੂਨਾਂ ਵਿਚ ਸਰੀਰ ਧਾਰਦੇ ਹਨ। ਸੰਜੋਗ ਦੀ ਕ੍ਰਿਆ ਨਾਲ ਇਕੱਠੇ ਹੋ ਕੇ ਮਿਲ ਜਾਂਦੇ ਹਨ। ਜਦੋਂ ਵਿਜੋਗ ਦੀ ਕ੍ਰਿਆ ਚਲਦੀ ਹੈ ਤਾਂ ਇਹ ਵਿਛੜ ਜਾਂਦੇ ਹਨ। ਇਹ ਗੱਲ ਨਿਰਣੇਪੂਰਵਕ ਨਹੀਂ ਆਖੀ ਜਾ ਸਕਦੀ ਕਿ ਜੀਵ ਕਿਥੇ ਚਲੇ ਜਾਂਦੇ ਹਨ, ਕਿਥੇ ਰਹਿੰਦੇ ਹਨ? ਫੇਰ ਮਿਲਦੇ ਹਨ ਜਾਂ ਨਹੀਂ ਮਿਲਦੇ? ਇਹ ਤਾਂ ਅਕਾਲ ਪੁਰਖ ਆਪਣੀ ਕ੍ਰਿਆ ਆਪ ਹੀ ਜਾਣਦੇ ਹਨ ਪਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ –

*ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ॥*
*ਜੀਵਿ ਜੀਵਿ ਮੁਏ ਮੁਏ ਜੀਵੇ॥*
*ਕੇਤਿਆ ਕੇ ਬਾਪ ਕੇਤਿਆ*
*ਕੇ ਬੇਟੇ ਕੇਤੇ ਗੁਰ ਚੇਲੇ ਹੂਏ॥*
*ਆਗੈ ਪਾਛੈ ਗਣਤ ਨ ਆਵੈ*
*ਕਿਆ ਜਾਤੀ ਕਿਆ ਹੁਣਿ ਹੂਏ॥*

*ਪੰਨਾ – 1238*

ਗੁਰੂ ਮਹਾਰਾਜ ਜੀ ਇਹ ਸੰਕੇਤ ਦਿੰਦੇ ਹਨ ਕਿ ਜਦੋਂ ਜੀਵ ਸੰਸਾਰ ਵਿਚ ਆਉਂਦਾ ਹੈ ਤਾਂ ਇਥੇ ਆ ਕੇ ਕਰਮ ਕਰਦਾ ਹੈ। ਜੋ ਕ੍ਰਿਤ ਕਰਮ ਦਾ ਰੂਪ ਧਾਰ ਕੇ ਮੱਥੇ ਵਿਚ ਲਿਖ ਹੋ ਜਾਂਦੇ ਹਨ ਉਸਦੇ ਮੁਤਾਬਿਕ ਹੀ ਇਹ ਇਕ ਸਰੀਰ 'ਚੋਂ ਨਿਕਲਣ ਨਾਲ ਦੂਜਾ ਸਰੀਰ ਧਾਰਨ ਕਰ ਲੈਂਦੇ ਹਨ।

*ਸਭੁ ਕਰਣਾ ਕਿਰਤੁ ਕਰਿ ਲਿਖੀਐ*
*ਕਰਿ ਕਰਿ ਕਰਤਾ ਕਰੇ ਕਰੇ॥*

*ਪੰਨਾ– 1238*

ਫੇਰ ਵੀ ਆਦਮੀ ਦੇ ਮਨ ਵਿਚ ਜਗਿਆਸਾ ਬਣੀ ਰਹਿੰਦੀ ਹੈ। ਜਦੋਂ ਆਦਮੀ ਸੰਸਾਰ ਤੋਂ ਜਾਂਦਾ ਹੈ ਤਾਂ ਪੰਜਾਂ ਤੱਤਾਂ ਦਾ ਬਣਿਆ ਸਰੀਰ ਇਥੇ ਹੀ ਰਹਿ ਜਾਂਦਾ ਹੈ ਅਤੇ ਜੀਵ ਆਤਮਾ ਸੂਖਸ਼ਮ ਸਰੀਰ ਸਮੇਤ ਉਡਾਰੀ

ਮਾਰਦਾ ਹੈ ਅਤੇ ਆਪਣੇ ਕਰਮਾਂ ਦੇ ਅਨੁਸਾਰ ਅਗਲਾ ਸਫਰ ਸ਼ੁਰੂ ਕਰ ਲੈਂਦਾ ਹੈ। ਜਿਵੇਂ ਕਿ ਗੁਰੂ ਦਸ਼ਮੇਸ਼ ਪਿਤਾ ਸਾਰਿਆਂ ਨੂੰ ਪ੍ਰਗਟ ਕਰਕੇ ਲਿਖਦੇ ਹਨ ਕਿ ਅਸੀਂ ਪਿਛਲੇ ਜਨਮ ਅੰਦਰ ਹੇਮਕੁੰਟ ਪ੍ਰਬਤ ਉਤੇ ਭਾਰੀ ਤਪੱਸਿਆ ਕਰਕੇ ਪ੍ਰਭੂ ਨਾਲ ਇਕਮਿਕ ਹੋ ਗਏ। ਸੰਸਾਰ ਦੀ ਹਾਲਤ ਦੇਖ ਕੇ ਸਾਨੂੰ ਹੁਕਮ ਦਿਤਾ ਕਿ ਤੁਸੀਂ ਜਾ ਕੇ ਧਰਮ ਨੂੰ ਫੈਲਾਉਣਾ ਕਰੋ ਅਤੇ ਅਧਰਮ ਨਾਲ ਭਰੀ ਹੋਈ ਬੁੱਧੀ ਵਿਚੋਂ ਕੁਬੁੱਧੀ ਨੂੰ ਦੂਰ ਕਰੋ। ਅਸੀਂ ਉਸ ਹੁਕਮ ਦੇ ਮੁਤਾਬਿਕ ਸੰਸਾਰ ਵਿਚ ਆਏ –

*ਅਬ ਮੈ ਅਪਨੀ ਕਥਾ ਬਖਾਨੋ।*
*ਤਪ ਸਾਧਤ ਜਿਹਿ ਬਿਧਿ ਮੋਹਿ ਆਨੋ।*
*ਹੇਮ ਕੁੰਟ ਪਰਬਤ ਹੈ ਜਹਾਂ।*
*ਸਪਤ ਸ੍ਰਿੰਗ ਸੋਭਿਤ ਹੈ ਤਹਾਂ।*
*ਸਪਤ ਸ੍ਰਿੰਗ ਤਿਹ ਨਾਮੁ ਕਹਾਵਾ।*
*ਪੰਡੁ ਰਾਜ ਜਹ ਜੋਗ ਕਮਾਵਾ।*
*ਤਹ ਹਮ ਅਧਿਕ ਤਪੱਸਿਆ ਸਾਧੀ।*
*ਮਹਾਕਾਲ ਕਾਲਿ ਕਾ ਅਰਾਧੀ।*
*ਇਹ ਬਿਧਿ ਕਰਤ ਤਪੱਸਿਆ ਭਯੋ।*
*ਦ੍ਵੈ ਤੇ ਏਕ ਰੂਪ ਹ੍ਵੈ ਗਯੋ।*
*ਤਾਤ ਮਾਤ ਮੁਰ ਅਲਖ ਅਰਾਧਾ।*
*ਬਹੁ ਬਿਧਿ ਜੋਗ ਸਾਧਨਾ ਸਾਧਾ।*
*ਤਿਨ ਜੋ ਕਰੀ ਅਲਖ ਕੀ ਸੇਵਾ।*
*ਤਾ ਤੇ ਭਏ ਪ੍ਰਸੰਨ ਗੁਰ ਦੇਵਾ।*
*ਤਿਨ ਪ੍ਰਭ ਜਬ ਆਇਸ ਮੁਹਿ ਦੀਆ।*
*ਤਬ ਹਮ ਜਨਮ ਕਲੂ ਮਹਿ ਲੀਆ।*
*ਚਿਤ ਨ ਭਯੋ ਹਮਰੋ ਆਵਨ ਕਹ।*
*ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ।*
*ਜਿਉ ਤਿਉ ਪ੍ਰਭ ਹਮ ਕੋ ਸਮਝਾਯੋ।*
*ਇਮ ਕਹਿ ਕੇ ਇਹ ਲੋਕ ਪਠਾਯੋ।*

ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਮਹਾਨ ਆਤਮਾਵਾਂ ਕਿਸੇ ਉਚੇ ਲੋਕਾਂ ਦਾ ਵਾਸ ਪ੍ਰਾਪਤ ਕਰ ਲੈਂਦੀਆਂ ਹਨ ਅਤੇ ਹੁਕਮ ਅਨੁਸਾਰ ਸੰਸਾਰ ਵਿਚ ਭੇਜੀਆਂ ਜਾਂਦੀਆਂ ਹਨ। ਬਾਕੀ ਜੋ ਸੰਸਾਰ ਹੈ ਉਹ ਕਰਮਾਂ ਦੇ ਵਸ ਪਿਆ ਹੋਇਆ ਭੁਆਟਣੀਆਂ ਖਾਂਦਾ ਹੈ।

ਇਕ ਵਾਰੀ ਭਗਤ ਤ੍ਰਿਲੋਚਨ ਜੀ ਨੂੰ ਪੁਛਿਆ ਕਿ ਭਗਤ ਜੀ! ਜੀਵ ਦੇ ਇਸ ਸੰਸਾਰ ਤੋਂ ਜਾਣ ਉਪਰੰਤ ਜੀਵ ਦੀ ਕੀ ਗਤੀ ਹੁੰਦੀ ਹੈ? ਕਿਥੇ ਜਾਂਦਾ ਹੈ? ਤਾਂ ਆਪ ਫੁਰਮਾਉਣ ਲੱਗੇ ਕਿ ਸਾਰੇ ਜੀਵਾਂ ਦੀ ਇਕੋ ਕਿਸਮ ਦੀ ਗਤੀ ਨਹੀਂ ਹੋਇਆ ਕਰਦੀ। ਵੱਖੋ-ਵੱਖਰੀਆਂ ਗਤੀਆਂ ਹੋਇਆ ਕਰਦੀਆਂ ਹਨ। ਥੋੜ੍ਹਾ ਖੋਲ੍ਹ ਕੇ ਦੱਸਣ ਲਈ ਆਪ ਜੀ ਨੇ ਕੁਝ ਵੇਰਵੇ ਦਿਤੇ ਕਿ ਜੀਵ ਦਾ ਜੇ ਇਸ ਸੰਸਾਰ ਤੋਂ ਜਾਣ ਸਮੇਂ ਮਾਇਆ ਵਿਚ ਧਿਆਨ ਰਹਿ ਜਾਵੇ ਤਾਂ ਉਸਨੂੰ ਸੱਪ ਦੀ ਜੂਨੀ ਮਿਲਦੀ ਹੈ। ਜੇ ਉਸ ਦਾ ਧਿਆਨ ਬਾਲ ਬੱਚਿਆਂ ਵਿਚ ਰਹਿ ਜਾਵੇ ਕਿ ਮੇਰੇ ਪੁਤਰ ਨਹੀਂ, ਕੋਈ ਬੱਚਾ ਨਹੀਂ ਹੋਇਆ ਤਾਂ ਉਸ ਨੂੰ ਸੂਰ ਦੀ ਜੂਨੀ ਮਿਲਦੀ ਹੈ। ਇਸੇ ਤਰ੍ਹਾਂ ਨਾਲ ਜੇ ਅੰਤ ਸਮੇਂ ਖਿਆਲ ਇਸਤਰੀ ਵਿਚ ਰਹਿ ਜਾਵੇ ਤਾਂ ਵੇਸਵਾ ਦੀ ਜੂਨੀ ਮਿਲਿਆ ਕਰਦੀ ਹੈ। ਜੇ ਉਹਦੀ ਸੁਰਤ ਮਕਾਨਾਂ ਵਿਚ, ਦੁਕਾਨਾਂ ਤੇ ਹੋਰ ਅਨੇਕ ਕਿਸਮ ਦੀ ਪ੍ਰਾਪਰਟੀ ਵਿਚ ਰਹਿ ਜਾਵੇ ਤਾਂ ਉਸ ਨੂੰ ਪ੍ਰੇਤ ਦੀ ਜੂਨੀ ਮਿਲਿਆ ਕਰਦੀ ਹੈ।

ਇਸ ਬਾਰੇ ਇਕ ਕਥਾ ਆਉਂਦੀ ਹੈ ਜੋ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ ਅਣਡਿੱਠੀ ਦੁਨੀਆਂ ਵਿਚ 356 ਪੰਨੇ ਤੇ ਅੰਕਿਤ ਕਰਦਿਆਂ ਲਿਖਿਆ ਹੈ, ਪ੍ਰੇਤ ਦੀ ਜੂਨੀ ਕਿਵੇਂ ਮਿਲਦੀ ਹੈ। ਉਹ ਇਕ ਘਟਨਾ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਇਕ ਵਾਰੀ ਕੋਈ ਮਹਾਤਮਾ ਜੋ ਮੰਡਲੇਸ਼ਵਰ ਸਨ, ਮੰਡਲੀ ਲੈ ਕੇ ਭਾਰਤ ਵਰਸ਼ ਵਿਚ ਭ੍ਰਮਣ ਕਰਿਆ ਕਰਦੇ ਸਨ। ਜਾਂਦੇ-ਜਾਂਦੇ ਜਦੋਂ ਜੈਪੁਰ ਪਹੁੰਚੇ ਤਾਂ ਆਪਣੀ ਰਿਹਾਇਸ਼ ਲਈ, ਕੁਝ ਪੁਰਸ਼ ਜੋ ਬੈਠੇ ਸਨ, ਉਨ੍ਹਾਂ ਨੂੰ ਪੁਛਿਆ ਕਿ ਕੀ ਇਥੇ ਕੋਈ ਸੰਤਾਂ ਦੇ ਰਹਿਣ ਵਾਸਤੇ ਧਰਮਸਾਲਾ ਵੀ ਬਣਾਈ ਹੋਈ ਹੈ? ਉਹ ਪੁਰਸ਼ ਸੰਤਾਂ ਦੇ ਸ਼ਰਧਾਲੂ ਨਾ ਹੋਣ ਕਰਕੇ ਕੁਝ ਵਿਅੰਗ ਭਾਵ ਵਿਚ ਬੋਲੇ ਕਿ ਹਾਂ, ਹਾਂ ਮਹਾਰਾਜ! ਸੰਤਾਂ ਲਈ ਆਹ ਦੇਖੋ ਸਾਮ੍ਹਣੇ ਕੋਠੀ ਨਜ਼ਰ ਆ ਰਹੀ ਹੈ। ਸੰਤਾਂ ਨੇ ਕਿਹਾ, "ਜਿਸ ਕੋਠੀ ਵਿਚ, ਬਾਗ ਵਿਚ ਲੱਗੇ ਹੋਏ ਦਰਖਤ ਉਜੜੇ-ਪੁਜੜੇ ਨਜ਼ਰ ਆਉਂਦੇ ਹਨ, ਉਹ ਹੀ ਹੈ?" ਕਹਿਣ ਲੱਗੇ "ਹਾਂ ਜੀ, ਓਹੋ ਹੀ ਹੈ ਤੁਸੀਂ ਉਥੇ ਬੜੇ ਆਰਾਮ ਨਾਲ ਰਾਤ ਕੱਟ ਸਕਦੇ ਹੋ।" ਰਹਿਣ ਬਸੇਰਾ ਕਰਨ ਵਾਸਤੇ, ਥਾਂ ਮਿਲਣ ਕਾਰਨ ਸੰਤਾਂ ਨੇ ਉਨ੍ਹਾਂ ਦਾ ਬਹੁਤ ਧੰਨਵਾਦ ਕੀਤਾ। ਦਰ ਅਸਲ ਗੱਲ ਇਹ ਸੀ ਕਿ ਉਹ ਕੋਠੀ ਭੂਤਾਂ ਦੀ ਮਾਰੀ ਹੋਈ (**ghost hunted**) ਸੀ। ਇਸ ਜਗ੍ਹਾ ਇਹ ਮਸ਼ਹੂਰ ਸੀ ਕਿ ਇਸ ਕੋਠੀ ਵਿਚ ਰਾਤ ਨੂੰ ਭੂਤ ਬਹੁਤ ਤੰਗ ਕਰਦੇ ਹਨ ਅਤੇ ਰਿਹਾਇਸ਼ ਕਰਨ ਵਾਲਾ ਜਾਂ ਤਾਂ ਡਰ ਨਾਲ ਚੜ੍ਹਾਈ ਕਰ ਜਾਂਦਾ ਹੈ ਜਾਂ ਫੇਰ ਬਾਹਰ ਭੱਜਿਆ ਆਉਂਦਾ ਹੈ। ਇਸ ਕੋਠੀ ਦੇ ਮਾਲਕ ਇਕ-ਇਕ ਕਰਕੇ ਸਾਰੇ ਮਰ ਚੁੱਕੇ ਸਨ। ਜਦੋਂ ਸੰਤਾਂ ਨੇ ਕੋਠੀ ਵਿਚ ਪੈਰ ਰੱਖਿਆ ਤਾਂ ਇਕ ਦਮ ਪਛਾਣ ਗਏ ਕਿ ਇਸ ਕੋਠੀ ਦਾ ਵਾਤਾਵਰਣ ਪ੍ਰਤੀਕੂਲ ਹੈ ਅਤੇ ਇਹ ਰਿਹਾਇਸ਼ ਦੇ ਕਾਬਿਲ ਨਹੀਂ। ਇਥੇ ਭੂਤ ਪ੍ਰੇਤਾਂ ਦੀ ਦੁਰਗੰਧ ਮਾਰਦੀ ਹੈ ਪਰ ਉਨ੍ਹਾਂ ਨੂੰ ਡਰ ਕੋਈ ਨਹੀਂ ਸੀ। ਭੂਤ ਪ੍ਰੇਤ ਜਿਥੇ ਭੂਤ ਕਿਸਮ ਦੇ ਆਦਮੀ ਹੋਣ, ਉਥੇ ਹੀ ਹੋਇਆ ਕਰਦੇ ਹਨ। ਬੰਦਗੀ ਕਰਨ ਵਾਲਿਆਂ ਦੇ ਨੇੜੇ ਭੂਤ ਤਾਂ ਕੀ, ਜਮਦੂਤ ਵੀ ਨਹੀਂ ਆਉਂਦੇ।

*ਨਾਮੁ ਲੈਤ ਕਿਛੁ ਬਿਘਨੁ ਨ ਲਾਗੈ॥*
*ਨਾਮੁ ਸੁਣਤ ਜਮੁ ਦੂਰਹੁ ਭਾਗੈ॥*
*ਨਾਮੁ ਲੈਤ ਸਭ ਦੂਖਹ ਨਾਸੁ॥*
*ਨਾਮੁ ਜਪਤ ਹਰਿ ਚਰਣ ਨਿਵਾਸੁ॥*
*ਪੰਨਾ - 1150*

ਸੰਤਾਂ ਨੇ ਸਾਰੇ ਜਥੇ ਨੂੰ ਬੁਲਾਇਆ ਅਤੇ ਕਿਹਾ ਕਿ ਇਸ ਕੋਠੀ ਵਿਚ ਸਾਨੂੰ ਐਉਂ ਅਨੁਭਵ ਹੁੰਦਾ ਹੈ ਕਿ ਇਥੇ ਬਦ-ਰੂਹਾਂ ਦਾ ਵਾਸਾ ਹੈ। ਉਨ੍ਹਾਂ ਪ੍ਰੇਮੀਆਂ ਨੇ ਆਪਾਂ ਨੂੰ ਇਸ ਕੋਠੀ ਦੀ ਦੱਸ ਪਾ ਕੇ ਇਕ ਤਰ੍ਹਾਂ ਨਾਲ ਮਸ਼ਕਰੀ ਕੀਤੀ ਹੈ। ਤੁਹਾਨੂੰ ਜੋ ਬਚਨ ਅਸੀਂ ਕਹਿੰਦੇ ਹਾਂ ਧਿਆਨ ਨਾਲ ਸਰਵਣ ਕਰੋ ਕਿ ਸਾਰਿਆਂ ਨੇ ਸੌਣ ਤੋਂ ਪਹਿਲਾਂ ਕੀਰਤਨ ਸੋਹਿਲੇ ਦਾ ਪਾਠ ਕਰਕੇ, ਜਦ ਤੱਕ ਨੀਂਦ ਨਹੀਂ ਆਉਂਦੀ, ਨਾਮ ਦਾ ਜਾਪ, ਰਸਨਾ ਨਾਲ, ਸ੍ਵਾਸ ਨਾਲ, ਅਜਪਾ ਜਾਪ ਜਿਵੇਂ ਵੀ ਕਿਸੇ ਦੀ ਅਵਸਥਾ ਹੈ ਉਸੇ ਤਰ੍ਹਾਂ ਕਰਨਾ ਹੈ। ਕੋਠੀ ਦੀ ਸਫਾਈ ਕਰਕੇ ਸਾਰੇ ਕਮਰਿਆਂ ਦੇ ਵਿਚ ਬਿਰਾਜ ਗਏ। ਜਦੋਂ ਕਾਫੀ ਰਾਤ ਚਲੀ ਗਈ ਤਾਂ ਸੰਤ ਜਾਗਦੇ ਸਨ। ਤਾਂ ਇਕ ਬਹੁਤ ਭਿਆਨਕ ਰੂਹ ਦਾ ਭ੍ਰਾਂਤੀ ਦਰਸ਼ਨ ਹੁੰਦਾ ਪ੍ਰਤੀਤ ਦਿਤਾ। ਸੰਤਾਂ ਨੇ ਕਿਹਾ ਤੂੰ ਕੌਣ ਹੈਂ? ਉਸ ਨੇ ਕਿਹਾ ਕਿ ਮੈਂ ਇਸ ਕੋਠੀ ਦਾ ਮਾਲਕ ਹਾਂ, ਇਕ ਸੇਠ ਹਾਂ। ਸੰਤਾਂ ਨੇ ਕਿਹਾ ਕਿ ਤੇਰੀ ਇਹ ਹਾਲਤ ਕਿਉਂ ਹੋ ਗਈ? ਇਸਨੇ ਕਿਹਾ ਕਿ ਮਹਾਰਾਜ! ਜਦੋਂ ਮੈਂ ਸਰੀਰ ਛੱਡਿਆ ਤਾਂ ਮੇਰੀ ਸੁਰਤ ਇਸ ਬਣੇ ਹੋਏ ਮਕਾਨ ਵਿਚ ਰਹਿ ਗਈ ਜਿਸ ਦੇ ਫਲਸ੍ਵਰੂਪ ਮੈਨੂੰ ਪ੍ਰੇਤ ਦੀ ਜੂਨੀ ਪ੍ਰਾਪਤ ਹੋਈ। ਮੇਰੀ ਗਤੀ ਮੇਰੇ ਵਾਰਿਸਾਂ ਨੇ ਨਾ ਕਰਾਈ। ਮੈਂ ਦੁੱਖ ਦਾ ਮਾਰਿਆ ਹੋਇਆ ਇਸ ਕੋਠੀ ਵਿਚ ਰਹਿ ਕੇ ਇੰਤਜ਼ਾਰ ਕਰਦਾ ਰਿਹਾ ਕਿ ਉਹ ਮੇਰੀ ਗਤੀ ਕਰਾਉਣ, ਪਰ ਜਦੋਂ ਮੈਂ ਦੇਖਿਆ ਕਿ ਉਹ ਤਾਂ ਮੇਰਾ ਨਾਮ ਵੀ ਨਹੀਂ ਲੈਂਦੇ ਤਾਂ ਮੈਂ ਆਪਣੀ ਪ੍ਰੇਤ ਸ਼ਕਤੀ ਦੇ ਬਲ ਨਾਲ ਉਨ੍ਹਾਂ ਨੂੰ ਇਕੱਲੇ-ਇਕੱਲੇ ਕਰਕੇ ਮਾਰਨਾ ਸ਼ੁਰੂ ਕਰ ਦਿਤਾ ਅਤੇ ਮੇਰੇ ਸਾਰੇ ਵਾਰਿਸ ਮਰ ਗਏ। ਉਸ ਸਮੇਂ ਤੋਂ ਮੈਂ ਇਥੇ ਟਿਕਿਆ ਹੋਇਆ ਹਾਂ। ਇਹ ਜੈਪੁਰ ਦੇ ਲੋਕ ਇਥੇ ਆਏ ਗਏ ਸਾਧੂ ਮਹਾਤਮਾ, ਜਾਂ ਰਾਤ ਕੱਟਣ ਵਾਲਿਆਂ ਨੂੰ ਇਸ ਕੋਠੀ ਦੀ ਦੱਸ ਪਾ ਦਿੰਦੇ ਹਨ, ਉਹ ਇਸ ਵਿਚ ਸੌਂ ਜਾਂਦੇ ਹਨ। ਮੈਂ ਆਪਣੇ ਕਰੂਰ ਸੁਭਾਅ ਮੁਤਾਬਿਕ ਅੱਧੀ ਰਾਤ ਹੁੰਦਿਆਂ ਹੀ ਬਹੁਤ ਭਿਆਨਕ ਡਰ ਦਿੰਦਾ ਹਾਂ, ਮੰਜੇ ਉਲਟਾ ਦਿੰਦਾ ਹਾਂ, ਅਤੇ ਹੋਰ ਅਨੇਕਾਂ ਭਿਆਨਕ ਆਵਾਜ਼ਾਂ ਨਾਲ ਉਨ੍ਹਾਂ ਨੂੰ ਡਰਾਉਂਦਾ ਹਾਂ। ਉਹ ਜਦੋਂ ਕੋਠੀ ਛੱਡ ਕੇ ਦੌੜਦੇ ਹਨ ਅਤੇ ਚੀਕਾਂ ਮਾਰਦੇ ਹਨ, ਬਚਾਓ-ਬਚਾਓ ਦੀ ਆਵਾਜ਼ ਦਿੰਦੇ ਹਨ ਤਾਂ ਉਹ ਪ੍ਰੇਮੀ ਬਹੁਤ ਹਸਦੇ ਹੋਏ ਪੁਛਦੇ ਹਨ ਕਿ ਸਾਧੂ ਮਹਾਤਮਾ ਜੀ! ਕੀ ਹੋ ਗਿਆ ਤੁਹਾਨੂੰ? ਕੋਠੀ ਤਾਂ ਚੰਗੀ ਭਲੀ ਹੈ। ਭੂਤ ਨੇ ਸੰਤਾਂ ਨੂੰ ਕਿਹਾ ਤੁਹਾਡੇ ਨਾਲ ਉਨ੍ਹਾਂ ਨੇ ਮਸ਼ਕਰੀ ਕੀਤੀ ਹੈ। ਮੈਂ ਆਪਣਾ ਬਲ ਲਾਇਆ ਪਰ ਮੇਰਾ ਬਲ ਚਲ ਨਾ ਸਕਿਆ ਕਿਉਂਕਿ ਤੁਹਾਡੇ ਸੇਵਕਾਂ ਨੇ ਕਿਸੇ ਐਸੇ ਮੰਤਰ ਦਾ ਜਾਪ ਕੀਤਾ ਜਿਸ ਉਪਰ ਮੇਰਾ ਵਸ ਨਹੀਂ ਚਲਿਆ। ਮੈਂ ਇਸ ਕਰਕੇ ਅਵਿਅਕਤ ਰੂਪ ਵਿਚ ਤੁਹਾਡੇ ਸਾਹਮਣੇ ਹਾਜ਼ਰ ਹੋਇਆ ਹਾਂ, ਤੁਸੀਂ ਆਪਣੀ ਸਮਰਥਾ ਦੇ ਬਲ ਨਾਲ ਮੈਨੂੰ ਅਵਿਅਕਤ ਰੂਪ ਵਿਚ ਵੀ ਪਛਾਣ ਲਿਆ ਹੈ। ਤੁਹਾਡੇ ਚਰਨਾਂ ਵਿਚ ਬੇਨਤੀ ਕਰਦਾ ਹਾਂ ਕਿ ਮੈਂ ਹੱਦ ਤੋਂ ਜ਼ਿਆਦਾ ਦੁਖੀ ਹਾਂ, ਤੁਸੀਂ ਮੇਰਾ ਉਧਾਰ ਕਰੋ। ਸੰਤਾਂ ਨੇ ਕਿਹਾ ਕਿ ਪ੍ਰੇਮੀਆਂ! ਸਾਡੀ ਮੰਡਲੀ ਅਕਾਸ਼ ਬਿਰਤੀ ਵਾਲੀ ਹੈ। ਧਨ ਆਦਿ ਕੋਈ ਚੀਜ਼ ਅਸੀਂ ਆਪਣੀ ਵਰਤੋਂ ਤੋਂ ਵੱਧ ਆਪਣੇ ਪਾਸ ਨਹੀਂ ਰਖਦੇ। ਤੇਰੀ ਗਤੀ, ਤਾਂ ਹੋ ਸਕਦੀ ਹੈ ਜੇ ਪੂਰੀ ਵਿਧੀ ਅਨੁਸਾਰ ਗੁਰਬਾਣੀ ਦਾ ਇਕ ਅਖੰਡਪਾਠ ਲਗਾਤਾਰ ਤੈਨੂੰ ਸੁਣਾਇਆ ਜਾਵੇ। ਅਖੰਡਪਾਠ ਵਾਸਤੇ ਤੇ ਲੰਗਰ ਚਲਾਉਣ ਵਾਸਤੇ ਸਾਨੂੰ ਮਾਇਆ ਦੀ ਲੋੜ ਹੈ। ਮਾਇਆ ਅਸਾਡੇ ਪਾਸ ਹੈ ਨਹੀਂ ਇਸ ਕਰਕੇ ਕੁਝ ਨਹੀਂ ਹੋ ਸਕਦਾ। ਉਸ ਪ੍ਰੇਤ ਆਤਮਾ ਨੇ ਕਿਹਾ ਕਿ ਇਸ ਕੋਠੀ ਵਿਚ ਮੈਂ ਥਾਂ-ਥਾਂ ਮਾਇਆ ਦੱਬੀ ਹੋਈ ਹੈ, ਹਰ ਕਮਰੇ ਦੀ ਦੇਹਲੀ ਹੇਠਾਂ ਕਾਫੀ ਮਾਇਆ ਹੈ। ਤੁਸੀਂ ਕੱਢ ਕੇ ਇਹ ਕਾਰਜ ਮੇਰੇ ਨਮਿਤ ਜ਼ਰੂਰ ਕਰੋ। ਸੰਤਾਂ ਦਾ ਸੁਭਾਅ ਬੜਾ ਕ੍ਰਿਪਾਲੂ ਅਤੇ ਦਿਆਲੂ ਸੀ। ਉਨ੍ਹਾਂ ਨੇ ਮਾਇਆ ਪ੍ਰਾਪਤ ਕਰਦੇ ਹੀ ਪੂਰੀ ਵਿਧੀ ਨਾਲ ਅਖੰਡਪਾਠ ਕੀਤਾ ਅਤੇ ਸ਼ਰਤ ਇਹ ਰੱਖੀ ਕਿ ਅਸੀਂ ਇਸ ਅਲਮਾਰੀ ਵਿਚ ਪ੍ਰਸ਼ਾਦ ਕੌਲੀ ਵਿਚ ਪਾ ਕੇ ਰਖਾਂਗੇ। ਜੇ ਤਾਂ ਤੂੰ ਲੈ ਗਿਆ ਤਾਂ ਅਸੀਂ ਸਮਝਾਂਗੇ ਤੇਰੀ ਗਤੀ ਹੋ ਗਈ, ਜੇ ਤੂੰ ਨਾ ਲਿਆ ਤਾਂ ਵੀ ਅਸੀਂ ਸਮਝ ਜਾਵਾਂਗੇ ਕਿ ਇਸ ਦੀ ਗਤੀ ਨਹੀਂ ਹੋਈ। ਪਰ ਇਕ ਅਫਸੋਸ ਹੈ ਕਿ ਜਦੋਂ ਨਾਮ ਜਪਣ ਦਾ, ਸੇਵਾ ਕਰਨ ਦਾ, ਸਤਿਸੰਗ ਕਰਨ ਦਾ ਵੇਲਾ ਸੀ ਉਸ ਵੇਲੇ ਤੂੰ ਗਾਫਲ ਹੋ ਕੇ ਆਪਣਾ ਜਨਮ ਗਵਾ ਲਿਆ ਹੁਣ ਤੂੰ ਉਸ ਦੇ ਫਲਸਰੂਪ ਦੁਖ ਪਾ ਰਿਹਾ ਹੈਂ। ਕੋਠੀ ਨੇ ਤੈਨੂੰ ਸੁਖ ਦੇਣ ਦੀ ਥਾਂ ਕਿੰਨਾਂ ਕਸ਼ਟ ਦਿਤਾ ਹੈ ਕਿਉਂਕਿ ਤੇਰੀ ਸੁਰਤ ਇਹਦੇ ਵਿਚ ਰਹਿ ਗਈ। ਦੂਸਰੇ ਦਿਨ ਪੂਰੀ ਵਿਧੀ ਨਾਲ ਅਖੰਡਪਾਠ ਸ਼ੁਰੂ ਹੋ ਗਿਆ, ਸਮਾਪਤੀ ਤੋਂ ਉਪਰੰਤ ਪ੍ਰਸ਼ਾਦ ਨਾ ਲੈ ਕੇ ਗਿਆ। ਕੌਲੀ ਵਿਚ ਪ੍ਰਸ਼ਾਦ ਉਸੇ ਤਰ੍ਹਾਂ ਪਿਆ ਹੈ। ਸੰਤ ਇਸ ਭੇਤ ਨੂੰ ਜਾਨਣ ਲਈ ਉਸੇ ਕੋਠੀ ਵਿਚ ਰੁਕੇ ਰਹੇ। ਰਾਤ ਨੂੰ ਉਹ ਫਿਰ ਆਇਆ ਤੇ ਉਸ ਨੇ ਕਿਹਾ ਕਿ ਮਹਾਰਾਜ! ਮੇਰਾ ਦੁਖ ਤਾਂ ਕਾਫੀ ਹੱਦ ਤੱਕ ਦੂਰ ਹੋ ਗਿਆ ਹੈ ਪਰ ਮੇਰੀ ਗਤੀ ਨਹੀਂ ਹੋਈ, ਮੈਂ ਪ੍ਰੇਤ ਸਰੀਰ ਵਿਚੋਂ ਬਾਹਰ ਨਹੀਂ ਨਿਕਲਿਆ। ਤੁਹਾਡਾ ਇਕ ਪਾਠੀ ਜਿਸ ਦੀ ਡਿਊਟੀ 12 ਤੋਂ 2 ਵਜੇ ਤੱਕ ਸੀ, ਉਹ ਸਰੀਰਕ ਰੂਪ ਵਿਚ ਪਵਿੱਤਰ ਨਹੀਂ ਸੀ। ਬਗੈਰ ਇਸ਼ਨਾਨ ਕਰੇ ਤੋਂ ਉਸਨੇ ਪਾਠ ਖੰਡਤ ਕਰ ਦਿਤਾ। ਸੰਤਾਂ ਨੇ ਦੂਸਰੀ ਵਾਰੀ ਅਖੰਡਪਾਠ ਕੀਤਾ, ਉਹ ਕੌਲੀ ਵਿਚੋਂ ਪ੍ਰਸ਼ਾਦ ਲੈ ਕੇ ਪ੍ਰੇਤ ਪਿੰਜਰ ਤੋਂ ਮੁਕਤ ਹੋ ਚੁਕਿਆ ਸੀ।

ਸੋ ਇਸ ਦਾ ਭਾਵ ਹੈ ਕਿ ਜੋ ਭਗਤ ਤ੍ਰਿਲੋਚਨ ਜੀ ਨੇ ਸ਼ਬਦ ਦਾ ਉਚਾਰਨ ਕੀਤਾ ਹੈ ਉਸ ਦੇ ਮੁਤਾਬਿਕ ਜਿਸ ਦਾ ਮਨ ਕਿਸੇ ਵਾਸ਼ਨਾ ਵਿਚ ਫਸਿਆ ਰਹਿ ਜਾਵੇ ਉਹਦੀ ਅਗਲੀ ਜੂਨ ਇਸ ਸ਼ਬਦ ਵਿਚ ਦਰਸਾਏ ਨਿਯਮਾਂ ਦੇ ਮੁਤਾਬਿਕ ਹੋਇਆ ਕਰਦੀ ਹੈ। ਜੇ ਕਿਤੇ ਅੰਤ ਦੇ ਸਮੇਂ ਅਜਾਮਲ ਵਾਂਗੂੰ ਚਿਤ ਪ੍ਰਭੂ ਪ੍ਰਮੇਸ਼ਰ ਵਿਚ ਲੱਗ ਜਾਵੇ ਤਾਂ ਉਹ ਪ੍ਰਭੂ ਦੀ ਦਰਗਾਹ ਵਿਚ

ਪਹੁੰਚ ਜਾਇਆ ਕਰਦਾ ਹੈ –

ਅੰਤਿ ਕਾਲਿ ਜੋ ਲਛਮੀ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ॥
ਸਰਪ ਜੋਨਿ ਵਲਿ ਵਲਿ ਅਉਤਰੈ॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ
ਚਿੰਤਾ ਮਹਿ ਜੇ ਮਰੈ॥
ਬੇਸਵਾ ਜੋਨਿ ਵਲਿ ਵਲਿ ਅਉਤਰੈ॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ
ਚਿੰਤਾ ਮਹਿ ਜੇ ਮਰੈ॥
ਸੂਕਰ ਜੋਨਿ ਵਲਿ ਵਲਿ ਅਉਤਰੈ॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ
ਚਿੰਤਾ ਮਹਿ ਜੇ ਮਰੈ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ॥
ਅੰਤਿ ਕਾਲਿ ਨਾਰਾਇਣੁ ਸਿਮਰੈ
ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ
ਪੀਤੰਬਰੁ ਵਾ ਕੇ ਰਿਦੈ ਬਸੈ॥

ਪੰਨਾ – 526

ਸੁਖਮਨੀ ਸਾਹਿਬ ਵਿਚ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਤੱਕ ਆਦਮੀ ਦੇ ਮਨ ਵਿਚ ਇਹ ਰਹਿੰਦਾ ਹੈ ਕਿ ਮੈਂ ਕੁਛ ਕਰ ਰਿਹਾ ਹਾਂ ਭਾਵੇਂ ਕਿਸੇ ਤੋਂ ਵੈਰ ਲੈਣ ਲਈ ਕੁਛ ਕਰ ਰਿਹਾ ਹੈ, ਭਾਵੇਂ ਕੋਈ ਸਕੂਲ ਕਾਲਜ ਬਣਾਉਣ ਲਈ ਕਰ ਰਿਹਾ ਹੈ, ਭਾਵੇਂ ਕੋਈ ਹਸਪਤਾਲ ਬਣਾ ਰਿਹਾ ਹੈਂ, ਭਾਵੇਂ ਕੋਈ ਪਰਉਪਕਾਰ ਦਾ ਕੰਮ ਕਰ ਰਿਹਾ ਹੈ, ਇਥੋਂ ਤੱਕ ਕਿ ਭਾਵੇਂ ਕੋਈ ਮੰਦਰ ਉਸਾਰ ਰਿਹਾ ਹੈ; ਜੇ ਉਸ ਦੇ ਮਨ ਵਿਚ ਇਹ ਭਾਵਨਾ ਰਹਿੰਦੀ ਹੋਵੇ ਕਿ ਮੈਂ ਕੁਛ ਕਰ ਰਿਹਾ ਹਾਂ, ਜੇ ਮੈਂ ਨਾ ਹੁੰਦਾ ਤਾਂ ਇਹ ਕੰਮ ਨਹੀਂ ਹੋਣਾ ਸੀ; ਅਜਿਹੀ ਭਾਵਨਾ ਦੇ ਵਿਚ ਕੰਮ ਕਰਨ ਵਾਲੇ ਨੂੰ ਗਰਭ ਜੂਨ ਵਿਚ ਆਉਣਾ ਪੈਂਦਾ ਹੈ ਭਾਵੇਂ ਸਵਰਗ ਦੇ ਸੁੱਖ ਭੋਗ ਕੇ ਆਵੇ ਜਾਂ ਸਿੱਧਾ ਹੀ ਦੂਜੀ ਦੇਹ ਧਾਰ ਲਵੇ, ਇਵੇਂ ਹੀ ਪਾਪ ਕਰਦਾ ਹੋਇਆ, ਵਿਸ਼ੇ ਵਿਕਾਰਾਂ ਵਿਚ ਪਿਆ ਹੋਇਆ ਗਰਭ ਵਿਚ ਜਾਂਦਾ ਹੈ ਅਤੇ ਕਿਸੇ ਨਾ ਕਿਸੇ ਜੂਨੀ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਜਿੰਨੀ ਦੇਰ ਤੱਕ ਵੈਰੀ ਮਿਤਰ ਹਿਰਦੇ ਵਿਚ ਚਿਤਵਦਾ ਹੈ ਉਹ ਭਾਵੇਂ ਕਈ-ਕਈ ਪਵਿੱਤਰ ਪੁਸਤਕਾਂ ਦੇ ਪਾਠ ਕਰਦਾ ਹੋਵੇ ਜਾਂ ਬਾਣੀਆਂ ਪੜ੍ਹਦਾ ਹੋਵੇ, ਗਾਇਤ੍ਰੀ, ਗੀਤਾ ਦਾ ਪਾਠ ਕਰਦਾ ਹੋਵੇ, ਉਸਦਾ ਚਿਤ ਨਿਸ਼ਚਲ ਨਹੀਂ ਹੋ ਸਕਦਾ। ਉਸ ਤੇ ਉਹ ਆਪਣੇ ਚਿੱਤ ਨੂੰ ਇਕਾਗਰ ਕਰਨ ਤੋਂ ਅਸਮਰੱਥ ਰਹਿੰਦਾ ਹੈ। ਜਿੰਨੀ ਦੇਰ ਤੱਕ ਮਾਇਆ ਦੇ ਮੋਹ ਵਿਚ ਮਸਤ ਹੈ ਉਹ ਧਰਮਰਾਜ ਦੀ ਦਰਗਾਹ ਵਿਚ ਜਾਵੇਗਾ ਹੀ। ਫੁਰਮਾਨ ਹੈ –

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥
ਤਬ ਇਸ ਕਉ ਸੁਖੁ ਨਾਹੀ ਕੋਇ॥
ਜਬ ਇਹ ਜਾਨੈ ਮੈ ਕਿਛੁ ਕਰਤਾ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ॥
ਜਬ ਧਾਰੈ ਕੋਊ ਬੈਰੀ ਮੀਤੁ॥
ਤਬ ਲਗੁ ਨਿਹਚਲੁ ਨਾਹੀ ਚੀਤੁ॥
ਜਬ ਲਗੁ ਮੋਹ ਮਗਨ ਸੰਗਿ ਮਾਇ॥
ਤਬ ਲਗੁ ਧਰਮਰਾਇ ਦੇਇ ਸਜਾਇ॥
ਪ੍ਰਭ ਕਿਰਪਾ ਤੇ ਬੰਧਨ ਤੂਟੈ॥
ਗੁਰ ਪ੍ਰਸਾਦਿ ਨਾਨਕ ਹਉ ਛੂਟੈ॥

ਪੰਨਾ – 278

ਇਸੇ ਤਰ੍ਹਾਂ ਨਾਲ ਸੁਖਮਨੀ ਸਾਹਿਬ ਜੀ ਦੇ ਅੰਦਰ ਫੁਰਮਾਨ ਹੈ ਕਿ ਜਿਸਦੇ ਅੰਦਰ ਰਾਜਸੀ ਸ਼ਕਤੀ ਦਾ ਅਭਿਮਾਨ ਹੋਵੇ ਅਤੇ ਸ਼ਕਤੀ ਦੇ ਵਸ ਪਿਆ ਹੋਇਆ ਅਭਿਮਾਨ ਪੂਰਵਕ ਵਰਤਾਰਾ ਕਰਦਾ ਹੋਵੇ ਉਹ ਨਰਕਾਂ ਵਿਚ ਡਿਗਣ ਵਾਲਾ, ਕੁੱਤੇ ਦੀ ਜੂਨੀ ਵਿਚ ਪੈਂਦਾ ਹੈ। ਜਦੋਂ ਇਹ ਸਮਝਦਾ ਹੈ ਕਿ ਮੈਂ ਬੜਾ ਜੋਬਨਵੰਤ ਹਾਂ ਤਾਂ ਇਸ ਭਾਵਨਾ ਦੇ ਫਲਸਰੂਪ ਉਸ ਨੂੰ ਵਿਸ਼ਟਾ ਦਾ ਕੀੜਾ ਬਣਨਾ ਪੈਂਦਾ ਹੈ। ਜਿਸ ਦੇ ਅੰਦਰ ਇਹ ਭਾਵਨਾ ਹੋਵੇ ਕਿ ਮੈਂ ਕਰਮਵੰਤ ਹਾਂ ਉਸਨੂੰ ਜਨਮ ਮਰਨ ਦਾ ਦੁੱਖ ਭੁਗਤਣਾ ਪੈਂਦਾ ਹੈ। ਧਨ ਤੇ ਭੂਮ ਦਾ ਜੋ ਗੁਮਾਨ ਕਰਦਾ ਹੈ ਉਹ ਮੂਰਖ ਅੰਧਾ ਅਗਿਆਨੀ ਹੈ, ਫੁਰਮਾਨ ਹੈ –

ਧਾਰਨਾ – ਨਰਕਾਂ ਵਿਚ ਜਾਵੇ ਜੀ
ਰਾਜ ਅਭਿਮਾਨੀ ਬੰਦਾ

ਜਿਸ ਕੈ ਅੰਤਰਿ ਰਾਜ ਅਭਿਮਾਨੁ॥
ਸੋ ਨਰਕਪਾਤੀ ਹੋਵਤ ਸੁਆਨੁ॥
ਜੋ ਜਾਨੈ ਮੈ ਜੋਬਨਵੰਤੁ॥
ਸੋ ਹੋਵਤ ਬਿਸਟਾ ਕਾ ਜੰਤੁ॥
ਆਪਸ ਕਉ ਕਰਮਵੰਤੁ ਕਹਾਵੈ॥
ਜਨਮਿ ਮਰੈ ਬਹੁ ਜੋਨਿ ਭ੍ਰਮਾਵੈ॥
ਧਨ ਭੂਮਿ ਕਾ ਜੋ ਕਰੈ ਗੁਮਾਨੁ॥
ਸੋ ਮੂਰਖੁ ਅੰਧਾ ਅਗਿਆਨੁ॥
ਕਰਿ ਕਰਿਪਾ
ਜਿਸ ਕੈ ਹਿਰਦੈ ਗਰੀਬੀ ਬਸਾਵੈ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥

ਪੰਨਾ – 278

ਸਾਰਾ ਬਲ ਵਾਹਿਗੁਰੂ ਜੀ ਦੇ ਹੱਥ ਵਿਚ ਹੈ। ਸਾਰੇ ਪਦਾਰਥਾਂ ਦੀ ਦਾਤ ਦੇਣ ਵਾਲਾ ਵਾਹਿਗੁਰੂ ਹੈ। ਇਹ ਜੀਵ ਦੇਣ ਵਾਲੇ ਨੂੰ ਭੁੱਲ ਕੇ ਉਨ੍ਹਾਂ ਚੀਜ਼ਾਂ ਦਾ ਅਭਿਮਾਨ ਕਰਦਾ ਹੈ ਅਤੇ ਹੰਗਤਾ ਤੇ ਮਮਤਾ ਧਾਰਦਾ ਹੈ। ਇਸ ਦੇ ਕਾਰਨ ਕਰਕੇ ਉਨ੍ਹਾਂ ਨੂੰ ਦੁਖਾਂ ਵਿਚ ਭਟਕਣਾ ਪੈਂਦਾ ਹੈ। ਬਹੁਤ ਸਾਰੇ ਪ੍ਰੇਮੀ ਸੁਖਮਨੀ ਸਾਹਿਬ ਦੇ ਕਈ-ਕਈ ਪਾਠ ਕਰਦੇ ਹਨ। ਜਪੁਜੀ ਸਾਹਿਬ ਦੇ ਪਾਠ ਕਰਦੇ ਹਨ, ਚਿਲ੍ਹੇ ਕੱਟਦੇ ਹਨ ਪਰ ਉਨ੍ਹਾਂ ਦੀ ਦ੍ਰਿਸ਼ਟੀ ਸਮ ਨਹੀਂ ਹੁੰਦੀ; ਕੋਈ ਵੈਰੀ ਨਜ਼ਰ ਆਉਂਦਾ ਹੈ, ਕੋਈ ਚੰਗਾ ਨਜ਼ਰ ਆਉਂਦਾ ਹੈ, ਕੋਈ ਮੰਦਾ ਨਜ਼ਰ ਆਉਂਦਾ ਹੈ ਪਰ ਇਸ ਭਾਵਨਾ ਕਰਕੇ ਉਨ੍ਹਾਂ ਦਾ ਚਿੱਤ ਨਿਸ਼ਚਲ ਨਹੀਂ ਹੁੰਦਾ। ਇਸ ਜੀਵ ਨੂੰ ਸ਼ੁਧ ਹਿਰਦੇ ਨਾਲ,

ਧੁਰ ਅੰਦਰੋਂ ਇਹ ਬਿਰਤੀ ਅਪਣਾਉਣੀ ਚਾਹੀਦੀ ਹੈ ਕਿ ਮੇਰੇ ਤੋਂ ਸਾਰੇ ਹੀ ਅੱਛੇ ਹਨ; ਜੇ ਕੋਈ ਸੰਸਾਰ ਵਿਚ ਬੁਰਾ ਹੈ ਤਾਂ ਮੈਂ ਹੀ ਹਾਂ। ਜਦੋਂ ਇਹ ਪ੍ਰਬਲ ਭਾਵਨਾ, ਕਥਨੀ ਨੂੰ ਛੱਡ ਕੇ ਰਹਿਣੀ ਵਿਚ ਆ ਜਾਵੇ ਤਾਂ ਉਸਦੀ ਪਦਵੀ ਉਚੀ ਹੋ ਜਾਂਦੀ ਹੈ। ਬਾਣੀ ਵਿਚ ਫੁਰਮਾਨ ਹੈ –

*ਕਬੀਰ ਸਭ ਤੇ ਹਮ ਬੁਰੇ*
*ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ*
*ਮੀਤੁ ਹਮਾਰਾ ਸੋਇ॥* ਪੰਨਾ– 1364

*ਹਮ ਨਹੀ ਚੰਗੇ ਬੁਰਾ ਨਹੀ ਕੋਇ॥*
ਪੰਨਾ – 728

ਇਸ ਤਰ੍ਹਾਂ ਨਾਲ ਜੀਵ ਮੁੜ-ਮੁੜ ਕੇ ਸਰੀਰ ਧਾਰਨ ਕਰਦੇ ਹਨ।

ਭਾਈ ਤਿਲੋਕਾ ਜੀ ਰਾਜਕੁਮਾਰੀ ਨੂੰ ਸਮਝਾ ਰਹੇ ਹਨ ਕਿ ਰਾਜਕੁਮਾਰੀ ਜੀ! ਇਹ ਸੰਸਾਰ ਅਗਿਆਨ ਵਸ ਪਿਆ ਹੋਇਆ ਨਹੀਂ ਜਾਣਦਾ ਕਿ ਮਰਨ ਤੋਂ ਬਾਦ ਉਸ ਦਾ ਜੀਵਨ ਕਿਹੋ ਜਿਹਾ ਹੋਵੇਗਾ। ਜਦੋਂ ਤੱਕ ਇਸ ਮਨੁੱਖ ਦੇ ਮਨ ਅੰਦਰ ਇਹ ਭਾਵਨਾ ਹੈ ਕਿ 'ਮੈਂ ਹਾਂ', 'ਮੇਰਾ ਹੈ' ਇਸ ਦੇ ਕੀਤੇ ਹੋਏ ਕਰਮ ਇਸ ਦੇ ਨਾਲ ਚਿੰਬੜੇ ਰਹਿਣੇ ਹਨ ਅਤੇ ਉਨ੍ਹਾਂ ਦਾ ਨੇਕ ਤੇ ਬੁਰਾ ਫਲ ਜ਼ਰੂਰ ਹੀ ਭੋਗਣਾ ਪੈਣਾ ਹੈ। ਸੋ ਇਸ ਤਰ੍ਹਾਂ ਸੰਸਾਰ ਦਾ ਗੇੜ ਚਲਦਾ ਰਹਿੰਦਾ ਹੈ –

*ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ*
*ਇਕ ਸਖਨੀ ਹੋਰ ਫੇਰ ਭਰੀਅਤ ਹੈ॥*
ਪੰਨਾ – 1329

ਖੂਹ ਦੇ ਅੰਦਰ ਲੋਹੇ ਦੀ ਮਾਲ੍ਹ ਬੈੜ ਦੇ ਉਪਰ ਘੁੰਮ ਕੇ ਪਾਣੀ ਕੱਢਦੀ ਰਹਿੰਦੀ ਹੈ, ਪਾਰਸੇ ਵਿਚ ਪਾਣੀ ਡੁਲ੍ਹਣ ਤੋਂ ਪਿਛੋਂ ਉਹ ਫੇਰ ਹੇਠਾਂ ਨੂੰ ਚਲ ਪੈਂਦੀ ਹੈ ਅਤੇ ਫੇਰ ਪਾਣੀ ਭਰ ਕੇ ਪਾਰਸੇ ਵਿਚ ਪੈਂਦਾ ਹੈ। ਇਸ ਤਰ੍ਹਾਂ ਹੀ ਘੁੰਮਦੀ ਰਹਿੰਦੀ ਹੈ। ਸੋ ਐਸਾ ਖੇਲ੍ਹ ਵਾਹਿਗੁਰੂ ਜੀ ਨੇ ਰਚਿਆ ਹੋਇਆ ਹੈ–

*ਤੈਸੋ ਹੀ ਇਹੁ ਖੇਲੁ ਖਸਮ ਕਾ*
*ਜਿਉ ਉਸ ਕੀ ਵਡਿਆਈ॥*
ਪੰਨਾ – 1329

ਸਵਾਲ ਇਹ ਉਠਦਾ ਹੈ ਕਿ ਇਹ ਰੂਪ ਕਿਥੇ ਚਲਿਆ ਜਾਂਦਾ ਹੈ? ਜਿਵੇਂ ਕੋਈ ਘੰਟਾ ਲਟਕਦਾ ਹੋਵੇ ਉਸ ਵਿਚ ਹਥੌੜਾ ਮਾਰੋ ਤਾਂ ਉਹਦੇ ਵਿਚੋਂ ਧੁਨ ਉਠਦੀ ਹੈ; ਉਹ ਕਿਥੇ ਚਲੀ ਜਾਂਦੀ ਹੈ, ਕਾਹਦੇ ਵਿਚ ਸਮਾਅ ਗਈ? ਜਦੋਂ ਕਾਂਸੀ ਦਾ ਬਰਤਨ ਟੁੱਟ ਜਾਂਦਾ ਹੈ, ਟੁੱਕੜੇ-ਟੁੱਕੜੇ ਹੋ ਜਾਂਦਾ ਹੈ ਤਾਂ ਉਸ ਦੇ ਵਿਚੋਂ ਨਿਕਲਣ ਵਾਲੀ ਆਵਾਜ਼ ਕਿਥੇ ਚਲੀ ਗਈ? ਗੁਰਬਾਣੀ ਵਿਚ ਫੁਰਮਾਨ ਹੈ –

*ਕਾਸੀ ਤੇ ਧੁਨਿ ਊਪਜੈ*
*ਧੁਨਿ ਕਾਸੀ ਜਾਈ॥*
*ਕਾਸੀ ਫੂਟੀ ਪੰਡਿਤਾ ਧੁਨਿ ਕਹਾ ਸਮਾਈ॥*
ਪੰਨਾ – 857

ਇਸ ਤਰ੍ਹਾਂ ਜਦੋਂ ਇਹ ਸਰੀਰ ਰੂਪੀ ਕਾਂਸੀ ਟੁੱਟ ਗਈ ਤਾਂ ਜੀਵ ਆਤਮਾ ਕਿਥੇ ਸਮਾਅ ਗਿਆ? ਇਹ ਸਵਾਲ ਆਦਮੀ ਦੇ ਸਾਮ੍ਹਣੇ ਸਦਾ ਹੀ ਬਣਿਆ ਰਹਿਣਾ ਹੈ ਕਿ ਜਦੋਂ ਜੀਵ ਚਲਿਆ ਜਾਂਦਾ ਹੈ ਉਨ੍ਹਾਂ ਦਾ ਮਿਲਾਪ ਦੁਬਾਰਾ ਕਿਸ ਤਰ੍ਹਾਂ ਹੁੰਦਾ ਹੈ? ਕੀ ਕੋਈ ਅਜਿਹਾ ਥਾਂ ਹੈ ਜਿਥੇ ਜਾ ਕੇ ਅਸੀਂ ਫੇਰ ਮਿਲ ਸਕਦੇ ਹਾਂ? ਇਸ ਰਹੱਸ ਨੂੰ ਜਾਣਨ ਲਈ ਬਹੁਤ ਹੀ ਵਿਚਾਰਵਾਨਾਂ ਨੇ ਅਧਿਐਨ ਕੀਤੇ ਅਤੇ ਉਨ੍ਹਾਂ ਨੇ ਬਹੁਤ ਸਾਰੇ ਨਤੀਜੇ ਕੱਢੇ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੇ ਦਰਬਾਰ ਵਿਚ ਤੀਸਰੇ ਪਹਿਰ ਗਰੜ ਪੁਰਾਣ ਦੀ ਕਥਾ ਪੰਡਤ ਨਿੱਤਾ ਨੰਦ ਜੀ ਬਟਾਲੇ ਵਾਲੇ ਕਰਿਆ ਕਰਦੇ ਸਨ। ਇਕ ਵਾਰੀ ਕਥਾ ਵਿਚ ਆਇਆ ਕਿ ਜੋ ਪਰਲੋਕ ਦਾ ਰਸਤਾ ਹੈ ਉਹ ਬਹੁਤ ਲੰਮਾ ਹੈ, ਉਸ ਵਿਚ 21 ਪੁਰੀਆਂ ਹਨ, ਹਰ ਪੁਰੀ ਤੋਂ ਦੂਜੀ ਤਾਈਂ ਰਸਤਾ ਬਹੁਤ ਬਿਖੜਾ ਹੁੰਦਾ ਹੈ। ਕਿਤੇ ਘੋਰ ਅੰਧੇਰਾ ਆਉਂਦਾ ਹੈ, ਕਿਤੇ ਅਤਿ ਦੀ ਗਰਮੀ ਆਉਂਦੀ ਹੈ, ਕਿਸੇ ਥਾਂ ਬਹੁਤ ਹੀ ਪਿਆਸ ਲਗਦੀ ਹੈ ਤੇ ਇਹ ਜੀਵ ਸਹਾਰ ਨਹੀਂ ਸਕਦਾ। ਹਰ ਪੁਰੀ 'ਚੋਂ ਲੰਘਣ ਲਈ ਜੀਵ ਨੂੰ ਆਪਣੇ ਪੁੰਨ ਕਰਮ ਦੇਣੇ ਪੈਂਦੇ ਹਨ ਅਤੇ ਧਰਮਰਾਜ ਦੀ ਦਰਗਾਹ ਤੱਕ ਪਹੁੰਚਦੇ-ਪਹੁੰਚਦੇ ਸਵਾ ਸਾਲ ਲੱਗ ਜਾਂਦਾ ਹੈ। ਇਥੇ ਦੁਨੀਆਂ ਵਿਚ ਛੋਟੇ-ਛੋਟੇ ਕੀਤੇ ਪੁੰਨ, ਰਸਤੇ ਵਿਚ ਹੀ ਲੁੱਟੇ ਜਾਂਦੇ ਹਨ ਜਿਸ ਤਰ੍ਹਾਂ ਕਿ ਮਹਾਰਾਜ ਜੀ ਦਾ ਫੁਰਮਾਨ ਹੈ –

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ॥*
ਪੰਨਾ – 747

ਇਹ ਰਸਤਾ ਸੰਤਾਂ ਵਾਸਤੇ ਨਹੀਂ ਹੁੰਦਾ, ਫੁਰਮਾਨ ਹੈ –

*ਜਿਹ ਪੈਡੈ ਲੂਟੀ ਪਨਿਹਾਰੀ॥*
*ਸੋ ਮਾਰਗੁ ਸੰਤਨ ਦੂਰਾਰੀ॥*
*ਸਤਿਗੁਰ ਪੂਰੈ ਸਾਚੁ ਕਹਿਆ॥*
*ਨਾਮ ਤੇਰੇ ਕੀ ਮੁਕਤੇ ਬੀਥੀ*
*ਜਮ ਕਾ ਮਾਰਗੁ ਦੂਰਿ ਰਹਿਆ॥*
*ਜਹ ਲਾਲਚ ਜਾਗਾਤੀ ਘਾਟ॥*
*ਦੂਰਿ ਰਹੀ ਉਹ ਜਨ ਤੇ ਬਾਟ॥*
*ਜਹ ਆਵਟੇ ਬਹੁਤ ਘਨ ਸਾਥ॥*
*ਪਾਰਬ੍ਰਹਮ ਕੇ ਸੰਗੀ ਸਾਧ॥*
*ਚਿਤ੍ਰ ਗੁਪਤੁ ਸਭ ਲਿਖਤੇ ਲੇਖਾ॥*
*ਭਗਤ ਜਨਾ ਕਉ ਦ੍ਰਿਸਟਿ ਨ ਪੇਖਾ॥*
ਪੰਨਾ – 393

ਉਸ ਨੇ ਕਥਾ ਕਰਦੇ-ਕਰਦੇ ਦੱਸਿਆ ਕਿ ਸਵਾ ਸਾਲ ਦਾ ਸਮਾਂ ਜੀਵ ਨੂੰ ਲੱਗ ਜਾਂਦਾ ਹੈ। ਕਥਾ ਦੀ ਸਮਾਪਤੀ ਹੋਣ ਪਿਛੋਂ ਕੁਝ ਉਚ ਅਵਸਥਾ ਦੇ ਗੁਰਸਿੱਖ ਉਥੇ ਬੈਠੇ ਸਨ ਜਿਨ੍ਹਾਂ ਨੇ ਆਪਸ ਵਿਚ ਗੱਲ ਕਰਦਿਆਂ ਕਿਹਾ ਕਿ ਪੰਡਤ ਜੀ ਦੱਸਦੇ ਹਨ ਕਿ ਰਸਤਾ ਬੜਾ ਦੂਰ ਦਾ ਹੈ ਤਾਂ ਭਾਈ ਮਈਏ ਨੇ ਕਿਹਾ ਕਿ ਮੈਂ ਤਾਂ ਚਾਰ ਪਹਿਰ ਵਿਚ ਜਾ ਸਕਦਾ ਹਾਂ। ਭਾਈ ਲਾਲ ਜੀ ਨੇ ਕਿਹਾ, ਮੈਂ ਇਕ ਪਹਿਰ ਵਿਚ ਜਾ ਸਕਦਾ ਹਾਂ, ਤੀਜੇ ਗੁਰਸਿੱਖ ਨੇ ਕਿਹਾ, ਮੈਂ ਇਕ ਘੜੀ ਵਿਚ ਜਾ ਸਕਦਾ ਹਾਂ, ਚੌਥੇ ਮਹਾਂਪੁਰਸ਼ ਨੇ ਕਿਹਾ ਮੈਂ ਇਕ ਚੁਟਕੀ ਦੇ ਵਜਾਉਣ ਜਿੰਨੇ ਸਮੇਂ ਵਿਚ ਜਾ ਸਕਦਾ ਹਾਂ। ਪੰਡਤ ਜੀ ਨੇ ਸਾਰੀ ਗੱਲ ਸੁਣ ਕੇ ਬਹੁਤ ਰੋਸ ਮਨ ਵਿਚ ਧਾਰ ਲਿਆ ਅਤੇ ਕਹਿਣ ਲੱਗੇ ਕਿ ਇਹ ਗੁਰੂ ਕੇ ਸਿੱਖ ਸਾਸ਼ਤਰਾਂ ਨੂੰ ਨਹੀਂ ਮੰਨਦੇ। ਇਹ ਕਥਾ ਸੁਣਨ ਦੇ ਅਧਿਕਾਰੀ ਹੀ ਨਹੀਂ ਹਨ। ਸੋ ਪੋਥੀ ਸੰਤੋਖ ਕੇ ਆਪਣੇ ਡੇਰੇ ਲੈ ਗਿਆ। ਦੂਸਰੇ ਦਿਨ ਜਦੋਂ ਕਥਾ ਦਾ ਸਮਾਂ ਆਇਆ ਤਾਂ ਉਹ ਕਥਾ ਕਰਨ ਨਾ ਆਇਆ। ਗੁਰੂ ਮਹਾਰਾਜ ਜੀ ਨੇ ਕਾਰਨ ਪੁਛਿਆ ਤਾਂ ਸਿੱਖਾਂ ਨੇ ਕਿਹਾ ਕਿ ਪੰਡਤ ਜੀ ਕੁਝ ਨਰਾਜ਼ ਨਜ਼ਰ ਆ ਰਹੇ ਹਨ, ਅਤੇ ਕਹਿੰਦੇ ਹਨ ਕਿ ਗੁਰੂ ਦੇ ਸਿੱਖ ਕਥਾ ਸੁਣਨ ਦੇ ਅਧਿਕਾਰੀ ਨਹੀਂ ਹਨ। ਗੁਰੂ ਮਹਾਰਾਜ ਜੀ ਨੇ ਭਾਈ ਬਿਧੀ ਚੰਦ ਨੂੰ ਭੇਜ ਕੇ ਪੰਡਤ ਜੀ ਨੂੰ ਬੁਲਾਇਆ ਅਤੇ ਕਾਰਨ ਪੁਛਿਆ ਕਿ ਆਪ ਨਰਾਜ਼ ਕਿਉਂ ਹੋ ਗਏ? ਤਾਂ ਉਸ ਨੇ ਕਿਹਾ ਕਿ ਸੱਚੇ ਪਾਤਸ਼ਾਹ ਜਿਥੇ ਸ਼ਾਸਤਰਾਂ ਨੂੰ ਮਖੌਲ ਕੀਤਾ ਜਾਵੇ, ਉਥੇ ਵਿਦਵਾਨ ਨੂੰ ਕਥਾ ਸੁਣਾਉਣੀ ਸੋਭਦੀ ਨਹੀਂ। ਆਪ ਸਰਬ ਧਰਮਾਂ ਦੇ ਮਾਲਕ ਹੋ, ਮਰਿਆਦਾ ਪਰਸ਼ੋਤਮ ਹੋ, ਸੋ ਮੈਂ ਆਪ ਦੇ ਚਰਨਾਂ ਵਿਚ ਇਹ ਬੇਨਤੀ ਕਰਦਾ ਹਾਂ ਕਿ ਕੱਲ ਦੀ ਜੋ ਕਥਾ ਸੀ ਉਸ ਤੋਂ ਉਪਰੰਤ ਕੁਝ ਸਿੱਖ ਇਥੇ ਬੈਠੇ ਸੀ, ਮੈਂ ਕਥਾ ਵਿਚ ਸੁਣਾਇਆ ਸੀ ਕਿ ਧਰਮਰਾਜ ਦੀ ਦਰਗਾਹ ਬਹੁਤ ਦੂਰ ਹੈ, ਉਥੇ ਪਹੁੰਚਦਿਆਂ ਬੇਅੰਤ ਦੁਖਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਅਤੇ ਸਵਾ ਸਾਲ ਵਿਚ ਪਹੁੰਚਿਆ ਜਾਂਦਾ ਹੈ। ਆਪ ਦੇ ਗੁਰਸਿੱਖਾਂ ਨੇ ਅਸ਼ਰਧਾ ਪ੍ਰਗਟ ਕਰਦਿਆਂ ਕਿਹਾ ਕਿ ਮੈਂ ਚਾਰ ਪਹਿਰ ਵਿਚ ਪਹੁੰਚ ਸਕਦਾ ਹਾਂ, ਮੈਂ ਇਕ ਪਹਿਰ ਵਿਚ ਚਲਿਆ ਜਾਵਾਂਗਾ, ਇਕ ਨੇ ਕਿਹਾ ਕਿ ਮੈਂ ਘੜੀ ਵਿਚ ਚਲਿਆ ਜਾਵਾਂਗਾ ਅਤੇ ਇਕ ਨੇ ਕਿਹਾ ਕਿ ਮੈਂ ਚੁਟਕੀ ਵਜਾਉਣ ਜਿੰਨੇ ਸਮੇਂ ਵਿਚ ਚਲਿਆ ਜਾਵਾਂਗਾ। ਸੱਚੇ ਪਾਤਸ਼ਾਹ ਆਪ ਜਾਣੀ ਜਾਣ ਹੋ, ਜਦੋਂ ਸ਼ਰਧਾ ਹੀ ਨਾ ਹੋਵੇ ਤਾਂ ਸ਼ਾਸ਼ਤਰ ਸੁਣਾਉਣ ਦਾ ਕੀ ਫਾਇਦਾ?

ਪੰਡਤ ਜੀ ਦੀ ਗੱਲ ਸੁਣ ਕੇ ਮਹਾਰਾਜ ਜੀ ਮੁਸਕਰਾਏ ਤੇ ਕਹਿਣ ਲੱਗੇ, "ਪੰਡਤ ਜੀ! ਜੋ ਸਾਡੇ ਗੁਰਸਿੱਖਾਂ ਨੇ ਗੱਲ ਕਹੀ ਹੈ ਉਹ ਬਿਲਕੁਲ ਸਤਿ ਤੇ ਅਧਾਰਿਤ ਹੈ। ਤੁਹਾਨੂੰ ਅਸੀਂ ਦੱਸਦੇ ਹਾਂ ਕਿ ਗੁਰਬਾਣੀ ਦੇ ਅੰਦਰ ਵੀ ਆਉਂਦਾ ਹੈ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨਾ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ*
*ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ।।*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥*
*ਪੰਨਾ - 264*

ਅਤੇ

*ਜਹ ਮਾਤ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*
*ਜਹ ਮਹਾ ਭਇਆਨ ਦੂਤ ਜਮ ਦਲੈ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥*
*ਜਹ ਮੁਸਕਲ ਹੋਵੈ ਅਤਿ ਭਾਰੀ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥*
*ਅਨਿਕ ਪੁਨਹਚਰਨ ਕਰਤ ਨਹੀ ਤਰੈ॥*
*ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥*
*ਗੁਰਮੁਖਿ ਨਾਮੁ ਜਪਹੁ ਮਨ ਮੇਰੇ॥*
*ਨਾਨਕ ਪਾਵਹੁ ਸੂਖ ਘਨੇਰੇ॥*
*ਪੰਨਾ - 264*

ਸੋ ਪੰਡਤ ਜੀ! ਗਰੁੜ ਪੁਰਾਣ ਦੇ ਵਿਚ ਤੁਸੀਂ ਪਾਪੀਆਂ ਦਾ ਜ਼ਿਕਰ ਕਰ ਰਹੇ ਸੀ ਅਤੇ ਪੁੰਨੀਆਂ ਬਾਰੇ ਭੀ ਆਪ ਦੱਸ ਰਹੇ ਸੀ। ਅਸਾਡੇ ਸਿੱਖ ਜਦੋਂ ਗੁਰੂ ਵਾਲੇ ਬਣ ਜਾਂਦੇ ਹਨ ਤਾਂ ਉਹ ਭੁੱਲ ਕੇ ਵੀ ਪਾਪ ਨਹੀਂ ਕਰਦੇ, ਸਤਿ ਦਾ ਜੀਵਨ ਬਤੀਤ ਕਰਦੇ ਹਨ। ਦਇਆ ਦਾ ਭੰਡਾਰ ਉਨ੍ਹਾਂ ਦੇ ਹਿਰਦੇ ਵਿਚ ਲਬਾਲਬ ਭਰਿਆ ਹੁੰਦਾ ਹੈ, ਖਿਮਾ ਦੇ ਮਹਾਨ ਸਤੰਭ ਹੁੰਦੇ ਹਨ, ਪਵਿੱਤਰਤਾ ਉਨ੍ਹਾਂ ਦੀ ਬੋਲ ਬਾਣੀ ਵਿਚ, ਉਨ੍ਹਾਂ ਦੇ ਕਰਮਾਂ ਵਿਚ ਪੂਰੀ ਤਰ੍ਹਾਂ ਨਾਲ ਸਮਾਈ ਹੁੰਦੀ ਹੈ। ਉਹ 'ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ।' ਵਾਲੇ ਜਤੀ ਹੁੰਦੇ ਹਨ ਅਤੇ ਚਰਿੱਤਰ ਦੇ ਵਿਚ ਪੂਰੀ ਤਰ੍ਹਾਂ ਨਾਲ ਸਾਵਧਾਨੀ ਨਾਲ, ਮਰਿਆਦਾ ਵਿਚ ਰਹਿ ਕੇ ਵਰਤਦੇ ਹਨ। ਥੋੜ੍ਹਾ ਖਾਂਦੇ ਹਨ, ਥੋੜ੍ਹਾ ਬੋਲਦੇ ਹਨ, ਥੋੜ੍ਹਾ ਸੌਂਦੇ ਹਨ, ਆਪਣੀ ਕਮਾਈ ਵਿਚੋਂ ਦਸਵੰਧ ਦਿੰਦੇ ਹਨ, ਕੌੜਾ ਬੋਲਣਾ ਉਨ੍ਹਾਂ ਨੂੰ ਪੂਰੀ ਤਰ੍ਹਾਂ ਬਿਵਰਜਿਤ ਹੈ, ਉਹ ਬੋਲਦੇ ਹੀ ਨਹੀਂ ਹਨ, ਧਰਮ ਨਮਿਤ ਦਾਨ ਦਿੰਦੇ ਹਨ, ਉਹ ਪੁੰਨ ਬੀਜਦੇ ਹਨ, ਉਹ ਗੁਰੂ ਦੀ ਪ੍ਰਸੰਨਤਾ ਲਈ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਅਰਪਣ ਕਰਦੇ ਹਨ। ਹੰਗਤਾ ਧਾਰਨ ਨਹੀਂ ਕਰਦੇ, ਇਨ੍ਹਾਂ ਵਿਚੋਂ ਹਉਮੈ ਦਾ ਰੋਗ ਪੂਰੀ ਤਰ੍ਹਾਂ ਮਿਟਿਆ ਹੁੰਦਾ ਹੈ, ਨਿੰਦਿਆ, ਚੁਗਲੀ, ਈਰਖਾ, ਚੋਰੀ, ਪਾਖੰਡਪੁਣੇ ਤੋਂ ਰਹਿਤ ਹੁੰਦੇ ਹਨ ਅਤੇ ਆਪਣਾ ਜੀਵਨ

ਪਰਉਪਕਾਰ ਵਾਸਤੇ ਘੋਲ ਘੁਮਾ ਦਿੰਦੇ ਹਨ। ਅੰਮ੍ਰਿਤ ਵੇਲੇ ਉਠ ਕੇ ਪ੍ਰਭੂ ਨਾਲ ਜੁੜਦੇ ਹਨ ਅਤੇ ਆਪਣੇ ਆਪੇ ਨੂੰ ਪਛਾਣਦੇ ਹਨ ਸੋ ਅਜਿਹਾ ਗੁਰਸਿੱਖ ਆਪ ਦੇ ਗਰੁੜ ਪੁਰਾਣ ਦੇ ਘੇਰੇ ਵਿਚ ਨਹੀਂ ਆਉਂਦਾ। ਸੋ ਉਨ੍ਹਾਂ ਦੀ ਗੱਲ ਵੀ ਯਥਾਰਥ ਹੈ। ਧਰਮਰਾਜ ਦੇ ਸਿਰਫ ਓਹੀ ਜਾਂਦੇ ਹਨ ਜਿਨ੍ਹਾਂ ਨੇ ਪਾਪ ਕੀਤੇ ਹੋਣ ਜਾਂ ਪੁੰਨਾਂ ਦਾ ਬਦਲਾ ਚਾਹੁੰਦੇ ਹੋਣ -

*ਪੁੰਨ ਦਾਨੁ ਜੋ ਬੀਜਦੇ*
*ਸਭ ਧਰਮ ਰਾਇ ਕੈ ਜਾਈ॥*
*ਬਿਨੁ ਸਤਿਗੁਰੂ ਜਮਕਾਲੁ ਨ ਛੋਡਈ*
*ਦੂਜੈ ਭਾਇ ਖੁਆਈ॥*

*ਪੰਨਾ - 1414*

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ*
*ਓਹੁ ਤੇਰੀ ਸਰਕਾਰ॥*
*ਅਧਿਆਤਮੀ ਹਰਿ ਗੁਣ ਤਾਸੁ*
*ਮਨਿ ਜਪਹਿ ਏਕੁ ਮੁਰਾਰਿ॥*
*ਤਿਨ ਕੀ ਸੇਵਾ ਧਰਮ ਰਾਇ ਕਰੈ*
*ਧੰਨੁ ਸਵਾਰਣਹਾਰੁ॥*

*ਪੰਨਾ - 38*

ਜਿਹੜੇ ਵਾਹਿਗੁਰੂ ਜੀ ਦਾ ਭਜਨ ਕਰਦੇ ਹਨ ਉਹ ਧਰਮਰਾਇ ਦੇ ਦਰ ਤੇ ਨਹੀਂ ਜਾਂਦੇ ਕਿਉਂਕਿ ਜਿਸ ਵਾਹਿਗੁਰੂ ਦਾ ਉਹ ਨਾਮ ਜਪਦੇ ਹਨ, ਧਰਮਰਾਜ ਨੂੰ ਵੀ ਉਸੇ ਨੇ ਨਿਆਂ ਕਰਨ ਵਾਸਤੇ ਬਿਠਾਇਆ ਹੋਇਆ ਹੈ -

*ਧਰਮ ਰਾਇ ਹੈ ਹਰਿ ਕਾ ਕੀਆ*
*ਹਰਿ ਜਨ ਸੇਵਕ ਨੇੜਿ ਨ ਆਵੈ॥*

*ਪੰਨਾ - 555*

ਸੋ ਪੰਡਤ ਜੀ! ਨਰਾਜ਼ ਹੋਣ ਦੀ ਜ਼ਰੂਰਤ ਨਹੀਂ, ਗੱਲ ਸਮਝਣ ਦੀ ਜ਼ਰੂਰਤ ਹੈ। ਜਿਥੇ ਵੀ ਜੀਵ ਮਨੁੱਖ ਸਰੀਰ ਧਾਰਨ ਕਰਦੇ ਹਨ ਉਹ ਇਥੇ ਆਪਣੇ ਸੰਸਕਾਰਾਂ ਦੇ ਮੁਤਾਬਿਕ ਚੰਗੇ ਜਾਂ ਮੰਦੇ ਕਰਮ ਕਰਦੇ ਹਨ। ਕਰਮ ਕਰਕੇ ਹੀ ਅਨੇਕ ਜੂਨਾਂ ਧਾਰਨ ਕਰਦੇ ਹਨ। ਮਰਨ ਤੋਂ ਪਿਛੋਂ ਇਨ੍ਹਾਂ ਦੀ ਇਕੋ ਜੇਹੀ ਗਤੀ ਨਹੀਂ ਹੁੰਦੀ ਅਤੇ ਪਰਲੋਕ ਨੂੰ ਜਾਣ ਦਾ ਵੀ ਇਕੋ ਰਸਤਾ ਨਹੀਂ ਹੁੰਦਾ। ਇਨ੍ਹਾਂ ਜੀਵਾਂ ਦੀ ਗਤੀ ਛੇ ਪ੍ਰਕਾਰ ਦੀ ਹੋਇਆ ਕਰਦੀ ਹੈ - ਇਕ ਗਤੀ ਪਾਪੀਆਂ ਦੀ, ਦੂਸਰੀ ਪੁੰਨੀਆਂ ਦੀ, ਤੀਜੀ ਯੋਗ ਭ੍ਰਿਸ਼ਟਾਂ ਦੀ, ਚੌਥੀ ਭਗਤਾਂ ਦੀ, ਪੰਜਵੀਂ ਕਾਰਕਾਂ ਦੀ, ਛੇਵੀਂ ਬ੍ਰਹਮਗਿਆਨੀਆਂ ਦੀ ਗਤੀ ਹੋਇਆ ਕਰਦੀ ਹੈ।

ਸਾਧਸੰਗਤ ਜੀ! ਹੁਣ ਜੋ ਮੈਂ ਬੇਨਤੀ ਕਰਨ ਲੱਗਿਆ ਹਾਂ ਧਿਆਨ ਨਾਲ ਸਰਵਣ ਕਰੋ। ਮੌਤ ਦੇ ਪਿਛੋਂ ਕੀ ਹੁੰਦਾ ਹੈ ਇਸ ਨੂੰ ਜਾਨਣ ਦੀ ਹਰੇਕ ਦੇ ਮਨ ਵਿਚ ਜਗਿਆਸਾ ਬਣੀ ਰਹਿੰਦੀ ਹੈ। ਗੁਰਬਾਣੀ ਦੇ ਅੰਦਰ ਨਰਕਾਂ ਸੁਰਗਾਂ ਦੀ ਐਨੀ ਖੋਲ੍ਹ ਕੇ ਵਿਆਖਿਆ ਨਹੀਂ ਕੀਤੀ ਗਈ ਪਰ ਇਨ੍ਹਾਂ ਦੇ ਹਵਾਲੇ ਦੇ ਕੇ ਅਸਾਨੂੰ ਸਮਝਾਇਆ ਗਿਆ ਹੈ। ਕਈ ਪ੍ਰੇਮੀ ਭੁੱਲ ਵਿਚ ਪਏ ਹੋਏ ਇਹ ਕਹਿੰਦੇ ਵੀ ਸੁਣੇ ਗਏ ਹਨ ਕਿ ਗੁਰਮਤਿ ਸਿਧਾਂਤ ਅਨੁਸਾਰ ਨਰਕ ਤੇ ਸੁਰਗ ਕੋਈ ਨਹੀਂ ਹੈ। ਐਥੋਂ ਤੱਕ ਵੀ ਪੁਸਤਕਾਂ ਵਿਚ ਲਿਖਿਆ ਮਿਲਦਾ ਹੈ ਕਿ ਧਰਮਰਾਜ ਵੀ ਕੋਈ ਨਹੀਂ ਹੈ, ਨਾ ਹੀ ਕੋਈ ਚਿਤ੍ਰਗੁਪਤ ਹੈ। ਇਹ ਸਭ ਗੱਲਾਂ ਗੁਰੂ ਮਹਾਰਾਜ ਜੀ ਨੇ ਉਨ੍ਹਾਂ ਲੋਕਾਂ ਨੂੰ ਸਮਝਾਉਣ ਵਾਸਤੇ ਲਿਖੀਆਂ ਹਨ ਜਿਹੜੇ ਨਰਕਾਂ ਸੁਰਗਾਂ ਵਿਚ ਵਿਸ਼ਵਾਸ਼ ਰੱਖਦੇ ਹਨ। ਗੁਰਮਤਿ ਦਾ ਰਾਹ ਕੁਝ ਹੋਰ ਹੈ। ਇਸ ਤਰ੍ਹਾਂ ਲਿਖ ਕੇ ਐਉਂ ਲਗਦਾ ਹੈ ਕਿ ਉਹ ਆਪ ਵੀ ਭੁੱਲ ਵਿਚ ਪਏ ਹਨ ਅਤੇ ਆਪਣੀਆਂ ਪੁਸਤਕਾਂ ਪੜ੍ਹਨ ਵਾਲਿਆਂ ਨੂੰ ਵੀ ਭੁੱਲ ਵਿਚ ਪਾਉਂਦੇ ਹਨ। ਨਰਕ, ਸੁਰਗ, ਧਰਮਰਾਜ ਸਾਰਿਆਂ ਬਾਰੇ ਹੀ ਗੁਰੂ ਮਹਾਰਾਜ ਜੀ ਨੇ ਲਿਖਿਆ ਹੈ ਪਰ ਨਰਕ ਹਰ ਬੰਦੇ ਵਾਸਤੇ ਨਹੀਂ ਹੋਇਆ ਕਰਦਾ। ਜਿਸ ਨੇ ਇਥੇ ਆ ਕੇ ਦੁਨੀਆਂ ਨੂੰ ਲੁਟਿਆ ਹੈ, ਦਿਲ ਦੁਖਾਇਆ ਹੈ, ਉਨ੍ਹਾਂ ਨੂੰ ਨਰਕਾਂ ਵਿਚ ਜਾਣਾ ਪੈਂਦਾ ਹੈ। ਜਿਨ੍ਹਾਂ ਨੇ ਇਥੇ ਆ ਕੇ ਆਪਣੇ ਜੀਵਨ ਨੂੰ ਸੋਧ ਕੇ ਸਾਫ ਸੁਥਰਾ ਰੱਖਿਆ ਹੈ ਉਹ ਸਵਰਗਾਂ ਵਿਚ ਜਾ ਕੇ ਵਾਸਾ ਕਰ ਲੈਂਦੇ ਹਨ। ਜੇ ਉਹ ਲਿਖਾਰੀ ਇਹ ਕਹਿੰਦੇ ਹਨ ਕਿ ਨਰਕਾਂ ਸੁਰਗ ਇਸੇ ਦੁਨੀਆਂ ਵਿਚ ਹੈ ਤਾਂ ਵੀ ਉਨ੍ਹਾਂ ਦੀ ਬੜੀ ਭੁੱਲ ਹੈ। ਮਹਾਂਪੁਰਸ਼ਾਂ ਦਾ ਇਹ ਮਤ ਹੈ ਕਿ ਨਰਕ ਸੁਰਗ ਭੋਗਣ ਤੋਂ ਪਿਛੋਂ ਕੁਝ ਹੋਰ ਭੋਗਣ ਲਈ ਤੇ ਸੰਸਾਰ ਨੂੰ ਸੋਝੀ ਦੇਣ ਲਈ ਕੁਝ ਕਰਮ ਬਕਾਇਆ ਰਹਿ ਜਾਂਦੇ ਹਨ, ਉਹ ਇਥੇ ਭੋਗੇ ਜਾਂਦੇ ਹਨ। ਸੰਸਾਰ ਅੱਧਾ ਨਰਕ ਹੈ ਇਸ ਕਰਕੇ ਇਹ ਹੱਠ ਰੱਖਣਾ ਗਲਤ ਪ੍ਰਤੀਤ ਦਿੰਦਾ ਹੈ ਪਰ ਇਕ ਗੱਲ ਹੈ ਕਿ ਜਿਨ੍ਹਾਂ ਨੇ ਇਥੇ ਆ ਕੇ ਬੰਦਗੀ ਕੀਤੀ ਹੈ, ਸੇਵਾ ਕੀਤੀ ਹੈ, ਘਾਲ ਕਮਾਈਆਂ ਕੀਤੀਆਂ ਹਨ, ਉਨ੍ਹਾਂ ਨੂੰ ਨਰਕ ਸੁਰਗਾਂ ਵਿਚ ਨਹੀਂ ਜਾਣਾ ਪੈਂਦਾ। ਸੋ ਧਰਮਰਾਜ ਬਾਰੇ ਹੀ ਮਹਾਰਾਜ ਜੀ ਬਾਣੀ ਵਿਚ ਫੁਰਮਾਨ ਕਰਦੇ ਹਨ -

*ਨਾਨਕ ਜੀਅ ਉਪਾਇ ਕੈ*
*ਲਿਖਿ ਨਾਵੈ ਧਰਮੁ ਬਹਾਲਿਆ॥*
*ਓਥੈ ਸਚੇ ਹੀ ਸਚਿ ਨਿਬੜੈ*
*ਚੁਣਿ ਵਖਿ ਕਢੇ ਜਜਮਾਲਿਆ॥*
*ਥਾਉ ਨ ਪਾਇਨਿ ਕੂੜਿਆਰ*
*ਮੁਹ ਕਾਲੈ ਦੋਜਕਿ ਚਾਲਿਆ॥*
*ਤੇਰੈ ਨਾਇ ਰਤੇ ਸੇ ਜਿਣਿ ਗਏ*
*ਹਾਰਿ ਗਏ ਸਿ ਠਗਣ ਵਾਲਿਆ॥*
*ਲਿਖਿ ਨਾਵੈ ਧਰਮੁ ਬਹਾਲਿਆ॥*

*ਪੰਨਾ - 463*

ਅਕਾਲ ਪੁਰਖ ਦਾ ਧਰਮਰਾਇ ਨੂੰ ਹੁਕਮ ਹੈ ਕਿ ਤੈਨੂੰ ਉਹ ਜੀਵ ਸੰਭਾਲੇ ਜਾਂਦੇ ਹਨ ਜਿਨ੍ਹਾਂ ਦੇ ਅੰਦਰ ਦੁਸ਼ਟਤਾਈ ਹੈ, ਨਾਸਤਿਕਤਾ ਹੈ, ਗੁਰੂ ਤੋਂ ਹੀਣੇ ਹਨ ਯਾਨਿ ਨਿਗੁਰੇ ਹਨ, ਉਨ੍ਹਾਂ ਦਾ ਤੇਰੇ ਕੋਲ ਆਉਣਾ

ਹੋਵੇਗਾ ਤੇ ਤੂੰ ਸੱਚ ਦਾ ਨਿਆਂ ਕਰੀਂ। ਪਰ ਜਿਹੜੇ ਵਾਹਿਗੁਰੂ ਦਾ ਨਾਮ ਇਕ ਮਨ ਇਕ ਚਿਤ ਹੋ ਕੇ ਜਪਦੇ ਹਨ, ਉਨ੍ਹਾਂ ਦਾ ਸਤਿਕਾਰ ਕਰੀਂ -

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ*
*ਓਹੁ ਤੇਰੀ ਸਰਕਾਰ॥*
*ਅਧਿਆਤਮੀ ਹਰਿ ਗੁਣ ਤਾਸੁ*
*ਮਨਿ ਜਪਹਿ ਏਕੁ ਮੁਰਾਰਿ॥*
*ਤਿਨ ਕੀ ਸੇਵਾ ਧਰਮ ਰਾਇ ਕਰੈ*
*ਧੰਨੁ ਸਵਾਰਣਹਾਰੁ॥ ਪੰਨਾ- 38*

ਇਕ ਥਾਂ ਆਪ ਫੁਰਮਾਨ ਕਰਦੇ ਹਨ ਕਿ ਜਿਨ੍ਹਾਂ ਪ੍ਰੇਮੀਆਂ ਨੇ ਇਥੇ ਆ ਕੇ ਵਾਹਿਗੁਰੂ ਦਾ ਨਾਮ ਹਿਰਦੇ ਵਿਚ ਵਸਾ ਲਿਆ ਹੈ ਉਨ੍ਹਾਂ ਦੇ ਜਿਹੜੇ ਕਰਮਾਂ ਦੇ, ਹਿਸਾਬ ਕਿਤਾਬ ਦੇ, ਲੇਖੇ ਪੱਤੇ ਦੇ, ਧਰਮਰਾਜ ਦੀ ਦਰਗਾਹ ਵਿਚ ਕਾਗਜ਼ ਪਏ ਸਨ ਉਹ ਬੇਕਾਰ ਹੋ ਗਏ ਕਿਉਂਕਿ ਉਨ੍ਹਾਂ ਨੇ ਨਿਰੰਕਾਰ ਦੀ ਦਰਗਾਹ ਵਿਚ ਜਾਣਾ ਹੈ, ਧਰਮਰਾਜ ਦੇ ਬਿਲਕੁਲ ਨਹੀਂ ਜਾਣਾ। ਫੁਰਮਾਨ ਹੈ -

*ਜਿਨ ਕਉ ਕ੍ਰਿਪਾ ਕਰੀ ਜਗਜੀਵਨਿ*
*ਹਰਿ ਉਰਿ ਧਾਰਿਓ ਮਨ ਮਾਝਾ॥*
*ਧਰਮ ਰਾਇ ਦਰਿ ਕਾਗਦ ਫਾਰੇ*
*ਜਨ ਨਾਨਕ ਲੇਖਾ ਸਮਝਾ॥ ਪੰਨਾ - 698*

*ਸੰਤਨ ਮੋ ਕਉ ਪੂੰਜੀ ਸਉਪੀ*
*ਤਉ ਉਤਰਿਆ ਮਨ ਕਾ ਧੋਖਾ॥*
*ਧਰਮ ਰਾਇ ਅਬ ਕਹਾ ਕਰੈਗੋ*
*ਜਉ ਫਾਟਿਓ ਸਗਲੋ ਲੇਖਾ॥*
*ਪੰਨਾ - 614*

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਰਾਜੇ ਜਨਕ ਦੇ ਜੀਵਨ ਦੀ ਘਟਨਾ ਜੋ ਵਾਹਿਗੁਰੂ ਜੀ ਦੇ ਨਾਮ ਦੀ ਮਹਾਨਤਾ ਨਾਲ ਸਬੰਧ ਰੱਖਦੀ ਹੈ ਉਸ ਬਾਰੇ ਆਪ ਫੁਰਮਾਨ ਕਰਦੇ ਹਨ -

*ਧਾਰਨਾ- ਕਰ 'ਤੇ ਕੁੰਡ ਨਰਕਾਂ ਦੇ ਖਾਲੀ,*
*ਇਕ ਵਾਰੀ ਨਾਮ ਜਪ ਕੇ।*

*ਭਗਤ ਵੱਡਾ ਰਾਜਾ ਜਨਕ ਹੈ*
*ਗੁਰਮੁਖ ਮਾਯਾ ਵਿਚ ਉਦਾਸੀ।*
*ਦੇਵਲੋਕ ਨੋਂ ਚੱਲਿਆ*
*ਗੁਣ ਗੰਧਰਬ ਸਭਾ ਸੁਖਵਾਸੀ।*
*ਜਮਪੁਰਿ ਗਯਾ ਪੁਕਾਰ ਸੁਣਿ*
*ਵਿਲਲਾਵਨ ਜੀ ਨਰਕ ਨਿਵਾਸੀ।*
*ਧਰਮਰਾਇ ਨੋਂ ਆਖਿਓਨੁ*
*ਸਭਨਾਂ ਦੀ ਕਰਿ ਬੰਦ ਖਲਾਸੀ।*
*ਕਰੇ ਬੇਨਤੀ ਧਰਮਰਾਇ*
*ਹਉ ਸੇਵਕ ਠਾਕੁਰ ਅਬਿਨਾਸੀ।*
*ਗਹਿਣੇ ਧਰਿਅਨੁ ਇਕ ਨਾਉਂ*
*ਪਾਪਾਂ ਨਾਲ ਕਰੈ ਨਿਰਜਾਸੀ।*
*ਪਾਸੰਗ ਪਾਪ ਨ ਪੁੱਜਨੀ*
*ਗੁਰਮੁਖ ਨਾਉਂ ਅਤੁਲ ਨ ਤੁਲਾਸੀ।*
*ਨਰਕਹੁੰ ਛੁਟੇ ਜੀਅ ਜੰਤ*
*ਕੱਟੀ ਗਲਹੁ ਸਿਲਕ ਜਮ ਫਾਸੀ।*
*ਮੁਕਤਿ ਜੁਗਤਿ ਨਾਵੈ ਕੀ ਦਾਸੀ॥*
*ਭਾਈ ਗੁਰਦਾਸ ਜੀ, ਵਾਰ 10/5*

ਸੋ ਇਨ੍ਹਾਂ ਗੁਰ ਪ੍ਰਮਾਣਾਂ ਨੂੰ ਵਿਚਾਰਦਿਆਂ ਹੋਇਆਂ ਸਾਨੂੰ ਇਹ ਮੰਨਣਾ ਪਵੇਗਾ ਕਿ ਧਰਮਰਾਇ ਸਾਰੇ ਜੀਵਾਂ ਦੇ ਜੋ ਉਸ ਦੀ **limitation of power** (ਸ਼ਕਤੀ) ਜੋ ਵਾਹਿਗੁਰੂ ਨੇ ਉਸ ਨੂੰ ਦਿਤੀ ਹੈ ਉਸਦੇ ਮੁਤਾਬਿਕ ਉਹ ਜੀਵਾਂ ਦੇ ਲੇਖੇ ਪੱਤੇ ਵਾਚ ਕੇ ਉਨ੍ਹਾਂ ਨੂੰ ਨਰਕ ਸੁਰਗ ਵਿਚ ਭੇਜਦਾ ਹੈ। ਨਰਕਾਂ ਵਿਚ ਬੇਅੰਤ ਤਕਲੀਫਾਂ ਹਨ ਜਿਨ੍ਹਾਂ ਵਿਚੋਂ ਕੁੰਭੀ ਨਰਕ ਬਹੁਤ ਭਿਆਨਕ ਹੈ ਅਤੇ ਗਿਣਤੀ ਵਿਚ ਨਰਕ 18 ਲਿਖੇ ਹੋਏ ਮਿਲਦੇ ਹਨ। ਕਈ ਮਹਾਂਪੁਰਸ਼ਾਂ ਨੇ 84 ਨਰਕ ਵੀ ਲਿਖੇ ਹਨ। ਗੁਰੂ ਮਹਾਰਾਜ ਜੀ ਨੇ ਵੀ 84 ਨਰਕਾਂ ਦਾ ਜ਼ਿਕਰ ਕੀਤਾ ਹੈ -

*ਨਾਮੁ ਵਿਸਾਰਿ ਦੋਖ ਦੁਖ ਸਹੀਐ॥*
*ਹੁਕਮੁ ਭਇਆ ਚਲਣਾ ਕਿਉ ਰਹੀਐ॥*
*ਨਰਕ ਕੂਪ ਮਹਿ ਗੋਤੇ ਖਾਵੈ*
*ਜਿਉ ਜਲ ਤੇ ਬਾਹਰਿ ਮੀਨਾ ਹੇ॥*
*ਚਉਰਾਸੀਹ ਨਰਕ ਸਾਕਤੁ ਭੋਗਾਈਐ॥*
*ਜੈਸਾ ਕੀਚੈ ਤੈਸੋ ਪਾਈਐ॥*
*ਸਤਿਗੁਰ ਬਾਝਹੁ ਮੁਕਤਿ ਨ ਹੋਈ*
*ਕਿਰਤਿ ਬਾਧਾ ਗ੍ਰਸਿ ਦੀਨਾ ਹੇ॥*
*ਪੰਨਾ - 1028*

*ਮਨਮੁਖਿ ਆਵੈ ਮਨਮੁਖਿ ਜਾਵੈ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ*
*ਗੁਰਮੁਖਿ ਲੇਪੁ ਨ ਮਾਸਾ ਹੇ॥*
*ਪੰਨਾ - 1073*

ਇਕ ਥਾਂ ਗੁਰੂ ਮਹਾਰਾਜ ਜੀ ਨੇ ਹਰੀ ਦੇ ਦਰ ਵਿਚ ਜੋ ਵਰਤਿਆ ਹੈ ਉਹ ਆਖ ਕੇ ਸੁਣਾਇਆ ਅਤੇ ਬਾਣੀ ਵਿਚ ਦਰਜ ਹੋਇਆ। ਇਕ ਤਪਾ ਗੁਰੂ ਮਹਾਰਾਜ ਜੀ ਨਾਲ ਬੜੀ ਈਰਖਾ ਕਰਦਾ ਸੀ। ਇਹ ਘਟਨਾ ਗੁਰੂ ਅਮਰਦਾਸ ਜੀ ਮਹਾਰਾਜ ਨਾਲ ਸਬੰਧ ਰੱਖਦੀ ਹੈ। ਇਸ ਦਾ ਆਚਰਣ ਨੀਵਾਂ ਸੀ ਉਸ ਬਾਰੇ ਫੁਰਮਾਇਆ ਹੈ -

*ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ*
*ਬਹਿ ਸਾਧ ਜਨਾ ਵੀਚਾਰਿਆ॥*
*ਸਤ ਪੁਰਖ ਕੀ ਤਪਾ ਨਿੰਦਾ ਕਰੈ*
*ਸੰਸਾਰੈ ਕੀ ਉਸਤਤੀ ਵਿਚਿ ਹੋਵੈ*
*ਏਤੁ ਦੋਖੈ ਤਪਾ ਦਯਿ ਮਾਰਿਆ॥*
*ਮਹਾ ਪੁਰਖਾਂ ਕੀ ਨਿੰਦਾ ਕਾ*
*ਵੇਖੁ ਜਿ ਤਪੇ ਨੋ ਫਲੁ ਲਗਾ*

ਸਭੁ ਗਇਆ ਤਪੇ ਕਾ ਘਾਲਿਆ॥
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ॥
ਅੰਦਰਿ ਬਹੈ ਤਪਾ ਪਾਪ ਕਮਾਏ॥
ਹਰਿ ਅੰਦਰਲਾ ਪਾਪੁ ਪੰਚਾ ਨੋ
ਉਘਾ ਕਰਿ ਵੇਖਾਲਿਆ॥
ਧਰਮ ਰਾਇ ਜਮਕੰਕਰਾ
ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ
ਜਿਥੈ ਮਹਾ ਮਹਾਂ ਹਤਿਆਰਿਆ॥
ਫਿਰਿ ਏਸੁ ਤਪੇ ਦੈ
ਮੁਹਿ ਕੋਈ ਲਗਹੁ ਨਾਹੀ
ਏਹੁ ਸਤਿਗੁਰਿ ਹੈ ਫਿਟਕਾਰਿਆ॥
ਹਰਿ ਕੈ ਦਰਿ ਵਰਤਿਆ ਸੁ ਨਾਨਕਿ
ਆਖਿ ਸੁਣਾਇਆ॥
ਸੋ ਬੂਝੈ ਜੁ ਦਯਿ ਸਵਾਰਿਆ॥
ਪੰਨਾ - 315-16

ਇਸ ਵਿਚ ਗੁਰੂ ਮਹਾਰਾਜ ਜੀ ਮਨਮੁਖ ਦਾ ਹਾਲ ਦੱਸਦੇ ਹੋਏ ਫੁਰਮਾਨ ਕਰਦੇ ਹਨ ਕਿ ਅਸੀਂ ਉਹ ਬਚਨ ਕਰ ਰਹੇ ਹਾਂ ਜੋ ਹਰੀ ਦੇ ਦਰ ਦੇ ਉਤੇ ਵਰਤਿਆ ਹੈ। ਇਸ ਵਿਚ ਧਰਮਰਾਏ, ਜਮਕੰਕਰਾਂ ਦਾ ਜ਼ਿਕਰ ਆਇਆ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਪਾਪ ਕਰਨ ਵਾਲੇ ਧਰਮਰਾਜ ਦੇ ਜਾਂਦੇ ਹਨ ਅਤੇ ਨਰਕਾਂ ਦੇ ਦੁੱਖ ਭੋਗਦੇ ਹਨ -

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆ
ਤਿਉ ਮਥੇ ਧ੍ਰਮ ਰਾਇ॥
ਪੰਨਾ - 1425

ਇਸਲਾਮ ਵਾਲੇ ਧਰਮਰਾਜ ਨੂੰ ਅਜ਼ਰਾਈਲ ਫਰੇਸ਼ਤਾ ਆਖਦੇ ਹਨ ਜੋ ਜੀਵਾਂ ਨੂੰ ਉਨ੍ਹਾਂ ਦੇ ਕਰਮਾਂ ਦੀਆਂ ਸਜਾਵਾਂ ਦਿੰਦਾ ਹੈ। ਮਹਾਂ ਪਾਪੀ ਘਾਣੀਆਂ ਵਿਚ ਪੀੜੇ ਜਾਂਦੇ ਹਨ। ਗੁਰੂ ਮਹਾਰਾਜ ਨੂੰ ਜਦ ਕਾਹਬਾ ਸ਼ਰੀਫ ਵਿਚ ਪੁਛਿਆ ਕਿ ਆਪ ਦਾ ਦਰਗਾਹ ਵਿਚ ਲੇਖੇ ਹੋਣ ਬਾਰੇ ਕੀ ਵਿਚਾਰ ਹੈ ਤਾਂ ਆਪ ਨੇ ਫੁਰਮਾਨ ਕੀਤਾ -

ਨਾਨਕੁ ਆਖੈ ਰੇ ਮਨਾ
ਸੁਣੀਐ ਸਿਖ ਸਹੀ॥
ਲੇਖਾ ਰਬੁ ਮੰਗੇਸੀਆ
ਬੈਠਾ ਕਢਿ ਵਹੀ॥
ਤਲਬਾ ਪਉਸਨਿ ਆਕੀਆ
ਬਾਕੀ ਜਿਨਾ ਰਹੀ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ॥
ਆਵਣੁ ਜਾਣੁ ਨ ਸੁਝਈ
ਭੀੜੀ ਗਲੀ ਫਹੀ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥
ਪੰਨਾ - 953

ਸਜਾਵਾਂ ਬਾਰੇ ਹੋਰ ਸਪਸ਼ਟ ਕਰਦੇ ਹੋਏ ਗੁਰੂ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

ਲੈ ਫਾਹੇ ਰਾਤੀ ਤੁਰਹਿ
ਪ੍ਰਭੁ ਜਾਣੈ ਪ੍ਰਾਣੀ॥
ਤਕਹਿ ਨਾਰਿ ਪਰਾਈਆ
ਲੁਕਿ ਅੰਦਰਿ ਠਾਣੀ॥
ਸੰਨੀ ਦੇਨਿ ਵਿਖੰਮ ਥਾਇ
ਮਿਠਾ ਮਦੁ ਮਾਣੀ॥
ਕਰਮੀ ਆਪੋ ਆਪਣੀ ਆਪੇ ਪਛੁਤਾਣੀ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥
ਪੰਨਾ - 315

ਸੋ ਸਾਧਸੰਗਤ ਜੀ! ਜਿਹੜੇ ਪ੍ਰੇਮੀ ਨਰਕ ਸੁਰਗ, ਧਰਮਰਾਜ, ਨੂੰ ਅਣਹੋਂਦ ਵਿਚ ਦਰਸਾਅ ਕੇ ਲਿਖਦੇ ਹਨ ਕਿ ਇਹ ਐਵੇਂ ਇਕ ਡਰ ਦਿਤਾ ਹੋਇਆ ਹੈ। ਜਿਸ ਤਰ੍ਹਾਂ ਮਾਂ ਬੱਚੇ ਨੂੰ ਹਨ੍ਹੇਰੇ ਵਿਚ ਜਾਂਦੇ ਨੂੰ ਕਹਿ ਦਿੰਦੀ ਹੈ ਕਿ ਅੰਦਰ ਭੂਤ ਹੈ ਜਾਂ ਮਾਉਂ ਹੈ। ਉਹ ਠਠੰਬਰ ਜਾਂਦਾ ਹੈ ਮਨ ਵਿਚ ਵਿਚਾਰ ਕਰਦਾ ਹੈ ਕਿ ਇਹ ਚੀਜ਼ ਕੀ ਹੋਈ? ਪਰ ਜਦੋਂ ਵੱਡਾ ਹੁੰਦਾ ਜਾਂਦਾ ਹੈ, ਪਰਤਿਆ ਕੇ ਦੇਖ ਲੈਂਦਾ ਹੈ ਕਿ ਕੋਈ ਚੀਜ਼ ਨਹੀਂ ਹੈ। ਮੇਰੀ ਮਾਂ ਮੈਨੂੰ ਡਰਾਉਣ ਵਾਸਤੇ ਕਹਿੰਦੀ ਹੁੰਦੀ ਸੀ। ਠੀਕ ਇਸੇ ਤਰ੍ਹਾਂ ਦੇ ਭਾਵ ਕੱਢ ਕੇ ਇਹ ਲੋਕੀ ਵੀ ਗਲਤ ਰਸਤੇ ਪੈਂਦੇ ਹਨ ਅਤੇ ਆਪਣੇ ਪਾਠਕਾਂ ਨੂੰ ਗਲਤ ਰਸਤੇ ਪਾ ਦਿੰਦੇ ਹਨ। ਗੁਰਮਤਿ ਦੇ ਸਿਧਾਂਤ ਮੁਤਾਬਿਕ ਨਰਕ ਵੀ ਤੇ ਸੁਰਗ ਵੀ ਹੈ।

ਹੁਣ ਵਿਚਾਰ ਹੁੰਦੀ ਹੈ ਕਿ ਨਰਕਾਂ ਵਿਚ ਕੌਣ ਜਾਂਦਾ ਹੈ ਅਤੇ ਸੁਰਗਾਂ ਵਿਚ ਕੌਣ ਜਾਂਦਾ ਹੈ? ਜਿਵੇਂ ਉਪਰ ਦੱਸਿਆ ਜਾ ਚੁੱਕਾ ਹੈ ਕਿ ਪਾਪ ਕਰਨ ਵਾਲੇ ਬਹੁਤ ਪਰੇਸ਼ਾਨ ਹੋਏ ਹੋਏ ਨਰਕਾਂ ਵਿਚ ਜਾਂਦੇ ਹਨ ਅਤੇ ਉਨ੍ਹਾਂ ਨੂੰ ਲੰਮੇ ਰਸਤੇ ਤੇ ਚਲਣਾ ਪੈਂਦਾ ਹੈ ਜਿਸ ਤਰ੍ਹਾਂ ਕਿ ਪਹਿਲਾਂ ਸੁਖਮਨੀ ਸਾਹਿਬ ਅੰਦਰ ਬਹੁਤ ਖੋਲ੍ਹ ਕੇ ਦੱਸਿਆ ਜਾ ਚੁੱਕਾ ਹੈ। ਗੁਰੂ ਮਹਾਰਾਜ ਜੀ ਹੋਰ ਸਪਸ਼ਟ ਕਰਦੇ ਹੋਏ ਫੁਰਮਾਨ ਕਰਦੇ ਹਨ -

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ
ਸੁ ਅਉਖਾ ਜਗ ਮਹਿ ਹੋਇਆ॥
ਨਰਕ ਘੋਰੁ ਦੁਖ ਖੂਹੁ ਹੈ
ਓਥੈ ਪਕੜਿ ਓਹੁ ਢੋਇਆ॥
ਕੂਕ ਪੁਕਾਰ ਕੋ ਨ ਸੁਣੇ
ਓਹੁ ਅਉਖਾ ਹੋਇ ਹੋਇ ਰੋਇਆ॥
ਓਨਿ ਹਲਤੁ ਪਲਤੁ ਸਭੁ ਗਵਾਇਆ
ਲਾਹਾ ਮੂਲੁ ਸਭੁ ਖੋਇਆ॥
ਓਹੁ ਤੇਲੀ ਸੰਦਾ ਬਲਦੁ ਕਰਿ
ਨਿਤ ਭਲਕੇ ਉਠਿ ਪ੍ਰਭਿ ਜੋਇਆ॥
ਹਰਿ ਵੇਖੈ ਸੁਣੈ ਨਿਤ ਸਭੁ ਕਿਛੁ
ਤਿਦੂ ਕਿਛੁ ਗੁਝਾ ਨ ਹੋਇਆ॥
ਜੈਸਾ ਬੀਜੇ ਸੋ ਲੁਣੈ
ਜੇਹਾ ਪੁਰਬਿ ਕਿਨੈ ਬੋਇਆ॥
ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ
ਤਿਸੁ ਸਤਿਗੁਰ ਕੇ ਚਰਣ ਧੋਇਆ॥

*ਗੁਰ ਸਤਿਗੁਰ ਪਿਛੈ ਤਰਿ ਗਇਆ*
*ਜਿਉ ਲੋਹਾ ਕਾਠ ਸੰਗੋਇਆ॥*
ਪੰਨਾ - 309

ਸੋ ਇਸੇ ਤਰ੍ਹਾਂ ਨਾਲ ਛੋਟੇ ਮੋਟੇ ਨਰਕ ਚੌਰਾਸੀ ਦੇ ਕਰੀਬ ਹਨ ਜਿਨ੍ਹਾਂ ਵਿਚੋਂ 18 ਮਹਾਂ ਭਿਆਨਕ ਹਨ। ਜੀਵ ਜਦੋਂ ਇਥੋਂ ਜਾਂਦਾ ਹੈ ਜੇ ਉਸ ਨੇ ਜ਼ਿੰਦਗੀ ਪਾਪਾਂ ਤੇ ਖੁਦਗਰਜ਼ੀਆਂ, ਠੱਗੀਆਂ, ਫਰੇਬ, ਧੋਖੇ ਕਰਕੇ ਲੰਘਾਈ ਹੈ ਤਾਂ ਉਸ ਨੂੰ ਜਮਦੂਤ ਲੈਣ ਵਾਸਤੇ ਆਉਂਦੇ ਹਨ ਅਤੇ ਇਸ ਥਾਂ ਤੋਂ ਹੀ ਉਸ ਨੂੰ ਭਿਆਨਕ ਸਜਾਵਾਂ ਦਿੰਦੇ ਲਿਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਦੱਸ ਦਿਤਾ ਜਾਂਦਾ ਹੈ ਕਿ ਜਿਸ ਜੀਵ ਨੂੰ ਤੁਸੀਂ ਲੈਣ ਜਾਣਾ ਹੈ ਉਹ ਕਿਹੋ ਜਿਹਾ ਹੈ -

*ਬਾਰਿ ਵਿਡਾਨੜੈ*
*ਹੁੰਮਸ ਧੁੰਮਸ ਕੂਕਾ ਪਈਆ ਰਾਹੀ॥*
*ਤਉ ਸਹ ਸੇਤੀ ਲਗੜੀ ਡੋਰੀ*
*ਨਾਨਕ ਅਨਦ ਸੇਤੀ ਬਨੁ ਗਾਹੀ॥*
ਪੰਨਾ - 520

ਇਕ ਹੋਰ ਥਾਂ ਫੁਰਮਾਨ ਹੈ -

*ਓਥੈ ਹਥੁ ਨ ਅਪੜੈ*
*ਕੂਕ ਨ ਸੁਣੀਐ ਪੁਕਾਰ॥*
*ਓਥੈ ਸਤਿਗੁਰੁ ਬੇਲੀ ਹੋਵੈ*
*ਕਢਿ ਲਏ ਅੰਤੀ ਵਾਰ॥*
ਪੰਨਾ - 1281

ਅਤੇ ਆਪਾਂ ਇਸ ਤਰ੍ਹਾਂ ਵੀ ਪੜ੍ਹਦੇ ਹਾਂ -

*ਕਪੜੁ ਰੂਪੁ ਸੁਹਾਵਣਾ*
*ਛਡਿ ਦੁਨੀਆ ਅੰਦਰਿ ਜਾਵਣਾ॥*
*ਮੰਦਾ ਚੰਗਾ ਆਪਣਾ*
*ਆਪੇ ਹੀ ਕੀਤਾ ਪਾਵਣਾ॥*
*ਹੁਕਮ ਕੀਏ ਮਨਿ ਭਾਵਦੇ*
*ਰਾਹਿ ਭੀੜੈ ਅਗੈ ਜਾਵਣਾ॥*
*ਨੰਗਾ ਦੋਜਕਿ ਚਾਲਿਆ*
*ਤਾ ਦਿਸੈ ਖਰਾ ਡਰਾਵਣਾ॥*
*ਕਰਿ ਅਉਗਣ ਪਛੋਤਾਵਣਾ॥*
ਪੰਨਾ - 471

*ਨਰਕ ਘੋਰ ਬਹੁ ਦੂਖ ਘਣੇ*
*ਅਕਿਰਤਘਣਾ ਕਾ ਥਾਨੁ॥*
*ਤਿਨਿ ਪ੍ਰਭਿ ਮਾਰੇ*
*ਨਾਨਕਾ ਹੋਇ ਹੋਇ ਮੁਏ ਹਰਾਮੁ॥*
ਪੰਨਾ - 315

ਸੋ ਇਨ੍ਹਾਂ ਗੁਰਵਾਕਾਂ ਤੋਂ ਨਿਸ਼ਚੇਪੂਰਵਕ ਇਹ ਸਿੱਧ ਹੈ ਕਿ ਪਾਪੀ ਬੰਦੇ ਨਰਕਾਂ ਵਿਚ ਦੁਖ ਭੋਗਦੇ ਹਨ ਅਤੇ ਨੇਕ ਕੰਮ ਕਰਨ ਵਾਲੇ, ਜਿਨ੍ਹਾਂ ਦੀ ਇਹ ਇਛਿਆ ਹੁੰਦੀ ਹੈ ਕਿ ਸਾਨੂੰ ਦਰਗਾਹ ਵਿਚ ਜਾ ਕੇ ਨੇਕ ਕਰਮਾਂ ਦਾ ਬਦਲਾ ਮਿਲੇ, ਪੁੰਨ ਦਾਨ ਕਰਕੇ ਉਸ ਦਾ ਬਦਲਾ ਚਾਹੁੰਦੇ ਹਨ ਉਹ ਵੀ ਧਰਮਰਾਜ ਦੇ ਹੀ ਜਾਂਦੇ ਹਨ -

*ਪੁੰਨ ਦਾਨੁ ਜੋ ਬੀਜਦੇ*
*ਸਭ ਧਰਮ ਰਾਇ ਕੈ ਜਾਈ॥*
ਪੰਨਾ - 1414

ਸੋ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਪੰਡਤ ਨਿਤਾਨੰਦ ਜੀ ਨੂੰ ਕਹਿਣ ਲੱਗੇ, "ਪੰਡਤ ਜੀ! ਪੁੰਨੀਆਂ ਅਤੇ ਪਾਪੀਆਂ ਦਾ ਹਾਲ ਸ਼ਾਸ਼ਤਰਾਂ ਵਿਚ ਲਿਖਿਆ ਹੋਇਆ ਹੈ, ਗੁਰਬਾਣੀ ਉਸ ਨਾਲ ਸਹਿਮਤ ਹੈ। ਪਾਪ ਕਰਨ ਵਾਲੇ ਜੋ ਪੁਰਸ਼ ਹਨ ਤੁਸੀਂ ਕੱਲ ਉਨ੍ਹਾਂ ਦੀ ਕਥਾ ਸੁਣਾਈ ਸੀ ਉਹ ਜ਼ਰੂਰ ਹੀ ਨਰਕਾਂ ਨੂੰ ਜਾਂਦੇ ਹਨ।"

ਦੂਜੀ ਗਤੀ ਉਨ੍ਹਾਂ ਪੁਰਸ਼ਾਂ ਦੀ ਹੈ ਜੋ ਸੰਸਾਰ ਵਿਚ ਆ ਕੇ ਪੁੰਨ ਕਰਦੇ ਹਨ, ਉਹ ਵੀ ਜੀਵਨ ਸਮਾਪਤ ਹੋਣ ਉਪਰੰਤ ਪੁੰਨਾਂ ਦਾ ਫਲ ਭੋਗਣ ਲਈ ਸਵਰਗਾਂ ਵਿਚ ਜਾਂਦੇ ਹਨ। ਸਾਧਸੰਗਤ ਜੀ! ਅਸਾਡੇ ਰਿਸ਼ੀਆਂ ਮੁਨੀਆਂ ਨੇ ਸਵਰਗਾਂ ਬਾਰੇ ਵੇਰਵਾ ਦਿੰਦੇ ਹੋਏ ਦਸਿਆ ਹੈ ਕਿ ਛੋਟੇ ਸਵਰਗ ਤੋਂ ਲੈ ਕੇ ਵੱਡੇ ਤੋਂ ਵੱਡੇ ਸਵਰਗ ਤੱਕ ਇਹ ਜੀਵ ਪੁੰਨ ਦਾਨ ਕਰਕੇ ਪਹੁੰਚ ਸਕਦਾ ਹੈ ਪਰ ਜਦੋਂ ਪੁੰਨਾਂ ਦਾ ਫਲ ਖਤਮ ਹੋ ਜਾਂਦਾ ਹੈ ਤਾਂ ਇਸ ਨੂੰ ਫੇਰ ਮਾਤ ਲੋਕ ਵਿਚ ਆ ਕੇ ਆਪਣਾ ਜੀਵਨ ਸਫਲ ਕਰਨਾ ਪੈਂਦਾ ਹੈ। ਸਵਰਗਾਂ ਬਾਰੇ ਵਿਚਾਰ ਕਰਦੇ ਸਾਡੇ ਪੂਰਵਜ ਰਿਸ਼ੀ-ਮੁਨੀ ਦਸਦੇ ਹਨ ਕਿ ਪਹਿਲਾ ਗੰਧਰਭ ਲੋਕ, ਦੇਵ ਗੰਧਰਭ ਲੋਕ, ਪਿਤਰ ਲੋਕ, ਸਵਰਗ ਲੋਕ, ਇੰਦ੍ਰ ਲੋਕ, ਕਰਮਦੇਵ, ਪ੍ਰਜਾਪਤ ਲੋਕ, ਅਜਾਨ ਦੇਵ ਲੋਕ ਆਦਿ ਆਦਿ ਅਤੇ ਇਨ੍ਹਾਂ ਦੇ ਉਪਰ ਤਿੰਨ ਮੁਖ ਦੇਵਤਿਆਂ ਦੀਆਂ ਪੁਰੀਆਂ ਹਨ - ਬ੍ਰਹਮ ਲੋਕ, ਸ਼ਿਵ ਲੋਕ ਅਤੇ ਸਭ ਤੋਂ ਉਪਰ ਬੈਕੁੰਠ ਧਾਮ ਜਿਸ ਵਿਚ ਬਹੁਤ ਪੁੰਨ ਕਰਨ ਵਾਲੇ ਪਹੁੰਚਦੇ ਹਨ। ਇਹ ਸਾਰੇ ਨਰਕ ਤੇ ਸਵਰਗ ਮਾਇਆ ਮੰਡਲ ਵਿਚ ਹਨ। ਜੀਵਾਂ ਨੂੰ ਬਾਰ-ਬਾਰ ਗਿਰਨਾ ਪੈਂਦਾ ਹੈ।

ਇਕ ਕਥਾ ਮਹਾਂਪੁਰਸ਼ ਸੁਣਾਇਆ ਕਰਦੇ ਹਨ ਕਿ ਇਕ ਵਾਰੀ ਸ੍ਰੀ ਰਾਮ ਚੰਦਰ ਜੀ ਮਹਾਰਾਜ ਨੇ ਰੂਹਾਨੀ ਸਭਾ ਲਗਾਈ। ਉਸ ਵਿਚ ਉਚ ਕੋਟੀ ਦੇ ਰਿਸ਼ੀ ਮੁਨੀ ਵਸ਼ਿਸ਼ਟ ਜੀ, ਵਿਸ਼ਵਾਮਿਤਰ ਆਦਿ ਬੁਲਾਏ ਅਤੇ ਅਧਿਆਤਮਵਾਦ ਬਾਰੇ ਕਥਾ ਕਰਨ ਲਈ ਵਸ਼ਿਸ਼ਟ ਜੀ ਨੂੰ ਬੇਨਤੀ ਕੀਤੀ ਗਈ। ਮਹਾਨ ਚੁੱਪ ਦੀ ਬਿਰਤੀ ਧਾਰ ਕੇ ਸਾਰੇ ਸਰੋਤਾ ਜਨ ਇਕ ਚਿੱਤ ਹੋ ਕੇ ਇਕਾਗਰਤਾ ਦੇ ਮੰਡਲ ਵਿਚ ਕਥਾ ਸੁਣ ਕੇ ਅਨੰਦ ਮਾਣ ਰਹੇ ਸਨ। ਅਚਾਨਕ ਸ੍ਰੀ ਰਾਮ ਚੰਦਰ ਜੀ ਮਹਾਰਾਜ ਤਾਲੀ ਮਾਰ ਕੇ ਜ਼ੋਰ ਦੀ ਖਿੜਖਿੜਾ ਕੇ ਹੱਸ ਪਏ ਜਿਸ ਕਰਕੇ ਸਾਰੇ ਸਰੋਤਾ ਜਨਾਂ ਦਾ ਧਿਆਨ ਇਸ ਤਰਫ ਆਕਰਸ਼ਿਤ ਹੋ ਗਿਆ। ਵਸ਼ਿਸ਼ਟ ਜੀ ਨੇ ਆਪਣੀ ਕਥਾ ਬੰਦ ਕਰਕੇ ਸ੍ਰੀ ਰਾਮ ਚੰਦਰ ਜੀ ਅੱਗੇ ਆਪਣਾ ਪ੍ਰਸ਼ਨ ਕੀਤਾ ਕਿ ਮਹਾਰਾਜ ਜੀ! ਆਪ ਦੇ ਐਨੇ ਜ਼ੋਰ ਨਾਲ ਹੱਸਣ ਦਾ ਕਾਰਨ ਨਜ਼ਰ ਨਹੀਂ ਆ ਰਿਹਾ। ਆਪ ਕ੍ਰਿਪਾ ਕਰਕੇ ਸਾਡਾ ਸ਼ੰਕਾ ਨਵਿਰਤ ਕਰਨ ਵਾਸਤੇ ਆਪ ਖੋਲ੍ਹ ਕੇ ਇਸ ਭੇਤ ਨੂੰ ਦੱਸੋ ਕਿ ਉਹ ਕਿਹੜੀ ਗੱਲ ਸੀ ਜਿਸ ਕਰਕੇ ਆਪ ਅਚਾਨਕ ਐਨੀ ਉਚੀ ਹੱਸੇ। ਸ੍ਰੀ ਰਾਮ

ਚੰਦਰ ਜੀ ਨੇ ਵਸ਼ਿਸ਼ਟ ਜੀ ਨੂੰ ਕਿਹਾ ਕਿ ਤੁਸੀਂ ਤਾਂ ਆਪ ਤ੍ਰਿਕਾਲਦਰਸ਼ੀ ਮਹਾਂਪੁਰਸ਼ ਹੋ। ਭੂਤ, ਭਵਿੱਖਤ, ਵਰਤਮਾਨ ਦੀਆਂ ਦੀਵਾਰਾਂ ਤੁਹਾਡੇ ਰਸਤੇ ਵਿਚ ਨਹੀਂ ਹਨ। ਤੁਸੀਂ ਕ੍ਰੋੜਾਂ ਸਾਲ ਪਿਛੇ ਅਤੇ ਲੱਖਾਂ ਸਾਲ ਅੱਗੇ ਆਉਣ ਵਾਲੀ ਦੁਨੀਆਂ ਦੇਖ ਸਕਦੇ ਹੋ। ਮੈਂ ਤਾਂ ਇਸ ਕੀੜੇ ਨੂੰ ਦੇਖ ਕੇ ਹੱਸਿਆ ਸੀ ਇਹ ਕੰਧ ਤੇ ਚੜ੍ਹਦਾ ਹੈ ਤੇ ਫਿਰ ਗਿਰ ਜਾਂਦਾ ਹੈ, ਇਸਦੀਆਂ ਪਿਛਲੀਆਂ ਦੋ ਲੱਤਾ ਟੁੱਟੀਆਂ ਹੋਈਆਂ ਹਨ। ਕਹਿਣ ਲੱਗੇ ਮਹਾਰਾਜ! ਇਸ ਕੀੜੇ ਨੂੰ ਦੇਖ ਕੇ ਹੱਸਣ ਦਾ ਕਾਰਨ ਬਣਦਾ ਨਹੀਂ, ਆਪ ਕ੍ਰਿਪਾ ਕਰਕੇ ਗੋਹਝ ਭੇਤ ਦੱਸੋ ਜਿਸ ਕਰਕੇ ਤੁਸੀਂ ਹੱਸੇ ਅਤੇ ਆਪਣੀ ਮਾਇਆ ਬੰਦ ਕਰਕੇ ਉਹ ਦ੍ਰਿਸ਼ ਸਾਰਿਆਂ ਦੇ ਸਨਮੁਖ ਪ੍ਰਗਟ ਕਰੋ। ਉਸ ਵੇਲੇ ਸ੍ਰੀ ਰਾਮ ਚੰਦਰ ਜੀ ਨੇ ਕ੍ਰਿਪਾ ਕੀਤੀ ਅਤੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਫੁਰਮਾਨ ਕੀਤਾ, ਸ੍ਰੋਤਾ ਜਨੋਂ! ਸਾਧੂਓ! ਮਹਾਂਪੁਰਸ਼ੋ! ਆਪ ਜੀ ਦੀ ਗਿਆਤ ਲਈ ਮੈਨੂੰ ਇਹ ਦੱਸਣਾ ਪੈਂਦਾ ਹੈ ਕਿ ਇਹ ਜੋ ਕੀੜਾ ਹੈ ਇਹ ਇਸ ਜੂਨੀ ਤੋਂ ਪਹਿਲਾਂ 14 ਵਾਰੀ ਇੰਦਰ ਦੇ ਤਖਤ ਤੇ ਬੈਠ ਚੁਕਿਆ ਹੈ। ਉਨ੍ਹਾਂ ਭੋਗਾਂ ਦੀ ਸਿਮ੍ਰਤੀ ਇਸ ਦੇ ਚਿੱਤ ਵਿਚ ਐਨੀ ਸਮਾਈ ਹੋਈ ਹੈ ਕਿ ਇਹ ਚਿਤਵਨੀ ਕਰ ਰਿਹਾ ਹੈ ਕਿ ਮੈਂ ਛੇਤੀਂ-ਛੇਤੀਂ 84 ਲੱਖ ਜੂਨ ਵਿਚੋਂ ਮਾਨਸ ਜਨਮ ਪ੍ਰਾਪਤ ਕਰਾਂ ਤੇ ਫੇਰ ਵਿਧੀ ਪੂਰਵਕ ਯੱਗ ਕਰਕੇ ਇੰਦ੍ਰ ਦੀ ਪਦਵੀ ਪ੍ਰਾਪਤ ਕਰਾਂ। ਇਸ ਮੂਰਖ ਨੂੰ ਗਿਆਨ ਨਹੀਂ ਹੈ ਕਿ ਮੈਂ ਸ਼ੁਭ ਕਰਮ ਕਰਕੇ ਇੰਦਰ ਦੀ ਪਦਵੀ ਤੇ ਪਹੁੰਚਦਾ ਹਾਂ, ਬਹੁਤ ਵੱਡੀ ਉਮਰ ਭੋਗ ਕੇ ਮੈਂ ਫੇਰ ਇਥੇ ਹੀ ਗਿਰ ਜਾਂਦਾ ਹਾਂ ਅਤੇ ਅਨੇਕ ਵਾਸ਼ਨਾਵਾਂ ਦਾ ਬੰਨ੍ਹਿਆ ਹੋਇਆ 84 ਦੇ ਚੱਕਰ ਕੱਟਦਾ ਹਾਂ। ਇਹ ਮੂਰਖ ਇਹ ਵਿਚਾਰ ਨਹੀਂ ਕਰਦਾ ਕਿ ਮੈਂ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਦੀ ਸਾਧਨਾ ਰਾਹੀਂ, ਪੂਰਨ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਪ੍ਰਮ ਪਦ ਦੀ ਪ੍ਰਾਪਤੀ ਕਰਾਂ। ਇਸ ਕਰਕੇ ਮੈਂ ਇਸ ਦੀ ਮੂਰਖਤਾ ਦੇਖ ਕੇ ਹੱਸਿਆ ਹਾਂ।

ਸੋ ਸਾਧਸੰਗਤ ਜੀ ਇਸ ਜੀਵ ਨੂੰ ਚੰਗੇ ਮੰਦੇ ਕਰਮਾਂ ਦਾ ਫਲ ਨਰਕਾਂ ਵਿਚ ਵੀ ਦਿਤਾ ਜਾਂਦਾ ਹੈ ਅਤੇ 84 ਲੱਖ ਜੂਨਾਂ ਦੇ ਸਰੀਰਾਂ ਵਿਚ ਪ੍ਰਵੇਸ਼ ਕਰਾ ਕੇ ਵੀ ਫਲ ਭੁਗਤਾਇਆ ਜਾਂਦਾ ਹੈ। ਗੁਰੂ ਇਤਿਹਾਸ ਵਿਚ ਇਸ ਸਬੰਧ ਵਿਚ ਬਹੁਤ ਸਾਖੀਆਂ ਆਉਂਦੀਆਂ ਹਨ ਜਿਨ੍ਹਾਂ ਨੂੰ ਅਸੀਂ ਸੁਣ ਤਾਂ ਲੈਂਦੇ ਹਾਂ ਪਰ ਵਿਚਾਰਦੇ ਨਹੀਂ ਕਿ ਕਿਤੇ ਇਹ ਭਾਣਾ ਸਾਡੇ ਨਾਲ ਹੀ ਨਾ ਵਰਤ ਜਾਵੇ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜਹਾਂਗੀਰ ਬਾਦਸ਼ਾਹ ਦੇ ਨਾਲ ਠਹਿਰੇ ਹੋਏ ਸਨ। ਐਨੇ ਵਿਚ ਕੁਝ ਕਿਸਾਨ ਆਏ, ਉਨ੍ਹਾਂ ਨੇ ਸਮਾਂ ਲੈ ਕੇ ਜਹਾਂਗੀਰ ਦੇ ਪਾਸ ਫਰਿਆਦ ਕੀਤੀ ਕਿ ਸ਼ਹਿਨਸ਼ਾਹ ਜੀ! ਜਿਥੇ ਅਸੀਂ ਨਿਵਾਸ ਰੱਖਦੇ ਹਾਂ, ਸਾਡੇ ਨੇੜੇ ਦੇ ਜੰਗਲ ਵਿਚ ਇਕ ਬਹੁਤ ਭਿਅੰਕਰ ਸ਼ੇਰ ਰਹਿੰਦਾ ਹੈ। ਉਹ ਸਾਡਾ ਮਾਲ ਡੰਗਰ ਖਾ ਜਾਂਦਾ ਹੈ। ਅਸੀਂ ਗਰੀਬ ਆਦਮੀ ਹਾਂ, ਕਈ ਸ਼ਿਕਾਰੀ ਉਸ ਨੂੰ ਮਾਰਦੇ ਹੋਏ ਆਪ ਮਰ ਗਏ ਹਨ। ਸਾਡੀ ਫਰਿਆਦ ਨੂੰ ਸੁਣ ਕੇ ਸ਼ੇਰ ਨੂੰ ਮਾਰਨ ਦਾ ਕੋਈ ਬੰਦੋਬਸਤ ਕਰੋ। ਜਹਾਂਗੀਰ ਨੇ ਛੇਵੇਂ ਪਾਤਸ਼ਾਹ ਜੀ ਵਲ ਦੇਖਿਆ ਤੇ ਕਿਹਾ ਕਿ ਗੁਰੂ ਜੀ ਇਹ ਸ਼ੇਰ ਆਪਾਂ ਨੂੰ ਮਾਰਨਾ ਚਾਹੀਦਾ ਹੈ। ਗੁਰੂ ਮਹਾਰਾਜ ਜੀ ਨੂੰ ਪਤਾ ਹੀ ਸੀ ਕਿ ਇਸ ਦਾ ਛੁਟਕਾਰਾ ਸਾਡੇ ਹੱਥੋਂ ਹੀ ਹੋਣਾ ਹੈ। ਜੰਗਲ ਵਿਚ ਅਨੇਕਾਂ ਹੋਰ ਸ਼ਿਕਾਰੀਆਂ ਸਮੇਤ, ਹਾਥੀਆਂ, ਘੋੜਿਆਂ ਤੇ ਚੜ੍ਹ ਕੇ ਚਲੇ ਗਏ, ਜੰਗਲ ਵਿਚੋਂ ਸ਼ੇਰ ਢੂੰਡ ਲਿਆ। ਜਦੋਂ ਉਹ ਉਠ ਕੇ ਖੜ੍ਹਾ ਹੋਇਆ, ਉਸ ਨੇ ਅੰਗੜਾਈ ਲਈ, ਉਹ ਬਹੁਤ ਭਿਅੰਕਰ ਸ਼ੇਰ ਨਜ਼ਰੀਂ ਪਿਆ। ਹਾਥੀ ਉਸ ਨੂੰ ਦੇਖ ਕੇ ਅੱਗੇ ਵਧਣ ਦੀ ਥਾਂ ਪਿਛੇ ਹਟਣ ਲੱਗੇ, ਮਹਾਵਤਾਂ ਨੇ ਕੁੰਡੇ ਵੀ ਮਾਰੇ ਪਰ ਉਹ ਚੀਕਾਂ ਮਾਰ ਕੇ ਪਿਛੇ ਹਟ ਗਏ। ਜਹਾਂਗੀਰ ਦਾ ਘੋੜਾ ਤੇ ਹੋਰ ਘੋੜੇ ਲਿੱਦ ਤੇ ਪੇਸ਼ਾਬ ਕਰਨ ਲੱਗ ਗਏ। ਅੱਗੇ ਵਧਣ ਤੋਂ ਉਹ ਇਨਕਾਰੀ ਹੋ ਗਏ। ਉਸ ਸ਼ੇਰ ਨੂੰ ਦੇਖ ਕੇ ਸ਼ਿਕਾਰੀਆਂ ਦੇ ਮੁੱਖ ਪੀਲੇ ਹੋ ਗਏ ਤੇ ਕਹਿਣ ਲੱਗੇ ਕਿ ਬਾਦਸ਼ਾਹ ਸਲਾਮਤ! ਇਸਨੂੰ ਇਕੱਠੇ ਹੋ ਕੇ ਤਾਂ ਮਾਰ ਸਕਦੇ ਹਾਂ, ਪਰ ਇਕ ਬੰਦੇ ਦੇ ਵਸ ਦਾ ਕੰਮ ਨਹੀਂ। ਜਹਾਂਗੀਰ ਨੇ ਗੁਰੂ ਮਹਾਰਾਜ ਜੀ ਵਲ ਦੇਖਿਆ, ਉਨ੍ਹਾਂ ਦੇ ਇਰਾਦੇ ਨੂੰ ਭਾਂਪ ਗਿਆ ਕਿਉਂਕਿ ਉਹ ਘੋੜੇ ਤੋਂ ਉਤਰ ਕੇ ਇਕੱਲੇ ਸ਼ੇਰ ਵਲ ਨੂੰ ਵਧਣ ਲਈ ਤਿਆਰ ਸੀ। ਜਹਾਂਗੀਰ ਨੇ ਬੇਨਤੀ ਕੀਤੀ ਕਿ ਮਹਾਰਾਜ! ਸ਼ੇਰ ਬੜਾ ਵਿਕਰਾਲ ਹੈ, ਐਡਾ ਵੱਡਾ ਸ਼ੇਰ ਕਦੇ ਨਹੀਂ ਦੇਖਿਆ, ਆਪ ਇਕੱਲੇ ਨਾ ਜਾਵੋ। ਮਹਾਰਾਜ ਜੀ ਕਹਿਣ ਲੱਗੇ, "ਜਹਾਂਗੀਰ! ਇਸ ਦੀ ਰੂਹ ਦਾ ਛੁਟਕਾਰਾ ਸਾਡੇ ਹੱਥੋਂ ਹੀ ਹੋਣਾ ਹੈ। ਇਸ ਦਾ ਸਾਡੇ ਨਾਲ ਸਬੰਧ ਹੈ, ਅਸੀਂ ਇਸ ਨੂੰ ਦੰਡ ਦੇ ਲਿਆ, ਹੁਣ ਗੁਰੂ ਦਰਸ਼ਨ ਦਾ ਫਲ ਦੇਣਾ ਬਾਕੀ ਹੈ।" ਐਨਾ ਬਚਨ ਕਹਿ ਕੇ ਗੁਰੂ ਮਹਾਰਾਜ ਜੀ ਅੱਗੇ ਵਧੇ, ਸ਼ੇਰ ਨੂੰ ਲਲਕਾਰਿਆ। ਸ਼ੇਰ ਗੁਰੂ ਮਹਾਰਾਜ ਉਪਰ ਪੂਰੇ ਬਲ ਨਾਲ ਝਪਟਿਆ। ਗੁਰੂ ਮਹਾਰਾਜ ਨੇ ਆਪਣੇ ਢਾਲੇ ਉਪਰ ਉਸ ਦੇ ਦੋਨੋਂ ਪੰਜੇ ਰੋਕ ਲਏ ਅਤੇ ਦੂਜੇ ਹੱਥ ਨਾਲ ਉਸ ਦਾ ਲੱਕ ਕੱਟ ਦਿਤਾ। ਉਹ ਗਿਰ ਗਿਆ ਪਰ ਇਕ ਰੋਸ਼ਨੀ ਵਿਚੋਂ ਨਿਕਲਦੀ ਜਹਾਂਗੀਰ ਨੇ ਦੇਖੀ। ਮਹਾਰਾਜ ਜੀ ਨੂੰ ਪੁਛਿਆ ਕਿ ਇਹ ਕੌਣ ਹੈ? ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਇਹ ਤੇਰਾ ਚਾਚਾ ਕਾਸਮ ਬੇਗ ਹੈ। ਜਹਾਂਗੀਰ ਨੇ ਕਿਹਾ, "ਇਹ ਸ਼ੇਰ ਕਿਵੇਂ ਬਣ ਗਿਆ?" ਮਹਾਰਾਜ ਜੀ ਨੇ ਉਸ ਰੂਹ ਨੂੰ ਹੀ ਆਪਣਾ ਹਾਲ ਦੱਸਣ ਲਈ ਬਲ ਦੇ ਦਿਤਾ। ਕਾਸਮ ਬੇਗ ਦੀ ਰੂਹ ਕਹਿਣ ਲੱਗੀ ਕਿ ਜਹਾਂਗੀਰ! ਇਨ੍ਹਾਂ ਗੁਰੂ ਸਾਹਿਬਾਂ ਅਤੇ ਖ਼ੁਦਾ ਵਿਚ ਕੋਈ ਭੇਦ ਨਹੀਂ ਹੈ। ਮੈਂ ਤੇਰਾ ਚਾਚਾ ਹਾਂ। ਆਪਣੇ ਜੀਵਨ ਵਿਚ ਮੈਂ ਬਹੁਤ ਤਰਕਸ਼ੀਲ ਸੀ, ਹਰ ਗੱਲ ਉਪਰ ਮੈਨੂੰ ਤਰਕ ਪੈਦਾ ਹੁੰਦੀ ਸੀ। ਜਦੋਂ ਤੇਰਾ ਪਿਤਾ ਸ਼ਹਿਨਸ਼ਾਹ ਅਕਬਰ, ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਡੰਡਉਤ ਬੰਦਨਾ ਵਿਚ ਝੁਕਿਆ ਤਾਂ ਮੈਂ ਬੜੀ

ਤਰਕ ਕੀਤੀ ਕਿ ਐਡਾ ਸ਼ਹਿਨਸ਼ਾਹ ਹੁੰਦਾ ਹੋਇਆ ਇਕ ਕਾਫਰ ਦੇ ਚਰਨਾਂ ਤੇ ਸਿਜਦਾ ਕਰ ਰਿਹਾ ਹੈ। ਸਿਜਦਾ ਹੀ ਨਹੀਂ ਕੀਤਾ, ਚਰਨਾਂ ਤੇ ਲੰਮੇ ਪੈ ਕੇ ਡੰਡਉਤ ਕੀਤੀ। ਮੇਰਾ ਮਨ ਤਰਕ ਨਾਲ ਭਰ ਗਿਆ। ਗੁਰੂ ਮਹਾਰਾਜ ਜੀ ਨੇ ਉਸ ਨੂੰ ਲੰਗਰ ਵਿਚ ਪ੍ਰਸ਼ਾਦਾ ਛਕਣ ਲਈ ਕਿਹਾ ਤੇ ਉਹ ਆਮ ਯਾਤਰੀਆਂ ਵਾਂਗੂੰ ਲੰਗਰ ਛਕ ਰਿਹਾ ਸੀ। ਮੈਨੂੰ ਫੇਰ ਤਰਕ ਆ ਗਈ ਕਿ ਇਹ ਕੰਮ ਠੀਕ ਨਹੀਂ। ਅਹਿਲਕਾਰਾਂ ਨੇ ਵੀ ਲੰਗਰ ਛਕਿਆ ਪਰ ਮੈਂ ਨਾ ਛਕਿਆ, ਡੇਰੇ ਆ ਕੇ ਮੈਂ ਹਰ ਰੋਜ਼ ਦੀ ਤਰ੍ਹਾਂ ਗੋਸ਼ਤ ਖਾਣ ਲੱਗਿਆ ਤਾਂ ਇਕ ਹੱਡੀ ਮੇਰੇ ਸਾਹ ਦੀ ਨਾੜੀ ਵਿਚ ਦਾਖਲ ਹੋ ਕੇ ਸਾਹ ਬੰਦ ਕਰਨ ਲਗ ਗਈ ਤੇ ਮੈਂ ਝਟਪੱਟ ਹੀ ਫੌਤ (ਮਰ) ਹੋ ਗਿਆ। ਉਸ ਵੇਲੇ ਤੋਂ ਮੈਂ ਇਸ ਸ਼ੇਰ ਦੇ ਸਰੀਰ ਵਿਚ ਦੁਖ ਕੱਟ ਰਿਹਾ ਸਾਂ। ਇਹ ਤਾਂ ਗੁਰੂ ਮਹਾਰਾਜ ਜੀ ਦੀ ਮੇਰੇ ਉਤੇ ਬਹੁਤ ਰਹਿਮਤ ਹੋਈ ਹੈ ਕਿ ਮੈਨੂੰ ਇਸ ਸਰੀਰ ਵਿਚੋਂ ਛੁਡਾ ਦਿਤਾ। ਜਦੋਂ ਜਹਾਂਗੀਰ ਨੇ ਗੁਰੂ ਮਹਾਰਾਜ ਨੂੰ ਪੁਛਿਆ ਕਿ ਇਸ ਦੀ ਕਿਸਮਤ ਵਿਚ ਸਵਾਬ (ਪੁੰਨ) ਕਿਥੋਂ ਆ ਗਏ? ਗੁਰੂ ਮਹਾਰਾਜ ਜੀ ਨੇ ਕਿਹਾ ਕਿ ਇਸਨੇ ਗੁਰੂ ਅਮਰਦਾਸ ਜੀ ਉਪਰ ਤਰਕ ਕੀਤੀ ਸੀ ਉਸ ਦਾ ਫਲ ਇਸ ਨੂੰ ਸ਼ੇਰ ਜੂਨੀ ਵਿਚ ਭੁਗਤਾਇਆ ਗਿਆ। ਇਸਦਾ ਪੁੰਨ ਜੋ ਸੀ, ਇਹਨੇ ਜੋ ਗੁਰੂ ਦੇ ਦਰਸ਼ਨ ਕੀਤੇ ਤੇ ਹੁਣ ਸਾਡੇ ਹੱਥੋਂ ਮਾਰੇ ਜਾਣ ਦਾ ਫਲ ਵੀ ਇਸ ਨੂੰ ਲੱਗਿਆ ਹੈ ਤੇ ਇਸ ਕਰਕੇ ਇਸ ਦੇ ਉਹ ਗੁਨਾਹ ਮਾਫ ਹੋ ਗਏ।

ਇਤਿਹਾਸ ਵਿਚ ਅਨੇਕਾਂ ਕਥਾਵਾਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਜੀਵ ਕਿਸ ਤਰ੍ਹਾਂ ਘੁੰਮਦਾ ਫਿਰਦਾ ਹੈ - ਕਦੇ ਕਿਸੇ ਜੂਨੀ ਵਿਚ, ਕਦੇ ਕਿਸੇ ਜੂਨੀ ਵਿਚ।

ਗੁਰੂ ਦਸਵੇਂ ਪਾਤਸ਼ਾਹ ਦੇ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਪਾਉਂਟੇ ਸਾਹਿਬ ਜਿਥੇ ਅਜਕੱਲ ਸ਼ੇਰਗਾਹ ਗੁਰੂਦੁਆਰਾ ਸਾਹਿਬ ਸਥਾਪਿਤ ਹੈ। ਉਸ ਥਾਂ ਰਾਜਾ ਨਾਹਨ, ਰਾਜਾ ਫਤਹਿਚੰਦ ਸਮੇਤ ਜਦੋਂ ਆਪ ਗਏ ਤਾਂ ਆਪ ਨੇ ਇਕ ਸ਼ੇਰ ਮਾਰਿਆ। ਪੁੱਛਣ ਤੇ ਗੁਰੂ ਮਹਾਰਾਜ ਜੀ ਨੇ ਉਸ ਦੀ ਰੂਹ ਤੋਂ ਉਤਰ ਦਿਵਾਇਆ ਕਿ ਰਾਜਿਓ! ਮੈਂ ਮਹਾਂਭਾਰਤ ਦੇ ਯੁੱਧ ਵਿਚ ਸ਼ਾਮਲ ਹੋਇਆ ਜੈਦਰਥ ਹਾਂ। ਮੈਂ ਯੁੱਧ ਵਿਚੋਂ ਪਿੱਠ ਦੇ ਕੇ ਨੱਠਿਆ ਸੀ, ਉਸ ਦੇ ਫਲਸਰੂਪ ਉਸ ਸਮੇਂ ਤੋਂ ਹੀ ਮੈਂ ਅਨੇਕ ਜੂਨੀਆਂ ਵਿਚ ਭਰਮਦਾ ਹੋਇਆ ਹੁਣ ਸ਼ੇਰ ਦੀ ਜੂਨੀ ਵਿਚ ਪਿਆ ਹੋਇਆ ਹਾਂ। ਗੁਰੂ ਮਹਾਰਾਜ ਤੇ ਪ੍ਰਮੇਸ਼ਰ ਦੇ ਵਿਚ ਕੋਈ ਭੇਦ ਨਹੀਂ ਹੈ, ਇਨ੍ਹਾਂ ਨੇ ਕ੍ਰਿਪਾ ਕਰਕੇ ਮੈਨੂੰ 5000 ਸਾਲ ਦੇ ਭਟਕਦੇ ਨੂੰ ਛੁਡਾ ਦਿਤਾ ਹੈ। ਇਸ ਤਰ੍ਹਾਂ ਨਾਲ ਅਨੇਕਾਂ ਇਤਿਹਾਸ ਦੇ ਵਿਚ ਕਥਾਵਾਂ ਹਨ। ਕਿਤੇ ਗੁਰੂ ਮਹਾਰਾਜ ਜੀ ਰਿੱਛ ਲੈ ਕੇ ਉਸ ਸਰੀਰ ਵਿਚੋਂ ਭਾਈ ਕੀਰਤੀਏ ਦੇ ਪਿਤਾ ਨੂੰ ਛੁਡਾਉਂਦੇ ਹਨ, ਕਿਤੇ ਆਪਣੇ ਸਿੱਖ ਨੂੰ ਕਾਂ ਦੀ ਜੂਨੀ 'ਚੋਂ ਛੁਡਾ ਰਹੇ ਹਨ, ਕਿਤੇ ਘੋਗੜ ਦਾ ਉਧਾਰ ਕਰਦੇ ਹਨ, ਕਿਤੇ ਬਾਜ ਤੋਂ ਜਿਉਂਦਾ ਬਟੇਰਾ ਖੁਆ ਕੇ ਬਾਜ ਦਾ ਪ੍ਰਣ ਪੂਰਾ ਕਰਾਉਂਦੇ ਹਨ। ਇਸੇ ਤਰ੍ਹਾਂ ਅਨੇਕਾਂ ਹੀ ਕਥਾਵਾਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਜੀਵ ਕਰਮਾਂ ਅਨੁਸਾਰ ਨਰਕ ਸੁਰਗ ਵੀ ਭੋਗਦਾ ਹੈ ਅਤੇ ਹੁਕਮ ਦੇ ਮੁਤਾਬਿਕ ਬੰਨ੍ਹਿਆਂ ਹੋਇਆ ਜੂਨਾਂ ਵਿਚ ਵੀ ਘੁੰਮਦਾ ਹੈ।

ਬਾਬਾ ਸਾਹਿਬ ਸਿੰਘ ਜੀ ਬੇਦੀ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਗੁਰੂ ਨਾਨਕ ਪਾਤਸ਼ਾਹ ਦੀ ਬਿੰਦੀ ਅੰਸ ਵਿਚੋਂ ਹੋਏ ਹਨ। ਆਪ ਜੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਗੁਰਮਤਿ ਦਾ ਪ੍ਰਚਾਰ ਥਾਂ-ਥਾਂ ਪੁੱਜ ਕੇ ਕਰ ਰਹੇ ਸਨ। ਇਸ ਵਾਰੀ ਆਪ ਜੀ ਸਾਹਨੇਵਾਲ ਗਏ। ਉਸ ਥਾਂ ਦੇ ਉਪਰ ਸਰਦਾਰ ਸੁੱਧ ਸਿੰਘ ਦਾ ਰਾਜ ਸੀ। ਬਾਬਾ ਜੀ ਦਾ ਰੂਹਾਨੀ ਦਰਬਾਰ ਲੱਗਿਆ ਹੋਇਆ ਸੀ, ਸੰਗਤਾਂ ਉਨ੍ਹਾਂ ਦੇ ਪ੍ਰਵਚਨ ਅਤੇ ਰਬਾਬੀਆਂ ਰਾਹੀਂ ਕੀਰਤਨ ਸਰਵਣ ਕਰਕੇ ਨਿਹਾਲ ਹੋ ਰਹੀਆਂ ਸਨ। ਸਰਦਾਰ ਸੁੱਧ ਸਿੰਘ ਜੀ ਨੂੰ ਪਤਾ ਲੱਗਿਆ, ਉਹ ਬਾਬਾ ਜੀ ਦੇ ਰੂਹਾਨੀ ਦਰਬਾਰ ਵਿਚ ਹਾਥੀ ਤੇ ਚੜ੍ਹ ਕੇ ਆਏ। ਹਾਥੀ ਨੂੰ ਮਹਾਵਤ ਨੇ ਬਿਠਾਇਆ ਅਤੇ ਸਰਦਾਰ ਸੁੱਧ ਸਿੰਘ ਉਤਰ ਕੇ ਬਾਬਾ ਜੀ ਨੂੰ ਨਮਸਕਾਰ ਕਰਕੇ ਇਕ ਪਾਸੇ ਬੈਠ ਗਿਆ। ਦੀਵਾਨ ਦੀ ਸਮਾਪਤੀ ਤੋਂ ਬਾਦ ਬਾਬਾ ਸਾਹਿਬ ਸਿੰਘ ਜੀ ਨੇ ਉਸ ਦੀ ਸੁੱਖ ਸਾਂਦ ਪੁੱਛੀ ਅਤੇ ਸੁਭਾਵਿਕ ਹੀ ਫੁਰਮਾਉਣ ਲੱਗੇ ਕਿ ਸੰਤਾਂ ਦੇ ਦਰਸ਼ਨ ਕਰਨ ਨਾਲ ਅਤੇ ਉਨ੍ਹਾਂ ਦੇ ਸਤਿਸੰਗ ਕਰਨ ਨਾਲ ਵਿਘਨਾਂ ਦਾ ਨਾਸ਼ ਹੋ ਜਾਇਆ ਕਰਦਾ ਹੈ। ਉਨ੍ਹਾਂ ਦੀ ਮਦਦ ਨਾਲ ਨਾਮ ਜਪ ਕੇ ਕ੍ਰੋੜਾਂ ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ, ਸੰਤਾਂ ਦਾ ਬਚਨ ਕਮਾ ਕੇ ਭਵਜਲ ਤੋਂ ਪਾਰ ਹੋ ਜਾਈਦਾ ਹੈ। ਇਥੇ ਵੀ ਸੁੱਖ ਪ੍ਰਾਪਤ ਹੁੰਦਾ ਹੈ ਅਤੇ ਸੱਚੀ ਦਰਗਾਹ ਵਿਚ ਵੀ ਸੁੱਖ ਮਿਲਦਾ ਹੈ। ਫੇਰ ਕਹਿਣ ਲੱਗੇ, ਸੁੱਧ ਸਿੰਘਾ! ਤੂੰ ਇਸ ਹਾਥੀ ਤੇ ਨਾ ਚੜ੍ਹੀਂ, ਸਾਡਾ ਐਨਾ ਹੀ ਬਚਨ ਮੰਨ ਲਈਂ, ਤੈਨੂੰ ਸਤਿਸੰਗ ਤੇ ਆਉਣ ਦਾ ਫਲ ਪ੍ਰਾਪਤ ਹੋ ਜਾਵੇਗਾ।

ਸੁੱਧ ਸਿੰਘ ਬੇਨਤੀ ਕਰਨ ਲੱਗਿਆ ਕਿ ਮਹਾਰਾਜ! ਇਹ ਹਾਥੀ ਬੜਾ ਸ਼ੀਲ ਹੈ, ਕਈ ਜੰਗਾਂ, ਯੁਧਾਂ ਵਿਚ ਮੈਂ ਇਸ ਦੇ ਉਪਰ ਬੈਠ ਕੇ ਯੁੱਧ ਲੜੇ ਹਨ, ਇਹ ਬਹੁਤ ਬਰੀਕੀ ਨਾਲ ਮਾਲਕ ਦੀ ਰਮਜ਼ ਨੂੰ ਪਹਿਚਾਣਦਾ ਹੈ। ਦੂਸਰਾ ਮੈਂ ਇਸ ਨੂੰ ਬਾਰਾਬੰਕੀ ਦੇ ਜੰਗਲਾਂ ਤੋਂ ਬੱਚੇ ਨੂੰ ਹੀ ਫੜਿਆ ਸੀ, ਇਹ ਮੇਰੇ ਨਾਲ ਬਹੁਤ ਘੁਲਿਆ ਮਿਲਿਆ ਹੋਇਆ ਹੈ। ਐਉਂ ਲਗਦਾ ਹੈ ਕਿ ਜਿਵੇਂ ਮੇਰਾ ਮਿੱਤਰ ਹੁੰਦਾ ਹੈ। ਬਾਬਾ ਜੀ ਸੁਣ ਕੇ ਮੁਸਕਰਾ ਪਏ ਤੇ ਕਹਿਣ ਲੱਗੇ, "ਸੁੱਧ ਸਿੰਘਾ! ਤੇਰੀ ਨਿਗ੍ਹਾ ਬਹੁਤ ਛੋਟੀ ਹੈ, ਸੰਤਾਂ ਦੀ ਨਿਗ੍ਹਾ ਲਈ ਭੂਤ, ਭਵਿੱਖਤ, ਵਰਤਮਾਨ ਇਕੋ ਹੀ ਹੋਇਆ ਕਰਦੇ ਹਨ। ਸੋ ਅਸੀਂ ਫੇਰ ਕਹਿੰਦੇ ਹਾਂ ਕਿ ਭਾਈ! ਇਹ ਤਾਂ ਤੇਰਾ ਦੁਸ਼ਮਣ ਹੈ।" ਉਸ ਵੇਲੇ ਸੁੱਧ ਸਿੰਘ ਨੇ ਬਾਬਾ ਜੀ ਦੇ

ਚਰਨ ਫੜ ਲਏ ਤੇ ਬੇਨਤੀ ਕਰਨ ਲੱਗਿਆ ਕਿ ਜਿਥੇ ਆਪ ਨੇ ਐਨੀ ਸੂਝ ਦਿਤੀ ਹੈ ਉਸ ਦੇ ਨਾਲ ਦੁਸ਼ਮਣੀ ਦਾ ਕਾਰਨ ਵੀ ਸਮਝਾ ਦੇਵੋ, ਮੈਂ ਆਪ ਦਾ ਰਿਣੀ ਰਹਾਂਗਾ ਤੇ ਆਪ ਦਾ ਬਚਨ ਕਮਾਉਣ ਦਾ ਜਤਨ ਕਰਾਂਗਾ। ਬਾਬਾ ਜੀ ਕਹਿਣ ਲੱਗੇ, "ਜੇ ਬਚਨ ਕਮਾਵੇਂਗਾ ਤਾਂ ਤੇਰੇ ਹਿਤ ਵਿਚ ਹੀ ਹੈ, ਜੇ ਨਹੀਂ ਕਮਾਵੇਂਗਾ ਤਾਂ ਖਤ੍ਰਾ ਖਾਵੇਂਗਾ।" ਫੇਰ ਬੇਨਤੀ ਕੀਤੀ ਕਿ ਮਹਾਰਾਜ! ਮੈਨੂੰ ਸਮਝਾ ਤਾਂ ਦੇਵੋ। ਬਾਬਾ ਜੀ ਕਹਿਣ ਲੱਗੇ ਕਿ ਤੂੰ ਗੁਰੂ ਦਸ਼ਮੇਸ਼ ਪਿਤਾ ਦੇ ਅਨੰਦਪੁਰ ਸਾਹਿਬ ਦੇ ਅਤਿ ਭਿਆਨਕ ਯੁੱਧ ਵਿਚ ਬੇਦਾਵਾ ਦੇ ਕੇ ਚਲਿਆ ਗਿਆ ਸੀ। ਇਹ ਤੇਰੇ ਘਰ ਦਾ ਘਰੋਗੀ ਨੌਕਰ ਸੀ। ਕੋਈ ਚੀਜ਼ ਸੀ ਜੋ ਗੁੰਮ ਹੋ ਗਈ। ਤੁਸੀਂ ਸ਼ੱਕ ਵਿਚ ਇਸਨੂੰ ਐਨਾ ਮਾਰਿਆ ਕਿ ਇਹ ਕੁੱਟ ਦਾ ਮਾਰਿਆ ਹੋਇਆ ਮਰ ਗਿਆ। ਘਰ ਜਾ ਕੇ ਤੈਨੂੰ ਬੇਦਾਵਾ ਦੇਣ ਦੀ ਕੀਤੀ ਭੁੱਲ ਦਾ ਪਸ਼ਚਾਤਾਪ ਲੱਗ ਗਿਆ ਅਤੇ ਮੁੜ ਆਪਣੇ ਸਰੀਰ ਨੂੰ ਲੇਖੇ ਵਿਚ ਲਾਉਣ ਦਾ ਇਰਾਦਾ ਕਰਕੇ ਤੂੰ ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਖਦਰਾਣੇ ਦੀ ਢਾਬ ਨੇੜੇ, ਹੋਰ ਭਰਾਵਾਂ ਸਮੇਤ ਪਹੁੰਚ ਗਿਆ। ਉਥੇ ਤੁਸੀਂ ਜਾਨਾਂ ਹੂਲ ਕੇ ਯੁੱਧ ਕੀਤਾ, ਕਈਆਂ ਦੁਸ਼ਮਣਾਂ ਨੂੰ ਮਾਰ ਕੇ ਤੂੰ ਸ਼ਹੀਦੀ ਪਾਈ। ਦਸ਼ਮੇਸ਼ ਪਿਤਾ ਜੀ ਨੇ ਤੇਰੇ ਆਲੇ ਦੁਆਲੇ ਕਈ ਮੁਰਦਾ ਸਰੀਰ ਦੇਖ ਕੇ ਤੇਰੀ ਬਹਾਦਰੀ ਦੀ ਕਦਰ ਕੀਤੀ ਤੇ ਤੈਨੂੰ ਪੰਜ ਹਜ਼ਾਰੀ ਹੋਣ ਦਾ ਮਾਣ ਦਿਤਾ ਜਿਸ ਕਰਕੇ ਸਾਹਨੇਵਾਲ ਦਾ ਰਾਜ ਤੈਨੂੰ ਪ੍ਰਾਪਤ ਹੋਇਆ ਹੈ। ਦੂਜੇ ਪਾਸੇ ਇਹ ਹਾਥੀ ਯਾਨਿ ਤੇਰੇ ਨੌਕਰ ਨੇ ਬਾਰਾਬੰਕੀ ਦੇ ਜੰਗਲਾਂ ਵਿਚ ਹਾਥੀ ਦਾ ਸਰੀਰ ਧਾਰਨ ਕਰ ਲਿਆ। ਅੰਤ ਸਮੇਂ ਇਸ ਦੇ ਮਨ ਵਿਚ ਜ਼ਬਰਦਸਤ ਫੁਰਨਾ ਸੀ ਕਿ ਜੇ ਮੈਨੂੰ ਮੌਕਾ ਮਿਲ ਜਾਵੇ ਤਾਂ ਮੈਂ ਵੀ ਇਸ ਨੂੰ ਮਾਰ ਦੇਵਾਂਗਾ।

> *ਦਦੈ ਦੋਸੁ ਨ ਦੇਊ ਕਿਸੈ*
> *ਦੋਸੁ ਕਰੰਮਾ ਆਪਣਿਆ॥*
> *ਜੋ ਮੈ ਕੀਆ ਸੋ ਮੈ ਪਾਇਆ*
> *ਦੋਸੁ ਨ ਦੀਜੈ ਅਵਰ ਜਨਾ॥*
>
> *ਪੰਨਾ - 433*

ਕਰਮ ਦਾ ਬੰਨ੍ਹਿਆਂ ਹੋਇਆ ਇਹ ਹਾਥੀ ਬਣ ਗਿਆ, ਤੂੰ ਇਸ ਨੂੰ ਲੈ ਆਇਆ। ਹੁਣ ਤੈਨੂੰ ਇਹ ਪਿਆਰਾ ਲਗਦਾ ਹੈ ਪਰ ਇਸ ਦੇ ਮਨ ਵਿਚ ਖੋਟ ਹੈ। ਅਸੀਂ ਤਾਂ ਇਹ ਕਹਿੰਦੇ ਹਾਂ ਕਿ ਤੂੰ ਕਿਸੇ ਐਸੇ ਪੁਰਸ਼ ਨੂੰ ਇਸ ਨੂੰ ਦੇ ਦੇ ਜਿਹੜਾ ਇਸਨੂੰ ਸੈਂਕੜੇ ਮੀਲਾਂ ਦੀ ਦੂਰੀ ਤੇ ਲੈ ਜਾਵੇ। ਮਹਾਂਪੁਰਸ਼ਾਂ ਨੇ ਬਚਨ ਸਮਾਪਤ ਕਰ ਦਿਤਾ ਤੇ ਆਪ ਊਨਾ ਸਾਹਿਬ ਨੂੰ ਚਲੇ ਗਏ। ਤਿੰਨ ਮਹੀਨੇ ਬਾਦ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਮਨਾਇਆ ਜਾਣਾ ਸੀ। ਸਮਾਂ ਆਏ ਤੇ ਸਾਹਨੇਵਾਲ ਦੇ ਇਰਦ-ਗਿਰਦ ਦੀਆਂ ਸੰਗਤਾਂ ਅਨੰਦਪੁਰ ਸਾਹਿਬ ਜਾਣ ਨੂੰ ਤਿਆਰ ਹੋਈਆਂ ਅਤੇ ਪਹਿਲਾਂ ਊਨਾ ਸਾਹਿਬ ਪਹੁੰਚੀਆਂ। ਬਾਬਾ ਜੀ ਨੂੰ ਬਹੁਤ ਆਦਰ ਸਤਿਕਾਰ ਨਾਲ ਨਮਸਕਾਰ ਕੀਤੀ। ਉਨ੍ਹਾਂ ਨੇ ਵੀ ਸੰਗਤ ਨੂੰ ਬਹੁਤ ਪਿਆਰ ਨਾਲ ਬੈਠ ਜਾਣ ਦਾ ਬਚਨ ਕੀਤਾ। ਥੋੜ੍ਹੇ ਚਿਰ ਬਾਦ ਬਚਨ ਬਿਲਾਸ ਕਰਦੇ ਬਾਬਾ ਜੀ ਨੇ ਸੰਗਤ ਨੂੰ ਪੁੱਛ ਕੀਤੀ ਕਿ ਭਾਈ! ਸੁੱਧ ਸਿੰਘ ਦਾ ਕੀ ਹਾਲ ਹੈ? ਉਸੇ ਵੇਲੇ ਇਕ ਪ੍ਰੇਮੀ ਨੇ ਦੱਸਿਆ ਕਿ ਮਹਾਰਾਜ ਜੀ! ਤੁਸੀਂ ਬਚਨ ਕਰ ਆਏ ਸੀ ਕਿ ਹਾਥੀ ਤੇ ਨਾ ਚੜ੍ਹੀਂ। ਬਾਬਾ ਜੀ ਕਹਿਣ ਲੱਗੇ, "ਹਾਂ, ਸਾਨੂੰ ਪੂਰੀ ਤਰ੍ਹਾਂ ਯਾਦ ਹੈ। ਫੇਰ ਕੀ ਹੋਇਆ?"

"ਬਾਬਾ ਜੀ! ਉਹ ਆਪ ਦੇ ਜਾਣ ਪਿਛੋਂ ਹਾਥੀ ਤੇ ਨਾ ਚੜ੍ਹਿਆ, ਪੈਦਲ ਹੀ ਤੁਰ ਪਿਆ। ਉਸ ਦੇ ਸੁਰੱਖਿਆ ਸੈਨਕਾਂ ਨੇ ਪੁਛਿਆ ਕਿ ਸਰਦਾਰ ਜੀ, ਆਪ ਹਾਥੀ ਤੇ ਕਿਉਂ ਨਹੀਂ ਚੜ੍ਹਦੇ? ਤਾਂ ਸੁੱਧ ਸਿੰਘ ਜੀ ਨੇ ਕਿਹਾ ਭਾਈ! ਸੰਤਾਂ ਦਾ ਬਚਨ ਹੈ। ਉਹ ਸੰਤਾਂ ਦੇ ਉਤੇ ਭਰੋਸਾ ਨਹੀਂ ਕਰਦੇ ਸਨ ਅਤੇ ਕਹਿਣ ਲੱਗੇ ਕਿ ਸਰਦਾਰ ਜੀ! ਇਹ ਗੱਲ ਨਹੀਂ, ਜਦੋਂ ਤੁਸੀਂ ਹਾਥੀ ਤੇ ਚੜ੍ਹ ਕੇ ਸੰਤਾਂ ਦੇ ਸਾਮ੍ਹਣੇ ਜਾ ਕੇ ਉਤਰੇ ਸੀ ਤਾਂ ਅਸਾਡਾ ਤਾਂ ਉਸੇ ਵੇਲੇ ਮੱਥਾ ਠਣਕ ਗਿਆ ਸੀ ਕਿ ਬਾਬਾ ਜੀ ਨੇ ਇਸ ਨੂੰ ਚੰਗਾ ਨਹੀਂ ਸਮਝਣਾ ਕਿਉਂਕਿ ਸੰਤਾਂ ਦੇ ਕੋਲ ਬਹੁਤ ਸਤਿਕਾਰ ਨਾਲ, ਨੰਗੇ ਪੈਰੀਂ ਜਾਣਾ ਹੁੰਦਾ ਹੈ। ਤੁਹਾਡਾ ਹਾਥੀ ਤੇ ਜਾਣਾ ਉਨ੍ਹਾਂ ਨੂੰ ਚੰਗਾ ਨਾ ਲੱਗਿਆ ਤੇ ਉਨ੍ਹਾਂ ਨੇ ਬਚਨ ਕਰਕੇ ਤੁਹਾਡੇ ਤੋਂ ਹਾਥੀ ਛੁਡਾ ਦਿਤਾ। ਮਹਾਰਾਜ! ਜੇ ਹਾਥੀ ਨੇ ਮਾਰਨਾ ਹੁੰਦਾ ਤਾਂ ਤੁਸੀਂ ਇਸ ਤੇ ਇਕੱਲੇ ਕਈ ਵਾਰੀ ਚੜ੍ਹੇ ਹੋਂ, ਤੁਹਾਨੂੰ ਪਤਾ ਹੀ ਹੈ ਕਿ ਕਿਵੇਂ ਜੰਗ ਵਿਚ ਇਸ ਨੇ ਤੁਹਾਡੀ ਮਦਦ ਕੀਤੀ ਸੀ। ਗੱਲ ਤਾਂ ਸਾਡੀ ਸਮਝ ਵਿਚ ਆਈ ਹੈ ਕਿ ਤੁਹਾਡਾ ਹਾਥੀ ਤੇ ਆਉਣਾ ਭਾਇਆ ਨਹੀਂ, ਇਸ ਕਰਕੇ ਉਨ੍ਹਾਂ ਨੇ ਤੁਹਾਨੂੰ ਹਾਥੀ ਤੇ ਚੜ੍ਹਨ ਤੋਂ ਮਨ੍ਹਾ ਕਰਿਆ ਹੈ। ਸੰਗਤ ਵਿਚੋਂ ਪ੍ਰੇਮੀ ਕਹਿਣ ਲੱਗੇ ਕਿ ਮਹਾਰਾਜ! ਉਹ ਹਾਥੀ ਤੇ ਚੜ੍ਹ ਗਿਆ। ਆਪ ਦੇ ਉਥੋਂ ਆਉਣ ਪਿਛੋਂ ਜਦੋਂ 2 ਮਹੀਨੇ ਦਾ ਸਮਾਂ ਲੰਘ ਗਿਆ ਤਾਂ ਇਕ ਦਿਨ ਉਹ ਹਾਥੀ ਤੇ ਬੈਠ ਕੇ ਇਕੱਲੇ ਹੀ ਕਿਤੇ ਚਲੇ ਗਏ। ਹਾਥੀ ਨੇ ਉਨ੍ਹਾਂ ਨੂੰ ਹੇਠਾਂ ਸੁੱਟ ਲਿਆ ਤੇ ਆਪਣੇ ਦੋਹਾਂ ਪੈਰਾਂ ਦਾ ਪੂਰਾ ਵਜ਼ਨ ਦੇ ਕੇ ਸੁਰੱਖਿਆ ਸੈਨਿਕਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਮਾਰ ਦਿਤਾ। ਸਾਰੇ ਹਾਹਾਕਾਰ ਮਚ ਗਈ। ਸੋਝੀਵਾਨ ਕਹਿਣ ਲੱਗੇ ਕਿ ਮਹਾਂਪੁਰਸ਼ਾਂ ਨੇ ਤਾਂ ਇਸ ਨੂੰ ਬਚਾਉਣ ਦਾ ਬਹੁਤ ਜਤਨ ਕੀਤਾ ਸੀ ਪਰ ਇਸ ਨੇ ਬਚਨ ਹੀ ਨਹੀਂ ਮੰਨਿਆਂ। ਸੋ ਮਹਾਰਾਜ ਜੀ ਉਸ ਦੇ ਸਰੀਰ ਦਾ ਅੰਤ ਹੋ ਗਿਆ।"

ਸੋ ਸਾਧਸੰਗਤ ਜੀ! ਇਨ੍ਹਾਂ ਵਿਚਾਰਾਂ ਨੂੰ ਆਪ ਧਿਆਨ ਨਾਲ ਸੁਣ ਰਹੇ ਹੋਂ, ਇਨ੍ਹਾਂ ਵਿਚ ਕੁਝ ਇਤਿਹਾਸਕ ਵੀ ਹਨ ਅਤੇ ਕੁਝ ਆਪਣੇ ਬਜ਼ੁਰਗਾਂ ਤੋਂ ਸੁਣੀਆਂ ਹੋਈਆਂ ਵੀ ਹਨ। ਸਾਰ ਇਹ ਹੈ ਕਿ ਇਹ ਜੀਵ ਮਰਦਾ ਨਹੀਂ। ਆਪਣੇ ਕਰਮਾਂ ਨੂੰ ਭੋਗਣ ਲਈ ਕਿੰਨੇ-ਕਿੰਨੇ ਸਰੀਰ ਧਾਰਨ ਕਰਦਾ ਹੈ। ਮੈਂ ਇਕ ਹੋਰ ਗੱਲ

ਇਸੇ ਸਬੰਧ ਵਿਚ ਦੱਸਣਾ ਚਾਹੁੰਦਾ ਹਾਂ ਜੋ ਇਸ ਤਰ੍ਹਾਂ ਹੈ ਕਿ ਮੈਂ ਸ. ਜਗੀਰ ਸਿੰਘ ਜੀ ਰੋਪੜ ਵਾਲਿਆਂ ਦੇ ਅਖੰਡਪਾਠ ਦੇ ਭੋਗ ਸਮੇਂ ਉਨ੍ਹਾਂ ਦੇ ਗ੍ਰਿਹ ਵਿਚ ਗਿਆ ਹੋਇਆ ਸੀ। ਉਥੇ ਮੈਨੂੰ ਇਕ ਆਪਣੇ ਜਾਣੇ ਪਛਾਣੇ ਗੁਰਮੁਖ ਪਿਆਰੇ ਸਰਦਾਰ ਪਿਆਰਾ ਸਿੰਘ ਜੀ ਭੱਕੂ ਮਾਜਰੇ ਵਾਲੇ ਮਿਲੇ। ਮੈਂ ਅਮਰੀਕਾ ਜਾ ਕੇ ਆਇਆ ਸੀ। ਉਹ ਮੇਰੇ ਕੋਲ ਸਾਧਾਰਣ ਗੱਲਬਾਤ ਕਰ ਰਹੇ ਸਨ। ਉਨ੍ਹਾਂ ਨੇ ਮੇਰੇ ਤੋਂ ਪੁਛ ਕੀਤੀ ਕਿ ਤੁਸੀਂ ਉਨ੍ਹਾਂ ਅਮਰਕੀਨ ਸਿੰਘਾਂ ਨੂੰ ਮਿਲੇ ਹੋ ਜਿਨ੍ਹਾਂ ਨੂੰ ਯੋਗੀ ਹਰਭਜਨ ਸਿੰਘ ਨੇ ਸਿੱਖੀ ਧਾਰਨ ਕਰਾਈ? ਮੈਂ ਕਿਹਾ ਕਿ ਮੈਂ ਵੈਸੇ ਤਾਂ ਜਾਣਦਾ ਹਾਂ ਪਰ ਕਾਰਾਂ ਵਿਚ ਲੰਘਦਿਆਂ ਦੇ ਦਰਸ਼ਨ ਜ਼ਰੂਰ ਕੀਤੇ ਹਨ। ਆਪ ਕਹਿਣ ਲੱਗੇ ਕਿ ਮੈਂ ਉਨ੍ਹਾਂ ਦੀ ਹੀ ਗੱਲ ਦੱਸਦਾ ਹਾਂ। ਸਰਦਾਰ ਪਿਆਰਾ ਸਿੰਘ ਜੀ ਕੀਰਤਨੀ ਜਥੇ ਦੇ ਮੰਨੇ ਪ੍ਰਮੰਨੇ ਗੁਰਮੁਖ ਸਿੰਘ ਸਨ। ਆਪ ਕਹਿਣ ਲੱਗੇ ਕਿ ਇਕ ਵਾਰੀ ਅਮਰੀਕਨ ਸਿੰਘਾਂ ਦਾ ਜਥਾ ਚੰਡੀਗੜ੍ਹ ਆਇਆ। ਉਨ੍ਹਾਂ ਦਾ ਕੀਰਤਨ ਸੁਣਨ ਲਈ ਝੱਲੀਆਂ ਦੇ ਮਾਸਟਰ ਗੁਰਬਖਸ਼ ਸਿੰਘ ਗਏ। ਉਨ੍ਹਾਂ ਸਿੰਘਾਂ ਵਿਚੋਂ ਇਕ ਨੇ ਮਾਸਟਰ ਜੀ ਨੂੰ ਪੁਛਿਆ ਕਿ ਭਾਈ ਸਾਹਿਬ ਤੁਸੀਂ ਪਿਆਰਾ ਸਿੰਘ ਜੀ ਨੂੰ ਜਾਣਦੇ ਹੋ ਜਿਨ੍ਹਾਂ ਦਾ ਪਿੰਡ ਭੱਕੂ ਮਾਜਰਾ ਹੈ। ਮਾਸਟਰ ਜੀ ਕਹਿਣ ਲੱਗੇ ਕਿ ਮੈਂ ਤਾਂ ਉਨ੍ਹਾਂ ਨੂੰ ਹਰ ਰੋਜ਼ ਮਿਲਦਾ ਹਾਂ, ਇਸ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਕਹੋ ਕਿ ਕੱਲ ਨੂੰ ਮੈਨੂੰ ਉਹ ਚੰਡੀਗੜ੍ਹ ਆ ਕੇ ਮਿਲਣ - ਦਿਨ ਦੇ ਠੀਕ ਦਸ ਵਜੇ, ਚੰਡੀਗੜ੍ਹ ਤੋਂ ਬਾਹਰ ਜਿਹੜਾ ਦੂਜਾ ਪਿੰਡ ਹੈ, ਉਥੇ ਮੈਂ ਦਰਖਤ ਹੇਠ ਬੈਠ ਕੇ ਰੋਪੜ ਨੂੰ ਜਾਂਦੀ ਸੜਕ ਦੇ ਕੰਢੇ ਉਨ੍ਹਾਂ ਦਾ ਇੰਤਜ਼ਾਰ ਕਰਾਂਗਾ। ਪਿਆਰਾ ਸਿੰਘ ਕਹਿਣ ਲੱਗੇ ਕਿ ਮਾਸਟਰ ਜੀ ਨੇ ਮੈਨੂੰ ਸੁਨੇਹਾ ਦੇ ਦਿਤਾ ਅਤੇ ਮੈਂ ਦੂਜੇ ਦਿਨ ਆਪਣੀ ਪਤਨੀ ਸਮੇਤ ਸਕੂਟਰ ਤੇ ਬੈਠ ਕੇ ਚੰਡੀਗੜ੍ਹ ਨੂੰ ਰਵਾਨਾ ਹੋਇਆ। ਜਦੋਂ ਮੈਂ ਬਡਹੇੜੀ ਦੇ ਨੇੜੇ ਪਹੁੰਚਿਆ ਤਾਂ ਮੈਨੂੰ ਇਕ ਆਵਾਜ਼ ਕੰਨੀ ਪਈ ਜੋ ਇਸ ਤਰ੍ਹਾਂ ਸੀ ਕਿ "ਪਿਆਰਾ ਸਿੰਘ ਜੀ! ਮੈਂ ਤੁਹਾਡਾ ਇੰਤਜ਼ਾਰ ਕਰ ਰਿਹਾ ਹਾਂ।" ਮੈਂ ਹੈਰਾਨ ਹੋ ਗਿਆ ਕਿ ਮੈਂ ਤਾਂ ਇਸ ਅਮਰੀਕਨ ਸਿੰਘ ਨੂੰ ਜਾਣਦਾ ਨਹੀਂ ਪਰ ਮੈਨੂੰ ਇਹ ਜਾਣਦਾ ਹੈ। ਮੈਂ ਇਸੇ ਹੈਰਾਨੀ ਵਿਚ ਸਕੂਟਰ ਤੋਂ ਉਤਰਿਆ ਤੇ ਇਸ ਸਿੰਘ ਦੇ ਪਾਸ ਪਹੁੰਚ ਗਿਆ। ਪ੍ਰਸਪਰ ਆਪਸ ਵਿਚ ਫਤਹਿ ਬੁਲਾਈ, ਇਹ ਮੈਨੂੰ ਇਕਲਵਾਂਜੇ ਲੈ ਕੇ ਬੈਠ ਗਏ। ਮੈਂ ਆਖਿਆ ਕਿ ਸਿੰਘ ਸਾਹਿਬ ਜੀ! ਮੈਂ ਤਾਂ ਤੁਹਾਨੂੰ ਜਾਣਦਾ ਨਹੀਂ, ਤੁਸੀਂ ਮੈਨੂੰ ਕਿਵੇਂ ਜਾਣਦੇ ਹੋ? ਤਾਂ ਉਸ ਨੇ ਕਿਹਾ, "ਪਿਆਰਾ ਸਿੰਘ ਜੀ! ਮੈਂ ਤੁਹਾਨੂੰ ਪਹਿਲਾਂ ਨਹੀਂ ਜਾਣਦਾ ਸੀ ਪਰ ਜਦ ਤੋਂ ਸਿੱਖੀ ਧਾਰਨ ਕਰਕੇ, ਮੈਂ ਨਾਮ ਦੀ ਅਰਾਧਨਾ ਕੀਤੀ ਹੈ ਉਸ ਵੇਲੇ ਤੋਂ ਮੈਂ ਤੁਹਾਨੂੰ ਪੂਰੀ ਤਰ੍ਹਾਂ ਜਾਣ ਗਿਆ ਹਾਂ ਅਤੇ ਤੁਹਾਨੂੰ ਮਿਲਣ ਵਾਸਤੇ ਹੀ ਮੈਂ ਆਪਣੇ ਕੰਮ ਤੋਂ ਛੁੱਟੀ ਲੈ ਕੇ ਇਥੇ ਆਇਆ ਹਾਂ। ਇਸ ਵਿਚ ਮੈਂ ਇਕ ਆਪਣਾ ਸ਼ੰਕਾ ਨਵਿਰਤ ਕਰਨਾ ਹੈ।" ਉਹ ਬੋਲੀ ਗਿਆ ਤੇ ਮੈਂ ਹੁੰਗਾਰਾ ਭਰਦਾ ਗਿਆ। ਉਸ ਨੇ ਕਿਹਾ ਕਿ ਪਿਆਰਾ ਸਿੰਘ ਜੀ ਤੁਹਾਡੀ ਇਕ ਭੈਣ ਹੁੰਦੀ ਸੀ ਜੋ ਚੜ੍ਹਾਈ ਕਰ ਗਈ ਸੀ? ਮੈਂ 'ਹਾਂ' ਵਿਚ ਉਤਰ ਦਿਤਾ ਤੇ ਹੈਰਾਨ ਹੋਇਆ ਕਿ ਇਸ ਨੂੰ ਕਿਵੇਂ ਪਤਾ ਲੱਗ ਗਿਆ? ਅਜੇ ਮੈਂ ਸੋਚਦਾ ਹੀ ਸੀ ਕਿ ਉਸ ਨੇ ਕਿਹਾ ਕਿ ਉਸ ਦਾ ਨਾਂ ਗੁਰਦਿਆਲ ਕੌਰ ਸੀ। ਉਸ ਨੇ ਮੇਰੇ ਪਿਤਾ ਦਾ ਨਾਮ, ਸਾਰਾ ਘਰ ਦਾ ਨਕਸ਼ਾ, ਗਲੀ, ਦਰਖਤ ਜਿਹੜਾ ਘਰ ਦੇ ਕੋਲ ਹੈ, ਸਾਰੀ ਗੱਲ ਦੱਸ ਦਿਤੀ। ਉਸ ਵੇਲੇ ਮੈਂ ਪੁਛਿਆ ਕਿ ਤੁਸੀਂ ਇਹ ਬੁਝਾਰਤਾਂ ਨਾ ਪਾਓ ਤੁਸੀਂ ਸੰਖੇਪ ਵਿਚ ਮੈਨੂੰ ਦੱਸੋ ਕਿ ਤੁਹਾਨੂੰ ਕਿਵੇਂ ਪਤਾ ਲੱਗ ਗਿਆ। ਉਹ ਕਹਿਣ ਲੱਗਿਆ ਕਿ ਮੈਂ ਗੁਰਦਿਆਲ ਕੌਰ ਹੀ ਹਾਂ। ਆਪਣੇ ਜੀਵਨ ਵਿਚ ਮੈਂ ਨਿਤਨੇਮ ਦੀ ਪੂਰੀ ਸੀ, ਤੇਰੇ ਨਾਲ ਰੈਣ ਸਬਾਈਆਂ ਸੁਣਨ ਜਾਇਆ ਕਰਦੀ ਸੀ। ਅੰਦਰਲੇ ਦੀ ਮੈਨੂੰ ਸੋਝੀ ਹੋ ਗਈ ਸੀ। ਨਾਮ ਦੇ ਰਸ ਨੂੰ ਮੈਂ ਮਾਣਦੀ ਸੀ, ਅਨਹਦ ਸ਼ਬਦ ਦੇ ਮੰਡਲ ਵਿਚ ਮੈਂ ਪ੍ਰਵੇਸ਼ ਕਰ ਗਈ ਸਾਂ, ਉਸ ਵੇਲੇ ਬਿਮਾਰ ਹੋ ਕੇ ਮੇਰਾ ਸਰੀਰ ਛੁੱਟ ਗਿਆ। ਕਰਮਾਂ ਦੀ ਬੰਨ੍ਹੀ ਹੋਈ ਨੂੰ ਮੈਨੂੰ ਮਨੁੱਖ ਜਾਮਾ ਮਿਲ ਗਿਆ। ਮੈਂ ਅਮਰੀਕਾ ਵਿਚ ਰਹਿੰਦਾ ਹਾਂ, ਕੈਲੇਫੋਰਨੀਆਂ ਵਿਚ ਮੇਰਾ ਘਰ ਹੈ। ਜੋਗੀ ਹਰਭਜਨ ਸਿੰਘ ਕੋਲੋਂ ਮੈਂ ਸਿੱਖੀ ਧਾਰਨ ਕਰੀ ਤੇ ਪਿਛਲੇ ਜਨਮ ਦੇ ਸੰਸਕਾਰਾਂ ਕਾਰਨ ਸਿੱਖੀ ਦੇ ਮਨ ਵਿਚ ਪ੍ਰਵੇਸ਼ ਕਰਿਆਂ ਜਦੋਂ ਮੈਂ ਸੁਰਤਿ ਸਬਦਿ ਦੇ ਮਾਰਗ ਦੁਆਰਾ ਭਜਨ ਕਰਨ ਲੱਗਿਆ ਤਾਂ ਤ੍ਰਿਕੁਟੀ ਖੁਲ੍ਹ ਗਈ ਤਾਂ ਇਕ ਦ੍ਰਿਸ਼ ਮੈਨੂੰ ਦਿਸਣ ਲੱਗਿਆ; ਜਿਉਂ-ਜਿਉਂ ਮੈਂ ਅੰਦਰ ਚੜ੍ਹਾਈ ਕੀਤੀ ਉਹ ਮੇਰੇ ਅੰਦਰ ਪੱਕਾ ਹੁੰਦਾ ਗਿਆ। ਅਖੀਰ ਮੈਂ ਆਪਣਾ ਸਾਰਾ ਘਰ ਦੇਖ ਲਿਆ, ਪਿੰਡ ਦਾ ਨਾਂ, ਸੂਬੇ ਦਾ ਨਾਮ ਮੇਰੀ ਯਾਦ ਵਿਚ ਵਸ ਗਿਆ ਤੇ ਇਹ ਮੇਰੇ ਨਾਮ ਦੇ ਰਸਤੇ ਵਿਚ ਬਹੁਤ ਵੱਡੀ ਰੁਕਾਵਟ ਪਾਉਣ ਲੱਗ ਗਿਆ। ਬਾਰ-ਬਾਰ ਇਹ ਸੰਸਕਾਰ ਮੈਨੂੰ ਆਉਂਦੇ ਹਨ। ਮੈਨੂੰ ਆਪਣੀ ਤਸੱਲੀ ਕਰਨ ਵਾਸਤੇ ਜਥੇ ਨਾਲ ਰਲ ਕੇ ਭਾਰਤ ਆਉਣਾ ਪਿਆ ਅਤੇ ਆਪਣਾ ਸ਼ੰਕਾ ਨਵਿਰਤ ਕਰਨ ਵਾਸਤੇ ਤੁਹਾਨੂੰ ਖੇਚਲ ਦਿਤੀ ਹੈ। ਹੁਣ ਮੈਂ ਵਾਪਸ ਮੁੜ ਜਾਣਾ ਹੈ, ਕੋਈ ਮੇਰੇ ਲਾਇਕ ਸੇਵਾ ਹੋਵੇ ਤਾਂ ਦੱਸੋ।

ਮੈਨੂੰ ਕਹਿਣ ਲੱਗਿਆ ਕਿ ਇਹ ਗੱਲਾਂ ਜਾਣ ਕੇ ਮੈਂ ਬਹੁਤ ਹੈਰਾਨ ਹੋ ਗਿਆ ਅਤੇ ਇਹ ਭੇਤ ਮੈਂ ਅੱਜ ਤੁਹਾਨੂੰ ਦੱਸ ਰਿਹਾ ਹਾਂ। ਉਸ ਦਿਨ ਤੋਂ ਮੈਂ ਭਜਨ ਬੰਦਗੀ ਹੋਰ ਇਕਾਗਰਤਾ ਨਾਲ ਕਰਨੀ ਸ਼ੁਰੂ ਕਰ ਦਿਤੀ ਹੈ। ਮੇਰੇ ਕੋਲ ਬੈਠੇ ਹੋਰ ਵੀ ਪ੍ਰੇਮੀ ਗੱਲ ਸੁਣ ਰਹੇ ਸਨ, ਮੈਨੂੰ ਨਹੀਂ ਪਤਾ ਕਿ ਉਨ੍ਹਾਂ ਤੇ ਕੁਛ ਅਸਰ ਹੋਇਆ ਜਾ ਨਹੀਂ। ਪਰ ਮੈਂ ਖੁਦ ਇਸ ਗੱਲ ਨੂੰ ਬਾਰ-ਬਾਰ ਵਿਚਾਰ ਰਿਹਾ ਸਾਂ ਕਿ ਮਰਨ ਤੋਂ ਪਿਛੋਂ ਇਹ ਜੀਵ ਨਹੀਂ ਮਰਿਆ ਕਰਦਾ, ਆਪਣੇ ਕਰਮਾਂ ਦੇ ਅਨੁਸਾਰ ਹੋਰ ਸਰੀਰ ਧਾਰਨ

ਕਰ ਲੈਂਦਾ ਹੈ।

ਇਹ ਲੰਮੇ ਬਚਨ ਚਲ ਰਹੇ ਹਨ - ਇਸ ਗੱਲ ਨੂੰ ਪ੍ਰਗਟ ਕਰਨ ਲਈ ਕਿ ਮਰਨ ਤੋਂ ਪਿਛੋਂ ਜੀਵ ਕਿਥੇ ਚਲਿਆ ਜਾਂਦਾ ਹੈ। ਬਹੁਤ ਸਾਰੀਆਂ ਉਦਾਹਰਣਾਂ ਦੇ ਕੇ ਦੱਸਣ ਦਾ ਜਤਨ ਕੀਤਾ ਗਿਆ ਹੈ ਕਿ ਜੀਵ ਨੂੰ ਕਿਹੜੇ-ਕਿਹੜੇ ਹਾਲਾਤ ਵਿਚੋਂ ਲੰਘਣਾ ਪੈਂਦਾ ਹੈ।

ਸੋ ਪਹਿਲੀ ਜੋ ਗਤੀ ਹੁੰਦੀ ਹੈ ਉਸ ਨੂੰ ਪਾਪੀਆਂ ਦੀ ਗਤੀ ਕਿਹਾ ਜਾਂਦਾ ਹੈ। ਉਨ੍ਹਾਂ ਨੂੰ ਚੌਰਾਸੀ ਨਰਕ ਭੋਗਣੇ ਪੈਂਦੇ ਹਨ ਅਤੇ ਫਿਰ ਇਸ ਸੰਸਾਰ ਵਿਚ ਉਨ੍ਹਾਂ ਨੂੰ ਪਰੇਸ਼ਾਨੀਆਂ ਦੇ ਵਿਚ ਹੀ ਜਨਮ ਧਾਰਨਾ ਪੈਂਦਾ ਹੈ। ਉਨ੍ਹਾਂ ਦੇ ਬਕਾਇਆ ਕਰਮ, ਜੀਵ ਦੁਬਾਰਾ ਸਰੀਰਧਾਰੀ ਹੋ ਕੇ ਭੋਗਦਾ ਹੈ; ਚਾਹੇ ਉਹ ਹਾਥੀ ਬਣੇ ਜਾਂ ਰਿੱਛ ਬਣੇ, ਜਾਂ ਮਨੁੱਖ ਬਣੇ। ਐਸਾ ਵੀ ਹੁੰਦਾ ਹੈ ਕਿ ਨਰਕਾਂ ਵਿਚ ਤਾਂ ਜੀਵ ਜਾਂਦਾ ਨਹੀਂ ਪਰ ਉਸ ਨੂੰ ਕਰਮ ਭੁਗਤਾਉਣ ਵਾਸਤੇ ਨਖਿੱਧ ਜੂਨੀਆਂ ਦੇ ਸਰੀਰ ਧਾਰਨ ਕਰਨੇ ਪੈਂਦੇ ਹਨ।

ਜਿਵੇਂ ਗੁਰੂ ਨਾਨਕ ਪਾਤਸ਼ਾਹ ਦਾ ਇਕ ਸਿੱਖ ਜਿਸ ਦਾ ਨਾਮ ਮੂਲਾ ਸੀ। ਕਿਸੇ ਪੂਰਨ ਪੁਰਸ਼ ਦੀ ਸੰਗਤ ਕਰਕੇ ਉਸ ਨੂੰ ਇਹ ਗਿਆਨ ਹੋ ਗਿਆ ਸੀ ਕਿ ਮਰਨਾ ਸੱਚ ਹੈ ਜਿਉਣਾ ਝੂਠ ਹੈ। ਜਦੋਂ ਗੁਰੂ ਨਾਨਕ ਪਾਤਸ਼ਾਹ ਨੇ ਮਰਦਾਨੇ ਨੂੰ ਟਕਾ ਦੇ ਕੇ ਇਕ ਪੈਸੇ ਦਾ ਸੱਚ ਤੇ ਇਕ ਪੈਸੇ ਦਾ ਝੂਠ ਲਿਆਉਣ ਲਈ ਭੇਜਿਆ ਤਾਂ ਮਰਦਾਨਾ ਹੱਟੀ-ਹੱਟੀ ਫਿਰਿਆ ਪਰ ਉਸ ਨੂੰ ਇਹ ਸੌਦਾ ਕਿਤੇ ਨਾ ਮਿਲਿਆ। ਇਕ 22 ਸਾਲ ਦਾ ਸੂਝਵਾਨ ਨੌਜਵਾਨ ਮਰਦਾਨੇ ਨੂੰ ਕਹਿਣ ਲੱਗਿਆ ਕਿ ਕੀ ਚਾਹੀਦਾ ਹੈ, ਤਾਂ ਉਸ ਨੇ ਕਿਹਾ, ਮੈਂ ਸੱਚ ਝੂਠ ਖਰੀਦਣ ਦਾ ਵਪਾਰੀ ਹਾਂ। ਉਸਨੇ ਪੈਸੇ ਲਏ ਤੇ ਦੋ ਪੁੜੀਆਂ ਹੱਥ ਵਿਚ ਫੜਾਈਆਂ। ਮਰਦਾਨੇ ਨੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਲਿਆ ਕੇ ਰੱਖ ਦਿਤੀਆਂ। ਗੁਰੂ ਨਾਨਕ ਪਾਤਸ਼ਾਹ ਨੇ ਪੀਰ ਹਮਜ਼ਾਗੌਸ ਨੂੰ ਕਿਹਾ ਕਿ ਪੁੜੀਆਂ ਖੋਲ੍ਹ ਕੇ ਪੜ੍ਹ ਲੈ। ਪੜ੍ਹ ਕੇ ਨਿਸ਼ਾ ਹੋ ਗਈ। ਹਮਜ਼ਾਗੌਸ ਨੂੰ ਕਿਹਾ ਕਿ ਜਿਥੇ ਇਕ ਵੀ ਬੰਦਾ ਇਸ ਪਛਾਣ ਵਾਲਾ ਹੋਵੇ ਕਿ ਜੀਉਣਾ ਝੂਠ ਤੇ ਮਰਨਾ ਸੱਚ ਹੈ, ਉਹ ਸ਼ਹਿਰ ਗਰਕ ਕਰਨ ਦੇ ਕਾਬਿਲ ਨਹੀਂ ਹੁੰਦਾ।

ਇਹ ਨੌਜੁਆਨ ਗੁਰੂ ਪਾਤਸ਼ਾਹ ਨਾਲ ਕਈ ਮਹੀਨੇ ਪ੍ਰਦੇਸਾਂ ਵਿਚ ਰਹਿ ਕੇ ਗੁਰਮਤਿ ਦੀ ਜਾਂਚ ਸਿਖਦਾ ਰਿਹਾ। ਜਦੋਂ ਵਾਪਸ ਜਾਣ ਲੱਗਾ ਤਾਂ ਗੁਰੂ ਮਹਾਰਾਜ ਨੇ ਕਿਹਾ ਕਿ ਰੋੜਾਂ ਦੀ ਮੁੱਠੀ ਪੱਲੇ ਬੰਨ੍ਹ ਲੈ, ਅੱਖਾਂ ਮੀਚ। ਜਦੋਂ ਅੱਖਾਂ ਖੋਲ੍ਹੀਆਂ ਤਾਂ ਹਜ਼ਾਰਾਂ ਮੀਲ ਤੋਂ ਸ਼ਬਦ ਦੀ ਸਵਾਰੀ ਕਰਕੇ ਆਪਣੇ ਘਰ ਸਿਆਲਕੋਟ ਬੈਠਾ ਸੀ ਅਤੇ ਰੋੜ ਸੋਨਾ ਬਣ ਚੁੱਕੇ ਸਨ। ਚਾਹੀਦਾ ਤਾਂ ਇਹ ਸੀ ਕਿ ਉਹ ਗੁਰੂ ਨਾਨਕ ਪਾਤਸ਼ਾਹ ਵਰਗੇ ਗੁਰੂ ਪ੍ਰਮੇਸ਼ਰ ਤੋਂ ਆਪਣਾ ਆਪਾ ਵਾਰ ਦਿੰਦਾ ਪਰ ਉਹ ਪਿਆਰੇ ਗੁਰੂ ਨੂੰ ਛੱਡ ਕੇ ਇਸਤਰੀ ਦੇ ਛਲਾਵੇ ਵਿਚ ਫਸ ਗਿਆ। ਜਦੋਂ ਗੁਰੂ ਨਾਨਕ ਪਾਤਸ਼ਾਹ ਉਸਨੂੰ ਦੁਬਾਰਾ ਬੁਲਾਉਣ ਆਏ ਤਾਂ ਇਸਤਰੀ ਰਾਹੀਂ ਕਹਾ ਦਿਤਾ ਕਿ ਉਹ ਤਾਂ ਹੈ ਨਹੀਂ। ਉਸ ਨੂੰ ਡਰ ਪੈ ਗਿਆ ਕਿ ਗੁਰੂ ਨਾਨਕ ਕਿਤੇ ਉਸ ਦੇ ਮਕਾਨ ਵਿਚ ਨਾ ਆ ਜਾਣ। ਇਸ ਡਰੋਂ ਉਹ ਪਾਥੀਆਂ ਵਾਲੀ ਕੋਠੜੀ ਵਿਚ ਲੁਕ ਗਿਆ। ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, "ਬੀਬਾ! ਮਹਾਂਪੁਰਸ਼ਾਂ ਪਾਸ ਝੂਠ ਨਹੀਂ ਬੋਲੀਦਾ, ਝੂਠ, ਸੱਚ ਹੋ ਜਾਇਆ ਕਰਦਾ ਹੈ। ਜੇ ਹੁੰਦਾ ਹੋਇਆ ਬੰਦਾ ਕਹੇ, ਹੈ ਨਹੀਂ, ਤਾਂ ਨਹੀਂ ਹੋਇਆ ਕਰਦਾ।" ਐਨਾ ਕਹਿ ਕੇ ਆਪ ਉਥੋਂ ਚਲ ਕੇ ਬਾਹਰ ਆ ਬੈਠੇ। ਜਦੋਂ ਉਹ ਬੀਬੀ ਅੰਦਰ ਗਈ ਤਾਂ ਕੋਠੜੀ ਵਿਚੋਂ ਚੀਕਾਂ ਮਾਰਨ ਦੀ ਆਵਾਜ਼ ਆ ਰਹੀ ਸੀ ਕਿ ਮੈਨੂੰ ਕਾਲੇ ਨਾਗ ਨੇ ਡੰਗ ਲਿਆ। ਉਸ ਨੂੰ ਅੰਤ ਸਮੇਂ ਗੁਰੂ ਨਾਨਕ ਪਾਤਸ਼ਾਹ ਪਾਸ ਲੈ ਆਏ ਅਤੇ ਮਹਾਰਾਜ ਜੀ ਪਾਸ ਬੇਨਤੀ ਕੀਤੀ। ਆਪ ਨੇ ਫੁਰਮਾਇਆ ਕਿ ਹੁਣ ਤਾਂ ਅਣੀਆਂ ਵਾਲਾ ਤੀਰ ਚਲ ਗਿਆ ਹੈ। ਇਹ ਗੁਰੂ ਤੋਂ ਬੇਮੁਖ ਹੋ ਗਿਆ। ਬੇਮੁਖ ਨੂੰ ਜੂਨੀਆਂ ਦੇ ਦੁੱਖ ਭੋਗਣੇ ਪੈਂਦੇ ਹਨ। ਹੁਣ ਇਹ ਜੂਨੀਆਂ ਭੋਗੇਗਾ, ਦਸਵੇਂ ਜਾਮੇ ਵਿਚ ਅਸੀਂ ਆਪਣੇ ਨਿਜ ਕਰਾਂ (ਹੱਥਾਂ) ਨਾਲ ਇਸ ਦਾ ਉਧਾਰ ਸਹੇ ਦੇ ਰੂਪ ਵਿਚ ਆਏ ਦਾ, ਕਰਾਂਗੇ ਜਿਸ ਬਾਰੇ ਸਾਰੇ ਜਾਣਦੇ ਹਨ ਕਿ ਗੁਰੂ ਮਹਾਰਾਜ ਨੇ ਨੰਦੇੜ ਸਾਹਿਬ ਸ਼ਿਕਾਰ ਘਾਟ ਤੇ ਇਸ ਬੇਮੁਖ ਦਾ ਉਧਾਰ ਕੀਤਾ ਸੀ।

ਇਸੇ ਤਰ੍ਹਾਂ ਨਾਲ ਦਸ਼ਮੇਸ਼ ਪਿਤਾ ਜੀ ਦਾ ਦਰਬਾਰ ਲੱਗਿਆ ਹੋਇਆ ਹੈ ਤਾਂ ਇਕ ਰਿੱਛ ਵਾਲਾ ਮਦਾਰੀ ਰਿੱਛ ਲੈ ਕੇ ਹਾਜ਼ਰ ਹੋਇਆ। ਰਿੱਛ ਦੇ ਨੱਕ ਵਿਚ ਨਕੇਲ ਪਾਈ ਹੋਈ ਹੈ ਅਤੇ ਉਸ ਦੇ ਮੂੰਹ ਉਪਰ ਮੂਹਰੀ ਚਾੜ੍ਹੀ ਹੋਈ ਹੈ। ਗੁਰੂ ਮਹਾਰਾਜ ਜੀ ਕਿਸ਼ੋਰ ਅਵਸਥਾ ਦੇ ਸਰੀਰ ਵਿਚ ਸੰਗਤਾਂ ਨੂੰ ਦਰਸ਼ਨ ਦੇ ਰਹੇ ਹਨ। ਉਸ ਦੇ ਬੇਨਤੀ ਕਰਨ ਤੇ ਗੁਰੂ ਮਹਾਰਾਜ ਜੀ ਨੇ ਉਸ ਨੂੰ ਤਮਾਸ਼ਾ ਦਿਖਾਉਣ ਦੀ ਆਗਿਆ ਦੇ ਦਿਤੀ। ਰਿੱਛ ਦੇ ਕੌਤਕ ਦੇਖ ਕੇ ਸਾਰੀ ਸੰਗਤ ਉਚੀ-ਉਚੀ ਹੱਸਦੀ ਹੈ। ਗੁਰੂ ਮਹਾਰਾਜ ਦਾ ਚੌਰ ਬਰਦਾਰ ਭਾਈ ਕੀਰਤੀਆ ਕੁਝ ਵਿਸ਼ੇਸ਼ ਹੀ ਉਚੀ ਹਾਸੀ ਹੱਸਦਾ ਹੈ। ਗੁਰੂ ਮਹਾਰਾਜ ਪਿਛੇ ਨੂੰ ਵੇਖੇ ਤੇ ਕਹਿਣ ਲੱਗੇ ਕਿ ਭਾਈ ਕੀਰਤੀਆ! ਤੈਨੂੰ ਨਹੀਂ ਹੱਸਣਾ ਚਾਹੀਦਾ ਕਿਉਂਕਿ ਇਹ ਤੇਰਾ ਪਿਤਾ ਸੋਭਾ ਰਾਮ ਹੈ (ਕਈ ਗੁਰਦਾਸ ਵੀ ਆਖਦੇ ਹਨ)। ਉਹ ਹੈਰਾਨ ਹੋ ਗਿਆ ਕਿ ਮੇਰਾ ਪਿਤਾ ਤਾਂ ਗੁਰੂ ਨੌਵੇਂ ਪਾਤਸ਼ਾਹ ਦਾ ਚੌਰ ਬਰਦਾਰ ਸੀ, ਉਸ ਨੂੰ ਐਨੀ ਨੀਚ ਗਤੀ ਕਿਉਂ ਪ੍ਰਾਪਤ ਹੋਈ? ਉਹਨੂੰ ਤਾਂ ਗੁਰੂ ਦੇ ਬਚਨਾਂ ਅਨੁਸਾਰ ਗੁਰੂ ਦੀ ਦਰਗਾਹ ਵਿਚ ਜਾਣਾ ਚਾਹੀਦਾ ਸੀ।

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਪੰਨਾ- 26***

ਮਨ ਵਿਚ ਸ਼ੰਕਾ ਵਿਆਪ ਗਿਆ ਕਿ ਗੁਰੂ ਦੀ ਸੇਵਾ ਕੋਈ ਫਲ ਨਹੀਂ ਦਿੰਦੀ ਅਤੇ ਅਸ਼ਰਧਕ ਹੋ ਗਿਆ ਕਿ ਐਵੇਂ ਇਹ ਸਭ ਗੱਲਾਂ ਹੀ ਹਨ। ਮੇਰਾ ਪਿਤਾ ਰਿੱਛ ਕਿਉਂ ਬਣਿਆ? ਉਸ ਨੇ ਇਸੇ ਭਾਵ ਵਿਚ ਆ ਕੇ ਚੌਰ ਗੁਰੂ ਮਹਾਰਾਜ ਦੇ ਚਰਨਾਂ ਵਲ ਮੱਥਾ ਟੇਕ ਕੇ ਜ਼ਮੀਨ ਤੇ ਰੱਖ ਦਿਤਾ ਤੇ ਮੁਖੋਂ ਬੜੇ ਰੋਸ ਨਾਲ ਆਖਿਆ ਕਿ ਮੇਰਾ ਪਿਤਾ ਗੁਰੂ ਤੇਗ ਬਹਾਦਰ ਜੀ ਦਾ ਚੌਰ ਬਰਦਾਰ ਸੀ ਤੇ ਉਹ ਰਿੱਛ ਬਣ ਗਿਆ, ਕਿਤੇ ਮੈਨੂੰ ਬਾਂਦਰ ਦੀ ਜੂਨ ਨਾ ਭੁਗਤਣੀ ਪਵੇ। ਮਹਾਰਾਜ ਜੀ ਮੁਸਕਰਾਏ। ਆਪ ਕਿਸ਼ੋਰ ਅਵਸਥਾ ਵਿਚ ਸਨ, ਬੜੇ ਪਿਆਰ ਨਾਲ ਕਹਿਣ ਲੱਗੇ, “ਭਾਈ ਕੀਰਤੀਆ! ਅਸਾਡੇ ਚਰਨਾਂ ਤੇ ਚੌਰ ਰੱਖਣ ਦੀ ਥਾਂ ਚਾਹੀਦਾ ਤਾਂ ਇਹ ਸੀ ਕਿ ਸਾਨੂੰ ਪੁਛਦਾ ਕਿ ਮੇਰਾ ਪਿਤਾ ਕਿਉਂ ਐਡੀ ਵੱਡੀ ਸੇਵਾ ਤੇ ਰਹਿੰਦਾ ਹੋਇਆ ਰਿੱਛ ਬਣਿਆ? ਚੰਗਾ, ਤੇਰਾ ਅਸੀਂ ਸ਼ੰਕਾ ਨਵਿਰਤ ਕਰਦੇ ਹਾਂ।” ਗੁਰੂ ਮਹਾਰਾਜ ਨੇ ਰਿੱਛ ਮੁੱਲ ਲੈ ਲਿਆ, ਕੜਾਹ ਪ੍ਰਸ਼ਾਦ ਦੀ ਦੇਗ ਵਿਚੋਂ ਇਕ ਕਿਣਕਾ ਆਪਣੇ ਮੁਖ ਵਿਚ ਪਾਇਆ ਤੇ ਬਾਕੀ ਉਸ ਰਿੱਛ ਦੇ ਅੱਗੇ ਪਾ ਦਿਤਾ। ਛਕਦੇ ਸਾਰ ਰਿੱਛ ਦੇ ਕਪਾਟ ਖੁਲ੍ਹ ਗਏ ਅਤੇ ਉਹ ਪਸ਼ੂ ਜੂਨੀ ਛੱਡ ਕੇ ਦੇਵ ਸਰੀਰ ਦੇ ਨਾਲ ਸਾਰੀ ਸੰਗਤ ਵਿਚ ਦਰਸ਼ਨ ਦੇ ਰਿਹਾ ਹੈ। ਭਾਈ ਕੀਰਤੀਆ ਵੀ ਹੈਰਾਨ ਹੋ ਰਿਹਾ ਹੈ। ਮਰਿਆ ਰਿੱਛ ਗੁਰੂ ਮਹਾਰਾਜ ਜੀ ਨੇ ਚੁਕਵਾ ਦਿਤਾ। ਭਾਈ ਕੀਰਤੀਏ ਨੂੰ ਮਹਾਰਾਜ ਜੀ ਕਹਿਣ ਲੱਗੇ, “ਪੁਛ! ਆਪਣੇ ਪਿਤਾ ਤੋਂ ਕਿ ਇਹ ਕਿਉਂ ਹੋਇਆ?”

ਕਹਿਣ ਲੱਗਾ ਕਿ ਬੇਟਾ! ਗੁਰੂ ਸ਼ਾਖਸ਼ਾਤ ਪ੍ਰਮੇਸ਼ਰ ਰੂਪ ਹਨ। ਗੁਰਬਾਣੀ ਦੇ ਸਿਧਾਂਤ ਅਤਿ ਮਹਿਮਾ ਯੋਗ ਹਨ। ਗੁਰਬਾਣੀ ਵਿਚ ਆਉਂਦਾ ਹੈ ਕਿ –

*ਨਾਨਕ ਫਿਕੈ ਬੋਲਿਐ*
*ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥*
*ਪੰਨਾ – 473*

ਮੈਥੋਂ ਬੜੀ ਭੁੱਲ ਹੋਈ। ਇਕ ਦਿਨ ਮੈਂ ਪ੍ਰਸ਼ਾਦ ਵਰਤਾਉਂਦਾ ਸੀ, ਇਕ ਅਭੇਦ ਅਵਸਥਾ ਦਾ ਗੁਰਸਿੱਖ ਭਾਈ ਧੰਨਾ ਗੁਰੂ ਲੰਗਰਾਂ ਲਈ ਦਸਵੰਧ ਦੇ ਰੂਪ ਵਿਚ ਰਾਸ਼ਨ ਦਾ ਗੱਡਾ ਭਰੀ ਲਈਂ ਆ ਰਿਹਾ ਸੀ। ਮੈਨੂੰ ਪ੍ਰਸ਼ਾਦ ਵਰਤਾਂਦਾ ਦੇਖ ਕੇ ਉਸ ਦੇ ਮਨ ਵਿਚ ਪ੍ਰੇਮ ਭਾਵਨਾ ਜਾਗੀ ਕਿ ਗੁਰੂ ਕੇ ਸ਼ੀਤ ਪ੍ਰਸ਼ਾਦ ਦਾ ਜੇ ਇਕ ਕਿਣਕਾ ਮਿਲ ਜਾਵੇ ਤਾਂ ਮੈਥੋਂ ਵੱਡੇ ਭਾਗਾਂ ਵਾਲਾ ਹੋਰ ਕੌਣ ਹੋ ਸਕਦਾ ਹੈ। ਉਸ ਨੇ ਗੱਡਾ ਖੜ੍ਹਾ ਕੀਤਾ ਅਤੇ ਮੇਰੇ ਸਾਮ੍ਹਣੇ ਦੋ ਹੱਥ ਕੀਤੇ ਅਤੇ ਬਲਦਾਂ ਨੂੰ ਹੱਕਣ ਵਾਲੀ ਪਰਾਣੀ (ਸੋਟੀ) ਉਸ ਦੇ ਡੌਲੇ (ਕੱਛ) ਹੇਠ ਸੀ ਅਤੇ ਉਸ ਦਾ ਦਾੜ੍ਹਾ ਧੂੜ ਨਾਲ ਲੱਥਪੱਥ ਹੋਇਆ ਹੋਇਆ ਸੀ। ਸ਼ਕਲ ਵੀ ਪਛਾਣ ਵਿਚ ਨਹੀਂ ਸੀ ਆਉਂਦੀ, ਕਪੜਿਆਂ ਵਿਚ ਵੀ ਧੂੜੀ ਸੀ। ਮੈਨੂੰ ਤਰਕ ਜਾਗੀ ਕਿ ਇਹ ਇਕ ਦਮ ਆ ਕੇ ਪ੍ਰਸ਼ਾਦ ਮੰਗਦਾ ਹੈ, ਮੈਂ ਦੂਜੇ ਪਾਸੇ ਵਰਤਾਉਣ ਲੱਗ ਗਿਆ। ਉਹ ਵੀ ਦੂਜੇ ਪਾਸੇ ਆ ਬੈਠਿਆ। ਮੇਰੇ ਮਨ ਵਿਚ ਬਹੁਤ ਹੀ ਈਰਖਾ ਦਾ ਭਾਵ ਜਾਗਿਆ ਕਿ ਇਹ ਸਿੱਖ ਕੀ ਕਰਦਾ ਹੈ? ਮੈਂ ਫੇਰ ਦੂਜੇ ਪਾਸੇ ਹੋ ਗਿਆ। ਐਤਨੇ ਵਿਚ ਉਸ ਦੇ ਬੈਲ ਗੱਡਾ ਲੈ ਕੇ ਆਪੇ ਹੀ ਤੁਰ ਪਏ। ਉਸ ਨੇ ਫੇਰ ਮੇਰੇ ਤੋਂ ਪ੍ਰਸ਼ਾਦ ਮੰਗਿਆ, ਮੈਂ ਕ੍ਰੋਧ ਵਿਚ ਆ ਗਿਆ। ਮੈਨੂੰ ਇਹ ਮਾਣ ਸੀ ਕਿ ਮੈਂ ਗੁਰੂ ਤੇਗ ਬਹਾਦਰ ਮਹਾਰਾਜ ਜੀ ਦਾ ਸੇਵਾਦਾਰ ਹਾਂ। ਮੈਨੂੰ ਹੋਰ ਕੋਈ ਆਪਣੇ ਤੋਂ ਚੰਗਾ ਸਿੱਖ ਨਜ਼ਰ ਨਹੀਂ ਸੀ ਆਉਂਦਾ ਕਿਉਂਕਿ ਮੈਂ ਹਰ ਵਕਤ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਰਿਹਾ ਕਰਦਾ ਸਾਂ। ਪਰ ਮੈਂ ਤੈਨੂੰ ਬੇਟਾ! ਸੱਚ ਦਸਦਾ ਹਾਂ ਕਿ ਹਜ਼ੂਰੀ ਵਿਚ ਰਹਿ ਕੇ ਚਾਹੀਦਾ ਤਾਂ ਇਹ ਸੀ ਕਿ ਮੈਂ ਆਪਣਾ ਆਪਾ ਭਾਵ ਗਵਾ ਦਿੰਦਾ ਪਰ ਮੇਰੇ ਵਿਚ ਸੇਵਾ ਦਾ ਮਾਣ, ਏਸ ਭਾਵਨਾ ਨੂੰ ਜਗਾਉਂਦਾ ਰਿਹਾ ਕਿ ਮੇਰੇ ਨਾਲ ਦਾ ਹੋਰ ਕੋਈ ਸਿੱਖ ਨਹੀਂ ਹੈ। ਬੇਟਾ! ਗੁਰੂ ਨੂੰ ਮਾਣ ਨਹੀਂ ਭਾਉਂਦਾ –

*ਹਰਿ ਜੀਉ ਅਹੰਕਾਰੁ ਨ ਭਾਵਈ*
*ਵੇਦ ਕੂਕਿ ਸੁਣਾਵਹਿ॥ ਪੰਨਾ – 1089*

ਇਹ ਮਾਣ ਬੰਦੇ ਨੂੰ ਗੁਰੂ ਦੇ ਪਿਆਰ ਨਾਲੋਂ ਤੋੜ ਦਿੰਦਾ ਹੈ, ਐਵੇਂ ਇਕ ਫੋਕੀ ਜਿਹੀ ਜ਼ਿੰਦਗੀ ਦਿਖਾਵੇ ਦੀ, ਬੇ-ਰਸੀ ਹੋ ਕੇ, ਪੂਰਨ ਭਾਸਦੀ ਹੈ ਅਤੇ ਅਗਿਆਨ ਦਾ ਹਨ੍ਹੇਰਾ ਅੰਤਸ਼ਕਰਣ ਨੂੰ ਢਕ ਲੈਂਦਾ ਹੈ। ਗੱਲਾਂ ਦਾ ਤਾਂ ਮੈਂ ਬਹੁਤ ਗਿਆਨੀ ਸੀ, ਗੁਰੂ ਮਹਾਰਾਜ ਦੇ ਕੀਤੇ ਬਚਨ ਸਭ ਯਾਦ ਸਨ ਪਰ ਕਰਨੀ ਵਿਚ ਮੈਂ ਬਿਲਕੁਲ ਖਾਲੀ ਹੀ ਸੀ। ਮੇਰੇ ਖਿਆਲ ਵਿਚ ਸੀ ਕਿ ਮੈਂ ਸਭ ਕੁਝ ਜਾਣਦਾ ਹਾਂ। ਸੋ ਇਨ੍ਹਾਂ ਅਸਰਾਂ ਅਧੀਨ ਮੈਨੂੰ ਧਿਆਨ ਹੀ ਨਾ ਰਿਹਾ ਕਿ ਗੁਰਬਾਣੀ ਫਿਕਾ ਬੋਲਣ ਤੋਂ ਰੋਕਦੀ ਹੈ। ਬਾਬਾ ਫਰੀਦ ਜੀ ਫੁਰਮਾਨ ਕਰਦੇ ਹਨ-

*ਇਕੁ ਫਿਕਾ ਨ ਗਾਲਾਇ*
*ਸਭਨਾ ਮੈ ਸਚਾ ਧਣੀ॥*
*ਹਿਆਉ ਨ ਕੈਹੀ ਠਾਹਿ*
*ਮਾਣਕ ਸਭ ਅਮੋਲਵੇ॥*
*ਸਭਨਾ ਮਨ ਮਾਣਿਕ ਠਾਹਣੁ*
*ਮੂਲਿ ਮਚਾਂਗਵਾ॥*
*ਜੇ ਤਉ ਪਿਰੀਆ ਦੀ ਸਿਕ*
*ਹਿਆਉ ਨ ਠਾਹੇ ਕਹੀ ਦਾ॥*
*ਪੰਨਾ – 1384*

ਮੈਂ ਇਸ ਸਿਧਾਂਤ ਨੂੰ ਬਿਲਕੁਲ ਭੁੱਲ ਹੀ ਗਿਆ। ਮੈਂ ਉਸ ਨੂੰ ਕੜਕ ਕੇ ਬੋਲਿਆ, “ਓ ਰਿਛਾ! ਟਿਕ ਕੇ ਬੈਠਦਾ ਹੈਂ ਜਾਂ ਨਹੀਂ। ਵਾਰੀ ਆਏਗੀ ਪ੍ਰਸ਼ਾਦ ਲੈ ਲਈਂ।” ਉਸ ਗੁਰਸਿੱਖ ਨੇ ਮੈਨੂੰ ਕੋਈ ਦੁਰਬਚਨ ਨਹੀਂ ਬੋਲਿਆ। ਇਕ ਕਿਣਕਾ ਜੋ ਜ਼ਮੀਨ ਉਤੇ ਗਿਰਿਆ ਪਿਆ ਸੀ, ਮੂੰਹ ਵਿਚ ਪਾ ਕੇ ਸ਼ੁਕਰ ਕਰਦੇ ਹੋਏ ਨੇ ਨਮਸ਼ਕਾਰ ਕੀਤੀ। ਪਰ ਜਦੋਂ ਤੁਰਨ ਲੱਗਿਆ

ਤਾਂ ਕਹਿ ਗਿਆ ਕਿ ਭਾਈ ਗੁਰਮੁਖਾ! ਰਿੱਛ ਤਾਂ ਤੂੰ ਹੀ ਬਣਨਾ ਹੈ। ਗੁਰਸਿੱਖ ਅਭੇਦ ਅਵਸਥਾ ਦਾ ਮਾਲਕ ਸੀ। ਅਮੋਘ ਬਾਣ ਚਲ ਗਿਆ, ਮੇਰੇ ਮਨ ਵਿਚ ਉਸੇ ਵੇਲੇ ਸੰਸਾ ਪੈ ਗਿਆ। ਮੈਂ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ। ਮਹਾਰਾਜ ਜੀ ਫੁਰਮਾਉਣ ਲੱਗੇ ਕਿ ਭਾਈ ਸੋਭਾ ਰਾਮ! ਤੇਰੇ ਤੋਂ ਬੜੀ ਭਾਰੀ ਭੁੱਲ ਹੋਈ ਹੈ, ਤੂੰ ਫਿਕਾ ਬੋਲ ਕੇ ਗੁਰਸਿੱਖ ਦਾ ਦਿਲ ਤੋੜਿਆ ਹੈ। ਤੈਨੂੰ ਭੁੱਲ ਗਿਆ ਕਿ ਸਾਰਿਆਂ ਵਿਚ ਇਕੋ ਧਣੀ ਪ੍ਰਵੇਸ਼ ਕਰਕੇ ਵੱਖ-ਵੱਖ ਰੂਪ ਧਾਰੀਂ ਬੈਠਾ ਹੈ। ਉਹ ਗੁਰਸਿੱਖ ਮੇਰੇ ਨਾਲ ਸਦਾ ਹੀ ਅਭੇਦ ਰਹਿੰਦਾ ਹੈ। ਜਿਵੇਂ ਮੱਛੀ ਪਾਣੀ ਤੋਂ ਬਿਨਾਂ ਨਹੀਂ ਰਹਿੰਦੀ ਉਹ ਐਵੇਂ ਗੁਰੂ ਸਰੂਪ ਵਿਚ ਲੀਨ ਹੋਇਆ ਹੋਇਆ ਗੁਰੂ ਸਰੂਪ ਰੂਪੀ ਜਲ ਵਿਚ ਜੀਵਨ ਬਤੀਤ ਕਰ ਰਿਹਾ ਹੈ। ਅਜਿਹੇ ਪਿਆਰੇ ਮੇਰਾ ਹੀ ਰੂਪ ਹੁੰਦੇ ਹਨ ਤੇ ਮੈਂ ਉਨ੍ਹਾਂ ਦੀ ਰਸਨਾ ਉਤੇ ਹੀ ਵਸਦਾ ਹਾਂ –

**ਪ੍ਰਭ ਜੀ ਬਸਹਿ ਸਾਧ ਕੀ ਰਸਨਾ॥**

**ਪੰਨਾ – 263**

ਭਾਈ ਸੋਭਾ ਰਾਮ! ਮੈਂ ਉਸ ਗੁਰਸਿੱਖ ਦਾ ਬਚਨ ਕਿਸੇ ਤਰ੍ਹਾਂ ਵੀ ਨਹੀਂ ਟਾਲ ਸਕਦਾ, ਮੇਰੇ ਕੀਤੇ ਹੋਏ ਬਚਨ ਨੂੰ ਮੇਰੇ ਪਿਆਰੇ ਸਾਂਭ ਲੈਂਦੇ ਹਨ ਅਤੇ ਬਦਲ ਦਿੰਦੇ ਹਨ। ਮੈਨੂੰ ਉਨ੍ਹਾਂ ਦਾ ਕਿਹਾ ਮੰਨਣਾ ਪੈਂਦਾ ਹੈ ਕਿਉਂਕਿ ਉਹ ਰਾਮ ਦੇ ਨਾਮ ਦੇ ਰੰਗ ਵਿਚ ਰਤੇ ਹੁੰਦੇ ਹਨ ਅਤੇ ਮੇਰਾ ਰੂਪ ਹੀ ਬਣੇ ਹੁੰਦੇ ਹਨ –

**ਦਾਸ ਅਨਿੰਨ ਮੇਰੋ ਨਿਜ ਰੂਪ॥**

**ਪੰਨਾ – 1252**

ਇਹ ਆਦਿ ਜੁਗਾਦਿ ਤੋਂ ਹੀ ਰੀਤ ਚਲੀ ਆ ਰਹੀ ਹੈ ਕਿ ਪ੍ਰਭੂ ਆਪਣੇ ਪਿਆਰਿਆਂ ਦਾ ਬਚਨ ਕਦੇ ਵੀ ਨਹੀਂ ਬਦਲਦਾ। ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਭਾਈ ਲੱਖੂ ਦਾ ਬਚਨ ਨਹੀਂ ਸੀ ਬਦਲਿਆ ਕਿ ਆਵਾ ਕੱਚਾ ਰਹੇਗਾ, ਆਵਾ ਕੱਚਾ ਰਹੇਗਾ, ਆਵਾ ਕੱਚਾ ਰਹੇਗਾ ਪਰ ਉਸਦੀਆਂ ਇੱਟਾਂ ਪੱਕੀਆਂ ਤੋਂ ਵੀ ਮਹਿੰਗੀਆਂ ਵਿਕਵਾ ਦਿਤੀਆਂ। ਕ੍ਰਿਸ਼ਨ ਮਹਾਰਾਜ ਨੇ ਦੁਰਬਾਸਾ ਜੀ ਦਾ ਬਚਨ ਨਾ ਬਦਲਿਆ ਜਿਸ ਵਿਚ ਦੁਰਬਾਸਾ ਜੀ ਨੇ ਯਾਦਵ ਕੁਲ ਦੇ ਨਾਸ਼ ਹੋ ਜਾਣ ਦਾ ਬਚਨ ਕੀਤਾ ਸੀ ਪਰ ਆਪਣੀ ਕੁਲ ਦਾ ਨਾਸ਼ ਕਰਵਾ ਲਿਆ। ਗੁਰਬਾਣੀ ਵਿਚ ਸੰਕੇਤ ਹੈ –

**ਦੁਰਬਾਸਾ ਸਿਉ ਕਰਤ ਠਗਉਰੀ**
**ਜਾਦਵ ਏ ਫਲ ਪਾਏ॥**

**ਪੰਨਾ – 693**

ਸਾਰੀ ਕੁਲ ਦਾ ਨਾਸ਼ ਹੋ ਗਿਆ। ਆਪ ਵੀ ਪਰਭਾਸ ਤੀਰਥ ਦੇ ਨੇੜੇ ਜੰਗਲ ਵਿਚ ਗੋਡੇ ਉਪਰ ਪੈਰ ਧਰ ਕੇ ਬੈਠ ਗਏ ਤੇ ਇਕ ਬੱਧਕ ਨੇ ਮਿਰਗ ਜਾਣ ਕੇ ਆਪ ਦੇ ਬਾਣ ਮਾਰਿਆ। ਇਹ ਸਭ ਕੁਝ ਕਰਵਾ ਲਿਆ ਪਰ ਆਪਣੇ ਭਗਤ ਦਾ ਬਚਨ ਨਹੀਂ ਬਦਲਿਆ। ਭਾਈ ਗੁਰਦਾਸ ਜੀ ਨੇ ਇਸ ਵੇਰਵੇ ਨੂੰ ਖੋਲ੍ਹ ਕੇ ਦੱਸਿਆ ਹੈ –

**ਜਾਇ ਸੁੱਤਾ ਪਰਭਾਸ ਵਿਚ**
**ਗੋਡੇ ਉਤੇ ਪੈਰ ਪਸਾਰੇ।**
**ਚਰਣਕਮਲ ਵਿਚ ਪਦਮ ਹੈ**
**ਝਿਲਮਿਲ ਝਲਕੇ ਵਾਂਗੀ ਤਾਰੇ।**
**ਬੱਧਕ ਆਯਾ ਭਾਲਦਾ**
**ਮਿਰਗੈ ਜਾਣਿ ਬਾਣ ਲੈ ਮਾਰੇ।**
**ਦਰਸ਼ਨ ਡਿੱਠੋਸੁ ਜਾਇ ਕੈ**
**ਕਰਣਪਲਾਵ ਕਰੇ ਪੁਕਾਰੇ।**
**ਗਲ ਵਿਚ ਲੀਤਾ ਕ੍ਰਿਸ਼ਨ ਜੀ**
**ਅਵਗੁਣ ਕੀਤੇ ਹਰਿ ਨ ਚਿਤਾਰੇ।**
**ਕਰਿ ਕਿਰਪਾ ਸੰਤੋਖਿਆ**
**ਪਤਿਤ ਉਧਾਰਣ ਬਿਰਦ ਬੀਚਾਰੇ।**
**ਭਲੇ ਭਲੇ ਕਰਿ ਮੰਨੀਅਨਿ**
**ਬੁਰਿਆਂ ਦੇ ਹਰਿ ਕਾਜ ਸਵਾਰੇ।**
**ਪਾਪ ਕਰੰਦੇ ਪਤਿਤ ਉਧਾਰੇ।**

**ਭਾਈ ਗੁਰਦਾਸ ਜੀ, ਵਾਰ 10/23**

ਸੋ ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਕੇਤ ਹੈ –

**ਮੇਰੀ ਬਾਂਧੀ ਭਗਤੁ ਛਡਾਵੈ**
**ਬਾਂਧੈ ਭਗਤੁ ਨ ਛੂਟੈ ਮੋਹਿ॥**
**ਏਕ ਸਮੈ ਮੋ ਕਉ ਗਹਿ ਬਾਂਧੈ**
**ਤਉ ਫੁਨਿ ਮੋ ਪੈ ਜਬਾਬੁ ਨ ਹੋਇ॥**

**ਪੰਨਾ – 1252**

ਸੋ ਬੇਟਾ ਕੀਰਤੀਆ! ਗੁਰੂ ਮਹਾਰਾਜ ਜੀ ਨੇ ਦਇਆ ਕੀਤੀ ਤੇ ਫੁਰਮਾਨ ਕੀਤਾ ਕਿ ਤੈਨੂੰ ਰਿੱਛ ਦੀ ਜੋਨੀ ਤਾਂ ਭੋਗਣੀ ਹੀ ਪਵੇਗੀ ਪਰ ਅਸੀਂ ਦਸਵੇਂ ਜਾਮੇ ਵਿਚ ਤੇਰੀ ਕਮਾਈ ਹੋਈ ਸੇਵਾ ਨੂੰ ਮੁਖ ਰੱਖ ਕੇ ਤੈਨੂੰ ਉਸ ਜੂਨੀ ਤੋਂ ਛੁਟਕਾਰਾ ਦਿਵਾ ਕੇ ਆਪਣੇ ਲੋਕ ਭੇਜ ਦੇਵਾਂਗੇ। ਸੋ ਇਸ ਤਰ੍ਹਾਂ ਤੇਰੀ ਕੀਤੀ ਭੁੱਲ ਦੀ ਤੈਨੂੰ ਸਜ਼ਾ ਭੀ ਮਿਲ ਜਾਵੇਗੀ ਤੇ ਸਿੱਖ ਦਾ ਕੀਤਾ ਬਚਨ ਭੀ ਫਲੀਭੂਤ ਰਹੇਗਾ।

ਸੋ ਇਸੇ ਤਰ੍ਹਾਂ ਨਾਲ ਗੁਰੂ ਨਾਨਕ ਸਾਹਿਬ ਜੀ ਨੇ ਬਚਨ ਕੀਤਾ ਕਿ ਭਾਈ ਗੁਰਸਿਖੋ! ਮੂਲਾ ਗੁਰੂ ਤੋਂ ਬੇਮੁਖ ਹੋ ਗਿਆ ਹੈ। ਜਦੋਂ ਅਸੀਂ ਦਸਵੇਂ ਜਾਮੇ ਵਿਚ ਹੋਵਾਂਗੇ ਤਾਂ ਇਹ ਸਹੇ ਦੀ ਜੂਨੀ ਵਿਚ ਹੋਵੇਗਾ ਤੇ ਅਸੀਂ ਆਪਣੇ ਹੱਥੀਂ ਇਸ ਦਾ ਉਧਾਰ ਕਰਾਂਗੇ। ਗੁਰੂ ਮਹਾਰਾਜ ਜੀ ਨੇ ਸ਼ਿਕਾਰਘਾਟ ਇਸ ਜੀਵ ਦਾ ਉਧਾਰ ਕੀਤਾ।

ਇਸ ਤਰ੍ਹਾਂ ਦੀਆਂ ਬਹੁਤ ਹੀ ਉਦਾਹਰਣਾਂ ਹਨ ਜਿਨ੍ਹਾਂ ਨੂੰ ਵਾਚਣ ਤੋਂ ਅਸਾਨੂੰ ਪੂਰਨ ਨਿਸ਼ਚੇ ਦੇ ਨਾਲ ਮੰਨ ਲੈਣ ਵਿਚ ਕੋਈ ਦੋਸ਼ ਨਹੀਂ ਹੈ ਕਿ ਜੀਵ ਸਰੀਰ ਛੱਡਣ ਦੇ ਨਾਲ ਮਰਦਾ ਨਹੀਂ ਹੈ। ਉਸ ਨੂੰ ਨਰਕਾਂ ਵਿਚ ਵੀ ਜਾਣਾ ਪੈਂਦਾ ਹੈ ਅਤੇ ਜੂਨੀਆਂ ਦੇ ਦੁਖ ਵੀ ਭੋਗਣੇ ਪੈਂਦੇ ਹਨ। ਸੋ ਇਹ ਪਹਿਲੀ ਗਤੀ ਪਾਪੀਆਂ ਦੀ

ਹੋਇਆ ਕਰਦੀ ਹੈ। ਜਿਨ੍ਹਾਂ ਨੇ ਭੁੱਲਾਂ ਕੀਤੀਆਂ ਹਨ ਉਨ੍ਹਾਂ ਦੀ ਉਹ ਸਜ਼ਾ ਭੁਗਤਦੇ ਹਨ। ਗੁਰੂ ਉਪਦੇਸ਼ ਤੋਂ ਉਲਟ ਜਿਨ੍ਹਾਂ ਨੇ ਜੀਵਨ ਗੁਜ਼ਾਰਿਆ ਹੈ ਉਨ੍ਹਾਂ ਨੂੰ ਇਸ ਦਾ ਫਲ ਭੋਗਣਾ ਪੈਂਦਾ ਹੈ।

ਦੂਸਰੀ ਗਤੀ ਉਨ੍ਹਾਂ ਪੁਰਸ਼ਾਂ ਦੀ ਹੋਇਆ ਕਰਦੀ ਹੈ ਜੋ ਸੰਸਾਰ ਵਿਚ ਆ ਕੇ ਪੁੰਨ ਕਰਦੇ ਹਨ, ਦਾਨ ਕਰਦੇ ਹਨ, ਰੋਹੀਆਂ ਵਿਚ ਨਲਕੇ ਲਵਾਉਂਦੇ ਹਨ, ਪਸ਼ੂਆਂ ਦੇ ਪਾਣੀ ਪੀਣ ਲਈ ਖੇਲ੍ਹਾਂ ਬਣਾਉਂਦੇ ਹਨ, ਪੰਛੀਆਂ ਦੇ ਪਾਣੀ ਪੀਣ ਦਾ ਪ੍ਰਬੰਧ ਕਰਦੇ ਹਨ। ਭੁੱਖੇ ਨੂੰ ਪ੍ਰਸ਼ਾਦਾ, ਨੰਗੇ ਨੂੰ ਵਸਤਰ, ਦਵਾਈ ਦੀ ਲੋੜ ਵਾਲੇ ਨੂੰ ਦਵਾਈ ਦਿੰਦੇ ਹਨ। ਗਰੀਬ ਦੇ ਬੱਚਿਆਂ ਦੀ ਗੁਪਤ ਮਦਦ ਕਰਦੇ ਹਨ। ਪੈਸੇ ਖੰਨੀਓਂ ਥੁੜੇ ਹੋਏ ਨੂੰ ਗੁਪਤ ਰਹਿ ਕੇ ਪੈਸਾ ਦਿੰਦੇ ਹਨ, ਲੰਗਰਾਂ ਲਈ ਅੰਨ ਦਾਨ ਦਿੰਦੇ ਹਨ। ਸੇਵਾ ਕਰਦੇ ਹਨ, ਟੁੱਟੀਆਂ ਹੋਈਆਂ ਰੂਹਾਂ ਨੂੰ ਜੋੜਦੇ ਹਨ। ਹਸਪਤਾਲ, ਸਕੂਲ, ਗੁਰਮਤਿ ਵਿਦਿਆਲੇ, ਸੰਤਾਂ, ਸਾਧੂਆਂ, ਰਿਸ਼ੀਆਂ, ਮੁਨੀਆਂ, ਪੀਰਾਂ ਫਕੀਰਾਂ ਲਈ ਰਾਸ਼ਨ ਪਹੁੰਚਾਉਂਦੇ ਹਨ। ਅਜਿਹੇ ਅਨੇਕਾਂ ਕੰਮ ਕਰਦੇ ਹਨ ਜਿਸ ਨਾਲ ਦੂਸਰੇ ਦੀ ਮਦਦ ਹੋਵੇ, ਜਿਸ ਨਾਲ ਉਸ ਦਾ ਚਿਤ ਖਿੜ ਜਾਵੇ। ਮਿੱਠਾ ਬੋਲਦੇ ਹਨ, ਜੀਵਨ ਦੇ ਅੰਦਰ ਪੂਰੀ ਤਰ੍ਹਾਂ ਪਵਿੱਤਰ ਰਹਿੰਦੇ ਹਨ, ਆਪਣੇ ਚਰਿੱਤਰ ਨੂੰ ਬੇ-ਲਾਗ ਰਖਦਿਆਂ ਦਸਵੰਧ ਕੱਢਦੇ ਹਨ ਅਤੇ ਅਨੇਕਾਂ-ਅਨੇਕਾਂ ਪੁੰਨ ਦੇ ਕੰਮ ਕਰਦੇ ਹਨ ਪਰ ਇਹ ਸਭ ਕੁਝ ਕਰਕੇ ਇਸ ਦਾ ਫਲ ਗੁਰੂ ਅਰਪਣ ਨਹੀਂ ਕਰਦੇ। ਮੂੰਹ ਨਾਲ ਹੀ ਆਖਦੇ ਹਨ ਕਿ ਪੂਜਾ ਪਾਠ ਕਰਦੇ ਹੋਇਆਂ ਹੋਰ ਅਨੇਕਾਂ ਸੇਵਾ ਦੇ ਕਾਰਜ ਕੀਤੇ ਹੋਏ, ਗੁਰੂ ਦੇ ਖਜ਼ਾਨੇ ਵਿਚ ਦਾਖਲ ਹੋਣ ਪਰ ਉਨ੍ਹਾਂ ਕਾਰਜਾਂ ਦੀ ਮੇਰ ਨਹੀਂ ਛੱਡਦੇ। ਗੁਰਦੁਆਰੇ ਦੀ ਇਮਾਰਤ ਬਣਾਉਣ ਪਿਛੋਂ ਮੰਦਰ, ਮਸਜਿਦ ਬਣਾਉਣ ਪਿਛੋਂ ਇਛਿਆ ਰਖਦੇ ਹਨ ਕਿ ਮੇਰਾ ਜਸ ਫੈਲੇ, ਮੈਨੂੰ ਲੋਕ ਬਹੁਤ ਚੰਗਾ ਕਹਿਣ ਪਰ ਜੇ ਕਿਤੇ ਉਨ੍ਹਾਂ ਨੂੰ ਗੁਰਦੁਆਰੇ ਦੀ ਪ੍ਰਧਾਨਗੀ, ਸਕੱਤਰਤਾ, ਖਜ਼ਾਨਚੀ ਜਾਂ ਹੋਰ ਸੇਵਾ ਤੋਂ ਲਾਂਭੇ ਕਰਕੇ ਉਨ੍ਹਾਂ ਦੀ ਥਾਂ ਕੋਈ ਹੋਰ ਬਣ ਜਾਵੇ ਤਾਂ ਉਨ੍ਹਾਂ ਦੇ ਮਨ ਵਿਚ ਇਹ ਸੋਚ ਕੇ ਐਨਾ ਦੁਖ ਹੁੰਦਾ ਹੈ ਕਿ ਲੋਕਾਂ ਨੇ ਮੇਰੀ ਕਦਰ ਹੀ ਨਹੀਂ ਕੀਤੀ। ਪ੍ਰਸੰਸਾ ਕਰਾਉਣ ਦੀ ਲਾਲਸਾ ਉਨ੍ਹਾਂ ਦੇ ਮਨ ਵਿਚ ਸਦਾ ਹੀ ਬਣੀ ਰਹਿੰਦੀ ਹੈ। ਉਹ ਐਨੇ ਦੁਖੀ ਹੁੰਦੇ ਹਨ ਕਿ ਉਸੇ ਮੰਦਰ, ਗੁਰਦੁਆਰਾ, ਮਸਜਿਦ ਵਿਚ ਭੁੱਲ ਕੇ ਵੀ ਹਾਜ਼ਰੀ ਨਹੀਂ ਭਰਦੇ।

ਹੁਣ ਵਿਚਾਰ ਕਰੋ! ਕਰਮ ਉਨ੍ਹਾਂ ਦੇ ਬਹੁਤ ਹੀ ਸ਼ੁਭ ਸਨ ਪਰ ਉਨ੍ਹਾਂ ਦੇ ਮਨ ਵਿਚ ਅੰਦਰੂਨੀ ਲਾਲਸਾ ਛੁਪੀ ਹੋਈ ਸੀ ਕਿ ਇਹ ਕਾਰਜ ਮੈਂ ਕਰਦਾ ਹਾਂ। ਗੁਰੂ ਵਾਕ ਨੂੰ ਸਦਾ ਹੀ ਭੁਲੇ ਰਹਿੰਦੇ ਹਨ। ਫੁਰਮਾਨ ਹੈ -

***ਸੋ ਸੇਵਕੁ ਜੋ ਲਾਇਆ ਸੇਵ॥***
***ਤਿਨ ਹੀ ਪਾਏ ਨਿਰੰਜਨ ਦੇਵ॥***
***ਪੰਨਾ - 1159***

ਇਸ ਦੇ ਵਿਪਰੀਤ ਇਹ ਅਧਿਆਸ ਮਨ ਵਿਚ ਪੱਕ ਗਿਆ ਕਿ ਮੈਂ ਦਾਨ ਕਰਦਾ ਹਾਂ; ਮੈਂ ਸੇਵਾ ਕਰਦਾ ਹਾਂ; ਜੇ ਮੈਂ ਨਾ ਹੁੰਦਾ ਤਾਂ ਇਹ ਅਦਾਰਾ ਬੰਦ ਹੋ ਜਾਣਾ ਸੀ। ਇਸ ਦੇ ਵਿਪਰੀਤ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਭੋਲਿਆ! ਵਿਚਾਰ -

***ਇਸ ਕਾ ਬਲੁ ਨਾਹੀ ਇਸੁ ਹਾਥ॥***
***ਕਰਨ ਕਰਾਵਨ ਸਰਬ ਕੋ ਨਾਥ॥***
***ਆਗਿਆਕਾਰੀ ਬਪੁਰਾ ਜੀਉ॥***
***ਜੋ ਤਿਸੁ ਭਾਵੈ ਸੋਈ ਫੁਨਿ ਥੀਉ॥***
***ਪੰਨਾ - 277***

ਸੋ ਇਸ ਤੋਂ ਇਹ ਗਿਆਤ ਹੁੰਦਾ ਹੈ ਕਿ ਮਨ ਵਿਚ ਰੱਖੀ ਹੋਈ ਪਕੜ ਪੁੰਨ ਕਰਮਾਂ ਦੇ ਫਲ ਲੈਣ ਲਈ ਸਦਾ ਹੀ ਲੋਚਦੀ ਰਹਿੰਦੀ ਹੈ। ਉਹ ਫਲ ਵੱਡੇ ਹੋ ਜਾਂਦੇ ਹਨ ਅਤੇ ਸੁਭਾਵਿਕ ਹੀ ਅੰਤਸ਼ਕਰਣ ਦੇ ਸਟੋਰ ਵਿਚ ਇਕੱਤਰ ਹੋ ਜਾਂਦੇ ਹਨ। ਜਦੋਂ ਅਜਿਹਾ ਪੁਰਸ਼ ਸਰੀਰ ਛੱਡਦਾ ਹੈ ਤਾਂ ਜਮਦੂਤ ਉਨ੍ਹਾਂ ਨੂੰ ਲੈਣ ਨਹੀਂ ਆਉਂਦੇ, ਉਨ੍ਹਾਂ ਨੂੰ ਲੈਣ ਲਈ ਧਰਮਰਾਜ ਦੇ ਸ਼ੁਭ ਦੂਤ ਆਇਆ ਕਰਦੇ ਹਨ। ਪੁੰਨਾਂ ਦਾ ਬਲ ਜੇ ਬਹੁਤ ਅਧਿਕ ਹੋਵੇ ਤਾਂ ਐਉਂ ਸਮਝੋ ਜਿਸਦੇ ਕੋਲ ਬਹੁਤਾ ਪੈਸਾ ਹੁੰਦਾ ਹੈ ਉਹ ਪੈਦਲ ਨਹੀਂ ਚਲਦੇ, ਬਲਦਾਂ ਦੇ ਗੱਡੇ, ਟਾਂਗੇ, ਰਿਕਸ਼ੇ ਦੀ ਸਵਾਰੀ ਨਹੀਂ ਕਰਦੇ, ਉਹ ਰੇਲ ਦੀ ਸਵਾਰੀ ਨਹੀਂ ਕਰਦੇ, ਉਹ ਆਪਣੀ ਮੰਜ਼ਲ ਤੇ ਜਾਣ ਵਾਸਤੇ ਤੇਜ਼ ਹਵਾਈ ਜਹਾਜ਼ ਦਾ ਟਿਕਟ ਲੈਂਦੇ ਹਨ ਤੇ ਸ਼ੀਘਰ ਪਹੁੰਚਣਾ ਲੋਚਦੇ ਹਨ। ਇਸੇ ਤਰ੍ਹਾਂ ਨਾਲ ਪੁੰਨਾਂ ਦੀ ਬਹੁਲਤਾ ਕਾਰਨ ਉਨ੍ਹਾਂ ਨੂੰ ਲੈਣ ਵਾਸਤੇ ਵਿਵਾਨ ਆਇਆ ਕਰਦੇ ਹਨ ਅਤੇ ਉਹ ਸਵਰਗ ਲੋਕਾਂ ਵਿਚ ਯਥਾ ਅਧਿਕਾਰ ਪਹੁੰਚਾ ਦਿਤੇ ਜਾਇਆ ਕਰਦੇ ਹਨ। ਜਿਵੇਂ ਕਿ ਪਿਛੇ ਦੱਸਿਆ ਜਾ ਚੁੱਕਾ ਹੈ ਕਿ ਇਹ ਸਵਰਗ, ਗੰਧਰਭ ਲੋਕ, ਦੇਵ ਗੰਧਰਭ ਲੋਕ, ਪਿੱਤਰ ਲੋਕ, ਸਵਰਗ ਲੋਕ, ਇੰਦ੍ਰ ਲੋਕ, ਕਰਮ ਦੇਵ ਲੋਕ, ਅਜਾਨ ਦੇਵ ਲੋਕ, ਪ੍ਰਜਾਪਤ ਲੋਕ ਵਿਚ ਪੁੱਜ ਕੇ ਹਜ਼ਾਰਾਂ ਲੱਖਾਂ ਸਾਲ ਸਵਰਗ ਭੋਗਦੇ ਹਨ ਪਰ ਫੇਰ ਕਰਮ ਭੂਮ ਲੋਕ ਜਿਸ ਨੂੰ ਅਸੀਂ ਮਾਤ ਲੋਕ ਆਖਦੇ ਹਾਂ, ਵਿਚ ਉਨ੍ਹਾਂ ਦਾ ਜੀਵ-ਆਤਮਾ ਸੁੱਟ ਦਿਤਾ ਜਾਇਆ ਕਰਦਾ ਹੈ, ਜੋ ਕਿਸੇ ਅਮੀਰ ਘਰ ਵਿਚ, ਸੁਖੀ ਘਰ ਵਿਚ ਜਨਮ ਧਾਰਨ ਦਾ ਕਾਰਨ ਬਣਦਾ ਹੈ। ਉਨ੍ਹਾਂ ਦੇ ਨਮਿਤ ਕੀਤੇ ਗਏ ਕਰਮ ਉਨ੍ਹਾਂ ਸਵਰਗਾਂ ਵਿਚ ਹੋਰ ਸਹਾਇਤਾ ਦਿੰਦੇ ਹਨ।

ਜਿਵੇਂ ਕਿ ਇਕ ਬਹੁਤ ਪੁਰਾਣੀ ਕਥਾ ਹੈ - ਦਸਰਥ ਜੀ ਦੇ ਪਿਤਾ ਰਘੂ ਜੀ, ਉਨ੍ਹਾਂ ਦੇ ਸੁਪਨੇ ਵਿਚ ਆਏ ਅਤੇ ਕਿਹਾ ਕਿ ਬੇਟਾ! ਤ੍ਰਿਸ਼ੰਕੂ ਰਾਜਾ ਸੰਸਾਰ ਵਿਚ ਮੇਰੇ ਅਧੀਨ ਸੀ ਪਰ ਮੇਰੇ ਤੋਂ ਉਚੇ ਸਵਰਗਾਂ ਵਿਚ ਵਾਸ ਕਰ ਰਿਹਾ ਹੈ। ਤੂੰ ਮੇਰੀ ਸਹਾਇਤਾ ਕਰ ਅਤੇ ਮੇਰੇ ਨਮਿਤ ਪੂਰਨ ਵਿਧੀ ਅਨੁਸਾਰ ਯੱਗ ਕਰਾ ਕੇ ਉਸ ਦਾ ਫਲ ਮੈਨੂੰ ਦੇਹ। ਇਸੇ ਤਰ੍ਹਾਂ ਕੀਤਾ ਗਿਆ। ਫੇਰ

ਸੁਪਨੇ ਵਿਚ ਆ ਕੇ ਉਸ ਨੇ ਕਿਹਾ ਕਿ ਮੈਨੂੰ ਯੱਗ ਦਾ ਫਲ ਮਿਲ ਗਿਆ ਤੇ ਮੈਂ ਉਸ ਤੋਂ ਉਚੇ ਲੋਕ ਵਿਚ ਜਾ ਚੁਕਿਆ ਹਾਂ। ਅਸੀਂ ਵੀ ਵਿਛੜੀ ਹੋਈ ਰੂਹ ਦੇ ਨਮਿਤ ਪ੍ਰੇਮ ਯੱਗ, ਬਾਣੀ ਦੇ ਪ੍ਰਸਾਰ ਦਾ, ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਰਾਹੀਂ, ਸੇਵਾ, ਪੁੰਨ ਦਾਨ ਕਰਕੇ ਵਿਛੜੀ ਹੋਈ ਰੂਹ ਲਈ ਅਰਦਾਸ ਕਰਦੇ ਹਾਂ, ਉਹ ਫਲ ਉਸ ਨੂੰ ਪੁੱਜ ਜਾਂਦਾ ਹੈ। ਪਰ ਇਸ ਵਿਚ ਇਹ ਨਿਯਮ ਹੈ ਕਿ ਦਸਾਂ ਨਹੁੰਆਂ ਦੀ ਪਵਿੱਤਰ ਕਮਾਈ ਵਿਚੋਂ ਦਿਤੇ ਹੋਏ ਦਾਨ ਦਰਗਾਹ ਵਿਚ ਸਹਾਇਤਾ ਕਰਦੇ ਹਨ। ਭੂਤਾਂ, ਪ੍ਰੇਤਾਂ ਦੀਆਂ ਜੂਨਾਂ ਵਿਚ ਪਏ ਹੋਏ ਪ੍ਰਾਣੀਆਂ ਦੀ ਗਤੀ ਕਰਾਉਂਦੇ ਹਨ। ਇਸੇ ਤਰ੍ਹਾਂ ਬਾਣੀ ਦਾ ਜਿਸ ਥਾਂ ਦੇ ਉਤੇ ਯੱਗ ਹੋ ਰਿਹਾ ਹੋਵੇ ਉਸ ਦਾ ਫਲ ਅਮਿਤ ਹੈ, ਉਹ ਰੂਹਾਂ ਦੀ ਸਹਾਇਤਾ ਕਰਦਾ ਹੈ। ਕਈ ਪ੍ਰੇਮੀਆਂ ਨੂੰ ਇਨ੍ਹਾਂ ਸਿਧਾਂਤਾਂ ਦੇ ਨਾਲ ਵਿਰੋਧਤਾ ਹੋਣੀ ਸੁਭਾਵਿਕ ਹੈ ਕਿਉਂਕਿ ਬਾਣੀ ਵਿਚ ਐਸਾ ਫੁਰਮਾਨ ਆਉਂਦਾ ਹੈ –

*ਜੀਵਤ ਪਿਤਰ ਨ ਮਾਨੈ*
*ਕੋਊ ਮੂਏਂ ਸਿਰਾਧ ਕਰਾਹੀ॥*
*ਪਿਤਰ ਭੀ ਬਪੁਰੇ*
*ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥*
*ਪੰਨਾ – 332*

ਅਤੇ ਵਿਅੰਗ ਭਾਵ ਵਿਚ ਵੀ ਲਿਖਿਆ ਹੈ –

*ਜੇ ਮੋਹਾਕਾ ਘਰੁ ਮੁਹੈ*
*ਘਰੁ ਮੁਹਿ ਪਿਤਰੀ ਦੇਇ॥*
*ਅਗੈ ਵਸਤੁ ਸਿਞਾਣੀਐ*
*ਪਿਤਰੀ ਚੋਰ ਕਰੇਇ॥*
*ਪੰਨਾ – 472*

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥*
*ਪੰਨਾ – 1245*

ਇਸ ਸ਼ਬਦ ਵਿਚ ਦਸਾਂ ਨਹੁੰਆਂ ਦੀ ਕਿਰਤ ਕਰਕੇ ਖੱਟਣਾ, ਅਤੇ ਘਾਲ (ਮਿਹਨਤ) ਕਰਕੇ ਨੇਕ ਨੀਤੀ ਨਾਲ ਕਮਾਇਆ ਹੋਇਆ ਧਨ ਜੇ ਦਾਨ ਵਿਚ ਦਿਤਾ ਜਾਵੇ ਤਾਂ ਉਹ ਅੱਗੇ ਮਿਲਦਾ ਹੈ। ਇਕ ਥਾਂ ਗੁਰੂ ਮਹਾਰਾਜ ਜੀ ਐਸਾ ਵੀ ਫੁਰਮਾਨ ਕਰਦੇ ਹਨ ਕਿ ਅਭਿਆਗਤ ਜੋ ਵਾਹਿਗੁਰੂ ਜੀ ਦੇ ਨਾਲ ਹਰ ਵਕਤ ਜੁੜੇ ਰਹਿੰਦੇ ਹਨ ਉਨ੍ਹਾਂ ਨੂੰ ਦਿਤਾ ਹੋਇਆ ਦਾਨ ਫਲ ਦਿੰਦਾ ਹੈ। ਅਭਿਆਗਤ ਦੀ ਰਹਿਤ ਬਾਰੇ ਫੁਰਮਾਨ ਹੈ –

*ਅਭਿਆਗਤ ਏਹਿ ਨ ਆਖੀਅਨਿ*
*ਜਿ ਪਰ ਘਰਿ ਭੋਜਨੁ ਕਰੇਨਿ॥*
*ਉਦਰੈ ਕਾਰਣਿ ਆਪਣੇ*
*ਬਹਲੇ ਭੇਖ ਕਰੇਨਿ॥*
*ਅਭਿਆਗਤ ਸੇਈ ਨਾਨਕਾ*
*ਜਿ ਆਤਮ ਗਉਣੁ ਕਰੇਨਿ॥*
*ਭਾਲਿ ਲਹਨਿ ਸਹੁ ਆਪਣਾ*
*ਨਿਜ ਘਰਿ ਰਹਣੁ ਕਰੇਨਿ॥*
*ਪੰਨਾ – 949*

*ਅਭਿਆਗਤ ਏਹਿ ਨ ਆਖੀਅਨਿ*
*ਜਿਨ ਕੇ ਚਿਤ ਮਹਿ ਭਰਮੁ।।*
*ਤਿਸ ਦੈ ਦਿਤੈ ਨਾਨਕਾ*
*ਤੇਹੋ ਜੇਹਾ ਧਰਮੁ॥*
*ਅਭੈ ਨਿਰੰਜਨੁ ਪਰਮ ਪਦੁ*
*ਤਾ ਕਾ ਭੂਖਾ ਹੋਇ॥*
*ਤਿਸ ਕਾ ਭੋਜਨੁ ਨਾਨਕਾ*
*ਵਿਰਲਾ ਪਾਏ ਕੋਇ॥ ਪੰਨਾ – 949*

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਸ਼ਾਹ ਦਾ ਜਦੋਂ ਦੁਨੀਚੰਦ ਦੇ ਘਰ ਵਿਚ ਪ੍ਰਵੇਸ਼ ਹੁੰਦਾ ਹੈ, ਉਸ ਵੇਲੇ ਉਨ੍ਹਾਂ ਨੇ ਪੇਟ ਪਾਲੂ, ਕਰਮ ਕਾਂਡੀਆਂ, ਭੇਖੀ ਸਾਧੂਆਂ ਨੂੰ ਦਿਤੇ ਹੋਏ ਦਾਨ ਦਾ ਫਲ ਪ੍ਰਗਟ ਕਰਕੇ ਦੱਸਿਆ ਕਿ ਭਾਈ ਦੁਨੀਚੰਦ! ਤੇਰਾ ਪਿਤਾ ਤਾਂ ਸੱਤ ਦਿਨ ਦਾ ਭੁੱਖਾ ਹੈ ਤੇ ਬਘਿਆੜ ਦੀ ਜੂਨੀ ਵਿਚ ਸੰਘਣੇ ਝੱਲ ਵਿਚ ਪਿਆ ਦੁਖ ਭੋਗ ਰਿਹਾ ਹੈ। ਜਾਹ! ਉਸ ਨੂੰ ਪਹਿਲਾਂ ਪ੍ਰਸ਼ਾਦ ਛਕਾ ਕੇ ਆ। ਗੁਰੂ ਮਹਾਰਾਜ ਜੀ ਆਪ ਪ੍ਰਮੇਸ਼ਰ ਸਨ ਪਰ ਆਪ ਨੇ ਸਾਨੂੰ ਇਕ ਸੂਝ ਬਖਸ਼ੀ ਕਿ ਬੰਦਗੀ ਕਰਨ ਵਾਲਿਆਂ ਨੂੰ ਦਿਤਾ ਹੋਇਆ ਦਾਨ ਇਥੇ ਵੀ ਸੁਖ ਦਿੰਦਾ ਹੈ, ਅੱਗੇ ਵੀ ਸਹਾਇਤਾ ਕਰਦਾ ਹੈ ਅਤੇ ਜਿਸ ਦੇ ਨਮਿਤ ਦਿਤਾ ਜਾਂਦਾ ਹੈ, ਉਸ ਨੂੰ ਵੀ ਫਲ ਪ੍ਰਾਪਤ ਹੁੰਦਾ ਹੈ। ਦਾਨ ਦਾ ਫਲ ਜੀਵ ਭੋਗਦਾ ਹੈ। ਗੁਰੂ ਮਹਾਰਾਜ ਜੀ ਨੇ ਤਿੰਨ ਸੁਪਰ ਰਹਿਤਾਂ ਵਿਚ ਦਾਨ ਇਕ ਆਵਸ਼ਕ ਰਹਿਤ ਗਿਣੀ ਹੈ–

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥*
*ਪੰਨਾ – 1245*

ਅਤੇ

*ਗੁਰਮੁਖ ਨਾਮ ਦਾਨ ਇਸ਼ਨਾਨ॥*

ਫਰੀਦ ਜੀ ਦਾ ਸਲੋਕ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਨਹੀਂ ਹੈ –

*ਮਿਠਾ ਬੋਲਣ ਨਿਵ ਚਲਹਿ*
*ਹਥਹੁ ਭੀ ਕਿਛੁ ਦੇਹ॥*
*ਰਬ ਤਿਨਾ ਕੀ ਬੁਕਲੀ*
*ਜੰਗਲਿ ਕਿਆ ਢੂੰਢੇਹਿ॥*

ਗ੍ਰਿਹਸਤੀ ਦੇ ਲੱਛਣ ਦੱਸਦੇ ਹੋਏ, ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ –

*ਸੋ ਗਿਰਹੀ ਜੋ ਨਿਗ੍ਰਹੁ ਕਰੈ॥*
*ਜਪੁ ਤਪੁ ਸੰਜਮੁ ਭੀਖਿਆ ਕਰੈ॥*
*ਪੁੰਨ ਦਾਨ ਕਾ ਕਰੇ ਸਰੀਰੁ॥*
*ਸੋ ਗਿਰਹੀ ਗੰਗਾ ਕਾ ਨੀਰੁ।॥*
*ਪੰਨਾ – 952*

ਪੂਰਬਲੇ ਮਹਾਂਪੁਰਸ਼ਾਂ ਦਾ ਐਸਾ ਮਤ ਸੀ ਕਿ ਦਾਨ ਨਾਲ ਸਵਰਗ ਪ੍ਰਾਪਤ ਹੁੰਦਾ ਹੈ, ਦਾਨ ਨਾਲ ਹੀ

ਜੀਵ ਸੁਖ ਭੋਗਦਾ ਹੈ। ਇਸ ਲੋਕ ਅਰ ਪਰਲੋਕ ਵਿਚ ਦਾਨ ਨਾਲ ਹੀ ਪੂਜਣ ਯੋਗ ਹੁੰਦਾ ਹੈ। ਸੈਂਕੜਿਆਂ ਵਿਚੋਂ ਕੋਈ ਸੂਰਬੀਰ ਹੁੰਦਾ ਹੈ ਅਤੇ ਹਜ਼ਾਰਾਂ ਵਿਚੋਂ ਕੋਈ ਵਿਦਵਾਨ ਹੁੰਦਾ ਹੈ, ਦਸ ਹਜ਼ਾਰਾਂ ਵਿਚੋਂ ਕੋਈ ਬਕਤਾ ਹੁੰਦਾ ਹੈ ਪਰ ਇਨ੍ਹਾਂ ਵਿਚ ਕੋਈ ਦਾਨੀ ਹੋਵੇ, ਨਾ ਹੋਵੇ, ਇਸ ਵਿਚ ਸੰਦੇਹ ਹੀ ਹੈ। ਰਿਸ਼ੀਆਂ ਮੁਨੀਆਂ ਦਾ ਇਹ ਮਤ ਸੀ ਕਿ ਜੋ ਪੁਰਸ਼ ਆਪ ਦਾਨ ਕਰਦਾ ਹੈ ਆਪਣੇ ਸਬੰਧੀਆਂ ਤੋਂ ਦਾਨ ਨਹੀਂ ਕਰਾਉਂਦਾ, ਉਹ ਵੀ ਦਾਤਾ ਨਹੀਂ। ਦੂਸਰਾ ਜੋ ਦੂਸਰਿਆਂ ਤੋਂ ਦਾਨ ਕਰਾਉਂਦਾ ਹੈ, ਆਪਣਾ ਪੈਸਾ ਦਾਨ ਵਿਚ ਨਹੀਂ ਦਿੰਦਾ, ਉਹ ਵੀ ਦਾਤਾ ਨਹੀਂ ਹੈ। ਤੀਸਰਾ ਆਪ ਦਾਨ ਕਰਦਾ ਹੈ ਅਤੇ ਦੂਜਿਆਂ ਤੋਂ ਵੀ ਦਾਨ ਦਿਵਾਉਂਦਾ ਹੈ ਪਰ ਮਿੱਠੀ ਬਾਣੀ ਨਹੀਂ ਬੋਲਦਾ, ਉਹ ਦਾਤਾ ਨਹੀਂ ਹੈ। ਇਸ ਦੇ ਵਿਪਰੀਤ ਜੋ ਆਪ ਵੀ ਦਾਨ ਕਰੇ ਤੇ ਦੂਜੇ ਤੋਂ ਵੀ ਕਰਾਵੇ, ਮਿੱਠੀ ਬਾਣੀ ਬੋਲੇ, ਉਸ ਨੂੰ ਦਾਤਾ ਕਹਿੰਦੇ ਹਨ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਮਨੁੱਖਤਾ ਦੀ ਕਲਿਆਣ ਲਈ ਸਰਬੰਸ ਦਾਨ ਦੇ ਕੇ ਦਾਨ ਦੀ ਮਹੱਤਤਾ ਅਸਾਨੂੰ ਪ੍ਰਗਟ ਕੀਤੀ।

ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਇਕ ਵਾਰੀ ਦਾਨ ਉਪਰ ਬਚਨ ਕਰ ਰਹੇ ਸਨ। ਆਪ ਜੀ ਦੇ ਪਾਸ ਇਕ ਪ੍ਰੇਮੀ ਆਇਆ। ਉਸ ਨੇ ਕਿਹਾ, "ਪਾਤਸ਼ਾਹ! ਮੈਂ ਪਹਿਲਾਂ ਬਹੁਤ ਗਰੀਬ ਹੁੰਦਾ ਸੀ। ਮੰਡੀ ਵਿਚੋਂ ਅਨਾਜ ਦੇ ਢੇਰਾਂ ਹੇਠ ਬਚੇ ਹੋਏ, ਮਿੱਟੀ ਨਾਲ ਰਲੇ ਹੋਏ ਦਾਣੇ, ਇਕੱਠੇ ਕਰਕੇ ਗੁਜ਼ਾਰਾ ਕਰਿਆ ਕਰਦਾ ਸੀ। ਪਰ ਮੈਂ ਅਚਾਨਕ ਅਮੀਰ ਹੋ ਗਿਆ। ਫੇਰ ਮਾੜੇ ਸਮੇਂ ਆਏ ਅਤੇ ਮੈਂ ਅਚਾਨਕ ਫੇਰ ਸਭ ਕੁਝ ਹੁੰਦੇ ਹੋਏ ਗਰੀਬ ਹੋ ਗਿਆ।" ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਪ੍ਰੇਮੀਆਂ! ਤੂੰ ਜਦੋਂ ਗਰੀਬ ਸੀ ਉਸ ਸਮੇਂ ਕੁਝ ਦਾਨ ਕਰਿਆ ਕਰਦਾ ਸੀ। ਪਰ ਜਦੋਂ ਅਮੀਰ ਹੋ ਗਿਆ, ਵਿਸ਼ੇ ਵਿਕਾਰਾਂ ਵਿਚ ਪੈ ਗਿਆ ਫੇਰ ਭੁੱਲ ਕੇ ਦਾਨ ਨਹੀਂ ਕੀਤਾ। ਉਸ ਨੇ ਕਿਹਾ, "ਸੱਚੇ ਪਾਤਸ਼ਾਹ! ਮੈਂ ਤਾਂ ਦਾਨ ਕਦੇ ਕਰਿਆ ਹੀ ਨਹੀਂ।" ਗੁਰੂ ਮਹਾਰਾਜ ਜੀ ਕਹਿਣ ਲੱਗੇ, "ਪ੍ਰੇਮੀਆਂ! ਤੈਨੂੰ ਨਹੀਂ ਪਤਾ, ਜਦੋਂ ਤੂੰ ਛੱਪਰ ਵਿਚ ਰਹਿੰਦਾ ਸੀ ਤਾਂ ਤੇਰੇ ਛੱਪਰ ਵਿਚ ਪੰਛੀਆਂ ਦਾ ਜੋੜਾ ਰਹਿੰਦਾ ਸੀ ਜੋ ਪਹਿਲੇ ਜਨਮ ਵਿਚ ਸ਼ਾਹੂਕਾਰ ਸਨ ਤੇ ਇਹ ਅਸਾਡੇ ਸਿੱਖ ਸਨ, ਉਨ੍ਹਾਂ ਨੇ ਅਸਾਡੇ ਬਚਨ ਦੀ ਪਾਲਣਾ ਨਾ ਕੀਤੀ ਜਿਸ ਕਰਕੇ ਉਹ ਪੰਖੀ ਬਣ ਗਏ। ਜੋ ਦਾਣੇ ਤੂੰ ਹੂੰਝ ਕੇ, ਧੋ ਕੇ ਸੁਕਣੇ ਪਾਉਂਦਾ ਸੀ ਉਹ ਤੇਰੇ ਲਿਆਂਦੇ ਕੁਝ ਦਾਣੇ ਖਾ ਜਾਂਦੇ ਸਨ ਪਰ ਉਨ੍ਹਾਂ ਪੰਖੀਆਂ ਨੂੰ ਪੂਰਬ ਜਨਮ ਦੀ ਯਾਦ ਸੀ ਅਤੇ ਉਨ੍ਹਾਂ ਨੂੰ ਪਤਾ ਸੀ ਕਿ ਅਸੀਂ ਪਿਛਲੇ ਜਨਮ ਵਿਚ ਗੁਰੂ ਮਹਾਰਾਜ ਜੀ ਦੀ ਸੇਵਾ ਨਹੀਂ ਕੀਤੀ ਅਤੇ ਉਪਦੇਸ਼ ਨਹੀਂ ਕਮਾਇਆ। ਹੁਣ ਅਸੀਂ ਜਿਸ ਦੇ ਘਰ ਵਿਚ ਆਲ੍ਹਣਾ ਬਣਾ ਕੇ ਰਹਿੰਦੇ ਹਾਂ, ਇਸ ਦਾ ਕੁਝ ਭਲਾ ਕਰੀਏ। ਉਹ ਕੁਝ ਦਾਣੇ ਤੇਰੇ ਚੁੱਕ ਕੇ ਲੰਗਰ ਵਿਚ ਪਾ ਜਾਇਆ ਕਰਦੇ ਸਨ ਜਿਸ ਦੇ ਫਲਸਰੂਪ ਤੂੰ ਅਮੀਰ ਹੋ ਗਿਆ। ਤੂੰ ਛੱਪਰ ਢਾਹ ਦਿਤਾ, ਉਹ ਪੰਖੀ ਉਡ ਗਏ, ਦਾਨ ਕਰਨਾ ਬੰਦ ਕਰ ਦਿਤਾ, ਦਲਿੱਦਰ ਦਾ ਤੇਰੇ ਘਰ ਵਿਚ ਵਾਧਾ ਹੋ ਗਿਆ, ਦਾਨ ਦਸਵੰਧ ਦੇ ਰੂਪ ਵਿਚ ਨਾ ਦੇਣ ਕਾਰਨ ਤੂੰ ਗਰੀਬ ਹੋ ਗਿਆ।

ਇਕ ਮਹਾਤਮਾ ਰਜਬ ਜੀ ਫੁਰਮਾਨ ਕਰਦੇ ਹਨ ਕਿ -

*ਰੱਜਬ ਕਾਢੇ ਕੂਪ ਜਲ*
*ਘਟੇ ਨ ਨਿਰਮਲ ਨੀਰ।*
*ਬਿਨ ਕਾਢੇ ਪਾਣੀ ਸੜੇ*
*ਪੀਵੇ ਨਾ ਕੋ ਨੀਰ।*

*ਕਥਾ ਨਰਾਇਣ ਹਰੀ, ਪੰਨਾ - 876*

ਮਹਾਰਾਜ ਜੀ ਕਹਿੰਦੇ ਹਨ ਕਿ ਮਾਨਸ ਜਨਮ ਵੀ ਅਧਿਕ ਪੁੰਨ ਕਰਨ ਕਰਕੇ ਪ੍ਰਾਪਤ ਹੁੰਦਾ ਹੈ ਜਿਵੇਂ -

*ਦੁਲਭੁ ਜਨਮੁ ਪੁੰਨ ਫਲ ਪਾਇਓ*
*ਬਿਰਥਾ ਜਾਤ ਅਬਿਬੇਕੈ॥*

*ਪੰਨਾ - 658*

*ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ॥*
*ਬਿਪਰੀਤ ਬੁਧੰ ਮਾਰਤ ਲੋਕਹ*
*ਨਾਨਕ ਚਿਰੰਕਾਲ ਦੁਖ ਭੋਗਤੇ॥*

*ਪੰਨਾ - 1356*

ਇਸ ਉਪਰ ਇਕ ਕਥਾ ਹੈ, ਇਕ ਵਾਰੀ ਬਿਕਰਮਾਜੀਤ ਨੇ ਆਪਣੇ ਰਾਜ ਜੋਤਸ਼ੀ ਤੋਂ ਪੁਛਿਆ ਕਿ ਮੈਂ ਕਿਹੜਾ ਦਾਨ ਕੀਤਾ ਹੈ ਜਿਸ ਕਰਕੇ ਮੈਨੂੰ ਬਹੁਤ ਵੱਡਾ ਸੁਤੰਤਰ ਰਾਜ ਪ੍ਰਾਪਤ ਹੋਇਆ ਹੈ। ਇਕ ਹਫਤੇ ਦੇ ਅੰਦਰ-ਅੰਦਰ ਇਸ ਦਾ ਜਵਾਬ ਦਿਤਾ ਜਾਵੇ, ਨਹੀਂ ਆਪ ਨੂੰ ਸਖਤ ਸਜ਼ਾ ਦਿਤੀ ਜਾਵੇਗੀ ਅਤੇ ਇਸ ਪਦ ਤੋਂ ਹਟਾ ਦਿਤਾ ਜਾਵੇਗਾ।

ਜੋਤਸ਼ੀ ਨੂੰ ਬਹੁਤ ਫਿਕਰ ਹੋਇਆ। ਕੋਈ ਜਵਾਬ ਅਹੁੜਦਾ ਨਹੀਂ ਸੀ। ਸਤਵਾਂ ਦਿਨ ਆ ਗਿਆ ਉਸ ਨੂੰ ਡੂੰਘੀ ਚਿੰਤਾ ਵਿਚ ਪਏ ਦੇਖ ਕੇ ਉਸ ਦੀ ਲੜਕੀ ਨੇ ਕਿਹਾ ਕਿ ਪਿਤਾ ਜੀ ਆਪ ਐਨੇ ਚਿੰਤਾ ਗ੍ਰਸਤ ਕਿਉਂ ਹੋ? ਸਿਆਣੇ ਕਿਹਾ ਕਰਦੇ ਹਨ ਕਿ ਜੇ ਕਿਸੇ ਗੱਲ ਦਾ ਹੱਲ ਆਪ ਨੂੰ ਪਤਾ ਨਾ ਲੱਗੇ ਤਾਂ ਕੰਧ ਨਾਲ ਵੀ ਗੱਲ ਕਰ ਲਈਦੀ ਹੈ। ਮੈਂ ਤੁਹਾਡੀ ਪੁੱਤਰੀ ਹਾਂ ਤੁਸੀਂ ਮੇਰੇ ਨਾਲ ਗੱਲ ਕਰਕੇ ਆਪਣੇ ਮਨ ਦਾ ਬੋਝ ਹਲਕਾ ਕਰ ਲਓ। ਉਸ ਰਾਜ ਪੰਡਤ ਨੇ ਸਾਰੀ ਵਿਥਿਆ ਉਸ ਲੜਕੀ ਨੂੰ ਦੱਸੀ। ਉਹ ਕਹਿਣ ਲੱਗੀ ਇਹ ਤਾਂ ਮਾਮੂਲੀ ਗੱਲ ਹੈ ਪਰ ਮੈਂ ਰਾਜਾ ਜੀ ਦੀ ਕਚਹਿਰੀ ਵਿਚ ਇਹ ਭੇਤ ਪ੍ਰਗਟ ਕਰਾਂਗੀ ਜਿਸ ਤੋਂ ਉਨ੍ਹਾਂ ਦੀ ਪੂਰੀ ਤਰ੍ਹਾਂ ਨਿਸ਼ਠਾ ਹੋ ਜਾਵੇਗੀ। ਬਿਕਰਮਾਜੀਤ ਨੂੰ ਰਾਜ ਜੋਤਸ਼ੀ ਨੇ ਬੇਨਤੀ ਕਰ ਦਿਤੀ। ਰਾਜਕੁਮਾਰੀ ਨੂੰ ਬੁਲਾਇਆ ਗਿਆ। ਉਸ ਨੇ ਬੇਨਤੀ ਕੀਤੀ ਕਿ ਹੇ ਮਹਾਰਾਜ! ਮੈਂ ਆਪ ਨੂੰ ਸਾਰਾ ਭੇਤ ਖੋਲ੍ਹ ਕੇ ਦੱਸ ਤਾਂ ਦਿੰਦੀ ਹਾਂ ਪਰ ਤੁਹਾਡੀ ਉਸ ਬਚਨ ਨਾਲ ਨਿਸ਼ਾ ਨਹੀਂ ਹੋਣੀ। ਆਪ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਐਥੋਂ

35 ਮੀਲ ਦੂਰ ਇਕ ਮਹਾਤਮਾ ਰਹਿੰਦੇ ਹਨ, ਨਗਰ ਦਾ ਨਾਮ ਦੱਸ ਦਿਤਾ, ਉਹ ਬਹੁਤ ਸਾਲਾਂ ਤੋਂ ਆਪਣੇ ਧੂਣੇ ਦੀ ਸੁਆਹ ਘੋਲ ਕੇ ਪੀਂਦੇ ਹਨ, ਉਹ ਨਿਸ਼ਾ ਕਰਾ ਦੇਣਗੇ। ਬਿਕਰਮਾਜੀਤ ਉਸ ਮਹਾਤਮਾ ਪਾਸ ਪਹੁੰਚਿਆ ਤਾਂ ਉਨ੍ਹਾਂ ਨੇ ਕਿਹਾ ਕਿ ਹੇ ਰਾਜਨ! ਦੱਸ ਤਾਂ ਮੈਂ ਵੀ ਸਕਦਾ ਹਾਂ ਪਰ ਤੇਰੀ ਨਿਸ਼ਾ ਨਹੀਂ ਹੋਣੀ। ਐਥੋਂ ਹੋਰ 30 ਮੀਲ ਦੂਰ ਇਕ ਮਹਾਤਮਾ ਹਨ, ਜਲਦੇ ਕੋਲੇ ਮੂੰਹ ਵਿਚ ਪਾ ਲੈਂਦੇ ਹਨ। ਉਨ੍ਹਾਂ ਦੇ ਕੋਲ ਤੂੰ ਜਾਹ। ਰਾਜਾ ਉਥੇ ਪਹੁੰਚ ਜਾਂਦਾ ਹੈ। ਉਸ ਮਹਾਤਮਾ ਨੇ ਕਿਹਾ ਕਿ ਰਾਜਨ! ਤੇਰੀ ਨਿਸ਼ਾ ਕਰਾਉਣੀ ਜ਼ਰੂਰੀ ਹੈ, ਇਸ ਕਰਕੇ ਪ੍ਰਤੱਖ ਰੂਪ ਵਿਚ ਨਿਸ਼ਾ ਕਰਨ ਵਾਸਤੇ ਤੈਨੂੰ ਨੇੜੇ ਹੀ ਇਕ ਨਗਰ ਵਿਚ ਜਾਣਾ ਪਵੇਗਾ। ਉਥੇ ਇਕ ਸੇਠ ਦੇ ਘਰ ਬੱਚਾ ਹੋਣਾ ਹੈ ਉਸ ਨੂੰ ਤੂੰ ਉਸੇ ਵੇਲੇ ਮਿਲ ਲਵੀਂ, ਉਹ ਬੰਦਿਆਂ ਵਾਂਗੂੰ ਆਪਣੇ ਆਪ ਬੋਲ ਕੇ, ਤੈਨੂੰ ਸਾਰੀ ਗੱਲ ਸਮਝਾ ਦੇਵੇਗਾ। ਉਸ ਤੋਂ ਪਿਛੋਂ ਉਹ ਆਪਣੇ ਨਿਜ ਲੋਕ ਨੂੰ ਚਲਾ ਜਾਵੇਗਾ ਅਤੇ ਅਸੀਂ ਵੀ ਦੋਵੇਂ ਮਹਾਤਮਾ ਆਪਣੇ ਨਿਜ ਧਾਮ ਵਿਚ ਪ੍ਰਵੇਸ਼ ਕਰ ਜਾਵਾਂਗੇ ਯਾਨਿ ਬ੍ਰਹਮਲੀਨ ਹੋ ਜਾਵਾਂਗੇ।

ਜਦੋਂ ਰਾਜਾ ਉਸ ਨਗਰ ਵਿਚ ਪਹੁੰਚਦਾ ਹੈ ਤਾਂ ਸੇਠ ਦੇ ਘਰ ਪੁੱਤਰ ਹੋਇਆ। ਇਸ ਨੇ ਲੜਕੇ ਉਪਰ ਪ੍ਰਸ਼ਨ ਕੀਤਾ। ਉਹ ਬਾਲਕ ਖਿੜ-ਖਿੜਾ ਕੇ ਹੱਸਿਆ ਤੇ ਕਹਿਣ ਲੱਗਿਆ ਕਿ ਭਲਾ ਹੋਇਆ ਤੂੰ ਆ ਗਿਆ, ਹੁਣ ਸਾਡਾ ਸਾਰਿਆਂ ਦਾ ਛੁਟਕਾਰਾ ਹੋ ਜਾਵੇਗਾ। ਮੈਂ ਤੈਨੂੰ ਤੇਰੀ, ਆਪਣੀ ਤੇ ਉਨ੍ਹਾਂ ਸਾਧੂਆਂ ਦੀ ਪੂਰਬਲੇ ਜਨਮ ਦੀ ਕਥਾ ਦਸਦਾ ਹਾਂ। ਤੂੰ ਇਕ ਕਰਮ ਕੀਤਾ ਜਿਸ ਦੇ ਫਲਸਰੂਪ ਤੂੰ ਐਡੇ ਵੱਡੇ ਰਾਜ ਦਾ ਮਾਲਕ ਬਣਿਆ। ਉਹ ਐਸ ਤਰ੍ਹਾਂ ਹੈ ਕਿ ਮੈਂ ਵੀ ਸੰਤ ਸਾਂ ਅਤੇ ਉਨ੍ਹਾਂ ਦੋਹਾਂ ਸਾਧੂਆਂ ਦੇ ਨਾਲ ਰਲ ਕੇ ਤਪਸਿਆ ਕਰਿਆ ਕਰਦਾ ਸਾਂ। ਤੂੰ ਵੀ ਅਸਾਡੇ ਨਾਲ ਹੀ ਤਪ ਕਰਿਆ ਕਰਦਾ ਸੀ। ਇਕ ਦਿਨ ਪ੍ਰੀਕਸ਼ਾ ਕਰਨ ਹਿਤ ਵਿਸ਼ਨੂੰ ਜੀ ਬਿਰਧ ਅਤਿਥੀ ਦਾ ਰੂਪ ਬਣਾ ਕੇ ਆਪਣੇ ਪਾਸ ਆਏ। ਆਪਣੇ ਖਾਣ ਵਾਸਤੇ ਅੱਠ ਪ੍ਰਸ਼ਾਦੇ ਤੇਰੇ ਰਾਜ ਪੰਡਤ ਦੀ ਲੜਕੀ ਦਿਨ ਵਿਚ ਲਿਆਇਆ ਕਰਦੀ ਸੀ। ਦੋ-ਦੋ ਪ੍ਰਸ਼ਾਦੇ ਵੰਡ ਕੇ ਆਪਾਂ ਛਕਿਆ ਕਰਦੇ ਸੀ। ਉਹ ਬੁੱਢਾ ਅਤਿਥੀ ਪਹਿਲੇ ਸੰਤ ਕੋਲ ਗਿਆ ਅਤੇ ਪ੍ਰਸ਼ਾਦਾ ਮੰਗਿਆ। ਉਸ ਨੇ ਇਕ ਦੇ ਦਿਤਾ। ਉਸ ਨੇ ਹੋਰ ਮੰਗਿਆ, ਉਸਨੇ ਅੱਧਾ ਹੋਰ ਦੇ ਦਿਤਾ। ਜਦੋਂ ਬਾਕੀ ਬਚਦਾ ਅੱਧਾ ਮੰਗਿਆ ਤਾਂ ਉਸ ਨੇ ਕਿਹਾ ਕਿ ਮੈਂ ਫੇਰ ਸੁਆਹ ਪੀਆਂਗਾ? ਉਸ ਨੇ ਬਚਨ ਕੀਤਾ ਕਿ 'ਤਥਾ ਅਸਤੂ'। ਉਹ ਉਸ ਦਿਨ ਤੋਂ ਸੁਆਹ ਘੋਲ ਕੇ ਪੀਂਦਾ ਹੈ। ਦੂਸਰੇ ਸੰਤ ਕੋਲ ਜਦੋਂ ਇਸ ਤਰ੍ਹਾਂ ਵਰਤੀ ਤਾਂ ਉਸ ਨੇ ਕਿਹਾ ਕਿ ਮੈਂ ਅੰਗਿਆਰ ਖਾਊਂਗਾ? ਉਸ ਨੂੰ ਵੀ ਤਥਾ ਅਸਤੂ ਆਖ ਕੇ ਮੇਰੇ ਵਲ ਆਏ ਤਾਂ ਮੈਂ ਕਿਹਾ ਮੈਂ ਮਰਾਂਗਾ? ਤਾਂ ਉਨ੍ਹਾਂ ਨੇ ਤਥਾ ਅਸਤੂ ਆਖਿਆ। ਉਸੇ ਦਿਨ ਤੋਂ ਮੈਂ ਜਨਮ ਲੈ ਲੈਂਦਾ ਹਾਂ ਤੇ ਲੈਂਦੇ ਸਾਰ ਹੀ ਮਰ ਜਾਂਦਾ ਹਾਂ। ਜਦੋਂ ਤੇਰੇ ਕੋਲ ਆਇਆ ਤਾਂ ਤੂੰ ਦੋਵੇਂ ਪ੍ਰਸ਼ਾਦੇ ਦੇ ਕੇ ਬੇਨਤੀ ਕੀਤੀ ਕਿ ਅਸੀਂ ਮੰਗਣ ਤਾਂ ਕਦੇ ਗਏ ਨਹੀਂ, ਪਰ ਤੁਸੀਂ ਕਿਉਂਕਿ ਅਤਿਥੀ ਆਏ ਹੋਂ, ਮੇਰਾ ਫਰਜ਼ ਬਣਦਾ ਹੈ ਕਿ ਤੁਹਾਡੇ ਲਈ ਹੋਰ ਪ੍ਰਸ਼ਾਦਾ ਲਿਆਵਾਂ। ਆਗਿਆ ਕਰੋ, ਮੈਂ ਬਾਹਰੋਂ ਪ੍ਰਸ਼ਾਦਾ ਮੰਗ ਕੇ ਲੈ ਆਵਾਂ। ਤਾਂ ਉਹ ਪ੍ਰਸੰਨ ਹੋ ਗਏ, ਉਨ੍ਹਾਂ ਨੇ ਆਪਣਾ ਅਸਲੀ ਰੂਪ ਦ੍ਰਿਸ਼ਟੀਗੋਚਰ ਕਰਾ ਦਿਤਾ; ਉਹ ਭਗਵਾਨ ਸੀ। ਅਸੀਂ ਬਹੁਤ ਪਛਤਾਏ ਤਾਂ ਬੇਨਤੀ ਕੀਤੀ ਕਿ ਅਸਾਡਾ ਛੁਟਕਾਰਾ ਕਿਵੇਂ ਹੋਵੇਗਾ? ਕਹਿਣ ਲੱਗੇ ਕਿ ਜਿਸ ਨੇ ਅਤਿਥੀ ਦਾਨ ਦੀ ਮਰਿਆਦਾ ਨੂੰ ਪੂਰੀ ਤਰ੍ਹਾਂ ਪਾਲਣ ਕੀਤਾ ਹੈ ਇਹ ਇਸ ਦੇ ਪੁੰਨ ਦੇ ਫਲਸਰੂਪ ਕਲਜੁਗ ਵਿਚ ਰਾਜਾ ਬਣੇਗਾ ਤੇ ਬਹੁਤ ਵੱਡੇ ਰਾਜ ਦਾ ਮਾਲਕ ਹੋਵੇਗਾ। ਇਹ ਲੜਕੀ ਇਸ ਦੇ ਰਾਜ ਪੰਡਤ ਦੀ ਧੀ ਹੋਵੇਗੀ। ਮੈਂ ਇਸ ਦੇ ਅੰਦਰ ਜਗਿਆਸਾ ਪੈਦਾ ਕਰ ਦੇਵਾਂਗਾ ਕਿ ਜਿਸਦੇ ਫਲਸਰੂਪ ਮੈਂ ਐਡਾ ਰਾਜਾ ਬਣਿਆ ਹਾਂ ਉਹ ਕੀ ਕਾਰਨ ਹੈ? ਤਾਂ ਉਹ ਲੜਕੀ ਇਸ ਨੂੰ ਤੁਹਾਡੇ ਪਾਸ ਭੇਜੇਗੀ। ਉਸ ਵਕਤ ਇਹ ਵੀ ਹਾਜ਼ਰ ਹੋਵੇਗੀ ਤਾਂ ਜੰਮਣ ਤੇ ਮਰਨ ਵਾਲਾ ਸੰਤ ਸਾਰੀ ਕਥਾ ਪ੍ਰਤੱਖ ਕਰਕੇ ਇਸ ਦੀ ਨਿਸ਼ਾ ਕਰਾਵੇਗਾ। ਉਸ ਸਮੇਂ ਤੁਹਾਡੀ ਸਾਰਿਆਂ ਦੀ ਗਤੀ ਹੋ ਜਾਵੇਗੀ ਤੇ ਇਹ ਸਾਧੂ ਰਾਜ ਸੁੱਖ ਭੋਗ ਕੇ ਮੇਰੇ ਲੋਕ ਵਿਚ ਪ੍ਰਵੇਸ਼ ਕਰੇਗਾ। ਇਸ ਦਾਨ ਕਰਕੇ ਤੈਨੂੰ ਐਤਨੇ ਵੱਡੇ ਰਾਜ ਦਾ ਰਾਜਾ ਬਣਾਇਆ ਹੈ।

ਸੋ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਪੂਰਬਲੇ ਕਰਮਾਂ ਦੇ ਕੀਤੇ ਹੋਏ ਦਾਨ ਦਾ ਸੁਖ ਰਾਜੇ ਇਸ ਜਨਮ ਵਿਚ ਭੋਗਦੇ ਹਨ। ਜੇ ਤਾਂ ਨਿਆਂ ਕਰਨ ਤਾਂ ਸ਼ੁਭ ਗਤੀ ਪ੍ਰਾਪਤ ਹੋਵੇਗੀ, ਜੇ ਪਰਜਾ ਨਾਲ ਬੇਇਨਸਾਫੀਆਂ, ਬੇਇਮਾਨੀਆਂ ਤੇ ਰਾਜ ਧਨ ਨੂੰ ਆਪਣੇ ਹਿਤਾਂ ਲਈ ਵਰਤਣਗੇ ਤਾਂ ਇਹ ਨਰਕਾਂ ਵਿਚ ਵਾਸਾ ਪਾਉਣਗੇ -

***ਧਾਰਨਾ - ਪਿਛਲੇ ਜਨਮਾਂ ਵਿਚ***
***ਕੀਤੇ ਹੋਏ ਦਾਨ ਦਾ,***
***ਰਾਜੇ ਲੋਕ ਸੁਖ ਭੋਗਦੇ***

ਸੋ ਐਸੇ ਸ਼ੁਭ ਕਰਮਾਂ ਦਾ ਫਲ ਭੋਗਣ ਦੀ ਆਸਾ ਰਖਦੇ ਹੋਏ ਜੀਵ ਸਵਰਗਾਂ ਵਿਚ ਜਾ ਕੇ ਸੁਖ ਭੋਗਦੇ ਹਨ। ਬ੍ਰਹਮ ਲੋਕ, ਸ਼ਿਵ ਲੋਕ ਅਤੇ ਬੈਕੁੰਠ ਧਾਮ ਤੱਕ ਪਹੁੰਚ ਜਾਂਦੇ ਹਨ ਪਰ ਪੁੰਨ ਕਰਮ ਭੋਗਣ ਪਿਛੋਂ ਮੁੜ ਕੇ ਮਾਤ ਲੋਕ ਵਿਚ ਸਰੀਰ ਧਾਰਨ ਕਰਦੇ ਹਨ। ਇਹ ਦੂਜੀ ਗਤੀ ਹੈ ਜੋ ਪੁੰਨੀਆਂ ਦੀ ਹੋਇਆ ਕਰਦੀ ਹੈ। ਗੁਰਬਾਣੀ ਵਿਚ ਫੁਰਮਾਨ ਹੈ -

***ਪੁੰਨ ਦਾਨੁ ਜੋ ਬੀਜਦੇ***
***ਸਭ ਧਰਮ ਰਾਇ ਕੈ ਜਾਈ॥***

***ਪੰਨਾ - 1414***

ਤੀਸਰੀ ਗਤੀ ਹੋਇਆ ਕਰਦੀ ਹੈ ਉਨ੍ਹਾਂ ਪੁਰਸ਼ਾਂ ਦੀ ਜਿਨ੍ਹਾਂ ਨੂੰ ਗੁਰੂ ਵੀ ਪ੍ਰਾਪਤ ਹੋ ਜਾਇਆ ਕਰਦਾ ਹੈ

ਅਤੇ ਨਾਮ ਦੀ ਵੀ ਪ੍ਰਾਪਤੀ ਹੋ ਜਾਂਦੀ ਹੈ। ਸੁਖੀ ਜੀਵਨ ਜੀਉਣ ਲਈ ਰਹਿਤ ਮਰਿਆਦਾ ਵਿਚ ਵੀ ਰਹਿੰਦੇ ਹਨ, ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ, ਚਿੱਤ ਇਕਾਗਰ ਕਰਕੇ ਭਜਨ ਵੀ ਕਰਦੇ ਹਨ ਅਤੇ ਨਿਤਨੇਮ, ਪੰਜ ਬਾਣੀਆਂ, ਗਾਇਤ੍ਰੀ ਅਤੇ ਨਮਾਜ਼ਾਂ ਵੀ ਪੜ੍ਹਦੇ ਹਨ, ਰੋਜ਼ੇ ਵੀ ਰਖਦੇ ਹਨ, ਜ਼ਕਾਤ (ਦਸਵੰਧ) ਵੀ ਕੱਢਦੇ ਹਨ। ਸੇਵਾ ਕਰਦੇ ਹਨ ਪਰ ਇਹ ਸਭ ਕੁਝ ਕਰਦੇ ਹੋਏ ਬਿਰਤੀ ਅੰਤਰ ਆਤਮੇ ਚੜ੍ਹਾਈ ਨਹੀਂ ਕਰਿਆ ਕਰਦੀ। ਅਜਿਹੇ ਪੁਰਸ਼ਾਂ ਦਾ ਜੀਵਨ ਜੱਦੋ-ਜਹਿਦ ਵਿਚ ਲੰਘ ਜਾਂਦਾ ਹੈ। ਕਦੇ ਅਨੁਕੂਲ ਵਾਤਾਵਰਣ ਮਿਲਣ ਤੇ ਕਿਸੇ ਮਹਾਂਪੁਰਸ਼ਾਂ ਦੇ ਤੱਤ ਬਚਨ ਸੁਣਨ ਕਰਕੇ, ਦਰਸ਼ਨ ਕਰਕੇ, ਸੇਵਾ ਕਰਕੇ ਜਾਂ ਪਵਿੱਤਰ ਗੁਰਧਾਮਾਂ, ਤੀਰਥਾਂ, ਸ਼ੁਭ ਥਾਵਾਂ ਦੀ ਯਾਤਰਾ ਕਰਕੇ ਚਿੱਤ ਨੂੰ ਇਕਾਗਰ ਕਰਕੇ ਸਿਮਰਨ ਭਜਨ ਵਿਚ ਲੱਗਿਆ ਹੋਇਆ ਚੜ੍ਹਾਈ ਕਰਦਾ ਹੈ ਅਤੇ ਹੌਲੀ ਹੌਲੀ ਚੰਗੀ ਅਵਸਥਾ ਵਿਚ ਪਹੁੰਚ ਜਾਂਦਾ ਹੈ ਪਰ ਫੇਰ ਜਦੋਂ ਪ੍ਰਤੀਕੂਲ ਵਾਤਵਰਣ ਦੇ ਝੋਲੇ ਚਲਦੇ ਹਨ ਤਾਂ ਬਿਰਤੀ ਇਕਾਗਰ ਨਾ ਹੋ ਕੇ ਨੀਵਾਂ ਰੁਖ ਅਖਤਿਆਰ ਕਰਦੀ ਹੈ ਅਤੇ ਨਿਤਨੇਮ ਤੋਂ, ਪੂਜਾ ਪਾਠ ਤੋਂ, ਚਿੱਤ ਪਿਛੇ ਹਟਣਾ ਸ਼ੁਰੂ ਹੋ ਜਾਂਦਾ ਹੈ। ਨਾਮ ਜਪਣ ਵੇਲੇ ਰਸ ਨਹੀਂ ਆਉਂਦਾ, ਬਿਰਤੀ ਇਕਾਗਰ ਨਹੀਂ ਹੁੰਦੀ, ਅਜਿਹੀ ਅਵਸਥਾ ਵਿਚ ਅੰਦਰ ਰੂਹਾਨੀ ਖੁਸ਼ਕੀ ਵਿਆਪ ਜਾਂਦੀ ਹੈ। ਇਸ ਤਰ੍ਹਾਂ -

> ***ਕਬਹੂ ਜੀਅੜਾ ਊਭਿ ਚੜਤੁ ਹੈ***
> ***ਕਬਹੂ ਜਾਇ ਪਇਆਲੇ॥***
> ***ਲੋਭੀ ਜੀਅੜਾ ਥਿਰੁ ਨ ਰਹਤੁ ਹੈ***
> ***ਚਾਰੇ ਕੁੰਡਾ ਭਾਲੇ॥ ਪੰਨਾ - 876***

ਐਸੀਆਂ ਅਵਸਥਾਵਾਂ ਵਿਚ ਕਮਾਈ ਤਾਂ ਬਹੁਤ ਕਰ ਲੈਂਦਾ ਹੈ ਪਰ ਪ੍ਰਾਪਤੀ ਨਹੀਂ ਹੁੰਦੀ। ਦੁਨੀਆਂ ਵਿਚ ਉਸ ਦੀ ਬਹੁਤ ਪ੍ਰਸੰਸਾ ਹੁੰਦੀ ਹੈ ਕਿਉਂਕਿ ਉਸਦਾ ਜੀਵਨ ਸ਼ੁਧ ਹੁੰਦਾ ਹੈ, ਉਸਦੀ ਕ੍ਰਿਆ ਨੂੰ ਸਲਾਹਿਆ ਜਾਂਦਾ ਹੈ, ਲੋਕਾਂ ਵਿਚ ਉਸਦੀ ਪ੍ਰਸੰਸਾ ਹੁੰਦੀ ਹੈ, ਕੋਈ ਉਸ ਨੂੰ ਸ੍ਰੇਸ਼ਟ ਪੁਰਸ਼ ਕਹਿੰਦਾ ਹੈ, ਕੋਈ ਸੰਤ ਕਹਿੰਦਾ ਹੈ, ਕੋਈ ਸਾਧੂ ਕਹਿੰਦਾ ਹੈ, ਕੋਈ ਆਰਫ ਕਹਿੰਦਾ ਹੈ, ਕੋਈ ਫੱਕਰ ਕਹਿੰਦਾ ਹੈ, ਕੋਈ ਸੂਫੀ ਕਹਿੰਦਾ ਹੈ; ਇਨ੍ਹਾਂ ਭਾਵਨਾਵਾਂ ਵਿਚ ਵੱਡੀਆਂ-ਵੱਡੀਆਂ ਸਟੇਜਾਂ ਉਪਰ ਉਸਦੀ ਕਰਨੀ ਕਮਾਈ ਦੀ ਬੜੀ ਉਸਤਤ ਕੀਤੀ ਜਾਂਦੀ ਹੈ ਪਰ ਸੱਚ ਇਹ ਹੈ ਕਿ ਜਿੰਨੀ ਉਚੀ ਰੂਹਾਨੀ ਮੰਜ਼ਿਲ ਤਹਿ ਕਰਨੀ ਸੀ ਉਤਨੀ ਨਹੀਂ ਹੋ ਸਕੀ। ਬਾਹਰੋਂ ਗੱਲਬਾਤ ਰਾਹੀਂ ਸਭਨਾਂ ਨੂੰ ਇਹ ਪ੍ਰਭਾਵ ਪੈਂਦਾ ਹੈ ਕਿ ਇਹ ਪ੍ਰਵਾਨ ਹੋਈ ਰੂਹ ਹੈ, ਪ੍ਰਮੇਸ਼ਰ ਦੇ ਬਾਰੇ ਆਪ ਭੀ ਬਹੁਤ ਕੁਝ ਜਾਣਦਾ ਹੈ, ਦੂਸਰਿਆਂ ਨੂੰ ਵੀ ਉਪਦੇਸ਼ ਦਿੰਦਾ ਹੈ। ਦੂਸਰੇ ਲੋਕ ਸ਼ਰਧਾ ਵਿਚ ਆਏ ਹੋਏ ਉਸਦੇ ਅਰੰਭੇ ਹੋਏ ਕਾਰਜਾਂ ਵਿਚ ਸਹਾਇਤਾ ਕਰਦੇ ਹਨ, ਆਪਣੀ ਨੇਕ ਕਮਾਈ ਵਿਚੋਂ ਦਾਨ ਦਿੰਦੇ ਹਨ ਅਤੇ ਉਸ ਦੇ ਬਚਨ ਨੂੰ ਕਮਾਉਣਾ ਆਪਣਾ ਪ੍ਰਮ ਧਰਮ ਸਮਝਦੇ ਹਨ। ਪਰ ਉਸ ਪ੍ਰੇਮੀ ਨੂੰ ਆਪਣੇ ਆਪ ਦਾ ਪਤਾ ਹੁੰਦਾ ਹੈ ਕਿ ਮੈਂ ਅਜੇ ਕਿਸੇ ਕਿਨਾਰੇ ਨਹੀਂ ਪਹੁੰਚਿਆ। ਕੋਈ ਬਹੁਤ ਹੀ ਦਲੇਰ ਪੁਰਸ਼ ਹੋਵੇ, ਉਹ ਕਹਿ ਦਿੰਦਾ ਹੈ ਕਿ ਸਾਧਸੰਗਤ ਜੀ! ਮੈਨੂੰ ਅਵਸਥਾਵਾਂ ਪ੍ਰਾਪਤ ਨਹੀਂ ਹੋਈਆਂ, ਮੈਂ ਯਤਨ ਤਾਂ ਬਹੁਤ ਕਰ ਰਿਹਾ ਹਾਂ। ਧੁਰ ਅੰਦਰੋਂ ਉਹ ਜਾਣਦਾ ਹੈ ਕਿ ਮੈਨੂੰ ਆਪਣੇ ਸਰੂਪ ਦਾ ਸ਼ਾਖਸ਼ਾਤਕਾਰ ਨਹੀਂ ਹੋਇਆ ਅਤੇ ਨਾ ਹੀ ਮੈਨੂੰ ਦ੍ਰਿੜ੍ਹ ਗਿਆਨ ਹੋਇਆ ਹੈ। ਮੈਂ ਗੱਲਾਂ ਬਾਤਾਂ ਨਾਲ ਤਾਂ ਕਹਿੰਦਾ ਹਾਂ ਕਿ ਐਥੇ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਨਹੀਂ ਹੈ ਪਰ ਮੇਰੇ ਧਿਆਨ ਵਿਚ ਇਹ ਗੱਲ ਉਸ ਸਮੇਂ ਹੀ ਆਉਂਦੀ ਹੈ ਜਿਸ ਵਕਤ ਮੈਂ ਇਕੱਲਾ ਅੰਤਰ ਆਤਮੇ ਰੂਹਾਨੀ ਸਾਗਰ ਵਿਚ ਟੁੱਭੀ ਲਾਉਂਦਾ ਹਾਂ ਤਾਂ ਉਸ ਵੇਲੇ ਮਹਿਸੂਸ ਕਰਦਾ ਹਾਂ ਕਿ ਮੇਰਾ ਤਾਂ ਅਜੇ ਕੁਝ ਬਣਿਆ ਨਹੀਂ; ਉਹ ਇਸ ਕਰਕੇ ਕਿਉਂਕਿ ਉਸ ਨੂੰ ਆਪਣੀਆਂ ਅੰਦਰਲੀਆਂ ਅਵਸਥਾਵਾਂ ਦਾ ਪੂਰਨ ਗਿਆਨ ਹੈ, ਇਸੇ ਉਧੇੜ ਬੁਣ ਵਿਚ ਉਸਦਾ ਅੰਤਕਾਲ ਆ ਜਾਂਦਾ ਹੈ ਅਤੇ ਸਰੀਰ ਛੱਡ ਜਾਂਦਾ ਹੈ। ਅਜਿਹੇ ਪ੍ਰੇਮੀ ਨੂੰ 'ਯੋਗ ਭ੍ਰਿਸ਼ਟ' ਕਹਿੰਦੇ ਹਨ। ਉਸਦੀ ਜਿੰਨੀ ਕਮਾਈ ਕੀਤੀ ਹੁੰਦੀ ਹੈ ਉਹ ਸੁਰਖਸ਼ਿਤ ਰਹਿੰਦੀ ਹੈ, ਉਸ ਵਿਚ ਕੋਈ ਘਾਟਾ ਨਹੀਂ ਆਉਂਦਾ। ਇਕੱਲੇ ਇਕਾਗਰਤਾ ਨਾਲ ਕੀਤੇ ਕੀਰਤਨ ਦਾ ਫਲ ਹੀ ਇਤਨਾ ਜ਼ਿਆਦਾ ਹੈ ਕਿ ਉਹ ਮੁੱਕਣ ਵਿਚ ਨਹੀਂ ਆਉਂਦਾ। ਮਹਾਰਾਜ ਜੀ ਫੁਰਮਾਉਂਦੇ ਹਨ -

> ***ਕਈ ਕੋਟਿਕ ਜਗ ਫਲਾ***
> ***ਸੁਣਿ ਗਾਵਨਹਾਰੇ ਰਾਮ॥ ਪੰਨਾ - 546***

ਇਸੇ ਤਰ੍ਹਾਂ ਨਾਲ ਜੋ ਉਸ ਨੇ ਭਜਨ ਬੰਦਗੀ, ਪਾਠ, ਚਿੱਤ ਇਕਾਗਰ ਕਰਕੇ ਕੀਤੇ ਹਨ ਉਨ੍ਹਾਂ ਦੇ ਵੀ ਮਹਾਨ ਫਲ ਕੋਈ ਖੋਹ ਨਹੀਂ ਸਕਦਾ। ਉਹ ਸਾਰੇ ਦੇ ਸਾਰੇ ਅਜਿਹੇ ਜੀਵ ਦੇ ਖਾਤੇ ਵਿਚ ਜਮ੍ਹਾਂ ਹੋਏ ਰਹਿੰਦੇ ਹਨ। ਅਜਿਹੇ ਪੁਰਸ਼ ਨੂੰ ਯੋਗ ਭ੍ਰਿਸ਼ਟ ਆਖਿਆ ਜਾਂਦਾ ਹੈ ਯਾਨਿ ਕਿ ਉਸ ਨੇ ਪੂਰਾ ਤਾਣ ਲਾਇਆ - ਵਾਹਿਗੁਰੂ ਨੂੰ ਮਿਲਣ ਲਈ, ਪਰ ਉਸ ਦੇ ਦੁਨਿਆਵੀ ਵਾਤਾਵਰਣ ਦਾ ਅਸਰ ਉਸ ਨਾਲ ਜੂਝਦਾ ਰਿਹਾ ਅਤੇ ਅੰਦਰੋਂ ਸ਼ੰਕੇ ਬਣੇ ਰਹੇ।

ਅਰਜਨ ਕ੍ਰਿਸ਼ਨ ਮਹਾਰਾਜ ਜੀ ਦੇ ਪਾਸ ਪ੍ਰਸ਼ਨ ਕਰਦਾ ਹੈ ਕਿ ਹੇ ਮਹਾਰਾਜ! ਯੋਗ ਤੋਂ ਗਿਰ ਗਿਆ ਹੈ ਮਨ ਜਿਸ ਦਾ, ਅਜਿਹੇ ਸਥਿਲ ਜਤਨ ਵਾਲਾ ਸ਼ਰਧਾ ਯੁਕਤ ਪੁਰਸ਼ ਆਤਮ ਗਿਆਨ ਨੂੰ ਪ੍ਰਾਪਤ ਨਾ ਹੋ ਕੇ, ਕਿਸ ਗਤੀ ਨੂੰ ਪ੍ਰਾਪਤ ਹੁੰਦਾ ਹੈ? ਹੇ ਮਹਾਰਾਜ! ਕੀ ਉਹ ਆਤਮ ਗਿਆਨ ਤੋਂ ਮੋਹਿਤ ਹੋਇਆ, ਆਸ੍ਰਯ ਰਹਿਤ ਹੋਇਆ, ਵਾਹਿਗੁਰੂ ਦੀ ਅਪ੍ਰਾਪਤੀ ਅਤੇ ਸੰਸਾਰ ਦੇ ਭੋਗਾਂ ਨੂੰ ਭੋਗ ਕੇ ਭ੍ਰਿਸ਼ਟ ਤਾਂ ਨਹੀਂ ਹੋ ਜਾਂਦਾ ਅਤੇ ਬੱਦਲ ਵਾਂਗੂੰ ਛਿਨ ਭਿੰਨ ਤਾਂ ਨਹੀਂ ਹੋ ਜਾਂਦਾ। ਹੇ ਕ੍ਰਿਸ਼ਨ ਮਹਾਰਾਜ ਜੀ! ਮੇਰਾ ਇਹ ਜੋ ਸ਼ੰਕਾ ਹੈ ਪੂਰੀ ਤਰ੍ਹਾਂ ਨਾਲ ਆਪ ਦੂਰ ਕਰਨ ਵਿਚ ਆਪ ਹੀ ਸਮਰੱਥ

ਹੋ ਕਿਉਂਕਿ ਆਪ ਤੋਂ ਸਿਵਾਏ ਦੂਸਰਾ ਇਸ ਸੰਸੇ ਨੂੰ ਨਵਿਰਤ ਕਰਨ ਵਾਲਾ ਮਿਲਣਾ ਹੀ ਕਠਿਨ ਹੈ। ਇਹ ਬਚਨ ਸੁਣ ਕੇ ਕ੍ਰਿਸ਼ਨ ਮਹਾਰਾਜ ਜੀ ਨੇ ਗੀਤਾ ਦੇ ਅਧਿਆਏ ਦੇ 40ਵੇਂ, 41ਵੇਂ, 42ਵੇਂ, ਅਤੇ 43 ਵੇਂ ਸਲੋਕਾਂ ਵਿਚ ਉਤਰ ਦਿਤਾ ਕਿ ਹੇ ਪਾਰਥ ਅਰਜਨ! ਜੋ ਐਸਾ ਪੁਰਸ਼ ਹੈ ਜਿਸ ਨੇ ਸਾਰੀ ਜ਼ਿੰਦਗੀ ਪ੍ਰਮੇਸ਼ਰ ਵਾਸਤੇ ਸਾਧਨ ਕੀਤੇ ਹਨ ਪਰ ਕਾਰਨ ਵਸ ਨਾ ਹੀ ਆਪਣੇ ਸਰੂਪ ਦਾ ਸ਼ਾਖਸ਼ਾਤ ਕਰ ਸਕਿਆ ਹੈ ਅਤੇ ਨਾ ਹੀ ਬ੍ਰਹਮਗਿਆਨ ਹਾਸਲ ਹੋ ਸਕਿਆ ਹੈ, ਉਸ ਯੋਗ ਭ੍ਰਿਸ਼ਟ ਪੁਰਸ਼ ਦਾ ਨਾ ਹੀ ਇਸ ਲੋਕ ਵਿਚ, ਨਾ ਹੀ ਪ੍ਰਲੋਕ ਵਿਚ ਨਾਸ਼ ਹੁੰਦਾ ਹੈ। ਹੇ ਪਿਆਰੇ! ਕੋਈ ਵੀ ਵਾਹਿਗੁਰੂ ਦੇ ਨਮਿਤ ਕਰਨ ਵਾਲਾ ਦੁਰਮਤ ਨੂੰ ਪ੍ਰਾਪਤ ਨਹੀਂ ਹੁੰਦਾ। ਯੋਗ ਭ੍ਰਿਸ਼ਟ ਪੁਰਸ਼, ਮਹਾਨ ਪੁੰਨ ਕਰਨ ਵਾਲਿਆਂ ਲੋਕਾਂ ਵਿਚ ਅਰਥਾਤ ਬ੍ਰਹਮ ਲੋਕ, ਉਤਮ ਲੋਕਾਂ ਨੂੰ ਪ੍ਰਾਪਤ ਕਰਕੇ ਉਨ੍ਹਾਂ ਵਿਚ ਬਹੁਤ ਸਾਲਾਂ ਤੱਕ ਵਾਸ ਕਰਕੇ, ਸ਼ੁੱਧ ਆਚਰਣ ਵਾਲੇ ਔਰ ਧਨਾਢ ਪੁਰਸ਼ ਦੇ ਘਰ ਜਨਮ ਲੈਂਦਾ ਹੈ - ਰਾਜਾ ਜਨਕ ਦੀ ਨਿਆਈਂ। ਇਸ ਤਰ੍ਹਾਂ ਵੀ ਹੁੰਦਾ ਹੈ ਕਿ ਅੰਤ ਸਮੇਂ ਜਿਨ੍ਹਾਂ ਦੇ ਮਨ ਵਿਚ ਬੈਰਾਗ ਹੁੰਦਾ ਹੈ ਕਿ ਉਹ ਆਪਣੇ ਲਕਸ਼ ਨੂੰ ਪ੍ਰਾਪਤ ਨਹੀਂ ਕਰ ਸਕੇ ਅਤੇ ਇਰਾਦਾ ਰੱਖਦੇ ਹਨ ਕਿ ਉਹ ਅਗਲੇ ਜਨਮ ਵਿਚ ਮੋਹ ਮਾਇਆ ਵਿਚ ਨਾ ਫਸ ਕੇ, ਕੇਵਲ ਪ੍ਰਭੂ ਨਮਿਤ ਕਰਮ ਕਰਕੇ, ਨਾਮ ਜਪ ਕੇ ਆਪਣਾ ਮਨੋਰਥ ਪੂਰਾ ਕਰੇਂ ਉਹ ਬ੍ਰਹਮ ਲੋਕ, ਸ਼ਿਵ ਲੋਕ, ਬੈਕੁੰਠ ਧਾਮ ਵਿਚ ਨਾ ਜਾ ਕੇ ਗਿਆਨਵਾਨ ਮਹਾਂਪੁਰਸ਼ਾਂ ਦੀ ਕੁਲ ਵਿਚ ਜਨਮ ਲੈਂਦੇ ਹਨ। ਪਰ ਇਸ ਪ੍ਰਕਾਰ ਜੋ ਜਨਮ ਹੈ ਉਹ ਬਹੁਤ ਹੀ ਦੁਰਲੱਭ ਹੈ। ਉਸ ਨਵੇਂ ਜਨਮ ਵਿਚ, ਪਹਿਲੇ ਸਰੀਰ ਵਿਚ ਕੀਤੇ ਸਾਧਨ ਨਾਸ਼ ਨਹੀਂ ਹੋਇਆ ਕਰਦੇ। ਜਿਨ੍ਹਾਂ-ਜਿਨ੍ਹਾਂ ਮੰਜ਼ਲਾਂ ਨੂੰ ਐਸੇ ਪੁਰਸ਼ ਨੇ ਪਹਿਲੇ ਜਨਮ ਵਿਚ ਪਾਰ ਕਰ ਲਿਆ ਸੀ ਉਨ੍ਹਾਂ ਤੋਂ ਉਪਰ ਹੀ ਸਾਧਨ ਸ਼ੁਰੂ ਕਰ ਦਿੰਦਾ ਹੈ ਅਤੇ ਪਿਛਲੇ ਜਨਮਾਂ ਦੇ ਸੰਸਕਾਰਾਂ ਕਰਕੇ ਉਸਨੂੰ ਬਚਪਨ ਤੋਂ ਹੀ ਉਚੀਆਂ ਅਵਸਥਾਵਾਂ ਪ੍ਰਾਪਤ ਹੋਣ ਲਗ ਜਾਂਦੀਆਂ ਹਨ। ਸੋ ਇਸ ਤਰ੍ਹਾਂ ਦੇ ਨਾਲ ਚੰਗੇ ਘਰਾਂ ਵਿਚ ਜਨਮ ਲੈਣ ਵਾਲਾ ਯੋਗ ਭ੍ਰਿਸ਼ਟ ਪੁਰਸ਼ ਜੇ ਕਿਤੇ ਵਿਸ਼ਿਆਂ ਦੇ ਪ੍ਰਭਾਵ ਕਰਕੇ ਉਨ੍ਹਾਂ ਦੇ ਵਸ ਹੋ ਵੀ ਜਾਵੇ ਤਾਂ ਪਹਿਲੇ ਜਨਮਾਂ ਦੇ ਕੀਤੇ ਅਭਿਆਸ ਦਾ ਫਲ ਉਸ ਨੂੰ ਫੇਰ ਮੋੜ ਲੈਂਦਾ ਹੈ ਅਤੇ ਕਿਸੇ ਮਹਾਂਪੁਰਸ਼ ਦੇ ਮੁਖਾਰਬਿੰਦ ਤੋਂ ਗਿਆਨ ਭਰਪੂਰ ਬਚਨ ਸੁਣ ਕੇ ਇਕ ਦਮ ਖਿੱਚਿਆ ਜਾਂਦਾ ਹੈ। ਅਜਿਹਾ ਜਗਿਆਸੂ ਕਰਮ, ਉਪਾਸ਼ਨਾ ਦੇ ਫਲਾਂ ਨੂੰ ਲੰਘ ਜਾਂਦਾ ਹੈ ਇਸ ਪ੍ਰਕਾਰ ਅਨੇਕਾਂ ਜਨਮਾਂ ਵਿਚ ਅੰਤਸ਼ਕਰਣ ਦੀ ਸ਼ੁਧ ਰੂਪ ਸਿਧਿ ਨੂੰ ਪ੍ਰਾਪਤ ਹੋਇਆ ਅਤੇ ਅਤਿ ਪ੍ਰਯਤਨ ਨਾਲ ਅਭਿਆਸ ਕਰਨ ਵਾਲਾ ਯੋਗੀ ਸੰਪੂਰਨ ਪਾਪਾਂ ਤੋਂ ਅੱਛੀ ਪ੍ਰਕਾਰ ਸ਼ੁਧ ਹੋ ਕੇ ਉਨ੍ਹਾਂ ਸਾਧਨਾਂ ਦੇ ਪ੍ਰਭਾਵ ਕਰਕੇ ਪ੍ਰਮ ਗਤੀ ਨੂੰ ਪ੍ਰਾਪਤ ਹੋ ਜਾਂਦਾ ਹੈ, ਅਰਥਾਤ ਵਾਹਿਗੁਰੂ ਜੀ ਨੂੰ ਪ੍ਰਾਪਤ ਹੋ ਜਾਂਦਾ ਹੈ। ਇਸ ਤਰ੍ਹਾਂ ਯੋਗ ਭ੍ਰਿਸ਼ਟ ਇਕ ਜਾਂ ਦੋ ਜਨਮ ਪਾ ਕੇ ਮੁਕਤ ਹੋ ਜਾਇਆ ਕਰਦਾ ਹੈ। ਇਹ ਗਤੀ 'ਯੋਗ ਭ੍ਰਿਸ਼ਟ' ਪੁਰਸ਼ਾਂ ਦੀ ਹੈ ਜਿਹੜੇ ਮਹਾਂਪੁਰਸ਼ਾਂ ਦੇ ਪ੍ਰਵਚਨ ਸੁਣ ਕੇ, ਉਨ੍ਹਾਂ ਦੀ ਸੰਗਤ ਕਰਕੇ, ਜਨਮ ਪਦਾਰਥ ਦੀ ਪ੍ਰਾਪਤੀ ਕਰਨ ਲਈ ਬਹੁਤ ਦ੍ਰਿੜ੍ਹਤਾ ਦੇ ਨਾਲ ਲਗਦੇ ਹਨ ਪਰ ਵਰਤਮਾਨ ਦੇ ਅਸਰਾਂ ਅਧੀਨ ਉਨ੍ਹਾਂ ਦਾ ਇਰਾਦਾ ਸਥਿਲ ਹੋ ਜਾਇਆ ਕਰਦਾ ਹੈ। ਸੋ ਅਜਿਹੇ ਪੁਰਸ਼ ਦੋ ਤਿੰਨ ਜਨਮ ਲੈ ਕੇ ਲੰਘ ਜਾਇਆ ਕਰਦੇ ਹਨ।

ਚੌਥੀ ਗਤੀ ਭਗਤਾਂ ਦੀ ਹੋਇਆ ਕਰਦੀ ਹੈ ਜਿਨ੍ਹਾਂ ਦੇ ਹਿਰਦੇ ਦੇ ਅੰਦਰ ਪਿਛਲੇ ਪੂਰਬਲੇ ਕਰਮਾਂ ਦੀ ਕਮਾਈ ਕਰਨ ਕਰਕੇ ਵਾਹਿਗੁਰੂ ਜੀ ਦਾ ਅਥਾਹ ਪਿਆਰ ਹੋਇਆ ਕਰਦਾ ਹੈ। ਉਹ ਪੂਰਨ ਰੂਪ ਵਿਚ ਬੈਰਾਗੀ ਹੋਇਆ ਕਰਦੇ ਹਨ ਅਤੇ ਕੋਈ ਚੀਜ਼ ਉਨ੍ਹਾਂ ਨੂੰ ਮੋਹਿਤ ਨਹੀਂ ਕਰ ਸਕਦੀ। ਉਨ੍ਹਾਂ ਦੇ ਅੰਦਰ ਵਾਹਿਗੁਰੂ ਜੀ ਦਾ ਅਥਾਹ ਨਿਸ਼ਚਾ ਹੁੰਦਾ ਹੈ, ਵਾਹਿਗੁਰੂ ਜੀ ਨੂੰ ਉਹ ਬਿਲਕੁਲ ਆਪਣਾ-ਆਪਣਾ ਸਮਝਦੇ ਹਨ ਅਤੇ ਸਾਰੇ ਦ੍ਰਿਸ਼ਟਮਾਨ ਵਿਚੋਂ ਉਨ੍ਹਾਂ ਦਾ ਪਿਆਰ ਕੇਵਲ ਉਸ ਤਰ੍ਹਾਂ ਦਾ ਹੋਇਆ ਕਰਦਾ ਹੈ ਜਿਵੇਂ -

*ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ*
*ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ*
*ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ*
*ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ॥*

*ਪੰਨਾ - 708*

ਉਨ੍ਹਾਂ ਦੇ ਪੁੰਨ ਕਰਮ, ਪਿਛਲੀ ਕੀਤੀ ਹੋਈ ਕਮਾਈ, ਉਨ੍ਹਾਂ ਨੂੰ ਬਹੁਤ ਹੀ ਛੋਟੀ ਅਵਸਥਾ ਵਿਚ ਮਹਾਂਪੁਰਸ਼ਾਂ ਦਾ ਮਿਲਾਪ ਕਰਾ ਦਿੰਦੀ ਹੈ। ਉਨ੍ਹਾਂ ਨੂੰ ਮਹਾਂਪੁਰਸ਼ ਸੰਤ, ਸਾਧੂ, ਗੁਰਮੁਖ, ਸਾਰੇ ਸੰਸਾਰ ਤੋਂ ਪਿਆਰੇ ਲਗਦੇ ਹਨ ਅਤੇ ਉਨ੍ਹਾਂ ਨਾਲ ਦਿਲੀ ਪਿਆਰ ਦੀ ਸਾਂਝ ਵਧਾਉਂਦੇ ਹਨ। ਮਹਾਤਮਾ ਦੇ ਬਚਨਾਂ ਉਪਰ ਉਹ ਪੂਰਨ ਵਿਸ਼ਵਾਸ਼ ਰਖਦੇ ਹਨ, ਵਾਹਿਗੁਰੂ ਜੀ ਨੂੰ ਹਰ ਸਵਾਸ ਜਪਦੇ ਹਨ ਅਤੇ ਆਪਣੇ ਨਾਲ ਹੀ ਸਮਝਦੇ ਹਨ ਜਿਵੇਂ ਕਿ ਨਾਮਦੇਵ ਜੀ ਨੇ ਛੋਟੀ ਅਵਸਥਾ ਵਿਚ ਹੀ ਵਾਹਿਗੁਰੂ ਜੀ ਨੂੰ ਦੁਧ ਪਿਲਾਇਆ ਜਿਸ ਬਾਰੇ ਗੁਰਬਾਣੀ ਵਿਚ ਦਰਜ ਹੈ -

*ਸੁੋਇਨ ਕਟੋਰੀ ਅੰਮ੍ਰਿਤ ਭਰੀ॥*
*ਲੈ ਨਾਮੈ ਹਰਿ ਆਗੈ ਧਰੀ॥*
*ਏਕੁ ਭਗਤੁ ਮੇਰੇ ਹਿਰਦੇ ਬਸੈ॥*
*ਨਾਮੇ ਦੇਖਿ ਨਰਾਇਣੁ ਹਸੈ॥*
*ਦੂਧੁ ਪੀਆਇ ਭਗਤੁ ਘਰਿ ਗਇਆ॥*

*ਨਾਮੇ ਹਰਿ ਕਾ ਦਰਸਨੁ ਭਇਆ॥*
*ਪੰਨਾ - 1163*

ਛੋਟੀ ਅਵਸਥਾ ਵਿਚ ਹੀ ਨਾਮਦੇਵ ਜੀ ਵਾਹਿਗੁਰੂ ਜੀ ਨਾਲ ਐਨਾ ਪਿਆਰ ਕਰਦੇ ਸੀ ਅਤੇ ਐਨਾ ਦ੍ਰਿੜ੍ਹ ਵਿਸ਼ਵਾਸ਼ ਸੀ ਕਿ ਭਾਵੇਂ ਵਾਹਿਗੁਰੂ ਜੀ ਨਿਰਗੁਣ ਅਵਸਥਾ ਵਿਚ ਹੀ ਹਨ ਪਰ ਉਨ੍ਹਾਂ ਨੇ ਪ੍ਰਭੂ ਨੂੰ ਸਾਕਾਰ ਰੂਪ ਵਿਚ ਪ੍ਰਗਟ ਕਰਕੇ ਦੁੱਧ ਪਿਆ ਦਿਤਾ। ਇਸੇ ਤਰ੍ਹਾਂ ਨਾਲ ਪ੍ਰਭੂ, ਪਿਆਰ ਦੇ ਵਸ ਆਏ ਹੋਏ ਕਦੇ ਨਾਮਦੇਵ ਜੀ ਦਾ ਛੱਪਰ ਬਣਾਉਂਦੇ ਹਨ ਜਿਸ ਦੇ ਬਾਰੇ ਬਾਣੀ ਦੇ ਅੰਦਰ ਬਹੁਤ ਵਿਸਥਾਰ ਨਾਲ ਲਿਖਿਆ ਹੋਇਆ ਹੈ -

*ਪਾੜ ਪੜੋਸਣਿ ਪੂਛਿ ਲੇ ਨਾਮਾ*
*ਕਾ ਪਹਿ ਛਾਨਿ ਛਵਾਈ ਹੋ॥*
*ਤੋ ਪਹਿ ਦੁਗਣੀ ਮਜੂਰੀ ਦੈਹਉ*
*ਮੋ ਕਉ ਬੇਢੀ ਦੇਹੁ ਬਤਾਈ ਹੋ॥*
*ਰੀ ਬਾਈ ਬੇਢੀ ਦੇਨੁ ਨ ਜਾਈ॥*
*ਦੇਖੁ ਬੇਢੀ ਰਹਿਓ ਸਮਾਈ॥*
*ਹਮਾਰੈ ਬੇਢੀ ਪ੍ਰਾਨ ਅਧਾਰਾ॥*
*ਬੇਢੀ ਪ੍ਰੀਤਿ ਮਜੂਰੀ ਮਾਂਗੈ*
*ਜਉ ਕੋਊ ਛਾਨਿ ਛਵਾਵੈ ਹੋ॥*
*ਲੋਗ ਕੁਟੰਬ ਸਭਹੁ ਤੇ ਤੋਰੈ*
*ਤਉ ਆਪਨ ਬੇਢੀ ਆਵੈ ਹੋ॥*
*ਐਸੋ ਬੇਢੀ ਬਰਨਿ ਨ ਸਾਕਉ*
*ਸਭ ਅੰਤਰ ਸਭ ਠਾਂਈ ਹੋ॥*
*ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ*
*ਪੂਛੇ ਕਹਨੁ ਨ ਜਾਈ ਹੋ॥*
*ਬੇਢੀ ਕੇ ਗੁਣ ਸੁਨਿ ਰੀ ਬਾਈ*
*ਜਲਧਿ ਬਾਂਧਿ ਧ੍ਰੂ ਥਾਪਿਓ ਹੋ॥*
*ਨਾਮੇ ਕੇ ਸੁਆਮੀ ਸੀਅ ਬਹੋਰੀ*
*ਲੰਕ ਭਭੀਖਣ ਆਪਿਓ ਹੋ॥*
*ਪੰਨਾ - 657*

ਨਾਮਦੇਵ ਜੀ ਉਸ ਮੰਦਰ ਵਿਚ ਪ੍ਰੇਮ ਵਸ ਹੋਏ ਚਲੇ ਜਾਂਦੇ ਹਨ ਜੋ ਕੇਵਲ ਉਚੀਆਂ ਜਾਤੀਆਂ ਵਾਸਤੇ ਹੀ ਸੀ, ਨਾਮਦੇਵ ਜੀ ਨੂੰ ਛੋਟੀ ਜਾਤ ਦਾ ਜਾਣ ਕੇ ਧੱਕੇ ਮਾਰੇ। ਉਹ ਮੰਦਰ ਦੇ ਪਿਛਲੇ ਪਾਸੇ ਜਾ ਕੇ ਬੈਠ ਗਏ ਅਤੇ ਪਿਆਰ ਵਸ ਹੋਏ ਹੋਏ ਪ੍ਰਭੂ ਪਾਸ ਆਪਣਾ ਰੋਸ ਪ੍ਰਗਟ ਕਰ ਰਹੇ ਹਨ ਜਿਵੇਂ ਇਕ ਬੱਚਾ ਆਪਣੀ ਮਾਂ ਪਾਸ ਕਰਿਆ ਕਰਦਾ ਹੈ। ਉਸ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਹਸਤ ਖੇਲਤ*
*ਤੇਰੇ ਦੇਹੁਰੇ ਆਇਆ - 2*
*ਭਗਤ ਕਰਤ ਨਾਮਾ*
*ਪਕੜ ਉਠਾਇਆ-2*

*ਹਸਤ ਖੇਲਤ ਤੇਰੇ ਦੇਹੁਰੇ ਆਇਆ॥*
*ਭਗਤਿ ਕਰਤ ਨਾਮਾ ਪਕਰਿ ਉਠਾਇਆ॥*
*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥*
*ਛੀਪੇ ਕੇ ਜਨਮਿ ਕਾਹੇ ਕਉ ਆਇਆ॥*
*ਲੈ ਕਮਲੀ ਚਲਿਓ ਪਲਟਾਇ*
*ਦੇਹੁਰੈ ਪਾਛੈ ਬੈਠਾ ਜਾਇ॥*
*ਜਿਉ ਜਿਉ ਨਾਮਾ ਹਰਿ ਗੁਣ ਉਚਰੈ॥*
*ਭਗਤ ਜਨਾਂ ਕਉ ਦੇਹੁਰਾ ਫਿਰੈ॥*
*ਪੰਨਾ - 1164*

ਇਸੇ ਤਰ੍ਹਾਂ ਨਾਲ ਧੰਨੇ ਭਗਤ ਨੇ ਪ੍ਰਮੇਸ਼ਰ ਨੂੰ ਸਾਕਾਰ ਕਰਕੇ ਪ੍ਰਸ਼ਾਦਾ ਵੀ ਛਕਾਇਆ ਅਤੇ ਦਹੀਂ ਵੀ ਖਲਾਇਆ। ਐਸੀਆਂ ਵੀ ਸਾਖੀਆਂ ਹਨ ਕਿ ਪ੍ਰਭੂ, ਪ੍ਰੇਮ ਵਿਚ ਵਸ ਹੋਏ ਹੋਏ ਸਾਕਾਰ ਰੂਪ ਵਿਚ ਉਸ ਦੇ ਪਾਸ ਰਹਿੰਦੇ ਹਨ। ਇਸੇ ਤਰ੍ਹਾਂ ਨਾਲ ਰੰਕਾ ਬੰਕਾ ਦੀ ਕਥਾ ਹੈ ਕਿ ਉਨ੍ਹਾਂ ਗਰੀਬਾਂ ਦੀ ਕੁਟੀਆਂ ਵਿਚ ਪ੍ਰੇਮ ਦੇ ਬੰਨ੍ਹੇ ਹੋਏ, ਮੁੰਜ ਦੇ ਘਰੋੜੇ ਮੰਜੇ ਉਪਰ ਪੈਂਦੇ ਹਨ ਅਤੇ ਰੁਖੇ ਮਿੱਸੇ ਪ੍ਰਸ਼ਾਦੇ ਨੂੰ ਭੋਗ ਲਾਉਂਦੇ ਹਨ। ਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ ਵਾਹਿਗੁਰੂ ਜੀ ਪ੍ਰੇਮ ਦੇ ਵਸੀਭੂਤ ਹੋ ਕੇ ਆਪਣੇ ਭਗਤਾਂ ਦੀ ਹਰ ਗੱਲ ਮੰਨ ਜਾਂਦੇ ਹਨ -

*ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥*
*ਨਾ ਤੂ ਆਵਹਿ ਵਸਿ ਬੇਦ ਪੜਾਵਣੇ॥*
*ਨਾ ਤੂ ਆਵਹਿ ਵਸਿ ਤੀਰਥਿ ਨਾਈਐ॥*
*ਨਾ ਤੂ ਆਵਹਿ ਵਸਿ ਧਰਤੀ ਧਾਈਐ॥*
*ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥*
*ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥*
*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥*
*ਤੂ ਭਗਤਾ ਕੈ ਵਸਿ*
*ਭਗਤਾ ਤਾਣੁ ਤੇਰਾ॥*
*ਪੰਨਾ - 962*

ਐਨਾ ਪਿਆਰ ਕਰਨ ਵਾਲਿਆਂ ਨੂੰ ਭਗਤ ਆਖਿਆ ਜਾਂਦਾ ਹੈ। ਉਨ੍ਹਾਂ ਦੀ ਗਤੀ ਇਹ ਹੁੰਦੀ ਹੈ ਕਿ ਜਦੋਂ ਸਰੀਰ ਦਾ ਅੰਤ ਹੁੰਦਾ ਹੈ ਉਸ ਵੇਲੇ ਬਵਾਨਾਂ ਵਿਚ ਬਿਠਾ ਕੇ ਉਨ੍ਹਾਂ ਦੀ ਜੈ-ਜੈਕਾਰ ਕਰਦਿਆਂ, ਫੁੱਲ ਵਰਸਾਉਂਦਿਆਂ ਪ੍ਰਭੂ ਦੇ ਸਰਗੁਣ ਲੋਕ ਵਿਚ ਲਿਜਾਇਆ ਜਾਂਦਾ ਹੈ ਜਿਸ ਨੂੰ ਅਸੀਂ ਸਚਖੰਡ ਆਖਦੇ ਹਾਂ ਜੋ ਸਭ ਤੋਂ ਉਚੀ ਦਰਗਾਹ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਅੰਤਰਿ ਗੁਰੁ ਆਰਾਧਣਾ*
*ਜਿਹਵਾ ਜਪਿ ਗੁਰ ਨਾਉ॥*
*ਨੇਤ੍ਰੀ ਸਤਿਗੁਰੁ ਪੇਖਣਾ*
*ਸ੍ਰਵਣੀ ਸੁਨਣਾ ਗੁਰ ਨਾਉ॥*
*ਸਤਿਗੁਰ ਸੇਤੀ ਰਤਿਆ*
*ਦਰਗਹ ਪਾਈਐ ਠਾਉ॥*
*ਕਹੁ ਨਾਨਕ ਕਿਰਪਾ ਕਰੇ*
*ਜਿਸ ਨੋ ਏਹ ਵਥੁ ਦੇਇ॥*
*ਜਗ ਮਹਿ ਉਤਮ ਕਾਢੀਅਹਿ*
*ਵਿਰਲੇ ਕੇਈ ਕੇਇ॥ ਪੰਨਾ - 517*

ਇਹ ਭਗਤਾਂ ਦੀ ਗਤੀ ਹੋਇਆ ਕਰਦੀ ਹੈ।

ਪੰਜਵੀਂ ਗਤੀ ਕਾਰਕਾਂ ਦੀ ਹੋਇਆ ਕਰਦੀ ਹੈ। ਕਾਰਕ ਉਹ ਆਤਮਾਵਾਂ ਹੋਇਆ ਕਰਦੀਆਂ ਹਨ ਜਿਨ੍ਹਾਂ ਦੇ ਮਨ ਵਿਚ ਸਦਾ ਹੀ ਪਰਉਪਕਾਰ ਦਾ ਫੁਰਨਾ ਰਹਿੰਦਾ ਹੈ ਅਤੇ ਸੰਸਾਰ ਦਾ ਭਲਾ ਲੋਚਦੇ ਹਨ। ਜਦੋਂ ਉਹ ਅਸਾਡੇ ਚਾਰ ਯੁੱਗ ਹਜ਼ਾਰ ਵਰ੍ਹੇ ਲੰਘ ਜਾਣ ਤਾਂ ਇਕ ਕਲਪ ਆਖਦੇ ਹਨ। ਉਹ ਬ੍ਰਹਮਾਂ ਦਾ ਇਕ ਦਿਨ ਹੋਇਆ ਕਰਦਾ ਹੈ। ਇਹ ਇਕ ਕਲਪ ਬੀਤ ਜਾਣ ਉਪਰੰਤ ਉਨ੍ਹਾਂ ਨੂੰ ਵਿਦੇਹ ਮੁਕਤ ਪ੍ਰਾਪਤ ਹੋ ਜਾਇਆ ਕਰਦੀ ਹੈ। ਇਸ 4 ਅਰਬ 32 ਕਰੋੜ ਸਾਲ ਯਾਨਿ ਕਿ ਇਕ ਕਲਪ ਦੇ ਸਮੇਂ ਵਿਚ, ਉਹ ਸੁਤੰਤਰ ਰਿਹਾ ਕਰਦੇ ਹਨ ਜਿਥੇ ਜੀਅ ਚਾਹੇ ਚਲੇ ਜਾਂਦੇ ਹਨ। ਉਹ ਮਰਜ਼ੀ ਦੇ ਨਾਲ ਸੰਸਾਰ ਵਿਚ ਆਉਂਦੇ ਹਨ ਅਤੇ ਸੰਸਾਰ ਦਾ ਭਲਾ ਕਰਕੇ ਆਪਣੀ ਮਰਜ਼ੀ ਦੇ ਨਾਲ ਸੰਸਾਰ ਤੋਂ ਚਲੇ ਜਾਂਦੇ ਹਨ। ਉਨ੍ਹਾਂ ਬਾਰੇ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ -

*ਜਨਮ ਮਰਣ ਦੁਹਹੂ*
*ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥*

*ਪੰਨਾ - 749*

ਉਨ੍ਹਾਂ ਆਤਮਾਵਾਂ ਦਾ ਗਿਆਨ ਕਦੇ ਵੀ ਸਿਥਲ ਨਹੀਂ ਹੁੰਦਾ, ਸਦਾ ਹੀ ਆਪਣੇ ਸਵੈ ਸਰੂਪ ਅਤੇ ਵਾਹਿਗੁਰੂ ਜੀ ਨੂੰ ਪੂਰੀ ਤਰ੍ਹਾਂ ਨਾਲ ਪ੍ਰਤੱਖ ਅਨੁਭਵ ਕਰਦੇ ਹਨ। ਜਦੋਂ ਜਦੋਂ ਵੀ ਜਗਤ ਉਤੇ ਗਿਲਾਨੀ ਆਉਂਦੀ ਹੈ ਉਹ ਉਸੇ ਤਰ੍ਹਾਂ ਦਾ ਸੰਕਲਪ ਕਰਕੇ ਲੋੜ ਅਨੁਸਾਰ ਰੂਪ ਧਾਰਨ ਕਰ ਲੈਂਦੇ ਹਨ ਅਤੇ ਸੰਸਾਰ ਵਿਚ ਸ਼ਾਂਤੀ ਉਦੈ ਕਰਕੇ ਆਪਣੀ ਮਰਜ਼ੀ ਨਾਲ ਚਲੇ ਜਾਇਆ ਕਰਦੇ ਹਨ।

*ਗੁਰਮੁਖਿ ਆਵੈ ਜਾਇ ਨਿਸੰਗੁ॥*

*ਪੰਨਾ - 932*

ਜਿਸ ਤਰ੍ਹਾਂ ਵੇਦ ਵਿਆਸ ਜੀ ਵਿਦਿਆ ਦੇ ਅਵਤਾਰ ਹਨ। ਜਦੋਂ ਸਤਿਪੁਰਸ਼ਾਂ ਦੇ ਚਲਾਏ ਹੋਏ ਧਰਮਾਂ ਵਿਚ ਗਿਲਾਨੀ ਫੈਲ ਜਾਂਦੀ ਹੈ ਤਾਂ ਇਹ ਅਸਲੀ ਸਿਧਾਂਤ ਨਿਖਾਰ ਕੇ ਉਸੇ ਮਾਰਗ ਨੂੰ ਸੁਥਰਾ ਬਣਾ ਕੇ ਚਲਵਾਉਂਦੇ ਹਨ। ਵੇਦ ਵਿਆਸ ਜੀ ਨੂੰ ਵਿਦਿਆ ਦਾ ਅਵਤਾਰ ਆਖਿਆ ਜਾਂਦਾ ਹੈ। ਆਪ ਕਾਰਕ ਹਨ ਉਨ੍ਹਾਂ ਨੂੰ ਲੋੜ ਅਨੁਸਾਰ ਸੰਸਾਰ ਦੇ ਭਲੇ ਲਈ ਆਉਣਾ ਪੈਂਦਾ ਹੈ। ਇਨ੍ਹਾਂ ਦੇ ਉਪਰ ਛੇਵੀਂ ਗਤੀ ਬ੍ਰਹਮਗਿਆਨੀਆਂ ਦੀ ਹੋਇਆ ਕਰਦੀ ਹੈ। ਬ੍ਰਹਮਗਿਆਨੀ ਉਹ ਪੁਰਸ਼ ਹੁੰਦੇ ਹਨ ਜਿਨ੍ਹਾਂ ਨੇ ਪੂਰੀ ਤਰ੍ਹਾਂ ਨਾਲ ਆਪਣੀ ਹਉਂ ਪ੍ਰਭੂ ਵਿਚ ਲੀਨ ਕਰ ਦਿਤੀ ਅਤੇ -

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ*
*ਬ੍ਰਹਮ ਗਿਆਨੀ ਹੋਇ॥ ਪੰਨਾ - 272*

ਉਨ੍ਹਾਂ ਦੇ ਵਾਸਤੇ ਨਾ ਕੋਈ ਆਪਣਾ ਹੁੰਦਾ ਹੈ ਅਤੇ ਨਾ ਹੀ ਬੇਗਾਨਾ ਹੁੰਦਾ ਹੈ ਸਾਰੇ ਹੀ ਪ੍ਰਭੂ ਰਮਿਆ ਹੋਇਆ ਪ੍ਰਤੀਤ ਕਰਕੇ, ਆਪਣਾ ਆਪਾ ਉਸ ਵਿਚ ਐਉਂ ਲੀਨ ਕਰ ਦਿੰਦੇ ਹਨ ਜਿਵੇਂ -

*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ॥*
*ਨਾਨਕ ਪ੍ਰਭ ਕੈ ਸਦ ਕੁਰਬਾਨ॥*

*ਪੰਨਾ - 278*

ਅਜਿਹੇ ਪੁਰਸ਼ ਜਦੋਂ ਸਰੀਰਧਾਰੀ ਹੁੰਦੇ ਹਨ ਤਾਂ ਉਨ੍ਹਾਂ ਲਈ ਕੋਈ ਦੂਜਾ ਨਹੀਂ ਹੁੰਦਾ। ਉਨ੍ਹਾਂ ਦੇ ਨੇਤਰ ਖੁਲ੍ਹੇ ਹੁੰਦੇ ਹਨ ਅਤੇ ਉਹ ਹਰ ਥਾਂ ਪ੍ਰਭੂ ਦਾ ਹੀ ਦਰਸ਼ਨ ਕਰਦੇ ਹਨ। ਜਦੋਂ ਉਨ੍ਹਾਂ ਦਾ ਸਰੀਰ ਛੁਟਦਾ ਹੈ ਤਾਂ ਸਾਰੇ ਤੱਤ, ਤੱਤਾਂ ਵਿਚ ਲੈਅ ਹੋ ਜਾਂਦੇ ਹਨ। ਸੂਖਸ਼ਮ ਤੇ ਕਾਰਨ ਸਰੀਰ ਟੁੱਟ ਜਾਂਦੇ ਹਨ ਉਨ੍ਹਾਂ ਦਾ ਆਤਮਾ ਪਹਿਲਾਂ ਹੀ ਪ੍ਰਭੂ ਵਿਚ ਲੀਨ ਹੋਇਆ ਹੁੰਦਾ ਹੈ। ਉਹ ਸਰੀਰ ਦੇ ਨਾਸ਼ ਉਪਰੰਤ ਨਾ ਕਿਤੇ ਆਉਂਦੇ ਹਨ, ਨਾ ਹੀ ਕਿਤੇ ਜਾਂਦੇ ਹਨ-

*ਨਹ ਕਿਛੁ ਜਨਮੈ ਨਹ ਕਿਛੁ ਮਰੈ॥*
*ਆਪਨ ਚਲਿਤੁ ਆਪ ਹੀ ਕਰੈ॥*
*ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ॥*
*ਆਗਿਆਕਾਰੀ ਧਾਰੀ ਸਭ ਸ੍ਰਿਸਟਿ॥*
*ਆਪੇ ਆਪਿ ਸਗਲ ਮਹਿ ਆਪਿ॥*
*ਅਨਿਕ ਜੁਗਤਿ ਰਚਿ ਥਾਪਿ ਉਥਾਪਿ॥*
*ਅਬਿਨਾਸੀ ਨਾਹੀ ਕਿਛੁ ਖੰਡ॥*
*ਧਾਰਣ ਧਾਰਿ ਰਹਿਓ ਬ੍ਰਹਮੰਡ॥*
*ਅਲਖ ਅਭੇਵ ਪੁਰਖ ਪਰਤਾਪ॥*
*ਆਪਿ ਜਪਾਏ ਤ ਨਾਨਕ ਜਾਪ॥*

*ਪੰਨਾ - 281*

ਸੋ ਇਸ ਤਰ੍ਹਾਂ ਉਨ੍ਹਾਂ ਦੇ ਅੰਦਰ ਪੂਰਨ ਗਿਆਨ ਹੁੰਦਾ ਹੈ ਅਤੇ ਕੋਈ ਵੀ ਸ਼ੰਕਾ ਉਨ੍ਹਾਂ ਦੇ ਮਨ ਵਿਚ ਨਹੀਂ ਰਿਹਾ ਕਰਦਾ, ਉਨ੍ਹਾਂ ਨੂੰ ਅੰਦਰ ਵੀ ਵਾਹਿਗੁਰੂ ਦਿਸਦਾ ਹੈ, ਬਾਹਰ ਵੀ ਵਾਹਿਗੁਰੂ ਦਿਸਦਾ ਹੈ। ਵਾਹਿਗੁਰੂ ਜੀ ਆਪ ਹੀ ਖੇਲ੍ਹ ਕਰ ਰਹੇ, ਆਪ ਹੀ ਅਨੇਕ ਰੂਪ ਧਾਰ ਕੇ ਕ੍ਰਿਆ ਕਰ ਰਹੇ ਹਨ। ਸੋ ਸੰਤ ਜਨਾਂ ਦਾ ਦੇਖਣਾ ਵੀ ਬ੍ਰਹਮ ਹੈ, ਸੁਣਨਾ ਭੀ ਬ੍ਰਹਮ ਹੈ। ਅੰਦਰ ਬਾਹਰ ਵਸਦਾ ਭੀ ਓਹੀ ਦਿਸਦਾ ਹੈ ਜਿਵੇਂ ਕਿ ਫੁਰਮਾਨ ਹੈ -

*ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ॥*
*ਸੰਤ ਜਨਾ ਕੈ ਹਿਰਦੈ ਸਭਿ ਧਰਮ॥*
*ਸੰਤ ਜਨਾ ਸੁਨਹਿ ਸੁਭ ਬਚਨ॥*
*ਸਰਬ ਬਿਆਪੀ ਰਾਮ ਸੰਗਿ ਰਚਨ॥*
*ਜਿਨਿ ਜਾਤਾ ਤਿਸ ਕੀ ਇਹ ਰਹਤ॥*
*ਸਤਿ ਬਚਨ ਸਾਧੂ ਸਭਿ ਕਹਤ॥*
*ਜੋ ਜੋ ਹੋਇ ਸੋਈ ਸੁਖੁ ਮਾਨੈ॥*

*ਕਰਨ ਕਰਾਵਨਹਾਰੁ ਪ੍ਰਭੁ ਜਾਨੈ॥*
*ਅੰਤਰਿ ਬਸੇ ਬਾਹਰਿ ਭੀ ਓਹੀ॥*
*ਨਾਨਕ ਦਰਸਨੁ ਦੇਖਿ ਸਭ ਮੋਹੀ॥*
*ਪੰਨਾ - 294*

ਜਿਵੇਂ ਭਾਈ ਘਨਈਆ ਆਪਣੇ ਬਿਗਾਨਿਆਂ ਤੇ ਵੈਰੀ ਮਿਤਰਾਂ ਵਿਚ ਪ੍ਰਭੂ ਦਾ ਹੀ ਰੂਪ ਦੇਖਦਾ ਸੀ, ਸੋ ਅਜਿਹੀ ਦ੍ਰਿਸ਼ਟੀ ਵਾਲੇ ਪੁਰਸ਼ਾਂ ਨੂੰ ਬ੍ਰਹਮਗਿਆਨੀ ਆਖਿਆ ਜਾਂਦਾ ਹੈ। ਗੁਰੂ ਮਹਾਰਾਜ ਜੀ ਦੇ ਪਾਸ ਜਦੋਂ ਉਨ੍ਹਾਂ ਦੀ ਸ਼ਕਾਇਤ ਕੀਤੀ ਗਈ, ਗੁਰੂ ਮਹਾਰਾਜ ਜੀ ਨੇ ਉਨ੍ਹਾਂ ਦੇ ਬਚਨ ਸੁਣ ਕੇ ਆਪਣੇ ਪਾਸੋਂ ਮਲ੍ਹਮ ਦੀ ਡੱਬੀ ਤੇ ਪੱਟੀਆਂ ਦੇ ਕੇ ਕਿਹਾ ਕਿ ਭਾਈ ਘਨਈਆ! ਤੂੰ ਸਤਿ ਨੂੰ ਪਛਾਣ ਲਿਆ ਹੈ, ਤੇਰੇ ਨੇਤਰ ਪੂਰਨ ਤੌਰ ਤੇ ਖੁਲ੍ਹੇ ਹਨ। ਹੁਣ ਤੂੰ ਜਿਥੇ ਮੈਨੂੰ ਪਾਣੀ ਪਿਲਾਂਦਾ ਹੈਂ, ਉਥੇ ਮਲ੍ਹਮ ਤੇ ਪੱਟੀਆਂ ਵੀ ਵਰਤਿਆ ਕਰ। ਸੋ ਇਸ ਤਰ੍ਹਾਂ ਦੇ ਨਾਲ ਇਹ ਜੀਵ ਸੰਸਾਰ ਅੰਦਰ ਡੋਲਦਾ ਫਿਰਦਾ ਹੈ -

*ਕਵਨ ਰੂਪ ਦ੍ਰਿਸਟਿਓ ਬਿਨਸਾਇਓ॥*
*ਕਤਹਿ ਗਇਓ ਉਹੁ ਕਤ ਤੇ ਆਇਓ॥*
*ਪੰਨਾ - 736*

*ਧਾਰਨਾ - ਹੋ ਕੇ ਪ੍ਰਾਣਾਂ ਦਾ ਵਿਜੋਗ,*
*ਜੀਵ ਕਿਥੇ ਜਾਂਦਾ ਹੈ -2,2*
*ਜੀਵ ਕਿਥੇ ਜਾਂਦਾ ਹੈ, - 4, 2*
*ਹੋ ਕੇ ਪ੍ਰਾਣਾਂ ਦਾ*
*ਵਿਜੋਗ..............-2*

ਸਾਧਸੰਗਤ ਜੀ! ਧਿਆਨ ਨਾਲ ਸੁਣਿਓ ਕਿਉਂਕਿ ਇਹ ਸਾਰੀਆਂ ਗੱਲਾਂ ਸਾਡੇ ਨਾਲ ਵਰਤਣ ਵਾਲੀਆਂ ਹਨ ਅਤੇ ਅਸੀਂ ਇਨ੍ਹਾਂ ਤੋਂ ਅਗਿਆਤ ਹਾਂ ਜਿਸ ਦਾ ਸਾਨੂੰ ਪਤਾ ਨਹੀਂ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸਰੀਰ ਦੀ ਤਾਂ ਗਤੀ ਅੱਡ-ਅੱਡ ਹੈ। ਇਕ ਮਸਾਣਾਂ ਵਿਚ ਲਿਜਾਂਦੇ ਹਨ, ਇਕ ਦੱਬ ਆਉਂਦੇ ਹਨ, ਇਕ ਖੁਲ੍ਹੇ ਮਸਾਣਾਂ ਵਿਚ ਕੁੱਤੇ ਬਿੱਲਿਆਂ ਦੇ ਖਾਣ ਲਈ ਸੁੱਟ ਦਿੰਦੇ ਹਨ, ਇਕ ਪਾਣੀ ਵਿਚ ਰੋੜ੍ਹ ਦਿੰਦੇ ਹਨ, ਇਕ ਜਦੋਂ ਸਰੀਰ ਛੱਡਿਆ ਜਾਂਦਾ ਹੈ ਤਾਂ ਹਸਦੇ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਇਕ ਦਝਹਿ ਇਕ ਦਬੀਅਹਿ*
*ਇਕਨਾ ਕੁਤੇ ਖਾਹਿ॥*
*ਇਕਿ ਪਾਣੀ ਵਿਚਿ ਉਸਟੀਅਹਿ ਇਕਿ*
*ਭੀ ਫਿਰਿ ਹਸਣਿ ਪਾਹਿ॥*
*ਨਾਨਕ ਏਵ ਨ ਜਾਪਈ*
*ਕਿਥੈ ਜਾਇ ਸਮਾਇ॥ ਪੰਨਾ - 648*

ਇਨ੍ਹਾਂ ਨੂੰ ਕਿਸੇ ਨੂੰ ਵੀ ਪਤਾ ਨਹੀਂ, ਜੀਵ ਕਿਥੇ ਚਲਿਆ ਜਾਂਦਾ ਹੈ -

*ਤੀਨਿ ਸੰਙਿਆ ਕਰਿ ਦੇਹੀ*
*ਕੀਨੀ ਜਲ ਕੂਕਰ ਭਸਮੇਹੀ॥*
*ਹੋਇ ਆਮਰੋ ਗ੍ਰਿਹ ਮਹਿ ਬੈਠਾ*
*ਕਰਣ ਕਾਰਣ ਬਿਸਰੋਹੀ॥*
*ਪੰਨਾ - 609*

ਦੇਹੀ ਵਿਚ ਜੋ ਜੀਵ ਆਤਮਾ ਵਸਦਾ ਹੈ ਉਸ ਦੀਆਂ ਗਤੀਆਂ ਵਿਸਥਾਰ ਨਾਲ ਦੱਸੀਆਂ ਜਾ ਚੁੱਕੀਆਂ ਹਨ, ਇਨ੍ਹਾਂ ਵਿਚੋਂ ਜੋ ਗਿਆਨਵਾਨ ਹੁੰਦਾ ਹੈ, ਜਿਸ ਨੇ ਪੂਰਨ ਰੂਪ ਵਿਚ ਹਉਮੈ ਦਾ ਨਾਸ਼ ਕਰਕੇ ਆਪਣੇ ਸਵੈ ਸਰੂਪ ਨੂੰ ਪਛਾਣ ਲਿਆ ਹੈ, ਉਹ ਜਿਥੇ ਵੀ, ਜਿਸ ਹਾਲਤ ਵਿਚ ਵੀ ਸਰੀਰ ਛੱਡੇ ਉਹਦੇ ਤੱਤ ਉਥੇ ਹੀ ਤੱਤਾਂ ਵਿਚ ਲੀਨ ਹੋ ਜਾਂਦੇ ਹਨ, ਉਸ ਦਾ ਸੂਖਸ਼ਮ ਸਰੀਰ, ਲਿੰਗ ਸਰੀਰ (ਕਾਰਨ ਸਰੀਰ) ਭੰਗ ਹੋ ਜਾਂਦਾ ਹੈ ਅਤੇ ਆਪਣੇ ਅਸਲੇ ਵਿਚ ਸਮਾਅ ਜਾਂਦਾ ਹੈ। ਐਸੈ ਪੁਰਸ਼ ਨੂੰ ਵਿਦੇਹ ਮੁਕਤੀ ਵਿਚ ਓਨਾਂ ਚਿਰ ਦੇਰ ਲਗਦੀ ਹੈ ਜਿੰਨਾਂ ਚਿਰ ਦੇਹ ਪਾਤ ਨਹੀਂ ਹੁੰਦੀ। ਦੇਹ ਪਾਤ ਹੋਣ ਦੇ ਪਿਛੋਂ ਬ੍ਰਹਮ ਰੂਪ ਹੋ ਜਾਂਦਾ ਹੈ ਭਾਵੇਂ ਕਿਸੇ ਵੀ ਥਾਂ, ਕਿਸੇ ਵੀ ਹਾਲਤ ਵਿਚ ਦੇਹ ਦਾ ਤਿਆਗ ਕਰੇ।

*ਸ੍ਵੈਯਾ - ਤਟ ਤੀਰਥ ਮਾਹਿ ਤਜੇ ਤਨ ਕੋ*
*ਉਤ ਊਖਰ ਦੇਸ਼ ਵਿਖੇ ਤਨ ਡਾਰੇ।*
*ਦਿੱਜ ਮੰਦਰ ਮੇਂ ਤਨ ਤਿਆਗ ਕਰੇ*
*ਉਤ ਜਾਯ ਮਰੇ ਵਹੁ ਨੀਚ ਦੁਆਰੇ।*
*ਹਰਿ ਧਿਆਨ ਧਰੇ ਤਨ ਤਿਆਗ*
*ਕਰੇ ਉਤ ਹਾ ਹਾ ਕਰੇ*
*ਦ੍ਰਿਗ ਤੋ ਜਲ ਡਾਰੇ।*
*ਤਨ ਡਾਰਤ ਹੀ ਸੁਖ ਸਿੰਧੁ ਭਯੋ*
*ਨਹਿ ਔਰ ਤਨੂ ਹਿਤ ਲੋਕ ਪਧਾਰੇ।*

ਸਰੀਰ ਭਾਵੇਂ ਪੁਰਾਣੇ ਵਿਸ਼ਵਾਸ਼ਾਂ ਦੇ ਮੁਤਾਬਿਕ ਕਾਸ਼ੀ ਵਿਚ ਛੱਡੇ ਜਾਂ ਮਗਹਰ ਵਿਚ ਛੱਡੇ, ਜਾਂ ਕਿਸੇ ਮੰਦੇ ਬੰਦੇ ਦੇ ਘਰ ਛੱਡੇ, ਰਿਸ਼ਟ-ਪੁਸ਼ਟ, ਤੰਦਰੁਸਤ, ਸਿੱਧ ਆਸਣ ਵਿਚ ਛੱਡੇ, ਹਾਏ-ਹਾਏ ਕਰਦਾ ਜਾਂ ਮੂਰਛਤ ਹੋ ਕੇ ਛੱਡੇ, ਉਸ ਦੇ ਪ੍ਰਾਣ ਕਿਤੇ ਆਉਂਦੇ ਜਾਂਦੇ ਨਹੀਂ ਹਨ। ਉਹ ਆਪਣੇ ਆਪ ਹੀ ਆਦਿ ਵਿਚ ਲੀਨ ਹੋ ਜਾਂਦੇ ਹਨ ਅਤੇ ਉਹ ਅਬਿਨਾਸੀ ਦੇਵ ਵਾਹਿਗੁਰੂ ਵਿਚ ਏਕੀ ਭਾਵ ਨੂੰ ਪ੍ਰਾਪਤ ਹੋ ਜਾਂਦਾ ਹੈ। ਜਿਸ ਤਰ੍ਹਾਂ ਦੇ ਨਾਲ ਬਹਿੰਦੀਆਂ ਹੋਈਆਂ ਅਨੇਕਾਂ ਨਦੀਆਂ ਸਮੁੰਦਰ ਵਿਚ ਰਲ ਜਾਂਦੀਆਂ ਹਨ ਇਸੇ ਤਰ੍ਹਾਂ ਨਾਲ ਗਿਆਨਵਾਨ ਆਪਣੇ ਨਾਮ ਰੂਪ ਨੂੰ ਛੱਡ ਦਿੱਬਯ ਪੁਰਸ਼ ਵਿਚ ਲੀਨ ਹੋ ਜਾਂਦਾ ਹੈ ਅਤੇ ਉਪਾਧ ਰਹਿਤ ਘਟਾ ਅਕਾਸ਼ ਦੀ ਨਿਆਈ ਪਰੀਪੂਰਨ ਭਾਵ ਦੀ ਪ੍ਰਾਪਤੀ ਹੋ ਕੇ ਕੇਵਲ ਮੁਕਤ ਨੂੰ ਪ੍ਰਾਪਤ ਹੋ ਜਾਂਦਾ ਹੈ। ਗੁਰੂ ਮਹਾਰਾਜ ਜੀ ਦਾ ਜਿਸ ਤਰ੍ਹਾਂ ਫੁਰਮਾਨ ਹੈ -

*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥*
*ਪੰਨਾ - 278*

ਬਾਣੀ ਵਿਚ ਫੁਰਮਾਨ ਆਉਂਦਾ ਹੈ -

*ਬਾਜੀਗਰਿ ਜੈਸੇ ਬਾਜੀ ਪਾਈ॥*
*ਨਾਨਾ ਰੂਪ ਭੇਖ ਦਿਖਲਾਈ॥*

*ਸਾਂਗੁ ਉਤਾਰਿ ਥੰਮਿਓ ਪਾਸਾਰਾ॥*
*ਤਬ ਏਕੋ ਏਕੰਕਾਰਾ॥* ਪੰਨਾ - 736

ਇਹ ਸਾਰਾ ਪਸਾਰਾ ਏਕੰਕਾਰ ਦਾ ਹੈ ਉਹ ਆਪ ਹੀ ਅਨੇਕ ਰੂਪਾਂ ਦੇ ਵਿਚ ਖੇਲ੍ਹ ਰਿਹਾ ਹੈ। ਜਦੋਂ ਗਿਆਨਵਾਨ ਨੂੰ ਇਸ ਤੱਤ੍ਵ ਦਾ ਪੂਰੀ ਤਰ੍ਹਾਂ ਨਾਲ ਗਿਆਨ ਹੋ ਕੇ ਭੇਦ ਭਰਮ, ਕਰਤਤ੍ਵ ਭਰਮ, ਸੰਗ ਭਰਮ, ਜਗਤ ਤੇ ਬ੍ਰਹਮ ਭਰਮ, ਵਿਕਾਰ ਭਰਮ ਦਾ ਨਾਸ਼ ਹੋ ਜਾਂਦਾ ਹੈ ਤਾਂ ਇਕੋ ਵਾਹਿਗੁਰੂ ਜੀ ਹਰ ਥਾਂ ਆਪਣੀ ਮਹਿਮਾ ਵਿਚ ਆਪ ਸਥਿਤ ਨਜ਼ਰ ਆਉਂਦਾ ਹੈ। ਜਿਸ ਤਰ੍ਹਾਂ ਅਸੀਂ ਮੰਨਦੇ ਹਾਂ - ਮਟਾ ਅਕਾਸ਼, ਘਟਾ ਅਕਾਸ਼, ਮੇਘਾ ਅਕਾਸ਼ ਅਤੇ ਮਹਾਂ ਅਕਾਸ਼ ਇਹ ਅਕਾਸ਼ ਦੀ ਵੰਡ ਕੇਵਲ ਉਪਾਧੀ ਕਰਕੇ ਹੋਇਆ ਕਰਦੀ ਹੈ। ਜਦੋਂ ਉਹ ਉਪਾਧੀਆਂ ਖਤਮ ਜੋ ਜਾਣ ਤਾਂ ਇਕੋ ਅਕਾਸ਼ ਰਹਿ ਜਾਂਦਾ ਹੈ।

*ਸਹਸ ਘਟਾ ਮਹਿ ਏਕੁ ਆਕਾਸੁ॥*
*ਘਟ ਫੂਟੇ ਤੇ ਓਹੀ ਪ੍ਰਗਾਸੁ॥*
ਪੰਨਾ - 736

ਜਿਸ ਤਰ੍ਹਾਂ ਸਮੁੰਦਰ ਦੀਆਂ ਤੂਫਾਨੀ ਲਹਿਰਾਂ ਓਪਰੀ ਨਿਗ੍ਹਾ ਨਾਲ ਭੁਲੇਖਾ ਪਾ ਦਿੰਦੀਆਂ ਹਨ ਕਿ ਸਮੁੰਦਰ ਹੋਰ ਹੈ ਤੇ ਲਹਿਰਾਂ ਹੋਰ ਹਨ ਪਰ ਜਦੋਂ ਅਸੀਂ ਦੀਰਘ ਵਿਚਾਰ ਕਰਦੇ ਹਾਂ ਤਾਂ ਸਾਡੇ ਭਰਮ ਦਾ ਨਾਸ਼ ਹੋ ਜਾਂਦਾ ਹੈ ਕਿ ਇਹ ਤਾਂ ਇਕੋ ਸਮੁੰਦਰ ਆਪਣੀ ਮੌਜ ਵਿਚ ਉਛਲ ਰਿਹਾ ਹੈ। ਇਸੇ ਤਰ੍ਹਾਂ ਨਾਲ -

*ਜਲ ਤੇ ਊਠਹਿ ਅਨਿਕ ਤਰੰਗਾ॥*
*ਕਨਿਕ ਭੂਖਨ ਕੀਨੇ ਬਹੁ ਰੰਗਾ॥*
*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥*
*ਫਲ ਪਾਕੇ ਤੇ ਏਕੰਕਾਰਾ॥*
ਪੰਨਾ - 736

ਸਾਖੀ ਅਰ ਬ੍ਰਹਮ ਦਾ ਵਾਸਤਵ ਅਭੇਦ ਹੈ ਜਿਸ ਤਰ੍ਹਾਂ ਪਾਣੀ, ਪਾਣੀ ਵਿਚ ਅਭੇਦ ਹੋ ਜਾਂਦਾ ਹੈ; ਦੁੱਧ, ਦੁੱਧ ਵਿਚ ਅਭੇਦ ਹੋ ਜਾਂਦਾ ਹੈ, ਇਸੇ ਤਰ੍ਹਾਂ ਨਾਲ ਗਿਆਨਵਾਨ ਵਾਹਿਗੁਰੂ ਜੀ ਵਿਚ ਪਹਿਲਾਂ ਹੀ ਅਭੇਦ ਹੁੰਦਾ ਹੈ। ਉਸਦਾ ਆਪਣਾ ਕੋਈ ਅਸਿਤਤ੍ਵ ਨਹੀਂ ਹੁੰਦਾ। ਉਹ ਆਪਣੇ ਆਪ ਨੂੰ ਸਾਖੀ ਬ੍ਰਹਮ ਰੂਪ ਨਿਸ਼ਚੇ ਕਰ ਲੈਂਦਾ ਹੈ। ਉਸ ਵਿਚ ਦੇਹ ਹੰਗਤਾ, ਦੇਹ ਮਮਤਾ, ਬਿਲਕੁਲ ਹੀ ਖਤਮ ਹੋ ਜਾਇਆ ਕਰਦੀ ਹੈ। ਉਸ ਦਾ ਨਿਸ਼ਚਾ ਹੁੰਦਾ ਹੈ ਕਿ ਨਾ ਮੈਂ ਦੇਹ ਹਾਂ, ਨਾ ਪ੍ਰਾਣ ਹਾਂ, ਨਾ ਮਾਇਆ ਹਾਂ, ਨਾ ਕਾਮ ਹਾਂ, ਨਾ ਕ੍ਰੋਧ ਹਾਂ; ਮੇਰਾ ਸਰੂਪ ਇਨ੍ਹਾਂ ਸਾਰਿਆਂ ਤੋਂ ਪਰ੍ਹੇ ਸਾਖੀ ਬ੍ਰਹਮ ਹੈ। ਨਾ ਮੇਰਾ ਲਿੰਗ ਸਰੀਰ ਹੈ, ਨਾ ਮੈਂ ਸੂਖਸ਼ਮ ਸਰੀਰ ਹਾਂ, ਨਾ ਮੈਂ ਮਨ ਹਾਂ, ਨਾ ਜੀਭਾ ਹਾਂ, ਨਾ ਮੈਂ ਸ੍ਰੋਤਾ ਹਾਂ, ਨਾ ਮੈਂ ਹੱਥ ਹਾਂ, ਨਾ ਪੈਰ ਹਾਂ, ਨਾ ਮੇਰੀ ਜਾਗ੍ਰਤ ਅਵਸਥਾ ਹੈ, ਅਣੂ ਮਾਤਰ ਵੀ ਮੇਰੀ ਸਖੋਪਤ ਅਵਸਥਾ ਨਹੀਂ ਹੈ, ਨਾ ਤੁਰੀਆ ਅਵਸਥਾ ਹੈ, ਨਾ ਮੇਰਾ ਦੇਸ਼ ਹੈ, ਨਾ ਮੈਂ ਕਾਲਾ ਹਾਂ, ਨਾ ਮੈਂ ਗੋਰਾ ਹਾਂ, ਨਾ ਮੈਂ ਸੰਧਿਆ ਰੂਪ ਭਰਮ ਹਾਂ, ਨਾ ਮੈਂ ਦੇਹ ਹਾਂ, ਨਾ ਮੈਂ ਮੰਦਰ ਹਾਂ, ਨਾ ਮੈਂ ਤੀਰਥ ਹਾਂ, ਨਾ ਮੈਂ ਸੇਵਾ ਹਾਂ, ਨਾ ਮੈਂ ਗਿਆਨ ਹਾਂ, ਨਾ ਮੇਰਾ ਕੋਈ ਨਾਮ ਹੈ, ਨਾ ਕੋਈ ਮੈਨੂੰ ਬੰਧਨ ਹੈ, ਨਾ ਮੇਰਾ ਕੋਈ ਜਨਮ ਹੈ, ਨਾ ਮੈਨੂੰ ਪੁੰਨ ਹੈ, ਨਾ ਪਾਪ ਹੈ, ਨਾ ਮੈਂ ਸ਼ੁਭ, ਨਾ ਮੈਂ ਅਸ਼ੁਭ, ਨਾ ਮੈਂ ਜੀਵ ਹਾਂ, ਨਾ ਜਗਤ ਹਾਂ, ਕਿੰਤੂ ਇਨ ਸਭਨਾਂ ਦਾ ਪ੍ਰਕਾਸ਼ਕ ਸਾਖੀ ਚੇਤਨ ਹਾਂ। ਨਾ ਮੇਰੇ ਵਿਚ ਦ੍ਵੈਤ ਹੈ, ਨਾ ਵੇਦ ਦੀ ਵਿਧੀ ਹੈ, ਨਾ ਮੈਂ ਨੇੜੇ ਹਾਂ, ਨਾ ਮੈਂ ਦੂਰ ਹਾਂ, ਨਾ ਹੀ ਮੇਰੇ ਵਾਸਤੇ ਕੋਈ ਇਕਾਂਤ ਹੈ, ਨਾ ਹੀ ਕੋਈ ਵਿਧੀ ਬੋਧ ਹੈ, ਨਾ ਮੈਂ ਪ੍ਰਿਥਵੀ ਹਾਂ, ਨਾ ਵਾਯੂ ਹਾਂ, ਨਾ ਅਕਾਸ਼ ਹਾਂ, ਨਾ ਜਲ ਹਾਂ, ਨਾ ਅਗਨੀ ਹਾਂ। ਨਾ ਮੈਂ ਨੀਚ ਹਾਂ, ਨਾ ਉਚਾ ਹਾਂ, ਨਾ ਬ੍ਰਹਮਾ ਹਾਂ, ਨਾ ਸ਼ਿਵ ਹਾਂ, ਨਾ ਮੈਂ ਚੰਦਰਮਾ ਹਾਂ, ਨਾ ਸੂਰਜ ਹਾਂ, ਨਾ ਮੈਂ ਅਗੰਮ ਹਾਂ, ਨਾ ਅਗੋਚਰ ਹਾਂ, ਨਾ ਅਲੇਖ ਹਾਂ, ਨਾ ਧਿਆਤਾ ਹਾਂ, ਨਾ ਧਿਆਨ ਹਾਂ, ਨਾ ਧੇਅ ਹਾਂ, ਨਾ ਮਨ ਹਾਂ, ਨਾ ਮੈਨੂੰ ਠੰਢ ਹੈ, ਨਾ ਗਰਮੀ ਹੈ, ਨਾ ਪਿਆਸ ਹੈ, ਨਾ ਭੁੱਖ ਹੈ, ਨਾ ਕੋਈ ਮੇਰਾ ਮਿੱਤਰ ਹੈ, ਨਾ ਦੁਸ਼ਮਣ ਹੈ, ਨਾ ਮੇਰੀ ਹਾਰ ਹੈ, ਨਾ ਜਿੱਤ ਹੈ, ਪੂਰਬ, ਪੱਛਮ, ਉਤੇ, ਨੀਚੇ ਨਾ ਕੋਈ ਦਿਸ਼ਾ ਹੈ ਪ੍ਰੰਤੂ ਪਰੀਪੂਰਨ ਅਖੰਡ ਨਿਰੰਕਾਰ ਜੋਤੀ ਪਾਰਬ੍ਰਹਮ ਹਾਂ। ਇਹ ਆਪਣਾ ਸਰੂਪ ਨਿਸ਼ਚੇ ਕਰਕੇ ਸਾਰੇ ਦ੍ਵੰਦਾਂ ਦਾ ਨਾਸ਼ ਕਰਕੇ ਬ੍ਰਹਮਗਿਆਨੀ ਹੋ ਜਾਂਦਾ ਹੈ। ਗੁਰਬਾਣੀ ਅਨੁਸਾਰ -

*ਅਚਰਜ ਕਥਾ ਮਹਾ ਅਨੂਪ॥*
*ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥*
*ਨਾ ਇਹੁ ਬੂਢਾ ਨਾ ਇਹੁ ਬਾਲਾ॥*
*ਨਾ ਇਸੁ ਦੂਖੁ ਨਹੀ ਜਮ ਜਾਲਾ॥*
*ਨਾ ਇਹੁ ਬਿਨਸੈ ਨਾ ਇਹੁ ਜਾਇ॥*
*ਆਦਿ ਜੁਗਾਦੀ ਰਹਿਆ ਸਮਾਇ॥*
*ਨਾ ਇਸੁ ਉਸਨੁ ਨਹੀ ਇਸੁ ਸੀਤੁ॥*
*ਨਾ ਇਸੁ ਦੁਸਮਨੁ ਨਾ ਇਸੁ ਮੀਤੁ॥*
*ਨਾ ਇਸੁ ਹਰਖੁ ਨਹੀ ਇਸੁ ਸੋਗੁ॥*
*ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ॥*
*ਨਾ ਇਸੁ ਬਾਪੁ ਨਹੀ ਇਸੁ ਮਾਇਆ॥*
*ਇਹੁ ਅਪਰੰਪਰੁ ਹੋਤਾ ਆਇਆ॥*
*ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥*
*ਘਟ ਘਟ ਅੰਤਰਿ ਸਦ ਹੀ ਜਾਗੈ॥*
*ਤੀਨਿ ਗੁਣਾ ਇਕ ਸਕਤਿ ਉਪਾਇਆ॥*
*ਮਹਾ ਮਾਇਆ ਤਾ ਕੀ ਹੈ ਛਾਇਆ॥*
*ਅਛਲ ਅਛੇਦ ਅਭੇਦ ਦਇਆਲ॥*
*ਦੀਨ ਦਇਆਲ ਸਦਾ ਕਿਰਪਾਲ॥*
*ਤਾ ਕੀ ਗਤਿ ਮਿਤਿ ਕਛੂ ਨ ਪਾਇ॥*
*ਨਾਨਕ ਤਾ ਕੈ ਬਲਿ ਬਲਿ ਜਾਇ॥*
ਪੰਨਾ - 868

*ਧਾਰਨਾ - ਦੱਸੋ ਪਿਆਰਿਓ ਕੌਣ*
*ਦੇਹੀ ਵਿਚ ਵਸਦੈ -2*

*ਨਾ ਇਹੁ ਜੋਗੀ ਨਾ ਅਵਧੂਤਾ॥*
*ਨਾ ਇਸੁ ਮਾਇ ਨ ਕਾਹੂ ਪੂਤਾ॥*
*ਇਆ ਮੰਦਰ ਮਹਿ ਕੌਨ ਬਸਾਈ॥*
*ਤਾ ਕਾ ਅੰਤੁ ਨ ਕੋਊ ਪਾਈ॥ ਪੰਨਾ - 871*

ਅਗਿਆਨ ਰਹਿਤ ਹੋ ਕੇ ਜੋ ਇਸ ਸਰੀਰ ਵਿਚ ਵਸ ਰਿਹਾ ਹੈ ਉਹ ਆਪ ਹੀ ਵਾਹਿਗੁਰੂ ਹੈ ਜਿਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਨਾ ਇਹੁ ਗਿਰਹੀ ਨਾ ਓਦਾਸੀ॥*
*ਨਾ ਇਹੁ ਰਾਜ ਨ ਭੀਖ ਮੰਗਾਸੀ॥*
*ਨਾ ਇਸੁ ਪਿੰਡੁ ਨ ਰਕਤੂ ਰਾਤੀ॥*
*ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ॥*
*ਨਾ ਇਹੁ ਤਪਾ ਕਹਾਵੈ ਸੇਖੁ॥*
*ਨਾ ਇਹੁ ਜੀਵੈ ਨ ਮਰਤਾ ਦੇਖੁ॥*
*ਇਸੁ ਮਰਤੇ ਕਉ ਜੇ ਕੋਊ ਰੋਵੈ॥*
*ਜੋ ਰੋਵੈ ਸੋਈ ਪਤਿ ਖੋਵੈ॥*
*ਗੁਰ ਪ੍ਰਸਾਦਿ ਮੈ ਡਗਰੋ ਪਾਇਆ॥*
*ਜੀਵਨ ਮਰਨ ਦੋਊ ਮਿਟਵਾਇਆ॥*
*ਕਹੁ ਕਬੀਰ ਇਹੁ ਰਾਮ ਕੀ ਅੰਸੁ॥*
*ਜਸ ਕਾਗਦ ਪਰ ਮਿਟੈ ਨ ਮੰਸੁ॥*
*ਪੰਨਾ - 871*

ਸਾਖੀ ਦੀ ਬ੍ਰਹਮ ਦੇ ਨਾਲ ਮੁਖ ਏਕਤਾ ਹੈ ਯਾਨਿ ਪੂਰੀ ਤਰ੍ਹਾਂ ਨਾਲ ਅਭੇਦ ਹੈ ਜਿਵੇਂ ਜਲ ਵਿਚ ਜਲ ਅਭੇਦ ਹੈ, ਦੁੱਧ ਵਿਚ ਦੁੱਧ ਅਭੇਦ ਹੋ ਜਾਂਦਾ ਹੈ ਇਵੇਂ ਹੀ ਸਾਖੀ ਤੇ ਬ੍ਰਹਮ ਵਾਸਤਵ ਵਿਚ ਅਭੇਦ ਹਨ ਪਰ ਅਗਿਆਨ ਹੋਣ ਨਾਲ ਸਾਖੀ ਜੀਵ ਹੇਠਾਂ ਪ੍ਰਾਕ੍ਰਿਤੀ ਵਿਚ ਐਨਾ ਨੀਵਾਂ ਉਤਰ ਜਾਂਦਾ ਹੈ ਕਿ ਇਹ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨਦਾ ਹੈ। ਦੇਹ ਦੇ ਧਰਮਾਂ ਨੂੰ ਆਪਣਾ ਧਰਮ ਮੰਨਦਾ ਹੈ, ਭੇਦ ਭਰਮ ਹੋਣ ਕਰਕੇ ਕਾਲਾ, ਗੋਰਾ, ਪੁੰਨੀ, ਪਾਪੀ, ਮੰਨਣ ਲਗ ਜਾਂਦਾ ਹੈ। ਕ੍ਰਿਸ਼ਨ ਮਹਾਰਾਜ ਦੇ ਅਜਿਹੇ ਪੁਰਸ਼ਾਂ ਬਾਰੇ ਗੀਤਾ ਵਿਚ ਫੁਰਮਾਨ ਹਨ -

ਬੁੱਧਹੀਨ ਪੁਰਸ਼ ਮੇਰੇ ਅੰਤਮ ਅਬਿਨਾਸੀ ਪਰਮ ਭਾਵਕ ਅਤੇ ਅਵਿਅਕਤ ਮਨ ਇੰਦ੍ਰੀਆਂ ਤੋਂ ਪਰ੍ਹੇ ਨੂੰ ਨਾ ਜਾਣਦੇ ਹੋਏ ਸੱਚ ਦਾ ਅਨੰਦ ਪ੍ਰਮਾਤਮਾ ਨੂੰ ਵਿਅਕਤ ਵਾਲਾ ਮੰਨਦੇ ਹਨ। ਆਪਣੀ ਯੋਗ ਮਾਇਆ ਵਿਚ ਛੁਪਿਆ ਹੋਇਆ ਮੈਂ ਸਾਰਿਆਂ ਨੂੰ ਪ੍ਰਤੱਖ ਨਹੀਂ ਹੁੰਦਾ। ਇਸ ਵਾਸਤੇ ਮੂੜ, ਗਿਆਨ ਰਹਿਤ ਮਨੁੱਖ ਅਬਿਨਾਸੀ ਪ੍ਰਮ ਭਾਵ ਨੂੰ ਤਤ੍ਵ ਨਾਲ ਨਹੀਂ ਜਾਣਦੇ। ਪ੍ਰਮਾਤਮਾ ਕੋ ਤੋ ਕਹਾਂ, ਆਤਮਾ ਕੋ ਭੀ ਨਹੀਂ ਜਾਨਤੇ। ਐਨੇ ਮੂੜ ਹਨ ਕਿ ਇਨ੍ਹਾਂ ਨੂੰ ਇਸ ਗੱਲ ਦਾ ਗਿਆਨ ਹੀ ਨਹੀਂ ਹੁੰਦਾ ਕਿ ਮੈਂ ਕੌਣ ਹਾਂ। ਅੰਨ੍ਹਾਂ ਵੀ ਆਪਣੇ ਆਪ ਨੂੰ ਜਾਣਦਾ ਹੈ ਪਰ ਇਹ ਆਪਣੇ ਆਪ ਨੂੰ ਨਹੀਂ ਜਾਣਦੇ, ਅੰਨ੍ਹੇ ਤੋਂ ਵੀ ਪਰ੍ਹੇ ਹਨ। ਬਹੁਤਾ ਕਰਕੇ ਐਨਾ ਹੀ ਜਾਣਦੇ ਹਨ ਕਿ ਮੈਂ ਦੇਹ ਹਾਂ, ਮੈਂ ਮਨੁੱਖ ਹਾਂ, ਮੈਂ ਬ੍ਰਾਹਮਣ ਹਾਂ, ਮੈਂ ਵੈਸ਼ ਹਾਂ, ਮੈਂ ਸ਼ੂਦਰ ਹਾਂ, ਮੈਂ ਗ੍ਰਿਹਸਤੀ ਹਾਂ, ਮੈਂ ਸਾਧੂ ਹਾਂ। ਜਿਵੇਂ ਰੱਸੀ ਵਿਚ ਸੱਪ ਦਾ ਭਰਮ ਪੈ ਜਾਂਦਾ ਹੈ, ਹਨ੍ਹੇਰੇ ਵਿਚ ਅਸੀਂ ਰੱਸੀ ਦੇ ਸੱਪ ਨੂੰ ਸੱਚਾ ਸਮਝਦੇ ਹਾਂ ਇਵੇਂ ਜਿਵੇਂ ਅਗਿਆਨੀ ਪੁਰਸ਼ ਆਪਣੇ ਅਬਿਨਾਸੀ ਸਰੂਪ ਨੂੰ ਛੱਡ ਕੇ ਆਪਣੇ ਆਪ ਨੂੰ ਦੇਹ ਸਮਝਦਾ ਹੈ ਅਤੇ ਫਲਸਰੂਪ ਦੁਖੀ ਰਹਿੰਦਾ ਹੈ। ਗਿਆਨਵਾਨ ਪੁਰਸ਼ ਨੂੰ ਆਪਣੇ ਸਰੂਪ ਦਾ ਗਿਆਨ ਹੋਣ ਕਰਕੇ ਉਹ ਜਨਮ ਮਰਣ ਤੋਂ ਰਹਿਤ ਹੋ ਕੇ ਆਪਣੇ ਪ੍ਰਮਾਤਮ ਸਰੂਪ ਵਿਚ ਅਸਥਿਤ ਰਹਿੰਦਾ ਹੈ ਅਤੇ ਭੁੱਲ ਕੇ ਵੀ ਉਸ ਦੇ ਗਿਆਨ ਦਾ ਕਦੇ ਨਾਸ਼ ਨਹੀਂ ਹੋਇਆ ਕਰਦਾ। ਇਹ ਪੂਰਨ ਗਿਆਨ ਦੀ ਸਥਿਤੀ ਜੀਵ ਨੂੰ ਉਸ ਸਮੇਂ ਪ੍ਰਾਪਤ ਹੁੰਦੀ ਹੈ ਜਦੋਂ ਪੂਰਨ ਸਤਿਗੁਰੂ ਪ੍ਰਸੰਨ ਹੋ ਕੇ ਇਸਨੂੰ ਗੁਰ ਉਪਦੇਸ਼ ਸੁਣਾਉਂਦਾ ਹੈ।

ਸਾਧਸੰਗਤ ਜੀ! ਆਪ ਨੇ ਜੀਵ ਦੀਆਂ ਛੇ ਗਤੀਆਂ ਬਾਰੇ ਬਹੁਤ ਹੀ ਵਿਸਥਾਰ ਨਾਲ ਸਰਵਣ ਕੀਤਾ। ਸੰਖੇਪ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਜਿਨ੍ਹਾਂ ਨੇ ਹੁਕਮ ਪਛਾਣ ਕੇ ਸਚਿਆਰ ਪਦ ਨੂੰ ਪਛਾਣ ਲਿਆ, ਉਥੋਂ ਹਉਮੈ ਦੀ ਅੰਸ ਬਿਲਕੁਲ ਖਤਮ ਹੋ ਜਾਂਦੀ ਹੈ।

ਭਾਈ ਤਿਲੋਕਾ ਜੀ ਰਾਜਕੁਮਾਰੀ ਨੂੰ ਸਮਝਾ ਰਹੇ ਹਨ ਕਿ ਜੀਵ ਸਰੀਰ ਛੱਡਣ ਤੋਂ ਬਾਦ ਕਿਥੇ ਚਲਿਆ ਜਾਂਦਾ ਹੈ। ਰਾਜਕੁਮਾਰੀ ਨੇ ਫੇਰ ਆਪਣੇ ਭੋਲੇ ਭਾਅ ਵਿਚ ਭਾਈ ਤਿਲੋਕਾ ਜੀ ਨੂੰ ਕਿਹਾ ਕਿ ਐ ਸ੍ਰੇਸ਼ਟ ਪੁਰਸ਼! ਮੇਰੇ ਪਿਤਾ ਜੀ ਕੋਲ ਬਹੁਤ ਸਾਧਨ ਹਨ। ਤੂੰ ਜਿਹੜੀ ਇਹ ਗੱਲ ਕਰਦਾ ਹੈਂ ਕਿ ਮੈਂ ਚਲਿਆ ਜਾਣਾ ਹੈ, ਅਸੀਂ ਇਸ ਦੁਨੀਆਂ ਵਿਚ ਤੈਨੂੰ ਟੋਲ੍ਹ ਲਵਾਂਗੇ। ਜੇ ਤੂੰ ਦੱਸ ਦੇਵੇਂ ਕਿ ਕਿਥੇ ਜਾਣਾ ਹੈ ਤਾਂ ਤੇਰਾ ਬਹੁਤ ਹੀ ਉਪਕਾਰ ਮੰਨਾਂਗੀ। ਉਸ ਵੇਲੇ ਉਸ ਦੇ ਭੋਲੇ ਭਾਅ ਨੂੰ ਦੇਖ ਕੇ ਭਾਈ ਤਿਲੋਕਾ ਜੀ ਮੁਸਕਰਾਏ। ਭਾਵੇਂ ਸਰੀਰਕ ਪੀੜ ਬਹੁਤ ਹੋ ਰਹੀ ਸੀ ਪਰ ਆਪ ਸਾਖੀ ਰੂਪ ਵਿਚ ਸਰੀਰ ਤੋਂ ਲਾਂਭੇ ਹੋ ਕੇ ਅਡੋਲਤਾ ਵਿਚ ਬਚਨ ਕਰ ਰਹੇ ਸਨ। ਕਹਿਣ ਲੱਗੇ, ਬੀਬਾ! ਤੂੰ ਬਹੁਤ ਹੀ ਭੋਲੀ ਹੈਂ। ਜਿਹੜੀ ਮੈਂ ਗੱਲ ਤੈਨੂੰ ਦੱਸਦਾ ਹਾਂ ਉਹ ਗੱਲ ਵਿਦਵਾਨਾਂ ਨਾਲ ਕਰਕੇ ਉਨ੍ਹਾਂ ਦੇ ਸਮਝ ਵਿਚ ਪੈ ਜਾਂਦੀ ਹੈ ਪਰ ਤੂੰ ਕਦੇ ਸਤਿਸੰਗ ਨਹੀਂ ਕੀਤਾ; ਕਿਵੇਂ ਮੈਂ ਤੈਨੂੰ ਸਮਝਾਵਾਂ? ਇਹ ਜੋ ਤੂੰ ਸਾਰਾ ਸੰਸਾਰ ਦੇਖਦੀ ਹੈਂ ਇਹ ਤ੍ਰਿਗੁਣੀ ਮਾਇਆ ਵਿਚ ਖੇਲ੍ਹ ਰਿਹਾ ਹੈ ਇਸਨੂੰ ਗਿਆਨ ਨਹੀਂ ਹੈ ਕਿ ਮੈਂ ਕੌਣ ਹਾਂ। ਮੋਟੀ ਤਰ੍ਹਾਂ ਮੈਂ ਤੈਨੂੰ ਦਸਦਾ ਹਾਂ।

*ਧਾਰਨਾ - ਤਿੰਨਾਂ ਗੁਣਾਂ ਤੋਂ*
*ਅਤੀਤ ਹੋ ਕੇ ਜਿਊੜਾ,*
*ਸਚਖੰਡ ਵਾਸਾ ਪਾਂਵਦਾ*

ਤਿੰਨ ਗੁਣਾਂ 'ਚ ਸੰਸਾਰ ਖੇਲ੍ਹ ਰਿਹਾ ਹੈ। ਸਾਧਸੰਗਤ ਜੀ ਧਿਆਨ ਨਾਲ ਸਰਵਣ ਕਰੋ ਕਿ ਇਹ ਸਿਧਾਂਤ ਜੀਵ ਦੇ ਯਾਦ ਨਹੀਂ ਰਹਿੰਦਾ, ਨਾ ਹੀ ਇਸਨੂੰ ਸਮਝਣ ਦਾ ਜਤਨ ਕਰਦਾ ਹੈ। ਐਵੇਂ ਫੋਕਾ ਵਿਦਵਾਨ

ਬਣਿਆ ਫਿਰਦਾ ਹੈ ਐਵੇਂ ਵਾਲ ਦੀ ਖੱਲ੍ਹ ਲਾਹ ਰਿਹਾ ਹੈ। ਇਹ ਸਭ ਹਉਮੈ ਦੀ ਖੇਲ੍ਹ ਹੋ ਰਹੀ ਹੈ। ਇਸ ਮਾਇਆ ਵਿਚ ਤਿੰਨ ਗੁਣ ਹਨ, ਇਕ ਤਮੋ ਗੁਣ ਹੈ ਜਿਸ ਵਿਚ ਮਨ ਵਿਚ ਕੋਈ ਰੋਸ਼ਨੀ ਨਹੀਂ ਹੋਇਆ ਕਰਦੀ। ਅੰਧੇਰਾ ਹੀ ਅੰਧੇਰਾ ਹੁੰਦਾ ਹੈ। ਅਗਿਆਨ ਵਿਚ ਰਹਿ ਕੇ 'ਇਹ ਜਗ ਮਿੱਠਾ ਅਗਲਾ ਕਿਨ ਡਿੱਠਾ' ਦਾ ਵਿਸ਼ਵਾਸ਼ੀ ਹੋਇਆ ਕਰਦਾ ਹੈ। ਇਸਨੂੰ ਪ੍ਰਭੂ ਦੀ ਕੋਈ ਬਾਤ ਘੱਟ ਹੀ ਸਮਝ ਆਉਂਦੀ ਹੈ ਅਤੇ ਇਕ ਗਾੜ੍ਹੀ ਨੀਂਦ ਵਿਚ ਜੀਵਨ ਬਤੀਤ ਕਰ ਰਿਹਾ ਹੁੰਦਾ ਹੈ। ਦੂਸਰਾ ਇਸ ਵਿਚ ਰਜੋ ਗੁਣ ਹੈ ਜੋ ਮਨ ਤੇ ਬੁੱਧੀ ਨੂੰ ਹਰ ਵਕਤ ਉਛਾਲੇ ਮਰਵਾਉਂਦਾ ਹੈ। ਮਾਇਆ ਪ੍ਰਾਪਤੀ, ਅਹੁਦਿਆਂ ਦੀ ਪ੍ਰਾਪਤੀ ਅਤੇ ਅਨੇਕਾਂ ਹਿਤਾਂ ਦੇ ਅਧੀਨ ਹੁੰਦਾ ਹੋਇਆ ਜੀਵਨ ਬਤੀਤ ਕਰਦਾ ਹੈ। ਤੀਸਰਾ ਇਸ ਵਿਚ ਸਤੋ ਗੁਣ ਹੁੰਦਾ ਹੈ ਜਿਸ ਗੁਣ ਦੇ ਅਧੀਨ ਮਨ ਵਿਚ ਸ਼ੁਭ ਕਰਮ ਕਰਨ ਦੀਆਂ ਵਾਸ਼ਨਾਵਾਂ ਉਠਦੀਆਂ ਹਨ, ਦਾਨ ਦਿੰਦਾ ਹੈ, ਗੁਰਦੁਆਰੇ, ਮਸਜਿਦ, ਗਿਰਜੇ ਆਦਿ ਵਿਚ ਜਾਂਦਾ ਹੈ, ਕੁਝ ਸਮਝਣ ਦਾ ਜਤਨ ਕਰਦਾ ਹੈ, ਨਿਤ ਕਰਮ ਕਰਨ ਦੀ ਆਦਤ ਪਾਉਂਦਾ ਹੈ ਪਰ ਗਿਆਨ ਤੋਂ ਵਿਹੂਣਾ ਜਾਂ ਐਉਂ ਕਹਿ ਲਵੋ ਕਿ ਚੌਥੇ ਪਦ ਤੋਂ ਖਾਲੀ ਇਕ ਤਰ੍ਹਾਂ ਦੀ ਨੀਂਦ ਵਿਚ ਹੀ ਹੋਇਆ ਕਰਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ-

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ॥ ਪੰਨਾ - 920*

ਤਿੰਨਾਂ ਗੁਣਾਂ ਵਿਚ ਹੀ ਭਰਮ ਕੇ ਆਪਣੀ ਉਮਰ ਲੰਘਾ ਦਿੰਦਾ ਹੈ ਤੇ ਖੋਜਾਂ ਭਰਮਾਂ ਦੇ ਅਧੀਨ ਹੋ ਕੇ ਸਾਰੀ ਉਮਰ ਗਾੜ੍ਹੀ ਨੀਂਦ ਵਿਚ ਪਏ ਦੀ ਲੰਘ ਜਾਂਦੀ ਹੈ। ਗੁਰੂ, ਪੀਰ, ਪੈਗੰਬਰ, ਅਉਲੀਏ, ਰਿਸ਼ੀ, ਮੁਨੀ, ਤੱਤ ਬੇਤੇ ਚਾਰੇ ਵੇਦ, ਸਤਾਈ ਸਿਮ੍ਰਤੀਆਂ, ਕੁਰਾਨ ਸਰੀਫ, ਅੰਜੀਲ, ਜੰਬੂਰ, ਬਾਈਬਲ ਇਸ ਜੀਵ ਨੂੰ ਹਾਕਾਂ ਮਾਰ-ਮਾਰ ਕੇ ਸਮਝਾਉਂਦੇ ਹਨ ਪਰ ਹੈਰਾਨ ਹੋ ਜਾਈਦਾ ਹੈ ਕਿ ਇਸ ਨੂੰ ਜਾਗ ਹੀ ਨਹੀਂ ਆਉਂਦੀ ਇਹ ਆਪਣਾ ਚਿੱਤ ਫੇਰਦਾ ਹੀ ਨਹੀਂ -

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਵਾਇਆ*
*ਸੇ ਕਿਤ ਫੇਰਹਿ ਚਿਤ॥*
*ਪੰਨਾ - 1378*

ਕੁੰਭਕਰਨੀ ਨੀਂਦ ਚੜ੍ਹ ਗਈ, ਜਾਗਦਾ ਨਹੀਂ ਹੈ, ਜਾਗ ਨਹੀਂ ਆਉਂਦੀ। ਐਸ ਤਰ੍ਹਾਂ ਫੁਰਮਾਨ ਹੈ -

*ਧਾਰਨਾ- ਤੈਨੂੰ ਗਾਫਲਾ ਜਾਗ ਨਾ ਆਈ,*
*ਜੂਨੀਆਂ 'ਚ ਘੁੰਮਦਾ ਫਿਰੇ*

*ਅਸਥਾਵਰ ਜੰਗਮ ਕੀਟ ਪਤੰਗਾ॥*
*ਅਨਿਕ ਜਨਮ ਕੀਏ ਬਹੁ ਰੰਗਾ॥*
*ਪੰਨਾ - 325*

ਕਦੇ ਦਰਖ਼ਤ ਬਣ ਗਿਆ, ਕਦੇ ਪੱਥਰ ਬਣ ਗਿਆ, ਕਦੇ ਚਾਰ ਪੈਰਾਂ ਵਾਲਾ ਜੀਵ ਬਣ ਗਿਆ, ਕਦੇ ਢਿੱਡ ਭਾਰ ਤੁਰਨ ਵਾਲਾ ਜੀਵ ਬਣ ਗਿਆ, ਕਦੇ ਉਡਣ ਵਾਲਾ ਬਣ ਗਿਆ-

*ਕੇਤੇ ਰੁਖ ਬਿਰਖ ਹਮ ਚੀਨੇ*
*ਕੇਤੇ ਪਸੂ ਉਪਾਏ॥*
*ਕੇਤੇ ਨਾਗ ਕੁਲੀ ਮਹਿ ਆਏ*
*ਕੇਤੇ ਪੰਖ ਉਡਾਏ॥ ਪੰਨਾ - 156*

ਬਾਣੀ ਫੁਰਮਾਨ ਕਰਦੀ ਹੈ ਕਿ -

*ਐਸੇ ਘਰ ਹਮ ਬਹੁਤੁ ਬਸਾਏ॥*
*ਜਬ ਹਮ ਰਾਮ ਗਰਭ ਹੋਇ ਆਏ॥*
*ਪੰਨਾ - 326*

84 ਲੱਖ ਸਰੀਰ ਰੂਪੀ ਘਰਾਂ 'ਚੋਂ ਇਹ ਜੀਵ ਲੰਘਦਾ ਹੈ। ਮਨੁੱਖ ਸਰੀਰ ਵਿਚ ਆ ਕੇ ਕਦੇ ਜੋਗੀ ਬਣ ਗਿਆ, ਕਦੇ ਛਤ੍ਰਪਤ ਰਾਜਾ ਬਣ ਗਿਆ, ਕਦੇ ਭਿਖਾਰੀ ਬਣ ਗਿਆ।

*ਜੋਗੀ ਜਤੀ ਤਪੀ ਬ੍ਰਹਮਚਾਰੀ॥*
*ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ॥*
*ਪੰਨਾ - 326*

ਸਾਕਤ ਹੋ ਕੇ ਇਸ ਤਰ੍ਹਾਂ ਦੇ ਜਨਮਾਂ ਵਿਚ ਘੁੰਮਦਾ ਫਿਰਦਾ ਹੈ। ਪਰ ਜਿਨ੍ਹਾਂ ਦੇ ਹਿਰਦੇ 'ਚੋਂ ਕਦੇ ਵੀ ਪ੍ਰਮੇਸ਼ਰ ਦਾ ਨਾਮ ਨਹੀਂ ਭੁੱਲਦਾ ਉਹ ਸੰਤ ਜਨਮ ਮਰਨ ਤੋਂ ਰਹਿਤ ਹੋ ਗਏ ਤੇ ਸਦਾ ਦਾ ਜੀਵਨ ਪ੍ਰਾਪਤ ਕਰ ਲਿਆ।

*ਸਾਕਤ ਮਰਹਿ ਸੰਤ ਸਭਿ ਜੀਵਹਿ॥*
*ਰਾਮ ਰਸਾਇਨੁ ਰਸਨਾ ਪੀਵਹਿ॥*
*ਕਹੁ ਕਬੀਰ ਪ੍ਰਭ ਕਿਰਪਾ ਕੀਜੈ॥*
*ਹਾਰਿ ਪਰੇ ਅਬ ਪੂਰਾ ਦੀਜੈ॥*
*ਪੰਨਾ - 648*

ਹੇ ਵਾਹਿਗੁਰੂ ਜੀ! ਹੁਣ ਮੈਂ ਹਾਰ ਕੇ, ਹੰਭ ਕੇ ਤੇਰੇ ਚਰਨਾਂ ਤੇ ਗਿਰ ਗਿਆ ਹਾਂ, ਤੇਰੀ ਕ੍ਰਿਪਾ ਹੋਈ, ਜਾਗ ਆ ਗਈ ਤੇ ਅਸਲੀ ਤੱਤ ਨੂੰ ਪਛਾਣ ਲਿਆ। ਸਾਧਸੰਗਤ ਜੀ! ਸਾਨੂੰ ਤਾਂ ਕਿੰਨੀਆਂ ਹੀ ਪੁਸਤਕਾਂ ਪੜ੍ਹ ਲਈਏ, ਜਾਗ ਆਉਂਦੀ ਹੀ ਨਹੀਂ ਭਾਵੇਂ ਕਿੰਨੇ ਹੀ ਲੇਖ ਲਿਖ ਲਈਏ। ਜਦੋਂ ਤੱਕ ਕਿਸੇ ਪੂਰਨ ਪੁਰਸ਼ ਦੀ ਸੰਗਤ ਰਾਹੀਂ ਅਸੀਂ ਬ੍ਰਹਮ ਜਾਗ ਵਿਚ ਨਹੀਂ ਆਉਂਦੇ, ਆਪਣੇ ਸਰੂਪ ਦਾ ਸਾਨੂੰ ਗਿਆਨ ਨਹੀਂ ਹੁੰਦਾ ਅਤੇ ਆਤਮ ਸ਼ਾਖਸ਼ਾਤ ਨਹੀਂ ਕਰ ਲੈਂਦੇ, ਅਸੀਂ ਸੁੱਤੇ ਹੀ ਰਹਿੰਦੇ ਹਾਂ। ਸਾਨੂੰ ਪਤਾ ਨਹੀਂ ਲਗਦਾ ਕਿ ਇਹ ਸਰੀਰ ਛੁਟਣ ਤੋਂ ਪਿਛੋਂ ਜੀਵ ਕਿਥੇ ਚਲਾ ਜਾਂਦਾ ਹੈ।

*ਨਾਨਕ ਏਵ ਨ ਜਾਪਈ*
*ਕਿਥੈ ਜਾਇ ਸਮਾਹਿ॥ ਪੰਨਾ- 648*

ਗੁਰਬਾਣੀ ਵਿਚ ਇਸ ਤਰ੍ਹਾਂ ਵੀ ਆਉਂਦਾ ਹੈ ਕਿ ਸਰੀਰ ਵਲੋਂ ਮਰਨ ਤੇ ਜੀਵ ਇਸ ਹਾਲਤ ਵਿਚ ਚਲਾ ਜਾਂਦਾ ਹੈ -

*ਪਿੰਡਿ ਮੂਐ ਜੀਉ ਕਿਹ ਘਰਿ ਜਾਤਾ॥*
*ਪੰਨਾ - 327*

ਪਰ ਜਿਸ ਨੇ ਸ਼ਬਦ ਦੁਆਰਾ ਤਿੰਨਾਂ ਗੁਣਾਂ ਤੋਂ ਆਪਣੇ ਆਪ ਨੂੰ ਅਜ਼ਾਦ ਕਰ ਲਿਆ ਉਹ ਅਬਿਨਾਸੀ ਵਾਹਿਗੁਰੂ ਵਿਚ ਲੀਨ ਹੋ ਜਾਂਦਾ ਹੈ।

*ਸਬਦਿ ਅਤੀਤਿ ਅਨਾਹਦਿ ਰਾਤਾ॥*
*ਜਿਨਿ ਰਾਮੁ ਜਾਨਿਆ*
*ਤਿਨਹਿ ਪਛਾਨਿਆ॥*
*ਜਿਉ ਗੂੰਗੇ ਸਾਕਰ ਮਨੁ ਮਾਨਿਆ॥*
*ਪੰਨਾ - 327*

ਸੁਖਮਨਾ ਨਾੜੀ ਨੱਕ ਦੇ ਮੁੱਢ ਤੋਂ ਲੈ ਕੇ ਕੰਗਰੋੜ ਦੇ ਨਾਲ ਹੁੰਦੀ ਹੋਈ ਦਿਮਾਗ ਤੱਕ ਪਹੁੰਚਦੀ ਹੈ। ਇਸ ਦੇ ਖੱਬੇ ਪਾਸੇ ਇੜਾ ਤੇ ਸੱਜੇ ਪਾਸੇ ਪਿੰਗਲਾ ਮੰਨੀ ਜਾਂਦੀ ਹੈ। ਜੋਗੀ ਲੋਕ ਜਦੋਂ ਅਭਿਆਸ ਕਰਕੇ ਪ੍ਰਾਣ ਸੁਖਮਨਾ ਨਾੜੀ ਵਿਚ ਲਿਜਾਂਦੇ ਹਨ ਤਾਂ ਉਨ੍ਹਾਂ ਨੂੰ ਨਾਮ, ਅਨਹਦ, ਇਸ ਨਾੜੀ ਵਿਚ ਸੁਣਦਾ ਹੈ -

*ਐਸਾ ਗਿਆਨੁ ਕਥੈ ਬਨਵਾਰੀ॥*
*ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ॥*
*ਪੰਨਾ - 327*

ਗੁਰਬਾਣੀ ਵਿਚ ਫੁਰਮਾਨ ਹੈ ਉਹ ਗੁਰੂ ਕਰੋ ਜਿਹੜਾ ਜਨਮ ਮਰਣ ਦੇ ਸੰਗਲ ਕੱਟ ਦੇਵੇ ਅਤੇ ਉਸ ਪਦ ਉਪਰ ਪਹੁੰਚਾ ਦੇਵੇ ਜਿਥੋਂ ਦੁਬਾਰਾ ਗਿਰਨਾ ਨਾ ਪਵੇ। ਅਜਿਹਾ ਧਿਆਨ ਧਰੋ ਜਿਸ ਨਾਲ ਪ੍ਰਮ ਪਦ ਦੀ ਪ੍ਰਾਪਤੀ ਹੋ ਜਾਵੇ, ਜੀਵਤ ਭਾਵ ਤੋਂ ਇਸ ਤਰ੍ਹਾਂ ਮਰੇ ਕਿ ਦੁਬਾਰਾ ਮਰਨਾ ਨਾ ਪਵੇ -

*ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ॥*
*ਐਸੇ ਮਰਹੁ ਜਿ ਬਹੁਰਿ ਨ ਮਰਨਾ॥*
*ਪੰਨਾ - 327*

ਅਤੇ ਇਸੇ ਸ਼ਬਦ ਦੇ ਅੰਤ ਵਿਚ ਆਪ ਫੁਰਮਾਨ ਕਰਦੇ ਹਨ-

*ਕਹੈ ਕਬੀਰ ਨਿਰੰਜਨ ਧਿਆਵਉ॥*
*ਤਿਤੁ ਘਰਿ ਜਾਉ*
*ਜਿ ਬਹੁਰਿ ਨ ਆਵਉ॥ ਪੰਨਾ - 327*

ਸੋ ਇਸ ਤਰ੍ਹਾਂ ਜਿਹੜੇ ਤਾਂ ਮਨਮੁਖਤਾਈ ਵਿਚ ਜਨਮ ਗਵਾ ਲੈਂਦੇ ਹਨ ਉਹ ਤਾਂ ਦੁਨੀਆਂ ਵਿਚ ਘੁੰਮਦੇ ਹੀ ਫਿਰਨਗੇ।

*ਮਨਮੁਖਿ ਆਵੈ ਮਨਮੁਖਿ ਜਾਵੈ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ*
*ਗੁਰਮੁਖਿ ਲੇਪੁ ਨ ਮਾਸਾ ਹੇ॥*
*ਪੰਨਾ - 1073*

ਜਿਨ੍ਹਾਂ ਨੇ ਆਪਣੇ ਸਰੂਪ ਨੂੰ ਪਛਾਣ ਲਿਆ ਅਤੇ ਤਿੰਨਾਂ ਗੁਣਾਂ ਤੋਂ ਰਹਿਤ ਹੋ ਗਏ, ਰਜੋ, ਸਤੋ, ਤਮੋ ਗੁਣ ਤੋਂ ਉਠ ਕੇ ਚਉਥੇ ਪਦ ਵਿਚ ਅਪਣਾ ਆਪਾ ਲੀਨ ਕਰ ਲਿਆ ਉਨ੍ਹਾਂ ਦਾ ਜਨਮ ਮਰਨ ਕੱਟ ਹੋ ਜਾਇਆ ਕਰਦਾ ਹੈ। ਪਰ ਜਿਹੜੇ ਤਿੰਨਾਂ ਗੁਣਾਂ ਦੀਆਂ ਲਹਿਰਾਂ ਵਿਚ ਜੀਵਨ ਬਤੀਤ ਕਰ ਰਹੇ ਹਨ ਉਹ ਮਾਇਆ ਦੀ ਗਾੜ੍ਹੀ ਨੀਂਦ ਵਿਚ ਆਪਣਾ ਸਮਾ ਬਿਤਾ ਰਹੇ ਹਨ -

*ਤਿਹੀ ਗੁਣੀ ਸੰਸਾਰੁ*
*ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥*
*ਪੰਨਾ - 920*

ਪਿਆਰਿਓ! ਫਿਕਾ ਨਾ ਬੋਲੋ, ਕਿਸੇ ਨੂੰ ਗਾਲਾਂ ਨਾ ਕੱਢੋ, ਬਾਣੀ ਦੀ ਵਿਚਾਰ ਵਿਚ ਰਿਹਾ ਕਰੋ। ਬਾਣੀ ਦਾ ਵਾਸਾ ਜਿਸਦੇ ਹਿਰਦੇ ਵਿਚ ਹੋ ਜਾਂਦਾ ਹੈ ਉਥੇ ਨਾਮ ਦਾ ਫੁਹਾਰਾ ਚਲ ਪੈਂਦਾ ਹੈ। ਬਿਰਤੀ ਉਤੇ ਪਹਿਰਾ ਦੇਵੋ, ਤਿੰਨਾਂ ਗੁਣਾਂ ਦੀ ਮਾਰ ਤੋਂ ਬਚੋ। ਉਲਾਰ ਨਾ ਆਵੇ - ਬਿਰਤੀ 'ਚ। ਤ੍ਰਿਗੁਣ ਅਤੀਤ ਦੀ ਬਿਰਤੀ, ਜਾਗ੍ਰਤ ਦੀ ਬਿਰਤੀ ਹੈ; ਆਪਣੇ ਆਪ ਨੂੰ ਆਤਮਾ ਮੰਨਣਾ ਤੇ ਆਤਮ ਸਰੂਪ ਨੂੰ ਅਨੁਭਵ ਕਰਨਾ ਚਾਹੀਦਾ ਹੈ। ਅਜਿਹਾ ਜੋ ਪੁਰਸ਼ ਹੈ ਉਸਦੀ ਤਿੰਨਾਂ ਗੁਣਾਂ ਦੀ ਨੀਂਦ ਖਤਮ ਹੋ ਜਾਂਦੀ ਹੈ -

*ਜਿਨਿ ਰਾਮੁ ਜਾਨਿਆ*
*ਤਿਨਹਿ ਪਛਾਨਿਆ॥ ਪੰਨਾ - 327*

ਸੋ ਇਸ ਤਰ੍ਹਾਂ ਗੁਰਬਾਣੀ ਨੇ ਇਹ ਸਪਸ਼ਟ ਕਰ ਦਿਤਾ ਕਿ -

*ਪਿੰਡਿ ਮੂਐ ਜੀਉ ਕਿਹ ਘਰਿ ਜਾਤਾ॥*
*ਸਬਦਿ ਅਤੀਤਿ ਅਨਾਹਦਿ ਰਾਤਾ॥*
*ਪੰਨਾ - 327*

ਅਨਾਹਦ ਅਵਸਥਾ ਜਿਹੜੀ ਵਾਹਿਗੁਰੂ ਜੀ ਦੀ ਹੈ ਉਹਦੇ ਵਿਚ ਸ਼ਬਦ 'ਚ ਸਮਾਅ ਜਾਂਦਾ ਹੈ ਕਿਉਂਕਿ ਸ਼ਬਦ ਵਿਚੋਂ ਹੀ ਅਸੀਂ ਪੈਦਾ ਹੋਏ ਹਾਂ, ਸ਼ਬਦ ਹੀ ਸੰਸਾਰ ਦਾ ਮੁੱਢ ਹੈ -

*ਪ੍ਰਥਮ ਓਅੰਕਾਰ ਤਿਨ ਕਹਾ॥*
*ਸੋ ਧੁਨ ਪੂਰ ਜਗਤ ਮੋ ਰਹਾ॥*

ਗੁਰੂ ਪਾਤਸ਼ਾਹ ਫੁਰਮਾਉਂਦੇ ਹਨ -

*ਓਅੰਕਾਰਿ ਬ੍ਰਹਮਾ ਉਤਪਤਿ॥*
*ਓਅੰਕਾਰੁ ਕੀਆ ਜਿਨਿ ਚਿਤਿ॥*
*ਓਅੰਕਾਰਿ ਸੈਲ ਜੁਗ ਭਏ॥*
*ਓਅੰਕਾਰਿ ਬੇਦ ਨਿਰਮਏ॥*
*ਪੰਨਾ - 929*

ਓਅੰਕਾਰ ਤੋਂ ਹੀ ਸਾਰੀ ਚੀਜ਼ ਪੈਦਾ ਹੋਈ ਹੈ। ਨਿਰਗੁਣ ਪ੍ਰਭੂ ਤੋਂ ਸਰਗੁਣ ਹੋ ਕੇ ੧ਓ ਕਹਾਇਆ ਅਤੇ ੧ਓ ਤੋਂ ਸ਼ਬਦ ਧੁਨ ਹੋਈ ਜਿਸ ਤੋਂ ਸਾਰੇ ਅਕਾਰ ਉਤਪਤ ਹੋਏ -

*ਨਿਰੰਕਾਰ ਆਕਾਰ ਹੋਇ*
*ਏਕੰਕਾਰ ਅਪਾਰ ਸਦਾਯਾ।*
*ਏਕੰਕਾਰਹੁੰ ਸਬਦ ਧੁਨ*
*ਓਅੰਕਾਰ ਅਕਾਰ ਬਨਾਯਾ।*

***ਭਾਈ ਗੁਰਦਾਸ ਜੀ, ਵਾਰ 26/2***

ਓਅੰਕਾਰ ਤੋਂ ਹੀ ਹਰ ਚੀਜ਼ ਪੈਦਾ ਹੋਈ ਹੈ, ਕਿਉਂਕਿ ਜੋ ਓਅੰਕਾਰ ਤੋਂ ਸ਼ਬਦ ਧੁਨ ਹੋਈ ਉਸੇ ਨੂੰ ਓਅੰਕਾਰ ਦਾ ਰੂਪ ਕਹਿ ਕੇ ੧ਓ ਇਕ-ਇਕ ਅੰਗ ਵਿਚ ਦਰਸਾਇਆ। ਇਹ ਦੋ ਨਹੀਂ ਹਨ। ੧ਓ ਦਾ ਹੀ ਸਰੂਪ ਓਅੰਕਾਰ ਹੈ, ਏਕੰਕਾਰ ਦਾ ਹੀ ਸਰੂਪ ਸ਼ਬਦ ਹੈ। ਸਾਰੇ ਸਾਕਾਰ ਦੀ source ਸ਼ਬਦ ਹੈ ਤੇ ਜਦੋਂ ਆਪਣੇ ਸਰੂਪ ਨੂੰ ਪਛਾਣ ਲੈਂਦਾ ਹੈ ਫੇਰ ਸ਼ਬਦ ਵਿਚ ਹੀ ਸਮਾਅ ਜਾਂਦਾ ਹੈ। ਜਿਵੇਂ ਸਮੁੰਦਰ ਵਿਚੋਂ ਭਾਫ ਉਠੀ, ਪਹਾੜਾਂ ਤੇ ਜਾ ਕੇ ਕੁਝ ਬਰਫ ਬਣ ਗਈ, ਕੁਝ ਮੈਦਾਨ ਵਿਚ ਬਾਰਿਸ਼ ਦੇ ਰੂਪ ਵਿਚ ਪਾਣੀ ਦਾ ਵਹਿਣ ਰੂਪ ਦਰਿਆ ਬਣ ਗਈ। ਉਥੋਂ ਨੀਵੇਂ ਥਾਵਾਂ ਨੂੰ ਰੁੜ੍ਹਿਆ ਤੇ ਆਪਣੀ source (ਆਦਿ) ਸਮੁੰਦਰ ਵਿਚ ਆਪ ਰਲ ਗਈ। ਸੋ ਜਿਵੇਂ ਭਾਫ ਬੱਦਲ ਬਣੀ, ਬੱਦਲ ਪਾਣੀ ਬਣ ਕੇ ਜੰਮਿਆ ਤੇ ਪਿਘਲ-ਪਿਘਲ ਕੇ ਫੇਰ ਚਲ ਪਿਆ ਤੇ ਫੇਰ ਜਾਂਦਾ ਕਿਥੇ ਹੈ? ਇਸ ਗੱਲ ਦਾ ਪਤਾ ਬਰਫ ਨੂੰ ਨਹੀਂ ਹੈ। ਇਹ ਆਪਣੇ ਸਮੁੰਦਰ ਰੂਪੀ ਸਰੂਪ ਵਿਚ ਸਮਾਅ ਜਾਂਦਾ ਹੈ। ਇਵੇਂ ਜਿਵੇਂ ਅਸੀਂ ਦ੍ਵੈਤ ਤੋਂ ਬਰੀ ਹੋ ਕੇ ਹਉਮੈ ਦਾ ਪੂਰਨ ਨਾਸ਼ ਹੋਣ ਤੇ ਆਪਣੇ source ਸ਼ਬਦ ਵਿਚ ਸਮਾਅ ਜਾਇਆ ਕਰਦੇ ਹਾਂ। ਇਹ ਅਵਸਥਾ ਦੱਸਣੀ ਬਹੁਤ ਮੁਸ਼ਕਲ ਹੈ ਕਿਉਂਕਿ ਅਸੀਂ ਪ੍ਰਤੀਕ ਪ੍ਰਕ੍ਰਿਤੀ ਵਿਚੋਂ ਭਾਲਦੇ ਹਾਂ ਪਰ ਫੇਰ ਵੀ ਦੱਸਦੇ ਹਨ ਕਿ -

***ਜਿਉ ਗੂੰਗੇ ਸਾਕਰ ਮਨੁ ਮਾਨਿਆ॥***
***ਪੰਨਾ - 327***

ਗੂੰਗੇ ਨੇ ਸ਼ੱਕਰ ਖਾ ਲਈ ਹੁਣ ਉਹ ਸ਼ਕਰ ਦਾ ਸਵਾਦ ਦੱਸ ਨਹੀਂ ਸਕਦਾ। ਇਹ ਜੋ ਅਨਹਦ ਅਵਸਥਾ ਹੈ ਇਸ ਨੂੰ ਦੱਸਿਆ ਨਹੀਂ ਜਾਂਦਾ ਤੇ ਆਪ ਫੁਰਮਾਨ ਕਰਦੇ ਹਨ -

***ਐਸਾ ਗਿਆਨੁ ਕਥੈ ਬਨਵਾਰੀ॥***
***ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ॥***
***ਪੰਨਾ - 327***

ਹੁਣ ਐਥੇ ਦੱਸ ਵੀ ਗਏ ਆਪ ਕਿ ਐਸਾ ਗਿਆਨ ਮਹਾਂਪੁਰਖ ਦੱਸ ਰਹੇ ਨੇ, ਅਕਾਲ ਪੁਰਖ ਨੇ ਦੱਸਿਆ ਹੈ ਕਿ ਜਿਹਦਾ ਮਨ ਦ੍ਰਿੜ੍ਹ ਹੋ ਗਿਆ ਨਾ, ਜਿਸ ਨੇ ਵਾਸ਼ਨਾਵਾਂ ਖਤਮ ਕਰ ਲਈਆਂ; ਇੜਾ, ਪਿੰਗਲਾ, ਸੁਖਮਨਾ ਤਿੰਨ ਨਾੜੀਆਂ ਨੇ ਸਾਡੇ ਅੰਦਰ ਜਿਹਨੂੰ ਗੰਗਾ, ਜਮੁਨਾ, ਸੁਰਸਤੀ ਕਹਿੰਦੇ ਨੇ, ਇਨ੍ਹਾਂ ਨੂੰ ਸਥਿਤ ਕਰਕੇ ਜੋ ਅਫੁਰ ਅਵਸਥਾ ਵਿਚ ਪਹੁੰਚ ਗਿਆ ਉਹ ਇਸ ਪ੍ਰਮ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਮਹਾਂਪੁਰਸ਼ ਜੋ ਸਾਨੂੰ ਜੁਗਤ ਦੱਸਦੇ ਹਨ ਉਹ ਇਹ ਹੈ ਕਿ ਅੰਦਰ ਨੂੰ ਸੁਆਸ ਜਾਂਦਾ ਹੈ 'ਵਾਹਿ' ਕਹਿ ਕੇ ਭਰਿਆ ਹੋਇਆ ਸੁਆਸ ਅੰਦਰ ਨੂੰ ਲੈ ਜਾਓ ਅਤੇ ਬਾਹਰ ਨੂੰ 'ਗੁਰੂ' ਕਹਿ ਕੇ ਛੱਡ ਦਿਓ। ਬਾਕੀ ਜੋ ਗੱਲਾਂ ਹਨ ਉਹ ਕੇਵਲ ਅਧਿਕਾਰੀ ਜਨਾਂ ਨੂੰ ਦੱਸੀਆਂ ਜਾ ਸਕਦੀਆਂ ਹਨ। ਜੇ ਇਥੇ ਸੰਗਤ ਵਿਚ ਗੱਲ ਕਰੀਏ ਬਹੁਤ ਸਾਰੇ ਪ੍ਰੇਮੀਆਂ ਨੂੰ ਭੁਲੇਖਾ ਪੈ ਜਾਵੇਗਾ। ਉਹ ਆਪਣੇ ਗਿਆਨ ਦੇ ਸਟੋਰ ਵਿਚ ਜਮ੍ਹਾਂ ਤਾਂ ਕਰ ਲੈਣਗੇ ਪਰ ਉਨ੍ਹਾਂ ਨੂੰ ਬਗੈਰ ਅਭਿਆਸ ਤੋਂ ਕੋਈ ਲਾਭ ਨਹੀਂ ਹੋਣਾ। ਇਹ ਸਾਰੀ ਅਭਿਆਸ ਦੀ ਗੱਲ ਹੈ। ਸੁਆਸ ਤੇ ਕਾਬੂ ਪਾ ਕੇ ਜਿਵੇਂ ਕਿ ਫੁਰਮਾਨ ਹੈ -

***ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ॥***
***ਪੰਨਾ - 327***

ਅਸਾਨੂੰ ਗੁਰਮੰਤ੍ਰ ਦੇ ਬਲ ਨਾਲ ਅਫੁਰ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਹੁਣ ਇਹ ਗੱਲਾਂ ਕੌਣ ਕਿਸੇ ਨੂੰ ਦੱਸੇ? ਟੀਚਰ ਤਾਂ ਅਸੀਂ ਕਿਸੇ ਨੂੰ ਬਣਾਉਣਾ ਨਾ ਹੋਇਆ, ਹਰ ਗੱਲ ਵਿਚ ਰੌਲਾ ਘਚੋਲਾ ਪਾਉਣਾ ਹੀ ਸਾਡਾ ਮੁੱਖ ਮੰਤਵ ਹੈ ਪਰ ਗੁਰੂ ਸਾਹਿਬ ਬਾਣੀ ਰੂਪ ਵਿਚ ਸਾਨੂੰ ਬਾਰ-ਬਾਰ ਉਪਦੇਸ਼ ਦਿੰਦੇ ਹਨ ਕਿ ਜਿਹੜੇ ਮੇਰੇ ਨਾਲ ਅਭੇਦ ਹਨ ਉਨ੍ਹਾਂ ਨੂੰ ਟੋਲ੍ਹ ਲਵੋ। ਮੈਂ ਜੋ ਗੂੜ੍ਹ ਭਾਵ ਪ੍ਰਗਟ ਕਰ ਰਿਹਾ ਹਾਂ ਉਹ ਗੁਰਮੁਖ ਤੁਹਾਨੂੰ ਪੂਰੀ ਤਰ੍ਹਾਂ ਨਾਲ practically ਸਮਝਾ ਦੇਣਗੇ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਆਪਣੀ ਜੋਤ ਗੁਰੂ ਗ੍ਰੰਥ ਸਾਹਿਬ ਜੀ ਵਿਚ ਲੀਨ ਕਰਕੇ ਜੁਗਤ ਖਾਲਸੇ ਨੂੰ ਦਿਤੀ ਹੈ। ਖਾਲਸਾ ਕੌਣ ਹੈ?

***ਆਤਮ ਰਸ ਜਿਹ ਜਾਨਹੀ***
***ਸੋ ਖਾਲਸ ਦੇਵ।***
***ਪ੍ਰਭ ਮਹਿ, ਮੋਹ ਮਹਿ,***
***ਤਾਸ ਮਹਿ ਰੰਚਕ ਨਾਹਨ ਭੇਵ।***
***(ਸਰਬ ਲੋਹ ਗ੍ਰੰਥ ਵਿਚੋਂ)***

ਜਿਹਦੇ ਅੰਦਰੋਂ ਤਿੰਨ ਗੁਣਾਂ ਦਾ ਨਾਸ਼ ਹੋ ਗਿਆ, ਦ੍ਵੈਤ ਖਤਮ ਹੋ ਗਈ, ਆਤਮ ਤੱਤ ਨੂੰ ਜਿਹਨੇ ਪਛਾਣ ਲਿਆ ਅਤੇ ਆਤਮ ਰਸ ਨੂੰ ਮਾਨਣ ਵਾਲਾ - ਉਹ ਹੈ ਖਾਲਸਾ। ਖਾਲਸੇ ਦੇ ਵਿਚ ਨਾਮ ਦੀ ਜੁਗਤ ਹੈ। ਪਹਿਲਾਂ ਪੰਜ ਇਕੱਠੇ ਹੋ ਕੇ ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਗੁਰਮੰਤ੍ਰ ਦਿੰਦੇ ਹਨ ਅਤੇ ਨਾਮ ਤੱਕ ਪਹੁੰਚਣ ਦੀ ਜੁਗਤ ਦਸਦੇ ਹਨ। ਬਾਕੀ ਸੰਸਾਰ ਨੂੰ ਰਸਤਾ ਦਸਦੇ ਹੋਏ ਫੁਰਮਾਨ ਕਰਦੇ ਹਨ -

***ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ॥***
***ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ॥***
***ਪੰਨਾ - 327***

ਸਾਧਸੰਗਤ ਜੀ ਬੇਨਤੀ ਹੈ ਕਿ ਸਵਰਗ ਲੋਕ ਵਿਚ ਜਾ ਕੇ, ਉਚੇ ਤੋਂ ਉਚੇ ਸ਼ਿਵ ਲੋਕ, ਬੈਕੁੰਠ ਲੋਕਾਂ ਵਿਚ ਪਹੁੰਚ ਕੇ ਵੀ ਉਥੇ ਸਦੀਵੀ ਨਹੀਂ ਰਿਹਾ ਜਾ ਸਕਦਾ। ਜਦੋਂ ਤਪ ਖਤਮ ਹੋ ਜਾਂਦਾ ਹੈ, ਪੁੰਨ ਖਤਮ ਹੋ ਜਾਂਦੇ ਹਨ ਤਾਂ ਫੇਰ ਦੇਹਧਾਰੀ ਬਣਨਾ ਪੈਂਦਾ ਹੈ। ਸੋ ਇਸ ਕਰਕੇ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਨ੍ਹਾਂ ਮਾਇਆ ਮੰਡਲਾਂ ਤੋਂ ਉਪਰ ਸਚਖੰਡ ਵਿਚ ਲੀਨ ਹੋਣ ਦੇ ਨਾਲ ਹੀ ਜੰਮਣ ਮਰਨ ਦਾ ਚੱਕਰ ਸਦੀਵੀ ਖਤਮ

ਹੋ ਜਾਂਦਾ ਹੈ –

ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ॥
ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ॥
ਐਸੇ ਮਰਹੁ ਜਿ ਬਹੁਰਿ ਨ ਮਰਨਾ॥
ਪੰਨਾ – 327

ਕਾਹਦਾ ਧਿਆਨ ਧਰਨਾ ਹੈ? ਇਹ ਵੀ ਸੰਤਾਂ ਨੂੰ ਪਤਾ ਹੁੰਦਾ ਹੈ। ਨਿਰਾਕਾਰ ਪ੍ਰਮੇਸ਼ਰ ਦਾ ਕਿਸ ਤਰ੍ਹਾਂ ਧਿਆਨ ਧਰਿਆ ਜਾਂਦਾ ਹੈ। ਆਪ ਫੁਰਮਾਨ ਕਰਦੇ ਹਨ ਕਿ ਆਪਣੇ ਜੀਵਤ ਭਾਵ ਨੂੰ ਮਾਰ ਕੇ ਜੀਵਨ ਮੁਕਤੀ ਦਾ ਅਨੰਦ ਮਾਣੋ।

ਪ੍ਰਭ ਕੀ ਆਗਿਆ ਆਤਮ ਹਿਤਾਵੈ॥
ਜੀਵਨ ਮੁਕਤਿ ਸੋਊ ਕਹਾਵੈ॥
ਤੈਸਾ ਹਰਖੁ ਤੈਸਾ ਉਸੁ ਸੋਗੁ॥
ਸਦਾ ਅਨੰਦੁ ਤਹ ਨਹੀ ਬਿਓਗੁ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥
ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥
ਨਾਨਕ ਓਹੁ ਪੁਰਖੁ ਕਹੀਐ
ਜੀਵਨ ਮੁਕਤਿ॥ ਪੰਨਾ – 275

ਜਿਸਨੂੰ ਜੀਵਨ ਮੁਕਤੀ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਉਹ ਸਦਾ ਹੀ ਜਿਉਂਦਾ ਹੈ ਓਹਦਾ ਫੇਰ ਮਰਨਾ ਨਹੀਂ ਹੋਇਆ ਕਰਦਾ। ਫੁਰਮਾਨ ਹੈ –

ਉਲਟੀ ਗੰਗਾ ਜਮੁਨ ਮਿਲਾਵਉ॥
ਬਿਨੁ ਜਲ ਸੰਗਮ ਮਨ ਮਹਿ ਨਾਵਉ॥
ਪੰਨਾ – 327

ਹੁਣ ਜਿਹੜੀ ਉਲਟੀ ਗੰਗਾ ਹੈ ਨਾ, ਇੜਾ ਤੇ ਪਿੰਗਲਾ ਨੂੰ ਮਿਲਾ ਦਿਓ – ਸੁਖਮਨਾ ਦੇ ਵਿਚ, ਹੁਣ ਇਹਦੇ ਵਿਚ ਇਸ਼ਨਾਨ ਕਰਾਓ – ਮਨ ਦਾ, ਜਿਹਨੂੰ ਮਹਾਰਾਜ ਕਹਿੰਦੇ ਨੇ–

ਸਚੁ ਤਾ ਪਰੁ ਜਾਣੀਐ
ਜਾ ਆਤਮ ਤੀਰਥਿ ਕਰੇ ਨਿਵਾਸੁ॥
ਸਤਿਗੁਰੂ ਨੋ ਪੁਛਿ ਕੈ
ਬਹਿ ਰਹੈ ਕਰੇ ਨਿਵਾਸੁ॥ ਪੰਨਾ– 468

ਅਸਾਡਾ ਮਾਰਗ ਹੱਠ ਮਾਰਗ ਨਹੀਂ ਹੈ ਇਹ ਸਹਿਜ ਦਾ ਮਾਰਗ, ਸਬਦਿ ਸੁਰਤਿ ਦਾ ਮਾਰਗ ਹੈ। ਪਰ ਇਹ secret ਰਸਤਾ ਮਹਾਂਪੁਰਸ਼ਾਂ ਦੀ ਸੰਗਤ ਨਾਲ ਸਮਝ ਵਿਚ ਆ ਜਾਇਆ ਕਰਦਾ ਹੈ। ਸੋ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰੋ ਜਿਸ ਬਾਰੇ ਮਨਮੁਖਾਂ ਨੂੰ ਉਕਾ ਹੀ ਸੋਝੀ ਨਹੀਂ –

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ
ਮਨਮੁਖਾ ਸਾਦੁ ਨ ਪਾਇਆ॥
ਪੰਨਾ – 644

ਸਤਿਗੁਰੂ ਨੂੰ ਪੁਛ ਕੇ ਇਸ ਅੰਮ੍ਰਿਤ ਸਰੋਵਰ ਵਿਚ ਮਨ ਨੂੰ ਇਸ਼ਨਾਨ ਕਰਾਉਣਾ ਬਹੁਤ ਹੀ ਜ਼ਰੂਰੀ ਹੈ। ਜਿਵੇਂ ਕਿ ਫੁਰਮਾਨ ਹੈ –

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਪੰਨਾ – 305

ਉਸ ਸਰੋਵਰ ਬਾਰੇ ਹੀ ਫੁਰਮਾਨ ਹੈ –

ਉਲਟੀ ਗੰਗਾ ਜਮੁਨ ਮਿਲਾਵਉ॥
ਬਿਨੁ ਜਲ ਸੰਗਮ ਮਨ ਮਹਿ ਨਾਵਉ॥
ਪੰਨਾ – 327

ਜਲ ਉਥੇ ਹੈ ਨਹੀਂ, ਪਰ ਮਨ ਦਾ ਇਸ਼ਨਾਨ ਉਥੇ ਹੁੰਦਾ ਹੈ –

ਸੁਣਿਆ ਮੰਨਿਆ ਮਨਿ ਕੀਤਾ ਭਾਉ॥
ਅੰਤਰਗਤਿ ਤੀਰਥਿ ਮਲਿ ਨਾਉ॥
ਪੰਨਾ – 4

ਫੁਰਮਾਨ ਕਰਦੇ ਹਨ ਕਿ ਹੋਰ ਕਿਹੜੀ ਗੱਲ ਦੱਸੀਏ? ਇਹ ਵਿਚਾਰ ਅਸੀਂ ਦੱਸਦੇ ਹਾਂ –

ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ॥
ਪੰਨਾ – 327

ਪੰਜ ਚੀਜ਼ਾਂ ਹਨ – 'ਅਪੁ' ਕਹਿੰਦੇ ਨੇ ਪਾਣੀ ਨੂੰ, ਠੰਢਾ ਸੁਭਾਅ ਰੱਖੋ– – ਪਾਣੀ ਵਰਗਾ; 'ਤੇਜੁ' ਅਗਨ ਸਾਰਿਆਂ ਨੂੰ ਹੀ ਪ੍ਰਕਾਸ਼ ਦਿੰਦੀ ਹੈ, ਪਾਪੀਆਂ ਨੂੰ ਵੀ ਪ੍ਰਕਾਸ਼ ਦਿੰਦੀ ਹੈ, ਦੂਜਿਆਂ ਨੂੰ ਵੀ। ਐਸ ਤਰ੍ਹਾਂ ਆਪਣੇ ਗਿਆਨ ਦਾ ਪ੍ਰਕਾਸ਼ ਸਾਰਿਆਂ ਨੂੰ ਦਿਓ। 'ਬਾਇ' ਜਿਹੜੀ ਹਵਾ ਹੈ, ਇਹ ਸਾਰਿਆਂ ਨੂੰ ਇਕੋ ਜਿਹੀ ਲੱਗਦੀ ਹੈ – ਗੰਦੀਆਂ ਥਾਵਾਂ ਤੇ ਵੀ ਉਵੇਂ ਹੀ ਲਗਦੀ ਹੈ, ਚੰਗੀਆਂ ਥਾਵਾਂ ਤੇ ਵੀ। ਇਸ ਵਿਚ ਕੋਈ ਭਰਮ ਭੇਦ ਨਹੀਂ ਹੁੰਦਾ। ਇਹ ਸਮ ਦੀ ਬਿਰਤੀ ਧਾਰਨ ਕਰੋ। ਪ੍ਰਿਥਵੀ 'ਚ ਧੀਰਜ ਹੈ –

ਜਿਉ ਬਸੁਧਾ ਕੋਊ ਖੋਦੈ
ਕੋਊ ਚੰਦਨ ਲੇਪ॥ ਪੰਨਾ – 272

ਅਕਾਸ਼ ਦੇ ਵਿਚ ਨਿਰਲੇਪਤਾ ਰਹਿੰਦੀ ਹੈ –

ਜੈਸੇ ਧਰ ਊਪਰਿ ਆਕਾਸੁ॥
ਪੰਨਾ – 272

ਧਰਤੀ ਦੇ ਉਪਰ ਜਿਵੇਂ ਅਕਾਸ਼ ਹੈ, ਐਹੋ ਜਿਹੀ ਬਿਰਤੀ ਰੱਖੋ –

ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ॥
ਐਸੀ ਰਹਤ ਰਹਉ ਹਰਿ ਪਾਸਾ॥
ਪੰਨਾ – 327

ਆਹ ਰਹਿਤਾਂ ਰੱਖ ਲਓ, ਜਿਹੜੀਆਂ ਪੰਜ ਨੇ।

ਕਹੈ ਕਬੀਰ ਨਿਰੰਜਨ ਧਿਆਵਉ॥
ਤਿਤੁ ਘਰਿ ਜਾਉ ਜਿ ਬਹੁਰਿ ਨ

**ਆਵਉ॥** **ਪੰਨਾ - 327**

ਫੁਰਮਾਨ ਕਰਦੇ ਹਨ ਕਿ ਉਥੇ ਅਸੀਂ ਜਾ ਕੇ ਰਹਿ ਪਏ ਜਿਹੜਾ ਮੁਨੀਆਂ ਨੂੰ, ਲੋਕਾਂ ਨੂੰ ਥਾਂ ਲੱਭਦਾ ਨਹੀਂ ਹੈ। ਉਥੇ ਮਨ, ਅ-ਮਨ ਹੋ ਜਾਂਦਾ ਹੈ, ਫੁਰਨਾ ਖਤਮ ਹੋ ਜਾਂਦਾ ਹੈ, ਮਨੋ ਨਾਸ਼, ਵਾਸ਼ਨਾ ਖ੍ਵੈ, ਤੱਤ ਗਿਆਨ ਹੋ ਜਾਂਦਾ ਹੈ। ਵਾਸ਼ਨਾਵਾਂ ਰਹਿੰਦੀਆਂ ਹੀ ਨਹੀਂ, ਇਸ ਅਵਸਥਾ ਨੂੰ ਮਹਾਂਪੁਰਸ਼ਾਂ ਨੇ ਤੱਤ ਗਿਆਨ ਕਿਹਾ ਹੈ। ਜਦੋਂ ਇਹ ਤਿੰਨੇ ਚੀਜ਼ਾਂ ਸਾਡੀ ਸੁਰਤ ਵਿਚ ਆ ਗਈਆਂ ਤਾਂ ਸਾਡਾ ਅਨੁਭਵ ਪ੍ਰਕਾਸ਼ ਹੋ ਜਾਂਦਾ ਹੈ ਅਤੇ ਉਸ ਆਤਮ ਦੇਸ਼ ਵਿਚ ਜਾ ਕੇ ਮਹਾਤਮਾ ਡੇਰਾ ਲਾ ਲੈਂਦੇ ਹਨ -

**ਧਾਰਨਾ - ਸਤਿ ਚਿਤ ਤੇ ਅਨੰਦ ਵਾਲਾ**
**ਦੇਸ਼ ਹੈ, ਜਿਥੇ ਸਾਧੂ ਆਣ ਵਸਦੇ**

**ਬੇਗਮ ਪੁਰਾ ਸਹਰ ਕੋ ਨਾਉ॥**
**ਦੂਖ ਅੰਦੋਹੁ ਨਹੀ ਤਿਹਿ ਠਾਉ॥**
**ਨਾ ਤਸਵੀਸ ਖਿਰਾਜ ਨ ਮਾਲ॥**
**ਖਉਫ ਨ ਖਤਾ ਨ ਤਰਸੁ ਜਵਾਲੁ॥**
**ਪੰਨਾ - 345**

ਜਿਸ ਥਾਂ ਬੰਦਗੀ ਕਰਨ ਵਾਲੇ ਮਹਾਂਪੁਰਸ਼ ਡੇਰਾ ਲਾਉਂਦੇ ਹਨ, ਉਹਦਾ ਨਾਉਂ ਬੇਗਮਪੁਰਾ ਸ਼ਹਿਰ ਹੈ -

**ਬੇਗਮ ਪੁਰਾ ਸਹਰ ਕੋ ਨਾਉ॥**
**ਦੂਖ ਅੰਦੋਹੁ ਨਹੀ ਤਿਹਿ ਠਾਉ॥**
**ਨਾਂ ਤਸਵੀਸ ਖਿਰਾਜੁ ਨ ਮਾਲੁ॥**
**ਖਉਫੁ ਨ ਖਤਾ ਨ ਤਰਸੁ ਜਵਾਲੁ॥**
**ਅਬ ਮੋਹਿ ਖੂਬ ਵਤਨ ਗਹ ਪਾਈ॥**
**ਊਹਾਂ ਖੈਰਿ ਸਦਾ ਮੇਰੇ ਭਾਈ॥**
**ਕਾਇਮੁ ਦਾਇਮੁ ਸਦਾ ਪਾਤਿਸਾਹੀ॥**
**ਦੋਮ ਨ ਸੇਮ ਨ ਏਕ ਸੋ ਆਹੀ॥**
**ਆਬਾਦਾਨੁ ਸਦਾ ਮਸਹੂਰ॥**
**ਊਹਾਂ ਗਨੀ ਬਸਹਿ ਮਾਮੂਰ॥**
**ਪੰਨਾ - 345**

ਜਪੁਜੀ ਸਾਹਿਬ ਵਿਚ ਫੁਰਮਾਨ ਹੈ -

**ਤਿਥੈ ਸੀਤੋ ਸੀਤਾ ਮਹਿਮਾ ਮਾਹਿ॥**
**ਪੰਨਾ - 8**

ਮਹਿਮਾ 'ਚ ਜਿਨ੍ਹਾਂ ਦਾ ਮਨ ਸਿਉਂਤਾ ਗਿਆ, ਜਿਨ੍ਹਾਂ ਦਾ ਮਨ ਨਾਮ ਦੇ ਨਾਲ ਠੰਢਾ ਹੋਇਆ ਪਿਆ ਹੈ, ਉਹ ਵਸਦੇ ਨੇ ਉਥੇ।

**ਤਿਉ ਤਿਉ ਸੈਲ ਕਰਹਿ ਜਿਉ ਭਾਵੈ॥**
**ਮਹਰਮ ਮਹਲ ਨ ਕੋ ਅਟਕਾਵੈ॥**
**ਕਹਿ ਰਵਿਦਾਸ ਖਲਾਸ ਚਮਾਰਾ॥**
**ਜੋ ਹਮ ਸਹਰੀ ਸੁ ਮੀਤੁ ਹਮਾਰਾ॥**
**ਪੰਨਾ - 345**

ਸੋ ਇਸ ਤਰ੍ਹਾਂ ਕਹਿਣ ਲੱਗੇ, "ਬੀਬਾ! ਜੋ ਮੈਂ ਤੇਰੇ ਨਾਲ ਗੱਲ ਕਰ ਰਿਹਾ ਹਾਂ, ਤੂੰ ਉਸਨੂੰ ਸਮਝਣ ਦਾ ਜਤਨ ਕਰ ਤੇ ਜਿਹੜਾ ਮੈਂ ਦੇਸ਼ ਤੈਨੂੰ ਦੱਸਦਾ ਹਾਂ, ਜਿਥੇ ਮੈਂ ਜਾਣਾ ਹੈ ਇਸ ਦੀ ਸਮਝ ਤੈਨੂੰ ਨਹੀਂ। ਜੇ ਤੂੰ ਮੇਰੀ ਇਕ ਗੱਲ ਯਾਦ ਰੱਖ ਲਵੇਂ ਕਿ ਤੂੰ 'ਆਤਮਾ' ਹੈਂ ਤਾਂ ਤੈਨੂੰ ਰਸਤਾ ਲੱਭ ਸਕਦਾ ਹੈ। ਦੂਜੀ ਗੱਲ ਜੋ ਮੈਂ ਤੈਨੂੰ ਕਹਿੰਦਾ ਹਾਂ ਉਹ ਇਹ ਹੈ ਕਿ ਹਰ ਸਮੇਂ ਜਦੋਂ ਤੂੰ ਹਸਦੀ ਹੈਂ, ਖੇਲ੍ਹਦੀ ਹੈਂ, ਰੋਟੀ ਖਾਂਦੀ ਹੈਂ, ਸੌਂਦੀ ਹੈਂ, ਬੁਰਾ ਚਿਤਵਦੀ ਹੈਂ, ਚੰਗਾ ਚਿਤਵਦੀ ਹੈਂ; ਪ੍ਰਮੇਸ਼ਰ ਹਮੇਸ਼ਾ ਤੇਰੇ ਨਾਲ ਰਹਿੰਦਾ ਹੈ। ਜਦੋਂ ਆਦਮੀ ਵਿਸ਼ੇ ਵਿਕਾਰਾਂ ਵਿਚ ਪੈਂਦਾ ਹੈ, ਪਖੰਡ ਕਰਦਾ ਹੈ ਤਾਂ ਵੀ ਉਹ ਦੇਖਦਾ ਹੈ।" ਰਾਜਕੁਮਾਰੀ ਕਹਿਣ ਲੱਗੀ, "ਹੇ ਸ੍ਰੇਸ਼ਟ ਪੁਰਸ਼! ਤੇਰੀਆਂ ਸਾਰੀਆਂ ਗੱਲਾਂ ਮੇਰੇ ਵਾਸਤੇ ਇਕ ਬੁਝਾਰਤ ਹੀ ਬਣੀਆਂ ਹੋਈਆਂ ਹਨ ਪਰ ਮੇਰਾ ਵਿਸ਼ਵਾਸ਼ ਹੈ ਕਿ ਤੂੰ ਕਦੇ ਵੀ ਝੂਠ ਨਹੀਂ ਬੋਲਦਾ ਤੇ ਜੋ ਕੁਝ ਵੀ ਤੂੰ ਕਹਿੰਦਾ ਹੈਂ ਸੱਚ ਕਹਿੰਦਾ ਹੈਂ ਪਰ ਮੈਨੂੰ ਇਹ ਤਾਂ ਦੱਸ ਉਹ ਦਿਸਦਾ ਕਿਉਂ ਨਹੀਂ ਹੈ?" ਕਹਿਣ ਲੱਗੇ, "ਰਾਜਕੁਮਾਰੀ! ਇਹ ਜਿਹੜੀਆਂ ਸਾਡੀਆਂ ਅੱਖਾਂ ਹਨ ਇਹ ਹਉਮੈ ਦੀ ਸੁਰਤ ਵਾਲੀਆਂ ਹਨ ਇਨ੍ਹਾਂ ਨੂੰ ਪੂਰੀ ਤਰ੍ਹਾਂ ਨਹੀਂ ਦਿਸਦਾ ਕਿਉਂਕਿ ਹਉਮੈ ਨੇ ਐਸੀ ਦਵਾਈ ਅੱਖਾਂ ਵਿਚ ਪਾ ਦਿਤੀ ਕਿ ਸਾਨੂੰ ਉਹ ਪ੍ਰਕਾਸ਼ ਉਸ ਤਰ੍ਹਾਂ ਨਹੀਂ ਦਿਸਦਾ ਜਿਵੇਂ ਉੱਲੂ ਨੂੰ ਸੂਰਜ ਨਹੀਂ ਦਿਸਦਾ। ਇਉਂ ਸਾਡੇ ਉਤੇ ਹਉਮੈ ਦਾ ਜਾਲ ਪਿਆ ਹੋਇਆ ਹੈ -

**ਧਾਰਨਾ - ਨਾਲ ਵਸਦੇ ਰਾਮ ਨੂੰ ਭੁਲਿਆ,**
**ਹਉਮੈ ਵਾਲਾ ਜਾਲ ਹੈ**
**ਬੁਰਾ ਪਿਆਰਿਓ,**

**ਪੇਖਤ ਸੁਨਤ ਸਦਾ ਹੈ ਸੰਗੇ**
**ਮੈ ਮੂਰਖ ਜਾਨਿਆ ਦੂਰੀ ਰੇ॥**
**ਪੰਨਾ - 612**

ਕਹਿਣ ਲੱਗੇ, "ਤੂੰ ਵਿਸ਼ਵਾਸ਼ ਕਰ ਕਿ ਹਉਮੈ ਦੀ ਕੰਧ ਤੋਂ ਪਾਰ ਉਹ ਵਾਹਿਗੁਰੂ ਜੀ ਤੇਰੇ ਨਾਲ ਹੀ ਰਹਿੰਦਾ ਹੈ ਤੇ ਬਹੁਤ ਹੀ ਪਤਲਾ ਪਰਦਾ ਹੈ ਜੋ ਉਸਨੂੰ ਦਿਸਣ ਨਹੀਂ ਦਿੰਦਾ-

**ਹਉ ਹਉ ਭੀਤਿ ਭਇਓ ਹੈ ਬੀਚੋ**
**ਸੁਨਤ ਦੇਸਿ ਨਿਕਟਾਇਓ॥**
**ਭਾਂਭੀਰੀ ਕੇ ਪਾਤ ਪਰਦੋ**
**ਬਿਨੁ ਪੇਖੇ ਦੂਰਾਇਓ॥ ਪੰਨਾ - 624**

ਕਹਿੰਦੇ, "ਬੀਬਾ! ਰਾਜਕੁਮਾਰੀ ਜੀ! ਤੁਹਾਨੂੰ ਮੈਂ ਇਕ ਭੇਤ ਦੀ ਗੱਲ ਦੱਸ ਰਿਹਾ ਹਾਂ ਜੋ ਮੈਨੂੰ ਮੇਰੇ ਗੁਰੂ ਨੇ ਦੱਸੀ ਹੈ, ਉਹ ਤੂੰ ਯਕੀਨ ਕਰ ਕਿ ਉਹ ਵਾਹਿਗੁਰੂ ਹਰ ਵਕਤ ਤੇਰੇ ਨਾਲ ਰਹਿੰਦਾ ਹੈ। ਐਨੀ ਗੱਲ ਸੁਣ ਕੇ ਰਾਜਕੁਮਾਰੀ ਫੇਰ ਘਬਰਾ ਗਈ ਅਤੇ ਡਰ ਗਈ ਕਿ ਮੇਰੇ ਨਾਲ ਰੱਬ ਰਹਿੰਦਾ ਹੈ? ਮੈਂ ਤਾਂ ਸੁਣਿਆ ਸੀ ਕਿ ਕਿਸੇ-ਕਿਸੇ ਨਾਲ ਭੂਤ ਰਹਿੰਦੇ ਨੇ। ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਜਿਹੜੇ ਭੂਤ ਆਪ ਹਨ, ਉਨ੍ਹਾਂ ਨਾਲ ਭੂਤ ਵਸਦੇ ਹਨ। ਭੂਤ ਕੌਣ ਹਨ?

**ਕਬੀਰ ਜਾ ਘਰ ਸਾਧ ਨ ਸੇਵੀਅਹਿ**

*ਹਰਿ ਕੀ ਸੇਵਾ ਨਾਹਿ॥*
*ਤੇ ਘਰ ਮਰਹਟ ਸਾਰਖੇ*
*ਭੂਤ ਬਸਹਿ ਤਿਨ ਮਾਹਿ॥*
*ਪੰਨਾ - 1374*

ਜਿਹੜੇ ਗੁਰੂ ਨੂੰ ਯਾਦ ਕਰਦੇ ਹਨ ਉਨ੍ਹਾਂ ਨਾਲ ਗੁਰੂ ਸਦੀਵੀ ਰਹਿੰਦਾ ਹੈ। ਜਿਸ ਤਰ੍ਹਾਂ ਤੂੰ ਮੇਰਾ ਸਰੂਪ ਦੇਖਦੀ ਹੈਂ, ਐਹੋ ਜਿਹਾ ਸਰੂਪ ਧਾਰ ਕੇ ਗੁਰੂ ਆਉਂਦਾ ਹੈ। ਪਰ ਉਨ੍ਹਾਂ ਦਾ ਜੋ ਅਸਲੀ ਸਰੂਪ ਹੈ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥*
*ਪੰਨਾ - 442*

ਉਹ ਕਦੇ ਵੀ ਤੈਨੂੰ ਛੱਡ ਕੇ ਕਿਤੇ ਨਹੀਂ ਜਾਂਦੇ। ਉਹ ਪ੍ਰਮੇਸ਼ਰ ਮੇਰੇ ਨਾਲ ਵੀ, ਤੇਰੇ ਨਾਲ ਵੀ, ਤੇਰੇ ਮਾਤਾ ਪਿਤਾ, ਸਾਰਿਆਂ ਨਾਲ ਹੀ ਰਹਿੰਦਾ ਹੈ; ਉਹ ਚੰਗਿਆਂ ਨਾਲ ਵੀ, ਬੁਰਿਆਂ ਨਾਲ ਵੀ ਰਹਿੰਦਾ ਹੈ। ਕਹਿੰਦੇ, ਪੜਦੇ ਪੈ ਗਏ ਬਹੁਤੇ-

*ਹਉ ਹਉ ਭੀਤਿ ਭਇਓ ਹੈ*
*ਬੀਚੋ ਸੁਨਤ ਦੇਸਿ ਨਿਕਟਾਇਓ॥*
*ਭਾਂਭੀਰੀ ਕੇ ਪਾਤ ਪਰਦੋ*
*ਬਿਨੁ ਪੇਖੇ ਦੂਰਾਇਓ॥ ਪੰਨਾ - 624*

ਉਸ ਵੇਲੇ ਉਹ ਬਹੁਤ ਹੀ ਧਿਆਨ ਨਾਲ ਸੁਣ ਰਹੀ ਸੀ। ਕਹਿਣ ਲੱਗੀ, "ਹੇ ਸ੍ਰੇਸਟ ਪੁਰਸ਼ੋ! ਮੈਂ ਸੁਣਦੀ ਹੁੰਦੀ ਸੀ ਕਿ ਸੰਤ ਸਭ ਦਾ ਭਲਾ ਕਰਦੇ ਹੁੰਦੇ ਨੇ, ਪਰ ਤੁਸੀਂ ਮੈਨੂੰ ਐਨਾ ਕੁਝ ਦੱਸ ਦਿਤਾ, ਮੈਂ ਯਾਦ ਕਿਵੇਂ ਰੱਖਾਂਗੀ। ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਬੀਬਾ! ਤੈਨੂੰ ਸੁਖਾਲਾ ਤਰੀਕਾ ਮੈਂ ਦੱਸਾਂਗਾ। ਇਹ ਮੈਂ ਤੈਨੂੰ ਰਸਤੇ ਦੀ ਜਾਣਕਾਰੀ ਦਿਤੀ ਹੈ ਪਰ ਕੁਝ ਗੱਲਾਂ ਤੂੰ ਮੇਰੀਆਂ ਯਾਦ ਰੱਖ ਲੈ ਕਿ ਤੂੰ ਸਰੀਰ ਨਹੀਂ ਹੈਂ, ਆਤਮਾ ਹੈਂ; ਦੂਜੀ ਗੱਲ - ਤੇਰੇ ਨਾਲ ਵਾਹਿਗੁਰੂ ਰਹਿੰਦਾ ਹੈ; ਤੀਜੀ ਗੱਲ ਹੈ ਕਿ ਜਿਹੜੇ ਦੇਸ਼ ਦੀ ਜਾਣਕਾਰੀ ਮੈਂ ਤੈਨੂੰ ਦੱਸਦਾ ਹਾਂ, ਉਥੇ ਹੀ ਤੂੰ ਆਉਣਾ ਹੈ ਜਿਥੇ ਮੈਂ ਰਹਿਣਾ ਹੈ; ਤੈਨੂੰ ਮੈਂ ਸੁਖਾਲਾ ਰਾਹ ਦੱਸ ਦੇਵਾਂਗਾ, ਉਹ ਰਸਤਾ ਸਿੱਧਾ **highway** ਹੈ, ਉਸ ਰਸਤੇ ਤੁਰੀ ਆਈਂ, ਫੇਰ ਤੂੰ ਮੇਰੇ ਪਾਸ ਆ ਜਾਏਂਗੀ।

ਸਾਧਸੰਗਤ ਜੀ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਗੁਰ ਸਤੋਤਰ ਵਿਚ ਬੋਲੋ। ਇਸ **secret path** ਬਾਰੇ ਜੋ ਬਖਸ਼ਿਸ਼ ਗੁਰੂ ਮਹਾਰਾਜ ਜੀ ਕਰਨਗੇ, ਕੱਲ ਦੇ ਦੀਵਾਨ ਵਿਚ ਵੀਚਾਰਾਂਗੇ।

# ਕਿਵ ਸਚਿਆਰਾ ਹੋਈਐ?

# (ਭਾਗ 2)

# ਜਾਣ ਪਛਾਣ

'ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ' ਇਕ ਅਧਿਆਤਮਕ ਰੂਪ ਵਿਚ ਉਭਰ ਕੇ ਸਾਮ੍ਹਣੇ ਆਇਆ ਹੈ। ਗੁਰੂ ਮਹਾਰਾਜ ਜੀ ਨੇ ਅਪਾਰ ਕ੍ਰਿਪਾ ਕਰਕੇ ਮੇਰੇ ਵਰਗੇ ਅਣਜਾਣ ਬੰਦੇ ਤੋਂ ਆਪਣਾ ਕੰਮ ਆਪ ਲੈ ਲਿਆ। ਬਹੁਤ ਪੁਰਾਣੀ ਗੱਲ ਹੈ ਕਿ 1973 ਵਿਚ ਮੈਂ ਆਪਣੇ ਫਾਰਮ ਵਿਚ ਖੇਤੀ ਕਰਿਆ ਕਰਦਾ ਸਾਂ, ਕੁਝ ਦੇਰ ਪਹਿਲਾਂ ਸੰਤ ਮਹਾਰਾਜ ਜੀ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ ਯੂ.ਪੀ. ਦੀਆਂ ਸੰਗਤਾਂ ਦੀ ਪ੍ਰਾਥਨਾ ਮੰਨ ਕੇ ਤਰਈ ਦੇ ਇਲਾਕੇ ਵਿਚ ਪਹੁੰਚੇ। ਆਪ ਜੀ ਦਾ ਨਿਵਾਸ ਰੁਦਰਪੁਰ ਦੇ ਨੇੜੇ ਬਲਵੰਤ ਫਾਰਮ ਦੀ ਸੁਹਾਵਣੀ ਕੋਠੀ ਵਿਚ ਕਰਾਇਆ ਗਿਆ। ਉਹ ਥਾਂ ਬੜਾ ਨਿਵੇਕਲਾ ਸੀ, ਉਨ੍ਹਾਂ ਨੇੜੇ ਦੇ ਫਾਰਮਾਂ ਵਿਚ ਸ਼ੇਰ ਆਮ ਹੀ ਘੁੰਮਿਆ ਕਰਦੇ ਸਨ ਪਰ ਕੋਈ ਡਰ ਨਹੀਂ ਸੀ ਹੋਇਆ ਕਰਦਾ ਕਿਉਂਕਿ ਉਹ ਸ਼ੇਰ ਆਦਮ ਖੋਰ ਨਹੀਂ ਸਨ, ਪਰ ਉਨ੍ਹਾਂ ਦੀ ਆਬਾਦੀ ਬਹੁਤ ਘਟ ਗਈ ਸੀ ਕਿਉਂਕਿ ਸਿੰਘਾਂ ਨੇ ਜੰਗਲ ਆਬਾਦ ਕਰ ਲਏ ਸਨ, ਉਨ੍ਹਾਂ ਨੂੰ ਲੁਕਣਾ ਮੁਸ਼ਕਲ ਹੋ ਗਿਆ। ਪਰ ਫੇਰ ਵੀ ਹਜ਼ਾਰਾਂ ਏਕੜ ਦੀ ਜਗ੍ਹਾ ਹੋਣ ਕਰਕੇ ਉਨ੍ਹਾਂ ਨੂੰ ਜੰਗਲ ਮਿਲਿਆ ਹੀ ਰਹਿੰਦਾ ਸੀ। ਆਬਾਦੀ ਬਹੁਤ ਘੱਟ ਸੀ। ਸੰਤ ਮਹਾਰਾਜ ਜੀ ਇਸ ਫਾਰਮ ਵਿਚ ਸੈਰ ਕਰਕੇ ਬਹੁਤ ਹੀ ਪ੍ਰਸੰਨ ਹੁੰਦੇ ਸਨ। ਮੈਂ ਆਪਣੇ ਸਾਥੀਆਂ ਸਮੇਤ ਜਿਨ੍ਹਾਂ ਵਿਚ ਗਿਆਨੀ ਹਰਿੰਦਰ ਸਿੰਘ ਜੀ ਮਾਂਗਟ ਪੈਗੰਬਰਪੁਰ ਵਾਲੇ ਅਤੇ ਹੋਰ ਪ੍ਰੇਮੀਆਂ ਸਮੇਤ ਮਹਾਰਾਜ ਜੀ ਦੇ ਨਿਵਾਸ ਅਸਥਾਨ ਦੇ ਨੇੜੇ ਛਪਰੀਆ ਬਣਾ ਕੇ ਰਹਿੰਦਾ ਸਾਂ ਅਤੇ ਸਾਰੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਾਸਤੇ ਇੰਤਜ਼ਾਮ ਕਰਦੇ ਸਾਂ। ਤੁਹਾਡੇ ਮਾਤਾ ਜੀ ਬੀਬੀ ਰਣਜੀਤ ਕੌਰ ਜੀ ਜੋ ਮੇਰੇ ਪਤਨੀ ਹਨ, ਉਹ 20 ਕਿਲੋਮੀਰ ਫੈਜ਼ਗੰਜ ਨਾਮ ਦੇ ਬੇਚਿਰਾਗ ਪਿੰਡ ਵਿਚ ਜਿਥੇ ਫਾਰਮ ਸੀ, ਰਿਹਾ ਕਰਦੇ ਸਨ। ਸਵੇਰੇ ਬਹੁਤ ਹੀ ਸਾਝਰੇ ਮੱਝਾਂ, ਗਾਈਆਂ ਦੇ ਦੁੱਧ ਚੁਆ ਕੇ ਲਿਆ ਕੇ ਜੌਂਗੇ ਵਿਚ ਬੈਠ ਕੇ ਸੇਵਾ ਕਰਨ ਲਈ ਤਤਪਰ ਹੋ ਜਾਇਆ ਕਰਦੇ ਸਨ। ਭਾਈ ਤੇਜਾ ਸਿੰਘ ਜੀ ਜੋ ਉਨ੍ਹਾਂ ਦਿਨਾਂ ਵਿਚ ਗੁਰੂ ਮਹਾਰਾਜ ਜੀ ਦੇ ਲੰਗਰ ਬਣਾਉਣ ਦੀ ਸੇਵਾ ਕਰਦੇ ਸਨ ਉਹ ਬਹੁਤ ਪਿਆਰ ਵਾਲੇ ਗੁਰਸਿੱਖ ਸਨ। ਜਿਥੇ ਉਹ ਮਹਾਂਪੁਰਸ਼ਾਂ ਦੀ ਪੂਰੀ ਤਰ੍ਹਾਂ ਸੰਭਾਲ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਆਪ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਅਕਾਲ ਉਸਤਤਿ ਦਾ ਪਾਠ ਵੀ ਜ਼ਬਾਨੀ ਕਰਿਆ ਕਰਦੇ ਸਨ, ਮੈਨੂੰ ਉਨ੍ਹਾਂ ਦਾ ਪਾਠ ਬਹੁਤ ਚੰਗਾ ਲਗਦਾ ਸੀ। ਸੰਤ ਮਹਾਰਾਜ ਜੀ ਦੀ ਸੇਵਾ ਵਿਚ ਭਾਈ ਰਜਿੰਦਰ ਸਿੰਘ ਜੀ ਜਿਨ੍ਹਾਂ ਨੂੰ ਮਾਸਟਰ ਜੀ ਕਹਿੰਦੇ ਸਨ, ਰਿਹਾ ਕਰਦੇ ਸੀ। ਸੰਤ ਮਹਾਰਾਜ ਜੀ ਅੰਮ੍ਰਿਤ ਵੇਲੇ ਇਕ ਜੰਗਲ ਨਾਲ ਘਿਰੇ ਹੋਏ ਜ਼ਮੀਨ ਦੇ ਟੁਕੜੇ ਵਿਚ ਸੁਤੰਤਰ ਰੂਪ ਵਿਚ ਸੈਰ ਕਰਿਆ ਕਰਦੇ ਸਨ। ਅਸੀਂ ਦੂਰ ਖੜ੍ਹੇ ਹੋ ਕੇ ਪੂਰੀ ਤਰ੍ਹਾਂ ਸਾਵਧਾਨ ਹੋ ਕੇ ਨਿਗ੍ਹਾ ਰਖਦੇ ਸਾਂ ਕਿ ਕੋਈ ਜੰਗਲੀ ਸ਼ੇਰ, ਚੀਤਾ ਆ ਕੇ ਇਨ੍ਹਾਂ ਦੀ ਸੈਰ ਵਿਚ ਵਿਘਨ ਨਾ ਪਾ ਦੇਵੇ। ਜੱਥਾ, ਕਰਨਲ ਲਾਲ ਸਿੰਘ ਜੀ ਦੀ ਕੋਠੀ ਜੋ ਉਨ੍ਹਾਂ ਦੇ ਬਾਰ੍ਹਾਂਦਰੀ ਵਾਲੇ ਫਰਾਮ ਵਿਚ ਸੀ ਉਥੇ ਰਿਹਾ ਕਰਦਾ ਸੀ। ਸੰਤ ਮਹਾਰਾਜ ਜੀ ਦੀ ਕੋਠੀ ਅਤੇ ਜਥੇ ਦਾ ਨਿਵਾਸ ਅਸਥਾਨ ਦੇ ਵਿਚਾਲੇ ਇਕ ਹਰ ਵਕਤ ਚੱਲਣ ਵਾਲੀ ਨਦੀ ਆਉਂਦੀ ਸੀ, ਇਸ ਨਦੀ ਦੇ ਦੁਆਲੇ ਬਹੁਤ ਹੀ ਸੰਘਣੇ ਦਰਖਤ ਸਨ। ਕਰਨਲ ਲਾਲ ਸਿੰਘ ਦੇ ਲੜਕੇ ਬਹੁਤ ਵੱਡੇ ਅਹੁਦਿਆਂ ਤੇ ਸਨ। ਵੱਡੇ ਲੜਕੇ ਦਾ ਨਾਮ ਹਰਮਿੰਦਰ ਸਿੰਘ ਸੀ, ਉਹ ਹਵਾਈ ਸੈਨਾ ਵਿਚ ਏਅਰ ਕਮਾਂਡਰ ਸਨ। ਦੂਸਰਾ ਛੋਟਾ ਲੜਕਾ ਬਰਗੇਡੀਅਰ ਸੀ। ਇਨ੍ਹਾਂ ਨੇ ਉਸ ਨਦੀ ਉਪਰ ਲੱਕੜੀਆਂ ਗੱਡ ਕੇ ਇਕ ਛੋਟੀ ਜਿਹੀ ਪੁਲੀ ਬਣਾ ਦਿਤੀ ਜਿਸ ਉਪਰੋਂ ਲੰਘ ਕੇ ਅਸੀਂ ਜੱਥੇ ਦੀ ਸੇਵਾ ਵਿਚ ਪਹੁੰਚ ਜਾਇਆ ਕਰਦੇ ਸੀ।

ਸੰਤ ਮਹਾਰਾਜ ਜੀ ਦੇ ਦੀਵਾਨ ਬਿਲਾਸਪੁਰ, ਨਵਾਬਗੰਜ, ਸਰਕੜੇ, ਬਾਜਪੁਰ, ਕਾਸ਼ੀਪੁਰ ਅਤੇ ਨਾਨਕ ਮਤੇ ਲੱਗੇ। ਤਰਾਈ ਵਿਚ ਕਿਸੇ ਮਹਾਤਮਾ ਦਾ ਐਨਾ ਲੰਮਾ ਪ੍ਰੋਗਰਾਮ ਨਹੀਂ ਸੀ ਕਦੇ ਹੋਇਆ। 45 ਦਿਨ ਦੀਵਾਨ ਲਗਦੇ ਰਹੇ। ਬਹੁਤ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਸ਼ਰਾਬਾਂ, ਕਬਾਬਾਂ, ਪਸ਼ੂਆਂ ਦੀਆਂ ਚੋਰੀਆਂ ਤੋਂ ਆਪਣੇ ਜੀਵਨ ਨੂੰ ਸੁਥਰਾ ਕੀਤਾ। ਕਰਨਲ ਲਾਲ ਸਿੰਘ ਜੀ ਭੀ ਆਪਣੇ ਪਰਿਵਾਰ ਸਮੇਤ ਸੇਵਾ ਕਰਿਆ ਕਰਦੇ ਸਨ। ਜਥੇ ਲਈ ਪ੍ਰਸ਼ਾਦੇ ਉਨ੍ਹਾਂ ਦੇ ਫਾਰਮ ਵਿਚ ਹੀ ਬਣਿਆ ਕਰਦੇ ਸਨ। ਉਹ ਦੀਵਾਨਾਂ ਦੇ ਪ੍ਰਬੰਧ ਸਮੇਂ ਮੇਰਾ ਸਾਥ ਦਿਆ ਕਰਦੇ ਸਨ। ਸੰਤ ਮਹਾਰਾਜ ਜੀ ਬਹੁਤ ਹੀ ਪ੍ਰਸੰਨ ਸਨ। ਆਪ ਪੰਜਾਬ ਵਿਚ ਵਾਪਸ ਆ ਗਏ। ਉਸ ਤੋਂ ਥੋੜ੍ਹਾ ਸਮਾਂ ਪਿਛੋਂ ਕਰਨਲ ਲਾਲ ਸਿੰਘ ਜੀ ਦਿਲ ਦਾ ਦੌਰਾ ਪੈਣ ਨਾਲ ਚੜ੍ਹਾਈ ਕਰ ਗਏ। ਮੈਂ ਸੰਤ ਮਹਾਰਾਜ ਜੀ ਪਾਸ ਰਾੜਾ ਸਾਹਿਬ ਪਹੁੰਚਿਆ। ਆਪ ਨੇ ਮੈਨੂੰ ਕਿਹਾ ਕਿ ਤੇਰੀ ਸੱਜੀ ਬਾਂਹ ਟੁ'ਟ ਗਈ। ਉਨ੍ਹਾਂ ਦਾ ਬਚਨ ਸਤਿ ਹੀ ਸੀ ਕਿਉਂਕਿ ਉਹ ਮੇਰੇ ਨਾਲ ਮਿਲ ਕੇ ਤਰਾਈ ਵਿਚ ਗੁਰਸਿ'ਖੀ ਦਾ ਪ੍ਰਚਾਰ ਕਰਿਆ ਕਰਦੇ ਸਨ। ਕਰਨਲ ਸਾਹਿਬ ਗੁਰਦੁਆਰਾ ਨਾਨਕ ਮਤਾ ਦੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ, ਸਰਕਾਰੇ ਦਰਬਾਰੇ ਉਨ੍ਹਾਂ ਦੀ ਬਹੁਤ ਪੁੱਛ ਗਿੱਛ ਸੀ, ਉਨ੍ਹਾਂ ਦਾ ਫਾਰਮ ਬਹੁਤ ਵ'ਡਾ ਸੀ, ਕੋਈ 700 ਏਕੜ ਸੀ। ਬੇਅੰਤ ਮਸ਼ੀਨਾਂ ਆਪ ਦੇ ਫਾਰਮ ਵਿਚ ਕੰਮ ਕਾਰ ਲਈ ਰੱਖੀਆਂ ਹੋਈਆਂ ਸੀ। ਆਮ ਤੌਰ ਤੇ ਆਪ ਨਵੇਂ ਆਏ ਬੀਜਾਂ ਦੀ ਉਪਜ ਵਲ ਵਧੇਰੇ ਧਿਆਨ ਦਿੰਦੇ ਸਨ। ਤਰਾਈ ਦੇ ਦੌਰੇ ਤੇ ਯੂ.ਪੀ. ਅਤੇ ਭਾਰਤ ਸਰਕਾਰ ਦੇ ਵੀ.ਆਈ.ਪੀ ਉਨ੍ਹਾਂ ਦੇ ਫਾਰਮ ਵਿਚ ਜ਼ਰੂਰ ਆਇਆ ਕਰਦੇ ਸਨ। ਉਹ ਦਿਲ ਦਾ ਦੌਰਾ ਪੈਣ ਨਾਲ ਚੜ੍ਹਾਈ ਕਰ ਗਏ ਸਨ। ਸੰਤ ਮਹਾਰਾਜ ਜੀ ਨੇ ਮੈਨੂੰ ਇਹ ਗੱਲ ਆਖਦਿਆਂ ਨਾਲ ਹੀ ਕਹਿ ਦਿਤਾ ਕਿ ਤੁਸੀਂ ਫਿਕਰ ਨਾ ਕਰੋ। ਇਕ ਲੱਖ ਰੁਪਇਆ ਅਸਾਥੋਂ ਲੈ ਜਾਵੋ, 20 ਹਜ਼ਾਰ ਦੀ ਜੀਪ ਆਵੇਗੀ, ਜਨਰੇਟਰ ਅਤੇ ਪ੍ਰੋਜੈਕਟਰ ਲੈ ਲਵੋ ਅਤੇ ਪ੍ਰਚਾਰ ਤਾਂ ਤੂੰ ਕਰ ਹੀ ਰਿਹਾ ਹੈਂ। ਹੁਣ ਤੂੰ ਫਿਲਮਾਂ ਬਣਾ ਕੇ ਪ੍ਰਚਾਰ ਕਰ, ਖਰਚਾ ਅਸੀਂ ਦੇਵਾਂਗੇ। ਮੈਂ ਉਥੇ ਰਾਤ ਰਿਹਾ, ਸੰਤ ਮਹਾਰਾਜ ਜੀ ਨੇ ਤਿੰਨ ਵਾਰੀ ਇਹ ਬਚਨ ਕੀਤਾ। ਪਰ ਮੈਂ ਪੈਸੇ ਲੈਣ ਤੋਂ ਬਹੁਤ ਝਿਜਕ ਰਿਹਾ ਸੀ। ਅਖੀਰ ਉਨ੍ਹਾਂ ਨੇ ਪੁ'ਛਿਆ ਕਿ ਤੂੰ ਕੀ ਚਾਹੁੰਦਾ ਹੈਂ? ਤਾਂ ਮੈਂ ਕਿਹਾ ਕਿ ਜੇ ਤੁਸੀਂ ਪੈਸਾ ਦੇਣਾ ਹੈ ਤਾਂ ਮੈਂ ਲੈ ਕੇ ਨਹੀਂ ਜਾਣਾ, ਇਥੇ ਹੀ ਆਪ ਦੇ ਚਰਨਾਂ ਵਿਚ ਰਹਿ ਕੇ ਸੇਵਾ ਕਰਾਂਗਾ। ਆਪ ਜੀ ਨੇ ਲੰਮੀ ਵਿਚਾਰ ਪਿਛੋਂ ਕਿਹਾ ਕਿ ਫਾਰਮ ਕੌਣ ਸੰਭਾਲੇਗਾ? ਬੱਚੇ ਅਜੇ ਪੜ੍ਹ ਲਿਖ ਕੇ ਪੈਰੀਂ ਖੜ੍ਹੇ ਨਹੀਂ ਹੋਏ, ਵਿਆਹ ਸ਼ਾਦੀਆਂ ਨਹੀਂ ਹੋਈਆਂ, ਗ੍ਰਹਿਸਤ ਦਾ ਸਾਰਾ ਪ੍ਰੋਗਰਾਮ ਵਖਰੇਵੇਂ ਵਿਚ ਪੈ ਜਾਵੇਗਾ। ਚੰਗਾ!

ਤੇਰੀ ਕਮਾਈ ਵਿਚ ਬਰਕਤ ਪੈ ਜਾਵੇਗੀ, ਤੂੰ ਇਹ ਕੰਮ ਕਰੀਂ। ਕਦੇ-ਕਦੇ ਆਪ ਇਹ ਵੀ ਕਹਿ ਦਿੰਦੇ ਸਨ ਕਿ ਮੇਰਾ ਜੀਵਨ ਜਾ ਤਾਂ ਤੂੰ ਲਿਖ ਸਕਦਾ ਹੈਂ ਜਾਂ ਗਿਆਨੀ ਮਿਹਰ ਸਿੰਘ ਜੀ ਜੋ ਅੱਜਕੱਲ ਕੁਰਕਸ਼ੇਤਰ ਵਿਚ ਰਹਿ ਰਹੇ ਹਨ, ਉਹ ਲਿਖ ਸਕਦੇ ਹਨ। ਸੰਤ ਮਹਾਰਾਜ ਜੀ ਨਾਲ ਕਈ ਵਾਰੀ ਵਿਚਾਰ ਹੋਈ ਕਿ ਸਾਰੀਆਂ ਸੰਪਰਦਾਵਾਂ ਮੈਗਜ਼ੀਨ ਕੱਢ ਰਹੀਆਂ ਹਨ। ਰਾਧਾ ਸੁਆਮੀਆਂ ਦਾ ਆਪਣਾ ਮੈਗਜ਼ੀਨ ਨਿਕਲਦਾ ਹੈ, ਨਾਮਧਾਰੀਆਂ ਦਾ ਸਤਿਜੁਗ ਅਖਬਾਰ ਨਿਕਲਦਾ ਹੈ, ਸਾਂਈ ਬਾਬਾ ਦਾ ਆਪਣਾ ਮੈਗਜ਼ੀਨ ਹੈ, ਹੋਰ ਵੀ ਬਹੁਤ ਸਾਰੇ ਮਹਾਤਮਾਵਾਂ ਦੇ ਮੈਗਜ਼ੀਨ ਨਿਕਲ ਰਹੇ ਹਨ; ਆਪ ਵੀ ਮੈਗਜ਼ੀਨ ਕੱਢਣਾ ਸ਼ੁਰੂ ਕਰ ਦਿਓ। ਤਾਂ ਮਹਾਰਾਜ ਜੀ ਨੇ ਕਿਹਾ ਕਿ ਇਸ ਮੈਗਜ਼ੀਨ ਬਾਰੇ ਅਸੀਂ ਪਹਿਲਾਂ ਵੀ ਸੋਚਿਆ ਹੈ। ਇਕ ਪ੍ਰੇਮੀ ਪ੍ਰੈਸ ਲਾਉਣ ਲਈ ਪੈਸੇ ਵੀ ਲੈ ਗਿਆ ਸੀ, ਪਰ ਉਸ ਨੇ ਮੁੜ ਕੇ ਕੋਈ ਪਤਾ ਨਹੀਂ ਦਿਤਾ, ਸਮਾ ਆਏ ਤੇ ਉਹ ਵੀ ਕੁਝ ਕਰੇਗਾ ਹੀ। ਪਰ ਇਹ ਕੰਮ ਵੀ ਤੂੰ ਹੀ ਕਰੀਂ। ਮੈਂ ਕਿਹਾ ਆਪ ਜੀ ਤਾਂ ਗੁੰਗਿਆਂ ਤੋਂ ਕਥਾ ਕਰਾ ਸਕਣ ਦੇ ਸਮਰੱਥ ਹੋ। ਆਪ ਜੀ ਤੇ ਪ੍ਰਮੇਸ਼ਰ ਵਿਚ ਕੋਈ ਭੇਤ ਨਹੀਂ। ਆਪ ਜੀ ਦੀ ਬਖਸ਼ੀ ਹੋਈ ਸੱਤਾ ਤੋਂ ਬਿਨਾਂ ਮੈਂ ਕੁਝ ਨਹੀਂ ਕਰ ਸਕਦਾ। ਇਸ ਕਰਕੇ ਆਪ ਜੀ ਦੀ ਦ੍ਰਿਸ਼ਟੀ ਦੀ ਲੋੜ ਹੈ।

ਸਮੇਂ ਲੰਘ ਗਏ। ਸੰਤ ਮਹਾਰਾਜ ਜੀ ਜੋਤੀ ਜੋਤ ਸਮਾਅ ਗਏ। 11 ਸਾਲ ਹੋਰ ਲੰਘ ਗਏ ਜਿਸ ਸਮੇਂ ਸਚਖੰਡ ਵਾਸੀ ਸ੍ਰੀ ਮਾਨ ਗੁਰਦੇਵ ਸਿੰਘ ਗਰੇਵਾਲ ਨੇ ਮੈਨੂੰ ਯਾਦ ਕਰਾਇਆ ਕਿ ਸੰਤ ਮਹਾਰਾਜ ਜੀ ਨੇ ਇਕ ਡਾਇਰੀ ਵਿਚ ਆਪ ਦਾ ਜ਼ਿਕਰ ਕੀਤਾ ਹੈ ਜਿਸ ਦਾ ਹੈਡਿੰਗ ਹੈ 'ਤਿਆਗ', ਉਹ ਮੈਂ ਆਪਣੀਆਂ ਅੱਖਾਂ ਨਾਲ ਪੜ੍ਹਿਆ ਹੈ, ਸੁਣੀ ਸੁਣਾਈ ਗੱਲ ਤੇ ਮੈਂ ਵਿਸ਼ਵਾਸ਼ ਨਹੀਂ ਕਰਦਾ। ਉਸ ਵਿਚ ਲਿਖਿਆ ਹੈ ਕਿ ਵਰਿਆਮ ਸਿੰਘ ਨੂੰ ਮੈਂ ਤਿੰਨ ਬਚਨ ਇਕ ਲੱਖ ਰੁਪਿਆ ਲੈਣ ਲਈ ਕੀਤੇ, (ਜੋ ਅੱਜਕੱਲ੍ਹ ਦੇ 10-15 ਲੱਖ ਦੇ ਬਰਾਬਰ ਹੈ) ਉਸ ਨੇ ਕਬੂਲ ਨਹੀਂ ਕੀਤੇ। ਅਸੀਂ ਬਹੁਤ ਪ੍ਰਸੰਨ ਹੋਏ ਕਿ ਉਸ ਵਿਚ ਤਿਆਗ ਦਾ ਜਜ਼ਬਾ ਹੈ। ਮੇਰੇ ਇਕ ਦਮ ਯਾਦ ਆ ਗਿਆ ਕਿ ਮੈਨੂੰ ਤਾਂ ਫਿਲਮਾਂ ਬਣਾਉਣ ਲਈ ਮਹਾਰਾਜ ਜੀ ਨੇ ਕਿਹਾ ਸੀ।

ਮਹਾਰਾਜ ਜੀ ਦੇ ਬਚਨਾਂ ਨੂੰ ਪਾਲਦੇ ਅਸੀਂ ਫਿਲਮਾਂ ਬਣਾਉਣ ਦਾ ਉਦਮ ਕਰ ਲਿਆ ਅਤੇ ਹੌਲੀ-ਹੌਲੀ ਅਸੀਂ ਆਪਣਾ ਫੋਟੋਗਰਾਫਰ ਰ'ਖ ਕੇ 107 ਫਿਲਮਾਂ ਤਿਆਰ ਕੀਤੀਆਂ। ਉਸ ਤੋਂ ਪਿਛੋਂ ਆਪਣੇ ਕੈਮਰੇ ਲੈ ਲਏ ਅਤੇ ਗੁਰਦੁਆਰਾ ਰਤਵਾੜਾ ਸਾਹਿਬ ਦੇ ਸੇਵਾਦਾਰਾਂ ਵਿਚੋਂ ਭਾਈ ਗੁਰਦੀਪ ਸਿੰਘ ਇਹ ਸੇਵਾ ਕਰਦੇ ਹਨ ਕਿਉਂਕਿ ਉਹ ਇਲੈਕਟਾਨਿਕ ਦੇ ਡਿਪਲੋਮਾ ਹੋਲਡਰ ਹਨ ਅਤੇ ਇਲੈਕਟਰਾਨਿਕ ਬਾਰੇ ਚੰਗੀ ਵਾਕਫਅਤ ਰਖਦੇ ਹਨ। ਇਸ ਤਰ੍ਹਾਂ ਅੱਜ ਤੱਕ 700 ਤੋਂ ਵੱਧ ਫਿਲਮਾਂ ਬਣ ਚੁ'ਕੀਆਂ ਹਨ। 1995 ਵਿਚ ਅਪ੍ਰੈਲ ਦੇ ਮਹੀਨੇ ਬਹੁਤ ਸੋਚ ਵਿਚਾਰ ਪਿਛੋਂ 'ਆਤਮ ਮਾਰਗ' ਨਾਮ ਦਾ ਮੈਗਜ਼ੀਨ ਹੋਂਦ ਵਿਚ ਆਇਆ। ਇਹ ਸੰਗਤਾਂ ਵਿਚ ਐਨਾ ਹਰਮਨ ਪਿਆਰਾ ਹੋ ਗਿਆ ਕਿ ਦੇਸ਼ਾ ਵਿਦੇਸ਼ਾਂ ਵਿਚ ਇਸ ਦੀ ਮੈਂਬਰਸ਼ਿਪ ਇਕ ਦਮ ਵਧ ਗਈ ਅਤੇ ਇਸ ਮਹੀਨੇ ਇਹ 33,500 ਦੀ ਗਿਣਤੀ ਵਿਚ ਪੰਜਾਬੀ ਅਤੇ ਹਿੰਦੀ ਵਿਚ ਛਾਪਿਆ ਜਾ ਰਿਹਾ ਹੈ। ਇਸ ਦੀ ਗਿਣਤੀ ਦਿਨੋ ਦਿਨ ਵਧਦੀ ਤੁਰੀ ਜਾ ਰਹੀ ਹੈ। ਇਸ ਦੇ ਨਾਲ ਹੀ ਇਹ ਵੀ ਫੈਸਲਾ ਸੋਚ ਵਿਚਾਰ ਕੇ ਲਿਆ ਗਿਆ ਕਿ ਪੁਸਤਕਾਂ ਵੀ ਰਚੀਆਂ ਜਾਣ। ਪੁਸਤਕ ਮਾਲਾ ਦੀ ਪੁਸਤਕ ਵਿਚ ਇਹ ਤੇਰ੍ਹਵੀਂ ਪੁਸਤਕ ਹੈ ਜਿਸ ਦਾ ਨਾਮ 'ਕਿਵ ਸਚਿਆਰਾ ਹੋਈਐ' - ਭਾਗ 2 ਰ'ਖਿਆ ਗਿਆ ਹੈ ਕਿਉਂਕਿ ਇਸ ਤੋਂ ਪਹਿਲਾਂ ਛਪੀ ਇਕ ਪੁਸਤਕ 'ਕਿਵ ਕੂੜੈ ਤੁਟੈ ਪਾਲਿ' ਵੀ ਬਹੁਤ ਹੀ ਪਸੰਦ ਕੀਤੀ ਗਈ। 5000 ਦੀ ਗਿਣਤੀ ਵਿਚ ਇਕ ਦਮ ਸੰਗਤਾਂ ਦੇ ਹ'ਥਾਂ ਵਿਚ ਪਹੁੰਚ ਗਈ। ਦੂਜੀ ਵਾਰੀ ਫੇਰ 5000 ਪੁਸਤਕ ਛਪਵਾਈ ਗਈ। ਦੋ ਪੁਸਤਕਾਂ ਹੋਰ ਇਸੇ ਮਹੀਨੇ ਵਿਚ ਛਪਣ ਲਈ ਜਾ ਰਹੀਆਂ ਹਨ, ਇਨ੍ਹਾਂ ਪੁਸਤਕਾਂ ਦਾ ਅਨੁਵਾਦ ਨਾਲ ਦੀ ਨਾਲ ਹਿੰਦੀ ਵਿਚ ਛਾਪਿਆ ਜਾ ਰਿਹਾ ਹੈ। ਇਹ ਆਪ ਦੇ ਹ'ਥ ਵਿਚਲੀ ਪੁਸਤਕ ਵੀ ਨਾਲ ਦੀ ਨਾਲ ਹਿੰਦੀ ਵਿਚ ਛਾਪੀ ਜਾ ਰਹੀ ਹੈ। ਇਸ ਪੁਸਤਕ ਵਿਚ ਆਤਮ ਦੇਸ਼ ਤਕ ਪਹੁੰਚਣ ਬਾਰੇ ਬਹੁਤ ਹੀ ਖੋਲ੍ਹ ਕੇ ਵਿਚਾਰ ਕੀਤੀ ਗਈ ਅਤੇ ਆਤਮਾ ਦਾ ਗੰਭੀਰ ਵਿਸ਼ਾ ਸਿ'ਧੀ ਸਾਦੀ ਬੋਲੀ ਵਿਚ, ਜਿਸਨੂੰ ਅਣਜਾਣ ਤੋਂ ਅਣਜਾਣ ਬੰਦਾ ਵੀ ਸਮਝ ਜਾਵੇ, ਵਿਚ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਛਪੀ ਪੁਸਤਕ ਪਹਿਲੇ ਤੇ ਦੂਜੇ ਦੀਵਾਨ ਵਿਚ ਬੋਲੇ ਗਏ ਬਚਨਾਂ ਦੀ ਹੈ ਅਤੇ ਇਸ ਪੁਸਤਕ ਵਿਚ ਤੀਜੇ ਤੇ ਚੌਥੇ ਦੀਵਾਨ ਵਿਚ ਬੋਲੇ ਹੋਏ ਬਚਨ ਤੇ ਵਿਚਾਰ ਅੰਕਿਤ ਕੀਤੇ ਹੋਏ ਹਨ। ਇਸ ਪਿਛੋਂ ਇਸੇ ਲੜੀ ਵਿਚ ਪੰਜਵਾਂ ਤੇ ਛੇਵਾਂ ਦੀਵਾਨ ਅਜੇ ਛਾਪਣ ਨੂੰ ਪਿਆ ਹੈ, ਉਹ ਵੀ ਛੇਤੀ ਹੀ ਛਾਪ ਕੇ ਇਸ ਲੜੀ ਦੇ ਤਿੰਨ ਹਿ'ਸਿਆਂ ਨੂੰ ਪੂਰਨ ਕੀਤਾ ਜਾਵੇਗਾ।

ਇਹ ਇਕ ਸੰਖੇਪ ਜਿਹੀ ਕਥਾ ਹੈ ਜੋ ਭਾਈ ਤਿਲੋਕਾ ਜੀ ਅਤੇ ਇਕ ਰਾਜਕੁਮਾਰੀ ਦੇ ਜੀਵਨ ਨਾਲ ਸਬੰਧ ਰਖਦੀ ਹੈ। ਭਾਈ ਤਿਲੋਕਾ ਜੀ ਭਾਈ ਭਗੀਰਥ ਮਲਸੀਹਾਂ ਵਾਲੇ ਚੌਧਰੀ ਦਾ ਲੜਕਾ ਸੀ ਜਿਸਨੂੰ ਗੁਰਸਿ'ਖੀ ਦੀ ਸੋਝੀ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰਕੇ ਪ੍ਰਾਪਤ ਹੋਈ। ਉਨ੍ਹਾਂ ਉਪਰ ਗੁਰੂ ਮਹਾਰਾਜ ਜੀ ਦੀ ਪੂਰਨ ਕ੍ਰਿਪਾ ਸੀ, ਅੰਤਰ ਆਤਮੇ ਉਹ ਗੁਰੂ ਨਾਨਕ ਪਾਤਸ਼ਾਹ ਨਾਲ ਸਦਾ ਹੀ ਅਭੇਦ ਰਿਹਾ ਕਰਦੇ ਸਨ। ਉਹ ਭਾਈ ਫਿਰਨਾ ਜੀ ਅਤੇ ਭਾਈ ਜੋਧ, ਜੋ ਪ੍ਰਵਾਨ ਗੁਰਸਿ'ਖ ਸਨ, ਦੇ ਦਰਸ਼ਨ ਕਰਨ ਮਲਸੀਹਾਂ ਤੋਂ ਝਨਾਅ ਦੇ ਕੰਢੇ ਇਕ ਪਿੰਡ ਵਲ ਨੂੰ ਜਾ ਰਹੇ ਸੀ। ਰਸਤੇ ਵਿਚ ਉਨ੍ਹਾਂ ਦਾ ਬਹੁਤ ਹੀ ਸੁਹਾਵਣਾ ਜੰਗਲ ਦੇਖ ਕੇ ਰੁਕਣ ਨੂੰ ਜੀਅ ਕਰਿਆ ਕਿਉਂਕਿ ਉਹ ਹਰ ਵਕਤ ਸਹਿਜ ਸਮਾਧ ਵਿਚ ਰਹਿੰਦੇ ਸਨ।

ਇਕ ਦਮ ਉਨ੍ਹਾਂ ਦੇ ਨੇਤਰ ਬੰਦ ਹੋ ਗਏ, ਸੁਰਤ ਅੰਤਰ ਆਤਮੇ ਚੜ੍ਹ ਗਈ। ਉਧਰ ਰਾਜਕੁਮਾਰੀ ਜਿਸ ਦਾ ਨਾਮ ਇਤਿਹਾਸ ਵਿਚ ਤਾਂ ਲਿਖਿਆ ਹੋਇਆ ਨਹੀਂ ਮਿਲਦਾ ਪਰ ਉਸ ਪਰਗਣੇ ਦੇ ਰਾਠ ਰਾਜੇ ਦੀ ਇਕਲੌਤੀ ਪੁੱਤਰੀ ਸੀ, ਜਿਸ ਦਾ ਸ਼ੌਂਕ ਸੀ, ਸ਼ਸਤਰਾਂ ਦਾ ਚਲਾਉਣਾ, ਪਾਣੀ ਵਿਚ ਤੈਰਨਾ ਆਦਿ। ਉਸ ਨੂੰ ਸ਼ੇਰ ਦਾ ਭੁਲੇਖਾ ਪਿਆ, ਝਾੜੀਆਂ ਬਹੁਤੀਆਂ ਹੋਣ ਕਰਕੇ ਨਿਰਣਾ ਨਾ ਕਰ ਸਕੀ ਕਿ ਇਹ ਕੋਈ ਆਦਮੀ ਬੈਠਾ ਹੈ ਜਾਂ ਕੋਈ ਸ਼ੇਰ, ਚੀਤਾ ਹੈ। ਉਸ ਨੇ ਬਾਣ ਮਾਰਿਆ,

ਨਿਸ਼ਾਨੇ ਦੀ ਪੱਕੀ ਸੀ ਉਹ ਭਾਈ ਤਿਲੋਕਾ ਜੀ ਦੀ ਵੱਖੀ ਵਿਚ ਜਾ ਲੱਗਿਆ ਅਤੇ ਉਹ ਗਿਰ ਗਏ। ਇਸ ਨੇ ਆ ਕੇ ਤੀਰ ਕ'ਢਿਆ। ਅੱਜ ਪਹਿਲੇ ਦਿਨ ਇਸ ਨੇ ਪਛਤਾਵਾ ਕੀਤਾ ਸੀ ਕਿਉਂਕਿ ਉਨ੍ਹਾਂ ਦੇ ਬੰਦਗੀ ਵਿਚ ਰਮੇ ਹੋਏ ਰਸੀਲੇ ਨੈਣਾਂ ਅਤੇ ਸੁੰਦਰ ਚਿਹਰੇ ਨੂੰ ਵੇਖ ਕੇ ਪਵਿ'ਤਰ ਖਿ'ਚ ਖਾ ਗਈ ਸੀ। ਨਿਰਮਲ ਪਿਆਰ ਦੀ ਰੌ ਉਸ ਦੇ ਹਿਰਦੇ ਵਿਚ ਠਾਠਾਂ ਮਾਰਨ ਲੱਗੀ। ਉਹ ਭਾਈ ਤਿਲੋਕਾ ਜੀ ਨੂੰ ਆਪਣੇ ਘਰ ਲਿਜਾ ਕੇ ਸੇਵਾ ਕਰਨ ਲਈ ਜੁਟ ਗਈ। ਜਦੋਂ ਭਾਈ ਤਿਲੋਕਾ ਜੀ ਨੂੰ ਹੋਸ਼ ਆਉਂਦੀ ਹੈ ਤਾਂ ਉਹ ਸੰਖੇਪ ਗੱਲਬਾਤ ਉਪਰੰਤ ਰਾਜਕੁਮਾਰੀ ਨੂੰ ਰੂਹਾਨੀਅਤ ਦੇ ਗੂੜ੍ਹ ਸਿਧਾਂਤ ਦਸਦੇ ਹਨ ਕਿਉਂਕਿ ਉਹ ਉਸ ਨੂੰ ਬਹੁਤ ਉਚਾ ਲਿਜਾਉਣਾ ਚਾਹੁੰਦੇ ਸਨ। ਉਸ ਰਾਜਕੁਮਾਰੀ ਦਾ ਹਿਰਦਾ ਕੋਰੀ ਸਲੇਟ ਵਰਗਾ ਸੀ, ਉਸ ਵਿਚ ਅਜੇ ਕੁਝ ਵੀ ਉਕਰਿਆ ਹੋਇਆ ਨਹੀਂ ਸੀ। ਉਨ੍ਹਾਂ ਨੇ ਜੋ ਉਪਦੇਸ਼ ਦਿਤੇ ਉਨ੍ਹਾਂ ਵਿਚੋਂ ਕੁਝ ਇਸ ਪੁਸਤਕ 'ਕਿਵ ਸਚਿਆਰਾ ਹੋਈਐ', ਭਾਗ 2 ਵਿਚ ਦਰਜ ਕੀਤੇ ਗਏ ਹਨ ਕਿਉਂਕਿ ਸਹਿਜ ਸੁਭਾਅ ਮੇਰੇ ਦੀਵਾਨ ਪਿੰਡਾਂ ਅਤੇ ਸ਼ਹਿਰਾਂ ਵਿਚ ਲਗਦੇ ਸਨ, ਜਿਥੇ ਗੁਰਮਤਿ ਦੇ ਗੁਹਜ ਭੇਤ ਦਸਣ ਲਈ ਸਿੱਧੀਆਂ ਧਾਰਨਾਂ ਵਿਚ ਕੀਰਤਨ ਕੀਤਾ ਜਾਂਦਾ ਸੀ। ਇਨ੍ਹਾਂ ਕੀਰਤਨਾਂ ਨੂੰ ਵਿਦਵਾਨ ਘੱਟ ਹੀ ਸੁਣਿਆ ਕਰਦੇ ਸਨ। ਉਹ ਪ੍ਰੇਮੀ ਸੁਣਦੇ ਸਨ ਜੋ ਨਵੇਂ-ਨਵੇਂ ਸਿ'ਖੀ ਵਿਚ ਪ੍ਰਵੇਸ਼ ਕਰ ਰਹੇ ਸਨ ਜਿਨ੍ਹਾਂ ਦਾ ਪਿਛਲਾ ਜੀਵਨ ਸ਼ਰਾਬ ਪੀਣੀ, ਤਮਾਕੂ, ਜਰਦਾ ਖਾਣਾ, ਸੱਪਾਂ, ਦਰਖਤਾਂ, ਪੱਥਰਾਂ ਨੂੰ ਮੰਨਣਾ, ਆਪਣੀਆਂ ਮੱਝਾਂ ਗਾਈਆਂ ਨੂੰ ਰਾਜ਼ੀ ਰੱਖਣ ਲਈ ਕਬਰਾਂ ਤੇ ਮੱਥੇ ਟੇਕਣੇ ਹੋਇਆ ਕਰਦਾ ਸੀ। ਸੋ ਜਤਨ ਕੀਤਾ ਜਾਂਦਾ ਸੀ ਕਿ ਗੁਰਮਤਿ ਦੇ ਗੂੜ੍ਹ ਵਿਸ਼ੇ ਬਹੁਤ ਹੀ ਸਾਦੇ ਅੱਖਰਾਂ ਵਿਚ ਇਨ੍ਹਾਂ ਨਵੇਂ-ਨਵੇਂ ਸਿੱਖੀ ਵਿਚ ਪ੍ਰਵੇਸ਼ ਕਰਨ ਵਾਲਿਆਂ ਨੂੰ ਸਮਝਾਏ ਜਾਣ। ਇਹ ਸਾਦੀ ਬੋਲੀ ਤੇ ਸਿੱਧੀਆਂ ਧਾਰਨਾ ਵਰਤ ਕੇ ਇਨ੍ਹਾਂ ਉਪਰ ਐਨਾ ਅਸਰ ਹੋਇਆ ਕਿ ਅੱਜ ਅਕਤੂਬਰ 97 ਤਕ ਚਾਰ ਲੱਖ ਤੋਂ ਵੱਧ ਇਹ ਗੁਰੂ ਦੇ ਸਿੱਖ ਬਣ ਗਏ, ਸੰਗਤ ਕਰਨ ਲਗ ਗਏ, ਗੁਰਦੁਆਰਿਆਂ ਵਿਚ ਰੌਣਕਾਂ ਹੋ ਗਈਆਂ, ਪਿੰਡਾਂ ਵਿਚ ਹੋਰ ਚੰਗੇ ਗੁਰਦੁਆਰੇ ਬਣ ਗਏ। ਅਕਤੂਬਰ ਵਿਚ ਰਤਵਾੜਾ ਸਾਹਿਬ ਜੋ ਸਮਾਗਮ ਹੁੰਦਾ ਹੈ ਉਸ ਵਿਚ ਇਹ ਲ'ਖਾਂ ਦੀ ਤਦਾਦ ਵਿਚ ਹੁੰਮ-ਹੁੰਮਾ ਕੇ ਸੰਗਤਾਂ ਅਤੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਪਹੁੰਚਦੇ ਹਨ ਅਤੇ ਮਹਾਨ ਵਿਦਵਾਨਾਂ, ਸਬੁੱਧੀਜੀਵੀਆਂ ਅਤੇ ਸੰਤਾਂ ਤੋਂ ਗੁਰਮਤਿ ਸਿਧਾਂਤ ਸੁਣ ਕੇ ਆਪਣੇ ਜੀਵਨ ਨੂੰ ਢਾਲਦੇ ਹਨ।

ਇਨ੍ਹਾਂ ਦੀਵਾਨਾਂ ਨੂੰ ਵੀਡੀਓ ਟੇਪਾਂ ਤੋਂ ਲਾਹ ਕੇ ਲਿਖਤ ਵਿਚ ਲਿਆਂਦਾ ਗਿਆ ਅਤੇ ਇਸ ਲਿਖਤ ਨੂੰ, ਲਿਖਣ ਵਾਲੀ ਬੋਲੀ ਵਿਚ ਬਦਲ ਕੇ ਇਹ ਪੁਸਤਕਾਂ ਛਪ ਰਹੀਆ ਹਨ। ਇਸ ਪੁਸਤਕ ਵਿਚ ਇਸ ਪ੍ਰਸੰਗ ਦੇ ਤੀਜੇ ਤੇ ਚੌਥੇ ਦੀਵਾਨ ਵਿਚ ਆਏ ਬਚਨ ਹਨ। ਇਹ ਪੁਸਤਕ ਕਾਫੀ ਵਿਸਥਾਰ ਵਾਲੀ ਬਣ ਗਈ ਹੈ ਕਿਉਂਕਿ ਇਸ ਦੇ ਗੁਪਤ ਸਿਧਾਂਤਾਂ ਨੂੰ ਵਿਸਥਾਰ ਵਾਲੀ ਵਿਆਖਿਆ ਦੇ ਰੂਪ ਵਿਚ ਲਿਖਿਆ ਹੈ, ਪਾਠਕਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਹ ਇਸ ਨੂੰ ਬਹੁਤ ਵਿਚਾਰ ਕੇ ਪੜ੍ਹਨ ਅਤੇ ਆਪਣੇ ਜੀਵਨ ਨੂੰ ਉਸ ਮਾਰਗ ਤੇ ਚਲਾਉਣ ਦਾ ਯਤਨ ਕਰਨ, ਜਿਸ ਦਾ ਵਰਣਨ ਇਸ ਪੁਸਤਕ ਵਿਚ ਕੀਤਾ ਗਿਆ ਹੈ।

ਪ੍ਰਾਰਥਕ ਤੇ ਪਬਲਿਸ਼ਰ

ਰਤਵਾੜਾ ਸਾਹਿਬ

ਸਤੰਬਰ 12, 1996

ਵਰਿਆਮ ਸਿੰਘ

ਬਾਨੀ, ਮੁਖੀ ਅਤੇ ਚੇਅਰਮੈਨ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

# ਉਥਾਨਕਾ

'ਕਿਵ ਸਚਿਆਰਾ ਹੋਈਐ' ਜਪੁਜੀ ਦਾ ਹੀ ਨਹੀਂ ਸਗੋਂ ਸਮੁੱਚੀ ਗੁਰਬਾਣੀ ਦਾ ਪ੍ਰਮੁੱਖ ਪ੍ਰਸ਼ਨ ਹੈ। ਨਿਰਸੰਦੇਹ ਇਨਸਾਨੀ ਜ਼ਿੰਦਗੀ ਦਾ ਵੀ ਮੂਲ ਮੁਦਾ ਇਹੋ ਜਾਣਨਾ ਹੈ ਕਿ ਮਨੁੱਖ ਨੇ 'ਸਚਿਆਰਾ' ਕਿਵੇਂ ਬਣਨਾ ਹੈ? ਏਨੇ ਮਹਾਨ ਅਤੇ ਗੰਭਰੀ ਵਿਸ਼ੇ ਨੂੰ ਸਫਲਤਾ ਨਾਲ ਨਿਭਾ ਸਕਣ ਦਾ ਕਾਰ ਜ ਕੋਈ ਬਖਸ਼ੀ ਹੋਈ ਰੂਹ ਹੀ ਕਰ ਸਕਦੀ ਹੈ, ਜਿਸ ਨੂੰ ਗੁਰੂ ਨਾਨਕ ਦੇਵ ਜੀ ਦੀ ਨਦਰ ਪ੍ਰਾਪਤ ਹੋਵੇ ਅਤੇ ਜਿਸ ਦੇ ਸਿਰ ਮਸਤਕ ਤੇ ਪਾਰਬ੍ਰਹਮ ਪ੍ਰਮੇਸ਼ੁਰ ਦਾ ਹੱਥ ਹੋਵੇ। 'ਧੁਰ ਕੀ ਬਾਣੀ' ਨੂੰ ਕੋਈ ਵਿਰਲਾ ਹੀ ਠੀਕ ਤਰ੍ਹਾਂ ਵਿਚਾਰ ਸਕਦਾ ਹੈ, ਅਨੁਭਵ ਦੀਆਂ ਗੁਹਜ ਗੱਲਾਂ ਨੂੰ ਕੋਈ ਅਨੁਭਵੀ ਹੀ ਸਮਝ ਸਕਦਾ ਹੈ। ਸਾਡੇ ਸਭ ਦੇ ਉਚੇ ਭਾਗ ਹਨ ਜੋ ਮਹਾਂਪੁਰਸ਼ਾਂ ਤੋਂ ਇਹ ਸੁਗਾਤ ਸਾਨੂੰ ਪ੍ਰਾਪਤ ਹੋ ਰਹੀ ਹੈ। ਦਾਸ ਦੀ ਕੋਈ ਸਮਰੱਥਾ ਨਹੀਂ ਕਿ ਪੁਸਤਕ ਬਾਰੇ ਕੁਝ ਲਿਖ ਸਕਾਂ, ਸਤਿਗੁਰੂ ਨੇ ਜੋ ਸੋਝੀ ਬਖਸ਼ੀ ਹੈ, ਅਲਪੱਗ ਸੀਮਤ ਬੁੱਧੀ ਨੇ ਪੁਸਤਕ ਪੜ੍ਹ ਕੇ ਜੋ ਸਮਝਿਆ ਹੈ, ਕੁਝ ਸ਼ਬਦਾਂ ਰਾਹੀਂ ਉਸ ਦੀ ਪਾਠਕਾਂ ਨਾਲ ਸਾਂਝ ਪਾ ਰਿਹਾ ਹਾਂ।

'ਜਪੁਜੀ' ਨਿਤਨੇਮ ਦੀ ਬਾਣੀ ਹੈ ਅਤੇ ਇਸ ਦਾ ਜਾਪ, ਨਾਨਕ ਨਾਮ ਲੇਵਾ ਹਰ ਪ੍ਰਾਣੀ ਪਿਛਲੇ 500 ਸਾਲ ਤੋਂ ਨਿਤ ਕਰਦਾ ਆ ਰਿਹਾ ਹੈ। ਵਿਦਵਾਨਾਂ ਰਾਹੀਂ ਇਸ ਦੀ ਵਿਆਖਿਆ ਵੀ ਬਾਕੀ ਬਾਣੀਆਂ ਨਾਲੋਂ ਕਿਤੇ ਵੱਧ ਹੋਈ ਹੈ। ਜਪੁਜੀ ਦੇ 150 ਤੋਂ ਵੱਧ ਟੀਕੇ ਵੇਖਣ ਪੜ੍ਹਨ ਦਾ ਸੁਭਾਗ ਸਾਨੂੰ ਵੀ ਪ੍ਰਾਪਤ ਹੋਇਆ ਹੈ ਪਰ ਇਸ ਮੂਲ ਪ੍ਰਸ਼ਨ 'ਕਿਵ ਸਚਿਆਰਾ ਹੋਈਐ?' ਦਾ ਬਖਾਨ ਕਿਸੇ ਵਿਚਾਰਵਾਨ ਨੇ ਇੰਜ ਨਹੀਂ ਕੀਤਾ ਜਿਵੇਂ ਹੋਣਾ ਚਾਹੀਦਾ ਸੀ, ਜਿਸ ਦੇ ਪੜ੍ਹਨ ਨਾਲ ਅੰਦਰ ਇਕ ਝਰਨਾਹਟ ਉਠੇ ਅਤੇ ਮਨ ਇਹ ਜਾਣਨ ਲਈ ਤੜਪ ਉਠੇ ਕਿ 'ਕੂੜਿਆਰ ਤੋਂ ਸਚਿਆਰ' ਤਕ ਦਾ ਸਫਰ ਕੀ ਹੈ ਅਤੇ ਕਿਵੇਂ ਤਹਿ ਕਰਨਾ ਹੈ? 'ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ' ਦੇ ਬਾਨੀ ਅਤੇ ਇਸ ਪੁਸਤਕ ਦੇ ਰਚੇਤਾ ਨੂੰ ਸਤਿਗੁਰੂ ਨੇ ਐਸੀ ਪ੍ਰੇਰਨਾ ਬਖਸ਼ੀ ਅਤੇ ਇਸ ਮੂਲ ਵਿਸ਼ੇ ਨੂੰ ਆਪ ਜੀ ਨੇ ਦੀਵਾਨਾਂ ਰਾਹੀਂ ਸੰਗਤਾਂ ਵਿਚ ਸਪਸ਼ਟ ਕੀਤਾ। ਸ਼ੁਭ ਗੱਲ ਇਹ ਹੋਈ ਕਿ ਵੀਡੀਓ ਕੈਸਟਾਂ ਰਾਹੀਂ ਆਪ ਜੀ ਦੇ ਵੀਚਾਰ ਸਾਂਭ ਲਏ ਗਏ ਅਤੇ ਦਸੰਬਰ 96 ਵਿਚ ਪਹਿਲੇ ਦੋ ਦੀਵਾਨਾਂ ਤੀਸਰੇ ਅਤੇ ਚੌਥੇ ਦੇ ਵੀਚਾਰ ਸੰਮਿਲਤ ਹਨ। ਪੰਜਵੇਂ ਛੇਵੇਂ ਦੀਵਾਨਾਂ ਨੂੰ ਤੀਜੇ ਭਾਗ ਵਿਚ ਛਾਪਿਆ ਜਾਵੇਗਾ।

ਇਹ ਸਾਰੀ ਵਿਚਾਰ ਇਕ ਲੜੀ ਵਿਚ ਚਲਦੀ ਹੈ, ਇਹ ਰੂਹਾਨੀ ਸਫਰ ਹੈ, 'ਆਤਮ ਮਾਰਗ' ਹੈ ਜਿਸ ਦੇ ਨਵੇਂ-ਨਵੇਂ ਬਣੇ ਪਾਂਧੀ ਦੇ ਮਨ ਵਿਚ ਕਈ ਫੁਰਨੇ ਉਠਦੇ ਹਨ, ਕਈ ਸ਼ੰਕੇ ਉਤਪੰਨ ਹੁੰਦੇ ਹਨ, ਕਈ ਜਨਮਾਂ ਦੇ ਸਾਂਭੇ ਸੰਕਲਪ ਵਿਕਲਪ ਆ ਘੇਰਦੇ ਹਨ ਅਤੇ ਪਾਠਕ ਅਜੀਬ ਸਥਿਤੀ ਵਿਚ ਘਿਰਿਆ ਬੇਚੈਨ ਹੋ ਉਠਦਾ ਹੈ ਪਰ ਸੰਤ ਮਹਾਰਾਜ ਦੀ ਲਿਖਤ ਐਨੀ ਮਨੋ ਵਿਗਿਆਨਕ ਹੈ ਕਿ ਇਹ ਪਾਠਕ ਦੇ ਧੁਰ ਅੰਦਰ ਦੇ ਸ਼ੰਕੇ ਨਵਿਰਤ ਕਰਦੀ ਉਸ ਨੂੰ ਘੁੰਮਣ ਘੇਰੀਆਂ ਵਿਚੋਂ ਇੰਜ ਬਾਹਰ ਲੈ ਤੁਰਦੀ ਹੈ ਜਿਵੇਂ ਕੋਈ ਬਲਵਾਨ ਪੁਰਸ਼ ਕਿਸੇ ਬੱਚੇ ਦਾ ਹੱਥ ਫੜ ਕੇ ਉਸਨੂੰ ਨਦੀ ਤੋਂ ਪਾਰ ਲੈ ਜਾਂਦਾ ਹੈ ਜਾਂ ਜਿਵੇਂ 'ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ॥ (ਪੰਨਾ-488) ਐਨੇ ਮੁਸ਼ਕਲ ਵਿਸ਼ੇ ਨੂੰ ਹੋਰ ਸੁਖੇਨ ਬਣਾਉਣ ਲਈ ਆਪ ਜੀ ਨੇ ਅਨੇਕਾਂ ਸਾਖੀ ਪ੍ਰਮਾਣਾਂ ਦੀ ਵਰਤੋਂ ਕੀਤੀ ਹੈ ਅਤੇ ਵਿਸ਼ੇਸ਼ ਤੌਰ ਤੇ ਭਾਈ ਤਿਲੋਕਾ ਜੀ ਅਤੇ ਰਾਜਕੁਮਾਰੀ ਦੇ ਆਪਸੀ ਪ੍ਰਵਚਨ ਬਹੁਤ ਹੀ ਰਸਦਾਇਕ ਤੇ ਸੌਖੇ ਢੰਗ ਨਾਲ ਰਹੱਸਮਈ ਭੇਦਾਂ ਨੂੰ ਸਪਸ਼ਟ ਕਰਦੇ ਹਨ। ਅਨੁਭਵੀ ਪੁਰਸ਼ਾਂ ਦੇ ਪ੍ਰਵਚਨ ਹਮੇਸ਼ਾ ਪਾਠਕ ਨੂੰ ਟੁੰਬਦੇ ਹਨ ਅਤੇ ਉਸਨੂੰ ਅਰਥਹੀਣ ਕਰਮਕਾਂਡਾਂ ਵਿਚੋਂ ਕੱਢ ਕੇ ਆਤਮ ਮਾਰਗ ਉਪਰ ਕਿਰਿਆਸ਼ੀਲ ਹੋਣ ਲਈ ਪ੍ਰੇਰਦੇ ਹਨ। ਆਪ ਜੀ ਸਾਨੂੰ ਹਲੂਣਾ ਦਿੰਦੇ ਲਿਖਦੇ ਹਨ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਰਸਮੀ ਤੌਰ ਤੇ ਗੁਰੂ ਮੰਨਦੇ ਹਾਂ ਪਰ 'ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਨੂੰ ਬਿਲਕੁਲ ਹੀ ਨਹੀਂ ਮੰਨਦੇ.......ਗੁਰੂ ਦਾ ਹੁਕਮ ਮੰਨਣਾ ਤਾਂ ਇਕ ਪਾਸੇ ਰਿਹਾ, ਇਸ ਸਿਧਾਂਤ ਨੂੰ ਅਸੀਂ ਵਿਚਾਰਨ ਵਾਸਤੇ ਵੀ ਤਿਆਰ ਨਹੀਂ ਹਾਂ....ਗੱਲਾਂ ਨਾਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣਾ ਪਰ ਕਰਨੀ ਦੇ ਵਿਪਰੀਤ ਹੋ ਕੇ ਰਹਿਣਾ। (ਪੰਨਾ 34 ਭਾਗ 1) ਗੁਰਬਾਣੀ ਵਿਚ ਜੋ 'ਕਰਨੀ' ਦੀ ਪ੍ਰਧਾਨਤਾ ਹੈ, ਆਪ ਜੀ ਨੇ ਉਸ ਉਪਰ ਬਲ ਦਿਤਾ ਹੈ ਅਤੇ ਜੋ ਗੁਰਬਾਣੀ ਦਾ ਮੁਢਲਾ ਸਿਧਾਂਤ ਹੈ -

*ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ- ੮੪੬*

ਇਸ ਦੀ ਆਪ ਨੇ ਨਾ ਕੇਵਲ ਵਿਆਖਿਆ ਹੀ ਕੀਤੀ ਹੈ ਸਗੋਂ ਇਸ ਦਾ ਅਨੁਭਵ ਬਖਸ਼ਿਆ ਹੈ ਅਤੇ ਅਨੇਕ ਪ੍ਰਮਾਣਾਂ ਰਾਹੀਂ ਇਸਨੂੰ ਬਾਰ-ਬਾਰ ਦ੍ਰਿੜ੍ਹ ਕਰਵਾਇਆਂ ਹੈ। ਸਾਡੀਆਂ ਬਹੁਤ ਸਾਰੀਆਂ ਗਲਤ ਕੀਮਤਾਂ ਇਸ ਸਿਧਾਂਤ ਦੀ ਬੇਸਮਝੀ ਤੋਂ ਉਤਪੰਨ ਹੋਈਆਂ ਹਨ। ਆਪ ਇਸ ਸਿਧਾਂਤ ਨੂੰ ਸਪਸ਼ਟ ਕਰਦੇ ਲਿਖਦੇ ਹਨ, ਇਥੇ ਹੋਰ ਕੋਈ ਨਹੀਂ, ਕੇਵਲ ਵਾਹਿਗੁਰੂ ਜੀ ਹੀ ਆਪਣੀ ਮਹਿਮਾ ਵਿਚ ਆਪ ਹੀ ਸਰਗੁਣ-ਨਿਰਗੁਣ ਰੂਪ ਧਾਰ ਕੇ ਆਪਣਾ ਖੇਲ੍ਹ ਕਰ ਰਹੇ ਹਨ। ਅਗਿਆਨੀਆਂ ਦੇ ਮਨਾਂ ਵਿਚ ਇਹ ਹੁੰਦਾ ਹੈ ਕਿ ਮੈਂ ਹੋਰ ਹਾਂ, ਉਹ ਹੋਰ ਹੈ (ਪੰਨਾ 51) ਸਾਨੂੰ ਇਸ ਸਿਧਾਂਤ ਨੂੰ ਹੋਰ ਸੌਖੇ ਸਮਝਾਉਣ ਲਈ ਉਦਾਹਰਣ ਦਿਤੀ ਹੈ - ਭਾਈ ਘਨਈਏ ਦੀ, ਜੋ ਗੁਰੂ ਮਹਾਰਾਜ ਜੀ ਨੂੰ ਕੀਤੀ ਗਈ ਸ਼ਿਕਾਇਤ ਦੀ ਸਫਾਈ ਪੇਸ਼ ਕਰਦਾ ਕਹਿੰਦਾ ਹੈ, 'ਤੁਹਾਡੇ ਤੋਂ ਬਗੈਰ ਸੰਸਾਰ ਅੰਦਰ ਕੋਈ ਹੋਰ ਦਿਸਦਾ ਹੀ ਨਹੀਂ?' ਇਸ ਸਿਧਾਂਤ ਨੂੰ ਬੜਾ ਖੋਲ੍ਹ ਕੇ ਦਸਿਆ ਹੈ, ਆਧਾਰ ਨਿਰੋਲ ਗੁਰਬਾਣੀ ਹੈ, 'ਵਾਹਿਗੁਰੂ ਨਿਰਵੈਰ ਹੈ ਤੇ ਉਹਦੇ ਪਿਆਰੇ ਜਿਹੜੇ ਨੇ, ਉਹ ਬਿਲਕੁਲ ਨਿਰਮਲ ਤੇ ਨਿਰਵੈਰ ਹੁੰਦੇ ਹਨ, ਸਭ ਕਿਸਮ ਦੀਆਂ ਮੈਲਾਂ ਤੋਂ ਰਹਿਤ ਹੁੰਦੇ ਹਨ -

ਤੂੰ ਨਿਰਵੈਰੁ ਸੰਤ ਤੇਰੇ ਨਿਰਮਲ॥ ਪੰਨਾ - 108

ਕਿਵ ਸਚਿਆਰਾ ਹੋਈਐ? ਦਾ ਗੁਰੂ ਨਾਨਕ ਦੇਵ ਜੀ ਨੇ ਸਿੱਧਾ ਤੇ ਸੰਖੇਪ ਉਤਰ ਦਿਤਾ ਹੈ -

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ਅੰਗ - 1

ਪਰ ਹੁਕਮ ਦਾ ਅਰਥ ਕੀ ਹੈ? ਹੁਕਮ ਕਿਵੇਂ ਸਾਰੇ ਵਿਆਪਕ ਹੋ ਰਿਹਾ ਹੈ? ਅਸੀਂ ਹੁਕਮ ਨੂੰ ਕਿਵੇਂ ਬੁੱਝ ਸਕਦੇ ਹਾਂ? ਬੜੇ ਹੀ ਸੌਖੇ ਢੰਗ ਨਾਲ, ਗੁਰਬਾਣੀ ਪ੍ਰਮਾਣ ਰਾਹੀਂ, ਸਾਝੀ ਪ੍ਰਮਾਣ ਰਾਹੀਂ ਅਤੇ ਨਿਜੀ ਅਨੁਭਵਾਂ ਰਾਹੀਂ ਆਪ ਜੀ ਨੇ ਸਮਝਾਇਆ ਹੈ। ਆਪ ਜੀ ਕਿੰਨੀ ਸਪਸ਼ਟਤਾ ਨਾਲ ਲਿਖਦੇ ਹਨ 'ਹੁਕਮ ਦੀ ਗੱਲ ਸਮਝ ਕੇ 'ਹਉਂ' ਤੇ 'ਮੈਂ' ਦੀ ਗੱਲ ਖਤਮ ਹੋ ਜਾਂਦੀ ਹੈ, ਰਹਿੰਦੀ ਹੀ ਨਹੀਂ.....ਇਥੇ ਸਭ ਹੁਕਮ ਦੀ ਖੇਲ੍ਹਵਰਤ ਰਹੀ ਹੈ, ਹੁਕਮ ਵਿਚ ਹੀ ਆਦਮੀ ਸੰਸਾਰ 'ਤੇ ਆਉਂਦਾ ਹੈ ਤੇ ਹੁਕਮਵਿਚ ਹੀ ਸੰਸਾਰ ਤੋਂ ਚਲਿਆ ਜਾਦਾ ਹੈ। ਅਗਿਆਨੀ ਪੁਰਸ਼ ਹੁਕਮਨੂੰ ਨਾ ਬੁੱਝਦਾ ਹੋਇਆ ਹੁਕਮ ਦੀ ਸੁਰ ਵਿਚ ਸੁਰ ਨਹੀਂ ਰਲਾ ਸਕਦਾ ਹੈ ਅਤੇ ਦੁਖੀ ਹੁੰਦਾ ਹੈ। ਸ੍ਰਿਸ਼ਟੀ ਦੀ ਉਤਪਤੀ ਹੁਕਮ ਦੇ ਅੰਦਰ ਹੋਈ ਹੈ। ਸਾਰੀ ਸ੍ਰਿਸ਼ਟੀ ਨੂੰ ਉਸ ਨੇ ਨੱਥ ਕੇ ਰੱਖਿਆ ਹੋਇਆ ਹੈ। ਇਸ ਸ੍ਰਿਸ਼ਟੀ ਵਿਚ ਪ੍ਰਭੂ ਆਪ ਹੀ ਵਰਤਦਾ ਹੈ ਪਰ ਉਸ ਨੇ ਆਪਣੇ ਹੁਕਮ ਨਾਲ ਇਸ ਸ੍ਰਿਸ਼ਟੀ ਵਿਚ ਹਉਮੈ ਦਾ ਤੱਤ ਪੈਦਾ ਕੀਤਾ ਜਿਸ ਨਾਲ ਪ੍ਰਭੂ ਦੀ ਅਖੰਡ ਸੱਤਾ ਕਰਕੇ ਵੱਖੋ-ਵੱਖਰੇ ਜੀਵ-ਜੰਤੂ, ਜਿਨਸਾਂ, ਰੰਗਾਂ, ਜਾਤੀਆਂ ਦਾ ਵਖੇਵਾਂ ਨਜ਼ਰੀਂ ਪੈਂਦਾ ਹੈ। ਦਰਅਸਲ ਇਕੋ ਪ੍ਰਭੂ ਹੈ ਪਰ ਹਉਮੈ ਕਰਕੇ ਉਸ ਅਖੰਡਤਾ ਵਿਚ ਖੰਡਤਾ ਪ੍ਰਤੀਤ ਦੇ ਰਹੀ ਹੈ। (ਪੰਨਾ 87) ਇਸ ਵਿਚਾਰ ਦੀ ਪ੍ਰੋੜ੍ਹਤਾ ਵਿਚ ਗੁਰਬਾਣੀ ਦਾ ਅਤੀ ਢੁਕਵਾਂ ਇਹ ਪ੍ਰਮਾਣ ਦਿਤਾ ਹੈ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ ॥* ਅੰਗ - ੯੯੯

ਸਾਖੀ ਪ੍ਰਮਾਣ ਵਿਚੋਂ ਉਦਾਹਰਣ ਦਿਤੀ ਹੈ ਭਾਈ ਭਿਖਾਰੀ ਜੀ ਦੀ ਜੋ ਹੁਕਮ ਦੀ ਪ੍ਰਤੱਖ ਮੂਰਤਿ ਸਨ। ਇਸ ਤਰ੍ਹਾਂ ਨਾਲ ਕਈ ਰੂਪਾਂ, ਕਈ ਰੰਗਾਂ, ਕਈ ਢੰਗਾਂ ਨਾਲ 'ਹੁਕਮਿ' ਦਾ ਮੂਲ ਸਿਧਾਂਤ ਸਪਸ਼ਟ ਕੀਤਾ ਹੈ।

ਸੰਸਾਰ ਦੀ ਰਚਨਾ ਤੇ ਖੇਡ ਵੱਡੇ-ਵੱਡੇ ਵਿਦਵਾਨਾਂ ਲਈ ਵੀ ਗੁੰਝਲਦਾਰ ਬੁਝਾਰਤ ਬਣੀ ਹੋਈ ਹੈ ਪਰ ਅਨੁਭਵੀ ਮਹਾਂਪੁਰਸ਼ਾਂ ਦਾ ਅਨੁਭਵ ਉਜਲ ਬਲੌਰ ਦੀ ਤਰ੍ਹਾਂ ਪ੍ਰਕਾਸ਼ਮਾਨ ਹੁੰਦਾ ਹੈ। ਗੁਰਬਾਣੀ ਦੇ ਚਾਨਣ ਵਿਚ ਆਪ ਜੀ ਇਸ ਰਚਨਾ ਦੇ ਰਹੱਸ ਨੂੰ ਸਪਸ਼ਟ ਕਰਦੇ ਲਿਖਦੇ ਹਨ -

ਨਿਰਗੁਣ ਪ੍ਰਭੂ ਤੋਂ ਸਰਗੁਣ ਹੋ ਕੇ ੧ਓ ਕਹਾਇਆ ਅਤੇ ੧ਓ ਤੋਂ ਸ਼ਬਦ ਧੁਨ ਹੋਈ ਜਿਸ ਤੋਂ ਸਾਰੇ ਅਕਾਰ ਉਤਪਤ ਹੋਏ।.....ਓਅੰਕਾਰ ਤੋਂ ਹੀ ਹਰ ਚੀਜ਼ ਪੈਦਾ ਹੋਈ ਹੈ ਕਿਉਂਕਿ ਜੋ ਓਅੰਕਾਰ ਤੋਂ ਸ਼ਬਦ ਧੁਨ ਹੋਈ ਓਸੇ ਨੂੰ ਓਅੰਕਾਰ ਦਾ ਰੂਪ ਕਹਿ ਕੇ ੧ਓ ਇਕ-ਇਕ ਅੰਕ ਵਿਚ ਦਰਸਾਇਆ ਹੈ। ਇਹ ਦੋ ਨਹੀਂ ਹਨ। ੧ਓ ਦਾ ਹੀ ਸਰੂਪ ਓਅੰਕਾਰ ਹੈ, ਏਕੰਕਾਰ ਦਾ ਹੀ ਸਰੂਪ ਸ਼ਬਦ ਹੈ। ਸਾਰੇ ਸਾਕਾਰ ਦਾ ਸੋਮਾ ਸ਼ਬਦ ਹੈ ਅਤੇ ਜਦੋਂ ਮਨੁੱਖ ਆਪਣੇ ਸਰੂਪ ਨੂੰ ਪਛਾਣ ਲੈਂਦਾ ਹੈ ਫੇਰ ਸ਼ਬਦ ਵਿਚ ਹੀ ਸਮਾਅ ਜਾਦਾ ਹੈ। ਸਾਨੂੰ ਗੁਰਮੰਤ੍ਰ (ਵਾਹਿਗੁਰੂ) ਦੇ ਬਲ ਨਾਲ ਅਫੁਰ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਆਮ ਲੋਕ ਭੁੱਲ ਕਰਕੇ ਬਾਹਰੀ ਪਹਿਰਾਵੇ ਵਾਲੇ ਨੂੰ ਸਿੱਖ ਸਮਝ ਲੈਂਦੇ ਹਨ ਅਤੇ ਜਿਸ ਨੇ ਅੰਮ੍ਰਿਤ ਛਕ ਲਿਆ, ਉਹ 'ਖਾਲਣਾ' ਬਣ ਗਿਆ ਪਰ ਸੰਤ ਮਹਾਰਾਜ ਜੀ ਸਪਸ਼ਟ ਕਰਦੇ ਲਿਖਦੇ ਹਨ ਕਿ ਖਾਲਸਾ ਅੰਦਰ ਦੀ ਰਹਿਤ ਬਿਨਾਂ ਹੋ ਹੀ ਨਹੀਂ ਸਕਦਾ। ਖਾਲਸਾ ਉਹ ਹੈ, ਜਿਹਦੇ ਅੰਦਰੋਂ ਤਿੰਨ ਗੁਣਾਂ ਦਾ ਨਾਸ਼ ਹੋ ਗਿਆ, ਦ੍ਵੈਤ ਖਤਮ ਹੋ ਗਈ, ਆਤਮ ਤੱਤ ਨੂੰ ਜਿਹਨੇ ਪਛਾਣ ਲਿਆ। ਆਤਮ ਰਹੱਸ ਨੂੰ ਮਾਨਣ ਵਾਲਾ ਖਾਲਸਾ ਹੈ। ਖਾਲਸੇ ਦੇ ਵਿਚ ਨਾਮ ਦੀ ਜੁਗਤ ਹੈ। ਪਹਿਲਾਂ ਪੰਜ ਇਕੱਠੇ ਹੋ ਕੇ ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਗੁਰਮੰਤ੍ਰ ਦਿੰਦੇ ਹਨ ਅਤੇ ਨਾਮ ਤਕ ਪਹੁੰਚਣ ਦੀ ਜੁਗਤ ਦਸਦੇ ਹਨ। ਇਹ ਹੈ ਅਸਲ ਸਿੱਖੀ ਦੀ ਵਿਆਖਿਆ, ਨਿਰੋਲ ਗੁਰਮਤਿ ਸਿਧਾਂਤਾਂ ਦੀ ਸੋਝੀ , ਸਰਲ ਤੇ ਸਪਸ਼ਟ ਬੋਲੀ ਵਿਚ ਜੋ 'ਕਿਵ ਸਚਿਆਰਾ ਹੋਈਐ?' ਪਹਿਲੀ ਪੁਸਤਕ ਵਿਚ ਪ੍ਰਾਪਤ ਹੈ।

ਪਹਿਲੀ ਪੁਸਤਕ ਪੜ੍ਹ ਕੇ ਹੀ ਦੂਜੀ ਦਾ ਪੂਰਾ ਅਨੰਦ ਮਾਣਿਆ ਜਾ ਸਕਦਾ ਹੈ। ਪਰ ਹਰੇਕ ਦੀਵਾਨ ਲੜੀ ਦੀ ਇਕ ਕੜੀ ਹੁੰਦਾ ਹੋਇਆ ਆਪਣੇ ਆਪ ਵਿਚ ਵੀ ਸੰਪੂਰਨ ਤੇ ਅਨੰਦਮਈ ਹੈ। ਗੁਰਬਾਣੀ ਵਿਚ ਕੁਝ ਅਜਿਹੇ ਪ੍ਰਤੀਕ ਆਏ ਹਨ ਜੋ ਵੈਦਿਕ ਗ੍ਰੰਥਾਂ ਦੇ ਪ੍ਰਸੰਗ ਵਿਚ ਵਿਆਖਿਆ ਮੰਗਦੇ ਹਨ। ਜਿਵੇਂ 'ਪੰਚ ਦੋਖ' ਜਿਸ ਦੇ ਆਮ ਟੀਕਾਕਾਰਾਂ (ਪ੍ਰੋ. ਸਾਹਿਬ ਸਿੰਘ) ਨੇ ਅਰਥ ਕੀਤੇ ਹਨ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪਰ ਅਸਲ ਅਰਥ ਇਸ ਪੁਸਤਕ ਵਿਚ ਸਪਸ਼ਟ ਹੋਏ ਹਨ, ਇਹ ਪੰਜ ਕਲੇਸ਼ ਹਨ - ਅਵਿਦਿਆ, ਅਭਿਨਿਵੇਸ਼, ਅਸਿਮਿਤਾ, ਰਾਗ ਅਤੇ ਦ੍ਵੈਸ਼ (ਪੰਨਾ-...) ਇੰਜ ਹੀ ਗੁਰਬਾਣੀ ਦਾ ਫੁਰਮਾਨ ਹੈ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ.........॥ ਪੰਨਾ - ੯੨੦*

ਤਿੰਨਾਂ ਗੁਣਾਂ ਦੀ ਗੂੜ੍ਹੀ ਨੀਂਦਰ ਵਿਚ ਸੰਸਾਰ ਕਿਵੇਂ ਸੌਂ ਜਾਂਦਾ ਹੈ? ਉਹ ਕਿਹੜੀਆਂ ਮੁਖ ਬਿਰਤੀਆਂ ਹਨ ਜੋ ਪਾਠ ਭਜਨ ਬੰਦਗੀ ਸਮੇਂ ਮਨ ਨੂੰ ਸਤਿ ਸ਼ਬਦ ਦੀ ਧੁਨ ਉਤੇ ਇਕਾਗਰ ਨਹੀਂ ਹੋਣ ਦਿੰਦੀਆਂ? ਉਹ ਕਿਹੜੇ ਪੰਜ ਭ੍ਰਮ ਹਨ ਜਿਨ੍ਹਾਂ ਵਿਚ ਪਿਆ ਜੀਵ ਹਿਚਕੋਲੇ ਖਾਂਦਾ ਦੁਖ-ਸੁਖ ਭੋਗਦਾ ਹੈ 'ਸਾਵਧਾਨ ਇਕਾਗਰ ਚੀਤ' ਕਿਵੇਂ ਹੋਇਆ ਜਾਵੇ? 'ਅਭੇਦ ਅਵਸਥਾ' ਕਿਵੇਂ ਪ੍ਰਾਪਤ ਹੁੰਦੀ ਹੈ? 'ਨਾਮ ਦੀ ਝਰਨ੍ਹਾਟ' ਦਾ ਭਾਗੀ ਕਿਵੇਂ ਬਣਿਆ ਜਾ ਸਕਦਾ ਹੈ? 'ਮੌਤ ਦਾ ਪਰਲਾ ਕਿਨਾਰਾ' ਕਿਵੇਂ ਵੇਖਿਆ/ਸਮਝਿਆ ਜਾ ਸਕਦਾ ਹੈ? ਸਰੀਰ ਨੂੰ ਛੱਡ ਕੇ ਜੀਵ ਕਿੱਥੇ ਜਾਂਦਾ ਹੈ? ਅਮਰ ਅਵਸਥਾ ਨੂੰ ਕਿਵੇਂ ਪ੍ਰਾਪਤ ਕੀਤਾ ਜਾਵੇ? ਆਤਮ ਚੀਨਣ ਦਾ ਕੀ ਭਾਵ ਹੈ? ਮਨੁੱਖ ਕਿਵੇਂ ਸਰੀਰ ਨਹੀਂ ਹੈ? ਸਰੀਰ ਨੂੰ ਛੱਡ ਕੇ ਜੀਵ ਕਿੱਥੇ ਜਾਂਦਾ ਹੈ? ਅਮਰ ਅਵਸਥਾ ਨੂੰ ਕਿਵੇਂ ਪ੍ਰਾਪਤ ਕੀਤਾ ਜਾਵੇ? ਆਤਮ ਚੀਨਣ ਦਾ ਕੀ ਭਾਵ ਹੈ? ਮਨੁੱਖ ਕਿਵੇਂ ਸਰੀਰ ਨਹੀਂ ਹੈ? ਕਰਮਾਂ ਦੇ ਲੇਖੇ ਤੋਂ ਕਿਵੇਂ ਬਚਿਆ ਜਾ ਸਕਦਾ ਹੈ? ਇਤਿਆਦਿ। ਆਤਮ ਮਾਰਗ ਦੇ ਅਜਿਹੇ ਅਨੇਕਾਂ ਪ੍ਰਸ਼ਨ ਮਹਾਂਪੁਰਸ਼ਾਂ ਨੇ ਇਸ ਪੁਸਤਕ ਵਿਚ ਸੁਲਝਾਏ ਹਨ। ਭਾਈ ਤਿਲਕੋਕਾ ਜੀ ਅਤੇ ਰਾਜ ਕੁਮਾਰੀ ਦੇ ਰੂਹਾਨੀ ਸੰਬਾਦ ਦੀ ਲੜੀ ਕਾਇਮ ਰਹਿੰਦੀ ਹੈ ਅਤੇ ਜਗਿਆਸੂ ਦੇ ਹਿਰਦੇ ਵਿਚ ਉਠਦੇ ਕਈ ਪ੍ਰਕਾਰ ਦੇ ਪ੍ਰਸ਼ਨਾਂ ਦਾ ਸਮਾਧਾਨ ਹੁੰਦਾ ਜਾਂਦਾ ਹੈ। ਇਕ ਟੂਕ ਰਾਹੀਂ ਸਪਸ਼ਟ ਹੋ ਜਾਵੇਗਾ ਕਿ ਸੰਤ ਮਹਾਰਾਜ ਕਿਵੇਂ ਆਤਮਾ ਪ੍ਰਮਾਤਮਾ ਦੇ ਗੂੜ੍ਹ ਗਿਆਨ ਨੂੰ ਸਰਲ ਸੌਖੀ ਬੋਲੀ ਰਾਹੀਂ ਕੁਝ ਵਾਕਾਂ ਵਿਚ ਹੀ ਸਮਝਾ ਦੇਣ ਦੇ ਸਮਰੱਥ ਹਨ। "ਜੀਵ ਏਕੰਕਾਰ ਵਿਚੋਂ ਹੀ ਉਸ ਦੇ ਹੁਕਮ ਨਾਲ ਪ੍ਰਗਟ ਹੋਇਆ ਹੈ। ਜਦੋਂ ਅਗਿਆਨ ਦਾ ਨਾਸ਼ ਹੋ ਜਾਂਦਾ ਹੈ ਤਾਂ ਇਹ

ਆਪਣੇ ਮੁੱਖ ਸਰੋਤ ਏਕੰਕਾਰ ਸ਼ਕਤੀ ਵਿਚ ਫੇਰ ਸਮਾਅ ਜਾਂਦਾ ਹੈ। ਐਂ ਕਹੋ ਕਿ ਇਹ ਖੁਦ ਏਕੰਕਾਰ ਹੀ ਬਣ ਜਾਂਦਾ ਹੈ ਅਤੇ ਬੇਅੰਤ ਵਿਚ ਸਮਾਥ ਕੇ ਆਪ ਬੇਅੰਤ ਬਣ ਜਾਂਦਾ ਹੈ।"

ਅਸੀਂ ਇਹ ਤਾਂ ਚਾਹੁੰਦੇ ਹਾਂ ਕਿ ਸਾਡੀ ਹੋਂਦ ਐਨੀ ਪਵਿੱਤਰ ਹੋ ਜਾਵੇ ਕਿ ਵਾਹਿਗੁਰੂ ਜੀ ਦੇ ਸਚਖੰਡ ਵਿਚ ਪ੍ਰਵੇਸ਼ ਕਰਕੇ ਉਥੇ ਵਾਹਿਗੁਰੂ ਜੀ ਦੇ ਪਿਆਰ, ਮਹਾਂ ਅਨੰਦਿਤ ਅਵਸਥਾ ਵਿਚ ਹੋ ਜਾਈਏ ਪਰ ਇਹ ਨਹੀਂ ਚਾਹੁੰਦੇ ਕਿ ਸਾਡੀ ਹੋਂਦ ਬਿਲਕੁਲ ਖਤਮ ਹੋ ਜਾਵੇ ਅਤੇ ਅਸੀਂ ਕੁਝ ਵੀ ਨਾ ਰਹੀਏ। ਅਨੁਭਵੀ ਕਵੀ ਪ੍ਰੋ. ਪੂਰਨ ਸਿੰਘ ਨੇ ਇਕ ਥਾਂ ਲਿਖਿਆ ਹੈ ਕਿ ਸ਼ਬਦਾਂ ਦੇ ਹੜ੍ਹ ਮੇਰੇ ਸਾਹਵੇਂ ਤੁਰੇ ਜਾਂਦੇ ਨੇ, ਮੇਰੇ ਨਿੱਕੇ ਬਾਲ ਹੱਥ ਉਨ੍ਹਾਂ ਦੀ ਸੰਭਾਲ ਨਹੀਂ ਕਰ ਸਕਦੇ। ਮੈਂ ਇਹ ਗੱਲ ਮਹਾਂਪੁਰਸ਼ਾਂ ਵਿਚ ਵੇਖੀ ਹੈ ਕਿ ਉਹ ਵਿਦਵਤਾ ਦਾ ਭੰਡਾਰ ਹਨ। ਜਦੋਂ ਲਿਖਾਉਣ ਬਹਿੰਦੇ ਹਨ ਤਾਂ ਘੰਟਿਆਂ ਬੱਧੀ ਗਿਆਨ ਦੇ ਭੰਡਾਰ ਸੁੱਤੇ ਸਿਧ ਬੋਲੀ ਜਾਂਦੇ ਹਨ। ਜੀਵ ਉਪਰ ਅਗਿਆਨਤਾ ਦੇ ਕਿੰਨੇ ਪੜ੍ਹਦੇ ਹਨ? ਇਕ ਵਾਰੀ ਆਪ ਜੀ ਨੇ ਤਿੰਨ ਸੌ ਪੜਦੇ ਗਿਣੇ ਸੀ - ਸਰੀਰ ਦਾ ਪੜਦਾ ਇਸ ਦੇ ਪੰਜ ਤੱਤ, ਸੂਖਸ਼ਮ ਸਰੀਰ, ਇਸ ਦੇ 17 ਤੱਤ, ਕਾਰਨ ਸਰੀਰ, ਪੰਜ ਕੋਸ਼ - ਅੰਨਮਯ ਕੋਸ਼, ਪ੍ਰਾਣਮਯ ਕੋਸ਼, ਮਨ, ਬੁੱਧੀ, ਅਗਿਆਨ, ਚਿਤੁਸ਼ਟਾ, ਅੰਤਸ਼ਕਰਣ, ਮਨ, ਬੁੱਧੀ, ਚਿਤ ਤੇ ਮੈਂ ਇਹ ਚਾਰ ਪੜ੍ਹਦੇ ਹਨ; ਪੰਜ ਪ੍ਰਾਣਾਂ ਦੇ ਪੜਦੇ ਹਨ, ਪੰਜ ਕਰਮ ਇੰਦ੍ਰਿਆਂ ਦੇ, ਪੰਜ ਗਿਆਨ ਇੰਦ੍ਰਿਆਂ ਦੇ, ਪੰਜ ਚੋਰ ਨੇ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਪੰਜ ਹੰਕਾਰ ਦੇ ਪੜਦੇ ਨੇ (ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ) ਪੰਜ ਵਿਸ਼ੇ ਨੇ - ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਹ ਹੈ ਵਿਆਖਿਆ 'ਫਾਹੀਵਾਲ ਪਚਾਸ ਦੀ।' ਗਿਆਨ ਦੇ ਕੋਸ਼ ਖੁਲ੍ਹ ਜਾਂਦੇ ਹਨ, ਪਾਠਕ ਕੀਲਿਆ ਹੋਇਆ, ਗਵਾਚਿਆ ਹੋਇਆ ਜਿਵੇਂ ਕਿਸੇ ਵਚਿੱਤਰ ਸੰਸਾਰ ਦੀ ਯਾਤਰਾ ਕਰ ਰਿਹਾ ਹੋਵੇ। ਇੰਜ ਕਿਸੇ ਲਿਖਤ ਵਿਚ ਗਵਾਚ ਜਾਣਾ ਹੀ ਲੇਖਕ ਦੀ ਅਸਲ ਵਡਿਆਈ ਹੈ।

'ਕਿਵ ਸਚਿਆਰਾ ਹੋਈਐ? ਪੜ੍ਹ ਕੇ ਅਨੰਦ ਆਉਂਦਾ ਹੈ, ਰੱਜ ਆਉਂਦਾ ਹੈ, ਅੰਦਰ ਦੀ ਅਮੀਰੀ ਆਉਂਦੀ ਹੈ, ਖੇੜਾ ਤੇ ਵਿਸਮਾਦ ਆਉਂਦਾ ਹੈ, ਰੱਬ ਚੇਤੇ ਆਉਂਦਾ ਹੈ ਅਤੇ ਚੇਤੇ ਵਿਚ ਵਸ ਜਾਣ ਦੀ ਆਸ ਬੱਝਦੀ ਹੈ, ਗੁਰੂ ਤੋਂ, ਗੁਰਬਾਣੀ ਤੋਂ ਬਲਿਹਾਰੇ ਜਾਣ ਨੂੰ ਜੀਅ ਕਰਦਾ ਹੈ ਅਤੇ ਵਿਆਖਿਆਕਾਰ ਦੇ ਅਨੁਭਵ ਤੋਂ ਸਦਕੇ ਹੋਣ ਦੀ ਭਾਵਨਾ ਬਣਦੀ ਹੈ। ਐਸੇ ਗੁਰਮੁਖ ਗੁਰਸਿੱਖਾਂ ਲਈ, ਜੋ ਰੱਬ ਨਾਲ ਜੋੜਦੇ ਹਨ, ਨਾਮ ਦੀ ਗੱਲ ਕਰਦੇ ਹਨ, ਨਾਮ ਦੀ ਜਗਿਆਸਾ ਪੈਦਾ ਕਰਦੇ ਹਨ, ਨਾਮ ਜਪਦੇ ਤੇ ਜਪਾਉਂਦੇ ਹਨ, ਸਤਿਗੁਰੂ ਗੁਰੂ ਰਾਮਦਾਸ ਜੀ ਬੇਅੰਤ ਆਦਰ ਮਾਣ ਬਖਸ਼ਦੇ ਕਹਿੰਦੇ ਹਨ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹਿ ਨਾਮੁ ਜਪਾਵੈ॥ ਪੰਨਾ - ੩੦੬*

ਇਸ ਪੁਸਤਕ ਦਾ ਇਕ-ਇਕ ਸ਼ਬਦ, ਇਕ-ਇਕ ਵਾਕ ਅਨੁਭਵ ਵਿਚੋਂ ਉਚਾਰਨ ਹੋਇਆ ਹੈ, ਇਸ ਲਈ ਇਹ ਪੁਸਤਕ ਪਾਠਕਾਂ ਦੇ ਜੀਵਨ ਬਦਲ ਦੇਣ ਅਤੇ ਉਨ੍ਹਾਂ ਨੂੰ 'ਸਚਿਆਰ' ਬਣਾਉਣ ਦੇ ਸਮਰੱਥ ਹੈ।

ਡਾ. ਜਗਜੀਤ ਸਿੰਘ

ਮੁੱਖ ਸੰਪਾਦਕ 'ਆਤਮ ਮਾਰਗ'

# ਕਿਵ ਸਚਿਆਰਾ ਹੋਈਐ ?

## 3

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਉ*
*ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ*
*ਨਾਨਕ ਦੇ ਕਰਿ ਹਥ॥ ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ*
*ਅਪਨੀ ਭਗਤੀ ਲਾਇ॥ ਪੰਨਾ - 289*
*ਸਗਲ ਦੁਆਰ ਕਉ ਛਾਡਿਕੈ*
*ਗਹਿਓ ਤੁਹਾਰੋ ਦੁਆਰ॥*
*ਬਾਂਹਿ ਗਹੇ ਕੀ ਲਾਜ ਅਸ*
*ਗੋਬਿੰਦ ਦਾਸ ਤੁਹਾਰ॥*

*ਧਾਰਨਾ- ਸਰਨ ਪਰਿਓ ਦਰਬਾਰੇ*
*ਸੁਆਮੀ ਸਰਣ ਪਰਿਓ ਦਰਬਾਰੇ*

*ਸੁਾਮੀ ਸਰਨਿ ਪਰਿਓ ਦਰਬਾਰੇ॥*
*ਕੋਟਿ ਅਪਰਾਧ ਖੰਡਨ ਕੇ ਦਾਤੇ*
*ਤੁਝ ਬਿਨੁ ਕਉਨੁ ਉਧਾਰੇ॥*
*ਖੋਜਤ ਖੋਜਤ ਬਹੁ ਪਰਕਾਰੇ*
*ਸਰਬ ਅਰਥ ਬੀਚਾਰੇ॥*
*ਸਾਧਸੰਗਿ ਪਰਮ ਗਤਿ ਪਾਈਐ*
*ਮਾਇਆ ਰਚਿ ਬੰਧਿ ਹਾਰੇ॥*
*ਚਰਨ ਕਮਲ ਸੰਗਿ ਪ੍ਰੀਤਿ*
*ਮਨਿ ਲਾਗੀ ਸੁਰਿ ਜਨ ਮਿਲੇ ਪਿਆਰੇ॥*
*ਨਾਨਕ ਅਨਦ ਕਰੇ ਹਰਿ ਜਪਿ ਜਪਿ*
*ਸਗਲੇ ਰੋਗ ਨਿਵਾਰੇ॥ ਪੰਨਾ - 714*

ਪਿਛਲੇ ਹੋ ਚੁੱਕੇ ਵਿਚਾਰਾਂ ਦੇ ਸੰਖੇਪ ਰੂਪ ਵਿਚ ਜਾਣ ਦੀ ਮੈਂ ਕੋਈ ਆਵਸ਼ਕਤਾ ਨਹੀਂ ਸਮਝਦਾ ਕਿਉਂਕਿ ਤੁਸੀਂ ਸਾਰੇ ਹੀ ਕੂੜ ਦੀ ਪਾਲਿ ਤੋੜਨ ਲਈ ਅਤੇ ਸਚਿਆਰ ਰੂਪ ਨੂੰ ਸਮਝਣ ਲਈ ਸਤਿਸੰਗ ਵਿਚ ਆਉਂਦੇ ਹੋ। ਸੋ ਮੈਂ ਬੇਨਤੀ ਕਰਦਾ ਹਾਂ ਕਿ ਆਪ ਧਿਆਨ ਦੇ ਕੇ, ਸਾਵਧਾਨ ਹੋ ਕੇ, ਚਿਤ ਨੂੰ ਇਕਾਗਰ ਕਰਕੇ ਸਰਵਣ ਕਰੋ। 'ਧਿਆਨ' ਅੱਖਰ ਮੈਂ ਇਸ ਵਾਸਤੇ ਵਰਤਦਾ ਹਾਂ ਕਿਉਂਕਿ ਸਾਰੀ ਦੁਨੀਆਂ ਦੀਆਂ ਪੜ੍ਹਾਈਆਂ, ਸਾਰੀ ਦੁਨੀਆਂ ਦੇ ਕਾਰੋਬਾਰ ਉਸ ਸਮੇਂ ਤਕ ਭਲੀਭਾਂਤ ਨੇਪਰੇ ਨਹੀਂ ਚੜ੍ਹਦੇ ਜਦੋਂ ਤਕ ਅਸੀਂ ਧਿਆਨ ਦੀ ਕ੍ਰਿਆ ਨੂੰ ਪੂਰੀ ਤਰ੍ਹਾਂ ਨਹੀਂ ਅਪਣਾਅ ਲੈਂਦੇ। ਧਿਆਨ ਇਕ ਸਿਖਰ ਤੇ ਪਹੁੰਚਣ ਲਈ ਆਵਸ਼ਕ ਕ੍ਰਿਆ ਹੈ ਜਿਸ ਦੇ ਰਾਹੀਂ ਅਸੀਂ ਗੂੜ੍ਹ ਭੇਦ ਸਮਝ ਕੇ ਆਪਣੀ ਮਿਥੀ ਹੋਈ ਮੰਜ਼ਲ ਤੇ ਪਹੁੰਚਣ ਲਈ ਸਫਲ ਹੋ ਸਕਦੇ ਹਾਂ। ਜਦੋਂ ਤਕ ਕਿਸੇ ਗੱਲ ਵਿਚ ਪੂਰੀ ਤਰ੍ਹਾਂ ਧਿਆਨ ਨਾ ਲਾ ਦੇਈਏ ਓਦੋਂ ਤੱਕ ਅਸੀਂ ਆਪਣੇ ਮਨੋਰਥ ਨੂੰ ਪ੍ਰਾਪਤ ਨਹੀਂ ਕਰ ਸਕਦੇ। ਭਾਵੇਂ ਕਿੰਨੇ ਜ਼ੋਰ ਨਾਲ ਬੋਲੋ, ਲਾਊਡ ਸਪੀਕਰ ਕਿਉਂ ਨਾ ਲਾ ਦੇਈਏ, ਬੋਲਣ ਵਾਲਾ ਵੀ ਆਪਣੇ ਪੂਰੇ ਜ਼ੋਰ ਨਾਲ ਬੋਲਦਾ ਰਹੇ, ਪਰ ਜੇ ਧਿਆਨ ਦਾ ਦਰਵਾਜ਼ਾ ਬੰਦ ਹੋਵੇ ਤਾਂ ਇਕ ਵੀ ਗੱਲ ਸਰੋਤੇ ਦੇ ਪਾਸ ਨਹੀਂ ਪਹੁੰਚ ਸਕਿਆ ਕਰਦੀ। ਧਿਆਨ ਇਕ ਬਹੁਤ ਵੱਡਾ ਸਾਧਨ ਹੈ ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ-

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥*
*ਪੰਨਾ - 295*

ਇਸ ਹੁਕਮ ਦੇ ਵਿਚ ਗੁਰੂ ਮਹਾਰਾਜ ਜੀ ਧਿਆਨ ਦੀ ਸਾਵਧਾਨਤਾ ਤੇ ਜ਼ੋਰ ਦਿੰਦਿਆਂ ਫੁਰਮਾਉਂਦੇ ਹਨ ਕਿ ਪ੍ਰਭੂ ਦੀ ਉਸਤਤ ਸਾਵਧਾਨਤਾ ਤੇ ਚਿੱਤ ਦੀ ਇਕਾਗਰਤਾ ਨਾਲ ਕਰੋ ਜਿਸ ਨਾਲ ਅਸੀਂ ਗੁਰੂ ਦੇ ਸਿਧਾਂਤਾਂ ਨੂੰ ਸਮਝਣ ਲਈ ਆਪਣੇ ਆਪ ਨੂੰ ਤਿਆਰ ਕਰ ਲਈਏ। 'ਸਾਵਧਾਨ' ਫੌਜ ਦਾ ਕਾਸ਼ਨ (**caution**) ਹੈ, ਜਿਸ ਵਕਤ ਫੌਜ ਦਾ ਕਮਾਂਡਰ 'ਸਾਵਧਾਨ' ਅੱਖਰ ਮੁਖ ਤੋਂ ਉਚਾਰ ਦੇਵੇ ਤਾਂ ਸਾਰੇ ਇਕ ਦਮ ਬੁੱਤ ਬਣ ਕੇ ਖੜ੍ਹ ਜਾਂਦੇ ਹਨ। ਸਾਵਧਾਨ ਕਹਿਣ ਨਾਲ ਸਰੀਰ ਦੀਆਂ ਵਾਧੂ ਹਰਕਤਾਂ ਵਸ ਵਿਚ ਆ ਜਾਂਦੀਆਂ ਹਨ ਪਰ ਗੁਰੂ ਮਹਾਰਾਜ ਜੀ ਨਾਲ ਹੀ ਫੁਰਮਾਨ ਕਰਦੇ ਹਨ ਕਿ ਇਕਾਗਰ ਚਿਤ ਹੋਣਾ ਆਵਸ਼ਕ ਹੈ। ਆਦਮੀ ਦੇ ਸਰੀਰ ਦੇ ਅੰਦਰ ਬੇਅੰਤ ਕਿਸਮ ਦੇ ਭਾਵ ਹਨ, ਬੇਅੰਤ ਕਿਸਮ ਦੇ ਅੰਦਾਜ਼ੇ ਹਨ, ਬੇਅੰਤ ਕਿਸਮ ਦੇ ਖੇਦ ਹਨ ਜਿਨ੍ਹਾਂ ਕਰਕੇ ਵਿਚਾਰ ਕਰਨ ਵਾਲੀ ਕ੍ਰਿਆ ਤੋਂ ਵਾਂਝਾ ਰਹਿ ਜਾਂਦਾ ਹੈ। ਆਦਮੀ ਦਾ ਮਨ ਪੰਜ ਕਲੇਸ਼ਾਂ ਨੇ ਘੇਰਿਆ ਪਿਆ ਹੈ, ਜੀਵਨ-ਦਰ-ਜੀਵਨ ਸਖਤ ਘਾਲਣਾ ਕਰਨ ਉਤੇ ਵੀ ਅਸੀਂ ਇਨ੍ਹਾਂ ਕਲੇਸ਼ਾਂ ਤੋਂ ਛੁਟ ਨਹੀਂ ਸਕਦੇ ਜੋ ਨਾ ਤਾਂ ਪੜ੍ਹੇ ਲਿਖੇ ਦੀ ਲਿਹਾਜ਼ ਕਰਦੇ ਹਨ ਅਤੇ ਨਾ ਬਹੁਤ ਪੈਸੇ ਵਾਲੇ ਦੀ ਲਿਹਾਜ਼ ਕਰਦੇ ਹਨ ਅਤੇ ਨਾ ਹੀ ਦਰ-ਦਰ ਭਟਕਣ ਵਾਲੇ ਨਾਲ ਕੋਈ ਹਮਦਰਦੀ ਹੈ ਜਿਸ ਤਰ੍ਹਾਂ ਅਮਰ ਵੇਲ, ਬਿਨਾਂ ਕਿਸੇ ਜੜ੍ਹ ਦੇ, ਦਰਖਤ ਨੂੰ ਢਕ ਲੈਂਦੀ ਹੈ ਅਤੇ ਉਸ ਦਾ ਰਸ ਚੂਸ ਕੇ ਦਿਨੋ-ਦਿਨ ਵਧਦੀ ਫੁਲਦੀ ਹੈ ਅਤੇ ਦਰਖਤ ਨੂੰ ਜੀਵਨ ਹੀਣਾ ਬਣਾਉਂਦੀ ਚਲੀ ਜਾਂਦੀ ਹੈ, ਠੀਕ ਇਸੇ ਤਰ੍ਹਾਂ ਨਾਲ ਮਾਨਵ ਜੀਵਨ ਨੂੰ ਇਹ ਕਲੇਸ਼ ਚਿੰਬੜੇ ਹੋਏ ਹਨ। ਬੰਦਾ ਪੜ੍ਹਦਾ-ਲਿਖਦਾ ਹੈ, ਪੈਸੇ ਕਮਾਉਂਦਾ ਹੈ, ਨਾਮਣਾ ਖਟਦਾ ਹੈ, ਸਤਿਕਾਰਯੋਗ ਪਦਵੀਆਂ ਪ੍ਰਾਪਤ ਕਰਦਾ ਹੈ, ਵੱਡੇ-ਵੱਡੇ **award** (ਇਨਾਮ) ਇਸਨੂੰ

ਮਿਲਦੇ ਹਨ, ਲੋਕਾਂ ਵਾਸਤੇ ਪ੍ਰਿਅ ਬਣ ਜਾਂਦਾ ਹੈ, ਹਰ ਕੋਈ ਉਸ ਦਾ ਆਦਰ ਸਤਿਕਾਰ ਕਰਨ ਵਾਸਤੇ ਤਤਪਰ ਰਹਿੰਦਾ ਹੈ ਪਰ ਅੰਦਰ ਪਏ ਹੋਏ ਕਲੇਸ਼ਾਂ ਤੋਂ ਇਨ੍ਹਾਂ ਪ੍ਰਾਪਤੀਆਂ ਕਰਕੇ ਉਹ ਬਿਲਕੁਲ ਹੀ ਨਹੀਂ ਛੁਟ ਸਕਦਾ।

ਮੁਖ ਰੂਪ ਵਿਚ ਸਮਝਣ ਲਈ ਸੰਖੇਪ ਰੂਪ ਵਿਚ ਵਿਚਾਰ ਹੈ ਕਿ ਪਹਿਲਾ ਕਲੇਸ਼ **ਅਵਿਦਿਆ** ਦਾ ਹੋਇਆ ਕਰਦਾ ਹੈ, ਅਗਿਆਨ ਵੀ ਇਸਨੂੰ ਆਖਿਆ ਜਾ ਸਕਦਾ ਹੈ। ਅਵਿਦਿਆ ਦਾ ਜੋ ਕਾਰਜ ਹੈ ਉਹ ਅਣਹੋਈ ਚੀਜ਼ ਨੂੰ ਹੋਈ ਕਰਕੇ ਵਿਖਾ ਦਿੰਦੀ ਹੈ। ਆਦਮੀ ਦੀ ਬੁੱਧੀ ਇਸ ਵਿਚ ਪੂਰੀ ਤਰ੍ਹਾਂ ਪਰਚ ਜਾਂਦੀ ਹੈ। ਲੱਖ ਜਤਨ ਕਰਨ ਉਪਰ ਵੀ ਉਹ ਨਕਲ ਵਿਚੋਂ ਅਸਲ ਵਿਚ ਨਹੀਂ ਜਾ ਸਕਦੀ। ਗੁਰੂ ਮਹਾਰਾਜ ਜੀ ਨੇ ਇਸ ਦੀ ਸਮੁੱਚਤਾ ਨੂੰ ਪ੍ਰਗਟ ਕਰਨ ਲਈ ਮ੍ਰਿਗ ਤ੍ਰਿਸ਼ਨਾ ਕਹਿ ਕੇ ਸਾਨੂੰ ਸਮਝਾਇਆ ਹੈ ਕਿ ਮ੍ਰਿਗ ਨੂੰ ਤਾਂ ਭੁਲੇਖਾ ਪੈਣਾ ਹੈ, ਮਨੁੱਖ ਨੂੰ ਵੀ 100% ਭੁਲੇਖਾ ਪੈ ਕੇ ਨਕਲੀ ਚੀਜ਼ ਅਸਲੀ ਪ੍ਰਤੀਤ ਦੇਣ ਲਗ ਜਾਂਦੀ ਹੈ ਜਿਵੇਂ ਕਿ ਕਈ ਪ੍ਰੇਮੀ ਇਕੱਠੇ ਹੋ ਕੇ ਜ਼ਮੀਨਾਂ ਖਰੀਦਣ ਲਈ ਬੀਕਾਨੇਰ ਦੇ ਮਾਰੂਥਲਾਂ ਵਿਚ ਘੁੰਮ ਰਹੇ ਸਨ। ਬੀਕਾਨੇਰ ਵਿਚ ਐਸੀਆਂ ਥਾਵਾਂ ਆਉਂਦੀਆਂ ਹਨ ਜਿਥੇ ਇਕ ਪਾਸੇ ਬਹੁਤ ਉਚੇ ਉਡਾਰ ਦੇ ਟਿਬਿਆਂ ਦੇ ਟਿੱਲੇ ਖੜ੍ਹੇ ਹਨ ਉਸਦੀ ਜੜ੍ਹ ਵਿਚ ਹੀ ਬਿਲਕੁਲ ਰੜਾ ਮੈਦਾਨ ਹੋਇਆ ਕਰਦਾ ਹੈ। ਜਦੋਂ ਧਰਤੀ ਭਖ ਜਾਵੇ ਉਸ ਵੇਲੇ ਉਹ ਰੜੇ ਮੈਦਾਨ ਦੇ ਵਿਚੋਂ ਪੂਰੀ ਤਰ੍ਹਾਂ ਭੁਲੇਖਾ ਪੈਂਦਾ ਹੈ ਕਿ ਟਿਬਿਆਂ ਦੇ ਵਿਚਾਲੇ ਦੀ ਠੰਢੇ ਪਾਣੀ ਦਾ ਦਰਿਆ ਵਗ ਰਿਹਾ ਹੈ। ਪਿਆਸ ਲੱਗੀ ਹੋਵੇ ਤਾਂ ਉਸ ਵੇਲੇ ਕਈਆਂ ਦੇ ਮਨ ਵਿਚ ਆ ਜਾਂਦਾ ਹੈ ਕਿ ਨਾਲ ਲਗਦੇ ਪਾਣੀ ਵਿਚ ਜਾ ਕੇ ਇਸ਼ਨਾਨ ਵੀ ਕਰੀਏ ਤੇ ਆਪਣੀ ਪਿਆਸ ਵੀ ਬੁਝਾਈਏ। ਸਿਆਣੇ ਆਦਮੀ ਉਨ੍ਹਾਂ ਨੂੰ ਦਸਦੇ ਹਨ ਕਿ ਇਹ ਤਾਂ ਨਿਗ੍ਹਾ ਦਾ ਭੁਲੇਖਾ ਹੈ, ਸੱਤਤਾ ਨਹੀਂ ਹੈ, ਦਰਅਸਲ ਇਥੇ ਪਾਣੀ ਦੀ ਇਕ ਬੂੰਦ ਵੀ ਨਹੀਂ। ਉਸ ਦੀ ਥਾਂ ਤੇ ਰੜਾ ਮੈਦਾਨ ਇਕ ਭੁਲੇਖਾ ਪ੍ਰਤੀਤ ਦਿੰਦਾ ਹੈ। ਆਦਮੀ ਤਾਂ ਸਮਝ ਜਾਂਦਾ ਹੈ ਪਰ ਪਸ਼ੂ ਦੀ ਬੁੱਧੀ ਅਲਪ ਹੋਣ ਕਰਕੇ ਉਸਨੂੰ ਪਤਾ ਨਹੀਂ ਲਗਦਾ ਜਿਸ ਬਾਰੇ ਗੁਰੂ ਮਹਾਰਾਜ ਜੀ ਮਿਰਗ ਦੀ ਬਾਤ ਕਰਦੇ ਹਨ। ਮਿਰਗਾਂ ਦੀਆਂ ਡਾਰਾਂ ਮਾਰੂਥਲਾਂ ਵਿਚ ਪਾਣੀ ਦੀ ਤਲਾਸ਼ ਵਿਚ ਸੈਂਕੜੇ ਮੀਲਾਂ ਤੇ ਭਟਕਦੀਆਂ ਹਨ। ਜਦੋਂ ਉਨ੍ਹਾਂ ਨੂੰ ਅਜਿਹਾ ਦ੍ਰਿਸ਼ ਦਿਖਦਾ ਹੈ ਤਾਂ ਉਹ ਬੁਰੀ ਤਰ੍ਹਾਂ ਨਾਲ ਭੁਲੇਖੇ ਵਿਚ ਫਸ ਕੇ ਪਾਣੀ ਵਲ ਦੌੜਦੇ ਹਨ। ਜਿਉਂ-ਜਿਉਂ ਉਹ ਦੌੜਦੇ ਹਨ, ਪਾਣੀ ਹੋਰ ਅਗਾਂਹਾਂ-ਅਗਾਂਹਾਂ ਪ੍ਰਤੀਤ ਦਿੰਦਾ ਹੈ। ਕਈ ਵਾਰੀ ਕਈ ਹਰਨ ਥਕ ਕੇ ਮਰ ਜਾਂਦੇ ਹਨ ਇਸਨੂੰ ਮਿਰਗ ਤ੍ਰਿਸ਼ਨਾ ਦਾ ਜਲ ਆਖਿਆ ਜਾਂਦਾ ਹੈ। ਅਧਿਆਤਮਕਵਾਦ ਵਿਚ ਅਵਿਦਿਆ ਨੂੰ ਸਮਝਾਉਂਦੇ ਹੋਏ ਇਸ ਸ਼ਬਦ ਦਾ ਪ੍ਰਯੋਗ ਕਰਦੇ ਹਨ ਇਸ ਤਰ੍ਹਾਂ ਦਾ ਬੜਾ ਭਾਰੀ ਭੁਲੇਖਾ ਆਦਮੀ ਨੂੰ ਵੀ ਪੈਂਦਾ ਹੈ। ਮਟਕ ਚਾਨਣਾ ਹੋਵੇ ਜਿਸ ਵਿਚ ਦਿਸਦੀ ਚੀਜ਼ ਬਾਰੇ ਕੋਈ ਨਿਰਣਾ ਨਾ ਹੋ ਸਕਦਾ ਹੋਵੇ, ਪੂਰੀ ਤਰ੍ਹਾਂ ਜਾਣਿਆ ਨਾ ਜਾ ਸਕਦਾ ਹੋਵੇ ਕਿ ਜ਼ਮੀਨ ਤੇ ਪਈ ਚੀਜ਼ ਦਾ ਅਸਲ ਕੀ ਹੈ। ਹੋਰ ਦਾ ਹੋਰ ਚਿਤਵਦਾ ਹੈ, ਆਦਮੀ ਭੁਲੇਖਾ ਖਾਂਦਾ ਹੈ ਜਿਵੇਂ ਕਿ ਹਨ੍ਹੇਰੇ ਵਿਚ ਇਕ ਰੱਸੀ ਪਈ ਹੈ ਉਸ ਨੇ ਵਲ ਖਾਧੇ ਹੋਏ ਹਨ ਤਾਂ ਆਦਮੀ ਨੂੰ ਭੁਲੇਖਾ ਪੈਂਦਾ ਹੈ ਕਿ ਮੇਰੇ ਸਾਮ੍ਹਣੇ ਸਰਪ ਪਿਆ ਹੈ। ਜਿੰਨੀ ਦੇਰ ਤਕ ਹਨ੍ਹੇਰਾ ਰਹੇਗਾ ਉਸਦਾ ਮਨ ਓਨੀਂ ਦੇਰ ਤਕ ਕੰਪਾਏਮਾਨ ਰਹੇਗਾ, ਭੁਲੇਖੇ ਖਾਈ ਜਾਏਗਾ ਕਿ ਕਿਤੇ ਉਹ ਸਰਪ ਮੇਰੇ ਮੰਜੇ ਉਪਰ ਨਾ ਚੜ੍ਹ ਜਾਵੇ, ਕਿਤੇ ਨੇੜੇ ਹੀ ਛੁਪ ਜਾਵੇ, ਐਸਾ ਨਾ ਹੋਵੇ ਕਿ ਮੇਰੇ ਡੰਗ ਮਾਰੇ ਤੇ ਮੇਰੇ ਜੀਵਨ ਦੀ ਹਾਨੀ ਕਰੇ ਪਰ ਜਦੋਂ ਪ੍ਰਕਾਸ਼ ਦੀ ਪਹਿਲੀ ਕਿਰਨ ਚਮਕਾਰਾ ਮਾਰੇਗੀ ਤਾਂ ਉਸਨੂੰ ਸਮਝਣ ਵਿਚ ਬਿਲਕੁਲ ਹੀ ਦੇਰ ਨਹੀਂ ਲਗੇਗੀ। ਉਸ ਦੇ ਨੇਤਰ ਨਿਰਣੇਪੂਰਵਕ ਦੇਖ ਲੈਣਗੇ ਕਿ ਇਹ ਤਾਂ ਰੱਸੀ ਪਈ ਸੀ। ਇਸ ਤੋਂ ਮੈਂ ਸਾਰੀ ਰਾਤ ਅਕਾਰਨ ਹੀ ਡਰਦਾ ਰਿਹਾ।

ਇਸ ਤਰ੍ਹਾਂ ਹੋਰ ਅਨੇਕਾਂ ਉਦਾਹਰਣਾਂ ਹਨ ਜਿਹੜੀਆਂ ਇਸ ਗੱਲ ਨੂੰ ਸਾਬਤ ਕਰਦੀਆਂ ਹਨ ਕਿ ਆਦਮੀ ਅਸਲ ਦੀ ਥਾਂ ਨਕਲ ਦੇਖ ਕੇ ਉਸਨੂੰ ਪੱਕੀ ਤਰ੍ਹਾਂ ਦੇ ਨਾਲ ਮੰਨ ਲੈਂਦਾ ਹੈ ਅਤੇ ਉਸ ਨਕਲ ਦੇ ਭੈਅ ਦੇ ਪ੍ਰਭਾਵ ਹੇਠ ਆਇਆ ਹੋਇਆ ਆਪਣੇ ਜੀਵਨ ਦੀ ਚਾਲ ਦਾ ਸੰਤੁਲਨ ਖੋ ਕੇ ਇਕ ਅਣਹੋਈ ਅਵਸਥਾ ਦੇ ਵਿਚ ਵਰਤਦਾ ਰਹਿੰਦਾ ਹੈ। ਮਨ ਵਿਚ ਜੋ ਭੁਲੇਖਾ ਪਿਆ ਉਸ ਨੇ ਅਸਲ ਨੂੰ ਨਕਲ ਵਿਚ ਬਦਲ ਦਿਤਾ। ਸਤਿ ਅਵਸਥਾ ਕੁਝ ਹੋਰ ਸੀ, ਬਸ ਇਸ ਭਰਮ ਦੇ ਉਪਜਣ ਨਾਲ ਹੋਰ ਦੀ ਹੋਰ ਹੀ ਹੋ ਗਈ। ਰੱਸੀ ਵਿਚ ਕਦੇ ਵੀ ਤਿੰਨ ਕਾਲ ਸੱਪ ਨਹੀਂ ਸਮਾਅ ਸਕਿਆ ਕਰਦਾ। ਰੜੇ ਮੈਦਾਨ ਦੇ ਵਿਚ ਤਿੰਨ ਕਾਲ ਕਦੇ ਦਰਿਆ ਨਹੀਂ ਵਗ ਸਕਿਆ ਕਰਦਾ ਪਰ ਆਦਮੀ ਦੀ ਸੂਝ ਆਪਣੇ ਮਨ ਵਿਚ ਆਈ ਹੋਈ ਅਵਸਥਾ ਦੇ ਮੁਤਾਬਿਕ ਆਪਣੇ ਮਨ ਦੀ ਧਾਰਨਾ ਤੋਂ ਵਿਪਰੀਤ ਨਹੀਂ ਹੁੰਦੀ। ਉਹ, ਜਦ ਤਕ ਹਨ੍ਹੇਰਾ ਹੈ ਰੱਸੀ ਵਿਚ ਸੱਪ ਹੀ ਸਮਝਦਾ ਰਹੇਗਾ। ਹਿਰਨ ਰੜੇ ਮੈਦਾਨ ਵਿਚ ਪਾਣੀ ਹੀ ਸਮਝਦਾ ਰਹੇਗਾ। ਸੋ ਇਸ ਤੋਂ ਪ੍ਰਤੀਤ ਹੋਇਆ ਕਿ ਆਦਮੀ ਦੇ ਮਨ ਵਿਚ ਅਜਿਹੀਆਂ ਹਾਲਤਾਂ ਵੀ ਪੈਦਾ ਹੋ ਸਕਦੀਆਂ ਹਨ ਜਿਨ੍ਹਾਂ ਦੇ ਕਾਰਨ ਉਹ ਅਸਲ ਸਤਿ ਅਵਸਥਾ ਨੂੰ ਛੱਡ ਕੇ ਵਹਿਮਾਂ ਤੇ ਭੁਲੇਖਿਆਂ ਤੋਂ ਉਪਜੀ ਭ੍ਰਾਂਤੀ ਨੂੰ ਸਤਿ ਸਮਝ ਲਵੇਗਾ। ਇਹ ਜੋ ਕ੍ਰਿਆ ਮਾਨਸਕ ਤੌਰ ਤੇ ਮਨ ਵਿਚ ਹੁੰਦੀ ਹੈ ਜਿਸ ਤੋਂ ਅਸਲ ਰੂਪ ਅਗਿਆਤ ਹੋ ਕੇ ਨਕਲ ਰੂਪ ਪ੍ਰਤੱਖ ਭਾਸਣ ਲਗ ਜਾਂਦਾ ਹੈ ਇਸਨੂੰ ਅਵਿਦਿਆ ਆਖਦੇ ਹਨ, ਅਗਿਆਨ ਆਖਦੇ ਹਨ। ਇਹ ਸਾਰਾ ਸੰਸਾਰ ਇਸ ਅਗਿਆਨ ਰੂਪੀ ਹਨ੍ਹੇਰੇ ਦੇ ਵਿਚ ਪੈਦਾ ਹੋਇਆ ਦੁਖੀ ਹੋ ਰਿਹਾ ਹੈ। ਇਹ ਇਕ ਚਿਤ ਦੀ ਹਾਲਤ ਹੈ ਜੋ ਜਗਿਆਸੂ ਨੂੰ ਪ੍ਰਮ ਪਦ

ਦੀ ਪ੍ਰਾਪਤੀ ਤਕ ਪਹੁੰਚਣ ਵਿਚ ਬਹੁਤ ਹੀ ਰੁਕਾਵਟ ਸਿੱਧ ਹੁੰਦੀ ਹੈ। ਸਤਿ ਅਵਸਥਾ ਤਾਂ ਇਹ ਹੈ ਕਿ ਵਾਹਿਗੁਰੂ ਆਪ ਹੀ ਇਕ ਤੋਂ ਅਨੇਕ ਰੂਪ ਵਿਚ ਖੇਲ੍ਹ ਕਰ ਰਿਹਾ ਹੈ। ਆਪ ਹੀ ਸੁੰਨ ਤੋਂ ਸਾਕਾਰ ਹੋ ਕੇ ਪਸਰਿਆ ਹੋਇਆ ਹੈ। ਜਿਸ ਤਰ੍ਹਾਂ ਨਾਲ ਇਕ ਬੋਹੜ ਦਾ ਬੀਜ ਖਸ-ਖਸ ਦੇ ਦਾਣੇ ਜਿੱਡਾ ਹੋਇਆ ਕਰਦਾ ਹੈ ਪਰ ਜਦੋਂ ਉਹ ਪਸਾਰੇ ਵਿਚ ਆਉਂਦਾ ਹੈ ਤਾਂ ਕਈ-ਕਈ ਏਕੜਾਂ ਦੇ ਵਿਚ ਫੈਲ ਜਾਂਦਾ ਹੈ ਜਿਸ ਦੀਆਂ ਜੜ੍ਹਾਂ ਧਰਤੀ ਵਿਚ ਜੜੀਆਂ ਜਾਂਦੀਆਂ ਹਨ। ਲੱਖ ਜਤਨ ਕਰਨ ਤੋਂ ਬਾਦ ਵੀ ਜੇ ਕਿਸੇ ਨੂੰ ਸਮਝਾਈਏ ਕਿ ਇਹ ਤਾਂ ਖਸ-ਖਸ ਜਿੱਡੇ ਦਾਣੇ ਤੋਂ ਵੱਡਾ ਬ੍ਰਿਛ ਬਣਿਆ ਹੈ ਵਿਸ਼ਾਲ ਬ੍ਰਿਛ ਨਜ਼ਰੀ ਪੈਂਦਾ ਹੈ। ਇਸੇ ਤਰ੍ਹਾਂ ਨਾਲ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

*ਪਾਰਬ੍ਰਹਮ ਕੇ ਸਗਲੇ ਠਾਉ ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥*
*ਆਪੇ ਕਰਨ ਕਰਾਵਨ ਜੋਗੁ ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ ॥*
*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥*
*ਜੈਸੀ ਮਤਿ ਦੇਇ ਤੈਸਾ ਪਰਗਾਸ ॥*
*ਪਾਰਬ੍ਰਹਮੁ ਕਰਤਾ ਅਬਿਨਾਸ ॥*
*ਸਦਾ ਸਦਾ ਸਦਾ ਦਇਆਲ ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥*

*ਪੰਨਾ - 275*

ਇਸ ਨਿਸ਼ਚੇ ਤੋਂ ਵਿਪਰੀਤ ਸਾਰੀ ਜ਼ਿੰਦਗੀ ਆਪਣੇ ਅੰਦਰ ਇਸ ਇਕ ਤੋਂ ਅਨੇਕ ਹੋਈ ਅਵਸਥਾ ਨੂੰ ਭੁੱਲ ਕੇ ਆਪਣੇ ਆਪ ਨੂੰ ਵੱਖਰਾ ਸਮਝਣਾ ਅਤੇ ਪ੍ਰਮੇਸ਼ਰ ਦੀ ਥਾਂ ਦੇ ਉਪਰ ਉਸਨੂੰ ਮਾਇਆ ਦੇ ਰੂਪ ਵਿਚ ਤਕਣਾ; ਇਸ ਸਾਰੀ ਕ੍ਰਿਆ ਨੂੰ ਅਵਿਦਿਆ ਆਖਦੇ ਹਨ। ਜਦੋਂ ਤਕ ਆਦਮੀ ਦੇ ਅੰਦਰ ਅਵਿਦਿਆ ਹੈ ਉਸਨੂੰ ਸਤਿ ਦਾ ਕੋਈ ਵੀ ਪ੍ਰਕਾਸ਼ ਨਹੀਂ ਛੋਂਹਦਾ। ਉਹ ਆਪਣੇ ਅੰਧੇਰ ਘੁੱਪ ਦੇ ਅੰਦਰ ਅੰਧਕਾਰਮਈ ਜੀਵਨ ਬਤੀਤ ਕਰਕੇ ਇਸ ਸੰਸਾਰ ਤੋਂ ਆਪਣਾ ਜਨਮ ਬਿਰਥਾ ਗੁਆ ਕੇ ਚਲਾ ਜਾਂਦਾ ਹੈ।

ਚਿਤ ਦੇ ਅੰਦਰ ਜੋ ਦੂਸਰੀ ਅੰਧਕਾਰ ਬਿਰਤੀ ਹੈ ਉਸਨੂੰ **ਅਭਿਨਿਵੇਸ਼** ਆਖਦੇ ਹਨ ਜਿਸ ਦੇ ਅਸਰ ਕਰਕੇ ਇਹ ਜੀਵ ਸਤਿ ਬਾਣੀ ਨੂੰ ਹਿਰਦੇ ਵਿਚ ਧਾਰਨ ਨਹੀਂ ਕਰਦਾ। ਆਪਣੇ ਆਪ ਨੂੰ ਪਰਿਵਰਤਨਸ਼ੀਲ ਸਮਝਦਾ ਹੈ, ਅਮਰ ਆਤਮਾ ਦਾ ਅੰਸ ਨਹੀਂ ਸਮਝਦਾ। ਵੇਦ ਸਾਸ਼ਤਰ, ਕੁਰਾਨ ਸ਼ਰੀਫ, ਬਾਈਬਲ, ਗੁਰੂ ਗ੍ਰੰਥ ਸਾਹਿਬ ਜੀ ਆਦਿ ਸਾਰੇ ਪੂਜਨੀਕ ਉਪਦੇਸ਼ ਇਸਨੂੰ ਗਿਆਨ ਕਰਾਉਂਦੇ ਹਨ ਪਰ ਇਹ ਉਨ੍ਹਾਂ ਦੇ ਸਤਿ ਬਚਨਾਂ ਨੂੰ ਬਿਲਕੁਲ ਹੀ ਨਹੀਂ ਮੰਨਦਾ। ਸਤਿ ਬਚਨਾਂ ਤੋਂ ਉਲਟ ਸੋਚਣਾ ਅਤੇ ਸਦਾ ਮੌਤ ਦਾ ਭੈ ਬਣਿਆ ਰਹਿਣਾ ਅਭਿਨਿਵੇਸ਼ ਕਲੇਸ਼ ਕਹਾਉਂਦਾ ਹੈ ਜਿਸ ਦੇ ਅਸਰ ਅਧੀਨ ਉਹ ਸਦਾ ਚਾਹੁੰਦਾ ਹੈ ਕਿ ਮੇਰਾ ਅੰਤ ਨਾ ਆਵੇ, ਅਜੇ ਤੱਕ ਤਾਂ ਮੈਂ ਵਿਸ਼ੇ ਵੀ ਪੂਰੀ ਤਰ੍ਹਾਂ ਨਹੀਂ ਭੋਗੇ, ਮਕਾਨ ਅਜੇ ਮੈਂ ਬਣਾਏ ਨਹੀਂ, ਬਿਜਨਸਾਂ ਅਜੇ ਮੈਂ ਪੂਰੀ ਤਰ੍ਹਾਂ ਚਲਾਈਆਂ ਨਹੀਂ। ਸਦਾ ਇਹ ਸੋਚਦਾ ਹੈ ਕਿ ਮੇਰੇ ਸਰੀਰ ਦਾ ਵਿਸ਼ਿਆਂ ਆਦਿ ਤੋਂ ਵਿਯੋਗ ਨਾ ਹੋਵੇ। ਆਤਮਾ ਕੇਵਲ ਇਕ ਰਸ, ਸਨਾਤਨ, ਅਜਰ, ਸਤਿ, ਚਿਤ, ਅਨੰਦ ਹੈ ਪ੍ਰੰਤੂ ਰਾਗ, ਦ੍ਵੈਸ਼ ਦੇ ਕਾਰਨ ਇਸ ਜੀਵ ਦੀ ਬਿਰਤੀ ਆਤਮ ਪਦ ਤੋਂ ਗਿਰ ਕੇ ਦੇਹ ਅਧਿਆਸ ਵਿਚ ਫਸ ਜਾਂਦੀ ਹੈ ਅਤੇ ਦੇਹ ਨੂੰ ਹੀ ਆਤਮਾ ਮੰਨਣ ਲਗ ਜਾਂਦਾ ਹੈ। ਮੂਰਖ ਤੋਂ ਲੈ ਕੇ ਪੜ੍ਹੇ ਲਿਖੇ ਬੰਦੇ ਤਕ ਆਪਣੇ ਸਰੂਪ ਨੂੰ ਭੁੱਲੇ ਰਹਿੰਦੇ ਹਨ ਅਤੇ ਪੰਜ ਭੂਤਕ ਨਾਸ਼ਵਾਨ ਸਰੀਰ ਦੀ ਰਖਸ਼ਾ ਵਿਚ ਹਰ ਸਮੇਂ ਲੱਗੇ ਰਹਿੰਦੇ ਹਨ। ਇਸ ਮਿਰਤੂ ਦੇ ਭੈ ਦੇ ਦ੍ਰਿੜ੍ਹ ਸੰਸਕਾਰ ਜੋ ਚਿੱਤ ਵਿਚ ਪੈਂਦੇ ਹਨ ਉਨ੍ਹਾਂ ਨੂੰ ਅਭਿਨਿਵੇਸ਼ ਕਲੇਸ਼ ਕਹਿੰਦੇ ਹਨ। ਇਸ ਅਭਿਨਿਵੇਸ਼ ਤੋਂ ਛੁਟਕਾਰਾ ਪਾਉਣ ਵਾਸਤੇ ਹੀ ਸਾਕਾਮ ਕਰਮ ਕੀਤੇ ਜਾਂਦੇ ਹਨ ਜਿਨ੍ਹਾਂ ਕਰਮਾਂ ਦੀਆਂ ਵਾਸ਼ਨਾਵਾਂ ਚਿਤ-ਭੂਮੀ ਵਿਚ ਬੈਠ ਕੇ ਵਰਤਮਾਨ ਤੇ ਅਗਲੇ ਜਨਮ ਵਿਚ ਦੇਣ ਵਾਲੀਆਂ ਹੋਇਆ ਕਰਦੀਆਂ ਹਨ। ਇਨ੍ਹਾਂ ਸਾਕਾਮ ਕਰਮਾਂ ਦੇ ਕਾਰਨ ਹੀ ਜਨਮ, ਜਾਤ, ਉਮਰ ਤੇ ਭੋਗ ਮਿਲਿਆ ਕਰਦੇ ਹਨ। ਜਨਮ, ਜਾਤ, ਉਮਰ ਤੇ ਭੋਗਾਂ ਵਿਚ ਪਾਪਾਂ ਪੁੰਨਾਂ ਦੇ ਅਨੁਸਾਰ ਸੁਖ ਦੁਖ ਮਿਲਦਾ ਹੈ। ਸਤੋ ਗੁਣੀ ਬਿਰਤੀ ਦੁਆਰਾ ਕੀਤੇ ਹੋਏ ਅਹਿੰਸਾਤਮਕ ਕਰਮ, ਪੁੰਨ ਦੂਸਰਿਆਂ ਨੂੰ ਸੁੱਖ ਪਹੁੰਚਾਉਣ ਵਾਲੇ ਕਰਮਾਂ ਤੋਂ ਜਨਮ, ਉਮਰ ਅਤੇ ਭੋਗਾਂ ਵਿਚ ਸੁਖ ਮਿਲਦਾ ਹੈ ਅਤੇ ਪਾਪ, ਹਿੰਸਾਤਮਕ ਵਾਲੇ ਕਰਮਾਂ ਤੋਂ ਦੁਖ ਮਿਲਦਾ ਹੈ। ਇਸ ਪ੍ਰਕਾਰ ਕਲੇਸ਼ਾਂ ਦੁਆਰਾ, ਕਰਮ ਅਨੁਸਾਰ ਬਹੁਤ ਦੁਖ ਹੁੰਦੇ ਹੋਏ ਇਸ ਦੁਖਮਈ ਸੰਸਾਰ ਚੱਕਰ ਵਿਚ ਘੁੰਮਦੇ ਹੋਏ ਪ੍ਰਾਣੀ ਅਨੇਕ ਪ੍ਰਕਾਰ ਦੇ ਦੁਖਾਂ ਨੂੰ ਪ੍ਰਾਪਤ ਹੁੰਦੇ ਹਨ। ਇਹ ਜਨਮ ਮਰਨ ਮਹਾਨ ਦੁਖਾਂ ਦੀ ਨਵਿਰਤੀ ਵਾਸਤੇ ਨਿਸ਼ਕਾਮ ਹੋ ਕੇ ਸਾਧਨ ਅਨੁਸਾਰ ਅੰਤਰ ਮੁਖ ਹੋ ਕੇ ਸਰਲ ਮਾਰਗ ਗੁਰੂ ਮਹਾਰਾਜ ਜੀ ਨੇ ਦਸਿਆ ਹੈ-

*ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*

*ਪੰਨਾ - 262*

**ਅਸਿਮਿਤਾ ਕਲੇਸ਼** - ਦ੍ਰਿਸ਼ਟਾ ਦੇਖਣ ਵਾਲਾ ਜੀਵ ਅਤੇ ਦਰਸਾਉਣ ਵਾਲਾ ਚਿਤ ਜੋ ਜੜ੍ਹ ਹੈ, ਉਹ ਤੇ ਜੀਵ ਇਕੋ ਜਿਹੇ ਲਗਣੇ, ਅਸਿਮਿਤਾ ਕਲੇਸ਼ ਕਹਾਉਂਦਾ ਹੈ। ਜੀਵ ਆਤਮਾ ਦ੍ਰਿਸ਼ਟਾ ਹੈ, ਚਿਤ ਦਿਖਾਉਣ ਵਾਲਾ ਉਸ ਦਾ ਕਾਰਨ ਹੈ। ਆਤਮਾ ਚੇਤਨ ਹੈ, ਚਿਤ ਜੜ੍ਹ ਹੈ; ਆਤਮਾ ਕ੍ਰਿਆ ਰਹਿਤ ਹੈ, ਚਿਤ ਕ੍ਰਿਆਸ਼ੀਲ ਹੈ; ਆਤਮਾ ਨਿਰਗੁਣ ਹੈ ਅਤੇ ਕੇਵਲ ਹੈ, ਚਿਤ ਤਿੰਨਾਂ ਗੁਣਾਂ ਸਮੇਤ ਦੁਖ ਰੂਪ ਹੈ। ਆਤਮਾ ਕਿਸੇ

ਕਿਸਮ ਦੇ ਪ੍ਰਣਾਮ (ਬਦਲੀ) ਤੋਂ ਰਹਿਤ ਹੈ; ਚਿਤ ਪ੍ਰਣਾਮਸ਼ੀਲ ਹੈ; ਆਤਮਾ ਸੁਆਮੀ ਹੈ ਅਰ ਚਿਤ ਉਸਦੀ ਬਿਭੂਤੀ ਸੰਪਦਾ ਹੈ; ਇਸ ਪ੍ਰਕਾਰ ਇਹ ਦੋਨੋਂ ਹੀ ਚੇਤਨ ਆਤਮਾ ਅਤੇ ਜੜ੍ਹ ਚਿਤ ਅਤਿਅੰਤ ਭਿੰਨ ਹਨ। ਪ੍ਰੰਤੂ ਅਵਿਦਿਆ ਦੇ ਕਾਰਨ ਦੋਨੋਂ ਇਕੋ ਜਿਹੇ ਪ੍ਰਤੀਤ ਦੇ ਰਹੇ ਹਨ। ਇਸ ਜੀਵ ਨੂੰ ਆਪਣੇ ਆਪ ਦਾ ਗਿਆਨ ਨਹੀਂ ਹੈ ਇਹ ਆਪਣੇ ਆਪ ਨੂੰ ਆਤਮ ਸਰੂਪ ਤੋਂ ਵਿਮੁਖ ਹੋ ਕੇ ਅਵਿਦਿਆ ਦੇ ਕਾਰਨ ਚਿਤ ਹੀ ਸਮਝਦਾ ਹੈ। ਬਿਰਤੀ ਵਿਚ ਅਜਿਹਾ ਭਾਨ ਹੋਣਾ ਅਸਿਮਿਤਾ ਕਲੇਸ਼ ਕਹਾਉਂਦਾ ਹੈ। ਇਸਨੂੰ ਹਿਰਦੇ ਗ੍ਰੰਥੀ ਵੀ ਆਖਦੇ ਹਨ। ਇਹ ਹਿਰਦੇ ਗ੍ਰੰਥੀ ਅਸੰਗ ਆਤਮਾ ਤੇ ਚਿਤ ਦਾ ਪ੍ਰਸਪਰ ਘਨਿਸ਼ਟ ਸਬੰਧ ਜਨਾਉਣ ਦਾ ਕਾਰਣ ਸਬੰਧ ਹੈ ਇਸ ਸਬੰਧ ਦੇ ਕਾਰਨ ਆਤਮਾ ਵਿਚ ਬੰਧਨ ਦਾ ਅਰੋਪ ਹੁੰਦਾ ਹੈ ਜੋ ਕਿ ਬਿਲਕੁਲ ਹੀ ਅਸੰਗ, ਅਚਾਹ ਹੈ। ਇਸ ਅਸਿਮਿਤਾ ਕਲੇਸ਼ ਦੇ ਕਾਰਨ ਮਨ ਇੰਦ੍ਰਿਆਂ ਅਤੇ ਸਰੀਰ ਦੇ ਵਿਚੋਂ ਆਤਮਾ ਭਾਵ ਪ੍ਰਤੀਤ ਹਿੰਦਾ ਹੈ, ਜਿਸ ਤੋਂ ਹੰਗਤਾ ਤੇ ਮਮਤਾ ਦੇ ਦੋ ਰੂਪ ਜਿਨ੍ਹਾਂ ਨੂੰ ਹਉਮੈ ਕਿਹਾ ਜਾਂਦਾ ਹੈ, ਇਸ ਅਗਿਆਨ ਵਸ ਸਰੀਰ ਨੂੰ, ਚਿਤ ਨੂੰ, ਮਨ ਨੂੰ ਸੁਖ ਪਹੁੰਚਾਉਣ ਵਾਲੀਆਂ ਚੀਜ਼ਾਂ ਦੇ ਨਾਲ ਲਗਾਓ ਹੋ ਜਾਂਦਾ ਹੈ ਜਿਸ ਕਾਰਨ ਰਾਗ ਕਲੇਸ਼ ਆਦਮੀ ਦੇ ਮਨ ਵਿਚ ਉਤਪੰਨ ਹੋਇਆ ਕਰਦਾ ਹੈ।

**ਰਾਗ ਕਲੇਸ਼ – (Attachment)**– ਸੁਖ ਪ੍ਰਾਪਤ ਕਰਨ ਦੇ ਪਿਛੇ ਜੋ ਚਿੱਤ ਵਿਚ ਉਸਦੇ ਭੋਗ ਦੀ ਇੱਛਾ ਰਹਿੰਦੀ ਹੈ ਉਸਨੂੰ ਰਾਗ ਕਿਹਾ ਜਾਂਦਾ ਹੈ, ਭਾਵ ਇਹ ਹੈ ਕਿ ਸਰੀਰ ਇੰਦ੍ਰੀਆਂ ਅਤੇ ਮਨ ਇੰਨ੍ਹਾਂ ਚੀਜ਼ਾਂ, ਇਨ੍ਹਾਂ ਸੁਖਾਂ ਦੀ ਲੋਚਾ ਵਿਚ ਜਿਨ੍ਹਾਂ ਵਸਤੂਆਂ ਵਿਚੋਂ, ਜਿਨ੍ਹਾਂ ਵਿਸ਼ਿਆਂ ਵਿਚੋਂ ਸੁਖ ਦੀ ਪ੍ਰਾਪਤੀ ਅਨੁਭਵ ਹੁੰਦੀ ਹੈ ਅਤੇ ਇਨ੍ਹਾਂ ਦੀ ਪ੍ਰਾਪਤੀ ਵਾਸਤੇ ਜੋ ਇਛਿਆ ਰੂਪੀ ਤ੍ਰਿਸ਼ਨਾ ਅਤੇ ਲੋਭ ਪੈਦਾ ਹੋ ਜਾਂਦਾ ਹੈ ਉਸ ਦੇ ਸੰਸਕਾਰ ਚਿਤ ਵਿਚ ਪੈ ਜਾਂਦੇ ਹਨ; ਇਨ੍ਹਾਂ ਨੂੰ ਰਾਗ ਕਲੇਸ਼ ਕਿਹਾ ਜਾਂਦਾ ਹੈ। ਇਹ ਰਾਗ (**attachment**) ਹੀ ਦਵੈਸ਼ ਦਾ ਕਾਰਨ ਬਣ ਜਾਂਦਾ ਹੈ ਕਿਉਂਕਿ ਚਿਤ ਵਿਚ ਰਾਗ ਦੇ ਸੰਸਕਾਰ ਦ੍ਰਿੜ੍ਹ ਹੋਣ ਕਰਕੇ ਜਿਹੜੀਆਂ ਚੀਜ਼ਾਂ ਸੁਖ ਦੇਣ ਵਾਲੀਆਂ ਪ੍ਰਤੀਤ ਹੁੰਦੀਆਂ ਹਨ, ਜਿਨ੍ਹਾਂ ਦੀ ਪ੍ਰਾਪਤੀ ਵਾਸਤੇ ਮਨ ਅਤਿਅੰਤ ਹੀ ਵਿਆਕੁਲ ਹੋ ਜਾਂਦਾ ਹੈ ਅਤੇ ਵਿਸ਼ੇ ਭੋਗਾਂ ਦੀ ਪ੍ਰਾਪਤੀ ਵਿਚ ਜਿਨ੍ਹਾਂ ਮਨੁੱਖਾਂ, ਜੀਵ-ਜੰਤੂਆਂ ਵਲੋਂ ਵਿਘਨ ਪੈਂਦਾ ਪ੍ਰਤੀਤ ਹੋਵੇ ਉਹ ਭਾਵਨਾ ਜੋ ਹਿਰਦੇ ਵਿਚ ਜਾਗਦੀ ਹੈ ਉਸਨੂੰ ਦ੍ਵੈਸ਼ ਆਖਿਆ ਜਾਂਦਾ ਹੈ।

**ਦ੍ਵੈਸ਼** – ਸੁਖ ਦੀ ਇੱਛਾ ਪੂਰਨ ਨਾ ਹੋਣ ਦੇ ਉਪਰੰਤ ਆਦਮੀ ਦਾ ਮਨ ਡਾਵਾਂਡੋਲ ਹੋ ਜਾਂਦਾ ਹੈ ਅਤੇ ਉਹ ਇਹ ਜਾਨਣ ਦੀ ਕੋਸ਼ਿਸ਼ ਕਰਦਾ ਹੈ ਕਿ ਕਿਸੇ ਨੇ ਮੇਰੇ ਕਾਰਜ ਵਿਚ ਵਿਘਨ ਤਾਂ ਨਹੀਂ ਪਾ ਦਿਤਾ। ਉਹਦੇ ਮਨ ਵਿਚ ਬਹੁਤ ਸਾਰੀਆਂ ਗੱਲਾਂ ਆ ਜਾਂਦੀਆਂ ਹਨ। ਕਦੇ ਤਾਂ ਉਹ ਸੋਚਦਾ ਹੈ ਕਿ ਮੇਰੇ ਕੰਮ ਵਿਚ ਰੁਕਾਵਟਾਂ ਸ਼ਾਇਦ ਗੁਪਤ ਸ਼ਕਤੀਆਂ ਵਲੋਂ ਪੈਂਦੀਆਂ ਹਨ, ਕਦੇ ਉਹ ਆਪਣੇ ਵਿਰੋਧੀਆਂ ਨੂੰ ਚਿਤਵਦਾ ਹੈ ਕਿ ਉਨ੍ਹਾਂ ਨੇ ਮੇਰੇ ਕੰਮ ਵਿਚ ਅੜਿੱਕਾ ਪਾ ਦਿਤਾ। ਕਦੇ ਉਹ ਆਪਣੀ ਕਿਸਮਤ ਨੂੰ ਕੋਸਦਾ ਹੈ ਕਿ ਮੇਰੀ ਕਿਸਮਤ ਵਿਚ ਹੀ ਕੋਈ ਗੜਬੜ ਹੋ ਗਈ ਅਤੇ ਕੋਈ ਅਜਿਹਾ ਗ੍ਰਹਿ ਪੈ ਗਿਆ ਹੈ ਜੋ ਮੇਰੇ ਚਲਦੇ ਕੰਮਾਂ ਵਿਚ ਵਿਘਨਕਾਰੀ ਹੋ ਰਿਹਾ ਹੈ ਯਥਾਸ਼ਕਤ ਇਨ੍ਹਾਂ ਗੱਲਾਂ ਦੇ ਉਪਾਅ ਸੋਚਦਾ ਹੈ। ਕਈ ਵਾਰੀ ਉਸਨੂੰ ਪਤਾ ਲਗ ਜਾਂਦਾ ਹੈ ਕਿ ਫਲਾਣਾ-ਫਲਾਣਾ ਬੰਦਾ ਮੇਰੇ ਕੰਮਾਂ ਵਿਚ ਵਿਘਨ ਪਾਉਣ ਲਈ ਕਸੂਰਵਾਰ ਹੈ। ਇਸ ਤਰ੍ਹਾਂ ਦੀ ਚਿਤਵਨੀ ਨਾਲ ਚਿਤ ਥਿਰ ਨਹੀਂ ਰਹਿੰਦਾ, ਚਿਤ ਵਿਚ ਉਥਲ-ਪੁਥਲ ਹੋ ਜਾਂਦੀ ਹੈ। ਬਦਲੇ ਦੀ ਭਾਵਨਾ ਸ਼ੁਰੂ ਹੋ ਜਾਂਦੀ ਹੈ, ਵੈਰ ਵਿਰੋਧ, ਬਦਲਾ ਲੈਣ ਲਈ ਨੀਵੇਂ ਤੋਂ ਨੀਵਾਂ ਕੰਮ ਕਰਨ ਲਈ ਤਿਆਰ ਹੋ ਜਾਂਦਾ ਹੈ। ਵਾਸ਼ਨਾਵਾਂ ਚਿਤ ਦੀਆਂ ਪੂਰੀਆਂ ਨਹੀਂ ਹੁੰਦੀਆਂ, ਇਨ੍ਹਾਂ ਕਾਰਨਾਂ ਕਰਕੇ ਉਸ ਦੇ ਚਿਤ ਵਿਚ ਵੈਰ ਵਿਰੋਧ, ਬਦਲਾ ਲਊ ਕ੍ਰੋਧ, ਸਰੀਰ ਦਾ ਨਾਸ਼ ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਚਿਤ ਵਿਚ ਸਦਾ ਹੀ ਅਸ਼ਾਂਤੀ ਬਣੀ ਰਹਿੰਦੀ ਹੈ। ਜੀਵਨ ਦੀ ਨਿਸਫਲਤਾ ਅਨੁਭਵ ਕਰਕੇ ਲੰਬੇ ਹਉਕੇ ਲੈਂਦਾ ਹੈ ਤੇ ਦੂਸਰਿਆਂ ਨੂੰ ਦੋਸ਼ੀ ਠਹਿਰਾਉਂਦਾ ਹੈ। ਉਸ ਦਾ ਜੀਵਨ ਸ਼ਾਂਤੀ, ਸੰਤੋਖ ਤੋਂ ਬੇਮੁਖ ਹੋ ਕੇ ਨਰਕ ਦੇ ਤੁਲ ਹੋ ਜਾਂਦਾ ਹੈ। ਦੁਖਾਂ ਦੀ ਅਤਿਅੰਤ ਨਵਿਰਤੀ ਅਤੇ ਸੁਖ ਪ੍ਰਾਪਤੀ ਦੇ ਜੋ ਹਿਰਦੇ ਵਿਚ ਦ੍ਰਿੜ੍ਹ ਸੰਸਕਾਰ ਹਨ ਉਹ ਵੀ ਅਭਿਨਿਵੇਸ਼ ਕਲੇਸ਼ ਦੇ ਕਾਰਨ ਹੋਇਆ ਕਰਦੇ ਹਨ। ਸੋ ਇਸੇ ਤਰ੍ਹਾਂ ਨਾਲ ਇਹ ਜੀਵ ਪੰਜਾਂ ਕਲੇਸ਼ਾਂ ਦੇ ਵਸ ਵਿਚ ਪਿਆ ਹੋਇਆ ਬਾਹਰਮੁਖ ਰਹਿੰਦਾ ਹੈ। ਇਨ੍ਹਾਂ ਸੰਸਕਾਰਾਂ ਕਰਕੇ ਉਸਦਾ ਜਨਮ ਮਰਨ ਦਾ ਚੱਕਰ ਨਹੀਂ ਮਿਟਦਾ। ਇਹ ਜੋ ਚਿਤ ਦੀਆਂ ਪੰਜ ਬਿਰਤੀਆਂ ਹਨ, ਇਨ੍ਹਾਂ ਪੰਜ ਵਿਭਾਗਾਂ ਵਿਚ ਸਾਰਾ ਸੰਸਾਰ ਵੰਡਿਆ ਪਿਆ ਹੈ। ਇਨ੍ਹਾਂ ਪੰਜਾਂ ਦਾ ਸਮੁਦਾਇ ਹੀ ਸੰਸਾਰ ਦਾ ਸਰੂਪ ਹੈ। ਅੰਤਸ਼ਕਰਣ ਵਿਚ ਅਨੇਕਾਂ ਵਿਭਾਗ ਹਨ, ਸਿਆਣਿਆਂ ਨੇ ਅਜਿਹੀਆਂ ਬਿਰਤੀਆਂ ਨੂੰ 50 ਵਿਭਾਗਾਂ ਵਿਚ ਵੰਡਿਆ ਹੈ, ਜਿਨ੍ਹਾਂ ਨੂੰ 50 ਨਦੀਆਂ ਆਖਦੇ ਹਨ। ਇਨ੍ਹਾਂ ਨੂੰ 50 ਸ਼ਿਕਾਰੀ ਵੀ ਆਖਦੇ ਹਨ ਜਿਸ ਦੇ ਸੰਕੇਤ ਗੁਰਬਾਣੀ ਵਿਚ ਹਨ –

***ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥***
***ਇਹੁ ਤਨੁ ਲਹਰੀ ਗਡੁ ਥਿਆ***
***ਸਚੇ ਤੇਰੀ ਆਸ॥*** ***ਪੰਨਾ – 1384***

ਅਧਿਆਤਮਵਾਦ ਦੇ ਗ੍ਰੰਥਾਂ ਵਿਚ ਸ਼ੰਕਰਾਚਾਰੀਆ ਨੇ ਇਨ੍ਹਾਂ ਨੂੰ ਛੇ ਅਸ਼ਟਕਾਂ ਵਿਚ ਵੰਡਿਆ ਹੈ, ਇਹ ਬੜੇ ਵਿਸਤਾਰ ਦਾ ਮੁਹਤਾਜ ਹੈ। ਇਸ ਕਰਕੇ ਇਨ੍ਹਾਂ ਅਸ਼ਟਕਾਂ ਦੇ ਵੇਰਵੇ ਵਿਚ ਪੈ ਕੇ ਮੈਂ ਆਪ ਦਾ ਸਮਾਂ ਨਹੀਂ ਲੈਂਦਾ। ਇਸੇ ਤਰ੍ਹਾਂ ਨਾਲ ਸਾਡੇ ਅੰਦਰ ਬਿਰਤੀਆਂ ਦਾ ਵੀ ਬਹੁਤ ਰੌਲਾ-ਗੌਲਾ ਹੈ ਜਿਨ੍ਹਾਂ ਵਿਚ ਮਸ਼ਹੂਰ ਬਿਰਤੀਆਂ ਪ੍ਰਮਾਣ, ਵਿਪਰਜੇ, ਨਿੰਦਰਾ,

ਵਿਕਲਪ, ਸਿਮ੍ਰਤੀ ਬਿਰਤੀਆਂ ਹਨ। ਸੰਖੇਪ ਵਿਚ ਇਨ੍ਹਾਂ ਦਾ ਵਰਣਨ ਇਸ ਤਰ੍ਹਾਂ ਹੈ ਕਿ ਜਦੋਂ ਆਦਮੀ ਪ੍ਰੀਪੂਰਨ ਵਾਹਿਗੁਰੂ ਜੀ ਦਾ ਧਿਆਨ ਛੱਡ ਕੇ, ਜੋ ਹਰ ਸਮੇਂ ਸੁਣਦਾ ਹੈ, ਦੇਖਦਾ ਹੈ ਜਿਸ ਦੇ ਬਾਰੇ ਗੁਰਬਾਣੀ ਵਿਚ ਫ਼ੁਰਮਾਨ ਹੈ -

*ਪੇਖਤ ਸੁਨਤ ਸਦਾ ਹੈ ਸੰਗੇ*
*ਮੈ ਮੂਰਖ ਜਾਨਿਆ ਦੂਰੀ ਰੇ॥ ਪੰਨਾ-612*

ਇਸ ਭਾਵ ਵਿਚੋਂ ਨਿਕਲ ਕੇ ਉਸ ਪ੍ਰਮ ਹਸਤੀ ਨੂੰ ਸਦਾ ਹੀ ਭੁਲਿਆ ਰਹਿੰਦਾ ਹੈ ਅਤੇ ਜੋ ਪੰਜਾਂ ਗਿਆਨ ਇੰਦ੍ਰਿਆਂ ਦੇ ਨਾਲ ਦਿਖਣ ਵਾਲੀਆਂ, ਸੁੰਘਣ ਵਾਲੀਆਂ, ਸਪਰਸ਼ ਕਰਨ ਵਾਲੀਆਂ, ਸੁਆਦ ਵਾਲੀਆਂ ਵਸਤੂਆਂ ਹਨ, 24 ਘੰਟੇ ਲਗਾਤਾਰ ਉਹਦੇ ਵਿਚ ਹੀ ਇਸ ਦੀ ਬਿਰਤੀ ਪਰਚੀ ਰਹਿੰਦੀ ਹੈ। ਜਤਨ ਕਰਨ ਤੇ ਵੀ ਉਹ ਇਸ ਦ੍ਰਿਸ਼ਟਮਾਨ ਦੀਆਂ, ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਵਿਭਾਗਾਂ ਥੱਲੇ ਆਇਆਂ ਜਜ਼ਬਿਆਂ, ਵਸਤੂਆਂ ਤੋਂ ਆਪਣੀ ਬਿਰਤੀ ਨਹੀਂ ਹਟਾਉਂਦਾ। ਜੋ ਸਤਿ ਸਰੂਪ ਘਟ-ਘਟ ਵਿਚ ਵਿਆਪਕ ਵਾਹਿਗੁਰੂ ਜੀ ਹਨ ਉਨ੍ਹਾਂ ਵਲ ਭੁੱਲ ਕੇ ਵੀ ਧਿਆਨ ਨਹੀਂ ਦਿੰਦਾ। ਅਜਿਹੀ ਬਿਰਤੀ ਨੂੰ ਪ੍ਰਮਾਣ ਬਿਰਤੀ ਆਖਿਆ ਜਾਂਦਾ ਹੈ।

ਦੂਜੀ ਜਿਸਨੂੰ ਵਿਪਰਜੇ ਬਿਰਤੀ ਆਖਦੇ ਹਨ ਉਹ ਸਤਿ ਨੂੰ ਅਸੱਤਿ ਤੇ ਅਸੱਤਿ ਨੂੰ ਸਤਿ ਸਮਝਣ ਦੀ ਹੋਇਆ ਕਰਦੀ ਹੈ। ਇਸ ਸੰਸਾਰ ਵਿਚ ਜੇ ਕੇਵਲ ਕੋਈ ਸਤਿ ਸਰੂਪ ਹੈ ਤਾਂ ਉਹ ਵਾਹਿਗੁਰੂ ਜੀ ਹਨ। ਇਸ ਸਤਿ ਤੇ ਅਧਾਰਿਤ ਜਿੰਨੀ ਰਚਨਾ ਹੈ ਜਿਸ ਦਾ ਨਾਮ ਹੈ, ਰੂਪ ਹੈ, ਉਹ ਸਾਰੀ ਪ੍ਰਵਰਤਨਸ਼ੀਲ ਹੈ, ਇਕ ਰਸ ਕਦੇ ਵੀ ਨਹੀਂ ਰਿਹਾ ਕਰਦੀ। ਇਨਸਾਨ ਪਹਿਲਾਂ ਬੱਚਾ ਹੁੰਦਾ ਹੈ ਫੇਰ ਜਵਾਨੀ ਵਿਚ ਆਉਂਦਾ ਹੈ, ਫੇਰ ਬੁਢਾਪਾ ਆ ਜਾਂਦਾ ਹੈ ਜਿਸਨੂੰ ਜਰਾ ਰੋਗ ਆਖਦੇ ਹਨ, ਇਸ ਤੋਂ ਬਾਦ ਸਰੀਰ ਨਾਸ਼ ਹੋ ਜਾਂਦਾ ਹੈ। ਸੋ ਇਹ ਸਰੀਰ ਇਕ ਰਸ ਨਾ ਰਿਹਾ, ਪਰਿਵਰਤਨਸ਼ੀਲ ਵਿਭਾਗ ਵਿਚ ਆਇਆ ਰਿਹਾ। ਇਸੇ ਤਰ੍ਹਾਂ ਜਿਸ ਦਾ ਕੋਈ ਰੂਪ ਹੈ, ਜਿਸ ਦਾ ਵਾਹਿਗੁਰੂ ਤੋਂ ਬਿਨਾਂ ਕੋਈ ਰੂਪ ਹੈ ਭਾਵੇਂ ਉਹ ਸੂਖਸ਼ਮ, ਸਥੂਲ ਸਕਤੀਆਂ ਹਨ ਉਹ ਸਾਰੀਆਂ ਹੀ ਪਰਿਵਤਨਸ਼ੀਲ ਹੋਇਆ ਕਰਦੀਆਂ ਹਨ। ਆਦਮੀ ਦਾ ਮਨ ਅੰਧਕਾਰਮਈ ਅਗਿਆਨ ਦੇ ਪੂਰੀ ਤਰ੍ਹਾਂ ਵਸ ਹੋ ਕੇ ਪਰਿਵਰਤਨਸ਼ੀਲ ਵਿਸ਼ਿਆਂ ਵਿਚ ਸਦਾ ਹੀ ਪਰਚਿਆ ਰਹਿੰਦਾ ਹੈ ਅਤੇ ਉਸਦੀ ਬਿਰਤੀ ਭੁੱਲ ਕੇ ਵੀ ਸਦਾ ਸਤਿ ਵਾਹਿਗੁਰੂ ਜੀ ਨਾਲ ਰੁਚਿਤ ਨਹੀਂ ਹੁੰਦੀ। ਇਸ ਬਿਰਤੀ ਦੇ ਅਧੀਨ ਜੀਵ ਜਗਤ ਨੂੰ ਸਤਿ ਤੇ ਬ੍ਰਹਮ ਨੂੰ ਅਸੱਤਿ ਗਿਣਦਾ ਹੈ। ਮੂਰਖ ਜੀਵ ਇਥੋਂ ਤਕ ਚਲਿਆ ਜਾਂਦਾ ਹੈ ਕਿ ਪ੍ਰਮੇਸ਼ਰ ਨਾਮ ਦੀ ਕੋਈ ਚੀਜ਼ ਹੈ ਹੀ ਨਹੀਂ। ਇਹ ਕੇਵਲ ਚਲਾਕ ਬੰਦਿਆਂ ਦੀ ਭੋਲਿਆਂ ਨੂੰ ਫਸਾਉਣ ਵਾਸਤੇ ਦਿਮਾਗੀ ਕਾਢ ਹੈ। ਲੱਖ ਸਮਝਾਉਣ ਤੇ ਵੀ ਇਸ ਦਾ ਨਿਸ਼ਚਾ ਨਹੀਂ ਬਦਲਦਾ ਜਿਸ ਕਰਕੇ ਇਹ ਜੀਵ ਮੁੜ-ਮੁੜ ਕੇ ਜਨਮਾਂ ਜਨਮਾਂਤਰਾਂ ਦੇ ਚੱਕਰ ਭੁਗਤਦਾ ਹਲਟ ਦੀਆਂ ਟਿੰਡਾਂ ਵਾਂਗੂੰ ਮੁੜ-ਮੁੜ ਕੇ ਗੇੜੇ ਖਾਂਦਾ ਹੈ। ਇਹ ਬਿਰਤੀ ਸਤਿ ਦੀ ਪਛਾਣ ਨਹੀਂ ਹੋਣ ਦਿੰਦੀ ਅਤੇ ਨਾ ਹੀ ਸਤਿ ਨਾਲ ਚਿਤ ਲਗਣ ਦਿੰਦੀ ਹੈ।

**ਨਿੰਦਰਾ ਬਿਰਤੀ** - ਤਿੰਨਾਂ ਗੁਣਾਂ ਦੀ ਨੀਂਦ ਇਸ ਜੀਵ ਨੂੰ ਸਦਾ ਹੀ ਚੜ੍ਹੀ ਰਹਿੰਦੀ ਹੈ ਅਤੇ ਪੰਜਾਂ ਭਰਮਾਂ ਵਿਚ ਪਿਆ ਜੀਵ ਹਚਕੋਲੇ ਖਾਂਦਾ ਹੈ। ਇਸਦੇ ਅੰਦਰ ਮਹਾਤਮਾ ਦੇ ਬਚਨ ਸੁਣ ਕੇ ਵੀ ਜਾਗ ਪੈਦਾ ਨਹੀਂ ਹੁੰਦੀ ਅਤੇ ਇਸ ਦੀ ਸਾਰੀ ਅਉਧ ਸੁੱਤੇ ਦੀ ਲੰਘ ਜਾਂਦੀ ਹੈ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ॥*
*ਪੰਨਾ - 920*

ਇਸ ਜੀਵ ਨੂੰ ਜਾਗ ਨਹੀਂ ਆਉਂਦੀ ਅਤੇ ਨਿੰਦਰਾ ਬਿਰਤੀ ਦੇ ਵਿਚ ਗੁਲਤਾਨ ਹੋਇਆ ਹੋਇਆ ਅਨੇਕ ਕਿਸਮ ਦੇ ਸੰਸਾਰਕ ਸੁਪਨੇ ਲੈ ਕੇ ਸੰਸਾਰ ਵਿਚੋਂ ਚਲਿਆ ਜਾਂਦਾ ਹੈ।

ਚੌਥੀ ਬਿਰਤੀ ਨੂੰ ਵਿਕਲਪ ਆਖਿਆ ਜਾਂਦਾ ਹੈ। ਇਹ ਭਜਨ ਬੰਦਗੀ ਕਰਨ ਵੇਲੇ ਮਨ ਦੇ ਵੇਗ ਨੂੰ ਦੇਖੀਆਂ ਹੋਈਆਂ, ਸੁਣੀਆਂ ਹੋਈਆਂ, ਪਰਖੀਆਂ ਹੋਈਆਂ ਵਸਤੂਆਂ ਵਲ ਨੂੰ ਜ਼ੋਰ ਨਾਲ ਖਿਚਦੀ ਹੈ ਅਤੇ ਮਨ ਨੂੰ ਸਤਿ ਸ਼ਬਦ ਦੀ ਧੁਨ ਉਤੇ ਇਕਾਗਰ ਨਹੀਂ ਹੋਣ ਦਿੰਦੀ ਅਤੇ ਨਾ ਹੀ ਮਹਾਂਪੁਰਸ਼ਾਂ ਦੇ ਬਚਨਾਂ ਨੂੰ ਇਕ ਰਸ ਵਿਚਾਰਨ ਦਿੰਦੀ ਹੈ। ਇਹ ਬਹੁਤ ਭਾਰੀ ਰੁਕਾਵਟ ਬਣ ਜਾਂਦੀ ਹੈ। ਭਜਨ ਕਰਨ ਵੇਲੇ ਮਨ ਨੂੰ ਉਡਾਰੀਆਂ ਦੇ ਵਿਚ ਲੈ ਜਾਂਦੀ ਹੈ ਅਤੇ ਇਹ ਮਨ ਉਡਾਰੀਆਂ ਮਾਰਦਾ ਦੁਖ-ਸੁਖ ਭੋਗਦਾ ਵਿਆਕੁਲ ਹੋਇਆ ਰਹਿੰਦਾ ਹੈ।

ਪੰਜਵੀਂ ਬਿਰਤੀ ਜਿਸਨੂੰ ਸਿਮਰਤੀ ਬਿਰਤੀ ਆਖਦੇ ਹਨ, ਬਹੁਤ ਹੀ ਖਤਰਨਾਕ ਹੈ। ਇਹ ਜੀਵ ਦੇ ਨਾਲ ਐਨੀ ਘੁਲ ਮਿਲ ਜਾਂਦੀ ਹੈ ਕਿ ਲੰਘ ਚੁਕੀਆਂ ਗੱਲਾਂ ਇਹ ਕਦੇ ਵੀ ਨਹੀਂ ਭੁਲਦਾ। ਉਹ ਦੁਖਦਾਈ ਗੱਲਾਂ ਯਾਦ ਕਰੇਗਾ ਜਿਸ ਨਾਲ ਇਸਦੇ ਮਨ ਦਾ ਸੰਤੁਲਨ ਹਟ ਕੇ, ਵੈਰ ਭਾਵ ਵਿਚ ਚਲਿਆ ਜਾਵੇ। ਅਫਸੋਸ ਵਿਚ ਚਲਿਆ ਜਾਂਦਾ ਹੈ ਉਸਦੇ ਨਾਲ ਸਰੀਰ ਦੇ ਉਤੇ ਮਾੜੇ ਅਸਰ ਪੈਂਦੇ ਹਨ, ਸਰੀਰ ਦੀ ਸਵਸਥਤਾ ਉਤੇ ਗਹਿਰਾ ਅਸਰ ਪੈ ਕੇ ਇਸ ਸਿਮਰਤੀ ਦੇ ਭੰਡਾਰੇ ਵਿਚ ਮਿਲ ਜਾਂਦਾ ਹੈ। ਕਿਉਂਕਿ ਇਸ ਜੀਵਨ ਦੀ ਰੌ ਵਿਚ ਦੁਖ ਦੇਣ ਵਾਲੇ, ਆਰਥਕ ਨੁਕਸਾਨ ਵਾਲੇ, ਭਾਈਚਾਰਕ ਰੁਕਾਵਟਾਂ ਪਾਉਣ ਵਾਲੇ ਬਹੁਤ ਵਿਅਕਤੀਆਂ ਜਿਨ੍ਹਾਂ ਨੂੰ ਅਸੀਂ ਆਪਣੇ ਹੀ ਕਰਮ ਕਹਿ ਸਕਦੇ ਹਾਂ ਉਨ੍ਹਾਂ ਨਾਲ ਅਸਾਡਾ ਵਾਹ ਪਿਆ। ਉਨ੍ਹਾਂ ਦੀ ਯਾਦ ਹਿਰਦੇ ਵਿਚ ਕਿਸੇ ਨੁਕਰੇ ਪਈ ਉਸ ਥਾਂ ਨੂੰ ਬਦਬੂਦਾਰ ਕਰਦੀ ਹੈ। ਜਦੋਂ ਉਨ੍ਹਾਂ ਦੀ ਯਾਦ ਆਉਂਦੀ

ਹੈ ਤਾਂ ਚਿਤ ਦੀ ਇਕਾਗਰਤਾ ਭੰਗ ਹੋ ਜਾਂਦੀ ਹੈ, ਖ਼ੂਨ ਉਬਾਲੇ ਖਾਣ ਲਗ ਜਾਂਦਾ ਹੈ ਪਰ ਹੱਥ ਕੁਝ ਨਹੀਂ ਆਉਂਦਾ। ਸੋ ਇਹ ਸਿਮ੍ਰਤੀ ਬਿਰਤੀ ਭਜਨ ਕਰਨ ਵਿਚ ਬਹੁਤ ਹੀ ਰੁਕਾਵਟ ਹੈ। ਤੁਸੀਂ ਇਕ ਵਾਰੀ ਮਨ ਚਿਤ ਇਕਾਗਰ ਕਰਕੇ ਇਸ ਤਰ੍ਹਾਂ ਦੇ ਨਾਲ ਪੜ੍ਹੋ –

*ਧਾਰਨਾ –ਜਸ ਕਰੋ ਵਾਹਿਗੁਰੂ ਦਾ,*
*ਪਿਆਰਿਓ, ਚਿਤ ਨੂੰ ਇਕਾਗਰ ਕਰਕੇ*

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥*

*ਪੰਨਾ – 295*

ਸੋ ਇਸ ਕਰਕੇ ਜੋ ਮੈਂ ਲੰਬੀ ਚੌੜੀ ਬੇਨਤੀ ਕੀਤੀ ਹੈ ਉਸ ਵਲ ਧਿਆਨ ਦੇਵੋ ਅਤੇ ਇਨ੍ਹਾਂ ਬਿਰਤੀਆਂ ਤੋਂ ਉਚੇ ਉਠਣ ਲਈ ਗੁਰੂ ਦੀ ਸੰਗਤ ਇਕ ਬਹੁਤ ਵੱਡਾ ਕਿਲਾ ਹੁੰਦਾ ਹੈ। ਉਸ ਕਿਲੇ ਦੇ ਵਿਚ ਦੁਸ਼ਮਣ ਨੂੰ ਦਾਖਲ ਹੋਣਾ ਬਹੁਤ ਹੀ ਕਠਨ ਹੁੰਦਾ ਹੈ। ਇਥੇ ਤੁਸੀਂ ਗੁਰੂ ਸਰੂਪ ਦਾ ਧਿਆਨ ਕਰਕੇ ਕੰਨਾਂ ਨਾਲ ਵਿਚਾਰ ਸਰਵਣ ਕਰੋ ਅਤੇ ਵਾਹਿਗੁਰੂ ਦੀ ਦਿਤੀ ਹੋਈ ਵਿਚਾਰ ਸ਼ਕਤੀ ਵਰਤ ਕੇ ਸਤਿਸੰਗ ਦੇ ਸ਼ੁਭ ਅੰਸ ਹਿਰਦੇ ਵਿਚ ਧਾਰਨ ਕਰੋ ਜਿਸ ਦੇ ਕਰਨ ਨਾਲ ਆਪ ਪੂਰਾ–ਪੂਰਾ ਲਾਭ ਉਠਾ ਸਕੋਂਗੇ। ਸੋ ਆਪ ਦੇ ਗਿਆਤ ਵਿਚ ਇਹ ਗੱਲ ਸਮਾਅ ਗਈ ਹੋਵੇਗੀ ਕਿ ਜੋ ਮੈਂ ਬਾਰ–ਬਾਰ ਬੇਨਤੀ ਕਰਦਾ ਹਾਂ ਕਿ ਧਿਆਨ ਗੁਰ ਸ਼ਬਦ ਵਲ ਦੇਵੋ। ਜਦੋਂ ਤਕ ਤੁਸੀਂ ਧਿਆਨ ਨਹੀਂ ਦੇਵੋਗੇ ਓਨੀ ਦੇਰ ਤਕ ਗੁਰਬਾਣੀ ਦਾ ਅਸਰ ਨਹੀਂ ਹੋਣਾ। ਅਸੀਂ ਗੁਰਬਾਣੀ ਦੀ ਵਿਚਾਰ ਵਿਚ ਅਵੇਸਲੇ ਰਹਿੰਦੇ ਹਾਂ। ਗੁਰਬਾਣੀ ਦੀ ਵਿਚਾਰ ਕਰਕੇ ਜੇ ਕਿਤੇ ਅਸੀਂ ਸਾਰੇ ਇਨ੍ਹਾਂ ਸਿਧਾਂਤਾਂ ਨੂੰ ਹਿਰਦੇ ਵਿਚ ਧਾਰਨ ਕਰ ਲਈਏ ਤਾਂ ਪੂਰਨ ਗਿਆਨ ਹੋਣਾ ਕੋਈ ਮੁਸ਼ਕਲ ਗੱਲ ਨਹੀਂ। ਸੁਣਨ ਦੀ ਮਹਿਮਾ ਜੋ ਜਪੁਜੀ ਸਾਹਿਬ ਵਿਚ ਗੁਰੂ ਮਹਾਰਾਜ ਜੀ ਨੇ ਵਰਣਨ ਕੀਤੀ ਹੈ ਉਹ ਇਨ੍ਹਾਂ ਸਾਰੀਆਂ ਬਿਰਤੀਆਂ, ਕਲੇਸ਼ਾਂ ਤੋਂ ਉਪਰ ਉਠ ਕੇ ਬਾਣੀ ਨੂੰ ਸੁਣਨ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਉਸ ਤੋਂ ਪਿਛੋਂ ਮੰਨਣ ਦੀ ਅਵਸਥਾ ਹੋਇਆ ਕਰਦੀ ਹੈ ਉਸ ਵਿਚ ਵੀ ਬਹੁਤ ਵੱਡੀ ਰੁਕਾਵਟ ਸੰਸਕਾਰਾਂ ਉਪਰ ਤੈਹਾਂ ਦੀਆਂ ਤੈਹਾਂ, ਮੈਲ ਉਪਰ ਹੋਰ ਮੈਲ, ਜਨਮਾਂ ਜਨਮਾਂਤਰਾਂ ਤੋਂ ਚਿੰਬੜੀ ਹੁੰਦੀ ਹੈ –

*ਜਨਮ ਜਨਮ ਕੀ ਇਸੁ ਮਨ ਕਉ ਮਲੁ*
*ਲਾਗੀ ਕਾਲਾ ਹੋਆ ਸਿਆਹੁ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ॥ ਪੰਨਾ – 651*

ਇਹ ਤੈਹਾਂ **bad conductor** ਦਾ ਕੰਮ ਕਰਦੀਆਂ, ਚੰਗੇ ਤੋਂ ਚੰਗੇ ਉਪਦੇਸ਼ ਨੂੰ ਅੰਤਸ਼ਕਰਣ ਵਿਚ ਪ੍ਰਵੇਸ਼ ਨਹੀਂ ਕਰਨ ਦਿੰਦੀਆਂ। ਜਿੰਨੀ ਦੇਰ ਆਦਮੀ ਸਤਿਸੰਗ ਕਰਦਾ ਹੈ ਉਨੀ ਦੇਰ ਤੱਕ ਸਤਿਸੰਗ ਦੇ ਬਲ ਕਰਕੇ, ਸ਼ਬਦ ਦੀ ਸ਼ਕਤੀ ਕਰਕੇ ਕੁਝ ਅਸਰ ਇਸ ਉਪਰ ਹੋਇਆ ਕਰਦਾ ਹੈ ਪਰ ਇਨ੍ਹਾਂ ਮੈਲਾਂ ਦੀਆਂ ਤੈਹਾਂ ਦੇ ਤਲ ਤੋੜਨੇ ਬਹੁਤ ਹੀ ਮੁਸ਼ਕਲ ਹੋਇਆ ਕਰਦੇ ਹਨ। ਇਨ੍ਹਾਂ ਤੈਹਾਂ ਵਿਚ ਬੋਰ ਕਰਨ ਲਈ ਆਦਮੀ ਨੂੰ ਸਖ਼ਤ ਸੰਘਰਸ਼, ਅਭਿਆਸ ਵਿਚੋਂ ਲੰਘਣਾ ਪੈਂਦਾ ਹੈ, ਸਾਧਨਾ ਕਰਨੀ ਪੈਂਦੀ ਹੈ ਅਤੇ ਕਿਸੇ ਮਹਾਂਪੁਰਸ਼ ਦੀ ਦੇਖ–ਰੇਖ ਵਿਚ, ਉਸਦੇ ਪਿਆਰ ਵਿਚ ਇਹ ਕ੍ਰਿਆ ਅਸਾਨ ਹੋ ਜਾਇਆ ਕਰਦੀ ਹੈ। ਸੋ ਇਸ ਤਰ੍ਹਾਂ ਸਮਝੋ ਕਿ ਜਦੋਂ ਅਸੀਂ ਤੈਹਾਂ ਵਿਚ ਕੋਈ ਗੁਰੂ ਦਾ ਬਚਨ ਪਹੁੰਚਾਉਣਾ ਹੋਵੇ ਫੇਰ ਉਸੇ ਤਰ੍ਹਾਂ ਕਰਦੇ ਹਾਂ ਜਿਵੇਂ ਧਰਤੀ ਵਿਚ ਬੋਰ ਕਰਕੇ ਪਾਣੀ ਤਕ ਪਹੁੰਚਦੇ ਹਾਂ। ਮਹਾਂਪੁਰਸ਼ਾਂ ਦਾ ਐਸਾ ਮਤ ਹੈ ਕਿ ਜੇ ਦੁੱਖਾਂ ਦਾ ਬੋਰ ਕਰ ਦੇਈਏ ਤਾਂ ਇਸ ਜੀਵ ਦੀਆਂ ਖੜ੍ਹਮਸਤੀਆਂ ਦੇ ਵਿਚੋਂ ਲੰਘ ਕੇ ਉਹ ਸ਼ਾਂਤ ਮਾਹੌਲ ਦੇ ਨਾਲ ਜੋੜ ਦਿਆ ਕਰਦੀ ਹੈ। ਨਹੀਂ ਤਾਂ ਆਮ ਅਵਸਥਾ ਦੇ ਵਿਚ ਇਹ ਜੀਵ ਬੇਅੰਤ ਅਸਰਾਂ ਦੇ ਅਧੀਨ ਆਇਆ ਹੋਇਆ ਸੁਣਦਾ ਹੀ ਨਹੀਂ। ਇਸ ਕਰਕੇ ਜਿਹੜਾ ਦੁਖ ਹੈ ਇਹ ਅਸਾਡੇ ਵਾਸਤੇ ਇਕ **injection** ਹੈ, ਸਿੱਧਾ ਨਾੜੀ ਵਿਚ ਲਾਉਂਦੇ ਹਨ ਤਾਂ ਕਿ ਅਸਰ ਕਰ ਜਾਵੇ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਦੁਖ ਦਾਰੂ ਸੁਖੁ ਰੋਗੁ ਭਇਆ*
*ਜਾ ਸੁਖੁ ਤਾਮਿ ਨ ਹੋਈ॥*

*ਪੰਨਾ – 469*

ਸੋ ਉਸ ਬਾਰੇ ਸਾਨੂੰ ਸਮਝਾਉਂਦੇ ਹਨ, ਪੜ੍ਹੋ ਪਿਆਰ ਦੇ ਨਾਲ–

*ਧਾਰਨਾ –ਰਾਮ ਸਿਉ ਕਰ ਪ੍ਰੀਤ,*
*ਮੇਰੇ ਮਨ ਰਾਮ ਸਿਉ ਕਰਿ ਪ੍ਰੀਤ*

*ਰੇ ਮਨ ਰਾਮ ਸਿਉ ਕਰਿ ਪ੍ਰੀਤਿ॥*
*ਸ੍ਰਵਨ ਗੋਬਿੰਦ ਗੁਨੁ ਸੁਨਉ*
*ਅਰੁ ਗਾਉ ਰਸਨਾ ਗੀਤਿ॥*
*ਕਰਿ ਸਾਧ ਸੰਗਤਿ ਸਿਮਰੁ ਮਾਧੋ*
*ਹੋਹਿ ਪਤਿਤ ਪੁਨੀਤ॥*

*ਪੰਨਾ – 631*

ਜਨਮਾਂ ਜਨਮਾਂਤਰਾਂ ਦੀ ਲੱਗੀ ਮੈਲ ਸੰਗਤ ਵਿਚ ਆ ਕੇ ਲਹਿ ਜਾਂਦੀ ਹੈ –

*ਸਚੇ ਚਰਣ ਸਰੇਵੀਅਹਿ ਭਾਈ*
*ਭ੍ਰਮੁ ਭਉ ਹੋਵੈ ਨਾਸੁ॥*
*ਮਿਲਿ ਸੰਤ ਸਭਾ ਮਨੁ ਮਾਂਜੀਐ*
*ਭਾਈ ਹਰਿ ਕੈ ਨਾਮਿ ਨਿਵਾਸੁ॥*
*ਮਿਟੈ ਅੰਧੇਰਾ ਅਗਿਆਨਤਾ*
*ਭਾਈ ਕਮਲ ਹੋਵੈ ਪਰਗਾਸੁ॥*
*ਗੁਰ ਬਚਨੀ ਸੁਖੁ ਊਪਜੈ ਭਾਈ*
*ਸਭਿ ਫਲ ਸਤਿਗੁਰ ਪਾਸਿ॥*
*ਮੇਰਾ ਤੇਰਾ ਛੋਡੀਐ ਭਾਈ*
*ਹੋਈਐ ਸਭ ਕੀ ਧੂਰਿ॥*
*ਘਟਿ ਘਟਿ ਬ੍ਰਹਮੁ ਪਸਾਰਿਆ*

*ਭਾਈ ਪੇਖੈ ਸੁਣੈ ਹਜੂਰਿ॥*
*ਜਿਤੁ ਦਿਨਿ ਵਿਸਰੈ ਪਾਰਬ੍ਰਹਮੁ*
*ਭਾਈ ਤਿਤੁ ਦਿਨਿ ਮਰੀਐ ਝੂਰਿ॥*
*ਕਰਨ ਕਰਾਵਨ ਸਮਰਥੋ ਭਾਈ*
*ਸਰਬ ਕਲਾ ਭਰਪੂਰਿ॥*

*ਪੰਨਾ - 640*

ਐਸੇ ਜੋ ਵਾਹਿਗੁਰੂ ਜੀ ਹਨ ਉਨ੍ਹਾਂ ਨਾਲ ਸਤਿਸੰਗ ਵਿਚ ਆ ਕੇ ਪਿਆਰ ਪੈਂਦਾ ਹੈ ਉਸਦੇ ਗੁਣਾਂ ਦਾ ਕੋਈ ਸ਼ੁਮਾਰ ਨਹੀਂ ਹੈ, ਉਹ ਨਿ੍ਗੁਣਿਆਂ ਨੂੰ ਪਾਲਦਾ ਹੈ, ਸਾਰਿਆਂ ਨੂੰ ਰਿਜਕ ਦਿੰਦਾ ਹੈ, ਉਸ ਦਾ ਨਾਮ ਬਹੁਤ ਹੀ ਪਿਆਰਾ ਹੈ, ਸੋਹਣਾ ਹੈ। ਜਿਸਨੂੰ ਪੂਰੇ ਸਤਿਗੁਰੂ ਦਾ ਮਿਲਾਪ ਹੋ ਜਾਵੇ ਉਸਨੂੰ ਸੋਝੀ ਪੈ ਜਾਂਦੀ ਹੈ। ਅਜਿਹੇ ਵਾਹਿਗੁਰੂ ਜੀ ਤੋਂ ਬਿਨਾਂ ਜੀਉਣਾ ਵਿਅਰਥ ਹੋਇਆ ਕਰਦਾ ਹੈ। ਸਾਧੂ ਦੀ ਸੰਗਤ ਕਰਕੇ ਉਹ ਸਰਬ ਕਲਾ ਭਰਪੂਰ ਵਾਹਿਗੁਰੂ ਨਾਲ ਪ੍ਰੀਤ ਪੈਂਦੀ ਹੈ। ਜਿਹੜੇ ਪ੍ਰੀਤ ਵਿਹੂਣੇ ਹਨ, ਮਹਾਰਾਜ ਜੀ ਫੁਰਮਾਉਂਦੇ ਹਨ ਕਿ ਉਹ ਨਿਤ-ਨਿਤ ਝੂਰ-ਝੂਰ ਕੇ ਮਰਦੇ ਹਨ -

*ਜਿਨਾ ਪ੍ਰੀਤਿ ਨ ਲਗੀਆ ਭਾਈ*
*ਸੇ ਨਿਤ ਨਿਤ ਮਰਦੇ ਝੂਰਿ॥*

*ਪੰਨਾ - 640*

ਜਦੋਂ ਸਤਿਸੰਗ ਵਿਚ ਆ ਕੇ ਗੁਰੂ ਦੀ ਬਾਣੀ ਸਰਵਣ ਕਰਕੇ ਮੈਲ ਲਹਿ ਗਈ, ਮਨ ਮਾਂਜਿਆ ਗਿਆ, ਲਿਸ਼ਕ ਗਿਆ, ਉਸ ਮਨ ਵਿਚ ਨਾਮ ਦਾ ਪ੍ਰਕਾਸ਼ ਹੋ ਜਾਇਆ ਕਰਦਾ ਹੈ।

ਜਿਨ੍ਹਾਂ ਨੇ ਪਹਿਲੇ ਦੀਵਾਨ ਲਗਾਤਾਰ **attend** ਕੀਤੇ (ਹਾਜ਼ਰੀ ਭਰੀ) ਨੇ, ਉਨ੍ਹਾਂ ਨੂੰ ਪਤਾ ਹੈ ਕਿ ਬਹੁਤ ਖੋਲ੍ਹ ਕੇ ਵਿਆਖਿਆ ਕੀਤੀ ਗਈ ਸੀ। ਇਕ ਪ੍ਰੇਮੀ ਪੂਰਨ ਪ੍ਰਵਾਨ ਅਵਸਥਾ ਦਾ, ਜਿਸਨੂੰ ਛੋਟੀ ਉਮਰ ਵਿਚ ਹੀ ਬ੍ਰਹਮਗਿਆਨ ਦੀ ਅਵਸਥਾ ਪ੍ਰਾਪਤ ਹੋ ਚੁੱਕੀ ਸੀ ਜਿਨ੍ਹਾਂ ਦਾ ਨਾਮ ਭਾਈ ਤਿਲੋਕਾ ਸੀ, ਜਿਨ੍ਹਾਂ ਉਤੇ ਗੁਰੂ ਨਾਨਕ ਪਾਤਸ਼ਾਹ ਦੀ ਅਪਾਰ ਕ੍ਰਿਪਾ ਹੋਈ, ਉਹ ਗੁਰੂ ਨਾਲ ਅਭੇਦ ਹੋ ਗਏ ਸਨ ਅਤੇ ਕਾਲ ਮੰਡਲ ਤੋਂ ਪਾਰ ਹੋ ਕੇ ਅਕਾਲ ਮੰਡਲ ਦੇ ਵਾਸੀ ਹੋ ਗਏ ਸਨ। ਫਰਸ਼ਾਂ ਤੋਂ ਉਠ ਕੇ ਅਰਸ਼ਾਂ-ਕੁਰਸ਼ਾਂ ਦੀ ਮੌਜ ਦੇ ਹੁਲਾਰੇ ਮਾਣ ਰਹੇ ਸਨ। ਮਨ ਦੀ ਨੀਵੀਂ ਅਵਸਥਾ ਤੋਂ ਉਡਾਰੀ ਮਾਰ ਕੇ ਉਨਮਨੀ ਅਵਸਥਾ ਦਾ ਅਨੰਦ ਲੈਣਾ ਸ਼ੁਰੂ ਕਰ ਦਿਤਾ ਸੀ। ਉਨਮਨੀ ਅਵਸਥਾ ਦੇ ਅਨੰਦ ਨੂੰ ਗੁਰੂ ਦਸ਼ਮੇਸ਼ ਪਿਤਾ ਜੀ ਖੋਲ੍ਹ ਕੇ ਦਸਦੇ ਹਨ ਕਿ ਉਸ ਅਵਸਥਾ ਦੇ ਅਨੰਦ ਦੀ ਸੋਭਾ ਕਹਿਣ ਸੁਣਨ ਤੋਂ ਬਾਹਰ ਹੋਇਆ ਕਰਦੀ ਹੈ। ਉਸ ਵਿਚ ਅਤੇ ਗੁਰੂ ਵਿਚ ਕੋਈ ਭੇਤ ਨਹੀਂ ਰਿਹਾ ਕਰਦਾ, ਉਹ ਵਾਹਿਗੁਰੂ ਦਾ ਰੂਪ ਹੀ ਬਣ ਜਾਇਆ ਕਰਦਾ ਹੈ।

*ਆਤਮ ਰਸ ਜਿਹ ਜਾਨਹੀ*
*ਸੋ ਹੈ ਖ਼ਾਲਸ ਦੇਵ।।*

*(ਸਰਬ ਲੋਹ ਗ੍ਰੰਥ 'ਚੋਂ)*

ਮੇਰੇ ਵਿਚ, ਉਸਦੇ ਵਿਚ ਕੋਈ ਫਰਕ ਨਹੀਂ ਹੈ ਜੋ ਆਤਮ ਅਨੰਦ ਦੀ ਪੀਂਘ ਦੇ ਹੁਲਾਰੇ ਮਾਣਦੇ ਸੰਸਾਰ ਵਿਚ ਵਿਚਰਦੇ ਹਨ। ਸੋ ਐਸੀ ਅਵਸਥਾ ਵਾਲੇ ਗੁਰਮੁਖ ਨੂੰ ਅਭੇਦ ਅਵਸਥਾ ਵਾਲਾ ਗੁਰਮੁਖ ਵੀ ਆਖਿਆ ਜਾਂਦਾ ਹੈ। ਗੁਰੂ ਦਸਮੇਸ਼ ਪਿਤਾ ਜੀ ਨੇ ਅਭੇਦ ਅਵਸਥਾ ਵਾਲੇ ਗੁਰਸਿੱਖਾਂ ਨੂੰ ਖਾਲਸਾ ਕਹਿ ਕੇ ਨਿਵਾਜਿਆ ਹੈ। ਉਹ ਗੁਰੂ ਵਿਚ ਪੂਰੀ ਤਰ੍ਹਾਂ ਅਭੇਦ ਹੋਇਆ ਕਰਦੇ ਹਨ। ਉਨ੍ਹਾਂ ਵਿਚ ਆਪਣੇ ਨਿਜ ਦੀ ਅਵਸਥਾ ਦੀ ਹੋਂਦ ਗੁਰੂ ਵਿਚ ਹੀ ਰਲ ਜਾਇਆ ਕਰਦੀ ਹੈ ਤੇ ਉਨ੍ਹਾਂ ਵਿਚ, ਵਾਹਿਗੁਰੂ ਤੇ ਗੁਰੂ ਵਿਚ ਕੋਈ ਭੇਦ ਨਹੀਂ ਹੋਇਆ ਕਰਦਾ -

*ਪ੍ਰਭ ਮਹਿ ਮੋ ਮਹਿ ਤਾਸ ਮਹਿ*
*ਰੰਚਕ ਨਾਹਨ ਭੇਵ॥*

*(ਸਰਬ ਲੋਹ ਗ੍ਰੰਥ 'ਚੋਂ)*

ਉਹ ਖਾਲਸਾ ਪਦਵੀ ਤੇ ਪਹੁੰਚਿਆ ਹੋਇਆ ਪ੍ਰੇਮੀ ਹੁੰਦਾ ਹੈ। ਉਹਦੇ ਵਿਚ ਅਸਾਡਾ ਪੂਰੀ ਤਰ੍ਹਾਂ ਨਿਵਾਸ ਹੁੰਦਾ ਹੈ। ਗੁਰੂ ਉਸ ਵਿਚ ਹੁੰਦਾ ਹੈ ਅਤੇ ਉਹ ਗੁਰੂ ਵਿਚ ਹੁੰਦਾ ਹੈ।

*ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥*
*ਏਕਹਿ ਆਪਿ ਨਹੀ ਕਛੁ ਭਰਮੁ॥*

*ਪੰਨਾ - 287*

ਐਉਂ ਨਹੀਂ ਹੁੰਦਾ ਕਿ ਕੁਝ ਪ੍ਰਤੀਸ਼ਤ ਹੋਵੇ, ਜਾਂ 99% ਹੋਵੇ, ਉਸ ਦਾ ਆਪਾ ਪੂਰਨ ਤੌਰ ਦੇ ਉਤੇ ਅਭੇਦ ਹੋ ਜਾਇਆ ਕਰਦਾ ਹੈ। ਹਉਮੈ ਨਾਮ ਦੀ ਕੋਈ ਚੀਜ਼ ਬਾਕੀ ਨਹੀਂ ਰਿਹਾ ਕਰਦੀ। ਐਸੇ ਗੁਰਸਿੱਖ ਦੇ ਬਾਰੇ ਹੀ ਫੁਰਮਾਨ ਹੈ -

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥*

*(ਸਰਬ ਲੋਹ ਗ੍ਰੰਥ 'ਚੋਂ)*

ਅਸੀਂ ਅੱਜਕਲ੍ਹ ਅਗਿਆਨ ਵਸ ਅਜਿਹੀ ਉਚ ਅਵਸਥਾ ਨੂੰ ਨਾ ਸਮਝਦਿਆਂ ਹੋਇਆਂ ਹਰ ਇਕ ਨੂੰ ਖਾਲਸਾ ਨਾਮ ਨਾਲ ਸੰਬੋਧਨ ਕਰਦੇ ਹਾਂ। ਬਹੁਤ ਸਾਰੇ ਪ੍ਰੇਮੀ ਆਪਣੇ ਨਾਮ ਨਾਲ ਖਾਲਸਾ ਲਾ ਲੈਂਦੇ ਹਨ ਪਰ ਖ਼ਾਲਸਾ ਅਵਸਥਾ ਉਨ੍ਹਾਂ ਦੀ ਹੈ ਜਿਨ੍ਹਾਂ ਬਾਰੇ ਫੁਰਮਾਨ ਹੈ -

*ਜਿਨਾ ਨਾ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*

*ਪੰਨਾ - 397*

ਸੋ ਐਸੀ ਅਵਸਥਾ ਦਾ ਮਹਾਂਪੁਰਸ਼, ਉਮਰ 22 ਸਾਲ ਦੇ ਕਰੀਬ, ਜਿਨ੍ਹਾਂ ਦਾ ਨਾਮ ਭਾਈ ਤਿਲੋਕਾ ਜੀ, ਜੋ ਗੁਰੂ ਨਾਨਕ ਪਾਤਸ਼ਾਹ ਤੋਂ ਵਰੋਸਾਏ ਹੋਏ ਆਪਣਾ ਗੁਰਮੁਖ ਜੀਵਨ ਬਤੀਤ ਕਰ ਰਹੇ ਸਨ। ਭਾਈ ਤਿਲੋਕਾ ਜੀ ਚੌਧਰੀ ਭਾਈ ਭਗੀਰਥ ਮਲਸੀਹਾਂ ਵਾਲੇ ਦਾ ਇਕਲੌਤਾ ਪੁੱਤਰ ਸੀ। ਗੁਰੂ ਨਾਨਕ ਪਾਤਸ਼ਾਹ ਮਹਾਰਾਜ ਜੀ ਜਦੋਂ ਲੰਮੀਆਂ ਉਦਾਸੀਆਂ ਉਪਰ ਸੰਸਾਰ ਦਾ ਭਲਾ

ਕਰਨ ਲਈ ਗਏ ਹੋਏ ਸਨ ਉਸ ਸਮੇਂ ਗੁਰੂ ਮਹਾਰਾਜ ਜੀ ਤੋਂ ਵਰੋਸਾਏ ਹੋਏ ਗੁਰਸਿੱਖ ਇਕ ਦੂਜੇ ਨੂੰ ਮਿਲ ਕੇ ਆਪਣਾ ਰੂਹਾਨੀ ਸਫਰ ਤਹਿ ਕਰਿਆ ਕਰਦੇ ਸਨ। ਅਜਿਹੀ ਅਵਸਥਾ ਦੇ ਦੋ ਗੁਰਸਿੱਖ ਭਾਈ ਜੋਧ ਅਤੇ ਭਾਈ ਫਿਰਨਾ ਰਾਵੀ ਅਤੇ ਚਨਾਬ ਦੇ ਦੁਆਬੇ ਵਿਚ ਰਿਹਾ ਕਰਦੇ ਸਨ ਇਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਆਪ ਪੈਦਲ ਸਨੇ-ਸਨੇ ਸਫਰ ਕਰਦੇ ਜਾ ਰਹੇ ਸਨ। ਜੰਗਲ ਵਿਚੀਂ ਲੰਘ ਰਹੇ ਸਨ, ਛੋਟੀ ਜਿਹੀ ਪਾਣੀ ਦੀ ਸਰੋਤ ਵਗਦੀ ਦੇਖ ਕੇ ਲੰਮੇ ਘਾਸ ਵਿਚ, ਇਕ ਉਚੀ ਥਾਂ ਦੇਖ ਕੇ ਆਪ ਉਥੇ ਬਿਰਾਜ ਜਾਂਦੇ ਹਨ। ਇਸ ਤਲਕੇ ਦੇ ਇਕ ਛੋਟੇ ਰਾਜੇ ਦੀ ਰਾਜਕੁਮਾਰੀ ਸਹੇਲੀਆਂ ਨੂੰ ਲੈ ਕੇ ਘੋੜਿਆਂ ਤੇ ਸਵਾਰ ਹੋਈ ਇਸ ਰਮਣੀਕ ਥਾਂ ਦੇ ਨੇੜੇ ਪਹੁੰਚਦੀ ਹੈ, ਜਿਥੇ ਭਾਈ ਤਿਲੋਕਾ ਜੀ ਪੂਰੀ ਤਰ੍ਹਾਂ ਨਾਲ ਚਿਤ ਦੀ ਇਕਾਗਰਤਾ ਹੋਣ ਕਰਕੇ ਸਮਾਧੀ ਵਿਚ ਲੀਨ ਸਨ। ਆਪਣੇ ਮਾਲਕ ਦੇ ਪਿਆਰ ਵਿਚ ਲੀਨ ਸਹਿਜ ਸਮਾਧ ਦਾ ਅਨੰਦ ਮਾਣ ਰਹੇ ਸਨ।

ਰਾਜਕੁਮਾਰੀ ਨੇ ਦੂਰੋਂ ਦੇਖਿਆ ਕਿ ਪਾਣੀ ਦੇ ਕੰਢੇ ਕੁਝ ਬੈਠਾ ਹੈ, ਸਾਰੀਆਂ ਬੀਬੀਆਂ ਸ਼ਸ਼ਤਰਧਾਰੀ ਸਨ, ਤੀਰ ਚਲਾਉਣੇ, ਘੋੜੇ ਦੀ ਸਵਾਰੀ ਕਰਨੀ, ਬਰਛਾ ਚਲਾਉਣਾ ਉਸ ਸਮੇਂ ਦੇ ਹਾਲਾਤ ਦੇ ਮੁਤਾਬਿਕ ਆਪਣੀ ਸਵੈ ਰੱਖਿਆ ਲਈ ਬਹੁਤ ਜ਼ਰੂਰੀ ਹੋਇਆ ਕਰਦਾ ਸੀ। ਇਸੇ ਕਰਕੇ ਜਦੋਂ ਮਾਤਾ ਭਾਗੋ ਜੀ ਨੇ ਗੁਰੂ ਮਹਾਰਾਜ ਜੀ ਨੂੰ ਬੇਦਾਵਾ ਦੇ ਕੇ ਆਏ ਗੁਰਸਿੱਖਾਂ ਨੂੰ ਵੰਗਾਰ ਪਾਈ ਕਿ ਗੁਰੂ ਦੇ ਨਮਿਤ ਸੀਸ ਦੇਣ ਲਈ ਮੇਰੇ ਨਾਲ ਚੱਲੋ, ਉਸਨੇ ਖਦਰਾਣੇ ਦੀ ਢਾਬ ਦੇ ਕੰਢੇ ਆਪਣੇ ਸਾਥੀਆਂ ਸਮੇਤ ਬਹੁਤ ਹੀ ਪ੍ਰਸੰਸਾਯੋਗ ਅਤੇ ਹੈਰਾਨੀਜਨਕ ਯੁੱਧ ਕੀਤਾ ਜਿਸ ਵਿਚ ਉਸ ਨੇ ਆਪਣੇ ਸਾਂਗ ਨਾਲ ਮੁਗਲ ਫੌਜਾਂ ਦੇ ਆਹੂ ਲਾਹੇ। ਇਹ ਇਸੇ ਕਰਕੇ ਸੰਭਵ ਸੀ ਕਿ ਉਸ ਸਮੇਂ ਵਿਚ ਬੀਬੀਆਂ ਸ਼ਸ਼ਤਰ ਵਿਦਿਆ ਵਿਚ ਪੂਰੀ ਤਰ੍ਹਾਂ ਮਾਹਰ ਹੋਇਆ ਕਰਦੀਆਂ ਸਨ। ਸੋ ਇਸੇ ਤਰ੍ਹਾਂ ਜੰਗਲਾਂ ਵਿਚ ਜਾਣਾ, ਮਾਰੂ ਜਾਨਵਰਾਂ ਦਾ ਸ਼ਿਕਾਰ ਕਰਨਾ, ਬੀਬੀਆਂ ਲਈ ਵਰਜਿਤ ਨਹੀਂ ਸੀ। ਇਹ ਰਾਜਕੁਮਾਰੀ ਜਿਸ ਦਾ ਆਪਾਂ ਜ਼ਿਕਰ ਕਰ ਰਹੇ ਹਾਂ, ਕਈ ਖ਼ੂੰਖਾਰ ਸ਼ੇਰ ਮਾਰ ਚੁਕੀ ਸੀ। ਭਾਈ ਤਿਲੋਕਾ ਜੀ ਐਸੇ ਤਰੀਕੇ ਨਾਲ ਬੈਠੇ ਸਨ ਕਿ ਦੂਰੋਂ ਦੇਖਣ ਵਾਲਿਆਂ ਨੂੰ ਚੀਤੇ ਜਾਂ ਸ਼ੇਰ ਦਾ ਭੁਲੇਖਾ ਪੈਂਦਾ ਸੀ। ਕੁਦਰਤੀ ਘਾਹ ਚਾਰੇ ਪਾਸੇ ਕਾਫੀ ਉਚਾਈ ਨਾਲ ਉਨ੍ਹਾਂ ਨੂੰ ਢੱਕ ਰਿਹਾ ਸੀ। ਘਾਹ ਦੇ ਵਿਚੋਂ ਦੀ ਹੋ ਕੇ ਸਰਕੜੇ ਆਦਿ ਦਾ ਪਰਛਾਵਾਂ ਅਤੇ ਉਨ੍ਹਾਂ ਦੇ ਪਹਿਨੇ ਹੋਏ ਵਸਤਰ ਪੂਰੀ ਤਰ੍ਹਾਂ ਭੁਲੇਖਾ ਦੇ ਰਹੇ ਸਨ ਕਿ ਕੋਈ ਸ਼ੇਰ ਆਦਿ ਬੈਠਾ ਹੈ। ਇਸ ਤਰ੍ਹਾਂ ਰਾਜਕੁਮਾਰੀ ਨੇ ਅਭੋਲ ਹੀ ਉਸ ਉਪਰ ਆਪਣਾ ਤਿੱਖਾ ਤੀਰ ਚਲਾ ਦਿਤਾ, ਚਲਾਉਣ ਸਮੇਂ ਉਸ ਦੇ ਮਨ ਵਿਚ ਆਇਆ ਕਿ ਕਿਤੇ ਅਜਿਹਾ ਨਾ ਹੋਵੇ ਕਿ ਇਹ ਕੋਈ ਆਦਮੀ ਹੀ ਬੈਠਾ ਹੋਵੇ। ਇਕ ਦੋ ਸੈਕਿੰਡ ਵਾਸਤੇ ਸੋਚਿਆ ਕਿ ਆਦਮੀ ਦੇ ਬੈਠਣ ਦਾ ਐਥੇ ਕੀ ਕੰਮ ਹੈ। ਸੋ ਜੇ-ਜਿਕ ਕਰਦਿਆਂ ਵੀ ਰਾਜਕੁਮਾਰੀ ਨੇ ਭੁਲੇਖਾ ਖਾਣ ਦੇ ਬਾਵਜੂਦ ਤੀਰ ਦਾ ਪ੍ਰਹਾਰ ਕਰ ਦਿਤਾ। ਦੇਖਦੇ ਹੀ ਦੇਖਦੇ ਉਹ ਬਾਣ ਭਾਈ ਤਿਲੋਕਾ ਜੀ ਦੀ ਵੱਖੀ ਵਿਚ ਲੱਗਾ। ਉਚੀ ਅਵਾਜ਼ ਆਈ, ਸ਼ਾਇਦ ਵਾਹਿਗੁਰੂ ਮੁਖ ਤੋਂ ਉਚਾਰਿਆ ਹੋਵੇ। ਰਾਜਕੁਮਾਰੀ ਕੁਛ ਕੰਬ ਗਈ, ਘੋੜਾ ਨਠਾ ਕੇ ਇਕ ਦਮ ਉਸ ਥਾਂ ਪਹੁੰਚਦੀ ਹੈ। ਜਦੋਂ ਜਾ ਕੇ ਗੁਰਮੁਖ ਪਿਆਰੇ ਦਾ ਨੂਰਾਨੀ ਮੁਖੜਾ, ਚਿਹਰੇ ਦੀ ਸ਼ਾਂਤੀ ਅਤੇ ਸੁੰਦਰ ਅਤੇ ਭਰਵਾਂ ਸਡੌਲ ਸਰੀਰ, ਸਾਦੇ ਵਸਤਰਾਂ ਦੇ ਵਿਚ ਕਿਸੇ ਰਾਜਕੁਮਾਰ ਦਾ ਪ੍ਰਭਾਵ ਦਿੰਦਾ ਤੱਕਿਆ ਤਾਂ ਮਨ ਵਿਚ ਬਹੁਤ ਹੀ ਪਛਤਾਈ। ਪਹਿਲੀ ਵਾਰੀ ਜ਼ਿੰਦਗੀ ਦੇ ਵਿਚ ਰੋਈ ਸੀ ਕਿ ਮੇਰੇ ਤੋਂ ਬਹੁਤ ਅਨਰਥ ਹੋ ਗਿਆ ਕਿ ਮੈਂ ਐਵੇਂ ਬੇ-ਵਿਚਾਰੇ ਬਾਣ ਮਾਰ ਬੈਠੀ। ਪਾਲਕੀ ਵਿਚ ਸਵਾਰ ਕਰਾ ਕੇ ਵੈਦ ਸਮੇਤ ਘਰ ਲੈ ਗਈ। ਕੀਮਤੀ ਤੋਂ ਕੀਮਤੀ ਤਾਕਤ ਵਾਲੀਆਂ ਦਵਾਈਆਂ ਦਿਤੀਆਂ ਕਿ ਭਾਈ ਤਿਲੋਕਾ ਸੁਰਤ ਵਿਚ ਆ ਜਾਵੇ। ਤਿੰਨ ਚਾਰ ਦਿਨ ਦੀ ਦਵਾ-ਦਾਰੂ ਹੋਣ ਪਿਛੋਂ ਉਹ ਸੁਰਤ ਵਿਚ ਆਏ। ਪਹਿਲਾ ਸ਼ਬਦ ਇਸ ਰਾਜਕੁਮਾਰੀ ਨੇ ਕਿਹਾ ਕਿ ਹੇ ਚੰਗੇ ਮਨੁੱਖ! ਮੈਂ ਨਹੀਂ ਜਾਣਦੀ ਕਿ ਤੂੰ ਕੌਣ ਹੈਂ, ਕਿਥੋਂ ਆਇਆ ਹੈਂ ਪਰ ਤੇਰਾ ਚਿਹਰਾ ਮੋਹਰਾ ਦੇਖ ਕੇ ਤੇਰਾ ਸਡੌਲ ਖਿਚਾਂ ਪਾਉਣ ਵਾਲਾ ਮੁਖੜਾ ਦੇਖ ਕੇ ਮੈਨੂੰ ਐਉਂ ਲਗਦਾ ਹੈ ਕਿ ਤੂੰ ਆਮ ਮਨੁੱਖ ਨਹੀਂ ਹੈਂ। ਉਸ ਦਾ ਅਨੁਮਾਨ ਕਾਫੀ ਠੀਕ ਸੀ ਕਿਉਂਕਿ ਭਾਈ ਤਿਲੋਕਾ, ਭਾਈ ਭਗੀਰਥ ਜੋ ਮਲਸੀਹਾਂ ਦੇ ਇਲਾਕੇ ਦੇ ਵੱਡੇ ਚੌਧਰੀ ਸਨ, ਉਨ੍ਹਾਂ ਦਾ ਇਕਲੌਤਾ ਪੁਤਰ ਸੀ, ਨਾਮ ਦੀ ਰੰਗਣ ਨੇ ਉਸ ਦੇ ਰੂਪ ਨੂੰ ਚਾਰ ਚੰਦ ਲਾ ਦਿਤੇ ਸਨ। ਉਸ ਦੇ ਨੇਤਰਾਂ ਵਿਚ ਨਾਮ ਦੇ ਬਲ ਨਾਲ ਐਨੀ ਆਕਰਸ਼ਣ ਸ਼ਕਤੀ ਪੈਦਾ ਹੋ ਗਈ ਸੀ ਕਿ ਜੇ ਆਮ ਵਿਅਕਤੀ ਉਸ ਦੇ ਨੇਤਰਾਂ ਵਲ ਦੇਖਦਾ ਸੀ ਤਾਂ ਪੂਰੀ ਤਰ੍ਹਾਂ ਝਰਨ੍ਹਾਟਿਆ ਜਾ ਕੇ ਖਿੱਚ ਖਾ ਜਾਂਦਾ ਸੀ। ਨਾਮ ਦੇ ਅਭਿਆਸ ਦੀ ਪ੍ਰਮ ਸ਼ਾਂਤੀ ਦੇ ਨਾਲ ਚਿਹਰੇ ਉਪਰ ਨੂਰ ਵਰਸਣ ਲਗ ਗਿਆ ਸੀ। ਸੋ ਰਾਜਕੁਮਾਰੀ ਦਾ ਅਨੁਮਾਨ, ਉਸਦਾ ਇਹ ਕਹਿਣਾ ਕਿ ਤੂੰ ਆਮ ਮਨੁੱਖ ਨਹੀਂ ਹੈ, ਬਿਲਕੁਲ ਠੀਕ ਸੀ। ਜਦੋਂ ਉਸ ਨੇ ਬਚਨ ਕੀਤਾ ਤਾਂ ਉਸਨੂੰ ਪਤਾ ਲਗ ਗਿਆ ਕਿ ਇਹ ਤਾਂ ਬਹੁਤ ਉਚੀ ਬੁੱਧੀ ਦਾ ਮਾਲਕ ਹੈ। ਅੰਦਰੋਂ-ਬਾਹਰੋਂ ਪੂਰੀ ਤਰ੍ਹਾਂ ਸਵੱਛ, ਅਤਿ ਨਿਰਮਲ ਹੈ। ਇਸ ਦੀ ਦੇਖਣੀ ਵਿਚ ਅਪਣੱਤ ਭਰੀ ਖਿੱਚ ਹੈ, ਬੋਲਣ ਵਿਚ ਮਧੁਰਤਾ ਹੈ ਜੋ ਆਮ ਹਾਲਤਾਂ ਵਿਚ ਮਨੁਖ ਵਿਚ ਨਹੀਂ ਮਿਲਦੀਆਂ। ਜਦੋਂ ਭਾਈ ਤਿਲੋਕਾ ਜੀ ਨੂੰ ਸੁਰਤ ਆਈ, ਕਹਿਣ ਲੱਗੀ, "ਹੇ ਚੰਗੇ ਮਨੁੱਖ! ਮੈਂ ਬਹੁਤ ਮਾੜਾ ਕੰਮ ਕਰਿਆ ਹੈ। ਮੈਂ ਇਸ ਰਾਜੇ ਦੀ ਇਕਲੌਤੀ ਪੁਤਰੀ ਹਾਂ, ਮੈਂ ਬਹੁਤ ਗਲਤ ਕੰਮ ਕਰਿਆ ਹੈ। ਮੇਰੇ ਅੰਦਰ ਕਦੇ ਨਹੀਂ ਸੀ ਇਹ ਖਿਆਲ ਆਇਆ, ਭਾਵੇਂ ਜਾਨਵਰ ਬਥੇਰੇ ਮਾਰੇ ਪਰ ਮਾਰਨ ਤੋਂ ਬਾਦ ਇਹ ਖਿਆਲ ਨਹੀਂ ਸੀ ਆਉਂਦਾ ਕਿ ਮੈਂ ਕੋਈ ਮਾੜਾ ਕੰਮ ਕਰਿਆ ਹੈ। ਅੱਜ

ਮੇਰੇ ਅੰਦਰੋਂ ਬਾਰ-ਬਾਰ ਆਵਾਜ਼ ਉਠ ਰਹੀ ਹੈ ਕਿ ਮੈਂ ਬਹੁਤ ਹੀ ਬੁਰਾ ਕੰਮ ਕਰਿਆ ਹੈ। ਹੇ ਚੰਗੇ ਮਨੁੱਖ! ਕੀ ਤੂੰ ਮੇਰੇ ਗੁਨਾਹ ਮਾਫ ਕਰ ਸਕਦਾ ਹੈਂ? ਉਸ ਦਾ ਇਕ ਤਰੀਕਾ ਮੈਂ ਤੈਨੂੰ ਦਸਦੀ ਹਾਂ ਕਿ ਜਿਹੜਾ ਤੀਰ ਮੈਂ ਤੈਨੂੰ ਮਾਰਿਆ ਸੀ ਉਹ ਮਨਹੂਸ ਤੀਰ ਮੈਂ ਤੇਰੇ ਲੱਗਿਆ ਹੋਇਆ ਕੱਢ ਲਿਆਈ ਸੀ, ਤੂੰ ਓਹੀ ਤੀਰ ਲੈ ਕੇ ਕਮਾਣ ਤੇ ਚੜ੍ਹਾ ਤੇ ਮੈਨੂੰ ਖੋਭ ਦੇਹ, ਆਪਣੇ ਸਾਰੇ ਦੁਖ ਮੈਨੂੰ ਦੇ ਦੇ। ਮੈਂ ਮੰਜੇ ਉਪਰ ਪਵਾਂ ਤੇ ਤੂੰ ਮੇਰੀ ਦਾਰੀ ਕਰੇਂ ਤਾਂ ਮੈਂ ਇਸ ਮਾੜੇ ਕੰਮ ਦਾ ਪ੍ਰਾਸ਼ਚਿਤ ਕਰ ਸਕਾਂਗੀ। ਮੈਨੂੰ ਬਖਸ਼ ਦੇਹ ਤੇ ਆਹ ਤੀਰ ਤੇ ਕਮਾਣ ਪਈ ਹੈ ਮੇਰੇ ਐਵੇਂ ਜਿਵੇਂ ਮਾਰ।" ਇਹ ਕਹਿ ਕੇ ਹੰਝੂਆਂ ਦੀ ਝੜੀ ਲਗ ਗਈ। ਭਾਈ ਤਿਲੋਕਾ ਜੀ ਨੇ ਕਿਹਾ ਕਿ ਬੀਬਾ! ਐਂ ਨਾ ਕਹਿ ਤੂੰ, ਤੇਰਾ ਤਾਂ ਕੋਈ ਦੋਸ਼ ਹੀ ਨਹੀਂ ਹੈ। ਮੇਰੇ ਸਤਿਗੁਰੂ ਜੀ ਤਾਂ ਫੁਰਮਾਉਂਦੇ ਹਨ ਕਿ ਦੋਸ਼ ਮੇਰੇ ਹੀ ਆਪਣੇ ਕਰਮਾਂ ਦਾ ਹੈ, ਤੂੰ ਤਾਂ ਕੋਈ ਦੋਸ਼ ਹੀ ਨਹੀਂ ਕਰਿਆ। ਬੀਬਾ! ਤੈਨੂੰ ਨਹੀਂ ਪਤਾ; ਤੂੰ ਰਾਜ ਕੁਮਾਰੀ ਹੈਂ, ਰਾਜਕੁਮਾਰਾਂ ਤੇ ਰਾਜਕੁਮਾਰੀਆਂ ਨੂੰ ਸੰਸਾਰ ਦੇ ਨਾਲ ਬਹੁਤ ਘੱਟ ਵਾਹ ਪੈਂਦਾ ਹੈ ਪਰ ਫੇਰ ਵੀ ਤੂੰ ਬਹੁਤ ਚੰਗੀ ਹੈਂ ਤੇਰੇ ਅੰਦਰ ਦਰਦ ਹੈ, ਹਮਦਰਦੀ ਹੈ, ਪ੍ਰਾਸ਼ਚਿਤ ਹੈ; ਬੀਬਾ! ਮੈਨੂੰ ਤੇਰਾ ਹਿਰਦਾ ਨਿਰਮਲ ਲਗਦਾ ਹੈ। ਤੇਰਾ ਕੋਈ ਦੋਸ਼ ਨਹੀਂ ਹੈ ਇਹ ਤਾਂ ਜੋ ਕੁਛ ਵੀ ਸੰਸਾਰ ਵਿਚ ਹੋ ਰਿਹਾ ਹੈ ਉਹ ਪ੍ਰਭੂ ਦੇ ਹੁਕਮ ਵਿਚ ਹੀ ਹੁੰਦਾ ਹੈ। ਜਿਸਨੂੰ ਮੈਂ ਪਿਆਰ ਕਰਦਾ ਹਾਂ ਉਹ ਪ੍ਰਭੂ ਦਾ ਰੂਪ ਹੀ ਹਨ ਜਾਂ ਕਹਿ ਲਈਏ ਕਿ ਉਹ ਆਪ ਹੀ ਪ੍ਰਭੂ ਹਨ। ਮੇਰੇ ਪ੍ਰਭੂ ਦਾ ਏਸੇ ਤਰ੍ਹਾਂ ਹੁਕਮ ਸੀ ਕਿ ਤੂੰ ਮੇਰੇ ਤੀਰ ਮਾਰੇਂ, ਤੇ ਮੈਂ ਉਸ ਦੇ ਪਾਸ ਚਲਿਆ ਜਾਵਾਂ। ਐਸੇ ਬਚਨ ਕਰਦੇ ਕਈ ਵਾਰੀ ਬੇਹੋਸ਼ ਹੋ ਜਾਂਦੇ ਸਨ। ਤਾਕਤ ਦੀਆਂ ਦਵਾਈਆਂ ਵੈਦ ਦਿੰਦੇ ਜਾਂਦੇ ਹਨ। ਰਾਜਕੁਮਾਰੀ ਬਹੁਤ ਹੀ ਪਿਆਰ ਤੇ ਸ਼ਰਧਾ ਨਾਲ ਉਨ੍ਹਾਂ ਦੀ ਤਿਮਾਰਦਾਰੀ (ਸੇਵਾ) ਕਰਦੀ ਹੈ। ਇਸ ਤਰ੍ਹਾਂ ਦਿਨ ਲੰਘਦੇ ਗਏ।

ਜਦੋਂ ਆਪ ਦੀ ਸਿਹਤ ਵੈਦ ਜੀ ਨੂੰ ਵੀ ਚੰਗੀ ਲੱਗਣ ਲਗ ਗਈ, ਰਾਜ ਕੁਮਾਰੀ ਨੂੰ ਵੀ ਅੱਛੀ ਲੱਗਣ ਲਗ ਗਈ ਤੇ ਇਹ ਉਮੀਦ ਹੋ ਗਈ ਕਿ ਹੁਣ ਇਹ ਚੰਗਾ ਪ੍ਰਦੇਸੀ ਸਵੱਸਥ ਹੋ ਜਾਵੇਗਾ ਤਾਂ ਇਕ ਦਿਨ ਆਪ ਨੇ ਇਹ ਗੱਲ ਕਹੀ ਕਿ ਬੀਬਾ! ਤੁਸੀਂ ਮੇਰੀ ਬੜੀ ਸੇਵਾ ਕੀਤੀ ਹੈ। ਮੈਂ ਤੁਹਾਨੂੰ ਕੁਛ ਦੇਣਾ ਚਾਹੁੰਦਾ ਹਾਂ ਜਿਸ ਦਾ ਦੁਨੀਆਂ ਵਿਚ ਕੋਈ ਵੀ ਮੁੱਲ ਨਹੀਂ। ਜੋ ਮੇਰੇ ਸਤਿਗੁਰੂ ਦਰਗਾਹ ਵਿਚੋਂ ਸੰਸਾਰ ਦੇ ਭਲੇ ਲਈ ਜਗਤ ਉਤੇ ਲੈ ਕੇ ਆਏ ਹਨ, ਉਹ ਬਹੁਤ ਅਲੌਕਿਕ ਵਸਤੂ ਹੈ। ਇੰਨਾਂ ਸੁਣਦੇ ਸਾਰ ਰਾਜਕੁਮਾਰੀ ਨੇ ਕਿਹਾ, "ਹੇ ਚੰਗੇ ਪੁਰਸ਼! ਅਸੀਂ ਤਾਂ ਰਾਜੇ ਲੋਕ ਹਾਂ, ਸਾਡੇ ਘਰ ਤਾਂ ਪਦਾਰਥਾਂ ਨਾਲ ਭਰੇ ਪਏ ਹਨ, ਨਾ ਸੋਨੇ ਦੀ ਕਮੀ ਹੈ, ਨਾ ਚਾਂਦੀ ਦੀ ਕਮੀ ਹੈ, ਨਾ ਵਸਤਰਾਂ ਦੀ ਕਮੀ ਹੈ, ਨਾ ਚੰਗੀਆਂ ਗਊਆਂ, ਘੋੜਿਆਂ ਦੀ ਕਮੀ ਹੈ, ਨਾ ਹੀ ਸਾਨੂੰ ਕਦੇ ਤੋਟਾ ਆਉਂਦਾ ਹੈ। ਕੀ ਤੇਰੇ ਕੋਲ ਕੋਈ ਪਾਰਸ ਹੈ ਜੋ ਤੂੰ ਮੈਨੂੰ ਦੇਣ ਲੱਗਿਆਂ ਹੈਂ ਜਾਂ ਕੋਈ ਹੋਰ ਗੁਪਤ ਚੀਜ਼ ਹੈ?" ਇਹ ਸਹਿਜ ਸੁਭਾਅ ਦੇ ਬਚਨ ਸੁਣ ਕੇ ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਬੀਬਾ! ਜੋ ਮੇਰੇ ਕੋਲ ਵਸਤੂ ਹੈ, ਉਸ ਦਾ ਪਾਰਸ ਮੁਕਾਬਲਾ ਨਹੀਂ ਕਰ ਸਕਦਾ। ਜੋ ਕੁਝ ਮੈਂ ਤੁਹਾਨੂੰ ਦੇਣਾ ਚਾਹੁੰਦਾ ਹਾਂ ਉਹ ਬਹੁਤ ਹੀ ਉਤਮ ਵਸਤੂ ਹੈ। ਤੂੰ ਪਾਰਸ ਦਾ ਜ਼ਿਕਰ ਕੀਤਾ ਹੈ। ਕਹਿਣ ਲੱਗੀ, "ਹਾਂ, ਮੈਂ ਪਾਰਸ ਬਾਰੇ ਬਹੁਤ ਵਾਰੀ ਆਪਣੇ ਮਾਤਾ ਪਿਤਾ ਜੀ ਤੋਂ ਸੁਣਿਆ ਹੈ।" ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਪਾਰਸ ਤਾਂ ਲੋਹੇ ਨੂੰ ਹੀ ਸੋਨਾ ਬਣਾ ਸਕਦਾ ਹੈ ਪਰ ਜੋ ਮੇਰੇ ਪਾਸ ਅਮੋਲਕ ਵਸਤੂ ਹੈ ਉਸ ਦਾ ਮੁੱਲ ਹੀ ਨਹੀਂ ਪਾਇਆ ਜਾ ਸਕਦਾ। ਉਹ ਅਜਿਹੀ ਵਸਤੂ ਹੈ ਕਿ ਇਸ ਚਉਰਾਸੀ ਵਿਚ ਘੁਮੇਟਣੀਆਂ ਖਾਂਦੇ ਜੀਵ ਨੂੰ ਉਹ ਚੀਜ਼ਾਂ ਵਰਤ ਕੇ ਸਾਰੇ ਸੰਸਾਰਕ ਦੁਖਾਂ ਤੋਂ ਬਰੀ ਕਰ ਦਿੰਦੀ ਹੈ ਅਤੇ ਉਸਨੂੰ ਪ੍ਰਮੇਸ਼ਰ ਬਣਾ ਦਿੰਦੀ ਹੈ। ਜਿਸ ਦੇ ਨਾਲੋਂ ਇਹ ਜੀਵ ਵਿਛੜ ਕੇ ਕ੍ਰੋੜਾਂ ਜੂਨਾਂ ਵਿਚ ਘੁੰਮ ਕੇ ਦੁਖ ਸਹਿ ਰਿਹਾ ਹੈ ਉਸਨੂੰ ਸਾਰੇ ਇਨ੍ਹਾਂ ਦੁਖਾਂ ਤੋਂ ਬਰੀ ਕਰਾ ਕੇ ਪ੍ਰਮੇਸ਼ਰ ਨਾਲ ਮਿਲਾ ਦਿੰਦੀ ਹੈ। ਮੇਰੇ ਪਾਸ ਕੋਈ ਸੋਨੇ, ਚਾਂਦੀ, ਹੀਰੇ ਜਵਾਹਰਾਤ ਵਰਗੀ ਧਾਤ ਨਹੀਂ ਹੈ, ਮੇਰੇ ਪਾਸ ਵਾਹਿਗੁਰੂ ਜੀ ਦੇ ਗਿਆਨ ਵਿਚੋਂ ਪ੍ਰਾਪਤ ਹੋਏ ਹੋਏ ਅਨੁਭਵੀ ਬਚਨ ਹਨ। ਤੁਹਾਡੇ ਪਰਿਵਾਰ ਲਈ ਮੇਰੇ ਮਨ ਵਿਚ ਸ਼ੁਭ ਇੱਛਾ ਹੈ। ਜੋ ਮੈਂ ਗੱਲ ਕਹਿਣੀ ਚਾਹੁੰਦਾ ਹਾਂ ਇਹ ਤੂੰ ਧਿਆਨ ਦੇ ਨਾਲ ਸੁਣ। ਤੁਹਾਨੂੰ ਦੇਖਣ ਵਾਸਤੇ ਮੇਰਾ ਸਰੀਰ ਸਵਸਥ ਨਜ਼ਰ ਆਉਂਦਾ ਹੈ ਅਤੇ ਤੁਹਾਡੇ ਵੈਦ ਜੀ ਕਹਿੰਦੇ ਹਨ ਕਿ ਮੈਂ ਤੁਰਨ ਫਿਰਨ ਲਗ ਜਾਣਾ ਹੈ ਪਰ ਬੀਬਾ! ਮੈਨੂੰ ਗੁਰੂ ਮਹਾਰਾਜ ਜੀ ਨੇ ਇਕ ਅਜਿਹੀ ਸੂਝ ਬਖਸ਼ੀ ਹੋਈ ਹੈ ਜਿਸ ਦੇ ਰਾਹੀਂ ਮੈਂ ਜਾਣਦਾ ਹਾਂ ਅਤੇ ਤੈਨੂੰ ਗੁਪਤ ਭੇਤ ਦਸਦਾ ਹਾਂ ਕਿ ਮੈਂ ਹੁਣ ਬਹੁਤੇ ਦਿਨ ਇਥੇ ਨਹੀਂ ਰਹਿਣਾ। ਹੁਣ ਸਰੀਰ ਛੱਡ ਜਾਣਾ ਹੈ ਪਰ ਜਾਣ ਤੋਂ ਪਹਿਲਾਂ ਮੈਂ ਕੁਛ ਪ੍ਰਮਾਰਥਕ ਬਚਨ ਤੈਨੂੰ ਦੇਣੇ ਚਾਹੁੰਦਾ ਹਾਂ।

ਉਸ ਵੇਲੇ ਰਾਜਕੁਮਾਰੀ ਨੇ ਸੁਣਦੇ ਸਾਰ ਹੀ ਅੰਦਰ ਇਕ ਗੋਤਾ ਜਿਹਾ ਖਾਧਾ, ਨੈਣ ਬੰਦ ਹੋ ਗਏ ਅਤੇ ਇਕ ਪੀੜਾ ਦੀ ਆਵਾਜ਼ ਸੁਣਾਈ ਦਿਤੀ। ਉਸ ਨੇ ਕਿਹਾ ਕਿ ਹੇ ਚੰਗੇ ਪੁਰਸ਼! ਤੁਸੀਂ ਕੋਈ ਸਾਧੂ ਪ੍ਰਤੀਤ ਦਿੰਦੇ ਹੋ। ਪਰ ਜੇ ਤੁਸੀਂ ਸਰੀਰ ਛੱਡ ਦੇਣਾ ਹੈ ਤਾਂ ਮੇਰੇ ਜੀਉਣ ਦਾ ਵੀ ਕੋਈ ਲਾਭ ਨਹੀਂ ਹੈ। ਮੇਰੇ ਅੰਦਰ ਜੋ ਆਪਣੇ ਇਸ ਕਰਮ ਦਾ ਬੋਝ ਪੈ ਗਿਆ ਹੈ ਕਿ ਮੈਂ ਤੈਨੂੰ ਤੀਰ ਮਾਰ ਬੈਠੀ ਹਾਂ, ਇਹ ਮੇਰੇ ਅੰਦਰੋਂ ਨਿਕਲਦਾ ਨਹੀਂ ਹੈ। ਐਨਾ ਬੋਝ ਪ੍ਰਤੀਤ ਦਿੰਦਾ ਹੈ ਕਿ ਜੇ ਤੂੰ ਸਰੀਰ ਛੱਡ ਗਿਆ ਤਾਂ ਮੈਂ ਨਾਲ ਹੀ ਮਰ ਜਾਣਾ ਹੈ। ਮੈਂ ਪਛਤਾਵੇ ਦੀ ਜ਼ਿੰਦਗੀ ਵਿਚ, ਹਉਕਿਆਂ ਹਾਵਿਆਂ ਵਿਚ, ਆਪਣੀਆਂ ਖੁਸ਼ੀਆਂ ਬਿਨਾਂ ਕਿਵੇਂ ਰਹਾਂਗੀ? ਤੁਹਾਡੇ ਬਚਨ ਸੁਣ ਕੇ ਮੈਨੂੰ ਆਪਣੀਆਂ ਸਾਰੀਆਂ ਖੇਲ੍ਹਾਂ ਭੁੱਲ ਗਈਆਂ, ਸਾਰਾ ਜ਼ਿੰਦਗੀ ਦਾ ਧੁਰਾ ਬਦਲ ਗਿਆ ਤੇ

ਮੈਂ ਇਹ ਚਾਹੁੰਦੀ ਹਾਂ ਕਿ ਮੈਂ ਤੁਹਾਡੇ ਕੋਲ ਹੀ ਰਹਾਂ, ਜਿਸ ਹਾਲ ਵੀ ਤੁਸੀਂ ਰਹੋ। ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਬੀਬਾ ਜੀ! ਜੇ ਤੂੰ ਮੇਰੇ ਸਰੀਰ ਛੱਡਣ ਨਾਲ ਸਰੀਰ ਛੱਡ ਦੇਵੇਂਗੀ ਤਾਂ ਤੇਰਾ ਮੇਰਾ ਮਿਲਾਪ ਨਹੀਂ ਹੋਣਾ। ਜਿਸ ਦੇਸ ਵਿਚ ਮੈਂ ਜਾ ਰਿਹਾ ਹਾਂ ਉਹ ਅਮਰ ਦੇਸ ਹੈ ਉਥੇ ਕਾਲ ਦੀ ਪਹੁੰਚ ਨਹੀਂ ਹੈ। ਜੇ ਤੂੰ ਮੇਰੇ ਕੋਲ ਰਹਿਣਾ ਚਾਹੁੰਦੀ ਹੈਂ ਤਾਂ ਤੈਨੂੰ ਮੇਰੇ ਬਚਨਾਂ ਉਪਰ ਚਲਣਾ ਪਵੇਗਾ ਉਸ ਦੇ ਮੁਤਾਬਿਕ ਹੀ ਆਪਣਾ ਜੀਵਨ ਬਤੀਤ ਕਰਨਾ ਪਵੇਗਾ। ਫੇਰ ਵਾਹਿਗੁਰੂ ਜੀ ਦੇ ਹੁਕਮ ਵਿਚ ਜਦੋਂ ਤੂੰ ਸਰੀਰ ਛੱਡੇਂਗੀ ਤਾਂ ਜਿਸ ਲੋਕ ਵਿਚ ਮੈਂ ਰਹਿੰਦਾ ਹੋਵਾਂਗਾ ਉਸਨੂੰ ਸਚਖੰਡ ਵੀ ਆਖਦੇ ਹਨ ਅਤੇ ਬੇਗਮਪੁਰਾ ਸ਼ਹਿਰ ਵੀ ਆਖਦੇ ਹਨ, ਜਿਥੇ ਕੋਈ ਦੁਖ ਨਹੀਂ ਹੁੰਦਾ, ਜਿਥੇ ਮਹਾਨ ਸੁਖ ਹੀ ਸੁਖ ਹੁੰਦਾ ਹੈ, ਉਥੇ ਨਿਰਾ ਪਿਆਰ ਹੀ ਪਿਆਰ ਹੁੰਦਾ ਹੈ।

ਸੋ ਜੇ ਤੂੰ ਮੇਰਾ ਬਚਨ ਮੰਨੇਗੀ, ਤੈਨੂੰ ਇਕ ਖਾਸ ਰਸਤੇ ਤੇ ਚਲਣਾ ਪੈਣਾ ਹੈ; ਜਿਵੇਂ ਮੈਂ ਤੈਨੂੰ ਦੱਸਾਂ ਉਸੇ ਤਰ੍ਹਾਂ ਕਰਨਾ ਪੈਣਾ ਹੈ, ਫੇਰ ਤੂੰ ਉਸ ਥਾਂ ਪਹੁੰਚ ਸਕਦੀ ਹੈਂ, ਜਿਥੇ ਮੈਂ ਜਾਣਾ ਹੈ। ਖਾਸ ਗੁਣ ਜੀਵਨ ਵਿਚ ਧਾਰਨੇ ਪੈਂਦੇ ਹਨ ਜੋ ਇਸ ਰਸਤੇ ਤੇ ਚਲਣ ਲਈ ਬਹੁਤ ਹੀ ਜ਼ਰੂਰੀ ਹਨ –

*ਸਾਜਨ ਚਲੇ ਪਿਆਰਿਆ*
*ਕਿਉ ਮੇਲਾ ਹੋਈ॥*
*ਜੇ ਗੁਣ ਹੋਵਹਿ ਗੰਠੜੀਐ*
*ਮੇਲੇਗਾ ਸੋਈ॥* *ਪੰਨਾ – 729*

ਫੁਰਮਾਨ ਹੈ – ਸਜਣ ਤਾਂ ਚਲੇ ਗਏ, ਜਿਨ੍ਹਾਂ ਨੂੰ ਪਿਆਰ ਕਰਦੇ ਸਾਂ ਜਿਨ੍ਹਾਂ ਬਿਨਾਂ ਇਕ ਘੜੀ ਵੀ ਜੀਉਣਾ ਔਖਾ ਸੀ, ਉਹ ਤੁਰ ਗਏ, ਹੁਣ ਮੇਲਾ ਕਿਵੇਂ ਹੋਵੇ? ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਮੇਲਾ ਤਾਂ, ਤਾਂ ਹੀ ਹੋ ਸਕਦਾ ਹੈ ਕਿ ਚਲੇ ਜਾਣ ਵਾਲੇ ਸੱਜਣ ਵਾਲੇ ਗੁਣ ਧਾਰਨ ਕੀਤੇ ਜਾਣ। ਉਨ੍ਹਾਂ ਗੁਣਾਂ ਨੂੰ ਸਾਂਭ ਕੇ ਪੱਲੇ ਬੰਨ੍ਹ ਲਵੇ ਜਿਹੜੇ ਉਹਦੇ ਪੱਲੇ ਸੀਗੇ, ਨਹੀਂ ਤਾਂ ਮੇਲਾ ਹੋਇਆ ਨਹੀਂ ਕਰਦਾ, ਫੇਰ ਮੇਲਾ ਹੋਣਾ ਮੁਸ਼ਕਲ ਹੋ ਜਾਂਦਾ ਹੈ ਕਿਉਂਕਿ ਵਾਹਿਗੁਰੂ ਜੀ ਦਾ ਰਚਿਆ ਹੋਇਆ ਸੰਸਾਰ ਬਹੁ ਭਾਂਤੀ ਅਤੇ ਬਹੁਤ ਵਿਸ਼ਾਲ ਹੈ ਜਿਸ ਦਾ ਕੋਈ ਆਦਿ ਅੰਤ ਨਹੀਂ। ਐਸੇ ਬਚਨ ਭਾਈ ਤਿਲੋਕਾ ਜੀ ਉਸ ਰਾਜ ਕੁਮਾਰੀ ਨਾਲ ਕਰ ਰਹੇ ਹਨ ਜੋ ਆਪਾਂ ਪਿਛਲੇ ਦੀਵਾਨ ਵਿਚ ਬਹੁਤ ਹੀ ਵਿਸਥਾਰ ਨਾਲ ਸਰਵਣ ਕੀਤੇ ਹਨ। ਉਹ ਕੋਈ ਦੁਨੀਆਂਦਾਰੀ ਦੀ ਕਥਾ ਨਹੀਂ ਸੀ, ਉਹ ਬ੍ਰਹਮ ਵਿਚਾਰ ਸੀ। ਦੁਨੀਆਂ ਦੀਆਂ ਕਥਾਵਾਂ ਉਸਦਾ ਕੋਈ ਥਾਹ ਨਹੀਂ ਲਾ ਸਕਦੀਆਂ। ਅਗੰਮ ਅਗੋਚਰ ਦੀਆਂ ਕਥਾਵਾਂ ਨਿਰਾਰੀਆਂ ਹੋਇਆ ਕਰਦੀਆਂ ਹਨ। ਐਸ ਤਰ੍ਹਾਂ ਪਿਆਰ ਨਾਲ ਪੜ੍ਹ ਲਓ –

*ਧਾਰਨਾ –ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ*

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ਹ ਕੀ ਕਥਾ ਨਿਰਾਰੀ ਰੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ॥*
*ਪੰਨਾ – 855*

ਅਜੀਬ ਕਥਾ ਹੈ; ਅਸੀਂ ਤਾਂ ਸਾਰੇ ਜੰਮਦੇ ਵੀ ਹਾਂ, ਮਰਦੇ ਵੀ ਹਾਂ; ਉਨ੍ਹਾਂ ਦੀਆਂ ਨਿਰਾਰੀਆਂ ਕਥਾਵਾਂ ਹਨ, ਉਹ ਨਾ ਕਦੇ ਜੰਮਦੇ ਹਨ, ਨਾ ਕਦੇ ਮਰਦੇ ਹਨ, ਇਸ ਕਰਕੇ ਉਨ੍ਹਾਂ ਦੀਆਂ ਕਥਾਵਾਂ ਨਿਰਾਰੀਆਂ ਹਨ।

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥*
*ਪੰਨਾ – 749*

ਸੋ ਭਾਈ ਤਿਲੋਕਾ ਜੀ ਥੋੜ੍ਹੇ ਗੰਭੀਰ ਹੋ ਕੇ ਕਹਿਣ ਲੱਗੇ, "ਬੀਬਾ! ਹੁਣ ਮੈਂ ਚਲੇ ਜਾਣਾ ਹੈ।" ਉਸ ਵੇਲੇ ਇਹ ਫੈਸਲਾਕੁਨ ਬਚਨ ਸੁਣ ਕੇ ਰਾਜਕੁਮਾਰੀ ਨੇ ਨਹੀਂ ਕਿਹਾ ਕਿ ਤੁਸੀਂ ਨਾ ਜਾਵੋ। ਉਸ ਨੇ ਕਿਹਾ ਕਿ ਮੈਂ ਤੁਹਾਨੂੰ ਜਾਣ ਤੋਂ ਨਹੀਂ ਰੋਕਦੀ, ਪਰ ਤੁਸੀਂ ਰਾਜ਼ੀ ਤਾਂ ਹੋ ਜਾਵੋ ਫੇਰ ਤੁਸੀਂ ਚਲੇ ਜਾਇਓ। ਭਾਈ ਤਿਲੋਕਾ ਜੀ ਮੁਸਕਰਾਏ, ਉਸ ਦੇ ਭੋਲੇਪਨ ਦਾ ਅੰਦਾਜ਼ਾ ਲਗਾਇਆ, ਹੱਸ ਕੇ ਕਿਹਾ ਕਿ ਬੀਬਾ! ਗੱਲ ਇਸ ਤਰ੍ਹਾਂ ਨਹੀਂ ਹੈ, ਜਿਵੇਂ ਤੂੰ ਸਮਝਦੀ ਹੈਂ, ਮੈਂ ਤੈਨੂੰ ਪਹਿਲਾਂ ਹੀ ਦਸ ਚੁਕਿਆ ਹਾਂ ਕਿ ਇਸ ਸਰੀਰ ਵਿਚ ਕੌਣ ਵਸਦਾ ਹੈ ਜਿਸ ਦੇ ਆਉਣ ਨਾਲ ਸਰੀਰ ਨੂੰ ਭਾਗ ਲਗ ਜਾਂਦੇ ਹਨ, ਚਾਅ-ਮਲ੍ਹਾਰ ਉਠ ਪੈਂਦੇ ਹਨ ਇਹਦੇ ਅੰਦਰ ਪਿਆਰ ਦੀਆਂ ਲਹਿਰਾਂ ਉਛਾਲੇ ਮਾਰਦੀਆਂ ਹਨ, ਉਹੋ ਹੀ ਜੋ ਇਸ ਵਿਚ ਵਸਦਾ ਹੈ, ਉਹ ਸਰੀਰ ਨੂੰ ਛੱਡ ਕੇ ਚਲਿਆ ਜਾਂਦਾ ਹੈ, ਜਿਸਨੂੰ ਤੁਸੀਂ ਇਹ ਕਹਿੰਦੇ ਹੋ ਕਿ ਫਲਾਣਾ ਮਰ ਗਿਆ। ਬੀਬਾ! ਜਿਨ੍ਹਾਂ ਨੇ ਆਪਣੇ ਜੀਵਨ ਦੇ ਅੰਦਰ ਪ੍ਰਭੂ ਦਾ ਹੁਕਮ ਮੰਨਿਆ ਹੈ, ਨਾਮ ਜਪਿਆ ਹੈ, ਉਹ ਮਰਿਆ ਨਹੀਂ ਕਰਦਾ, ਉਹ ਸਰੀਰ ਛਡਿਆ ਕਰਦੇ ਹਨ। ਜਿਸ ਤਰ੍ਹਾਂ ਦੇ ਨਾਲ ਤੂੰ ਅਮੀਰ ਹੈਂ, ਦਿਨ ਵਿਚ ਕਈ ਵਾਰੀ ਕਪੜੇ ਬਦਲਦੀ ਹੋਵੇਂਗੀ। ਤੁਹਾਨੂੰ ਕਪੜੇ ਬਦਲਣ ਦਾ ਦੁੱਖ ਨਹੀਂ ਹੁੰਦਾ, ਸਗੋਂ ਮਨ ਵਿਚ ਚਾਓ ਹੁੰਦਾ ਹੈ ਕਿ ਮੈਂ ਨਵੇਂ ਸਵੱਛ ਵਸਤਰ ਪਹਿਨਾਂ, ਇਸੇ ਤਰ੍ਹਾਂ ਨਾਲ ਜਿਨ੍ਹਾਂ ਨੇ ਇਸ ਸਰੀਰ ਨੂੰ ਇਕ ਕਪੜਾ ਕਰਕੇ ਦੇਖਿਆ ਹੈ ਉਹ ਇਸ ਕਪੜੇ ਨੂੰ ਉਸੇ ਤਰ੍ਹਾਂ ਲਾਹ ਦਿੰਦੇ ਹਨ ਜਿਵੇਂ ਤੂੰ ਆਪਣੇ ਕਪਾਹ ਤੇ ਰੇਸ਼ਮ ਦੇ ਕਪੜੇ ਬਦਲਦੀ ਹੈਂ। ਅਸੀਂ ਸਰੀਰ ਵਿਚੋਂ ਚਲੇ ਜਾਣਾ ਹੈ ਕਿਉਂਕਿ ਮੈਨੂੰ ਸੱਦਾ ਆ ਗਿਆ। ਤੈਨੂੰ ਵੀ ਉਸ ਅਦ੍ਰਿਸ਼ ਦਰਗਾਹ ਵਿਚੋਂ ਸੱਦਾ ਆਉਣਾ ਹੈ ਫੇਰ ਤੂੰ ਵੀ ਚਲੀ ਜਾਣਾ ਹੈ। ਇਹ ਬਚਨ ਸੁਣ ਕੇ ਉਹ ਬਹੁਤ ਹੀ ਘਬਰਾਅ ਗਈ ਕਿਉਂਕਿ ਉਸ ਨੂੰ ਸਮਝ ਆ ਗਿਆ ਕਿ ਇਸਨੇ ਮਰ ਜਾਣਾ ਹੈ। ਇਹ ਮਰ ਜਾਣ ਨੂੰ ਹੀ ਚਲੇ

ਜਾਣਾ ਕਹਿੰਦਾ ਹੈ। ਕਹਿਣ ਲੱਗੀ, "ਹੇ ਚੰਗੇ ਮਨੁੱਖ! ਮੈਂ ਤਾਂ ਮਰਨਾ ਬਿਲਕੁਲ ਹੀ ਨਹੀਂ ਚਾਹੁੰਦੀ, ਮੈਨੂੰ ਬਹੁਤ ਹੀ ਡਰ ਲਗਦਾ ਹੈ। ਜੇ ਮੈਨੂੰ ਸਭ ਤੋਂ ਔਖੀ ਚੀਜ਼ ਲਗਦੀ ਹੈ ਤਾਂ ਇਹੀ ਹੈ ਕਿ ਮੈਂ ਇਕ ਦਿਨ ਆਪਣੇ ਦਾਦਾ-ਦਾਦੀ ਵਾਂਗੂੰ ਮਰ ਜਾਵਾਂਗੀ। ਉਸ ਮੌਤ ਤੋਂ ਬਚਣ ਵਾਸਤੇ ਮੈਂ ਬੇਅੰਤ ਜਤਨ ਕਰਦੀ ਹਾਂ। ਹੇ ਚੰਗੇ ਮਨੁੱਖ! ਮੈਂ ਬਹੁਤ ਮਨੁੱਖ ਮਰਦੇ ਦੇਖੇ ਨੇ, ਬਹੁੜੀਆਂ ਪਾਉਂਦੇ ਨੇ ਕਿ ਮੈਨੂੰ ਰੱਖ ਲਓ, ਚੰਗੇ ਤੋਂ ਚੰਗਾ ਵੈਦ ਲੈ ਆਓ ਪਰ ਮੈਨੂੰ ਮਰਨ ਤੋਂ ਬਚਾ ਲਓ; ਮੈਂ ਤਾਂ ਮਰਨ ਤੋਂ ਬਹੁਤ ਹੀ ਡਰਦੀ ਹਾਂ ਮੈਂ ਤਾਂ ਹੈਰਾਨ ਹਾਂ ਕਿ ਤੁਹਾਨੂੰ ਮੌਤ ਤੋਂ ਡਰ ਹੀ ਨਹੀਂ ਲਗਦਾ।" ਸਾਰੀ ਦੁਨੀਆਂ ਮੌਤ ਤੋਂ ਡਰ ਰਹੀ ਹੈ। ਸਾਧਸੰਗਤ ਜੀ! ਇਸ ਮੌਤ ਬਾਰੇ ਫੁਰਮਾਨ ਹੈ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਪੰਨਾ - 1365*

ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਬੀਬਾ! ਮੈਂ ਮੌਤ ਦਾ ਪਰਲਾ ਕਿਨਾਰਾ ਦੇਖਿਆ ਹੋਇਆ ਹੈ ਜਿਥੇ ਇਸ ਸਰੀਰ ਨੂੰ ਛੱਡਣ ਤੋਂ ਪਿਛੋਂ ਜਾ ਕੇ ਰਹਿਣਾ ਤੇ ਵਸਣਾ ਹੈ। ਮੈਂ ਤੈਨੂੰ ਇਕ ਕਥਾ ਸੁਣਾਉਂਦਾ ਹਾਂ ਤੂੰ ਧਿਆਨ ਦੇ ਨਾਲ ਸੁਣ।

ਜਿਸ ਤਰ੍ਹਾਂ ਤੁਸੀਂ ਲੋਕ ਇਥੇ ਰਾਜ ਕਰਦੇ ਹੋ ਇਸ ਤਰ੍ਹਾਂ ਇਕ ਦੇਸ਼ ਵਿਚ, ਜੋ ਬਹੁਤ ਵੱਡਾ ਸੀ, ਉਥੇ ਵੀ ਰਾਜੇ ਰਾਜ ਕਰਿਆ ਕਰਦੇ ਸਨ ਪਰ ਉਸ ਦੇਸ਼ ਵਿਚ ਇਕ ਕਾਨੂੰਨ ਬਣਿਆ ਹੋਇਆ ਸੀ ਕਿ ਜਿਸ ਰਾਜੇ ਨੂੰ ਤਖਤ ਉਤੇ ਬਿਠਾਉਣਾ ਹੈ ਤਾਂ ਉਸਨੂੰ **agreement** (ਇਕਰਾਰ) ਕਰਨਾ ਪੈਂਦਾ ਸੀ ਕਿ ਉਹ ਦਸ ਸਾਲ ਬਾਦ ਰਾਜ ਛੱਡ ਦੇਵੇਗਾ ਅਤੇ ਉਸ ਨੂੰ ਨਿਰਜਨ ਬਣ ਵਿਚ ਜਾਣਾ ਪਵੇਗਾ। ਉਹ ਨਿਰਜਨ ਬਣ ਸਮੁੰਦਰ ਵਿਚ ਇਕ ਛੋਟਾ ਜਿਹਾ ਟਾਪੂ ਸੀ ਜਿਥੇ ਖਾਣ-ਪੀਣ ਨੂੰ ਕੁਝ ਨਹੀਂ ਮਿਲਦਾ ਸੀ। ਜਿਹੜਾ ਵੀ ਉਥੇ ਜਾਂਦਾ ਸੀ ਦੁਖੀ ਹੋ ਕੇ ਮਰ ਜਾਂਦਾ ਸੀ। ਤਖਤ ਤੇ ਬੈਠਣ ਵੇਲੇ ਉਸ ਨਾਲ **agreement** (ਇਕਰਾਰ) ਕਰ ਲੈਂਦੇ ਸੀ ਤੇ ਦਸ ਸਾਲ ਬਾਦ ਸਾਰੀ ਪਬਲਿਕ ਇਕੱਠੀ ਹੋ ਕੇ ਉਸਨੂੰ ਛੋਟੇ ਜਹਾਜ਼ ਵਿਚ ਬਿਠਾ ਕੇ ਉਸ ਨਿਰਜਨ ਵਣ ਵਿਚ ਲਾਹ ਆਉਂਦੇ ਸਨ ਜਿਥੇ ਉਹ ਭੁੱਖਾ ਪਿਆਸਾ, ਤੜਫ-ਤੜਫ ਕੇ ਮਰ ਜਾਂਦਾ ਸੀ। ਇਸ ਤਰ੍ਹਾਂ ਬਹੁਤ ਰਾਜੇ ਆਏ, 10 ਸਾਲ ਜੀਅ ਭਰ ਕੇ ਭੋਗ ਭੋਗੇ ਪਰ ਦਸ ਸਾਲ ਤੋਂ ਬਾਦ ਤਖਤ ਤੋਂ ਲਹਿ ਜਾਂਦੇ ਅਤੇ ਉਸ ਨਿਰਜਨ ਵਣ ਵਿਚ ਲਾਹ ਦਿਤੇ ਜਾਂਦੇ ਸਨ, ਫੇਰ ਉਸ ਦੀ ਉਘ-ਸੁਘ ਨਹੀਂ ਮਿਲਦੀ ਸੀ। ਉਸ ਟਾਪੂ ਦੇ ਨੇੜੇ ਕੋਈ ਜਹਾਜ਼ ਵੀ ਨਹੀਂ ਜਾਂਦਾ ਸੀ ਸਿਰਫ ਦਸੀਂ ਸਾਲੀਂ ਉਸ ਰਾਜ ਦਾ ਹੀ ਜਹਾਜ਼ ਜਾਇਆ ਕਰਦਾ ਸੀ। ਆਲੇ-ਦੁਆਲੇ ਦਾ ਸਮੁੰਦਰ ਬਹੁਤ ਗਹਿਰਾ ਸੀ ਤੇ ਉਸਦੀਆਂ ਛੱਲਾਂ ਬਹੁਤ ਉਛਾਲੇ ਮਾਰਦੀਆਂ ਸੀ, ਕਿਸੇ ਦੀ ਹਿੰਮਤ ਨਹੀਂ ਸੀ ਪੈਂਦੀ ਕਿ ਉਸ ਨਿਰਜਨ ਵਣ ਵਿਚੋਂ ਨਿਕਲ ਆਵੇ। ਇਕ ਅਜਿਹਾ ਸਮਾਂ ਆਇਆ ਕਿ ਉਸ ਗੱਦੀ ਤੇ ਬੈਠਣ ਵਾਲਾ ਮਿਲਣਾ ਮੁਸ਼ਕਲ ਹੋ ਗਿਆ। ਇਹ ਗੱਲ ਤਾਂ ਤੂੰ ਸਮਝਦੀ ਹੋਵੇਂਗੀ। ਰਾਜ ਕੁਮਾਰੀ ਨੇ ਕਿਹਾ, "ਇਹ ਗੱਲ ਤਾਂ ਮੇਰੇ ਚੰਗੀ ਤਰ੍ਹਾਂ ਸਮਝ ਆ ਗਈ ਹੈ ਕਿ ਉਹ ਜੰਗਲ ਸਾਡੇ ਜੰਗਲ ਵਰਗਾ ਹੀ ਹੋਣਾ ਹੈ ਜਿਸ ਵਿਚ ਸ਼ੇਰ, ਚੀਤੇ ਆਦਿ ਜੰਗਲੀ ਜਾਨਵਰ ਰਹਿੰਦੇ ਹਨ। ਜੇ ਕਿਤੇ ਭੁੱਲ-ਭੁਲੇਖੇ ਇਕੱਲਾ-ਦੁਕੱਲਾ ਆਦਮੀ ਆ ਜਾਵੇ ਤਾਂ ਮਾਰਿਆ ਜਾਂਦਾ ਹੈ। ਸੋ ਇਸ ਕਰਕੇ ਇਸ ਜੰਗਲ ਵਿਚੋਂ ਕੋਈ ਲੰਘਦਾ ਹੀ ਨਹੀਂ ਪਰ ਮੈਂ ਹੈਰਾਨ ਹਾਂ ਕਿ ਤੂੰ ਇਸ ਜੰਗਲ ਵਿਚ ਕਿਵੇਂ ਆ ਗਿਆ?" ਭਾਈ ਤਿਲੋਕਾ ਜੀ ਕਹਿਣ ਲੱਗੇ, "ਬੀਬਾ! ਜੋ ਗੱਲ ਮੈਂ ਦੱਸ ਰਿਹਾ ਹਾਂ, ਉਸ ਵਲ ਧਿਆਨ ਦੇਹ।"

ਸੋ ਉਸ ਗੱਦੀ ਉਪਰ ਕੋਈ ਨਾ ਬੈਠੇ। ਇਕ ਸੂਝਵਾਨ ਨੌਜੁਆਨ ਆ ਗਿਆ, ਗੱਦੀ ਉਪਰ ਬੈਠ ਗਿਆ। ਥੋੜ੍ਹੇ ਦਿਨਾਂ ਪਿਛੋਂ ਉਸਨੇ ਸਾਰੇ ਇੰਜਨੀਅਰ, **Planner** (ਵਿਉਂਤਕਾਰ) ਬੁਲਾ ਲਏ ਅਤੇ ਜਹਾਜ਼ ਵਿਚ ਸਵਾਰ ਹੋ ਕੇ ਉਸ ਨਿਰਜਨ ਵਣ ਨੂੰ ਦੇਖਣ ਚਲਿਆ ਗਿਆ। ਉਸ ਰਾਜੇ ਨੇ ਹੁਕਮ ਕਰ ਦਿਤਾ ਕਿ ਇਸ ਜੰਗਲ ਵਿਚੋਂ ਸਾਰੇ ਖੂੰਖਾਰ ਜਾਨਵਰ ਮਾਰ ਦੇਵੋ ਅਤੇ ਇਥੇ ਸੜਕਾਂ ਕੱਢ ਕੇ ਵੱਡੇ-ਵੱਡੇ ਪਾਰਕ ਬਣਾਓ, ਸੈਲਾਨੀਆਂ ਦੇ ਰਹਿਣ ਵਾਸਤੇ ਬਹੁਤ ਸੋਹਣੀਆਂ ਇਮਾਰਤਾਂ ਬਣਾਓ, ਬਹੁਤ ਸੋਹਣੇ ਕਿਸਮ ਦੇ ਹੋਟਲ ਅਤੇ ਰਿਹਾਇਸ਼ੀ ਥਾਵਾਂ ਬਣਾਓ, ਇਸਨੂੰ ਅਜਿਹਾ ਬਣਾ ਦਿਓ ਕਿ ਲੋਕ ਕੰਮ-ਕਾਰ ਤੋਂ ਵਿਹਲੇ ਹੋ ਕੇ ਇਸ ਜਗ੍ਹਾ ਨੂੰ ਦੇਖਣ ਵਾਸਤੇ ਖਿੱਚੇ ਪਏ ਆਉਣ। ਐਧਰ ਡੂੰਘੇ ਸਮੁੰਦਰ ਵਲ ਜਿਥੇ ਛੱਲਾਂ ਘੱਟ ਹਨ ਉਥੇ ਜਹਾਜ਼ਾਂ ਦੇ ਲੱਗਣ ਵਾਲਾ ਥਾਂ ਬਣਾਓ, ਬੰਦਰਗਾਹ ਬਣਾਓ। ਉਸ ਰਾਜੇ ਨੇ ਹੁਕਮ ਦੇ ਦਿਤਾ, ਉਸਦੀ ਪਾਲਣਾ ਬਹੁਤ ਹੀ ਉਤਸ਼ਾਹ ਨਾਲ ਕੀਤੀ ਗਈ। ਪੰਜ ਛੇ ਸਾਲ ਦੇ ਅੰਦਰ ਉਹ ਜਗ੍ਹਾ ਐਸੀ ਬਣ ਗਈ ਕਿ ਉਥੇ ਆ ਕੇ ਵਸਣਾ, ਕੋਠੀਆਂ ਪਾਉਣੀਆਂ ਅਤੇ ਰਹਿਣਾ ਅਨੰਦਦਾਇਕ ਹੋ ਗਿਆ। ਥੋੜ੍ਹੇ ਦਿਨਾਂ ਤੋਂ ਪਿਛੋਂ ਦੁਨੀਆਂ ਭਰ ਦੇ ਸੈਲਾਨੀ ਉਥੇ ਆਉਣ ਲੱਗੇ ਜਿਥੇ ਪਾਰਕਾਂ ਵਿਚ ਫੁਹਾਰੇ ਚਲ ਰਹੇ ਸਨ ਅਤੇ ਅਨੇਕ-ਅਨੇਕ ਕਿਸਮ ਦੇ ਫੁਲ ਉਸਨੂੰ ਸੁਹਾਵਣਾ ਬਣਾ ਰਹੇ ਸਨ। ਇਸ ਤਰ੍ਹਾਂ ਜਦੋਂ ਸਮਾਂ ਹੋਣ ਦੇ ਨੇੜੇ ਆਇਆ, ਉਸ ਨੇ ਸਾਰੀ ਕੈਬਨਿਟ (ਮੰਤਰੀਆਂ) ਨੂੰ ਬੁਲਾ ਕੇ ਆਮ ਦਰਬਾਰ ਕੀਤਾ ਅਤੇ ਐਲਾਨ ਕੀਤਾ ਕਿ ਮੇਰੇ ਰਾਜ ਕਰਨ ਦਾ ਕੁਝ ਸਮਾਂ ਬਾਕੀ ਬਚਦਾ ਹੈ ਤੇ ਮੈਂ ਹੁਣ ਸਮੇਂ ਤੋਂ ਪਹਿਲਾਂ ਹੀ ਰਾਜ ਛੱਡ ਕੇ ਆਪ ਹੀ ਉਸ ਥਾਂ ਜਾ ਰਿਹਾ ਹਾਂ, ਜਿਥੇ ਮੈਨੂੰ ਤੁਸੀਂ ਸਮਾਂ ਪੂਰਾ ਹੋਣ ਤੇ ਭੇਜਣਾ ਹੈ। ਸਾਰੇ ਸੁਣ ਕੇ ਹੈਰਾਨ ਹੋ ਗਏ ਕਿ ਉਹ ਤਾਂ ਇਸ ਤੋਂ ਕਿਤੇ ਸੋਹਣਾ ਬਣਿਆ ਹੋਇਆ ਹੈ। ਸਭ ਦਾ ਜੀਅ ਕਰਦਾ ਹੈ ਕਿ

ਅਸੀਂ ਉਥੇ ਜਾ ਕੇ ਵਸੀਏ, ਰਸੀਏ। ਸਾਰੀ ਰਿਆਇਆ ਇਕੱਠੀ ਹੋ ਕੇ ਕਹਿਣ ਲੱਗੀ ਕਿ ਹੁਣ ਤੁਹਾਡੇ ਜਾਣ ਦਾ ਕੋਈ ਫਾਇਦਾ ਨਹੀਂ, ਤੁਸੀਂ ਇਥੇ ਹੀ ਰਾਜ ਕਰੋ। ਪਰ ਉਹ ਰਾਜ ਛੱਡ ਕੇ ਉਥੇ ਰਹਿਣਾ ਚਾਹੁੰਦਾ ਹੈ।

ਭਾਈ ਤਿਲੋਕਾ ਜੀ ਕਹਿਣ ਲੱਗੇ, "ਰਾਜ ਕੁਮਾਰੀ ਜੀ! ਹੁਣ ਤੁਸੀਂ ਇਹ ਗੱਲ ਦੱਸੋ ਕਿ ਜਿਸ ਨੇ ਉਸ ਰਾਜੇ ਵਾਂਗੂੰ ਆਪਣੇ ਰਹਿਣ ਲਈ ਪ੍ਰਲੋਕ ਵਿਚ ਥਾਂ ਬਣਾ ਲਿਆ, ਜਿਥੇ ਇਸ ਦੁਨੀਆਂ ਨਾਲੋਂ ਲੱਖਾਂ, ਕ੍ਰੋੜਾਂ, ਅਰਬਾਂ ਗੁਣਾਂ ਜ਼ਿਆਦਾ ਸੁਖ ਹੈ ਉਹ ਉਥੇ ਜਾਣ ਤੋਂ ਕਿਵੇਂ ਡਰੇਗਾ? ਉਹ ਤਾਂ ਉਡੀਕਦਾ ਹੈ ਉਸ ਸਮੇਂ ਨੂੰ ਕਿ ਕਦੋਂ ਉਹ ਸਮਾਂ ਆਵੇ ਤੇ ਕਦੋਂ ਮੈਂ ਇਸ ਬਿਆਧੀਆਂ ਭਰੀ ਦੇਹ ਨੂੰ ਛੱਡ ਕੇ ਅਮਰ ਅਵਸਥਾ ਪ੍ਰਾਪਤ ਕਰਾਂ। ਇਥੇ ਰਹਿ ਕੇ ਆਧੀ, ਬਿਆਧੀ, ਉਪਾਧੀ ਵਾਲੇ ਦੁਖ ਹਨ, ਇਹਨੂੰ ਛੱਡ ਕੇ ਮਹਾਨ ਸੁਖ ਵਾਲੀ ਅਵਸਥਾ ਵਿਚ ਪ੍ਰਵੇਸ਼ ਕਰਾਂ। ਬਾਣੀ ਵਿਚ ਇਸੇ ਕਰਕੇ ਇਸ ਗੱਲ ਨੂੰ ਸਪਸ਼ਟ ਕਰਦਿਆਂ ਫੁਰਮਾਇਆ ਹੋਇਆ ਹੈ –

*ਧਾਰਨਾ –ਜਿਹੜੀ ਮੌਤ ਤੋਂ ਡਰੇ ਜਗ ਸਾਰਾ,*
*ਜਿਹੜੀ ਮੌਤ ਤੋਂ,*
*ਮੇਰੇ ਮਨ ਆਨੰਦ ਹੈ ਪਿਆਰਿਓ,*

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨੁ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਪੰਨਾ – 1365*

ਸੋ ਜਿਸਨੇ ਪਹਿਲਾਂ ਥਾਂ ਬਣਾ ਲਿਆ, ਜਿਸਨੂੰ ਪਹਿਲਾਂ ਪਤਾ ਲਗ ਗਿਆ ਕਿ ਮੈਂ ਉਸ ਮਹਾਨ ਸੁਖਾਂ ਦੇ ਦੇਸ਼ ਵਿਚ ਜਾਣਾ ਹੈ ਉਸਨੂੰ ਤਾਂ ਜਾਣ ਵੇਲੇ ਬੇਅੰਤ ਖੁਸ਼ੀ ਹੁੰਦੀ ਹੈ ਜਿਵੇਂ ਕਿ ਕਿਸੇ ਕਰਮਚਾਰੀ ਦੀ ਕਿਸੇ ਮਾੜੇ ਦੇਸ਼ ਵਿਚੋਂ ਅਮਰੀਕਾ ਵਰਗੇ ਦੇਸ਼ ਵਿਚ ਬਦਲੀ ਹੋ ਜਾਵੇ। ਉਹ ਜਾਣ ਵੇਲੇ ਖੁਸ਼ ਹੋਵੇਗਾ ਕਿ ਰੋਵੇਗਾ? ਉਹ ਤਾਂ ਪਹਿਲਾਂ ਹੀ ਆਪਣੇ ਪੱਲਿਓਂ ਧਨ ਖਰਚ ਕੇ ਉਥੇ ਜਾਣਾ ਚਾਹੁੰਦਾ ਸੀ। ਉਸਨੂੰ ਤਾਂ ਖੁਸ਼ੀ ਹੋਵੇਗੀ ਕਿਉਂਕਿ ਉਹ ਬਹੁਤ ਸੋਹਣੇ ਦੇਸ਼ ਵਿਚ ਜਾ ਰਿਹਾ ਹੈ।

ਭਾਈ ਤਿਲੋਕਾ ਜੀ ਕਹਿਣ ਲੱਗੇ, "ਬੀਬਾ! ਸਾਨੂੰ ਕਿਸੇ ਕਿਸਮ ਦਾ ਕੋਈ ਮਨ ਵਿਚ ਰੰਜ ਨਹੀਂ। ਜਿਸ ਤਰ੍ਹਾਂ ਮੈਂ ਤੈਨੂੰ ਪਹਿਲਾਂ ਦੱਸ ਚੁਕਿਆਂ ਹਾਂ ਕਿ ਇਹ ਸਾਰੀ ਕ੍ਰਿਆ ਮੇਰੇ ਪਿਆਰੇ ਦੇ ਪਿਆਰੇ (ਵਾਹਿਗੁਰੂ ਜੀ) ਦੀ ਪਿਆਰੀ ਮਰਜ਼ੀ ਨਾਲ ਹੋ ਰਹੀ ਹੈ। ਮੈਂ ਉਸਨੂੰ ਪਿਆਰ ਕਰਦਾ ਹਾਂ ਤੇ ਮੈਨੂੰ ਆਪਣੇ ਪਿਆਰੇ ਦੇ ਪਿਆਰੇ ਦੀ ਮਰਜ਼ੀ, ਪਿਆਰੀ ਲਗਦੀ ਹੈ। ਜੰਮਣਾ ਮਰਨਾ ਕੋਈ ਗੱਲ ਤਾਂ ਹੁੰਦੀ ਨਹੀਂ ਹੈ, ਨਾ ਹੀ ਇਸ ਸੰਸਾਰ ਵਿਚ ਕੋਈ ਜੰਮਦਾ ਹੈ, ਨਾ ਮਰਦਾ ਹੈ। ਜਦੋਂ ਕਦੇ ਤੂੰ ਜੰਗਲ ਵਿਚ ਬਣੀ ਵੱਡੀ ਝੀਲ ਦੇ ਕੰਢੇ ਜਾ ਕੇ ਦੇਖਦੀ ਹੋਵੇਂਗੀ ਕਿ ਹਵਾ ਦੇ ਵੇਗ ਨਾਲ ਪਾਣੀ ਵਿਚ ਉਚੀਆਂ ਲਹਿਰਾਂ ਉਠਦੀਆਂ ਹਨ, ਕੰਢਿਆਂ ਤੇ ਆ ਕੇ ਉਹ ਮੁੜ ਕੇ ਪਾਣੀ ਬਣ ਜਾਂਦੀਆਂ ਹਨ ਪਿਛੋਂ ਹੋਰ ਆਈ ਜਾਂਦੀਆਂ ਹਨ। ਦੇਖਣ ਵਾਸਤੇ ਲਹਿਰਾਂ ਤੇ ਝੀਲ ਦਾ ਪਾਣੀ ਅੱਡ-ਅੱਡ ਲਗਦੇ ਹਨ ਪਰ ਸਿਆਣਾ ਬੰਦਾ ਜਾਣਦਾ ਹੈ ਕਿ ਪਾਣੀ ਆਪ ਹੀ ਹਵਾ ਦੇ ਵੇਗ ਨਾਲ ਉਛਲਦਾ ਹੈ ਤੇ ਲਹਿਰਾਂ ਬਣ ਕੇ ਕਲੋਲਾਂ ਕਰਦਾ ਹੈ। ਹੁਣ ਤੂੰ ਆਪ ਹੀ ਦੱਸ, ਪਾਣੀ ਤੋਂ ਬਗੈਰ ਕੋਈ ਨਵੀਂ ਚੀਜ਼ ਤਾਂ ਝੀਲ ਵਿਚ ਨਹੀਂ ਆਈ ਹੈ ਨਾ। ਉਸ ਵਿਚ ਬੁਲਬਲੇ ਵੀ ਦੇਖੇ ਹੋਣੇ ਨੇ। ਜਦੋਂ ਉਹ ਲਹਿਰ ਸਖਤ ਥਾਂ ਨਾਲ ਟਕਰਾਂਦੀ ਹੈ ਤਾਂ ਝੱਗ ਬਣ ਜਾਂਦੀ ਹੈ। ਸੋ ਇਸ ਤਰ੍ਹਾਂ ਬੀਬਾ! ਪਾਣੀ ਆਪ ਹੀ ਲਹਿਰ ਬਣ ਜਾਂਦਾ ਹੈ, ਆਪ ਹੀ ਬੁਲਬਲਾ ਬਣ ਜਾਂਦਾ ਹੈ, ਆਪ ਹੀ ਝੱਗ ਬਣ ਜਾਂਦਾ ਹੈ, ਮੁੜ ਕੇ ਫੇਰ ਪਾਣੀ ਬਣ ਜਾਂਦਾ ਹੈ। ਇਕ ਮੈਂ ਤੈਨੂੰ ਹੋਰ ਗੱਲ ਦਸਦਾ ਹਾਂ, ਤੁਸੀਂ ਰਾਜੇ ਲੋਕ ਹੋ ਤੁਹਾਡੇ ਪਾਸ ਬੜੇ ਵਿਦਵਾਨ ਪੁਰਸ਼ ਕਥਾ ਵੀ ਕਰਦੇ ਨੇ। ਤੂੰ ਸੁਣਿਆ ਹੋਣਾ ਹੈ ਕਿ ਜਿਹੜੇ ਬੱਦਲ ਨੇ, ਤੂੰ ਸਮਝ ਕਿ ਇਹ ਕਿਵੇਂ ਬਣਦੇ ਹਨ। ਪਹਿਲਾਂ ਸੂਰਜ ਦੀ ਗਰਮੀ ਨਾਲ ਭਾਫ ਬਣ ਕੇ ਉਪਰ ਨੂੰ ਉਡਦੀ ਹੈ ਅਸਮਾਨ ਵਿਚ ਇਹ ਇਕੱਠੀ ਹੋ ਕੇ ਉਡਦੀ ਫਿਰਦੀ ਹੈ ਫੇਰ ਮੌਸਮ ਦੇ ਹਿਸਾਬ ਨਾਲ ਇਹ ਪਾਣੀ ਰੂਪ ਹੋ ਕੇ ਮੀਂਹ ਬਣ ਕੇ ਧਰਤੀ ਤੇ ਗਿਰਦੀ ਹੈ ਇਸ ਤਰ੍ਹਾਂ ਇਹ ਭਾਫ ਉਚੇ ਪਹਾੜਾਂ ਤੇ ਬਰਫ ਬਣ ਕੇ ਟਿਕਦੀ ਹੈ ਜਿਸ ਵਿਚੋਂ ਗਰਮੀ ਨਾਲ ਪਾਣੀ ਬਣ ਕੇ ਇਹ ਨੀਵਾਣਾਂ, ਦਰਿਆਵਾਂ 'ਚੋਂ ਹੁੰਦਾ ਹੋਇਆ, ਚਲਦਾ-ਚਲਦਾ ਮੁੜ ਸਾਗਰ ਵਿਚ ਹੀ ਰਲ ਜਾਂਦਾ ਹੈ। ਜਿਸ ਸਮੁੰਦਰ ਵਿਚੋਂ ਭਾਫ ਬਣ ਕੇ ਉਡਿਆ ਸੀ ਤੇ ਹੁਣ ਇਹਨੇ ਬੱਦਲ ਦਾ ਰੂਪ ਧਾਰਿਆ, ਬਰਫ ਬਣਿਆ ਮੁੜ ਕੇ ਫੇਰ ਪਾਣੀ ਬਣ ਸਮੁੰਦਰ ਵਲ ਰੁੜ੍ਹ ਆਇਆ ਅਤੇ ਫੇਰ ਸਮੁੰਦਰ ਨਾਲ ਰਲ ਕੇ ਸਮੁੰਦਰ ਬਣ ਗਿਆ। ਇਸੇ ਤਰ੍ਹਾਂ ਨਾਲ ਵਾਹਿਗੁਰੂ ਜੀ ਆਪਣੀ ਖੇਲ੍ਹ ਕਰ ਰਹੇ ਹਨ। ਆਪ ਹੀ ਨਿਰਗੁਣ ਤੋਂ, ਦਿਖਣ ਵਾਲੇ ਸਰਗੁਣ ਹੋ ਜਾਂਦੇ ਹਨ ਅਤੇ ਆਪ ਹੀ ਅਨੇਕਾਂ ਰੂਪ ਧਾਰ ਕੇ ਖੰਡ, ਬ੍ਰਹਿਮੰਡ, ਜੀਵ-ਜੰਤੂ ਅਤੇ ਇਨਸਾਨ ਦਾ ਜਾਮਾ ਪਹਿਨ ਕੇ ਆਪਣੇ ਹੁਕਮ ਵਿਚ ਹੀ ਬੇਅੰਤ ਕੌਤਕ ਕਰਦੇ ਹਨ ਅਤੇ ਜਦੋਂ ਆਦਮੀ ਦੇ ਮਨ ਵਿਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਇਹ ਮੁੜ ਕੇ ਫੇਰ ਵਾਹਿਗੁਰੂ ਹੀ ਬਣ ਜਾਇਆ ਕਰਦਾ ਹੈ। ਸੋ ਇਸ ਤਰ੍ਹਾਂ ਨਾਲ ਇਹ ਸਾਰੀ ਹੁਕਮ ਦੀ ਖੇਲ੍ਹ ਹੋ ਰਹੀ ਹੈ। ਪਿਆਰਿਓ! ਗੁਰੂ ਮਹਾਰਾਜ ਜੀ ਨੇ ਉਪਰੋਕਤ ਸਥਿਤੀ ਨੂੰ ਪ੍ਰਗਟ ਕਰਦੇ ਹੋਏ ਫੁਰਮਾਨ ਕੀਤਾ ਹੈ–

*ਬਾਜੀਗਰਿ ਜੈਸੇ ਬਾਜੀ ਪਾਈ ॥*
*ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮਿਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥*
*ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥*

*ਕਤਹਿ ਗਇਓ ਉਹੁ ਕਤ ਤੇ ਆਇਓ॥*
*ਜਲ ਤੇ ਊਠਹਿ ਅਨਿਕ ਤਰੰਗਾ॥*
*ਕਨਿਕ ਭੂਖਨ ਕੀਨੇ ਬਹੁ ਰੰਗਾ॥*
*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥*
*ਫਲ ਪਾਕੇ ਤੇ ਏਕੰਕਾਰਾ॥*
*ਸਹਸ ਘਟਾ ਮਹਿ ਏਕੁ ਆਕਾਸੁ॥*
*ਘਟ ਫੂਟੇ ਤੇ ਓਹੀ ਪ੍ਰਗਾਸੁ॥*
*ਭਰਮ ਲੋਭ ਮੋਹ ਮਾਇਆ ਵਿਕਾਰ॥*
*ਭ੍ਰਮ ਛੂਟੇ ਤੇ ਏਕੰਕਾਰ॥*
*ਓਹੁ ਅਬਿਨਾਸੀ ਬਿਨਸਤ ਨਾਹੀ॥*
*ਨਾ ਕੋ ਆਵੈ ਨਾ ਕੋ ਜਾਹੀ॥*
*ਗੁਰਿ ਪੂਰੈ ਹਉਮੈ ਮਲੁ ਧੋਈ॥*
*ਕਹੁ ਨਾਨਕ ਮੇਰੀ ਪਰਮ ਗਤਿ ਹੋਈ॥*

*ਪੰਨਾ - 736*

ਸੋ ਭਾਈ ਤਿਲੋਕਾ ਜੀ ਬੀਬੀ ਨੂੰ ਸਮਝਾਉਂਦੇ ਹੋਏ ਦਸਦੇ ਹਨ ਕਿ ਮੌਤ ਦਾ ਡਰ ਉਸਨੂੰ ਹੁੰਦਾ ਹੈ ਜਿਸਦੇ ਮਨ ਵਿਚ ਅਗਿਆਨ ਹੋਵੇ ਜਿਸਦੇ ਅੰਤਸ਼ਕਰਣ ਵਿਚ ਚੰਗੇ ਮਾੜੇ ਕਰਮਾਂ ਦਾ ਨਿਵਾਸ ਹੋਵੇ, ਜਿਸ ਨੇ ਆਪਣੇ ਪ੍ਰਲੋਕ ਨੂੰ ਨਹੀਂ ਸੰਵਾਰਿਆ। ਸੋ ਮੈਨੂੰ ਕੋਈ ਦੁਖ ਨਹੀਂ ਹੈ ਕਿਉਂਕਿ ਮੈਨੂੰ ਪਤਾ ਹੈ ਕਿ ਨਾ ਇਥੇ ਕੋਈ ਚੀਜ਼ ਮਰਦੀ ਹੈ ਨਾ ਜੰਮਦੀ ਹੈ। ਇਸੇ ਬਚਨ ਦੀ ਪ੍ਰੋੜ੍ਹਤਾ ਵਾਸਤੇ ਅੱਜ ਅਸੀਂ ਸੁਖਮਨੀ ਸਾਹਿਬ ਵਿਚ ਪੜ੍ਹਦੇ ਹਾਂ -

*ਨਹ ਕਿਛੁ ਜਨਮੈ ਨਹ ਕਿਛੁ ਮਰੈ॥*
*ਆਪਨ ਚਲਿਤੁ ਆਪ ਹੀ ਕਰੈ॥*
*ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ॥*
*ਆਗਿਆਕਾਰੀ ਧਾਰੀ ਸਭ ਸ੍ਰਿਸਟਿ॥*
*ਆਪੇ ਆਪਿ ਸਗਲ ਮਹਿ ਆਪਿ॥*
*ਅਨਿਕ ਜੁਗਤਿ ਰਚਿ ਥਾਪਿ ਉਥਾਪਿ॥*
*ਅਬਿਨਾਸੀ ਨਾਹੀ ਕਿਛੁ ਖੰਡ॥*
*ਧਾਰਣ ਧਾਰਿ ਰਹਿਓ ਬ੍ਰਹਮੰਡ॥*
*ਅਲਖ ਅਭੇਵ ਪੁਰਖ ਪਰਤਾਪ॥*
*ਆਪਿ ਜਪਾਏ ਤ ਨਾਨਕ ਜਾਪ॥*

*ਪੰਨਾ - 281*

ਇਹ ਸਾਰੀਆਂ ਗੱਲਾਂ ਰਾਜਕੁਮਾਰੀ ਨੇ ਬਹੁਤ ਹੀ ਧਿਆਨ ਨਾਲ ਸੁਣੀਆਂ। ਭਾਈ ਤਿਲੋਕਾ ਜੀ ਨੂੰ ਮਿਲ ਕੇ ਉਸਦੀ ਬਿਰਤੀ ਗੰਭੀਰਤਾ ਵਿਚ ਆ ਚੁਕੀ ਸੀ ਅਤੇ ਇਕਾਗਰਤਾ ਨਾਲ ਬਚਨ ਸੁਣਦੀ ਸੀ ਤੇ ਮੰਨਣ ਲਗ ਗਈ ਸੀ। ਮਨ ਵਿਚ ਹੈਰਾਨ ਹੋ ਰਹੀ ਸੀ ਕਿ ਬਾਪੂ ਜੀ ਦੇ ਦਰਬਾਰ ਵਿਚ ਬਹੁਤ ਚੰਗੇ-ਚੰਗੇ ਵਿਦਵਾਨ ਆਉਂਦੇ ਹਨ ਉਹ ਜਦੋਂ ਕੋਈ ਕਥਾ ਕਰਦੇ ਹਨ ਉਹ ਐਨੇ ਔਖੇ ਸਲੋਕ ਪੜ੍ਹਦੇ ਹਨ ਕਿ ਅਸਾਡੀ ਸਮਝ ਵਿਚ ਕੁਝ ਵੀ ਨਹੀਂ ਆਉਂਦਾ। ਉਨ੍ਹਾਂ ਦਾ ਦੱਸਣ ਦਾ ਤਰੀਕਾ ਬਹੁਤ ਹੀ ਸੀਮਤ ਜਿਹਾ ਹੈ ਜਿਸ ਨਾਲ ਮੇਰੀ ਸਮਝ ਵਿਚ ਕੁਝ ਨਹੀਂ ਸੀ ਆਇਆ ਕਰਦਾ ਤੇ ਮੈਂ ਉਠ ਕੇ ਚਲੀ ਜਾਂਦੀ ਸੀ। ਭਾਈ ਤਿਲੋਕਾ ਜੀ ਨੂੰ ਕਹਿਣ ਲੱਗੀ, "ਹੇ ਚੰਗੇ ਮਨੁੱਖ! ਤੇਰੀਆਂ ਸਾਰੀਆਂ ਗੱਲਾਂ ਮੈਨੂੰ ਅਜੀਬ ਲਗ ਰਹੀਆਂ ਹਨ, ਬਹੁਤ ਹੀ ਵਿਸਥਾਰ ਨਾਲ ਤੂੰ ਮੈਨੂੰ ਛੋਟੀ ਤੋਂ ਛੋਟੀ ਗੱਲ ਦਸਦਾ ਹੈਂ। ਭਾਵੇਂ ਮੇਰੇ ਪਿਤਾ ਜੀ ਨੇ ਮੈਨੂੰ ਅੱਖਰਾਂ ਦੀ ਵਿਦਿਆ ਪੜ੍ਹਾਈ ਹੈ ਤੇ ਅਸਾਡੇ ਪੰਡਤ ਜੀ ਨੇ ਵੀ ਕਾਫੀ ਪੁਸਤਕਾਂ ਮੈਨੂੰ ਪੜ੍ਹਾਈਆਂ ਹਨ ਪਰ ਮੇਰੀ ਸਮਝ ਵਿਚ ਕੁਝ ਵੀ ਨਹੀਂ ਆ ਰਿਹਾ ਸੀ ਕਿਉਂਕਿ ਉਨ੍ਹਾਂ ਬਚਨਾਂ ਨੂੰ ਮੈਂ ਸੁਣਦੀ ਵੀ ਸੀ, ਪੁਸਤਕਾਂ ਪੜ੍ਹਦੀ ਵੀ ਸੀ ਪਰ ਮੰਨਦੀ ਨਹੀਂ ਸੀ ਤੇ ਮੈਨੂੰ ਐਉਂ ਲਗਦਾ ਸੀ ਕਿ ਇਹ ਮੈਨੂੰ ਬੇਮਤਲਬੀਆਂ ਗੱਲਾਂ ਦਸਦੇ ਰਹਿੰਦੇ ਹਨ। ਹਾਂ, ਇਸਦੇ ਵਿਪਰੀਤ ਜੇ ਉਹ ਕਿਸੇ ਰਾਜੇ ਰਾਣੇ ਦੀ ਬਹਾਦਰੀ ਦੀ ਜਾਂ ਯੁੱਧ ਜਾਂ ਸ਼ੇਰਾਂ-ਚੀਤਿਆਂ ਦੀਆਂ ਗੱਲਾਂ ਦਸਿਆ ਕਰਦੇ ਸਨ, ਘੋੜਿਆਂ ਦੀਆਂ ਦੌੜਾਂ ਦੀਆਂ ਗੱਲਾਂ ਦਸਦੇ ਸਨ; ਉਹ ਮੈਨੂੰ ਅੱਖਰ-ਅੱਖਰ ਯਾਦ ਹੋ ਜਾਂਦਾ ਸੀ ਪਰ ਮੈਂ ਹੈਰਾਨ ਹਾਂ ਕਿ ਤੂੰ ਕਿੰਨੇ ਸੁਖਾਲੇ ਢੰਗ ਨਾਲ ਉਹ ਗੱਲਾਂ ਦੱਸ ਰਿਹਾ ਹੈਂ ਜਿਨ੍ਹਾਂ ਨੂੰ ਮੈਂ ਕੇਵਲ ਸੁਣਦੀ ਹੀ ਨਹੀਂ, ਨਾਲ ਦੀ ਨਾਲ ਹਿਰਦੇ ਵਿਚ ਵਸਾ ਰਹੀ ਹਾਂ ਤੇ ਪੂਰੀ ਤਰ੍ਹਾਂ ਮੰਨਣ ਲਗ ਗਈ ਹਾਂ।" ਹੇ ਪਿਆਰੇ ਪ੍ਰਦੇਸੀ! ਜਦੋਂ ਮੈਂ ਤੇਰੇ ਤੋਂ ਵਖਰੀ ਹੋ ਜਾਂਦੀ ਹਾਂ, ਆਪਣੇ ਪਲੰਘ ਉਤੇ ਲੇਟਦੀ ਹਾਂ, ਤਾਂ ਪਹਿਲਾਂ ਵਾਂਗੂੰ ਸੌਣ ਤੱਕ ਮਾਂ ਨਾਲ ਗੱਲਾਂ ਨਹੀਂ ਹੁਣ ਮੈਂ ਕਰਦੀ ਤੇ ਨਾ ਹੀ ਮੈਂ ਘਰ ਵਿਚ ਦਾਸੀਆਂ ਨਾਲ ਗੱਲਾਂ ਕਰਦੀ ਹਾਂ, ਆਪਣੀਆਂ ਸਹੇਲੀਆਂ ਤੋਂ ਵੀ ਮੈਂ ਹੁਣ ਬਹੁਤ ਦਿਨਾਂ ਦੀ ਦੂਰ ਹਾਂ। ਹੁਣ ਜਦੋਂ ਮੈਂ ਪਲੰਘ ਤੇ ਲੇਟਦੀ ਹਾਂ ਤਾਂ ਤੇਰੀਆਂ ਕੀਤੀਆਂ ਹੋਈਆਂ ਸਾਰੀਆਂ ਗੱਲਾਂ ਮੈਂ ਵਿਚਾਰਦੀ ਹਾਂ, ਉਹ ਸਾਰੀਆਂ ਮੇਰੇ ਅੰਦਰ ਮੂਰਤੀਮਾਨ ਹੋ ਕੇ ਸਾਮ੍ਹਣੇ ਦਿਸਦੀਆਂ ਹਨ। ਮੈਂ ਇਹ ਨਹੀਂ ਕਹਿੰਦੀ ਕਿ ਮੈਂ ਕੰਠ ਕਰਦੀ ਹਾਂ। ਕੰਠ ਕਰਕੇ ਤਾਂ ਮੈਂ ਦੇਖਦੀ ਹਾਂ ਜਦੋਂ ਮੈਂ ਪੜ੍ਹਾਈ ਕਰਦੀ ਹਾਂ ਉਹ ਚੀਜ਼ ਮੇਰੇ ਸਾਮ੍ਹਣੇ ਨਹੀਂ ਸੀ ਆਉਂਦੀ ਪਰ ਅੱਖਰ ਬੋਲ ਦਿੰਦੀ ਸੀ। ਪਰ ਹੁਣ ਤਾਂ ਤੇਰੇ ਬਚਨ ਮੇਰੇ ਅੱਗੇ ਤਸਵੀਰਾਂ ਬਣ ਗਏ ਹਨ ਅਤੇ ਜੋ ਜੋ ਬਚਨ ਤੂੰ ਮੇਰੇ ਨਾਲ ਕੀਤੇ ਹਨ ਉਨ੍ਹਾਂ ਨੂੰ ਪੜ੍ਹ ਕੇ ਮੈਂ ਆਪਣੇ ਅੰਦਰ ਵਿਚਾਰਦੀ ਹਾਂ। ਪਰ ਮੈਂ ਹੈਰਾਨ ਹਾਂ ਕਿ ਸਾਰਾ ਸੰਸਾਰ ਮਰਨ ਤੋਂ ਡਰਦਾ ਹੈ। ਵੱਡੇ-ਵੱਡੇ ਸੂਰਮੇ ਮੈਂ ਦੇਖੇ ਹਨ ਜੋ ਉਚੀ-ਉਚੀ ਰੋਂਦੇ ਹਨ ਕਿ ਮੈਨੂੰ ਰੱਖ ਲਓ, ਮੈਂ ਮਰਾਂ ਨਾ। ਐਂ ਵੀ ਕਹਿੰਦੇ ਦੇਖੇ ਹਨ ਕਿ ਹੇ ਰੱਬਾ! ਮੈਨੂੰ ਨਹੀਂ ਪਤਾ ਕਿ ਅੱਗੇ ਮੇਰੇ ਨਾਲ ਕੀ ਵਰਤੇਗੀ। ਨਾ ਹੀ ਮੈਂ ਤੇਰਾ ਨਾਮ ਜਪਿਆ ਹੈ, ਨਾ ਕੋਈ ਸੇਵਾ ਕੀਤੀ ਹੈ, ਪਤਾ ਨਹੀਂ ਮੇਰੇ ਨਾਲ ਕੀ ਵਰਤੇਗੀ। ਹੇ ਪਿਆਰੇ ਮਨੁੱਖ! ਮੈਂ ਤੇਰਾ ਨਾਮ ਨਹੀਂ ਲੈਣਾ, ਤੂੰ ਐਨਾ ਉਚਾ ਹੈਂ ਕਿ ਜੇ ਮੈਨੂੰ ਤੇਰੇ ਨਾਮ ਦਾ ਪਤਾ ਲਗ ਜਾਵੇ ਤਾਂ ਵੀ ਤੇਰਾ ਨਾਮ ਨਹੀਂ ਲਵਾਂਗੀ। ਇਸ ਕਰਕੇ ਮੈਂ ਤੈਨੂੰ 'ਚੰਗਾ ਮਨੁੱਖ' ਕਹਿ ਕੇ ਹੀ ਬੁਲਾਉਂਦੀ ਹਾਂ। ਮੈਂ ਤੇਰੇ ਤੋਂ ਜੋ ਬਚਨ ਸੁਣਦੀ ਹਾਂ ਹਰ ਗੱਲ ਵਿਚ ਨਵੀਨਤਾ ਹੈ, ਹਰ ਬਚਨ ਵਿਚ ਕੋਈ ਨਾ ਕੋਈ ਭੇਦ ਲਗਦਾ ਹੈ। ਨਵੇਂ ਤੋਂ ਨਵੇਂ ਬਚਨ ਮੈਂ ਤੇਰੇ ਤੋਂ ਸੁਣਦੀ

ਚਲੀ ਜਾ ਰਹੀ ਹਾਂ ਪਰ ਮੈਨੂੰ ਤੇਰੀਆਂ ਸਾਰੀਆਂ ਗੱਲਾਂ ਬਹੁਤ ਹੀ ਚੰਗੀਆਂ ਲਗਦੀਆਂ ਹਨ। ਮੈਂ ਤੈਨੂੰ ਦਸਦੀ ਹਾਂ ਕਿ ਪਹਿਲਾਂ ਕਦੇ ਵੀ ਇਕ ਦੋ ਮਿੰਟ ਵੀ ਕਿਸੇ ਦੇ ਬਚਨ ਨਹੀਂ ਸੀ ਸੁਣ ਸਕਦੀ। ਮੇਰਾ ਮਨ ਐਨਾ ਦੌੜਦਾ ਸੀ ਕਿ ਟਿਕ ਕੇ ਸੁਣਦਾ ਹੀ ਨਹੀਂ ਸੀ। ਮੇਰੇ ਸਰੀਰ ਵਿਚ ਅਜਿਹੀ ਕੋਈ ਸ਼ਕਤੀ ਸੀ ਕਿ ਕਿਤੇ ਟਿਕ ਕੇ ਦੋ ਮਿੰਟ ਨਹੀਂ ਸੀ ਬੈਠਣ ਦਿੰਦੀ। ਜਦੋਂ ਮੈਂ ਬਾਪੂ ਜੀ ਨਾਲ ਬੈਠਦੀ ਸੀ ਤਾਂ ਵੀ ਮੈਂ ਗਲਵਕੜੀ ਛੁਡਾ ਕੇ, ਉਨ੍ਹਾਂ ਨੂੰ ਉਸ ਵੇਲੇ ਹੀ ਪਤਾ ਲਗਦਾ ਸੀ ਕਿ ਜਦੋਂ ਮੈਂ ਕਿਤੇ ਦੀ ਕਿਤੇ ਪਹੁੰਚ ਜਾਂਦੀ ਸੀ। ਮੇਰੀ ਮਾਂ ਨੇ ਵੀ ਕਹਿਣਾ ਕਿ ਬੇਟੀ! ਤੂੰ ਹੁਣ ਜਵਾਨ ਹੋ ਗਈ ਹੈਂ ਤੈਨੂੰ ਨੱਚਣ-ਕੁਦਣ ਦੀ ਆਦਤ ਘੱਟ ਕਰਨੀ ਚਾਹੀਦੀ ਹੈ। ਸਾਨੂੰ ਪ੍ਰਭੂ ਨੇ ਤੇਰਾ ਵੀਰ ਵੀ ਨਹੀਂ ਦਿਤਾ, ਤੂੰ ਕੁਝ ਸਿਆਣੀ ਬਣ। ਸਾਰਾ ਰਾਜ ਭਾਗ ਤੂੰ ਹੀ ਚਲਾਉਣਾ ਹੈ। ਪਰ ਮੈਂ ਮਾਂ ਦੀ ਗੱਲ ਅਧੂਰੀ ਹੀ ਸੁਣ ਕੇ ਛੱਡ ਦੇਣੀ ਤੇ ਕਿਤੇ ਦੀ ਕਿਤੇ ਚਲੀ ਜਾਂਦੀ ਸੀ। ਪਰ ਜਦੋਂ ਦੀ ਮੈਂ ਤੇਰੇ ਬਚਨ ਸੁਣਨ ਲੱਗੀ ਹਾਂ ਮੈਨੂੰ ਕੁਝ ਖਾਸ ਕਿਸਮ ਦਾ ਅੰਦਰੋਂ ਹੀ ਅਨੰਦ ਆਉਂਦਾ ਹੈ, ਮੈਨੂੰ ਕੁਝ ਲੱਭ ਰਿਹਾ ਹੈ, ਮੇਰਾ ਜੀਅ ਕਰਦਾ ਹੈ ਤੂੰ ਬੋਲੀ ਜਾਵੇਂ ਤੇ ਮੈਂ ਸੁਣੀ ਜਾਵਾਂ ਪਰ ਜਦੋਂ ਮੈਂ ਤੇਰੀ ਸਿਹਤ ਵਲ ਦੇਖਦੀ ਹਾਂ ਤਾਂ ਮੈਂ ਸੋਚਦੀ ਹਾਂ ਕਿ ਤੂੰ ਬੋਲਦਾ-ਬੋਲਦਾ ਥੱਕ ਨਾ ਜਾਵੇਂ ਤਾਂ ਮੈਂ ਹੱਥ ਬੰਨ੍ਹ ਕੇ ਤੇਰੇ ਤੋਂ ਵਿਦਾ ਮੰਗਦੀ ਹਾਂ। ਇਹ ਮੇਰੀ ਭੁੱਲ ਹੀ ਹੈ, ਗੁਸਤਾਖੀ ਹੈ ਮੈਨੂੰ ਮਾਫ ਹੀ ਕਰ ਦੇਣਾ। ਪਰ ਇਕ ਗੱਲ ਅਜੇ ਤਕ ਮੇਰੀ ਸਮਝ ਨਹੀਂ ਆਈ ਕਿ ਬੰਦਾ ਪੈਦਾ ਹੁੰਦਾ ਹੈ, ਮੈਂ ਤਾਂ ਇਹੀ ਸਮਝਦੀ ਹਾਂ ਕਿ ਉਹ ਪੈਦਾ ਹੋਣ ਤੋਂ ਪਹਿਲਾਂ ਵੀ ਕੁਝ ਨਹੀਂ ਸੀ। ਜਦੋਂ ਪੈਦਾ ਹੋ ਗਿਆ ਉਸ ਵੇਲੇ ਹੀ ਉਸਦੀ ਹੋਂਦ ਬਣਦੀ ਹੈ, ਜਦੋਂ ਮਰ ਗਿਆ ਫਿਰ ਮੁਕ ਗਿਆ। ਦੇਖ ਨਾ, ਦੀਵਾ ਜਲਦਾ ਹੈ, ਉਸ ਵਿਚ ਬੱਤੀ ਪਈ ਹੈ, ਤੇਲ ਪਿਆ ਹੈ, ਜਦੋਂ ਤੇਲ ਸੁੱਕ ਜਾਂਦਾ ਹੈ, ਬੱਤੀ ਵੀ ਜਲ ਜਾਂਦੀ ਹੈ। ਫੇਰ ਕੁਝ ਵੀ ਨਹੀਂ ਰਹਿੰਦਾ ਪਰ ਜਦੋਂ ਮੈਂ ਤੇਰੇ ਤੋਂ ਸੁਣਿਆ ਹੈ ਕਿ ਜੋ ਸਰੀਰ ਵਿਚ ਰਹਿੰਦਾ ਹੈ ਉਹ ਪੈਦਾ ਹੋਣ ਤੋਂ ਪਹਿਲਾਂ ਵੀ ਸੀ ਤੇ ਮਰਨ ਤੋਂ ਬਾਦ ਵੀ ਕਿਸੇ ਲੋਕ ਵਿਚ ਚਲੇ ਜਾਣਾ ਹੈ ਜਿਥੇ ਕਰਮਾਂ ਅਨੁਸਾਰ ਨਵਾਂ ਸਰੀਰ ਮਿਲ ਜਾਣਾ ਹੈ। ਮੈਨੂੰ ਡਰ ਲਗਦਾ ਹੈ ਕਿ ਮੈਨੂੰ ਪਸ਼ੂ ਦਾ ਹੀ ਸਰੀਰ ਨਾ ਕਿਤੇ ਮਿਲ ਜਾਵੇ। ਮੈਂ ਬਹੁਤ ਹੀ ਜਾਨਵਰ ਮਾਰੇ ਹਨ, ਹਿਰਨਾਂ ਨੂੰ ਮਾਰਦੀ ਰਹੀ ਹਾਂ, ਉਡਦੇ ਪੰਛੀਆਂ ਨੂੰ ਮਾਰਦੀ ਰਹੀ ਹਾਂ ਉਹ ਤਾਂ ਸਾਰੇ ਮੇਰੇ ਤੋਂ ਬਦਲਾ ਲੈਣ ਲਈ ਮੇਰੀ ਉਡੀਕ ਕਰਦੇ ਹੋਣਗੇ। ਮੈਨੂੰ ਬਹੁਤ ਡਰ ਲਗਦਾ ਹੈ। ਹੇ ਪਿਆਰੇ ਮਨੁੱਖ! ਮੈਨੂੰ ਤੇਰੀ ਇਹ ਗੱਲ ਚੰਗੀ ਨਹੀਂ ਲੱਗੀ ਤੇ ਮੈਂ ਇਕੱਲੀ ਹੋ ਕੇ ਰੱਬ ਅੱਗੇ ਅਰਦਾਸ ਕਰਦੀ ਹਾਂ ਕਿ ਮੈਂ ਮਰਨ ਤੋਂ ਬਾਦ ਕੁਝ ਵੀ ਨਾ ਰਹਾਂ। ਮੇਰੇ ਤੋਂ ਲੇਖੇ ਨਹੀਂ ਦੇ ਹੋਣੇ। ਮੈਨੂੰ ਤਾਂ ਤੇਰੀਆਂ ਗੱਲਾਂ ਸੱਚ ਲਗਦੀਆਂ ਹਨ, ਜੋ ਕੁਝ ਤੂੰ ਕਹਿੰਦਾ ਹੈਂ ਸੱਚ ਹੈ। ਤੂੰ ਮੈਨੂੰ ਇਹ ਕਹਿ ਦੇ ਕਿ ਤੂੰ ਮਰਨ ਤੋਂ ਬਾਅਦ ਮਰ ਜਾਵੇਂਗੀ, ਤੂੰ ਕੁਝ ਨਹੀਂ ਰਹੇਂਗੀ। ਤੇਰੀਆਂ ਗੱਲਾਂ ਸਾਰੀਆਂ ਸੱਚੀਆਂ ਨੇ ਮੈਨੂੰ ਇਕ ਵਾਰੀ ਕਹਿ ਦੇ ਕਿ ਮੈਂ ਬਾਕੀ ਨਾ ਰਹਾਂ।" ਇਹ ਸੁਣ ਕੇ ਭਾਈ ਤਿਲੋਕਾ ਜੀ ਬਹੁਤ ਹੱਸੇ, ਕਹਿਣ ਲੱਗੇ, "ਬੀਬਾ! ਮੈਂ ਤੈਨੂੰ ਇਹੀ ਗੱਲ ਤਾਂ ਸਮਝਾ ਰਿਹਾ ਹਾਂ ਕਿ ਸਰੀਰ ਛੱਡਣ ਤੋਂ ਪਿਛੋਂ ਇਹ ਜੀਵ ਆਤਮਾ ਬਹੁਤ ਹੀ ਮਹਾਨ ਸੁਖ ਭੋਗ ਸਕਦਾ ਹੈ; ਨਾ ਉਹ ਨਰਕ ਵਿਚ ਜਾਂਦਾ ਹੈ ਨਾ ਕੋਈ ਹੋਰ ਸਰੀਰ ਧਾਰਨ ਕਰਦਾ ਹੈ ਉਹਦੇ ਲੇਖੇ ਸਾਰੇ ਮੁੱਕ ਜਾਇਆ ਕਰਦੇ ਹਨ।" ਇਹ ਗੱਲ ਸੁਣ ਕੇ ਰਾਜਕੁਮਾਰੀ ਕਹਿਣ ਲੱਗੀ ਕਿ ਮੈਨੂੰ ਨਹੀਂ ਪਤਾ ਲਗਦਾ ਕਿ ਸਰੀਰ ਵਿਚੋਂ ਕੀ ਨਿਕਲਦਾ ਹੈ ਜਿਹੜਾ ਚਲਿਆ ਜਾਂਦਾ ਹੈ। ਸਾਨੂੰ ਤਾਂ ਸਮਝ ਵਿਚ ਹੀ ਨਹੀਂ ਇਹ ਗੱਲ ਆਉਂਦੀ। ਉਸ ਵੇਲੇ ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਕੋਈ ਤਾਂ ਗੱਲ ਯਾਦ ਕਰ, ਜਿਸ ਤੋਂ ਤੈਨੂੰ ਕੁਝ ਸੋਝੀ ਆਵੇ। ਕਹਿਣ ਲੱਗੀ, ਮੇਰੇ ਗੱਲ ਯਾਦ ਆ ਗਈ ਕਿ ਮੈਂ ਬੰਦੇ ਦੇ ਸਰੀਰ ਵਿਚ ਦੇਖਿਆ ਕਿ ਉਹਦੇ ਵਿਚ ਕੋਈ ਬੋਲਦਾ ਸੀ। ਲੋਕ ਕਹਿੰਦੇ ਸੀ ਕਿ ਭੂਤ ਬੋਲਦਾ ਹੈ। ਇਹ ਭੂਤ ਕਿਥੋਂ ਆ ਗਏ ? ਉਹ ਤੰਗ ਕਰਦੇ ਨੇ, ਦੁਖੀ ਕਰਦੇ ਨੇ; ਲੋਕ ਸਿਆਣਿਆਂ ਨੂੰ ਲਿਆਉਂਦੇ ਨੇ, ਫੇਰ ਜਾ ਕੇ ਭੂਤਾਂ ਪ੍ਰੇਤਾਂ ਦਾ ਇਲਾਜ ਕਰਦੇ ਨੇ। ਉਹ ਮੈਂ ਸੁਣਿਆਂ ਹੈ ਪਰ ਯਕੀਨ ਨਹੀਂ ਆਇਆ ਇਸ ਗੱਲ ਉਤੇ। ਮੈਨੂੰ ਤਾਂ ਇਸ ਤਰ੍ਹਾਂ ਲਗਦਾ ਹੁੰਦਾ ਹੈ ਕਿ ਇਹ ਜੋ ਬੰਦਾ ਬੋਲਦਾ ਹੈ ਇਹਦੇ ਦਿਮਾਗ ਵਿਚ ਹੀ ਕੋਈ ਕਸਰ ਪੈ ਗਈ ਹੈ। ਇਹ ਆਪ ਹੀ ਬੋਲੀ ਜਾਂਦਾ ਹੈ।

ਇਹ ਗੱਲ ਸੁਣ ਕੇ ਭਾਈ ਤਿਲੋਕਾ ਜੀ ਚੁੱਪ ਹੋ ਗਏ। ਐਉਂ ਲੱਗਣ ਲੱਗਿਆ ਜਿਵੇਂ ਉਹ ਬਚਨ ਕਰਦੇ-ਕਰਦੇ ਥੱਕ ਗਏ ਹੋਣ ਪਰ ਥੋੜ੍ਹੀ ਦੇਰ ਬਾਅਦ ਨੇਤਰ ਖੋਲ੍ਹ ਕੇ ਬਹੁਤ ਪਿਆਰ ਤੇ ਸਨੇਹ ਨਾਲ ਰਾਜਕੁਮਾਰੀ ਨੂੰ ਤਕਿਆ, ਨੇਤਰਾਂ ਦੀ ਕਸ਼ਿਸ਼ ਐਨੀ ਪਿਆਰੀ ਸੀ ਕਿ ਸਰੀਰ ਝਰਨ੍ਹਾਟਿਆ ਗਿਆ। ਉਹ ਕਹਿਣ ਲੱਗੇ, "ਬੀਬਾ! ਸੁਣ ਮੇਰੀ ਗੱਲ, ਮੈਂ ਫੇਰ ਸੰਖੇਪ ਦੇ ਵਿਚ ਤੈਨੂੰ ਦਸਦਾ ਹਾਂ ਕਿ ਇਕ ਤਾਂ ਆਹ ਸਰੀਰ ਹੈ। (ਹੱਥ ਲਾ ਕੇ ਆਪਣੇ ਸਰੀਰ ਨੂੰ ਦੱਸ ਰਹੇ ਨੇ।) ਦੇਖ ਤੈਨੂੰ ਇਹ ਨਜ਼ਰ ਆ ਰਿਹਾ ਹੈ, ਤੂੰ ਕਹਿੰਦੀ ਹੈਂ ਕਿ ਮੈਂ ਤੁਹਾਨੂੰ ਤੀਰ ਮਾਰਿਆ ਹੈ। ਇਹ ਗੱਲ ਤੇਰੀ ਕਿਸੇ ਹੱਦ ਤਕ ਠੀਕ ਹੈ ਕਿਉਂਕਿ ਤੈਨੂੰ ਇਸ ਤੋਂ ਵੱਧ ਕੁਝ ਪਤਾ ਨਹੀਂ ਹੈ, ਤੂੰ ਇਸ ਸਰੀਰ ਨੂੰ ਹੀ ਸਭ ਕੁਝ ਸਮਝਦੀ ਹੈਂ। ਮੈਂ ਤੈਨੂੰ ਦਸਦਾ ਹਾਂ ਕਿ ਤੂੰ ਤੀਰ ਮੇਰੇ ਨਹੀਂ ਮਾਰਿਆ, ਮੇਰੇ ਸਰੀਰ ਦੇ ਮਾਰਿਆ ਹੈ। ਮੈਂ ਇਸ ਸਰੀਰ ਵਿਚ ਰਹਿੰਦਾ ਹਾਂ। ਜਿਹੜਾ ਇਹਦੇ ਵਿਚ 'ਮੈਂ' ਰਹਿੰਦਾ ਹਾਂ ਉਹ ਤੂੰ ਸਮਝ ਨਹੀਂ ਸਕਦੀ। ਮੈਂ ਪਿਛੇ ਤੈਨੂੰ ਦੱਸ ਆਇਆ ਹਾਂ ਕਿ ਤੂੰ ਸਰੀਰ ਨਹੀਂ ਹੈਂ ਤੂੰ ਇਸ ਵਿਚ ਵਸਣ ਵਾਲੀ ਆਤਮਾ ਹੈਂ। ਚਲੋ ਛੱਡੋ ਇਸ ਗੱਲ ਨੂੰ ਕਿਉਂਕਿ ਇਸਨੂੰ ਕੋਈ ਵੀ ਨਹੀਂ ਸਮਝ ਸਕਦਾ। ਜੇ ਭਲਾ ਗੱਲੀਂ ਬਾਤੀਂ ਸਮਝ ਵੀ ਜਾਵੇ ਉਸਨੂੰ ਵਿਸ਼ਵਾਸ਼ ਨਹੀਂ ਆਉਂਦਾ। ਇਹ ਗੱਲ ਮੈਂ ਆਮ ਸਧਾਰਣ ਬੰਦਿਆਂ ਨਾਲ ਨਹੀਂ ਕਰਦਾ।

ਜਿਹੜੇ ਤੁਹਾਡੇ ਕਥਾ ਕਰਨ ਆਉਂਦੇ ਹਨ ਉਹ ਵੀ ਇਹ ਗੱਲ ਨਹੀਂ ਸਮਝਦੇ ਕਿ ਮੈਂ ਸਰੀਰ ਨਹੀਂ ਹਾਂ ਕਿਉਂਕਿ ਉਨ੍ਹਾਂ ਦਾ ਦੇਹ ਅਧਿਆਸ ਆਪਣੇ ਆਪ ਨੂੰ ਸਰੀਰ ਮੰਨਣਾ ਅਜੇ ਨਹੀਂ ਟੁਟਿਆ। ਸੰਸਾਰ ਦੀ ਇਸੇ ਤਰ੍ਹਾਂ ਕਾਰ ਹੈ। ਕੋਈ ਵਿਰਲੇ ਪੁਰਸ਼ ਹਨ ਜਿਹੜੇ ਉਚੇ ਬਚਨਾਂ ਨੂੰ ਅੰਦਰ ਵਸਾਉਂਦੇ ਹਨ ਅਤੇ ਉਸਦੇ ਮੁਤਾਬਿਕ ਆਪਣਾ ਜੀਵਨ ਗੁਜ਼ਾਰਦੇ ਹਨ। ਸੋ ਤੂੰ ਵੀ, ਤੇਰੇ ਵਿਚ ਜਿਹੜੀ 'ਮੈਂ' ਹੈ ਐਹ ਤੇਰੇ ਸਰੀਰ ਵਿਚ ਰਹਿਣ ਵਾਲੀ ਅਸਲੀ ਚੀਜ਼ ਹੈ ਉਹਦੇ ਬਾਰੇ ਤੂੰ ਹੌਲੀ-ਹੌਲੀ ਸਮਝ ਜਾਵੇਂਗੀ। ਦੇਖ! ਮੈਂ ਤੈਨੂੰ ਸਮਝਾਂਦਾ ਹਾਂ, ਸਿੱਧੀ ਜਿਹੀ ਗੱਲ ਹੈ ਕਿ ਜਦੋਂ ਤੇਰੀ ਬਾਂਹ ਦੁਖਦੀ ਹੋਵੇ, ਲੱਤ ਦੁਖਦੀ ਹੋਵੇ, ਮੋਢਾ ਦੁਖਦਾ ਹੋਵੇ, ਸਿਰ ਦੁਖਦਾ ਹੋਵੇ, ਛਾਤੀ ਵਿਚ ਕੋਈ ਦਰਦ ਹੋਵੇ ਤੇ ਪੇਟ ਵਿਚ ਕੋਈ ਦਰਦ ਹੋਵੇ, ਤੂੰ ਮੈਨੂੰ ਦੱਸ ਆਪਣੇ ਮਾਤਾ ਜੀ ਨਾਲ ਕਿਵੇਂ ਗੱਲ ਕਰਿਆ ਕਰਦੀ ਹੈਂ?" ਕਹਿਣ ਲੱਗੀ ਕਿ ਹੇ ਚੰਗੇ ਮਨੁੱਖ! ਇਹ ਗੱਲ ਤਾਂ ਕੁਝ ਵੀ ਨਹੀਂ ਹੈ, ਮੈਂ ਤਾਂ ਇਹੀ ਕਹਿੰਦੀ ਹੁੰਦੀ ਹਾਂ ਕਿ ਮੇਰਾ ਸਿਰ ਦੁਖਦਾ, ਮੇਰੀ ਲੱਤ ਦੁਖਦੀ ਹੈ। ਕਹਿਣ ਲੱਗੇ, "ਆਹੀ ਤਾਂ ਗੱਲ ਹੈ। ਤੂੰ ਹੁਣ ਸੋਚ, ਤੇਰੇ ਸਰੀਰ ਵਿਚ ਦਰਦ ਹੈ; ਤੂੰ ਇਹੀ ਕਹੇਂਗੀ ਕਿ ਮੇਰੇ ਸਰੀਰ ਵਿਚ ਦਰਦ ਹੈ?" ਕਹਿੰਦੀ, "ਹਾਂ, ਹਾਂ, ਮੈਂ ਤਾਂ ਇਵੇਂ ਹੀ ਕਿਹਾ ਕਰਦੀ ਹਾਂ।" "ਫੇਰ ਤੂੰ ਕਦੇ ਵਿਚਾਰਿਆ ਹੈ ਕਿ ਮੈਂ 'ਮੇਰਾ ਸਰੀਰ' ਕਹਿੰਦੀ ਹਾਂ ਪਰ 'ਮੈਂ ਸਰੀਰ' ਤਾਂ ਕਿਹਾ ਨਹੀਂ।" ਕਹਿਣ ਲੱਗੀ, "ਹੇ ਚੰਗੇ ਪੁਰਸ਼! ਤੇਰਾ ਭਲਾ ਹੋਵੇ, ਤੂੰ ਤਾਂ ਮੈਨੂੰ ਹਨ੍ਹੇਰੇ ਵਿਚੋਂ ਕੱਢ ਦਿਤਾ। ਹੁਣ ਮੇਰੀ ਸਮਝ ਵਿਚ ਪੈ ਗਿਆ ਕਿ ਸਰੀਰ ਮੇਰਾ ਹੈ, ਮੈਂ ਸਰੀਰ ਨਹੀਂ ਹਾਂ। ਕੀ ਤੂੰ ਇਸੇ ਨੂੰ ਹੀ ਦੇਹ ਅਧਿਆਸ ਕਹਿੰਦਾ ਹੈਂ?" ਕਹਿਣ ਲੱਗੇ, "ਹਾਂ। ਸ਼ੁਕਰ ਹੈ ਕਿ ਇਕ ਗੱਲ ਤਾਂ ਤੇਰੇ ਸਮਝ ਵਿਚ ਆਈ। ਇਹੀ ਗੱਲ ਮੈਂ ਤੈਨੂੰ ਕਹਿੰਦਾ ਹਾਂ ਕਿ ਤੂੰ ਆਪਣੇ ਆਪ ਨੂੰ ਦੇਹ ਨਾ ਮੰਨ। ਜਦੋਂ ਕੋਈ ਦੇਹ ਅਧਿਆਸ ਕਰਕੇ ਆਪਣੇ ਆਪ ਨੂੰ ਦੇਹ ਮੰਨਦਾ ਹੈ ਤਾਂ ਉਹ ਬੰਨ੍ਹਿਆ ਜਾਂਦਾ ਹੈ। ਜਦੋਂ ਆਪਣੇ ਆਪ ਨੂੰ ਨਿਸ਼ਚੇਪੂਰਵਕ ਦੇਹ ਤੋਂ ਅੱਡ ਹੋ ਕੇ ਦੇਖਦਾ ਹੈ ਕਿ ਮੈਂ ਦੇਹ ਨਹੀਂ ਹਾਂ, ਤੇ ਇਹ ਗੱਲ ਪੱਕੀ ਤਰ੍ਹਾਂ ਹਿਰਦੇ ਵਿਚ ਵਸ ਜਾਵੇ ਤਾਂ ਇਸਨੂੰ ਕਹਿੰਦੇ ਹਨ ਕਿ ਇਸਦਾ ਦੇਹ ਅਧਿਆਸ ਟੁੱਟ ਗਿਆ ਹੈ।" ਇਹ ਗੱਲ ਤਾਂ ਛੱਡ, ਪਰ ਤੂੰ ਜਿਹੜਾ 'ਮੈਂ' ਕਿਹਾ ਹੈ ਨਾ, ਇਹੋ 'ਮੈਂ' ਸਰੀਰ ਛੱਡ ਕੇ ਜਾਂਦੀ ਹੈ। ਇਕ ਸਰੀਰ ਹੋਰ ਤੇਰੇ ਕੋਲ ਹੈ ਜਿਸਨੂੰ ਸੂਖਸ਼ਮ ਸਰੀਰ ਕਹਿੰਦੇ ਹਨ, ਉਹਦੇ ਨਾਲ ਪ੍ਰਲੋਕ ਨੂੰ ਜਾਇਆ ਜਾਂਦਾ ਹੈ। ਹੁਣ ਮੈਂ ਤੈਨੂੰ ਇਕ ਹੋਰ ਗੱਲ ਦਸਦਾ ਹਾਂ ਕਿ ਜਦੋਂ ਅਸੀਂ ਸਰੀਰ ਵਿਚ ਹੁੰਦੇ ਹਾਂ ਤਾਂ ਅਸੀਂ ਕਹਿੰਦੇ ਹਾਂ ਕਿ ਇਹ ਕੰਮ ਮੈਂ ਕਰਿਆ ਹੈ। ਚੰਗੇ ਕੰਮ ਨੂੰ ਤਾਂ ਦੂਜੇ ਨੂੰ ਬੋਲ ਕੇ ਦਸ ਦਿੰਦੇ ਹਾਂ, ਜਿਹੜੇ ਮਾੜੇ ਕੰਮ ਕਰੇ ਹਨ ਉਹ ਦੂਜੇ ਤੋਂ ਛੁਪਾਉਂਦੇ ਹਾਂ ਪਰ ਅਸਾਡੇ ਅੰਦਰ ਦੇ 'ਮੈਂ' ਨੂੰ ਪਤਾ ਹੁੰਦਾ ਹੈ ਅਤੇ ਜਦੋਂ 'ਮੈਂ' ਸੂਖਸ਼ਮ ਸਰੀਰ ਨਾਲ ਪ੍ਰਲੋਕ ਨੂੰ ਜਾਂਦਾ ਹੈ ਤਾਂ ਇਨ੍ਹਾਂ ਕੀਤੇ ਹੋਏ ਕਰਮਾਂ ਦਾ ਹਿਸਾਬ ਕਿਤਾਬ ਹੁੰਦਾ ਹੈ ਜਿਸਨੂੰ ਮੇਰਾ ਮਾਲਕ ਇਸ ਤਰ੍ਹਾਂ ਕਹਿੰਦਾ ਹੈ -

**ਧਾਰਨਾ -ਲੇਖਾ ਮੰਗੇਗਾ ਧਰਮਰਾਜਾ ਬਾਣੀਆ,**
**ਨਿਮਾਣੀ ਤੇਰੀ ਜਿੰਦੜੀ ਤੋਂ**

*ਨਾਨਕੁ ਆਖੈ ਰੇ ਮਨਾ*
*ਸੁਣੀਐ ਸਿਖ ਸਹੀ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥*
*ਤਲਬਾ ਪਉਸਨਿ ਆਕੀਆ*
*ਬਾਕੀ ਜਿਨਾ ਰਹੀ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ॥*
*ਆਵਣੁ ਜਾਣੁ ਨ ਸੁਝਈ*
*ਭੀੜੀ ਗਲੀ ਫਹੀ॥*
*ਕੂੜ ਨਿਖੁਟੇ ਨਾਨਕਾ*
*ਓੜਕਿ ਸਚਿ ਰਹੀ॥* ਪੰਨਾ - 953

ਸਾਧਸੰਗਤ ਜੀ! ਕਈ ਪ੍ਰੇਮੀ ਬੜੇ ਬੇਧਿਆਨੇ ਕਹਿ ਦਿੰਦੇ ਹਨ ਕਿ ਇਹ ਤਾਂ ਗੁਰੂ ਸਾਹਿਬ ਨੇ ਬਾਣੀ ਡਰਾਉਣ ਵਾਸਤੇ ਲਿਖੀ ਹੈ ਕਿ ਅਸੀਂ ਕੋਈ ਮਾੜਾ ਕੰਮ ਨਾ ਕਰੀਏ। ਜਿਵੇਂ ਮਾਂ ਆਪਣੇ ਬੱਚੇ ਨੂੰ ਡਰਾਉਣ ਵਾਸਤੇ ਕਹਿ ਦਿੰਦੀ ਹੈ ਕਿ ਅੰਦਰ ਨਾ ਜਾਈਂ, ਅੰਦਰ 'ਮਾਊਂ' ਬੈਠਾ ਹੈ। ਦਰਅਸਲ 'ਮਾਊਂ-ਸ਼ਾਊਂ' ਕੁਝ ਨਹੀਂ ਹੁੰਦਾ। ਜਦੋਂ ਬੱਚਾ ਵੱਡਾ ਹੁੰਦਾ ਹੈ ਤਾਂ ਉਸ ਨੂੰ ਪਤਾ ਲਗ ਜਾਂਦਾ ਹੈ ਕਿ ਮੇਰੀ ਮਾਂ ਐਵੇਂ ਹੀ ਡਰਾਉਂਦੀ ਸੀ 'ਮਾਊਂ' ਤਾਂ ਕੋਈ ਨਹੀਂ ਹੈ। ਸੋ ਇਨ੍ਹਾਂ ਦਾ ਇਹ ਕਹਿਣਾ ਕਿ ਲੇਖਾ ਕੋਈ ਨਹੀਂ ਹੁੰਦਾ, ਬਿਲਕੁਲ ਨਿਰਮੂਲ ਹੈ। ਇਹ ਬਾਣੀ ਧੁਰ ਦਰਗਾਹ ਤੋਂ ਗੁਰੂਆਂ ਰਾਹੀਂ ਪ੍ਰਗਟ ਹੋਈ ਹੈ, ਇਹ ਸਤਿ ਹੈ ਇਸ ਵਿਚ ਸਾਰੇ ਬਚਨ ਸਤਿ ਹਨ। ਗੁਰੂ ਪੰਜਵੇਂ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ -

*ਲੈ ਫਾਹੇ ਰਾਤੀ ਤੁਰਹਿ*
*ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ*
*ਲੁਕਿ ਅੰਦਰਿ ਠਾਣੀ॥*
*ਸੰਨੀ ਦੇਨਿ ਵਿਖੰਮ ਥਾਇ*
*ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥*
ਪੰਨਾ - 315

ਇਕ ਇਸ ਬੰਦੇ ਦੇ ਅੰਦਰ ਬੜਾ ਖੁਟਰਪੁਣਾ ਹੈ ਕਿ ਜਦੋਂ ਇਹ ਕੋਈ ਚੰਗਾ ਕੰਮ ਕਰਦਾ ਹੈ ਤਾਂ ਇਹ ਡੌਂਡੀ ਪਿਟਦਾ ਹੈ ਕਿ ਇਹ ਮੈਂ ਕਰਿਆ ਹੈ। ਦਾਨ ਦੇ ਕੇ ਪੱਥਰ ਲਵਾਉਂਦਾ ਹੈ, ਅਖਬਾਰਾਂ ਵਿਚ ਕਢਵਾਉਂਦਾ ਹੈ ਪਰ ਜਦੋਂ ਕੋਈ ਮਾੜਾ ਕੰਮ ਕਰੇ ਤਾਂ ਇਕ ਦਮ ਕਹਿ ਦਿੰਦਾ ਹੈ ਕਿ ਇਹ ਕੰਮ ਤਾਂ ਰੱਬ ਨੇ ਕਰਾਇਆ ਹੈ। ਰੱਬ ਤਾਂ ਸਰਬ ਕਲਾ ਸਮਰੱਥ ਹੈ ਜੇ ਮੇਰਾ ਮਾੜਾ ਕੰਮ ਕਰਨਾ ਉਹਨੂੰ ਨਹੀਂ ਚੰਗਾ ਲਗਦਾ ਸੀ ਤਾਂ ਉਸਨੇ ਕਰਾਇਆ ਕਿਉਂ? ਇਹ ਸਭ ਘਟੀਆ ਕਿਸਮ ਦੀਆਂ ਢੁਚਰਾਂ ਹਨ। ਮਹਾਰਾਜ ਜੀ ਤਾਂ ਫੁਰਮਾਨ ਕਰਦੇ ਹਨ ਕਿ

–

**ਜੇਹਾ ਬੀਜੈ ਸੋ ਲੁਣੈ**
**ਕਰਮਾ ਸੰਦੜਾ ਖੇਤੁ॥ ਪੰਨਾ – 134**

ਚੰਗੇ ਕਰਮ ਤੇ ਆਦਮੀ ਖੁਸ਼ ਹੁੰਦਾ ਹੈ ਅਤੇ ਆਪਣੀ ਉਸਤਤ ਚਾਹੁੰਦਾ ਹੈ। ਭਲਾਂ ਜੇ ਕੋਈ ਉਸਦੀ ਚੰਗੇ ਕਰਮ ਤੋਂ ਪਿਛੋਂ ਨਿੰਦਿਆ ਕਰੇ ਤਾਂ ਉਸਨੂੰ ਨਿੰਦਿਆ ਸੁਣ ਕੇ ਦੁਖ ਹੁੰਦਾ ਹੈ ਕਿਉਂਕਿ ਉਹਨੂੰ ਪਤਾ ਹੈ ਕਿ ਮੈਂ ਨੇਕ ਕੰਮ ਕਰਿਆ ਹੈ। ਨੇਕ ਕੰਮ ਨੇ ਉਸਦੇ ਅੰਦਰ ਧੁਰਵਾ ਬੰਨ੍ਹ ਲਿਆ ਕਿ ਮੈਂ ਚੰਗਾ ਕੰਮ ਕਰਿਆ ਹੈ, ਮੈਨੂੰ ਗਲਤ ਕਿਉਂ ਆਖਦੇ ਹਨ। ਇਸ ਤੋਂ ਪਤਾ ਲਗ ਗਿਆ ਕਿ ਅਸੀਂ ਚੰਗੇ ਤੇ ਮਾੜੇ ਕਰਮਾਂ ਨੂੰ ਫੜ ਲਿਆ ਤੇ ਆਪਣੇ ਅੰਤਸ਼ਕਰਣ ਦੇ ਸਟੋਰ ਵਿਚ ਜਮ੍ਹਾ ਕਰ ਲਿਆ। ਇਸਦੇ ਵਿਪਰੀਤ ਸੋਝੀ ਵਾਲੇ ਪੁਰਸ਼ ਜਿਹੜੇ ਵਾਹਿਗੁਰੂ ਜੀ ਦੀ ਰਜ਼ਾ ਵਿਚ ਚਲਦੇ ਹਨ ਜਿਨ੍ਹਾਂ ਨੂੰ ਇਹ ਪਤਾ ਹੈ ਕਿ ਸਭ ਕੁਝ ਵਾਹਿਗੁਰੂ ਜੀ ਦੇ ਹੁਕਮ ਵਿਚ ਹੋ ਰਿਹਾ ਹੈ ਉਹ ਨਾ ਚੰਗੇ ਕਰਮਾਂ ਨੂੰ **own** ਕਰਦੇ (ਅਪਣਾਉਂਦੇ) ਹਨ, ਮੰਦੇ ਕਰਮ ਉਨ੍ਹਾਂ ਤੋਂ ਹੁੰਦੇ ਹੀ ਨਹੀਂ, ਉਹ ਨਿਰਲੇਪ ਰਹਿੰਦੇ ਹਨ। ਉਨ੍ਹਾਂ ਨੂੰ ਕਰਮਾਂ ਦਾ ਫਲ ਭੋਗਣਾ ਨਹੀਂ ਪੈਂਦਾ। ਇਹ ਆਦਮੀ ਦੀ ਸੁਖਾਲੀ ਗੱਲ ਹੈ ਕਿ ਉਹ ਕਰਮਾਂ ਨੂੰ ਇਹ ਕਹਿ ਕੇ ਟਾਲ ਦੇਵੇ ਕਿ ਵਾਹਿਗੁਰੂ ਜੀ ਹੀ ਕਰਾਉਂਦੇ ਹਨ ਜਿਵੇਂ ਅੰਦਰ ਇਕ ਧੁਰਵਾ ਬੰਨ੍ਹਿਆ ਜਾਂਦਾ ਹੈ ਜਿਸ ਵਿਚ ਉਸਨੂੰ ਗਿਆਨ ਹੁੰਦਾ ਹੈ ਕਿ ਨੇਕ ਕਰਮ ਵੀ ਮੈਂ ਹੀ ਕਰਦਾ ਹਾਂ ਉਸਦੇ ਵਾਸਤੇ ਬੋਲੀ ਭਾਵੇਂ ਕੋਈ ਬਦਲ ਲਵੇ। ਅਸਲੀ ਗੱਲ ਤਾਂ ਕਰਮ ਕਰਕੇ ਫੜਨ ਦੀ ਹੁੰਦੀ ਹੈ ਜਦੋਂ ਤਕ ਆਦਮੀ ਦੇ ਅੰਦਰ ਹਉਮੈ ਹੈ, ਜਦੋਂ ਤਕ ਇਹ ਸਮਝਦਾ ਹੈ ਮੇਰੀ ਹਸਤੀ ਹੈ, 'ਮੈਂ' ਹਾਂ, ਉਸ ਸਮੇਂ ਤਕ ਕਰਮਾਂ ਨੇ ਬੰਨ੍ਹਣਾ ਹੀ ਹੈ –

**ਧਾਰਨਾ – ਹਉਮੈ ਏਹਾ ਜਾਤ ਹੈ**
**ਹਉਮੈ ਕਰਮ ਕਮਾਹਿ**

**ਹਉਮੈ ਏਹਾ ਜਾਤਿ ਹੈ**
**ਹਉਮੈ ਕਰਮ ਕਮਾਹਿ॥**
**ਹਉਮੈ ਏਈ ਬੰਧਨਾ**
**ਫਿਰਿ ਫਿਰਿ ਜੋਨੀ ਪਾਹਿ॥**
**ਹਉਮੈ ਕਿਥਹੁ ਉਪਜੈ**
**ਕਿਤੁ ਸੰਜਮਿ ਇਹ ਜਾਇ॥**
**ਹਉਮੈ ਏਹੋ ਹੁਕਮੁ ਹੈ**
**ਪਇਐ ਕਿਰਤਿ ਫਿਰਾਹਿ॥**
**ਹਉਮੈ ਦੀਰਘ ਰੋਗੁ ਹੈ**
**ਦਾਰੂ ਭੀ ਇਸੁ ਮਾਹਿ॥**
**ਕਿਰਪਾ ਕਰੇ ਜੇ ਆਪਣੀ**
**ਤਾ ਗੁਰ ਕਾ ਸਬਦੁ ਕਮਾਹਿ॥**
**ਪੰਨਾ – 466**

ਮੁੜ-ਮੁੜ ਕੇ ਹਉਮੈ ਦਾ ਬੰਨ੍ਹਿਆ ਹੋਇਆ ਜੂਨਾਂ ਵਿਚ ਜਾਂਦਾ ਹੈ। ਐਨੀ ਛੋਟੀ ਜਿਹੀ ਗੱਲ ਇਸਦੀ ਸਮਝ ਵਿਚ ਨਹੀਂ ਆਉਂਦੀ। ਸਾਧ ਸੰਗਤ ਜੀ! ਜੇ ਅਸੀਂ ਸਾਰੇ ਇਸ ਗੱਲ ਨੂੰ ਪੱਕੀ ਤਰ੍ਹਾਂ ਨਾਲ ਸਮਝ ਜਾਈਏ ਅਤੇ ਆਪਣੇ ਸਰੂਪ ਨੂੰ ਪਛਾਣ ਲਈਏ, ਝੂਠੀ 'ਮੈਂ' ਤੋਂ ਛੁਟਕਾਰਾ ਪਾ ਲਈਏ ਤਾਂ ਇਸੇ ਸਤਿਸੰਗ ਵਿਚ ਹੀ ਸਾਡਾ ਛੁਟਕਾਰਾ ਹੋ ਸਕਦਾ ਹੈ – ਸਭ ਦਾ, ਕੋਈ ਬੱਝਿਆ ਨਹੀਂ ਰਹਿ ਸਕਦਾ। ਪਰ ਇਹ ਹੋਇਆ ਨਹੀਂ ਕਰਦਾ ਕਿਉਂਕਿ ਹਉਮੈ ਦਾ ਦੀਰਘ ਰੋਗ ਲਗਿਆ ਹੋਇਆ ਹੈ। ਗੱਲਾਂ ਨਾਲ ਰੋਗ ਨਹੀਂ ਜਾਂਦਾ ਜਿਵੇਂ ਇਕ ਕੁਸ਼ਟੀ ਕਹੇ ਕਿ ਮੈਂ ਤੰਦਰੁਸਤ ਹੋ ਗਿਆ। ਦੂਜਾ ਕਹੇ ਕਿ ਤੈਨੂੰ ਕੋਹੜ ਤਾਂ ਹੋਇਆ ਹੋਇਆ ਹੈ, ਕਹਿਣ ਨਾਲ ਤਾਂ ਨਹੀਂ ਠੀਕ ਹੋਣਾ। ਤੈਨੂੰ ਤਾਂ ਇਹਦਾ ਉਪਚਾਰ ਕਰਨਾ ਪੈਣਾ ਹੈ, ਸੰਜਮ ਨਾਲ ਦਵਾਈ ਖਾਣੀ ਪਵੇਗੀ, ਜਦੋਂ ਸੰਜਮ ਨਾਲ ਅਉਖਦ ਖਾਵੇਂਗਾ ਤਾਂ ਉਸ ਵੇਲੇ ਤੇਰਾ ਸਰੀਰ ਅਰੋਗ ਹੋਣਾ ਸ਼ੁਰੂ ਹੋ ਜਾਵੇਗਾ।

ਇਸੇ ਤਰ੍ਹਾਂ ਨਾਲ ਸਾਡਾ ਸਰੀਰ ਹੈ – ਪੰਜਾਂ ਤੱਤਾਂ ਦਾ ਬਣਿਆ ਹੋਇਆ। ਇਹਦੇ ਵਿਚ ਇਕ ਹੋਰ ਸਰੀਰ ਹੈ ਜਿਸਨੂੰ ਸੂਖਸ਼ਮ ਸਰੀਰ ਕਹਿੰਦੇ ਹਨ। ਉਹਦੇ ਵਿਚ ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਪੰਜ ਪ੍ਰਾਣ ਹੁੰਦੇ ਹਨ ਤੇ ਚਾਰ ਅੰਤਸ਼ਕਰਣ ਹੁੰਦੇ ਹਨ, ਇਨ੍ਹਾਂ ਦਾ ਬਣਿਆ ਹੋਇਆ 19 ਤੱਤਾਂ ਦਾ ਜਿਹੜਾ ਸੂਖਸ਼ਮ ਸਰੀਰ ਹੈ, ਉਹ ਮਰਿਆ ਨਹੀਂ ਕਰਦਾ। ਨਾ ਅੱਗ ਵਿਚ ਜਲਦਾ ਹੈ, ਨਾ ਪਾਣੀ ਵਿਚ ਡੁੱਬਦਾ ਹੈ, ਨਾ ਉਸਨੂੰ ਕੋਈ ਕੱਟ ਸਕਦਾ ਹੈ। ਉਸ ਸਰੀਰ ਵਿਚ ਇਕ ਭਾਵਨਾ ਹੁੰਦੀ ਹੈ 'ਮੈਂ' ਦੀ। ਇਹ ਜਿਹੜੀ 'ਮੈਂ' ਦੀ ਭਾਵਨਾ ਹੁੰਦੀ ਹੈ ਇਹ 'ਮੈਂ' ਹੀ ਲਈਂ ਫਿਰਦੀ ਹੈ – ਸਾਰੇ ਔਗੁਣਾਂ ਨੂੰ ਬੰਨ੍ਹ ਕੇ; ਮੈਂ ਚੰਗਾ ਹਾਂ, ਮੈਂ ਮੰਦਾ ਹਾਂ। ਵਾਹਿਗੁਰੂ ਜੀ ਦੀ ਨੇਤ ਇਹ ਹੈ ਕਿ ਜਿਹੋ ਜਿਹੇ ਖਿਆਲ ਉਸਨੇ ਇਕੱਠੇ ਕਰ ਲਏ ਉਸਨੂੰ ਓਹੋ ਜਿਹੀ ਹੀ ਥਾਂ ਦਰਗਾਹ ਵਿਚ ਮਿਲ ਜਾਇਆ ਕਰਦੀ ਹੈ। ਜੇ ਤਾਂ ਮਾੜੇ ਕਰਮਾਂ ਰੂਪੀ ਪੱਥਰ ਬੰਨ੍ਹਣੇ ਸ਼ੁਰੂ ਕਰ ਦੇਵੇ ਤਾਂ ਤੁਸੀਂ ਸਾਰੇ ਹੀ ਸਮਝਦੇ ਹੋ ਕਿ ਉਹ ਕਿਸੇ ਤਰ੍ਹਾਂ ਵੀ ਉਚਾ ਨਹੀਂ ਜਾ ਸਕਦਾ, ਪਾਣੀ ਵਿਚ ਸੁੱਟ ਦੇਵੋ ਉਹ ਹੇਠਾਂ ਹੀ ਜਾਵੇਗਾ। ਜੇ ਉਸਨੇ ਹਲਕੇ-ਫੁਲਕੇ ਕਰਮ ਇਕੱਠੇ ਕਰਨੇ ਸ਼ੁਰੂ ਕਰ ਦਿਤੇ, ਮਤਲਬ ਕਿ ਉਸਨੇ ਨੇਕ ਕਰਮ ਕਰਨੇ ਸ਼ੁਰੂ ਕਰ ਦਿਤੇ ਤਾਂ ਐਉਂ ਸਮਝ ਲਵੋ ਕਿ ਉਹ ਉਚਾ ਉਠਣ ਲਈ ਈਂਧਨ (**fuel**) ਪਾ ਰਿਹਾ ਹੁੰਦਾ ਹੈ। ਜਿੰਨਾਂ ਜ਼ਿਆਦਾ ਈਂਧਨ ਪਾਏਗਾ, ਉਨੀਂ ਉਚਾਈ ਤਕ ਉਹ ਜਾਵੇਗਾ। ਤੁਸੀਂ ਰਾਕੇਟ ਚਲਦਾ ਦੇਖਦੇ ਹੀ ਹੋ, ਉਨ੍ਹਾਂ ਵਿਚ ਜਿੰਨੀ ਸ਼ਕਤੀ ਦਾ ਈਂਧਨ ਹੁੰਦਾ ਹੈ ਉਨੀਂ ਉਚਾਈ ਤਕ ਉਹ ਚਲੇ ਜਾਇਆ ਕਰਦੇ ਹਨ। ਬੱਚੇ ਆਤਸ਼ਬਾਜ਼ੀ ਚਲਾਉਂਦੇ ਹਨ ਉਸ ਤੋਂ ਵੀ ਤੁਸੀਂ ਅੰਦਾਜ਼ਾ ਲਾ ਸਕਦੇ ਹੋ। ਇਸ ਤਰ੍ਹਾਂ ਸ਼ੁਭ ਕਰਮਾਂ ਦਾ ਈਂਧਨ (**fuel**) ਜਿਸਨੇ ਅੰਤਸ਼ਕਰਣ ਵਿਚ ਪਾਇਆ ਹੋਇਆ ਹੈ ਉਸਦੀ ਹਉਮੈ ਸੰਭਾਲ ਕੇ ਰਖਦੀ ਹੈ –

ਚੰਗੇ ਕਰਮਾਂ ਨੂੰ ਵੀ ਤੇ ਮਾੜੇ ਕਰਮਾਂ ਨੂੰ ਵੀ। ਜਿਸ ਥਾਂ ਉਹ ਸੰਭਾਲੇ ਜਾਂਦੇ ਨੇ ਉਸ ਦਾ ਨਾਂ ਅੰਤਸ਼ਕਰਣ ਹੈ, ਉਹਦੇ ਵਿਚ ਪਏ ਹੁੰਦੇ ਨੇ - ਸਾਰੇ ਕਰਮ। ਉਹ ਜੀਵ ਫੇਰ ਉਸੇ ਉਚਾਈ ਤਕ ਜਾਂਦਾ ਹੈ। ਇਹ ਜਿਹੜਾ ਸਥੂਲ ਸਰੀਰ ਹੈ ਇਹ ਅੰਨ੍ਹੀ ਹਉਮੈ ਵਾਲਾ ਸਰੀਰ ਹੈ। ਜਿਹੜਾ ਸੂਖਸ਼ਮ ਸਰੀਰ ਹੈ ਇਹ ਵੀ ਅੰਨ੍ਹੀ ਹਉਮੈ ਵਾਲਾ ਸਰੀਰ ਹੀ ਹੈ। ਇਸ ਤੋਂ ਅੱਗੇ ਇਕ ਹੋਰ ਸਰੀਰ ਹੈ ਜਿਸਨੂੰ ਕਾਰਨ ਸਰੀਰ (**astral body**) ਕਿਹਾ ਜਾਂਦਾ ਹੈ। ਇਹ ਕੇਵਲ ਖਿਆਲ ਦਾ ਸਰੀਰ ਹੋਇਆ ਕਰਦਾ ਹੈ, ਅਤੀ ਸੂਖਸ਼ਮ ਹੁੰਦਾ ਹੈ ਪਰ ਇਹ ਅਗਿਆਨ ਦੇ ਨਾਲ ਘਿਰਿਆ ਹੁੰਦਾ ਹੈ। ਇਸ ਵਿਚ ਵੀ 'ਮੈਂ' ਦਾ ਭਾਵ ਟੁੱਟਿਆ ਨਹੀਂ ਕਰਦਾ। ਸੋ ਇਹ ਤਿੰਨੇ ਸਰੀਰ ਜਿੰਨੀ ਦੇਰ ਤਕ ਕਾਇਮ ਹਨ, ਓਨੀਂ ਦੇਰ ਹਉਮੈ ਜੀਵ ਆਤਮਾ ਦੇ ਨਾਲ ਚਿੰਬੜੀ ਰਹਿੰਦੀ ਹੈ। ਜਦੋਂ ਇਹ ਜੀਵ ਇਸ ਤੋਂ ਉਪਰਲੀ ਮੰਜ਼ਲ ਵਿਚ ਜਾਂਦਾ ਹੈ ਉਹ ਆਤਮ ਦੇਸ਼, ਆਤਮ ਮੰਡਲ ਜਾਂ ਉਨਮਨੀ ਦੇਸ਼ ਕਹਿ ਲਵੋ, ਹੋਇਆ ਕਰਦਾ ਹੈ। ਉਸ ਥਾਂ ਦੇ ਉਤੇ ਹਉਮੈ ਦੀ ਪਹੁੰਚ ਨਹੀਂ ਹੈ। ਉਥੇ ਇਕੋ ਆਤਮਾ ਹੈ ਜਿਸਦਾ ਪਸਾਰਾ ਸਾਰੇ ਦ੍ਰਿਸ਼ਟੀ ਆਉਂਦਾ ਹੈ। ਸੋ ਜਦੋਂ ਤੀਕਰ ਇਹ ਤਿੰਨੇ ਸਰੀਰ ਰਹਿੰਦੇ ਹਨ, ਹਉਮੈ ਵਿਚ ਕੀਤੇ ਹੋਏ ਕਰਮ ਇਸਦੇ ਨਾਲ ਚਿੰਬੜੇ ਰਹਿੰਦੇ ਹਨ। ਉਨ੍ਹਾਂ ਕਰਮਾਂ ਦਾ ਨਾਸ਼ ਨਹੀਂ ਹੋਇਆ ਕਰਦਾ। ਕੇਵਲ ਤੱਤ ਗਿਆਨ ਹੋਣ ਨਾਲ ਹਉਮੈ ਵਿਚ ਕੀਤੇ ਕਰਮ ਜਲ ਜਾਂਦੇ ਹਨ ਅਤੇ ਭਸਮ ਬਣ ਜਾਂਦੇ ਹਨ। ਇਸ ਗੱਲ ਨੂੰ ਹੋਰ ਸੁਖਾਲਾ ਕਰਕੇ ਐਉਂ ਵੀ ਕਹਿ ਸਕਦੇ ਹਾਂ ਜਦੋਂ ਇਸ ਜੀਵ ਦੀ ਸੁਧਰੀ ਹੋਈ ਸੁਰਤ ਜਿਸਨੂੰ ਸਿਧ ਤੇ ਸੁਧ ਆਖਿਆ ਜਾਂਦਾ ਹੈ ਜੋ ਸਰਮਖੰਡ ਦੀ ਮੰਜ਼ਲ ਵਿਚ ਘੜੀ ਜਾਂਦੀ ਹੈ ਉਹ ਪ੍ਰਾਪਤ ਹੋ ਕੇ ਉਸਨੂੰ ਯਥਾਰਥ ਗਿਆਨ ਹੋ ਜਾਇਆ ਕਰਦਾ ਹੈ। ਇਸ ਯਥਾਰਥ ਗਿਆਨ ਦੀ ਕ੍ਰਿਆ ਨੂੰ ਨਾਮ ਦੀ ਕ੍ਰਿਆ ਵੀ ਕਿਹਾ ਜਾਂਦਾ ਹੈ। ਸੋ ਇਹ ਜਿਹੜਾ ਨਾਮ ਹੈ, ਇਹਦੇ ਵਿਚ ਸਾਰੇ ਕਰਮ ਭਸਮ ਬਣ ਜਾਂਦੇ ਹਨ ਜਿਵੇਂ ਕਿ ਫੁਰਮਾਨ ਹੈ -

*ਘੋਰ ਦੁਖੵੰ ਅਨਿਕ ਹਤੵੰ*
*ਜਨਮ ਦਾਰਿਦ੍ਰੰ ਮਹਾ ਬਿਖੵਾਦੰ॥*
*ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ*
*ਜੈਸੇ ਪਾਵਕ ਕਾਸਟ ਭਸਮੰ ਕਰੋਤਿ॥*
*ਪੰਨਾ - 1355*

ਸੋ ਜਿੰਨੀ ਦੇਰ ਤਕ ਸਥੂਲ, ਸੂਖਸ਼ਮ ਤੇ ਕਾਰਨ ਸਰੀਰ ਦੀ ਹੋਂਦ ਕਾਇਮ ਹੈ, ਕਰਮ ਵੀ ਨਾਲ ਹੀ ਕਾਇਮ ਹਨ। ਇਹ 'ਮੈਂ' ਦਾ ਜਜ਼ਬਾ ਕਰਮਾਂ ਦੇ ਹਿਸਾਬ ਨਾਲ ਇਸ ਜੀਵ ਨੂੰ, ਨਾ ਮੁਕਣ ਵਾਲੇ ਸਫਰ ਤੇ ਪਾ ਰਖਦਾ ਹੈ। ਇਹ 'ਮੈਂ' ਵਾਲੇ ਸਰੀਰ ਵਿਚ ਜੀਵ ਆਤਮਾ ਦੀ ਹੋਂਦ ਕਾਇਮ ਰਹਿੰਦੀ ਹੈ, ਜੀਵ ਭਾਵ ਮਰਦਾ ਨਹੀਂ ਹੈ। ਬੜੀ ਖੋਜ ਕੀਤੀ ਹੈ ਸਿਆਣਿਆਂ ਨੇ ਕਿ ਜਦ ਤੋਂ ਸੰਸਾਰ ਬਣਿਆ ਹੈ ਉਸ ਸਮੇਂ ਤੋਂ ਹੀ ਖੋਜ ਸ਼ੁਰੂ ਹੋਈ ਹੋਈ ਹੈ ਜਿਵੇਂ ਕਿ -

*ਬਾਬਾ ਬੋਲਤੇ ਤੇ ਕਹਾ ਗਏ*
*ਦੇਹੀ ਕੇ ਸੰਗਿ ਰਹਤੇ॥*
*ਸੁਰਤਿ ਮਾਹਿ ਜੋ ਨਿਰਤੇ ਕਰਤੇ*
*ਕਥਾ ਬਾਰਤਾ ਕਹਤੇ॥*
*ਪੰਨਾ - 480*

ਦੇਹੀ ਵਿਚ ਰਹਿੰਦਾ ਸੀ, ਕਥਾ ਕਰਦਾ ਸੀ, ਲੋਕਾਂ ਨੂੰ ਕੀਰਤਨ ਕਰਕੇ ਮੁਗਧ ਕਰ ਦਿੰਦਾ ਸੀ, ਹਸਦਾ ਸੀ, ਖਾਂਦਾ ਸੀ, ਪੀਂਦਾ ਸੀ, ਵੱਡੇ-ਵੱਡੇ ਯੁੱਧ ਜਿਤੇ, ਵੱਡੇ-ਵੱਡੇ ਕਿਲੇ ਕੋਟ ਬਣਾਏ, ਬਹੁਤ ਗੱਲਾਂ ਕੀਤੀਆਂ, ਉਹ ਚਲਿਆ ਕਿਥੇ ਗਿਆ? ਨਾ ਕੋਈ ਸੁਨੇਹਾ, ਨਾ ਕੋਈ ਟੈਲੀਫੂਨ, ਨਾ ਕੋਈ ਉਘ, ਨਾ ਸੁਘ- ਕੁਛ ਵੀ ਨਹੀਂ। ਹੈਰਾਨ ਹੋਈਦਾ ਹੈ ਕਿ ਵਾਹਿਗੁਰੂ ਜੀ ਨੇ ਕਿੱਡਾ ਭੇਤ ਪੜਦੇ ਵਿਚ ਛੁਪਾ ਕੇ ਰਖਿਆ ਹੋਇਆ ਹੈ। ਭੇਤ ਹੀ ਨਹੀਂ ਲਗਣ ਦਿੰਦਾ। ਜਿਹੜੇ ਤੱਤ ਬੇਤੇ ਮਹਾਂਪੁਰਸ਼ ਹਨ ਜਿਨ੍ਹਾਂ ਦਾ ਵਾਸਾ ਉਨਮਨੀ ਮੰਡਲ ਵਿਚ ਹੈ ਜਿਨ੍ਹਾਂ ਨੂੰ ਤਿੰਨ ਲੋਕਾਂ ਦੀਆਂ ਹਾਲਤਾਂ ਦਾ ਪਤਾ ਹੈ ਉਹ ਜਦੋਂ ਕੋਈ ਗੱਲ ਦਸਦੇ ਹਨ ਤਾਂ ਅਸੀਂ ਮੰਨਣ ਵਾਸਤੇ ਤਿਆਰ ਨਹੀਂ ਹੁੰਦੇ। ਸੰਸਾਰ ਉਸਦੇ ਬਚਨਾਂ ਨੂੰ ਬਿਲਕੁਲ ਹੀ ਨਹੀਂ ਮੰਨਦਾ। ਵਿਦਵਾਨ ਕਹਿ ਦਿੰਦੇ ਨੇ, ਇਸ ਉਪਰ ਤਾਂ ਫਲਾਣੀ ਕਿਤਾਬ ਦਾ ਅਸਰ ਹੈ। ਉਸਦੇ ਅਧੀਨ ਹੋ ਕੇ ਇਸਨੇ ਤੱਤ ਪ੍ਰਗਟ ਕਰੇ ਹਨ ਜੋ ਦਰਅਸਲ ਸੱਚ ਨਹੀਂ ਹੈ। ਹੁਣ ਮੁਸ਼ਕਲ ਇਹ ਹੈ ਜਿਸ ਨੇ ਦੇਖਿਆ ਹੈ ਉਹਦੀ ਗੱਲ ਮੰਨਣ ਨੂੰ ਅਸੀਂ ਤਿਆਰ ਨਹੀਂ ਹਾਂ। ਮਹਾਂਪੁਰਸ਼ ਵੀ ਬਹੁਤ ਸੰਕੋਚ ਨਾਲ ਗੱਲ ਦਸਦੇ ਹਨ ਜਿਵੇਂ ਕਿ ਬਾਣੀ ਵਿਚ ਲਿਖਿਆ ਹੈ ਕਿ ਉਹ ਆਪਣੇ ਅਨੁਭਵਾਂ ਦਾ ਭੇਤ ਬੜੀ ਮੁਸ਼ਕਲ ਨਾਲ ਦਿੰਦੇ ਹਨ। ਜਿਵੇਂ ਕਿ -

*ਹੋਨਿ ਨਜੀਕਿ ਖੁਦਾਇ ਦੈ*
*ਭੇਤੁ ਨ ਕਿਸੈ ਦੇਨਿ॥ ਪੰਨਾ - 1384*

ਦਰਗਾਹ ਦੀਆਂ **secret** ਗੱਲਾਂ ਗੁਪਤ ਹੀ ਰਖੀਆਂ ਜਾਇਆ ਕਰਦੀਆਂ ਹਨ। ਸਿਰਫ ਵਾਹਿਗੁਰੂ ਜੀ ਕਿਸੇ-ਕਿਸੇ ਨੂੰ ਅਧਿਕਾਰ ਦਿੰਦਾ ਹੈ ਕਿ ਤੂੰ ਸੰਸਾਰ ਵਾਲਿਆਂ ਨੂੰ ਅੱਖੀਂ ਦੇਖੀਆਂ ਗੱਲਾਂ ਦੱਸ ਸਕਦਾ ਹੈਂ।

ਇਕ ਵਾਰੀ ਇਕ ਪ੍ਰੇਮੀ ਇਕ ਮਹਾਤਮਾ ਦੇ ਕੋਲ ਆਏ, ਉਨ੍ਹਾਂ ਦੇ ਸਰੀਰ ਤੇ ਥਾਂ ਪਰ ਥਾਂ ਫੋੜੇ ਹੋਏ ਹੋਏ ਸਨ। ਉਹ ਬਹੁਤ ਦੁਖੀ ਸੀ। ਮਹਾਤਮਾ ਨੂੰ ਕਿਹਾ ਕਿ ਮਹਾਰਾਜ ਮੇਰੇ ਉਪਰ ਕ੍ਰਿਪਾ ਕਰੋ ਮੇਰੇ ਤੋਂ ਬਹੁਤ ਵੱਡੀ ਭੁੱਲ ਹੋਈ ਹੋਈ ਹੈ, ਬਖਸ਼ਾ ਦੇਵੋ। ਮਹਾਂਪੁਰਸ਼ਾਂ ਨੇ ਪੁਛਿਆ ਕਿ ਤੂੰ ਕੀ ਭੁੱਲ ਕੀਤੀ ਹੈ ਤਾਂ ਉਸ ਨੇ ਦੱਸਿਆ ਕਿ ਮੈਂ ਯੋਗਿਕ ਕ੍ਰਿਆ ਕਰਿਆ ਕਰਦਾ ਸਾਂ। ਜਦੋਂ ਮੇਰੀ ਸੁਰਤ ਸੁਖਮਨਾ ਵਿਚ ਪ੍ਰਵੇਸ਼ ਕਰਕੇ ਤ੍ਰਿਕੁਟੀ ਤੋਂ ਅੱਗੇ ਗਈ, ਸਹੰਸਰਾਰ ਦਲ ਕਮਲ ਵਿਚ ਪਹੁੰਚੀ ਤਾਂ ਉਥੇ ਬੇਅੰਤ ਸ਼ਕਤੀਆਂ ਦਾ ਵੇਗ ਮੈਂ ਮਹਿਸੂਸ ਕੀਤਾ। ਮੈਨੂੰ ਇਕ ਸ਼ਕਤੀ ਦੀ ਪ੍ਰਾਪਤੀ ਹੋ ਗਈ ਜਿਸ ਕਰਕੇ ਮੈਂ ਇਸ ਸੰਸਾਰ ਵਿਚੋਂ ਜਾਣ ਵਾਲਿਆਂ ਦੀ ਰੂਹ

ਨੂੰ ਪਛਾਣ ਕੇ ਉਨ੍ਹਾਂ ਨਾਲ ਜੋ ਦਰਗਾਹ ਵਿਚ ਵਰਤਦੀ ਸੀ ਉਹ ਦੇਖਿਆ ਕਰਦਾ ਸੀ। ਕਿਸੇ ਨੂੰ ਨਰਕਾਂ ਵਿਚ ਸੁਟਿਆ ਜਾਂਦਾ, ਕਿਸੇ ਨੂੰ ਜੂਨਾਂ ਵਿਚ ਪਾ ਦਿਤਾ ਜਾਂਦਾ, ਕਿਸੇ ਨੂੰ ਸਵਰਗਾਂ ਵਿਚ ਪ੍ਰਵੇਸ਼ ਕਰਾ ਦਿਤਾ ਜਾਂਦਾ। ਮੈਂ ਭਜਨ ਬੰਦਗੀ ਕਰਕੇ ਉਹ ਦ੍ਰਿਸ਼ ਦੇਖੇ ਹੋਏ, ਲੋਕਾਂ ਨੂੰ ਉਹ ਗੱਲਾਂ ਪ੍ਰਗਟ ਕਰ ਦੇਣੀਆਂ। ਇਕ ਵਾਰੀ ਮੇਰਾ ਚਾਚਾ ਮਰ ਗਿਆ। ਮੈਂ ਉਸਦੀ ਰੂਹ ਨੂੰ ਦਰਗਾਹ ਵਿਚ ਤਕਿਆ। ਸਮਾਂ ਬੀਤ ਗਿਆ, ਮੇਰੇ ਭਰਾਵਾਂ ਨੇ ਕਿਹਾ ਕਿ ਭਰਾ! ਤੂੰ ਗੁਪਤ ਗੱਲਾਂ ਦੱਸਿਆ ਕਰਦਾ ਹੈਂ, ਇਹ ਤਾਂ ਦਸ ਕਿ ਸਾਡਾ ਬਾਪੂ ਕਿਥੇ ਚਲਿਆ ਗਿਆ? ਉਸ ਵੇਲੇ ਮੈਂ ਖੋਜ ਸ਼ੁਰੂ ਕੀਤੀ ਅਤੇ ਮੈਂ ਦਰਗਾਹ ਦੇ ਵਾਸੀਆਂ ਤੋਂ ਪੁਛ ਬੈਠਾ। ਉਨ੍ਹਾਂ ਨੇ ਮੇਰੇ ਵਲ ਬਹੁਤ ਹੀ ਹਿਕਾਰਤ (ਨਫਰਤ) ਨਾਲ ਤਕਿਆ ਅਤੇ ਕਿਹਾ ਕਿ ਇਹ ਦਰਗਾਹ ਦੇ ਭੇਤ ਦੁਨੀਆਂ ਨੂੰ ਦਸਦਾ ਹੈ। ਹੁਣ ਆਪਣੇ ਚਾਚੇ ਬਾਰੇ ਜਾਣਨਾ ਚਾਹੁੰਦਾ ਹੈ। ਮੈਨੂੰ ਉਨ੍ਹਾਂ ਨੇ ਵਿਖਾ ਦਿਤਾ ਕਿ ਮੇਰੇ ਚਾਚੇ ਦੀ ਰੂਹ ਅਸਾਡੇ ਨਗਰ ਤੋਂ 40 ਮੀਲ ਦੂਰ ਇਕ ਬੀਬੀ ਦੇ ਗਰਭ ਵਿਚ ਪ੍ਰਵੇਸ਼ ਕਰ ਗਈ ਹੈ ਤੇ ਹੁਣ ਤਿੰਨ ਮਹੀਨੇ ਦੀ ਹੈ। ਪਰ ਉਨ੍ਹਾਂ ਨੇ ਮੈਨੂੰ ਧੱਕੇ ਮਾਰ ਕੇ ਕੱਢ ਦਿਤਾ। ਮੇਰਾ ਬੜਾ ਨਿਰਾਦਰ ਹੋਇਆ। ਕਹਿਣ ਲੱਗਿਆ, "ਮਹਾਂਪੁਰਸ਼ੋ! ਮੈਂ ਬੜਾ ਢੀਠ ਸਾਂ, ਇਸ ਭੇਤ ਨੂੰ ਛੁਪਾ ਨਾ ਸਕਿਆ ਅਤੇ ਮੈਂ ਆਪਣੇ ਚਾਚੇ ਦੇ ਲੜਕੇ ਨੂੰ ਨਾਲ ਲੈ ਕੇ ਉਸ ਪਿੰਡ ਵਿਚ ਨਿਰਣਾ ਕਰਨ ਚਲਿਆ ਗਿਆ, ਪੁਛ ਕੇ ਉਸ ਘਰ ਵਿਚ ਚਲਿਆ ਗਿਆ ਅਤੇ ਜੋ ਕੁਝ ਮੈਂ ਦੇਖਿਆ ਸੀ ਉਹ ਸਹੀ ਸਾਬਤ ਹੋਇਆ। ਦੂਸਰੇ ਦਿਨ ਤੋਂ ਮੇਰੀ ਸੁਰਤ ਚੜ੍ਹਨੀਂ ਬੰਦ ਹੋ ਗਈ ਤੇ ਮੇਰੇ ਸਰੀਰ ਤੇ ਫੋੜੇ ਹੋ ਗਏ।" ਉਨ੍ਹਾਂ ਮਹਾਤਮਾ ਨੇ ਉਸ ਤੇ ਤਰਸ ਕਰਿਆ ਅਤੇ ਹੋਰ ਕ੍ਰਿਆ ਦੱਸ ਕੇ ਉਸਨੂੰ ਠੀਕ ਕੀਤਾ ਤੇ ਹਦਾਇਤ ਕੀਤੀ ਕਿ ਦਰਗਾਹ ਦੇ ਭੇਤ ਕਿਸੇ ਨੂੰ ਨਹੀਂ ਦੱਸੀਦੇ। ਤੂੰ ਇਸ ਸ਼ਕਤੀ ਦੀ ਵਰਤੋਂ ਕਰਦਾ ਰਿਹਾ ਇਸ ਕਰਕੇ ਤੇਰਾ ਸਰੀਰ ਰੋਗੀ ਹੋ ਗਿਆ। ਮਹਾਂਪੁਰਸ਼ਾਂ ਨੇ ਦਸਿਆ ਕਿ ਜਦੋਂ ਉਸਨੂੰ ਵਰਜਿਤ ਕਰ ਦਿਤਾ ਤਾਂ ਹੌਲੀ-ਹੌਲੀ ਉਸਨੂੰ ਹੋਰ ਅਵਸਥਾ ਪ੍ਰਾਪਤ ਹੋ ਗਈ ਤੇ ਉਸਦਾ ਸਰੀਰ ਤੰਦਰੁਸਤ ਹੋ ਗਿਆ।

ਸੋ ਇਸ ਤਰ੍ਹਾਂ ਨਾਲ ਜੇ ਕੋਈ ਦਰਗਾਹ ਦੇ ਭੇਤ ਅਨਅਧਿਕਾਰੀ ਬੰਦਾ ਦਸਦਾ ਵੀ ਹੈ ਤਾਂ ਇਹ ਖਤਰਨਾਕ ਗੱਲ ਹੋਇਆ ਕਰਦੀ ਹੈ। ਪਰ ਅਸੀਂ ਤਾਂ ਇਸ ਗੱਲ ਨੂੰ ਮੰਨਣ ਲਈ ਤਿਆਰ ਹੀ ਨਹੀਂ। ਅਸੀਂ ਤਾਂ ਇਹ ਚਾਹੁੰਦੇ ਹਾਂ ਕਿ ਅਸਾਨੂੰ ਇਹ ਪਤਾ ਲਗ ਜਾਵੇ ਕਿ ਸਰੀਰ ਤੇ ਪ੍ਰਾਣਾਂ ਦਾ ਵਿਜੋਗ ਹੋ ਕੇ ਜੀਵ ਕਿਥੇ ਜਾਂਦਾ ਹੈ -

***ਧਾਰਨਾ - ਪ੍ਰਾਣਾਂ ਦਾ ਵਿਜੋਗ ਹੋ ਕੇ***
***ਜੀਵ ਕਿਥੇ ਜਾਂਦਾ ਹੈ - 2, 2.***
***ਜੀਵ ਕਿਥੇ ਜਾਂਦਾ ਹੈ - 4, 2.***
***ਪ੍ਰਾਣਾਂ ਦਾ ਵਿਜੋਗ ਹੋ ਕੇ,.....- 2***

ਜਦੋਂ ਵਿਜੋਗ ਹੋ ਗਿਆ ਸਰੀਰ ਦਾ ਤੇ ਪ੍ਰਾਣਾਂ ਦਾ, ਐਹ ਸਰੀਰ 'ਚ ਬਾਕੀ ਤਾਂ ਚੀਜ਼ਾਂ ਰਹਿੰਦੀਆਂ ਹਨ ਐਵੇਂ ਜਿਵੇਂ ਹੀ - ਅੱਖਾਂ ਵੀ ਰਹਿੰਦੀਆਂ ਨੇ, ਕੰਨ ਵੀ ਰਹਿੰਦੇ ਨੇ, ਸਾਰੇ ਇੰਦ੍ਰੇ ਰਹਿੰਦੇ ਨੇ; ਇਹਦੇ 'ਚੋਂ ਪ੍ਰਾਣ ਨਿਕਲ ਜਾਂਦੇ ਨੇ, ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰਿਆਂ ਦੀ ਸ਼ਕਤੀ ਨਿਕਲ ਜਾਂਦੀ ਹੈ, ਮਨ ਨਿਕਲ ਜਾਂਦਾ ਹੈ, ਚਿਤ ਨਿਕਲ ਜਾਂਦਾ ਹੈ, ਬੁਧ ਨਿਕਲ ਜਾਂਦੀ ਹੈ। ਇਕ ਜਿਹੜਾ 'ਮੈਂ' ਹੈ ਨਾ ਵਾਧੂ ਚੀਜ਼, ਇਹਨੇ ਸਾਨੂੰ ਸਾਰਿਆਂ ਨੂੰ ਸੰਗਲ ਮਾਰਿਆ ਹੋਇਆ ਹੈ। ਉਹਦੇ ਕਰਕੇ ਹੀ ਇਹ ਆਤਮਾ, ਜੀਵ ਆਤਮਾ ਕਹਾਉਂਦੀ ਹੈ। ਉਹ ਜੀਵ ਦੇ ਨਾਲ ਹੀ ਚਲਿਆ ਜਾਂਦਾ ਹੈ, ਉਹ ਮਰਦਾ ਨਹੀਂ ਹੈ। ਓਹੀ ਤਾਂ ਸਾਰਾ ਰੌਲਾ-ਗੌਲਾ ਹੈ। ਉਹਨੂੰ 'ਹਉਮੈ' ਕਹਿੰਦੇ ਨੇ, 'ਮੈਂ' ਕਹਿੰਦੇ ਨੇ। ਸੋ ਬੜੀ ਕਰੜੀ ਚੀਜ਼ ਬਣ ਗਈ 'ਮੈਂ' ਦੀ। ਇਹ ਬਣਿਆ ਬਣਾਇਆ ਸਾਰਾ ਸੰਘਾਤ ਕਿਥੇ ਚਲਿਆ ਜਾਂਦਾ ਹੈ? ਇਹਦੇ ਨਾਲ ਵੀ ਕੋਈ ਚੀਜ਼ ਜਾਂਦੀ ਹੈ? ਮਹਾਰਾਜ ਜੀ ਕਹਿੰਦੇ ਇਹਦੇ ਨਾਲ -

***ਗੁਣਾ ਗਵਾਈ ਗੰਠੜੀ***
***ਅਵਗਣ ਚਲੀ ਬੰਨਿ॥ ਪੰਨਾ - 23***

ਇਕ ਤਾਂ ਗੁਣ ਜਾਂਦੇ ਨੇ, ਇਕ ਅਵਗੁਣ ਜਾਂਦੇ ਨੇ। ਜਿਹੜੇ ਅਮਲ ਕੀਤੇ ਨੇ ਦੁਨੀਆਂ ਤੇ, ਇਹ ਅੰਤਸ਼ਕਰਣ ਵਿਚ ਪ੍ਰਿੰਟ ਹੋ ਜਾਂਦੇ ਹਨ। ਉਹ ਇਸ ਜੀਵ ਨਾਲ ਜਾਂਦੇ ਨੇ, ਹੋਰ ਕੋਈ ਚੀਜ਼ ਨਾਲ ਨਹੀਂ ਜਾਂਦੀ। ਆਪਣੇ ਕਰਮ ਨਾਲ ਜਾਂਦੇ ਨੇ। ਫੇਰ ਇਹ ਸਵਾਲ ਆਉਂਦਾ ਹੈ ਕਿ ਇਹ ਜਾਂਦੇ ਕਿਥੇ ਨੇ? ਇਹਦੇ ਬਾਰੇ ਬਾਣੀ ਵਿਚ ਬਹੁਤ ਹੀ ਸਾਫ ਕਰਕੇ ਦਸਿਆ ਹੋਇਆ ਹੈ-

***ਧਾਰਨਾ- ਮੂੰਹ ਕਾਲੇ ਦੋਜਕਾਂ ਨੂੰ ਜਾਵੇਂਗਾ***
***ਦਰਗਾਹ ਵਿਚ ਥਾਂ ਨਾ ਮਿਲੂ***

***ਨਾਨਕ ਜੀਅ ਉਪਾਇ ਕੈ***
***ਲਿਖਿ ਨਾਵੈ ਧਰਮੁ ਬਹਾਲਿਆ॥***
***ਓਥੈ ਸਚੇ ਹੀ ਸਚਿ ਨਿਬੜੈ***
***ਚੁਣਿ ਵਖਿ ਕਢੇ ਜਜਮਾਲਿਆ॥***
***ਥਾਉ ਨ ਪਾਇਨਿ ਕੂੜਿਆਰ***
***ਮੁਹ ਕਾਲੈ ਦੋਜਕਿ ਚਾਲਿਆ॥***
***ਤੇਰੈ ਨਾਇ ਰਤੇ ਸੇ ਜਿਣਿ ਗਏ***
***ਹਾਰਿ ਗਏ ਸਿ ਠਗਣ ਵਾਲਿਆ॥***
***ਲਿਖਿ ਨਾਵੈ ਧਰਮੁ ਬਹਾਲਿਆ॥***
***ਪੰਨਾ - 463***

ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਰਾਜ ਕੁਮਾਰੀ ਜੀ ਤੁਹਾਨੂੰ ਮੈਂ ਪਹਿਲਾਂ ਵੀ ਬੜੇ ਵਿਸਥਾਰ ਨਾਲ ਦਸਿਆ ਸੀ ਕਿ ਜਦੋਂ ਇਹ ਜੀਵ ਮਰ ਜਾਂਦਾ ਹੈ, ਇਹ ਕਿਥੇ ਚਲਿਆ ਜਾਂਦਾ ਹੈ; ਉਹ ਤੇਰੇ ਖਿਆਲ ਵਿਚ ਹੀ ਹੋਣਾ ਹੈਂ। ਰਾਜਕੁਮਾਰੀ ਕਹਿਣ ਲੱਗੀ, "ਹੇ ਚੰਗੇ ਪੁਰਸ਼! ਮੈਂ ਤੇਰਾ ਉਪਕਾਰ ਕਦੇ ਵੀ ਨਹੀਂ ਭੁੱਲ ਸਕਦੀ,

ਤੂੰ ਮੇਰੇ ਨਾਲ ਜੋ ਵਰਤਾਰਾ ਪਿਆਰ ਭਰਿਆ ਕਰਿਆ ਹੈ। ਜਿਸ ਤਰ੍ਹਾਂ ਨਾਲ ਤੂੰ ਮੈਨੂੰ ਉਹ ਗੱਲਾਂ ਦੱਸੀਆਂ ਹਨ ਜਿਨ੍ਹਾਂ ਦੇ ਬਾਰੇ ਮੈਂ ਕਦੇ ਜਾਨਣ ਦੀ ਕੋਸ਼ਿਸ਼ ਹੀ ਨਹੀਂ ਸੀ ਕੀਤੀ। ਪਰ ਇਕ ਗੱਲ ਮੈਂ ਸੱਚੀ-ਸੱਚੀ ਆਖਦੀ ਹਾਂ ਕਿ ਮੈਨੂੰ ਨਾ ਤਾਂ ਇਹ ਗੱਲ ਪਤਾ ਲਗਦੀ ਹੈ ਕਿ ਮੇਰੇ ਵਿਚ ਕੋਈ ਹੋਰ ਵੀ ਰਹਿੰਦਾ ਹੈ, ਉਹ ਹੁਣ ਕਿਥੇ ਹੈ ਜਿਹਨੇ ਇਹਦੇ ਵਿਚੋਂ ਨਿਕਲ ਕੇ ਚਲੇ ਜਾਣਾ ਹੈ? ਭਾਈ ਤਿਲੋਕਾ ਜੀ ਉਸਦਾ ਭੋਲਾਪਨ ਦੇਖ ਕੇ ਮੁਸਕਰਾਏ ਅਤੇ ਕਹਿਣ ਲੱਗੇ ਕਿ ਜਿਸ ਤਰ੍ਹਾਂ ਨਾਲ ਮੇਰੇ ਪਿਆਰੇ ਜੀ ਨੇ ਮੈਨੂੰ ਦੱਸਿਆ ਹੈ ਮੈਂ ਉਨ੍ਹਾਂ ਦੇ ਹਰ ਬਚਨ ਉਪਰ ਵਿਸ਼ਵਾਸ਼ ਕਰਦਾ ਹਾਂ ਕਿਉਂਕਿ ਉਨ੍ਹਾਂ ਨੂੰ ਸਾਰਾ ਹੀ ਪਤਾ ਹੈ, ਕੋਈ ਗੱਲ ਵੀ ਉਨ੍ਹਾਂ ਤੋਂ ਛੁਪੀ ਹੋਈ ਨਹੀਂ ਹੈ, ਬਸ ਇਕ ਗੱਲ ਹੈ ਕਿ ਮੈਂ ਉਨ੍ਹਾਂ ਦੀਆਂ ਸਭ ਗੱਲਾਂ ਅੰਦਰੋਂ ਮੰਨ ਲੈਂਦਾ ਹਾਂ। ਉਸਦੇ ਮੁਤਾਬਿਕ ਮੈਂ ਬਹੁਤ ਹੀ ਖੋਲ੍ਹ ਕੇ ਦੱਸਿਆ ਸੀ ਕਿ ਇਸ ਸਰੀਰ ਵਿਚ ਇਕ ਜਿਉਂਦੀ ਚੀਜ਼ ਹੈ, ਉਹ ਤੈਨੂੰ ਨਹੀਂ ਪਤਾ। ਤੂੰ ਕਹਿੰਦੀ ਹੈਂ ਕਿ ਮੇਰੀਆਂ ਅੱਖਾਂ ਦੇਖਦੀਆਂ ਹਨ, ਮੇਰੀ ਜੀਭ ਬੋਲਦੀ ਹੈ, ਮੇਰੇ ਕੰਨ ਸੁਣਦੇ ਹਨ, ਮੈਨੂੰ ਭੋਜਨ ਦਾ ਸਵਾਦ ਆਉਂਦਾ ਹੈ, ਇਹ ਦੇਖਣ ਵਾਲਾ, ਸੁਣਨ ਵਾਲਾ ਤੇਰੇ ਅੰਦਰ ਹੈ, ਜਿਹੜਾ ਤੇਰੇ ਇਨ੍ਹਾਂ ਗਿਆਨ ਇੰਦ੍ਰਿਆਂ ਨੂੰ ਸ਼ਕਤੀ ਦਿੰਦਾ ਹੈ ਜਿਸ ਦੀ ਸ਼ਕਤੀ ਕਰਕੇ ਤੂੰ ਦੇਖਦੀ ਹੈਂ, ਉਹ ਵਾਹਿਗੁਰੂ ਜੀ ਹਨ। ਤੇਰੀ ਜਿਹੜੀ ਹੋਂਦ ਹੈ ਜਿਹਨੂੰ ਮੈਂ ਕਹਿੰਦੀ ਹੈਂ ਉਨ੍ਹਾਂ ਨੂੰ ਹੀ ਆਤਮਾਂ ਕਹਿੰਦੇ ਹਨ। ਉਨ੍ਹਾਂ ਦੀ ਸ਼ਕਤੀ ਨਾਲ ਹੀ ਤੇਰੀ ਹੋਂਦ ਹੈ। ਇਹ ਇਕ ਵਾਧੂ ਦੀ ਹੋਂਦ ਹੈ ਇਸਨੂੰ ਜੀਵ ਆਤਮਾ ਆਖਦੇ ਹਨ ਜਿਸਨੂੰ ਤੂੰ 'ਮੈਂ' ਕਹਿੰਦੀ ਹੈਂ, ਦਰਅਸਲ ਇਹ 'ਮੈਂ' ਕੋਈ ਚੀਜ਼ ਨਹੀਂ, ਇਹ ਭਰਮ ਕਰਕੇ ਪ੍ਰਤੀਤ ਦਿੰਦੀ ਹੈ ਜਿਵੇਂ ਅਨ੍ਹੇਰੇ ਵਿਚ ਰੱਸੀ ਸੱਪ ਲਗਦੀ ਹੈ। ਇਹ ਭੇਤ ਮੈਂ ਤੈਨੂੰ ਦਸ ਰਿਹਾ ਹਾਂ। ਇਹ ਜਿਹੜਾ ਜੀਵ ਆਤਮਾ ਹੈ ਇਹ ਆਪਣੇ ਕਰਮਾਂ ਦੇ ਹਿਸਾਬ ਨਾਲ ਅਨੇਕਾਂ ਜੂਨੀਆਂ ਵਿਚੋਂ ਘੁੰਮ ਕੇ ਆਉਂਦਾ ਹੈ। ਹੁਣ ਉਸਨੂੰ ਇਹ ਸਰੀਰ ਮਿਲਿਆ ਹੈ ਪਿਛਲੇ ਪੁੰਨਾਂ ਦੇ ਬਲ ਕਰਕੇ, ਇਹਨੂੰ ਮਾਨਸ ਸਰੀਰ ਆਖਦੇ ਹਨ। ਇਹ ਤੇਰਾ ਸਰੀਰ ਹੈ, ਇਹ ਤੂੰ ਨਹੀਂ ਹੈਂ ਇਹਦੇ ਵਿਚ ਜਿਹੜੀ ਤੂੰ ਹੈਂ ਨਾ, ਉਸਨੂੰ ਜੀਵ ਕਹਿੰਦੇ ਹਨ। ਨਾਉਂ ਹੀ ਰੱਖਿਆ ਹੈ ਨਾ, ਕੋਈ ਵੀ ਨਾਉਂ ਰੱਖ ਲੈਂਦੇ ਹਨ, ਤੂੰ ਹੁਣ ਯਾਦ ਰੱਖੀਂ। ਇਹ ਗੱਲ ਮੈਂ ਤੈਨੂੰ ਕਈ ਵਾਰੀ ਪਹਿਲਾਂ ਦੱਸੀ ਹੈ ਪਰ ਕਿਉਂਕਿ ਤੇਰਾ ਵਿਸ਼ਵਾਸ਼ ਇਹ ਬਣਿਆ ਹੋਇਆ ਹੈ ਕਿ ਮੈਂ 'ਮੈਂ' ਹੀ ਹਾਂ, ਤੂੰ ਇਸ ਸਰੀਰ ਨੂੰ ਹੀ ਮੈਂ ਕਹਿੰਦੀ ਹੈਂ ਪਰ ਤੈਨੂੰ ਇਹ ਪਤਾ ਨਹੀਂ ਹੈ ਕਿ ਤੂੰ ਇਹਦੇ ਵਿਚ ਵਸਣ ਵਾਲੀ ਹੈਂ। ਉਸ ਦਿਨ ਮੈਂ ਤੈਨੂੰ ਦੱਸਿਆ ਸੀ ਕਿ ਤੂੰ ਆਤਮਾ ਹੈਂ, ਤਾਂ ਤੂੰ ਬਹੁਤ ਘਬਰਾਈ ਸੀ ਫੇਰ ਮੈਂ ਤੈਨੂੰ ਸਮਝਾਇਆ, ਤੂੰ ਇਹ ਗੱਲ ਸਮਝ ਗਈ ਸੀ ਕਿ ਮੈਂ ਆਤਮਾ ਹਾਂ। ਇਸ ਸਰੀਰ ਵਿਚ ਜੋ ਜੀਵਨ ਜੋਤ ਹੈ, ਜੋ ਇਹਦੇ ਵਿਚ ਬੈਠ ਕੇ ਇਹਨੂੰ ਜਿਉਂਦਾ ਰਖਦੀ ਹੈ, ਉਸਨੂੰ ਜੀਵ ਆਤਮਾ ਕਹਿੰਦੇ ਹਨ ਜੋ ਪ੍ਰਭ ਜੋਤ ਤੋਂ ਸ਼ਕਤੀ ਲੈ ਕੇ ਕੰਮ ਕਰ ਰਹੀ ਹੈ, ਮੈਂ ਬਣੀ ਹੋਈ ਹੈ। ਪਹਿਲਾਂ ਮੈਂ ਦੱਸਿਆ ਸੀ ਕਿ ਜਿਵੇਂ ਆਪਾਂ ਕਪੜੇ ਪਾਈਦੇ ਨੇ, ਪਹਿਲਾਂ ਬੁਨੈਣ ਪਾਈਦੀ ਹੈ ਨਾ, ਫੇਰ ਉਹਦੇ ਉਤੇ ਕਮੀਜ਼ ਪਾ ਲਈਦੀ ਹੈ ਫੇਰ ਉਹਦੇ ਉਪਰ ਮਨੁੱਖ ਕੋਟ ਪਾ ਲੈਂਦੇ ਹਨ, ਠੰਢ ਤੋਂ ਬਚਣ ਲਈ ਉਪਰ ਕੋਈ ਹੋਰ ਕਪੜਾ ਲੈ ਲੈਂਦੇ ਹਨ। ਇਹ ਗੱਲ ਤਾਂ ਸਮਝ ਗਈ ਹੋਵੇਂਗੀ ਨਾ। ਰਾਜਕੁਮਾਰੀ ਕਹਿਣ ਲੱਗੀ ਕਿ ਪਿਆਰੇ ਜੀ! ਮੈਂ ਕੀ ਕਹਾਂ ਤੁਹਾਨੂੰ, ਮੈਨੂੰ ਤਾਂ ਐਨਾ ਹੀ ਪਤਾ ਨਹੀਂ ਲਗਦਾ ਕਿ ਮੈਂ ਏਸ ਸਰੀਰ ਬਿਨਾਂ ਕੁਝ ਹੋਰ ਭੀ ਹਾਂ। ਭੁੱਖ ਲਗਦੀ ਹੈ ਮੈਨੂੰ - ਇਹ ਮੇਰਾ ਸਰੀਰ ਹੀ ਖਾਂਦਾ ਹੈ, ਪਿਆਸ ਲਗਦੀ ਹੈ ਤਾਂ ਭੀ ਸਰੀਰ ਵਿਚ ਹੀ ਪਾਣੀ ਜਾਂਦਾ ਹੈ ਮੈਂ ਰੱਜ ਜਾਂਦੀ ਹਾਂ। ਮੈਂ ਕੀ ਕਰਾਂ ਮੈਨੂੰ ਤਾਂ 'ਮੈਂ' ਇਹ ਸਰੀਰ ਹੀ ਲਗਦਾ ਹੈ ਪਰ ਤੇਰਾ ਕਿਹਾ ਭੀ ਸੱਚ ਹੈ। ਤੂੰ ਬਹੁਤ ਨੇਕ ਪੁਰਸ਼ ਹੈਂ, ਮੈਨੂੰ ਲਗਦਾ ਹੈ ਤੂੰ ਇਸ ਦੁਨੀਆਂ ਦਾ ਬੰਦਾ ਨਹੀਂ ਹੈਂ ਕਿਸੇ ਹੋਰ ਦੁਨੀਆਂ ਵਿਚੋਂ ਇਥੇ ਆਇਆ ਹੋਇਆ ਹੈਂ ਤੂੰ ਮੈਨੂੰ ਬਹੁਤ ਪਿਆਰਾ ਲਗਦਾ ਹੈਂ। ਜੇ ਮੈਂ ਤੈਨੂੰ ਭੋਰਾ ਜਿਹਾ ਚਿਰ ਨਹੀਂ ਦੇਖਦੀ ਤਾਂ ਮੇਰਾ ਚਿਤ ਘਬਰਾਉਣ ਲਗ ਜਾਂਦਾ ਹੈ। ਮਾਂ ਕਹਿੰਦੀ ਸੀ ਕਿ ਤੈਨੂੰ ਉਸ ਪ੍ਰਦੇਸੀ ਨਾਲ ਗੁਰੂਆਂ ਪੀਰਾਂ ਵਰਗਾ ਸੁੱਚਾ ਪ੍ਰੇਮ ਹੋ ਗਿਆ ਹੈ। ਮੈਂ ਤੁਹਾਨੂੰ ਕੀ ਕਹਿ ਕੇ ਬੁਲਾਵਾਂ? ਬੀਬਾ ਜੋ ਕੁਝ ਤੂੰ ਕਹਿੰਦੀ ਹੈਂ ਜਾਂ ਕਹਿ ਕੇ ਬੁਲਾਉਂਦੀ ਹੈਂ ਓਹੋ ਹੀ ਠੀਕ ਹੈ, ਕੋਈ ਫਰਕ ਨਹੀਂ; ਬੋਲਣਾ ਹੀ ਹੈ। ਭਾਈ ਤਿਲੋਕਾ ਜੀ ਮੁਸਕਰਾਏ, ਕਹਿਣ ਲੱਗੇ, "ਬੀਬਾ ਜੀ! ਕੁਝ ਵੀ ਕਹਿ ਲੈ, ਮੈਨੂੰ ਪਤਾ ਹੈ ਕਿ ਤੂੰ ਮੈਨੂੰ ਹੀ ਕਹਿ ਰਹੀ ਹੈਂ। ਹਾਂ, ਕੀ ਕਹਿਣਾ ਚਾਹੁੰਦੀ ਸੀ?" ਰਾਜਕੁਮਾਰੀ ਕਹਿਣ ਲੱਗੀ ਕਿ ਇਹ ਤਾਂ ਗੱਲ ਮੇਰੇ ਚੰਗੀ ਤਰ੍ਹਾਂ ਸਮਝ ਵਿਚ ਆ ਗਈ ਜਿਹੜੀ ਤੂੰ ਮੈਨੂੰ ਹੁਣੇ ਹੀ ਕਹੀ ਹੈ - ਕਪੜੇ ਪਹਿਨਣ ਵਾਲੀ ਗੱਲ। ਕਹਿੰਦੇ, "ਹਾਂ, ਜਿਵੇਂ ਆਪਾਂ ਕਪੜੇ ਪਹਿਨਦੇ ਹਾਂ ਇਵੇਂ ਜਿਵੇਂ ਜੀਵ ਆਤਮਾ ਹੈ। ਪਹਿਲਾਂ ਉਹਦੇ ਉਤੇ ਨਾ ਦਿਸਣ ਵਾਲਾ ਕਾਰਣ ਸਰੀਰ ਉਸਨੂੰ ਢਕ ਲੈਂਦਾ ਹੈ। ਉਹ ਸਰੀਰ ਹੈ - ਜੀਵ ਆਤਮਾ, ਜਿਹਨੂੰ ਤੂੰ 'ਮੈਂ' ਕਹਿੰਦੀ ਹੈਂ ਉਹਦੀ ਸੁਰਤ ਘਟਾ ਦਿੰਦਾ ਹੈ। ਉਹਨੂੰ ਅਗਿਆਨ ਹੋ ਜਾਂਦਾ ਹੈ, ਉਹ ਆਪਣੇ ਆਪ ਦੀ ਹੋਂਦ ਮਹਿਸੂਸ ਕਰਦਾ ਹੈ ਕਿ 'ਮੈਂ' ਹਾਂ। ਤੇਰੇ ਸਮਝ ਵਿਚ ਆ ਗਿਆ ਜੋ ਕੁਝ ਮੈਂ ਕਿਹਾ ਹੈ?" ਕਹਿੰਦੀ ਹਾਂ, "ਹੁਣ ਮੈਂ ਸਮਝਣ ਦਾ ਜਤਨ ਕਰਦੀ ਹਾਂ। ਹੇ ਗੁਰਮੁਖ ਪਿਆਰੇ ਜੀ! ਪਹਿਲਾਂ ਤਾਂ ਤੁਹਾਡੇ ਯਾਦ ਹੋਣਾ ਹੈ ਕਿ ਮੈਂ ਇਹ ਗੱਲ ਸੁਣ ਕੇ ਘਬਰਾ ਹੀ ਗਈ ਸੀ ਤੇ ਚੀਕਾਂ ਮਾਰਦੀ ਚਲੀ ਗਈ ਸੀ। ਪਹਿਲਾਂ ਤਾਂ ਮੈਨੂੰ ਐਂ ਲਗਦਾ ਸੀ ਕਿ ਨਾ ਮੇਰਾ ਕੋਈ ਮਾਂ-ਬਾਪ ਰਿਹਾ ਹੈ, ਨਾ ਭੂਆ ਰਹੀ ਹੈ, ਨਾ ਮਾਮੀ ਰਹੀ ਹੈ, ਨਾ ਕੋਈ ਮੇਰੀਆਂ ਸਹੇਲੀਆਂ ਰਹੀਆਂ ਹਨ। ਮੈਂ ਇਹ ਸੋਚ ਕੇ ਘਬਰਾਈ ਸੀ ਕਿ ਤੇਰਾ 'ਆਤਮਾ' ਕਹਿਣਾ ਮੈਨੂੰ ਸਮਝ ਵਿਚ ਨਹੀਂ ਸੀ ਆਉਂਦਾ। ਹੁਣ ਮੈਂ ਤੇਰੇ ਕਹਿਣ ਤੇ ਮੰਨਦੀ ਤਾਂ ਹਾਂ ਪਰ ਮੇਰੇ ਅੰਦਰ ਪਤਾ ਨਹੀਂ ਕੀ ਹੈ?

ਇਹ ਵੀ ਮੈਨੂੰ ਪਤਾ ਨਹੀਂ ਲਗਦਾ ਕਿ ਜਿਹੜਾ ਮੈਨੂੰ ਮੰਨਣ ਤੋਂ ਰੋਕਦਾ ਹੈ ਉਹ ਕੌਣ ਹੈ? ਪਰ ਮੈਨੂੰ ਤੇਰੇ ਤੇ ਵਿਸ਼ਵਾਸ਼ ਹੈ, ਤੇਰੀ ਗੱਲ ਸੱਚੀ ਹੀ ਹੋਣੀ ਹੈ। ਹੋਣੀ ਕੀ ਹੈ, ਸੱਚੀ ਹੀ ਹੈ। ਆਹ, ਜਿਸਨੂੰ ਤੁਸੀਂ ਰਾਜਕੁਮਾਰੀ ਕਹਿੰਦੇ ਹੋ ਇਸ ਤੋਂ ਕੋਈ ਅੱਡ ਜਿਹੀ ਚੀਜ਼ ਹੈ। ਜਿਵੇਂ ਮੈਂ ਘੋੜੇ ਉਤੇ ਚੜ੍ਹ ਕੇ ਜੰਗਲਾਂ ਵਿਚ, ਬੇਲਿਆਂ ਵਿਚ ਜਾਂਦੀ ਹਾਂ, ਪਾਣੀ ਵਿਚ ਛੋਟੀ ਕਿਸ਼ਤੀ ਚਲਾਉਂਦੀ ਹੈ ਇਵੇਂ ਜਿਵੇਂ ਮੈਨੂੰ ਲਗ ਰਿਹਾ ਹੈ ਕਿ ਮੇਰੇ ਵਿਚ ਜੀਵ ਆਤਮਾ ਹੈ, ਜਿਵੇਂ ਮੈਂ ਘੋੜੇ ਨੂੰ ਭਜਾਈਂ ਫਿਰਦੀ ਹਾਂ ਇਵੇਂ ਜਿਵੇਂ ਉਹ ਇਸ ਸਰੀਰ ਨੂੰ ਭਜਾਈਂ ਫਿਰਦਾ ਹੈ। ਐਨੀ ਗੱਲ ਮੇਰੀ ਸਮਝ ਵਿਚ ਆ ਗਈ, ਜਿਹੜੀ ਸਰੀਰ ਛੱਡ ਕੇ ਜਾਂਦੀ ਹੈ ਇਹ ਓਹੀ ਹੋਣੀ ਹੈ।" ਭਾਈ ਤਿਲੋਕਾ ਜੀ ਮੁਸਕਰਾਏ, ਕਹਿਣ ਲੱਗੇ, "ਤੂੰ ਤਾਂ ਬਹੁਤ ਭੋਲੀ ਹੈਂ ਅਤੇ ਮੈਨੂੰ ਯਕੀਨ ਹੈ ਕਿ ਤੇਰੇ ਵਿਚ ਸ਼ੰਕਾ ਬਹੁਤ ਘਟ ਹੈ। ਜੇ ਤੇਰੇ ਸਮਝ ਵਿਚ ਗੱਲ ਆ ਜਾਵੇ ਤਾਂ ਤੂੰ ਜ਼ਰੂਰ ਮੰਨ ਲਵੇਂਗੀ। ਹਾਂ, ਹੁਣ ਮੈਂ ਤੈਨੂੰ ਸਮਝਾਉਂਦਾ ਹਾਂ ਕਿ ਜਦੋਂ ਇਸ ਸਰੀਰ ਦੀ ਉਮਰ ਪੂਰੀ ਹੋ ਜਾਂਦੀ ਹੈ ਇਹਦੇ ਵਿਚੋਂ ਜੀਵ ਆਤਮਾ, ਆਹ ਜਿਹੜਾ ਦਿਸਦਾ ਹੈ ਨਾ – ਸਰੀਰ, ਇਹਦੇ ਵਿਚ ਜਿਹੜਾ ਨਾ ਦਿਸਣ ਵਾਲਾ ਸਰੀਰ ਹੈ, ਉਹਦਾ ਤੂੰ ਨਾਮ ਯਾਦ ਰੱਖੀਂ, ਉਹਨੂੰ ਸੂਖਸ਼ਮ ਸਰੀਰ ਕਹਿੰਦੇ ਹਨ। ਉਹ ਜਦੋਂ ਕੋਈ ਵੀ ਜੀਵ ਆਤਮਾ ਦਿਖਣ ਵਾਲੇ ਸਰੀਰ ਵਿਚ ਹੁੰਦਾ ਹੈ ਤਾਂ ਇਹਦੇ ਵਿਚ ਪੰਜ ਬਹਾਓ ਜਿਹੇ ਹੁੰਦੇ ਹਨ, ਕੋਈ ਲਹਿਰਾਂ ਜਿਹੀਆਂ ਹੁੰਦੀਆਂ ਹਨ। ਤੂੰ ਦੇਖਿਆ ਹੋਣਾ ਹੈ, ਕਦੇ ਤੈਨੂੰ ਗੁੱਸਾ ਵੀ ਆਉਂਦਾ ਹੋਣਾ ਹੈ, ਕਦੇ ਸੋਹਣੀ ਚੀਜ਼ ਦੇਖ ਕੇ ਤੇਰੇ ਦਿਲ ਵਿਚ ਆਉਂਦਾ ਹੋਣਾ ਹੈ ਕਿ ਆਹ ਮੈਂ ਲੈ ਲਵਾਂ। ਮੇਰੇ ਕਹਿਣ ਤੋਂ ਭਾਵ ਹੈ ਕਿ ਜਿਵੇਂ ਕੋਈ ਸੋਹਣਾ ਘੋੜਾ ਦੇਖ ਕੇ ਤੇਰਾ ਜੀਅ ਕਰਦਾ ਹੋਣੈ ਕਿ ਮੈਂ ਰੱਖ ਲਵਾਂ।" ਇਕ ਦਮ ਟੋਕ ਕੇ ਕਹਿਣ ਲੱਗੀ ਕਿ ਮੇਰਾ ਤਾਂ ਜੀਅ ਕਰਦਾ ਹੈ ਕਿ ਇਹ ਵੀ ਮੇਰੇ ਪਾਸ ਹੋਣਾ ਚਾਹੀਦਾ ਹੈ। ਮੇਰੇ ਬਾਪੂ ਜੀ ਕਈ ਵਾਰੀ ਕਹਿ ਦਿੰਦੇ ਹਨ ਕਿ ਬੀਬਾ! ਤੂੰ ਲੋਭ ਵਿਚ ਨਾ ਪਿਆ ਕਰ। ਇਹੋ ਮਤਲਬ ਹੈ ਨਾ ਤੁਹਾਡਾ? ਭਾਈ ਤਿਲੋਕਾ ਜੀ ਕਹਿਣ ਲੱਗੇ, "ਹਾਂ। ਫੇਰ ਇਹ ਵੀ ਹੁੰਦਾ ਹੈ ਕਿ ਤੈਨੂੰ ਆਪਣੇ ਮਾਂ ਬਾਪ ਬਹੁਤ ਚੰਗੇ ਲਗਦੇ ਹਨ ਤੇ ਪਿਆਰ ਕਰਦੇ ਲਗਦੇ ਹਨ। ਪਰ ਤੈਨੂੰ ਇਹ ਵੀ ਰਹਿੰਦਾ ਹੈ ਕਿ ਇਹ ਸਦਾ ਹੀ ਜਿਉਂਦੇ ਰਹਿਣ। ਆਹ ਜਿਹੜੀ ਤੇਰੇ ਅੰਦਰ ਖਿੱਚ ਪੈਂਦੀ ਹੈ ਨਾ, ਮਾਂ ਬਾਪ ਨੂੰ ਦੇਖ ਕੇ ਹੋਰਾਂ ਨੂੰ ਦੇਖ ਕੇ ਤਾਂ ਖਿੱਚ ਨਹੀਂ ਪੈਂਦੀ?" ਇਕ ਦਮ ਬੋਲ ਪਈ ਕਿ ਮੈਨੂੰ ਤੈਨੂੰ ਦੇਖ ਕੇ ਵੀ ਖਿੱਚ ਪੈਂਦੀ ਹੈ। ਉਹ ਹੱਸ ਪਏ, ਕਹਿਣ ਲੱਗੇ, "ਰਾਜਕੁਮਾਰੀ ਜੀ! ਜਿਹੜੀ ਤੈਨੂੰ ਮਾਂ-ਬਾਪ ਨੂੰ ਦੇਖ ਕੇ ਖਿੱਚ ਪੈਂਦੀ ਹੈ, ਰਿਸ਼ਤੇਦਾਰਾਂ ਨੂੰ ਦੇਖ ਕੇ ਖਿੱਚ ਪੈਂਦੀ ਹੈ, ਇਹ ਹੋਰ ਚੀਜ਼ ਹੈ; ਜਿਹੜੀ ਮੈਨੂੰ ਦੇਖ ਕੇ ਪੈਂਦੀ ਹੈ ਇਹਨੂੰ ਸੱਚਾ ਪਿਆਰ ਆਖਦੇ ਹਨ ਤੇ ਪਹਿਲੇ ਨੂੰ ਮੋਹ ਕਹਿੰਦੇ ਹਨ।" ਇਸੇ ਤਰ੍ਹਾਂ ਤੈਨੂੰ ਗੁੱਸਾ ਵੀ ਆਉਂਦਾ ਹੋਣੈ, ਉਹਨੂੰ ਕ੍ਰੋਧ ਵੀ ਆਖਦੇ ਹਨ। ਕਦੇ ਤੈਨੂੰ ਐਉਂ ਵੀ ਲਗਦਾ ਹੈ ਕਿ ਮੇਰੇ ਵਰਗਾ ਕੋਈ ਨਹੀਂ ਹੈ, ਸਾਰੇ ਲੋਕ ਮੇਰੇ ਅੱਗੇ ਝੁਕਣ। ਇਹਨੂੰ ਅਹੰਕਾਰ ਆਖਦੇ ਹਨ। ਇਕ ਹੋਰ ਜਜ਼ਬਾ ਹੈ ਜਿਸ ਤੋਂ ਤੂੰ ਅਣਜਾਣ ਹੈਂ ਉਹਨੂੰ ਕਾਮ ਆਖਦੇ ਹਨ। ਸੋ ਇਹ ਪੰਜੇ ਜਜ਼ਬੇ ਅਜਿਹੇ ਹਨ, ਇਹ ਵਾਰੀ-ਵਾਰੀ ਸਰੀਰ ਵਿਚ ਆਉਂਦੇ ਹੀ ਰਹਿੰਦੇ ਹਨ। ਇਨ੍ਹਾਂ ਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵੀ ਕਹਿੰਦੇ ਹਨ। ਪੰਜ ਚੋਰ, ਪੰਜ ਦੁਸ਼ਟ ਵੀ ਇਨ੍ਹਾਂ ਨੂੰ ਹੀ ਆਖਿਆ ਜਾਂਦਾ ਹੈ। ਇਨ੍ਹਾਂ ਨੂੰ ਹੀ ਪੰਜ ਵੈਰੀ ਕਹਿੰਦੇ ਹਨ। ਹੁਣ ਮੈਂ ਤੈਨੂੰ ਦਸਦਾ ਹਾਂ ਕਿ ਇਹ ਕੀ ਕਰਦੇ ਹਨ। ਇਹ ਆਦਮੀ ਤੋਂ ਚੰਗੇ ਮੰਦੇ ਕਰਮ ਕਰਾਉਂਦੇ ਹਨ। ਉਹ ਜੋ ਅਸਾਡੇ ਅੰਦਰ ਜੀਵ ਆਤਮਾ ਹੈ ਉਸ ਨੂੰ ਬੰਨ੍ਹ ਲੈਂਦੇ ਹਨ। ਚਾਹੇ ਅਸੀਂ ਮਾੜੇ ਕੰਮ ਕਰਦੇ ਹਾਂ, ਚਾਹੇ ਚੰਗੇ ਕੰਮ ਕਰਦੇ ਹਾਂ, ਉਹ ਸਾਨੂੰ ਬੰਨ੍ਹ ਲੈਂਦੇ ਹਨ। ਇਸ ਸਰੀਰ ਵਿਚੋਂ ਜਦੋਂ ਜੀਵ ਆਤਮਾ ਨਿਕਲ ਜਾਂਦਾ ਹੈ ਜਿਸਨੂੰ ਦੁਨੀਆਂ ਮਰ ਗਿਆ ਕਹਿੰਦੀ ਹੈ ਉਹਦੇ ਜ਼ਿੰਦਗੀ ਭਰ ਕੀਤੇ ਕੰਮ, ਨਾਲ ਜਾਇਆ ਕਰਦੇ ਹਨ। ਉਨ੍ਹਾਂ ਵਿਚੋਂ ਕਿੰਨੇ ਤਾਂ ਐਸੇ ਮਾੜੇ ਕੰਮ ਵੀ ਹੁੰਦੇ ਹਨ ਜਿਨ੍ਹਾਂ ਦੀ ਸਜ਼ਾ ਤੇਰੇ ਬਾਪੂ ਜੀ ਨਹੀਂ ਦੇ ਸਕਦੇ ਜਿਵੇਂ ਕਿ ਤੁਹਾਡੇ ਜੰਗਲ ਵਿਚ ਕੋਈ ਰਾਹੀ ਤੁਰਿਆ ਜਾਂਦਾ ਹੈ ਉਹਨੂੰ ਕੋਈ ਲੁੱਟ ਲਵੇ ਜਾਂ ਮਾਰ ਦੇਵੇ, ਤੁਹਾਡੇ ਜੋ ਪੁਲਿਸ ਵਾਲੇ ਹਨ ਉਨ੍ਹਾਂ ਨੂੰ ਪਤਾ ਨਾ ਲੱਗੇ ਤਾਂ ਉਸ ਬੰਦੇ ਨੇ ਇਥੇ ਉਸ ਮਾੜੇ ਕਰਮ ਦੀ ਕੋਈ ਸਜ਼ਾ ਨਾ ਭੁਗਤੀ। ਉਹ ਜਦੋਂ ਇਸ ਸਰੀਰ ਵਿਚੋਂ ਮੌਤ ਆਉਣ ਤੋਂ ਵਖਰਾ ਹੁੰਦਾ ਹੈ ਤਾਂ ਉਸ ਜੀਵ ਆਤਮਾ ਨੂੰ ਉਪਰ ਜਾਣਾ ਪੈਂਦਾ ਹੈ। ਉਥੇ ਇਕ ਸੱਚੀ ਕਚਹਿਰੀ ਹੈ। ਜਿਹੜਾ ਉਥੇ ਦਾ ਨਿਆਂ ਕਰਨ ਵਾਲਾ ਹੈ ਉਸਨੂੰ ਧਰਮਰਾਜ ਕਿਹਾ ਜਾਂਦਾ ਹੈ। ਉਸ ਧਰਮਰਾਜ ਨੂੰ ਹਰ ਚੀਜ਼ ਦਾ ਪਤਾ ਹੈ ਕਿ ਇਸ ਜੀਵ ਨੇ ਸੰਸਾਰ ਵਿਚ ਕੀ-ਕੀ ਕੀਤਾ ਹੈ, ਜਿਹੜੇ ਮਾੜੇ ਕੰਮ ਕੀਤੇ ਹਨ ਉਹਦੇ ਬਦਲੇ ਉਹਨੂੰ ਸਜ਼ਾਵਾਂ ਮਿਲਦੀਆਂ ਹਨ।"

ਸਾਧਸੰਗਤ ਜੀ! ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਉਸ ਮਨੁੱਖ ਨੂੰ ਨਰਕ ਵਿਚ ਜਾਣਾ ਪੈਂਦਾ ਹੈ ਪਰ ਜਿਨ੍ਹਾਂ ਨੇ ਆਪਣਾ ਜੀਵਨ ਗੁਰੂ ਦੀ ਬਾਣੀ ਨੂੰ ਮੰਨਦਿਆਂ ਹੋਇਆਂ ਸੁੱਚਾ-ਸੱਚਾ ਤੇ ਪਿਆਰ ਭਰਿਆ ਤੇ ਪਰਉਪਕਾਰਾਂ ਵਿਚ ਲੰਘਾਇਆ ਹੈ, ਗੁਰੂ ਦੇ ਹੁਕਮ ਵਿਚ ਚਲਦੇ ਰਹੇ ਹਨ ਉਨ੍ਹਾਂ ਨੂੰ ਗੁਰਮੁਖ ਆਖਿਆ ਜਾਂਦਾ ਹੈ, ਨਰਕ ਉਸ ਤੋਂ ਕ੍ਰੋੜਾਂ ਕੋਹ ਦੂਰ ਰਹਿੰਦੇ ਹਨ ਪਰ ਮਨਮੁਖ –

*ਮਨਮੁਖਿ ਆਵੈ ਮਨਮੁਖਿ ਜਾਵੈ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ*
*ਗੁਰਮੁਖਿ ਲੇਪੁ ਨ ਮਾਸਾ ਹੇ॥*

*ਪੰਨਾ – 1073*

18 ਨਰਕ ਦਸਦੇ ਹਨ, ਗੁਰੂ ਮਹਾਰਾਜ 84 ਨਰਕ ਵੀ ਕਹਿੰਦੇ ਹਨ–

*ਨਾਮੁ ਵਿਸਾਰਿ ਦੋਖ ਦੁਖ ਸਹੀਐ॥*
*ਹੁਕਮੁ ਭਇਆ ਚਲਣਾ ਕਿਉ ਰਹੀਐ॥*
*ਨਰਕ ਕੂਪ ਮਹਿ ਗੋਤੇ ਖਾਵੈ*
*ਜਿਉ ਜਲ ਤੇ ਬਾਹਰਿ ਮੀਨਾ ਹੇ॥*
*ਚਉਰਾਸੀਹ ਨਰਕ ਸਾਕਤੁ ਭੋਗਾਈਐ॥*
*ਜੈਸਾ ਕੀਚੈ ਤੈਸੋ ਪਾਈਐ॥*
*ਸਤਿਗੁਰ ਬਾਝਹੁ ਮੁਕਤਿ ਨ ਹੋਈ*
*ਕਿਰਤਿ ਬਾਧਾ ਗ੍ਰਸਿ ਦੀਨਾ ਹੇ॥*
*ਖੰਡੇਧਾਰ ਗਲੀ ਅਤਿ ਭੀੜੀ॥*
*ਲੇਖਾ ਲੀਜੈ ਤਿਲ ਜਿਉ ਪੀੜੀ॥*
*ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ*
*ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ॥*
*ਮੀਤ ਸਖੇ ਕੇਤੇ ਜਗ ਮਾਹੀ॥*
*ਬਿਨੁ ਗੁਰ ਪਰਮੇਸਰ ਕੋਈ ਨਾਹੀ॥*
*ਗੁਰ ਕੀ ਸੇਵਾ ਮੁਕਤਿ ਪਰਾਇਣਿ*
*ਅਨਦਿਨੁ ਕੀਰਤਨੁ ਕੀਨਾ ਹੇ॥*
*ਪੰਨਾ - 1028*

ਸੋ ਇਸ ਤਰ੍ਹਾਂ ਭਾਈ ਤਿਲੋਕਾ ਜੀ ਕਹਿਣ ਲੱਗੇ, ਜਿਹੜੇ ਪੁੰਨ ਕਰਦੇ ਹਨ ਉਨ੍ਹਾਂ ਨੂੰ ਸਵਰਗਾਂ ਵਿਚ ਭੇਜ ਦਿਤਾ ਜਾਂਦਾ ਹੈ। ਇਕ ਹੋਰ ਹਨ ਜਿਹੜੇ ਪ੍ਰਮੇਸ਼ਰ ਦੀ ਭਗਤੀ ਕਰਦੇ ਹਨ ਪਰ ਉਨ੍ਹਾਂ ਦੀ ਕੋਈ ਤਰੱਕੀ ਨਹੀਂ ਹੋਈ ਹੁੰਦੀ ਉਹ ਮੁੜ ਕੇ ਫੇਰ ਸੰਸਾਰ ਵਿਚ ਹੀ ਆ ਜਾਂਦੇ ਹਨ। ਇਕ ਇਨ੍ਹਾਂ ਤੋਂ ਹੋਰ ਉਪਰ ਹਨ ਜਿਹੜੇ ਸਾਰਾ ਜੀਵਨ ਵਾਹਿਗੁਰੂ ਨਾਲ ਪਿਆਰ ਕਰਦੇ ਲੰਘਾਉਂਦੇ ਹਨ। ਉਹ ਭਗਤ ਹੋਇਆ ਕਰਦੇ ਹਨ ਉਨ੍ਹਾਂ ਬਾਰੇ ਹੁਕਮ ਹੈ –

*ਅੰਤਰਿ ਗੁਰੁ ਆਰਾਧਣਾ*
*ਜਿਹਵਾ ਜਪਿ ਗੁਰ ਨਾਉ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ*
*ਸੁਨਣਾ ਗੁਰ ਨਾਉ॥*
*ਸਤਿਗੁਰ ਸੇਤੀ ਰਤਿਆ*
*ਦਰਗਹ ਪਾਈਐ ਠਾਉ॥*
*ਕਹੁ ਨਾਨਕ ਕਿਰਪਾ ਕਰੇ*
*ਜਿਸ ਨੋ ਏਹ ਵਥੁ ਦੇਇ॥*
*ਜਗ ਮਹਿ ਉਤਮ ਕਾਢੀਅਹਿ*
*ਵਿਰਲੇ ਕੇਈ ਕੇਇ॥ ਪੰਨਾ - 517*

ਸਾਧਸੰਗਤ ਜੀ! ਇਨ੍ਹਾਂ ਤੋਂ ਉਪਰ ਉਹ ਆਤਮਾਵਾਂ ਹੋਇਆ ਕਰਦੀਆਂ ਹਨ ਜਿਨ੍ਹਾਂ ਨੂੰ ਅਸੀਂ ਸੰਤ, ਸਾਧੂ, ਆਰਫ, ਬ੍ਰਹਮਗਿਆਨੀ ਆਦਿ ਆਖਦੇ ਹਾਂ, ਉਹ ਜਨਮ ਮਰਨ ਵਿਚ ਨਹੀਂ ਹੁੰਦੇ, ਜਿਵੇਂ ਕਿ ਫੁਰਮਾਨ ਹੈ –

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥*
*ਪੰਨਾ - 749*

ਉਨ੍ਹਾਂ ਨੂੰ ਕਾਰਕ, ਬ੍ਰਹਮਗਿਆਨੀ ਕਿਹਾ ਜਾਂਦਾ ਹੈ। ਉਹ ਜੰਮਦੇ ਮਰਦੇ ਨਹੀਂ ਉਨ੍ਹਾਂ ਨੂੰ ਆਪਣੇ ਆਪੇ ਦਾ ਪੂਰਨ ਗਿਆਨ ਹੁੰਦਾ ਹੈ। ਬ੍ਰਹਮਗਿਆਨੀ ਦੇ ਪ੍ਰਾਣ ਕਿਤੇ ਵੀ ਨਹੀਂ ਜਾਂਦੇ। ਉਸਦੀ ਗਤੀ –

*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ॥*
*ਨਾਨਕ ਪ੍ਰਭ ਕੈ ਸਦ ਕੁਰਬਾਨ॥*
*ਪੰਨਾ - 278*

ਉਹ ਜੰਮਣ ਮਰਨ ਦਾ ਨਿਬੇੜਾ ਕਰ ਲਿਆ ਕਰਦੇ ਹਨ। ਉਨ੍ਹਾਂ ਦਾ ਜੀਵ ਆਤਮਾ ਕਿਥੇ ਜਾਂਦਾ ਹੈ? ਇਹ ਗੱਲ ਸਮਝਣ ਵਾਲੀ ਹੈ ਜਿਸਦੇ ਬਾਰੇ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ–

*ਪਿੰਡਿ ਮੂਐ ਜੀਉ ਕਿਹ ਘਰਿ ਜਾਤਾ॥*
*ਪੰਨਾ - 327*

ਉਸਦੇ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਫੁਰਮਾਨ ਆਉਂਦਾ ਹੈ ਕਿ ਜਦੋਂ ਉਸਦਾ ਜੀਵ ਆਤਮਾ ਸਰੀਰ ਵਿਚੋਂ ਨਿਕਲਦਾ ਹੈ ਤਾਂ ਪ੍ਰਭੂ ਦਾ ਗਿਆਨ ਹੋਣ ਕਰਕੇ ਉਸਨੂੰ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਮੈਂ ਆਤਮਾ ਤੋਂ ਵਖਰੀ ਚੀਜ਼ ਨਹੀਂ ਹਾਂ, ਵਾਹਿਗੁਰੂ ਜੀ ਤੋਂ ਵਖਰਾ ਨਹੀਂ ਹਾਂ, ਮੈਂ ਅਬਿਨਾਸੀ ਹਾਂ। ਉਹ ਪ੍ਰਮੇਸ਼ਰ ਦੇ ਨਾਲੋਂ ਅੱਡ ਨਹੀਂ ਹੋਇਆ ਕਰਦੇ। ਜਦੋਂ ਉਸਦੇ ਪ੍ਰਾਣਾਂ ਦਾ ਅੰਤ ਹੁੰਦਾ ਹੈ ਤਾਂ ਪ੍ਰਾਣ, ਪ੍ਰਾਣ ਸ਼ਕਤੀਆਂ ਵਿਚ ਸਮਾਅ ਜਾਂਦੇ ਹਨ। ਕਰਮ ਉਸਨੂੰ ਕੋਈ ਚਿੰਬੜਿਆ ਨਹੀਂ ਹੁੰਦਾ ਕਿਉਂਕਿ ਉਹ ਵਾਹਿਗੁਰੂ ਜੀ ਤੋਂ ਵਖਰਾ ਕੁਝ ਹੁੰਦਾ ਹੀ ਨਹੀਂ ਹੈ। ਉਹ ਪਹਿਲਾਂ ਵੀ ਵਾਹਿਗੁਰੂ ਹੀ ਸੀ, ਜਦ ਸਰੀਰ ਛਡਣਾ ਹੈ ਫੇਰ ਵੀ ਉਹ ਅਬਿਨਾਸੀ ਹੀ ਰਹਿੰਦਾ ਹੈ। ਇਹ ਬਚਨ ਬਹੁਤ ਧਿਆਨ ਨਾਲ ਸਮਝਣ ਵਾਲਾ ਹੈ। ਜਿਨ੍ਹਾਂ ਪ੍ਰੇਮੀਆਂ ਦੇ ਅਗਿਆਨ ਨੇਤਰ ਬੰਦ ਹੋ ਗਏ, ਗਿਆਨ ਚਕਸ਼ੂ ਖੁਲ੍ਹ ਗਏ ਹਨ ਉਨ੍ਹਾਂ ਨੇ ਅਨੁਮਾਨ ਕਰ ਲਿਆ ਹੈ ਕਿ ਇਸ ਸਰੀਰ ਵਿਚ ਹਉਮੈ ਮੰਡਲ ਤੋਂ ਪਿਛੇ ਸਾਰੀ ਸ਼ਕਤੀ ਵਾਹਿਗੁਰੂ ਜੀ ਹੀ ਦੇ ਰਹੇ ਹਨ। ਜੋ ਕੁਝ ਹੋ ਰਿਹਾ ਹੈ ਉਹ ਵਾਹਿਗੁਰੂ ਜੀ ਦੇ ਹੁਕਮ ਵਿਚ ਹੋ ਰਿਹਾ ਹੈ। ਸੋ ਇਹ ਗਿਆਨਵਾਨ ਪੁਰਸ਼ ਆਪਣੀ ਹੋਂਦ ਬਿਲਕੁਲ ਮਿਟਾ ਦਿੰਦੇ ਹਨ। ਜੇ ਸੱਚ ਦੀ ਗੱਲ ਕਹਿ ਦਿਤੀ ਜਾਵੇ ਕਿ ਉਹ ਵਾਹਿਗੁਰੂ ਜੀ ਆਪ ਹੀ ਉਸ ਸਰੀਰ ਵਿਚ ਸ਼ਕਤੀ ਨਾਲ ਆਪਣੇ ਹੁਕਮ ਅਨੁਸਾਰ ਹਰਕਤ ਦੇ ਰਿਹਾ ਹੈ। ਸ਼ਾਇਦ ਤੁਸੀਂ ਇਸ ਗੱਲ ਨੂੰ ਸਮਝ ਗਏ ਹੋਵੋਂਗੇ ਕਿ ਵਾਹਿਗੁਰੂ ਜੀ ਸਾਰੇ ਸਰੀਰ ਵਿਚ ਆਪ ਹੀ ਖੇਲ੍ਹ ਕਰ ਰਹੇ ਹਨ ਪਰ ਹੁੰਦਾ ਕੀ ਹੈ? ਇਸ ਤੱਤ ਅਵਸਥਾ ਦੇ ਨਾਲ ਲਗਦੇ ਹੀ, ਅਗਿਆਨ ਦੀ ਅਵਸਥਾ ਹੈ ਇਹਦੇ ਵਿਚ ਪੈ ਕੇ ਚੇਤਨ ਸ਼ਕਤੀ ਹਉਮੈ ਨਾਲ ਘੁਲ ਮਿਲ

ਜਾਂਦੀ ਹੈ ਅਤੇ ਆਪਣੇ ਆਪ ਨੂੰ ਵੱਖਰੀ ਹੋਂਦ ਸਮਝਣ ਲਗ ਜਾਂਦੀ ਹੈ। ਉਹ 'ਮੈਂ' ਹੇਠਾਂ ਤਿਲ੍ਹਕਦੀ-ਤਿਲ੍ਹਕਦੀ ਪੰਜ ਮੁਕਾਮ ਤਹਿ ਕਰਕੇ, ਸਰੀਰ ਮੰਨਣ ਲਗ ਜਾਂਦੀ ਹੈ, ਇਥੋਂ ਹੀ ਸਾਰਾ ਅਗਿਆਨ ਦਾ ਝਮੇਲਾ ਪਿਆ ਰਹਿੰਦਾ ਹੈ। ਜੋ ਪੂਰਨ ਤੱਤ ਬੇਤੇ ਮਹਾਂਪੁਰਸ਼ ਹੁੰਦੇ ਹਨ ਉਨ੍ਹਾਂ ਦੀ ਕੋਈ ਵੱਖਰੀ ਹੋਂਦ ਹੁੰਦੀ ਹੀ ਨਹੀਂ। ਆਪ ਹੀ ਵਾਹਿਗੁਰੂ ਹੁੰਦਾ ਹੈ। ਗੁਰਬਾਣੀ ਦੇ ਅੰਦਰ ਇਹ ਗੋਹਝ ਗੱਲਾਂ ਬਹੁਤ ਵਾਰੀ ਆਉਂਦੀਆਂ ਹਨ।

*ਕਬੀਰ ਜਾ ਕਉ ਖੋਜਤੇ*
*ਪਾਇਓ ਸੋਈ ਠਉਰੁ॥*
*ਸੋਈ ਫਿਰਿ ਕੈ ਤੂ ਭਇਆ*
*ਜਾ ਕਉ ਕਹਤਾ ਅਉਰੁ॥*

*ਪੰਨਾ - 1369*

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ॥*

*ਪੰਨਾ - 1375*

ਗੁਰੂ ਮਹਾਰਾਜ ਜੀ ਨੇ ਬਹੁਤ ਖੋਲ੍ਹ ਕੇ ਫੁਰਮਾਨ ਕੀਤਾ ਹੈ -

*ਪੰਜ ਤਤੁ ਮਿਲਿ ਕਾਇਆ ਕੀਨੀ॥*
*ਤਿਸ ਮਹਿ ਰਾਮ ਰਤਨੁ ਲੈ ਚੀਨੀ॥*
*ਆਤਮ ਰਾਮੁ ਰਾਮੁ ਹੈ ਆਤਮ*
*ਹਰਿ ਪਾਈਐ ਸਬਦਿ ਵੀਚਾਰਾ ਹੇ॥*

*ਪੰਨਾ - 1030*

ਇਕ ਹੋਰ ਥਾਂ ਮਹਾਰਾਜ ਜੀ ਦਸਦੇ ਹਨ ਕਿ ਇਸ ਦੇਹੀ ਵਿਚ ਕੌਣ ਵਸਦਾ ਹੈ ਅਤੇ ਨਾਲ ਹੀ ਉਸਦਾ ਨਿਰਣਾ ਵੀ ਕਰਦੇ ਹਨ -

*ਇਆ ਮੰਦਰ ਮਹਿ ਕੌਨ ਬਸਾਈ॥*
*ਤਾ ਕਾ ਅੰਤੁ ਨ ਕੋਊ ਪਾਈ॥*

*ਪੰਨਾ - 871*

ਇਸ ਮੰਦਰ ਵਿਚ ਕੌਣ ਵਸਦਾ ਹੈ? ਮਹਾਰਾਜ ਜੀ ਉਤਰ ਦਿੰਦੇ ਦਸਦੇ ਹਨ ਕਿ ਇਸ ਮੰਦਰ ਵਿਚ ਜਿਸ ਦਾ ਅੰਤ ਕਿਸੇ ਨੇ ਨਹੀਂ ਪਾਇਆ, ਉਹ ਵਾਹਿਗੁਰੂ ਜੀ ਹੀ ਵਸਦੇ ਹਨ -

*ਨਾ ਇਸੁ ਮਾਇ ਨ ਕਾਹੂ ਪੂਤਾ॥*
*ਇਆ ਮੰਦਰ ਮਹਿ ਕੌਨ ਬਸਾਈ॥*
*ਤਾ ਕਾ ਅੰਤੁ ਨ ਕੋਊ ਪਾਈ॥*

*ਪੰਨਾ - 871*

ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਪਿੰਡਿ ਮੂਐ ਜੀਉ ਕਿਹ ਘਰਿ ਜਾਤਾ॥*

*ਪੰਨਾ - 327*

ਇਸ ਸਰੀਰ ਵਲੋਂ ਮਰਨ ਤੋਂ ਬਾਅਦ ਜੀਵ ਕਿਥੇ ਜਾਂਦਾ ਹੈ? ਸੋ ਅੱਗੇ ਫੁਰਮਾਨ ਕਰਦੇ ਹਨ ਕਿ ਇਹ ਤਿੰਨਾਂ ਗੁਣਾਂ ਵਾਲੀ ਰਜੋ ਗੁਣ, ਤਮੋ ਗੁਣ, ਸਤੋ ਗੁਣ ਵਾਲੀ ਹਾਲਤ ਤੋਂ ਆਜ਼ਾਦ ਹੋ ਕੇ ਸ਼ਬਦ ਦੁਆਰਾ ਅਬਿਨਾਸ਼ੀ ਹਾਲਤ ਵਿਚ ਲੀਨ ਹੋ ਜਾਂਦਾ ਹੈ।

*ਸਬਦਿ ਅਤੀਤਿ ਅਨਾਹਦਿ ਰਾਤਾ॥*

*ਪੰਨਾ - 327*

ਪਰ ਜਿਸਨੇ ਇਸਨੂੰ ਜਾਣਿਆ ਹੈ ਉਸਨੂੰ ਇਸ ਗੱਲ ਦੀ ਪਹਿਚਾਣ ਹੋ ਜਾਂਦੀ ਹੈ ਪਰ ਇਹ ਦੱਸਿਆ ਨਹੀਂ ਜਾ ਸਕਦਾ ਜਿਵੇਂ ਗੂੰਗਾ ਸ਼ਕਰ ਖਾ ਤਾਂ ਲੈਂਦਾ ਹੈ ਪਰ ਉਸਦਾ ਸਵਾਦ ਨਹੀਂ ਦੱਸ ਸਕਦਾ ਤਿਵੇਂ ਹੀ ਸਭ ਤੋਂ ਉਚੀ ਹਾਲਤ ਦਾ ਅਨੰਦ ਲੈਂਦਾ ਹੈ ਪਰ ਉਸ ਸੱਚ ਨੂੰ ਦੱਸਣ ਵਾਸਤੇ ਅੱਖਰ ਨਹੀਂ ਹੁੰਦੇ, ਇਹ ਅਨੁਭਵ ਦਾ ਵਿਸ਼ਾ ਹੈ ਇਸ ਕਰਕੇ ਫੁਰਮਾਨ ਕਰਦੇ ਹਨ -

*ਪਿੰਡਿ ਮੂਐ ਜੀਉ ਕਿਹ ਘਰਿ ਜਾਤਾ॥*
*ਸਬਦਿ ਅਤੀਤਿ ਅਨਾਹਦਿ ਰਾਤਾ॥*
*ਜਿਨਿ ਰਾਮੁ ਜਾਨਿਆ*
*ਤਿਨਹਿ ਪਛਾਨਿਆ॥*
*ਜਿਉ ਗੂੰਗੇ ਸਾਕਰ ਮਨੁ ਮਾਨਿਆ॥*

*ਪੰਨਾ - 327*

ਸੋ ਸਾਧਸੰਗਤ ਜੀ! ਇਹ ਪਿਛਲੇ ਦੀਵਾਨਾਂ ਵਿਚ ਵੀ ਬੜੇ ਵਿਸਥਾਰ ਨਾਲ ਦਸਿਆ ਜਾ ਚੁਕਿਆ ਹੈ, ਕਈ ਪ੍ਰੇਮੀ ਕਹਿੰਦੇ ਹਨ ਕਿ ਕਰਮ ਤਾਂ ਸਾਧੂ ਸੰਤ ਵੀ ਕਰਦੇ ਹਨ, ਤੱਤ ਬੇਤੇ ਮਹਾਂਪੁਰਸ਼ ਵੀ ਕਰਦੇ ਹਨ ਉਨ੍ਹਾਂ ਦੇ ਕੀਤੇ ਕਰਮਾਂ ਦਾ ਫਲ ਕਿਥੇ ਚਲਿਆ ਜਾਂਦਾ ਹੈ? ਸੋ ਉਸਦੇ ਬਾਰੇ ਫੁਰਮਾਨ ਹੈ ਕਿ ਜੋ ਮਹਾਂਪੁਰਸ਼ਾਂ ਦੀ ਨਿੰਦਿਆ ਕਰਦੇ ਹਨ ਉਨ੍ਹਾਂ ਦੇ ਕੋਲੋਂ ਜੋ ਅਭੋਲ ਹੀ ਇਹੋ ਜਿਹੇ ਕਰਮ ਹੋ ਜਾਂਦੇ ਹਨ ਜਿਨ੍ਹਾਂ ਨੂੰ ਲੋਕ ਪਾਪ ਕਹਿੰਦੇ ਹਨ ਜਾਂ ਪਿਛਲੇ ਕਰਮ ਕੋਈ ਬਕਾਇਆ ਪਏ ਹੋਣ ਜਿਨ੍ਹਾਂ ਦਾ ਫਲ ਮਾੜਾ ਨਿਕਲੇ ਉਹ ਇਕ ਤਰ੍ਹਾਂ ਦੀ ਮੈਲ ਹੋਇਆ ਕਰਦੀ ਹੈ। ਇਹ ਜੋ ਨਿੰਦਿਆ ਕਰਨ ਵਾਲੇ ਨੇ, ਉਹ ਮੂੰਹ ਦੇ ਨਾਲ ਓਹਨਾਂ ਦੀ ਪਾਪਾਂ ਰੂਪੀ ਮਲ ਸਾਫ ਕਰਦੇ ਹਨ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਜਨਮ ਜਨਮ ਕੀ ਮਲੁ ਧੋਵੈ*
*ਪਰਾਈ ਆਪਣਾ ਕੀਤਾ ਪਾਵੈ॥*
*ਈਹਾ ਸੁਖੁ ਨਹੀ ਦਰਗਹ ਢੋਈ*
*ਜਮ ਪੁਰਿ ਜਾਇ ਪਚਾਵੈ॥*
*ਨਿੰਦਕਿ ਅਹਿਲਾ ਜਨਮੁ ਗਵਾਇਆ॥*
*ਪਹੁਚਿ ਨ ਸਾਕੈ ਕਾਹੂ ਬਾਤੈ ਆਗੈ*
*ਠਉਰ ਨ ਪਾਇਆ॥*

*ਪੰਨਾ - 380*

ਸੋ ਜੋ ਸੰਤਾਂ ਤੋਂ ਸ਼ੁਭ ਕਰਮ ਹੁੰਦੇ ਹਨ ਉਹ ਉਸਤਤਿ ਕਰਨ ਵਾਲੇ, ਸੇਵਾ ਕਰਨ ਵਾਲੇ, ਉਨ੍ਹਾਂ ਦਾ ਸਾਥ ਦੇਣ ਵਾਲੇ, ਸ਼ੁਭ ਕਰਮਾਂ ਦਾ ਫਲ ਲੈ ਜਾਇਆ ਕਰਦੇ ਹਨ। ਇਸ ਕਰਕੇ ਸੰਤ ਪਾਪ ਤੇ ਪੁੰਨ ਦੋਹਾਂ ਤੋਂ

ਨਿਰਲੇਪ ਰਹਿੰਦੇ ਹਨ। ਪ੍ਰਮ ਅਵਸਥਾ ਦੇ ਵਿਚ ਉਨ੍ਹਾਂ ਦਾ ਵਾਸਾ ਹੋਇਆ ਕਰਦਾ ਹੈ। ਜੇ ਸੰਸਾਰ ਵਿਚ ਵੀ ਆਉਂਦੇ ਹਨ ਤਾਂ ਰਜੋ ਗੁਣ, ਤਮੋ ਗੁਣ ਅਤੇ ਸਤੋ ਗੁਣ ਰੂਪੀ ਮਾਇਆ ਉਨ੍ਹਾਂ ਉਪਰ ਅਸਰ ਨਹੀਂ ਕਰਦੀ, ਉਹ ਨਿਰਲੇਪ ਹੁੰਦੇ ਹਨ। ਗੱਲ ਸਮਝੋ, ਥੋੜ੍ਹੀ ਜਿਹੀ ਔਖੀ ਗੱਲ ਮੈਂ ਕਰ ਰਿਹਾ ਹਾਂ। ਉਹ ਇਥੇ ਨਿਰਲੇਪ ਹੋ ਕੇ, ਫਿਰ ਜੰਮਣ-ਮਰਨ ਦੇ ਚੱਕਰ ਵਿਚੋਂ ਨਿਕਲ ਜਾਂਦੇ ਨੇ –

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥*

*ਪੰਨਾ – 749*

ਮਹਾਂਪੁਰਸ਼ਾਂ ਦਾ ਸਰੀਰ ਤਾਂ ਜਾਂਦਾ ਰਿਹਾ ਤੇ ਜੋ ਜੀਵ ਵਿਚ ਬੋਲਦਾ ਸੀ ਉਹ ਆਪਣੇ ਅਸਲੀ ਤੱਤ ਵਾਹਿਗੁਰੂ ਜੀ ਵਿਚ ਸਮਾਅ ਗਿਆ। ਇਕ ਥਾਂ ਬਾਣੀ ਵਿਚ ਆਉਂਦਾ ਹੈ–

*ਗਗਨ ਨਗਰਿ ਇਕ ਬੂੰਦ ਨ ਬਰਖੈ*
*ਨਾਦੁ ਕਹਾ ਜੁ ਸਮਾਨਾ॥*
*ਪਾਰਬ੍ਰਹਮ ਪਰਮੇਸੁਰ ਮਾਧੋ*
*ਪਰਮ ਹੰਸੁ ਲੇ ਸਿਧਾਨਾ॥* *ਪੰਨਾ–480*

ਦਸਮ ਦੁਆਰ ਵਿਚ ਸਰੀਰ ਛੱਡਣ ਤੋਂ ਬਾਦ ਇਕ ਬੂੰਦ ਵੀ ਨਹੀਂ ਵਰਸਦੀ। ਕੋਈ ਕੋਮਲ ਭਾਵ ਉਸ ਵਿਚ ਨਹੀਂ ਉਪਜਦੇ , ਉਹ ਬੋਲਣ ਵਾਲੀ ਆਵਾਜ਼ ਕਿਧਰ ਚਲੀ ਗਈ ਜਿਹੜੀ ਉਹਦੇ ਸਰੀਰ ਵਿਚ ਸਮਾਅ ਰਹੀ ਸੀ ? ਉਹ ਜੀਵ ਆਤਮਾ ਪਾਰਬ੍ਰਹਮ ਪ੍ਰਮੇਸ਼ਰ ਵਿਚ ਲੀਨ ਹੋ ਕੇ ਆਪਣੇ ਲੋਕ ਵਿਚ ਸਮਾਅ ਗਿਆ –

*ਬਾਬਾ ਬੋਲਤੇ ਤੇ ਕਹਾ ਗਏ*
*ਦੇਹੀ ਕੇ ਸੰਗਿ ਰਹਤੇ॥*
*ਸੁਰਤਿ ਮਾਹਿ ਜੋ ਨਿਰਤੇ ਕਰਤੇ*
*ਕਥਾ ਬਾਰਤਾ ਕਹਤੇ॥*

*ਪੰਨਾ – 480*

ਜੋ ਇਸ ਸਰੀਰ ਵਿਚ ਬੋਲਦੇ ਸੀ ਤੇ ਸੁਰਤ ਵਿਚ ਹੀ ਨਾਚ ਕਰਕੇ, ਕਥਾ ਵਾਰਤਾ ਕਰਦੇ ਸਨ ਉਹ ਕਿਥੇ ਗਏ ? ਇਹ ਸਰੀਰ ਨੂੰ ਜੋ ਵਜਾਉਂਦਾ ਸੀ – ਮ੍ਰਿਦੰਗ ਵਾਂਗੂ ਤੇ ਇਸ ਵਿਚ ਜੋ ਸੁਰਤ ਸੀ ਜੋ ਸਾਖੀ ਰੂਪ ਵਿਚ ਇਸ ਤੋਂ ਕੰਮ ਕਰਾਉਂਦੀ ਸੀ ਉਹਦਾ ਕੀ ਬਣਿਆ ? ਬਾਣੀ ਵਿਚ ਫੁਰਮਾਨ ਹੈ –

*ਬਜਾਵਨਹਾਰੋ ਕਹਾ ਗਇਓ*
*ਜਿਨਿ ਇਹੁ ਮੰਦਰੁ ਕੀਨਾ॥*
*ਸਾਖੀ ਸਬਦੁ ਸੁਰਤਿ ਨਹੀ ਉਪਜੈ*
*ਖਿੰਚਿ ਤੇਜੁ ਸਭੁ ਲੀਨਾ॥*

*ਪੰਨਾ – 480*

ਹੁਣ ਕੰਨ ਅਵਾਜ਼ ਸੁਣਨ ਬਿਨਾਂ ਹੋ ਗਏ, ਕੋਈ ਇੰਦ੍ਰੀ ਹਿਲ ਨਹੀਂ ਸਕਦੀ, ਇਹਦਾ ਬਲ ਖਤਮ ਹੋ ਗਿਆ, ਪੈਰ ਤੁਰਨ ਤੋਂ, ਹੱਥ ਹਿਲਣ ਤੋਂ ਰਹਿ ਗਏ, ਇਹਦੇ ਵਿਚ ਜੋ ਪੰਜ ਚੋਰ ਸੀ ਉਹ ਭ੍ਰਮਣ ਤੋਂ ਰਹਿ ਗਏ, ਹਿਰਦਾ ਰੂਪ ਹਾਥੀ ਉਹ ਵੀ ਥੱਕ ਗਿਆ, ਇੰਦ੍ਰੀਆਂ ਨੂੰ ਚਲਾਉਣ ਵਾਲੀ ਜਿਹੜੀ ਸਤਾ ਸੀ ਜਿਵੇਂ ਕਿ ਪੁਤਲੀਆਂ ਨੂੰ ਨਚਾਉਣ ਵਾਲਾ ਆਪਣੇ ਵਸ ਕਰਕੇ ਉਨ੍ਹਾਂ ਨੂੰ ਨਚਾਉਂਦਾ ਹੈ, ਹਰਕਤ ਕਰਾਉਂਦਾ ਹੈ, ਉਹ ਸ਼ਕਤੀ ਵੀ ਚਲਦੀ ਬਣੀ। ਸੋ ਸਰੀਰ ਛੱਡਣ ਨਾਲ ਸਾਰਾ ਹੀ ਕਾਰਜ ਬੰਦ ਹੋ ਜਾਂਦਾ ਹੈ। ਬਾਣੀ ਦਾ ਫੁਰਮਾਨ ਹੈ ਕਿ ਜਿਸ ਨੇ ਇਸ ਸਰੀਰ ਵਿਚ ਰਹਿੰਦਿਆਂ ਨਾਮ ਜਪ ਕੇ ਆਪਣੇ ਭਰਮ ਦਾ ਨਾਸ਼ ਕਰ ਲਿਆ ਉਹ ਅਮਰ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਪੂਰਾ ਸ਼ਬਦ ਇਸ ਪ੍ਰਕਾਰ ਹੈ –

*ਸ੍ਰਵਨਨ ਬਿਕਲ ਭਏ ਸੰਗਿ ਤੇਰੇ*
*ਇੰਦ੍ਰੀ ਕਾ ਬਲੁ ਥਾਕਾ॥*
*ਚਰਨ ਰਹੇ ਕਰ ਢਰਕਿ ਪਰੇ ਹੈ*
*ਮੁਖਹੁ ਨ ਨਿਕਸੈ ਬਾਤਾ॥*
*ਥਾਕੇ ਪੰਚ ਦੂਤ ਸਭ ਤਸਕਰ*
*ਆਪ ਆਪਣੈ ਭ੍ਰਮਤੇ॥*
*ਥਾਕਾ ਮਨੁ ਕੁੰਚਰ ਉਰੁ ਥਾਕਾ*
*ਤੇਜੁ ਸੂਤੁ ਧਰਿ ਰਮਤੇ॥*
*ਮਿਰਤਕ ਭਏ ਦਸੈ ਬੰਦ ਛੂਟੇ*
*ਮਿਤ੍ਰ ਭਾਈ ਸਭ ਛੋਰੇ॥*
*ਕਹਤ ਕਬੀਰਾ ਜੋ ਹਰਿ ਧਿਆਵੈ*
*ਜੀਵਤ ਬੰਧਨ ਤੋਰੇ॥*

*ਪੰਨਾ – 480*

ਸੋ ਇਹ ਜੀਵ ਏਕੰਕਾਰ ਵਿਚੋਂ ਹੀ ਉਸਦੇ ਹੁਕਮ ਨਾਲ ਪ੍ਰਗਟ ਹੋਇਆ ਹੈ ਜਦੋਂ ਅਗਿਆਨ ਦਾ ਨਾਸ਼ ਹੋ ਜਾਂਦਾ ਹੈ ਤਾਂ ਇਹ ਆਪਣੇ ਮੁਖ ਸਰੋਤ ਏਕੰਕਾਰ ਸ਼ਕਤੀ ਵਿਚ ਫੇਰ ਸਮਾਅ ਜਾਂਦਾ ਹੈ। ਐਂ ਕਹੋ ਕਿ ਇਹ ਖੁਦ ਏਕੰਕਾਰ ਹੀ ਬਣ ਜਾਂਦਾ ਹੈ ਅਤੇ ਬੇਅੰਤ ਵਿਚ ਸਮਾਅ ਕੇ ਆਪ ਬੇਅੰਤ ਬਣ ਜਾਂਦਾ ਹੈ। ਸੋ ਜਦੋਂ ਅਸੀਂ ਆਪਣੇ ਅਸਲ ਟਿਕਾਣੇ ਵਲ ਦੇਖਦੇ ਹਾਂ ਜਿਥੋਂ ਹੇਠਾਂ ਤਿਲ੍ਹਕ ਕੇ ਅਸਾਨੂੰ ਜੀਵ ਦੀ ਉਪਾਧੀ ਪ੍ਰਾਪਤ ਹੋਈ, ਉਹ ਅਵਸਥਾ ਨਿਰੰਕਾਰ ਦੀ ਸੀ, ਜਿਸ ਵਿਚ ਨਾ ਕੋਈ ਰੂਪ ਹੈ, ਨਾ ਕੋਈ ਰੰਗ ਹੈ; ਪੂਰਨ ਸਮਾਧਿਸ਼ਟ ਅਵਸਥਾ ਹੈ। ਨਿਰੰਕਾਰ ਕੀ ਸੋਚਦਾ ਸੀ, ਕੀ ਕਰਦਾ ਸੀ, ਇਹ ਜੀਵ ਦੇ ਜਾਨਣ ਦਾ ਵਿਸ਼ਾ ਨਹੀਂ ਹੈ ਕਿਉਂਕਿ ਇਹ ਅੰਤ ਵਿਚ ਹੈ, ਵਾਹਿਗੁਰੂ ਜੀ ਬੇਅੰਤ ਹੈ, **infinity** ਹੈ, **infinity** (ਬੇਅੰਤਤਾ) ਬਾਰੇ ਜਾਣਿਆ ਹੀ ਨਹੀਂ ਜਾ ਸਕਦਾ, ਉਸ ਤੋਂ ਕੇਵਲ ਬਲਿਹਾਰ ਜਾਇਆ ਜਾ ਸਕਦਾ ਹੈ, ਉਸ ਤੋਂ ਕੇਵਲ ਵਿਸਮਾਦਤ ਅਵਸਥਾ ਦਾ ਅਨੰਦ ਲਿਆ ਜਾ ਸਕਦਾ ਹੈ। ਉਸ ਵਿਚ ਜੋ ਰਲ ਗਿਆ ਉਹ ਆਪ ਹੀ ਆਪ ਹੋ ਕੇ ਆਪਣੇ ਆਪ ਨੂੰ ਜਾਣਦਾ ਹੈ। ਉਹ ਕੋਈ ਵਖਰਾ ਨਹੀਂ ਰਹਿੰਦਾ।

ਸਾਧ ਸੰਗਤ ਜੀ ! ਇਹ ਗੱਲ ਵੀ ਸਮਝਣ

ਵਾਲੀ ਹੈ ਕਿ ਅਸੀਂ ਕਦੇ ਵੀ ਨਹੀਂ ਚਾਹੁੰਦੇ ਕਿ ਅਸਾਡੀ ਹੋਂਦ ਦਾ ਬਿਲਕੁਲ ਖਾਤਮਾ ਹੋ ਜਾਵੇ। ਅਸੀਂ ਇਹ ਤਾਂ ਚਾਹੁੰਦੇ ਹਾਂ ਕਿ ਸਾਡੀ ਹੋਂਦ ਐਨੀ ਪਵਿੱਤਰ ਹੋ ਜਾਵੇ ਕਿ ਵਾਹਿਗੁਰੂ ਜੀ ਦੇ ਸਚਖੰਡ ਵਿਚ ਪ੍ਰਵੇਸ਼ ਕਰਕੇ ਉਥੇ ਵਾਹਿਗੁਰੂ ਜੀ ਦੇ ਪਿਆਰ, ਮਹਾਂ ਅਨੰਦਿਤ ਅਵਸਥਾ ਵਿਚ ਹੋ ਜਾਈਏ ਪਰ ਇਹ ਨਹੀਂ ਚਾਹੁੰਦੇ ਕਿ ਸਾਡੀ ਹੋਂਦ ਬਿਲਕੁਲ ਖਤਮ ਹੋ ਜਾਵੇ ਅਤੇ ਅਸੀਂ ਕੁਝ ਵੀ ਨਾ ਰਹੀਏ। ਜੋ ਕੁਝ ਵੀ ਨਾ ਰਹਿਣਾ ਹੈ, ਉਹੀ ਸਭ ਤੋਂ ਪ੍ਰਮ ਅਵਸਥਾ ਹੈ ਕਿਉਂਕਿ ਨਿਰੰਕਾਰ ਆਪ ਹੀ ਸਾਕਾਰ ਰੂਪ ਧਾਰ ਕੇ ਏਕੰਕਾਰ ਦੇ ਰੂਪ ਵਿਚ ਪ੍ਰਗਟ ਹੋਇਆ ਹੈ ਅਤੇ ਏਕੰਕਾਰ ਤੋਂ ਸ਼ਬਦ ਦੀ ਉਤਪਤੀ ਹੋ ਕੇ ਹੁਕਮ ਦੇ ਨਾਲ ਸਾਰੇ ਆਕਾਰ, ਸਾਰੇ ਜੀਵ ਹੋਂਦ ਵਿਚ ਆਏ। ਭਾਈ ਗੁਰਦਾਸ ਜੀ ਇਸ ਬਾਰੇ ਫੁਰਮਾਨ ਕਰਦੇ ਹਨ –

*ਨਿਰੰਕਾਰ ਆਕਾਰ ਹੋਇ*
*ਏਕੰਕਾਰ ਅਪਾਰ ਸਦਾਯਾ॥*
*ਏਕੰਕਾਰਹੁੰ ਸ਼ਬਦ ਧੁਨ*
*ਓਅੰਕਾਰ ਅਕਾਰ ਬਨਾਯਾ॥*

*ਭਾਈ ਗੁਰਦਾਸ ਜੀ, ਵਾਰ 26/2*

ਸੋ ਇਹ ਬੜਾ ਸੂਖਸ਼ਮ ਸਵਾਲ ਹੈ ਜਿਹੜਾ ਬਗੈਰ ਘਾਲ ਕਮਾਈ ਕੀਤਿਆਂ, ਬਗੈਰ ਨਾਮ ਦੀ ਕਮਾਈ ਕੀਤਿਆਂ ਤੇ ਪੂਰਨ ਮਹਾਂਪੁਰਸ਼ ਦੀ ਸੰਗਤ ਕੀਤੇ ਤੋਂ ਬਿਨਾਂ ਅਨੁਭਵ ਵਿਚ ਆ ਹੀ ਨਹੀਂ ਸਕਦਾ ਕਿਉਂਕਿ ਬੁੱਧੀ ਦੀ ਉਡਾਰੀ ਸੀਮਤ ਹੈ। ਬੁੱਧੀ ਦੀ ਉਡਾਰੀ ਬਾਰੇ ਭਾਈ ਵੀਰ ਸਿੰਘ ਜੀ ਫੁਰਮਾਨ ਕਰਦੇ ਹਨ –

*ਜਿਨ੍ਹਾਂ ਉਚਾਈਆਂ ਉਤੋਂ*
*'ਬੁੱਧੀ' ਖੰਭ ਸਾੜ ਢੱਠੀ,*
*ਮੱਲੋ ਮੱਲੀ ਓਥੇ ਦਿਲ*
*ਮਾਰਦਾ ਉਡਾਰੀਆਂ।*
*ਪਤਾਲੇ ਅਣਡਿੱਠੇ ਨਾਲ,*
*ਬੁੱਲ੍ਹ ਲੱਗ ਜਾਣ ਓਥੇ,*
*ਰਸ ਤੇ ਸਰੂਰ ਚੜ੍ਹੇ,*
*ਝੂੰਮਾਂ ਆਉਣ ਪਯਾਰੀਆਂ।*
*'ਗਯਾਨੀ' ਸਾਨੂੰ ਹੋੜਦਾ*
*ਤੇ 'ਵਹਿਮੀ ਢੋਲਾ' ਆਖਦੇ ਏ,*
*'ਮਾਰੇ ਗਏ ਜਿਨ੍ਹਾਂ ਲਾਈਆਂ*
*ਬੁੱਧੋਂ ਪਾਰ ਤਾਰੀਆਂ।'*
*'ਬੈਠ ਵੇ ਗਿਆਨੀ!*
*ਬੁੱਧੀ ਮੰਡਲੇ ਦੀ ਕੈਦ ਵਿਚ'*
*'ਵਲਵਲੇ ਦੇ ਦੇਸ਼'*
*ਸਾਡੀਆਂ ਲੱਗ ਗਈਆਂ ਯਾਰੀਆਂ।'*

*ਡਾ. ਭਾਈ ਵੀਰ ਸਿੰਘ ਜੀ*

ਬੁੱਧੀ ਦੀ ਸ਼ਕਤੀ ਸੀਮਤ ਹੈ ਤਾਂ ਫੇਰ ਇਹ ਮਤਲਬ ਹੋਇਆ ਕਿ ਸਾਨੂੰ ਪਤਾ ਹੀ ਨਹੀਂ ਲਗ ਸਕਦਾ। ਵੱਡੇ-ਵੱਡੇ ਲਿਖਾਰੀ, ਫਿਲਾਸਫਰ ਉਨ੍ਹਾਂ ਦੀ ਬੁੱਧੀ ਬਹੁਤ ਤਿਖੀ ਹੁੰਦੀ ਹੈ ਉਹ ਤਾਂ ਜਾਣ ਸਕਦੇ ਹੋਣਗੇ? ਨਹੀਂ, ਸਾਧਸੰਗਤ ਜੀ! ਇਹ ਬੁੱਧੀ ਵਿਚ ਸ਼ਕਤੀ ਹੀ ਨਹੀਂ ਹੈ ਕਿ ਅਸੀਮਤ ਅਗੰਮ ਤੇ ਅਗੋਚਰ ਨੂੰ ਜਾਣ ਸਕੇ। ਜਿਸਨੂੰ ਅਗੋਚਰ ਆਖਦੇ ਹਨ ਮਨੁੱਖ ਦੀ ਕੋਈ ਵੀ ਇੰਦ੍ਰੀ ਉਸਨੂੰ ਫੜ ਨਹੀਂ ਸਕਦੀ। ਨਾ ਕੋਈ ਜੰਤ੍ਰ, ਨਾ ਕੋਈ ਕੰਪਿਊਟਰ, ਕੋਈ ਇਸ ਤਕ ਪਹੁੰਚ ਨਹੀਂ ਸਕਦਾ ਕਿਉਂਕਿ ਇਹ ਪ੍ਰਕ੍ਰਿਤੀ ਅਲੇਪ ਹੈ, ਪ੍ਰਕ੍ਰਿਤਕ ਸਾਇੰਸ ਦੀ ਉਥੇ ਤਕ ਬਿਲਕੁਲ ਹੀ ਪਹੁੰਚ ਨਹੀਂ ਹੈ। ਵਾਹਿਗੁਰੂ ਜੀ ਸਤਿ ਚਿਤ ਅਨੰਦ ਹਨ, ਉਸਨੂੰ ਚੇਤਨਤਾ ਹੀ ਜਾਣ ਸਕਦੀ ਹੈ ਕਿਉਂਕਿ ਜਗਿਆਸੀ ਜਦੋਂ ਪ੍ਰਭੂ ਦਾ ਨਾਮ ਜਪਦਾ ਹੈ ਇਸਦੀ ਸੁਰਤ ਉਚੀ ਉਠਦੀ ਹੈ। ਜਦੋਂ ਜੀਵ ਦੀ ਚੇਤਨ ਸੂਝ ਸਰਮਖੰਡ ਦੇ ਮੰਡਲ ਵਿਚ ਪਹੁੰਚਦੀ ਹੈ ਤਾਂ ਉਸ ਥਾਂ ਤੇ ਉਸ ਅਵਸਥਾ ਵਿਚ ਨਾਮ ਦੀ ਸ਼ਕਤੀ, ਇਸ ਸੁਰਤ ਨੂੰ ਘੜਦੀ ਹੈ ਜੋ ਸਿੱਧ ਤੇ ਸੁਧ ਦੀ ਸੂਝ ਕਹਾਉਂਦੀ ਹੈ। ਇਹ ਕੋਈ ਉਚੇਰਾ ਅਨੁਭਵ ਹੈ। ਇਹ ਅਨੁਭਵ ਵਾਹਿਗੁਰੂ ਜੀ ਵਾਰੇ ਸੋਝੀ ਦਿੰਦਾ ਹੈ। ਜਿਵੇਂ –

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥*

*ਪੰਨਾ – 8*

*ਜਬ ਬੁਧਿ ਹੋਤੀ ਤਬ ਬਲੁ ਕੈਸਾ*
*ਅਬ ਬੁਧਿ ਬਲੁ ਨ ਖਟਾਈ॥*
*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ॥*

*ਪੰਨਾ – 339*

ਸੋ ਇਸ ਕਰਕੇ ਇਹ ਅਵਸਥਾਵਾਂ ਅਗੰਮ ਤੇ ਅਗੋਚਰ ਹਨ, ਨਾ ਹੀ ਅਸੀਂ ਉਸ ਨੂੰ ਜਾਣ ਸਕਦੇ ਹਾਂ ਜਿਸ ਤੋਂ ਸਾਰੀ ਸ੍ਰਿਸ਼ਟੀ ਆਕਾਰ ਵਿਚ ਆਈ ਕਿਉਂਕਿ ਉਹ ਆਦਿ ਸ਼ਬਦ ਚੇਤਨ ਸਤ੍ਹਾ ਸੀ ਉਹ ਪ੍ਰਕ੍ਰਿਤਕ ਸ਼ਬਦ ਨਹੀਂ ਸੀ ਕਿਉਂਕਿ ਪ੍ਰਕ੍ਰਿਤੀ ਦੀ ਹੋਂਦ ਤਾਂ ਉਸ ਓਅੰਕਾਰ ਸ਼ਬਦ ਬ੍ਰਹਮ ਤੋਂ ਹੀ ਹੋਈ ਹੈ। ਪ੍ਰਾਕ੍ਰਿਤੀ ਸ਼ਬਦ ਵਿਚ ਨਹੀਂ ਸੀ। ਅਸੀਂ ਉਸ ਅਗੰਮ ਅਗੋਚਰ ਅਵਸਥਾ ਵਿਚ ਕਿਸ ਤਰ੍ਹਾਂ ਰਹਾਂਗੇ? ਇਹ ਚੀਜ਼ਾਂ, ਪ੍ਰਕ੍ਰਿਤਕ ਵਾਤਾਵਰਣ ਨੂੰ ਦੇਖ ਕੇ ਅਸੀਂ ਅਧੂਰੇ ਅੰਦਾਜ਼ੇ ਤਾਂ ਲਾ ਸਕਦੇ ਹਾਂ ਪਰ ਉਸ ਅਵਸਥਾ ਨੂੰ ਗੂੰਗੇ ਕੀ ਮਠਿਆਈ ਅਤੇ ਕਹਿਣ ਤੋਂ ਉਚੀ ਆਖਿਆ ਗਿਆ ਹੈ। ਫੁਰਮਾਨ ਕੀਤਾ ਹੈ –

*ਸੋ ਜਾਨੈ ਜਿਨਿ ਚਾਖਿਆ*
*ਹਰਿ ਨਾਮੁ ਅਮੋਲਾ॥*
*ਕੀਮਤਿ ਕਹੀ ਨ ਜਾਈਐ*
*ਕਿਆ ਕਹਿ ਮੁਖਿ ਬੋਲਾ॥*

*ਪੰਨਾ – 808*

ਸੋ ਇਸ ਤਰ੍ਹਾਂ ਨਾਲ ਜਿਸਨੂੰ ਅਫੁਰ ਅਵਸਥਾ, ਸਹਿਜ ਸਮਾਧ ਦੀ ਲਿਵ ਪ੍ਰਾਪਤ ਹੋ ਗਈ, ਉਸ ਰਸ ਨੂੰ ਉਹੀ ਜਾਣ ਸਕਦਾ ਹੈ –

*ਸਹਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ॥*
*ਪੰਨਾ - 106*

ਇਸ ਵਿਚ ਮਨੋ ਨਾਸ਼ ਹੋ ਗਿਆ, ਵਾਸ਼ਨਾਵਾਂ ਸਾਰੀਆਂ ਖਤਮ ਹੋ ਗਈਆਂ, ਤੱਤ ਗਿਆਨ ਪੂਰੀ ਤਰ੍ਹਾਂ ਪ੍ਰਕਾਸ਼ ਹੋ ਗਿਆ। ਸੋ ਅਸੀਂ ਜਿੰਨਾਂ ਜਾਣਦੇ ਹਾਂ ਉਹ ਓਹੀ ਹੈ ਕਿ ਉਹ ਸਰੀਰ ਛੱਡਣ ਤੋਂ ਪਿਛੋਂ ਆਪਣੇ ਅਸਲੇ ਵਿਚ ਚਲਿਆ ਜਾਇਆ ਕਰਦਾ ਹੈ ਜਿਥੋਂ ਉਸਦੀ ਉਪਜਣਾ ਹੋਈ ਸੀ ਉਥੇ ਹੀ ਸਮਾਅ ਜਾਂਦਾ ਹੈ।

ਦੂਸਰੇ ਇਹ ਹੁੰਦੇ ਹਨ ਤਿੰਨੇ ਚੀਜ਼ਾਂ ਦੇ ਹਿਸਾਬ ਨਾਲ ਸਾਰੀ ਦੁਨੀਆਂ ਦੇ ਵਿਚ ਜਾਂਦੇ ਹਨ। ਸੋ ਮਰਨ ਤੋਂ ਉਹ ਡਰਦੇ ਨੇ ਜਿਨ੍ਹਾਂ ਨੇ ਗੁਰੂ ਦੀ ਬਾਣੀ ਨੂੰ ਮੰਨਿਆ ਨਹੀਂ ਹੈ। ਜੇ ਗੁਰੂ ਦੀ ਬਾਣੀ ਨੂੰ ਅਸੀਂ ਮੰਨ ਲਈਏ ਅਤੇ ਉਸਨੂੰ ਆਪਣੇ ਜੀਵਨ ਵਿਚ ਢਾਲ ਲਈਏ, ਤਾਂ ਮੌਤ ਦਾ ਡਰ ਸਾਡੇ ਸਿਰ ਤੋਂ ਦੂਰ ਹੋ ਜਾਵੇਗਾ, ਅਮਰ ਅਵਸਥਾ ਪ੍ਰਾਪਤ ਹੋ ਜਾਵੇਗੀ। ਸਦਾ ਦਾ ਜੀਵਨ ਮਿਲ ਗਿਆ ਫੇਰ ਡਰ ਕਿਸ ਚੀਜ਼ ਦਾ ਰਹਿ ਗਿਆ? ਸੋ ਮਰਿਆ ਤਾਂ ਓਹੀ ਕਰਦੇ ਹਨ ਜੋ ਜਨਮ ਧਾਰਦੇ ਹਨ। ਜਦੋਂ ਜਨਮ ਮੁੜ ਕੇ ਧਾਰਨੇ ਹੀ ਨਹੀਂ ਹਨ ਫੇਰ ਡਰ ਕਿਸ ਚੀਜ਼ ਦਾ, ਕਿਉਂਕਿ ਗੁਰੂ ਦੀ ਬਾਣੀ ਮੰਨ ਲਈ; ਕੋਈ ਮੰਨ ਲਓ ਜਿਹਦਾ ਜੀਅ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮੰਨ ਲਓ। ਸੰਤ ਸਿਰਫ ਸਹਾਇਤਾ ਕਰਨ ਲਈ ਆਇਆ ਕਰਦੇ ਹਨ। ਗੁਰੂ ਘਰ ਦੇ ਸੰਤ ਗੁਰੂ ਨਹੀਂ ਬਣਿਆ ਕਰਦੇ ਕਿਉਂਕਿ ਇਨ੍ਹਾਂ ਨੂੰ ਬਹੁਤ ਉਚਾ ਗਿਆਨ ਪ੍ਰਾਪਤ ਹੋਇਆ ਹੁੰਦਾ ਹੈ ਜਿਸ ਕਰਕੇ ਜੀਵਨ ਮੁਕਤ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਿਸ ਵਿਚ 'ਮੈਂ' ਦਾ ਕੋਈ ਲੇਸ ਹੀ ਨਹੀਂ ਰਹਿੰਦਾ। ਅਹੰਭਾਵ ਪੂਰੀ ਤਰ੍ਹਾਂ ਨਾਲ ਮਿਟ ਜਾਂਦਾ ਹੈ। ਉਹ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਧਾਰ ਉਪਰ ਸੰਸਾਰ ਦਾ ਭਲਾ ਕਰਿਆ ਕਰਦੇ ਹਨ। ਗੁਰੂ ਬਣਨ ਵਾਸਤੇ ਨਹੀਂ ਕੁਝ ਵੀ ਕਰਦੇ। ਲੋਕਾਂ ਨੂੰ ਐਵੇਂ ਭੁਲੇਖਾ ਪੈ ਗਿਆ ਕਿ ਸੰਤ ਗੁਰੂ ਬਣ ਜਾਂਦੇ ਹਨ। ਗੁਰੂ ਨਾਨਕ ਦੇ ਘਰ ਮਰਿਆਦਾ ਵੱਖਰੀ ਹੀ ਹੈ। ਇਸ ਘਰ ਵਿਚ ਜੀਵਨ ਮੁਕਤੀ ਦੀ ਖੇਡ ਸਰੀਰ ਦੇ ਜਿਉਂਦਿਆਂ-ਜਿਉਂਦਿਆਂ ਹੀ ਵਰਤਦੀ ਰਹਿੰਦੀ ਹੈ ਜਿਸ ਵਿਚ ਉਨ੍ਹਾਂ ਨੂੰ ਆਪਣੇ ਅਸਲੇ ਦਾ ਗਿਆਨ ਹੋ ਜਾਂਦਾ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਪ੍ਰਭੂ ਦੇ ਰੂਪ ਵਿਚ ਦੇਖਦੇ ਹਨ ਕਿਉਂਕਿ ਇਹ ਸਤਿ ਅਵਸਥਾ ਹੈ ਤੇ ਜਿਨ੍ਹਾਂ ਨੂੰ ਉਪਦੇਸ਼ ਦਿੰਦੇ ਹਨ ਉਨ੍ਹਾਂ ਬਾਰੇ ਵੀ ਬ੍ਰਹਮਦ੍ਰਿਸ਼ਟੀ ਹੀ ਰਖਦੇ ਹਨ। ਜੋ ਕ੍ਰਿਆ ਹੋਇਆ ਕਰਦੀ ਹੈ ਉਹ ਆਪਣੇ ਸਿਰ ਨਹੀਂ ਲੈਂਦੇ। ਉਹ ਸਹਿਜ ਅਵਸਥਾ ਵਿਚ ਹੁਕਮ ਦੀ ਹੀ ਕ੍ਰਿਆ ਹੋਇਆ ਕਰਦੀ ਹੈ। ਜਿਹਦਾ ਜੀਅ ਕਰਦਾ ਹੈ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮੰਨ ਲਓ, ਉਹ ਤਰ ਜਾਵੇਗਾ। ਗੁਰੂ ਘਰ ਦੇ ਸੰਤਾਂ ਦਾ ਕੰਮ ਗੁਰਬਾਣੀ ਦਾ ਪ੍ਰਸਾਰ ਸੰਸਾਰ ਤੇ ਕਰਨਾ ਅਤੇ ਜਗਿਆਸੂਆਂ ਨੂੰ ਸਿੱਧੇ ਰਾਹ ਪਾਉਣਾ, ਉਨ੍ਹਾਂ ਨੂੰ ਗੁਪਤ ਰੂਹਾਨੀ ਭੇਤਾਂ ਬਾਰੇ ਗਿਆਤ ਦੇਣੀ ਅਤੇ ਆਪਣੀ ਆਤਮਕ ਸ਼ਕਤੀ ਨਾਲ ਜੀਅ ਦਾਨ ਦੇ ਕੇ ਜਗਿਆਸੂਆਂ ਨੂੰ ਜਿਉਂਦਿਆਂ ਵਿਚ ਪ੍ਰਵੇਸ਼ ਕਰਾ ਦੇਣਾ ਹੋਇਆ ਕਰਦਾ ਹੈ। ਮਹਾਂਪੁਰਸ਼ ਆਪਣੇ ਨਿਜ ਅਨੁਭਵ ਨਾਲ, ਬਚਨਾਂ ਨਾਲ ਇਨ੍ਹਾਂ ਉਚ ਸਿਧਾਂਤਾਂ ਨੂੰ ਸੰਸਾਰ ਤਕ ਪਹੁੰਚਾਉਣ ਦਾ ਜਤਨ ਕਰਦੇ ਨੇ ਤਾਂ ਕਿ ਸਾਰਿਆਂ ਨੂੰ ਸਮਝ ਪੈ ਜਾਵੇ। ਸੋ ਇਹ ਪੂਰੀ ਇਕਾਗਰਤਾ ਨਾਲ ਸਰਵਣ ਕਰਿਓ, ਜਦੋਂ ਤਕ ਜੀਵ ਦੇ ਅੰਦਰ ਵਾਸ਼ਨਾਵਾਂ ਹਨ ਉਸਨੇ ਜੰਮਦੇ ਰਹਿਣਾ ਹੈ, ਮਰਦੇ ਰਹਿਣਾ ਹੈ। ਐਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਗਰਭ ਜੋਨ ਵਿਚ ਫਿਰਦਾ ਜੀ,*
*ਜਬ ਇਹ ਜਾਨੇ ਮੈ ਕਿਛ ਕਰਤਾ*

*ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥*
*ਤਬ ਇਸ ਕਉ ਸੁਖੁ ਨਹੀ ਕੋਇ॥*
*ਜਬ ਇਹ ਜਾਨੈ ਮੈ ਕਿਛੁ ਕਰਤਾ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ॥*
*ਜਬ ਧਾਰੈ ਕੋਊ ਬੈਰੀ ਮੀਤੁ॥*
*ਤਬ ਲਗੁ ਨਿਹਚਲੁ ਨਾਹੀ ਚੀਤੁ॥*
*ਜਬ ਲਗੁ ਮੋਹ ਮਗਨ ਸੰਗਿ ਮਾਇ॥*
*ਤਬ ਲਗੁ ਧਰਮਰਾਇ ਦੇਇ ਸਜਾਇ॥*
*ਪੰਨਾ - 278*

ਇਹ ਚਾਰ ਹੁਕਮ ਹਨ ਸੁਖਮਨੀ ਸਾਹਿਬ ਵਿਚ, ਧਿਆਨ ਨਾਲ ਪੜ੍ਹਿਆ ਕਰੋ, ਧਿਆਨ ਨਾਲ ਸੁਣੋ, ਪੂਰੇ ਧਿਆਨ ਨਾਲ ਵਿਚਾਰੋ। ਮੇਰੇ ਪਾਸ ਆ ਕੇ ਕਈ ਪ੍ਰੇਮੀ ਕਹਿਣਗੇ ਕਿ ਜੀ, ਮਨ ਨਹੀਂ ਟਿਕਦਾ, ਮੈਨੂੰ ਬਾਣੀ ਦਾ ਕੋਈ ਰਸ ਨਹੀਂ ਆਉਂਦਾ। ਮੈਂ ਪੁਛਦਾ ਹਾਂ ਕਿ ਤੂੰ ਬਾਣੀ ਕਿੰਨੀ ਪੜ੍ਹਦਾ ਹੈਂ ਤਾਂ ਝੱਟ ਆਖ ਦਿੰਦੇ ਹਨ - ਭਾਈ ਵੀ ਆਖ ਦਿੰਦੇ ਨੇ, ਬੀਬੀਆਂ ਵੀ ਕਹਿ ਦਿੰਦੀਆਂ ਨੇ - ਬੜਾ ਸੁਖਾਲਾ ਜਿਹਾ ਕਿ ਅਸੀਂ ਪੰਜ-ਪੰਜ ਪਾਠ ਸੁਖਮਨੀ ਸਾਹਿਬ ਦੇ ਰੋਜ਼ ਕਰਦੇ ਹਾਂ। ਮੈਂ ਹੈਰਾਨ ਹੋ ਜਾਂਦਾ ਹਾਂ ਕਿ ਐਨੇ-ਐਨੇ ਪਾਠ ਕਰਦੇ ਹਨ ਤੇ ਫੇਰ ਮਨ ਨਹੀਂ ਟਿਕਦਾ। ਕਈਆਂ ਨੂੰ ਤਾਂ ਮੈਂ ਯਾਦ ਕਰਾ ਦਿੰਦਾ ਹਾਂ, ਗੁਰੂ ਦਸ਼ਮੇਸ਼ ਪਿਤਾ ਨੇ ਜਿਹੜਾ ਨਿਰਨਾ ਸੁਖ ਨਿਧਾਨ ਦੀਆਂ ਕੁਰਲੀਆਂ ਕਰਾ ਕੇ ਤੇ ਪਿਲਾ ਕੇ ਕੀਤਾ ਪਰ ਇਹ ਗੱਲ ਉਨ੍ਹਾਂ ਦੀ ਸਮਝ ਵਿਚ ਨਹੀਂ ਆਉਂਦੀ। ਇਹੋ ਕਹੀ ਜਾਂਦੇ ਨੇ ਕਿ ਅਸੀਂ ਤਾਂ ਜੀ ਪੰਜ-ਪੰਜ ਪਾਠ ਕਰਦੇ ਹਾਂ। ਕੋਈ ਕਹਿੰਦਾ ਹੈ ਕਿ ਮੈਂ 25 ਪਾਠ ਜਪੁਜੀ ਸਾਹਿਬ ਦੇ ਕਰਦਾ ਹਾਂ ਪਰ ਹੈਰਾਨ ਹੋਈਦਾ ਹੈ ਕਿ ਚਿਤ ਦੀਆਂ ਬਿਰਤੀਆਂ ਤਾਂ ਉਵੇਂ ਜਿਵੇਂ ਹਨ ਉਵੇਂ ਉਹ ਲੋਭ ਦੀ ਗੱਲ ਕਰ ਦਿੰਦੇ ਹਨ, ਉਵੇਂ ਅਭਿਮਾਨ ਵਿਚ ਉਚੀਆਂ ਨੀਚੀਆਂ ਗੱਲਾਂ ਕਹਿ ਜਾਂਦੇ ਹਨ, ਮੋਹ ਵਿਚੋਂ ਵੀ ਨਿਕਲਦੇ ਨਹੀਂ, ਦੇਹ ਅਧਿਆਸ ਵੀ ਕਿਸੇ ਤਰ੍ਹਾਂ ਨਹੀਂ ਟੁਟਿਆ ਹੁੰਦਾ। ਮੈਨੂੰ ਕਹਿਣਾ ਪੈਂਦਾ ਹੈ ਕਿ ਪਿਆਰਿਓ! ਤੁਸੀਂ ਇਕ ਰਸਮ ਪੂਰੀ ਕਰਦੇ ਓਂ, ਮੈਂ

ਤੁਹਾਨੂੰ ਇਹਦੇ ਬਾਰੇ ਕੀ ਕਹਾਂ। ਤੁਸੀਂ ਜੇ ਥੋੜ੍ਹਾ ਜਿਹਾ ਪਾਠ ਵੀ ਕਰ ਲਵੋ, ਕਮਾਈ ਕਰ ਲਓ ਤਾਂ ਓਦੋਂ ਹੀ ਸ਼ਾਂਤੀ ਆ ਜਾਂਦੀ ਹੈ ਜਿਵੇਂ ਕਿ ਤੁਸੀਂ ਪੜ੍ਹਦੇ ਹੋ –

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥*
*ਕਲਿ ਕਲੇਸ ਤਨ ਮਾਹਿ ਮਿਟਾਵਉ॥*
*ਪੰਨਾ – 262*

ਉਸ ਤੋਂ ਅੱਗੇ ਪ੍ਰਭੂ ਦੇ ਸਿਮਰਨ ਦੀਆਂ ਬਰਕਤਾਂ ਪੜ੍ਹਦੇ ਹੋਂ, ਫੇਰ ਕੀ ਵਜ੍ਹਾ ਹੈ ਤੁਸੀਂ ਸਿਮਰਨ ਕਿਉਂ ਨਹੀਂ ਕਰਦੇ? ਸਿਮਰਨ ਬਾਰੇ ਉਪਰ ਕਿੰਨਾ ਖੋਲ੍ਹ ਕੇ ਦਸਿਆ ਹੋਇਆ ਹੁਕਮ ਹੈ, ਪੰਜੇ ਕਿਸਮ ਦੇ ਕਲੇਸ਼ ਮਿਟ ਜਾਂਦੇ ਹਨ। ਉਹ ਕਹਿੰਦੇ ਹਨ ਕਿ ਅਸੀਂ ਤਾਂ ਜੀ ਪੜ੍ਹਦੇ ਹਾਂ, ਸਿਮਰਨ ਦਾ ਅਸਾਨੂੰ ਕੋਈ ਪਤਾ ਨਹੀਂ। ਮੈਨੂੰ ਕਹਿਣਾ ਪੈਂਦਾ ਹੈ ਕਿ ਇਕ ਗੱਲ ਦਾ ਮੈਨੂੰ ਜਵਾਬ ਦੇਵੋ ਕਿ ਕੋਈ ਆਦਮੀ ਬਿਮਾਰ ਹੋ ਗਿਆ। ਡਾਕਟਰ ਦੇ ਪਾਸ ਗਿਆ ਉਸਨੇ ਪੂਰੀ ਤਰ੍ਹਾਂ ਨਾਲ ਉਸਨੂੰ ਸਾਵਧਾਨੀ ਨਾਲ ਚੈਕ ਕੀਤਾ। ਉਸ ਨੇ ਦੇਖਿਆ ਕਿ ਇਹ ਤਾਂ ਕਈ ਬਿਮਾਰੀਆਂ ਦਾ ਰੋਗੀ ਹੈ। ਸਾਰੀਆਂ ਬਿਮਾਰੀਆਂ ਨੂੰ ਦੂਰ ਕਰਨ ਲਈ ਉਸ ਨੇ ਨੁਸਖੇ ਤੇ ਦਵਾਈਆਂ ਲਿਖ ਦਿਤੀਆਂ। ਮੈਨੂੰ ਕਹਿਣਾ ਪੈਂਦਾ ਹੈ ਕਿ ਪ੍ਰੇਮੀਆਂ! ਉਸ ਨੁਸਖੇ ਨੂੰ ਘਰ ਲੈ ਆਇਆ ਤੇ ਆ ਕੇ ਕੰਠ ਕਰ ਲਿਆ ਅਤੇ ਬਾਰ-ਬਾਰ ਪੜ੍ਹੀ ਜਾਂਦਾ ਹੈ, ਕੋਈ ਸੌ, ਦੋ ਸੌ ਵਾਰੀ ਪੜ੍ਹ ਲਿਆ। ਦੂਸਰੇ ਦਿਨ ਫੇਰ ਡਾਕਟਰ ਪਾਸ ਜਾਂਦਾ ਹੈ ਉਹਨੂੰ ਕਹਿੰਦਾ ਹੈ ਡਾਕਟਰ ਸਾਹਿਬ! ਮੈਨੂੰ ਤਾਂ ਕੋਈ ਫਰਕ ਨਹੀਂ ਪਿਆ? ਉਸ ਸੂਝਵਾਨ ਡਾਕਟਰ ਨੇ ਕਿਹਾ ਕਿ ਭਾਈ! ਤੂੰ ਦਵਾਈ ਕਿਹੜੀ-ਕਿਹੜੀ ਖਾਧੀ ਹੈ? ਜਿਵੇਂ ਮੈਂ ਸੰਜਮ ਨਾਲ ਲਿਖਿਆ ਸੀ ਦਵਾਈ ਖਾਧੀ ਹੈ? ਕਹਿੰਦਾ, "ਨਾ, ਡਾਕਟਰ ਜੀ ਮੈਂ ਦਵਾਈ ਨਹੀਂ ਖਾਧੀ, ਮੈਂ ਤਾਂ ਨੁਸਖਾ ਘੋਟ ਲਿਆ ਹੈ, ਜ਼ੁਬਾਨੀ ਯਾਦ ਕਰ ਲਿਆ ਹੈ, ਓਹੀ ਪੜ੍ਹਦਾ ਰਹਿੰਦਾ ਹਾਂ। ਡਾਕਟਰ ਉਸਦੀ ਅਕਲ ਨੂੰ ਵੇਖ ਕੇ ਕਹਿਣ ਲੱਗਿਆ ਕਿ ਪਿਆਰੇ! ਮੈਨੂੰ ਤਾਂ ਐਉਂ ਲਗਦਾ ਹੈ ਕਿ ਤੇਰੇ ਦਿਮਾਗ ਵਿਚ ਕੁਝ ਨੁਕਸ ਹੈ। ਨੁਸਖੇ ਪੜ੍ਹਨ ਵਾਸਤੇ ਤਾਂ ਨਹੀਂ ਹੋਇਆ ਕਰਦੇ ਨਾ। ਨੁਸਖੇ ਤਾਂ ਡਾਕਟਰ ਇਸ ਕਰਕੇ ਦਿੰਦੇ ਹਨ ਕਿ ਬਿਮਾਰ ਬੰਦਾ ਉਹ ਨੁਸਖਾ ਵਿਖਾ ਕੇ ਦਵਾਈ **chemist** ਦੀ ਦੁਕਾਨ ਤੋਂ ਖਰੀਦ ਲਿਆਵੇ ਅਤੇ ਜੋ ਸੰਜਮ ਨੁਸਖੇ ਉਪਰ ਲਿਖਿਆ ਹੈ ਉਸਦੇ ਮੁਤਾਬਿਕ ਦਵਾਈ ਖਾਵੇ ਤਾਂ ਹੀ ਕੋਈ ਬਿਮਾਰੀ ਦਾ ਇਲਾਜ ਹੋਵੇਗਾ। ਹੁਣ ਤੁਸੀਂ ਹੀ ਵਿਚਾਰੋ ਕਿ ਡਾਕਟਰ ਦੀ ਗੱਲ ਸਤਿ ਹੈ? ਸੋ ਸਾਧਸੰਗਤ ਜੀ! ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅੰਦਰ ਖਾਸ ਕਰਕੇ ਸੁਖਮਨੀ ਸਾਹਿਬ ਦੇ ਅੰਦਰ ਜਿਸ ਦੇ ਕਈ ਪ੍ਰੇਮੀ ਪੰਜ-ਪੰਜ ਪਾਠ ਕਰ ਜਾਂਦੇ ਹਨ, ਹਉਮੈ ਰੋਗ ਦਾ ਇਲਾਜ ਲਿਖਿਆ ਹੋਇਆ ਹੈ। ਸਾਰੇ ਰੋਗ ਹਉਮੈ ਵਿਚੋਂ ਪੈਦਾ ਹੁੰਦੇ ਹਨ ਇਸ ਕਰਕੇ ਸਾਰਿਆਂ ਰੋਗਾਂ ਦਾ ਇਕੋ ਇਲਾਜ ਲਿਖਿਆ ਹੋਇਆ ਹੈ –

*ਸਰਬ ਰੋਗ ਕਾ ਅਉਖਦੁ ਨਾਮੁ॥*
*ਕਲਿਆਣ ਰੂਪ ਮੰਗਲ ਗੁਣ ਗਾਮ॥*
*ਪੰਨਾ – 274*

ਇਹ ਰੋਗ ਤਾਂ ਹੀ ਮਿਟੇਗਾ ਜੇ ਅਸੀਂ ਸੰਜਮ ਨਾਲ ਹਉਮੈ ਰੋਗ ਦੀ ਦਵਾਈ ਦੀ ਵਰਤੋਂ ਕਰੀਏ ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਦਾ ਐਸਾ ਫੁਰਮਾਨ ਹੈ –

*ਹਉਮੈ ਦੀਰਘ ਰੋਗੁ ਹੈ*
*ਦਾਰੂ ਭੀ ਇਸੁ ਮਾਹਿ॥*
*ਕਿਰਪਾ ਕਰੇ ਜੇ ਆਪਣੀ ਤਾ*
*ਗੁਰ ਕਾ ਸਬਦੁ ਕਮਾਹਿ॥*
*ਨਾਨਕ ਕਹੈ ਸੁਣਹੁ ਜਨਹੁ*
*ਇਤੁ ਸੰਜਮਿ ਦੁਖ ਜਾਹਿ॥*
*ਪੰਨਾ – 466*

*ਗੁਰਮੁਖਿ ਹੋਵੈ ਸੁ ਗਿਆਨੁ*
*ਤਤੁ ਬੀਚਾਰੈ ਹਉਮੈ ਸਬਦਿ ਜਲਾਏ॥*
*ਤਨੁ ਮਨੁ ਨਿਰਮਲੁ ਨਿਰਮਲ ਬਾਣੀ*
*ਸਾਚੈ ਰਹੈ ਸਮਾਏ॥ ਪੰਨਾ – 946*

ਹਉਮੈ ਰੋਗ ਨਾਮ ਜਪਣ ਨਾਲ ਜਾਂਦਾ ਹੈ, ਪੜ੍ਹਨ ਨਾਲ ਨਹੀਂ ਜਾਂਦਾ। ਇਸ ਕਰਕੇ ਬਾਣੀ ਵਿਚਾਰ ਕੇ ਪੜ੍ਹ ਕੇ ਫੇਰ ਉਹਦੇ ਮੁਤਾਬਿਕ ਆਪਣਾ ਜੀਵਨ ਢਾਲ ਕੇ ਪ੍ਰਭੂ ਦਾ ਮਿਲਾਪ ਹੋ ਜਾਇਆ ਕਰਦਾ ਹੈ। ਪਿਆਰਿਆ! ਬਾਣੀ ਪੜ੍ਹੀ ਜਾਣੀ ਬਹੁਤਾ ਲਾਭ ਨਹੀਂ ਦਿੰਦੀ, ਬਾਣੀ ਕਮਾਉਣੀ ਪੈਂਦੀ ਹੈ। ਜਦੋਂ ਬਾਣੀ ਇਹ ਕਹਿੰਦੀ ਹੈ ਕਿ –

*ਸਾਸਿ ਸਾਸਿ ਸਿਮਰਉ ਗੋਬਿੰਦ॥*
*ਮਨ ਅੰਤਰ ਕੀ ਉਤਰੈ ਚਿੰਦ॥*
*ਪੰਨਾ – 295*

ਤਾਂ ਫੇਰ ਸਿਮਰਨ ਸ਼ੁਰੂ ਕਰ ਦੇਣਾ ਚਾਹੀਦਾ ਹੈ। ਸੋ ਇਸ ਤਰ੍ਹਾਂ ਨਾਲ ਬਹੁਤ ਬਚਨ ਆਉਂਦੇ ਹਨ। ਮਿਸਾਲ ਦੇ ਤੌਰ ਤੇ ਇਹ ਸੁਖ ਦੀ ਖੋਜ ਕਰਦਾ ਹੈ ਪਰ ਸੁਖ ਦਾ ਨੁਸਖਾ ਸੁਖਮਨੀ ਸਾਹਿਬ ਵਿਚ ਹੀ ਅੰਕਿਤ ਹੈ ਕਿ ਸੁਖ ਕਿਉਂ ਨਹੀਂ ਮਿਲਦਾ। ਫੁਰਮਾਨ ਹੈ –

*ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥*
*ਤਬ ਇਸ ਕਉ ਸੁਖੁ ਨਾਹੀ ਕੋਇ॥*
*ਪੰਨਾ – 278*

ਇਸ ਦਾ ਮਤਲਬ ਇਹ ਹੈ ਕਿ ਇਹ ਜੀਵ ਸੁਖ ਨਹੀਂ ਲੈਣਾ ਚਾਹੁੰਦਾ ਜੇ ਉਹ ਸੁਖ ਲੈਣਾ ਚਾਹੁੰਦਾ ਹੈ ਤਾਂ ਦੇਖੋ, ਆਪ ਉਪਰਲੇ ਬਚਨ ਵਿਚ ਸਾਫ ਦਸਦੇ ਹਨ। ਜਿਸ ਤਰ੍ਹਾਂ ਪਹਿਲਾਂ ਦਸਿਆ ਜਾ ਚੁੱਕਿਆ ਹੈ ਕਿ ਜਦੋਂ ਤਕ ਆਦਮੀ ਦੇ ਵਿਚ ਹਉਮੈ ਦਾ ਵਾਸਾ ਹੈ ਇਹ ਕਦੇ ਵੀ ਨਹੀਂ ਕਹਿ ਸਕਦਾ ਹੈ ਕਿ ਮੈਂ ਕੁਝ ਨਹੀਂ ਕਰਦਾ। ਇਹ ਬਚਨ ਤਾਂ ਓਹੀ ਕਹਿ ਸਕਦਾ ਹੈ ਜਿਸ ਨੇ ਆਤਮ ਸ਼ਾਖਸ਼ਾਤ ਕਰ ਲਈ ਤੇ ਇਹ ਜੋ ਕੁਝ ਵੀ ਹੋ ਰਿਹਾ ਹੈ ਪ੍ਰਭੂ ਦੇ ਹੁਕਮ ਵਿਚ ਹੋ ਰਿਹਾ ਹੈ। ਜੀਵ ਤਾਂ ਤੰਤੂ ਹਨ,

ਝੂਠੀ 'ਮੈਂ' ਧਾਰ ਕੇ ਫਸ ਰਹੇ ਹਨ। ਇਹ ਬਿਲਕੁਲ ਅੰਦਰੋਂ ਬਾਹਰੋਂ ਸੁਚੇਤ ਹੋ ਕੇ ਕਹਿਣਾ ਬਣਦਾ ਹੈ ਕਿ –

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥*
*ਪੰਨਾ – 277*

ਇਸ ਤਰ੍ਹਾਂ ਇਸ ਬਚਨ ਨੂੰ ਕਮਾਉਣ ਲਈ ਪਹਿਲਾਂ ਹਉਮੈ ਦੇ ਨਾਸ਼ ਦੀ ਲੋੜ ਹੈ। ਹਉਮੈ ਨਾਸ਼ ਨਹੀਂ ਹੁੰਦੀ ਜਿੰਨੀ ਦੇਰ ਤਕ ਆਪਾ ਚੀਨ ਕੇ ਭਰਮ ਦੀ ਕਾਈ ਨਹੀਂ ਮਿਟਦੀ, ਪੰਜਾਂ ਭਰਮਾਂ ਦੇ ਪਾਏ ਹੋਏ ਭੁਲੇਖੇ ਦੂਰ ਨਹੀਂ ਹੁੰਦੇ। ਉਹ ਦੂਰ ਕਰਨ ਨੂੰ ਕੇਵਲ ਨਾਮ ਹੀ ਸਮਰੱਥ ਹੈ। ਜਿਹੜੇ ਐਵੇਂ ਹੀ ਕਹਿ ਦਿੰਦੇ ਹਨ ਕਿ ਅਸੀਂ ਤਾਂ ਜੀ ਦਾਸ ਹਾਂ, ਮੈਂ ਤਾਂ ਕੁਛ ਨਹੀਂ ਹਾਂ, ਇਹ ਸਭ ਵਾਹਿਗੁਰੂ ਜੀ ਦੀ ਹੀ ਮਿਹਰ ਹੈ, ਉਹ ਆਪ ਹੀ ਸਭ ਕੁਛ ਕਰਾਉਂਦੇ ਹਨ, ਮੈਂ ਤਾਂ ਕੁਛ ਨਹੀਂ ਕਰਦਾ। ਕਹਿਣ ਵਾਸਤੇ ਤਾਂ ਇਹ ਬਹੁਤ ਹੀ ਸੋਹਣੇ ਸ਼ਬਦ ਹਨ ਪਰ ਦੇਖਣਾ ਇਹ ਪੈਂਦਾ ਹੈ ਕਿ ਸਚਮੁਚ ਹੀ ਜੋ ਕਹਿੰਦੇ ਹਨ ਸਤਿ ਹਨ ਜਾਂ ਆਪ ਹੀ ਇਕ ਸੁੰਦਰ ਭਾਸ਼ਾ ਵਿਚ ਗਲ ਕਰ ਰਹੇ ਹਨ? ਜੇ ਪਰਖਣਾ ਹੋਵੇ ਤਾਂ ਤੁਸੀਂ ਅਜਿਹੇ ਪੁਰਸ਼ ਦੇ ਕੀਤੇ ਕੰਮਾਂ ਦੀ ਨਿੰਦਿਆ ਕਰ ਦੇਵੋ ਕਿ ਇਹਨੂੰ ਇਹ ਕੰਮ ਕਰਨਾ ਨਹੀਂ ਸੀ ਚਾਹੀਦਾ। ਫੇਰ ਤੁਸੀਂ ਦੇਖੋ ਕਿ ਇਨ੍ਹਾਂ ਕੌੜੇ ਵਾਕਾਂ ਦਾ ਇਸ ਉਪਰ ਕੀ ਅਸਰ ਹੁੰਦਾ ਹੈ? ਜੇ ਤਾਂ ਉਸਦੀ ਭਾਵਨਾ ਇਹ ਹੋਈ ਕਿ ਨਿੰਦਿਆ ਵੀ ਹੁਕਮ ਵਿਚ ਹੀ ਹੋ ਰਹੀ ਹੈ ਤਾਂ ਤਾਂ ਉਹ ਨਿਰਲੇਪ ਰਹੇਗਾ। ਜੇ ਉਹ ਗੱਲਾਂ ਦਾ ਗਿਆਨੀ ਹੈ ਤਾਂ ਅਤਿ ਕ੍ਰੋਧਿਤ ਹੋ ਕੇ ਬੁਰੇ ਸ਼ਬਦ ਮੂੰਹ ਵਿਚੋਂ ਕੱਢੇਗਾ। ਆਮ ਬੰਦੇ ਤਾਂ ਇਹ ਕਹਿੰਦੇ ਥਕਦੇ ਨਹੀਂ ਕਿ ਮੈਂ ਆਹ ਸੇਵਾ ਵੀ ਕੀਤੀ ਹੈ, ਔਹ ਸੇਵਾ ਵੀ ਮੇਰੇ ਕਰਕੇ ਹੋਈ ਹੈ, ਮੇਰਾ ਕੀਤਾ ਹੋਇਆ ਇਨ੍ਹਾਂ ਨੇ ਗਿਣਿਆ ਨਹੀਂ, ਪ੍ਰਸੰਸਾ ਦੇ ਦੋ ਸ਼ਬਦ ਵੀ ਮੇਰੇ ਵਾਸਤੇ ਨਹੀਂ ਬੋਲੇ। ਕਿਸੇ ਨਾਲ ਵੀ ਗੱਲ ਛੇੜ ਲਵੋ, ਮਾਇਆ ਦੀਆਂ ਗੱਲਾਂ ਐਨੀਆਂ ਕਾਲੀਆਂ ਪੀਲੀਆਂ ਨੇ ਕਿ ਸੁਣਦੇ-ਸੁਣਦੇ ਮਨ ਔਖਾ ਹੋ ਜਾਂਦਾ ਹੈ। ਮੈਂ ਉਹਦਾ ਭਲਾ ਕਰਿਆ ਜੀ, ਮੈਂ ਗੁਰਦੁਆਰੇ ਦੀ ਐਨੀ ਸੇਵਾ ਕੀਤੀ, ਮੈਨੂੰ ਹੁਣ ਕੋਈ ਪੁਛਦਾ ਹੀ ਨਹੀਂ ਹੈ। ਸਾਧਸੰਗਤ ਜੀ! ਇਹ ਭਾਵ ਮਨ ਵਿਚੋਂ ਕੱਢਣੇ ਨੇ, ਨਹੀਂ ਤਾਂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸੁਖ ਨਹੀਂ ਮਿਲਣਾ ਤੈਨੂੰ। ਇਹ ਤਾਂ ਗੁਰੂ ਮਹਾਰਾਜ ਜੀ ਦੀ ਬੜੀ ਭਾਰੀ ਮਿਹਰਬਾਨੀ ਹੈ ਕਿ ਮੇਰੇ ਵਰਗੇ ਭੁੱਲੜ ਬੰਦੇ ਦੇ ਸਰੀਰ ਤੋਂ ਆਪ ਹੀ ਕੰਮ ਲਈ ਜਾਂਦੇ ਨੇ। ਸੋ ਸੁਖਮਨੀ ਸਾਹਿਬ ਪੜ੍ਹਦੇ-ਪੜ੍ਹਦੇ ਜਦੋਂ ਇਹ ਪੜ੍ਹੇਗਾ ਕਿ–

*ਜਬ ਇਹ ਜਾਨੈ ਮੈ ਕਿਛੁ ਕਰਤਾ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ॥*
*ਪੰਨਾ – 278*

ਫੇਰ ਪੱਕੀ ਤਰ੍ਹਾਂ ਸਮਝ ਲਓ ਕਿ ਜੰਮਣਾ ਮਰਨਾ ਨਹੀਂ ਮਿਟਣਾ। ਇਹ ਵੀ ਪਤਾ ਨਹੀਂ ਕਿ ਇਹ ਕਰਮਾਂ ਦਾ ਫਲ ਕਿਹੜੇ-ਕਿਹੜੇ ਜਨਮਾਂ ਵਿਚ ਭੋਗਣਾ ਪੈਣਾ ਹੈ –

*ਕਈ ਜਨਮ ਭਏ ਕੀਟ ਪਤੰਗਾ।।*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਪੰਨਾ – 176*

ਫੇਰ ਕੀ ਪਤਾ ਅਸਾਡੇ ਕਿਰਤ ਤੇ ਕਰਮ ਅਸਾਨੂੰ ਕਿਸ ਜੂਨ ਵਿਚ ਭੇਜ ਦੇਣ। ਇਸ ਤਰ੍ਹਾਂ ਨਾਲ ਜਦੋਂ ਤਕ –

*ਜਬ ਧਾਰੈ ਕੋਊ ਬੈਰੀ ਮੀਤ॥*
*ਤਬ ਲਗ ਨਿਹਚਲ ਨਾਹੀ ਚੀਤ॥*
*ਪੰਨਾ – 278*

ਜਦੋਂ ਆਪਣਾ ਤੇ ਬੇਗਾਨਾ ਧਾਰੇਗਾ; ਹੁੰਦਾ ਹੀ ਐਸ ਤਰ੍ਹਾਂ ਹੈ, ਸਾਰੀ ਦੁਨੀਆਂ ਧਾਰਦੀ ਹੀ ਹੈ ਕਿ ਇਹ ਮੇਰਾ ਵੈਰੀ ਹੈ, ਇਹ ਦੋਖੀ ਹੈ, ਨਿੰਦਿਆ ਕਰਦਾ ਹੈ, ਵਿਰੋਧਤਾ ਕਰਦਾ ਹੈ। ਮਨ ਵਿਚ ਅਜਿਹੇ ਬੰਦੇ ਨੂੰ ਵੈਰੀ ਗਿਣਦਾ ਹੈ ਫੇਰ ਚਿਤ ਕਿਥੋਂ ਨਿਸ਼ਚਲ ਹੋ ਜਾਵੇਗਾ? ਦੁਨੀਆਂਦਾਰ ਤਾਂ ਇਨ੍ਹਾਂ ਗੱਲਾਂ ਵਿਚ ਡੁਬੇ ਹੀ ਰਹਿੰਦੇ ਹਨ। ਦੇਖਿਆ ਇਹ ਗਿਆ ਹੈ ਕਿ ਸੰਤਾਂ ਦੇ ਭੇਖ ਵਿਚ ਆਏ ਕਈ ਸੰਤ ਭੀ ਇਹ ਕਹਿੰਦੇ ਰਹਿੰਦੇ ਹਨ ਕਿ ਉਹ ਮੇਰਾ ਵੈਰੀ ਹੈ, ਉਹ ਮਿਤਰ ਹੈ ਪਰ ਜੋ ਸੱਚੇ ਸਾਧੂ ਹਨ ਉਹ ਸੰਸਾਰ ਨੂੰ ਸਮਝਾਉਂਦੇ ਹਨ –

*ਵਵਾ ਵੈਰੁ ਨ ਕਰੀਐ ਕਾਹੂ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ॥*
*ਪੰਨਾ – 259*

ਮੰਨ ਲਓ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ। ਮਹਾਰਾਜ ਜੀ ਨੂੰ ਕਹੋ ਕਿ ਸੱਚੇ ਪਾਤਸ਼ਾਹ! ਮੈਂ ਨਹੀਂ ਅੱਜ ਤੋਂ ਕਿਸੇ ਨਾਲ ਵੈਰ ਕਰਦਾ ਕਿਉਂਕਿ ਤੇਰਾ ਫੁਰਮਾਨ ਹੈ। ਇਸੇ ਤਰ੍ਹਾਂ ਨਾਲ ਬਾਣੀ ਸਮਝਾਉਂਦੀ ਹੈ –

*ਫਰੀਦਾ ਬੁਰੇ ਦਾ ਭਲਾ ਕਰਿ*
*ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ*
*ਸਭੁ ਕਿਛੁ ਪਾਇ॥ ਪੰਨਾ – 1381*

ਦੋਵੇਂ ਗੱਲਾਂ ਮੰਨ ਲਓ – ਬੁਰੇ ਦਾ ਭਲਾ ਵੀ ਕਰੋ ਤੇ ਗੁੱਸਾ ਵੀ ਮਨ ਵਿਚ ਨਾ ਹੰਢਾਓ। ਇਹ ਤਾਂ ਬਚਨ ਗੁਰੂ ਮਹਾਰਾਜ ਜੀ ਦੇ ਹਨ ਨਾ। ਅਸੀਂ ਆਪਣੀ ਅਕਲ ਦੇ ਸਿੱਖ ਹਾਂ, ਅਸੀਂ ਕਹਿੰਦੇ ਹਾਂ ਕਿ ਫਲਾਣੀ ਕੌਮ ਨੇ ਅਸਾਡੇ ਨਾਲ ਬੁਰਾ ਕਰਿਆ, ਫਲਾਣੀ ਪਾਰਟੀ ਨੇ ਸਾਡੇ ਨਾਲ ਬੁਰਾ ਕਰਿਆ, ਫਲਾਣੇ ਅਫਸਰ ਨੇ ਮੇਰੇ ਨਾਲ ਬੁਰਾ ਕਰਿਆ। ਅਸੀਂ ਤਾਂ ਹਟ ਨਹੀਂ ਸਕਦੇ ਇਹ ਗੱਲ ਕਹਿਣ ਤੋਂ, ਕਿਉਂਕਿ ਉਹ ਸਚਮੁਚ ਹੀ ਬੁਰਾ

ਕਰਦੇ ਹਨ। ਪਰ ਸਤਿਗੁਰੂ ਜੀ! ਤੂੰ ਤਾਂ ਕਹਿੰਦਾ ਹੈਂ ਕਿ ਬੁਰੇ ਦਾ ਭਲਾ ਕਰੋ। ਜੇ ਮੈਂ ਭਲਾ ਕਰਨ ਲਗਿਆ ਤਾਂ ਮੈਂ ਸਾਰੇ ਸੰਸਾਰ ਵਿਚ ਇਕੱਲਾ ਹੀ ਹੋਇਆ ਨਾ, ਕਿਉਂਕਿ ਸਾਰੀ ਦੁਨੀਆਂ ਬੁਰੇ ਨਾਲ ਇਹ ਵਰਤਾਓ ਕਰਦੀ ਹੈ ਕਿ ਜੇ ਕਿਸੇ ਨੇ ਇੱਟ ਮਾਰੀ ਹੈ ਤਾਂ ਪੱਥਰ ਤਾਂ ਜ਼ਰੂਰ ਮਾਰ ਕੇ ਜਵਾਬ ਦਿੰਦੀ ਹੈ ਤਾਂ ਕਿ ਉਹਨੂੰ ਸੁਰਤ ਆ ਜਾਵੇ। ਹੁਣ ਅਸੀਂ ਤੇਰੀ ਬਾਣੀ ਕਿਵੇਂ ਮੰਨੀਏ? ਭਲਾ ਕਰਨਾ ਤਾਂ ਇਕ ਪਾਸੇ ਰਿਹਾ, ਜੇ ਅਸੀਂ ਬੁਰੇ ਦਾ ਬੁਰਾ ਨਾ ਵੀ ਕਰੀਏ, ਤਾਂ ਵੀ ਕੁਝ ਨਾ ਕੁਝ ਗੱਲ ਹੋ ਸਕਦੀ ਹੈ। ਸੋ ਸਾਧਸੰਗਤ ਜੀ! ਅਸੀਂ ਆਪਣੇ ਮਨ ਦੇ ਸਿੱਖ ਹਾਂ, ਗੁਰੂ ਦੇ ਨਹੀਂ। ਇਸ ਕਰਕੇ ਸਾਨੂੰ ਮਨਮੁਖ ਹੋਣ ਦੇ ਨਾਤੇ ਦੁਖਾਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਜਿਵੇਂ ਕਿ –

*ਮਨਮੁਖੁ ਦੁਖ ਕਾ ਖੇਤੁ ਹੈ*
*ਦੁਖੁ ਬੀਜੇ ਦੁਖੁ ਖਾਇ॥*
*ਦੁਖ ਵਿਚਿ ਜੰਮੈ ਦੁਖਿ ਮਰੈ*
*ਹਉਮੈ ਕਰਤ ਵਿਹਾਇ॥ ਪੰਨਾ – 947*
*ਮਨਮੁਖਿ ਆਵੈ ਮਨਮੁਖਿ ਜਾਵੈ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ*
*ਗੁਰਮੁਖਿ ਲੇਪੁ ਨ ਮਾਸਾ ਹੇ॥*
*ਪੰਨਾ – 1073*

ਸੋ ਸਾਧਸੰਗਤ ਜੀ! ਜੋ ਮੈਂ ਬੇਨਤੀਆਂ ਕੀਤੀਆਂ ਹਨ ਇਹਦੀ ਵਿਚਾਰ ਕਰੋ। ਅਸੀਂ ਹਰ ਰੋਜ਼ ਕਹਿੰਦੇ ਹਾਂ –

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣਾ ਸਰਬੱਤ ਕਾ ਭਲਾ।*

ਪਰ ਅਸਾਡਾ ਜੋ ਵਰਤ ਵਿਹਾਰ ਹੈ ਉਹ ਇਸ ਸਿਧਾਂਤ ਤੋਂ ਬਿਲਕੁਲ ਹੀ ਵਿਪਰੀਤ ਹੈ। ਜਿਹੜੇ ਬੰਦੇ ਸਾਨੂੰ ਦੁਖ ਦਿੰਦੇ ਹਨ, ਅਸਾਡੀ ਤਰੱਕੀ ਦੀ ਰਾਹ ਤੇ ਰੁਕਾਵਟਾਂ ਪਾਉਂਦੇ ਹਨ, ਹੇ ਗੁਰੂ ਮਹਾਰਾਜ! ਤੇਰੇ ਹਜ਼ੂਰ ਕਿਵੇਂ ਕਹਿ ਦੇਈਏ ਕਿ 'ਤੇਰੇ ਭਾਣੇ ਸਰਬੱਤ ਕਾ ਭਲਾ।' ਹੇ ਪਾਤਸ਼ਾਹ! ਤੇਰੇ ਬਚਨ ਬਹੁਤ ਕਰੜੇ ਹਨ। ਅਸੀਂ ਗੁਰੂ ਤਾਂ ਤੈਨੂੰ ਮੰਨ ਲਿਆ ਹੈ, ਮੱਥੇ ਵੀ ਟੇਕਦੇ ਹਾਂ, ਅੰਮ੍ਰਿਤ ਵੀ ਛਕ ਲੈਂਦੇ ਹਾਂ, ਬਾਣੀ ਵੀ ਪੜ੍ਹਦੇ ਹਾਂ ਪਰ ਮੰਨਣ ਦੀ ਗੱਲ ਨਾ ਆਖੋ, ਕਰ ਲੈਣ ਦਿਓ ਸਾਨੂੰ ਆਪਣੀ ਮਰਜ਼ੀ। ਸਾਧਸੰਗਤ ਜੀ! ਆਪ ਹੀ ਵਿਚਾਰੋ ਫੇਰ ਅਸੀਂ ਗੁਰੂ ਨਾਲ ਪਿਆਰ ਕਿਵੇਂ ਕਰਾਂਗੇ ਜਦੋਂ ਅਸੀਂ ਉਸਦੀ ਗੱਲ ਹੀ ਮੰਨਣ ਨੂੰ ਤਿਆਰ ਨਹੀਂ ਹਾਂ?

ਕਲ੍ਹ ਪਰਸੋਂ ਮੈਂ ਅਖਬਾਰ ਵਿਚ ਪੜ੍ਹਿਆ ਕਿ ਗੁਰਦੁਆਰੇ ਵਿਚ ਚੋਣਾਂ ਹੋਣੀਆਂ ਸੀ, ਦੋਵੇਂ ਧਿਰਾਂ ਆਪਸ ਵਿਚ ਲੜ ਪਈਆਂ। ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਦਸਤਾਰਾਂ ਲਾਹ ਦਿਤੀਆਂ ਇਕ ਦੂਜੇ ਦੀਆਂ, ਲਾਊਡ ਸਪੀਕਰ ਚੁਕ ਕੇ ਇਕ ਦੂਸਰੇ ਦੇ ਮਾਰੇ। ਪੁਲਿਸ ਨੇ ਆ ਕੇ ਮਸਾਂ ਕਾਬੂ ਪਾਇਆ। ਫੇਰ ਕਹਿੰਦੇ ਕੀ ਹਨ? ਇਹ ਸੁਣੋ। ਕਹਿੰਦੇ ਹਨ ਕਿ ਪੁਲਿਸ ਜੁੱਤੀਆਂ ਸਣੇ ਗੁਰਦੁਆਰੇ ਵਿਚ ਆ ਗਈ, ਬੇਅਦਬੀ ਕਰ ਦਿਤੀ। ਪਿਆਰਿਓ! ਬੇਅਦਬੀ ਤਾਂ ਤੁਸੀਂ ਕੀਤੀ ਹੈ ਜਿਨ੍ਹਾਂ ਨੇ ਇਕ ਦੂਜੇ ਨੂੰ ਗਾਲ੍ਹਾਂ ਕੱਢੀਆਂ, ਦਸਤਾਰਾਂ ਲਾਹ ਦਿਤੀਆਂ, ਤਲਵਾਰਾਂ ਚਲਾਈਆਂ; ਪੁਲਿਸ ਨੇ ਤਾਂ ਤੁਹਾਨੂੰ ਬਚਾਇਆ ਹੈ। ਇਹ ਹਾਲ ਹੈ ਅਸਾਡੀ ਸਿੱਖੀ ਦਾ, ਸਿੱਖ ਅਸੀਂ ਪੂਰੇ ਹਾਂ। ਕੀ ਹੋ ਗਿਆ ਇਨ੍ਹਾਂ ਸਿੱਖਾਂ ਨੂੰ, ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਪੋਥੀ ਤੋਂ ਵੱਧ ਨਹੀਂ ਸਮਝਦੇ। ਜੇ ਕੋਈ ਕਹਿ ਦੇਵੇ ਕਿ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਨਹੀਂ ਤਾਂ ਲੜਨ ਮਰਨ ਨੂੰ ਤਿਆਰ ਹੋ ਜਾਂਦੇ ਹਨ। ਇਹ ਹੈ ਅਸਾਡਾ ਹਾਲ, ਇਹ ਹੈ ਸਾਡੀ ਰੂਹਾਨੀਅਤ। ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਜਬ ਧਾਰੈ ਕੋਊ ਬੈਰੀ ਮੀਤ॥*
*ਤਬ ਲਗੁ ਨਿਹਚਲ ਨਾਹੀ ਚੀਤ॥*
*ਪੰਨਾ – 278*

ਨਿਸ਼ਚਲ ਚਿਤ ਨਹੀਂ ਹੁੰਦਾ, ਅਸਥਿਰ ਬੁੱਧੀ ਦੀ ਪ੍ਰਾਪਤੀ ਨਹੀਂ ਹੁੰਦੀ; ਜਿਸਨੂੰ ਇਹ ਪ੍ਰਾਪਤ ਹੋ ਜਾਂਦੀ ਹੈ ਉਸ ਦੀਆਂ ਨਿਸ਼ਾਨੀਆਂ ਬਾਣੀ ਵਿਚ ਲਿਖੀਆਂ ਹੋਈਆਂ ਹਨ –

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੇ*
*ਕੰਚਨ ਮਾਟੀ ਮਾਨੈ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ*
*ਲੋਭੁ ਮੋਹੁ ਅਭਿਮਾਨਾ॥*
*ਹਰਖ ਸੋਗ ਤੇ ਰਹੈ ਨਿਆਰਉ*
*ਨਾਹਿ ਮਾਨ ਅਪਮਾਨਾ॥*
*ਆਸਾ ਮਨਸਾ ਸਗਲ ਤਿਆਗੈ*
*ਜਗ ਤੇ ਰਹੈ ਨਿਰਾਸਾ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ*
*ਤਿਹ ਘਟਿ ਬ੍ਰਹਮੁ ਨਿਵਾਸਾ॥*
*ਪੰਨਾ – 275*

ਜਿਸ ਦੀ ਇਹ ਅਵਸਥਾ ਹੋ ਗਈ, ਉਸਨੂੰ ਸਮਤਾ ਵਾਲੀ ਬਿਰਤੀ ਪ੍ਰਾਪਤ ਹੋ ਗਈ, ਉਸਨੂੰ ਹਰਖ ਤੇ ਸੋਗ ਇਕੋ ਜਿਹਾ ਪ੍ਰਤੀਤ ਹੋਣ ਲਗ ਗਿਆ –

*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਪੰਨਾ – 275*

ਇਸ ਅਵਸਥਾ ਤੇ, ਜਿਸਨੂੰ ਨਿਸ਼ਚਲ ਚਿਤ ਦੀ ਅਵਸਥਾ ਕਹਿੰਦੇ ਹਨ, ਪਹੁੰਚਣ ਲਈ ਗੁਰਬਾਣੀ ਵਿਚ ਦੱਸੀਆਂ ਹੋਈਆਂ ਰਹਿਤਾਂ ਰਖਣੀਆਂ ਪੈਂਦੀਆਂ ਹਨ। ਗੁਰਬਾਣੀ ਦੇ ਦਸੇ ਹੋਏ ਉਪਦੇਸ਼ਾਂ ਦੇ ਮੁਤਾਬਿਕ ਮੁਸ਼ੱਕਤਾਂ ਘਾਲਣੀਆਂ ਪੈਂਦੀਆਂ ਹਨ। ਹਠ ਨਾਲ ਨਿਸ਼ਚਲ ਚਿਤ ਦੀ ਪ੍ਰਾਪਤੀ ਨਹੀਂ ਹੁੰਦੀ। ਜਿੰਨੀ ਦੇਰ ਤੱਕ ਵੈਰੀ ਵੀ ਲਗਦੇ ਹਨ, ਮਿਤਰ ਵੀ ਲਗਦੇ ਹਨ, ਆਪਣੇ ਵੀ

ਲਗਦੇ ਹਨ, ਬੇਗਾਨੇ ਵੀ ਲਗਦੇ ਹਨ ਓਨਾਂ ਚਿਰ ਇਸਨੂੰ ਪ੍ਰਾਪਤੀ ਨਹੀਂ ਹੋਣੀ। ਜਦੋਂ ਨਿਸ਼ਚਲ ਚਿਤ ਦੀ ਪ੍ਰਾਪਤੀ ਹੋ ਗਈ, ਇਹਦੇ ਅੰਦਰੋਂ ਝਰਨ੍ਹਾਟਾਂ ਦਿੰਦੀ ਅਵਾਜ਼ ਨਿਕਲੇਗੀ -

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਕਾ ਭਲਾ॥*

ਵਾਹਿਗੁਰੂ ਜੀ! ਭਲਾ ਕਰ ਸਾਰਿਆਂ ਦਾ, ਸਾਰਿਆਂ ਦਾ ਭਲਾ ਕਰ - ਜਿਹੜੇ ਮੈਨੂੰ ਇੱਟਾਂ, ਵੱਟੇ ਮਾਰਦੇ ਨੇ, ਉਨ੍ਹਾਂ ਦਾ ਵੀ ਭਲਾ, ਉਨ੍ਹਾਂ ਦੀ ਬੁੱਧੀ ਠੀਕ ਕਰ, ਉਹ ਭੁੱਲੇ ਹੋਏ ਬੰਦੇ ਨੇ।

ਇਥੇ ਇਕ ਮੈਂ ਕਥਾ ਆਪ ਨੂੰ ਸੁਣਾਉਂਦਾ ਹਾਂ ਕਿ ਇਕ ਬਹੁਤ ਵੱਡੇ ਸੰਤ, ਇਸਲਾਮ ਨਾਲ ਸਬੰਧ ਰੱਖਣ ਵਾਲੇ ਬਗਦਾਦ ਵਿਚ ਹੋਏ ਹਨ ਜਿਨ੍ਹਾਂ ਦਾ ਨਾਮ ਮਨਸੂਰ ਸੀ। ਜਦੋਂ ਉਨ੍ਹਾਂ ਨੂੰ ਗਿਆਨ ਦਾ ਪੂਰਾ ਝਲਕਾਰਾ ਵਜਿਆ, ਦ੍ਵੈਤ ਦਾ ਨਾਸ਼ ਹੋ ਗਿਆ ਤਾਂ ਉਨ੍ਹਾਂ ਨੇ ਸਤਿ ਦੀ ਪਛਾਣ ਕਰਕੇ 'ਅਨਹਲ ਹਕ ਬਗੋ' ਇਹ ਕਹਿਣਾ ਸ਼ੁਰੂ ਕਰ ਦਿਤਾ ਕਿ ਇਥੇ ਵਾਹਿਗੁਰੂ ਤੋਂ ਬਗੈਰ ਹੋਰ ਕੋਈ ਨਹੀਂ ਹੈ। ਇਸ ਬਚਨ ਨੂੰ ਕੱਟੜਾਂ ਨੇ ਸੁਣ ਕੇ ਬਹੁਤ ਬੁਰਾ ਮਨਾਇਆ। ਉਸ ਸੰਤ ਦੀ ਰਾਜ ਦਰਬਾਰ ਵਿਚ ਪੇਸ਼ੀ ਹੋਈ ਅਤੇ ਹੁਕਮ ਇਹ ਲਗਿਆ ਕਿ ਇਸਨੂੰ ਸੂਲੀ ਉਪਰ ਚਾੜ੍ਹ ਦੇਵੋ ਤੇ ਇਸਦੇ ਹੱਥ ਪੈਰ ਕੱਟ ਦੇਵੋ। ਉਸ ਸੰਤ ਦੇ ਜਦੋਂ ਪੈਰ ਕੱਟ ਦਿਤੇ ਗਏ, ਸੂਲੀ ਉਪਰ ਟੰਗਣ ਲਈ ਤਿਆਰ ਕਰ ਲਿਆ, ਉਸਨੇ ਕਿਹਾ ਮੇਰੇ ਹੱਥ ਨਾ ਕੱਟੋ, ਮੈਨੂੰ ਦੁਆ ਕਰ ਲੈਣ ਦਿਓ। ਉਸ ਨੇ ਦੋਵੇਂ ਹੱਥ ਇਕੱਠੇ ਕਰਕੇ ਦੁਆ ਕੀਤੀ ਅਤੇ ਕਿਹਾ, "ਹੇ ਅੱਲਾਹ ਤਾਲਾ! ਇਹ ਤੇਰੇ ਬੰਦੇ ਸੱਚ ਦੀ ਪਛਾਣ ਨਹੀਂ ਕਰ ਸਕਦੇ, ਇਹ ਭੁੱਲੇ ਹੋਏ ਹਨ, ਤੂੰ ਇਨ੍ਹਾਂ ਸਾਰਿਆਂ ਦਾ ਭਲਾ ਕਰੀਂ। ਫਿਰ ਆਪਣੇ ਮੁਰੀਦ ਨੂੰ ਕਹਿਣ ਲੱਗੇ ਕਿ ਐ ਮੁਰੀਦ! ਜਦੋਂ ਮੇਰੇ ਸਰੀਰ ਵਿਚੋਂ ਰੂਹ ਨਿਕਲ ਜਾਵੇਗੀ ਤਾਂ ਇਨ੍ਹਾਂ ਨੇ ਮੇਰੇ ਸਰੀਰ ਨੂੰ ਕਬਰ ਵਿਚ ਨਹੀਂ ਦਬਾਉਣਾ, ਉਸਦੀ ਥਾਂ ਇਨ੍ਹਾਂ ਨੇ ਮੈਨੂੰ ਅੱਗ ਵਿਚ ਜਾਲਣਾ ਹੈ, ਮੇਰੀ ਰਾਖ ਇਨ੍ਹਾਂ ਨੇ ਬਗਦਾਦ ਦੇ ਨਾਲ ਚਲਦੇ ਦਰਿਆ ਵਿਚ ਸੁਟ ਦੇਣੀ ਹੈ। ਦਰਿਆਵਾਂ ਦੇ ਫਰਿਸ਼ਤੇ ਖਵਾਜਾ ਖਿਜਰ ਨੇ ਇਨ੍ਹਾਂ ਦੀਆਂ ਕਰਤੂਤਾਂ ਦੇਖ ਕੇ ਨਰਾਜ਼ ਹੋ ਜਾਣਾ ਹੈ ਅਤੇ ਦਰਿਆ ਨੇ ਐਡਾ ਉਚਾ ਉਛਾਲਾ ਮਾਰਨਾ ਹੈ ਕਿ ਸਾਰੇ ਬਗਦਾਦ ਦੇ ਘਰ ਢਾਹ ਦੇਵੇਗਾ। ਉਨ੍ਹਾਂ ਲੋਕਾਂ ਦਾ ਕੋਈ ਕਸੂਰ ਨਹੀਂ ਹੈ। ਤੂੰ ਇਸ ਤਰ੍ਹਾਂ ਕਰੀਂ, ਮੇਰੀ ਗੋਦੜੀ ਚੁੱਕ ਕੇ ਦਰਿਆ ਨੂੰ ਵਿਖਾ ਦੇਵੀਂ ਅਤੇ ਖਵਾਜ਼ਾ ਖਿਜਰ ਜੀ ਸ਼ਾਂਤ ਹੋ ਜਾਣਗੇ ਤੇ ਇਹ ਸਾਰਾ ਸ਼ਹਿਰ ਸੰਤਾਪ ਦਾ ਫਲ ਭੋਗਣ ਤੋਂ ਬਚ ਜਾਵੇਗਾ।" ਇਹ ਹੋਇਆ ਕਰਦੇ ਹਨ ਦਰਵੇਸ਼ ਤੇ ਉਨ੍ਹਾਂ ਦੇ ਖਿਆਲ। ਸਿਰਫ ਏਸੇ ਪੱਧਰ ਦੇ ਦਰਵੇਸ਼ ਧੁਰ ਹਿਰਦੇ ਤੋਂ ਕਹਿ ਸਕਦੇ ਹਨ ਕਿ -

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਕਾ ਭਲਾ।*

ਇਹ ਸੰਸਾਰ ਦਾ ਬੁਰਾ ਨਹੀਂ ਮੰਗਦੇ ਤੇ ਸਚਮੁਚ ਬੁਰਿਆਂ ਦਾ ਭਲਾ ਕਰਦੇ ਹਨ। ਸੋ ਇਸ ਵਾਸਤੇ ਸਾਧਸੰਗਤ ਜੀ ਬੇਨਤੀ ਕਰਦੇ ਹਾਂ ਕਿ -

*ਗਾਵਿਆ ਸੁਣਿਆ*
*ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ॥*
*ਪੰਨਾ - 669*

ਕਈ ਵਾਰੀ ਮੈਂ ਆਪ ਦੇ ਚਰਨਾਂ ਵਿਚ ਬੇਨਤੀ ਕੀਤੀ ਹੈ ਕਿ ਭਾਈ ਕੀਰਤੀਏ ਦਾ ਪਿਤਾ ਇਸ ਕਰਕੇ ਰਿੱਛ ਦੀ ਜੂਨੀ ਵਿਚ ਗਿਆ ਕਿ ਉਸਨੇ ਇਕ ਗੁਰਸਿੱਖ ਨੂੰ ਬਹੁਤ ਹੀ ਫਿਕੇ ਬੋਲ ਬੋਲੇ ਸਨ ਜਿਸ ਦੇ ਫਲਸਰੂਪ ਇਸ ਸਿੱਖ ਨੂੰ, ਜੋ ਗੁਰੂ ਨੌਵੇਂ ਪਾਤਸ਼ਾਹ ਜੀ ਦਾ ਚੌਰ ਬਰਦਾਰ ਸੀ, ਰਿੱਛ ਦੀ ਜੂਨੀ ਵਿਚ ਜਾਣਾ ਪਿਆ ਜਿਸਨੂੰ ਗੁਰੂ ਦਸ਼ਮੇਸ਼ ਪਿਤਾ ਜੀ ਨੇ ਰਿੱਛ ਦੀ ਜੂਨੀ 'ਚੋਂ ਕੱਢ ਕੇ ਆਪਣੇ ਲੋਕ ਵਿਚ ਭੇਜਿਆ। ਇਹ ਕਿਉਂ ਹੋਇਆ, ਕਿਉਂਕਿ ਉਸਨੇ ਗੁਰੂ ਦੇ ਬਚਨ -

*ਨਾਨਕ ਫਿਕੈ ਬੋਲਿਐ*
*ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥*
*ਫਿਕਾ ਦਰਗਹ ਸਟੀਐ*
*ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ*
*ਪਾਣਾ ਲਹੈ ਸਜਾਇ॥ ਪੰਨਾ - 473*

ਨੂੰ ਅੰਦਰੋਂ ਨਹੀਂ ਮੰਨਿਆ ਸੀ। ਗੁਰੂ ਦੀ ਬਾਣੀ ਕਮਾ ਕੇ ਜਿਸ ਤਰ੍ਹਾਂ ਨਾਲ ਕਿ ਗੁਰੂ ਮਹਾਰਾਜ ਜੀ ਦਾ ਉਪਦੇਸ਼ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਪੰਨਾ - 306*

ਗੁਰਸਿੱਖ ਬਾਣੀ ਦੀ ਕਮਾਈ ਕਰਦਿਆਂ ਹੋਇਆਂ ਅਭੇਦ ਅਵਸਥਾ ਵਿਚ ਆਪਣਾ ਆਪਾ ਗੁਰੂ ਵਿਚ ਲੀਨ ਕਰ ਦਿੰਦਾ ਹੈ ਜਾਂ ਐਉਂ ਸਮਝੋ ਵਾਹਿਗੁਰੂ ਦਾ ਰੂਪ ਹੀ ਹੋ ਜਾਂਦਾ ਹੈ, ਉਸਦੀ ਰਸਨਾ ਉਪਰ ਵਾਹਿਗੁਰੂ ਜੀ ਹੀ ਬੋਲਦੇ ਹਨ। ਜੋ ਵੀ ਉਹ ਬਚਨ ਕਰਦਾ ਹੈ ਉਹ ਪੂਰਾ ਹੋ ਜਾਇਆ ਕਰਦਾ ਹੈ। ਇਕ ਗੁਰਸਿੱਖ ਦਾ ਜ਼ਿਕਰ

ਇਤਿਹਾਸ ਵਿਚ ਆਉਂਦਾ ਹੈ ਜਿਨ੍ਹਾਂ ਦਾ ਨਾਮ ਭਾਈ ਗੋਦੜੀਆ ਸੀ, ਉਹ ਭਾਈ ਗਉਰੇ ਦੇ ਪਾਸ ਘੋੜਿਆਂ ਲਈ ਦਾਣਾ ਪੀਸਿਆ ਕਰਦੇ ਸਨ ਅਤੇ ਸੁਆਸ-ਸੁਆਸ ਵਾਹਿਗੁਰੂ ਜੀ ਦਾ ਨਾਮ ਜਪਦੇ, ਸਦਾ ਹੀ ਵਾਹਿਗੁਰੂ ਜੀ ਵਿਚ ਆਪਣੀ ਬਿਰਤੀ ਲੀਨ ਰਖਦੇ ਸਨ। ਭਾਈ ਗਉਰੇ ਦੇ ਨੌਕਰ ਤੋਂ ਕੋਈ ਕੰਮ ਵਿਗੜ ਗਿਆ, ਭਾਈ ਗਉਰੇ ਨੇ ਉਸ ਨੂੰ ਬੁਲਾਇਆ ਤੇ ਹੰਟਰ ਮਾਰਨੇ ਸ਼ੁਰੂ ਕਰ ਦਿਤੇ। ਜਦੋਂ ਭਾਈ ਗੋਦੜੀਆ ਜੀ ਨੇ ਉਸ ਦਾ ਰੋਣਾ-ਕੁਰਲਾਣਾ ਸੁਣਿਆ ਤਾਂ ਮਨ ਦ੍ਰਵ ਗਿਆ ਤਾਂ ਉਨ੍ਹਾਂ ਨੇ ਉਚੀ ਅਵਾਜ਼ ਵਿਚ ਕਿਹਾ, "ਓ ਭਾਈ ਗਉਰੇ! ਓ ਭਾਈ ਗਉਰੇ! ਤੂੰ ਇਸਨੂੰ ਕਿਉਂ ਮਾਰਦਾ ਹੈਂ, ਇਸਨੂੰ ਨਾ ਮਾਰ।" ਭਾਈ ਗਉਰਾ ਜੋ ਕ੍ਰੋਧ ਵਿਚ ਆਇਆ ਹੋਇਆ ਸੀ, ਨੇ ਕਿਹਾ, ਕਿ ਬਾਬਾ! ਤੂੰ ਆਪਣੀ ਚੱਕੀ ਪੀਹੀ ਜਾਹ, ਤੈਨੂੰ ਰਾਜ ਦੇ ਕੰਮਾਂ ਦਾ ਕੀ ਪਤਾ? ਉਨ੍ਹਾਂ ਦੇ ਮੁਖ 'ਚੋਂ ਸਹਿਜ ਸੁਭਾਅ ਹੀ ਨਿਕਲ ਗਿਆ, "ਕਿਉਂ ਆਫਰਿਆ ਹੈਂ ਭਾਈ ਗਉਰਾ? ਆਫਰਨ ਨਾਲ ਤਾਂ ਦੁਖ ਹੀ ਮਿਲਦਾ ਹੈ।" ਥੋੜ੍ਹੀ ਦੇਰ ਬਾਦ ਭਾਈ ਗਉਰੇ ਦਾ ਪੇਟ ਆਫਰਨਾ ਸ਼ੁਰੂ ਹੋ ਗਿਆ, ਧਰਤੀ ਤੇ ਲਿਟਣ ਲਗ ਗਿਆ। ਤਾਂ ਨਾਲਦਿਆਂ ਨੂੰ ਕਹਿਣ ਲੱਗਿਆ ਕਿ ਭਾਈ ਗੋਦੜੀਆ ਦੀ ਜਾ ਕੇ ਮਿੰਨਤ ਕਰੋ, ਮੇਰੇ ਵਲੋਂ ਜਾ ਕੇ ਉਸ ਤੋਂ ਮਾਫੀ ਮੰਗੋ। ਬਾਬਾ ਜੀ ਨੇ ਉਨ੍ਹਾਂ ਦੀ ਦੀਨ ਦਸ਼ਾ ਦੇਖ ਕੇ, ਜਿਸ ਚੱਕੀ ਵਿਚ ਆਟਾ ਪੀਸ ਰਹੇ ਸਨ ਉਥੋਂ ਇਕ ਚੁਟਕੀ ਆਟੇ ਦੀ ਚੁਕੀ ਤੇ ਕਿਹਾ ਕਿ ਲਓ, ਇਸਨੂੰ ਗੁੜ ਵਿਚ ਮਿਲਾ ਕੇ ਦੇ ਦਿਓ। ਉਹ ਚੁਟਕੀ ਆਟੇ ਦੀ ਗੁੜ ਵਿਚ ਮਿਲਾ ਕੇ ਦਿਤੀ ਤਾਂ ਭਾਈ ਗਉਰਾ ਰਾਜ਼ੀ ਹੋ ਗਿਆ। ਉਸਨੇ ਕਿਹਾ, "ਭਾਈ ਗੋਦੜੀਏ ਦਾ ਬਚਨ ਤਾਂ ਸਤਿ ਹੁੰਦਾ ਹੈ, ਕਿਤੇ ਕਿਸੇ ਦਿਨ ਇਹ ਨਾ ਕਹਿ ਦੇਣ ਕਿ ਤੇਰੇ ਘੋੜੇ ਮਰ ਜਾਣਗੇ, ਜਾਂ ਕੋਈ ਹੋਰ ਬਚਨ ਨਾ ਕਰ ਦੇਣ।" ਇਸ ਡਰ ਤੋਂ ਉਸਨੇ ਭਾਈ ਗੋਦੜੀਆ ਜੀ ਨੂੰ ਸਿਰੋਪਾ ਦੇ ਕੇ ਵਿਦਾ ਕਰ ਦਿਤਾ।

ਭਾਈ ਗੋਦੜੀਆ ਜੀ ਆਪਣੇ ਘਰ ਆ ਗਏ, ਉਥੇ ਬੱਚੇ ਮਿਲੇ, ਇਕ ਦੂਜੇ ਨੂੰ ਕਹਿਣ ਲੱਗੇ ਕਿ ਚੰਗਾ ਹੋ ਗਿਆ ਬੁੱਢਾ ਵਾਪਸ ਆ ਗਿਆ। ਸਾਧਸੰਗਤ ਜੀ! ਪੂਰੀ ਤਰ੍ਹਾਂ ਨਾਲ ਸਮਝ ਲਓ ਕਿ ਸਾਧੂ ਕਿੱਡਾ ਭੀ ਵੱਡਾ ਬਣ ਜਾਵੇ, ਉਸਦੇ ਬੱਚਿਆਂ ਨੂੰ ਕਦੇ ਵੀ ਯਕੀਨ ਨਹੀਂ ਆਇਆ ਕਰਦਾ ਅਤੇ ਉਹ ਉਸਦਾ ਯਥਾਯੋਗ ਆਦਰ ਨਹੀਂ ਕਰਿਆ ਕਰਦੇ। ਜਿਸ ਕਰਕੇ ਉਹ ਰੂਹਾਨੀ ਬਰਕਤਾਂ ਤੋਂ, ਜੋ ਸੁਤੇ ਸਿਧ ਹੀ ਉਸਦੀ ਸੇਵਾ ਵਿਚੋਂ ਮਿਲਦੀਆਂ ਹਨ ਉਨ੍ਹਾਂ ਨੂੰ ਪ੍ਰਾਪਤ ਕਰਨ ਤੋਂ ਬਿਲਕੁਲ ਹੀ ਖਾਲੀ ਰਹਿ ਜਾਂਦੇ ਹਨ। ਕਈ ਵਾਰੀ ਤਾਂ ਆਪਣੇ ਪਿਤਾ ਤੋਂ ਦੁਰਅਸੀਸ ਵੀ ਲੈ ਲਿਆ ਕਰਦੇ ਹਨ।

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ - ਆਪ ਨੇ ਘੋਰ ਤਪਸਿਆ ਕਰਕੇ ਸੁੱਤੇ ਸੰਸਾਰ ਨੂੰ ਜਗਾਇਆ ਅਤੇ ਗੁਰੂ ਦੇ ਲੜ ਲਾਇਆ। ਉਨ੍ਹਾਂ ਦੀ ਮਹਿਮਾ ਚਾਰਾਂ ਚੱਕਾਂ ਵਿਚ ਫੈਲ ਗਈ। ਮਹਾਰਾਜਾ ਪਟਿਆਲਾ ਵਰਗੇ ਉਨ੍ਹਾਂ ਦੇ ਦਰਸ਼ਨ ਕਰਨ ਆਏ, ਭੈਣੀ ਸਾਹਿਬ ਤੋਂ ਮਾਤਾਵਾਂ ਆਈਆਂ, ਉਨ੍ਹਾਂ ਨੂੰ ਨਾਮ ਰੰਗ ਲਈ ਹੋਰ ਅਸੀਸਾਂ ਦਿਤੀਆਂ। ਇਕ ਦਿਨ ਉਨ੍ਹਾਂ ਦਾ ਪੁੱਤਰ ਜੋ ਜੈਲਦਾਰ ਸੀ, ਇਕ ਬਲਦਾਂ ਦੀ ਜੋੜੀ ਬਹੁਤ ਹੀ ਪਿਆਰ ਨਾਲ ਉਸ ਨੇ ਖਰੀਦੀ। ਉਸਦੇ ਮਨ ਵਿਚ ਆਇਆ ਕਿ ਆਪਣੇ ਪਿਤਾ ਜੀ ਨੂੰ ਵਿਖਾ ਆਵਾਂ। ਉਸਦੀ ਮਾਤਾ ਨੇ ਕਿਹਾ ਕਿ ਬੇਟਾ! ਤੇਰੇ ਪਿਤਾ ਜੀ ਹੁਣ ਪੂਰਨ ਸੰਤ ਹਨ, ਤੂੰ ਉਨ੍ਹਾਂ ਦਾ ਪੁੱਤਰ ਹੋਣ ਦੇ ਨਾਤੇ ਉਨ੍ਹਾਂ ਦੀ ਮਹਿਮਾ ਨਹੀਂ ਜਾਣਦਾ, ਨਾ ਹੀ ਤੂੰ ਉਨ੍ਹਾਂ ਦੀ ਮਹਿਮਾਂ ਵਿਚ ਵਿਸ਼ਵਾਸ਼ ਰਖਦਾ ਹੈਂ; ਤੇਰੇ ਭਾਣੇ ਤਾਂ ਐਉਂ ਹੈ ਕਿ ਲੋਕਾਂ ਨੂੰ ਅਕਲ ਨਹੀਂ, ਐਵੇਂ ਮੱਥੇ ਟੇਕਦੇ ਰਹਿੰਦੇ ਹਨ। ਬੇਟਾ! ਮੈਂ ਉਨ੍ਹਾਂ ਦੀ ਮਹਿਮਾ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ। ਐਸ ਵੇਲੇ ਉਨ੍ਹਾਂ ਦੀ ਰਸਨਾ ਤੇ ਗੁਰੂ ਨਾਨਕ ਦਾ ਵਾਸਾ ਹੈ ਜਿਸ ਬਾਰੇ ਐਸਾ ਫੁਰਮਾਨ ਹੈ -

*ਧਾਰਨਾ - ਪ੍ਰਭ ਜੀ ਦਾ ਵਾਸਾ ਹੈ,*
*ਸੰਤਾਂ ਦੀ ਰਸਨਾ ਉਤੇ*

*ਪ੍ਰਭ ਜੀ ਬਸਹਿ ਸਾਧ ਕੀ ਰਸਨਾ॥*
*ਪੰਨਾ - 263*

ਤੂੰ ਪੂਰੇ ਅਦਬ ਨਾਲ ਜਾਈਂ ਅਤੇ ਕਿਸੇ ਗੱਲ ਵਿਚ ਬਹਿਸ ਨਾ ਕਰੀਂ ਕਿਉਂਕਿ ਤੇਰਾ ਬਚਪਨ ਤੋਂ ਹੀ ਸੁਭਾਅ ਹੈ ਤੂੰ ਆਪਣੇ ਪਿਤਾ ਦੇ ਅੱਗੇ ਪਹਿਲਾਂ ਭੀ ਬੋਲ ਪਿਆ ਕਰਦਾ ਸੀ। ਐਵੇਂ ਉਨ੍ਹਾਂ ਦੇ ਮੁਖ ਤੋਂ ਬਚਨ ਨਿਕਲ ਗਿਆ, ਉਹ ਝੱਟ ਹੀ ਪੂਰਾ ਹੋ ਜਾਣਾ ਹੈ। ਉਨ੍ਹਾਂ ਦਾ ਲੜਕਾ ਬੈਲ ਲੈ ਕੇ ਰੇਰੂ ਸਾਹਿਬ ਪਹੁੰਚਿਆ, ਪਿਤਾ ਜੀ ਨੂੰ ਵਿਖਾਏ, ਉਨ੍ਹਾਂ ਨੇ ਅਸੀਸ ਦਿਤੀ, ਬਲਦਾਂ ਨੂੰ ਥਾਪੀ ਦਿਤੀ। ਜਦੋਂ ਵਿਹਲੇ ਹੋ ਕੇ ਉਹ ਕੁਰਸੀ ਉਪਰ ਬੈਠ ਗਏ ਤਾਂ ਆਪਣੇ ਪੁਤਰ ਨੂੰ ਕਹਿਣ ਲੱਗੇ ਕਿ ਬੇਟਾ! ਤੂੰ ਜੈਲਦਾਰ ਹੈਂ, ਮੈਂ ਸੁਣਿਆ ਹੈ ਕਿ ਤੂੰ ਚਕੋਤੇ ਦੇ ਪੈਸੇ ਆਪ ਹੀ ਖਾ ਜਾਂਦਾ ਹੈਂ? ਐਨੀ ਗੱਲ ਸੁਣਦੇ ਹੀ ਆਪਣੀ ਮਾਂ ਦੇ ਬਚਨ ਇਕ ਦਮ ਭੁੱਲ ਗਿਆ ਤੇ ਕਹਿਣ ਲੱਗਿਆ ਕਿ ਪਿਤਾ ਜੀ! ਤੁਸੀਂ ਤਾਂ ਸਾਧ ਬਣ ਗਏ, ਦੁਨੀਆਂਦਾਰੀ ਛੱਡ ਦਿਤੀ, ਸਾਰੀਆਂ ਜ਼ਿੰਮੇਵਾਰੀਆਂ ਨੂੰ ਪਿੱਠ ਦੇ ਆਏ, ਹੁਣ ਸਾਰੀ ਗੱਲ ਤਾਂ ਮੇਰੇ ਸਿਰ ਹੈ, ਤੁਹਾਨੂੰ ਕੀ ਪਤਾ ਹੈ ਕਿ ਮੇਰੇ ਪਾਸ ਕਿੰਨੇ ਅਫਸਰ ਆਉਂਦੇ ਹਨ, ਉਨ੍ਹਾਂ ਦਾ ਖਾਣ ਪੀਣ ਦਾ ਇੰਤਜ਼ਾਮ ਕਰਨਾ ਪੈਂਦਾ ਹੈ ਉਹ ਮੈਂ ਘਰ ਵਿਚੋਂ ਕਿਵੇਂ ਕਰ ਸਕਦਾ ਹਾਂ। ਉਹ ਤਾਂ ਚਕੋਤੇ ਦੀ ਰਕਮ ਵਿਚੋਂ ਹੀ ਹੋਣਾ ਹੈ। ਇਹ ਬੇਅਦਬੀ ਦੇ ਵਾਕ ਸਨ। ਮਹਾਂਪੁਰਸ਼ਾਂ ਦੇ ਮੁਖ ਤੋਂ ਸੁਭਾਵਿਕ ਹੀ ਨਿਕਲ ਗਿਆ -

*ਵਢੀਅਹਿ ਹਥ ਦਲਾਲ ਕੇ*
*ਮੁਸਫੀ ਏਹ ਕਰੇਇ॥ ਪੰਨਾ - 472*

ਇਹ ਕਹਿ ਕੇ ਆਪ ਚੁਪ ਹੋ ਗਏ, ਉਨ੍ਹਾਂ ਦਾ ਲੜਕਾ ਵੀ ਬਿਨਾਂ ਪਿਆਰ ਨਾਲ ਛੁਟੀ ਲਏ ਤੋਂ ਘਰ ਨੂੰ ਆ ਗਿਆ, ਸੰਤ ਪਿਤਾ ਦਾ ਪੂਰੀ ਤਰ੍ਹਾਂ ਆਦਰ ਨਾ ਕੀਤਾ ਅਤੇ ਆਪਣੇ ਲਈ ਆਪਣੀ ਘਟੀਆ ਭਾਵਨਾ ਕਰਕੇ ਬਦਅਸੀਸ ਲੈ ਲਈ। ਥੋੜ੍ਹੇ ਦਿਨ ਲੰਘੇ ਤਾਂ ਉਹ ਲੁਧਿਆਣੇ ਨੂੰ ਜਾਣ ਲਗਿਆ, ਦੁਰਾਹੇ ਸਟੇਸ਼ਨ ਤੇ ਟ੍ਰੇਨ ਚਲ ਰਹੀ ਸੀ, ਇਹ ਫੱਟੇ ਤੇ ਪੈਰ ਰੱਖ ਕੇ ਗੱਡੀ ਵਿਚ ਚੜ੍ਹਨ ਲੱਗਿਆ ਪਰ ਇਹਦਾ ਪੈਰ ਫਿਸਲ ਗਿਆ ਅਤੇ ਰੇਲਵੇ ਲਾਈਨ ਦੇ ਕੋਲ ਪਲੇਟ ਫਾਰਮ ਨਾਲ ਲਗਦਾ ਗਿਰ ਗਿਆ। ਇਸਦੇ ਦੋਏ ਹੱਥ ਤੇ ਦੋਏ ਪੈਰ ਕੱਟ ਗਏ ਅਤੇ ਅੰਤ ਖੂਨ ਨਿਕਲਣ ਕਰਕੇ ਚੜ੍ਹਾਈ ਕਰ ਗਿਆ। ਇਸ ਤਰ੍ਹਾਂ ਆਪਣੇ ਬੱਚੇ ਕਦੇ ਵੀ ਆਪਣੇ ਸੰਤ ਪਿਤਾ ਦੀ ਮਹਿਮਾ ਨੂੰ ਨਹੀਂ ਜਾਣ ਸਕਦੇ। ਇਸੇ ਕਾਰਨ ਕਰਕੇ ਉਹ ਬਰਕਤਾਂ ਦਾ ਛਾਛੜੇਦਾਰ ਮੀਂਹ ਪੈਂਦਾ ਹੋਣ ਦੇ ਬਾਵਜੂਦ ਭੀ ਬਿਲਕੁਲ ਖੁਸ਼ਕ ਰਹਿ ਜਾਂਦੇ ਹਨ ਅਤੇ ਆਪਣੇ ਸੰਤ ਪਿਤਾ ਦੀ ਨਰਾਜ਼ਗੀ ਆਪਣੇ ਗਲ ਪੁਆ ਲੈਂਦੇ ਹਨ। ਇਹ ਆਮ ਹੀ ਵੇਖਿਆ ਗਿਆ ਹੈ। ਇਸੇ ਤਰ੍ਹਾਂ ਨਾਲ ਜਦੋਂ ਭਾਈ ਗੋਦੜੀਆ ਆਪਣੇ ਪਿੰਡ ਪਹੁੰਚਦੇ ਹਨ ਉਨ੍ਹਾਂ ਦੇ ਬੱਚੇ ਉਨ੍ਹਾਂ ਨੂੰ ਕੋਈ ਆਦਰ ਨਹੀਂ ਦਿੰਦੇ। ਇਕ ਸਾਧਾਰਨ ਬੁੱਢਾ ਹੀ ਸਮਝਿਆ। ਇਕ ਦਿਨ ਐਸਾ ਹੋਇਆ ਕਿ ਚੇਤ ਦਾ ਮਹੀਨਾ ਸੀ, ਉਡਾਰ ਵਾਲੇ ਖੇਤ ਵਿਚ ਬੀਜੀ ਹੋਈ ਸਰ੍ਹੋਂ ਪੱਕ ਗਈ। ਆਪਣੇ ਪਿਤਾ ਨੂੰ ਕਹਿਣ ਲੱਗੇ ਕਿ ਸਰ੍ਹੋਂ ਪੱਕੀ ਹੋਈ ਹੈ, ਉਸਨੂੰ ਕੱਟਣਾ ਨਹੀਂ ਹੈ, ਜੜ੍ਹੋਂ ਪੁੱਟਣਾ ਹੈ। ਰੇਤੇ ਦਾ ਖੇਤ ਹੋਣ ਕਰਕੇ ਪੁਟਣਾ ਕੋਈ ਔਖਾ ਨਹੀਂ ਸੀ, ਉਹ ਸਾਰਾ ਦਿਨ ਪੁਟਦੇ ਰਹੇ। ਨਾ ਤਾਂ ਦਸ ਵਜੇ ਕੋਈ ਜਲ ਪਾਣੀ ਆਇਆ, ਨਾ ਹੀ ਦੁਪਹਿਰੇ ਘਰਵਾਲਿਆਂ ਨੇ ਪ੍ਰਸ਼ਾਦਾ ਭੇਜਿਆ। ਹੁਣ ਸ਼ਾਮ ਹੋ ਚੁਕੀ ਸੀ। ਉਸ ਖੇਤ ਵਿਚੋਂ ਪਗਡੰਡੀ ਜਾਂਦੀ ਸੀ ਉਸ ਤੇ ਭਾਈ ਗੋਦੜੀਆ ਜੀ ਦੇ ਕੁਝ ਜਾਣ-ਪਛਾਣ ਵਾਲੇ ਸਿੱਖ ਲੰਘ ਰਹੇ ਸੀ, ਵੇਖਿਆ ਕਿ ਭਾਈ ਗੋਦੜੀਆ ਜੀ ਸਰ੍ਹੋਂ ਪੁੱਟ ਰਹੇ ਹਨ। ਜਿਵੇਂ ਕਿ ਆਪਣੇ ਰਿਵਾਜ ਹੈ ਆਪਾਂ ਦੇਖ ਕੇ ਵੀ ਪੁਛ ਲੈਂਦੇ ਹਾਂ ਕਿ ਕੀ ਕਰਦੇ ਹੋ? ਇਵੇਂ ਜਿਵੇਂ ਉਨ੍ਹਾਂ ਨੇ ਭਾਈ ਗੋਦੜੀਆ ਜੀ ਨੂੰ ਪੁਛ ਲਿਆ, "ਭਾਈ ਸਾਹਿਬ ਜੀ! ਤੁਸੀਂ ਕੀ ਕਰ ਰਹੇ ਹੋ?" ਤਾਂ ਭਾਈ ਗੋਦੜੀਆ ਜੀ ਦੇ ਮੁਖ 'ਚੋਂ ਸਹਿਜ ਸੁਭਾਅ ਨਿਕਲ ਗਿਆ ਕਿ ਟੱਬਰ ਦੀਆਂ ਜੜ੍ਹਾਂ ਪੁੱਟ ਰਿਹਾ ਹਾਂ। ਕਹਿਣਾ ਤਾਂ ਇਹ ਸੀ ਕਿ ਸਰ੍ਹੋਂ ਦੀਆਂ ਜੜ੍ਹਾਂ ਪੁੱਟ ਰਿਹਾ ਹਾਂ ਪਰ ਕਹਿ ਬੈਠੇ - ਟੱਬਰ ਦੀਆਂ ਜੜ੍ਹਾਂ ਪੁੱਟ ਰਿਹਾ ਹਾਂ। ਸੰਤ ਬਚਨ ਅਟੱਲ ਸੀ ਜਿਸ ਕਰਕੇ ਇਕ ਹਫਤੇ ਦੇ ਅੰਦਰ-ਅੰਦਰ ਉਸਦੇ ਪੁਤਰ, ਨੂੰਹਾਂ, ਦੋਤ੍ਰੁਰੇ ਸਭ ਮਰ ਗਏ। ਭਾਈ ਗੋਦੜੀਆ ਜੀ ਨੂੰ ਕੋਈ ਖੇਦ ਨਾ ਹੋਇਆ। ਆਪ ਸੁਤੰਤਰ ਵਿਚਰਨ ਲਗੇ। ਇਕ ਪਿੰਡ ਵਿਚ ਇਕ ਮਾਈ ਨੇ ਬੇਨਤੀ ਕੀਤੀ ਕਿ ਬਾਬਾ ਜੀ ਦਹੀਂ ਖਾ ਕੇ ਜਾਇਓ। ਉਹ ਛੰਨਾ ਭਰ ਕੇ ਦਹੀਂ ਲੈ ਆਈ ਪਰ ਵਿਚਾਰੀ ਕੋਲ ਦਹੀਂ ਥੋੜ੍ਹਾ ਹੀ ਸੀ ਉਸ ਨੇ ਕਿਹਾ ਕਿ ਕਿਤੇ ਬਾਬਾ ਜੀ ਹੋਰ ਨਾ ਮੰਗ ਲੈਣ, ਉਸ ਨੇ ਦਹੀਂ ਵਿਚ ਮਿਰਚਾਂ ਜ਼ਿਆਦਾ ਪਾ ਦਿਤੀਆਂ। ਜਦੋਂ ਦਹੀਂ ਖਾ ਚੁਕੇ ਤਾਂ ਬਰਤਨ ਲੈਣ ਆਈ ਅਤੇ ਪੁਛ ਬੈਠੀ ਕਿ ਬਾਬਾ ਜੀ! ਦਹੀਂ ਕਿਹੋ ਜਿਹਾ ਸੀ? ਤਾਂ ਬਾਬਾ ਜੀ ਨੇ ਸਹਿਜ ਸੁਭਾਅ ਹੀ ਕਹਿ ਦਿਤਾ ਕਿ ਸੱਪ ਲੜਨੀਏਂ! ਦਹੀਂ ਤਾਂ ਬਹੁਤ ਵਧੀਆ ਸੀ ਪਰ ਮਿਰਚਾਂ ਜ਼ਿਆਦਾ ਪਾ ਦਿਤੀਆਂ। ਹੁਣ ਬਚਨ ਹੋ ਗਿਆ, ਘਰ ਚਲੀ ਗਈ। ਦੁੱਧ ਗਰਮ ਕਰਨ ਲਈ ਕੋਠੜੀ ਵਿਚੋਂ ਪਾਥੀਆਂ ਲੈਣ ਗਈ। ਪਾਥੀ ਚੁਕਦੀ ਨੂੰ ਇਕ ਜ਼ਹਿਰੀ ਨਾਗ ਨੇ ਡੰਗ ਮਾਰਿਆ ਜਿਸ ਕਰਕੇ ਉਹ ਵੀ ਮਰ ਗਈ। ਸੋ ਇਸ ਤਰ੍ਹਾਂ ਨਾਲ ਅਭੇਦ ਅਵਸਥਾ ਵਾਲੇ ਮਹਾਂਪੁਰਸ਼ਾਂ ਦੇ ਬਚਨ ਸਤਿ ਹੋਇਆ ਕਰਦੇ ਹਨ। ਇਨ੍ਹਾਂ ਨੂੰ ਧਿਆਨ ਸਿਧ ਪੁਰਸ਼ ਕਿਹਾ ਜਾਂਦਾ ਹੈ। ਜੋ ਧਿਆਨ ਸਿੱਧ ਪੁਰਸ਼ ਹੋਇਆ ਕਰਦੇ ਹਨ, ਉਨ੍ਹਾਂ ਦਾ ਬਚਨ ਕਦੇ ਵੀ ਖਾਲੀ ਨਹੀਂ ਜਾਇਆ ਕਰਦਾ।

ਜੋ ਵਿਚਾਰ ਚਲ ਰਹੀ ਸੀ, ਉਹ ਇਹ ਸੀ ਕਿ ਜਦੋਂ ਜੀਵ ਸਰੀਰ ਨੂੰ ਛੱਡ ਦਿੰਦਾ ਹੈ ਉਹ ਕਿਥੇ ਜਾਂਦਾ ਹੈ? ਬਹੁਤ ਵਿਸਥਾਰ ਦੇ ਨਾਲ ਇਸ ਮਸਲੇ ਉਪਰ ਵਿਚਾਰ ਕਰ ਚੁਕੇ ਹਾਂ। ਇਸਦੇ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਰ-ਬਾਰ ਦਸਿਆ ਗਿਆ ਹੈ ਜਿਵੇਂ ਕਿ -

*ਧਾਰਨਾ - ਸੋਹਣੇ ਕਪੜੇ ਤੇ ਰੂਪ ਸੁਹਾਵਾ,*
*ਦੁਨੀਆਂ ਵਿਚ ਛੱਡ ਜਾਵਣਾ*

*ਕਪੜੁ ਰੂਪੁ ਸੁਹਾਵਣਾ*
*ਛਡਿ ਦੁਨੀਆ ਅੰਦਰਿ ਜਾਵਣਾ॥*
*ਮੰਦਾ ਚੰਗਾ ਆਪਣਾ*
*ਆਪੇ ਹੀ ਕੀਤਾ ਪਾਵਣਾ॥*
*ਹੁਕਮ ਕੀਏ ਮਨਿ ਭਾਵਦੇ*
*ਰਾਹਿ ਭੀੜੈ ਅਗੈ ਜਾਵਣਾ॥*
*ਨੰਗਾ ਦੋਜਕਿ ਚਾਲਿਆ*
*ਤਾ ਦਿਸੈ ਖਰਾ ਡਰਾਵਣਾ॥*
*ਕਰਿ ਅਉਗਣ ਪਛੋਤਾਵਣਾ॥*
*ਪੰਨਾ - 470*

ਇਹ ਵੀ ਦਸਿਆ ਹੋਇਆ ਹੈ -

*ਓਥੈ ਹਥੁ ਨ ਅਪੜੈ*
*ਕੂਕ ਨ ਸੁਣੀਐ ਪੁਕਾਰ॥*
*ਓਥੈ ਸਤਿਗੁਰੁ ਬੇਲੀ ਹੋਵੈ*
*ਕਢਿ ਲਏ ਅੰਤੀਵਾਰ॥*
*ਪੰਨਾ - 1281*

*ਧਰਮਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ*
*ਓਹੁ ਤੇਰੀ ਸਰਕਾਰ॥ ਪੰਨਾ - 38*

ਸੋ ਇਸ ਤਰ੍ਹਾਂ ਜਿਹੋ ਜਿਹੇ ਕਿਸੇ ਨੇ ਕਰਮ ਕੀਤੇ ਹਨ ਉਹੋ ਜਿਹੀ ਦੁਨੀਆਂ ਦੇ ਵਿਚ ਚਲੇ ਜਾਇਆ ਕਰਦੇ ਹਨ। ਕਈ ਭੂਤ ਪ੍ਰੇਤ ਬਣ ਜਾਂਦੇ ਹਨ, ਜੋ ਆਪਣੇ ਪ੍ਰੇਤ

ਪਿੰਜਰ ਵਿਚ ਬਹੁਤ ਦੁਖ ਭੋਗਦੇ ਹਨ ਅਤੇ ਚਿਲ੍ਹੇ ਕੱਟ ਕੇ ਵਸ ਕਰ ਲਏ ਜਾਂਦੇ ਹਨ।

ਐਸੀ ਇਕ ਸਾਖੀ ਗੁਰ ਇਤਿਹਾਸ ਵਿਚ ਆਉਂਦੀ ਹੈ ਕਿ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਇਕ ਪਿੰਡ ਵਿਚ ਗਏ, ਉਸ ਪਿੰਡ ਦਾ ਨਾਮ ਭਗਤਾ ਸੀ। ਆਪ ਖਦਰਾਣੇ ਦੀ ਢਾਬ ਤੋਂ ਹੋ ਕੇ ਭਗਤੇ ਪਿੰਡ ਪਹੁੰਚੇ ਤੇ ਇਕ ਬਹੁਤ ਸੋਹਣੇ ਦਰਖਤ ਦੇ ਥੱਲੇ ਗਲੀਚੇ ਵਿਛਾ ਦਿਤੇ। ਗੁਰਸਿੱਖ ਘੋੜੇ ਬੰਨ੍ਹਣ ਲਗ ਗਏ ਐਨੇ ਨੂੰ ਨੇੜੇ ਦੇਖਿਆ ਇਕ ਖੂਹ ਦੀ ਚਿਣਾਈ ਹੋ ਰਹੀ ਸੀ। ਮਹਾਰਾਜ ਜੀ ਨੇ ਕਿਹਾ, "ਇਹ ਖੂਹ ਕਿਹਦਾ ਹੈ? ਕਿਹਦਾ ਖੂਹ ਲਗ ਰਿਹਾ ਹੈ?" ਉਥੇ ਕੰਮ ਕਰਨ ਵਾਲੇ ਜੋ ਮਜ਼ਦੂਰ ਸਨ ਕਹਿਣ ਲੱਗੇ, "ਮਹਾਰਾਜ ਜੀ! ਭਾਈ ਭਗਤੇ ਦਾ ਖੂਹ ਲਗ ਰਿਹਾ ਹੈ।" ਗੁਰੂ ਮਹਾਰਾਜ ਜੀ ਕਹਿਣ ਲੱਗੇ –

*ਦਮ ਲਗਣ ਪਾਤਸ਼ਾਹਾਂ ਦੇ*
*ਨੂਣਗਰਾਂ ਦਾ ਨਾਉਂ।*

ਉਸ ਵੇਲੇ ਗੁਰਸਿੱਖਾਂ ਨੇ ਕਿਹਾ ਕਿ ਸੱਚੇ ਪਾਤਸ਼ਾਹ! ਆਹ ਕੀ ਗੱਲ ਕਹਿ ਦਿਤੀ? ਮਹਾਰਾਜ ਜੀ ਕਹਿਣ ਲੱਗੇ, "ਅਸੀਂ ਠੀਕ ਹੀ ਕਿਹਾ ਹੈ।" ਸੰਗਤ ਨੇ ਜਦੋਂ ਬੇਨਤੀ ਕੀਤੀ ਤਾਂ ਮਹਾਰਾਜ ਜੀ ਫੁਰਮਾਨ ਲੱਗੇ ਕਿ ਭਾਈ ਭਗਤਾ ਜਿਹੜਾ ਹੋਇਆ ਹੈ ਨਾ, ਇਹ ਭਾਈ ਬਹਿਲੋ ਦੀ ਔਲਾਦ ਵਿਚੋਂ ਹੈ, ਭਾਈ ਭਗਤੇ ਦਾ ਬਾਬਾ ਭਾਈ ਬਹਿਲੋ ਗੁਰੂ ਪੰਜਵੇਂ ਪਾਤਸ਼ਾਹ ਜੀ ਦੇ ਪਾਸ ਸੇਵਾ ਕਰਦਾ ਸੀ। ਉਸਦੀ ਸੇਵਾ ਤੇ ਪ੍ਰਸੰਨ ਹੋ ਕੇ ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਵਰ ਦਿਤਾ 'ਭਾਈ ਬਹਿਲੋ ਸਭ ਤੋਂ ਪਹਿਲੋਂ।' ਨਾਲ ਇਹ ਵੀ ਆਪ ਜੀ ਨੇ ਕਿਹਾ ਕਿ ਭਾਈ ਬਹਿਲੋ! ਜਿੰਨੀਆਂ ਅਵਿਅਕਤ ਰੂਹਾਂ ਅਗਿਆਤ ਰੂਪ ਵਿਚ ਭਟਕ ਰਹੀਆਂ ਹਨ, ਸਭ ਤੇਰੇ ਹਵਾਲੇ ਕੀਤੀਆਂ। ਇਸੇ ਤਰ੍ਹਾਂ ਨਾਲ ਸਾਰੇ ਭੂਤ, ਪ੍ਰੇਤ, ਜਿੰਨ, ਖਵੀਸ ਭਾਈ ਬਹਿਲੋ ਜੀ ਦੇ ਹਵਾਲੇ ਕਰ ਦਿਤੇ।

ਇਕ ਵਾਰੀ ਐਸਾ ਹੋਇਆ ਕਿ ਜੋ ਲਾਹੌਰ ਦਾ ਸੂਬੇਦਾਰ ਸੀ, ਓਹਦੀ ਲੜਕੀ ਦੇ ਵਿਚ ਇਕ ਬਹੁਤ ਹੀ ਸਖਤ ਕਿਸਮ ਦਾ ਪ੍ਰੇਤ ਆਉਂਦਾ ਸੀ। ਮੁਲਾਣਿਆਂ ਨੇ ਬਹੁਤ ਜ਼ੋਰ ਲਾਇਆ ਪਰ ਉਹ ਨਿਕਲਿਆ ਹੀ ਨਾ, ਬਹੁਤ ਜਤਨ ਕੀਤੇ। ਨਵਾਬ ਨੂੰ ਪਤਾ ਲੱਗਿਆ ਕਿ ਇਕ ਬੰਦਾ ਜਿਸ ਦਾ ਨਾਮ ਭਾਈ ਭਗਤਾ ਹੈ ਉਹਨੂੰ ਗੁਰੂਆਂ ਦੀ ਬਖਸ਼ਿਸ਼ ਹੋਈ ਹੋਈ ਹੈ, ਭੂਤ ਪ੍ਰੇਤ ਸਭ ਉਨ੍ਹਾਂ ਦੇ ਵਸ ਕੀਤੇ ਹੋਏ ਹਨ। ਉਹ ਭਾਈ ਭਗਤੇ ਕੋਲ ਪਹੁੰਚਿਆ। ਬੇਨਤੀ ਕੀਤੀ ਅਤੇ ਕਹਿਣ ਲੱਗਿਆ ਕਿ ਭਾਈ ਸਾਹਿਬ! ਮੇਰੀ ਲੜਕੀ ਵਿਚੋਂ ਪ੍ਰੇਤ ਨਹੀਂ ਨਿਕਲਦਾ। ਆਪ ਕ੍ਰਿਪਾ ਕਰੋ, ਐਹੋ ਜਿਹੀ ਕ੍ਰਿਪਾ ਕਰੋ ਕਿ ਮੁੜ ਕੇ ਫੇਰ ਨਾ ਆਵੇ, ਇਹ ਕਿਸੇ ਮੁਲਾਂ-ਮੁਲਾਣਿਆਂ ਤੋਂ ਨਹੀਂ ਨਿਕਲਿਆ। ਕਈ ਐਸੇ ਵੀ ਹਨ ਕਿ ਮੰਤ੍ਰ ਦੇ ਬਲ ਨਾਲ ਕੱਢ ਦਿੰਦੇ ਸਨ ਪਰ ਉਹ ਫੇਰ ਆ ਜਾਂਦਾ ਸੀ। ਭਾਈ ਭਗਤੇ ਨੇ ਪ੍ਰੇਤ ਨੂੰ ਹੁਕਮ ਦੇ ਦਿਤਾ ਕਿ ਇਕ ਦਮ ਇਸ ਸਰੀਰ ਵਿਚੋਂ ਨਿਕਲ ਜਾਹ। ਲੜਕੀ ਰਾਜ਼ੀ ਹੋ ਗਈ ਤਾਂ ਨਵਾਬ ਨੇ ਭਾਈ ਭਗਤੇ ਨੂੰ ਕਿਹਾ ਕਿ ਮੈਨੂੰ ਕੋਈ ਸੇਵਾ ਦੱਸੋ? ਭਾਈ ਭਗਤੇ ਨੇ ਦੇਖਿਆ ਕਿ ਨਵਾਬ ਇੱਟਾਂ ਦੇ ਕਈ ਆਵੇ ਲਵਾ ਰਿਹਾ ਹੈ, ਬਹੁਤ ਸਾਰੀਆਂ ਪੱਕੀਆਂ ਹੋਈਆਂ ਇੱਟਾਂ ਪਈਆਂ ਹਨ, ਭਾਈ ਭਗਤਾ ਜੀ ਨੇ ਕਿਹਾ, ਮਾਲਵੇ ਵਿਚ ਕੋਈ ਖੂਹ ਨਹੀਂ ਲਗਦਾ, ਅਸੀਂ ਖੂਹ ਲਵਾਉਣਾ ਹੈ, ਤੁਹਾਡੇ ਬਹੁਤ ਸਾਰੇ ਆਵੇ ਪਕਦੇ ਨੇ, ਇਕ ਵੱਡਾ ਆਵਾ ਦੇ ਦੇਵੋ। ਨਵਾਬ ਕਹਿਣ ਲੱਗਿਆ, "ਮੈਂ ਆਵਾ ਤਾਂ ਦੇ ਦਿੰਦਾ ਹਾਂ ਪਰ ਐਡੀ ਦੂਰ ਪਹੁੰਚੇਗਾ ਕਿਵੇਂ? ਕਿਥੇ ਮਾਲਵਾ ਹੈ, ਕਿਥੇ ਲਹੌਰ ਹੈ, ਜੇ ਮੈਂ ਊਠਾਂ ਤੇ ਭੇਜਦਾ ਹਾਂ ਤਾਂ ਹਜ਼ਾਰਾਂ ਹੀ ਊਠਾਂ ਦਾ ਇੰਤਜ਼ਾਮ ਕਰਨਾ ਪੈਣਾ ਹੈ। ਜੇ ਗੱਡਿਆਂ ਤੇ ਭੇਜਾਂ ਤਾਂ ਤੁਹਾਡੇ ਦੇਸ਼ ਵਿਚ ਟਿੱਬੇ ਬਹੁਤ ਹਨ, ਗੱਡੇ ਫਸਦੇ ਜਾਣਗੇ। ਉਸ ਵੇਲੇ ਭਾਈ ਭਗਤੇ ਨੇ ਕਿਹਾ, ਨਵਾਬ ਜੀ ਇਹ ਗੱਲ ਤੁਸੀਂ ਮੇਰੇ ਉਤੇ ਹੀ ਰਹਿਣ ਦਿਓ। ਤੁਸੀਂ ਸਿਰਫ ਇਹ ਦੱਸ ਦਿਉ ਕਿ ਕਿਹੜਾ ਆਵਾ ਦਿੰਦੇ ਹੋ। ਨਵਾਬ ਬਹੁਤ ਖੁਸ਼ ਹੋਇਆ ਕਿ ਇੱਟਾਂ ਢੋਣ ਤੋਂ ਤਾਂ ਬਚੇ। ਉਸਨੇ ਆਵੇ ਵਲ ਇਸ਼ਾਰਾ ਕਰ ਦਿਤਾ ਤਾਂ ਭਾਈ ਭਗਤੇ ਨੇ ਸਾਰੇ ਭੂਤਾਂ, ਪ੍ਰੇਤਾਂ ਨੂੰ ਹੁਕਮ ਕਰ ਦਿਤਾ। ਇਕ ਰਾਤ ਵਿਚ ਸਾਰਾ ਆਵਾ ਢੋਅ ਲਿਆ। ਉਸ ਵੇਲੇ ਬੰਦਾ ਕਹਿਣ ਲੱਗਿਆ ਕਿ ਮਹਾਰਾਜ ਜੀ! ਚਿਣਾਈ ਵੀ ਓਹੀ ਕਰ ਰਹੇ ਹਨ, ਚੂਨਾ ਵੀ ਓਹੀ ਲਾ ਰਹੇ ਨੇ, ਦਿਸਦੇ ਹੈ ਨਹੀਂ, ਚੀਜ਼ ਆਈ ਜਾਂਦੀ ਹੈ ਸਾਰੀ, ਚੂਨਾ ਰਾਜ ਕੋਲ ਆਈ ਜਾਂਦਾ ਹੈ। ਤਾਂ ਇਸ ਕਰਕੇ ਇਹ ਬਚਨ ਕਿਹਾ ਹੈ ਕਿ –

*ਦਮ ਲਗਣ ਪਾਤਸ਼ਾਹਾਂ ਦੇ*
*ਨੂਣਗਰਾਂ ਦਾ ਨਾਉਂ।*

ਮਹਾਰਾਜ ਜੀ ਕਹਿਣ ਲੱਗੇ, "ਇਹ ਬਖਸ਼ਿਸ਼ ਤਾਂ ਗੁਰੂ ਪੰਜਵੇਂ ਪਾਤਸ਼ਾਹ ਦੀ ਹੈ, ਭਾਈ ਭਗਤੇ ਦਾ ਖੂਹ ਲਗ ਰਿਹਾ ਹੈ ਜਿਹੜੇ ਲਵਾਉਣ ਵਾਲੇ ਨੇ, ਜਿਨ੍ਹਾਂ ਦੀ ਦਿਤੀ ਹੋਈ ਸ਼ਕਤੀ ਦੀ ਵਰਤੋਂ ਕਰਕੇ ਖੂਹ ਲਵਾ ਰਹੇ ਨੇ ਉਨ੍ਹਾਂ ਦਾ ਨਾਉਂ ਹੀ ਨਹੀਂ। ਐਨੀ ਗੱਲ ਜਦੋਂ ਸੁਣੀ, ਤਾਂ ਇਕ ਬੰਦੇ ਨੇ ਜਾ ਕੇ ਭਾਈ ਭਗਤੇ ਨੂੰ ਦੱਸ ਦਿਤਾ ਕਿ ਗੁਰੂ ਦਸਵੇਂ ਪਾਤਸ਼ਾਹ ਜੀ ਖੂਹ ਕੋਲ ਆ ਕੇ ਉਤਾਰਾ ਕਰਕੇ ਬੈਠੇ ਨੇ, ਉਨ੍ਹਾਂ ਨੇ ਖੂਹ ਬਾਰੇ ਇਹ ਗੱਲ ਦੱਸੀ ਹੈ।

ਉਸ ਵੇਲੇ ਭਾਈ ਭਗਤਾ ਕਹਿਣ ਲੱਗਿਆ ਕਿ ਆਪਾਂ ਤੋਂ ਬੜੀ ਭਾਰੀ ਭੁੱਲ ਹੋ ਗਈ, ਉਹ ਆਪਣੇ ਪੰਜਾਂ ਪੁਤਰਾਂ ਸਮੇਤ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਆ ਕੇ ਬਹੁਤ ਸ਼ਰਧਾ ਨਾਲ ਨਮਸਕਾਰਾਂ ਕਰਨ ਲੱਗਿਆ ਤੇ ਲੰਗਰ ਲਈ ਰਾਸ਼ਨ, ਬਹੁਤ ਸਾਰਾ ਦੁਧ ਲੈ ਕੇ ਆਇਆ। ਉਸ ਦੇ ਨਾਲ ਉਸਦੇ ਪੰਜੇ ਪੁੱਤਰ ਜਿਨ੍ਹਾਂ ਦੇ ਨਾਮ ਗੁਰਦਾਸ, ਤਾਰਾ, ਭਾਰਾ, ਮੇਹਰਾ, ਬਕਤਾ ਸੀ,

ਪਹਿਲਾਂ ਐਸੇ ਹੀ ਨਾਮ ਹੋਇਆ ਕਰਦੇ ਸੀ, ਉਨ੍ਹਾਂ ਨੇ ਆ ਕੇ ਮਹਾਰਾਜ ਜੀ ਦੇ ਚਰਨ ਫੜ ਲਏ ਅਤੇ ਬੇਨਤੀ ਕੀਤੀ ਕਿ ਅਸੀਂ ਤਾਂ ਤੁਹਾਡੇ ਹੀ ਹਾਂ। ਅਸਾਡੇ ਬਜ਼ੁਰਗਾਂ ਉਪਰ ਤੁਸੀਂ ਹੀ ਬਖਸ਼ਿਸ਼ ਕੀਤੀ ਹੈ। ਸੱਚੇ ਪਾਤਸ਼ਾਹ! ਸਾਡੇ ਪਰਿਵਾਰ ਉਪਰ ਕ੍ਰਿਪਾ ਕਰੋ। ਗੁਰੂ ਮਹਾਰਾਜ ਜੀ ਨੇ ਪੁਛਿਆ, "ਤੁਹਾਡੀ ਕਿਹੜੀ ਕੁਲ ਹੈ?" ਉਹ ਕਹਿਣ ਲੱਗੇ ਕਿ ਸਾਡੀ ਭਾਈ ਬਹਿਲੋ ਵਾਲੀ ਕੁਲ ਹੈ। ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਫੁਰਮਾਇਆ ਸੀ ਕਿ 'ਭਾਈ ਬਹਿਲੋ ਸਭ ਤੋਂ ਪਹਿਲੋਂ"। ਭਾਈ ਭਗਤੇ ਦੇ ਪੁੱਤਰ ਕਹਿਣ ਲੱਗੇ ਮਹਾਰਾਜ ਜੀ! ਜਦੋਂ ਗੁਰੂ ਮਹਾਰਾਜ ਜੀ ਨੇ ਉਨ੍ਹਾਂ ਨੂੰ ਪੂਰਨ ਕਰ ਦਿਤਾ ਤਾਂ ਉਹ ਪਿੰਡ ਭੇਜ ਦਿਤੇ ਕਿ ਜਾਉ, ਭਾਈ ਬਹਿਲੋ! ਤੁਸੀਂ ਉਥੇ ਸਿੱਖੀ ਦਾ ਪ੍ਰਚਾਰ ਕਰੋ। ਇਹ ਪਿੰਡ 'ਭਾਈ ਕੇ ਫਫੜੇ' ਮਾਨਸਾ ਤੋਂ ਕੋਈ ਤਿੰਨ ਮੀਲ ਤੇ ਹੈ, ਉਥੇ ਦੇ ਰਹਿਣ ਵਾਲੇ ਸੀ। ਸੋ ਉਹ ਇਥੇ ਆ ਗਏ। ਇਥੇ ਆ ਕੇ ਮਸਤ ਅਵਸਥਾ ਵਿਚ ਰਹਿੰਦੇ, ਇਕ ਵਕਤ ਭੋਜਨ ਛਕਣਾ, ਬਾਕੀ ਹਰ ਸਮੇਂ ਸਿਮਰਨ ਕਰਨਾ। ਸੱਚੇ ਪਾਤਸ਼ਾਹ! ਇਕ ਦਿਨ ਐਸੀ ਗੱਲ ਹੋਈ ਕਿ ਗੁਰੂ ਦੀ ਸੰਗਤ ਆ ਗਈ। ਜਦੋਂ ਦੂਰੋਂ ਹੀ ਸੰਗਤ ਆਉਂਦੀ ਦੇਖੀ ਤਾਂ ਭਾਈ ਬਹਿਲੋ ਜੀ ਨੇ ਕਿਹਾ ਕਿ ਭਾਈ! ਸੰਗਤ ਧੂੜ ਵਿਚੋਂ ਆ ਰਹੀ ਹੈ, ਘਰ ਵਿਚ ਜੋ ਵੱਡੀ ਪਰਾਤ ਹੈ, ਲੈ ਆਓ, ਜਲ ਦੀ ਭਰੋ ਤੇ ਆਪਾਂ ਸੰਗਤ ਦੇ ਚਰਨ ਧੋਈਏ। ਜਦੋਂ ਪਰਾਤ ਲੈਣ ਲਈ ਸੇਵਾਦਾਰ ਨੂੰ ਭੇਜਿਆ ਤਾਂ ਇਨ੍ਹਾਂ ਦੀ ਨੂੰਹ ਨੇ ਪਾਣੀ ਦੀ ਪਰਾਤ ਭਰ ਕੇ ਆਪਣੇ ਛੋਟੇ-ਛੋਟੇ ਪੁਤਰ ਪਾਣੀ ਵਿਚ ਬਿਠਾਏ ਹੋਏ ਸਨ ਅਤੇ ਇਸ਼ਨਾਨ ਕਰਾ ਰਹੀ ਸੀ, ਉਹਦੇ ਤਿੰਨ ਬੱਚੇ ਸਨ, ਗਰਮੀ ਬਹੁਤ ਸੀ, ਗਰਮੀ ਤੋਂ ਬਚਾਉਣ ਵਾਸਤੇ ਉਸ ਨੇ ਵਿਚ ਬਿਠਾਏ ਹੋਏ ਸੀ। ਜਦੋਂ ਸੇਵਾਦਾਰ ਨੇ ਕਿਹਾ ਕਿ ਬੀਬੀ ਜੀ! ਮਹਾਂਪੁਰਸ਼ ਪਰਾਤ ਮੰਗਾਉਂਦੇ ਨੇ, ਸੰਗਤ ਆਈ ਹੈ, ਉਨ੍ਹਾਂ ਨੇ ਪਾਣੀ ਭਰ ਕੇ ਸੰਗਤ ਦੇ ਚਰਨ ਧੋਣੇ ਹਨ ਤਾਂ ਉਨ੍ਹਾਂ ਦੀ ਨੂੰਹ ਨੇ ਕਿਹਾ ਕਿ ਭਾਈ! ਗਰਮੀ ਐਨੀ ਹੈ, ਮੈਂ ਬੱਚਿਆਂ ਨੂੰ ਪਾਣੀ 'ਚੋਂ ਬਾਹਰ ਕੱਢ ਕੇ ਕਿਥੇ ਬਿਠਾਵਾਂ, ਜੇ ਖਾਲੀ ਹੁੰਦੀ ਤਾਂ ਲੈ ਜਾਂਦਾ। ਹੁਣ ਤਾਂ ਬੱਚੇ ਆਰਾਮ ਨਾਲ ਬੈਠੇ ਨੇ। ਉਸਨੇ ਫੇਰ ਕਿਹਾ ਕਿ ਸੰਗਤ ਆਈ ਹੈ ਉਨ੍ਹਾਂ ਨੇ ਮੈਨੂੰ ਤਾਕੀਦ ਨਾਲ ਕਿਹਾ ਹੈ। ਦੂਜੀ ਵਾਰੀ ਸੇਵਾਦਾਰ ਆਇਆ ਫੇਰ ਮੋੜ ਦਿਤਾ ਕਿ ਹੋਰ ਲੈ ਜਾ ਕੋਈ ਬਰਤਨ ਚੁਕ ਕੇ, ਪਰ ਪਰਾਤ ਨਾ ਦਿਤੀ। ਜਦੋਂ ਉਹ ਸੇਵਾਦਾਰ ਗਿਆ ਤਾਂ ਭਾਈ ਬਹਿਲੋ ਜੀ ਕਹਿਣ ਲੱਗੇ ਕਿ ਕੀ ਗੱਲ ਤੂੰ ਪਰਾਤ ਨਹੀਂ ਲਿਆਇਆ? ਤਾਂ ਉਸਨੇ ਕਿਹਾ ਕਿ ਮਹਾਰਾਜ! ਪਰਾਤ ਵਿਚ ਬੱਚੇ ਪਾਣੀ ਵਿਚ ਬਿਠਾਏ ਹੋਏ ਸਨ, ਬੀਬੀ ਜੀ ਨੇ ਦਿਤੀ ਨਹੀਂ। ਕਹਿਣ ਲੱਗੇ, "ਬੱਚਿਆਂ ਨੂੰ ਕਿਥੇ ਬਿਠਾਵਾਂ?" ਉਸ ਵੇਲੇ ਆਪ ਨੇ ਸਹਿਜ ਸੁਭਾਅ ਹੀ ਕਹਿ ਦਿਤਾ ਕਿ ਬੱਚਿਆਂ ਨੇ ਕਿਤੇ ਰਹਿਣਾ ਹੈ, ਇਥੇ ਪਰਾਤ ਨੇ ਹੀ ਰਹਿਣਾ ਹੈ। ਮਹਾਂਪੁਰਸ਼ਾਂ ਦਾ ਬਚਨ ਅਮੋਘ ਬਾਣ ਹੋਇਆ ਕਰਦਾ ਹੈ ਇਹ ਚਲ ਗਿਆ ਤਾਂ ਫੇਰ ਜਾ ਕੇ ਮਾਰ ਕਰਿਆ ਹੀ ਕਰਦਾ ਹੈ। ਥੋੜ੍ਹੇ ਦਿਨਾਂ ਵਿਚ ਤਿੰਨੇ ਬੱਚੇ ਮਰ ਗਏ, ਪਰਾਤ ਖਾਲੀ ਹੋ ਗਈ। ਉਨ੍ਹਾਂ ਦਾ ਜਿਹੜਾ ਲੜਕਾ ਸੀ, ਉਹ ਆਪਣੇ ਪਿਤਾ ਉਪਰ ਬਹੁਤ ਹੀ ਸ਼ਰਧਾ ਭਾਵਨਾ ਰਖਿਆ ਕਰਦਾ ਸੀ। ਉਸਦਾ ਨਾਮ ਨਾਨੂੰ ਸੀ, ਸੋਝੀ ਵਾਲਾ ਸੀ। ਹਰੇਕ ਮਹਾਂਪੁਰਸ਼ਾਂ ਦੇ ਬੱਚੇ ਸੋਝੀ ਵਾਲੇ ਨਹੀਂ ਹੋਇਆ ਕਰਦੇ, ਆਮ ਤੌਰ ਤੇ ਮੂਰਖ ਹੀ ਹੋਇਆ ਕਰਦੇ ਹਨ। ਆਪਣੇ ਪਿਤਾ ਪਿਤਾਮਾ ਤੋਂ ਉਲਟੀਆਂ ਗੱਲਾਂ ਹੀ ਕਰਿਆ ਕਰਦੇ ਹਨ ਪਰ ਭਾਈ ਨਾਨੂੰ ਜੀ ਨੇ ਭਾਣਾ ਮੰਨਿਆਂ, ਆਪਣੇ ਪਿਤਾ ਦੀ ਸੇਵਾ ਪਹਿਲਾਂ ਨਾਲੋਂ ਵੀ ਜ਼ਿਆਦਾ ਕਰਨ ਲਗ ਗਿਆ। ਉਸਨੂੰ ਨਿਸ਼ਚਾ ਆ ਗਿਆ ਕਿ ਮੇਰੇ ਪਿਤਾ ਜੀ ਪੂਰਨ ਸੰਤ ਹਨ। ਜੋ ਮੈਂ ਮੰਗਾਗਾਂ ਉਹ ਮੈਨੂੰ ਮਿਲ ਜਾਵੇਗਾ ਕਿਉਂਕਿ ਸੁਖਮਨੀ ਸਾਹਿਬ ਦੀ ਬਾਣੀ ਉਪਰ ਪੂਰਾ ਵਿਸ਼ਵਾਸ਼ ਸੀ ਜਿਸ ਦਾ ਇਸ ਤਰ੍ਹਾਂ ਵਰਣਨ ਕੀਤਾ ਹੋਇਆ ਹੈ –

***ਧਾਰਨਾ – ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ***

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥***

***ਪੰਨਾ – 266***

ਮਨ ਵਿਚ ਵਿਚਾਰ ਕਰੀ ਕਿ ਇਨ੍ਹਾਂ ਨੂੰ ਮੈਂ ਆਪਣੇ ਪਿਤਾ ਨਾ ਜਾਣਾ, ਇਹ ਤਾਂ ਪੂਰਨ ਮਹਾਤਮਾ ਹਨ, ਪ੍ਰਵਾਨ ਹੋਏ ਹੋਏ ਗੁਰਸਿੱਖ ਹਨ। ਭਾਈ ਨਾਨੂੰ ਨੇ ਆਪਣੇ ਪਿਤਾ ਦੀ ਸੇਵਾ ਕਰਨੀ ਸ਼ੁਰੂ ਕਰ ਦਿਤੀ। ਪਿਤਾ ਭਾਵਨਾ ਛੱਡ ਕੇ, ਮਹਾਂਪੁਰਸ਼ਾਂ ਵਾਲੀ ਭਾਵਨਾ ਧਾਰਨ ਕਰ ਲਈ, ਪ੍ਰਸ਼ਾਦੇ ਵੀ ਆਪ ਛਕਾਉਂਦਾ ਹੈ, ਬਰਤਨ ਵੀ ਆਪ ਮਾਂਜਦਾ ਹੈ, ਕੱਪੜੇ ਵੀ ਆਪ ਧੋਂਦਾ ਹੈ। ਜਿੰਨਾਂ ਚਿਰ ਭਾਈ ਬਹਿਲੋ ਜੀ ਪ੍ਰਸ਼ਾਦਾ ਛੱਕਦੇ ਹੁੰਦੇ ਸਨ ਓਨਾਂ ਚਿਰ ਆਪ ਦੋਵੇਂ ਹੱਥ ਜੋੜ ਕੇ ਪਾਸ ਬੈਠਾ ਰਹਿੰਦਾ। ਇਕ ਦਿਨ ਭਾਈ ਬਹਿਲੋ ਜੀ ਕਹਿਣ ਲੱਗੇ, "ਭਾਈ ਨਾਨੂੰ! ਕਿਹੜੇ ਮਨੋਰਥ ਨੂੰ ਸਾਮ੍ਹਣੇ ਰਖ ਕੇ ਤੂੰ ਸੇਵਾ ਕਰ ਰਿਹਾ ਹੈਂ?" ਉਸਨੇ ਬਹੁਤ ਹੀ ਅਧੀਨਗੀ ਨਾਲ ਕਿਹਾ ਕਿ ਪਿਤਾ ਜੀ! ਆਪਣਾ ਵੰਸ ਅਗਾਹਾਂ ਨਹੀਂ ਚਲ ਰਿਹਾ, ਤੁਹਾਡਾ ਸਹਿਜ ਸੁਭਾਅ ਬਚਨ ਹੋ ਗਿਆ ਸੀ, ਤੁਹਾਡੇ ਤਿੰਨੇ ਪੜੋਤੇ ਚੜ੍ਹਾਈ ਕਰ ਗਏ ਸਨ। ਆਪ ਕ੍ਰਿਪਾ ਕਰੋ ਵੇਲ ਵਧੇ ਤੇ ਪੀੜ੍ਹੀ ਚਲ ਪਵੇ। ਭਾਈ ਬਹਿਲੋ ਜੀ ਕਹਿਣ ਲੱਗੇ ਕਿ ਜਾਹ ਤੇਰੇ ਇਕ ਪੁਤਰ ਹੋਵੇਗਾ, ਉਸਦੇ ਬਹੁਤ ਸਾਰੇ ਪੁਤਰ ਹੋਣਗੇ ਜਿਨ੍ਹਾਂ ਤੋਂ ਪਿੰਡ ਵਸਣਗੇ। ਗੁਰੂ ਦਸ਼ਮੇਸ਼ ਪਿਤਾ ਜੀ ਪਾਸ ਭਾਈ ਬਹਿਲੋ ਦੇ ਪੜੋਤੇ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਸਾਡੇ ਪੜਦਾਦਾ ਜੀ ਭਾਈ ਬਹਿਲੋ ਜੀ ਨੂੰ ਆਪ ਦੀ ਕ੍ਰਿਪਾ ਨਾਲ ਬਚਨ ਹੋਇਆ ਤਾਂ ਭਾਈ ਭਗਤਾ ਜੀ ਹੋਏ। ਉਨ੍ਹਾਂ ਦੇ ਪੋਤੇ, ਉਨ੍ਹਾਂ ਦੇ ਨਾਮ ਤੇ ਇਹ ਪਿੰਡ ਬੰਨ੍ਹਿਆ ਹੋਇਆ ਹੈ। ਉਸ ਤੋਂ ਫੇਰ ਪੰਜ ਪੁੱਤਰ ਹੋਏ। ਮਹਾਰਾਜ ਜੀ ਇਹ ਖੂਹ ਲਗਣਾ ਤਾਂ ਆਪ ਦੀ ਬਖਸ਼ਿਸ਼ ਹੀ ਹੈ ਅਸੀਂ ਤਾਂ ਆਪ ਦੇ ਅਨੁਸਾਰੀ ਹਾਂ।

ਸਾਧੂ ਦੇ ਬਚਨ ਦਾ ਜ਼ਿਕਰ ਹੋ ਰਿਹਾ ਹੈ। ਸਾਧਸੰਗਤ ਜੀ ਆਪਾਂ ਜੂਨਾਂ ਦੀ ਗੱਲ ਕਰ ਰਹੇ ਸੀ। ਗੁਰੂ ਦਸ਼ਮੇਸ਼ ਪਿਤਾ ਜੀ ਮਾਲਵੇ ਦੇ ਕਈ ਪਿੰਡਾਂ ਵਿਚ ਚਰਨ ਪਾ ਰਹੇ ਹਨ। ਇਕ ਥਾਂ ਤੇ ਆਪ ਗਏ ਉਥੇ ਆਪ ਸਿੱਖਾਂ ਸਮੇਤ ਜਾ ਰਹੇ ਹਨ। ਅਚਾਨਕ ਆਪ ਦੇ ਮੁਖ ਤੋਂ ਇਸ ਤਰ੍ਹਾਂ ਦਾ ਬਚਨ ਹੋ ਗਿਆ-

*ਧਾਰਨਾ -ਤ੍ਰਿਸ਼ਨਾ ਬੁਝੀ ਨਾ,*
*ਸੰਸਾਰ ਭਾਵੇਂ ਛੱਡ 'ਤਾ,*
*ਤਿਤਰ ਹੋ ਕੇ ਕਾਹਨੂੰ ਬੋਲਦੈਂ*

*ਭੂਮੀਆ ਭੂਮਿ ਊਪਰਿ ਨਿਤ ਲੁਝੈ॥*
*ਛੋਡਿ ਚਲੈ ਤ੍ਰਿਸਨਾ ਨਹੀ ਬੁਝੈ॥*
*ਪੰਨਾ - 188*

ਸਿੰਘਾਂ ਨੇ ਕਿਹਾ, "ਸੱਚੇ ਪਾਤਸ਼ਾਹ! ਅੈਹ ਤਿਤਰ ਬੋਲਦੇ ਨੂੰ ਸੁਣ ਕੇ ਆਪ ਨੇ ਗੁਰ ਸ਼ਬਦ ਦਾ ਉਚਾਰਨ ਕੀਤਾ ਹੈ।" ਗੁਰੂ ਮਹਾਰਾਜ ਜੀ ਨੇ ਕਿਹਾ, "ਹਾਂ ਭਾਈ।" ਸਿੰਘਾਂ ਨੇ ਕਿਹਾ, "ਮਹਾਰਾਜ ਜੀ ਸਾਨੂੰ ਵੀ ਕੁਛ ਪਤਾ ਲੱਗੇ।" ਮਹਾਰਾਜ ਜੀ ਕਹਿਣ ਲੱਗੇ ਕਿ ਇਹ ਜਿਹੜਾ ਤਿਤਰ ਬੋਲਦਾ ਹੈ, ਖੱਬੀ ਅੱਖ ਤੋਂ ਕਾਣਾ ਹੈ, ਇਹ ਬਹੁਤ ਜਨਮ ਪਹਿਲਾਂ ਇਥੋਂ ਦਾ ਰਾਜਾ ਸੀ। ਦੇਖੋ ਨਾ, ਪਿੰਡ ਥੇਹ ਹੋ ਗਿਆ, ਪਿੰਡ ਦਾ ਨਾਉਂ ਗੰਢ ਥੇਹ ਸੀਗਾ। ਇਹ ਇਥੋਂ ਦਾ ਰਾਜਾ ਸੀ ਜਿਸ ਜ਼ਮੀਨ ਵਿਚੀਂ ਅਸੀਂ ਜਾ ਰਹੇ ਹਾਂ ਇਹ ਇਸਦੀ ਮਲਕੀਅਤ ਸੀ ਇਹ ਵਾਸ਼ਨਾ ਦਾ ਬੰਨ੍ਹਿਆ ਹੋਇਆ ਮੁੜ-ਮੁੜ ਕੇ ਇਥੇ ਜਨਮ ਲੈਂਦਾ ਹੈ। ਵਾਸ਼ਨਾ ਦਾ ਬੰਨ੍ਹਿਆ ਹੋਇਆ ਬਹੁਤ ਜਨਮ ਲਿਆ ਕਰਦਾ ਹੈ -

*ਵਾਸਨਾ ਬਧਾ ਆਵੈ ਜਾਇ॥*

ਵਾਸ਼ਨਾ ਦਾ ਬੰਨ੍ਹਿਆ ਹੋਇਆ ਜੰਮ ਪੈਂਦਾ ਹੈ, ਮਰ ਜਾਂਦਾ ਹੈ। ਸ਼ਿਕਾਰੀ ਆ ਕੇ ਮਾਰ ਲੈਂਦੇ ਨੇ, ਫੇਰ ਤਿੱਤਰ ਬਣ ਜਾਂਦਾ ਹੈ। ਇਹਦੀ ਸਿਮ੍ਰਤੀ ਨਹੀਂ ਨਸ਼ਟ ਹੋ ਰਹੀ, ਇਹਨੂੰ ਇਹ ਪਤਾ ਰਿਹਾ ਹੈ ਕਿ ਇਹ ਰਾਜਧਾਨੀ ਮੇਰੀ ਸੀ, ਇਥੇ ਮੇਰੀਆਂ ਜ਼ਮੀਨਾਂ ਸਨ। ਛੱਡ ਤਾਂ ਗਿਆ ਪਰ ਤ੍ਰਿਸ਼ਨਾ ਨਹੀਂ ਬੁਝਦੀ। ਜਾਓ ਇਸਨੂੰ ਫੜ ਕੇ ਲਿਆਓ। ਸਿੰਘਾਂ ਨੇ ਘੇਰ ਕੇ ਫੜ ਲਿਆ। ਕਹਿਣ ਲੱਗੇ, "ਸੱਚੇ ਪਾਤਸ਼ਾਹ! ਇਹ ਤਾਂ ਸਚਮੁਚ ਹੀ ਖੱਬੀ ਅੱਖ ਤੋਂ ਕਾਣਾ ਹੈ।" ਸਿੰਘਾਂ ਨੇ ਕਿਹਾ, "ਮਹਾਰਾਜ! ਇਹਦਾ ਵੀ ਕਦੇ ਉਧਾਰ ਹੋਵੇਗਾ?" ਮਹਾਰਾਜ ਜੀ ਨੇ ਫੁਰਮਾਇਆ ਕਿ ਇਹਨੇ ਦਰਸ਼ਨ ਕਰ ਲਏ ਹਨ, ਹੁਣ ਇਹਦਾ ਉਧਾਰ ਹੋ ਜਾਵੇਗਾ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਉਸ ਤਿੱਤਰ ਦੀ ਰੂਹ ਦਾ ਉਧਾਰ ਕਰਿਆ। ਆਪ ਐਸੇ ਕੌਤਕ ਕਰਦੇ ਹੀ ਰਹਿੰਦੇ ਸਨ। ਆਪ ਇਸ ਪਿੰਡ ਵਿਚ ਹੀ ਠਹਿਰੇ ਹੋਏ ਸਨ ਅਤੇ ਪਲੰਘ ਤੇ ਬਿਰਾਜ ਰਹੇ ਸਨ। ਐਨੇ ਨੂੰ ਰੌਲਾ-ਘਚੌਲਾ ਮਚ ਗਿਆ, "ਮਹਾਰਾਜ ਬਖਸ਼ ਲਓ, ਮਹਾਰਾਜ ਬਖਸ਼ ਲਓ, ਮਹਾਰਾਜ ਬਖਸ਼ ਲਓ, ਮਹਾਰਾਜ ਬਖਸ਼ ਲਓ - ਕ੍ਰਿਪਾ ਕਰੋ, ਕ੍ਰਿਪਾ ਕਰੋ।" ਮਹਾਰਾਜ ਜੀ ਨੇ ਚਾਦਰਾ ਮੁਖ ਤੋਂ ਲਾਹਿਆ, ਕੀ ਦੇਖਦੇ ਨੇ, ਪ੍ਰੇਤ ਹੀ ਪ੍ਰੇਤ ਖੜ੍ਹੇ ਨੇ। ਗੁਰੂ ਮਹਾਰਾਜ ਜੀ ਨੇ ਕਿਹਾ, "ਤੁਸੀਂ ਕਿਉਂ ਖੜ੍ਹੇ ਹੋ?" ਕਹਿਣ ਲੱਗੇ, "ਸੱਚੇ ਪਾਤਸ਼ਾਹ! ਅਸੀਂ ਬਹੁਤ ਦੁਖੀ ਹਾਂ, ਸਾਨੂੰ ਸਿਰਫ ਪੰਜ ਮਣ ਛੋਲੇ ਦਿੰਦੇ ਨੇ, ਜਿਸ ਨਾਲ ਸਾਡੀ ਭੁੱਖ ਨਹੀਂ ਪੂਰੀ ਹੁੰਦੀ। ਗੁਰੂ ਪੰਜਵੇਂ ਪਾਤਸ਼ਾਹ ਨੇ ਸਾਰੀਆਂ ਅਵਿਅਕਤ ਰੂਹਾਂ ਨੂੰ ਇਸ ਖਾਨਦਾਨ ਦੇ ਵਸ ਕਰ ਦਿਤਾ, ਇਨ੍ਹਾਂ ਨੇ ਸਾਨੂੰ ਥਾਂ-ਥਾਂ ਤੇ ਕੈਦ ਰੱਖਿਆ ਹੋਇਆ ਹੈ। ਆਪ ਕ੍ਰਿਪਾ ਕਰੋ, ਸਾਡੀ ਖਲਾਸੀ ਕਰੋ।" ਗੁਰੂ ਮਹਾਰਾਜ ਜੀ ਨੇ ਕਿਹਾ ਕਿ ਹੁਣ ਤਾਂ ਤੁਸੀਂ ਜਾਓ, ਦੀਵਾਨ ਤੋਂ ਪਿਛੋਂ ਫੇਰ ਆਇਓ। ਇੰਨੇ ਨੂੰ ਪੰਜੇ ਪੁੱਤਰ ਭਾਈ ਭਗਤੇ ਦੇ ਆ ਗਏ। ਉਨ੍ਹਾਂ ਨੇ ਕਿਹਾ ਕਿ ਸੱਚੇ ਪਾਤਸ਼ਾਹ! ਸਾਨੂੰ ਸੇਵਾ ਦੱਸੋ। ਮਹਾਰਾਜ ਜੀ ਨੇ ਕਿਹਾ ਕਿ ਪਹਿਲੀ ਸੇਵਾ ਤਾਂ, ਇਹ ਜੋ ਭੂਤ ਪ੍ਰੇਤ ਗੁਰੂ ਮਹਾਰਾਜ ਨੇ ਤੁਹਾਡੇ ਵਸ ਕੀਤੇ ਹਨ ਇਨ੍ਹਾਂ ਨੂੰ ਛੱਡ ਦਿਓ, ਇਨ੍ਹਾਂ ਨੂੰ ਇਸ ਤਰ੍ਹਾਂ ਕੈਦ ਕਰਕੇ ਨਾ ਰੱਖੋ। ਕਹਿਣ ਲੱਗੇ, "ਮਹਾਰਾਜ ਜੀ ਇਹ ਫੇਰ ਲੋਕਾਂ ਨੂੰ ਤੰਗ ਕਰਨਗੇ?"

ਉਸ ਵੇਲੇ ਮਹਾਰਾਜ ਜੀ ਨੇ ਕਿਹਾ ਕਿ ਜਿਹੜੇ ਤੁਹਾਡੇ ਕੋਲ ਆ ਜਾਇਆ ਕਰਨਗੇ ਉਨ੍ਹਾਂ ਨੂੰ ਤੰਗ ਨਹੀਂ ਕਰਨਗੇ ਅਤੇ ਉਨ੍ਹਾਂ ਪ੍ਰੇਤਾਂ ਨੂੰ ਹੁਕਮ ਦਿਤਾ ਕਿ ਜਾਓ ਕਿਸੇ ਨੂੰ ਤੰਗ ਨਹੀਂ ਕਰਨਾ, ਖੁਲ੍ਹੇ ਫਿਰੋ। ਸੋ ਕਿਥੇ-ਕਿਥੇ ਗਿਣਿਆ ਜਾਵੇ ਕਿ ਜੀਵ ਕਿਥੇ-ਕਿਥੇ ਜਾਂਦੇ ਨੇ। ਇਹਦੇ ਬਾਰੇ ਕੋਈ ਕਹਿ ਨਹੀਂ ਸਕਦਾ ਕਿ ਕਿਥੇ-ਕਿਥੇ ਜਾਣਾ ਹੈ, ਜਾਣਾ ਜ਼ਰੂਰ ਹੈ, ਕਿਉਂਕਿ ਦੁਖ ਬਹੁਤ ਮਿਲਦਾ ਹੈ ਸਾਧਸੰਗਤ ਜੀ, ਭੂਤ ਬਣ ਕੇ ਕਿੰਨੇ ਦੁਖੀ ਹੁੰਦੇ ਨੇ।

*ਧਾਰਨਾ - ਦੁਖ ਘਨੇਰੇ,*
*ਪ੍ਰੇਤ ਪਿੰਜਰ ਮਹਿ*
*ਦੁਖ ਘਨੇਰੇ ਦੁਖ ਘਨੇਰੇ*

*ਪ੍ਰੇਤ ਪਿੰਜਰ ਮਹਿ ਦੂਖ ਘਨੇਰੇ॥*
*ਨਰਕਿ ਪਚਹਿ ਅਗਿਆਨ ਅੰਧੇਰੇ॥*
*ਧਰਮ ਰਾਇ ਕੀ ਬਾਕੀ ਲੀਜੈ*
*ਜਿਨਿ ਹਰਿ ਕਾ ਨਾਮੁ ਵਿਸਾਰਾ ਹੇ॥*
*ਪੰਨਾ - 1029*

ਸੋ ਇਸ ਤਰ੍ਹਾਂ ਬਹੁਤ ਦੁੱਖੀ ਹੋਣਾ ਪੈਂਦਾ ਹੈ - ਇਨ੍ਹਾਂ ਪਿੰਜਰਾਂ 'ਚ ਜਾ ਕੇ। ਆਹ ਤਾਂ ਮਨੁੱਖ ਦਾ ਸਰੀਰ ਜਿਹਨੂੰ ਮਿਲ ਗਿਆ, ਉਹ ਗਾਫਲ ਹੋ ਕੇ ਨਾ ਗਵਾਵੇ। ਇਸ ਤੋਂ ਪੂਰਾ-ਪੂਰਾ ਕੰਮ ਲਵੋ। ਜਿਸ ਕੰਮ ਨੂੰ ਕਰਨ ਵਾਸਤੇ ਮਨੁੱਖ ਦਾ ਸਰੀਰ ਪ੍ਰਾਪਤ ਹੋਇਆ ਹੈ, ਉਹ ਕੰਮ ਕਰੋ -

*ਧਾਰਨਾ - ਇਹੋ ਤੇਰੀ ਵਾਰੀ ਹੈ,*
*ਗੋਬਿੰਦ ਮਿਲਣੇ ਦੀ - 2, 2.*

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*

*ਮਿਲ ਸਾਧ ਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥*
*ਪੰਨਾ - 12*

ਇਸ ਤਰ੍ਹਾਂ ਇਹ ਜੀਵ ਵਾਸ਼ਨਾਂ ਬੱਧਾ ਪਤਾ ਨਹੀਂ ਕਿਸ-ਕਿਸ ਜੂਨ ਵਿਚ ਭਟਕਦਾ ਹੈ।

*ਕਿਥਹੁ ਉਪਜੈ ਕਹ ਰਹੈ*
*ਕਹ ਮਾਹਿ ਸਮਾਵੈ॥*
*ਜੀਅ ਜੰਤ ਸਭਿ ਖਸਮ ਕੇ*
*ਕਉਣੁ ਕੀਮਤਿ ਪਾਵੈ॥ ਪੰਨਾ - 1193*

ਸੋ ਇਸ ਤਰ੍ਹਾਂ ਪ੍ਰਾਣਾਂ ਦਾ ਵਿਯੋਗ ਹੋ ਕੇ ਇਹ ਜੀਵ ਕਿਥੇ ਜਾਂਦਾ ਹੈ? ਗੁਰੂ ਮਹਾਰਾਜ ਨੇ ਇਸ ਬਾਰੇ ਫੁਰਮਾਨ ਕੀਤਾ ਹੈ ਕਿ ਜੀਅ ਜੰਤ ਸਭ ਵਾਹਿਗੁਰੂ ਜੀ ਦੇ ਹਨ ਜਿਨ੍ਹਾਂ ਦੀ ਕੋਈ ਗਿਣਤੀ ਨਹੀਂ ਕਰ ਸਕਦਾ। ਇਹ ਐਨਾ ਲੰਮਾ ਚੌੜਾ ਸਵਾਲ ਹੈ ਕਿ ਇਸ ਦੇ ਬਾਰੇ ਭੇਤ ਦੇਣਾ ਬਹੁਤ ਹੀ ਔਖਾ ਹੈ ਜਿਵੇਂ ਕਿ ਉਪਰ ਪੜ੍ਹਿਆ ਹੀ ਹੈ -

*ਜੀਅ ਜੰਤ ਸਭਿ ਖਸਮ ਕੇ*
*ਕਉਣੁ ਕੀਮਤਿ ਪਾਵੈ॥ ਪੰਨਾ - 1193*

ਜਿਸ ਵਿਚ ਕੁਝ ਐਸੀਆਂ ਵਾਰਤਾਵਾਂ ਹਨ ਜਿਨ੍ਹਾਂ ਤੋਂ ਸਾਨੂੰ ਵਿਸ਼ਵਾਸ਼ ਹੁੰਦਾ ਹੈ ਕਿ ਜੀਵ ਕਰਮਾਂ ਦੇ ਹਿਸਾਬ ਨਾਲ ਜੂਨਾਂ ਵਿਚ ਜਾਂਦਾ ਹੈ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਸਿੰਘਾਂ ਦੇ ਨਾਲ ਜਾ ਰਹੇ ਹਨ। ਜਦੋਂ ਇਕ ਪਿੰਡ ਵਿਚ ਪੁਜੇ ਤਾਂ ਗੁਰੂ ਮਹਾਰਾਜ ਜੀ ਦੀ ਦ੍ਰਿਸ਼ਟੀ ਇਕ ਦਰੱਖਤ ਦੇ ਮੁੱਢ ਤੇ ਪਈ, ਉਥੇ ਇਕ ਘੋਗੜ ਬੈਠਾ ਦਿਸਿਆ। ਦਸਮੇਸ਼ ਪਿਤਾ ਜੀ ਨੇ ਆਪਣੀ ਕਮਾਣ ਤੇ ਤੀਰ ਚਾੜ੍ਹਿਆ ਅਤੇ ਘੋਗੜ ਦੇ ਮਾਰਿਆ। ਇਕ ਵਿਸ਼ੇਸ਼ ਗੱਲ ਇਹ ਹੈ ਕਿ ਗੁਰੂ ਦਸ਼ਮੇਸ਼ ਪਿਤਾ ਜੀ ਦੇ ਹਰ ਤੀਰ ਨਾਲ ਸਵਾ ਤੋਲੇ ਸੋਨਾ ਲੱਗਿਆ ਹੁੰਦਾ। ਜਦੋਂ ਆਪ ਜੁੱਧ ਕਰਦੇ ਸਨ ਤਾਂ ਜਿਸਦੇ ਵੀ ਇਹ ਬਾਣ ਲਗਦੇ, ਸਵਾ ਤੋਲਾ ਸੋਨਾ ਤੀਰ ਦੇ ਨਾਲ ਹੀ ਜਾਂਦਾ। ਗੁਰੂ ਮਹਾਰਾਜ ਜੀ ਨੇ ਪੁੱਛਣ ਤੇ ਦਸਿਆ ਕਿ ਭਾਈ, ਸਾਡਾ ਕਿਸੇ ਨਾਲ ਕੋਈ ਵੈਰ ਨਹੀਂ ਹੈ। ਅਸੀਂ ਸਰਬੱਤ ਦਾ ਭਲਾ ਚਾਹੁੰਦੇ ਹਾਂ। ਸੰਸਾਰ ਵਿਚ ਕਿਸੇ ਨੂੰ ਵੀ ਦੁਖੀ ਦੇਖਣਾ ਨਹੀਂ ਚਾਹੁੰਦੇ। ਇਹ ਜਿਹੜੀਆਂ ਫੌਜਾਂ ਅਸਾਡੇ ਉਤੇ ਚੜ੍ਹ-ਚੜ੍ਹ ਕੇ ਆਉਂਦੀਆਂ ਹਨ, ਇਹ ਮੂੜ੍ਹ ਰਾਜਿਆਂ ਦੀਆਂ ਫੌਜਾਂ ਹਨ ਜਿਨ੍ਹਾਂ ਨਾਲ ਸਾਡਾ ਕੋਈ ਵੈਰ ਨਹੀਂ ਹੈ ਜਿਵੇਂ ਕਿ ਅਸੀਂ ਫਤਹਿ ਚੰਦ ਦੀ ਲੜਕੀ ਦੀ ਸ਼ਾਦੀ ਤੇ ਸਵਾ ਲੱਖ ਰੁਪਈਏ ਦਾ ਤੰਬੋਲ ਭੇਜਿਆ। ਸਾਧਸੰਗਤ ਜੀ! ਅੰਦਾਜ਼ਾ ਲਾਓ ਕਿ ਉਸ ਵੇਲੇ ਦਾ ਸਵਾ ਲੱਖ ਰੁਪਿਆ ਅੱਜ ਦੇ ਕਿੰਨੇ ਕ੍ਰੋੜਾਂ ਦੇ ਬਰਾਬਰ ਹੈ।

ਪੰਜ ਸੌ ਸਿੰਘਾਂ ਦੇ ਕਰੀਬ ਉਹ **gift** (ਸੁਗਾਤ) ਲੈ ਕੇ ਗਏ ਪਰ ਉਥੇ ਇਕੱਠੇ ਹੋਏ ਰਾਜਿਆਂ ਦੀ ਬਦਨੀਤੀ ਦੇਖ ਕੇ ਤੰਬੋਲ ਸਹੀ ਸਲਾਮਤ ਵਾਪਸ ਲੈ ਆਏ। ਇਸੇ ਫਤਹਿਚੰਦ ਦੀ ਰਾਜਾ ਮੇਦਨੀ ਚੰਦ ਨਾਹਨ ਵਾਲਿਆਂ ਨਾਲ ਸੁਲ੍ਹਾ ਕਰਾਈ ਸੀ। ਦੋਹਾਂ ਨੂੰ ਸਮਝਾ ਕੇ ਸਮਝੌਤਾ ਕਰਾਇਆ ਪਰ ਫਤਹਿਚੰਦ ਦਾ ਵਰਤਾਰਾ ਕਿਹੋ ਜਿਹਾ ਨੀਵਾਂ ਸੀ। ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ -

*ਫਤਹਿ ਚੰਦ ਕੋਪਾ ਤਬ ਰਾਜਾ*
*ਲੋਹ ਪਰਾ ਹਮ ਸਿਉ ਬਿਨ ਕਾਜਾ।*
*ਬਚਿਤ੍ਰ ਨਾਟਕ*

ਮਹਾਰਾਜ ਕਹਿਣ ਲੱਗੇ, ਜਦੋਂ ਇਕ ਪਾਸੇ ਉਸਦੀ ਲੜਕੀ ਲਈ ਐਨਾ ਕੀਮਤੀ ਤੰਬੋਲ ਭੇਜਦੇ ਹਾਂ ਪਰ ਉਸਨੇ ਸਾਡੀ ਭਾਵਨਾ ਦੀ ਐਸੀ ਕੀਮਤ ਪਾਈ ਕਿ ਪਹਾੜੀ ਰਾਜੇ ਭੰਗਾਣੀ ਦੇ ਮੈਦਾਨ ਵਿਚ ਅਸਾਡੇ ਉਤੇ ਬਿਨਾਂ ਕਿਸੇ ਕਾਰਨ ਤੋਂ ਚੜ੍ਹਾਈ ਕਰਕੇ ਆ ਗਏ। ਸਾਡਾ ਕਿਸੇ ਸਲਤਨਤ ਨਾਲ ਕੋਈ ਵੀ ਵੈਰ ਨਹੀਂ ਸੀ, ਅਸੀਂ ਚਾਹੁੰਦੇ ਹਾਂ ਕਿ ਸਾਰਾ ਸੰਸਾਰ ਸੁਖੀ ਵਸੇ। ਅਸੀਂ ਆਪਣੇ ਗੁਰਸਿੱਖਾਂ ਨੂੰ ਸਿਖਾਇਆ ਹੈ ਕਿ ਪ੍ਰੇਮੀਓ ਦਿਲੋਂ ਕਹੋ -

*ਜਗਤੁ ਜਲੰਦਾ ਰਖਿ ਲੈ*
*ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੈ ਉਬਰੈ*
*ਤਿਤੈ ਲੈਹੁ ਉਬਾਰਿ॥ ਪੰਨਾ - 953*

ਅਤੇ -

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਕਾ ਭਲਾ।*

ਅਸਾਡਾ ਆਦਰਸ਼ ਹੈ। ਇਹ ਜਿਹੜੇ ਫੌਜਾਂ ਦੇ ਸਿਪਾਹੀ ਹੁਕਮ ਦੇ ਬੰਨ੍ਹੇ ਹੋਏ ਅਸਾਡੇ ਉਤੇ ਹਮਲੇ ਕਰਦੇ ਹਨ ਉਹ ਆਪਣੇ ਮਾਲਕ ਦਾ ਨਮਕ ਹਲਾਲ ਕਰਦੇ ਹਨ। ਅਸਾਡੇ ਨਾਲ ਉਨ੍ਹਾਂ ਦਾ ਵੀ ਕੋਈ ਵੈਰ ਨਹੀਂ ਹੈ। ਅਸੀਂ ਜੋ ਸਵਾ ਤੋਲਾ ਸੋਨਾ ਆਪਣੇ ਬਾਣ ਨਾਲ ਭੇਜਦੇ ਹਾਂ, ਇਹ ਮਰਨ ਵਾਲੇ ਦੇ ਵਾਰਸਾਂ ਦੇ ਖਰਚਾਂ ਲਈ ਕ੍ਰਿਆ ਕਰਮ ਵਾਸਤੇ ਹੈ। ਅਜਕਲ੍ਹ ਦੇ ਹਿਸਾਬ ਨਾਲ ਇਕ ਤੋਲੇ ਦਾ ਮੁੱਲ 5000 ਤੋਂ ਕਿਤੇ ਵੱਧ ਹੈ।

ਆਪ ਨੇ ਆਪਣੀ ਕਮਾਨ ਉਪਰ ਬਾਣ ਚਲਾਇਆ, ਉਹ ਜਾ ਕੇ ਸੁਕੇ ਰੁਖ ਉਪਰ ਬੈਠੇ ਘੋਗੜ ਦੇ ਲੱਗਿਆ, ਉਹ ਉਸੇ ਥਾਂ ਮਰ ਗਿਆ। ਨਾਲ ਦੇ ਸਿੰਘਾਂ ਨੇ ਵੀ ਦੇਖਿਆ, ਇਸ ਲੀਲ੍ਹਾ ਨੂੰ ਦੇਖ ਕੇ ਇਕ ਗੁਰਸਿੱਖ ਜੋ ਮਾਲਵੇ ਦਾ ਨਵਾਂ-ਨਵਾਂ ਹੀ ਗੁਰੂ ਮਹਾਰਾਜ ਜੀ ਦੇ ਚਰਨ ਸ਼ਰਨ ਆਇਆ ਸੀ, ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਆਹ ਤਾਂ ਤੁਸੀਂ ਘੋਗੜ ਐਵੇਂ ਹੀ ਮਾਰ ਦਿਤਾ। ਇਹ ਘੋਗੜ ਕਿਸੇ ਵੀ ਕੰਮ ਨਹੀਂ ਆਇਆ ਕਰਦਾ। ਗੰਦਗੀ ਖਾਂਦਾ ਹੈ, ਇਸਨੂੰ ਕੋਈ ਹੱਥ ਵੀ ਨਹੀਂ ਲਾਉਂਦਾ, ਗੰਦਾ ਜਾਨਵਰ ਹੈ। ਅਸਾਨੂੰ ਪਤਾ ਹੈ ਕਿ ਜਿਸ ਦਰੱਖਤ ਉਪਰ ਅਜਿਹਾ ਭ੍ਰਿਸ਼ਟ ਪੰਛੀ ਘੋਗੜ, ਬਗਲਾ, ਗਿਰਝ ਆਦਿ ਬੈਠ ਜਾਣ ਉਹ

ਦਰੱਖਤ ਹੀ ਸੁਕ ਜਾਇਆ ਕਰਦਾ ਹੈ। ਪਤਾ ਨਹੀਂ ਇਨ੍ਹਾਂ ਦੇ ਸਰੀਰ ਵਿਚ ਕੀ ਦੋਸ਼ ਹੈ। ਆਪ ਜੀ ਨੇ ਸੋਨੇ ਵਾਲਾ ਤੀਰ ਇਸ ਦੇ ਮਾਰਿਆ ਹੈ। ਸਾਧ ਸੰਗਤ ਜੀ! ਆਪ ਜੀ ਦੀ ਲੀਲ੍ਹਾ ਵਿਚ ਕੋਈ ਵੀ ਕੌਤਕ ਅਜਿਹਾ ਨਹੀਂ ਹੁੰਦਾ ਸੀ ਜਿਸ ਵਿਚ ਕੋਈ ਪਿਛੋਕੜ ਨਾ ਹੋਵੇ। ਆਪ ਜੀ ਨੇ ਇਕ ਕਾਂ ਦਾ ਬੱਚਾ ਆਲ੍ਹਣੇ ਵਿਚੋਂ ਕੱਢਵਾ ਕੇ ਭਾਈ ਧਰਮ ਸਿੰਘ ਜੀ ਤੋਂ ਮਰਵਾਇਆ ਸੀ। ਸਾਰੀ ਸੰਗਤ ਹੈਰਾਨ ਹੋ ਗਈ, ਜਦੋਂ ਉਸਦੀ ਰੂਹ ਨੇ ਦਸਿਆ ਕਿ ਮੈਂ ਗੁਰੂ ਦਾ ਸਿੱਖ ਸਾਂ। ਇਕ ਗੁਰਸਿੱਖ ਨੂੰ ਮੈਂ ਬਹੁਤ ਫਿਕਾ ਬੋਲਿਆ ਤੇ ਇਹ ਕਿਹਾ ਕਿ ਕਿਉਂ ਕਾਂ-ਕਾਂ ਕਰਦਾ ਹੈਂ। ਤਾਂ ਉਹ ਗੁਰਸਿੱਖ ਧਿਆਨ ਸਿੱਧ ਗੁਰੂ ਨਾਲ ਅਭੇਦ ਅਵਸਥਾ ਵਿਚ ਰਹਿਣ ਵਾਲਾ ਸੀ ਉਸ ਨੇ ਕਿਹਾ ਕਿ ਕਾਂ ਤੂੰ ਹੀ ਬਣੇਗਾ, ਮੈਂ ਤਾਂ ਨਹੀਂ ਬਣਦਾ। ਤੂੰ ਆਪ ਹੀ ਕਾਂ-ਕਾਂ ਕਰਦਾ ਹੈਂ। ਸੱਚੇ ਪਾਤਸ਼ਾਹ! ਆਪ ਨੇ ਆਪਣੇ ਬਿਰਦ ਦੀ ਲਾਜ ਰੱਖੀ, ਉਸਨੂੰ ਕਾਂ ਦੀ ਜੂਨੀ ਵਿਚੋਂ ਛਡਾਇਆ। ਅੱਜ ਆਪ ਨੇ ਇਸ ਘੋਗੜ ਨੂੰ ਮਾਰਿਆ ਹੈ ਇਸ ਵਿਚ ਜ਼ਰੂਰ ਕੋਈ ਭੇਤ ਹੈ। ਆਪ ਕ੍ਰਿਪਾ ਕਰਕੇ ਸੰਗਤ ਦੀ ਗਿਆਤ ਲਈ ਪ੍ਰਗਟ ਕਰੋ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਫੁਰਮਾਇਆ ਇਹ ਘੋਗੜ ਅੱਜ ਤੋਂ ਸੌ ਜਨਮ ਪਹਿਲਾਂ ਏਸ ਇਲਾਕੇ ਦਾ ਰਾਜਾ ਹੋਇਆ ਕਰਦਾ ਸੀ। ਆਹ ਜਿਹੜਾ ਥੇਹ ਹੈ ਨਾ, ਇਹੋ ਇਸਦੀ ਰਾਜਧਾਨੀ ਸੀ। ਜਿਥੇ ਸੁਕਿਆ ਹੋਇਆ ਦਰੱਖਤ ਹੈ ਉਥੇ ਹੀ ਇਸਦੀ ਰਿਹਾਇਸ਼ ਸੀ। ਸੰਸਕਾਰਾਂ ਦੇ ਵਸ ਹੋ ਕੇ ਇਸਨੂੰ ਯਾਦਦਾਸ਼ਤ ਨਹੀਂ ਭੁੱਲੀ।

ਇਸ ਕਰਕੇ ਇਹ ਇਥੇ ਹੀ ਰਹਿੰਦਾ ਹੈ। ਇਹ ਸ਼ਹਿਰ ਜਿਥੇ ਇਹ ਰਾਜ ਕਰਦਾ ਸੀ ਇਹ ਸਾਰਾ ਹੀ ਗੁਰੂ ਨੂੰ ਮੰਨਣ ਵਾਲਾ ਸੀ। ਇਸ ਥਾਂ ਉਤੇ ਸਤਿਸੰਗੀ ਪੁਰਸ਼ ਰਹਿੰਦੇ ਸਨ ਅਤੇ ਉਹ ਇਕੱਠੇ ਹੋ ਕੇ ਬਹੁਤ ਹੀ ਭਗਤੀ ਭਾਵਨਾ ਨਾਲ ਪ੍ਰਭੂ ਦਾ ਸਿਮਰਨ ਕਰਿਆ ਕਰਦੇ ਸਨ। ਇਕ ਵਾਰੀ ਇਕ ਗੁਰਸਿੱਖ ਦੇ ਮਨ ਵਿਚ ਫੁਰਨਾ ਹੋਇਆ ਕਿ ਮੈਂ ਸਾਰੇ ਗੁਰਸਿੱਖਾਂ ਨੂੰ ਬੁਲਾ ਕੇ ਆਪਣੇ ਘਰ ਚਰਨ ਪੁਆਵਾਂ। ਇਸ ਆਸ਼ੇ ਨੂੰ ਪੂਰਨ ਕਰਨ ਲਈ ਉਸਨੇ ਸਾਰੇ ਗੁਰਸਿਖਾਂ ਨੂੰ ਨਿਉਂਦਾ ਦੇ ਦਿਤਾ। ਇਹ ਰਾਜਾ ਵੀ ਸਤਿਸੰਗ ਵਿਚ ਆਇਆ ਕਰਦਾ ਸੀ। ਸੋ ਇਸਨੂੰ ਵੀ **invite** ਕਰ ਲਿਆ (ਸੱਦਾ ਦਿਤਾ ਗਿਆ )। ਜਦੋਂ ਗੁਰਸਿੱਖਾਂ ਦਾ ਸੁਮੇਲ ਉਸ ਦੇ ਘਰ ਹੋ ਗਿਆ, ਉਸ ਵੇਲੇ ਉਸ ਗੁਰਸਿਖ ਦੀ ਪਤਨੀ, ਲੜਕੀ ਤੇ ਉਹ ਆਪ ਸੇਵਾ ਵਿਚ ਜੁਟੇ ਹੋਏ ਸਨ। ਕੋਈ ਪਾਣੀ ਲਿਆ ਰਿਹਾ ਹੈ, ਕੋਈ ਕਪੜੇ ਦੇ ਨਾਲ ਚਰਨ ਧੋ ਕੇ ਸੁਕਾ ਰਿਹਾ ਹੈ। ਗੁਰਸਿੱਖ ਚਰਨ ਧੋ ਰਿਹਾ ਸੀ ਉਹ ਲੜਕੀ ਬਰਤਨ ਨਾਲ ਪਾਣੀ ਪਾ ਰਹੀ ਸੀ। ਉਸ ਰਾਜੇ ਨੇ ਲੜਕੀ ਵਲ ਜਦੋਂ ਦੇਖਿਆ ਤਾਂ ਉਸਦੇ ਮਨ ਵਿਚ ਇਕ ਦਮ ਵਿਕਾਰ ਜਾਗ ਗਿਆ ਤੇ ਲੜਕੀ ਦੀ ਸੁੰਦਰਤਾ ਉਪਰ ਮੋਹਿਤ ਹੋ ਗਿਆ। ਗੁਰਸਿੱਖਾਂ ਵਾਲੇ ਜੋ ਫਰਜ਼ ਸੀ ਸਾਰੇ ਛੱਡ ਦਿਤੇ। ਸਤਿਸੰਗ ਹੋਣਾ ਸ਼ੁਰੂ ਹੋ ਗਿਆ ਪਰ ਇਸ ਰਾਜੇ ਦੀ ਮਾੜੀ ਨਿਗ੍ਹਾ ਮੁੜ-ਮੁੜ ਕੇ ਉਸ ਲੜਕੀ ਵਲ ਜਾਵੇ। ਪ੍ਰਸ਼ਾਦਾ ਛਕਿਆ ਤੇ ਉਥੇ ਗੁਰਸਿੱਖਾਂ ਨੇ ਅਰਦਾਸ ਕੀਤੀ। ਜਦੋਂ ਸਾਰੇ ਚਲੇ ਗਏ ਤਾਂ ਇਸ ਰਾਜੇ ਨੇ ਗੁਰਸਿੱਖ ਨੂੰ ਬੁਲਾਇਆ, ਕਹਿਣ ਲੱਗਿਆ, "ਤੇਰੀ ਲੜਕੀ ਬਹੁਤ ਸੁੰਦਰ ਹੈ, ਇਹ ਤਾਂ ਮੇਰੇ ਪਾਸ ਚਾਹੀਦੀ ਸੀ। ਮੈਂ ਇਸਨੂੰ ਦਾਸੀ ਰਖ ਲੈਂਦਾ ਹਾਂ।" ਇਹ ਗੁਰਮੁਖ ਪਿਆਰਾ ਪ੍ਰਭੂ ਦੇ ਪ੍ਰੇਮ ਵਾਲਾ ਸੀ ਉਸਨੇ ਰਾਜੇ ਦੀ ਮੰਦ ਭਾਵਨਾ ਨੂੰ ਭਾਂਪ ਲਿਆ ਅਤੇ ਚੁਪ ਕਰ ਰਿਹਾ, ਰਾਜੇ ਦੀ ਪੁਛ ਦਾ ਕੋਈ ਉਤਰ ਨਾ ਦਿਤਾ। ਰਾਜਾ ਗੁਰਸਿਖ ਨੂੰ ਕਹਿਣ ਲੱਗਿਆ, "ਦੇਖ! ਤੇਰੇ ਚੁਪ ਕਰਿਆਂ ਤੇ ਖਹਿੜਾ ਨਹੀਂ ਛੁਟਣਾ। ਇਹ ਲੜਕੀ ਅੱਜ ਹਰ ਹਾਲਤ ਵਿਚ ਮੇਰੇ ਘਰ ਪਹੁੰਚਣੀ ਚਾਹੀਦੀ ਹੈ। ਨਹੀਂ ਮੈਂ ਖੁਦ ਇਸਨੂੰ ਲਿਜਾਣ ਦਾ ਬੰਦੋਬਸਤ ਕਰਨ ਜਾਣਦਾ ਹਾਂ।" ਅਜਿਹੀ ਧਮਕੀ ਰਾਜੇ ਦੀ ਸੁਣ ਕੇ ਗੁਰਮੁਖ ਦਾ ਮਨ ਉਦਾਸ ਹੋ ਗਿਆ। ਚਾਹੀਦਾ ਤਾਂ ਇਹ ਸੀ ਕਿ ਗੁਰਸਿਖਾਂ ਦੀ ਸੇਵਾ ਕਰਕੇ ਮਨ ਖਿੜਿਆ ਹੋਇਆ ਹੁੰਦਾ ਅਤੇ ਸਾਰਾ ਪਰਿਵਾਰ ਰਲ ਕੇ ਸਤਿਸੰਗ ਤੇ ਸੇਵਾ ਦੀਆਂ ਗੱਲਾਂ ਕਰਦੇ। ਪਰ ਇਹ ਗੁਰਸਿੱਖ ਚੁਪ ਕਰਿਆ ਬੈਠਾ ਹੈ। ਪਿਤਾ ਨੂੰ ਚੁਪ ਦੇਖ ਕੇ ਲੜਕੀ ਕਹਿਣ ਲੱਗੀ, "ਪਿਤਾ ਜੀ! ਅੱਜ ਤਾਂ ਆਪ ਨੂੰ ਬਹੁਤ ਖੁਸ਼ ਹੋਣਾ ਚਾਹੀਦਾ ਹੈ, ਸੰਗਤ ਗੁਰੂ ਦਾ ਰੂਪ ਹੀ ਹੁੰਦੀ ਹੈ, ਸੰਗਤ ਦੇ ਰੂਪ ਵਿਚ ਗੁਰੂ ਆਪਣੇ ਘਰ ਚਰਨ ਪਾ ਕੇ ਗਏ ਹਨ ਪਰ ਮੈਂ ਹੈਰਾਨ ਹਾਂ ਤੁਸੀਂ ਕਿਸ ਗਲ ਦੀ ਉਲਝਣ ਵਿਚ ਪੈ ਗਏ? ਤੁਹਾਡੇ ਚਿਹਰੇ ਉਪਰ ਬਹੁਤ ਉਦਾਸੀ ਹੈ।" ਲੜਕੀ ਸਿਆਣੀ ਸੀ, ਗੁਰਸਿੱਖ ਨੇ ਉਸਨੂੰ ਸਾਰੀ ਗੱਲ ਦਸ ਦਿਤੀ। ਕਹਿਣ ਲੱਗਿਆ, "ਆਪਣੀ ਇਜ਼ਤ ਤਾਂ ਬਚ ਸਕਦੀ ਹੈ ਜੇ ਆਪਾਂ ਇਸ ਪਿੰਡ ਵਿਚੋਂ ਹੁਣੇ ਹੀ ਨਿਕਲ ਚੱਲੀਏ।" ਉਸ ਲੜਕੀ ਨੇ ਕਿਹਾ ਕਿ ਪਿਤਾ ਜੀ! ਇਹ ਗੱਲ ਬਿਲਕੁਲ ਨਹੀਂ ਕਰਨੀ, ਮੈਨੂੰ ਆਪਣੇ ਗੁਰੂ ਉਪਰ ਪੂਰਾ ਭਰੋਸਾ ਹੈ ਮੈਂ ਇਸ ਰਾਜੇ ਦੇ ਘਰ ਜ਼ਰੂਰ ਜਾਵਾਂਗੀ। ਤੁਸੀਂ ਕੋਈ ਫਿਕਰ ਨਾ ਕਰਨਾ। ਮੈਨੂੰ ਪਤਾ ਹੈ ਕਿ ਆਪਣੀ ਇਜ਼ਤ ਕਿਵੇਂ ਬਚਾਈਦੀ ਹੈ ਮੈਂ ਉਸ ਰਾਜੇ ਨਾਲ ਗੱਲ ਕਰਾਂਗੀ। ਪਿਤਾ ਨੂੰ ਕੁਝ ਧਰਵਾਸ ਹੋਇਆ। ਪਿਤਾ ਨੂੰ ਨਾਲ ਲੈ ਕੇ ਉਸ ਰਾਜੇ ਦੇ ਮਹੱਲ ਵਿਚ ਚਲੀ ਗਈ। ਕਹਿਣ ਲੱਗੀ, "ਰਾਜਨ! ਮੈਂ ਆ ਗਈ ਹਾਂ, ਪਰ ਤੇਰੇ ਪਾਸ ਮੈਂ ਕਲ੍ਹ ਨੂੰ ਆਵਾਂਗੀ, ਫੇਰ ਪੱਕੀ ਤਰ੍ਹਾਂ ਆਵਾਂਗੀ, ਕੱਚੀ ਤਰ੍ਹਾਂ ਨਹੀਂ ਆਉਣਾ। ਫੇਰ ਆ ਕੇ ਮੈਂ ਜਾਣਾ ਵੀ ਨਹੀਂ।" ਰਾਜਾ ਕਹਿਣ ਲੱਗਿਆ ਕਿ ਐ ਲੜਕੀ! ਤੂੰ ਮੇਰੇ ਨਾਲ ਕੋਈ ਛਲ ਤਾਂ ਨਹੀਂ ਖੇਡਦੀ? ਸਮਾਂ ਲੈ ਕੇ ਕਿਤੇ ਨੱਠ ਜਾਵੇਂ? ਲੜਕੀ ਕਹਿਣ ਲੱਗੀ, "ਤੂੰ ਗੁਰੂ ਦਾ ਸਿੱਖ ਹੈਂ, ਮੈਂ ਵੀ ਗੁਰੂ ਦੀ ਸਿੱਖ ਹਾਂ, ਮੈਂ ਛਲ ਨਹੀਂ ਕਰਦੀ।" ਦੋਵੇਂ ਘਰ ਨੂੰ ਮੁੜ ਆਏ। ਦੂਸਰੇ ਦਿਨ ਉਠ ਕੇ ਉਸਨੇ ਇਸ਼ਨਾਨ ਕਰਿਆ। ਵਾਹਿਗੁਰੂ ਜੀ ਦਾ ਸਿਮਰਨ ਕਰਿਆ ਅਤੇ ਪਾਠ ਕਰਿਆ, ਉਸ ਤੋਂ ਪਿਛੋਂ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ! ਮੇਰੇ ਉਪਰ ਤੇ ਮੇਰੇ ਪਿਤਾ ਉਪਰ,

ਪਰਿਵਾਰ ਉਪਰ ਬੜਾ ਭਾਰਾ ਸੰਕਟ ਆ ਗਿਆ ਹੈ, ਮੈਂ ਤੇਰੇ ਉਤੇ ਵਿਸ਼ਵਾਸ਼ ਰੱਖ ਕੇ ਜਿਉਂਣ ਵਾਲੀ ਹਾਂ, ਮੇਰੀ ਇਜ਼ਤ ਦਾ ਸਵਾਲ ਹੈ। ਇਹ ਰਾਜਾ ਤੇਰਾ ਹੀ ਸਿੱਖ ਹੈ, ਪਤਾ ਨਹੀਂ ਇਸ ਦਾ ਮਨ ਕਿਉਂ ਭ੍ਰਿਸ਼ਟਿਆ ਗਿਆ। ਉਸ ਵੇਲੇ ਅਰਦਾਸ ਕਰਕੇ ਉਹ ਲੜਕੀ ਰਾਜੇ ਦੇ ਮਹਿਲਾਂ ਵਿਚ ਪਹੁੰਚ ਗਈ। ਉਸ ਨੇ ਰਾਜੇ ਨੂੰ ਸਮਝਾਉਣ ਦਾ ਜਤਨ ਕੀਤਾ ਕਿ ਰਾਜਨ! ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਤੇਰੇ ਮਨ ਵਿਚ ਕੀ ਗੱਲ ਹੈ। ਤੂੰ ਸਤਿਸੰਗੀ ਹੈਂ ਆਪਾਂ ਦੋਵੇਂ ਗੁਰਭਾਈ, ਭੈਣ-ਭਰਾ ਹਾਂ। ਇਹ ਜੋ ਮੰਦ ਬਿਰਤੀ ਕਾਮ ਦੀ ਤੇਰੇ ਅੰਦਰ ਜਾਗੀ ਹੈ, ਇਹ ਤੈਨੂੰ ਨਰਕਾਂ ਵਿਚ ਲੈ ਜਾਵੇਗੀ ਤੇ ਮੈਂ ਵੀ ਨਰਕਾਂ ਵਿਚ ਗੋੜੇ ਖਾਂਦੀ ਫਿਰਾਂਗੀ। ਤੂੰ ਮੇਰਾ ਕੀ ਦੇਖਿਆ ਹੈ? ਸੋਹਣੀ ਚਮੜੀ ਹੀ ਦੇਖੀ ਹੈ ਨਾ। ਮਹਾਂਪੁਰਸ਼ਾਂ ਦਾ ਫੁਰਮਾਨ ਹੈ -

**ਬਿਸਟਾ ਅਸਤ ਰਕਤੁ ਪਰੇਟੇ ਚਾਮ॥**
**ਇਸੁ ਊਪਰਿ ਲੇ ਰਾਖਿਓ ਗੁਮਾਨ॥**
**ਪੰਨਾ - 374**

ਇਹ ਸਰੀਰ ਕੀ ਹੈ? ਇਹਦੇ ਸਾਰਿਆਂ ਇੰਦ੍ਰਿਆਂ ਵਿਚ ਮੈਲ ਹੈ, ਹਰ ਵਕਤ ਇਹਦੇ ਵਿਚੋਂ ਮੈਲ ਨਿਕਲਦੀ ਹੈ - ਅੱਖਾਂ ਵਿਚੋਂ, ਨੱਕ ਵਿਚੋਂ, ਕੰਨਾਂ ਵਿਚੋਂ; ਸਭ ਮੈਲ ਨਾਲ ਭਰੇ ਹੋਏ, ਮਲਮੂਤਰ ਦੇ ਇੰਦ੍ਰੇ ਉਹ ਬਿਲਕੁਲ ਹੀ ਮੈਲੇ ਹਨ। ਕਿਹੜੀ ਚੀਜ਼ ਇਸ ਸਰੀਰ ਵਿਚ ਅੱਛੀ ਹੈ, ਖੂਨ ਹੈ, ਮਾਸ ਹੈ ਹੱਡੀਆਂ ਹਨ, ਤੈਨੂੰ ਇਹ ਦ੍ਰਿਸ਼ਟੀ ਸਤਿਸੰਗੀ ਹੁੰਦੇ ਹੋਏ ਜਾਗਣੀ ਨਹੀਂ ਸੀ ਚਾਹੀਦੀ। ਤੂੰ ਗੁਰੂ ਦਾ ਸਿੱਖ ਸੀ, ਤੂੰ ਸਿੱਖਾਂ ਵਾਲਾ ਕੰਮ ਨਹੀਂ ਕਰਿਆ। ਰਾਜੇ ਨੇ ਉਸਦੀ ਕੋਈ ਗੱਲ ਨਾ ਸੁਣੀ ਅਤੇ ਉਸਦੀ ਜ਼ਬਰਦਸਤੀ ਬਾਂਹ ਫੜਨ ਲਗਿਆ। ਲੜਕੀ ਕਹਿਣ ਲੱਗੀ ਜ਼ਰਾ ਠਹਿਰ ਜਾ, ਉਸ ਦੀ ਜੇਬ ਵਿਚ ਬਹੁਤ ਤੇਜ਼ ਕਿਸਮ ਦੀ ਜ਼ਹਿਰ ਸੀ। ਕਹਿਣ ਲੱਗੀ, "ਰਾਜਨ! ਮੇਰੀ ਮੌਤ ਦਾ ਦੋਸ਼ ਤੈਨੂੰ ਲੱਗੇਗਾ, ਇਹ ਕਹਿ ਕੇ ਜ਼ਹਿਰ ਖਾ ਲਈ। ਉਸ ਵੇਲੇ ਉਸਨੇ ਪੂਰੇ ਜਲਾਲ ਵਿਚ ਆ ਕੇ ਕਿਹਾ, "ਰਾਜਨ! ਤੂੰ ਗੰਦ ਖਾਣ ਲਗਿਆ ਸੀ, ਗੰਦ ਖਾਣਾ ਘੋਗੜ ਦਾ ਕੰਮ ਹੋਇਆ ਕਰਦਾ ਹੈ। ਮੈਂ ਗੁਰੂ ਨੂੰ ਹਾਜ਼ਰ ਜਾਣ ਕੇ ਕਹਿੰਦੀ ਹਾਂ ਕਿ ਜਿੰਨੀ ਦੇਰ ਤਕ ਸੰਸਾਰ ਤੇ ਰਹੇਂਗਾ ਘੋਗੜ ਬਣਦਾ ਰਹੇਂਗਾ।" ਐਨਾ ਕਹਿ ਕੇ ਉਹ ਧਰਤੀ ਉਪਰ ਗਿਰ ਗਈ ਤੇ ਉਸਦਾ ਸਰੀਰ ਸ਼ਾਂਤ ਹੋ ਗਿਆ।

ਗੁਰੂ ਦਸ਼ਮੇਸ਼ ਪਿਤਾ ਜੀ ਕਹਿਣ ਲੱਗੇ, "ਗੁਰਸਿੱਖੋ! ਉਹ ਬੀਬੀ ਧਿਆਨ ਸਿੱਧ ਸੀ, ਉਸਦੀ ਰਸਨਾ ਦੇ ਉਤੇ ਪ੍ਰਭੂ ਦਾ ਵਾਸਾ ਸੀ, ਉਸਨੇ ਗੁਰੂ ਦਾ ਧਿਆਨ ਧਰ ਕੇ ਬਚਨ ਕੀਤਾ। ਉਹ ਬਚਨ ਕਿਸੇ ਤਰ੍ਹਾਂ ਵੀ ਅਣਥਾ ਨਹੀਂ ਸੀ ਹੋ ਸਕਦਾ। ਸੋ ਇਹ ਰਾਜਾ ਘੋਘੜ ਬਣ ਕੇ ਉਸ ਸਮੇਂ ਤੋਂ ਗੰਦ ਮੰਦ ਖਾਂਦਾ ਆਉਂਦਾ ਹੈ। ਹੁਣ ਸਾਡਾ ਬਿਰਦ ਹੈ ਇਸਦੀ ਖਲਾਸੀ ਕੀਤੀ ਜਾਵੇ ਕਿਉਂਕਿ ਇਸ ਨੇ ਗੁਰੂ ਦੇ ਦਰਸ਼ਨ ਵੀ ਕੀਤੇ ਹੋਏ ਸਨ, ਉਸਦਾ ਦਸਿਆ ਹੋਇਆ ਭਜਨ ਵੀ ਕਰਦਾ ਸੀ, ਹੁਣ ਇਸਨੂੰ ਬਹੁਤ ਸਜ਼ਾ ਮਿਲ ਚੁਕੀ ਹੈ ਸੋ ਅਸੀਂ ਇਸ ਦੇ ਆਪਣਾ ਬਾਣ ਮਾਰਿਆ ਹੈ। ਭਾਈ ਗੁਰਸਿੱਖੋ! ਇਹਦਾ ਹੁਣ ਅਸੀਂ ਸੰਕਟ ਕੱਟ ਦਿਤਾ ਹੈ। ਇਹਨੇ ਹੁਣ ਤਕ ਬਹੁਤ ਦੁਖ ਪਾ ਲਿਆ ਹੈ। ਇਹਨੂੰ ਸਿਮਰਤੀ ਹੈ ਉਸ ਲੜਕੀ ਦੇ ਬਚਨ ਦੀ, ਉਸ ਵੇਲੇ ਤੋਂ ਹੀ ਇਹ ਪਛਤਾਉਂਦਾ ਹੈ।

ਸੋ ਸਾਧਸੰਗਤ ਜੀ! ਇਸ ਤਰ੍ਹਾਂ ਨਾਲ ਬੇਅੰਤ ਜੀਵ ਸੰਸਾਰ ਤੇ ਆਉਂਦੇ ਹਨ। ਪਿਛਲੇ ਕਰਮਾਂ ਦੇ ਬੰਨ੍ਹੇ ਹੋਏ ਸੰਜੋਗ ਕਰਕੇ ਮਿਲਦੇ ਹਨ, ਵਿਜੋਗ ਕਰਕੇ ਵਿਛੜ ਜਾਇਆ ਕਰਦੇ ਹਨ। ਕਿੰਨੇ ਜੀਵ ਇਸ ਸੰਸਾਰ ਉਪਰ ਹਨ - ਅਰਬਾਂ ਖਰਬਾਂ, ਇਹ ਕੋਈ ਵੀ ਗਿਣਤੀ ਨਹੀਂ ਕਰ ਸਕਦਾ। ਗੁਰਬਾਣੀ ਦੇ ਅੰਦਰ ਇਸ ਕਰਕੇ ਫੁਰਮਾਨ ਕੀਤਾ ਹੈ -

**ਕਿਥਹੁ ਉਪਜੈ ਕਹ ਰਹੈ**
**ਕਹ ਮਾਹਿ ਸਮਾਵੈ॥**
**ਜੀਅ ਜੰਤ ਸਭਿ ਖਸਮ ਕੇ**
**ਕਉਣੁ ਕੀਮਤਿ ਪਾਵੈ॥ ਪੰਨਾ- 1193**

ਸੋ ਮੋਟਾ ਅਸੂਲ ਹੈ ਕਿ ਜਿਹੋ ਜਿਹੇ ਕਰਮ ਇਹ ਸਰੀਰਧਾਰੀ ਹੋ ਕੇ ਕਰਦਾ ਹੈ ਉਨ੍ਹਾਂ ਦਾ ਫਲ ਇਸਨੂੰ ਭੋਗਣਾ ਹੀ ਪੈਣਾ ਹੈ। ਉਹ ਫਲ ਭੋਗਣ ਕਰਕੇ ਇਸਨੂੰ ਬਾਰ-ਬਾਰ ਸੰਸਾਰ ਤੇ ਆਉਣਾ ਪੈਂਦਾ ਹੈ। ਕਿਤੇ ਇਸਦਾ ਵਿਜੋਗ ਹੋ ਜਾਂਦਾ ਹੈ, ਕਿਤੇ ਮਿਲਾਪ ਹੋ ਜਾਂਦਾ ਹੈ, ਕਿਤੇ ਪੁਤਰ ਬਣ ਕੇ ਆਉਂਦਾ ਹੈ, ਕਿਤੇ ਰਿਸ਼ਤੇਦਾਰ ਬਣ ਕੇ ਆਉਂਦਾ ਹੈ, ਕਿਤੇ ਬਿਲਕੁਲ ਅਣਜਾਣ ਮਨਮੁਖ ਹੋ ਕੇ ਆਉਂਦਾ ਹੈ। ਸੁਖਮਨੀ ਸਾਹਿਬ ਜੀ ਦੀ ਬਾਣੀ ਵਿਚ ਫੁਰਮਾਨ ਹੈ ਕਿ ਇਹ ਜੀਵ ਆਪਣੇ ਜ਼ੋਰ ਨਾਲ ਕਰਮਾਂ ਨੂੰ ਨਹੀਂ ਮੇਟ ਸਕਦਾ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ -

**ਇਸ ਕਾ ਬਲੁ ਨਾਹੀ ਇਸੁ ਹਾਥ॥**
**ਕਰਨ ਕਰਾਵਨ ਸਰਬ ਕੋ ਨਾਥ॥**
**ਆਗਿਆਕਾਰੀ ਬਪੁਰਾ ਜੀਉ॥**
**ਜੋ ਤਿਸੁ ਭਾਵੈ ਸੋਈ ਫੁਨਿ ਥੀਉ॥**
**ਕਬਹੂ ਊਚ ਨੀਚ ਮਹਿ ਬਸੈ॥**
**ਕਬਹੂ ਸੋਗ ਹਰਖ ਰੰਗਿ ਹਸੈ॥**
**ਕਬਹੂ ਨਿੰਦ ਚਿੰਦ ਬਿਉਹਾਰ॥**
**ਕਬਹੂ ਊਭ ਅਕਾਸ ਪਇਆਲ॥**
**ਕਬਹੂ ਬੇਤਾ ਬ੍ਰਹਮ ਬੀਚਾਰ॥**
**ਨਾਨਕ ਆਪਿ ਮਿਲਾਵਣਹਾਰ॥**
**ਪੰਨਾ - 277**

ਇਸੇ ਤਰ੍ਹਾਂ ਨਾਲ ਆਪ ਫੁਰਮਾਨ ਕਰਦੇ ਹਨ -

**ਕਬਹੂ ਨਿਰਤਿ ਕਰੈ ਬਹੁ ਭਾਤਿ॥**
**ਕਬਹੂ ਸੋਇ ਰਹੈ ਦਿਨੁ ਰਾਤਿ॥**
**ਕਬਹੂ ਮਹਾ ਕ੍ਰੋਧ ਬਿਕਰਾਲ॥**

ਕਬਹੂੰ ਸਰਬ ਕੀ ਹੋਤ ਰਵਾਲ॥
ਕਬਹੂ ਹੋਇ ਬਹੈ ਬਡ ਰਾਜਾ॥
ਕਬਹੂ ਭੇਖਾਰੀ ਨੀਚ ਕਾ ਸਾਜਾ॥
ਕਬਹੂ ਅਪਕੀਰਤਿ ਮਹਿ ਆਵੈ॥
ਕਬਹੂ ਭਲਾ ਭਲਾ ਕਹਾਵੈ॥
ਜਿਉ ਪ੍ਰਭੁ ਰਾਖੈ ਤਿਵ ਹੀ ਰਹੈ॥
ਗੁਰ ਪ੍ਰਸਾਦਿ ਨਾਨਕ ਸਚੁ ਕਹੈ॥
ਪੰਨਾ - 277

ਹੋਰ ਵਿਸਥਾਰ ਲਈ ਇਸ ਪਉੜੀ ਨੂੰ ਵਿਚਾਰ ਕੇ ਦੇਖ ਲਵੋ, ਇਸ ਦਾ ਛੁਟਕਾਰਾ ਉਸ ਵਕਤ ਹੀ ਹੁੰਦਾ ਹੈ ਜਦੋਂ ਇਸਨੂੰ ਪੂਰਨ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਪ੍ਰਾਪਤ ਹੋ ਜਾਵੇ ਅਤੇ ਉਹ ਹਨ੍ਹੇਰੇ ਅੰਤਸ਼ਕਰਣ ਵਿਚ ਗਿਆਨ ਦਾ ਪ੍ਰਕਾਸ਼ ਕਰ ਦੇਵੇ। ਇਸਦਾ ਮਨ ਤੇ ਤਨ ਨਾਮ ਦੇ ਰੰਗ ਵਿਚ ਰੰਗਿਆ ਜਾਵੇ ਅਤੇ ਇਕ ਛਿਨ ਵਾਸਤੇ ਵੀ ਵਾਹਿਗੁਰੂ ਮਨ ਦੇ ਵਿਚੋਂ ਨਾ ਭੁੱਲੇ। ਫੇਰ ਜਿਵੇਂ ਪਾਣੀ ਪਾਣੀ 'ਚ, ਜੋਤੀ ਜੋਤ 'ਚ ਰਲ ਜਾਂਦੀ ਹੈ ਇਸ ਦਾ ਆਉਣਾ ਜਾਣਾ ਸਭ ਮਿਟ ਜਾਂਦਾ ਹੈ। ਫੇਰ ਇਸਨੂੰ ਬਿਸਰਾਮ ਮਿਲਦਾ ਹੈ -

ਕਬਹੂ ਸਾਧਸੰਗਤਿ ਇਹੁ ਪਾਵੈ॥
ਉਸੁ ਅਸਥਾਨ ਤੇ ਬਹੁਰਿ ਨ ਆਵੈ।।
ਅੰਤਰਿ ਹੋਇ ਗਿਆਨ ਪਰਗਾਸੁ॥
ਉਸੁ ਅਸਥਾਨ ਕਾ ਨਹੀ ਬਿਨਾਸੁ॥
ਮਨ ਤਨ ਨਾਮਿ ਰਤੇ ਇਕ ਰੰਗਿ॥
ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥
ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬਿਸ੍ਰਾਮ॥
ਨਾਨਕ ਪ੍ਰਭ ਕੈ ਸਦ ਕੁਰਬਾਨ॥
ਪੰਨਾ - 278

ਸਾਧੂਆਂ ਦਾ ਆਉਣਾ ਜਾਣਾ ਮਿਟ ਜਾਇਆ ਕਰਦਾ ਹੈ ਅਤੇ ਸਤਿ ਚਿਤ ਅਨੰਦ ਦੇ ਦੇਸ਼ ਵਿਚ ਉਨ੍ਹਾਂ ਦਾ ਵਾਸਾ ਹੋ ਜਾਂਦਾ ਹੈ -

ਧਾਰਨਾ -ਸਤਿ ਚਿਤ ਤੇ
ਅਨੰਦ ਵਾਲਾ ਦੇਸ਼ ਹੈ,
ਜਿਥੇ ਸਾਧੂ ਆਣ ਵਸਦੇ

ਕਬੀਰ ਗੰਗ ਜਮੁਨ ਕੇ ਅੰਤਰੇ
ਸਹਜ ਸੁੰਨ ਕੇ ਘਾਟ॥
ਤਹਾ ਕਬੀਰੈ ਮਟੁ ਕੀਆ
ਖੋਜਤ ਮੁਨਿ ਜਨ ਬਾਟ॥ ਪੰਨਾ - 1372

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ।।
ਊਹਾਂ ਗਨੀ ਬਸਹਿ ਮਾਮੂਰ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ।।
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥
ਪੰਨਾ - 345

ਸੋ ਜਿਨ੍ਹਾਂ ਦੀ ਹਉਮੈ ਦਾ ਨਾਸ਼ ਹੋ ਗਿਆ, ਤ੍ਰਿਗੁਣੀ ਮਾਇਆ ਦੀ ਅਸਲੀਅਤ ਨੂੰ ਪਛਾਣ ਕੇ ਨਾਮ ਦੇ ਬਲ ਕਰਕੇ ਇਸਦੀ ਵਲਗਣ ਵਿਚੋਂ ਨਿਕਲ ਗਏ, ਉਹ ਪ੍ਰਭੂ ਦੇ ਨਾਲ ਅਭੇਦ ਹੋ ਜਾਇਆ ਕਰਦੇ ਹਨ। ਉਹ ਪ੍ਰਭੂ ਦੇ ਦੇਸ਼ ਵਿਚ ਵਸਦੇ ਹਨ ਪ੍ਰਭੂ ਉਨ੍ਹਾਂ ਵਿਚ ਵਰਤਦਾ ਹੈ, ਜਿਵੇਂ ਕਿ ਫੁਰਮਾਨ ਹੈ -

ਨਉ ਦਰਵਾਜੇ ਕਾਇਆ ਕੋਟੁ ਹੈ
ਦਸਵੈ ਗੁਪਤੁ ਰਖੀਜੈ॥
ਬਜਰ ਕਪਾਟ ਨ ਖੁਲਨੀ
ਗੁਰ ਸਬਦਿ ਖੁਲੀਜੈ॥
ਅਨਹਦ ਵਾਜੇ ਧੁਨਿ ਵਜਦੇ
ਗੁਰ ਸਬਦਿ ਸੁਣੀਜੈ॥
ਤਿਤੁ ਘਟ ਅੰਤਰਿ ਚਾਨਣਾ
ਕਰਿ ਭਗਤਿ ਮਿਲੀਜੈ॥
ਸਭ ਮਹਿ ਏਕੁ ਵਰਤਦਾ
ਜਿਨਿ ਆਪੇ ਰਚਨ ਰਚਾਈ॥
ਵਾਹੁ ਵਾਹੁ ਸਚੇ ਪਾਤਿਸਾਹ
ਤੂ ਸਚੀ ਨਾਈ॥ ਪੰਨਾ - 954

ਸਚਖੰਡ ਵਿਚ ਸਾਧੂਆਂ ਦਾ ਨਿਵਾਸ ਹੋ ਜਾਇਆ ਕਰਦਾ ਹੈ, ਹੋਰ ਖੋਲ੍ਹ ਕੇ ਦੱਸਣ ਲਈ ਬੇਨਤੀ ਹੈ ਕਿ ਇੜਾ, ਪਿੰਗਲਾ, ਸੁਖਮਨਾ ਜਿਥੇ ਤਿੰਨ੍ਹਾਂ **life current** (ਜੀਵਨ ਲਹਿਰਾਂ) ਦੀਆਂ ਨਾੜੀਆਂ ਦਾ ਮੇਲ ਹੁੰਦਾ ਹੈ, ਇੜਾ ਤੇ ਪਿੰਗਲਾ ਸੁਖਮਨਾ ਵਿਚ ਰਲਦੀਆਂ ਹਨ। ਸੁਖਮਨਾ ਵਿਚ ਸੁਰਤੀ ਰਲਾ ਕੇ ਅਫੁਰ ਅਵਸਥਾ ਗਗਨ ਮੰਡਲ ਵਿਚ ਪਹੁੰਚ ਜਾਂਦੀ ਹੈ। ਉਸਨੂੰ ਸੁੰਨ ਮੰਡਲ, ਦਸਮ ਦੁਆਰ ਵੀ ਕਹਿੰਦੇ ਹਨ। ਇਥੇ ਸਾਧੂਆਂ ਦਾ ਵਾਸਾ ਹਰ ਵਕਤ ਰਹਿੰਦਾ ਹੈ ਅਤੇ ਪ੍ਰਮੇਸਰ ਨਾਲ ਜੁੜੇ ਰਹਿੰਦੇ ਹਨ ਕਿਉਂਕਿ ਹਰ ਸਰੀਰ ਵਿਚ ਵਾਹਿਗੁਰੂ ਜੀ ਦਾ ਨਿਵਾਸ ਹੈ ਜਿਵੇਂ ਕਿ ਫੁਰਮਾਨ ਹੈ -

ਕਾਇਆ ਨਗਰੁ ਨਗਰ ਗੜ ਅੰਦਰਿ॥
ਸਾਚਾ ਵਾਸਾ ਪੁਰਿ ਗਗਨੰਦਰਿ॥
ਅਸਥਿਰੁ ਥਾਨੁ ਸਦਾ ਨਿਰਮਾਇਲੁ
ਆਪੇ ਆਪੁ ਉਪਾਇਦਾ।।
ਅੰਦਰਿ ਕੋਟ ਛਜੇ ਹਟਨਾਲੇ॥
ਆਪੇ ਲੇਵੈ ਵਸਤੁ ਸਮਾਲੇ।।
ਬਜਰ ਕਪਾਟ ਜੜੇ ਜੜਿ ਜਾਣੈ
ਗੁਰ ਸਬਦੀ ਖੋਲਾਇਦਾ॥

*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ॥*

*ਪੰਨਾ - 1033*

ਸੋ ਸਾਧਸੰਗਤ ਜੀ ਹੁਣ ਧਿਆਨ ਦੇਵੋ ਅਤੇ ਆਪ ਭਾਈ ਤਿਲੋਕਾ ਜੀ ਤੇ ਰਾਜਕੁਮਾਰੀ ਬੀਬਾ ਦੀ ਗੱਲ ਸੰਖੇਪ ਰੂਪ ਵਿਚ ਸੁਣ ਰਹੇ ਸੀ, ਮੈਂ ਥੋੜ੍ਹਾ ਖੋਲ੍ਹ ਕੇ ਵਰਣਨ ਕੀਤਾ ਹੈ। ਸੋ ਭਾਈ ਤਿਲੋਕਾ ਜੀ ਕਹਿ ਰਹੇ ਹਨ ਕਿ ਬੀਬਾ! ਮੈਂ ਮਰਨਾ ਨਹੀਂ ਹੈ, ਕੇਵਲ ਸਰੀਰ ਛਡਣਾ ਹੈ। ਐਂ ਸਮਝ ਲੈ, ਮੈਂ ਸਰੀਰ ਵਿਚੋਂ ਨਿਕਲ ਜਾਣਾ ਹੈ। ਜੇ ਤੂੰ ਮੇਰਾ ਬਚਨ ਮੰਨ ਲਵੇਂ, ਤੂੰ ਵੀ ਨਹੀਂ ਮਰਦੀ; ਸੰਸਾਰ ਮਰਦਾ ਹੈ। ਸੰਸਾਰ ਇਸ ਲਈ ਮਰਦਾ ਹੈ ਕਿਉਂਕਿ ਉਹ ਸਤਿ ਵਸਤੂ ਦਾ ਗਿਆਨ ਨਹੀਂ ਰਖਦਾ। ਉਹ ਵਿਸ਼ੇ ਵਾਸ਼ਨਾ ਦਾ ਬੰਨ੍ਹਿਆ ਹੋਇਆ ਜੂਨਾਂ ਦੇ ਅੰਦਰ ਘੁਮੇਟਣੀਆਂ ਖਾਂਦਾ ਹੈ ਕਿਉਂਕਿ ਉਸਨੇ ਗੁਰੂ ਨਹੀਂ ਧਾਰਿਆ ਅਤੇ ਗੁਰੂ ਤੋਂ ਬਿਨਾਂ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਸਨੇ ਗੁਰੂ ਤੋਂ ਮੰਤਰ ਨਹੀਂ ਪ੍ਰਾਪਤ ਕੀਤਾ ਉਸ ਨੂੰ ਬਹੁਤ ਹੀ ਨਖਿਧ ਜੂਨੀਆਂ ਵਿਚ ਘੁੰਮਣਾ ਪੈਂਦਾ ਹੈ -

*ਧਾਰਨਾ- ਕਾਵਾਂ, ਕੁਤਿਆਂ,*
*ਗਧਿਆਂ ਦੀ ਜੂਨੀ ਪੈਂਦੇ ਨੇ*
*ਖਾਲੀ ਜਿਹੜੇ ਨਾਮ ਤੋਂ ਬਿਨਾਂ*

*ਗੁਰ ਮੰਤ੍ਰ ਹੀਣਸ ਜੋ ਪ੍ਰਾਣੀ*
*ਧ੍ਰਿਗੰਤ ਜਨਮ ਭ੍ਰਸਟਣਹ॥*
*ਕੂਕਰਹ ਸੂਕਰਹ ਗਰਧਭਹ ਕਾਕਹ*
*ਸਰਪਨਹ ਤੁਲਿ ਖਲਹ॥*

*ਪੰਨਾ - 1357*

*ਅਸਥਾਵਰ ਜੰਗਮ ਕੀਟ ਪਤੰਗਾ॥*
*ਅਨਿਕ ਜਨਮ ਕੀਏ ਬਹੁ ਰੰਗਾ॥*
*ਐਸੇ ਘਰ ਹਮ ਬਹੁਤੁ ਬਸਾਏ॥*
*ਜਬ ਹਮ ਰਾਮ ਗਰਭ ਹੋਇ ਆਏ॥*

*ਪੰਨਾ - 325*

ਸੋ ਇਸ ਸੰਸਾਰ ਵਿਚ ਜਿਹੜੇ ਨਾਮ ਤੋਂ ਬਗੈਰ ਮਨਮੁਖ ਤੇ ਨਿਗੁਰੇ ਰਹਿ ਜਾਣਗੇ, ਉਹ ਫੇਰ ਭੂਤਾਂ, ਪ੍ਰੇਤਾਂ, ਕੁਤਿਆਂ, ਬਿੱਲਿਆਂ ਦੀ ਜੂਨੀਆਂ ਵਿਚ ਘੁੰਮਦੇ ਫਿਰਨਗੇ। ਕਿਤੇ ਘੋਗੜ ਬਣ ਗਏ, ਕਿਤੇ ਤਿਤਰ ਬਣ ਗਏ। ਐਸੇ ਤਰ੍ਹਾਂ ਇਹ ਜੀਵ ਘੁੰਮਦਾ ਫਿਰਦਾ ਹੈ। ਸੋ ਭਾਈ ਤਿਲੋਕਾ ਜੀ ਕਹਿਣ ਲੱਗੇ, "ਬੀਬਾ! ਇਹ ਮਾਰਗ ਅੱਡ-ਅੱਡ ਨੇ। ਜਿਹੋ ਜਿਹੀ ਕੋਈ ਕਰਨੀ ਜੀਵ ਕਰਦਾ ਹੈ ਉਹੋ ਜਿਹਾ ਹੀ ਰਸਤਾ ਉਸਨੂੰ ਮਿਲ ਜਾਂਦਾ ਹੈ। ਮਨਮੁਖ ਜੂਨਾਂ ਵਿਚ ਘੁੰਮਦਾ ਹੈ, ਨਰਕਾਂ ਵਿਚ ਜਾਂਦਾ ਹੈ। ਜੋ ਗੁਰਮੁਖ ਹੁੰਦਾ ਹੈ ਉਸਨੂੰ ਸਰੀਰ ਛੱਡਣ ਪਿਛੋਂ ਇਹ ਤਕਲੀਫਾਂ ਨਹੀਂ ਹੋਇਆ ਕਰਦੀਆਂ। ਇਸ ਗੱਲ ਉਤੇ ਜੇ ਕੋਈ ਹੱਠ ਕਰਦਾ ਹੈ ਕਿ ਮੈਂ ਤਾਂ ਸਿੱਧਾ ਸਚਖੰਡ ਜਾਵਾਂਗਾ ਇਹ ਉਸਦੀ ਆਪਣੇ ਆਪ ਨੂੰ ਧੋਖਾ ਦੇਣ ਵਾਲੀ ਗੱਲ ਹੈ -

*ਸਭੁ ਕੋਈ ਚਲਨ ਕਹਤ ਹੈ ਊਹਾਂ॥*
*ਨਾ ਜਾਨਉ ਬੈਕੁੰਠੁ ਹੈ ਕਹਾਂ॥*
*ਆਪ ਆਪ ਕਾ ਮਰਮੁ ਨ ਜਾਨਾਂ॥*
*ਬਾਤਨ ਹੀ ਬੈਕੁੰਠੁ ਬਖਾਨਾਂ॥*

*ਪੰਨਾ - 1161*

ਸਿੱਧਾ ਅਸੂਲ ਤਾਂ ਇਹ ਹੈ ਕਿ ਜਿਹੋ ਜਿਹੇ ਆਦਮੀ ਕਰਮ ਕਰੇਗਾ ਉਹੋ ਜਿਹਾ ਉਸਨੂੰ ਅਗਲੀ ਦਰਗਾਹ ਦਾ ਰਸਤਾ ਮਿਲੇਗਾ। ਕਹਿਣ ਲੱਗੇ ਬੀਬਾ! ਮੈਂ ਵੀ ਆਪਣੇ ਪਿਆਰੇ ਨੂੰ ਬਹੁਤ ਪਿਆਰ ਕਰਦਾ ਹਾਂ, ਮੈਂ ਉਸ ਤੋਂ ਬਗੈਰ ਜਿਉਂਦਾ ਨਹੀਂ ਰਹਿ ਸਕਦਾ। ਤੂੰ ਦੇਖਿਆ ਹੋਣਾ ਹੈ ਕਿ ਮੱਛੀ ਪਾਣੀ ਤੋਂ ਬਗੈਰ ਜਿਉਂਦੀ ਨਹੀਂ ਰਹਿੰਦੀ, ਇਸੇ ਤਰ੍ਹਾਂ ਮੈਂ ਵੀ ਉਸ ਤੋਂ ਬਿਨਾਂ ਨਹੀਂ ਰਹਿ ਸਕਦਾ। ਮੈਨੂੰ ਉਨ੍ਹਾਂ ਦਾ ਹੁਕਮ ਆ ਗਿਆ ਹੈ ਕਿ ਮੈਂ ਹੁਣ ਇਸ ਸਰੀਰ ਵਿਚੋਂ ਜਾਵਾਂ। ਐਨੀ ਗੱਲ ਸੁਣਦੇ ਹੀ ਰਾਜਕੁਮਾਰੀ ਗਹਿਰੀ ਸੋਚ ਵਿਚ ਪੈ ਗਈ, ਉਸਨੂੰ ਪੂਰੀ ਤਰ੍ਹਾਂ ਸਮਝ ਆ ਗਿਆ ਕਿ ਇਹ ਤਾਂ ਹੁਣ ਸਰੀਰ ਵਿਚੋਂ ਜਾਣ ਦੀ ਗੱਲ ਕਰਦਾ ਹੈ। ਕਹਿਣ ਲੱਗੀ, "ਹੇ ਚੰਗੇ ਪੁਰਸ਼! ਤੁਸੀਂ ਥੋੜ੍ਹੇ ਦਿਨਾਂ ਵਿਚ ਤੁਰਨ ਫਿਰਨ ਲਗ ਜਾਵੋਂਗੇ ਪਰ ਤੁਸੀਂ ਜਾਣ ਦੀਆਂ ਤਿਆਰੀਆਂ ਕਰ ਰਹੇ ਹੋ। ਤੁਸੀਂ ਲੱਖ ਕਹੋ ਕਿ ਮੈਂ ਪਾਪ ਨਹੀਂ ਕੀਤਾ ਪਰ ਮੇਰੇ ਅੰਦਰੋਂ ਅਵਾਜ਼ ਆਉਂਦੀ ਹੈ ਕਿ ਮੈਂ ਬਹੁਤ ਵੱਡਾ ਗੁਨਾਹ ਕੀਤਾ ਹੈ ਕਿ ਇਕ ਪ੍ਰਦੇਸੀ ਦੇ ਤੀਰ ਮਾਰਿਆ। ਮੇਰੇ ਵਿਚ ਇਹ ਤਾਕਤ ਨਹੀਂ ਹੈ ਕਿ ਮੈਂ ਇਸ ਪਾਪ ਨੂੰ ਸਹਿ ਸਕਾਂ ਤੇ ਜਿਸ ਵਕਤ ਤੂੰ ਇਸ ਸਰੀਰ ਵਿਚੋਂ ਨਿਕਲੇਂਗਾ ਮੈਂ ਨਾਲ ਹੀ ਮਰ ਜਾਣਾ ਹੈ।" ਉਸ ਵੇਲੇ ਆਪ ਮੁਸਕਰਾਏ ਤੇ ਕਹਿਣ ਲੱਗੇ, "ਸੰਸਾਰ ਵਿਚ ਆਉਣਾ ਜਾਣਾ ਆਪਣੇ ਵਸ ਵਿਚ ਨਹੀਂ ਹੋਇਆ ਕਰਦਾ। ਇਹ ਜੀਵ ਹੁਕਮ ਵਿਚ ਸੰਸਾਰ ਤੇ ਆਉਂਦਾ ਹੈ ਤੇ ਹੁਕਮ ਵਿਚ ਹੀ ਚਲਿਆ ਜਾਂਦਾ ਹੈ। ਇਸ ਸੰਸਾਰ ਵਿਚ ਕੋਈ ਪੁਰਸ਼ ਉਸਦੀ ਮਰਜ਼ੀ ਬਿਨਾਂ ਨਹੀਂ ਚਲ ਸਕਦਾ।" ਉਸ ਵੇਲੇ ਭਾਈ ਤਿਲੋਕਾ ਜੀ ਕਹਿਣ ਲੱਗੇ, "ਬੀਬਾ! ਜੇ ਤੂੰ ਕੋਈ ਜ਼ਹਿਰ ਖਾ ਕੇ ਜਾਂ ਕਿਸੇ ਸ਼ਸ਼ਤਰ ਨਾਲ ਮਰ ਜਾਵੇਂਗੀ ਤਾਂ ਇਹ ਖੁਦਕਸ਼ੀ ਤੇ ਆਤਮ ਘਾਤ ਹੋਇਆ ਕਰਦਾ ਹੈ। ਤੈਨੂੰ ਬਹੁਤ ਜੂਨਾਂ ਤੇ ਨਰਕਾਂ ਵਿਚ ਜਾਣਾ ਪਵੇਗਾ। ਜੇ ਤੂੰ ਇਹ ਆਸ ਰਖਦੀ ਹੈਂ ਕਿ ਮਰ ਕੇ ਮੈਨੂੰ ਮਿਲ ਜਾਵੇਂਗੀ, ਇਹ ਬਿਲਕੁਲ ਹੀ ਨਹੀਂ ਹੋ ਸਕਣਾ ਕਿਉਂਕਿ ਤੂੰ ਇਕ ਬਹੁਤ ਵੱਡਾ ਪਾਪ ਆਤਮ ਘਾਤ ਦਾ ਕਰਨਾ ਹੈ। ਆਤਮਘਾਤੀ ਜਗਤ ਕਸਾਈ ਹੋਇਆ ਕਰਦਾ ਹੈ। ਜੇ ਤੂੰ ਮੇਰਾ ਬਚਨ ਮੰਨੇਗੀ, ਤਾਂ ਉਸਨੂੰ ਧਿਆਨ ਨਾਲ ਸ੍ਵਣ ਕਰ। ਮੇਰੀ ਗੱਲ ਪੂਰੀ ਤਰ੍ਹਾਂ ਮੰਨਣੀ ਪਵੇਗੀ। ਪਹਿਲੀ ਗੱਲ ਤਾਂ ਇਹ ਹੈ ਕਿ ਜਿਸਨੂੰ ਮੈਂ ਪਿਆਰ ਕਰਦਾ ਹਾਂ ਉਹ ਤੈਨੂੰ ਵੀ ਪਿਆਰ ਕਰਦਾ ਹੈ।" ਉਸ ਵੇਲੇ ਉਹ ਇਕ ਦਮ ਬੋਲ ਪਈ ਕਿ

ਮੈਨੂੰ ਤਾਂ ਕੋਈ ਪਿਆਰ ਨਹੀਂ ਕਰਦਾ। ਮੈਨੂੰ ਤਾਂ ਸਿਰਫ ਮੇਰੀ ਮਾਂ ਤੇ ਮੇਰੇ ਬਾਪੂ ਜੀ ਪਿਆਰ ਕਰਦੇ ਹਨ, ਹਾਂ ਮੇਰੀਆਂ ਸਹੇਲੀਆਂ ਵੀ ਮੈਨੂੰ ਪਿਆਰ ਕਰਦੀਆਂ ਹਨ। ਉਸ ਵੇਲੇ ਭਾਈ ਤਿਲੋਕਾ ਜੀ ਮੁਸਕਰਾਏ ਤੇ ਕਹਿਣ ਲੱਗੇ, "ਹੇ ਭੋਲੀਏ! ਇਹ ਤਾਂ ਸਾਰੇ ਪਿਆਰ ਝੂਠੇ ਹੁੰਦੇ ਨੇ, ਇਹ ਸੱਚੇ ਪਿਆਰ ਨਹੀਂ ਹੁੰਦੇ। ਇਹ ਜੋ ਤੂੰ ਦਸੇ ਹਨ ਇਹ ਸਾਰੇ ਸਰੀਰ ਨੂੰ ਪਿਆਰ ਕਰਦੇ ਨੇ, ਮਰਨ ਤੋਂ ਬਾਦ ਤਾਂ ਇਹ ਉਸਨੂੰ ਭੂਤ ਆਖਦੇ ਹਨ। ਇਨ੍ਹਾਂ ਨੂੰ ਨਹੀਂ ਪਤਾ ਕਿ ਤੂੰ ਕੌਣ ਹੈਂ।" ਕਹਿੰਦੀ ਮੈਨੂੰ ਤਾਂ ਪਤਾ ਹੈ ਨਾ ਕਿ ਮੈਂ ਹਾਂ, ਸਾਮ੍ਹਣੇ ਖੜ੍ਹੀ ਹਾਂ। ਭਾਈ ਤਿਲੋਕਾ ਜੀ ਕਹਿਣ ਲੱਗੇ, "ਮੈਂ ਤੈਨੂੰ ਬਹੁਤ ਵਿਸਥਾਰ ਦੇ ਨਾਲ ਸਮਝਾਇਆ ਹੈ ਕਿ ਤੂੰ ਸਰੀਰ ਨਹੀਂ ਹੈਂ ਤੂੰ ਇਹਦੇ ਵਿਚ ਰਹਿਣ ਵਾਲੀ ਹੈਂ; ਕਿੰਨਾਂ ਮੈਂ ਤੈਨੂੰ ਸਮਝਾਇਆ ਹੈ ਕਿ ਇਸ ਵਿਚ ਵਸਣ ਵਾਲਾ ਜੀਵ ਉਡਾਰੀਆਂ ਮਾਰ ਲੈਂਦਾ ਹੈ। ਉਹਨੂੰ ਭੌਰ ਕਹਿੰਦੇ ਹਨ। ਜਿਹੜੀ ਤੂੰ ਹੈਂ ਨਾ, ਇਹਨੂੰ ਜੀਵ ਆਤਮਾ ਕਹਿੰਦੇ ਹਨ। ਸੁਣ, ਮੈਂ ਤੈਨੂੰ ਫੇਰ ਇਕ ਵਾਰੀ ਦਸਦਾ ਹਾਂ ਕਿ ਇਹ ਜਿਹੜੀ ਤੂੰ ਹੈ ਨਾ, ਜਿਵੇਂ ਤੂੰ ਘੋੜੇ ਦੀ ਸਵਾਰੀ ਕਰਦੀ ਹੈਂ ਤੂੰ ਸੋਚ ਕੇ ਦੱਸ ਤੂੰ ਕਦੇ ਘੋੜੇ ਨੂੰ ਕਿਹਾ ਹੈ ਕਿ ਮੈਂ ਘੋੜਾ ਹਾਂ।" ਰਾਜਕੁਮਾਰੀ ਨੇ ਕਿਹਾ, "ਘੋੜਾ ਹੋਰ ਹੈ, ਮੈਂ ਹੋਰ ਹਾਂ। ਮੈਂ ਤਾਂ ਚੜ੍ਹਨ ਵਾਲੀ ਹਾਂ।" ਭਾਈ ਤਿਲੋਕਾ ਜੀ ਕਹਿਣ ਲੱਗੇ, "ਤੈਨੂੰ ਪਤਾ ਨਹੀਂ। ਲੈ ਸੁਣ, ਇਹ ਸਰੀਰ ਮਰ ਜਾਂਦਾ ਹੈ ਤੂੰ ਮਰ ਕੇ ਭੀ ਨਹੀਂ ਮਰਦੀ। ਵਾਸ਼ਨਾ ਮੁਤਾਬਿਕ ਨਰਕ ਸੁਰਗ ਜੂਨਾਂ ਵਿਚ ਘੁੰਮੇਂਗੀ – ਤੂੰ ਇਸ ਤਰ੍ਹਾਂ ਨਾਲ ਸੋਚ।" ਰਾਜਕੁਮਾਰੀ ਨੇ ਕਿਹਾ ਕਿ ਫੇਰ ਮੈਂ ਕੀ ਹੋਈ? ਭਾਈ ਤਿਲੋਕਾ ਜੀ ਨੇ ਕਿਹਾ ਕਿ ਮੈਂ ਤੈਨੂੰ ਦਸ ਚੁਕਿਆ ਹਾਂ ਕਿ ਇਹਨੂੰ ਜੀਵ ਆਤਮਾ ਕਹਿੰਦੇ ਹਨ। ਤੂੰ ਸਰੀਰ ਤੋਂ ਪਰ੍ਹੇ ਹੈਂ ਸਰੀਰ ਦੇ ਵਿਚ ਵਸਦੀ ਹੈਂ, ਤੂੰ ਜੀਵ ਆਤਮਾ ਉਤਨੀ ਦੇਰ ਹੀ ਹੈਂ ਜਦੋਂ ਤੱਕ ਤੂੰ ਆਪਣੇ ਆਪ ਦੀ ਮਨੌਤ ਰਖੇਂਗੀ, ਇਸ ਮਨੌਤ ਨੇ ਤੇਰੇ ਅਸਲੀ ਸਰੂਪ ਵਿਚ ਪੜਦਾ ਪਾਇਆ ਹੋਇਆ ਹੈ ਪਰ ਜਿਸ ਵਕਤ ਤੇਰੀ ਮਨੌਤ ਹਟ ਜਾਵੇਗੀ ਉਸ ਵੇਲੇ ਤੇਰੀ ਮੰਨੀ ਹੋਈ ਜੀਵ ਉਪਾਧੀ ਨਹੀਂ ਰਹੇਗੀ ਤੇ ਫੇਰ ਤੂੰ ਅਸਲੀ ਰੂਪ ਹੋਵੇਂਗੀ, ਜਿਸਨੂੰ ਆਤਮਾ ਆਖਦੇ ਹਨ। ਸੋ ਹੁਣ ਯਾਦ ਰਖੀਂ ਕਿ ਤੂੰ ਤਾਂ ਆਤਮਾ ਹੈਂ। ਆਪੇ ਹੀ ਤੂੰ ਆਪਣੇ ਆਪ ਨੂੰ ਅੱਡ ਮੰਨ ਕੇ ਜੀਵ ਦੀ ਉਪਾਧੀ, ਜੀਵ ਦੀ ਬਿਰਤੀ ਧਾਰਨ ਕਰਕੇ ਜੀਵ ਆਤਮਾ ਬਣੀ ਹੋਈ ਹੈਂ। ਇਸ ਤੋਂ ਹੇਠਾਂ ਗਿਰ ਕੇ ਤੂੰ ਹੁਣ ਆਪਣੇ ਆਪ ਨੂੰ ਸਰੀਰ ਕਹਿੰਦੀ ਹੈਂ, ਬੀਬਾ! ਤੂੰ ਬਹੁਤ ਥੱਲੇ ਆ ਗਈ ਤੇਰੀ ਸੁਰਤੀ ਤੇ ਹਉਮੈ ਦਾ ਪੜਦਾ ਪੈ ਗਿਆ। ਤੂੰ ਸੁਰਤ ਨੂੰ ਪਿਛੇ ਮੋੜ, ਤੂੰ ਆਪਣੇ ਆਪ ਨੂੰ ਸਰੀਰ ਦੀ ਥਾਂ ਜੀਵ ਆਤਮਾ ਹੀ ਸਮਝ ਲੈ। ਜੇ ਤੈਨੂੰ ਅਜੇ ਆਤਮਾ ਦਾ ਪਤਾ ਨਹੀਂ ਲਗਦਾ ਤਾਂ ਜੀਵ ਆਤਮਾ ਹੀ ਸਮਝ। ਤੇਰਾ ਅਸਲੀ ਸਰੂਪ ਤਾਂ ਆਤਮਾ ਹੈ। ਜਿਹੜਾ ਤੇਰੇ ਨਾਲ ਹਰ ਵਕਤ ਰਹਿੰਦਾ ਹੈ ਉਹਨੂੰ ਤੂੰ ਵੀ ਭੁਲੀ ਹੋਈ ਹੈਂ; ਉਹ ਮੇਰੇ ਨਾਲ ਵੀ ਰਹਿੰਦਾ ਹੈ, ਤੇਰੇ ਮਾਤਾ, ਪਿਤਾ, ਤੇਰੀਆਂ ਸਹੇਲੀਆਂ ਨਾਲ ਵੀ ਰਹਿੰਦਾ ਹੈ। ਉਹਨੂੰ ਸਾਰਾ ਸੰਸਾਰ ਹੀ ਭੁਲਿਆ ਹੋਇਆ ਹੈ, ਸੰਸਾਰ ਵਿਚ ਮਾਇਆ ਨੇ ਇਕ ਜਾਲ ਪਾਇਆ ਹੋਇਆ ਹੈ, ਉਹ ਜਾਲ ਤੇਰੇ ਅੰਦਰ ਵੀ ਪਾਇਆ ਹੈ – ਹਨ੍ਹੇਰੇ ਦਾ। ਉਹ ਹਨ੍ਹੇਰੇ ਦਾ ਜਾਲ ਅਸਲੀ ਰੂਪ ਨੂੰ ਦਿਸਣ ਨਹੀਂ ਦਿੰਦਾ।

***ਧਾਰਨਾ – ਨਾਲ ਵਸਦੇ ਰਾਮ ਨੂੰ ਭੁਲਿਐਂ,***
***ਹਉਮੈ ਵਾਲਾ ਜਾਲ ਹੈ ਬੁਰਾ***

***ਹਉਮੈ ਕਰੀ ਤਾ ਤੂ ਨਾਹੀ***
***ਤੂ ਹੋਵਹਿ ਹਉ ਨਾਹਿ॥***
***ਬੂਝਹੁ ਗਿਆਨੀ ਬੂਝਣਾ***
***ਏਹ ਅਕਥ ਕਥਾ ਮਨ ਮਾਹਿ॥***
***ਪੰਨਾ – 1092***

ਪਿਆਰਿਓ! ਮਹਾਰਾਜ ਨੇ ਇਕ ਬੁਝਾਰਤ ਪਾ ਦਿਤੀ, ਬੁਝੋ ਇਹ ਕੀ ਗੱਲ ਹੈ? ਜਿਹੜੀ ਤੁਹਾਨੂੰ ਇਹ ਗੱਲ ਦੱਸੀ ਹੈ ਕਿ ਜੇ ਹਉਮੈ ਨੂੰ ਜਲਾ ਦਿਓ ਨਾ, ਖਤਮ ਕਰ ਦੇਵੋ ਤਾਂ ਇਥੇ ਵਾਹਿਗੁਰੂ ਹੀ ਹੁੰਦਾ ਹੈ। ਜੇ ਆਪਣੇ ਆਪ ਨੂੰ ਅੱਡ ਸਮਝੋ ਤਾਂ ਵਾਹਿਗੁਰੂ ਜੀ ਦੇਖਣ ਵਾਲੇ ਹੋ ਜਾਂਦੇ ਹਨ, ਵੱਖਰੇ ਹੋ ਜਾਂਦੇ ਹਨ। 'ਮੈਂ' ਤੇ 'ਤੂੰ' ਦਾ ਸਾਰਾ ਝਗੜਾ ਹੈ। ਸਮੁੰਦਰ ਦੀ ਲਹਿਰ ਜੇ ਇਹ ਕਹੇ ਕਿ ਮੈਂ ਲਹਿਰ ਹਾਂ, ਤਾਂ ਸੋਚੋ ਕਿ ਇਹ ਲਹਿਰ ਸਮੁੰਦਰ ਨਾਲੋਂ ਕਿਥੋਂ ਅੱਡ ਹੋ ਗਈ, ਉਸਦੀ ਜੋ ਇਹ ਮਨੌਤ ਹੈ ਕਿ ਮੈਂ ਲਹਿਰ ਹਾਂ ਬਿਲਕੁਲ ਗਲਤ ਹੈ। ਜੇ ਹਨ੍ਹੇਰੇ ਵਿਚ ਪਈ ਰੱਸੀ ਕਹੇ ਕਿ ਮੈਂ ਸੱਪ ਹਾਂ ਤਾਂ ਤੁਸੀਂ ਵਿਚਾਰੋ ਕਿ ਰੱਸੀ ਕਿਸੇ ਕਾਲ ਵੀ ਸੱਪ ਨਹੀਂ ਬਣ ਸਕਦੀ। ਇਹ ਬੰਦਾ ਇਕ ਸੁਪਨੇ ਦੇ ਵਿਚ ਭੁਲਿਆ ਹੋਇਆ ਹੈ। ਇਹ ਆਤਮ ਸ਼ਹਿਜ਼ਾਦਾ ਹੈ, ਆਪਣੇ ਆਪ ਨੂੰ ਭੁੱਲ ਕੇ ਦੁਖੀ ਸੁਖੀ ਹੋ ਰਿਹਾ ਹੈ। ਜਿਵੇਂ ਇਕ ਰਾਜਾ ਤਖਤ ਉਤੇ ਬੈਠਾ, ਥੋੜ੍ਹੀ ਦੇਰ ਲਈ ਸੌਂ ਗਿਆ। ਉਸਨੇ ਸੁਪਨੇ ਵਿਚ ਦੇਖਿਆ ਕਿ ਮੇਰੇ ਤੋਂ ਰਾਜ ਭਾਗ ਸਾਰਾ ਖੋਹ ਲਿਆ ਹੈ ਉਹ ਬਹੁਤ ਦੁਖੀ ਹੋ ਰਿਹਾ ਹੈ। ਉਸਨੂੰ ਜਾਗ ਆਈ ਤਾਂ ਹੈਰਾਨ ਹੋ ਗਿਆ ਕਿ ਇਹ ਤਾਂ ਸੁਪਨਾ ਸੀ। ਸੋ ਐਸਾ ਭਰਮ ਪੈਦਾ ਹੋਇਆ ਹੋਇਆ ਹੈ ਕਿ ਜੋ ਅਸਲੀ ਗੱਲ ਹੈ ਉਹ ਨਕਲੀ ਲਗਦੀ ਹੈ। ਸਾਧੂ ਮਹਾਂਪੁਰਸ਼ ਕਿੰਨਾ ਹੀ ਖੋਲ੍ਹ ਕੇ ਕਿਉਂ ਨਾ ਦਸਦੇ ਹੋਣ, ਇਸ ਜੀਵ ਦੇ ਅੰਦਰ ਕਦੇ ਭਰੋਸਾ ਨਹੀਂ ਆਉਂਦਾ, ਨਾ ਹੀ ਇਸ ਦੀ ਮਨੌਤ ਟੁਟਦੀ ਹੈ। ਇਹ ਦੇਹ ਅਧਿਆਸ ਵਿਚ ਪਿਆ ਹੋਇਆ ਹੈ ਕਿ ਮੈਂ ਸਰੀਰ ਹਾਂ, ਮੈਂ ਗਰੀਬ ਹਾਂ, ਮੈਂ ਅਮੀਰ ਹਾਂ, ਮੈਂ ਪੁੰਨੀ ਹਾਂ, ਮੈਂ ਪਾਪੀ ਹਾਂ, ਮੇਰੀ ਜਾਤ ਹੈ, ਮੈਂ ਕਾਲਾ ਹਾਂ, ਮੈਂ ਗੋਰਾ ਹਾਂ, ਮੈਂ ਦੁਖੀ ਹਾਂ, ਮੈਂ ਸੁਖੀ ਹਾਂ। ਦੱਸੋ ਇਹਦੇ ਵਿਚੋਂ ਕਿਵੇਂ ਨਿਕਲੇਗਾ? ਕਸੂਰ ਇਸ ਦਾ ਹੀ ਹੈ ਕਿਉਂਕਿ ਇਹ ਮਹਾਂਪੁਰਸ਼ਾਂ ਦੇ ਬਚਨ ਨਹੀਂ ਮੰਨਦਾ। ਇਕ ਤਿਲ ਭਰ ਆਪਣੀ ਸੋਚ ਨੂੰ ਛੱਡਣ ਵਾਸਤੇ ਤਿਆਰ ਨਹੀਂ ਹੈ। ਗੁਰੂ ਮਹਾਰਾਜ ਜੀ

ਦੀ ਬਾਣੀ ਨੂੰ ਸਮਝੋ। ਆਪ ਕਹਿੰਦੇ ਹਨ ਕਿ ਹਉਮੈ ਨੂੰ ਜਲਾ ਦੇਵੋ ਫੇਰ ਵਾਹਿਗੁਰੂ ਹੀ ਰਹਿ ਗਿਆ। ਇਹਦੇ ਵਿਚ ਜਿਹੜੀ ਮਨੌਤ ਬਣੀ ਹੈ ਕਿ ਮੈਂ ਸਰੀਰ ਹਾਂ ਇਹ ਇਕ ਬੱਜਰ ਵਰਗਾ ਕਠੋਰ ਭਰਮ ਹੈ। ਇਹ ਜੀਵ ਨਾ ਗੁਰੂ ਦੀ ਗੱਲ ਮੰਨਦਾ ਹੈ। ਗੁਰੂ ਪੁਕਾਰ-ਪੁਕਾਰ ਕੇ ਆਖ ਰਹੇ ਹਨ ਕਿ ਇਥੇ ਇਕੋ ਹੀ ਵਾਹਿਗੁਰੂ ਜੀ ਆਪਣੀ ਖੇਲ੍ਹ ਖੇਲ੍ਹ ਰਹੇ ਹਨ –

ਏਕ ਮੂਰਤ ਅਨੇਕ ਦਰਸਨ
ਕੀਨ ਰੂਪ ਅਨੇਕ।
ਖੇਲ ਖੇਲ ਅਖੇਲ ਖੇਲਨ
ਅੰਤ ਕੋ ਫਿਰ ਏਕ। ਜਾਪੁ ਸਾਹਿਬ

ਇਹ ਵਾਹਿਗੁਰੂ ਜੀ ਨੇ ਆਪਣੇ ਹੁਕਮ ਵਿਚ ਪਸਾਰਾ ਕਰਿਆ ਹੋਇਆ ਹੈ। ਜਦੋਂ ਇਹ ਖੇਲ੍ਹ ਨੂੰ ਸੰਕੋਚ ਲੈਂਦਾ ਹੈ ਤਾਂ ਫੇਰ ਆਪੇ ਹੀ ਆਪ ਰਹਿੰਦਾ ਹੈ। ਐਨੀ ਗੱਲ ਹੈ ਜੋ ਸਮਝ ਵਿਚ ਨਹੀਂ ਆਉਂਦੀ। ਫੁਰਮਾਨ ਹੈ –

ਜਬ ਹਮ ਹੋਤੇ ਤਬ ਤੂ ਨਾਹੀ
ਅਬ ਤੂਹੀ ਮੈ ਨਾਹੀ॥
ਅਨਲ ਅਗਮ ਜੈਸੇ
ਲਹਰਿ ਮਇ ਓਦਧਿ
ਜਲ ਕੇਵਲ ਜਲ ਮਾਂਹੀ॥
ਮਾਧਵੇ ਕਿਆ ਕਹੀਐ ਭ੍ਰਮੁ ਐਸਾ।।
ਜੈਸਾ ਮਾਨੀਐ ਹੋਇ ਨ ਤੈਸਾ॥
ਨਰਪਤਿ ਏਕੁ ਸਿੰਘਾਸਨਿ ਸੋਇਆ
ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ
ਸੋ ਗਤਿ ਭਈ ਹਮਾਰੀ॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ
ਅਬ ਕਛੁ ਮਰਮੁ ਜਨਾਇਆ॥
ਪੰਨਾ – 657

ਕਮਾਲ ਦੀ ਗੱਲ ਹੈ ਅਸੀਂ ਅਸਲੀ ਗੱਲ ਨੂੰ ਨਕਲੀ ਕਹੀ ਜਾਂਦੇ ਹਾਂ ਅਤੇ ਨਕਲੀ ਨੂੰ ਅਸਲੀ ਸਮਝਦੇ ਹਾਂ। ਸਮਝਣ ਦਾ ਜਤਨ ਕਰੋ, ਧਿਆਨ ਦਿਓ – ਥੋੜ੍ਹਾ ਜਿਹਾ। ਮਹਾਰਾਜ ਜੀ ਕਹਿੰਦੇ ਹਨ 'ਹਉਮੈ ਕਰੀ ਤਾ ਤੂ ਨਾਹੀਂ?' ਇਹ ਬੁਝਾਰਤ ਆ ਗਈ। ਜੇ ਤਾਂ 'ਮੈਂ' ਕਹਿ ਦਿਤਾ ਕਿ ਮੈਂ ਹਾਂ, ਤਾਂ 'ਤੂੰ' ਨਹੀਂ ਹੈਗਾ। ਜੇ 'ਤੂੰ' ਹੈਗਾ ਤਾਂ 'ਮੈਂ' ਨਹੀਂ ਹਾਂ। ਫੇਰ ਤਾਂ ਇਕੋ ਹੀ ਹੋਇਆ ਨਾ, ਉਹਦਾ ਨਾਉਂ ਹੀ 'ਮੈਂ' ਹੈ, ਉਹਦਾ ਹੀ 'ਤੂੰ' ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ –

ਬੂਝਹੁ ਗਿਆਨੀ ਬੂਝਣਾ
ਏਹ ਅਕਥ ਕਥਾ ਮਨ ਮਾਹਿ॥
ਬਿਨੁ ਗੁਰ ਤਤੁ ਨ ਪਾਈਐ
ਅਲਖੁ ਵਸੈ ਸਭ ਮਾਹਿ॥
ਪੰਨਾ – 1092

ਇਹ ਦੋ ਨਹੀਂ; ਇਕ ਦਾ ਨਾਂ ਜੀਵ ਹੈ, ਇਕ ਦਾ 'ਈਸ਼ਵਰ' ਹੈ। ਇਹ ਦੋਵੇਂ ਹੀ ਉਪਾਧੀਆਂ ਕਰਕੇ ਨੇ। ਜਿਵੇਂ ਕਿਸੇ ਦੀ ਅੱਖ ਵਿਚ ਦੇਖਣ ਦਾ ਦੋਸ਼ ਹੋਵੇ ਜਾਂ ਐਉਂ ਕਹੋ ਕਿ ਟੀਰਾ ਹੋਵੇ ਤਾਂ ਉਸਨੂੰ ਇਕ ਦੇ ਦੋ ਦਿਸਿਆ ਕਰਦੇ ਹਨ। ਅੱਖ ਦੇ ਕੋਏ ਵਿਚ, ਉਂਗਲੀ ਨਾਲ ਥੋੜ੍ਹਾ ਦਬਾ ਕੇ ਰਾਤ ਨੂੰ ਚੰਦਰਮਾ ਵਲ ਝਾਕੋ, ਕੀ ਦਿਸੇਗਾ? ਦੋ ਚੰਦਰਮਾ ਦਿਸਣਗੇ। ਚੰਦਰਮਾ ਤਾਂ ਇਕੋ ਹੀ ਹੈ, ਦੋ ਕਿਉਂ ਦਿਸਦੇ ਹਨ? ਕਿਉਂਕਿ ਅੱਖ ਦੇ ਦੇਖਣ ਵਿਚ ਦੋਸ਼ ਹੈ। ਅੱਖ ਸਿੱਧਾ ਨਹੀਂ ਦੇਖ ਰਹੀ। ਸੋ ਇਹ ਮਾਇਆ ਕਰਕੇ ਦੋ ਉਪਾਧੀਆਂ ਨੇ। ਮਾਇਆ 'ਚ ਰਜੋ ਗੁਣ, ਤਮੋ ਗੁਣ, ਸਤੋ ਗੁਣ ਇਹਦੇ ਵਿਚ ਦੋ ਅੰਸਾਂ ਹੁੰਦੀਆਂ ਹਨ। ਇਕ ਤਾਂ ਹੁੰਦੀ ਹੈ ਸ਼ੁਧ ਅੰਸ, ਇਕ ਹੁੰਦੀ ਹੈ ਮਲੀਨ ਅੰਸ। ਐਂ ਸਮਝ ਲਓ ਇਕ ਤਾਂ ਟਿਕਿਆ ਹੋਇਆ ਨਿਰਮਲ ਜਲ ਹੈ ਉਹਦੇ ਵਿਚ ਚੰਦਰਮਾ ਦਾ ਜਾਂ ਸੂਰਜ ਦਾ ਪਰਛਾਵਾਂ ਪੈ ਰਿਹਾ ਹੈ। ਉਹਦੇ ਵਿਚ ਡਲ੍ਹਕ-ਡਲ੍ਹਕ ਕਰਦੇ ਤਾਰੇ ਉਵੇਂ ਦਿਸਣਗੇ, ਉਵੇਂ ਹੀ ਚੰਦਰਮਾ ਨਜ਼ਰ ਆਵੇਗਾ। ਇਕ ਮੈਲਾ ਕੁਚੈਲਾ ਪਾਣੀ ਹੈ ਉਹਦੇ ਵਿਚ ਮੋਬਲ ਆਇਲ ਡੁਲ੍ਹਿਆ ਹੋਇਆ ਹੈ, ਉਹਦੇ ਵਿਚ ਗੰਦਾ ਪਾਣੀ ਹੈ, ਉਹ ਹਿਲ ਰਿਹਾ ਹੈ ਉਹਦੇ ਵਿਚ ਜਿਹੜਾ ਪਰਛਾਵਾਂ ਦਿਸੇਗਾ, ਉਹ ਸ਼ੁਧ ਨਹੀਂ ਦਿਸੇਗਾ। ਗੰਦੇ ਪਾਣੀ ਦਾ ਜਿਹੜਾ ਪਰਛਾਵੇਂ ਦਾ ਅੰਸ ਹੈ ਉਹਨੂੰ ਮੈਲ ਚਿੰਬੜੀ ਹੋਈ ਹੈ। ਹੁਣ ਹੋਰ ਸਮਝੋ, ਕਿ ਚੰਦਰਮਾ ਤੇ ਸੂਰਜ ਤਾਂ ਬਿੰਬ ਹਨ ਤੇ ਪਾਣੀ ਵਿਚ ਪੈਂਦਾ ਹੋਇਆ, ਪ੍ਰਤੀਬਿੰਬ ਹੈ। ਨਾਮ ਹੀ ਦੋ ਹਨ ਨਾ। ਜਿਹਦਾ ਪਰਛਾਵਾਂ ਪੈਂਦਾ ਹੈ ਉਹਨੂੰ ਬਿੰਬ ਕਹਿੰਦੇ ਹਨ – ਉਹ ਤਾਂ ਹੈ ਈਸ਼ਵਰ, ਸਰਬ ਕਲਾ ਸਮਰੱਥ, ਸਾਰੀ ਦੁਨੀਆਂ ਦਾ ਮਾਲਕ, ਸਾਰੇ ਪਰੀਪੂਰਨ ਹੈ। ਦੂਸਰਾ ਜਿਹੜਾ ਉਸਦਾ ਪਰਛਾਵਾਂ ਗੰਦੇ ਪਾਣੀ ਵਿਚ ਪੈ ਰਿਹਾ ਹੈ ਜਾਂ ਐਉਂ ਕਹਿ ਲਵੋ ਕਿ ਜਿਹੜਾ ਉਹਦਾ ਪ੍ਰਤੀਬਿੰਬ ਪਾਣੀ ਵਿਚ ਪੈ ਰਿਹਾ ਹੈ ਉਹ ਜੀਵ ਹੈ। ਸੋ ਪਰਛਾਵਾਂ ਕਦੇ ਵੀ ਅਸਲ ਨਹੀਂ ਬਣਿਆ ਕਰਦਾ, ਪ੍ਰਤੀਬਿੰਬ ਅਸਲੀ ਚੀਜ਼ ਨਹੀਂ ਹੋਇਆ ਕਰਦਾ। ਬਿੰਬ ਅਸਲੀ ਚੀਜ਼ ਹੋਇਆ ਕਰਦਾ ਹੈ, ਇਵੇਂ ਜਿਵੇਂ ਵਾਹਿਗੁਰੂ ਜੀ ਦਾ ਪ੍ਰਤੀਬਿੰਬ ਜਾਂ ਐਉਂ ਕਹਿ ਲਓ ਸ਼ਕਤੀ ਜਦੋਂ ਮਾਇਆ ਵਿਚ ਪੈਂਦੀ ਹੈ ਤਾਂ ਵਾਹਿਗੁਰੂ ਜੀ ਦੀ ਅਸਲੀਅਤ ਤੋਂ ਬਦਲ ਕੇ ਉਸ ਪਰਛਾਵੇਂ ਨੂੰ ਜੀਵ ਆਖਦੇ ਹਨ ਜਿਵੇਂ ਕਿ ਫੁਰਮਾਨ ਹੈ–

ਨਾਨਕ ਤਰਵਰੁ ਏਕੁ ਫਲੁ
ਦੁਇ ਪੰਖੇਰੂ ਆਹਿ॥
ਆਵਤ ਜਾਤ ਨ ਦੀਸਹੀ
ਨਾ ਪਰ ਪੰਖੀ ਤਾਹਿ॥ ਪੰਨਾ – 550

ਸੋ ਸ਼ੁਧ ਅੰਸ ਤਾਂ ਹੈਗਾ ਈਸ਼ਵਰ। ਉਹ ਤਾਂ ਹੈਗਾ ਬਿੰਬ, ਜਿਹੜਾ ਉਸਦਾ ਪਰਛਾਵਾ ਪੈਂਦਾ ਹੈ, ਪ੍ਰਤੀਬਿੰਬ ਹੈ ਉਹਨੂੰ ਜੀਵ ਕਹਿੰਦੇ ਨੇ। ਫੇਰ ਧਿਆਨ ਦੇ ਕੇ ਸਮਝੋ। ਏਕੰਕਾਰ ਤਾਂ ਬਿੰਬ ਹੈ ਉਸਦਾ ਪਰਛਾਵਾਂ ਜੋ ਮਾਇਆ ਤੇ ਜਿਸਨੂੰ ਪ੍ਰਤੀਬਿੰਬ ਕਹਿੰਦੇ ਹਨ ਉਹ ਜੀਵ ਕਹਾਉਂਦਾ ਹੈ। ਜਦੋਂ ਚੰਦਰਮਾ ਦਾ ਪਰਛਾਵਾਂ ਪਾਣੀ ਵਿਚ ਪੈਂਦਾ ਹੈ, ਅਸੀਂ ਉਸਦਾ ਨਾਮ ਨਹੀਂ ਰਖਦੇ,

ਪਰਛਾਵਾਂ ਹੀ ਕਹਿੰਦੇ ਹਾਂ। ਇਸੇ ਤਰ੍ਹਾਂ ਵਾਹਿਗੁਰੂ ਜੀ ਦਾ ਜੋ ਪਰਛਾਵਾਂ, ਮਾਇਆ ਉਪਰ ਪੈਂਦਾ ਹੈ ਉਥੇ ਉਹ ਸ਼ਕਤੀ ਜੀਵ ਕਹਾਉਣ ਲਗ ਜਾਂਦੀ ਹੈ। ਏਕੰਕਾਰ ਜੀ ਦਾ ਕੋਈ ਰੂਪ ਰੰਗ ਰੇਖ ਭੇਖ ਨਹੀਂ ਹੈ, ਸਾਡੇ ਉਤੇ ਮਾਇਆ ਦੇ ਪਰਦੇ ਉਤੇ ਪਰਦਾ ਫੇਰ ਪੈ ਗਿਆ। 300 ਪੜਦਾ ਤਾਂ ਆਪਾਂ ਵੀ ਗਿਣਿਆ ਸੀ ਇਕ ਵਾਰੀ, ਪਤਾ ਨਹੀਂ ਹੋਰ ਕਿੰਨੇ ਕੁ ਪੜਦੇ ਪੈ ਗਏ, ਬੇਅੰਤ ਪੜਦੇ ਪੈ ਗਏ। ਹੁਣ ਜੀਵ ਵਿਚਾਰਾ ਕੀ ਕਰੇ? ਜੀਵ ਬਣ ਗਿਆ ਨਾ। ਹੁਣ ਗੱਲ ਤਾਂ ਸਿੱਧੀ ਹੈ, ਜੇ ਤਾਂ ਇਸ ਭਾਵਨਾ ਨੂੰ ਛੱਡ ਦੇਈਏ ਕਿ ਮੈਂ ਜੀਵ ਨਹੀਂ ਹਾਂ, ਅਸਲੀਅਤ ਨੂੰ ਬੁਝ ਲਈਏ, ਫੇਰ ਤਾਂ ਛੁਟਕਾਰਾ ਹੋ ਜਾਂਦਾ ਹੈ; ਜੇ ਕਹੇ ਮੈਂ ਵੀ ਹੈਗਾ, ਵਾਹਿਗੁਰੂ ਵੀ ਹੈਗਾ, ਫੇਰ ਨਹੀਂ ਛੁਟਕਾਰਾ ਹੁੰਦਾ। ਇਹ ਗੱਲ ਸਮਝਣੀ ਔਖੀ ਹੈ - ਥੋੜ੍ਹੀ ਜਿਹੀ। ਹੁਣ ਪੜਦੇ ਦੇਖੋ ਕਿਹੜੇ ਨੇ, ਆਹ ਸਰੀਰ ਦਾ ਪੜਦਾ ਦੇਖੋ, ਕਿੰਨਾ ਭਾਰੀ ਹੈ। ਇਹਦੇ ਵਿਚੋਂ ਤਾਂ ਜੋਤ ਨਜ਼ਰ ਹੀ ਨਹੀਂ ਆਉਂਦੀ। ਫੇਰ ਦੂਜਾ ਪੜਦਾ ਹੈ ਸੂਖਸ਼ਮ ਸਰੀਰ ਦਾ, ਸਰੀਰ ਪੰਜਾਂ ਤੱਤਾਂ ਦਾ ਹੈ, ਸੂਖਸ਼ਮ ਸਰੀਰ 17 ਤੱਤਾਂ ਦਾ ਹੈ। ਸੂਖਸ਼ਮ ਸਰੀਰ ਦੇ ਅੰਦਰ ਫੇਰ ਕਾਰਨ ਸਰੀਰ ਹੈ ਜਿਹਨੂੰ ਅਕਾਸ਼ੀ ਸਰੀਰ ਕਹਿੰਦੇ ਨੇ। ਪੰਜ ਕੋਸ਼ਾਂ ਦੇ ਪਰਦੇ ਨੇ, ਇਕ ਨੂੰ ਅੰਨਮਈ ਕੋਸ਼ ਕਹਿੰਦੇ ਨੇ। ਕੋਸ਼ ਪੜਦੇ ਨੂੰ ਕਹਿੰਦੇ ਨੇ, ਅੰਨ ਦਾ ਪੜਦਾ ਸਰੀਰ ਹੈ। ਦੂਸਰਾ ਪ੍ਰਾਣਾਂ ਦਾ ਪੜਦਾ ਹੈ; ਤੀਸਰਾ ਮਨ ਦਾ; ਚੌਥਾ ਬੁੱਧੀ ਦਾ ਪੜਦਾ; ਪੰਜਵਾਂ ਅਗਿਆਨ ਦਾ ਪੜਦਾ ਹੈ ਜਿਸਨੂੰ ਅਨੰਦ ਕਹਿੰਦੇ ਹਨ। ਇਹ ਅੱਠ ਪੜਦੇ ਹੋ ਗਏ। ਆਪੇ ਹੀ ਗਿਣੀ ਜਾਇਓ। ਚਿਤੁਸ਼ਟਾ ਅੰਤਸ਼ਕਰਣ ਹੈ, ਮਨ, ਬੁੱਧੀ, ਚਿਤ ਤੇ ਮੈਂ, ਇਹ ਚਾਰ ਪੜਦੇ ਫੇਰ ਨੇ। ਇਹਦੇ ਬਾਦ ਪੰਜ ਪ੍ਰਾਣਾਂ ਦੇ ਪੜਦੇ ਹਨ - ਪ੍ਰਾਣ, ਉਪਾਨ, ਉਦਾਨ, ਬਿਆਨ, ਸਮਾਨ; ਇਹ ਪੜਦੇ ਪਏ ਹੋਏ ਨੇ। ਪੰਜ ਕਰਮ ਇੰਦ੍ਰਿਆਂ ਦੇ ਪੜਦੇ ਪਏ ਹੋਏ ਨੇ, ਪੰਜ ਗਿਆਨ ਇੰਦ੍ਰਿਆਂ - ਅੱਖ, ਨੱਕ ਵਗੈਰਾ ਦਾ ਪੜਦੇ ਨੇ। ਸੂਖਮ, ਭੂਤ, ਅਸਥੂਲ, ਸ਼ਬਦ, ਸਪਰਸ਼, ਰੂਪ, ਰਸ, ਗੰਧ ਤੇ ਆਹ ਜਿਹੜੇ ਸਥੂਲ ਭੂਤ ਨੇ ਜਿਹਨੂੰ ਪਉਣ, ਪਾਣੀ, ਅਗਨੀ, ਬੈਸੰਤਰ, ਅਕਾਸ਼ ਵਗੈਰਾ ਕਹਿੰਦੇ ਨੇ ਇਹ ਪੜਦਾ ਪਿਆ ਹੋਇਆ ਹੈ। 25 ਪ੍ਰਕ੍ਰਿਤੀਆਂ ਦਾ ਪੜਦਾ ਹੈ, ਜਿਹਦੇ ਨਾਲ ਸਾਡੇ ਉਤੇ ਕਿੰਨੇ ਪੜਦੇ ਹੋ ਗਏ। ਸੋ ਇਸ ਤਰ੍ਹਾਂ ਪੰਜ ਚੋਰ ਨੇ ਇਹਦੇ ਵਿਚ -

> ***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
> ***ਕਾਮੁ ਕ੍ਰੋਧੁ ਲੋਭ ਮੋਹ ਅਹੰਕਾਰਾ।।***
> ***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
> ***ਕੋਇ ਨ ਸੁਣੈ ਪੂਕਾਰਾ॥***
>
> ***ਪੰਨਾ - 600***

ਪੰਜ ਹੰਕਾਰਾਂ ਦੇ ਪਰਦੇ ਹਨ -

> ***ਰਾਜੁ ਮਾਲੁ ਰੂਪੁ ਜਾਤਿ ਜੋਬਨੁ***
> ***ਪੰਜੇ ਠਗ॥***
> ***ਇਨੀ ਠਗੀ ਜਗੁ ਠਗਿਆ***
> ***ਕਿਨੈ ਨ ਰਖੀ ਲਜ॥***
>
> ***ਪੰਨਾ - 1288***

ਹੁਣ ਦੇਖੀ ਜਾਓ ਕਿ ਇਸ ਜੀਵ ਨੂੰ ਫਸਾਉਣ ਵਾਲੇ ਕਿਨੇ ਨੇ। ਕਿੰਨੇ ਨੇ ਵੈਰੀ, ਇਕ ਨਹੀਂ ਬੇਅੰਤ ਸ਼ਿਕਾਰੀ ਨੇ। ਪੰਜ ਵਿਸ਼ੇ ਨੇ - ਸ਼ਬਦ, ਸਪਰਸ਼, ਰੂਪ, ਰਸ, ਗੰਧ। ਫੇਰ ਦੰਭ ਹੈ, ਪਾਖੰਡ ਕਰਨਾ - ਚੋਲਾ ਪਾ ਲਿਆ ਸੰਤਾਂ ਵਾਲਾ, ਅੰਦਰਲੇ ਪਾਸੇ ਪਤਾ ਨਹੀਂ ਕੀ ਭਰਿਆ ਪਿਆ ਹੈ। ਸੰਤਾਂ ਦਾ ਕੋਈ ਸਰਟੀਫਿਕੇਟ ਹੁੰਦਾ ਹੈ? ਸੰਤ ਤਾਂ ਉਹ ਹੁੰਦਾ ਹੈ ਜਿਹਨੂੰ ਆਪਣੇ ਸਰੂਪ ਦਾ ਗਿਆਨ ਹੁੰਦਾ ਹੈ -

> ***ਜਿਨਾ ਸਾਸਿ ਗਿਰਾਸਿ ਨ ਵਿਸਰੈ***
> ***ਹਰਿ ਨਾਮਾਂ ਮਨਿ ਮੰਤੁ॥***
> ***ਧੰਨੁ ਸਿ ਸੇਈ ਨਾਨਕਾ***
> ***ਪੂਰਨੁ ਸੋਈ ਸੰਤੁ॥ ਪੰਨਾ - 319***

ਚੋਲੇ ਪਾ ਕੇ ਤਾਂ ਫੇਰ ਸਾਰੇ ਹੀ ਸੰਤ ਬਣ ਜਾਣਗੇ, ਐਂ ਨਹੀਂ। ਇਹਨੂੰ ਦੰਭ ਕਹਿੰਦੇ ਨੇ ਜੇ ਅਵਸਥਾ ਨਾ ਹੋਵੇ ਤੇ ਆਪਣੇ ਆਪ ਦਾ ਦਿਖਾਵਾ ਕਰੇ ਇਹ ਪਾਖੰਡ ਹੋਇਆ ਕਰਦਾ ਹੈ। ਫੇਰ ਇਹਦੇ ਵਿਚ ਈਰਖਾ ਦਾ ਪੜਦਾ, ਨਿੰਦਿਆ ਦਾ ਪੜਦਾ, ਚੁਗਲੀ, ਕੁਬੁਧ, ਅਗਿਆਨ, ਤ੍ਰਿਸ਼ਨਾ, ਵਿਭ੍ਰਮਤੀ, ਉਲਟੀ ਮਤ ਧਾਰਨ ਕਰਨੀ, ਕਰਮਾਂ ਦਾ ਪੜਦਾ, ਧਰਮਾਂ ਦਾ ਪੜਦਾ, ਜਾਤ ਦਾ ਪੜਦਾ, ਗੋਤ ਦਾ ਪੜਦਾ, ਬਰਾਦਰੀ ਦਾ, ਪਰਿਵਾਰ ਦਾ, ਪੂਜਾ ਦਾ, ਤੀਰਥ ਦਾ, ਵਾਸ਼ਨਾ ਦਾ, ਦੇਹ ਵਾਸ਼ਨਾ, ਲੋਕ ਵਾਸ਼ਨਾ, ਧਨ ਵਾਸ਼ਨਾ, ਪੁਤਰ ਵਾਸ਼ਨਾ, ਪਦਾਰਥਾਂ ਦੀ ਵਾਸ਼ਨਾ, ਪੜ੍ਹਨ ਦੀ ਵਾਸ਼ਨਾ, ਯਾਤਰਾ ਕਰਨ ਦੀ ਵਾਸ਼ਨਾ, ਤਮਾਸ਼ੇ ਦੇਖਣ ਦੀ ਵਾਸ਼ਨਾ, ਅਨਸ਼ਠਾਨ ਵਾਸ਼ਨਾ, ਰਾਜਸੀ ਵਾਸ਼ਨਾ ਕਿ ਮੈਂ ਰਾਜਾ ਬਣ ਜਾਵਾਂ। ਸੋ ਇਸ ਤਰ੍ਹਾਂ ਦੇ ਨਾਲ ਪੜਦਿਆਂ ਉਪਰ ਪੜਦੇ ਹੀ ਪਈ ਜਾ ਰਹੇ ਹਨ। ਫੇਰ ਬੁਰੀ ਚਿਤਵਨੀ, ਅਨੇਕ ਕਿਸਮ ਦੇ ਭੋਗਾਂ ਦਾ, ਪਰ ਇਸਤ੍ਰੀ, ਪਰ ਤਨ, ਪਰ ਧਨ; ਅਨੇਕ ਕਿਸਮ ਦੇ ਕਲਾ ਕਲੇਸ਼। ਪੰਜ ਕਿਸਮ ਦੇ ਕਲੇਸ਼ ਹਨ ਜਿਨ੍ਹਾਂ ਨੂੰ ਮਾਨਸਿਕ ਕਲੇਸ਼ ਕਹਿੰਦੇ ਹਨ ਅਤੇ ਅਗਿਆਨ ਦਾ ਪੜਦਾ ਇਸ ਪੜਦੇ ਦੇ ਉਤੇ ਦੂਜਾ ਪੜਦਾ ਪੈਂਦਾ ਚਲਿਆ ਜਾਂਦਾ ਹੈ ਜਿਹਦੇ ਕਰਕੇ ਸਾਨੂੰ ਆਪਣੇ ਆਤਮ ਸਰੂਪ ਦਾ ਗਿਆਨ ਨਹੀਂ ਹੁੰਦਾ। ਫੇਰ ਅਸਿਮਤਾ ਦਾ, ਅਭੀਨਿਵੇਸ਼ ਦਾ, ਰਾਗ ਦਾ, ਦ੍ਵੈਸ਼ ਦਾ, ਪਾਖੰਡ ਦਾ, ਅਸ਼ਰਧਾ ਦਾ, ਕੁਸੰਗ ਦਾ, ਅਵਿਚਾਰ, ਮਾੜੀ ਵਿਚਾਰ ਦਾ ਪੜਦਾ; ਸਾਡੇ ਅੰਦਰ ਕਿੰਨੇ ਗਲਤ ਨਿਸ਼ਚੇ ਕਾਇਮ ਹੋਏ ਹੋਏ ਨੇ। ਕਿਵੇਂ ਕੱਢ ਦੇਵਾਂਗੇ ਗਲਤ ਨਿਹਚਿਆਂ ਨੂੰ? ਫੇਰ ਸੰਸਿਆਂ ਦੇ ਪੜਦੇ ਹਨ, ਪੰਜ ਕਿਸਮ ਦੇ ਭਰਮ ਪਏ ਹੋਏ ਹਨ, ਨੌਂ ਰਸਾਂ ਵਿਚ ਸੁਰਤ ਘੁੰਮਦੀ ਹੈ, ਨੌਂ ਗ੍ਰਹਿਾਂ ਦਾ ਡਰ ਮਨ ਤੇ ਪਿਆ ਹੋਇਆ ਹੈ। ਆਹ ਤਾਂ ਜੀ ਸ਼ਨਿੱਚਰ ਦਾ ਗ੍ਰਹਿ ਚੜ੍ਹ ਗਿਆ, ਆਹ ਤਾਂ ਹੁਣ ਮੰਗਲ ਦਾ ਗ੍ਰਹਿ ਪੈ ਗਿਆ। ਸੋਲ੍ਹਾਂ ਸ਼ਿੰਗਾਰਾਂ ਦਾ ਰਸ ਪਿਆ ਹੋਇਆ ਹੈ, 36 ਪ੍ਰਕਾਰ ਦੇ ਭੋਜਨਾਂ ਦਾ ਰਸ ਹੈ, ਡਰ ਦਾ, ਮੈਂ ਦਾ, ਖਿਝ ਜਾਣ

ਦਾ, ਇਸੇ ਤਰ੍ਹਾਂ ਨਾਲ ਬਿਆਧੀ ਦਾ, ਆਧੀ ਦਾ, ਉਪਾਧੀ ਦਾ - ਤਿੰਨ ਦੋਖ ਨੇ; ਆਸਾ, ਅੰਦੇਸਾ, ਆਲਸ, ਅਮਲ, ਰੋਣਾ, ਹੱਸਣਾ, ਸੁਖ, ਇੱਛਾ, ਅਗਿਆਨ ਦ੍ਰਿਸ਼ਟੀ, ਬ੍ਰਹਮ ਤੋਂ ਬਗੈਰ ਸੰਸਾਰ ਨੂੰ ਸੰਸਾਰ ਕਰਕੇ ਮੰਨਣਾ। ਬ੍ਰਹਮ ਤੋਂ ਬਿਨਾਂ ਬਾਕੀ ਸ਼ਬਦਾਂ ਨੂੰ ਸ਼ਬਦ ਸਮਝੀ ਜਾਣਾ ਕਿਉਂਕਿ ਅਸਲ ਸ਼ਬਦ ਵਾਹਿਗੁਰੂ ਸ਼ਬਦ ਹੈ। ਸੋ ਮਨ ਦੇ ਅਨੇਕ-ਅਨੇਕ ਫੁਰਨੇ ਜਿਹੜੇ ਕ੍ਰੋੜਾਂ ਅਰਬਾਂ ਦੀ ਤਦਾਦ ਵਿਚ ਨੇ, ਆਪਣੀ ਹੋਂਦ ਨੂੰ ਸਦਾ ਹੀ ਕਾਇਮ ਰੱਖਣਾ ਕਿ ਮੈਂ ਇਹਨੂੰ ਨਹੀਂ ਛੱਡਣਾ ਬਾਕੀ ਸਭ ਛੱਡ ਦੇਣੇ ਨੇ। ਮੈਂ ਰਹਿਣਾ ਹੈ ਵੱਖਰੀ ਹੋਂਦ ਕਾਇਮ ਰੱਖਣੀ ਹੈ, ਦਰਗਾਹ 'ਚ ਜਾ ਕੇ ਵੀ ਵੱਖਰੇ ਰਹਿਣਾ ਹੈ ਰੱਬ ਤੋਂ, ਪ੍ਰਭੂ ਵਿਚ ਅਭੇਦ ਹੋ ਕੇ ਰਲਣਾ ਨਹੀਂ ਹੈ। ਜਿਵੇਂ ਕਿ ਫੁਰਮਾਨ ਹੈ-

*ਜਿਉ ਜਲ ਮਹਿ ਜਲੁ ਆਇ ਖਟਾਨਾ।।*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥*
*ਪੰਨਾ - 278*

ਸੋ ਮਹਾਰਾਜ ਜੀ ਕਹਿੰਦੇ ਨੇ ਕਿ ਪਿਆਰਿਓ! ਸੋਚੋ ਕੀ ਕਰਿਆ ਜਾਵੇ? ਐਨਾ ਫਸਿਆ ਹੋਇਆ ਹੈ ਇਹ ਜੀਵ -

*ਧਾਰਨਾ- ਜੀਵ ਇਕ ਤੇ ਸ਼ਿਕਾਰੀ ਬਹੁਤੇ,*
*ਇਕੋ ਤੇਰੀ ਆਸ ਮਾਲਕਾ*

*ਕਬੀਰ ਹਰਨਾ ਦੂਬਲਾ*
*ਇਹੁ ਹਰੀਆਰਾ ਤਾਲੁ।।*
*ਲਾਖ ਅਹੇਰੀ ਏਕੁ ਜੀਉ*
*ਕੇਤਾ ਬੰਚਉ ਕਾਲੁ॥ ਪੰਨਾ - 1367*

ਇਕ ਦੋ ਚਾਰ ਦੀ ਗੱਲ ਨਹੀਂ ਮਹਾਰਾਜ ਕਰ ਰਹੇ। ਮਹਾਰਾਜ ਜੀ ਕਹਿੰਦੇ ਹਨ ਲੱਖ ਅਹੇਰੀ ਹੈ - ਲੱਖ।

*ਲਾਖ ਅਹੇਰੀ ਏਕੁ ਜੀਉ*
*ਕੇਤਾ ਬੰਚਉ ਕਾਲੁ॥ ਪੰਨਾ - 1367*

ਹੁਣ ਮਿਲਣਾ ਤਾਂ ਵਾਹਿਗੁਰੂ ਨੂੰ ਹੈ, ਪਰ ਲੱਖ ਸ਼ਿਕਾਰੀ ਫਿਰਦਾ ਹੈ ਸਾਡੇ ਆਲੇ ਦੁਆਲੇ। ਪਹਿਲਾਂ ਮੈਂ 300 ਪੜਦਾ ਹੀ ਗਿਣਿਆ ਹੈ ਪਰ ਹੁਣ ਦੱਸੋ ਕਿਵੇਂ ਬਚੇਗਾ ਕਾਲ ਤੋਂ; ਹਉਮੈ ਦੇ ਚੱਕਰ 'ਚੋਂ ਨਿਕਲ ਆਵੇ, ਕੋਈ ਹੈ ਮੰਤਰ? -

*ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ।।*
*ਇਹੁ ਤਨੁ ਲਹਰੀ ਗਡੁ ਥਿਆ*
*ਸਚੇ ਤੇਰੀ ਆਸ॥ ਪੰਨਾ-1384*

ਇਹ ਤਾਂ ਲਹਿਰਾਂ ਦੇ ਵਿਚ ਪੈ ਗਿਆ, ਹੁਣ ਵਾਹਿਗੁਰੂ ਤੇਰੀ ਹੀ ਆਸ ਹੈ ਤੂੰ ਮੈਨੂੰ ਲੰਘਾਵੇਂ ਤਾਂ ਲੰਘਾਵੇਂ।

ਸੋ ਭਾਈ ਤਿਲੋਕਾ ਜੀ ਇਸ ਤਰ੍ਹਾਂ ਨਾਲ ਕਹਿਣ ਲੱਗੇ, "ਬੀਬਾ! ਦੇਖ ਮੇਰੀ ਗੱਲ ਸੁਣ, ਨਿਸ਼ਚੇ ਨਾਲ ਸੁਣ, ਤੂੰ ਸਰੀਰ ਨਹੀਂ ਹੈਂ, ਤੂੰ ਸੂਖਸ਼ਮ ਸਰੀਰ ਨਹੀਂ ਹੈਂ ਉਹ ਵੀ ਤੇਰਾ ਵਹੀਕਲ ਹੈ, ਤੇਰੀ ਸਵਾਰੀ ਹੈ ਜਿਵੇਂ ਘੋੜੇ ਉਤੇ ਬੈਠੀਦਾ ਹੈ, ਐਂ ਤੇਰਾ ਜੀਵ ਆਤਮਾ ਸੂਖਸ਼ਮ ਸਰੀਰ ਦੀ ਸਵਾਰੀ ਕਰਕੇ ਪ੍ਰਲੋਕ ਨੂੰ ਜਾਂਦਾ ਹੈ। ਤੂੰ ਅਸਥੂਲ ਸਰੀਰ ਨਹੀਂ ਹੈ, ਸੂਖਸ਼ਮ ਤੇ ਕਾਰਨ ਸਰੀਰ ਭੀ ਨਹੀਂ ਹੈ, ਇਹ ਵੀ ਜੀਵ ਆਤਮਾ ਦੀਆਂ ਸਵਾਰੀਆਂ ਹਨ ਤੇਰੇ ਜਾਣ ਵਾਸਤੇ, ਤੇ ਤੂੰ ਉਹ ਹੈਂ ਜਿਹੜਾ ਇਹਦੇ ਉਤੇ ਸਵਾਰ ਹੈ। ਤੂੰ ਆਪਣੇ ਆਪ ਨੂੰ ਪਛਾਣ-

*ਧਾਰਨਾ - ਪਛਾਣ ਪਿਆਰਿਆ!*
*ਆਪਣੇ ਆਤਮ ਸਰੂਪ ਨੂੰ*

*ਮਨ ਤੂੰ ਜੋਤਿ ਸਰੂਪੁ ਹੈ*
*ਆਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੈ ਨਾਲਿ ਹੈ*
*ਗੁਰਮਤੀ ਰੰਗੁ ਮਾਣੁ॥*
*ਪੰਨਾ - 441*

ਐਨੀਓਂ ਗੱਲ ਹੈ 'ਸਾਧ ਸੰਗਤ ਜੀ' ਜਿਥੇ ਜਾ ਕੇ ਨਿਚੋੜ ਨਿਕਲਦਾ ਹੈ ਨਾ ਸਾਰੀ ਗੱਲ ਦਾ। ਜੇ ਤਾਂ ਅੱਜ ਸਮਝ ਲਓ ਤਾਂ ਸਮਝ ਲਓ, ਪੂਰੀ ਤਰ੍ਹਾਂ ਮੰਨ ਲਓ। ਜੇ ਕਈ ਜਨਮ ਤਪਸਿਆ ਕਰਕੇ ਸਮਝਣਾ ਹੈ ਤਾਂ ਦੇਖ ਲਓ। ਆਹ ਗੱਲ ਤਾਂ ਨਿਸ਼ਚੇ ਕਰ ਲਓ ਕਿ ਅਸੀਂ ਆਹ ਸਰੀਰ ਨਹੀਂ ਹੈਗੇ, ਜਿਹੜੀ ਆਹ ਸਾਢੇ ਤਿੰਨ ਹੱਥ ਦੀ ਦੇਹ ਦਿਸਦੀ ਹੈ ਨਾ, ਮੈਂ ਇਹਨੂੰ ਕਈ ਵਾਰੀ **Garbage bag** (ਗੰਦ ਮੰਦ ਦਾ ਥੈਲਾ) ਕਹਿੰਦਾ ਹੁੰਦਾ ਹਾਂ। ਇਹ ਹੈਗਾ ਤਾਂ **Garbage** (ਗੰਦ ਮੰਦ), ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥*
*ਬਿਨੁ ਬੂਝੇ ਤੂੰ ਸਦਾ ਨਾਪਾਕ॥*
*ਪੰਨਾ - 374*

ਜੇ ਤਾਂ ਬੁੱਝ ਲਿਆ ਇਹਦੇ ਵਿਚ ਵਾਹਿਗੁਰੂ ਨੂੰ, ਫੇਰ ਤਾਂ ਇਹ ਦੇਹ ਪਾਕ ਪਵਿੱਤਰ ਹੋ ਗਈ ਕਿਉਂਕਿ ਆਤਮ ਸ਼ਾਖਸ਼ਾਤਕਾਰ ਹੋਣ ਨਾਲ ਇਹ ਪਵਿੱਤਰ ਹੋ ਜਾਂਦੀ ਹੈ ਇਸ ਦਾ ਕਣ-ਕਣ ਪਵਿੱਤਰ ਹੋ ਜਾਂਦਾ ਹੈ। ਜਿਥੇ ਆਤਮਦਰਸ਼ੀ ਪੁਰਸ਼ ਨੇ ਚਰਨ ਰੱਖਣਾ ਹੈ, ਉਹ ਧੂੜੀ ਵੀ ਪਵਿੱਤਰ ਹੋ ਜਾਣੀ ਹੈ, ਉਹਦੇ ਨਾਲ ਰੋਗਾਂ ਦਾ ਖਾਤਮਾ ਹੋਣ ਲਗ ਜਾਂਦਾ ਹੈ। ਉਸ ਪਵਿੱਤਰ ਹੋਈ ਹੋਈ ਧੂੜੀ ਨੂੰ ਮੰਗਦੇ ਨੇ ਸਾਰੇ ਤੀਰਥ-

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ*
*ਧੂਰਿ ਸਾਧੂ ਕੀ ਤਾਈ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥*
*ਪੰਨਾ - 1263*

ਜੇ ਤਾਂ ਇਸੇ ਸਰੀਰ ਵਿਚ ਵਾਹਿਗੁਰੂ ਜੀ ਨੂੰ ਬੁੱਝ ਲਿਆ, ਸ਼ਾਖਸ਼ਾਤ ਕਰ ਲਿਆ, ਫੇਰ ਤਾਂ ਇਹ ਪਵਿੱਤਰ ਹੋ ਗਈ ਜਿਵੇਂ ਕਿ ਗੁਰੂ ਮਹਾਰਾਜ ਜੀ ਦਾ

ਫੁਰਮਾਨ ਹੈ –

*ਪਵਿਤੁ ਹੋਏ ਸੇ ਜਨਾ*
*ਜਿਨੀ ਹਰਿ ਧਿਆਇਆ॥*
*ਹਰਿ ਧਿਆਇਆ ਪਵਿਤੁ ਹੋਏ*
*ਗੁਰਮੁਖਿ ਜਿਨੀ ਧਿਆਇਆ॥*
*ਪਵਿਤੁ ਮਾਤਾ ਪਿਤਾ ਕੁਟੰਬ*
*ਸਹਿਤ ਸਿਉ ਪਵਿਤੁ ਸੰਗਤਿ ਸਬਾਈਆ॥*
*ਕਹਦੇ ਪਵਿਤੁ ਸੁਣਦੇ ਪਵਿਤੁ*
*ਸੇ ਪਵਿਤੁ ਜਿਨੀ ਮੰਨਿ ਵਸਾਇਆ॥*
*ਕਹੈ ਨਾਨਕੁ ਸੇ ਪਵਿਤੁ*
*ਜਿਨੀ ਗੁਰਮੁਖਿ ਹਰਿ ਹਰਿ ਧਿਆਇਆ॥*
*ਪੰਨਾ – 919*

ਜੇ ਆਪਣੇ ਆਪ ਨੂੰ ਨਾ ਪਛਾਣਿਆ ਅਤੇ ਆਪਣੇ ਆਪ ਨੂੰ ਦੇਹ ਹੀ ਸਮਝਦਾ ਰਿਹਾ ਫੇਰ ਮਹਾਰਾਜ ਜੀ ਕਹਿੰਦੇ ਹਨ ਕਿ ਇਹਦਾ ਕੀ ਗੁਮਾਨ ਕਰਦਾ ਹੈਂ? ਇਹਨੂੰ ਸਮਝ ਇਹ ਕੀ ਹੈ? ਮੈਲ, ਵਿਸ਼ਟਾ ਦਾ ਭਰਿਆ ਹੋਇਆ ਹੈ ਇਹਦੇ ਉਪਰ ਗੁਮਾਨ ਕਰਦਾ ਹੈਂ? ਮੈਂ **beauty queen** (ਸੁੰਦਰਤਾ ਦੀ ਰਾਣੀ) ਹਾਂ, ਕਿੰਨੀ ਗਲਤ ਧਾਰਨਾ ਹੈ। ਇਸ ਵਿਸ਼ਟਾ ਭਰੀ ਦੇਹ ਨੂੰ ਕਹਿੰਦਾ ਹੈ ਕਿ ਮੈਂ ਜੋਬਨਵੰਤ ਹਾਂ, ਸਭ ਤੋਂ ਸੋਹਣੀ ਮੇਰੀ ਦੇਹ ਹੈ –

*ਬਿਸਟਾ ਅਸਤ ਰਕਤੁ ਪਰੇਟੇ ਚਾਮ॥*
*ਇਸੁ ਊਪਰਿ ਲੇ ਰਾਖਿਓ ਗੁਮਾਨ॥*
*ਪੰਨਾ – 374*

ਇਹ ਸਰੀਰ ਤਾਂ ਪਿਆਰਿਓ ਮਸ਼ੀਨ ਹੈ ਇਸ ਮਸ਼ੀਨ ਨੂੰ 'ਮੈਂ' ਨਾ ਕਹਿ; ਸੂਖਸ਼ਮ ਸਰੀਰ ਨੂੰ 'ਮੈਂ' ਨਾ ਕਹਿ; ਕਾਰਨ ਸਰੀਰ ਨੂੰ 'ਮੈਂ' ਨਾ ਕਹਿ; ਤਿੰਨਾਂ ਸਰੀਰਾਂ ਨੂੰ 'ਮੈਂ' ਨਾ ਕਹਿ। ਬੜਾ ਭਾਰਾ ਭੁਲੇਖਾ ਪਿਆ ਹੋਇਆ ਹੈ। ਜੇ ਤਿੰਨੇ ਪੜਦੇ ਟੁੱਟ ਜਾਣ ਤਾਂ ਹਉਮੈ ਦੀ ਸੋਝੀ ਪੈ ਜਾਂਦੀ ਹੈ ਕਿਉਂਕਿ ਬਾਕੀ ਜੋ ਬਚਿਆ, ਉਹ ਹੰਗਤਾ ਅਤੇ ਮਮਤਾ ਹੀ ਹੈ; ਇਹ ਦੋਵੇਂ ਚੀਜ਼ਾਂ ਕਲਪਤ ਹਨ, ਅਸਲ ਨਹੀਂ ਹਨ। ਇਹ ਛੋਟੀ ਜਿਹੀ ਗੱਲ ਜੇ ਸਮਝ ਜਾਵੇਂ ਕਿ ਇਹ ਸਾਰੇ ਪੜਦੇ ਹਉਮੈ ਨੇ ਪਾਏ ਹੋਏ ਨੇ। ਜੇ ਹਉਮੈ ਦੀ ਜੜ੍ਹ ਹੀ ਕੱਟ ਦਿਤੀ ਜਾਵੇ ਤਾਂ ਸਾਰੇ ਪੜਦੇ ਆਪੇ ਹੀ ਕੱਟੇ ਜਾਣਗੇ, ਸੁੱਕ ਜਾਣਗੇ, ਕੁਝ ਵੀ ਨਹੀਂ ਰਹੇਗਾ। ਅਸਲੀ ਗੱਲ ਤਾਂ ਇਹ ਹੈ ਕਿ ਹਉਮੈ ਦੀ ਜੜ੍ਹ ਕੱਟੀ ਜਾਵੇ। ਹੁਣ ਗੁਰੂ ਮਹਾਰਾਜ ਜੀ ਫੁਰਮਾਉਂਦੇ ਨੇ ਕਿ ਜਿਸ ਤਰ੍ਹਾਂ ਨਾਲ ਗਰੁੜ ਸੱਪਾਂ ਦਾ ਵੈਰੀ ਹੈ ਇਸੇ ਤਰ੍ਹਾਂ ਨਾਲ ਨਾਮ ਸ਼ਕਤੀ ਹਉਮੈ ਦੀ ਵੈਰਨ ਹੈ। ਜਦੋਂ ਨਾਮ ਸ਼ਕਤੀ ਸਰੀਰ ਵਿਚ ਪ੍ਰਗਟ ਹੋ ਜਾਵੇ, ਨਾਮ ਦੀ ਖੁਮਾਰੀ ਚੜ੍ਹ ਜਾਵੇ ਅਤੇ ਨਾਮ ਦੇ ਵਿਚ ਪਿਆਰ ਲਗ ਜਾਵੇ ਫਿਰ ਇਹ ਹਉਮੈ ਉਥੇ ਟਿਕ ਨਹੀਂ ਸਕਿਆ ਕਰਦੀ ਕਿਉਂਕਿ ਆਪਸ ਵਿਚ ਦੋਹਾਂ ਦਾ ਬਹੁਤ ਵਿਰੋਧ ਹੈ –

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ॥*
*ਹਉਮੈ ਵਿਚਿ ਸੇਵਾ ਨ ਹੋਵਈ*
*ਤਾ ਮਨੁ ਬਿਰਥਾ ਜਾਇ॥*
*ਹਰਿ ਚੇਤਿ ਮਨ ਮੇਰੇ ਤੂ*
*ਗੁਰ ਕਾ ਸਬਦੁ ਕਮਾਇ॥*
*ਹੁਕਮੁ ਮੰਨਹਿ ਤਾ ਹਰਿ ਮਿਲੈ*
*ਤਾ ਵਿਚਹੁ ਹਉਮੈ ਜਾਇ।।*
*ਹਉਮੈ ਸਭੁ ਸਰੀਰੁ ਹੈ*
*ਹਉਮੈ ਓਪਤਿ ਹੋਇ॥*
*ਹਉਮੈ ਵਡਾ ਗੁਬਾਰੁ ਹੈ*
*ਹਉਮੈ ਵਿਚਿ ਬੁਝਿ ਨ ਸਕੈ ਕੋਇ।।*
*ਹਉਮੈ ਵਿਚਿ ਭਗਤਿ ਨ ਹੋਵਈ*
*ਹੁਕਮੁ ਨ ਬੁਝਿਆ ਜਾਇ॥*
*ਹਉਮੈ ਵਿਚਿ ਜੀਉ ਬੰਧੁ ਹੈ*
*ਨਾਮੁ ਨ ਵਸੈ ਮਨਿ ਆਇ॥*
*ਨਾਨਕ ਸਤਿਗੁਰਿ ਮਿਲਿਐ ਹਉਮੈ ਗਈ*
*ਤਾ ਸਚੁ ਵਸਿਆ ਮਨਿ ਆਇ॥*
*ਸਚੁ ਕਮਾਵੈ ਸਚਿ ਰਹੈ*
*ਸਚੇ ਸੇਵਿ ਸਮਾਇ॥ ਪੰਨਾ – 560*

ਸੋ ਗੁਰਮੁਖਿ (ਗੁਰੂ ਦਾ) ਦਾ ਅਨੁਸਾਰੀ ਹੋ ਕੇ ਜਦੋਂ ਗਿਆਨ ਤੱਤ ਦੀ ਵਿਚਾਰ ਕਰਦਾ ਹੈ ਤਾਂ ਗੁਰੂ ਦਾ ਸਬੰਧ ਹਉਮੈ ਨੂੰ ਜੜ੍ਹ ਤੋਂ ਉਖੇੜ ਕੇ ਸੁੱਟ ਦਿੰਦਾ ਹੈ। ਫੇਰ ਇਹੋ ਜੀਵ ਗੁਰੂ ਦੇ ਸਰੂਪ ਵਿਚ ਲੀਨ ਹੋ ਜਾਂਦਾ ਹੈ –

*ਗੁਰਮੁਖਿ ਹੋਵੈ ਸੁ ਗਿਆਨੁ*
*ਤਤੁ ਬੀਚਾਰੈ ਹਉਮੈ ਸਬਦਿ ਜਲਾਏ।।*
*ਤਨੁ ਮਨੁ ਨਿਰਮਲੁ ਨਿਰਮਲ ਬਾਣੀ*
*ਸਾਚੈ ਰਹੈ ਸਮਾਏ॥*
*ਪੰਨਾ – 946*

ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ –

*ਵਾਹਿਗੁਰੂ ਗੁਰਮੰਤ੍ਰ ਹੈ*
*ਜਪਿ ਹਉਮੈਂ ਖੋਈ॥*
*ਆਪੁ ਗਵਾਏ ਆਪਿ ਹੈ*
*ਗੁਣ ਗੁਣੀ ਪਰੋਈ॥*
*ਭਾਈ ਗੁਰਦਾਸ ਜੀ, ਵਾਰ 13/2*

ਸੋ ਹੁਣ ਇਸ ਬਚਨ ਨੂੰ ਸਮਝੋ ਜਦੋਂ ਵਾਹਿਗੁਰੂ ਮੰਤਰ ਦੀ ਅਸੀਂ ਕਮਾਈ ਕਰਦੇ ਹਾਂ ਉਸ ਵੇਲੇ ਉਹਦੇ ਨਾਲ ਸਭ ਪੜਦੇ – ਚਾਹੇ ਲੱਖ ਹੋਣ, ਚਾਹੇ ਕਿੰਨੇ ਹੀ ਹੋਣ, ਸਾਰਿਆਂ ਦਾ ਖਾਤਮਾ ਹੋ ਜਾਂਦਾ ਹੈ – ਐਨਾ ਤੇਜ਼ ਹੈ ਉਹ। ਪਰ ਮੰਨੋ ਤਾਂ ਸਹੀ ਨਾ, ਕਿ ਮੈਂ ਸਰੀਰ ਨਹੀਂ ਹਾਂ। ਤਿੰਨੇ ਸਰੀਰ ਮੈਂ ਨਹੀਂ ਹੈਗਾ, ਮੈਂ ਤਾਂ ਇਹਦੇ ਦੇਖਣ ਵਾਲਾ ਹਾਂ। ਇਹਨਾਂ ਨੂੰ ਦੇਖਦਾ ਹਾਂ। ਮੈਂ ਵਾਹਿਗੁਰੂ ਵਰਗਾ ਹਾਂ ਇਹਦੇ ਵਿਚ ਕਿਰਿਆ ਕਰਾ ਰਿਹਾ ਹਾਂ, ਕੰਨਾਂ ਵਿਚ ਹੋ ਕੇ ਸੁਣ ਰਿਹਾ ਹਾਂ, ਅੱਖਾਂ 'ਚੋਂ ਹੋ ਕੇ ਦੇਖ ਰਿਹਾ ਹਾਂ, ਜੀਭ ਤੇ ਹੋ ਕੇ ਬੋਲ ਰਿਹਾ ਹਾਂ। ਮੈਂ ਤਾਂ ਇਸ ਤੋਂ

ਬੇਲਾਗ ਹਾਂ, ਮੇਰਾ ਇਹਦੇ ਨਾਲ ਕੋਈ ਸਬੰਧ ਨਹੀਂ। ਇਹ ਸਰੀਰ ਮੇਰਾ ਵਹੀਕਲ (ਸਵਾਰੀ) ਹੈ ਇਹ ਮੈਂ ਨਹੀਂ ਹਾਂ, ਗਲਤੀ ਨਾਲ 'ਮੈਂ' ਸਮਝਣ ਲਗ ਗਿਆ। ਆਹ ਬੜਾ ਭਾਰਾ ਭੁਲੇਖਾ ਪੈ ਗਿਆ।

ਸੋ ਭਾਈ ਤਿਲੋਕਾ ਜੀ ਕਹਿਣ ਲੱਗੇ, "ਬੀਬਾ! ਤੂੰ ਪਛਾਣ ਅਤੇ ਨਿਸ਼ਚਾ ਕਰ ਕਿ ਮੈਂ ਇਸ ਸਰੀਰ ਵਿਚ ਰਹਿਣ ਵਾਲੀ ਹਾਂ। ਰਾਜਕੁਮਾਰੀ ਕਹਿਣ ਲੱਗੀ ਕਿ ਇਹ ਬੰਦਾ ਭੁੱਲ ਵੀ ਜਾਂਦਾ ਹੈ? ਕਹਿਣ ਲੱਗੇ, "ਹਾਂ, ਮਾਇਆ ਦੇ ਨਸ਼ੇ ਵਿਚ ਆਇਆ ਹੋਇਆ ਆਦਮੀ ਆਹ ਸਰੀਰ ਨੂੰ ਵੀ ਭੁੱਲ ਜਾਂਦਾ ਹੈ।

ਇਕ ਵਾਰੀ ਇਕ ਰਾਜਾ ਕਿਸੇ **dinner** (ਰਾਤ ਦੇ ਖਾਣੇ) ਪਾਰਟੀ ਤੇ ਗਿਆ। ਉਥੇ ਸ਼ਰਾਬ ਬਹੁਤ ਪੀ ਲਈ। ਚੁੱਕ ਕੇ ਉਹਦੇ ਅਮੀਰਾਂ ਵਜ਼ੀਰਾਂ ਨੇ ਉਹਦੀ ਬੱਘੀ ਦੇ ਵਿਚ ਬਿਠਾ ਦਿਤਾ, ਪਾ ਦਿਤਾ ਲੰਮਾ ਤੇ ਜਦੋਂ ਮਹਿਲਾਂ 'ਚ ਆਇਆ, ਉਥੇ ਮਾੜੀ ਜਿਹੀ ਸੁਰਤ ਆ ਗਈ। ਉਥੇ ਕੁਆਟਰ ਸਾਈਨ ਲੱਗਿਆ ਹੁੰਦਾ ਹੈ, ਪਹਿਰੇ ਲੱਗੇ ਹੋਏ ਸੀ, ਚਾਰੇ ਪਾਸੇ ਪਹਿਰੇਦਾਰ ਘੁੰਮ ਰਹੇ ਸੀ। ਇਹਨੇ ਕਿਹਾ ਕਿ ਇਹ ਕੀ ਹੈ? ਕਹਿੰਦੇ, "ਜੀ ਪਹਿਰਾ ਦੇ ਰਹੇ ਨੇ ਆਪ ਦੇ ਮਹਿਲਾਂ ਤੇ।" ਰਾਜਾ ਕਹਿੰਦਾ, "ਮੈਂ ਵੀ ਪਹਿਰਾ ਦੇਵਾਂਗਾ।" ਵਜ਼ੀਰ ਨੇ ਕਿਹਾ, "ਤੁਸੀਂ ਤਾਂ ਮਹਾਰਾਜ ਓ, ਤੁਸੀਂ ਤਾਂ ਇਥੋਂ ਦੇ ਮਾਲਕ ਹੋ, ਬਾਦਸ਼ਾਹ ਹੋ।" ਰਾਜਾ ਕਹਿਣ ਲੱਗਿਆ, "ਮੈ ਤਾਂ ਸਿਪਾਹੀ ਹਾਂ।" ਜ਼ਬਰਦਸਤੀ ਪੇਟੀ ਲਾ ਲਈ, ਬੂਟ ਪਾ ਲਏ, ਬੁਸ਼ਰਟ ਪਾ ਲਈ, ਰਾਈਫਲ ਹੱਥ ਵਿਚ ਫੜ ਲਈ ਤੇ ਪਹਿਰਾ ਦੇਣਾ ਸ਼ੁਰੂ ਕਰ ਦਿਤਾ, ਬੰਡੋਲੀਅਰ ਪਾ ਲਿਆ, ਗੋਲੀਆਂ ਬੰਡੋਲੀਅਰ ਵਿਚ ਪਾ ਲਈਆਂ, ਪਹਿਰਾ ਦੇਈ ਜਾਂਦਾ ਹੈ। ਜਦੋਂ ਤਿੰਨ ਘੰਟੇ ਹੋ ਗਏ ਲੈਫਟਰਾਈਟ, ਲੈਫਟਰਾਈਟ, ਲੈਫਟਰਾਈਟ ਕਰਦੇ ਨੂੰ, ਫੇਰ ਹੋਸ਼ ਆ ਗਈ ਉਹਨੂੰ ਥੋੜ੍ਹੀ ਜਿਹੀ। ਇਹਨੇ ਕਿਹਾ ਕਿ ਮੈਂ ਕਿਉਂ ਪਹਿਰਾ ਦੇਨਾਂ, ਪਹਿਰਾ ਦੇਣ ਵਾਲੇ ਤਾਂ ਮੇਰੇ ਸਿਪਾਹੀ ਨੇ ਬਹੁਤ ਸਾਰੇ। ਮੈਨੂੰ ਤਾਂ ਪਹਿਰਾ ਦੇਣਾ ਹੀ ਨਹੀਂ ਚਾਹੀਦਾ। ਆਲੇ-ਦੁਆਲੇ ਦੇਖਣ ਲਗ ਗਿਆ ਤੇ ਵਜ਼ੀਰ ਨੂੰ ਕਹਿਣ ਲੱਗਿਆ ਕਿ ਮੇਰੇ ਬਾਦਸ਼ਾਹੀ ਕਪੜੇ ਕਿਥੇ ਗਏ? ਇਹ ਸਿਪਾਹੀ ਮੈਂ ਕਦੋਂ ਬਣ ਗਿਆ? ਮੈਂ ਕਿਥੇ ਹਾਂ? ਉਸ ਵੇਲੇ ਵਜ਼ੀਰ ਨੇ ਸਮਝ ਲਿਆ ਕਿ ਇਸਨੂੰ ਨਸ਼ੇ ਦਾ ਅਸਰ ਹਟ ਗਿਆ ਹੈ। ਉਸੇ ਵੇਲੇ ਕੱਪੜੇ ਲਿਆਂਦੇ ਤੇ ਵਜ਼ੀਰ ਨੇ ਬੇਨਤੀ ਕੀਤੀ ਕਿ ਮਹਾਰਾਜ! ਆਪ ਜੀ ਨਸ਼ੇ ਵਿਚ ਜ਼ਿਆਦਾ ਗੁਲਤਾਨ ਹੋ ਗਏ ਤੇ ਆਪਣੇ ਆਪ ਨੂੰ ਵੀ ਭੁਲ ਗਏ ਸੀ। ਜਦੋਂ ਅਸੀਂ ਆਪ ਨੂੰ ਲਿਆਏ ਤਾਂ ਇਨ੍ਹਾਂ ਸਿਪਾਹੀਆਂ ਨੂੰ ਦੇਖ ਕੇ ਤੁਸੀਂ ਕਿਹਾ ਕਿ ਮੈਂ ਸਿਪਾਹੀ ਹਾਂ। ਜਦੋਂ ਇਹ ਆਪ ਨੂੰ ਯਾਦ ਕਰਾਉਂਦੇ ਸੀ ਕਿ ਤੁਸੀਂ ਬਾਦਸ਼ਾਹ ਹੋ ਤਾਂ ਤੁਸੀਂ ਇਨ੍ਹਾਂ ਸਿਪਾਹੀਆਂ ਨੂੰ ਗਾਲ੍ਹਾਂ ਕੱਢਦੇ ਸੀ ਕਿ ਮੈਂ ਸਿਪਾਹੀ ਹਾਂ। ਸੋ ਵਿਚਾਰੋ! ਉਸ ਰਾਜੇ ਨੂੰ ਤਾਂ ਆ ਗਈ ਜਾਗ ਭਾਈ! ਉਹ ਤਾਂ ਬਹੁਤ ਵਧੀਆ ਰਿਹਾ। ਕੀ ਹੋਇਆ ਜੇ ਉਸਨੂੰ ਦੋ ਤਿੰਨ ਘੰਟੇ ਹੋਸ਼ ਨਾ ਆਈ ਪਰ ਸਾਨੂੰ ਤਾਂ ਖਰਬਾਂ-ਖਰਬਾਂ ਸਾਲ ਤੁਰੇ ਫਿਰਦਿਆਂ ਨੂੰ ਹੋ ਗਏ, ਹੋਸ਼ ਹੀ ਨਹੀਂ ਆਈ। ਗਾੜ੍ਹੀ ਨੀਂਦ ਚੜ੍ਹੀ ਹੋਈ ਹੈ। ਸੁਪਨੇ ਭੀ ਲੈ ਰਹੇ ਹਾਂ। ਐਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਬਹੁਤੇ ਜੁਗ ਫਿਰਦੇ ਫਿਰਦੇ ਨੂੰ*
*ਤੈਨੂੰ ਮਾਨਸ ਦੇਹੀ ਮਿਲ ਗਈ,*
*ਬਹੁਤੇ ਜੁਗ - 2*

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ॥*

*ਪੰਨਾ - 631*

ਹੁਣ ਫੇਰ ਕੀ ਕਰਿਆ ਜਾਵੇ? ਵੱਡੀਆਂ-ਵੱਡੀਆਂ ਕੋਠੀਆਂ ਪਾ ਲਈਏ, ਬਿਜ਼ਨਸਾਂ ਸੈਟ ਕਰੀਏ ਮਹਾਰਾਜ! ਜਾਂ ਬਹੁਤੀਆਂ ਕਿਤਾਬਾਂ ਪੜ੍ਹੀਏ ਜਾਂ ਹੋਰ ਕੀ ਕਰੀਏ? ਮਹਾਰਾਜ ਜੀ ਕਹਿੰਦੇ, ਕਮਲਿਆਂ, ਬੇਹੋਸ਼ਾਂ ਵਾਲੀ ਗੱਲ ਕਿਉਂ ਕਰਦਾ ਹੈਂ, ਐਹ ਸੰਸਾਰ ਤੇ ਤੂੰ ਕਿਤੇ ਰਹਿਣਾ ਹੈ? ਚਾਰ ਦਿਨ ਦਾ ਪ੍ਰੌਹਣਾ ਹੈਂ, ਫੇਰ ਤੂੰ ਇਥੋਂ ਚਲਿਆ ਜਾਣਾ ਹੈ। ਇਥੋਂ ਖਿੱਚ ਕੇ ਕੱਢ ਲੈਂਦੇ ਹਨ ਕਿਉਂਕਿ ਕਾਲ ਦੇ ਹੱਥ ਵਿਚ ਜਾਲ ਹੈ-

*ਧਾਰਨਾ - ਪੈ ਜੂ ਅਚਿੰਤਾ ਜਾਲ,*
*ਇਕ ਦਿਨ ਪੈ ਜਾਣਾ - 2, 4*

*ਮਛੁਲੀ ਜਾਲੁ ਨ ਜਾਣਿਆ*
*ਸਰੁ ਖਾਰਾ ਅਸਗਾਹੁ॥*
*ਅਤਿ ਸਿਆਣੀ ਸੋਹਣੀ*
*ਕਿਉ ਕੀਤੋ ਵੇਸਾਹੁ॥*
*ਕੀਤੇ ਕਾਰਣਿ ਪਾਕੜੀ*
*ਕਾਲੁ ਨ ਟਲੈ ਸਿਰਾਹੁ॥*
*ਭਾਈ ਰੇ ਇਉ ਸਿਰਿ ਜਾਣਹੁ ਕਾਲੁ॥*
*ਜਿਉ ਮਛੀ ਤਿਉ ਮਾਣਸਾ*
*ਪਵੈ ਅਚਿੰਤਾ ਜਾਲੁ॥ ਪੰਨਾ - 55*

ਇਹ ਤਾਂ ਤੈਨੂੰ ਵਾਰੀ ਮਿਲੀ ਹੈ ਗੋਬਿੰਦ ਨੂੰ ਮਿਲਣ ਵਾਸਤੇ। ਕੀੜੇ ਮਕੌੜੇ, ਪੰਖੀ ਸਰਪ ਆਦਿ ਅਨੇਕਾਂ ਜੂਨਾਂ ਦੇ ਵਿਚੋਂ ਘੁੰਮ ਕੇ ਮਨੁੱਖ ਦਾ ਜਾਮਾ ਮਿਲਿਆ ਹੈ -

*ਅਵਰਿ ਕਾਜ ਤੇਰੈ ਕਿਤੈ ਨ ਕਾਮ॥*

*ਪੰਨਾ - 12*

ਇਹ ਤੇਰੇ ਕੰਮ ਕਿਸੇ ਵੀ ਲੇਖੇ ਵਿਚ ਨਹੀਂ ਪੈਣੇ, ਫਜ਼ੂਲ ਕੰਮਾਂ ਵਿਚ ਲਗ ਕੇ ਕ੍ਰੋੜਾਂ ਅਰਬਾਂ ਸਾਲਾਂ ਪਿਛੋਂ ਮਿਲੀ ਦੇਹ ਨੂੰ ਵਿਅਰਥ ਗੁਆ ਰਿਹਾ ਹੈਂ। ਤੇਰਾ ਅਸਲੀ ਕੰਮ ਹੈ -

*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*

*ਪੰਨਾ - 12*

ਜਾਗੇ ਹੋਇਆਂ ਦੀ ਸੰਗਤ ਵਿਚ ਜਾਹ, ਉਹ ਤੈਨੂੰ ਜਗਾ ਦੇਣਗੇ। ਸੁਤਿਆਂ ਦੀ ਸੰਗਤ ਵਿਚ ਸੁਤਾ

ਹੀ ਰਹਿ ਜਾਵੇਂਗਾ। ਕਿੰਤੂ ਪ੍ਰੰਤੂ ਨਾ ਕਰ, ਮਹਾਂਪੁਰਸ਼ਾਂ ਨੂੰ ਮਿਲ, ਉਹ ਪ੍ਰਮੇਸ਼ਰ ਨੂੰ ਮਿਲੇ ਹੋਏ ਹੁੰਦੇ ਹਨ। ਉਹ ਤੈਨੂੰ ਸ਼ੁਭ ਮਤ ਹੀ ਦੇਣਗੇ। ਤੂੰ ਇਨ੍ਹਾਂ ਝਗੜਿਆਂ ਵਿਚ ਨਾ ਪੈ ਕਿ ਉਹ ਗੁਰੂ ਬਣ ਜਾਂਦੇ ਹਨ। ਤੂੰ ਨਾ ਗੁਰੂ ਬਣਾਈਂ, ਤੂੰ ਮਹਾਂਪੁਰਸ਼ ਹੀ ਸਮਝੀ ਜਾਹ। ਤੈਨੂੰ ਤੇਰੇ ਪਿਆਰ, ਭਰੋਸੇ ਨੇ ਹੀ ਤਾਰਨਾ ਹੈ।

ਸੋ ਧਿਆਨ ਦੇਵੋ; ਭਾਈ ਤਿਲੋਕਾ ਜੀ ਕਹਿਣ ਲੱਗੇ, "ਬੀਬਾ! ਪਹਿਲਾਂ ਤਾਂ ਤੂੰ ਆਪਣੇ ਆਪ ਨੂੰ ਪਛਾਣ। ਜਦੋਂ ਤੈਨੂੰ ਆਪਣੇ ਆਪ ਦੀ ਪਛਾਣ ਹੋ ਗਈ ਫੇਰ ਤੂੰ ਅੱਗੇ ਪਛਾਣ ਕਿ ਤੂੰ ਮਿਲਣਾ ਕਿਹਨੂੰ ਹੈ? ਜਦੋਂ ਤੈਨੂੰ ਪਛਾਣ ਹੀ ਨਹੀਂ ਆਪਣੇ ਆਪ ਦੀ, ਨਾ ਜਿਹਨੂੰ ਮਿਲਣਾ ਹੈ ਉਹਦੀ ਪਛਾਣ ਹੈ, ਦੱਸ ਫੇਰ ਮੇਲਾ ਕਿਵੇਂ ਹੋਵੇਗਾ? ਸੋ ਸਮਝ ਲੈ ਜਿਵੇਂ ਰਾਜੇ ਨੂੰ ਨਸ਼ਾ ਹੋ ਗਿਆ, ਉਹਨੂੰ ਤਾਂ ਤਿੰਨ-ਚਾਰ ਘੰਟੇ ਬਾਦ ਉਤਰ ਗਿਆ ਨਾ, ਚਲੋ ਸ਼ਰਮਿੰਦਾ ਹੀ ਹੋਇਆ ਪਰ ਆਪਣੇ ਆਪ ਦੀ ਪਛਾਣ ਤਾਂ ਹੋ ਗਈ ਨਾ ਉਸਨੂੰ। ਸਾਨੂੰ ਤਾਂ ਪਤਾ ਹੀ ਨਹੀਂ ਲਗਦਾ, ਚਾਰੇ ਵੇਦ, ਛੇਈ ਸਾਸ਼ਤਰ, ਉਪਨਿਸ਼ਦਾਂ, ਸਤਾਈ ਸਿਮ੍ਰਤੀਆਂ, ਕੁਰਾਨ ਸ਼ਰੀਫ, ਅੰਜੀਲ, ਜੰਬੂਰ, ਬਾਈਬਲ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਸਾਰੇ ਧਰਮਾਂ ਦੇ ਬੇਅੰਤ ਮਹਾਂਪੁਰਸ਼ ਉਚੀ-ਉਚੀ ਹਾਕਾਂ ਮਾਰ-ਮਾਰ ਕੇ ਸਮਝਾਉਂਦੇ ਹਨ ਪਰ ਕਹਿੰਦੇ, ਕਰਿਆ ਕੀ ਜਾਵੇ?

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ*
*ਸੇ ਕਿਤ ਫੇਰਹਿ ਚਿਤ॥*

*ਪੰਨਾ-1378*

ਜਿਹਦੇ ਉਤੇ ਸ਼ੈਤਾਨ ਦਾ ਅਸਰ ਹੋ ਗਿਆ, ਚਿਤ ਨਹੀਂ ਫਿਰਨ 'ਚ ਆਉਂਦਾ, ਮੁੜਦਾ ਨਹੀਂ ਹੈ, ਸੁਣਦਾ ਹੀ ਨਹੀਂ ਕਿ ਕੀ ਕਹਿ ਰਹੇ ਨੇ; ਮੈਨੂੰ ਕਹਿ ਰਹੇ ਨੇ? ਕਿਧਰੇ ਹੋਰ ਹੀ ਤੁਰਿਆ ਫਿਰਦਾ ਹੈ। ਸਾਧਸੰਗਤ ਜੀ! ਸਮਾਂ ਬਹੁਤ ਥੋੜ੍ਹਾ ਹੈ ਸਭ ਦੇ ਕੋਲ, ਸਮੇਂ ਬੜੇ ਗਲਤ ਚਲ ਰਹੇ ਹਨ। ਦੁਨੀਆਂ ਤਾਂ ਖਾਤਮੇ ਦੇ ਨੇੜੇ ਆਈ ਪਈ ਹੈ। ਬਹੁਤ ਨੇੜੇ ਹੈ ਦੂਰ ਨਹੀਂ ਹੈ। ਐਧਰੋਂ ਤਾਂ ਤਿਆਰੀਆਂ ਹੋ ਰਹੀਆਂ ਨੇ, ਦੂਸਰੀ ਤਰਫ ਤਮਾਕੂ ਵਾਲਿਆਂ ਨੇ ਉਈਂ ਮਾਰਨਾ ਮਿਥ ਲਿਆ ਹੈ। ਦਸ ਲੱਖ ਬੰਦਾ ਭਾਰਤ ਵਿਚ ਹਰ ਸਾਲ ਤਮਾਕੂ ਕਾਰਨ ਉਪਜੀਆਂ ਬੀਮਾਰੀਆਂ ਨਾਲ ਮਰ ਜਾਂਦਾ ਹੈ। ਇਕ ਪਾਸਿਓਂ ਤਾਂ ਬਿਮਾਰੀ ਸ਼ੁਰੂ ਕਰ ਦਿਤੀ, ਦੂਜੇ ਪਾਸੇ ਕੁਦਰਤ ਦੇ ਅਸੂਲ ਦੇ ਉਲਟ ਹੋ ਕੇ ਮਾਰੂ ਗੈਸਾਂ ਬਣਾਉਣੀਆਂ ਸ਼ੁਰੂ ਕਰ ਦਿਤੀਆਂ। ਕੋਈ ਤਿੰਨ-ਚਾਰ ਲੱਖ ਟਨ ਬਣਾ ਲੈਂਦੇ ਨੇ - ਸਾਲ ਦੇ ਅੰਦਰ। ਉਹ ਸਾਰੀ ਅਸਮਾਨ 'ਚ ਜਾਂਦੀ ਹੈ। ਇਹਨੇ **North Pole** (ਉਤਰੀ ਧਰੁੱਵ) ਨੂੰ ਪਾੜ ਦਿਤਾ, **North Pole** ਨੂੰ ਜੇ ਪਾੜ ਦਿਤਾ ਉਥੇ ਸੂਰਜ ਦੀ ਧੁੱਪ ਨੇ ਸਿੱਧਾ ਆਉਣਾ ਹੈ। ਜੇ 3 ਇੰਚ ਪਾਣੀ ਸਮੁੰਦਰ ਦਾ ਚੜ੍ਹ ਗਿਆ ਤਾਂ ਅੱਧੀ ਦੁਨੀਆਂ ਤਾਂ ਪਾਣੀ ਦੇ ਥੱਲੇ ਹੀ ਡੁੱਬ ਜਾਏਗੀ। ਵਿਗਿਆਨਕਾਂ ਨੇ ਵਾਰਨਿੰਗ ਦੇ ਦਿਤੀ ਹੈ ਕਿ ਜੇ ਕਿਤੇ ਪਾਣੀ ਦਾ ਆ ਗਿਆ ਝਟਕਾ ਤਾਂ ਹੇਠ ਹੀ ਦੱਬ ਕੇ ਮਰ ਜਾਣਗੇ। ਜੇ ਬੜਵਾ ਅਗਨ ਸਮੁੰਦਰਾਂ 'ਚੋਂ ਨਿਕਲ ਆਈ, ਸਮੁੰਦਰ ਦੇ ਅੰਦਰ ਅੱਗ ਹੀ ਅੱਗ ਲਗ ਜਾਏਗੀ। ਆਕਸੀਜਨ ਨੂੰ ਜੇ ਅੱਗ ਲਗਦੀ ਹੈ ਤਾਂ ਸਾਰਾ ਸੰਸਾਰ ਜਲ ਜਾਂਦਾ ਹੈ। ਸੋ ਪਤਾ ਨਹੀਂ ਕੁਦਰਤ ਕਿਹੜੇ ਵੇਲੇ ਖਤਮ ਕਰ ਦੇਵੇ ਕਿਉਂਕਿ ਆਦਮੀ ਬਹੁਤ ਗਲਤ ਹੋ ਗਿਆ, ਇਹਨੇ **Pollution** (ਭ੍ਰਿਸ਼ਟਤਾ) ਪਾ ਦਿਤੀ ਹਰ ਥਾਂ ਦੇ ਉਤੇ, ਕੁਦਰਤ ਦੇ ਨੇਮ ਤੋੜ ਦਿਤੇ। ਰਾਜੇ ਭਾਵੇਂ ਕਿੰਨੀ ਹੀ ਕੋਸ਼ਿਸ਼ ਕਰ ਲੈਣ, ਪਰ ਕੁਦਰਤ ਦਾ ਹੱਥ ਬਹੁਤ ਡਾਹਢਾ ਹੈ, ਭੁਚਾਲ ਤੋਂ ਕਿਵੇਂ ਬਚਾ ਦੇਣਗੇ? ਸੋ ਇਸ ਕਰਕੇ ਉਸ ਤੋਂ ਪਹਿਲਾਂ-ਪਹਿਲਾਂ -

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ॥*
*ਮਾਨਸ ਜਨਮ ਕਾ ਏਹੀ ਲਾਹੁ॥*

*ਪੰਨਾ - 1159*

ਭੁਲੋ ਨਾ ਪਿਆਰਿਓ! ਕਲਜੁਗ ਦੇ ਵਿਚ ਤੁਹਾਨੂੰ ਮਾਨਸ ਦੇਹ ਮਿਲੀ ਹੈ। ਨਾਮ ਦੀ ਮਹਿਮਾ ਪੂਰੇ ਜੋਬਨ ਤੇ ਹੈ। ਥੋੜ੍ਹਾ ਜਿਹਾ ਨਾਮ ਜਪਿਆ ਹੋਇਆ ਹੀ ਛੁਟਕਾਰਾ ਕਰਾ ਦਿੰਦਾ ਹੈ। ਇਹੀ ਕੰਮ ਹੈ -

*ਮਾਨਸ ਜਨਮ ਕਾ ਏਹੀ ਲਾਹੁ॥*

*ਪੰਨਾ - 1159*

ਹੋਰ ਅਕਲਾਂ ਗਿਣੀ ਬੈਠੇ ਹਾਂ ਕਿ ਐਂ ਹੋਏਗਾ, ਐਂ ਹੋਏਗਾ, ਸ਼ੇਖਚਿਲੀ ਦੀਆਂ ਗੱਲਾਂ ਕਰੀ ਜਾਂਦੇ ਨੇ ਐਨਾ ਪੈਸਾ ਹੋ ਜਾਏਗਾ ਤਾਂ ਮੈਂ ਕੋਠੀ ਲੈ ਲਵਾਂਗਾ, ਕੋਠੀ ਲੈ ਲਈ, ਪਲਾਟ ਲੈ ਲਵਾਂਗਾ, ਪਲਾਟ ਵੇਚ ਕੇ ਬੱਚਤ ਹੋ ਜਾਏਗੀ ਫੇਰ ਮੇਰੇ ਕੋਲ ਦਸ ਲੱਖ ਹੋ ਜਾਏਗਾ। ਫੇਰ ਪੰਦਰਾਂ ਹੋ ਜਾਏਗਾ, ਦੋ ਏਕੜ ਹੋ ਕੇ ਦੋ ਕਰੋੜ ਹੋ ਜਾਏਗਾ। ਫੇਰ ਪਿਆਰਿਆ ਹੋਏਗਾ ਕੀ? ਜਦੋਂ ਚਾਰ ਭਾਈ ਮੋਢਿਆਂ ਤੇ ਚੁੱਕ ਕੇ ਧਰ ਦੇਣਗੇ ਚਿਖਾ ਤੇ ਫੇਰ? ਫਾਇਦਾ ਕੀ ਇਸ ਗੱਲ ਦਾ? ਤੂੰ ਉਹ ਕੰਮ ਕਰ ਜਿਹੜਾ ਤੇਰੇ ਨਾਲ ਜਾਵੇ।

*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥*

*ਪੰਨਾ - 12*

ਸੋ ਇਸ ਤਰ੍ਹਾਂ ਮਹਾਰਾਜ ਜੀ ਕਹਿੰਦੇ ਨੇ ਕਿ ਆਪਣੇ ਸਰੂਪ ਨੂੰ ਪਛਾਣ -

*ਆਤਮ ਮਹਿ ਰਾਮੁ ਰਾਮ ਮਹਿ ਆਤਮੁ*
*ਚੀਨਸਿ ਗੁਰ ਬੀਚਾਰਾ॥*

ਪੰਨਾ - 1153

ਗੁਰੂ ਦੇ ਸ਼ਬਦ ਦੀ ਵਿਚਾਰ ਕਰਕੇ ਆਤਮਾ ਨੂੰ ਚੀਨੋ ਆਪਣੇ ਅੰਦਰ। ਆਤਮਾ ਦੇ ਵਿਚ ਰੱਬ ਰਹਿੰਦਾ ਹੈ, ਆਤਮਾ ਪ੍ਰਮਾਤਮਾ ਇਕੋ ਹੀ ਹਨ -

ਅੰਮ੍ਰਿਤ ਬਾਣੀ ਸਬਦਿ ਪਛਾਣੀ
ਦੁਖ ਕਾਟੈ ਹਉ ਮਾਰਾ।।

ਪੰਨਾ - 1153

ਇਕ ਹੋਰ ਸੁਖਾਲੇ ਤਰੀਕੇ ਨਾਲ ਕਿਸੇ ਮਹਾਤਮਾ ਨੇ ਇਸ ਸਵਾਲ ਦਾ ਹੱਲ ਕਰਿਆ ਹੈ, ਕਿਉਂਕਿ ਸਮਝ ਵਿਚ ਨਾ ਆਉਣ ਵਾਲੀ ਗੱਲ ਹੈ, ਬਹੁਤ ਹੀ ਸੂਖਸ਼ਮ ਹੈ। ਹੁਣ ਉਹ ਦਸਦੇ ਨੇ ਕਿ ਤੂੰ ਰਹਿੰਦਾ ਕਿਥੇ ਹੈਂ? ਹੁਣ ਧਿਆਨ ਨਾਲ ਸ੍ਰਵਣ ਕਰਿਓ ਜਿਹੜੇ ਥੋੜ੍ਹੇ ਜਿਹੇ ਸਿਆਣੇ ਨੇ। ਕੌਣ ਹਾਂ ਅਸੀਂ? ਕਿਥੇ ਰਹਿੰਦੇ ਹਾਂ? ਇਹ ਸਰੀਰ ਵਿਚ ਕਿਥੇ ਰਹਿੰਦੇ ਹਾਂ? ਉਥੇ ਆਪ ਫੁਰਮਾਨ ਕਰਦੇ ਹਨ -

ਜਹਾਂ ਜਾਗ੍ਰਤ ਸੁਪਨਾ ਨਹੀਂ,
ਸੁਖਪਤ ਨਾਹਿ ਸਮਾਧ॥

ਜਿਥੇ ਨਾ ਸੁਪਨਾ ਹੈ, ਨਾ ਗਾੜ੍ਹੀ ਨੀਂਦ ਹੈ ਨਾ, ਜਾਗਤ ਹੈ; ਜਿਥੇ ਤਿੰਨੇ ਹੀ ਨਹੀਂ ਹਨ, ਉਸ ਥਾਂ ਤੋਂ ਅੱਗੇ -

ਸੋ ਸਰੂਪ ਹੈ ਆਤਮਾ,
ਸੋ ਅਨੁਭਵ ਕਰ ਸਾਧ॥

ਉਹ ਤੇਰਾ ਸਰੂਪ ਹੈ। ਉਹ ਅਨੁਭਵ ਕਰ, ਫੇਰ ਉਹਨੂੰ ਸ਼ਾਖਸ਼ਾਤ ਕਰ।

ਸਭ ਦੁੰਦਨ ਕੀ ਸੰਧ ਜੋ,
ਕੇਵਲ ਗਿਆਨ ਸਰੂਪ।।

ਦੁੰਦਨ ਕੀ ਹੁੰਦੇ ਨੇ? ਦਿਨ ਹੈ ਤਾਂ ਰਾਤ ਹੈ, ਦੁਖ ਹੈ ਤਾਂ ਸੁਖ ਹੈ, ਹਾਨ ਹੈ ਤਾਂ ਲਾਭ ਹੈ, ਮਾਨ ਹੈ ਤਾਂ ਅਪਮਾਨ ਹੈ। ਇਨ੍ਹਾਂ ਸਭ ਨੂੰ ਦੁਵੰਧ ਕਹਿੰਦੇ ਨੇ। ਇਨ੍ਹਾਂ ਦੀ ਜਿਥੇ ਸੰਧ ਮਿਲਦੀ ਹੈ ਨਾ ਦੋਹਾਂ ਦੀ, ਉਹਦੇ ਵਿਚ ਅਨੁਭਵ ਸਰੂਪ ਹੈ। ਕੇਵਲ ਗਿਆਨ। ਅੰਦਰ ਦੇਖੋ, ਜਿਹੜਾ ਗਿਆਨ ਹੈ ਨਾ, ਇਹ ਸਭ ਚੀਜ਼ਾਂ ਨੂੰ ਜਾਣਦਾ ਹੈ। ਜਿਹੜੀ ਚੀਜ਼ ਜਾਣਦੀ ਹੈ ਸਭ ਨੂੰ, ਇਹ ਤੇਰਾ ਸਰੂਪ ਹੈ -

ਨਹਿੰ ਅੰਤਰ ਬਾਹਰ ਨਹੀਂ,
ਤਾਂਹਿ ਲਖੋ ਨਿਜ ਰੂਪ।।

ਨਾ ਉਹ ਅੰਦਰ ਹੈ ਨਾ ਬਾਹਰ ਹੈ, ਉਹ ਸਾਰੇ ਪਰਿਪੂਰਨ ਹੈ-

ਨਿਰਾਕਾਰ ਸਾਕਾਰ ਨਿਹ,
ਨਹਿੰ ਸੂਖਮ ਇਸਥੂਲ॥
ਜੜ ਚੈਤੰਨ ਦੋਨੋਂ ਨਹੀਂ,
ਨਹਿੰ ਤਰਵਰ ਨਹਿ ਮੂਲ॥

ਨਾ ਉਹ ਜੜ੍ਹ ਹੈ, ਨਾ ਦਰਖਤ ਹੈ। ਨਾ ਉਹ ਜੜ੍ਹ ਹੈ ਨਾ ਚੇਤਨ ਹੈ, ਦੋਹਾਂ ਦੇ ਵਿਚਾਲੇ ਹੈ -

ਧਜਾਤਾ ਧਜਾਨ ਨ ਧੇ ਕਛੂ,
ਗੇ ਗਜਾਤਾ ਨਹੀਂ ਗਜਾਨ।।
ਕ੍ਰਿਆ ਕਰਮ ਕਰਤਾ ਨਹੀਂ,
ਕੇਵਲ ਪਦ ਨਿਰਬਾਨ॥
ਸਭ ਵਿਕਲਪ ਕੇ ਤਯਾਗ ਤੇ,
ਸ਼ੇਸ਼ ਰਹੇ ਜੋ ਸਾਰ॥

ਸਭ ਕੁਛ ਛੱਡ ਦਿਓ। ਜ਼ਮੀਨ ਜਾਇਦਾਦ ਜਿੰਨਾਂ ਕੁਛ ਤੁਹਾਨੂੰ ਦਿਸਦਾ ਹੈ ਨਾ, ਜਿੰਨਾਂ ਜਾਣਿਆ ਹੈ ਸਭ ਨੂੰ ਛੱਡ ਕੇ ਪਿਛੇ ਦੇਖੋ? ਜਿਹੜਾ ਬਚਿਆ ਹੈ ਉਹ ਆਪਣਾ ਸਰੂਪ ਹੈ। ਉਹਨੂੰ 'ਆਤਮਾ' ਕਹਿੰਦੇ ਨੇ। ਸਾਰਾ ਛੱਡ ਕੇ ਦੇਖੋ ਇਹਨੂੰ ਧਿਆਨ ਦੇ ਨਾਲ। ਐਥੇ ਛੱਡ ਦਿਓ ਹੁਣੇ ਬੈਠੇ-ਬੈਠੇ, 'ਮੈਂ' ਇਕ ਮਿੰਟ ਚੁਪ ਕਰਦਾਂ। ਕੋਈ ਚੀਜ਼ ਨਾ ਰਹਿਣ ਦਿਓ, ਅੰਦਰ ਖਾਲੀ ਕਰ ਦਿਓ ਬਿਲਕੁਲ ਗਿਆਨ, ਧਿਆਨ, ਆਪਣਾ ਸਰੀਰ, ਆਪਣਾ ਧਰਮ, ਆਪਣੇ ਬਾਲ-ਬੱਚੇ, ਆਪਣਾ ਲਗਾਓ, ਸਭ ਚੀਜ਼ ਛੱਡ ਕੇ ਜਿਹੜਾ ਬਾਕੀ ਬਚ ਗਿਆ ਨਾ, ਉਹ ਆਤਮਾ ਸਰੂਪ ਹੈ। ਦੇਖੋ! ਪਰ ਇਹ ਦੇਖਣਾ ਬਹੁਤ ਔਖਾ ਹੈ, ਧਰਤੀ ਹੀ ਨਹੀਂ ਅੱਖਾਂ ਦੇ ਸਾਹਮਣਿਓਂ ਦੂਰ ਹੁੰਦੀ। ਇਹ ਤਾਂ ਸਾਡਾ ਸੰਸਕਾਰ ਪੱਕਾ ਹੋ ਗਿਆ, ਇਹ ਹਟਦੇ ਨਹੀਂ -

ਸਭ ਵਿਕਲਪ ਕੇ ਤਯਾਗ ਤੇ,
ਸ਼ੇਸ਼ ਰਹੇ ਜੋ ਸਾਰ॥
ਕੇਵਲ ਅਨੁਭਵ ਮਾਤ੍ਰ ਜੋ,
ਸੋ ਨਿਜ ਰੂਪ ਵਿਚਾਰ॥

ਉਹ ਨਿਜ ਰੂਪ ਹੈ -

ਜੋ ਜੋ ਚਿਤ ਚਿਤਵਨ ਕਰੇ,
ਤਿਆਗੋ ਤਾਂਹਿ ਸੁਜਾਨ॥

ਜਿੰਨੇ ਫੁਰਨੇ ਆਉਂਦੇ ਨੇ ਸਾਰੇ ਛੱਡ ਦਿਓ।

ਸ਼ੇਸ਼ ਰਹੇ ਜੋ ਸ਼ਾਂਤ ਪਦ,
ਸੋ ਹੈ ਨਿਜ ਇਸਥਾਨ॥

ਜਿਹੜਾ ਸ਼ਾਂਤ ਪਦ ਹੈ ਉਹ ਸਾਡਾ ਅਸਥਾਨ ਹੈ। ਓਸ ਘਰ ਦੇ ਵਿਚ ਅਸੀਂ ਰਹਿੰਦੇ ਹਾਂ -

ਕਬੀਰ ਗੰਗ ਜਮਨ ਕੇ ਅੰਤਰੇ
ਸਹਜ ਸੁੰਨ ਕੇ ਘਾਟ॥
ਪੰਨਾ - 1372

ਉਹ ਸਹਿਜ ਤੇ ਸੁੰਨ ਦਾ ਘਾਟ ਹੈ ਕਿਉਂਕਿ ਉਹ ਸ਼ੇਸ਼ ਬਚ ਗਿਆ।

**ਸਰਬ ਸ਼ਬਦ ਅਰ ਅਰਥ ਸਭ,**
ਸਰਬ ਸਾਸਤ੍ਰ ਅਰ ਬੇਦ॥

ਜਿੰਨੇ ਸ਼ਬਦ ਜਾਣਦਾ ਹੈਂ, ਜਿੰਨੇ ਸਾਸ਼ਤਰ ਜਾਣਦਾ ਹੈਂ, ਜਿੰਨੇ ਮੰਤਰ ਜਾਣਦਾ ਹੈਂ, ਜਿੰਨਾ ਗਿਆਨ ਜਾਣਦਾ ਹੈਂ -

*ਬੁਧ ਸਹਿਤ ਤਿਆਗੋ ਸਕਲ ਪ੍ਰਗਟੇ*
*ਅਲਖ ਅਭੇਦ॥*

ਜਦੋਂ ਛੱਡ ਦਿਤੇ ਉਸੇ ਵੇਲੇ ਪ੍ਰਗਟ ਹੋ ਗਿਆ।

*ਸਤਾ ਮਾਤ੍ਰ ਇਸਥਿਤ ਸਦਾ,*
*ਕੇਵਲ ਰੂਪ ਅਰੂਪ॥*
*ਖੋਭ ਰਹਿਤ ਆਨੰਦ ਮੈ,*
*ਅਗਮ ਅਪਾਰ ਅਨੂਪ॥*

ਆਤਮਾ ਨੇ ਕਿਤੋਂ ਆਉਂਣਾ ਨਹੀਂ ਹੈ ਉਹ ਤਾਂ ਨਿਤ ਪ੍ਰਾਪਤ ਹੈ –

*ਨਿਤ ਪ੍ਰਾਪਤ ਨਿਜ ਆਤਮਾ,*
*ਨਿਜ ਇਸਥਿਤ ਨਿਜ ਮਾਂਹ।।*
*ਨਿਜ ਸੁਭਾਵ ਨਿਜ ਤ੍ਰਿਪਤ ਨਿਤ,*
*ਨਿਰਵਿਕਲਪ ਨਿਜ ਆਂਹ॥*
*ਸਾਧਨ ਸਾਧਕ ਸਿਧ ਨਹਿੰ,*
*ਨਹਿੰ ਸੰਜੋਗ ਵਿਜੋਗ॥*
*ਸੁਤਿਹ ਸਿਧ ਪ੍ਰਾਪਤ ਸਦਾ,*
*ਹੇਮਾਂ ਅਨੁਭਵ ਯੋਗ॥*

ਨਿਰਵਿਕਲਪ ਰੂਪ ਹੈ ਤੇ ਇਹ ਆਪਣਾ ਸਰੂਪ ਹੈ। ਸਾਧਸੰਗਤ ਜੀ! ਇਹਨੂੰ ਮਹਾਰਾਜ ਜੀ ਐਸ ਤਰ੍ਹਾਂ ਫੁਰਮਾਨ ਕਰਦੇ ਹਨ –

*ਧਾਰਨਾ – ਸੁਣ ਲੈ ਪਿਆਰਿਆ,*
*ਕਥਾ ਆਪਣੇ ਸਰੂਪ ਦੀ*

*ਨਾ ਇਹੁ ਬੂਢਾ ਨਾ ਇਹੁ ਬਾਲਾ॥*
*ਨਾ ਇਸੁ ਦੂਖੁ ਨਹੀ ਜਮ ਜਾਲਾ।।*
*ਨਾ ਇਹੁ ਬਿਨਸੈ ਨਾ ਇਹੁ ਜਾਇ॥*
*ਆਦਿ ਜੁਗਾਦੀ ਰਹਿਆ ਸਮਾਇ।।*
*ਨਾ ਇਸ ਉਸਨੁ ਨਹੀ ਇਸੁ ਸੀਤੁ॥*
*ਨਾ ਇਸੁ ਦੁਸਮਨੁ ਨਾ ਇਸ ਮੀਤੁ॥*
*ਨਾ ਇਸੁ ਹਰਖੁ ਨਹੀ ਇਸੁ ਸੋਗੁ।।*
*ਸਭ ਕਿਛੁ ਇਸ ਕਾ ਇਹੁ ਕਰਨੈ ਜੋਗੁ॥*
*ਨਾ ਇਸੁ ਬਾਪੁ ਨਹੀ ਇਸੁ ਮਾਇਆ॥*
*ਇਹ ਅਪਰੰਪਰੁ ਹੋਤਾ ਆਇਆ॥*
*ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥*
*ਘਟ ਘਟ ਅੰਤਰਿ ਸਦ ਹੀ ਜਾਗੈ॥*
*ਤੀਨਿ ਗੁਣਾ ਇਕ ਸਕਤਿ ਉਪਾਇਆ॥*
*ਮਹਾ ਮਾਇਆ ਤਾ ਕੀ ਹੈ ਛਾਇਆ॥*
*ਅਛਲ ਅਛੇਦ ਅਭੇਦ ਦਇਆਲ॥*
*ਦੀਨ ਦਇਆਲ ਸਦਾ ਕਿਰਪਾਲ॥*
*ਤਾ ਕੀ ਗਤਿ ਮਿਤਿ ਕਛੂ ਨ ਪਾਇ॥*
*ਨਾਨਕ ਤਾ ਕੈ ਬਲਿ ਬਲਿ ਜਾਇ॥*
*ਪੰਨਾ – 868*

ਸੋ ਧਿਆਨ ਦੇਵੋ। ਭਾਈ ਤਿਲੋਕਾ ਜੀ ਇਕ ਤਾਂ ਜ਼ਖਮੀ ਪਏ ਹਨ ਅਤੇ ਜਗਿਆਸੂ ਰਾਜਕੁਮਾਰੀ ਜਿਸ ਦੀ ਸੁਰਤ ਦ੍ਰਿਸ਼ਟਮਾਨ ਵਿਚ ਫਸੀ ਪਈ ਹੈ, ਉਹਨੂੰ ਇਹ ਬਚਨ ਓਪਰੇ-ਓਪਰੇ ਫਿਕੇ-ਫਿਕੇ ਲਗ ਰਹੇ ਹਨ ਪਰ ਭਾਈ ਤਿਲੋਕੇ ਦੇ ਸਰੀਰ ਨੂੰ ਧੁਰ ਅੰਦਰੋਂ ਪਿਆਰ ਕਰਦੀ ਹੈ ਉਹਨੂੰ ਲਗਦਾ ਹੈ ਕਿ ਇਹ ਪ੍ਰਦੇਸੀ ਗਲਤ ਗੱਲ ਕੋਈ ਨਹੀਂ ਕਹਿੰਦਾ। ਸੋ ਉਤੋਂ-ਉਤੋਂ ਤਾਂ ਹਾਂ-ਹਾਂ ਕਰੀ ਜਾਂਦੀ ਹੈ ਪਰ ਅੰਦਰ ਪੂਰੀ ਤਰ੍ਹਾਂ ਹਨ੍ਹੇਰਾ ਹੀ ਹਨ੍ਹੇਰਾ ਹੈ। ਭਾਈ ਤਿਲੋਕਾ ਜੀ ਬਹੁਤ ਉਦਾਹਰਣਾਂ ਦੇ ਦੇ ਸਮਝਾ ਰਹੇ ਹਨ। ਚਲੋ ਸੋਚੋ। ਉਹ ਰਾਜਕੁਮਾਰੀ ਤਾਂ ਸਤਿਸੰਗਿ ਤੋਂ, ਸਾਧੂ ਮਿਲਾਪ ਤੋਂ ਇਕ ਦਮ ਕੋਰੀ ਸੀ ਪਰ ਆਪਾਂ ਤਾਂ ਗੁਰੂ ਦੀ ਬਾਣੀ ਦੀ ਬਹੁਤ ਵੀਚਾਰ ਕਰਦੇ ਹਾਂ। ਅਸਾਡੇ ਸਮਝ ਵਿਚ ਹੀ ਇਹ ਬਚਨ ਨਹੀਂ ਆ ਰਹੇ। ਜੇ ਆ ਭੀ ਰਹੇ ਹਨ ਤਾਂ ਅਸੀਂ ਮੰਨ ਨਹੀਂ ਰਹੇ, ਕੀ ਕਰਿਆ ਜਾਵੇ। ਗੱਲ ਬਹੁਤ ਛੋਟੀ ਹੈ ਪਰ ਨਾ ਤਾਂ ਸਮਝ ਵਿਚ ਆ ਰਹੀ ਹੈ, ਨਾ ਹੀ ਅੰਦਰਲਾ ਅਸਾਡਾ ਮੰਨ ਰਿਹਾ ਹੈ। ਓਪਰੀ-ਓਪਰੀ ਜਿਹੀ ਗੱਲ ਲਗਦੀ ਹੈ ਇਕ ਵਾਧੂ ਭਾਰ ਪ੍ਰਤੀਤ ਹੋ ਰਿਹਾ ਹੈ। ਕਾਰਨ ਕੀ ਹੈ? ਇਸ ਦੀ ਵੀਚਾਰ ਕਰਨੀ ਹੈ ਤਾਂ ਕਿ ਅਸੀਂ ਸੱਚੇ ਦਰ ਵਿਚ ਸਚਿਆਰ ਹੋ ਕੇ ਜਾਈਏ ਅਤੇ ਦਰਗਾਹ ਵਿਚ ਮਾਣ ਪ੍ਰਾਪਤ ਕਰੀਏ।

ਇਥੇ ਮੈਂ ਇਕ ਆਪ ਬੀਤੀ ਦੇਣੀ ਚਾਹੁੰਦਾ ਹਾਂ। ਸਕੂਲ ਤੋਂ ਮੈਂ ਪੜ੍ਹ ਕੇ ਹਟਿਆ ਸੀ। ਉਸ ਸਮੇਂ ਮੇਰੇ ਅੰਦਰ ਨਾਮ ਜਪਣ ਦੀ ਬਹੁਤ ਜ਼ਬਰਦਸਤ ਲਗਨ ਸੀ ਜੋ ਮੈਨੂੰ ਤਕਰੀਬਨ 9-10 ਸਾਲ ਦੀ ਉਮਰ ਵਿਚ ਲੱਗੀ ਸੀ। ਇਹ ਲਗਨ ਐਨੀ ਪ੍ਰਬਲ ਹੋ ਗਈ ਕਿ ਮੇਰਾ ਇਕ ਪਵਿੱਤਰ ਆਤਮਾ ਸੰਤ ਦਸੌਂਧਾ ਸਿੰਘ ਜੀ ਜੋ ਨਾਮਧਾਰੀ ਸੰਪਰਦਾ ਨਾਲ ਸਬੰਧ ਰਖਦੇ ਸਨ, ਨਾਲ ਅਚਾਨਕ ਹੀ ਮਿਲਾਪ ਹੋ ਗਿਆ। ਉਨ੍ਹਾਂ ਦਾ ਜਥਾ ਧਲੇਤੇ ਜ਼ਿਲਾ ਜਲੰਧਰ ਵਿਚ ਨਾਮਧਾਰੀ ਸਿੰਘਾਂ ਦੇ ਕੀਰਤਨ ਕਰਨ ਆਇਆ ਹੋਇਆ ਸੀ। ਸਾਢੇ ਨੌਂ ਕੁ ਸਾਲ ਦੀ ਉਸ ਸਮੇਂ ਸਰੀਰ ਦੀ ਆਯੂ ਸੀ, ਮੈਨੂੰ ਉਨ੍ਹਾਂ ਦੇ ਸਾਜ ਵਜਦੇ ਬਹੁਤ ਹੀ ਸੋਹਣੇ ਲਗਦੇ ਸਨ ਜਦੋਂ ਉਹ ਛੈਣੇ ਵਜਾਉਂਦੇ ਸਨ ਤਾਂ ਇਕ ਅਜੀਬ ਕਿਸਮ ਦਾ ਪ੍ਰਭਾਵ ਪੈਂਦਾ ਸੀ। ਮੇਰਾ ਜੀਅ ਕਰਦਾ ਸੀ ਕਿ ਉਹ ਵਜਾਉਂਦੇ ਹੀ ਜਾਣ, ਹਟਣ ਨਾ, ਪਰ ਉਹ ਆਪਣੀ ਤਾਲ ਅਨੁਸਾਰ ਹਟ ਜਾਇਆ ਕਰਦੇ ਸਨ। ਉਨ੍ਹਾਂ ਦੇ ਸਵੱਛ ਵਸਤਰ, ਸੋਹਣੇ ਰੂਪ, ਰੰਗ ਵੇਖ ਕੇ ਮੈਨੂੰ ਉਹ ਬਹੁਤ ਚੰਗੇ ਲੱਗਣ ਲਗ ਗਏ। ਜਦੋਂ ਦੀਵਾਨ ਦੀ ਸਮਾਪਤੀ ਹੋਈ ਤਾਂ ਮੈਨੂੰ ਸੰਤ ਦਸੌਂਧਾ ਸਿੰਘ ਜੀ ਨੇ ਕੋਲ ਬੁਲਾ ਕੇ ਵਾਹਿਗੁਰੂ ਮੰਤਰ ਜਪਣ ਲਈ ਕਿਹਾ, ਭਾਵੇਂ ਮੈਂ ਇਸ ਤੋਂ ਪਹਿਲਾਂ ਵੀ ਨਾਮ ਜਪਦਾ ਸਾਂ ਪਰ ਉਨ੍ਹਾਂ ਦੀ ਪ੍ਰੇਰਨਾ ਨਾਲ ਨਾਮ ਜਪਣ ਦੀ ਲੋਚਾ ਲਗ ਗਈ।

ਇਕ ਵਾਰੀ ਜਦੋਂ ਮੈਂ ਆਪਣੇ ਵੱਡੇ ਭੈਣ ਜੀ ਪਾਸ ਭਾਦੋਂ ਦੀਆਂ ਛੁਟੀਆਂ ਹੋਣ ਕਾਰਨ ਸਕੂਲ ਦੇ ਕੰਮ ਤੋਂ ਵਿਹਲਾ ਹੋ ਗਿਆ ਤਾਂ ਮੈਂ ਆਪਣੇ ਹਾਣ ਦੇ ਰਿਸ਼ਤੇਦਾਰ ਲੜਕਿਆਂ ਨਾਲ ਸਵੇਰੇ ਹੀ ਉਨ੍ਹਾਂ ਦੇ ਖੂਹ ਉਪਰ ਖੇਲ੍ਹਣ ਵਾਸਤੇ ਚਲਿਆ ਜਾਇਆ ਕਰਦਾ ਸਾਂ

ਅਤੇ ਸਾਰਾ ਦਿਨ ਉਥੇ ਖੇਲ੍ਹਣਾ, ਉਥੇ ਹੀ ਉਨ੍ਹਾਂ ਦੇ ਘਰੋਂ ਆਇਆ ਪ੍ਰਸ਼ਾਦਾ ਛਕ ਲੈਣਾ ਤੇ ਸ਼ਾਮ ਪਏ ਭੈਣ ਜੀ ਦੇ ਘਰ ਆ ਜਾਣਾ ਪਰ ਇਕ ਦਿਨ ਮੇਰੀ ਨਿਗ੍ਹਾ ਉਨ੍ਹਾਂ ਦੇ ਕਿੱਲੇ ਉਪਰ ਟੰਗੀ ਹੋਈ ਮਾਲਾ ਉਤੇ ਪੈ ਗਈ ਤਾਂ ਮੈਂ ਸੋਟੀ ਦੀ ਮਦਦ ਨਾਲ ਕਿੱਲੇ ਉਪਰੋਂ ਮਾਲਾ ਲਾਹ ਲਈ। ਜਦੋਂ ਮੈਂ ਮਾਲਾ ਜੇਬ ਵਿਚ ਪਾ ਰਿਹਾ ਸੀ ਤਾਂ ਵੱਡੀ ਭੈਣ ਨੇ ਪੁਛਿਆ, ਜੋ ਮੇਰੇ ਤੋਂ ਸੱਤ ਸਾਲ ਵੱਡੀ ਸੀ, ਕਹਿਣ ਲੱਗੀ ਕਿ ਮਾਲਾ ਤਾਂ ਤੂੰ ਚੁੱਕ ਲਈ, ਕੀ ਤੈਨੂੰ ਪਤਾ ਹੈ ਕਿ ਇਹਦੇ ਨਾਲ ਕਿਵੇਂ ਜਾਪ ਕਰੀਦਾ ਹੈ? ਮੈਂ ਕਿਹਾ, "ਹਾਂ, ਮੈਨੂੰ ਪਤਾ ਹੈ ਕਿ ਵਾਹਿਗੁਰੂ-ਵਾਹਿਗੁਰੂ ਹਰ ਮਣਕੇ ਨਾਲ ਕਹਿ ਕੇ ਅਗਲੇ ਮਣਕੇ ਤੇ ਉਂਗਲੀ ਰੱਖੀ ਜਾਂਦੀ ਹੈ।" ਮੇਰੇ ਮਨ ਵਿਚ ਮਾਲਾ ਲੈ ਕੇ ਇਸ ਤਰ੍ਹਾਂ ਭਾਸਿਆ ਕਿ ਮੈਂ ਪਤਾ ਨਹੀਂ ਕਿੰਨਾ ਕੁ ਧਨ ਪ੍ਰਾਪਤ ਕਰ ਲਿਆ। ਮੇਰੇ ਮਨ ਵਿਚ ਬਹੁਤ ਖੁਸ਼ੀ ਚੜ੍ਹ ਗਈ ਅਤੇ ਅੱਜ ਮੈਂ ਆਪਣੇ ਸਾਥੀਆਂ ਨਾਲ ਖੇਲ੍ਹਣ ਨਾ ਗਿਆ, ਉਸ ਦੀ ਥਾਂ ਮੈਂ ਭੈਣ ਹੋਰਾਂ ਦੇ ਗੰਨੇ ਦੇ ਖੇਤ ਵਿਚ ਚਲਿਆ ਗਿਆ। ਭਾਦੋਂ ਦਾ ਮਹੀਨਾ ਸੀ ਗੰਨੇ ਵਿਚ ਬਹੁਤ ਹੁੱਸੜ ਸੀ ਪਰ ਮੈਨੂੰ ਇਸਦੀ ਵੀ ਕੋਈ ਪਰਵਾਹ ਨਹੀਂ ਸੀ। ਅੱਗੇ ਮੈਂ ਕੀ ਦੇਖਦਾਂ ਕਿ ਖੇਤ ਦੇ ਵਿਚਾਲੇ ਬਹਿਣੀ (ਜਿਥੇ ਕੜਾਹਾ ਰੱਖ ਕੇ ਰਸ ਉਬਾਲਦੇ ਹਨ) ਦੀ ਥਾਂ ਗੰਨਾ ਨਹੀਂ ਬੀਜਿਆ ਹੋਇਆ ਸੀ। ਜਿਥੇ ਛਾਲਣਾ ਰਖਦੇ ਹਨ, ਮੈਂ ਉਥੇ ਉਤਰ ਗਿਆ ਅਤੇ ਚੌਂਕੜਾ ਮਾਰ ਲਿਆ। ਭਾਵੇਂ ਬਾਰਸ਼ਾਂ ਪੈਣ ਕਰਕੇ ਉਹ ਬਹਿਣੀ ਗਿੱਲੀ ਹੋਈ-ਹੋਈ ਸੀ, ਉਥੋਂ ਭੜਦਾਹ ਜਿਹੀ ਮਾਰਦੀ ਸੀ ਪਰ ਮੈਨੂੰ ਮਹਿਸੂਸ ਨਾ ਹੋਈ, ਮੈਨੂੰ ਬਹੁਤ ਹੀ ਚਾਅ ਸੀ ਕਿ ਅੱਜ ਮੈਂ ਮਾਲਾ ਦੇ ਨਾਲ ਵਾਹਿਗੁਰੂ ਮੰਤਰ ਦਾ ਜਾਪ ਕਰਾਂਗਾ। ਸਵੇਰੇ ਹੀ ਮੈਂ ਜਾ ਕੇ ਬੈਠਾ ਸੀ ਦੁਪਹਿਰਾ ਮੇਰੇ ਉਪਰ ਦੀ ਲੰਘ ਗਿਆ। ਜਦੋਂ ਸ਼ਾਮ ਪਈ ਤਾਂ ਮੈਂ ਉਠ ਕੇ ਘਰ ਜਾਣ ਦਾ ਫੁਰਨਾ ਕੀਤਾ ਪਰ ਮੈਨੂੰ ਪਹਿਲੇ ਦਿਨ ਹੀ ਨਾਮ ਦੀ ਇਕ ਬਹੁਤ ਮਿੱਠੀ ਖੁਮਾਰੀ ਚੜ੍ਹ ਗਈ ਅਤੇ ਮੇਰਾ ਜੀਅ ਨਾ ਕਰੇ ਕਿ ਮੈਂ ਉਠ ਕੇ ਘਰ ਜਾਵਾਂ ਅਤੇ ਧ੍ਰੂ ਭਗਤ ਦੀ ਸੁਣੀ ਹੋਈ ਸਾਖੀ ਮੇਰੇ ਦਿਲ ਵਿਚ ਪ੍ਰੇਰਨਾ ਦੇ ਰਹੀ ਸੀ ਕਿ ਮੈਂ ਹੋਰ ਨਾਮ ਜਪਾਂ। ਜਦੋਂ ਮੈਂ ਸੂਰਜ ਦੇ ਛਪਾਓ ਨਾਲ ਘਰ ਗਿਆ ਤਾਂ ਬੀਬੀ ਨੇ ਪੁਛਿਆ ਕਿ ਅੱਜ ਤੂੰ ਦੇਰ ਨਾਲ ਕਿਉਂ ਆਇਆਂ ਹੈਂ? ਮੈਂ ਇਧਰਲੀ-ਉਧਰਲੀ ਗੱਲ ਕਰਕੇ ਟਾਲ ਦਿਤਾ, ਕੋਈ ਸਪਸ਼ਟ ਉਤਰ ਨਾ ਦਿਤਾ। ਇਸ ਤਰ੍ਹਾਂ ਕਰਦੇ ਨੂੰ ਤਕਰੀਬਨ ਇਕ ਹਫਤਾ ਲੰਘ ਗਿਆ। ਜਿਨ੍ਹਾਂ ਨਾਲ ਮੈਂ ਹਰ ਰੋਜ਼ ਖੇਲ੍ਹਿਆ ਕਰਦਾ ਸਾਂ ਉਹ ਇਕ ਦਿਨ ਘਰ ਆਏ ਅਤੇ ਕਿਹਾ ਕਿ ਵਰਿਆਮ ਸਿੰਘ ਕਿਥੇ ਰਹਿੰਦਾ ਹੈ, ਇਕ ਹਫਤੇ ਤੋਂ ਉਹ ਅਸਾਡੇ ਕੋਲ ਨਹੀਂ ਆਇਆ। ਭੈਣ ਨੇ ਕਿਹਾ ਕਿ ਉਹ ਤਾਂ ਹਰ ਰੋਜ਼ ਸਵੱਖਤੇ ਹੀ ਖੇਲ੍ਹਣ ਜਾਂਦਾ ਹੈ ਤੇ ਲੇਟ ਆਉਂਦਾ ਹੈ; ਮੈਂ ਜਦੋਂ ਵੀ ਉਸਨੂੰ ਪੁਛਦੀ ਹਾਂ ਤਾਂ ਉਹ ਗੱਲ ਟਾਲ ਦਿੰਦਾ ਹੈ, ਸਵੇਰੇ ਹਾਜ਼ਰੀ ਦਾ ਪ੍ਰਸ਼ਾਦਾ (**Break Fast**) ਛਕ ਕੇ ਚਲਿਆ ਜਾਂਦਾ ਹੈ। ਅੱਗੇ ਤਾਂ ਤੁਹਾਡੇ ਖੂਹ ਉਤੇ ਦੁਪਹਿਰ ਦਾ ਪ੍ਰਸ਼ਾਦਾ ਛਕ ਲਿਆ ਕਰਦਾ ਸੀ ਪਰ ਮੈਨੂੰ ਹੁਣ ਨਹੀਂ ਪਤਾ ਕਿ ਉਹ ਦੁਪਹਿਰੇ ਪ੍ਰਸ਼ਾਦਾ ਕਿਥੇ ਛਕਦਾ ਹੈ। ਇਹ ਗੱਲ ਸੁਣ ਕੇ ਉਹ ਹੈਰਾਨ ਹੋ ਗਈ। ਉਨ੍ਹਾਂ ਵਿਚੋਂ ਇਕ ਨੇ ਕਿਹਾ, ਮੈਂ ਉਸਨੂੰ ਇਕ ਦਿਨ ਤੁਹਾਡੇ ਗੰਨੇ ਦੇ ਖੇਤ ਵਿਚ ਵੜਦੇ ਤਕਿਆ ਸੀ। ਵੱਡੇ ਭੈਣ ਜੀ ਵੀ ਨਵੇਂ-ਨਵੇਂ ਆਪਣੇ ਸਹੁਰਿਆਂ ਦੇ ਘਰ ਆਏ ਸਨ, ਉਨ੍ਹਾਂ ਦੀ ਸੱਸ ਨਹੀਂ ਸੀ।

ਦੂਸਰੇ ਦਿਨ ਹੀ ਉਹ ਮੈਨੂੰ ਟੋਲ੍ਹਣ ਵਾਸਤੇ ਘਰੋਂ ਤੁਰੀ, ਜਿਥੇ ਉਨ੍ਹਾਂ ਨੇ ਦਸਿਆ ਸੀ ਉਸ ਥਾਂ ਤੋਂ ਉਹ ਵੀ ਗੰਨੇ ਦੇ ਖੇਤ ਵਿਚ ਵੜ ਗਈ। ਭਾਦਰੋਂ ਦਾ ਮਹੀਨਾ ਜਿਥੇ ਹਵਾ ਨਾ ਲੱਗੇ, ਉਥੇ ਬਹੁਤ ਦਮ ਘੁਟਵਾਂ ਵਾਤਾਵਰਣ ਪੈਦਾ ਕਰ ਦਿੰਦਾ ਹੈ। ਉਹ ਹੈਰਾਨ ਰਹਿ ਗਈ ਜਦੋਂ ਚੁੱਭੇ ਕੋਲ ਆ ਕੇ ਮੈਨੂੰ ਵਿਚ ਬੈਠਿਆਂ ਦੇਖਿਆ। ਉਹ ਇਕ ਦਮ ਕੁਰਲਾਅ ਉਠੀ ਤੇ ਡਾਂਟਵੇਂ ਲਹਿਜੇ ਵਿਚ ਮੈਨੂੰ ਕਿਹਾ ਕਿ ਇਹ ਸੁੰਨੇ ਚੁੱਭੇ ਵਿਚ ਸੱਪ ਰਿਹਾ ਕਰਦੇ ਹਨ, ਤੂੰ ਇਥੇ ਕਿਉਂ ਭਜਨ ਕਰਦਾ ਹੈਂ? ਉਸਨੇ ਮੈਨੂੰ ਵਰਜਿਆ ਤਾਂ ਨਾ, ਪਰ ਐਨਾ ਕਹਿ ਕੇ ਹੀ ਚੁੱਪ ਹੋ ਗਈ। ਮੈਂ ਬਾਹਰ ਨਿਕਲ ਆਇਆ ਤੇ ਭੈਣ ਦੇ ਨਾਲ ਵਾਪਸ ਆ ਗਿਆ। ਉਸ ਨੇ ਕਿਹਾ ਕਿ ਹੁਣ ਤੂੰ ਖੇਲ੍ਹਦਾ ਕਿਉਂ ਨਹੀਂ? ਮੈਂ ਕਿਹਾ, ਮੈਨੂੰ ਹੁਣ ਖੇਲ੍ਹ ਅੱਛੀ ਨਹੀਂ ਲਗਦੀ। ਮੈਂ ਤਾਂ ਨਾਮ ਜਪਣਾ ਹੈ ਕਿਉਂਕਿ ਮੈਨੂੰ ਨਾਮ ਦੇ ਵਿਚੋਂ ਇਕ ਬਹੁਤ ਹੀ ਮਿੱਠੀ-ਮਿੱਠੀ ਖੁਮਾਰੀ ਚੜ੍ਹਨ ਲਗ ਗਈ ਸੀ, ਜਦੋਂ ਮੈਂ ਧਰਤੀ ਤੇ ਤੁਰਦਾ ਸਾਂ, ਤਾਂ ਸਰੀਰ ਤੋਂ ਗੈਰ ਹਾਜ਼ਰ ਹੋ ਕੇ ਹੀ ਪੈਰ ਧਰਦਾ ਸਾਂ, ਕਿਉਂਕਿ ਮੇਰੀ ਨਵੀਂ-ਨਵੀਂ ਪੈਦਾ ਹੋਈ ਸੁਰਤ ਨਾਮ ਧੁਨ ਨਾਲ ਜੁੜੀ ਰਹਿੰਦੀ ਸੀ। ਦੂਸਰੇ ਦਿਨ ਮੈਂ ਫੇਰ ਆਇਆ ਇਕ ਘਣੇ ਦਰਖਤਾਂ ਵਿਚ, ਜਿਸਨੂੰ ਸ਼ਿਖੰਡੀ ਕਹਿੰਦੇ ਸੀ, ਉਥੇ ਲੋਕ ਸੇਵੀਆਂ ਤੇ ਦੁੱਧ ਵਗੈਰਾ, ਮਿੱਟੀ ਦੇ ਕਸੋਰਿਆਂ ਵਿਚ ਰੱਖ ਜਾਇਆ ਕਰਦੇ ਸਨ। ਲੋਕਾਂ ਦਾ ਆਮ ਵਿਸ਼ਵਾਸ਼ ਸੀ ਕਿ ਇਸ ਸ਼ਿਖੰਡੀ ਵਿਚੋਂ, ਜਿਥੇ ਸਿਉਂਕ ਦੀਆਂ ਬਰਮੀਆਂ ਕਾਫੀ ਸਨ, ਸੱਪ ਨਿਕਲ ਕੇ ਦੁੱਧ ਪੀ ਜਾਂਦੇ ਹਨ ਤੇ ਸੇਵੀਆਂ ਖਾ ਜਾਂਦੇ ਹਨ। ਉਥੇ ਨੇੜੇ-ਤੇੜੇ ਕੋਈ ਨਹੀਂ ਆਇਆ ਕਰਦਾ ਸੀ। ਝੀੜੀ ਸੀ ਤੇ ਕਾਫੀ ਛਾਇਆ ਸੀ ਮੈਂ ਉਸਦੇ ਵਿਚ ਬੈਠ ਕੇ ਮਾਲਾ ਫੇਰਦਾ ਰਹਿੰਦਾ ਸੀ। ਇਸ ਗੱਲ ਦਾ ਵੀ ਕਈ ਦਿਨਾਂ ਪਿਛੋਂ ਭੈਣ ਨੂੰ ਪਤਾ ਲਗ ਗਿਆ। ਉਸਨੇ ਫੇਰ ਆ ਕੇ ਮੈਨੂੰ ਵਰਜਿਆ ਕਿ ਵੀਰ! ਉਥੇ ਤਾਂ ਸੱਪ ਸੀ ਜਾਂ ਨਹੀਂ, ਪਰ ਇਥੇ ਤਾਂ ਤੂੰ ਸੱਪਾਂ ਦੇ ਵਿਚ ਆ ਕੇ ਬਹਿ ਗਿਆ। ਜੇ ਤੂੰ ਭਜਨ ਕਰਨਾ ਹੀ ਹੈ ਤਾਂ ਅਸਾਡੇ ਬਾਹਰਲੇ ਮੁਰੱਬੇ ਵਿਚ ਦਰੱਖਤਾਂ ਦੀ ਬਹੁਤ ਸੋਹਣੀ ਛਾਂ ਹੈ ਉਥੇ ਚਲਿਆ ਜਾਇਆ ਕਰ। ਇਸ ਤਰ੍ਹਾਂ ਭਾਦਰੋਂ ਦੀਆਂ ਛੁਟੀਆਂ ਖਤਮ ਹੋ ਰਹੀਆਂ ਸਨ। ਜਦੋਂ ਮੇਰਾ ਸੰਤ ਦਸੌਂਧਾ ਸਿੰਘ ਜੀ ਨਾਲ ਮਿਲਾਪ ਹੋਇਆ ਤੇ ਉਨ੍ਹਾਂ ਨੇ ਮੈਨੂੰ ਵਾਹਿਗੁਰੂ ਮੰਤ੍ਰ ਜਪਣ ਦੀ ਪ੍ਰੇਰਨਾ ਦਿਤੀ ਕਿਉਂਕਿ ਪਹਿਲਾਂ ਹੀ ਮੈਂ ਛੇ ਪੱਕੀਆਂ ਮਾਲਾ ਵਾਹਿਗੁਰੂ ਮੰਤ੍ਰ ਦੀਆਂ ਫੇਰਿਆ ਕਰਦਾ ਸਾਂ। ਅੰਮ੍ਰਿਤ ਵੇਲੇ ਦੋ ਵਜੇ

ਸਨਕੇਸੀ ਇਸ਼ਨਾਨ ਕਰਕੇ ਘਰੋੜੇ ਮੰਜੇ ਉਤੇ ਆਸਣ ਲਾ ਕੇ ਬੈਠ ਜਾਂਦਾ ਅਤੇ ਸਾਢੇ ਤਿੰਨ, ਚਾਰ ਘੰਟੇ ਵਿਚ 70 ਹਜ਼ਾਰ 24 ਵਾਰੀ ਵਾਹਿਗੁਰੂ ਮੰਤ੍ਰ ਦਾ ਜਾਪ ਕਰ ਲਿਆ ਕਰਦਾ ਸਾਂ, ਇਹ ਮੇਰਾ ਹਰ ਰੋਜ਼ ਦਾ ਜੀਵਨ ਸੀ। ਨਾਮ ਦੀ ਲਟਕ ਲਗ ਗਈ ਸੀ ਪਰ ਅਜੇ ਕੋਈ ਐਸਾ ਮਹਾਤਮਾ ਨਹੀਂ ਮਿਲਿਆ ਸੀ ਜਿਸ ਨੂੰ ਮੈਂ ਆਪਣੇ ਹਿਰਦੇ ਵਿਚ ਬਿਠਾ ਲਵਾਂ। ਮੈਂ ਆਪਣੀ ਪੜ੍ਹਾਈ ਕਰਨ ਲੱਗ ਗਿਆ ਅਤੇ ਹੌਲੀ-ਹੌਲੀ ਸੰਤ ਦਸੌਂਧਾ ਸਿੰਘ ਜੀ ਦਾ ਨਾਉਂ ਮੇਰੀ ਸਿਮ੍ਰਤੀ ਉਪਰੋਂ ਮੱਧਮ ਪੈਣ ਲਗ ਗਿਆ। ਮੈਨੂੰ ਜਿਥੇ ਵੀ ਕੋਈ ਮਹਾਤਮਾ ਨਜ਼ਰ ਆਉਣਾ ਉਸ ਦੇ ਹੀ ਪਿਛੇ ਮੈਂ ਲਗ ਜਾਣਾ।

17ਕੁ ਸਾਲ ਸਰੀਰ ਦੀ ਉਮਰ ਲੰਘ ਚੁਕੀ ਸੀ ਤਾਂ ਮੇਰੇ ਮਾਤਾ ਜੀ ਮੈਨੂੰ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਦੇ ਦਰਸ਼ਨ ਕਰਾਉਣ ਲਈ ਲੈ ਗਏ, ਮੈਂ ਦੂਰੋਂ ਹੀ ਦਰਸ਼ਨ ਕਰਕੇ ਨਮਸ਼ਕਾਰ ਕਰ ਦਿਤੀ। ਮੇਰੇ ਮਾਤਾ ਜੀ ਚਾਹੁੰਦੇ ਸਨ ਕਿ ਮੈਂ ਜਿਥੇ ਸੰਤ ਮਹਾਰਾਜ ਜੀ ਸ਼ੁਸ਼ੋਭਤ ਸਨ ਉਥੇ ਜਾ ਕੇ ਨਮਸ਼ਕਾਰ ਕਰਾਂ, ਅਸ਼ੀਰਵਾਦ ਲਵਾਂ। ਉਸ ਵੇਲੇ ਮਹਾਰਾਜ ਜੀ ਦੀ ਸਰੀਰਕ ਉਮਰ 30 ਸਾਲ ਦੀ ਸੀ। ਜਦੋਂ ਮਾਤਾ ਜੀ ਦੇ ਬਾਰ-ਬਾਰ ਕਹਿਣ ਨਾਲ ਮੈਂ ਕਮਰੇ ਦੇ ਅੰਦਰ ਗਿਆ ਤਾਂ ਕਮਰਾ ਸੰਗਤ ਨਾਲ ਖਚਾ-ਖਚ ਭਰਿਆ ਹੋਇਆ ਸੀ। ਮੈਂ ਜਾ ਕੇ ਨਮਸਕਾਰ ਕੀਤੀ ਉਸ ਵੇਲੇ ਮਹਾਂਪੁਰਸ਼ਾਂ ਨੇ ਮੇਰੇ ਵਲ ਦੇਖਿਆ ਅਤੇ ਮੇਰੇ ਉਤੇ ਪ੍ਰਸ਼ਨ ਕਰ ਦਿਤਾ ਕਿ ਤੂੰ ਕੌਣ ਹੈਂ? ਇਹ ਪ੍ਰਸ਼ਨ ਸੁਣ ਕੇ ਮੈਂ ਚੁੱਪ ਕਰ ਗਿਆ। ਜਿੰਨੀ ਸੰਗਤ ਬੈਠੀ ਸੀ ਉਨ੍ਹਾਂ ਵਿਚੋਂ ਇਕ ਦੋ ਨੇ ਕਿਹਾ ਕਿ ਕਾਕਾ ਸਮਝਿਆ ਨਹੀਂ ਤੂੰ, ਮਹਾਂਪੁਰਸ਼ਾਂ ਨੇ ਕੀ ਪੁਛਿਆ ਹੈ? ਮੈਂ ਕਿਹਾ, "ਸਮਝ ਗਿਆ।" ਉਨ੍ਹਾਂ ਵਿਚੋਂ ਕਈ ਆਪੇ ਹੀ ਬੋਲ ਉਠੇ ਕਿ ਫੇਰ ਦਸਦਾ ਕਿਉਂ ਨਹੀਂ ਕਿ ਤੂੰ ਕੌਣ ਹੈਂ? ਸੰਤ ਮਹਾਰਾਜ ਨੇ ਦਖਲ ਦਿੰਦਿਆਂ ਸਾਰੇ ਪ੍ਰੇਮੀਆਂ ਨੂੰ ਕਿਹਾ, ਖਾਮੋਸ਼! ਕੋਈ ਡੇਢ ਕੁ ਮਿੰਟ ਮੈਂ ਖੜ੍ਹਾ ਰਿਹਾ, ਮੈਨੂੰ ਫੇਰ ਪੁਛਿਆ ਕਿ ਤੂੰ ਦਸਿਆ ਨਹੀਂ ਕਿ ਤੂੰ ਕੌਣ ਹੈਂ? ਮੈਂ ਸੰਖੇਪ ਜਿਹਾ ਉਤਰ ਦਿਤਾ ਕਿ ਮਹਾਰਾਜ ਜੀ ਮੈਂ ਦਸਦਾਂ, ਪਰ ਫੇਰ ਇਕ ਮਿੰਟ ਚੁਪ ਖੜ੍ਹਾ ਰਿਹਾ। ਸੰਤ ਮਹਾਰਾਜ ਜੀ ਮੇਰੇ ਵਲ ਦੇਖਦੇ ਰਹੇ ਅਤੇ ਤੀਸਰੀ ਵਾਰੀ ਕਿਹਾ, ਕੀ ਗੱਲ ਤੂੰ ਦਸਦਾ ਕਿਉਂ ਨਹੀਂ? ਮੈਂ ਫੇਰ ਵੀ ਉਤਰ ਦੁਹਰਾਅ ਦਿਤਾ ਕਿ ਮੈਂ ਦਸਦਾ ਹਾਂ। ਇਸ ਤਰ੍ਹਾਂ ਕੋਈ ਸਾਢੇ ਤਿੰਨ ਮਿੰਟ ਦਾ ਸਮਾਂ ਸਾਮ੍ਹਣੇ ਖੜ੍ਹਿਆਂ ਜਦੋਂ ਬੀਤ ਗਿਆ ਤਾਂ ਮੈਂ ਕਿਹਾ, "ਮਹਾਰਾਜ ਜੀ ਮੈਂ ਕੌਣ ਹਾਂ, ਇਹ ਗੱਲ ਮੈਨੂੰ ਦੱਸਣੀ ਨਹੀਂ ਆਉਂਦੀ।" ਇਹ ਉਤਰ ਸੁਣ ਕੇ ਸਾਰੀ ਸੰਗਤ ਖਿੜ-ਖਿੜਾ ਕੇ ਹੱਸ ਪਈ ਤਾਂ ਮਹਾਰਾਜ ਜੀ ਨੇ ਫੇਰ ਕਿਹਾ ਕਿ ਖਾਮੋਸ਼! ਤੁਹਾਨੂੰ ਨਹੀਂ ਪਤਾ ਕਿ ਕੀ ਗੱਲਬਾਤ ਹੋ ਰਹੀ ਹੈ। ਬੜੇ ਪਿਆਰ ਨਾਲ ਆਪ ਨੇ ਗੰਭੀਰ ਹੋ ਕੇ ਕਿਹਾ ਕਿ ਦੱਸਦਾ ਕਿਉਂ ਨਹੀਂ? ਮੈਂ ਬੇਨਤੀ ਕਰੀ ਕਿ ਮਹਾਰਾਜ ਜੀ ਜੇ ਆਪ ਦਾ ਦਰਵਾਜ਼ਾ ਬੰਦ ਹੁੰਦਾ ਤੇ ਮੈਂ ਬਾਹਰੋਂ ਦਸਤਕ ਦਿੰਦਾ ਤਾਂ ਮੈਂ ਇਸ ਪੁਛ ਦਾ ਉਤਰ ਦੇਣਾ ਸੀ ਕਿ ਮੈਂ ਵਰਿਆਮ ਸਿੰਘ ਹਾਂ। ਮੈਂ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਦਾ ਹੁੰਦਾ ਤਾਂ ਇਸ ਪ੍ਰਸ਼ਨ ਦਾ ਉਤਰ ਮੈਂ ਆਪਣੀ ਜਾਤ ਦਸ ਦੇਣੀ ਸੀ (ਕਿਉਂਕਿ ਉਨ੍ਹਾਂ ਦਿਨਾਂ ਵਿਚ ਜਾਤ ਪਾਤ ਦਾ ਬਹੁਤ ਝਮੇਲਾ ਸੀ ਅਤੇ ਚੌਥੇ ਪਉੜੇ ਵਾਲਿਆਂ ਨੂੰ ਵੱਖਰੀ ਪੰਗਤ ਵਿਚ ਹੱਥਾਂ ਉਪਰ ਦੇ ਕੇ ਪ੍ਰਸ਼ਾਦੇ ਵਰਤਾਏ ਜਾਂਦੇ, ਛੂਤ-ਛਾਤ ਦਾ ਸਿੰਘਾਂ ਵਿਚ ਵੀ ਕਾਫੀ ਅਸਰ ਸੀ।) ਤੀਸਰੀ ਵਾਰੀ ਮੈਂ ਕਿਹਾ ਕਿ ਜੇ ਮੈਂ ਹਨ੍ਹੇਰੇ ਵਿਚ ਆਪ ਦੇ ਸਾਮ੍ਹਣੇ ਖੜ੍ਹਾ ਹੁੰਦਾ ਤਾਂ ਮੈਂ ਦਸਣਾ ਸੀ ਕਿ ਮੈਂ ਲੜਕਾ ਹਾਂ, ਲੜਕੀ ਨਹੀਂ ਹਾਂ। ਹੁਣ ਮੈਂ ਤੁਹਾਡੇ ਸਾਮ੍ਹਣੇ ਖੜ੍ਹਾ ਹਾਂ ਅਤੇ ਤੁਸੀਂ ਮੇਰੇ ਉਪਰ ਪ੍ਰਸ਼ਨ ਕੀਤਾ ਹੈ ਕਿ ਤੂੰ ਕੌਣ ਹੈਂ? ਤਾਂ ਮੇਰੇ ਮਨ ਵਿਚ ਖਿਆਲ ਆਇਆ ਕਿ ਪਹਿਲੇ ਸਾਢੇ ਤਿੰਨ ਸਾਲ ਪਹਿਲਾਂ ਮੇਰਾ ਨਾਮ ਹੋਰ ਸੀ, ਫੇਰ ਅੰਮ੍ਰਿਤ ਛਕਣ ਤੋਂ ਪਿਛੋਂ ਮੇਰੇ ਸਰੀਰ ਦਾ ਨਾਮ ਵਰਿਆਮ ਸਿੰਘ ਰੱਖਿਆ ਗਿਆ। ਮੈਂ ਕਹਿਣ ਲੱਗਿਆ ਸੀ, ਮਹਾਰਾਜ ਜੀ ਸਾਢੇ ਤਿੰਨ ਸਾਲ ਮੈਂ ਪ੍ਰੀਤਮ ਸਿੰਘ ਸਾਂ ਅਤੇ 14 ਕੁ ਸਾਲ ਤੋਂ ਮੈਂ ਵਰਿਆਮ ਸਿੰਘ ਹਾਂ। ਸਹਿਜ ਸੁਭਾਅ ਹੀ ਮੇਰੇ ਮੂੰਹ 'ਚੋਂ ਨਿਕਲ ਗਿਆ ਕਿ ਪਿਛਲੇ ਜਨਮ ਦਾ ਨਾਮ ਹਰਨਾਮ ਸਿੰਘ ਸੀ ਅਤੇ ਮੈਂ ਇਸੇ ਘਰ ਵਿਚ ਪੈਦਾ ਹੋਇਆ ਸੀ ਤੇ ਬਚਪਨ ਵਿਚ ਹੀ ਚੜ੍ਹਾਈ ਕਰ ਗਿਆ ਸੀ, ਇਹ ਗੱਲ ਮੇਰੇ ਮਨ ਵਿਚ ਆਉਂਦੀ ਸੀ। ਮੇਰੇ ਮਨ ਵਿਚ, ਮੇਰੀ ਬੁੱਧੀ ਵਿਚ ਆਇਆ ਕਿ ਉਸ ਤੋਂ ਪਹਿਲਾਂ ਵੀ ਮੈਂ ਕੁਛ ਸੀ, ਮੈਂ ਲੰਮੀ ਸੋਚ ਵਿਚ ਬਹਿ ਗਿਆ ਕਿ ਮੈਂ ਹਾਂ ਤਾਂ ਜ਼ਰੂਰ ਕੁਛ। ਮੈਂ ਉਹ ਹਾਂ ਜੋ ਸ੍ਰਿਸ਼ਟੀ ਬਣਨ ਸਮੇਂ ਪਹਿਲੇ ਦਿਨ ਵਜੂਦ ਵਿਚ ਆਇਆ ਸੀ। ਮੈਂ ਕਿਥੋਂ ਆ ਗਿਆ, ਕਿਵੇਂ ਬਣਿਆਂ, ਇਸ ਗੱਲ ਦਾ ਮੈਨੂੰ ਕੋਈ ਵੀ ਜਵਾਬ ਨਹੀਂ ਅਹੁੜਦਾ ਸੀ। ਸੋ ਇਸ ਕਰਕੇ ਮੈਂ ਦੱਸਣ ਤੋਂ ਅਸਮਰਥ ਹਾਂ ਕਿ ਮੈਂ ਕੌਣ ਹਾਂ। ਉਸੇ ਵੇਲੇ ਸੰਤ ਮਹਾਰਾਜ ਜੀ ਨੇ ਇਸ਼ਾਰਾ ਕਰ ਦਿਤਾ ਕਿ ਇਥੇ ਹੀ ਬੈਠ ਜਾਓ ਅਤੇ ਆਪ ਨੇਤਰ ਬੰਦ ਕਰ ਲਏ ਅਤੇ 45 ਮਿੰਟ ਨੇਤਰ ਬੰਦ ਕਰਨ ਤੋਂ ਬਾਦ ਮੈਨੂੰ ਕਿਹਾ ਕਿ ਨੇਤਰ ਖੋਲ੍ਹੋ। ਆਪ ਨੇ ਫੁਰਮਾਇਆ ਕਿ ਇਹ ਠੀਕ ਹੈ, ਕੋਈ ਵੀ ਨਹੀਂ ਦਸ ਸਕਦਾ ਕਿ ਮੈਂ ਕੌਣ ਹਾਂ, ਮੇਰਾ ਵਜੂਦ ਕਿਵੇਂ ਬਣਿਆਂ ਪਰ ਵਿਚਾਰਵਾਨਾਂ, ਅਨੁਭਵੀ ਮਹਾਂਪੁਰਸ਼ਾਂ ਨੇ ਇਸ ਗੱਲ ਨੂੰ ਨਿਖਾਰ ਕੇ ਦਸਿਆ ਹੋਇਆ ਹੈ ਕਿ ਜਦੋਂ ਹੋਂਦ ਕਾਇਮ ਹੋਈ ਅਤੇ ਮਹਾਂ ਜੋਤ ਤੋਂ ਵਖਰਾ-ਪਣ ਮਹਿਸੂਸ ਹੋਇਆ ਤਾਂ ਇਹ ਜੋ ਕੁਛ ਵਖਰਾ ਹੋ ਕੇ ਬਣਿਆ ਉਸਨੂੰ ਜੀਵ ਆਤਮਾ ਕਹਿੰਦੇ ਹਨ। ਇਹ ਵੀ ਨਾਓਂ ਇਸ ਦਾ ਇਸ ਬੋਲੀ ਵਿਚ ਰੱਖਿਆ ਗਿਆ ਹੈ ਪਰ ਇਸ ਦਾ ਨਾਉਂ ਕੋਈ ਨਹੀਂ ਹੈ। "ਕੁਛ ਬਣਨ ਤੋਂ ਪਹਿਲਾਂ ਤੈਨੂੰ ਕੀ ਮਹਿਸੂਸ ਹੋ ਰਿਹਾ ਸੀ?" ਮੈਂ ਬੇਨਤੀ ਕਰੀ ਕਿ ਮਹਾਰਾਜ ਮੈਨੂੰ ਐਉਂ ਲਗਦਾ ਸੀ ਜਿਵੇਂ ਕਿਸੇ ਮਹਾਂ ਪ੍ਰਕਾਸ਼ ਵਿਚ ਸੂਰਜ ਦੀ ਕਿਰਨ ਹੁੰਦੀ ਹੈ ਉਸੇ

ਤਰ੍ਹਾਂ ਮੈਂ ਉਸ ਮਹਾਨ ਪ੍ਰਕਾਸ਼ ਵਿਚੋਂ ਵਜੂਦ ਧਾਰ ਰਿਹਾ ਹਾਂ। ਇਸ ਤਰ੍ਹਾਂ ਨਾਲ ਮੇਰਾ ਵਖਰਾ-ਪਣ ਕਾਇਮ ਹੋ ਰਿਹਾ ਸੀ। ਸੰਤ ਮਹਾਰਾਜ ਜੀ ਨੇ ਕਿਹਾ ਬਿਲਕੁਲ ਠੀਕ ਹੈ, ਤੇਰੇ ਸਫਰ ਦਾ ਸਿਰਫ ਇਕ ਕਦਮ ਬਾਕੀ ਹੈ। ਇਹ ਜੀਵ ਆਤਮਾ, ਦੋ ਅੱਖਰ ਹਨ - ਇਕ ਜੀਵ ਤੇ ਦੂਜਾ ਆਤਮਾ। ਜੀਵ ਭਾਵ ਨੂੰ ਖਤਮ ਕਰ ਦੇ, ਤੇਰਾ ਅਸਲੀ ਸਰੂਪ ਆਤਮਾ ਹੈ। ਸੋ ਆਪਣੇ ਆਤਮ ਸਰੂਪ ਨੂੰ ਪਛਾਣ ਲੈ, ਤੇਰਾ ਆਉਣਾ ਜਾਣਾ ਖਤਮ ਹੋ ਜਾਵੇਗਾ ਅਤੇ ਤੂੰ ਆਪਣਾ ਸਫਰ ਮੁਕਾ ਕੇ ਆਪਣੇ ਸਰੂਪ ਵਿਚ ਸਥਿਤ ਹੋ ਜਾਵੇਂਗਾ। ਸੰਗਤ ਵਲ ਦੇਖਦਿਆਂ ਆਪ ਨੇ ਫੁਰਮਾਨ ਕੀਤਾ ਕਿ ਤੁਸੀਂ ਇਸ ਲੜਕੇ ਉਪਰ ਹਾਸੀ ਕਰ ਰਹੇ ਸੀ, ਅੱਜ ਮੈਨੂੰ ਇਕ ਸੁਹਾਗਣ ਦਾ ਮੇਲ ਹੋਇਆ ਹੈ, ਪਹਿਲਾਂ ਰੰਡੀਆਂ ਹੀ ਮਿਲਦੀਆਂ ਰਹੀਆਂ ਹਨ। ਭਾਵ ਕਿ ਇਸ ਦੇ ਅੰਦਰ ਬਹੁਤ ਉਤਮ ਸੂਝ ਹੈ। ਇਹ ਸਾਰੀ ਸੂਝ ਬਚਪਨ ਤੋਂ ਹੀ ਜੋ ਨਾਮ ਦੀ ਘਾਲ ਕਰਾਈ ਜਾ ਰਹੀ ਸੀ ਉਸਦੇ ਪ੍ਰਕਾਸ਼ ਵਿਚੋਂ ਲੱਭੀ ਸੀ, ਉਂਞ ਮੈਂ ਕੋਈ ਪੁਸਤਕ ਨਹੀਂ ਪੜ੍ਹੀ, ਨਾ ਹੀ ਕਿਸੇ ਮਹਾਂਪੁਰਸ਼ ਨੇ ਅਜਿਹਾ ਬਚਨ ਕੀਤਾ ਸੀ। ਉਸ ਸਮੇਂ ਦੀ ਅਵਸਥਾ ਅਜੀਬ ਸੀ, ਇਕ ਨਾਮ ਦੀ ਧੁਨ ਜੋ ਪਹਿਲਾਂ ਹੀ ਮੇਰੇ ਅੰਦਰ ਚਲਿਆ ਕਰਦੀ ਸੀ ਉਹ ਸੰਗੀਤਮਈ ਹੋ ਗਈ ਅਤੇ ਮੇਰੇ ਅੰਦਰ ਹਰ ਪਾਸੇ ਪ੍ਰਕਾਸ਼ ਹੀ ਪ੍ਰਕਾਸ਼ ਨਜ਼ਰ ਆਉਣ ਲਗ ਗਿਆ। ਸੰਤ ਮਹਾਰਾਜ ਜੀ ਨੇ ਕਿਹਾ ਇਹ ਤੇਰਾ ਅਸਲੀ ਆਤਮ ਸਰੂਪ ਹੈ ਜਿਸ ਬਾਰੇ ਗੁਰੂ ਮਹਾਰਾਜ ਜੀ ਨੇ ਆਪਣੀ ਬਾਣੀ ਵਿਚ ਫੁਰਮਾਨ ਕੀਤਾ ਹੈ-

*ਪੰਚ ਤਤੁ ਮਿਲਿ ਕਾਇਆ ਕੀਨੀ॥*
*ਤਿਸ ਮਹਿ ਰਾਮ ਰਤਨੁ ਲੈ ਚੀਨੀ॥*
*ਆਤਮ ਰਾਮੁ ਰਾਮੁ ਹੈ ਆਤਮ*
*ਹਰਿ ਪਾਈਐ ਸਬਦਿ ਵੀਚਾਰਾ ਹੇ॥*
*ਪੰਨਾ - 1030*

*ਨਾ ਇਹੁ ਮਾਨਸੁ ਨਾ ਇਹੁ ਦੇਉ॥*
*ਨਾ ਇਹੁ ਜਤੀ ਕਹਾਵੈ ਸੇਉ॥*
*ਨਾ ਇਹੁ ਜੋਗੀ ਨਾ ਅਵਧੂਤਾ॥*
*ਨਾ ਇਸੁ ਮਾਇ ਨ ਕਾਹੂ ਪੂਤਾ॥*
*ਇਆ ਮੰਦਰ ਮਹਿ ਕੌਨ ਬਸਾਈ॥*
*ਤਾ ਕਾ ਅੰਤੁ ਨ ਕੋਊ ਪਾਈ॥*
*ਨਾ ਇਹੁ ਗਿਰਹੀ ਨਾ ਓਦਾਸੀ॥*
*ਨਾ ਇਹੁ ਰਾਜ ਨ ਭੀਖ ਮੰਗਾਸੀ॥*
*ਨਾ ਇਸੁ ਪਿੰਡੁ ਨ ਰਕਤੂ ਰਾਤੀ॥*
*ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ॥*
*ਨਾ ਇਹੁ ਤਪਾ ਕਹਾਵੈ ਸੇਖੁ॥*
*ਨਾ ਇਹੁ ਜੀਵੈ ਨ ਮਰਤਾ ਦੇਖੁ॥*
*ਇਸੁ ਮਰਤੇ ਕਉ ਜੇ ਕੋਊ ਰੋਵੈ॥*
*ਜੋ ਰੋਵੈ ਸੋਈ ਪਤਿ ਖੋਵੈ॥*
*ਗੁਰ ਪ੍ਰਸਾਦਿ ਮੈ ਡਗਰੋ ਪਾਇਆ॥*
*ਜੀਵਨ ਮਰਨ ਦੋਊ ਮਿਟਵਾਇਆ॥*
*ਕਹੁ ਕਬੀਰ ਇਹੁ ਰਾਮ ਕੀ ਅੰਸੁ॥*
*ਜਸ ਕਾਗਦ ਪਰ ਮਿਟੈ ਨ ਮੰਸੁ॥*
*ਪੰਨਾ - 871*

ਸਾਧਸੰਗਤ ਜੀ! ਆਤਮ ਸ਼ਾਖਸ਼ਾਤ ਦਾ ਵਿਸ਼ਾ ਬਹੁਤ ਹੀ ਕਠਿਨ ਹੈ, ਪਿਛਲੇ ਜਨਮਾਂ ਦੀ ਕਮਾਈ ਕੀਤੀ ਹੋਵੇ, ਕਰਮ ਦੇ ਨਾਲ ਜਨਮਾਂ ਜਨਮਾਂਤਰਾਂ ਦੀ ਮੈਲ ਦੂਰ ਹੋ ਚੁਕੀ ਹੋਵੇ, ਉਪਾਸ਼ਨਾ ਦੇ ਨਾਲ ਮਨ ਇਕ ਕੇਂਦਰ ਉਪਰ ਇਕਾਗਰ ਹੋ ਚੁਕਿਆ ਹੋਵੇ, ਇਕਾਗਰਤਾ ਵੀ ਐਨੀ ਵਧ ਜਾਵੇ ਕਿ ਨਿਰੁੱਧ ਦੀ ਅਵਸਥਾ ਪ੍ਰਾਪਤ ਹੋਵੇ। ਆਪਣੇ ਆਪ ਨੂੰ ਭੁੱਲ ਜਾਵੇ, ਆਪਣਾ ਆਲਾ-ਦੁਆਲਾ ਭੁੱਲ ਜਾਵੇ, ਆਪਣੇ ਸਾਰੇ ਸੰਸਕਾਰ, ਸਾਰੇ ਸਬੰਧ ਭੁੱਲ ਜਾਣ ਅਤੇ ਸੁਰਤ ਇਕ ਬਿੰਦੂ ਵਿਚ ਲੀਨ ਹੋ ਕੇ ਕੇਂਦਰ ਬਿੰਦੂ ਹੀ ਰਹਿ ਜਾਵੇ। ਫਿਰ ਇਕ ਪੜਦਾ ਅਗਿਆਨ ਦਾ ਰਹਿ ਜਾਇਆ ਕਰਦਾ ਹੈ। ਜਦੋਂ ਪੂਰੇ ਤੱਤ ਬੇਤਾ ਮਹਾਂਪੁਰਸ਼ ਆਪਣੀ ਕਮਾਈ ਦੇ ਸ਼ਕਤੀਸ਼ਾਲ ਬਚਨਾਂ ਰਾਹੀਂ ਤੱਤ ਦਾ ਬੋਧਨ ਕਰਦੇ ਹਨ ਉਸ ਸਮੇਂ ਜਗਿਆਸੂ ਦੇ ਅੰਦਰ ਆਵਰਣ ਦਾ ਪਰਦਾ ਫਟ ਜਾਇਆ ਕਰਦਾ ਹੈ। ਉਹ ਏਕਤਾ ਦੇ ਵਾਕ ਭਾਵੇਂ ਮੌਖਿਕ ਕੀਤੇ ਜਾਣ ਭਾਵ ਗੁਰ ਪ੍ਰਮਾਣਾਂ ਰਾਹੀਂ ਕੀਤੇ ਜਾਣ, ਆਪਣੀ ਹਸਤੀ ਦਾ ਅਭਾਵ ਹੋ ਜਾਇਆ ਕਰਦਾ ਹੈ। ਓਹੀ ਬਚਨ ਜੇ ਅਨ-ਅਧਿਕਾਰੀ ਨਾਲ ਕੀਤੇ ਜਾਣ ਤਾਂ ਕੋਈ ਵੀ ਅਸਰ ਨਹੀਂ ਹੋਇਆ ਕਰਦਾ, ਸਗਮਾਂ ਕਈ ਵਾਰੀ ਤਾਂ ਜਗਿਆਸੂ ਨਾਸਤਿਕਤਾ ਦੇ ਵਿਚ ਧੱਕੇ ਖਾਂਦਾ ਫਿਕਾ ਪੈ ਜਾਂਦਾ ਹੈ ਅਤੇ ਆਪਣੀ ਛੋਟੀ ਜਿਹੀ ਹਉਂ ਨੂੰ, ਛੋਟੇ ਜਿਹੇ ਨਿੱਜ ਆਪੇ ਨੂੰ 'ਮੈਂ ਹੀ ਵਾਹਿਗੁਰੂ ਹਾਂ' ਸਮਝਣ ਦੀ ਬੜੀ ਭਾਰੀ ਭੁੱਲ ਕਰ ਜਾਂਦਾ ਹੈ। ਇਹ ਬਚਨ ਵਿਅਸ਼ਟ (ਵੱਖਰੇ-ਵੱਖਰੇ) ਰੂਪ ਵਿਚ ਸਮਝ ਆ ਹੀ ਨਹੀਂ ਸਕਦੇ। **totality** (ਸਮੱਸ਼ਟ) ਵਲ ਜਦੋਂ ਅਸੀਂ ਧਿਆਨ ਦਿੰਦੇ ਹਾਂ ਤਾਂ ਇਹ ਸਰਗੁਣ ਦਾ ਧਿਆਨ ਕਹਾਉਂਦਾ ਹੈ, ਇਸ ਨੂੰ ਵੈਰਾਟ (ਸਮੁੱਚਾ) ਆਖਿਆ ਜਾਂਦਾ ਹੈ ਪਰ ਇਸ ਦਾ ਧਿਆਨ ਕੋਈ ਵਿਰਲਾ ਹੀ ਧਰ ਸਕਦਾ ਹੈ। ਕਿਸੇ ਤਰ੍ਹਾਂ ਵੀ ਇਹ ਧਿਆਨ ਵਿਚ ਨਹੀਂ ਆ ਸਕਦਾ ਕਿਉਂਕਿ **totality** (ਸਮੁੱਚਤਾ) ਵਿਚ ਧਿਆਨ ਜਾਂਦਿਆਂ ਹੀ ਆਪਣਾ ਆਪਾ ਰਿਹਾ ਹੀ ਨਹੀਂ ਕਰਦਾ। ਉਸ ਸਮੇਂ ਜੇ ਕੋਈ ਹੁਕਮ ਦੀ ਕ੍ਰਿਆ ਨਾਲ ਅਵਾਜ਼ ਜਾਂ ਸੂਝ ਇਹ ਕਹੇ ਕਿ 'ਅਹੰ ਬ੍ਰਹਮਅਸਮੀ', ਜਿਸ ਸਰੀਰ ਵਿਚੋਂ ਇਹ ਅਵਾਜ਼ ਆ ਰਹੀ ਹੈ ਉਹ ਪੂਰਨ ਬ੍ਰਹਮ ਭਾਵ ਵਿਚ ਲੀਨ ਆਪਣੀ ਅਨੇਕਤਾ ਨੂੰ ਗਵਾ ਕੇ ਏਕਤਾ ਵਿਚ ਸੰਮਿਲਤ ਹੋ ਕੇ ਜੇ ਕਹੇ ਤਾਂ ਉਹ ਗੱਲ ਯਥਾਰਥ ਹੋਇਆ ਕਰਦੀ ਹੈ। ਪਰ ਜੇ ਕੋਈ ਆਪਣੀ ਹੋਂਦ ਨੂੰ ਕਾਇਮ ਰੱਖ ਕੇ, ਆਪਣੀ ਹਉਮੈ ਦੀ ਸੂਝ ਨੂੰ ਕਾਇਮ ਰੱਖ ਕੇ ਇਹ ਬਚਨ ਕਹੇ ਤਾਂ ਉਹ ਮਹਾਂ ਅਗਿਆਨੀ ਹੋਇਆ ਕਰਦਾ ਹੈ ਇਸੇ ਕਰਕੇ ਇਸ ਬਚਨ ਦੇ ਭਾਵ ਵਿਚ ਲੀਨ ਹੋਣਾ ਸੰਭਵ ਨਹੀਂ ਹੈ। ਜਿਸ ਨੇ ਕਰਮ, ਉਪਾਸ਼ਨਾ, ਗਿਆਨ ਰਾਹੀਂ ਆਤਮ ਚਿੰਤਨ ਕਰਦਿਆਂ ਤੱਤ ਬੇਤੇ ਮਹਾਂਪੁਰਸ਼ਾਂ ਦੀ ਦਇਆਲਤਾ ਰਾਹੀਂ

ਇਹ ਬਚਨ ਸਨਮੁਖ ਬੈਠ ਕੇ ਸਰਵਣ ਕੀਤੇ ਹੋਣ, ਉਸਦੀ ਉਸੇ ਸਮੇਂ ਸਮਾਧ ਲਗ ਜਾਇਆ ਕਰਦੀ ਹੈ।

ਇਕ ਸਾਖੀ ਆਉਂਦੀ ਹੈ ਕਿ ਗੁਰੂ ਨਾਨਕ ਮਹਾਰਾਜ ਜੀ ਸੰਸਾਰ ਦਾ ਉਧਾਰ ਕਰਦੇ-ਕਰਦੇ ਭੂਮੀਏ ਅਤੇ ਨੂਰਸ਼ਾਹ ਕੋਲੋਂ ਹੁੰਦੇ ਦੂਰ ਪੂਰਵ ਵਿਚ ਸਮੁੰਦਰ ਦੇ ਨੇੜੇ ਉਸਨੂੰ ਚਟਾਯਾਂਗ ਕਹੋ ਜਾਂ ਕੋਈ ਹੋਰ ਨਾਮ, ਆਪ ਉਥੇ ਪਹੁੰਚਦੇ ਹਨ ਤਾਂ ਉਥੇ ਭਾਈ ਝੰਡਾ ਜੀ ਜੋ ਕਿਰਤੀ ਪ੍ਰਾਣੀ ਸਨ, ਬੇਢੀ ਦਾ ਕੰਮ ਕਰਿਆ ਕਰਦੇ ਸਨ ਉਸ ਪਾਸ ਮਰਦਾਨੇ ਨੂੰ ਭੇਜ ਕੇ ਸਨਮੁਖ ਬੁਲਾਇਆ। ਉਸ ਨੂੰ ਭਗਤੀ ਭਾਵ ਰਾਹੀਂ ਤੱਤ ਗਿਆਨ ਦੀ ਸੋਝੀ ਕਰਾ ਕੇ ਅੰਤਰ ਆਤਮੇ ਪ੍ਰਭੂ ਦਾ ਮਿਲਾਪ ਕਰਾ ਦਿਤਾ ਪਰ ਉਸ ਦੇ ਦੂਸਰੇ ਪ੍ਰਮ ਸਾਥੀ ਸਤਿਸੰਗੀ ਜੋ ਰਾਜੇ ਸੁਧਰਸੈਨ ਦਾ ਭਾਣਜਾ ਇੰਦ੍ਰਸੈਨ ਸੀ ਉਹ ਗਿਆਨ ਮਾਰਗ ਦੇ ਵਿਚ ਪ੍ਰਵੇਸ਼ ਕੀਤਾ ਹੋਇਆ ਸੀ। ਗਿਆਨ ਮਾਰਗ ਵਿਚ ਟੋਹਾਂ ਤਾਂ ਸਾਰੀਆਂ ਲਗ ਜਾਇਆ ਕਰਦੀਆਂ ਹਨ ਪਰ ਹਉਮੈ ਵਾਲੀ ਸੁਰਤ ਦਾ ਕਿਸੇ ਤਰੀਕੇ ਨਾਲ ਵੀ ਨਾਸ਼ ਨਹੀਂ ਹੋਇਆ ਕਰਦਾ। ਜਗਿਆਸੂ ਦੀ ਹੋਂਦ ਬਣੀ ਰਹਿੰਦੀ ਹੈ ਭਾਵੇਂ ਉਹ ਪ੍ਰਵਚਨ ਕਰਕੇ ਸੰਗਤਾਂ ਦੀ ਵਾਹ-ਵਾਹ ਪ੍ਰਾਪਤ ਕਰਦਾ ਹੋਵੇ, ਭਾਵੇਂ ਉਹ ਅੰਤਰ ਆਤਮੇ ਆਤਮ ਚਿੰਤਨ ਕਰਦਾ ਹੋਵੇ, ਉਸ ਦੀ ਆਪਣੀ ਨਿੱਜ ਹੋਂਦ ਦਾ ਨਾਸ਼ ਨਾ ਹੋਣ ਕਰਕੇ ਉਸ ਦੇ ਸਾਰੇ ਸੰਪਰਦਾਇਕ ਝਮੇਲੇ, ਭਾਈਚਾਰਕ ਸਬੰਧ, ਸਾਰੇ ਜੀਵਨ ਦੀਆਂ ਪ੍ਰਤੀਤਾਂ ਦਾ ਨਾਸ਼ ਨਹੀਂ ਹੋਇਆ ਕਰਦਾ। ਉਸ ਦੀ ਹੋਂਦ ਬਣੀ ਰਹਿੰਦੀ ਹੈ। ਇਸ ਹੋਂਦ ਨੂੰ ਦੂਰ ਕਰਨ ਵਾਸਤੇ ਪੂਰਨ ਤੱਤ ਬੇਤੇ ਮਹਾਂਪੁਰਸ਼, ਸ਼ਬਦ ਬਾਣ, ਮਾਰਿਆ ਕਰਦੇ ਹਨ। ਇਹ ਬਾਣ ਵਿੰਨ੍ਹ ਜਾਇਆ ਕਰਦਾ ਹੈ ਜਿਵੇਂ ਕਿ ਫੁਰਮਾਨ ਹੈ –

*ਕਬੀਰ ਸਤਿਗੁਰ ਸੂਰਮੇ*
*ਬਾਹਿਆ ਬਾਨੁ ਜੁ ਏਕੁ॥*
*ਲਾਗਤ ਹੀ ਭੁਇ ਗਿਰਿ ਪਰਿਆ*
*ਪਰਾ ਕਰੇਜੇ ਛੇਕੁ॥*

*ਪੰਨਾ – 1374*

*ਕਬੀਰ ਗੂੰਗਾ ਹੂਆ ਬਾਵਰਾ*
*ਬਹਰਾ ਹੂਆ ਕਾਨ॥*
*ਪਾਵਹੁ ਤੇ ਪਿੰਗੁਲ ਭਇਆ*
*ਮਾਰਿਆ ਸਤਿਗੁਰ ਬਾਨ॥*

*ਪੰਨਾ – 1374*

ਸੂਰਮਾ ਸਤਿਗੁਰੂ ਨਿਸ਼ਾਨਾ ਬੰਨ੍ਹ ਕੇ ਉਸ ਦੀ ਛੁਪੀ ਹੋਈ ਨਿਜ ਹੋਂਦ ਅਤੇ ਸਮਾਈ ਹੋਈ ਹਉਮੈਂ ਸੁਰਤ ਦਾ, ਗਿਆਨ ਗੋਲੇ ਨਾਲ ਇਕੋ ਵਾਰੀ ਨਾਸ਼ ਕਰ ਦਿਆ ਕਰਦਾ ਹੈ। ਸੋ ਇਹ ਬਹੁਤ ਵੱਡੀ ਸਮਸਿਆ ਹੈ ਜੋ ਸਾਧਕਾਂ ਨੂੰ ਜਨਮਾਂ-ਜਨਮਾਂਤਰਾਂ ਤਕ ਫਸਾ ਕੇ ਰਖਦੀ ਹੈ ਕਿਉਂਕਿ ਪੂਰਾ ਤੱਤ ਬੇਤਾ ਸਤਿਗੁਰੂ ਪੂਰੇ ਭਾਗ ਬਿਨਾਂ ਪ੍ਰਾਪਤ ਨਹੀਂ ਹੋਇਆ ਕਰਦਾ ਜਿਸ ਤਰ੍ਹਾਂ ਕਿ ਫੁਰਮਾਨ ਹੈ –

*ਬਿਨੁ ਸਤਿਗੁਰ ਨਾਉ ਨ ਪਾਈਐ*
*ਬੁਝਹੁ ਕਰਿ ਵੀਚਾਰੁ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ*
*ਸੁਖੁ ਪਾਏ ਜੁਗ ਚਾਰਿ॥*

*ਪੰਨਾ – 649*

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥*
*ਅਗਿਆਨੁ ਅੰਧੇਰਾ ਕਟਿਆ*
*ਗੁਰ ਗਿਆਨੁ ਘਟਿ ਬਲਿਆ॥*
*ਹਰਿ ਲਧਾ ਰਤਨੁ ਪਦਾਰਥੋ*
*ਫਿਰਿ ਬਹੁੜਿ ਨ ਚਲਿਆ॥*
*ਜਨ ਨਾਨਕ ਨਾਮੁ ਆਰਾਧਿਆ*
*ਆਰਾਧਿ ਹਰਿ ਮਿਲਿਆ॥*

*ਪੰਨਾ – 450*

ਗੁਰੂ ਨਾਨਕ ਪਾਤਸ਼ਾਹ ਜੀ ਨੇ ਝੰਡੇ ਨੂੰ ਕਹਿ ਕੇ ਇੰਦਰਸੈਨ ਨੂੰ ਬੁਲਾਇਆ। ਇੰਦ੍ਰਸੈਨ ਨੇ ਆ ਕੇ ਨਮਸ਼ਕਾਰ ਕੀਤੀ। ਗੁਰੂ ਮਹਾਰਾਜ ਜੀ ਨੇ ਪ੍ਰਸ਼ਨ ਕੀਤਾ ਕਿ ਤੇਰੀ ਕੀ ਇੱਛਾ ਹੈ? ਉਸ ਨੇ ਬੇਨਤੀ ਕੀਤੀ ਕਿ ਮਹਾਰਾਜ! ਮੈਂ ਸਤਿ, ਚਿਤ, ਅਨੰਦ ਦਾ ਝਲਕਾਰਾ ਇਸ ਨਿੱਕੇ ਆਪੇ ਵਿਚ ਚਾਹੁੰਦਾ ਹਾਂ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਇੰਦ੍ਰਸੈਨ! ਇਹ ਨਿੱਕਾ ਆਪਾ ਅਤੇ ਵੱਡਾ ਆਪਾ ਦੋਹਾਂ 'ਚ ਕੇਵਲ ਉਪਾਧੀ ਭੇਦ ਹੈ ਵੈਸੇ ਦੋਨੋਂ ਇਕੋ ਹੀ ਹਨ। ਜਿਸ ਤਰ੍ਹਾਂ ਨਾਲ ਤੂੰ ਵੇਖ, ਇਹ ਅਕਾਸ਼ ਜਿਧਰ ਨੂੰ ਤੂੰ ਦੇਖੇਂ, ਉਧਰ ਹੀ ਪੂਰਨ ਰੂਪ ਵਿਚ ਹੋਂਦ ਵਿਚ ਹੈ ਪਰ ਇਹ ਜੋ ਬਰਤਨ ਅਸਾਡੇ ਪਾਸ ਪਿਆ ਹੈ ਇਹਦੇ ਅੰਦਰ ਜੋ ਅਕਾਸ਼ ਘਿਰਿਆ ਹੋਇਆ ਹੈ ਜਾਂ ਐਉਂ ਕਹੋ ਜੋ ਖਾਲੀ ਜਗ੍ਹਾ ਹੈ ਉਹ ਖਾਲੀ ਪੁਲਾੜ ਤੋਂ ਵੱਖਰੀ ਤਾਂ ਹੈ ਨਹੀਂ ਪਰ ਇਸ ਬਰਤਨ ਦੀਆਂ ਹੱਦਾਂ ਦੇ ਅੰਦਰ ਓਹੀ ਅਕਾਸ਼, ਘਟਾ ਅਕਾਸ਼ ਅਖਾਇਆ ਕਰਦਾ ਹੈ। ਫੇਰ ਅੱਗੇ ਸੋਚ ਕਿ ਇਹੀ ਅਕਾਸ਼, ਖਾਲੀ ਪੁਲਾੜ ਜਦੋਂ ਮਕਾਨ ਦੇ ਅੰਦਰ ਕੰਧਾਂ ਦੇ ਨਾਲ ਬਣੀ ਉਪਾਧੀ ਨਾਲ ਸਮਾਇਆ ਹੁੰਦਾ ਹੈ ਤਾਂ ਉਸ ਅਕਾਸ਼ (space) ਨੂੰ ਮਠਾ ਅਕਾਸ਼ ਬੋਲਿਆ ਜਾਂਦਾ ਹੈ। ਇਸੇ ਤਰ੍ਹਾਂ ਨਾਲ ਜੇ ਅਸਮਾਨ ਬੱਦਲਾਂ ਨਾਲ ਪੂਰੀ ਤਰ੍ਹਾਂ ਅਛਾਦਤ (ਢਕਿਆ ਹੋਇਆ) ਹੋਵੇ ਤਾਂ ਇਸ ਖਾਲੀ ਜਗ੍ਹਾ ਨੂੰ ਉਪਾਧੀ ਦੇ ਕਾਰਨ ਮੇਘਾ ਅਕਾਸ਼ ਆਖਿਆ ਜਾਂਦਾ ਹੈ। ਜੇ ਬੱਦਲ ਪੂਰੀ ਤਰ੍ਹਾਂ ਦੂਰ ਹੋ ਜਾਣ ਤਾਂ ਸਾਰੇ ਅਕਾਸ਼ ਨੂੰ ਮਹਾਂ ਅਕਾਸ਼ ਆਖਿਆ ਜਾਂਦਾ ਹੈ। ਹੁਣ ਤੂੰ ਹੀ ਸੋਚ ਕੇ ਦਸ ਕਿ ਇਕੋ ਅਕਾਸ਼ ਨੂੰ ਚਾਰ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਉਹ ਇਸ ਕਰਕੇ ਕਿ ਉਸ ਅਕਾਸ਼ ਦੇ ਦੁਆਲੇ ਮਿੱਟੀ ਜਾਂ ਹੋਰ ਪਦਾਰਥਾਂ ਦੀ ਹੱਦ-ਬੰਦੀ ਹੋਣ ਕਰਕੇ ਹੈ ਪਰ ਅਕਾਸ਼ ਨੂੰ ਕੋਈ ਵੀ ਵੰਡ ਨਹੀਂ ਸਕਦਾ ਇਹ ਕੇਵਲ ਇਨ੍ਹਾਂ ਉਪਾਧੀਆਂ ਕਰਕੇ ਅਕਾਸ਼ ਨੂੰ ਮਾਨਸਿਕ ਤੌਰ ਤੇ ਵੰਡਿਆ ਹੋਇਆ ਹੈ। ਇਸੇ ਤਰ੍ਹਾਂ ਨਾਲ ਇੰਦ੍ਰਸੈਨ! ਇਹ ਜੋ ਪਰੀਪੂਰਨ ਜੋਤੀ ਹੈ –

*ਜਿਮੀ ਜਮਾਨ ਕੇ ਬਿਥੈ ਸਮੱਸਤ*
*ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ*
*ਨ ਘਾਟ ਬਾਢ ਹੋਤ ਹੈ॥*

*ਅਕਾਲ ਉਸਤਤਿ*

ਇਹ ਅਨੇਕ ਜੀਵਾਂ ਦੇ ਅੰਦਰੋਂ ਉਨ੍ਹਾਂ ਨੂੰ ਪ੍ਰਕਾਸ਼ਿਤ ਕਰਦੀ ਹੈ। ਜੈਸੀ ਕਿਸੇ ਦੀ ਮਤ ਹੈ, ਓਹੋ ਜਿਹਾ ਹੀ ਪ੍ਰਕਾਸ਼ ਹੋਇਆ ਕਰਦਾ ਹੈ। ਸਮਝ ਲਓ ਕਿ ਜਿਵੇਂ ਕਈ ਲੋਕ ਐਨਕਾਂ ਲਾਉਂਦੇ ਹਨ, ਕੋਈ ਕਾਲੀ ਐਨਕ ਵਿਚੋਂ ਦੇਖਣਾ ਪਸੰਦ ਕਰਦਾ ਹੈ, ਕੋਈ ਪੀਲੀ ਵਿਚੋਂ, ਕੋਈ ਲਾਲ ਵਿਚੋਂ, ਕੋਈ ਜਾਮਣੀ ਵਿਚੋਂ ਅਤੇ ਕੋਈ ਚਿੱਟੇ ਸ਼ੀਸ਼ੇ ਵਿਚੋਂ ਦੇਖਣਾ ਪਸੰਦ ਕਰਦਾ ਹੈ, ਹੁਣ ਜੋ ਰੋਸ਼ਨੀ ਦਿਸਦੀ ਹੈ ਉਹਦਾ ਰੰਗ ਤਾਂ ਇਕੋ ਹੀ ਹੈ ਪਰ ਸ਼ੀਸ਼ੇ ਵਿਚ ਰੰਗ ਹੋਣ ਕਰਕੇ ਉਹ ਨਿਰਮਲ ਰੋਸ਼ਨੀ ਜਿਹੋ ਜਿਹੇ ਰੰਗ ਵਿਚੋਂ ਕੋਈ ਦੇਖਦਾ ਹੈ, ਓਹੋ ਜਿਹੀ ਹੀ ਦਿਸਦੀ ਹੈ। ਕਾਲੇ ਵਾਲੇ ਨੂੰ ਕਾਲੀ, ਸਫੈਦ ਵਾਲੇ ਨੂੰ ਸਫੈਦ। ਹੁਣ ਭਲਾ ਸੋਚ, ਜੇ ਉਹ ਲੜ ਪੈਣ ਅਤੇ ਝਗੜ ਪੈਣ ਕਿ ਮੈਨੂੰ ਕਾਲੀ ਦਿਸਦੀ ਹੈ, ਮੈਨੂੰ ਹਰੀ ਦਿਸਦੀ ਹੈ, ਮੈਨੂੰ ਤਾਂ ਪੀਲੀ ਦਿਸਦੀ ਹੈ ਤਾਂ ਤੂੰ ਇਹ ਆਪ ਹੀ ਸਮਝ, ਉਨ੍ਹਾਂ ਬੰਦਿਆਂ ਦੀ ਨਿਰਣਾ ਸ਼ਕਤੀ ਸਤਿ ਤੇ ਅਧਾਰਿਤ ਹੈ ਜਾਂ ਹਾਲਾਤ ਦੇ ਅਧੀਨ ਹੈ। ਇਸੇ ਤਰ੍ਹਾਂ ਨਾਲ ਵਾਹਿਗੁਰੂ ਜੀ ਨੇ ਆਦਮੀ ਦੇ ਅੰਦਰ ਸੋਝੀ ਪ੍ਰਦਾਨ ਕੀਤੀ ਹੈ। ਉਹ ਜਿਹੋ ਜਿਹੀ ਸੋਝੀ ਕਿਸੇ ਨੂੰ ਪ੍ਰਾਪਤ ਹੋਈ ਹੈ ਉਸਦੇ ਮੁਤਾਬਿਕ ਹੀ ਉਹ ਨਿਰਣਾ ਲੈਂਦਾ ਹੈ -

*ਜੈਸੀ ਮਤਿ ਦੇਇ ਤੈਸਾ ਪਰਗਾਸ॥*
*ਪਾਰਬ੍ਰਹਮ ਕਰਤਾ ਅਬਿਨਾਸ॥*

*ਪੰਨਾ - 275*

ਜੋ ਤੱਤ ਬੇਤੇ ਮਹਾਂਪੁਰਸ਼ ਹੁੰਦੇ ਹਨ ਉਨ੍ਹਾਂ ਦੇ ਅੰਦਰੋਂ ਸਾਰੀਆਂ ਉਪਾਧੀਆਂ ਪੂਰਨ ਰੂਪ ਵਿਚ ਖਤਮ ਹੋ ਜਾਇਆ ਕਰਦੀਆਂ ਹਨ। ਉਨ੍ਹਾਂ ਦੀ ਦ੍ਰਿਸ਼ਟੀ ਪੂਰਨ ਰੂਪ ਵਿਚ ਸੁਅਸਥ ਹੋਇਆ ਕਰਦੀ ਹੈ ਪਰ ਜਿਸ ਦੀ ਦ੍ਰਿਸ਼ਟੀ ਵਿਚ ਕਾਣ ਹੈ, ਭੈਂਗਾਪੁਣ ਹੈ ਉਸ ਨੂੰ ਇਕ ਚੰਦਰਮਾ ਦੀ ਥਾਂ ਦੋ ਨਜ਼ਰ ਆਉਣਗੇ। ਇਸੇ ਤਰ੍ਹਾਂ ਨਾਲ ਜਿਸਦੀ ਸੂਝ ਮਾਇਆ ਅਸਰਾਂ ਅਧੀਨ ਦੂਸ਼ਿਤ ਹੋਈ ਹੋਈ ਹੈ, ਉਸ ਨੂੰ ਇਸ ਸੰਸਾਰ ਵਿਚ ਦ੍ਵੈਤ ਦੇ ਅਧੀਨ ਵਰਤਣਾ ਪੈਂਦਾ ਹੈ ਕਿਉਂਕਿ ਉਸ ਨੂੰ ਇਕ ਦੀ ਥਾਂ ਦੋ ਚੰਦਰਮਾ ਨਜ਼ਰ ਆਉਂਦੇ ਹਨ। ਜਿਸ ਨੇ ਅਕਾਸ਼ ਦੀਆਂ ਵਲਗਣਾਂ ਤੋੜ ਦਿਤੀਆਂ ਹਨ ਅਤੇ ਸਤਿ ਦੀ ਦ੍ਰਿਸ਼ਟੀ ਪ੍ਰਾਪਤ ਕਰ ਲਈ ਹੈ ਉਸ ਲਈ ਇਥੇ ਸਰਬ ਆਪਾ ਹੀ ਪਰੀਪੂਰਨ ਪ੍ਰਤੀਤ ਦਿੰਦਾ ਹੈ ਜੋ ਸਤਿ ਅਵਸਥਾ ਹੈ, ਕਿਸੇ ਕਿਸਮ ਦਾ ਅਨੁਮਾਨ ਨਹੀਂ ਹੈ ਜੋ ਪੂਰਨ ਗਿਆਨ ਹੈ -

*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥*
*ਫਲ ਪਾਕੇ ਤੇ ਏਕੰਕਾਰਾ॥*

*ਸਹਸ ਘਟਾ ਮਹਿ ਏਕੁ ਆਕਾਸੁ॥*
*ਘਟ ਫੂਟੇ ਤੇ ਓਹੀ ਪ੍ਰਗਾਸੁ॥*

*ਪੰਨਾ - 726*

ਇਹ ਬਚਨ ਸੁਣ ਕੇ ਇੰਦ੍ਰਸੈਨ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਡੰਡਵਤ ਪ੍ਰਣਾਮ ਕੀਤੀ ਅਤੇ ਬੇਨਤੀ ਕੀਤੀ ਕਿ ਪਾਤਸ਼ਾਹ! ਆਪ ਦੇ ਬਚਨਾਂ ਨੇ ਮੇਰੇ ਅੰਦਰ ਇਕ ਰੋਸ਼ਨੀ ਪੈਦਾ ਕਰ ਦਿਤੀ ਹੈ ਪਰ ਮੈਂ ਉਸ ਨੂੰ ਸਦੀਵੀ ਕਾਇਮ ਰੱਖਣ ਤੋਂ ਅਸਮਰੱਥ ਹਾਂ, ਆਪ ਕ੍ਰਿਪਾ ਕਰੋ।

ਇਹ ਸੁਣ ਕੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਇੰਦ੍ਰਸੈਨ! ਤੇਰੇ ਅੰਦਰ ਹਨ੍ਹੇਰੇ ਵਿਚ ਰਹਿ ਕੇ ਬਹੁਤ ਹੀ ਮਨੌਤਾਂ ਬਣੀਆਂ ਹੋਈਆਂ ਹਨ ਇਨ੍ਹਾਂ ਦਾ ਇਕੋ ਹੀ ਉਪਾਅ ਹੈ ਕਿ ਇਹ ਸਾਰੀਆਂ ਹੀ ਮਨੌਤਾਂ ਸਾਨੂੰ ਦਖਸ਼ਣਾ ਵਿਚ ਦੇ ਦੇ ਅਤੇ ਜੋ ਤੇਰੇ ਪਾਸ ਅਨਾਤਮ ਵਸਤੂ ਹੈ ਉਹ ਵੀ ਦਖਸ਼ਣਾ ਵਿਚ ਦੇ ਦੇ। ਉਸ ਵੇਲੇ ਇੰਦ੍ਰਸੈਨ ਨੇ ਸੋਚਿਆ ਕਿ ਮੇਰੇ ਪਾਸ ਬਹੁਤ ਜ਼ਮੀਨ ਹੈ, ਬਾਗ ਹਨ, ਬਹੁਤ ਮਹੱਲ ਹਨ, ਬਜ਼ਾਰ ਹਨ, ਬੇਅੰਤ ਧਨ ਮੇਰਾ ਹੁੰਡੀਆਂ ਰਾਹੀਂ ਚਲ ਰਿਹਾ ਹੈ, ਮਾਇਆ ਦਾ ਬੇਅੰਤ ਪਸਾਰਾ ਹੈ, ਇਹ ਮੈਂ ਅਰਪਣ ਕਰ ਦੇਵਾਂ ਕਿਉਂਕਿ ਇਹ ਅਨਾਤਮ ਹਨ। ਉਸ ਨੇ ਗੁਰੂ ਮਹਾਰਾਜ ਜੀ ਨੂੰ ਇਹ ਸਾਰੀਆਂ ਚੀਜ਼ਾਂ ਸਮਰਪਣ ਕਰ ਦਿਤੀਆਂ। ਇਨ੍ਹਾਂ ਤੋਂ ਆਪਣਾ ਕਬਜ਼ਾ ਪੂਰੀ ਤਰ੍ਹਾਂ ਹਟਾ ਕੇ ਇਹ ਸਾਰੀਆਂ ਵਸਤੂਆਂ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਸੰਕਲਪ ਰਾਹੀਂ ਭੇਟ ਕਰ ਦਿਤੀਆਂ, ਆਪ ਦੋਵੇਂ ਹੱਥ ਜੋੜ ਕੇ ਸਾਮ੍ਹਣੇ ਬਹੁਤ ਹੀ ਸ਼ਰਧਾ ਨਾਲ ਬਿਰਾਜਮਾਨ ਹੈ ਅਤੇ ਨੇਤਰ ਗੁਰੂ ਨਾਨਕ ਪਾਤਸ਼ਾਹ ਦੇ ਪੂਰਨ ਜਲਾਲ ਭਰੇ ਚਿਹਰੇ ਵਲ ਲੱਗੇ ਹੋਏ ਹਨ। ਉਸ ਵੇਲੇ ਫੁਰਨਾ ਉਠ ਰਿਹਾ ਹੈ ਕਿ ਮੈਂ ਅਨਾਤਮ ਗੁਰੂ ਮਹਾਰਾਜ ਜੀ ਨੂੰ ਅਰਪਣ ਕਰ ਦਿਤਾ ਹੈ। ਇਹ ਬਚਨ ਅਨੁਭਵ ਕਰ ਕੇ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਇੰਦ੍ਰਸੈਨ! ਵਿਚਾਰ ਕੇ ਦੇਖ ਤੇਰੇ ਪਾਸ ਹੋਰ ਅਨਾਤਮ ਵਸਤੂਆਂ ਹਨ, ਉਹ ਵੀ ਅਸਾਨੂੰ ਦੇ ਦੇ ਕਿਉਂਕਿ ਅਸੀਂ ਪਹਿਲਾਂ ਬਚਨ ਕਰ ਚੁੱਕੇ ਹਾਂ ਕਿ ਤੇਰੇ ਪਾਸ ਜੋ ਅਨਾਤਮ ਹੈ ਉਹ ਸਾਡੇ ਅਰਪਣ ਕਰ ਦੇ। ਮਹਾਰਾਜ ਜੀ ਦੇ ਇਹ ਬਚਨ ਕਹਿਣ ਤੇ ਉਸ ਨੇ ਬੇਨਤੀ ਕੀਤੀ ਕਿ ਮਹਾਰਾਜ! ਹੁਣ ਤਾਂ ਆਹ ਸਰੀਰ ਹੀ ਹੈ। ਮਹਾਰਾਜ ਜੀ ਕਹਿਣ ਲੱਗੇ ਕਿ ਇਸ ਸਰੀਰ ਨਾਲ ਸਬੰਧ ਰੱਖਣ ਵਾਲੇ ਸਬੰਧੀ ਵੀ ਹਨ। ਆਪਣਾ ਸਰੀਰ ਇਨ੍ਹਾਂ ਸਬੰਧੀਆਂ ਸਮੇਤ ਅਰਪਣ ਕਰ ਦੇ। ਉਸ ਨੇ ਆਪਣੇ ਰਿਸ਼ਤੇਦਾਰ, ਬੱਚੇ, ਪਤਨੀ, ਭਾਈ, ਮਾਮੇ, ਚਾਚੇ, ਤਾਏ, ਸਭ ਹੀ ਅਰਪਣ ਕਰ ਦਿਤੇ। ਆਪ ਨਿਰਸਬੰਧ ਹੋ ਕੇ ਸਾਮ੍ਹਣੇ ਪੂਰੀ ਸ਼ਰਧਾ ਨਾਲ ਬੈਠਾ ਹੈ। ਉਸ ਵੇਲੇ ਆਪ ਨੇ ਫੁਰਮਾਨ ਕੀਤਾ ਕਿ ਇੰਦ੍ਰਸੈਨ ਅਜੇ ਤੂੰ ਸਭ ਕੁਝ ਸਾਡੇ ਅਰਪਣ ਨਹੀਂ ਕੀਤਾ। ਤੇਰੇ ਪਾਸ ਅਜੇ ਮਨ ਹੈ, ਜੋ ਫੁਰਨੇ ਕਰ ਰਿਹਾ ਹੈ। ਇਹ ਸਾਰੇ ਫੁਰਨੇ ਕਰਨ ਵਾਲਾ

ਮਨ ਵੀ ਅਸਾਨੂੰ ਦੇ ਦੇ। ਉਸ ਨੇ ਗਹੁ ਨਾਲ ਦੇਖਿਆ ਤਾਂ ਸਚਮੁਚ ਅੰਦਰੋਂ ਫੁਰਨੇ ਉਠ ਰਹੇ ਸਨ ਉਸ ਨੇ ਮਨ ਵੀ ਅਰਪਣ ਕਰ ਦਿਤਾ। ਮਹਾਰਾਜ ਜੀ ਕਹਿਣ ਲੱਗੇ, "ਹੁਣ ਸੋਚ ਤੇਰੇ ਕੋਲ ਬਾਕੀ ਕੀ ਰਹਿ ਗਿਆ।" ਉਸ ਨੇ ਕਿਹਾ ਕਿ ਮਹਾਰਾਜ! ਹੁਣ ਤਾਂ ਮੇਰੇ ਕੋਲ ਕੁਝ ਵੀ ਨਹੀਂ ਬਚਿਆ। ਮਹਾਰਾਜ ਜੀ ਨੇ ਫੇਰ ਕਿਹਾ ਕਿ ਤੇਰੇ ਅੰਦਰ ਵਿਚਾਰ ਚਲ ਰਹੀ ਹੈ ਕਿ ਇਹ ਕੰਮ ਮੈਂ ਨੇਕ ਕੀਤਾ ਹੈ, ਵਿਚਾਰ-ਅਵਿਚਾਰ ਕਰਨਾ ਬੁੱਧੀ ਦਾ ਧਰਮ ਹੈ। ਸੋ ਇਹ ਬੁੱਧੀ ਵੀ ਸਾਨੂੰ ਅਰਪਣ ਕਰ ਦੇ ਕਿਉਂਕਿ ਇਹ ਵੀ ਜੜ੍ਹ ਹੋਣ ਕਰਕੇ ਅਨਾਤਮ ਹੈ। ਉਸ ਤੋਂ ਪਿਛੋਂ ਮਹਾਰਾਜ ਜੀ ਨੇ ਕਿਹਾ ਕਿ ਹੁਣ ਤੇਰੇ ਪਾਸ ਕੀ ਬਚਦਾ ਹੈ? ਉਸ ਨੇ ਕਿਹਾ ਕਿ ਸੱਚੇ ਪਾਤਸ਼ਾਹ! ਹੁਣ ਤਾਂ ਮੇਰੇ ਪਾਸ ਕੁਝ ਵੀ ਨਹੀਂ ਬਚਦਾ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਇੰਦ੍ਰਸੈਨ ਹੁਣ ਤੇਰਾ ਚਿੱਤ ਚਿਤਵਨਾ ਕਰ ਰਿਹਾ ਹੈ ਕਿ ਮੈਂ ਹੁਣ ਸਭ ਅਨਾਤਮ ਚੀਜ਼ਾਂ ਅਰਪਣ ਕਰ ਦਿਤੀਆਂ ਹਨ। ਇਹ ਚਿੱਤ ਜੜ੍ਹ ਹੈ, ਚਿਤਵਨਾ ਕਰਨਾ ਇਸ ਦਾ ਧਰਮ ਹੈ ਇਹ ਚਿੱਤ ਵੀ ਅਸਾਨੂੰ ਦੇ ਦੇ ਕਿਉਂਕਿ ਇਹ ਅਨਾਤਮ ਹੈ। ਉਸ ਤੋਂ ਪਿਛੋਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਹੁਣ ਦੇਖ ਤੇਰੇ ਅੰਦਰ ਕੀ ਬਚਿਆ ਹੋਇਆ ਹੈ? ਉਸ ਨੇ ਕਿਹਾ ਕਿ ਮਹਾਰਾਜ ਜੀ ਹੁਣ ਤਾਂ ਐਉਂ ਅਨੁਭਵ ਹੋ ਰਿਹਾ ਹੈ ਕਿ 'ਮੈਂ' ਹੀ ਬਚਿਆ ਹੋਇਆ ਹੈ। ਗੁਰੂ ਮਹਾਰਾਜ ਜੀ ਨੇ ਕਿਹਾ, ਇੰਦ੍ਰਸੈਨ ਇਹ 'ਮੈਂ' ਪ੍ਰਤੀਬਿੰਬ ਹੈ ਜਿਵੇਂ ਸੂਰਜ ਦਾ ਪ੍ਰਕਾਸ਼ ਜਾਂ ਚੰਦਰਮਾ ਦਾ ਪ੍ਰਕਾਸ਼ ਪਾਣੀ ਦੇ ਭਰੇ ਹੋਏ ਬਰਤਨਾਂ ਵਿਚ ਪੈਂਦਾ ਹੈ ਤਾਂ ਉਸ ਵਿਚੋਂ ਇਕੋ ਚੰਦਰਮਾ ਜਾਂ ਸੂਰਜ ਨਜ਼ਰ ਆਇਆ ਕਰਦਾ ਹੈ, ਉਹ ਸਤਿ ਨਹੀਂ ਹੈ ਕੇਵਲ ਪ੍ਰਤੀਬਿੰਬ ਹੈ। ਜਦੋਂ ਬਰਤਨ ਦਾ ਪਾਣੀ ਡੋਲ੍ਹ ਦੇਈਏ ਜਾਂ ਘੜਾ ਭੰਨ ਦੇਈਏ ਤਾਂ ਪ੍ਰਤੀਬਿੰਬ (ਪਰਛਾਵਾਂ) ਆਪਣੇ ਅਸਲੇ ਵਿਚ ਲੀਨ ਹੋ ਜਾਇਆ ਕਰਦਾ ਹੈ। ਸੋ ਇਹ ਜੋ ਤੈਨੂੰ 'ਮੈਂ' ਦੀ ਭਾਵਨਾ ਹੋ ਰਹੀ ਹੈ ਤੂੰ ਆਪਣੇ ਆਪ ਨੂੰ ਪ੍ਰਮ ਆਪੇ ਤੋਂ ਵਖਰਾ ਸਮਝ ਰਿਹਾ ਹੈਂ, ਤੈਨੂੰ ਨਿਜ ਆਪੇ ਦਾ ਅਨੁਭਵ ਹੋ ਰਿਹਾ ਹੈ ਉਹ ਇਨ੍ਹਾਂ ਨਿੱਜ ਉਪਾਧੀਆਂ ਕਰਕੇ ਹੈ ਜਿਨ੍ਹਾਂ ਵਿਚੋਂ ਆਖਰੀ ਆਪਣੀ ਹੋਂਦ ਪਰਛਾਵੇਂ ਨੂੰ ਸਤਿ ਕਰਕੇ ਮੰਨਣਾ ਹੈ। ਇਹ ਵੀ ਅਨਾਤਮ ਹੈ, ਇਹ ਵੀ ਅਸਾਨੂੰ ਦੇ ਦੇ। ਹੁਣ ਅੰਦਰਲੇ ਨੈਣਾਂ ਨਾਲ ਦੇਖ, ਇਕੋ ਹੀ ਪ੍ਰਮ ਜੋਤੀ ਪਰੀਪੂਰਨ ਹੈ ਜੋ ਸਾਰੀਆਂ ਘਟਾਂ ਦੇ ਅੰਦਰ ਪਰੀਪੂਰਨ ਹੈ, ਪਰ ਇਨ੍ਹਾਂ ਉਪਾਧੀਆਂ ਦੇ ਵਸ ਇਕ ਝੂਠੀ ਮਨੌਤ ਕਾਇਮ ਹੋ ਜਾਂਦੀ ਹੈ, ਇਹ ਹੀ ਕੂੜ ਦੀ ਪਾਲ ਹੈ, ਝੂਠੀ ਕੰਧ ਹੈ –

> ***ਹਉ ਹਉ ਭੀਤਿ ਭਇਓ ਹੈ ਬੀਚੋ***
> ***ਸੁਨਤ ਦੇਸਿ ਨਿਕਟਾਇਓ।।***
> ***ਭਾਂਭੀਰੀ ਕੇ ਪਾਤ ਪਰਦੋ***
> ***ਬਿਨੁ ਪੇਖੇ ਦੂਰਾਇਓ॥ ਪੰਨਾ – 624***

ਇਹ ਨਿੱਜ ਆਪੇ ਦਾ ਭਾਵ ਇਨ੍ਹਾਂ ਬੇਅੰਤ ਵਲਗਣਾਂ ਕਰਕੇ ਪਰੀਪੂਰਨ ਸਤਿ ਨਾਲੋਂ ਵਖਰਾ ਪ੍ਰਤੀਤ ਦੇਣ ਲਗ ਜਾਂਦਾ ਹੈ। ਜਦੋਂ ਸਭ ਕੁਝ ਗੁਰੂ ਨੂੰ ਅਰਪਣ ਕਰ ਦਿਤਾ ਤਾਂ ਜੋ ਸ਼ੇਸ਼ (ਬਾਕੀ) ਬਚਦਾ ਹੈ ਉਹ ਕੇਵਲ ਅਨੁਭਵ ਮਾਤਰ ਪ੍ਰਮ ਆਪਾ ਹੀ ਬਚਦਾ ਹੈ। ਸੋ ਇਹ ਤੇਰਾ ਸਤਿ, ਚਿਤ, ਅਨੰਦ ਸਰੂਪ ਆਤਮਾ, ਪ੍ਰਮਾਤਮਾ ਹੈ। ਆਪਣੇ ਸਰੂਪ ਨੂੰ ਪਹਿਚਾਣ। ਗੁਰੂ ਮਹਾਰਾਜ ਜੀ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ ਅਤੇ ਕਿਹਾ ਕਿ ਸਭ ਘਟਾਂ ਵਿਚ ਤੂੰ ਹੀ ਤੂੰ ਹੈਂ –

> ***ਗੁਰਹਿ ਦਿਖਾਇਓ ਲੋਇਨਾ॥***
> ***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
> ***ਤੂੰਹੀ ਤੂੰਹੀ ਮੋਹਿਨਾ॥***
>
> ***ਪੰਨਾ – 407***

ਇਥੇ ਪ੍ਰਭੂ ਆਪ ਹੀ ਆਪਣੀ ਖੇਲ੍ਹ ਚਲਾ ਰਿਹਾ ਹੈ –

> ***ਆਦਿ ਸਚੁ ਜੁਗਾਦਿ ਸਚੁ॥***
> ***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥***
>
> ***ਪੰਨਾ – 1***

ਉਹ ਸਚੁ ਆਪ ਹੀ ਆਪ ਅਨੇਕ ਰੂਪ ਧਾਰ ਕੇ ਇਕ ਤੋਂ ਅਨੇਕ ਹੋਇਆ ਹੋਇਆ ਹੈ। ਅਨੇਕ ਰੂਪ ਜੋ ਹਨ ਉਹ ਕੇਵਲ ਭਰਮ ਕਰਕੇ, ਮਿਥਿਆ ਦ੍ਰਿਸ਼ਟੀ ਕਰਕੇ, ਜਨਮਾਂ-ਜਨਮਾਂਤਰਾਂ ਦੇ ਸੰਸਕਾਰਾਂ ਦੇ ਅਧੀਨ ਬੇਅੰਤ ਕਿਸਮ ਦੀਆਂ ਮਨੌਤਾਂ ਬਣ ਜਾਣ ਕਰਕੇ ਇਕ ਤੋਂ ਅਨੇਕ ਦ੍ਰਿਸ਼ਟੀ ਆਉਂਦੇ ਹਨ। ਇਕ ਤੋਂ ਅਨੇਕ ਦੀ ਸੂਝ ਪੈਂਦੀ ਹੈ। ਇਹ ਸਾਰੀ ਸੂਝ ਮਿਥਿਆ ਹੈ। ਗੁਰੂ ਮਹਾਰਾਜ ਜੀ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ, ਇੰਦ੍ਰਸੈਨ ਦੀ ਅਫੁਰ ਅਵਸਥਾ ਵਿਚ ਸਮਾਧੀ ਲੱਗ ਗਈ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਉਸਦੀ ਸੁਰਤ ਨੂੰ ਸੰਸਾਰੀ ਸੋਝੀ ਵਿਚ ਲਿਆਂਦਾ ਅਤੇ ਫੁਰਮਾਨ ਕੀਤਾ ਕਿ ਇੰਦ੍ਰਸੈਨ! ਤੂੰ ਆਪਣੇ ਅਸਲੀ ਸਰੂਪ ਨੂੰ ਦੇਖ ਲਿਆ ਹੈ, ਇਸ ਦਾ ਅਭਿਆਸ ਕਰ। ਆਤਮ ਚਿੰਤਨ ਕਰ, ਇਹ ਅਨਾਤਮ ਅਸੀਂ ਤੈਨੂੰ ਵਾਪਸ ਦਿੰਦੇ ਹਾਂ। ਆਪਣਾ ਜੀਵਨ ਗੁਰੂ ਉਦੇਸ਼ਾਂ ਦੇ ਮੁਤਾਬਿਕ ਬਣਾ ਕੇ ਹੁਕਮ ਅਨੁਸਾਰ ਸੰਸਾਰ ਵਿਚ ਵਿਚਰ। ਇਸ ਤਰ੍ਹਾਂ ਨਾਲ ਤੂੰ ਇਨ੍ਹਾਂ ਕਰਮ ਇੰਦਰਿਆਂ, ਗਿਆਨ ਇੰਦਰਿਆਂ ਨੂੰ ਸ਼ੁਭ ਕਰਮਾਂ ਵਿਚ ਲਾ ਕੇ ਸਫਲ ਕਰ, ਨੇਤਰਾਂ ਦੇ ਨਾਲ ਸਤਿਪੁਰਸ਼ਾਂ ਦੇ ਦਰਸ਼ਨ ਕਰਨੇ, ਕੰਨਾਂ ਦੇ ਨਾਲ ਸਤਿਪੁਰਸ਼ਾਂ ਦੀ ਬਾਣੀ ਸ੍ਰਵਣ ਕਰਨੀ ਅਤੇ ਰਸਨਾ ਦੇ ਨਾਲ ਨਾਮ ਰਸ ਅਨੁਭਵ ਕਰਨਾ ਅਤੇ ਪ੍ਰਭੂ ਦਾ ਜਸ ਕਰਨਾ; ਹੱਥਾਂ, ਪੈਰਾਂ ਨਾਲ ਸੇਵਾ ਕਰਨੀ ਅਤੇ ਮਸਤਕ ਦੇ ਨਾਲ ਸਤਿਪੁਰਸ਼ਾਂ ਦੇ ਚਰਨ ਪਰਸਣੇ, ਨਿਰ ਅਭਿਮਾਨ ਰਹਿ ਕੇ ਸਾਰੇ ਕਰਮ ਗੁਰੂ ਨੂੰ ਸੌਂਪ ਕੇ ਆਪ ਸੰਸਾਰ ਵਿਚ ਅਲੇਪ ਰਹਿਣਾ। ਇਸ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਨੇ ਆਪਣੀ ਅਪਾਰ ਕ੍ਰਿਪਾ ਦੇ ਸਦਕੇ ਆਤਮ ਸ਼ਾਖਸ਼ਾਤ ਕਰਾ ਦਿਤਾ। ਗੁਰੂ ਮਹਾਰਾਜ ਜੀ ਨੇ ਬਚਨ ਕੀਤਾ ਕਿ ਇਹ ਜੋ ਅਨੁਭਵ ਭਾਈ ਇੰਦ੍ਰਸੈਨ ਤੂੰ ਪ੍ਰਾਪਤ ਕੀਤਾ ਹੈ ਅਤੇ ਤੇਰੇ ਸਾਥੀ ਝੰਡੇ ਬਾਢੀ ਨੇ ਭਗਤੀ ਸਹਿਤ

ਗਿਆਨ ਵਿਚ ਪੁੱਜ ਕੇ ਪ੍ਰਾਪਤ ਕੀਤਾ ਹੈ ਇਨ੍ਹਾਂ ਵਿਚੋਂ ਸੰਸਾਰ ਲਈ ਇਕੱਲਾ ਗਿਆਨ ਅੰਧਕਾਰ ਪੈਦਾ ਕਰਦਾ ਹੈ, ਇਸ ਵਿਚ ਨਿੱਜੀ ਆਪਾ ਸਰਬ ਆਪੇ ਦੀ ਰੀਸ ਕਰਦਾ ਹੈ ਅਤੇ ਮੈਂ ਹੀ ਪ੍ਰਭੂ ਹਾਂ, ਮੈਂ ਹੀ ਸਤਿ ਹਾਂ ਇਹ ਭਾਵਨਾ ਇਸ ਦੇ ਨਿੱਜ ਦੀ ਲੀਨਤਾ ਸਮਸੱਤ ਵਿਚ ਨਾ ਹੋਣ ਕਰਕੇ ਉਹ ਗਲਤੀ ਖਾ ਜਾਂਦਾ ਹੈ। ਇਥੇ ਮਾਇਆ ਉਸ ਨੂੰ ਫਸਾ ਲੈਂਦੀ ਹੈ ਪਰ ਭਗਤੀ, ਇਸਤ੍ਰੀ ਰੂਪ ਹੋਣ ਕਰਕੇ ਇਸਤ੍ਰੀ ਰੂਪੀ ਮਾਇਆ ਦਾ ਉਸ ਉਪਰ ਬਲ ਨਹੀਂ ਪੈਂਦਾ। ਉਹ ਉਪਾਸ਼ਨਾ ਦੇ ਰਾਹੀਂ ਸਤਿਪੁਰਸ਼ਾਂ ਤੋਂ ਸੇਧ ਲੈਂਦਾ ਹੋਇਆ ਨਿਰਵਿਘਨਤਾ ਸਹਿਤ ਆਪਣੇ ਪ੍ਰਮ ਆਪੇ ਵਿਚ ਲੀਨਤਾ ਪ੍ਰਾਪਤ ਕਰਕੇ ਆਪਣੀ ਹਉਂ ਦਾ ਪੂਰੀ ਤਰ੍ਹਾਂ ਨਾਸ਼ ਕਰ ਲੈਂਦਾ ਹੈ।

ਭਾਈ ਤਿਲੋਕਾ ਜੀ ਨੇ ਰਾਜਕੁਮਾਰੀ ਨੂੰ ਅਨੇਕਾਂ ਉਦਾਹਰਣਾਂ ਦੇ ਕੇ ਸਮਝਾਉਣ ਦਾ ਜਤਨ ਕੀਤਾ ਪਰ ਕਿਉਂਕਿ ਉਸ ਦੇ ਅੰਤਸ਼ਕਰਣ ਅੰਦਰ ਅਜੇ ਮਲ, ਵਿਖਸ਼ੇਪਤਾ, ਆਵਰਣ ਹੋਣ ਕਰਕੇ ਉਸ ਦੀ ਸੋਝੀ ਇਨ੍ਹਾਂ ਬਚਨਾਂ ਨੂੰ ਨਹੀਂ ਫੜ ਰਹੀ ਸੀ। ਉਸ ਨੇ ਬਹੁਤ ਕੋਸ਼ਿਸ਼ ਕੀਤੀ, ਬਹੁਤ ਸੋਚ-ਸੋਚ ਕੇ ਨਿਰਨਾ ਲੈ ਰਹੀ ਸੀ ਪਰ ਉਸ ਦੀ ਸੂਝ ਸਮਸੱਤ ਵਿਚ ਲੀਨ ਨਾ ਹੋ ਸਕੀ। ਕਿਉਂਕਿ ਜਦੋਂ ਤਕ ਅੰਤਰਸ਼ਕਰਣ ਵਿਚ ਮੈਲ, ਵਿਖਸ਼ੇਪਤਾ, ਆਵਰਣ ਦਾ ਪਰਦਾ ਪਿਆ ਹੋਵੇ ਉਤਨੀ ਦੇਰ ਤਕ ਰੋਸ਼ਨੀ ਨਹੀਂ ਹੋਇਆ ਕਰਦੀ। ਜਿਵੇਂ ਕਿਸੇ ਦੇ ਮੋਤੀਆ ਬਿੰਦ ਅੱਖਾਂ ਵਿਚ ਆਉਣ ਕਰਕੇ ਉਹ ਕੇਵਲ ਕਹਿਣ ਨਾਲ, ਕਿ ਹਰ ਥਾਂ ਉਤੇ ਪ੍ਰਕਾਸ਼ ਹੀ ਪ੍ਰਕਾਸ਼ ਦਿਸਦਾ ਹੈ, ਨਹੀਂ ਹੋਣਾ। ਉਹ ਕਿਸੀ ਤਰ੍ਹਾਂ ਵੀ ਪ੍ਰਕਾਸ਼ ਨੂੰ ਦੇਖਣ ਦੇ ਸਮਰੱਥ ਨਹੀਂ ਹੈ, ਕਿਉਂਕਿ ਪ੍ਰਕਾਸ਼ ਉਸ ਨੂੰ ਦਿਖਾਈ ਨਹੀਂ ਦੇ ਰਿਹਾ। ਨਾ ਹੀ ਨੇਤਰਾਂ ਵਿਚ ਪੈਦਾ ਹੋਇਆ ਅੰਧਕਾਰ ਦੂਰ ਹੋ ਸਕਦਾ ਹੈ ਜਦੋਂ ਤਕ ਕੋਈ ਨੇਤਰਾਂ ਦਾ ਮਾਹਰ ਡਾ. ਮੋਤੀਆ ਬਿੰਦ ਨੂੰ ਦੂਰ ਕਰਕੇ ਉਨ੍ਹਾਂ ਅੱਖਾਂ ਵਿਚ **lens** (ਦੇਖਣ ਵਾਲੇ ਸ਼ੀਸ਼ੇ) ਫਿੱਟ ਨਹੀਂ ਕਰ ਦਿੰਦਾ, ਉਸ ਨੂੰ ਰੋਸ਼ਨੀ ਦਾ ਅਨੁਭਵ ਹੋ ਹੀ ਨਹੀਂ ਸਕਿਆ ਕਰਦਾ। ਭਾਈ ਤਿਲੋਕਾ ਜੀ ਨੇ ਸੋਚਿਆ ਕਿ ਇਸ ਨੇ ਸਤਿ ਬਾਰੇ ਸਭ ਕੁਝ ਸੁਣ ਲਿਆ ਅਤੇ ਇਸ ਦੇ ਅੰਦਰ ਜਗਿਆਸਾ ਵੀ ਉਤਪੰਨ ਹੋ ਗਈ ਪਰ ਇਸ ਦੇ ਅੰਦਰ ਅਦ੍ਵੈਤ ਦੇ ਅੰਧਕਾਰ ਨੂੰ ਦੂਰ ਕਰਨ ਲਈ ਸਤਿਗੁਰੂ ਦੀ ਮਿਹਰ ਦੀ ਲੋੜ ਹੈ। ਉਸ ਨੇ ਆਤਮਾ ਦੀ ਜਾਣ ਪਛਾਣ ਕਰਾਉਣ ਤੇ ਜ਼ੋਰ ਦੇਣ ਨਾਲੋਂ ਸਾਧਨ ਉਪਰ ਜ਼ੋਰ ਦੇਣ ਦਾ ਫੁਰਨਾ ਕੀਤਾ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਕਿਉਂਕਿ ਕਾਫੀ ਸਮਾਂ ਹੋ ਚੁਕਿਆ ਹੈ। ਸਤਿਸੰਗ ਕਰਦਿਆਂ ਆਪ ਨੂੰ ਤਿੰਨ ਘੰਟੇ ਬੀਤ ਚੁੱਕੇ ਹਨ ਸੋ ਅੱਜ ਆਪਣੀ ਵਿਚਾਰ ਇਥੇ ਹੀ ਸਮਾਪਤ ਕਰਦੇ ਹਾਂ। ਗੁਰੂ ਮਹਾਰਾਜ ਜੀ ਨੇ ਚਾਹਿਆ ਤਾਂ ਅਗਲੇ ਹਫਤੇ ਇਸ ਤੋਂ ਅਗੇ ਯਥਾਸ਼ਕਤ ਲੋੜ ਮੁਤਾਬਿਕ ਵਿਚਾਰ ਕੀਤੀ ਜਾਵੇਗੀ।

**ਅਨੰਦ ਸਾਹਿਬ**

**ਗੁਰ ਸਤੋਤਰ**

**ਨਾਮ ਉਚਾਰਨ**

**ਅਰਦਾਸ**

**ਹੁਕਮਨਾਮਾ**

# ਕਿਵ ਸਚਿਆਰਾ ਹੋਈਐ ?

## 4

ਸ਼ਾਨ.........................................................।

ਡੰਡਉਤਿ ਬੰਦਨ ਅਨਿਕ
ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ
ਨਾਨਕ ਦੇ ਕਰਿ ਹਥ॥

ਪੰਨਾ - 256

ਫਿਰਤ ਫਿਰਤ ਪ੍ਰਭ ਆਇਆ
ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ
ਅਪਨੀ ਭਗਤੀ ਲਾਇ।। ਪੰਨਾ-289

ਸਗਲ ਦੁਆਰ ਕਉ ਛਾਡਿਕੈ
ਗਹਿਓ ਤੁਹਾਰੋ ਦੁਆਰ॥
ਬਾਹਿ ਗਹੇ ਕੀ ਲਾਜ
ਅਸ ਗੋਬਿੰਦ ਦਾਸ ਤੁਹਾਰ॥

ਧਾਰਨਾ - ਮੁੱਲ ਖਰੀਦੀ ਲਾਲਾ ਗੋਲਾ,
ਮੇਰਾ ਨਾਉ ਸੁਭਾਗਾ ਜੀ

ਮੁਲ ਖਰੀਦੀ ਲਾਲਾ ਗੋਲਾ
ਮੇਰਾ ਨਾਉ ਸਭਾਗਾ॥
ਗੁਰ ਕੀ ਬਚਨੀ ਹਾਟਿ ਬਿਕਾਨਾ
ਜਿਤੁ ਲਾਇਆ ਤਿਤੁ ਲਾਗਾ॥
ਤੇਰੇ ਲਾਲੇ ਕਿਆ ਚਤੁਰਾਈ॥
ਸਾਹਿਬ ਕਾ ਹੁਕਮੁ ਨ ਕਰਣਾ ਜਾਈ॥
ਮਾ ਲਾਲੀ ਪਿਉ ਲਾਲਾ
ਮੇਰਾ ਹਉ ਲਾਲੇ ਕਾ ਜਾਇਆ॥
ਲਾਲੀ ਨਾਚੈ ਲਾਲਾ ਗਾਵੈ
ਭਗਤਿ ਕਰਉ ਤੇਰੀ ਰਾਇਆ॥
ਪੀਅਹਿ ਤ ਪਾਣੀ ਆਣੀ
ਮੀਰਾ ਖਾਹਿ ਤ ਪੀਸਣ ਜਾਉ॥
ਪਖਾ ਫੇਰੀ ਪੈਰ ਮਲੋਵਾ
ਜਪਤ ਰਹਾ ਤੇਰਾ ਨਾਉ॥
ਲੂਣ ਹਰਾਮੀ ਨਾਨਕੁ ਲਾਲਾ
ਬਖਸਿਹਿ ਤੁਧੁ ਵਡਿਆਈ॥
ਆਦਿ ਜੁਗਾਦਿ ਦਇਆ
ਪਤਿ ਦਾਤਾ ਤੁਧੁ ਵਿਣੁ
ਮੁਕਤਿ ਨ ਪਾਈ॥

ਪੰਨਾ- 991

ਧਾਰਨਾ - ਲਾਲਾ ਗੋਲਾ, ਲਾਲਾ ਗੋਲਾ,
ਲਾਲਾ ਗੋਲਾ ਜੀ,
ਆਪਣੇ ਸਾਹਿਬ ਦਾ ਮੈਂ
ਲਾਲਾ ਗੋਲਾ ਜੀ

ਧਾਰਨਾ- ਜੀਵ ਇਕ ਤੇ ਸ਼ਿਕਾਰੀ ਬਹੁਤੇ
ਇਕੋ ਤੇਰੀ ਆਸ ਮਾਲਕਾ

ਕਬੀਰ ਹਰਨਾ ਦੂਬਲਾ
ਇਹੁ ਹਰੀਆਰਾ ਤਾਲੁ॥
ਲਾਖ ਅਹੇਰੀ ਏਕੁ ਜੀਉ
ਕੇਤਾ ਬੰਚਉ ਕਾਲੁ॥ ਪੰਨਾ - 1363

ਸਾਧਸੰਗਤ ਜੀ! ਅੱਜ ਆਪ ਗੁਰੂ ਮਹਾਰਾਜ ਦੀ ਪ੍ਰੇਰਨਾ ਦੇ ਸਦਕੇ, ਬਹੁਤ ਦੂਰ-ਦਰਾਜ਼ ਤੋਂ ਆ ਕੇ ਸੰਗਤ ਵਿਚ ਸਸ਼ੋਭਤ ਹੋ ਰਹੇ ਹੋ, ਜਿਨ੍ਹਾਂ ਪ੍ਰੇਮੀਆਂ ਨੇ ਤਿੰਨ ਦੀਵਾਨ ਸੁਣੇ ਹਨ ਉਨ੍ਹਾਂ ਨੇ ਬਹੁਤ ਕੁਝ ਸਮਝਣ ਦਾ ਜਤਨ ਕੀਤਾ ਹੈ, ਸੰਖੇਪ ਵਿਚ ਮੈਂ ਫੇਰ ਦੁਹਰਾਉਂਦਾ ਹਾਂ ਤਾਂ ਕਿ ਜੋ ਅੱਜ ਨਵੀਆਂ ਆਈਆਂ ਹੋਈਆਂ ਸੰਗਤਾਂ ਦਾ ਠਾਠਾਂ ਮਾਰਦਾ ਸਮੁੰਦਰ ਨਜ਼ਰੀ ਪੈ ਰਿਹਾ ਹੈ ਉਨ੍ਹਾਂ ਨੂੰ ਵੀ ਕੁਝ ਪਤਾ ਲਗ ਸਕੇ। ਇਸ ਜੀਵ ਦੇ ਸਾਮ੍ਹਣੇ ਇਕ ਬਹੁਤ ਵੱਡਾ ਪ੍ਰੋਗਰਾਮ ਹੈ, ਜੋ ਇਸ ਨੇ ਇਸੇ ਜਨਮ ਵਿਚ ਪੂਰਾ ਕਰਨਾ ਹੈ ਉਹ ਸੰਖੇਪ ਵਿਚ ਇਸ ਤਰ੍ਹਾਂ ਹੈ ਕਿ ਇਹ ਜੀਵ ਹਉਮੈ ਦੇ ਵਸ ਹੋ ਕੇ ਵਾਹਿਗੁਰੂ ਨਾਲੋਂ ਵਿਛੜ ਚੁਕਿਆ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਤੂੰ ਸੋਚ ਤਾਂ ਸਹੀ ਤੇਰਾ ਸਫਰ ਕਦੋਂ ਸ਼ੁਰੂ ਹੋਇਆ ਅਤੇ ਤੂੰ ਕਿੰਨੀ ਦੇਰ ਤੋਂ ਇਸ ਸਫਰ ਤੇ ਪਿਆ ਤੁਰਿਆ ਜਾ ਰਿਹਾ ਹੈਂ -

ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥
ਏਤੀ ਨ ਜਾਨਉ ਕੇਤੀਕ ਮੁਦਤਿ
ਚਲਤੇ ਖਬਰਿ ਨ ਪਾਇਓ॥

ਪੰਨਾ - 999

ਅੱਗੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਵਾਹਿਗੁਰੂ ਜੀ ਨੇ ਆਪਣੀ ਮੌਜ ਵਿਚ ਹੀ ਇਹ ਰਚਨ ਰਚਿਆ ਹੈ ਉਹ ਆਦਿ ਵਿਚ ਸਚ ਸਨ ਅਤੇ ਜਦੋਂ **time & space** ਕਾਲ ਅਤੇ ਵਸਤੂ ਸ਼ੁਰੂ ਹੋਈ ਉਸ ਵੇਲੇ ਵੀ ਆਪ ਹੀ ਸੀ, ਹੁਣ ਵੀ ਉਹ ਆਪ ਹੀ ਹਨ ਜਿਸ ਤਰ੍ਹਾਂ ਕਿ -

ਜੋ ਦੀਸੈ ਸੋ ਤੇਰਾ ਰੂਪੁ॥
ਗੁਣ ਨਿਧਾਨ ਗੋਵਿੰਦ ਅਨੂਪ॥

ਪੰਨਾ - 724

ਜਦੋਂ ਇਸ ਸੰਸਾਰ ਵਿਚ ਕੁਝ ਵੀ ਨਹੀਂ ਹੋਵੇਗਾ ਉਸ ਵੇਲੇ ਵੀ ਉਹ ਆਪ ਹੀ ਹੋਣਗੇ। ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝੋ ਕਿ ਵਾਹਿਗੁਰੂ ਜੀ ਨੇ ਆਪਣੇ ਆਪ ਤੋਂ ਪਸਾਰਾ ਕੀਤਾ ਅਤੇ ਆਪ ਹੀ ਸਰਗੁਣ ਤੇ ਨਿਰਗੁਣ ਦੋ ਰੂਪਾਂ ਵਿਚ ਵਿਦਮਾਨ ਹਨ। ਜੋ ਕੁਝ ਦਿਸਦਾ ਹੈ ਇਹ ਵੀ ਕੋਈ ਹੋਰ ਚੀਜ਼ ਨਹੀਂ ਹੈ ਪਰ ਅਕਾਲ ਪੁਰਖ ਜੀ ਨੇ ਇਸ ਖੇਲ੍ਹ ਨੂੰ ਖੇਲ੍ਹਣ ਲਈ ਹਉਮੈ ਤੱਤ ਦੀ ਰਚਨਾ ਰਚੀ ਅਤੇ ਉਹ ਹਉਮੈ ਤੱਤ ਸਾਰੇ ਸਜੀਵ ਜੀਵਾਂ ਦੇ

ਨਾਲ ਚੰਬੇੜ ਦਿਤਾ –

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ॥*
*ਜਨਮ ਮਰਣੁ ਉਸਹੀ ਕਉ ਹੈ ਰੇ*
*ਓਹਾ ਆਵੈ ਜਾਈ॥ ਪੰਨਾ – 999*

ਕਿੰਨਾ ਸਮਾਂ ਲੰਘ ਗਿਆ ਇਸ ਜੀਵ ਨੂੰ, ਹੁਣ ਗੁਰੂ ਮਹਾਰਾਜ ਜੀ ਅਸਾਨੂੰ ਸਮਝਾਉਂਦੇ ਹਨ ਕਿ ਹੁਣ ਤੂੰ ਮਾਨਸ ਜਨਮ ਵਿਚ ਮਿਲੀ ਵਾਰੀ ਨੂੰ ਪੂਰੀ ਤਰ੍ਹਾਂ ਸਮਝ ਅਤੇ ਵਾਹਿਗੁਰੂ ਜੀ ਨਾਲ ਯਾਦ ਰਾਹੀਂ ਜੁੜ ਕੇ ਆਪਣਾ ਸਫਰ ਖਤਮ ਕਰਕੇ, ਪਰਮ ਪਦ ਦੀ ਪ੍ਰਾਪਤੀ ਕਰਕੇ ਸਦਾ ਲਈ ਸਤਿ ਚਿਤ ਅਨੰਦ ਦੀ ਅਵਸਥਾ ਪ੍ਰਾਪਤ ਕਰਕੇ ਪਰਮ ਸੁੱਖ ਮਾਣ, ਫੁਰਮਾਨ ਹੈ –

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ॥ ਪੰਨਾ – 632*

ਬਹੁਤ ਜੁਗਾਂ ਦੇ ਜੁਗ ਲੰਘ ਗਏ। ਇਹ ਜੀਵ ਜੁਗਾਂ-ਜੁਗਾਂਤਰਾਂ ਤੋਂ ਘੁੰਮਦਾ ਫਿਰ ਰਿਹਾ ਹੈ ਕੋਈ ਪੱਕਾ ਟਿਕਾਣਾ ਨਹੀਂ ਇਸ ਨੂੰ ਮਿਲ ਰਿਹਾ। ਇਕ ਸਰੀਰ ਵਿਚੋਂ ਮਰ ਜਾਂਦਾ ਹੈ ਹਉਮੈ ਵਿਚ ਕੀਤੇ ਕਰਮਾਂ ਦੀ ਗੱਠੜੀ ਆਪਣੇ ਸਿਰ ਤੇ ਚੁੱਕ ਕੇ ਲੈ ਜਾਂਦਾ ਹੈ ਅਤੇ ਉਹ ਕਰਮ ਭੋਗਣ ਲਈ ਫੇਰ ਜਨਮ ਲੈਂਦਾ ਹੈ। ਹਰ ਵਾਰੀ ਦੁਖ ਭੋਗਦਾ ਹੈ। ਨਾ ਹੀ ਕਰਮਾਂ ਦਾ ਗੇੜ ਖਤਮ ਹੁੰਦਾ ਹੈ, ਨਾ ਆਉਣਾ ਜਾਣਾ ਖਤਮ ਹੁੰਦਾ ਹੈ। ਕਰਮ ਭੁਗਤਣ ਵਾਸਤੇ ਆਉਂਦਾ ਹੈ, ਭੁਗਤਣ ਵਾਲੇ ਕਰਮਾਂ ਨੂੰ ਪ੍ਰਾਲਬਧ ਕਰਮ ਆਖਿਆ ਜਾਂਦਾ ਹੈ ਇਸ ਸਰੀਰ ਵਿਚ ਜੋ ਫੇਰ ਕਰਮ ਕਰਦਾ ਹੈ ਉਸ ਨੂੰ ਕ੍ਰਿਆਮਾਨ ਕਰਮ ਆਖਦੇ ਹਨ, ਉਹ ਇਸ ਦੇ ਸੰਚਿਤ ਕਰਮਾਂ ਦੇ ਭੰਡਾਰ ਨੂੰ ਭਰਪੂਰ ਕਰਦੇ ਜਾਂਦੇ ਹਨ। ਕਰਮਾਂ ਦੇ ਅਧੀਨ ਇਸ ਨੂੰ ਬੇਅੰਤ ਕਿਸਮ ਦੀਆਂ ਵਾਸ਼ਨਾਵਾਂ ਉਠਦੀਆਂ ਹਨ, ਵਾਸ਼ਨਾਵਾਂ ਦਾ ਬੰਨ੍ਹਿਆ ਕ੍ਰੋੜਾਂ, ਅਰਬਾਂ, ਖਰਬਾਂ ਸਾਲਾਂ ਤੋਂ ਘੁੰਮਦਾ ਫਿਰਦਾ ਹੈ ਕਈ ਵਾਰੀ ਇਹ ਹੇਠਲੀਆਂ ਜੂਨਾਂ ਵਿਚ ਚਲਿਆ ਜਾਂਦਾ ਹੈ। ਕਈ ਵਾਰੀ ਸਵਰਗ ਲੋਕਾ ਦਾ ਅਨੰਦ ਭੋਗਦਾ ਹੈ, ਕਈ ਵਾਰੀ ਫਕੀਰੀ ਕਰਦਾ ਹੈ, ਕਈ ਵਾਰ ਪੰਡਤ ਹੋ ਕੇ ਲੋਕਾਂ ਨੂੰ ਮਤ ਦਿੰਦਾ ਹੈ, ਕਈ ਵਾਰੀ ਮਹਾਂ ਪਾਪੀ ਹੋ ਕੇ ਲੋਕਾਂ ਨੂੰ ਦੁਖੀ ਕਰਦਾ ਹੈ। ਸੋ ਇਹ ਲੰਮਾ ਇਤਿਹਾਸ ਹੈ ਹਰ ਜੀਵ ਦਾ।

*ਕਈ ਜਨਮ ਸੈਲ ਗਿਰਿ ਕਰਿਆ॥*
*ਪੰਨਾ – 176*

ਪੱਥਰ ਬਣ ਗਿਆ, ਪੱਥਰ ਦੀ ਕਿੰਨੀ ਉਮਰ ਹੁੰਦੀ ਹੈ ਕਈ ਹਜ਼ਾਰਾਂ ਸਾਲ ਲੰਘ ਜਾਣੇ ਨੇ, ਕਈ ਵਾਰੀ ਨਾਗਾਂ ਦੀ ਜੂਨੀ ਵਿਚ ਪੈਂਦਾ ਹੈ, ਨਾਗਾਂ ਦੀ ਉਮਰ ਕ੍ਰੋੜਾਂ ਸਾਲ ਦਸਦੇ ਹਨ। ਇਕ ਅੰਦਾਜ਼ੇ ਦੇ ਮੁਤਾਬਿਕ ਤਕਰੀਬਨ 8-9 ਕਰੋੜ ਸਾਲ ਇਕ ਚੱਕਰ ਕੱਟਣ ਨੂੰ ਲਗਦੇ ਹਨ। ਇਸੇ ਤਰ੍ਹਾਂ ਦਰਖਤ ਬਣ ਜਾਂਦਾ ਹੈ –

*ਕੇਤੇ ਰੁਖ ਬਿਰਖ ਹਮ ਚੀਨੇ*
*ਕੇਤੇ ਪਸੂ ਉਪਾਏ॥*
*ਕੇਤੇ ਨਾਗ ਕੁਲੀ ਮਹਿ ਆਏ*
*ਕੇਤੇ ਪੰਖ ਉਡਾਏ॥ ਪੰਨਾ – 156*

ਸੋ ਸਾਡੇ ਅਨੁਮਾਨ ਦੇ ਮੁਤਾਬਿਕ ਜੇ 10 ਸਾਲ ਦੀ ਔਸਤ ਉਮਰ ਹਰ ਜੂਨ ਦੀ ਹੋਵੇ ਤਾਂ 8 ਕਰੋੜ 40 ਲੱਖ ਸਾਲ ਇਕ ਚੱਕਰ ਨੂੰ ਲਗ ਜਾਂਦੇ ਹਨ। ਇਹੋ ਜਿਹਾ ਚੱਕਰ ਹਉਮੈ ਦੇ ਤੱਤ ਨੇ ਇਸ ਜੀਵ ਦੇ ਗਲ ਪਾਇਆ ਹੈ ਕਿ ਇਸ ਨੂੰ 84 ਲੱਖ ਜੂਨਾਂ ਦੇ ਚੱਕਰ ਵਿਚੋਂ ਨਿਕਲ ਕੇ ਮਨੁੱਖ ਜੂਨੀ ਪ੍ਰਾਪਤ ਕਰਨੀ ਅਤੇ ਮਨੁੱਖ ਜੂਨੀ ਵਿਚ ਕਰਮ, ਉਪਾਸ਼ਨਾ, ਗਿਆਨ ਰਾਹੀਂ ਆਪਣੇ ਅੰਤਿਮ ਧੇਅ ਦੀ ਪ੍ਰਾਪਤੀ ਕਰਨੀ, ਇਸ ਮਾਨਸ ਜਨਮ ਵਿਚ ਹੀ ਹੋ ਸਕਦੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਸ ਜੀਵ ਨੂੰ ਬੰਧਨਾਂ ਵਿਚ ਬੰਧਨ ਵਾਲੇ ਸ਼ਿਕਾਰੀ ਬਹੁਤ ਹੀ ਹਨ, ਜਿਨ੍ਹਾਂ ਬਾਰੇ ਵੇਰਵੇ ਸਹਿਤ ਪਹਿਲੇ ਦੀਵਾਨਾਂ ਵਿਚ ਬੇਨਤੀ ਕੀਤੀ ਜਾ ਚੁਕੀ ਹੈ। ਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ ਇਹ ਜੀਵ ਜਿਹੜਾ ਹੈ ਇਹ ਆਪਣੀ ਤਾਕਤ ਨਾਲ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਸ਼ਿਕਾਰੀਆਂ ਤੋਂ ਨਹੀਂ ਬਚ ਸਕਦਾ, ਇਹ ਤਾਂ ਇਕ ਵਾਹਿਗੁਰੂ ਜੀ ਦੀ ਆਸ ਹੈ ਕਿ ਉਹ ਕ੍ਰਿਪਾ ਕਰਨ ਆਪਣੀ ਰਹਿਮਤ ਕਰਕੇ ਸਮਰੱਥ ਗੁਰੂ ਦਾ ਮਿਲਾਪ ਕਰਾ ਦੇਣ ਜਿਸ ਦੀ ਮਦਦ ਨਾਲ ਇਹ ਹਰਨਾ ਦੁਬਲਾ ਚਿੱਕੜ ਵਿਚੋਂ ਨਿਕਲ ਸਕੇ –

*ਕਬੀਰ ਹਰਨਾ ਦੂਬਲਾ*
*ਇਹੁ ਹਰੀਆਰਾ ਤਾਲੁ॥*
*ਲਾਖ ਅਹੇਰੀ ਏਕੁ ਜੀਉ*
*ਕੇਤਾ ਬੰਚਉ ਕਾਲੁ॥ ਪੰਨਾ – 1363*

ਇਹ ਜੀਵ ਦੁਬਲਾ (ਕਮਜ਼ੋਰ) ਹੋਣ ਕਰਕੇ ਕਿਸੇ ਸ਼ਿਕਾਰੀ ਦਾ ਵੀ ਮੁਕਾਬਲਾ ਨਹੀਂ ਕਰ ਸਕਦਾ, ਇਹ ਨੂੰ ਸਾਰੇ ਸ਼ਿਕਾਰੀ ਹੀ ਦੱਬ ਲੈਂਦੇ ਹਨ। ਜੇ ਇਕ-ਇਕ ਦੀ ਗੱਲ ਕਰੀਏ ਤਾਂ ਕਿੱਡੇ-ਕਿੱਡੇ ਸ਼ਿਕਾਰੀ ਨੇ। ਇਕ-ਇਕ ਦੀ ਗੱਲ ਹੀ ਤੁਸੀਂ ਲੈ ਲਓ, ਤਾਂ ਵੀ ਹੈਰਾਨ ਹੋ ਜਾਈਦਾ ਹੈ ਕਿ ਐਨੀ ਤਾਕਤ ਦੇ ਮਾਲਕ ਇਹ ਸ਼ਿਕਾਰੀ ਹਨ। ਇਨ੍ਹਾਂ ਦੇ ਮੁਕਾਬਲੇ ਉਪਰ ਇਹ ਜੀਵ ਕੀ ਕਰ ਸਕਦਾ ਹੈ, ਜੀਵ ਕੀ ਕਰੇਗਾ ਵਿਚਾਰਾ। ਤਾਂ ਫੇਰ ਇਹਦਾ ਮਤਲਬ ਹੈ ਕਿ ਜੀਵ ਤਾਂ ਇਨ੍ਹਾਂ ਦੇ ਸਾਮ੍ਹਣੇ ਕੁਝ ਵੀ ਨਹੀਂ ਕਰ ਸਕਦਾ। ਇਸ ਗੱਲ ਨੂੰ ਸਮਝੋ। ਬਹੁਤ ਹੀ ਬਲੀ ਪੰਜ ਚੋਰ – ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਇਸਨੂੰ ਘੇਰ ਕੇ ਰਖਦੇ ਹਨ। ਇਕੱਲੇ ਕਾਮ ਦੀ ਹੀ ਤਾਕਤ ਜੇ ਅਸੀਂ ਦੇਖੀਏ। ਜਦੋਂ ਅਸੀਂ ਪੂਰਬਲੀਆਂ ਕਥਾਵਾਂ ਪੜ੍ਹਦੇ ਹਾਂ ਤਾਂ ਪਤਾ ਲਗਦਾ ਹੈ ਕਿ ਮਹਾਂਰਿਸ਼ੀ, ਦੇਵਤੇ, ਤਿੰਨ ਮੁੱਖ ਦੇਵਤਾ, ਬ੍ਰਹਮਾ ਜੀ ਆਦਿ ਕਿਸ ਤਰ੍ਹਾਂ ਇਨ੍ਹਾਂ ਦੇ ਕਾਬੂ ਆਏ। ਅੱਜ ਜੋ ਆਪਾਂ ਗੱਲ ਕਰ ਸਕਦੇ ਹਾਂ ਉਹ ਪੁਰਾਣੀਆਂ ਲਿਖੀਆਂ ਹੋਈਆਂ ਪੁਸਤਕਾਂ

ਦੇ ਆਧਾਰ ਤੇ ਹੀ ਕਰ ਸਕਦੇ ਹਾਂ। ਉਨ੍ਹਾਂ ਵਿਚ ਇਸ ਤਰ੍ਹਾਂ ਆਉਂਦਾ ਹੈ ਕਿ ਬ੍ਰਹਮਾ ਜੀ ਦੀ ਲੜਕੀ ਬਹੁਤ ਹੀ ਸੁੰਦਰ ਰੂਪ ਵਿਚ ਸਭਾ ਵਿਚ ਆਈ, ਬ੍ਰਹਮਾ ਨੇ ਆਪਣੀ ਲੜਕੀ ਨੂੰ ਦੇਖਿਆ ਤਾਂ ਉਹ ਮੋਹਿਤ ਹੋ ਗਿਆ। ਉਹ ਲੜਕੀ ਬ੍ਰਹਮਾ ਜੀ ਦੀ ਅਜਿਹੀ ਨਿਗ੍ਹਾ ਦੇਖ ਕੇ ਇਕ ਪਾਸੇ ਹੋ ਗਈ, ਬ੍ਰਹਮਾ ਜੀ ਨੇ ਦੂਸਰੇ ਮੁੱਖ ਦੇ ਨੇਤਰਾਂ ਨਾਲ ਉਸ ਨੂੰ ਦੇਖਣਾ ਸ਼ੁਰੂ ਕਰ ਦਿਤਾ, ਲੜਕੀ ਤੀਸਰੇ ਪਾਸੇ ਹੋ ਗਈ ਤਾਂ ਇਸੇ ਤਰ੍ਹਾਂ ਚਉਥੇ ਪਾਸੇ ਹੋ ਗਈ ਤਾਂ ਉਸ ਨੇ ਚੌਥੇ ਮੁੱਖ ਨਾਲ ਦੇਖਣਾ ਸ਼ੁਰੂ ਕਰ ਦਿਤਾ। ਅਖੀਰ ਅਕਾਸ਼ ਵਲ ਨੂੰ ਉਡ ਗਈ ਤਾਂ ਬ੍ਰਹਮਾ ਜੀ ਨੇ ਨਵਾਂ ਮੁੱਖ ਪੈਦਾ ਕਰਕੇ ਅਸਮਾਨ ਵਲ ਨੂੰ ਦੇਖਣਾ ਸ਼ੁਰੂ ਕਰ ਦਿਤਾ। ਸ਼ਿਵ ਜੀ ਇਸ ਸਾਰੀ ਖੇਲ੍ਹ ਨੂੰ ਦੇਖ ਰਹੇ ਸਨ, ਉਨ੍ਹਾਂ ਨੇ ਆਪਣੇ ਤ੍ਰਿਸ਼ੂਲ ਦੇ ਨਾਲ ਬ੍ਰਹਮਾ ਦਾ ਪੰਜਵਾਂ ਸੀਸ ਕੱਟ ਦਿਤਾ। ਜੋ ਇਨ੍ਹਾਂ ਦੀ ਹਥੇਲੀ ਦੇ ਨਾਲ ਚਿੰਬੜ ਗਿਆ। ਇਸ ਕਪਾਲ ਨੂੰ ਹੱਥ ਨਾਲੋਂ ਲਾਹੁਣ ਲਈ ਬਹੁਤ ਜਤਨ ਕੀਤੇ। ਸਾਰਾ ਸੀਸ ਰਗੜ ਦਿਤਾ ਗਿਆ ਪਰ ਉਸ ਦਾ ਦਾਗ ਹੱਥ ਤੋਂ ਨਹੀਂ ਲਹਿੰਦਾ, ਕੁਝ ਖੋਪੜੀ ਦੇ ਅੰਸ ਐਨੇ ਗਹਿਰੇ ਚਿੰਬੜ ਗਏ ਕਿ ਉਹ ਹੱਥ ਦਾ ਹਿੱਸਾ ਹੀ ਬਣ ਗਏ। ਸ਼ਿਵ ਜੀ ਜਦੋਂ ਕਪਾਲ ਮੋਚਨ ਦੇ ਤੀਰਥ ਤੇ ਆਉਂਦੇ ਹਨ ਉਥੇ ਆ ਕੇ ਉਨ੍ਹਾਂ ਨੇ ਆਪਣੀ ਹਥੇਲੀ ਇਸ ਤੀਰਥ ਦੇ ਪਵਿੱਤਰ ਜਲ ਨਾਲ ਧੋਤੀ ਤਾਂ ਇਸ ਖੋਪਰੀ ਦਾ ਨਿਸ਼ਾਨ ਹੱਥ ਤੋਂ ਲਹਿਆ। ਬਾਣੀ ਵਿਚ ਵੀ ਇਸ ਕਥਾ ਦੇ ਸਬੰਧ ਵਿਚ ਫੁਰਮਾਨ ਆਉਂਦਾ ਹੈ –

*ਅਨਿਕ ਪਾਤਿਕ ਹਰਤਾ*
*ਤ੍ਰਿਭਵਣ ਨਾਥੁ ਰੀ*
*ਤੀਰਥਿ ਤੀਰਥਿ ਭ੍ਰਮਤਾ*
*ਲਹੈ ਨ ਪਾਰੁ ਰੀ॥*
*ਕਰਮ ਕਰਿ ਕਪਾਲੁ ਮਫੀਟਸਿ ਰੀ॥*

*ਪੰਨਾ – 695*

ਇਸੇ ਤਰ੍ਹਾਂ ਨਾਲ ਸ਼ਿਵ ਜੀ ਮਹਾਰਾਜ ਅਤੇ ਵਿਸ਼ਨੂੰ ਜੀ ਬਾਰੇ ਕਥਾਵਾਂ ਆਉਂਦੀਆਂ ਹਨ। ਇਹ ਤਾਂ ਦੇਵਤਿਆਂ ਦਾ ਇਤਿਹਾਸ ਹੈ ਨਾ, ਅਸਾਡੇ ਇਤਿਹਾਸ ਵਿਚ ਵੀ ਐਸੇ ਜ਼ਿਕਰ ਆਉਂਦੇ ਹਨ ਕਿ ਅਲਾਉਦੀਨ ਨੇ ਰਾਜਾ ਭੀਮ ਸਿੰਘ ਦੀ ਪਤੀਵਰਤਾ ਤੇ ਪਦਮਨੀ ਰਾਣੀ ਨੂੰ ਹਾਸਲ ਕਰਨ ਲਈ ਹਜ਼ਾਰਾਂ ਬੰਦੇ ਯੁੱਧ ਵਿਚ ਮਰਵਾਏ। ਪਦਮਨੀ ਰਸਮੇਂ ਜੌਹਰ ਕਰਕੇ ਅੱਗ ਵਿਚ ਸੜ ਕੇ ਮਰ ਗਈ ਪਰ ਇਸ ਦੇ ਹੱਥ ਕੁਝ ਨਾ ਆਇਆ। ਇਸ ਰਾਜੇ ਨੇ ਨਾ ਆਪਣੇ ਰਾਜ ਦੀ ਲਾਜ ਰੱਖੀ, ਨਾ ਆਪਣਾ ਨਿਜੀ character (ਆਚਰਣ) ਕਾਇਮ ਰੱਖਿਆ। ਪਸ਼ੂਆਂ ਵਾਲਾ ਕੰਮ ਕੀਤਾ। ਇਸੇ ਤਰ੍ਹਾਂ ਨਾਲ ਕਈ ਕੁ ਰਾਜਿਆਂ ਦੀਆਂ ਕਥਾਵਾਂ ਆਉਂਦੀਆਂ ਹਨ।

ਹੁਣ ਥੋੜ੍ਹੇ ਦਿਨ ਪਹਿਲਾਂ ਹੀ ਅਖਬਾਰ ਵਿਚ ਪੜ੍ਹਿਆ ਸੀ ਕਿ ਇਕ ਲੜਕੀ ਆਪਣੇ ਮਿਤਰ ਨਾਲ ਜਾਣ ਲਈ, ਆਪਣਾ ਰਸਤਾ ਸਾਫ ਕਰਨ ਵਾਸਤੇ ਜ਼ਹਿਰ ਦੇ ਕੇ ਆਪਣੇ ਮਾਂ-ਬਾਪ, ਭਰਾ ਸਾਰੇ ਪਰਿਵਾਰ ਨੂੰ ਮਾਰ ਦਿੰਦੀ ਹੈ। ਸੋ ਇਕ ਚੋਰ ਵਿਚ ਹੀ ਐਨੀ ਤਾਕਤ ਹੈ ਫੇਰ ਜੀਵ ਕਿਵੇਂ ਬਚੇ? ਕ੍ਰੋਧ ਵਿਚ ਆਦਮੀ ਨੂੰ ਕੁਝ ਵੀ ਨਹੀਂ ਸੁਝਦਾ। ਚੰਗੇ ਮਾੜੇ ਦੀ ਪਰਖ ਉਸ ਵਿਚੋਂ ਅਲੋਪ ਹੋ ਜਾਂਦੀ ਹੈ, ਕ੍ਰੋਧ ਦੇ ਵਸ ਵਿਚ ਆਇਆ ਬੇਮਤਲਬੇ ਜੁੱਧ ਕਰਕੇ ਹਜ਼ਾਰਾਂ ਬੰਦਿਆਂ ਨੂੰ ਮਾਰ ਦਿੰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਓਨਾ ਪਾਸਿ ਦੁਆਸਿ ਨ ਭਿਟੀਐ*
*ਜਿਨ ਅੰਤਰਿ ਕ੍ਰੋਧੁ ਚੰਡਾਲ॥*

*ਪੰਨਾ – 40*

ਸੋ ਇਸ ਤਰ੍ਹਾਂ ਨਾਲ ਵੱਡੇ-ਵੱਡੇ ਦੇਵਤਿਆਂ ਤੋਂ ਲੈ ਕੇ ਛੋਟੇ ਤੋਂ ਛੋਟੇ ਜੀਵ ਉਪਰ ਕਾਮ ਤੇ ਕ੍ਰੋਧ ਦਾ ਅਸਰ ਕਿੰਨਾ ਪ੍ਰਬਲ ਹੁੰਦਾ ਹੈ। ਹਾਥੀ ਕਾਫੀ ਸਿਆਣਾ ਪਸ਼ੂ ਹੈ ਪਰ ਜਦੋਂ ਕਾਗਜ਼ਾਂ ਦੀ ਹੱਥਣੀ ਨੂੰ ਦੇਖਦਾ ਹੈ ਤਾਂ ਕਾਮ ਦੇ ਵਿਚ ਅੰਨਾ ਹੋਇਆ ਡੂੰਘੇ ਘਾਹ ਫੂਸ ਨਾਲ ਢਕੇ ਖੱਡੇ ਵਿਚ ਗਿਰ ਕੇ ਸਾਰੀ ਜ਼ਿੰਦਗੀ ਆਦਮੀ ਦੀ ਗੁਲਾਮੀ ਕਰਦਾ ਹੈ। ਲੋਭ ਵਿਚ ਕੋਈ ਅਸੂਲ ਕਾਇਮ ਨਹੀਂ ਰਹਿੰਦਾ। ਬਾਣੀ ਵਿਚ ਫੁਰਮਾਨ ਆਉਂਦਾ ਹੈ –

*ਲੋਭੀ ਕਾ ਵੇਸਾਹੁ ਨ ਕੀਜੈ*
*ਜੇ ਕਾ ਪਾਰਿ ਵਸਾਇ॥*
*ਅੰਤਿ ਕਾਲਿ ਤਿਥੈ ਧੁਹੈ*
*ਜਿਥੈ ਹਥੁ ਨ ਪਾਇ॥*
*ਮਨਮੁਖ ਸੇਤੀ ਸੰਗੁ ਕਰੇ*
*ਮੁਹਿ ਕਾਲਖ ਦਾਗੁ ਲਗਾਇ॥*
*ਮੁਹ ਕਾਲੇ ਤਿਨ ਲੋਭੀਆਂ*
*ਜਾਸਨਿ ਜਨਮੁ ਗਵਾਇ॥*
*ਸਤਸੰਗਤਿ ਹਰਿ ਮੇਲਿ ਪ੍ਰਭ*
*ਹਰਿ ਨਾਮੁ ਵਸੈ ਮਨਿ ਆਇ॥*
*ਜਨਮ ਮਰਨ ਕੀ ਮਲੁ ਉਤਰੈ*
*ਜਨ ਨਾਨਕ ਹਰਿ ਗੁਨ ਗਾਇ॥*

*ਪੰਨਾ – 1417*

*ਜਿਉ ਕੂਕਰ ਹਰਕਾਇਆ*
*ਧਾਵੈ ਦਹ ਦਿਸ ਜਾਇ॥*
*ਲੋਭੀ ਜੰਤੁ ਨ ਜਾਣਈ*
*ਭਖੁ ਅਭਖੁ ਸਭ ਖਾਇ॥* *ਪੰਨਾ- 50*

ਇਸ ਦੇ ਬਾਰੇ ਇਕ ਕਥਾ ਆਉਂਦੀ ਹੈ ਕਿ ਚਾਰ ਮਿਤਰ ਕਿਸੇ ਦੂਰ ਦੀ ਯਾਤਰਾ ਨੂੰ ਜਾ ਰਹੇ ਸਨ। ਉਨ੍ਹਾਂ ਨੇ ਚਲਦਿਆਂ-ਚਲਦਿਆਂ ਜੰਗਲ ਵਿਚ ਦੇਖਿਆ ਕਿ ਸੋਨੇ ਦੀ ਮੋਹਰਾਂ ਦੀ ਥੈਲੀ ਪਈ ਹੈ, ਥੈਲੀ ਕਾਫੀ ਭਾਰੀ ਸੀ, ਸਲਾਹ ਕਰੀ ਕਿ ਆਪਾਂ ਚਾਰ ਹਿੱਸੇ ਕਰ ਲਈਏ। ਰਸਤੇ ਤੋਂ ਹਟ ਕੇ ਦਰਖਤਾਂ ਦੀ ਝਿੜੀ ਵਿਚ ਬੈਠ ਗਏ। ਉਥੇ ਵਿਚਾਰ ਕੀਤੀ ਕਿ ਪਹਿਲਾਂ ਕੁਛ ਖਾ ਲਈਏ। ਦੋ ਬੰਦਿਆਂ ਨੂੰ ਨਗਰ ਵਿਚ ਪ੍ਰਸ਼ਾਦਾ ਲੈਣ ਲਈ ਭੇਜ ਦਿਤਾ ਅਤੇ ਦੋ ਥੈਲੀ ਦੀ ਰਾਖੀ ਬੈਠ ਗਏ।

ਜਿਹੜੇ ਨਗਰ ਵਿਚ ਗਏ ਸਨ ਉਨ੍ਹਾਂ ਦੇ ਮਨ ਵਿਚ ਆ ਗਈ ਕਿ ਆਪਾਂ ਦੋਨੋਂ ਹੀ ਥੈਲੀ ਵੰਡ ਲਈਏ। ਆਪਾਂ ਖਾਣਾ ਖਾ ਲੈਂਦੇ ਹਾਂ ਅਤੇ ਉਨ੍ਹਾਂ ਦੇ ਖਾਣੇ ਵਿਚ ਜ਼ਹਿਰ ਮਿਲਾ ਦਿੰਦੇ ਹਾਂ। ਇਧਰ ਜਿਹੜੇ ਥੈਲੀ ਦੀ ਰਾਖੀ ਬੈਠੇ ਸੀ ਉਨ੍ਹਾਂ ਦੇ ਮਨ ਵਿਚ ਆਇਆ ਕਿ ਜਦੋਂ ਉਹ ਖਾਣਾ ਲੈ ਕੇ ਆਉਣ ਤਾਂ ਉਨ੍ਹਾਂ ਨੂੰ ਤਲਵਾਰ ਨਾਲ ਵੱਢ ਦੇਈਏ। ਇਸੇ ਤਰ੍ਹਾਂ ਹੋਇਆ ਜਦੋਂ ਉਹ ਖਾਣਾ ਰੱਖਣ ਲਈ ਕੌਡੇ ਹੋਏ ਤਾਂ ਉਨ੍ਹਾਂ ਦੇ ਤਲਵਾਰ ਨਾਲ ਸੀਸ ਵੱਢ ਦਿਤੇ ਅਤੇ ਆਪ ਥੈਲੀ ਚੁਕ ਕੇ ਥੋੜ੍ਹੀ ਦੂਰ ਚਲੇ ਗਏ। ਜਦੋਂ ਖਾਣਾ ਮੂੰਹ ਵਿਚ ਪਾਇਆ ਤਾਂ ਜ਼ਹਿਰ ਐਨੀ ਤੇਜ਼ ਸੀ ਕਿ ਇਕ ਦਮ ਦਿਮਾਗ ਨੂੰ ਚੜ੍ਹ ਗਈ। ਥੈਲੀ ਉਥੇ ਹੀ ਪਈ ਰਹੀ ਅਤੇ ਉਹ ਚਾਰੇ ਮਿਤਰ ਲੋਭ ਦੇ ਵਸ ਆਏ ਹੋਏ ਪ੍ਰਲੋਕ ਸੁਧਾਰ ਗਏ। ਇਸ ਤਰ੍ਹਾਂ ਲੋਭ ਦੇ ਵਸ ਆਏ ਹੋਏ, ਆਪਣੇ ਪਿਆਰਿਆਂ ਦੀ ਹੱਤਿਆ ਕਰ ਦਿੰਦੇ ਹਨ। ਇਨ੍ਹਾਂ ਤੋਂ ਵੀ ਸ਼ਕਤੀਸ਼ਾਲੀ ਮੋਹ ਹੈ ਅਤੇ ਮੋਹ ਦੇ ਵਸ ਪਿਆ ਹੋਇਆ ਬੰਦਾ ਬਾਰ-ਬਾਰ ਉਸੇ ਥਾਂ ਜੰਮਦਾ ਹੈ ਉਸੇ ਥਾਂ ਮਰਦਾ ਹੈ। ਮਹਾਂਪੁਰਸ਼ ਇਸ ਆਸ਼ੇ ਨੂੰ ਸਪਸ਼ਟ ਕਰਨ ਲਈ ਇਕ ਕਹਾਣੀ ਸੁਣਾਇਆ ਕਰਦੇ ਹਨ ਕਿ ਇਕ ਵਾਰੀ ਇਕ ਮਹਾਤਮਾ ਜਾ ਰਹੇ ਸਨ ਤਾਂ ਇਕ ਕਿਸਾਨ ਨੇ ਸਾਧੂ ਦੇਖੇ ਤਾਂ ਅਵਾਜ਼ ਮਾਰੀ ਕਿ ਮਹਾਂਪੁਰਸ਼ੋ! ਹੁਣੇ-ਹੁਣੇ ਤਾਜ਼ੇ ਮਿੱਸੇ ਪ੍ਰਸ਼ਾਦੇ ਮੱਖਣ ਤੇ ਖੱਟੀ ਲੱਸੀ ਨਾਲ ਆਏ ਹਨ, ਹਾਜ਼ਰੀ ਹੈ, ਥੋੜ੍ਹੀਆਂ-ਥੋੜ੍ਹੀਆਂ ਗਰਾਹੀਆਂ ਛਕ ਜਾਓ ਤਾਂ ਕਿ ਆਪਣਾ ਪੈਂਡਾ ਕਰ ਸਕੋ। ਮਹਾਤਮਾ ਉਥੇ ਨਾਲ ਵਗਦੇ ਖੂਹ ਤੇ ਰਮਣੀਕ ਸਥਾਨ ਦੇਖ ਕੇ ਰੁਕ ਜਾਂਦੇ ਹਨ। ਉਸ ਕਿਸਾਨ ਨੇ ਬਹੁਤ ਪਿਆਰ ਨਾਲ ਪ੍ਰਸ਼ਾਦਾ ਛਕਾਇਆ। ਮਹਾਤਮਾ ਨੇ ਵਿਚਰਿਆ ਕਿ ਇਸ ਨੂੰ ਕੋਈ ਉਤਮ ਚੀਜ਼ ਦੇਈਏ। ਕਹਿਣ ਲੱਗੇ ਕਿ ਬਜ਼ੁਰਗਾ! ਤੇਰੀ ਮੁਕਤੀ ਕਰ ਦੇਈਏ? ਤਾਂ ਉਹ ਨਰਾਜ਼ ਹੋ ਗਿਆ ਤੇ ਕਹਿਣ ਲੱਗਿਆ ਕਿ ਮੈਂ ਤਾਂ ਤੁਹਾਨੂੰ ਸਾਧੂ ਜਾਣ ਕੇ ਪ੍ਰਸ਼ਾਦੇ ਛਕਾਏ ਨੇ, ਇਸ ਵਿਚ ਮੈਂ ਕਿਹੜਾ ਕਸੂਰ ਕਰ ਦਿਤਾ ਜਿਸ ਨਾਲ ਤੁਸੀਂ ਮੇਰੀ ਮੁਕਤੀ ਕਰਨ ਲੱਗੇ ਓਂ। ਉਸ ਨੇ ਸਮਝਿਆ ਕਿ ਮੁਕਤੀ ਮਰਨ ਨੂੰ ਕਹਿੰਦੇ ਹਨ। ਕਹਿਣ ਲੱਗਿਆ ਕਿ ਇਕ ਤਾਂ ਮੈਂ ਤੁਹਾਨੂੰ ਪ੍ਰਸ਼ਾਦਾ ਛਕਾਇਆ ਦੂਜਾ ਤੁਸੀਂ ਮੈਨੂੰ ਮਾਰਨਾ ਚਾਹੁੰਦੇ ਹੋ। ਮਹਾਤਮਾ ਦੇ ਬਾਰ-ਬਾਰ ਕਹਿਣ ਤੇ ਜਦੋਂ ਉਸ ਨੇ ਨਾਂਹ ਹੀ ਕੀਤੀ ਤਾਂ ਮਹਾਤਮਾ ਉਥੋਂ ਚਲੇ ਗਏ। ਕਾਫੀ ਸਮੇਂ ਤੋਂ ਬਾਅਦ ਜਦੋਂ ਫੇਰ ਆਏ ਤਾਂ ਉਸ ਵੇਲੇ ਖੇਤ ਵਿਚ ਹੱਲ ਚਲ ਰਿਹਾ ਸੀ ਅਤੇ ਉਸ ਦਾ ਉਪਰਲਾ ਬਲਦ ਦੌੜ-ਦੌੜ ਕੇ ਹਲਾਈ ਬਗਲ ਰਿਹਾ ਸੀ, ਪੂਰਾ ਜ਼ੋਰ ਲਾ ਕੇ ਹੱਲ ਖਿੱਚ ਰਿਹਾ ਸੀ। ਮਹਾਤਮਾ ਨੇ ਉਸ ਬਜ਼ੁਰਗ ਬਾਰੇ ਪੁਛਿਆ ਤਾਂ ਪਤਾ ਲੱਗਿਆ ਉਹ ਚੜ੍ਹਾਈ ਕਰ ਗਿਆ। ਆਪ ਨੇ ਅੰਤਰ ਧਿਆਨ ਹੋ ਕੇ ਦੇਖਿਆ ਉਹ ਬਜ਼ੁਰਗ ਹੀ ਇਹ ਬੈਲ ਬਣਿਆ ਹੋਇਆ ਸੀ। ਮਹਾਤਮਾ ਨੇ ਹੱਲ ਰੁਕਵਾ ਲਿਆ ਅਤੇ ਕਿਹਾ ਕਿ ਪ੍ਰੇਮੀਆਂ! ਅਸੀਂ ਇਸ ਬੈਲ ਨਾਲ ਗੱਲ ਕਰਨੀ ਹੈ। ਤਾਂ ਆਪ ਨੇ ਆਪਣੀ ਸ਼ਕਤੀ ਵਰਤ ਕੇ ਬੈਲ ਨੂੰ ਪੁਛਿਆ ਕਿ ਹੁਣ ਤਾਂ ਤੂੰ ਬੈਲ ਬਣ ਗਿਆ ਹੁਣ ਤਾਂ ਮੁਕਤੀ ਕਰਾ ਲੈ? ਉਸ ਨੇ ਸਿਰ ਹਿਲਾ ਦਿਤਾ, ਕਹਿਣ ਲੱਗਿਆ ਕਿ ਜੇ ਮੈਂ ਮਰ ਗਿਆ ਤਾਂ ਮੇਰੇ ਬੱਚਿਆਂ ਨੂੰ ਹੋਰ ਬੈਲ ਲੈਣਾ ਪਵੇਗਾ। ਇਨ੍ਹਾਂ ਕੋਲ ਹੋਰ ਪੈਸੇ ਨਹੀਂ ਹਨ ਇਸ ਕਰਕੇ ਮੈਨੂੰ ਮੁਕਤੀ ਨਹੀਂ ਚਾਹੀਦੀ। ਉਸ ਤੋਂ ਬਾਦ ਉਹ ਕੁੱਤਾ ਬਣਿਆ ਬੈਠਾ ਹੈ ਫੇਰ ਪੁਛਿਆ ਤਾਂ ਕਹਿਣ ਲੱਗਿਆ ਕਿ ਮੈਂ ਹੁਣ ਇਨ੍ਹਾਂ ਦੇ ਘਰ ਦੀ ਰਾਖੀ ਕਰਦਾ ਹਾਂ। ਬੱਚੇ ਅਵੇਸਲੇ ਹੋ ਕੇ ਸੌਂ ਜਾਂਦੇ ਹਨ, ਜੇ ਮੈਂ ਨਾ ਰਿਹਾ ਤਾਂ ਚੋਰ ਇਨ੍ਹਾਂ ਦਾ ਸਾਰਾ ਘਰ ਚੋਰੀ ਕਰ ਲੈਣਗੇ। ਮਹਾਤਮਾ ਫੇਰ ਚਲੇ ਗਏ ਇਸ ਤਰ੍ਹਾਂ ਉਸ ਨੇ ਕਈ ਜੂਨਾਂ ਉਸ ਘਰ ਵਿਚ ਕੱਟੀਆਂ। ਅਖੀਰ ਗੰਦੀ ਨਾਲੀ ਦਾ ਕੀੜਾ ਬਣ ਕੇ ਪੋਤਰਿਆਂ ਨੂੰ ਖੇਡਦਿਆਂ ਨੂੰ ਦੇਖਦਾ ਰਹਿੰਦਾ ਹੈ। ਮਹਾਤਮਾ ਦੀ ਕ੍ਰਿਪਾ ਨਾਲ ਉਸ ਨੂੰ ਸਾਰੇ ਜਨਮਾਂ ਦੀ ਸੋਝੀ ਰਹੀ। ਤਾਂ ਉਸ ਵੇਲੇ ਮਹਾਤਮਾ ਨੇ ਇਸ ਘਰ ਵਿਚ ਆ ਕੇ ਦੇਖਿਆ ਕਿ ਗੰਦੀ ਨਾਲੀ ਦਾ ਕੀੜਾ ਬਣਿਆ ਬੇਪ੍ਰਵਾਗ ਹੈ। ਦਇਆ ਕਰਕੇ ਮਹਾਤਮਾ ਨੇ ਉਸ ਨੂੰ ਗੰਦੀ ਨਾਲੀ ਵਿਚੋਂ ਕੱਢ ਕੇ ਉਸ ਦੀ ਕਲਿਆਣ ਕਰ ਦਿਤੀ। ਸੋ ਮੋਹ ਦੀ ਇਕ ਮਿਸਾਲ ਹੈ, ਇਹ ਸਾਖੀ ਹੋਈ ਜਾਂ ਨਹੀਂ ਗੱਲ ਸਮਝਣ ਵਾਸਤੇ ਮਦਦ ਦਿੰਦੀ ਹੈ। ਹੋਰ ਅਨੇਕਾਂ ਰਾਜੇ ਹੋਏ ਹਨ ਜੋ ਮੋਹ ਵਿਚ ਆਏ ਆਪਣੇ ਸਬੰਧੀਆਂ ਦੇ ਵਿਛੋੜਿਆਂ ਨੂੰ ਨਾ ਸਹਾਰਦੇ ਹੋਏ ਆਪਣੀ ਜਾਨ ਦੇ ਬੈਠੇ। ਇਸ ਤਰ੍ਹਾਂ ਨਾਲ ਦੂਜੇ ਚੋਰਾਂ ਦੀ ਤਾਕਤ ਬਹੁਤ ਹੈ, ਕੀ ਕਰੇ ਇਹ ਜੀਵ ਵਿਚਾਰਾ। ਇਹ ਦੁਬਲਾ ਹਰਨ ਹਰਿਆਲੇ ਤਾਲ ਵਿਚੋਂ -

*ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥*
*ਇਹੁ ਤਨੁ ਲਹਰੀ ਗਡੁ ਥਿਆ*
*ਸਚੇ ਤੇਰੀ ਆਸ॥ ਪੰਨਾ-1384*

ਪਿਛਲੇ ਦੀਵਾਨ ਵਿਚ ਬਹੁਤ ਹੀ ਵਿਸਥਾਰ ਨਾਲ ਜੀਵ ਨੂੰ ਫਸਾਉਣ ਵਾਲੀਆਂ ਸ਼ਕਤੀਆਂ ਦੇ ਜ਼ਿਕਰ ਕੀਤੇ ਸੀ, ਸੋ ਸੰਖੇਪ ਵਿਚ ਹੁਣ ਫੇਰ ਜ਼ਿਕਰ ਕੀਤਾ ਜਾਂਦਾ ਹੈ।

ਵਾਹਿਗੁਰੂ ਜੀ ਸ਼ੁਧ ਚੇਤਨ ਸਤਾ, ਨਿਰਭਉ, ਨਿਰਵੈਰ, ਕਰਤਾ ਸਭ ਵਿਚ ਸਮਾਏ ਹੋਏ ਕਾਲ ਤੋਂ ਰਹਿਤ ਸਤਿ (being) ਸਭ ਤੋਂ ਵੱਡੇ ਸਦਾ ਹੀ ਇਕ ਰਸ ਰਹਿਣ ਵਾਲੇ ਜਿਸ ਵਿਚ ਕੋਈ ਵੀ ਬਦਲੀ ਨਾ ਹੋਵੇ, ਸੰਸਾਰ ਬਣਨ ਤੋਂ ਜੋ ਪਹਿਲਾਂ ਵੀ ਸਨ, time & space ਜਦੋਂ ਹੋਈ ਉਦੋਂ ਵੀ ਸਨ ਅਤੇ ਹੁਣ ਵੀ ਹਨ -

*ਭਣਤਿ ਨਾਨਕੁ ਜਬ ਖੇਲੁ*
*ਉਝਾਰੈ ਤਬ ਏਕੈ ਏਕੰਕਾਰਾ॥*
*ਪੰਨਾ - 999*

ਆਪ ਹੀ ਹੋਣਗੇ। ਪਰ ਸੰਸਾਰ ਦੀ ਰਚਨਾ ਆਪਣੇ ਆਪ ਤੋਂ ਆਪੇ ਹੀ ਰਚੀ, ਆਪੇ ਹੀ ਕਰਣ ਸ਼ਕਤੀ ਹਨ, ਆਪ ਹੀ ਕਾਰਣ ਸ਼ਕਤੀ ਹਨ, ਹੋਰ ਕੋਈ

ਵਾਧੂ ਚੀਜ਼, ਨਾ ਕੋਈ ਮਾਇਆ, ਨਾ ਕੋਈ ਛਾਇਆ, ਨਾ ਕੋਈ ਦੇਵ, ਨਾ ਕੋਈ ਦੈਤ; ਉਹ ਕੇਵਲ ਭਰਮ ਕਰਕੇ ਹਨ। ਅਸਲ ਵਿਚ ਵਾਹਿਗੁਰੂ ਜੀ ਨੇ ਹੀ ਆਪਣੇ ਆਪ ਤੋਂ ਖੇਲ੍ਹ ਰਚੀ, ਇਸ ਵਿਚ ਆਪਣੀ ਸਤਾ ਪ੍ਰਕ੍ਰਿਤੀ ਤੇ ਪ੍ਰਕਾਸ਼ਮਾਨ ਕੀਤੀ ਅਤੇ ਪ੍ਰਕ੍ਰਿਤੀ ਵਿਚ ਸੁਰਤ ਮਹਿਸੂਸ ਹੋਈ, ਜੋ ਹਰ ਆਦਮੀ ਦੇ ਅੰਦਰ ਆਪਣੀ-ਆਪਣੀ ਸਮਰਥਾ ਦੇ ਮੁਤਾਬਿਕ ਹੈ -

***ਜੈਸੀ ਮਤਿ ਦੇਇ ਤੈਸਾ ਪਰਗਾਸ॥***
***ਪਾਰਬ੍ਰਹਮ ਕਰਤਾ ਅਬਿਨਾਸ॥ ਪੰਨਾ-275***

ਇਸ ਵਿਚ ਵਾਹਿਗੁਰੂ ਜੀ ਦੀ ਜੋ ਸਤਾ ਪ੍ਰਕ੍ਰਿਤੀ ਤੇ ਪ੍ਰਤੀਬਿੰਬਤ ਹੋ ਕੇ ਖੇਲ੍ਹ ਕਰਨ ਲੱਗੀ, ਉਸ ਚੇਤਨ ਅੰਸ ਉਪਾਧੀ ਜੀਵ ਪਈ, ਜੀਵ ਦੀ ਹੋਸ਼ ਨੇ ਆਪਣਾ ਵਖਰਾਪਣ ਕਾਇਮ ਕਰ ਲਿਆ ਅਤੇ ਆਪਣੇ ਮੂਲ ਤੋਂ ਭੁਲਦਾ ਹੀ ਚਲਿਆ ਗਿਆ। ਐਨਾ ਭੁੱਲਿਆ ਕਿ ਸਤਿ, ਚਿਤ, ਅਨੰਦ ਦੀ ਅੰਸ ਹੁੰਦਾ ਹੋਇਆ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨਣ ਲੱਗ ਗਿਆ ਅਤੇ ਆਪ ਹੀ ਕਰਤਾ ਬਣ ਗਿਆ। ਕਰਤਾ ਭਾਵ ਆਉਣ ਦੇ ਨਾਲ ਇਹ ਪੂਰੀ ਤਰ੍ਹਾਂ ਵੱਖਰੇ ਬੰਧਨਾਂ ਵਿਚ ਜਕੜਿਆ ਗਿਆ। ਇਹ ਜੀਅ ਕੇ ਬੰਧਨ, ਪੂਰੇ ਸਤਿਗੁਰੂ ਦੇ ਦਿਤੇ ਹੋਏ ਉਪਦੇਸ਼ ਅਤੇ ਪੂਰਨ ਮਹਾਂਪੁਰਸ਼ਾਂ ਦੇ ਸਤਿਸੰਗ ਵਿਚ ਕੀਤੀ ਘਾਲ ਕਮਾਈ ਤੋਂ ਬਿਨਾਂ, ਕਿਸੇ ਹਾਲਤ ਵਿਚ ਨਹੀਂ ਟੁੱਟ ਸਕਦੇ। ਬੁੱਧੀ ਮੰਡਲ ਵਿਚ ਜੀਵ ਬਹੁਤ ਕੁਝ ਜਾਣ ਜਾਂਦਾ ਹੈ ਅਤੇ ਸੁਪਨ ਉਡਾਰੀਆਂ ਮਾਰਦਾ ਹੈ ਪਰ ਇਹਦਾ ਦੇਹ ਅਧਿਆਸ ਨਾ ਟੁਟਣ ਕਰਕੇ ਆਪਣੇ ਆਪ ਨੂੰ ਵੀ ਨਹੀਂ ਜਾਣਦਾ। ਕਾਰਨ ਇਹ ਹੈ ਕਿ ਬੇਅੰਤ ਬੰਧਨਾਂ ਨੇ ਇਸ ਨੂੰ ਜਕੜਿਆ ਹੋਇਆ ਹੈ ਉਨ੍ਹਾਂ ਬੰਧਨਾਂ ਨੂੰ ਆਪਣਾ ਹਿੱਸਾ ਗਿਣਦਾ ਹੈ। ਆਪ ਨਿਰੋਲ ਚੇਤਨ ਤੱਤ ਹੈ ਵਾਹਿਗੁਰੂ ਜੀ ਦੀ ਅੰਸ ਹੋਣ ਕਰਕੇ ਉਸਦਾ ਆਪਾ ਨਿਰਮਲ ਹੈ। ਸਾਗਰ ਅਤੇ ਸਾਗਰ ਦੀ ਬੂੰਦ ਵਾਂਗੂੰ, ਹੋਂਦ ਵਿਚ ਆਇਆ ਦਿਸਦਾ ਹੈ। ਦਰਅਸਲ ਹੈ ਇਹ ਸਾਗਰ ਦੀ ਬੂੰਦ ਹੀ ਅਤੇ ਉਸ ਦਾ ਰੂਪ ਹੀ। ਪਿਛਲੀ ਵਾਰੀ ਮੈਂ ਜ਼ਿਕਰ ਕੀਤਾ ਸੀ ਤੁਸੀਂ ਦੁਬਾਰਾ ਧਿਆਨ ਦੇ ਨਾਲ ਇਸ ਗੱਲ ਨੂੰ ਸਮਝਣ ਦਾ ਜਤਨ ਕਰੋ। ਜੇ ਮੈਂ ਇਕੱਲੇ-ਇਕੱਲੇ ਬੰਧਨ ਦੀ ਵਿਆਖਿਆ ਕਰਨ ਲਗਾ ਤਾਂ ਬਹੁਤ ਸਮਾਂ ਚਾਹੀਦਾ ਹੈ। ਤੁਹਾਡੀ ਸਟੇਜ ਦੇ ਦੋ ਹੋਰ ਦੀਵਾਨ ਬਾਕੀ ਰਹਿ ਗਏ ਹਨ ਇਸ ਕਰਕੇ ਮੈਂ ਇਸ ਦੀ ਪੂਰਨ ਰੂਪ ਵਿਚ ਵਿਆਖਿਆ ਵਿਚ ਨਹੀਂ ਪੈਂਦਾ ਕੇਵਲ ਯਾਦਦਾਸ਼ਤ ਲਈ ਕੁਝ ਕੁ ਦਾ ਜ਼ਿਕਰ ਕਰਦਾ ਹਾਂ ਕਿ ਫਾਹੀਵਾਲ ਕਿੰਨੇ ਹਨ। ਪਿਛਲੇ ਦੀਵਾਨਾਂ ਵਿਚ ਇਨ੍ਹਾਂ ਦੀ ਗਿਣਤੀ 281 ਕੀਤੀ ਸੀ। ਹੁਣ ਉਨ੍ਹਾਂ ਬੰਧਨਾਂ ਦਾ ਵੇਰਵਾ ਇਸ ਤਰ੍ਹਾਂ ਹੈ - ਜੀਵ ਨੂੰ ਤਿੰਨ ਸਰੀਰ ਸਥੂਲ, ਸੂਖਸ਼ਮ ਤੇ ਕਾਰਨ ਬੰਨਦੇ ਹਨ। ਹੇਠਾਂ ਸਫਰ ਲਈ ਉਹ ਪੰਜ ਕੋਸ਼ਾਂ ਵਿਚੋਂ ਉਤਰ ਕੇ ਆਪਣੇ ਆਪ ਨੂੰ ਦੇਹ ਸਮਝਣ ਲਗ ਗਿਆ ਹੈ। ਚਤੁਸ਼ਟਾ ਅੰਤਸ਼ਕਰਣ ਜਿਸ ਵਿਚ ਮਨ, ਚਿਤ, ਬੁੱਧ, ਮੈਂ ਭਾਵ ਵਿਦਮਾਨ ਰਹਿੰਦਾ ਹੈ। ਪੰਜ ਪ੍ਰਾਣ, ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ ਜਿਨ੍ਹਾਂ ਨੂੰ ਆਮ ਤੌਰ ਤੇ ਅਧਿਆਤਮੀ ਪੁਰਸ਼ ਅਗਿਆਨ ਇੰਦਰੇ ਹੀ ਕਿਹਾ ਕਰਦੇ ਹਨ, ਕਿਉਂਕਿ ਪੰਜ ਦਿਬਜ ਇੰਦਰਿਆਂ ਬਾਰੇ ਸਾਨੂੰ ਕੋਈ ਗਿਆਨ ਨਹੀਂ ਹੋਇਆ ਜੋ ਸਤਿ ਦੇ ਗਿਆਨ ਦੇ ਪ੍ਰਤੀਕ ਹਨ। ਪੰਜ ਸੂਖਮ ਭੂਤ- ਸ਼ਬਦ, ਸਪਰਸ਼, ਰੂਪ, ਰਸ, ਗੰਧ; ਪੰਜ ਸਥੂਲ ਭੂਤ ਅਕਾਸ਼, ਹਵਾ, ਅਗਨ, ਪਾਣੀ ਤੇ ਧਰਤੀ; 25 ਪ੍ਰਕ੍ਰਿਤੀਆਂ, ਪੰਜ ਚੋਰ, ਪੰਜ ਠੱਗ, ਪੰਜ ਕਿਸਮ ਦੇ ਅਭਿਮਾਨ, ਬੇਅੰਤ ਵਿਸ਼ੇ ਆਦਿ 281 ਦੇ ਕਰੀਬ ਗਿਣਿਆ ਸੀ। ਸ਼ੌਕ ਵਾਲੇ ਪ੍ਰੇਮੀ ਜਾਣ ਸਕਦੇ ਹਨ। ਇਨ੍ਹਾਂ ਸਾਰੀਆਂ ਗੁਪਤ ਵਾ-ਵਰੋਲੇ ਦੀਆਂ ਸ਼ਕਤੀਆਂ ਵਿਚ ਇਹ ਜੀਵ ਬੇਸੁੱਧ ਹੋਇਆ ਪਿਆ ਹੈ ਇਹ ਐਨਾ ਭੁੱਲ ਗਿਆ ਹੈ ਕਿ ਆਪਣੇ ਆਪ ਨੂੰ ਭੱਠ ਵਿਚ ਪਈ ਸੁਆਹ ਵਰਗਾ ਮਹਿਸੂਸ ਕਰਦਾ ਹੈ ਕਿਉਂਕਿ ਇਸ ਦੀ ਜੋ ਸੰਗਤ ਸੀ ਉਹ ਸ਼ਬਦ ਸੀ ਉਹ ਆਪਣੇ ਮੂਲ ਰੂਪ ਸਤਿ ਨਾਲੋਂ ਭੁੱਲ ਕੇ ਪ੍ਰਕ੍ਰਿਤੀ ਵਿਚ ਲਿਪਤ ਹੋ ਗਿਆ -

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਪਰਿ ਗਈ ਭੂਮਿ ਬਿਕਾਰ॥***
***ਬਿਨੁ ਸੰਗਤਿ ਇਉ ਮਾਂਨਈ***
***ਹੋਇ ਗਈ ਭਠ ਛਾਰ॥ ਪੰਨਾ- 1365***

ਇਨ੍ਹਾਂ ਬੰਧਨਾਂ ਦੇ ਹੁੰਦਿਆਂ ਹੋਇਆਂ ਜੀਵ ਦੀ ਕੀ ਤਾਕਤ ਹੈ ਕਿ ਇਨ੍ਹਾਂ ਵਿਚੋਂ ਨਿਕਲ ਜਾਵੇ ਅਤੇ ਆਪਣੇ ਅਸਲੀ ਸਰੂਪ ਨੂੰ ਪਛਾਣ ਸਕੇ। ਗੁਰੂ ਮਹਾਰਾਜ ਜੀ ਸੰਕੇਤ ਦਿੰਦੇ ਫੁਰਮਾਉਂਦੇ ਹਨ -

***ਮਨ ਤੂੰ ਜੋਤਿ ਸਰੂਪੁ ਹੈ***
***ਆਪਣਾ ਮੂਲੁ ਪਛਾਣੁ॥***
***ਮਨ ਹਰਿ ਜੀ ਤੇਰੈ ਨਾਲਿ ਹੈ***
***ਗੁਰਮਤੀ ਰੰਗੁ ਮਾਣੁ॥ ਪੰਨਾ-441***

ਜੀਵ ਦੀ ਹਾਲਤ ਬਹੁਤ ਤਰਸਯੋਗ ਹੈ ਇਹ ਆਪਣੀ ਪਰਮ ਉਚੀ ਪਦਵੀ ਤੋਂ ਗਿਰਨ ਕਰਕੇ ਬੇਸੁਧ ਹੋ ਗਿਆ ਹੈ, ਬੇਹੋਸ਼ੀ ਵਿਚ ਥੋੜ੍ਹੀ ਜਿਹੀ ਚੇਤਨਤਾ ਇਸ ਨੂੰ ਸੁਪਨਿਆਂ ਵਿਚ ਘੁਮਾ ਰਹੀ ਹੈ। ਸੁਪਨਿਆਂ ਨੂੰ ਵੇਖ ਕੇ ਦੁਖੀ ਹੋ ਰਿਹਾ ਹੈ, ਵਿਰਲਾਪ ਕਰਦਾ ਹੈ, ਸੁਣਨ ਵਾਲਾ ਕੋਈ ਵੀ ਨਹੀਂ ਹੈ -

***ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥***
***ਇਹੁ ਤਨੁ ਲਹਰੀ ਗਡੁ ਥਿਆ***
***ਸਚੇ ਤੇਰੀ ਆਸ॥ ਪੰਨਾ-1384***

ਹੁਣ ਇਕੋ ਆਸ ਹੈ ਜੇ ਇਹਦੇ ਹਿਰਦੇ ਵਿਚ ਉਤੰਪਨ ਹੋ ਜਾਵੇ ਤਾਂ ਵਾਹਿਗੁਰੂ ਜੋ ਸਦਾ ਹੀ ਦਇਆਲੂ ਤੇ ਕ੍ਰਿਪਾਲੂ ਹਨ ਅਤੇ ਆਪਣੀ ਅੰਸ ਨੂੰ ਸੰਭਾਲਦੇ ਹਨ ਉਹ ਕ੍ਰਿਪਾ ਕਰਕੇ ਕਿਸੇ ਪੂਰਨ, ਸਤ ਰੂਪ ਵਿਚ ਜਾਗੇ ਹੋਏ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਮਿਲਾ ਦਿੰਦੇ ਹਨ, ਜਿਨ੍ਹਾਂ ਦੀ ਸੰਗਤ ਦਾ ਫਲ ਇਸ ਨੂੰ

ਤਿੰਨ ਗੁਣਾਂ ਦੀ ਗਹਿਰੀ ਨੀਂਦ ਵਿਚੋਂ ਜਾਗਣ ਤੇ ਪ੍ਰਾਪਤ ਹੋਇਆ ਕਰਦਾ ਹੈ। ਨਹੀਂ ਤਾਂ ਜੀਵ ਸਦਾ ਹੀ ਭੁੱਲਿਆ ਰਹਿੰਦਾ ਹੈ, ਮਹਾਂਪੁਰਸ਼ ਕ੍ਰਿਪਾ ਕਰਕੇ ਨਸ਼ੇ ਦਾ ਵਿਰੋਧੀ ਟੀਕਾ ਲਾ ਦੇਣ ਜਿਸ ਨਾਲ ਇਸ ਦਾ ਨਸ਼ਾ ਉਤਰ ਜਾਵੇ ਜਿਸ ਨਸ਼ੇ ਨੂੰ ਗੁਰੂ ਮਹਾਰਾਜ ਜੀ ਨੇ ਬਿਖ ਦੀ ਸਮਾਨਤਾ ਦਿਤੀ ਹੈ ਅਤੇ ਉਸ ਬਿਖ ਵਿਚ ਹਉਮੈ ਅਤੇ ਮਾਇਆ ਦਾ ਤੱਤ ਪ੍ਰਦਾਨ ਹੋਣ ਕਰਕੇ ਖਰਬਾਂ-ਖਰਬਾਂ ਸਾਲ ਲੰਘਣ ਤੋਂ ਉਪਰੰਤ ਵੀ ਇਸ ਜੀਵ ਨੂੰ ਆਪਣੀ ਸੋਝੀ ਨਹੀਂ ਪੈਂਦੀ। ਇਹਦੇ ਅੱਗੇ ਇਹ ਮੁੱਢਲੀ ਸ਼ਰ੍ਹਾ (**self discipline**) (ਸਵੈ ਅਨੁਸ਼ਾਸ਼ਨ) ਸੀ ਪਰ ਇਹ ਉਨ੍ਹਾਂ ਸਵੈ ਅਨੁਸ਼ਾਸ਼ਨ ਦੀਆਂ ਹੱਦਾਂ ਵਿਚ ਘਿਰ ਗਿਆ ਨਾ ਤਾਂ ਹਿੰਮਤ ਕਰਕੇ ਕੋਈ ਇਸ ਆਪੇ ਦੀ ਸ੍ਵੈ ਸੇਹੇੜੀ ਕੈਦ ਦਸਦਾ ਹੀ ਹੈ, ਨਾ ਹੀ ਇਹ ਜੀਵ ਆਪਣੇ ਆਪ ਨਿਕਲਣ ਦਾ ਕੋਈ ਉਪਰਾਲਾ ਕਰਦਾ ਹੈ ਅਤੇ ਬੰਧਨਾਂ ਦੇ ਵਿਚ ਬੰਨ੍ਹਿਆ ਹੋਇਆ ਉਪਰਲੀਆਂ ਰੂਹਾਨੀ ਅਵਸਥਾਵਾਂ ਵਿਚ ਇਹ ਪ੍ਰਵੇਸ਼ ਨਹੀਂ ਕਰਦਾ, ਇਹ ਵੀ ਇਕ ਮਨੋਵਿਗਿਆਨਕ ਅਸਰ ਹੈ ਇਸੇ ਕਰਕੇ ਬਾਰ-ਬਾਰ ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ ਕਿ ਤੈਨੂੰ ਪੂਰਨ ਤੱਤ ਬੇਤੇ ਮਹਾਂਪੁਰਸ਼ ਜਗਾ ਦੇਣਗੇ ਅਤੇ ਤੇਰੇ ਮਨ ਵਿਚ ਪਿਆ ਹਨ੍ਹੇਰਾ ਦੂਰ ਕਰ ਦੇਣਗੇ, ਤੈਨੂੰ ਉਨ੍ਹਾਂ ਦਾ ਮਿਲਾਪ ਪੂਰਬਲੇ ਕਰਮਾਂ ਦੇ ਪੁੰਨਾਂ ਕਰਕੇ ਪ੍ਰਾਪਤ ਹੋਵੇਗਾ ਜਾਂ ਤੂੰ ਦਿਨ ਰਾਤ ਅਰਦਾਸ ਕਰ ਕਿ ਹੇ ਪ੍ਰਭੂ! ਮੈਨੂੰ ਉਨ੍ਹਾਂ ਪਿਆਰਿਆਂ ਦਾ ਮਿਲਾਪ ਕਰਾ ਜਿਹੜੇ ਮੇਰੀ ਤਰਸਯੋਗ ਹਾਲਤ ਦੇਖ ਕੇ ਮੈਨੂੰ ਇਸ ਦਲਦਲ ਵਿਚੋਂ ਕੱਢ ਲੈਣ ਅਤੇ ਮੈਂ ਵੀ ਅਟੱਲ ਪਦਵੀ ਨੂੰ ਪ੍ਰਾਪਤ ਹੋ ਜਾਵਾਂ। ਤੂੰ ਦਿਆਲੂ ਹੈਂ, ਤੂੰ ਛੋਟੇ ਜਿਹੇ ਬਾਲਕ ਧਰੂ ਨੂੰ ਇਹ ਪਦਵੀ ਬਖਸ਼ ਦਿਤੀ ਹੈ ਮੇਰੇ ਤੇ ਵੀ ਕ੍ਰਿਪਾ ਕਰ, ਫੁਰਮਾਨ ਆਉਂਦਾ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥*

*ਪੰਨਾ - 204*

ਐਸਾ ਵੀ ਫੁਰਮਾਨ ਆਉਂਦਾ ਹੈ -

*ਕਬਹੂ ਸਾਧਸੰਗਤਿ ਇਹੁ ਪਾਵੈ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ॥*
*ਅੰਤਰਿ ਹੋਇ ਗਿਆਨ ਪਰਗਾਸੁ॥*
*ਉਸੁ ਅਸਥਾਨ ਕਾ ਨਹੀ ਬਿਨਾਸੁ॥*
*ਮਨ ਤਨ ਨਾਮਿ ਰਤੇ ਇਕ ਰੰਗਿ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥*
*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ॥*
*ਨਾਨਕ ਪ੍ਰਭ ਕੈ ਸਦ ਕੁਰਬਾਨ॥*

*ਪੰਨਾ - 278*

ਸੋ ਸਾਧਸੰਗਤ ਜੀ, ਇਸ ਹਾਲਤ ਨੂੰ ਜੋ ਅਸਾਡੇ ਨਾਲ ਹੀ ਵਰਤ ਰਹੀ ਹੈ ਅਸੀਂ ਇਸ ਤੋਂ ਬਾਹਰ ਨਹੀਂ ਹਾਂ ਇਸ ਨੂੰ ਪੂਰੀ ਸੰਜੀਦਗੀ ਨਾਲ ਸਮਝਣ ਦਾ ਜਤਨ ਕਰੋ। ਸੋਚੋ ਕਿ ਜਨਮ ਮਰਨ ਵਿਚ ਮੈਨੂੰ ਦੁੱਖ ਹੈ, ਬਾਰ-ਬਾਰ ਮਾਂ ਦੇ ਗਰਭ ਵਿਚ ਪੁੱਠੇ ਲਟਕਦੇ ਹੋਂ, ਮਾਂ ਦੇ ਪੇਟ ਦੀ ਅਗਨ ਜਿਥੇ ਸਾਹ ਲੈਣਾ ਵੀ ਔਖਾ ਹੈ ਉਥੇ ਅਰਧ ਮੂਰਛਤ ਅਵਸਥਾ ਵਿਚ ਨਾਮ ਧੁਨ ਦੇ ਆਸਰੇ ਸਮਾਂ ਕੱਟਦੇ ਹੋਂ ਫੇਰ ਸੰਸਾਰ ਵਿਚ ਆ ਕੇ ਸਭ ਕੁਝ ਭੁੱਲ ਜਾਂਦੇ ਹਾਂ। ਮਹਾਂਪੁਰਸ਼ ਸਮਝਾਉਂਦੇ ਹਨ ਪਰ ਮਹਾਂਪੁਰਸ਼ਾਂ ਨੂੰ ਵੀ ਬੁਰਾ ਭਲਾ ਕਹਿੰਦਾ ਹੈ ਅਤੇ ਆਪ ਮਹਾਂਪੁਰਸ਼ਾਂ ਤੋਂ ਵੀ ਵੱਡਾ ਗਿਆਨੀ ਬਣਦਾ ਹੈ ਅਤੇ ਕਹਿੰਦਾ ਹੈ ਕਿ ਸਾਨੂੰ ਕਿਸੇ ਗਿਆਨ ਦੀ ਲੋੜ ਨਹੀਂ ਹੈ। ਇਹ ਸਭ ਦੋਸ਼ ਹਨ, ਅੰਤਸ਼ਕਰਣ ਦੀ ਮੈਲ ਦਾ ਨਤੀਜਾ ਹੈ। ਆਪ ਸਾਰਿਆਂ ਨੂੰ ਜੋ ਪਿਛਲੇ ਦੀਵਾਨਾਂ ਵਿਚ ਦਰਸ਼ਨ ਦਿੰਦੇ ਰਹੇ ਹੋ ਪਤਾ ਹੀ ਹੈ ਕਿ ਇਕ ਜੀਵਨ ਦੀ ਆਪਾਂ ਪੜਚੋਲ ਕਰ ਰਹੇ ਹਾਂ ਜਿਸ ਤੋਂ ਸਾਨੂੰ ਸੱਚ ਦਾ ਰਾਹ ਪ੍ਰਾਪਤ ਹੋਣਾ ਹੈ, ਉਹ ਸੰਖੇਪ ਵਿਚ ਇਸ ਤਰ੍ਹਾਂ ਹੈ ਕਿ ਇਕ ਗੁਰਸਿੱਖ ਭਾਈ ਭਗੀਰਥ ਜੋ ਗੁਰੂ ਨਾਨਕ ਪਾਤਸ਼ਾਹ ਵੇਲੇ ਪੂਰਨ ਅਵਸਥਾ ਦਾ ਪ੍ਰਵਾਨ ਗੁਰਸਿੱਖ ਸੀ। ਉਸ ਦਾ 20-22 ਸਾਲ ਦਾ ਪੁੱਤਰ ਭਾਈ ਤਿਲੋਕਾ ਜੋ ਬਚਪਨ ਤੋਂ ਹੀ ਸਿੱਧ ਅਵਸਥਾ ਦਾ ਗੁਰਮੁਖ ਸੀ ਜਿਸ ਨੇ ਆਤਮ ਤੱਤ ਨੂੰ ਸਾਖਸ਼ਾਤ ਕਰਕੇ ਆਪਣੇ ਪੰਜਾਂ ਭਰਮਾਂ ਦਾ ਨਾਸ਼ ਕਰ ਲਿਆ ਅਤੇ ਆਤਮਾ ਤੇ ਪ੍ਰਮਾਤਮਾ ਨੂੰ ਇਕ ਰੂਪ ਵਿਚ ਤਕਦਾ ਸੀ। ਗੁਰੂ ਵਿਚ ਹੀ ਪ੍ਰਮੇਸ਼ਰ ਦਾ ਸਰਗੁਣ ਸਰੂਪ ਅਨੁਭਵ ਕਰਦਾ ਸੀ ਜੋ ਬਿਲਕੁਲ ਸਤਿ ਤੇ ਅਧਾਰਿਤ ਹੈ ਜਿਵੇਂ ਕਿ ਫੁਰਮਾਨ ਹੈ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥*

*ਪੰਨਾ - 442*

ਇਹ ਬੱਚਾ ਪਰਮ ਬੀਤਰਾਗ ਅਵਸਥਾ ਦੇ ਮਹਾਂਪੁਰਸ਼ ਗੁਰਮੁਖ ਪਿਆਰੇ ਭਾਈ ਫਿਰਨਾ ਜੀ ਅਤੇ ਭਾਈ ਜੋਧ ਜੀ ਨੂੰ ਮਿਲਣ ਲਈ ਲੰਮੇ ਪੈਂਡੇ ਕਟਦਾ ਹੋਇਆ ਸੁਲਤਾਨਪੁਰ ਨੇੜਿਓਂ ਝਨਾਂ ਦੇ ਕੰਢੇ ਤੇ ਪੁਜਿਆ। ਇਕ ਰਮਣੀਕ ਵਣ ਦੇਖ ਕੇ ਆਪ ਦੇ ਹਿਰਦੇ ਵਿਚ ਐਸੀ ਧੂਹ ਪਈ ਕਿ ਇਸ ਸੁਹਾਵਣੇ ਵਣ ਵਿਚ ਬੈਠ ਕੇ ਪ੍ਰਭੂ ਨਾਲ ਇਕਮਿਕ ਹੋਇਆ ਜਾਵੇ, ਇਸ ਆਸ਼ੇ ਨੂੰ ਲੈ ਕੇ ਉਹ ਉਥੇ ਬੈਠ ਜਾਂਦਾ ਹੈ। ਇਸ ਤਪੇ ਦਾ ਇਕ ਛੋਟਾ ਰਾਜਾ ਜੋ ਬੜਾ ਗਠ ਹੈ, ਸੂਰਮਾ ਹੈ ਉਸਦੀ ਰਾਜਕੁਮਾਰੀ ਇਕਲੌਤਰੀ ਪੁਤਰੀ ਆਪਣੀਆਂ ਸਹੇਲੀਆਂ ਸਮੇਤ ਵਣ ਵਿਚ ਘੁੰਮ ਰਹੀ ਹੈ ਉਸ ਨੂੰ ਭੁਲੇਖਾ ਪਿਆ ਕਿ ਸ਼ਾਇਦ ਇਹ ਕੋਈ ਸ਼ੇਰ ਬੈਠਾ ਹੈ, ਉਸ ਨੇ ਬਿਨਾਂ ਸੋਚੇ ਸਮਝੇ ਬਾਣ ਮਾਰਿਆ। ਨਿਸ਼ਾਨੇ ਦੀ ਉਹ ਪੂਰੀ ਪੱਕੀ ਸੀ ਉਹ ਤੀਰ ਆ ਕੇ ਭਾਈ

ਤਿਲੋਕਾ ਜੀ ਦੀ ਵੱਖੀ ਵਿਚ ਲਗਦਾ ਹੈ। ਰਾਜਕੁਮਾਰੀ ਉਸ ਕੋਲ ਜਾਂਦੀ ਹੈ ਤਾਂ ਅੱਜ ਪਹਿਲਾ ਦਿਨ ਸੀ ਕਿ ਜਦੋਂ ਉਸ ਨੇ ਮਹਿਸੂਸ ਕੀਤਾ ਕਿ ਮੈਂ ਕੋਈ ਗਲਤ ਕੰਮ ਕੀਤਾ ਹੈ। ਭਾਈ ਤਿਲੋਕਾ ਜੀ ਦਾ ਸੁੰਦਰ ਸਰੀਰ, ਚੜ੍ਹਦੀ ਜਵਾਨੀ ਦਾ ਗਠਿਆ ਸਰੀਰ, ਪੂਰਨ ਸ਼ਾਂਤ ਚਿਹਰਾ ਦੇਖ ਕੇ ਉਹ ਅਚਾਨਕ ਖਿੱਚ ਖਾ ਗਈ, ਉਸ ਦੇ ਮਨ ਵਿਚ ਆਇਆ ਕਿ ਮੈਂ ਇਸ ਦਾ ਇਲਾਜ ਕਰਾਉਣਾ ਹੈ। ਸੋ ਪਾਲਕੀ ਵਿਚ ਪਾ ਕੇ ਆਪਣੇ ਘਰ ਲੈ ਜਾਂਦੀ ਹੈ, ਉਥੇ ਜਾ ਕੇ ਆਪਣੇ ਕਮਰੇ ਵਿਚ ਹੀ ਲਿਟਾ ਦਿੰਦੀ ਹੈ ਪਰ ਇਕ ਗੱਲ ਤੋਂ ਹੈਰਾਨ ਹੋ ਰਹੀ ਹੈ ਕਿ ਐਨੇ ਸੋਹਣੇ ਨਕਸ਼ਾ ਵਾਲਾ ਪੂਰੀ ਤਰ੍ਹਾਂ ਟਿਕਿਆ ਹੋਇਆ ਨੌਜੁਆਨ ਅੱਜ ਤਕ ਉਸਨੇ ਨਹੀਂ ਦੇਖਿਆ ਸੀ। ਕਈ ਦਿਨਾਂ ਤੋਂ ਪਿਛੋਂ ਭਾਈ ਤਿਲੋਕਾ ਜੀ ਨੇ ਲਗਾਤਾਰ ਇਲਾਜ ਹੋਣ ਉਪਰੰਤ ਮੁੱਖ ਖੋਲ੍ਹਿਆ ਤਾਂ ਬਹੁਤ ਹੀ ਪਿਆਰ ਨਾਲ ਸ਼ਬਦ ਉਚਾਰਨ ਹੋਇਆ, ਜੋ ਉਸ ਰਾਜਕੁਮਾਰੀ ਨੇ ਸੁਣਿਆ ਅਤੇ ਸਮਝਿਆ ਕਿ ਇਸ ਨੇ 'ਵਾਹਿਗੁਰੂ' ਸ਼ਬਦ ਉਚਾਰਿਆ ਹੈ। ਕੋਈ ਘਬਰਾਹਟ, ਕੋਈ ਪੀੜਾ ਦਾ ਦਰਦ ਉਸ ਨੇ ਮਹਿਸੂਸ ਨਹੀਂ ਕੀਤਾ ਅਤੇ ਨਾ ਹੀ ਆਪਣੇ ਚਿਹਰੇ ਦਾ ਖੇੜਾ ਦੁਖ ਦਰਦ ਵਿਚ ਬਦਲਿਆ ਹੈ। ਪਤਾ ਨਹੀਂ ਕੀ ਹੋਇਆ, ਰਾਜ ਕੁਮਾਰੀ ਇਕ ਦਮ ਪੂਰੀ ਤਰ੍ਹਾਂ ਨਾਲ ਉਸ ਨੌਜੁਆਨ ਵਲ ਖਿਚੀ ਗਈ। ਰਾਜ ਕੁਮਾਰੀ ਦੀ ਚੜ੍ਹਦੀ ਉਮਰ ਸੀ ਪਰ ਉਹ ਵਿਕਾਰਾਂ ਤੋਂ ਪੂਰੀ ਤਰ੍ਹਾਂ ਨਾਲ ਸੁਥਰੀ ਸੀ ਉਸ ਦੇ ਚਿਤ ਨੇ ਕੋਈ ਵਿਕਾਰ ਚਿਤਵਨਾ ਸਿਖਿਆ ਹੀ ਨਹੀਂ ਸੀ ਕਿਉਂਕਿ ਉਸ ਦੀ ਪਾਲਣਾ ਹੀ ਅਜਿਹੇ ਮਾਹੌਲ ਵਿਚ ਹੋਈ ਸੀ ਜਿਥੇ ਖੇੜਾ ਹੀ ਖੇੜਾ ਸੀ। ਭਾਈ ਤਿਲੋਕਾ ਜੀ ਨੇਤਰ ਖੋਲ੍ਹਦੇ ਹਨ, ਰਾਜਕੁਮਾਰੀ ਨੇ ਕਿਹਾ ਐ ਚੰਗੇ ਪੁਰਸ਼! ਮੈਂ ਤੁਹਾਨੂੰ ਮਾਰਿਆ ਹੈ, ਅੱਜ ਕਈ ਦਿਨਾਂ ਪਿਛੋਂ ਤੈਨੂੰ ਸੁਰਤ ਆਈ ਹੈ। ਮੈਂ ਕਹਿੰਦੀ ਹਾਂ ਕਿ ਮੈਂ ਉਹ ਕੰਮ ਕੀਤਾ ਹੈ ਜਿਸ ਨੂੰ ਪਾਪ ਕਿਹਾ ਜਾਂਦਾ ਹੈ, ਇਹ ਅੱਖਰ ਉਹ ਕੇਵਲ ਆਪਣੇ ਘਰ ਦੇ ਵਿਦਵਾਨ ਪੰਡਤ ਤੋਂ ਹੀ ਸੁਣਦੀ ਸੀ। ਭਾਈ ਤਿਲੋਕਾ ਜੀ ਨੇ ਸਹਿਜ ਨਾਲ ਉਤਰ ਦਿਤਾ ਕਿ ਬੀਬਾ! ਤੂੰ ਨਾ ਅਫਸੋਸ ਕਰ। ਮੇਰੇ ਗੁਰੂ ਮਹਾਰਾਜ ਦਸਦੇ ਹਨ ਕਿ ਕਿਸੇ ਨੂੰ ਦੋਸ਼ ਨਾ ਦੇਹ, ਇਹ ਤਾਂ ਤੇਰੇ ਆਪਣੇ ਹੀ ਕਰਮ ਹਨ ਜੋ ਰੂਪਮਾਨ ਹੋ ਕੇ ਤੇਰੇ ਤੋਂ ਬਦਲਾ ਲੈ ਰਹੇ ਹਨ, ਤੇਰਾ ਰੰਚਕ ਮਾਤਰ ਵੀ ਕਸੂਰ ਨਹੀਂ ਹੈ, ਮੇਰੇ ਸਤਿਗੁਰੂ ਦਾ ਫੁਰਮਾਨ ਹੈ –

***ਦਦੈ ਦੋਸੁ ਨ ਦੇਊ ਕਿਸੈ***
***.ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ॥***

***ਪੰਨਾ – 433***

ਇਹ ਸੁਣ ਕੇ ਉਸ ਨੇ ਸਮਝਣ ਦਾ ਜਤਨ ਕੀਤਾ। ਭਾਈ ਤਿਲੋਕਾ ਜੀ ਨੇ ਕਿਹਾ ਕਿ ਬੀਬਾ! ਇਹ ਤਾਂ ਮੇਰਾ ਹੀ ਕਰਮ ਹੈ ਕਿ ਉਸ ਨੇ ਮੈਨੂੰ ਪਰੇਰ ਕੇ ਸੁਥਰੇ ਬਣ ਵਿਚ ਬਿਠਾ ਦਿਤਾ। ਮੇਰੇ ਕਰਮ ਨੇ ਤੈਨੂੰ ਪਰੇਰ ਕੇ ਉਸੇ ਵਣ ਵਿਚ ਲਿਆ ਦਿਤਾ, ਉਸ ਕਰਮ ਦੀ ਪ੍ਰੇਰਨਾ ਕਰਕੇ ਤੂੰ ਮੇਰੇ ਬਾਣ ਮਾਰਿਆ। ਤੇਰਾ ਕੋਈ ਕਸੂਰ ਨਹੀਂ, ਤੂੰ ਆਪਣੇ ਦਿਲ ਵਿਚੋਂ ਇਹ ਗੱਲ ਪੂਰੀ ਤਰ੍ਹਾਂ ਨਾਲ ਕੱਢ ਦੇ। ਇਸ ਤੋਂ ਉਪਰੰਤ ਜਿਉਂ-ਜਿਉਂ ਭਾਈ ਤਿਲੋਕਾ ਜੀ ਨੂੰ ਹੋਸ਼ ਆਉਂਦੀ ਜਾਂਦੀ ਸੀ ਅਤੇ ਦਵਾਈ ਅਸਰ ਕਰਦੀ ਜਾਂਦੀ ਸੀ ਉਨ੍ਹਾਂ ਨੇ ਅਧਿਆਤਮਵਾਦ ਦੇ ਬੇਅੰਤ ਬਚਨ ਕੀਤੇ। ਜਿਸ ਬਾਰੇ ਪਿਛਲੇ ਤਿੰਨ ਦੀਵਾਨਾਂ ਦੇ, 9 ਘੰਟਿਆਂ ਵਿਚ ਸਮੇਂ ਤੇ ਸਥਿਤੀ ਦੇ ਮੁਤਾਬਿਕ ਸਾਦੀ ਬੋਲੀ ਵਿਚ ਵਿਚਾਰ ਕੀਤੀ ਗਈ। ਭਾਵੇਂ ਆਤਮਾ ਦਾ ਵਿਸ਼ਾ ਗਹਿਨ ਹੈ ਪਰ ਆਪ ਜੀ ਨੇ ਬਹੁਤ ਸੋਹਣੇ ਢੰਗ ਨਾਲ ਆਤਮ ਮੰਡਲ ਬਾਰੇ ਰਾਜਕੁਮਾਰੀ ਨੂੰ ਦਸਿਆ। ਰਾਜਕੁਮਾਰੀ ਜਿਸ ਨੂੰ ਇਹ ਨਹੀਂ ਪਤਾ ਕਿ ਆਦਮੀ ਮਰਦਾ ਵੀ ਹੈ ਅਤੇ ਮਰਨ ਪਿਛੋਂ ਕੀ ਹੁੰਦਾ ਹੈ? ਉਸ ਨੂੰ ਸਹਿਜ ਨਾਲ ਹੀ ਆਤਮ ਮੰਡਲ ਵਿਚ ਲੈ ਗਏ ਅਤੇ ਉਸ ਨੂੰ ਸਤਿ ਅਵਸਥਾ ਬਾਰੇ ਸਮਝਾਉਂਦੇ ਰਹੇ। ਉਨ੍ਹਾਂ ਨੇ ਕਿਹਾ ਕਿ ਬੀਬਾ! ਹੁਣ ਅਸੀਂ ਇਹ ਸਰੀਰ ਛੱਡ ਕੇ ਚਲੇ ਜਾਣਾ ਹੈ। ਉਹ ਅਸਚਰਜ ਹੋਈ ਕਿ ਇਹ ਅਜੇ ਪੂਰੀ ਤਰ੍ਹਾਂ ਨਾਲ ਸੂਸਥ ਤਾਂ ਹੋਇਆ ਨਹੀਂ ਚਲਿਆ ਕਿਵੇਂ ਜਾਵੇਗਾ? ਇਹ ਸਮਝਣ ਦਾ ਜਤਨ ਕਰਦੀ ਹੈ ਕਿ ਇਹ ਕਹਿੰਦਾ ਹੈ ਕਿ ਮੈਂ ਇਸ ਸਰੀਰ ਵਿਚੋਂ ਚਲੇ ਜਾਣਾ ਹੈ। ਫੇਰ ਯਾਦ ਆਇਆ ਕਿ ਉਨ੍ਹਾਂ ਨੇ ਤਾਂ ਮੈਨੂੰ ਦਸਿਆ ਹੈ ਕਿ ਸਰੀਰ ਹੋਰ ਚੀਜ਼ ਹੈ, ਜੋ ਇਸ ਵਿਚ ਰਹਿੰਦਾ ਹੈ ਉਹ ਹੁਕਮ ਵਿਚ ਸਰੀਰ ਵਿਚ ਆਉਂਦਾ ਹੈ ਅਤੇ ਹੁਕਮ ਉਪਰੰਤ ਸਰੀਰ ਨੂੰ ਛੱਡ ਕੇ ਚਲਿਆ ਜਾਂਦਾ ਹੈ। ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਹੁਣ ਹੁਕਮ ਆ ਗਿਆ ਹੈ ਕਿ ਮੈਂ ਹੋਰ ਥੋੜ੍ਹੇ ਦਿਨਾਂ ਨੂੰ ਇਹ ਸਰੀਰ ਛੱਡ ਕੇ ਚਲਿਆ ਜਾਣਾ ਹੈ। ਸਾਧਸੰਗਤ ਜੀ! ਇਸ ਜੀਵ ਵਿਚ ਕੋਈ ਵੀ ਤਾਕਤ ਨਹੀਂ, ਨਾ ਜੰਮਣ ਦੀ, ਨਾ ਮਰਨ ਦੀ, ਫੁਰਮਾਨ ਆਉਂਦਾ ਹੈ –

***ਇਸ ਕਾ ਬਲੁ ਨਾਹੀ ਇਸੁ ਹਾਥ॥***
***ਕਰਨ ਕਰਾਵਨ ਸਰਬ ਕੋ ਨਾਥ॥***

***ਪੰਨਾ – 277***

ਇਹ ਜੀਵ ਹੁਕਮ ਵਿਚ ਆਉਂਦਾ ਹੈ, ਹੁਕਮ ਵਿਚ ਚਲਿਆ ਜਾਂਦਾ ਹੈ, ਜਿਨ੍ਹਾਂ ਨੂੰ ਅਗੰਮ ਮੰਡਲ ਦੇ ਹੁਕਮ ਦਾ ਗਿਆਨ ਹੋ ਜਾਂਦਾ ਹੈ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਲਗ ਜਾਂਦਾ ਹੈ ਕਿ ਹੁਣ ਇਸ ਸਰੀਰ ਵਿਚ ਰਿਹਾਇਸ਼ ਰੱਖਣ ਦਾ ਸਮਾਂ ਖਤਮ ਹੋ ਗਿਆ। ਇਹ ਵੀ ਉਸ ਨੂੰ ਪਤਾ ਹੁੰਦਾ ਹੈ ਕਿ ਅਸੀਂ ਕਿਸ ਦਿਨ, ਕਿਸ ਸਮੇਂ, ਕਿਸ ਥਾਂ ਸਰੀਰ ਛੱਡ ਕੇ ਚਲੇ ਜਾਣਾ ਹੈ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਸੰਗਤਾਂ ਨੂੰ ਸਤਿ ਉਪਦੇਸ਼ ਦੇ ਕੇ ਭਵਸਾਗਰ ਤੋਂ ਪਾਰ ਕਰ ਰਹੇ ਸਨ। ਅਚਾਨਕ ਆਪ ਜੀ ਨੇ ਫੁਰਮਾਇਆ ਕਿ ਸੰਗਤਾਂ ਨੂੰ ਲਿਖ ਦੇਵੋ ਕਿ ਅਸੀਂ ਅੱਜ ਤੋਂ ਸੱਤਾਂ ਦਿਨਾਂ ਨੂੰ ਇਸ ਸਰੀਰ ਵਿਚੋਂ ਚਲੇ ਜਾਣਾ ਹੈ। ਹੁਕਮ ਦੀ

ਤਾਮੀਲ ਕੀਤੀ ਗਈ, ਪ੍ਰਮੁੱਖ ਸਿਖਾਂ ਨੂੰ ਪਤਰਕਾਵਾਂ ਲਿਖ ਦਿਤੀਆਂ ਗਈਆਂ। ਹੋਤੀ ਮਰਦਾਨ ਵਿਚ ਬਹੁਤ ਭਾਰੀ ਇਕੱਠ ਹੋ ਗਿਆ ਅਤੇ ਪਿਆਰ ਵਾਲਿਆਂ ਦੇ ਨੇਤਰਾਂ ਵਿਚੋਂ ਹੰਝੂ ਵਗ ਰਹੇ ਹਨ ਕਿਉਂਕਿ ਸਭ ਤੋਂ ਔਖਾ ਹੈ ਸਤਿਪੁਰਸ਼ ਦਾ ਵਿਛੋੜਾ ਸਹਿਣਾ। ਉਨ੍ਹਾਂ ਦੀਆਂ ਪੂਰੀ ਤਰ੍ਹਾਂ ਆਸਾਂ ਆਪਣੇ ਸਤਿ ਪੁਰਸ਼ ਉਪਰ ਹੁੰਦੀਆਂ ਹਨ। ਜਦੋਂ ਸਤਿਪੁਰਸ਼ ਸੰਸਾਰ ਵਿਚੋਂ ਅਲੋਪ ਹੁੰਦੇ ਹਨ ਤਾਂ ਸਾਰੇ ਹਿਤੂਆਂ ਅੰਦਰ ਇਕ ਅਜਿਹੀ ਲਹਿਰ ਉਠਦੀ ਹੈ ਜੋ ਮਹਿਸੂਸ ਕਰਦੀ ਹੈ ਕਿ ਅੱਜ ਉਨ੍ਹਾਂ ਲਈ ਹਨ੍ਹੇਰਾ ਛਾ ਗਿਆ। ਹੁਣ ਦੁਨੀਆਂ ਵਿਚ ਰਹਿਣ ਦਾ ਕੋਈ ਸਵਾਦ ਨਹੀਂ ਹੈ। ਪ੍ਰੇਮੀ ਸਦਾ ਹੀ ਇਹ ਚਾਹੁੰਦੇ ਹਨ ਕਿ ਮਹਾਂਪੁਰਸ਼ ਸਰੀਰਧਾਰੀ ਹੋ ਕੇ ਸੰਸਾਰ ਵਿਚ ਵਿਚਰਦੇ ਰਹਿਣ। ਪਿਆਰੇ ਬਚਨਾਂ ਨਾਲ ਅਸਾਨੂੰ ਹੌਸਲਾ ਦਿੰਦੇ ਰਹਿਣ। ਇਹ ਕੁਦਰਤੀ ਹੈ ਕਿ ਪਿਆਰ ਵਾਲਿਆਂ ਅੰਦਰ ਹੰਝੂਆਂ ਦੀ ਝੜੀ ਹੋਇਆ ਕਰਦੀ ਹੈ, ਉਹ ਅਗਿਆਨੀ ਨਹੀਂ ਹੋਇਆ ਕਰਦੇ, ਉਹ ਪਿਆਰ ਦੀਆਂ ਤਣਾਵਾਂ ਨਾਲ ਬੰਨ੍ਹੇ ਹੋਏ ਹੁੰਦੇ ਹਨ। ਆਪਣੇ ਪਿਆਰੇ ਦੇ ਜਾਣ ਪਿਛੋਂ ਜਿਸ ਦੇ ਨੇਤਰਾਂ ਵਿਚ ਚਾਰ ਹੰਝੂ ਨਹੀਂ ਟਪਕਦੇ, ਉਹ ਇਕ ਪੱਥਰ ਦਿਲ ਹੋਇਆ ਕਰਦਾ ਹੈ। ਉਸ ਨੂੰ ਗਿਆਨਵਾਨ ਕਹਿਣਾ ਕੋਈ ਸੋਭਾ ਦੀ ਗੱਲ ਨਹੀਂ ਹੋਇਆ ਕਰਦੀ। ਮਨੁੱਖ ਅੰਦਰ ਜਿਉਂਦੀਆਂ ਜਾਗਦੀਆਂ ਭਾਵਨਾਵਾਂ ਹਨ ਇਹ ਮੇਟ ਕੇ ਪੱਥਰ ਨਹੀਂ ਬਣਿਆ ਕਰਦੀਆਂ।

ਗੁਰੂ ਨਾਨਕ ਪਾਤਸ਼ਾਹ ਦਾ ਵਿਛੋੜਾ ਗੁਰੂ ਅੰਗਦ ਸਾਹਿਬ ਜੀ ਸਹਿਨ ਨਾ ਕਰਦੇ ਹੋਏ ਖਡੂਰ ਸਾਹਿਬ ਕਮਰੇ ਦਾ ਦਰਵਾਜ਼ਾ ਬੰਦ ਕਰਕੇ ਮਾਈ ਭਰਾਈ ਦੇ ਘਰ ਗਹਿਰੀ ਸਮਾਧੀ ਵਿਚ ਲੀਨ ਹੋ ਗਏ। ਭਾਵੇਂ ਗੁਰੂ ਮਹਾਰਾਜ ਜੀ ਅਜੇ ਸਰੀਰਧਾਰੀ ਸਨ ਪਰ ਉਨ੍ਹਾਂ ਨੂੰ ਉਹ ਦ੍ਰਿਸ਼ ਨਜ਼ਰ ਆ ਰਿਹਾ ਸੀ ਜਦੋਂ ਗੁਰੂ ਨਾਨਕ ਪਾਤਸ਼ਾਹ ਨੇ ਸਰੀਰ ਛੱਡ ਜਾਣਾ ਸੀ। ਬਾਬਾ ਬੁੱਢਾ ਜੀ ਤੇ ਸਾਰੇ ਗੁਰਸਿਖਾਂ ਨੇ ਉਹ ਚਿਣਿਆ ਦਰਵਾਜ਼ਾ ਖੁਲ੍ਹਵਾਇਆ ਤਾਂ ਗੁਰੂ ਅੰਗਦ ਸਾਹਿਬ ਜੀ ਮਹਾਰਾਜ ਨੂੰ ਖਬਰ ਦਿਤੀ ਕਿ ਗੁਰੂ ਨਾਨਕ ਪਾਤਸ਼ਾਹ ਮਹਾਰਾਜ ਚੋਲਾ ਛੱਡ ਗਏ ਹਨ। ਤਾਂ ਆਪ ਦਾ ਸਭ ਤੋਂ ਪਹਿਲਾ ਬਚਨ ਇਹੀ ਸੀ ਕਿ –

*ਜਿਸੁ ਪਿਆਰੇ ਸਿਉ ਨੇਹੁ*
*ਤਿਸੁ ਆਗੈ ਮਰਿ ਚਲੀਐ ॥*
*ਧ੍ਰਿਗੁ ਜੀਵਣੁ ਸੰਸਾਰਿ*
*ਤਾ ਕੈ ਪਾਛੈ ਜੀਵਣਾ ॥* *ਪੰਨਾ – 83*

ਸੋ ਇਸ ਤਰ੍ਹਾਂ ਨਾਲ ਬਾਬਾ ਜੀ ਦੇ ਵਿਛੋੜੇ ਨੂੰ ਅਨੁਭਵ ਕਰਦੀ ਹੋਈ ਸੰਗਤ ਬਿਰਹੋਂ ਦੀ ਗਹਿਰੀ ਪੀੜ ਸਹਿ ਨਹੀਂ ਰਹੀ ਸੀ। ਉਨ੍ਹਾਂ ਨੇ ਆਖਰੀ ਦਿਨ ਬੇਨਤੀ ਕੀਤੀ ਕਿ ਮਹਾਰਾਜ ਜੀ! ਅਜੇ ਤਾਂ ਤੁਹਾਡੇ ਦਰਸ਼ਨ ਕਰਕੇ ਅਸੀਂ ਤ੍ਰਿਪਤ ਹੀ ਨਹੀਂ ਹੋਏ ਤੁਸੀਂ ਹੁਣੇ ਸਰੀਰ ਵਿਚੋਂ ਜਾਣ ਦਾ ਇਰਾਦਾ ਕਰ ਲਿਆ। ਤੁਸੀਂ ਸਮਰੱਥ ਪੁਰਸ਼ ਹੋਂ, ਤੁਸੀਂ ਅਸਾਡੇ ਵਾਸਤੇ ਕੁਝ ਸਮਾਂ ਹੋਰ ਰਹੋ। ਬੇਨਤੀ ਕਰਨ ਵਾਲੇ ਮੁਖੀ, ਹੋਤੀ ਮਰਦਾਨ ਦੇ 'ਸ੍ਰੀ ਮਾਨ' ਬਾਬਾ ਲਾਲ ਸਿੰਘ ਜੀ ਸਨ। ਮਹਾਂਪੁਰਸ਼ਾਂ ਨੂੰ ਪਿਆਰਿਆਂ ਦੀ ਦੀਨ ਦਸ਼ਾ ਦੇਖ ਕੇ ਬਹੁਤ ਹੀ ਤਰਸ ਆਇਆ ਅਤੇ ਆਪ ਦਰੱਵ ਗਏ ਕਿਉਂਕਿ ਮਹਾਂਪੁਰਸ਼ਾਂ ਦਾ ਹਿਰਦਾ ਮੱਖਣ ਤੋਂ ਵੀ ਨਰਮ ਹੋਇਆ ਕਰਦਾ ਹੈ। ਦੁਨੀਆਂ ਵਿਚ ਕੋਈ ਚੀਜ਼ ਅਜਿਹੀ ਨਹੀਂ ਹੈ ਜਿਹੋ ਜਿਹਾ ਮਹਾਂਪੁਰਸ਼ਾਂ ਦਾ ਹਿਰਦਾ ਹੁੰਦਾ ਹੈ। ਤਰਸ ਦੀ ਹਾਲਤ ਵਿਚ ਬੇਨਤੀ ਸੁਣ ਕੇ ਆਪ 'ਸ੍ਰੀ ਮਾਨ ਜੀ' ਸੰਤ ਲਾਲ ਸਿੰਘ ਜੀ ਨੂੰ ਕਹਿਣ ਲੱਗੇ, "ਤੁਹਾਡੀ ਬੇਨਤੀ ਸੁਣ ਕੇ ਅਸਾਡਾ ਹਿਰਦਾ ਪਿਘਲ ਗਿਆ ਹੈ, ਅਸੀਂ ਅਕਾਲ ਪੁਰਖ ਦਾ ਹੁਕਮ ਤਾਂ ਨਹੀਂ ਟਾਲ ਸਕਦੇ ਪਰ ਇਕ ਇੰਤਜ਼ਾਮ ਆਪਾਂ ਕਰ ਲੈਂਦੇ ਹਾਂ। ਭਾਈ ਲਾਲ ਸਿੰਘ ਜੀ! ਤੁਸੀਂ ਅੱਜ ਤੋਂ 2 ਸਾਲ, ਦੋ ਮਹੀਨੇ, 2 ਦਿਨ ਨੂੰ ਚਲੇ ਜਾਣਾ ਹੈ। ਤੁਸੀਂ ਅਸਾਡੀ ਵਾਰੀ ਤੇ ਚਲੇ ਜਾਓ, ਅਸੀਂ ਤੁਹਾਡੀ ਵਾਰੀ ਤੇ ਚਲੇ ਜਾਵਾਂਗੇ। ਸੋ ਇਸ ਤਰ੍ਹਾਂ ਹੀ ਹੋਇਆ, ਸੰਤ ਬਾਬਾ ਲਾਲ ਸਿੰਘ ਜੀ ਉਸੇ ਦਿਨ ਸ਼ਾਮ ਨੂੰ 4.30 ਵਜੇ ਸੰਗਤਾਂ ਵਿਚ ਬਿਰਾਜਮਾਨ ਹੋ ਗਏ। 'ਜਪੁਜੀ ਸਾਹਿਬ' ਦਾ ਪਾਠ, ਸ਼ਾਮ ਦੇ 4.30 ਵਜੇ ਜਾਣ ਦਾ ਸਮਾਂ ਸੀ ਆਪ ਜੀ ਨੇ 25 ਮਿੰਟ ਵਿਚ ਬਹੁਤ ਹੀ ਇਕਾਗਰ ਚਿੱਤ ਹੋ ਕੇ ਕਰਿਆ। ਮਹਾਂਪੁਰਸ਼ਾਂ ਦੇ ਚਰਨਾਂ ਵਿਚ ਸੀਸ ਨਿਵਾਇਆ, ਥਾਪੜਾ ਲਿਆ ਅਤੇ ਆਪ ਆਤਮ ਮੰਡਲ ਵਿਚ ਸੁਰਤ ਨਾਲ ਪ੍ਰਵੇਸ਼ ਕਰਕੇ ਬਿਰਾਜ ਗਏ। ਪੰਜਾਂ ਮਿੰਟਾਂ ਵਿਚ ਸਰੀਰ ਵਿਚੋਂ ਚੇਤਨ ਕਲਾ ਨਿਕਲ ਗਈ ਅਤੇ ਸਚਖੰਡ ਵਿਚ ਆਪ ਨੇ ਨਿਵਾਸ ਕਰ ਲਿਆ। ਠੀਕ ਉਸੇ ਤਰ੍ਹਾਂ 2 ਸਾਲ, ਦੋ ਮਹੀਨੇ, 2 ਦਿਨ ਨੂੰ ਆਪ ਸੈਦੋ ਗਏ, ਜੋ ਹੋਤੀ ਮਰਦਾਨ ਤੋਂ ਕਾਫੀ ਦੂਰ ਸੀ ਉਥੇ ਇਕ ਬਿਰਧ ਮਾਈ 90 ਸਾਲ ਦੀ ਸੀ ਜਿਸ ਨੇ ਇਕ ਬਸਤਰ ਬਹੁਤ ਹੀ ਪਿਆਰ ਨਾਲ ਮਹਾਂਪੁਰਸ਼ਾਂ ਲਈ ਬਣਾਇਆ ਹੋਇਆ ਸੀ। ਬਾਬਾ ਜੀ ਉਸ ਦੇ ਗ੍ਰਹਿ ਵਿਖੇ ਚਲੇ ਗਏ ਕਹਿਣ ਲੱਗੇ, "ਮਾਤਾ ਜੋ ਤੂੰ ਬਸਤਰ ਉਣਵਾਇਆ ਹੈ, ਉਹ ਲਿਆ ਅਸੀਂ ਅੰਤ ਦੇ ਸਮੇਂ ਤੇਰਾ ਇਹ ਬਸਤਰ ਪਹਿਨ ਕੇ ਸਰੀਰ ਛਡਣਾ ਹੈ। ਤੇਰਾ ਵੀ ਅੰਤ ਸਾਡੇ ਨਾਲ ਹੀ ਹੋ ਜਾਣਾ ਹੈ, ਅਸੀਂ ਤੈਨੂੰ ਨਾਲ ਹੀ ਲੈ ਜਾਵਾਂਗੇ।" ਉਸ ਮਕਾਨ ਦੇ ਚੌਗਿਰਦੇ ਰੈਣ ਸੁਬਾਈ ਦਾ ਕੀਰਤਨ ਹੋ ਰਿਹਾ ਸੀ ਜਦੋਂ ਦੋ ਵਜੇ ਤਾਂ ਅਜੀਬ ਨਜ਼ਾਰੇ ਸੰਗਤ ਨੇ ਦੇਖੇ। ਸੰਤ ਮਹਾਰਾਜ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ) ਨੇ ਦੱਸਿਆ ਕਿ ਅੰਮ੍ਰਿਤ ਵੇਲੇ ਅਸਮਾਨ ਦੇ ਵਿਚ ਇਕ ਰੋਸ਼ਨੀ ਹੋਈ ਉਸ ਵੇਲੇ ਪੂਰਨ ਸ਼ਾਂਤ ਫੈਲ ਗਈ ਸਭ ਚੁੱਪ ਹੋ ਗਏ, ਇਨ੍ਹਾਂ ਮਾਇਕ ਕੰਨਾਂ ਨਾਲ ਸੁਣਿਆ ਕਿ ਇਕ ਅਤਿ ਪਿਆਰੀ ਧੀਮੀ ਧੁਨੀ ਅਸਮਾਨ ਵਿਚ ਗੂੰਜ ਰਹੀ ਹੈ, ਬਹੁਤ ਹੀ ਮਿਠਾਸ ਵਾਲੇ ਸਾਜ ਵਜਾਏ ਜਾ ਰਹੇ ਹਨ। ਉਸ ਵੇਲੇ ਮੁਖੀਆਂ ਨੇ ਉਸ ਮਕਾਨ ਦਾ ਦਰਵਾਜ਼ਾ ਖੋਲ੍ਹਿਆ ਤਾਂ ਕੀ ਦੇਖਿਆ

ਕਿ ਮਾਤਾ ਮਹਾਂਪੁਰਸ਼ਾਂ ਦੇ ਚਰਨਾਂ ਉਪਰ ਸੀਸ ਨਿਵਾ ਕੇ ਸਰੀਰ ਛੱਡ ਗਈ ਅਤੇ ਬਾਬਾ ਜੀ ਚੌਂਕੜੀ ਮਾਰ ਕੇ ਸਮਾਧੀ ਵਿਚ ਸਰੀਰ ਛੱਡ ਗਏ। ਇਹ ਇਕ ਬਹੁਤ ਵੱਡੀ ਪ੍ਰਾਪਤੀ ਹੈ ਜੋ ਰਾੜੇ ਸਾਹਿਬ ਦੀ ਸੰਪਰਦਾ ਦੇ ਮਹਾਤਮਾ ਸਹਿਜ ਵਿਚ ਹੀ ਕਿਤੇ-ਕਿਤੇ ਦ੍ਰਿਸ਼ਟਮਾਨ ਕਰਾ ਦਿਆ ਕਰਦੇ ਸਨ।

ਸੰਤ ਮਹਾਰਾਜ ਬ੍ਰਹਮ ਗਿਆਨੀ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ, ਆਪ ਨੇ ਭੀ ਆਪਣਾ ਸਰੀਰ ਛੱਡਣ ਤੋਂ ਪਹਿਲਾਂ ਦੁਰਾਹੇ ਸਟੇਸ਼ਨ ਤੋਂ ਹੋਤੀ ਮਰਦਾਨ ਦੇ ਨੇੜੇ ਪਹੁੰਚਣ ਵਾਲੀ ਰੇਲ ਗੱਡੀ ਵਿਚ ਡੱਬਾ **reserve** ਕਰਾ ਲਿਆ ਸੀ ਅਤੇ ਆਪਣੇ ਨਿਕਟਵਰਤੀ ਜ਼ੈਲਦਾਰ ਜੀ ਨੂੰ ਦਸ ਦਿਤਾ ਸੀ ਕਿ ਅਸੀਂ ਅੱਜ ਸਰੀਰ ਛੱਡ ਜਾਣਾ ਹੈ। ਬਕਸਾ ਤਿਆਰ ਹੋਇਆ ਪਿਆ ਹੈ ਇਸ ਬਕਸੇ ਵਿਚ ਪਾ ਕੇ ਸਰੀਰ ਹੋਤੀ ਮਰਦਾਨ ਜਲ ਪ੍ਰਵਾਹ ਕਰਨਾ ਹੈ। ਸੰਸਾਰ ਤੋਂ ਜਾਣਾ ਤੇ ਆਉਣਾ ਗੁਰਮੁਖਾਂ ਦਾ ਸਹਿਜ ਨਾਲ ਹੀ ਹੋਇਆ ਕਰਦਾ ਹੈ। ਉਹ ਜੰਮਦੇ-ਮਰਦੇ ਨਹੀਂ, ਸਰੀਰ ਵਿਚ ਪ੍ਰਵੇਸ਼ ਕਰ ਜਾਂਦੇ ਹਨ ਅਤੇ ਸਰੀਰ ਨੂੰ ਆਪਣੀ ਇਛਿਆ ਨਾਲ ਛੱਡ ਜਾਂਦੇ ਹਨ ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਗੁਰਮੁਖਿ ਆਵੈ ਜਾਇ ਨਿਸੰਗੁ ॥*

*ਪੰਨਾ - 932*

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥*

*ਪੰਨਾ - 749*

ਸੋ ਇਸ ਤਰ੍ਹਾਂ ਨਾਲ ਭਾਈ ਤਿਲੋਕਾ ਜੀ ਉਸ ਰਾਜਕੁਮਾਰੀ ਨੂੰ ਕਹਿਣ ਲੱਗੇ ਕਿ ਬੀਬਾ! ਹੁਣ ਅਸਾਡਾ ਸਮਾਂ ਆ ਗਿਆ ਹੈ, ਅਸੀਂ ਇਹ ਸਰੀਰ ਛੱਡ ਕੇ ਚਲੇ ਜਾਣਾ ਹੈ ਤੂੰ ਆਪਣੇ ਮਨ ਉਪਰ ਕੋਈ ਬੋਝ ਨਾ ਰੱਖ, ਇਹ ਸਭ ਹੁਕਮ ਦੀ ਕ੍ਰਿਆ ਹੋ ਰਹੀ ਹੈ। ਹੁਕਮ ਵਿਚ ਹੀ ਰਾਜ ਮਿਲਦੇ ਹਨ, ਹੁਕਮ ਵਿਚ ਹੀ ਭੀਖ ਮੰਗਦੇ ਹਨ। ਸਾਰੇ ਹੁਕਮ ਵਰਤ ਰਿਹਾ ਹੈ ਜੋ ਇਸ ਹੁਕਮ ਨੂੰ ਪਛਾਣ ਜਾਂਦਾ ਹੈ ਉਹ ਪ੍ਰਭੂ ਦੇ ਦੇਸ਼ ਵਿਚ ਪ੍ਰਵੇਸ਼ ਕਰ ਜਾਂਦਾ ਹੈ।

ਇਹ ਬਚਨ ਸੁਣਦੇ ਸਾਰ ਰਾਜ ਕੁਮਾਰੀ ਦੇ ਮਨ ਵਿਚ ਬਹੁਤ ਹੀ ਘਬਰਾਹਟ ਹੋ ਗਈ, ਅੱਖਾਂ ਅੱਗੇ ਹਨ੍ਹੇਰਾ ਛਾ ਗਿਆ ਜਦੋਂ ਹੋਸ਼ ਪਰਤੀ ਤਾਂ ਕਹਿਣ ਲੱਗੀ, "ਹੇ ਬਹੁਤ ਪਿਆਰੇ ਮਾਨਵ! ਜੇ ਤੂੰ ਚਲਿਆ ਗਿਆ ਤਾਂ ਮੈਂ ਇਕ ਘੜੀ ਵੀ ਜਿਉਂਦੀ ਨਹੀਂ ਰਹਿਣਾ, ਮੈਂ ਵੀ ਤੇਰੇ ਨਾਲ ਆਪਣੇ ਕਾਲਜੇ ਵਿਚ ਤੀਰ ਖੋਭ ਕੇ ਮਰ ਜਾਣਾ ਹੈ। ਜੇ ਤੂੰ ਮੇਰੀ ਭੁੱਲ ਮਾਫ ਕਰ ਦਿਤੀ ਹੈ ਤੇ ਸੱਚੇ ਦਿਲੋਂ ਤੂੰ ਕਹਿੰਦਾ ਹੈਂ ਕਿ ਤੂੰ ਕੋਈ ਕਸੂਰ ਨਹੀਂ ਕਰਿਆ ਤਾਂ ਮੈਂ ਇਕੋ-ਇਕ ਬੇਨਤੀ ਕਰਦੀ ਹਾਂ ਹੋਰ ਕੋਈ ਚੀਜ਼ ਮੈਂ ਤੇਰੇ ਤੋਂ ਨਹੀਂ ਮੰਗਦੀ, ਉਹ ਇਹ ਹੈ ਕਿ ਤੂੰ ਮੈਨੂੰ ਆਪਣੇ ਚਰਨਾਂ ਵਿਚ ਥਾਂ ਦੇ ਦੇ, ਮੈਂ ਤੇਰੇ ਨਾਲ ਹੀ ਤੀਰ ਖੋਭ ਕੇ ਮਰ ਜਾਣਾ ਹੈ। ਜੇ ਇਹ ਗੱਲ ਤੈਨੂੰ ਮਨਜ਼ੂਰ ਨਹੀਂ ਤਾਂ ਤੂੰ ਮੇਰੇ ਕੋਲ ਹੀ ਰਹਿ। ਮੇਰੇ ਮਾਤਾ-ਪਿਤਾ ਤੈਨੂੰ ਬਹੁਤ ਪਿਆਰ ਕਰਦੇ ਹਨ। ਮੈਂ ਤੈਨੂੰ ਤਨੋ, ਮਨੋ, ਕਣ-ਕਣ ਤੋਂ ਪਿਆਰ ਕਰ ਰਹੀ ਹਾਂ ਅਤੇ ਮੈਂ ਤੇਰਾ ਵਿਛੋੜਾ ਸਹਿ ਨਹੀਂ ਸਕਣਾ। ਮੇਰੀ ਬੇਨਤੀ ਸੁਣ, ਮੈਂ ਸਾਰਾ ਜੀਵਨ ਤੇਰੀ ਗੁਲਾਮ ਬਣ ਕੇ ਆਪਣੇ ਗੁਨਾਹਾਂ ਦਾ ਪ੍ਰਾਸ਼ਚਿਤ ਕਰਕੇ ਤੇਰੇ ਅੱਗੇ ਗੋਲੀਆਂ ਵਾਂਗੂੰ ਕਾਰ ਕਮਾਵਾਂਗੀ। ਸੱਚ ਜਾਣ ਤੂੰ ਮੇਰੇ ਜੀਵਨ ਦਾ ਆਧਾਰ ਹੈਂ, ਮੈਂ ਤੈਨੂੰ ਦੇਖੇ ਬਿਨਾਂ ਸਚਮੁੱਚ ਜਿਉਂਦੀ ਨਹੀਂ ਰਹਿ ਸਕਦੀ ਜਿਵੇਂ ਮੱਛੀ ਨੂੰ ਪਾਣੀ ਵਿਚੋਂ ਕੱਢ ਲਿਆ ਜਾਵੇ ਓਹੀ ਹਾਲਤ ਮੇਰੀ ਹੈ।

ਸਾਧਸੰਗਤ ਜੀ! ਇਹ ਪਿਆਰ ਦੀ ਅਵਸਥਾ ਹੋਇਆ ਕਰਦੀ ਹੈ ਜਿਥੇ ਪ੍ਰੇਮ ਦੀ ਆਖਰੀ ਹੱਦ ਹੋਇਆ ਕਰਦੀ ਹੈ, ਜਿਸ ਨੂੰ ਗੁਰਬਾਣੀ ਵਿਚ ਪ੍ਰਤੀਕ ਦੇ ਕੇ ਵਰਣਨ ਕੀਤਾ ਗਿਆ ਹੈ -

*ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ*
*ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ*
*ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ*
*ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ*
*ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

*ਪੰਨਾ - 708*

ਆਪਣੇ ਸਜਣਾਂ ਤੋਂ ਬਗੈਰ ਸੰਸਾਰ ਵਿਚ ਸੁੰਨ ਵਰਤ ਜਾਂਦੀ ਹੈ। ਜਦੋਂ ਸੰਤ ਮਹਾਰਾਜ ਜੀ ਸਰੀਰ ਛੱਡ ਗਏ ਉਸ ਵੇਲੇ ਅਸਾਡੀ ਕੀ ਹਾਲਤ ਸੀ ਉਸ ਨੂੰ ਮੈਂ ਹੀ ਜਾਣਦਾ ਹਾਂ ਜਾਂ ਹੋਰ ਪ੍ਰੇਮੀ ਜਿਨ੍ਹਾਂ ਨਾਲ ਇਹ ਵਿਛੋੜਾ ਵਰਤਿਆ ਹੈ ਉਨ੍ਹਾਂ ਨੂੰ ਪਤਾ ਹੈ -

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥*

*ਪੰਨਾ - 327*

ਇਕ ਸਾਲ ਭਰ ਹੋਸ਼ ਹੀ ਜਾਂਦੀ ਰਹੀ, ਹੌਲੀ-ਹੌਲੀ ਧਰਵਾਸ ਆਇਆ, ਵਿਸ਼ਵਾਸ਼ ਆਇਆ ਕਿ ਮਹਾਂਪੁਰਸ਼ ਕਿਤੇ ਜਾਇਆ ਨਹੀਂ ਕਰਦੇ, ਅਦ੍ਰਿਸ਼ ਵਿਚੋਂ ਪ੍ਰੇਰਨਾ ਦੇ ਕੇ ਕਾਰਜ ਕਰਾਇਆ ਕਰਦੇ ਹਨ। ਤੁਸੀਂ ਦੇਖਦੇ ਹੋ ਕਿ ਕਿੰਨੀਆਂ ਫਿਲਮਾਂ ਬਣ ਚੁਕੀਆਂ ਹਨ (ਹੁਣ ਤਕ 700 ਫਿਲਮ ਬਣ ਚੁਕੀ ਹੈ) ਅਤੇ ਇਹ ਵੀਡੀਓ ਫਿਲਮਾਂ ਸਾਰੇ ਸੰਸਾਰ ਵਿਚ ਵਿਖਾਈਆਂ ਜਾ ਰਹੀਆਂ ਹਨ, ਇਹ ਸੰਤ ਮਹਾਰਾਜ ਜੀ ਦੇ ਹੁਕਮ ਵਿਚ ਜੋ ਉਨ੍ਹਾਂ ਨੇ ਮੈਨੂੰ 1973 ਵਿਚ ਦਿਤਾ ਸੀ ਕਿ ਤੂੰ

ਫਿਲਮਾਂ ਬਣਾ ਕੇ ਕੀਰਤਨ ਕਰ, ਸਾਕਾਰ ਹੋ ਰਹੀਆਂ ਹਨ। ਮੈਂ ਪੂਰੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਮੇਰੇ ਵਿਚ ਕੁਝ ਵੀ ਕਰਨ ਦੀ ਤਾਕਤ ਨਹੀਂ ਸੀ, ਨਾ ਹੈ। ਇਹ ਤਾਂ ਮਹਾਂਪੁਰਸ਼ ਅਦ੍ਰਿਸ਼ ਵਿਚੋਂ ਸਰੀਰ ਨੂੰ ਸਤਾ ਦੇ ਕੇ ਕਰਾ ਰਹੇ ਹਨ। ਮੈਂ ਹੈਰਾਨ ਹਾਂ ਜੇ ਮੈਂ ਕਿਸੇ ਨੂੰ ਇਹ ਗੱਲ ਕਹਿੰਦਾ ਹਾਂ ਤਾਂ ਕੋਈ ਮੰਨਦਾ ਹੀ ਨਹੀਂ ਹੈ। ਮੈਨੂੰ ਹੀ ਕਹੀ ਜਾਣਗੇ ਕਿ ਤੁਸੀਂ ਬਹੁਤ ਪ੍ਰਚਾਰ ਕਰਿਆ ਹੈ, ਬਹੁਤ ਵੱਡਾ ਸਮਾਗਮ ਕਰਦੇ ਹੋ, ਪਰ ਜੋ ਮੈਂ ਮਹਿਸੂਸ ਕੀਤਾ ਹੈ ਉਹ ਹੈ ਕਿ ਮੈਂ ਕੁਝ ਵੀ ਕਰਨ ਵਾਲਾ ਨਹੀਂ ਹਾਂ, ਮਹਾਂਪੁਰਸ਼ ਆਪ ਹੀ ਕਰਾ ਰਹੇ ਹਨ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਮਹਾਂਪੁਰਸ਼ ਕਦੇ ਵੀ ਅਲੋਪ ਨਹੀਂ ਹੋਇਆ ਕਰਦੇ। ਸਰਗੁਣ ਸਰੂਪ ਤੱਤਾਂ ਵਿਚ ਲੀਨ ਕਰ ਲਿਆ ਕਰਦੇ ਹਨ। ਆਪ ਅਦ੍ਰਿਸ਼ ਵਿਚ ਹੋਣ, ਭਾਵੇਂ ਦ੍ਰਿਸ਼ ਵਿਚ ਹੋਣ ਸੰਸਾਰ ਦਾ ਭਲਾ ਕਰਦੇ ਹੀ ਰਹਿੰਦੇ ਹਨ।

ਰਾਜਕੁਮਾਰੀ ਚਲੇ ਜਾਣ ਦਾ ਸ਼ਬਦ ਸੁਣ ਕੇ ਇਕ ਤਰ੍ਹਾਂ ਦੀ ਅੱਧ ਬੇਹੋਸ਼ ਜਿਹੀ ਹੋ ਗਈ। ਜਦੋਂ ਹੋਸ਼ ਆਈ ਤਾਂ ਉਸ ਨੇ ਦੋਵੇਂ ਹੱਥ ਜੋੜ ਕੇ ਫੇਰ ਬੇਨਤੀ ਕੀਤੀ ਕਿ ਐ ਚੰਗੇ ਪੁਰਖ! ਮੈਂ ਤੇਰੇ ਬਾਰੇ ਤੇਰੇ ਤੋਂ ਕੁਝ ਵੀ ਨਹੀਂ ਪੁਛਿਆ, ਮੈਨੂੰ ਪੁਛਣ ਦੀ ਲੋੜ ਵੀ ਨਹੀਂ ਕਿਉਂਕਿ ਤੂੰ ਮੈਨੂੰ ਐਨਾ ਆਪਣਾ-ਆਪਣਾ ਲਗਦਾ ਹੈਂ ਕਿ ਮੈਂ ਤੇਰੇ ਨਾਲ ਕਿਸੇ ਦਾ ਵੀ ਸਬੰਧਤ ਨਾਮ ਸੁਣ ਕੇ ਖੁਸ਼ ਨਹੀਂ ਹੋਣਾ। ਮੈਂ ਤਾਂ ਇਹ ਅਨੁਭਵ ਕੀਤਾ ਹੈ ਕਿ ਤੇਰਾ ਪੂਰੇ ਦਾ ਪੂਰਾ ਵਜੂਦ ਜਿਸ ਨੂੰ ਤੂੰ ਆਤਮਾ ਆਖਦਾ ਹੈਂ, ਇਹ ਸਭ ਮੇਰਾ ਹੀ ਹੈ, ਇਸ ਉਪਰ ਹੋਰ ਕਿਸੇ ਦਾ ਅਧਿਕਾਰ ਨਹੀਂ ਹੈ। ਤੂੰ ਜਿਥੇ ਵੀ ਜਾਣਾ ਹੈ, ਮੈਂ ਤੇਰੀ ਰਜ਼ਾ ਵਿਚ ਰਾਜ਼ੀ ਹਾਂ ਪਰ ਮੈਂ ਤੈਨੂੰ ਆਪਣੇ ਨਾਲ ਹੀ ਦੇਖਣਾ ਚਾਹੁੰਦੀ ਹਾਂ। ਉਸ ਵੇਲੇ ਭਾਈ ਤਿਲੋਕਾ ਜੀ ਨੇ ਕਿਹਾ ਕਿ ਬੀਬਾ! ਵਾਹਿਗੁਰੂ ਦੀ ਮਿਹਰ ਹੈ ਕਿ ਤੇਰੇ ਮਨ ਵਿਚੋਂ ਓਪਰਾਭਾਵ ਖਤਮ ਹੋ ਗਿਆ ਹੈ ਅਤੇ ਤੂੰ ਨਿਰਮਲ ਪਿਆਰ ਦੇ ਅਸਰ ਹੇਠ ਇਹ ਵਾਕ ਕਹਿ ਰਹੀ ਹੈਂ, ਮੈਂ ਤੈਨੂੰ ਬਹੁਤ ਗੁਪਤ ਭੇਤ ਦੀ ਗੱਲ ਦੱਸੀ ਸੀ ਕਿ ਮੈਂ ਵੀ ਆਤਮਾ ਹਾਂ, ਤੇਰੇ ਵਿਚ ਓਹੀ ਆਤਮਾ ਹੈ ਜਿਹੜਾ ਮੇਰੇ ਵਿਚ ਹੈ। ਇਹ ਤਾਂ ਸਤਿ ਹੈ ਪਰ ਜੇ ਅਸੀਂ ਥੋੜ੍ਹੇ ਇਸ ਅਵਸਥਾ ਤੋਂ ਹੇਠਾਂ ਆਉਂਦੇ ਹਾਂ ਤਾਂ ਹਉਮੈ ਦਾ ਅਸਰ ਹੋਣ ਕਰਕੇ ਅਸੀਂ ਆਪਣੇ ਆਪ ਨੂੰ ਵੱਖਰਾ-ਵੱਖਰਾ ਮਹਿਸੂਸ ਕਰਦੇ ਹਾਂ ਅਤੇ ਜੀਵ ਆਤਮਾ ਦੀ ਉਪਾਧੀ ਅਸਾਡੇ ਨਾਲ ਚਿੰਬੜ ਜਾਂਦੀ ਹੈ। ਅਸੀਂ ਚੰਗੇ ਮੰਦੇ ਕਰਮ ਕਰਦੇ ਹਾਂ, ਓਹਦੇ ਨਾਲ ਮਿਲ-ਮਿਲ ਵਿਛੜਦੇ ਹਾਂ ਅਤੇ ਵਿਛੜ-ਵਿਛੜ ਮਿਲਦੇ ਹਾਂ, ਰਿਸ਼ਤੇਰਦਾਰੀਆਂ ਵਿਚ ਬੰਨ੍ਹੇ ਹੋ ਜਾਂਦੇ ਹਾਂ। ਇਸ ਜੀਵਨ ਵਿਚ ਆਉਂਦੇ ਹਾਂ ਉਹ ਭੋਗ ਕੇ ਦੂਸਰੇ ਵਿਚ ਚਲੇ ਜਾਂਦੇ ਹਾਂ। ਇਹ ਚੱਕਰ ਇਸ ਕਰਕੇ ਪਿਆ ਕਿ ਅਸੀਂ ਆਪਣੇ ਅਸਲੀ ਸਰੂਪ ਨੂੰ ਭੁੱਲ ਗਏ ਜਿਸ ਨੂੰ ਆਤਮ ਸਰੂਪ ਆਖਿਆ ਜਾਂਦਾ ਹੈ ਅਤੇ ਇਸ ਨੂੰ ਕ੍ਰਿਆਸ਼ੀਲ ਜੀਵ ਮੰਨ ਲਿਆ। ਇਥੇ ਹੀ ਰਹਿੰਦੇ ਤਾਂ ਬਹੁਤ ਚੰਗਾ ਹੁੰਦਾ ਪਰ ਅਸੀਂ ਤਾਂ ਇਸ ਤੋਂ ਵੀ ਹੇਠਾਂ ਉਤਰ ਆਏ ਅਤੇ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਪੰਜਾਂ ਤੱਤਾਂ ਵਾਲੀ ਮਹਾਂ ਮਲੀਨ ਦੇਹ ਮੰਨਣ ਲਗ ਗਏ। ਦੇਹ ਬੜੀ ਸੁੰਦਰ ਤੇ ਅਮੋਲਕ ਹੈ ਜੇ ਇਸ ਦੀ ਮਦਦ ਨਾਲ ਆਪਣਾ ਆਪ ਪਛਾਣਿਆ ਜਾਵੇ ਅਤੇ ਆਤਮ ਸਰੂਪ ਦਾ ਗਿਆਨ ਹੋ ਜਾਵੇ। ਨਹੀਂ ਤਾਂ ਬੀਬਾ! ਆਪੇ ਵਿਚਾਰ ਕਰਕੇ ਦੇਖ ਲੈ, ਕਿੰਨਾ ਗੰਦ ਮੰਦ ਆਪਣੇ ਸਰੀਰ ਵਿਚੋਂ ਨਿਕਲਦਾ ਰਹਿੰਦਾ ਹੈ। ਕਿੰਨੇ ਸੋਹਣੇ ਪਦਾਰਥ ਮੁੱਖ ਵਿਚ ਪਾਉਂਦੇ ਹਾਂ ਅਤੇ ਕਿੰਨੀਆਂ ਗੰਦੀਆਂ ਚੀਜ਼ਾਂ ਹੋ ਕੇ ਨਿਕਲ ਜਾਂਦੀਆਂ ਹਨ। ਮਹਾਂਪੁਰਸ਼ ਤਾਂ ਕਹਿੰਦੇ ਹਨ -

*ਬਿਸਟਾ ਅਸਤ ਰਕਤੁ ਪਰੇਟੇ ਚਾਮ॥*
*ਇਸੁ ਊਪਰਿ ਲੇ ਰਾਖਿਓ ਗੁਮਾਨ॥*
*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥*
*ਬਿਨੁ ਬੂਝੇ ਤੂੰ ਸਦਾ ਨਾਪਾਕ॥*

*ਪੰਨਾ - 374*

ਜਿਸ ਤਰ੍ਹਾਂ ਦੇ ਨਾਲ ਜਦੋਂ ਤੂੰ ਜੰਗਲ ਨੂੰ ਜਾਣਾ ਹੁੰਦਾ ਹੈ ਤੂੰ ਸਭ ਤੋਂ ਚੰਗੇ ਘੋੜੇ ਉਤੇ ਬੈਠ ਕੇ ਜੰਗਲ ਵਿਚ ਜਾਂਦੀ ਹੈਂ, ਉਥੇ ਸੈਰ ਕਰਦੀ ਹੈਂ, ਸ਼ਿਕਾਰ ਖੇਡਦੀ ਹੈਂ, ਤੇਰਾ ਜੋ ਸਰੀਰ ਹੈ ਇਹ ਘੋੜੇ ਦੀ ਸਵਾਰੀ ਕਰਕੇ ਸਾਰੇ ਕੌਤਕ ਕਰ ਰਿਹਾ ਹੁੰਦਾ ਹੈ। ਇਕ ਗੱਲ ਤੂੰ ਆਪੇ ਸੋਚ ਕੇ ਮੈਨੂੰ ਦੱਸ ਕਿ ਤੂੰ ਆਪਣੇ ਆਪ ਨੂੰ ਕਦੇ ਘੋੜਾ ਵੀ ਸਮਝਿਆ ਹੈ? ਉਤਰ ਵਿਚ ਕਹਿਣ ਲੱਗੀ ਕਿ ਮੈਂ ਕੋਈ ਨਸ਼ਾ ਤਾਂ ਨਹੀਂ ਨਾ ਪੀਤਾ ਹੋਇਆ ਕਿ ਮੈਂ ਆਪਣੇ ਆਪ ਨੂੰ ਭੁੱਲ ਜਾਵਾਂ ਅਤੇ ਭੁੱਲ ਕੇ ਆਪਣੇ ਆਪ ਨੂੰ ਘੋੜਾ ਸਮਝਣ ਲਗ ਜਾਵਾਂ। ਹੇ ਚੰਗੇ ਪੁਰਸ਼! ਘੋੜਾ ਤਾਂ ਮੇਰੀ ਸਵਾਰੀ ਲਈ ਹੈ, ਮੇਰਾ ਕਾਰਜ ਸਿੱਧ ਕਰਨ ਲਈ ਹੈ। ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਬੀਬਾ! ਹੁਣ ਤੂੰ ਗੱਲ ਸਮਝ ਲਈ ਹੈ ਜਿਵੇਂ ਤੂੰ ਘੋੜੇ ਤੇ ਬੈਠ ਕੇ ਆਪਣਾ ਕਾਰਜ ਸਿੱਧ ਕਰਦੀ ਹੈਂ ਇਵੇਂ ਜਿਵੇਂ ਹੀ ਜੀਵ ਆਤਮਾ ਇਸ ਸਰੀਰ ਦੀ ਸਵਾਰੀ ਕਰਕੇ ਅੱਖਾਂ ਰਾਹੀਂ ਦੇਖਦੀ ਹੈ, ਕੰਨਾਂ ਰਾਹੀਂ ਸੁਣਦੀ ਹੈ, ਨਾਸਕਾਂ ਰਾਹੀਂ ਸੁਗੰਧੀ ਲੈਂਦੀ ਹੈ ਅਤੇ ਸਰੀਰ ਦੀ ਕੋਮਲਤਾ ਰਾਹੀਂ ਸਪਰਸ਼ ਰਸ ਮਾਣਦੀ ਹੈ, ਜੀਭ ਰਾਹੀਂ ਰਸ-ਕੁਰਸ ਅਨੁਭਵ ਕਰਦੀ ਹੈ ਪਰ ਤੂੰ ਹੈਂ ਸਰੀਰ ਤੋਂ ਵੱਖਰੀ ਜਿਸ ਨੂੰ ਮੈਂ ਜੀਵ ਆਤਮਾ ਆਖਦਾ ਹਾਂ, ਉਹ ਵੀ ਸਤਿ ਹਸਤੀ ਨਹੀਂ ਹੈ, ਇਹ ਕੇਵਲ ਅਸਾਡੀ ਬੁੱਧੀ ਦਾ ਭਰਮ ਹੈ ਕਿ ਜਦੋਂ ਆਤਮਾ ਸਰੀਰ ਨੂੰ ਸਤਾ ਦਿੰਦੀ ਹੈ ਤਾਂ ਇਸ ਦੇ ਵਿਚ ਸੁਰਤ ਪੈਦਾ ਹੁੰਦੀ ਹੈ, ਉਹ ਸੁਰਤ ਆਪਣੇ ਅਸਲੀ ਸਰੂਪ ਨੂੰ ਦੇਖਣ ਦੀ ਥਾਂ ਵਖਰਾ ਦੇਖਦੀ ਹੈ,ਅਤੇ ਇਹ ਅਧਿਆਸ ਪੱਕ ਜਾਣ ਕਰਕੇ ਇਹ ਆਤਮ ਪਦਵੀ ਤੋਂ ਗਿਰ ਕੇ ਜੀਵ ਆਤਮਾ ਬਣ ਜਾਂਦੀ ਹੈ। ਪਰ ਜਿਹੜਾ ਤੇਰਾ ਅਸਲ ਹੈ, ਜੋ ਕੁਝ ਤੂੰ ਹੈਂ, ਉਸ ਨੂੰ ਆਤਮਾ ਆਖਦੇ ਹਨ। ਉਹ ਤੇਰੀ ਆਤਮਾ ਤੇ ਮੇਰੀ ਆਤਮਾ ਇਕੋ ਹੀ ਹੈ, ਤੁਹਾਡੇ ਨੌਕਰਾਂ ਦੀ ਅਤੇ ਤੁਹਾਡੇ ਰਾਜਾ ਪਿਤਾ ਜੀ ਦੀ, ਮਾਤਾ ਜੀ ਦੀ, ਤੁਹਾਡੇ ਰਿਆਸਤ

ਦੇ ਬੰਦਿਆਂ ਦੀ, ਤੁਹਾਡੇ ਅਸਤਬਲ ਦੇ ਘੋੜਿਆਂ ਅਤੇ ਹਾਥੀਆਂ ਦੀ ਆਤਮਾ ਇਕੋ ਹੀ ਹੈ। ਇਹ ਗੱਲ ਸੁਣ ਕੇ ਰਾਜਕੁਮਾਰੀ ਨੇ ਕਿਹਾ ਕਿ ਹੇ ਭਲੇ ਪੁਰਸ਼! ਮੈਂ, ਜਿਸ ਨੂੰ ਤੂੰ ਜੀਵ ਆਤਮਾ ਆਖਦਾ ਹੈਂ ਉਥੇ ਤਕ ਤਾਂ ਪੂਰੀ ਤਰ੍ਹਾਂ ਸਮਝ ਲਿਆ ਅਤੇ ਮੈਂ ਹੁਣ ਆਪਣੇ ਆਪ ਨੂੰ ਸਰੀਰ ਤੋਂ ਕੁਝ ਵੱਖ ਦੇਖਦੀ ਹਾਂ ਕਿਉਂਕਿ ਤੂੰ ਜਦੋਂ ਇਹ ਗੱਲਾਂ ਪਹਿਲਾਂ-ਪਹਿਲਾਂ ਮੈਨੂੰ ਕਹੀਆਂ ਸਨ ਉਸ ਵੇਲੇ ਮੈਂ ਬਹੁਤ ਘਬਰਾਉਂਦੀ ਸੀ ਪਰ ਤੇਰੇ ਬਚਨ ਸੁਣ-ਸੁਣ ਕੇ ਮੈਨੂੰ ਐਨਾ ਤਾਂ ਭਰੋਸਾ ਹੋ ਗਿਆ ਕਿ ਮੈਂ ਸਰੀਰ ਨਹੀਂ ਹਾਂ ਇਹਦੇ ਵਿਚ ਵਸਣ ਵਾਲੀ ਜੀਵ ਆਤਮਾ ਹਾਂ ਅਤੇ ਜੋ ਕੁਝ ਕਰਦੀ ਹਾਂ ਮੈਂ ਹੀ ਕਰਦੀ ਹਾਂ। ਸਰੀਰ ਮੇਰੇ ਹੁਕਮ ਵਿਚ ਚਲਦਾ ਹੈ, ਮੇਰਾ ਘੋੜਾ ਮੇਰੇ ਹੁਕਮ ਵਿਚ ਚਲਦਾ ਹੈ। ਹੁਣ ਜੇ ਮੈਂ ਤੀਰ ਖੋਭ ਕੇ ਮਰ ਗਈ ਤਾਂ ਤੇਰੇ ਬਚਨ ਸੁਣ ਕੇ ਮੈਨੂੰ ਐਨਾ ਪਤਾ ਲੱਗ ਹੀ ਗਿਆ ਹੈ ਕਿ ਮੈਂ ਜੀਵ ਆਤਮਾ ਜਿਉਂਦੀ ਰਹਾਂਗੀ ਅਤੇ ਜਿਥੇ ਤੂੰ ਰਹੇਂਗਾ ਉਥੇ ਤੇਰੇ ਨਾਲ ਹੀ ਰਹਾਂਗੀ। ਕਹਿਣ ਲੱਗੇ, "ਬੀਬਾ! ਇਹ ਵੀ ਤੇਰੀ ਗਲਤ ਸੋਚਣੀ ਹੈ, ਤੈਨੂੰ ਮੈਂ ਇਕ ਬੜੀ ਸੁਖਾਲੀ ਜਿਹੀ ਗੱਲ ਦਸਦਾ ਹਾਂ। ਪਰ ਪਹਿਲਾਂ ਤੂੰ ਮੈਨੂੰ ਦੱਸ ਕਿ ਜਦੋਂ ਤੂੰ ਸ਼ਿਕਾਰ ਕਰਦੀ ਹੈਂ ਤਾਂ ਤੂੰ ਇਹ ਕਹਿੰਦੀ ਹੈਂ ਕਿ ਮੈਂ ਹਰਨ ਮਾਰਿਆ, ਮੈਂ ਆਪਣੀ ਸਹੇਲੀ ਨਾਲ ਪਿਆਰ ਕਰਿਆ, ਮੈਂ ਗਰੀਬ ਨੂੰ ਦਾਨ ਦਿਤਾ, ਭੁੱਖੇ ਨੂੰ ਪ੍ਰਸ਼ਾਦਾ ਛਕਾਇਆ ਹੈ, ਹੋਰ ਸਾਰੇ ਕੰਮ ਵੀ "ਮੈਂ ਹੀ" ਕਰਦੀ ਹਾਂ, ਚੰਗੇ ਕੰਮਾਂ ਨੂੰ ਦੇਖ ਕੇ ਮੇਰੇ ਪਿਤਾ ਜੀ ਬਹੁਤ ਖੁਸ਼ ਹੁੰਦੇ ਹਨ ਅਤੇ ਗਲਵਕੜੀ 'ਚ ਲੈ ਕੇ ਪਿਆਰ ਕਰਦੇ ਹਨ ਅਤੇ ਹੋਰ ਚੰਗੇ ਕੰਮ ਕਰਨ ਵਾਸਤੇ ਮੈਨੂੰ ਉਤਸ਼ਾਹਤ ਕਰਦੇ ਹਨ। ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਬੀਬਾ! ਜਦੋਂ ਤੂੰ ਇਹ ਕਹਿੰਦੀ ਹੈਂ ਕਿ ਚੰਗੇ ਮੰਦੇ ਕੰਮ ਮੈਂ ਹੀ ਕਰਦੀ ਹਾਂ ਤਾਂ ਇਹ ਕਰਮ ਤੇਰੇ ਨਾਲ ਚਿੰਬੜ ਜਾਂਦੇ ਹਨ। ਜਦੋਂ ਤੂੰ ਸਰੀਰ ਛੱਡੇਂਗੀ ਉਸ ਵੇਲੇ ਇਕ-ਇਕ ਕਰਮ ਤੇਰੇ ਨਾਲ ਫਲ ਦੇਣ ਲਈ ਐਉਂ ਚਿੰਬੜਿਆ ਹੋਵੇਗਾ ਜਿਵੇਂ ਕਿ ਧਰਤੀ ਵਿਚ ਵਤਰ ਲੱਗੀ ਤੇ ਬੀਜ ਪਾ ਦਿੰਦੇ ਹਾਂ। ਉਸ ਬੀਜ ਨੇ ਤਾਂ ਉਗਣਾ ਹੀ ਹੋਇਆ ਨਾ। ਕਹਿਣ ਲੱਗੀ, ਹਾਂ ਇਹ ਤਾਂ ਮੈਂ ਰੋਜ਼ ਦੇਖਦੀ ਹੀ ਹਾਂ, ਅਸੀਂ ਜੋ ਧਰਤੀ ਵਿਚ ਬੀਜ ਪਾਉਂਦੇ ਹਾਂ ਉਹ ਹਰਾ ਹੋ ਜਾਂਦਾ ਹੈ। ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਇਹੀ ਗੱਲ ਮੈਂ ਤੈਨੂੰ ਸਮਝਾਉਣੀ ਸੀ ਕਿ ਜਦੋਂ ਅਸੀਂ ਕਰਮ ਕਰਦੇ ਹਾਂ ਤਾਂ ਅਸੀਂ ਉਨ੍ਹਾਂ ਕਰਮਾਂ ਦਾ ਬੀਜ ਜੀਵ ਆਤਮਾ ਦੇ ਨਾਲ ਸਬੰਧਤ ਚਤੁਸ਼ਟੇ ਅੰਤਸ਼ਕਰਣ ਵਿਚ ਜੋ ਸੂਖਸ਼ਮ ਧਰਤੀ ਵਾਂਗੂੰ ਹੈ, ਕਰਮਾਂ ਰਾਹੀਂ ਬੀਜ ਦਿੰਦੇ ਹਾਂ, ਸਮਾਂ ਆਏ ਤੇ ਇਹ ਬੀਜ ਉਗ ਜਾਂਦੇ ਹਨ, ਇਨ੍ਹਾਂ ਵਿਚੋਂ ਕੁਝ ਅੱਛੇ ਵੀ ਹੁੰਦੇ ਹਨ ਕੁਝ ਮਾੜੇ ਵੀ ਹੁੰਦੇ ਹਨ। ਚੰਗੇ ਕਰਮਾਂ ਦਾ ਫਲ ਅਸਾਨੂੰ ਸੁਖਾਲੀਆਂ ਥਾਵਾਂ ਤੇ ਜਾ ਕੇ ਭੋਗਣਾ ਪੈਂਦਾ ਹੈ ਜਿਵੇਂ ਕਿ ਤੂੰ ਇਸ ਰਾਜੇ ਦੀ ਲੜਕੀ ਬਣ ਗਈ ਹੈਂ, ਤੂੰ ਉਨ੍ਹਾਂ ਚੰਗੇ ਕਰਮਾਂ ਦਾ ਫਲ ਅਮੀਰੀ, ਸੁੱਖ ਵਿਚ ਭੋਗ ਰਹੀ ਹੈਂ, ਜੇ ਇਨ੍ਹਾਂ ਦੀ ਥਾਂ ਛਲ, ਕਪਟ, ਧੋਖੇ ਕੀਤੇ ਹੁੰਦੇ ਤਾਂ ਬੀਬਾ! ਇਹ ਫਲ ਅਤਿ ਗਰੀਬ ਰਹਿ ਕੇ ਗਰੀਬ ਥਾਂ ਪੈਦਾ ਹੋ ਕੇ ਦੁਖ ਦੇ ਰੂਪ ਵਿਚ ਭੋਗਦੀ। ਫੇਰ ਆਪਾਂ ਦੁਬਾਰਾ ਆ ਕੇ ਨਵਾਂ ਕਰਮ ਕਰਕੇ ਫੇਰ ਸਰੀਰ ਧਾਰਦੇ, ਜੇ ਕਰਮ ਬਹੁਤਾ ਮਾੜਾ ਹੋ ਜਾਵੇ ਤਾਂ ਉਸ ਨੂੰ ਭੋਗਣ ਲਈ ਅਸੀਂ ਕੁੱਤੇ, ਬਿੱਲੇ, ਗਊ, ਮੱਝਾਂ, ਚੂਹੇ, ਨੂੰਹੇਂ ਆਦਿ ਬਣ ਕੇ ਭੋਗਦੇ। ਫੇਰ ਇਸ ਨੂੰ ਮਨੁੱਖਾ ਜਨਮ ਨਹੀਂ ਸੀ ਮਿਲਣਾ ਅਤੇ ਜੀਵ ਆਤਮਾ ਨੂੰ ਜਿਹੋ ਜਿਹਾ ਕਪੜਾ ਮਿਲਦਾ ਹੈ, ਉਹੋ ਜਿਹੇ ਦੇ ਵਿਚ ਹੀ ਰਚ ਜਾਇਆ ਕਰਦਾ ਹੈ। ਸੋ ਮੈਂ ਜਿਹੜੀ ਤੈਨੂੰ ਗੱਲ ਦਸਣੀ ਹੈ ਉਹਨੂੰ ਧਿਆਨ ਦੇ ਨਾਲ ਸੁਣ, ਉਹ ਇਹ ਹੈ ਕਿ ਜੇ ਤੂੰ ਤੀਰ ਮਾਰ ਕੇ ਮਰ ਗਈ, ਤਾਂ ਤੂੰ ਜਿਹੜੇ ਕਰਮ ਕੀਤੇ ਹਨ ਉਨ੍ਹਾਂ ਨੂੰ ਭੋਗਣ ਲਈ ਹੋਰ ਥਾਂ ਤੇ ਜਾਣਾ ਪਵੇਗਾ, ਮੈਂ ਜਿਥੇ ਜਾਣਾ ਹੈ ਉਥੇ ਤੂੰ ਨਹੀਂ ਪਹੁੰਚ ਸਕਣਾ। ਗੁਰਬਾਣੀ ਵਿਚ ਫੁਰਮਾਨ ਹੈ-

> *ਸਾਜਣ ਚਲੇ ਪਿਆਰਿਆ*
> *ਕਿਉ ਮੇਲਾ ਹੋਈ॥*
> *ਜੇ ਗੁਣ ਹੋਵਹਿ ਗੰਠੜੀਐ*
> *ਮੇਲੇਗਾ ਸੋਈ॥*　　　　*ਪੰਨਾ - 729*

ਜੋ ਕੁਝ ਮੈਂ ਕਰਦਾ ਹਾਂ ਤੂੰ ਵੀ ਓਹੋ ਕੁਝ ਕਰਨ ਲਗ ਜਾ, ਤਾਂ ਜਦੋਂ ਤੂੰ ਹੁਕਮ ਅਨੁਸਾਰ ਸਰੀਰ ਛੱਡੇਂਗੀ ਤਾਂ ਜਿਥੇ ਰਹਿੰਦਾ ਹੋਵਾਂਗਾ, ਉਥੇ ਤੂੰ ਆ ਕੇ ਮਿਲ ਜਾਵੇਂਗੀ। ਇਸ ਕਰਕੇ ਤੈਨੂੰ ਮੈਂ ਦਸਦਾ ਹਾਂ ਕਿਤੇ ਧੋਖਾ ਨਾ ਖਾ ਜਾਈਂ, ਐਵੇਂ ਕਮਲ ਨਾ ਕੁੱਟ ਲਈਂ, ਇਹ ਸਮਝ ਕੇ ਕਿ ਜੇ ਇਹ ਮਰ ਗਿਆ ਤਾਂ ਮੈਂ ਵੀ ਮਰ ਕੇ ਇਹਦੇ ਨਾਲ ਹੀ ਰਹਿਣ ਲਗ ਜਾਵਾਂਗੀ। ਬੀਬਾ! ਇਹ ਗੱਲ ਨਹੀਂ ਹੋਣੀ। ਜਦੋਂ ਤਕ ਤੂੰ ਮੇਰੇ ਵਰਗੇ ਕਰਮ ਨਹੀਂ ਕਰਦੀ ਉਨੀਂ ਦੇਰ ਤਕ ਤੂੰ ਮੇਰੇ ਪਾਸ ਨਹੀਂ ਪਹੁੰਚ ਸਕਦੀ। ਸੋ ਸੰਖੇਪ ਦੇ ਵਿਚ ਮੈਂ ਤੈਨੂੰ ਫੇਰ ਦਸਦਾ ਹਾਂ ਕਿ ਜਿਥੇ ਜਾ ਕੇ ਸਾਧੂ ਰਹਿੰਦੇ ਹਨ, ਉਸ ਦੇਸ਼ ਨੂੰ ਸਚਖੰਡ ਕਹਿੰਦੇ ਹਨ। ਜਿਥੇ ਜਾ ਕੇ ਉਹ ਬੰਦੇ ਰਹਿੰਦੇ ਹਨ। ਜਿਹੜੇ ਕਰਮ ਕਰਕੇ ਕਹਿੰਦੇ ਹਨ ਕਿ ਮੈਂ ਕਰਦਾ ਹਾਂ। ਆਪਾਂ ਕਹਿੰਦੇ ਹਾਂ ਕਿ ਨਾ, ਕਿ ਮੈਂ ਇਸ ਦੀ ਮਦਦ ਐਨੇ ਰੁਪਏ ਦੇ ਕੇ ਕੀਤੀ, ਮੈਂ ਇਸ ਦੇ ਬੱਚਿਆਂ ਨੂੰ ਪਹਿਨਣ ਵਾਸਤੇ ਕਪੜਾ ਦਿਤਾ। ਇਹ ਭੁੱਖੇ ਮਰਦੇ ਸੀ, ਮੈਂ ਇਨ੍ਹਾਂ ਨੂੰ ਆਪਣੇ ਕੋਲੋਂ ਬਚਾ ਕੇ ਦਾਣੇ ਦਿਤੇ, ਦਾਲਾਂ ਦਿਤੀਆਂ, ਇਹ ਗਰੀਬ ਬਹੁਤ ਸਨ। ਮੈਂ ਇਨ੍ਹਾਂ ਨੂੰ ਕਿਤਾਬਾਂ ਲੈ ਕੇ ਦਿਤੀਆਂ, ਗਰੀਬ ਦੀ ਲੜਕੀ ਦਾ ਵਿਆਹ ਕਰਨ ਲਈ ਮੈਂ ਪੈਸਾ ਲੈ ਕੇ ਦਿਤਾ। ਤੂੰ ਸੋਚ ਕੇ ਦਸ, ਆਪਾਂ ਇਸ ਤਰ੍ਹਾਂ ਮੰਨਦੇ ਹਾਂ ਨਾ? ਕਹਿਣ ਲੱਗੀ, "ਭਲੇ ਪੁਰਸ਼! ਇਹ ਵੀ ਕੋਈ ਸੋਚਣ ਦੀ ਗੱਲ ਹੈ ਇਹ ਤਾਂ ਗੱਲਾਂ ਅਸੀਂ ਸਾਰੀਆਂ ਕਹਿੰਦੇ ਹੀ ਹਾਂ। ਮੈਂ ਤੁਹਾਨੂੰ ਅੱਗੇ ਵੀ ਦਸਦੀ ਹਾਂ। ਜੇ ਅਸੀਂ ਕਿਸੇ ਦੀ ਮਦਦ ਕਰਦੇ ਹਾਂ, ਉਹ ਜੇ ਅਸਾਡਾ ਧੰਨਵਾਦ ਨਾ ਕਰੇ ਤਾਂ ਅਸਾਨੂੰ ਬਹੁਤ ਗੁੱਸਾ ਆਉਂਦਾ ਹੈ ਕਿ ਮੈਂ ਉਸ ਦੇ ਵਾਸਤੇ ਐਨਾ ਖਰਚ ਕੀਤਾ, ਐਨੀ ਮਦਦ ਕੀਤੀ ਇਸ ਨੇ ਕੁਝ ਜਾਣਿਆ ਹੀ ਨਹੀਂ। ਹੇ ਭਲੇ ਪੁਰਸ਼! ਤੂੰ ਇਸ

ਤਰ੍ਹਾਂ ਨਹੀਂ ਕਿਹਾ ਕਰਦਾ? ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਬੀਬਾ! ਇਥੇ ਹੀ ਫਰਕ ਪੈ ਗਿਆ। ਅਸਾਡੇ ਸਰੀਰ ਤੋਂ ਜੇ ਨੇਕੀ ਹੁੰਦੀ ਹੈ ਉਹ ਅਸੀਂ ਕਿਸੇ ਉਪਰ ਅਹਿਸਾਨ ਨਹੀਂ ਕਰਦੇ, ਉਹ ਸਹਿਜ ਨਾਲ ਹੀ ਹੁੰਦੀ ਹੈ। ਤੂੰ ਦੇਖ ਕਿ ਗੁਲਾਬ ਦਾ ਫੁੱਲ ਕਿੰਨੀ ਸੁਹੱਪਣ ਵੰਡਦਾ ਹੈ, ਕਿੰਨੀ ਉਸ ਵਿਚ ਸੁਗੰਧੀ ਹੁੰਦੀ ਹੈ ਉਸ ਨੇ ਕਦੇ ਕਿਸੇ ਨੂੰ ਕਿਹਾ ਹੈ ਕਿ ਮੈਂ ਸੁਗੰਧੀ ਦਿੰਦਾ ਹਾਂ, ਅੱਖਾਂ ਨੂੰ ਸੋਹਣਾ ਲੱਗਣ ਵਾਸਤੇ ਸੁਹੱਪਣ ਦੇ ਰਿਹਾ ਹਾਂ? ਉਹ ਸਹਿਜ ਨਾਲ ਹੀ ਹੋ ਰਿਹਾ ਹੈ ਨਾ। ਉਸ ਤੋਂ ਇਹ ਚੀਜ਼ਾਂ ਸਹਿਜ ਸੁਭਾਅ ਹੀ ਹੁੰਦੀਆਂ ਹਨ। ਇਸੇ ਤਰ੍ਹਾਂ ਨਾਲ ਇਸ ਵਜੂਦ ਰਾਹੀਂ ਜੋ ਕੁਝ ਵੀ ਹੋ ਰਿਹਾ ਹੈ, ਉਹ ਸਹਿਜ ਵਿਚ ਹੀ ਹੋ ਰਿਹਾ ਹੈ, ਮੈਂ ਨਹੀਂ ਕਦੇ ਸੋਚਿਆ ਕਿ ਮੈਂ ਇਹ ਕੀਤਾ ਹੈ, ਉਹ ਕੀਤਾ ਹੈ ਇਥੇ ਹੀ ਤੇਰਾ ਤੇ ਮੇਰਾ ਫਰਕ ਪੈ ਜਾਂਦਾ ਹੈ। ਕਿਉਂਕਿ ਜਿਸ ਵੇਲੇ ਤੂੰ ਕਹੇਂਗੀ ਕਿ ਮੈਂ ਕਰਮ ਕਰਦੀ ਹਾਂ ਉਸੇ ਵੇਲੇ ਤੂੰ ਬੰਨੀ ਜਾਵੇਂਗੀ ਅਤੇ ਉਸ ਚੀਜ਼ ਦਾ ਫਲ ਤੈਨੂੰ ਹਰ ਹਾਲਤ ਵਿਚ ਭੋਗਣਾ ਪੈਣਾ ਹੈ। ਸਾਧਸੰਗਤ ਜੀ! ਗੁਰੂ ਮਹਾਰਾਜ ਜੀ ਰੋਜ਼ ਹੀ ਸਾਨੂੰ ਦਸਦੇ ਹਨ, ਧਿਆਨ ਦੇਵੋ। ਅਸੀਂ ਵੀ ਰਾਜਕੁਮਾਰੀ ਵਾਂਗ ਹੀ ਕਹਿੰਦੇ ਹਾਂ ਕਿ ਅਸੀਂ ਇਹ ਕੀਤਾ, ਉਹ ਕੀਤਾ। ਮੈਂ ਗੁਰਦੁਆਰੇ ਸਾਹਿਬ ਦੀ ਸੇਵਾ ਸਿਰ ਤੇ ਸੀਮਿੰਟ ਚੁਕ-ਚੁਕ ਕੇ ਕਰਦਾ ਰਿਹਾ, ਹੱਦ ਦਰਜੇ ਦੀ ਗਰਮੀ ਵਿਚ ਅਸੀਂ ਲੰਗਰ ਵਰਤਾਂਦੇ ਰਹੇ। ਇਸ ਨਾਲ ਕੀ ਹੁੰਦਾ ਹੈ ਕਿ ਅਸੀਂ ਕੀਤੇ ਹੋਏ ਕਰਮਾਂ ਨੂੰ ਆਪਣੇ ਅੰਦਰ ਜਮ੍ਹਾਂ ਕਰ ਲੈਂਦੇ ਹਾਂ ਅਤੇ ਉਨ੍ਹਾਂ ਦਾ ਜਦੋਂ ਉਹ ਪੂਰੀ ਤਰ੍ਹਾਂ ਬਦਲਾ ਨਾ ਦੇਵੇ ਤਾਂ ਉਨ੍ਹਾਂ ਬੰਦਿਆਂ ਨਾਲ ਅਸੀਂ ਗੁੱਸੇ ਹੋ ਜਾਂਦੇ ਹਾਂ ਕਿ ਮੈਂ ਇਸ ਨਾਲ ਐਨੀ ਨੇਕੀ ਕੀਤੀ ਇਸ ਨੇ ਭੋਰਾ ਜਿੰਨਾ ਵੀ ਪ੍ਰਵਾਹ ਨਹੀਂ ਕੀਤੀ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

***ਜਬ ਲਗ ਜਾਨੈ ਮੁਝ ਤੇ ਕਛੁ ਹੋਇ॥***
***ਤਬ ਇਸ ਕਉ ਸੁਖੁ ਨਾਹੀ ਕੋਇ॥***
***ਜਬ ਇਹ ਜਾਨੈ ਮੈ ਕਿਛੁ ਕਰਤਾ॥***
***ਤਬ ਲਗੁ ਗਰਭ ਜੋਨਿ ਮਹਿ ਫਿਰਤਾ॥***
***ਜਬ ਧਾਰੈ ਕੋਊ ਬੈਰੀ ਮੀਤੁ॥***
***ਤਬ ਲਗੁ ਨਿਹਚਲੁ ਨਾਹੀ ਚੀਤੁ॥***
***ਜਬ ਲਗੁ ਮੋਹ ਮਗਨ ਸੰਗਿ ਮਾਇ॥***
***ਤਬ ਲਗੁ ਧਰਮ ਰਾਇ ਦੇਇ ਸਜਾਇ॥***
***ਪ੍ਰਭ ਕਿਰਪਾ ਤੇ ਬੰਧਨ ਤੂਟੈ॥***
***ਗੁਰ ਪ੍ਰਸਾਦਿ ਨਾਨਕ ਹਉ ਛੂਟੈ॥***

***ਪੰਨਾ - 278***

ਪਰ ਇਸ ਦੇ ਵਿਪਰੀਤ ਜਿਨ੍ਹਾਂ ਨੇ ਆਪਣੀ ਆਤਮਾ ਸ਼ਾਖਸ਼ਾਤ ਕੀਤੀ ਹੋਈ ਹੈ ਉਹ ਸਭ ਕੁਝ ਕਰਦੇ ਹੋਏ ਕਦੇ ਵੀ ਇਹ ਨਹੀਂ ਕਹਿੰਦੇ ਕਿ ਮੈਂ ਕੁਝ ਕਰਦਾ ਹਾਂ। ਕੋਈ ਮਾੜਾ ਕੰਮ ਕੀਤਾ ਹੈ ਜਾਂ ਚੰਗਾ ਕੀਤਾ ਹੈ, ਕੋਈ ਉਨ੍ਹਾਂ ਦਾ ਬਦਲਾ ਦੇਵੇ। ਕਿਉਂਕਿ ਨੇਕੀ ਤਾਂ ਉਨ੍ਹਾਂ ਦੇ ਅੰਦਰ ਫੁਹਾਰਾਂ ਦਿੰਦਾ ਆਪਮੁਹਾਰਾ ਓਮਾਹ ਵਾਂਗੂੰ ਆਰਟੀਜ਼ਨ **well** ਹੈ ਜੋ ਆਪੇ ਹੀ ਪਾਣੀ ਦੇਈ ਜਾਂਦਾ ਹੈ। ਜਿਸ ਤਰ੍ਹਾਂ ਚਸ਼ਮੇ ਵਿਚ ਸੁਤੇ ਸਿਧ ਹੀ ਪਾਣੀ ਨਿਕਲਦਾ ਹੈ ਅਤੇ ਲੋਕ ਆਪਣੀਆਂ ਲੋੜਾਂ ਪੂਰੀਆਂ ਕਰਦੇ ਹਨ। ਸੋ ਬੀਬਾ! ਜਿਹੜੇ ਤਾਂ ਪਹਿਲੇ ਖਿਆਲ ਦੇ ਬੰਦੇ ਹਨ ਜਿਹੜੇ ਕੁਝ ਕਰਕੇ ਕਹਿੰਦੇ ਹਨ ਕਿ ਮੈਂ ਕਰਦਾ ਹਾਂ ਉਹ ਤਾਂ ਜੰਮਦੇ ਹਨ, ਮਰ ਜਾਂਦੇ ਹਨ। ਕਈ ਵਾਰੀ ਆਪਸ ਵਿਚ ਹੋਰ ਜਨਮਾਂ ਵਿਚ ਮਿਲ ਜਾਂਦੇ ਹਨ, ਵਿਛੜ ਜਾਂਦੇ ਹਨ। ਕਿਤੇ ਬਾਪ ਪੁੱਤਰ ਬਣ ਜਾਂਦਾ ਹੈ, ਕਿਤੇ ਪੁੱਤਰ ਬਾਪ ਬਣ ਜਾਂਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ॥***
***ਜੀਵਿ ਜੀਵਿ ਮੁਏ ਮੁਏ ਜੀਵੇ॥***
***ਕੇਤਿਆ ਕੇ ਬਾਪ ਕੇਤਿਆ ਕੇ ਬੇਟੇ***
***ਕੇਤੇ ਗੁਰ ਚੇਲੇ ਹੂਏ॥***
***ਆਗੈ ਪਾਛੈ ਗਣਤ ਨ ਆਵੈ ਕਿਆ***
***ਜਾਤੀ ਕਿਆ ਹੁਣਿ ਹੂਏ॥***

***ਪੰਨਾ - 1238***

ਸੋ ਇਸ ਕਰਕੇ ਜੋ ਤੂੰ ਇਹ ਸੋਚਦੀ ਹੈਂ ਕਿ ਮੈਂ ਜਦੋਂ ਸਰੀਰ ਛਡ ਗਿਆ ਤੇ ਤੂੰ ਤੀਰ ਮਾਰ ਕੇ ਮਰ ਜਾਵੇਂਗੀ ਤਾਂ ਤੂੰ ਇਹ ਨਾ ਸੋਚ ਕਿ ਤੂੰ ਮੇਰੇ ਨਾਲ ਮਿਲ ਜਾਵੇਂਗੀ, ਮੇਰੀ ਸੋਚ ਤੇ ਮੇਰਾ ਰਸਤਾ ਹੋਰ ਹੈ ਕਿਉਂਕਿ ਮੈਂ ਆਪਣੇ ਆਪ ਨੂੰ ਜੀਵ ਨਹੀਂ ਸਮਝਦਾ। ਅੰਤਰ ਆਤਮੇ ਮੈਂ ਆਪਣੇ ਗੁਰੂ ਨਾਲ ਮਿਲਿਆ ਹੋਇਆ ਹੀ ਹਾਂ। ਤੂੰ ਅਜੇ ਕਰਮ ਕਰਦੀ ਹੈਂ ਅਤੇ ਆਪਣੇ ਆਪ ਨੂੰ ਅਜੇ ਸਰੀਰ ਹੀ ਸਮਝਦੀ ਹੈਂ। ਭਾਵੇਂ ਮੇਰੇ ਕਹਿਣ ਦੇ ਨਾਲ ਤੈਨੂੰ ਇਹ ਪ੍ਰਕਾਸ਼ ਹੋ ਆਇਆ ਕਿ ਮੈਂ ਸਰੀਰ ਨੂੰ ਸਤਾ ਦੇਣ ਵਾਲੀ ਜੀਵ ਆਤਮਾ, ਕਰਮਾਂ ਦੇ ਨਾਲ ਬੰਨੀ ਹੋਣ ਕਰਕੇ, ਉਨ੍ਹਾਂ ਦੇ ਫਲ ਭੋਗਣ ਲਈ ਹੋਰ ਰਸਤੇ ਤੇ ਪੈ ਜਾਂਦੀ ਹੈ। ਅਸੀਂ ਕਿਸੇ ਕਰਮ ਦੀ ਹਉਂ ਨਹੀਂ ਧਾਰਦੇ ਕਿ ਮੈਂ ਕਰਦਾ ਹਾਂ। ਇਸ ਕਰਕੇ ਕਰਮ ਅਸਾਡੇ ਨਾਲ ਚਿੰਬੜਦੇ ਨਹੀਂ। ਇਸ ਕਰਕੇ ਅਸਾਡਾ ਰਸਤਾ ਹੋਰ ਹੈ ਮੇਰੇ ਵਰਗੇ ਹੀ ਤੇਰੇ ਅੰਦਰ ਵਿਚਾਰ ਹੋਣ ਤਾਂ ਤੂੰ ਮੈਨੂੰ ਮਿਲ ਸਕਦੀ ਹੈਂ। ਰਾਜ ਕੁਮਾਰੀ ਇਹ ਸੁਣ ਕੇ ਬਹੁਤ ਹੀ ਹੈਰਾਨ ਹੋਈ ਕਿ ਇਸ ਭਲੇ ਪੁਰਸ਼ ਦੀਆਂ ਗੱਲਾਂ ਮੈਨੂੰ ਬਹੁਤ ਹੀ ਪਿਆਰੀਆਂ ਲਗਦੀਆਂ ਹਨ ਅਤੇ ਮੈਂ ਇਹ ਵੀ ਮੰਨਦੀ ਹਾਂ ਕਿ ਇਹ ਜੋ ਗੱਲਾਂ ਕਰਦਾ ਹੈ ਉਹ ਸਾਰੀਆਂ ਹੀ ਸੱਚੀਆਂ ਹਨ, ਇਹ ਝੂਠ ਨਹੀਂ ਬੋਲਦਾ ਅਤੇ ਨਾ ਹੀ ਕੋਈ ਕਪਟ ਕਰਦਾ ਹੈ। ਮੈਂ ਆਪਣੇ ਆਪ ਨੂੰ ਐਨਾ ਕੁ ਤਿਆਰ ਕਰ ਲਿਆ ਕਿ ਮੈਂ ਆਹ ਸੁੰਦਰ ਸਰੀਰ ਨਹੀਂ ਹਾਂ, ਇਹਦੇ ਵਿਚ ਵਸਣ ਵਾਲੀ ਹਾਂ ਪਰ ਮੇਰੇ ਤਾਂ ਇਹ ਯਾਦ ਹੀ ਨਹੀਂ ਰਹਿੰਦਾ। ਮੈਂ ਤਾਂ ਆਹੀ ਜੋ ਮੈਂ ਸ਼ੀਸ਼ੇ ਦੇ ਸਾਮ੍ਹਣੇ ਖੜ੍ਹੀ ਦਿਸ ਰਹੀ ਹਾਂ ਉਹ ਹੀ ਸਮਝਦੀ ਹਾਂ। ਫੇਰ ਪੁੱਛਣ ਲੱਗੀ ਕਿ ਮੈਂ ਤੇਰੇ ਬਚਨ ਸੁਣ ਕੇ ਸਭ ਕੁਝ ਮੰਨ ਲਿਆ ਹੈ ਪਰ ਮੈਨੂੰ

ਉਹ ਰਸਤਾ ਦਸ ਜਿਸ ਰਸਤੇ ਤੇ ਪੈ ਕੇ ਜਿਥੇ ਤੂੰ ਰਹਿੰਦਾ ਹੈਂ, ਉਥੇ ਮੈਂ ਪਹੁੰਚ ਜਾਵਾਂ।

ਭਾਈ ਤਿਲੋਕਾ ਜੀ ਦੇ ਬਚਨ ਸੁਣ ਕੇ ਰਾਜਕੁਮਾਰੀ ਬਹੁਤ ਗਹਿਰੀ ਸੋਚ ਵਿਚ ਪਈ ਹੋਈ ਹੈ ਅਤੇ ਜੋ ਬਚਨ ਉਨ੍ਹਾਂ ਨੇ ਕਹੇ ਹਨ ਉਨ੍ਹਾਂ ਨੂੰ ਸਮਝਣ ਲਈ ਪੂਰਾ ਤਾਣ ਲਾ ਰਹੀ ਹੈ ਅਤੇ ਮੁੜ-ਮੁੜ ਕੇ ਆਪਣੀ ਯਾਦ ਵਿਚ ਵਸਾ ਰਹੀ ਹੈ ਕਿ ਕਿਤੇ ਮੈਂ ਇਹ ਬਚਨ ਭੁੱਲ ਨਾ ਜਾਵਾਂ। ਭਾਈ ਤਿਲੋਕਾ ਜੀ ਨੇ ਕੁਝ ਦੇਰ ਆਰਾਮ ਕੀਤਾ ਫੇਰ ਨੇਤਰ ਖੋਲ੍ਹੇ। ਮੁਖ ਤੋਂ 'ਵਾਹਿ........ਗੁਰੂ' ਧੰਨ ਗੁਰੂ ਨਾਨਕ ਨਿਕਲਿਆ। ਰਾਜਕੁਮਾਰੀ ਨੇ ਸਮਝਣ ਦਾ ਜਤਨ ਕੀਤਾ। ਭਾਈ ਤਿਲੋਕਾ ਜੀ ਨੇ ਉਸਦੀ ਹਾਲਤ ਦੇਖ ਕੇ ਉਸ ਦੇ ਅੰਦਰ ਜੋ ਕਸ਼ਮ-ਕਸ਼ ਹੋ ਰਹੀ ਸੀ ਉਸ ਨੂੰ ਸਮਝ ਲਿਆ ਅਤੇ ਕਹਿਣ ਲੱਗੇ ਕਿ ਬੀਬਾ! ਜੋ ਮੈਂ ਬਚਨ ਕੀਤੇ ਹਨ, ਉਹ ਤੂੰ ਅੱਛੀ ਤਰ੍ਹਾਂ ਸਮਝ ਲਏ ਹਨ। ਮੈਂ ਤੈਨੂੰ ਥੋੜ੍ਹਾ ਹੋਰ ਦਸਦਾ ਹਾਂ ਕਿ ਜੋ ਇਥੇ ਜੀਵ ਆ ਕੇ ਸ਼ੁਭ ਕਰਮ ਕਰਦੇ ਹਨ, ਉਹ ਮਰਨ ਪਿਛੋਂ ਉਨ੍ਹਾਂ ਦਾ ਫਲ ਭੋਗਣ ਲਈ ਦਰਗਾਹ ਵਿਚ ਜਾਂਦੇ ਹਨ।

ਸਾਧਸੰਗਤ ਜੀ! ਕਈ ਪ੍ਰੇਮੀ ਐਸੇ ਹਨ ਜਿਹੜੇ ਇਕ ਦਮ ਫੈਸਲਾ ਦੇ ਦਿੰਦੇ ਹਨ ਕਿ ਅੱਗੇ ਕੋਈ ਦਰਗਾਹ ਨਹੀਂ ਹੈ ਅਤੇ ਉਹ ਇਸ ਛੋਟੇ ਜਿਹੇ **planet** ਤੇ ਇਸ ਦੇ ਵਾਤਾਵਰਣ ਦੇ ਮੁਤਾਬਿਕ ਸੀਮਤ ਸੋਚ ਵਿਚ ਪਏ ਹੋਏ ਅਜਿਹੀ ਕਲਪਨਾ ਕਰਦੇ ਹਨ ਪਰ ਜਦੋਂ ਅਸੀਂ ਗੁਰੂ ਮਹਾਰਾਜ ਜੀ ਦੀ 'ਧੁਰ ਕੀ ਬਾਣੀ' ਰਾਹੀਂ ਹੋਏ ਅੰਕਿਤ ਬਚਨ ਪੜ੍ਹਦੇ ਹਾਂ, ਵਿਚਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਹ ਸੰਸਾਰ ਛੱਡਣ ਤੋਂ ਪਿਛੋਂ ਜਦੋਂ ਜੀਵ ਆਤਮਾ ਕਰਮਾਂ ਦਾ ਬੰਨ੍ਹਿਆ ਹੋਇਆ ਫਲ ਭੋਗਣ ਲਈ ਇਸ ਸਰੀਰ 'ਚੋਂ ਜਾਂਦਾ ਹੈ ਤਾਂ ਆਪਣੀ ਕਰਨੀ ਦੇ ਮੁਤਾਬਿਕ ਸੁਖ-ਦੁਖ ਭੋਗਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

*ਨਾਨਕ ਜੀਅ ਉਪਾਇ ਕੈ*
*ਲਿਖਿ ਨਾਵੈ ਧਰਮੁ ਬਹਾਲਿਆ॥*
*ਓਥੈ ਸਚੇ ਹੀ ਸਚਿ ਨਿਬੜੈ*
*ਚੁਣਿ ਵਖਿ ਕਢੇ ਜਜਮਾਲਿਆ॥*
*ਥਾਉ ਨ ਪਾਇਨਿ ਕੂੜਿਆਰ*
*ਮੁਹ ਕਾਲੈ ਦੋਜਕਿ ਚਾਲਿਆ॥*
*ਤੇਰੈ ਨਾਇ ਰਤੇ ਸੇ ਜਿਣਿ ਗਏ*
*ਹਾਰਿ ਗਏ ਸਿ ਠਗਣ ਵਾਲਿਆ॥*
*ਲਿਖਿ ਨਾਵੈ ਧਰਮੁ ਬਹਾਲਿਆ॥*

*ਪੰਨਾ - 463*

ਅਤੇ ਇਹ ਵੀ ਫੁਰਮਾਨ ਕਰਦੇ ਹਨ -

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ*
*ਓਹੁ ਤੇਰੀ ਸਰਕਾਰ॥*
*ਅਧਿਆਤਮੀ ਹਰਿ ਗੁਣ ਤਾਸੁ*
*ਮਨਿ ਜਪਹਿ ਏਕੁ ਮੁਰਾਰਿ॥*
*ਤਿਨ ਕੀ ਸੇਵਾ ਧਰਮਰਾਇ ਕਰੈ*
*ਧੰਨੁ ਸਵਾਰਣਹਾਰੁ॥*

*ਪੰਨਾ - 38*

ਧਰਮਰਾਏ ਦੀ ਹਸਤੀ ਅਤੇ ਸਥਾਪਨਾ ਪਾਰਬ੍ਰਹਮ ਪਰਮੇਸ਼ਰ ਜੀ ਵਲੋਂ ਕੀਤੀ ਗਈ। ਉਸ ਦੇ ਪਾਸ ਬੇਮੁਖ, ਮਨਮੁਖ, ਅਕ੍ਰਿਤਘਣ, ਪਾਪ ਕਰਨ ਵਾਲੇ ਜਾਂਦੇ ਹਨ ਜਿਨ੍ਹਾਂ ਦੇ ਕਰਮਾਂ ਨੂੰ ਵਿਚਾਰ ਕੇ ਉਨ੍ਹਾਂ ਦਾ ਜੀਵ ਆਤਮਾ ਨਰਕਾਂ ਵਿਚ ਭੇਜ ਦਿਤਾ ਜਾਂਦਾ ਹੈ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ-

*ਮਨਮੁਖਿ ਆਵੈ ਮਨਮੁਖਿ ਜਾਵੈ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ*
*ਗੁਰਮੁਖਿ ਲੇਪੁ ਨ ਮਾਸਾ ਹੇ॥*

*ਪੰਨਾ - 1073*

ਮਹਾਰਾਜ ਜੀ ਨੇ 'ਜਿਤਨੇ' ਆਖਿਆ ਹੈ ਇਹ ਇਸ ਕਰਕੇ ਮਾਲੂਮ ਦਿੰਦਾ ਹੈ ਕਿ ਕਈ ਮਤ 18 ਨਰਕ ਦਸਦੇ ਹਨ, ਅੱਧਾ ਨਰਕ ਧਰਤੀ ਉਤੇ ਦਸਦੇ ਹਨ ਕਈ ਮਤ 84 ਨਰਕਾਂ ਦਾ ਜ਼ਿਕਰ ਕਰਦੇ ਹਨ। ਗੁਰੂ ਮਹਾਰਾਜ ਜੀ ਇਨ੍ਹਾਂ ਗਿਣਤੀਆਂ-ਮਿਣਤੀਆਂ ਵਿਚ ਨਹੀਂ ਪਏ ਉਨ੍ਹਾਂ ਨੇ ਇਕ ਗੱਲ ਪ੍ਰਗਟ ਕਰਨੀ ਸੀ ਕਿ ਮਨਮੁਖ ਨੂੰ ਕੀਤੇ ਹੋਏ ਕਰਮ ਭੋਗਣ ਲਈ ਨਰਕਾਂ ਵਿਚ ਜਾਣਾ ਹੀ ਪੈਂਦਾ ਹੈ। ਇਕ ਥਾਂ ਐਸਾ ਵੀ ਫੁਰਮਾਨ ਹੈ -

*ਨਾਮੁ ਵਿਸਾਰਿ ਦੋਖ ਦੁਖ ਸਹੀਐ॥*
*ਹੁਕਮੁ ਭਇਆ ਚਲਣਾ ਕਿਉ ਰਹੀਐ॥*
*ਨਰਕ ਕੂਪ ਮਹਿ ਗੋਤੇ ਖਾਵੈ*
*ਜਿਉ ਜਲ ਤੇ ਬਾਹਰਿ ਮੀਨਾ ਹੇ॥*
*ਚਉਰਾਸੀਹ ਨਰਕ ਸਾਕਤੁ ਭੋਗਾਈਐ॥*
*ਜੈਸਾ ਕੀਚੈ ਤੈਸੋ ਪਾਈਐ॥*
*ਸਤਿਗੁਰ ਬਾਝਹੁ ਮੁਕਤਿ ਨ ਹੋਈ*
*ਕਿਰਤਿ ਬਾਧਾ ਗ੍ਰਸਿ ਦੀਨਾ ਹੇ॥*
*ਖੰਡੇ ਧਾਰ ਗਲੀ ਅਤਿ ਭੀੜੀ॥*
*ਲੇਖਾ ਲੀਜੈ ਤਿਲ ਜਿਉ ਪੀੜੀ॥*
*ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ*
*ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ॥*

*ਪੰਨਾ - 1028*

ਸੋ ਐਸੇ ਸਪਸ਼ਟ ਬਚਨ ਹੁੰਦਿਆਂ ਹੋਇਆਂ ਇਹ ਕਹਿ ਦੇਣਾ ਕਿ ਨਰਕ ਸਵਰਗ ਤਾਂ ਇਥੇ ਹੀ ਹੈ ਹੋਰ ਕਿਤੇ ਨਹੀਂ ਇਹ ਉਨ੍ਹਾਂ ਦੇ ਮਨ ਦੀ ਹੀ ਕਲਪਨਾ ਹੈ। ਗੁਰੂ ਮਹਾਰਾਜ ਜੀ ਤਾਂ ਫੁਰਮਾਨ ਕਰਦੇ ਹਨ -

*ਚੰਗਿਆਈਆ ਬੁਰਿਆਈਆ*
*ਵਾਚੈ ਧਰਮੁ ਹਦੂਰਿ॥*
*ਕਰਮੀ ਆਪੋ ਆਪਣੀ ਕੇ*

**ਨੇੜੈ ਕੈ ਦੂਰਿ॥ ਪੰਨਾ - 8**

ਧਰਮਰਾਏ ਪੁੰਨੀਆਂ ਅਤੇ ਪਾਪੀਆਂ ਨੂੰ ਫਲ ਦੇਣ ਦੀ ਸਮਰਥਾ ਰਖਦਾ ਹੈ, ਪ੍ਰਭੂ ਦੇ ਪਿਆਰੇ ਜਿਨ੍ਹਾਂ ਨੇ ਸੰਸਾਰ ਵਿਚ ਆ ਕੇ ਨਾਮ ਧਨ ਇਕੱਠਾ ਕੀਤਾ ਹੈ ਅਤੇ ਸੰਸਾਰ ਨੂੰ ਪ੍ਰਭੂ ਸਰੂਪ ਜਾਣ ਕੇ ਸੇਵਾ ਕੀਤੀ ਹੈ, ਗੁਰੂ ਸੇਵਾ ਵਿਚ ਆਪਣਾ ਜਨਮ ਸਫਲਾ ਕਰਿਆ ਹੈ ਉਹ ਧਰਮਰਾਜ ਦੇ ਨਹੀਂ ਜਾਇਆ ਕਰਦੇ, ਉਹ ਗੁਰੂ ਲੋਕ ਵਿਚ ਜਾਇਆ ਕਰਦੇ ਹਨ। ਵਾਹਿਗੁਰੂ ਦੀ ਸ੍ਰਿਸ਼ਟੀ ਬੇਅੰਤ (infinity) ਹੈ ਜਿਸ ਬਾਰੇ ਕੋਈ ਕੁਝ ਵੀ ਨਹੀਂ ਕਹਿ ਸਕਦਾ। ਜਿੰਨਾਂ ਕੁ ਪਤਾ ਲਗਦਾ ਹੈ ਉਨੀਂ ਕੁ ਗੱਲ ਕਹੀ ਜਾਂਦੀ ਹੈ, ਕਈ ਗੱਲਾਂ ਐਸੀਆਂ ਵੀ ਹੁੰਦੀਆਂ ਹਨ ਜੋ ਇਸ ਸੰਸਾਰ ਵਿਚ ਇਨ੍ਹਾਂ ਵਾਕਾਂ ਨੂੰ ਪ੍ਰਗਟ ਕਰ ਦਿੰਦੀਆਂ ਹਨ।

ਇਕ ਐਸੀ ਕਥਾ ਆਉਂਦੀ ਹੈ ਕਿ ਮਹਾਂਪੁਰਸ਼ ਗੁਰੂ ਨਾਨਕ ਅੰਸ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਵਾਲੇ, ਆਪ ਦੇ ਲੰਗਰ ਵਿਚ ਭਾਈ ਭਾਨ ਸਿੰਘ ਜੀ ਸੇਵਾ ਕਰਿਆ ਕਰਦੇ ਸਨ। ਉਨ੍ਹਾਂ ਦੀ ਮਾਤਾ ਨੇ ਆ ਕੇ ਲੰਗਰ ਦੇ ਬਰਤਨ ਮਾਂਜਣੇ, ਝਾੜੂ ਦੇਣਾ, ਵਸਤਰ ਧੋਣੇ, ਹੋਰ ਅਨੇਕ ਕਿਸਮ ਦੀ ਸੇਵਾ ਕਰਿਆ ਕਰਦੇ ਸਨ, ਉਹ ਅਚਾਨਕ ਚੜ੍ਹਾਈ ਕਰ ਗਈ। ਕਿਸੇ ਗੁਰਸਿੱਖ ਨੇ ਬਾਬਾ ਜੀ ਦੇ ਪਾਸ ਜਾ ਕੇ ਦਸਿਆ ਕਿ ਮਹਾਰਾਜ! ਭਾਨ ਸਿੰਘ ਲਾਂਗਰੀ ਦੀ ਮਾਤਾ ਚੜ੍ਹਾਈ ਕਰ ਗਈ ਹੈ। ਬਾਬਾ ਜੀ ਨੇ ਅੰਤਰ ਧਿਆਨ ਹੋ ਕੇ ਦੇਖਿਆ ਅਤੇ ਫੁਰਮਾਨ ਕੀਤਾ ਕਿ ਪਿਆਰਿਓ! ਉਸ ਦੇ ਸਰੀਰ ਦਾ ਸਸਕਾਰ ਅਸਾਡੇ ਪੁਛੇ ਬਿਨਾਂ ਨਾ ਕਰਨਾ, ਰੱਖ ਲਿਆ ਜਾਵੇ। ਕਾਫੀ ਸਮਾਂ ਲੰਘਣ ਤੇ ਮਾਤਾ ਦੇ ਸੁਆਸ ਫੇਰ ਚਲ ਪਏ। ਉਹ ਵਾਹਿਗੁਰੂ-ਵਾਹਿਗੁਰੂ ਕਰਕੇ ਉਠ ਕੇ ਬੈਠ ਗਈ। ਜਦੋਂ ਉਹ ਸੁਰਤ ਵਿਚ ਪੂਰੀ ਤਰ੍ਹਾਂ ਆ ਗਈ ਤਾਂ ਉਸ ਨੇ ਇੱਛਾ ਪ੍ਰਗਟ ਕੀਤੀ ਕਿ ਮੈਂ ਬਾਬਾ ਜੀ ਨੂੰ ਨਮਸਕਾਰ ਕਰਨੀ ਹੈ। ਉਸ ਵੇਲੇ ਭਾਈ ਭਾਨ ਸਿੰਘ ਜੀ ਸਮੇਤ, ਬਹੁਤ ਸਾਰੇ ਹੋਰ ਪ੍ਰੇਮੀ ਮਾਤਾ ਜੀ ਨਾਲ ਬਾਬਾ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ ਤਾਂ ਬਾਬਾ ਜੀ ਨੇ ਪੁਛਿਆ, "ਮਾਤਾ! ਦੱਸ ਪ੍ਰਲੋਕ ਦਾ ਹਾਲ।" ਤਾਂ ਮਾਤਾ ਨੇ ਕਿਹਾ ਕਿ ਮਹਾਰਾਜ! ਮੈਨੂੰ ਲੈਣ ਵਾਸਤੇ ਜਮਦੂਤ ਤਾਂ ਨਹੀਂ ਆਏ ਪਰ ਕੋਈ ਭਲੇ ਲੋਕ ਹੀ ਸਨ ਉਹ ਮੈਨੂੰ ਜਦੋਂ ਧਰਮਰਾਜ ਦੀ ਦਰਗਾਹ ਵਿਚ ਲੈ ਗਏ ਤਾਂ ਚਿਤਰਗੁਪਤਾਂ ਨੂੰ ਮੇਰੇ ਜੀਵਨ ਦੇ ਕੀਤੇ ਹੋਏ ਕਰਮਾਂ ਨੂੰ ਵਾਚਣ ਲਈ ਆਖਿਆ ਗਿਆ ਪਰ ਮੇਰਾ ਨਾਮ ਉਨ੍ਹਾਂ ਰਜਿਸਟਰਾਂ ਵਿਚ ਨਾ ਨਿਕਲਿਆ। ਧਰਮਰਾਜ ਇਕ ਦਮ ਆਪਣੀ ਸ਼ਕਤੀ ਨਾਲ ਜਾਣ ਗਿਆ ਕਿ ਇਹ ਤਾਂ ਗੁਰੂ ਘਰ ਦੀ ਸੇਵਾ ਕਰਨ ਵਾਲੀ, ਬਾਣੀ ਪੜ੍ਹਣ ਵਾਲੀ ਬੀਬੀ ਹੈ, ਮੇਰੀ ਦਰਗਾਹ ਵਿਚ ਤਾਂ ਇਹ ਆ ਨਹੀਂ ਸਕਦੀ। ਇਸ ਨੇ ਤਾਂ ਗੁਰੂ ਨਾਨਕ ਦੀ ਦਰਗਾਹ ਵਿਚ ਜਾਣਾ ਹੈ। ਮੇਰੀ ਬਹੁਤ ਸੇਵਾ ਕਰਨ ਲਗੇ, ਬਹੁਤ ਪਿਆਰ ਨਾਲ ਮੈਨੂੰ ਬੁਲਾਉਂਦੇ ਸਨ ਕਿ ਅਸਾਥੋਂ ਭੁੱਲ ਹੋ ਗਈ। ਧਰਮਰਾਜ ਨੇ ਮੇਰੇ ਨਾਮ ਦੀ ਦੂਜੀ ਰੂਹ ਨੂੰ ਲੈਣ ਵਾਸਤੇ ਆਪਣੇ ਦੂਤਾਂ ਨੂੰ ਭੇਜ ਦਿਤਾ ਜੋ ਇਥੇ ਕਿਤੇ ਨੇੜੇ ਹੀ ਹੈ ਪਰ ਮੇਰੇ ਨਾਲ ਬਹੁਤ ਪਿਆਰ ਨਾਲ ਵਰਤਾਵ ਕੀਤਾ। ਇਹ ਬਚਨ ਸੁਣ ਕੇ ਬਾਬਾ ਸਾਹਿਬ ਸਿੰਘ ਜੀ ਕਹਿਣ ਲੱਗੇ ਕਿ ਸਾਧਸੰਗਤ ਜੀ! ਦੇਖੋ, ਤੁਸੀਂ ਗੱਲ ਵਿਚਾਰੀ? ਗੁਰੂ ਨਾਨਕ ਮਹਾਰਾਜ ਜੀ ਬਾਣੀ ਅਨੁਸਾਰ ਫੁਰਮਾਨ ਹੈ -

**ਅਧਿਆਤਮੀ ਹਰਿ ਗੁਣ ਤਾਸੁ**
**ਮਨਿ ਜਪਹਿ ਏਕੁ ਮੁਰਾਰਿ॥**
**ਤਿਨ ਕੀ ਸੇਵਾ ਧਰਮ ਰਾਇ ਕਰੈ**
**ਧੰਨੁ ਸਵਾਰਣਹਾਰੁ॥ ਪੰਨਾ - 39**

**ਸਾਧ ਸੰਗਿ ਧਰਮਰਾਇ ਕਰੇ ਸੇਵਾ॥**
**ਸਾਧ ਕੈ ਸੰਗਿ ਸੋਭਾ ਸੁਰ ਦੇਵਾ॥**
**ਪੰਨਾ - 271**

ਸਾਧੂ ਦੀ ਸੰਗਤ, ਸੰਗਤਾਂ ਦੀ ਸੇਵਾ ਕਰਨ ਦਾ ਫਲ; ਆਪਣਾ ਸਮਾਂ ਮੁਕਣ ਤੋਂ ਧਰਮਰਾਜ ਦੀ ਦਰਗਾਹ ਵਿਚ ਨਹੀਂ ਜਾਇਆ ਕਰਦੇ ਪਰ ਇਹਦਾ ਇਹ ਮਤਲਬ ਨਹੀਂ ਕਿ ਧਰਮਰਾਜ ਦੀ ਦਰਗਾਹ ਹੈ ਹੀ ਨਹੀਂ। ਨਾਸਤਕਾਂ, ਮਨਮੁਖਾਂ, ਅਕ੍ਰਿਤਘਣਾ ਆਦਿ ਜੀਵਾਂ ਲਈ ਧਰਮਰਾਜ ਦੀ ਦਰਗਾਹ ਹੈ ਅਤੇ ਅਨੇਕਾਂ ਛਲ ਕਪਟ, ਧੋਖੇ, ਬੁਰੇ ਕੰਮ, ਪਰ ਤਨ ਭੋਗਣ ਵਾਲਿਆਂ ਨੂੰ ਧਰਮਰਾਜ ਦੇ ਜਾਣਾ ਹੀ ਪੈਂਦਾ ਹੈ। ਅਸਾਡੇ ਭਾਰਤੀ ਰਿਸ਼ੀਆਂ-ਮੁਨੀਆਂ ਨੇ ਨਰਕਾਂ ਤੇ ਸਵਰਗਾਂ ਦੇ ਬੜੇ ਵੇਰਵੇ ਦਿਤੇ ਹਨ। ਅਸਾਡੇ ਇਤਿਹਾਸ ਵਿਚ ਵੀ ਗੁਰੂ ਛੇਵੇਂ ਪਾਤਸ਼ਾਹ, ਪੰਡਤ ਨਿਤਾਨੰਦ ਦੀ ਕਥਾ ਆਉਂਦੀ ਹੈ ਜਿਸ ਵਿਚ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਨੇ ਖੋਲ੍ਹ ਕੇ ਵੇਰਵਾ ਦਸਿਆ ਹੋਇਆ ਹੈ। ਸੋ ਅਨੁਭਵੀ ਮਹਾਂਪੁਰਸ਼ਾਂ ਨੇ ਸਵਰਗਾਂ ਦੀ ਗਿਣਤੀ ਵੀ ਕੀਤੀ ਹੈ ਜਿਵੇਂ ਕਿ ਗੰਧਰਭ ਲੋਕ, ਦੇਵ ਗੰਧਰਭ ਲੋਕ, ਪਿਤਰ ਲੋਕ, ਸਵਰਗ ਲੋਕ, ਇੰਦਰ ਲੋਕ, ਪ੍ਰਜਾਪਤ ਲੋਕ, ਕਰਮ ਦੇਵ ਲੋਕ, ਅਜਾਨ ਦੇਵ ਲੋਕ, ਬ੍ਰਹਮ ਲੋਕ, ਸ਼ਿਵ ਲੋਕ ਅਤੇ ਬੈਕੁੰਠ ਧਾਮ ਪਰ ਵਾਹਿਗੁਰੂ ਜੀ ਦੀ ਕੋਈ ਵੀ ਚੀਜ਼ ਗਿਣਤੀ ਵਿਚ ਨਹੀਂ ਗਿਣੀ ਜਾ ਸਕਦੀ ਕਿਉਂਕਿ ਹਰ ਥਾਂ infinity (ਬੇਅੰਤਤਾਈ) ਦਾ ਹੀ ਅਸੂਲ ਕੰਮ ਕਰਦਾ ਹੈ। ਜਿਵੇਂ ਕਿ ਫੁਰਮਾਨ ਹੈ -

**ਅੰਤੁ ਨ ਸਿਫਤੀ ਕਹਣਿ ਨ ਅੰਤੁ॥**
**ਅੰਤੁ ਨ ਕਰਣੈ ਦੇਣਿ ਨ ਅੰਤੁ॥**
**ਅੰਤੁ ਨ ਵੇਖਣਿ ਸੁਣਣਿ ਨ ਅੰਤੁ॥**
**ਅੰਤੁ ਨ ਜਾਪੈ ਕਿਆ ਮਨਿ ਮੰਤੁ॥**
**ਅੰਤੁ ਨ ਜਾਪੈ ਕੀਤਾ ਆਕਾਰੁ॥**
**ਅੰਤੁ ਨ ਜਾਪੈ ਪਾਰਾਵਾਰੁ॥**
**ਅੰਤ ਕਾਰਣਿ ਕੇਤੇ ਬਿਲਲਾਹਿ॥**
**ਤਾ ਕੇ ਅੰਤ ਨ ਪਾਏ ਜਾਹਿ॥**
**ਏਹੁ ਅੰਤੁ ਨ ਜਾਣੈ ਕੋਇ॥**
**ਬਹੁਤਾ ਕਹੀਐ ਬਹੁਤਾ ਹੋਇ॥**
**ਵਡਾ ਸਾਹਿਬੁ ਊਚਾ ਥਾਉ॥**

*ਊਚੇ ਉਪਰਿ ਊਚਾ ਨਾਉ॥*
*ਏਵਡੁ ਊਚਾ ਹੋਵੈ ਕੋਇ॥*
*ਤਿਸੁ ਊਚੇ ਕਉ ਜਾਣੈ ਸੋਇ॥*
*ਜੇਵਡੁ ਆਪਿ ਜਾਣੈ ਆਪਿ ਆਪਿ॥*
*ਨਾਨਕ ਨਦਰੀ ਕਰਮੀ ਦਾਤਿ॥*

*ਪੰਨਾ - 5*

ਜਦੋਂ ਸ੍ਰਿਸ਼ਟੀਆਂ ਦਾ ਹੀ ਕੋਈ ਅੰਤ ਨਹੀਂ ਹੈ, ਨਰਕਾਂ ਤੇ ਸਵਰਗਾਂ ਦਾ ਕੋਈ ਅੰਤ ਨਹੀਂ ਹੈ, ਨਾ ਜੂਨਾਂ ਤੇ ਜਿਨਸਾਂ ਦਾ ਕੋਈ ਅੰਤ ਪਾਇਆ ਜਾ ਸਕਦਾ ਹੈ ਪਰ ਜਿੰਨਾ ਕੁ ਸਮਝਿਆ ਜਾ ਸਕਦਾ ਹੈ ਉਹ ਅਸਾਡੇ ਪੂਰਵਜਾਂ ਨੇ ਲਿਖਣ ਦਾ ਜਤਨ ਕੀਤਾ ਹੈ।

ਭਾਈ ਤਿਲੋਕਾ ਜੀ ਕਹਿਣ ਲੱਗੇ ਬੀਬਾ! ਅੱਗੇ ਬੇਅੰਤ ਸਵਰਗ ਹਨ, ਜਿਨ੍ਹਾਂ ਦੀ ਕੋਈ ਗਿਣਤੀ ਮਿਣਤੀ ਨਹੀਂ ਹੈ। ਜੀਵ ਆਪਣੇ ਕਰਮਾਂ ਦੇ ਹਿਸਾਬ ਨਾਲ ਸਵਰਗਾਂ ਵਿਚ ਜਾਂਦਾ ਹੈ ਅਤੇ ਇਸ ਧਰਮਸਾਲ ਵਿਚ ਕੀਤੇ ਹੋਏ ਪੁੰਨ ਦਾਨ ਦਾ ਫਲ ਭੋਗਦਾ ਹੈ -

*ਪੁੰਨ ਦਾਨੁ ਜੋ ਬੀਜਦੇ*
*ਸਭ ਧਰਮ ਰਾਇ ਕੈ ਜਾਈ॥*
*ਬਿਨੁ ਸਤਿਗੁਰੂ ਜਮਕਾਲੁ ਨ ਛੋਡਈ*
*ਦੂਜੈ ਭਾਇ ਖੁਆਈ॥*

*ਪੰਨਾ - 1414*

ਸੋ ਪੁੰਨ ਦਾਨ ਦੀ ਮਾਤਰਾ ਦੇ ਅਨੁਸਾਰ ਉਪਰਲੇ ਲੋਕਾਂ ਵਿਚ ਜਾਂਦਾ ਹੈ ਜਿਨ੍ਹਾਂ ਨੂੰ ਸਵਰਗ ਆਖਿਆ ਜਾਂਦਾ ਹੈ। ਉਹ ਕਿੱਡੇ ਵੱਡੇ ਹਨ, ਕਿੱਡਾ ਪਸਾਰਾ ਹੈ, ਕੋਈ ਵੀ ਇਹ ਗੱਲ ਦੱਸ ਨਹੀਂ ਸਕਦਾ ਕਿ ਇਕ-ਇਕ ਸਵਰਗ ਵਿਚ ਕਿੰਨੀਆਂ ਜੀਵ ਆਤਮਾਵਾਂ ਆ ਕੇ ਨਿਵਾਸ ਕਰਦੀਆਂ ਹਨ। ਸੋ ਬੀਬਾ! ਤੂੰ ਵਿਚਾਰ ਕੇ ਦੇਖ ਕਿ ਐਡੇ ਪਸਾਰੇ ਵਿਚ ਕੌਣ ਕਿਸਨੂੰ ਟੋਲ੍ਹ ਸਕਦਾ ਹੈ, ਜੋ ਵਿਛੁੜ ਗਿਆ ਸੋ ਵਿਛੁੜ ਗਿਆ ਅਤੇ ਇਕ ਗੱਲ ਇਹ ਵੀ ਹੈ ਕਿ ਹੇਠਲੇ ਸਵਰਗਾਂ ਵਿਚ ਪਹੁੰਚਿਆ ਹੋਇਆ ਜੀਵ ਆਤਮਾ ਉਪਰਲੇ ਸਵਰਗਾਂ ਵਿਚ ਪ੍ਰਵੇਸ਼ ਨਹੀਂ ਕਰ ਸਕਿਆ ਕਰਦਾ। ਉਪਰਲੇ ਸਵਰਗਾਂ ਵਾਲਿਆਂ ਨੂੰ ਤਾਂ ਅਧਿਕਾਰ ਹੈ ਉਹ ਹੇਠਲੇ ਸਵਰਗਾਂ ਵਿਚ ਆ ਸਕਦੇ ਹਨ ਪਰ ਹੇਠਲੇ ਛੋਟੇ ਸਵਰਗਾਂ ਵਾਲੇ ਵੱਡੇ ਸਵਰਗਾਂ ਵਿਚ ਨਹੀਂ ਜਾ ਸਕਿਆ ਕਰਦੇ। ਵਾਹਿਗੁਰੂ ਦੀ ਕੁਦਰਤ ਦਾ ਕੋਈ ਅੰਤ ਨਹੀਂ ਹੈ, ਨਾ ਕੋਈ ਖੰਡਾਂ ਬ੍ਰਹਿਮੰਡਾਂ ਦਾ ਅੰਤ ਆਉਂਦਾ ਹੈ, ਨਾ ਕੋਈ ਰਚਨਾ ਦਾ ਅੰਤ ਆਉਂਦਾ ਹੈ। ਮੈਂ ਜੋ ਬਚਨ ਕਰ ਰਿਹਾ ਹਾਂ ਉਹ ਸਮਝਾਉਣ ਵਾਸਤੇ ਹਨ। ਨਿਰੰਕਾਰ ਦੀ ਆਪਣੀ ਨਿਜੀ ਦਰਗਾਹ ਸਚਖੰਡ ਹੋਇਆ ਕਰਦੀ ਹੈ ਜਿਥੇ ਬੰਦਗੀ ਕਰਨ ਵਾਲੇ, ਮਾਇਆ ਉਪਰ ਫਤਹਿ ਪ੍ਰਾਪਤ ਕਰਨ ਵਾਲੇ ਸੂਰਮੇ, ਜੋਧੇ, ਪ੍ਰਭੂ ਨਾਲ ਇਕਮਿਕ ਹੋਏ-ਹੋਏ ਪ੍ਰਵੇਸ਼ ਪਾ ਕੇ ਵਸਦੇ ਹਨ ਜਿਨ੍ਹਾਂ ਉਪਰ ਨਿਰੰਕਾਰ ਦੀ ਦ੍ਰਿਸ਼ਟੀ ਹਰ ਸਮੇਂ ਪੈਂਦੀ ਰਹਿੰਦੀ ਹੈ। ਇਹ ਗੱਲ ਮੈਂ ਮਨੁੱਖੀ ਹਾਲਾਤ ਦੇ ਮੁਤਾਬਿਕ ਸਮਝਾਉਣ ਦਾ ਯਤਨ ਕਰ ਰਿਹਾ ਹਾਂ। ਅਸੀਂ ਆਪਣੇ ਚੌਗਿਰਦੇ ਤੋਂ ਆਪ ਆਪਣੇ ਅੰਦਾਜ਼ੇ ਨਹੀਂ ਲਗਾ ਸਕਿਆ ਕਰਦੇ ਅਸੀਂ ਉਨ੍ਹਾਂ ਤਜਰਬਿਆ ਨਾਲ ਹੀ ਅੱਟਾ-ਸੱਟਾ ਲਾਉਂਦੇ ਹਾਂ ਜਿਨ੍ਹਾਂ ਨਾਲ ਸਾਡਾ ਜੀਵਨ ਵਿਚ ਵਾਹ ਪੈਂਦਾ ਹੈ।

ਅੱਜ ਤੋਂ ਕੁਝ ਸਾਲ ਪਹਿਲਾਂ ਕੋਈ ਨਹੀਂ ਸੀ ਜਾਣਦਾ ਕਿ ਕੰਮਪਿਊਟਰ ਕੀ ਹੁੰਦਾ ਹੈ, ਇੰਟਰਨੈਟ ਕੀ ਹੁੰਦਾ ਹੈ, ਕਿਵੇਂ ਇਕ ਮਸ਼ੀਨ ਸਭ ਕੁਝ ਯਾਦ ਰਖਦੀ ਹੈ, ਕਿਵੇਂ ਬਟਣ ਦੱਬਣ ਉਪਰੰਤ ਸਾਰੇ ਵੇਰਵੇ ਸਾਮ੍ਹਣੇ ਲਿਆ ਦਿੰਦੀ ਹੈ ਪਰ ਅੱਜ ਅਸੀਂ ਸਾਰਾ ਕੁਝ ਸਮਝਦੇ ਹਾਂ। ਇਸ ਤਰ੍ਹਾਂ ਨਾਲ ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਜੋ ਮੈਂ ਤੈਨੂੰ ਦੱਸ ਰਿਹਾ ਹਾਂ ਉਹ ਇਹ ਹੈ ਵਾਹਿਗੁਰੂ ਜੀ ਦੀ ਦਰਗਾਹ ਵਿਸ਼ਾਲ ਹੈ ਪਰ ਇਹ ਹੈ ਕਿ ਜੇ ਇਕੋ ਜਿਹੇ ਗੁਣ ਹੋਣ ਤਾਂ ਮੇਲ ਹੋ ਜਾਇਆ ਕਰਦਾ ਹੈ ਪਰ ਇਕ ਮੇਲ ਐਸਾ ਹੈ ਜਿਸ ਦੀ ਅਜੇ ਤੈਨੂੰ ਬਿਲਕੁਲ ਸਮਝ ਨਹੀਂ ਆਉਣੀ। ਉਹ ਹੈ ਆਤਮ ਸ਼ਾਖਸ਼ਾਤਕਾਰ ਹੋਣ ਪਿਛੋਂ, ਆਪਣੇ ਸਰੂਪ ਦਾ ਗਿਆਨ ਹੋਣ ਪਿਛੋਂ ਸਦਾ ਹੀ ਮੇਲ ਹੈ, ਕਦੇ ਵਿਛੋੜਾ ਨਹੀਂ ਹੋਇਆ ਕਰਦਾ। ਇਸ ਵਿਚ ਵੀ ਬੜਾ ਗਹਿਰਾ ਭੇਦ ਹੈ ਜੋ ਮੈਂ ਤੈਨੂੰ ਦਸਣਾ ਨਹੀਂ ਚਾਹੁੰਦਾ ਕਿਉਂਕਿ ਤੂੰ ਗੁਆਚ ਜਾਵੇਂਗੀ। ਮੈਂ ਤੇਰੇ ਨਾਲ ਉਹੀ ਗੱਲ ਕਰ ਰਿਹਾ ਹਾਂ ਜਿਸ ਨੂੰ ਤੂੰ ਸਮਝ ਸਕਦੀ ਹੈਂ। ਮਹਾਂਪੁਰਸ਼ ਤਾਂ ਸੰਕੇਤ ਦਿੰਦੇ ਹਨ -

*ਪੁਛਹੁ ਜਾਇ ਸਿਆਣਿਆ*
*ਅਗੈ ਮਿਲਣ ਕ ਨਾਹਿ॥*

ਇਸ ਬਾਰੇ ਮੈਂ ਤੈਨੂੰ ਬੜੇ ਵਿਸਥਾਰ ਨਾਲ ਦੱਸ ਚੁਕਿਆ ਹਾਂ ਜੇ ਮੈਂ ਹੋਰ ਸੰਕੇਤ ਦੇਵਾਂ ਤਾਂ ਤੇਰੀ ਸਮਝ ਵਿਚ ਆਉਣਾ ਔਖਾ ਹੈ ਕਿਉਂਕਿ ਮੈਂ ਤੈਨੂੰ ਬਹੁਤ ਮੁਸ਼ਕਲ ਨਾਲ ਆਤਮਾ ਬਾਰੇ ਹੀ ਸਮਝਾਅ ਸਕਿਆ ਹਾਂ। ਇਸ ਸਰੀਰ ਵਿਚ ਸ਼ਕਤੀ ਘਟਦੀ ਜਾ ਰਹੀ ਹੈ ਅਤੇ ਐਨੇ ਵਿਸਥਾਰ ਦੇ ਬਚਨ ਕੇਵਲ ਬੁੱਧੀ ਮੰਡਲ ਦਾ ਗਿਆਨ ਹੀ ਹੋਇਆ ਕਰਦੇ ਹਨ ਪਰ ਜਦੋਂ ਤੂੰ ਪ੍ਰਤੱਖ ਅਨੁਭਵ ਪ੍ਰਾਪਤ ਕਰ ਲਵੇਂਗੀ ਤਾਂ ਮੇਰੇ ਬਗੈਰ ਦਸੇ ਹੀ ਤੈਨੂੰ ਸਭ ਸੋਝੀ ਹੋ ਜਾਵੇਗੀ ਅਤੇ ਤੂੰ ਉਸ ਸੋਝੀ ਨੂੰ ਪ੍ਰਾਪਤ ਕਰਕੇ ਵਿਸਮਾਦ ਅਵਸਥਾ ਵਿਚ ਚਲੀ ਜਾਵੇਂਗੀ। ਸੋ ਮੈਂ ਸੰਖੇਪ ਵਿਚ ਤੈਨੂੰ ਫੇਰ ਸਮਝਾਉਂਦਾ ਹਾਂ ਕਿ ਇਹ ਸਰੀਰ ਤੇਰਾ ਵਸਤਰ ਹੈ, ਤੂੰ ਸਰੀਰ ਨਹੀਂ ਹੈ, ਇਹ ਪੰਜ ਤੱਤ ਦਾ ਬਣਿਆ ਹੋਇਆ ਨੌਂ ਦਰਵਾਜ਼ਿਆਂ ਵਾਲਾ ਕਿਲਾ ਤੇਰਾ ਮਕਾਨ ਹੈ ਪਰ ਗਲਤੀ ਦੇ ਨਾਲ ਮਾਇਆ ਦੇ ਨਸ਼ੇ ਵਿਚ ਸੁਝ ਗੁਆ ਚੁਕਣ ਤੋਂ ਪਿਛੋਂ ਇਸ ਨੌਂ ਦਰਵਾਜ਼ਿਆਂ ਵਾਲੇ ਮਕਾਨ ਨੂੰ ਤੂੰ ਆਪਣਾ ਆਪ ਹੀ ਸਮਝ ਰਹੀ ਹੈਂ। ਜਿਵੇਂ ਕੋਈ ਕਿਸੇ ਵੱਡੇ ਮਹੱਲ ਵਿਚ ਰਹਿਣ ਵਾਲਾ ਬੰਦਾ ਆਪਣੇ ਆਪ ਨੂੰ ਮਹੱਲ ਹੀ ਸਮਝੇ ਤਾਂ ਉਹ ਕਿੰਨੀ ਗਲਤੀ ਕਰ ਰਿਹਾ ਹੁੰਦਾ ਹੈ ਉਹ ਮਕਾਨ ਨਹੀਂ ਹੈ ਉਹ ਮਕਾਨ ਵਿਚ ਰਹਿਣ ਵਾਲਾ ਹੈ। ਜਦੋਂ ਮੈਂ ਤੈਨੂੰ ਕਿਹਾ ਸੀ ਕਿ ਤੂੰ ਸਰੀਰ ਨਹੀਂ ਹੈਂ ਆਤਮਾ ਹੈਂ। ਸੋਚ! ਤੂੰ ਕਿੰਨਾ ਘਬਰਾਅ ਗਈ ਸੀ,

ਕਿੰਨਾ ਤੈਨੂੰ ਆਤਮਾ ਤੋਂ ਡਰ ਲਗਦਾ ਸੀ ਅਤੇ ਕਿੰਨੀ ਵਾਰੀ ਮੈਨੂੰ ਕਹਿੰਦੀ ਸੀ ਕਿ ਮੈਨੂੰ ਆਤਮਾ ਨਾ ਕਹਿ ਮੈਂ ਜੋ ਕੁਝ ਤੈਨੂੰ ਦਿਸਦੀ ਹੈਂ ਮੈਂ ਉਹ ਹੀ ਹਾਂਸ਼ ਸ਼ੁਕਰ ਹੈ ਤੂੰ ਹੁਣ ਮੇਰੀ ਗੱਲ ਸਮਝੀ। ਤੇਰਾ ਜਿਹੜਾ ਸਰੀਰ ਹੈ ਉਹ ਤੇਰੇ ਮਾਤਾ ਪਿਤਾ ਦੇ ਸੰਜੋਗ ਤੋਂ ਉਪਜਿਆ ਹੋਣ ਕਰਕੇ ਉਨ੍ਹਾਂ ਦੇ ਸਰੀਰਾਂ ਦੀ ਅੰਸ ਹੈ। ਇਵੇਂ ਜਿਵੇਂ ਤੂੰ, ਜਿਸ ਨੂੰ ਤੂੰ ਹੁਣ ਜੀਵ ਆਤਮਾ ਕਰਕੇ ਜਾਣ ਲਿਆ ਹੈ ਇਹ ਪਾਰਬ੍ਰਹਮ ਪ੍ਰਮੇਸ਼ਰ ਦੀ ਅੰਸ ਹੈ। ਇਹ ਸੁਣ ਕੇ ਉਹ ਫੇਰ ਘਬਰਾਅ ਗਈ, ਕਹਿਣ ਲੱਗੀ, "ਹੇ ਭਲੇ ਪੁਰਸ਼! ਤੂੰ ਮੈਨੂੰ ਔਖੀ ਤੋਂ ਔਖੀ ਗੱਲ ਦਸੀ ਜਾਂਦਾ ਹੈ, ਇਹ ਪਾਰਬ੍ਰਹਮ ਪ੍ਰਮੇਸ਼ਰ ਕੀ ਹੋਇਆ? ਪ੍ਰਮੇਸ਼ਰ ਨੂੰ ਤਾਂ ਮੈਂ ਜਾਣਦੀ ਹੀ ਹਾਂ।" ਕਹਿਣ ਲੱਗੇ ਬੀਬਾ! ਪਾਰਬ੍ਰਹਮ ਪ੍ਰਮੇਸ਼ਰ, ਪ੍ਰਮੇਸ਼ਰ ਹੀ ਹੋਇਆ ਕਰਦਾ ਹੈ। ਸਾਰੀ ਰਚਨਾ ਦਾ ਮਾਲਕ ਹੈ। ਤੈਨੂੰ ਮੈਂ ਇਕ ਹੋਰ ਗੱਲ ਸਮਝਾਉਂਦਾ ਹਾਂ ਉਹਨੂੰ ਚਿੱਤ ਲਾ ਕੇ ਸੁਣ। ਕਹਿਣ ਲੱਗੇ, "ਤੂੰ ਅਕਾਸ਼ ਨੂੰ ਜਾਣਦੀ ਹੈਂ ਜਿਹਨੂੰ ਆਪਾਂ ਅਸਮਾਨ ਕਹਿੰਦੇ ਹਾਂ, ਤੈਨੂੰ ਮੋਟੀ ਜਿਹੀ ਮਿਸਾਲ ਨਾਲ ਸਮਝਾਉਂਦਾ ਹਾਂ ਕਿ ਤੂੰ ਇਉਂ ਸਮਝ ਲੈ ਕਿ ਇਕ ਪਾਸੇ ਤਾਂ ਉਹ ਚੀਜ਼ਾਂ ਹਨ ਜਿਹੜੀਆਂ ਆਪਾਂ ਅੱਖਾਂ ਨਾਲ ਦੇਖਦੇ ਹਾਂ, ਇਕ ਉਹ ਚੀਜ਼ਾਂ ਜਿਹੜੀਆਂ ਅੱਖਾਂ ਨਾਲ ਨਹੀਂ ਦਿਸਦੀਆਂ। ਆਹ ਜਿਹੜਾ ਆਕਾਸ਼ ਹੈ ਨਾ ਇਹ ਕੁਝ ਵੀ ਨਹੀਂ, ਖਾਲੀ ਥਾਂ ਹੈ। ਇਹ ਖਾਲੀ ਥਾਂ ਮਕਾਨਾਂ ਨੇ, ਹੋਰ ਚੀਜ਼ਾਂ ਨੇ ਵੰਡਿਆ ਹੋਇਆ ਹੈ। ਲਗਦਾ ਹੈ ਸਾਨੂੰ ਜਿਵੇਂ ਵੰਡਿਆ ਹੋਇਆ ਹੋਵੇ? ਦੇਖ! ਘੜੇ ਦੇ ਅੰਦਰ ਜਿਹੜਾ ਖਾਲੀ ਥਾਂ ਹੈ ਉਸ ਦਾ ਨਾਮ ਘਟਾ ਅਕਾਸ਼ ਹੈ ਅਤੇ ਤੁਹਾਡੇ ਮਹੱਲਾਂ ਦੇ ਅੰਦਰ ਜਿਹੜਾ ਖਾਲੀ ਥਾਂ ਹੈ ਨਾ ਆਪਾਂ ਇਹਦੇ ਵਿਚ ਤਾਂ ਹੀ ਖੜ੍ਹੇ ਹਾਂ। ਜੇ ਇਹ ਭਰਿਆ ਹੁੰਦਾ ਤਾਂ ਆਪਾਂ ਕਿਥੇ ਖੜ੍ਹਨਾ ਸੀ। ਇਸ ਨੂੰ ਮਟਾ ਅਕਾਸ਼ ਕਹਿੰਦੇ ਹਨ। ਜੇ ਬੱਦਲ ਹੋਏ ਹੋਣ ਤਾਂ ਬੱਦਲਾਂ ਅਤੇ ਧਰਤੀ ਦੇ ਵਿਚਾਲੇ ਜੋ ਖਾਲੀ ਥਾਂ ਹੈ ਉਸ ਨੂੰ ਮੇਘਾ ਅਕਾਸ਼ ਕਹਿੰਦੇ ਹਨ। ਅਸਮਾਨ ਵਿਚ ਕੋਈ ਖਾਲੀ ਥਾਂ ਨਾ ਹੋਵੇ ਤਾਂ ਉਸ ਨੂੰ ਮਹਾਂ ਅਕਾਸ਼ ਆਖਿਆ ਜਾਂਦਾ ਹੈ। ਹੁਣ ਤੂੰ ਐਉਂ ਸੋਚ ਅਕਾਸ਼ ਦੇ ਚਾਰ ਹਿੱਸੇ ਹੋ ਗਏ ਹਨ ਜੇ ਆਪਾਂ ਘੜਾ ਭੰਨ ਦੇਈਏ ਤਾਂ ਉਹ ਖਾਲੀ ਥਾਂ ਕਿਥੇ ਗਿਆ? ਰਾਜਕੁਮਾਰੀ ਝੱਟਪੱਟ ਹੀ ਬੋਲ ਪਈ ਕਿ ਇਹ ਵੀ ਕੋਈ ਪੁਛਣ ਵਾਲੀ ਗੱਲ ਹੈ, ਉਹ ਖਾਲੀ ਥਾਂ ਕਮਰੇ ਦੇ ਖਾਲੀ ਥਾਂ ਵਿਚ ਰਲ ਗਿਆ। ਭਾਈ ਤਿਲੋਕਾ ਜੀ ਨੇ ਕਿਹਾ ਕਿ ਜੇ ਕਮਰਾ ਵੀ ਢਹਿ ਜਾਵੇ ਤੇ ਅਸਮਾਨ ਵਿਚ ਬੱਦਲ ਹੋਣ, ਸੋਚ ਕੇ ਦੱਸ? ਕਹਿਣ ਲੱਗੀ, ਇਹ ਵਿਚ ਸੋਚਣ ਵਾਲੀ ਕੀ ਗੱਲ ਹੈ, ਮਕਾਨ ਵਾਲਾ ਖਾਲੀ ਥਾਂ ਬੱਦਲਾਂ ਹੇਠ ਆਏ ਖਾਲੀ ਥਾਂ ਵਿਚ ਰਲ ਜਾਵੇਗਾ। ਫੇਰ ਕਹਿਣ ਲੱਗੇ, "ਜੇ ਬੱਦਲ ਉਡ ਜਾਣ, ਕੋਈ ਬੱਦਲ ਨਾ ਰਹੇ।" ਕਹਿਣ ਲੱਗੀ ਫੇਰ ਸਾਰਾ ਵੱਡਾ ਅਕਾਸ਼ ਹੀ ਹੋ ਜਾਵੇਗਾ। ਉਸ ਵੇਲੇ ਆਪ ਨੇ ਬੜੇ ਪ੍ਰਸੰਨ ਹੋ ਕੇ ਕਿਹਾ ਕਿ ਬੀਬਾ! ਹੁਣ ਤੂੰ ਗੱਲ ਸਮਝਣ ਲਗ ਗਈ ਹੈਂ। ਹੁਣ ਮੈਂ ਤੈਨੂੰ ਦਸਦਾ ਹਾਂ ਕਿ ਜਦੋਂ ਉਪਾਧੀ ਖਤਮ ਹੋ ਜਾਇਆ ਕਰਦੀ ਹੈ ਤਾਂ ਉਸ ਦਾ ਨਾਮ ਬਦਲ ਜਾਇਆ ਕਰਦਾ ਹੈ ਜਿਵੇਂ ਘਟਾ ਅਕਾਸ਼, ਮਟਾ ਅਕਾਸ਼, ਮੇਘਾ ਅਕਾਸ਼। ਅਸਲ ਵਿਚ ਕੀ ਹੈ ਇਹ ਸਾਰਾ ਇਕੋ ਹੀ ਅਕਾਸ਼ ਹੈ। ਉਸ ਵੇਲੇ ਕਹਿਣ ਲੱਗੀ, "ਇਹ ਗੱਲ ਤਾਂ ਮੈਂ ਚੰਗੀ ਤਰ੍ਹਾਂ ਸਮਝ ਲਈ ਹੈ।"

ਸਾਧਸੰਗਤ ਜੀ! ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਸਹਸ ਘਟਾ ਮਹਿ ਏਕੁ ਆਕਾਸੁ॥*
*ਘਟ ਫੂਟੇ ਤੇ ਓਹੀ ਪ੍ਰਗਾਸੁ॥*

*ਪੰਨਾ – 736*

ਸਾਧਸੰਗਤ ਜੀ! ਇਹ ਜੋ ਬਚਨ ਉਪਰ ਕਹੇ ਹਨ ਇਹ ਅਸੀਂ ਬੁੱਧੀ ਨਾਲ ਤਾਂ ਸਮਝ ਲਏ ਹਨ ਪਰ ਜੇ ਇਨ੍ਹਾਂ ਦਾ ਅਧਾਰ ਸਾਮ੍ਹਣੇ ਰੱਖ ਕੇ ਇਹ ਗੱਲ ਕਹੀ ਜਾਵੇ ਕਿ ਇਕੋ ਆਤਮਾ ਅਨੇਕ ਬਿਆਧੀਆਂ ਕਰਕੇ ਅੱਡੋ-ਅੱਡ ਭਾਸਦਾ ਹੈ ਅਤੇ ਵੱਖੋ-ਵੱਖਰੇ ਸਰੀਰਾਂ ਨੂੰ ਉਸ ਵਿਚ ਪਾਈ ਹੋਈ ਬੁੱਧੀ ਅਤੇ ਸੁਭਾਅ ਦੇ ਮੁਤਾਬਿਕ ਪ੍ਰਕਾਸ਼ ਦਿੰਦਾ ਹੈ ਜਿਸ ਤੋਂ ਅਕਾਸ਼ ਦੇ ਸਬੰਧ ਵਿਚ ਦਿਤੀ ਹੋਈ ਉਦਾਹਰਣ ਦੇ ਮੁਤਾਬਿਕ ਇਕੋ ਆਤਮਾ ਚੰਗੇ-ਮਾੜੇ, ਅਮੀਰ-ਗਰੀਬ, ਕਾਲੇ-ਗੋਰੇ, ਦੁਖੀ-ਸੁਖੀ ਅਨੇਕਾਂ ਵਰਣਾਂ, ਧਰਮਾਂ, ਅਨੇਕਾਂ ਜਿਨਸਾਂ, ਅਨੇਕਾਂ ਰੰਗਾਂ ਵਿਚ ਵੰਡੀ ਹੋਈ ਪ੍ਰਤੀਤ ਦਿੰਦੀ ਹੈ ਪਰ ਇਹ ਸਭ ਅਗਿਆਨ ਦੀ ਉਪਾਧੀ ਪ੍ਰਤੀਤ ਦਿੰਦੀ ਹੈ ਜਿਸ ਕਰਕੇ ਆਦਮੀ ਹੱਦੋਂ ਵੱਧ ਦੁਖੀ ਹੈ ਅਤੇ ਉਸ ਦੀ ਸਾਰੀ ਸੋਚ ਬਹੁਤ ਹੀ ਨੀਵੀਂ ਪੱਧਰ ਦੀ ਹੈ। ਅਸਲ ਵਿਚ ਜੋ ਸਤਿ ਅਵਸਥਾ ਹੈ ਉਸਦੇ ਬਾਰੇ ਗੁਰੂ ਮਹਾਰਾਜ ਜੀ ਬਹੁਤ ਹੀ ਸਪਸ਼ਟ ਰੂਪ ਵਿਚ ਫੁਰਮਾਨ ਕਰਦੇ ਹਨ ਕਿ –

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥*
*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ ਤੂ*
*ਸਚੁ ਸਚੇ ਸੇਵਾ ਤੇਰੀ ਹੋਤਿ॥*

*ਪੰਨਾ – 309*

ਦੂਸਰਾ ਗੁਰੂ ਮਹਾਰਾਜ ਜੀ ਦਾ ਬਹੁਤ ਸਪਸ਼ਟ ਫੁਰਮਾਨ ਹੈ ਕਿ ਇਹ ਸੰਸਾਰ ਜਦੋਂ ਉਪਾਧੀ ਤੋਂ ਰਹਿਤ ਹੋ ਕੇ ਆਪਣੇ ਅਸਲੀ ਰੂਪ ਵਿਚ ਦਿਸਦਾ ਹੈ ਤਾਂ ਇਹ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਚੀਜ਼ ਨਹੀਂ ਹੈ ਜਿਸ ਬਾਰੇ ਫੁਰਮਾਨ ਹੈ –

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ*

*ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥*

*ਪੰਨਾ - 846*

ਪਰ ਅਸਾਡੀ ਹੋਸ਼ ਬਹੁਤ ਹੀ ਨੀਵੇਂ ਦਰਜੇ ਦੀ ਹੈ ਜੋ ਇਨ੍ਹਾਂ ਉਚੇ ਸਤਿ ਸਿਧਾਂਤਾਂ ਤੇ ਅਧਾਰਿਤ ਸਤਿ ਅਵਸਥਾ ਨਾਲ ਸੰਪਰਕ ਕਰ ਹੀ ਨਹੀਂ ਸਕਦੀ। ਲੱਖ ਜਤਨ ਕਰਨ ਉਪਰੰਤ ਵੀ ਅਸੀਂ ਉਥੇ ਦੇ ਉਥੇ ਹੀ ਰਹਿੰਦੇ ਹਾਂ ਜਿਵੇਂ ਕਈ ਸਿਆਣਿਆਂ ਨੇ ਇਸ ਨੂੰ ਸਪਸ਼ਟ ਕਰਨ ਵਾਸਤੇ ਬਹੁਤ ਹੀ ਸਿਧੀ ਬੋਲੀ ਵਿਚ ਆਖਿਆ ਹੈ ਕਿ ਜੇ ਕੁੱਤੇ ਦੀ ਪੂੰਛ ਨੂੰ ਕਿਸੇ ਬਾਂਸ ਜਾਂ ਪਲਾਸਟਿਕ ਦੀ ਨਾਲੀ ਵਿਚ ਪਾ ਦੇਈਏ ਅਤੇ ਉਸ ਵਿਚ ਪਈ ਉਹ ਸਿੱਧੀ ਦਿਸਦੀ ਹੈ ਕਿਉਂਕਿ ਬਾਂਸ ਮੁੜ ਨਹੀਂ ਸਕਦਾ ਪਰ ਜਦੋਂ ਉਹ ਨਾਲੀ ਕੱਢ ਲਈ ਜਾਵੇ ਤਾਂ ਪੂੰਛ ਉਥੇ ਦੀ ਉਥੇ ਫੇਰ ਆ ਜਾਂਦੀ ਹੈ। ਇਵੇਂ ਜਿਵੇਂ ਅਸੀਂ ਬੇਅੰਤ ਗਿਆਨ ਧਿਆਨ ਦੀਆਂ ਗੱਲਾਂ ਕਰਦੇ ਹਾਂ, ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ ਸਰਵਣ ਕਰਦੇ ਹਾਂ, ਬਚਨ ਸੁਣ ਕੇ ਅਸੀਂ ਸੰਸਾਰ ਨੂੰ ਵੀ ਸੁਣਾਉਂਦੇ ਹਾਂ ਅਤੇ ਐਉਂ ਪ੍ਰਤੀਤ ਦਿੰਦੇ ਹਾਂ ਕਿ ਇਹਦੇ ਵਰਗਾ ਤਾਂ ਸੰਸਾਰ ਉਤੇ ਹੋਰ ਹੈ ਹੀ ਨਹੀਂ ਪਰ ਜਦੋਂ ਉਸ ਦੇ ਨਿਜੀ ਜੀਵਨ ਦੀ ਪੜਤਾਲ ਕਰਦੇ ਹਾਂ ਤਾਂ ਪੂਰੀ ਤਰ੍ਹਾਂ ਗਿਆਤ ਹੋ ਜਾਂਦਾ ਹੈ ਕਿ ਨਾ ਤਾਂ ਇਸ ਨੂੰ ਕੋਈ ਪ੍ਰਕਾਸ਼ ਹੋਇਆ ਹੈ ਅਤੇ ਨਾ ਹੀ ਇਸ ਦੇ ਰਾਗ ਦ੍ਵੈਸ਼ ਦਾ ਅਭਾਵ ਹੋਇਆ ਹੈ, ਇਸ ਨੂੰ ਆਪਣੇ ਤੇ ਪਰਾਏ ਉਸੇ ਤਰ੍ਹਾਂ ਨਜ਼ਰ ਆ ਰਹੇ ਹਨ, ਇਹਨੂੰ ਸਾਰਾ ਮਾਇਆ ਦਾ ਕਰਿਸ਼ਮਾ ਸਤਿ ਲਗਦਾ ਹੈ ਅਤੇ ਉਸ ਮਾਇਆ ਦੀਆਂ ਘੁੰਮਣ-ਘੇਰੀਆਂ ਵਿਚ ਆਪ ਵੀ ਭੁਲਦਾ ਹੈ ਅਤੇ ਨਿਕਟਵਰਤੀਆਂ ਨੂੰ ਵੀ ਉਸ ਵਿਚ ਰੁਝਾ ਕੇ ਰਖਦਾ ਹੈ। ਗੁਰੂ ਮਹਾਰਾਜ ਜੀ ਨੇ ਇਸ ਨੂੰ ਪ੍ਰਵਾਨ ਨਹੀਂ ਕੀਤਾ। ਆਪ ਇਸ ਨੂੰ ਮੁੱਖ ਗਿਆਨੀ ਕਹਿੰਦੇ ਹਨ ਅਤੇ ਇਸ ਨੂੰ ਜਿਉਂਦਿਆਂ ਦਾ ਦਰਜਾ ਵੀ ਨਹੀਂ ਬਖਸ਼ਦੇ ਸਗੋਂ ਮੁਰਦਾ ਕਹਿ ਕੇ ਸੰਬੋਧਨ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ -

*ਅਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ॥*

*ਪੰਨਾ - 253*

ਸੋ ਸਾਧਸੰਗਤ ਜੀ! ਅਸਾਡੇ ਨਾਲ ਦਾ ਗੱਲਾਂ ਦਾ ਗਿਆਨੀ ਕੋਈ ਨਹੀਂ। ਜੋ ਸਤਿ ਹੈ ਉਸ ਨੂੰ ਅਪਨਾਉਣ ਤੋਂ ਅਸੀਂ ਪੂਰੀ ਤਰ੍ਹਾਂ ਨਾਲ ਘਬਰਾਉਂਦੇ ਹਾਂ, ਹੁਣੇ ਉਪਰਲੀਆਂ ਦਿਤੀਆਂ ਗਈਆਂ ਉਦਾਹਰਣਾਂ ਵਿਚ ਪੜ੍ਹਿਆ ਹੈ ਕਿ -

*ਸਹਸ ਘਟਾ ਮਹਿ ਏਕੁ ਆਕਾਸੁ॥*
*ਘਟ ਫੂਟੇ ਤੇ ਓਹੀ ਪ੍ਰਗਾਸੁ॥*

*ਪੰਨਾ - 736*

ਬਹੁਤ ਵਿਸਥਾਰ ਨਾਲ ਇਸ ਗੱਲ ਨੂੰ ਦਸਿਆ ਗਿਆ ਹੈ। ਭਾਈ ਤਿਲੋਕਾ ਜੀ ਉਸ ਲੜਕੀ ਨਾਲ ਗੂੜ੍ਹ ਸਿਧਾਂਤ ਦੀ ਗੱਲ ਕਰ ਰਹੇ ਹਨ ਜਿਸ ਨੂੰ ਕਿਸੇ ਮਜ਼ਹਬ ਦੇ 'ੳ ਅ' ਦਾ ਪਤਾ ਨਹੀਂ ਹੈ, ਬਿਲਕੁਲ ਕੋਰੀ ਹੈ, ਉਸ ਨੂੰ ਅਨੇਕ ਵਿਧੀਆਂ ਨਾਲ ਸਮਝਾਅ ਰਹੇ ਹਨ ਤੇ ਅਸੀਂ ਵੀ ਸਮਝ ਰਹੇ ਹਾਂ। ਗੁਰੂ ਮਹਾਰਾਜ ਜੀ ਫੁਰਮਾਨ ਕਰ ਰਹੇ ਹਨ ਕਿ ਪਿਆਰਿਓ! ਇਥੇ ਇਕ ਵਾਹਿਗੁਰੂ ਜੀ ਆਪਣੀ ਖੇਲ੍ਹ ਕਰਦੇ ਹੋਏ ਦ੍ਰਿਸ਼ਟੀਗੋਚਰੇ ਹੋ ਰਹੇ ਹਨ ਜਿਵੇਂ ਕਿ -

*ਏਕ ਮੂਰਤਿ ਅਨੇਕ ਦਰਸਨ*
*ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ*
*ਅੰਤ ਕੋ ਫਿਰ ਏਕ॥ ਜਾਪੁ ਸਾਹਿਬ*

ਸੋ ਜੋ ਤੱਤ ਸਿਧਾਂਤ ਗੁਰੂ ਮਹਾਰਾਜ ਜੀ ਨੇ ਬਖਸ਼ਿਆ ਹੈ ਉਹ ਹੈ -

*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥ ਪੰਨਾ-846*

ਅਸਾਡੇ ਵਿਚੋਂ ਨਾ ਦੇਹ ਅਧਿਆਸ ਖਤਮ ਹੁੰਦਾ ਹੈ। ਗੱਲਾਂ ਕਰਨ ਵੇਲੇ ਤਾਂ ਅਸੀਂ ਪੂਰੇ ਗਿਆਨੀ ਬਣ ਜਾਵਾਂਗੇ ਪਰ ਆਪਣੀ ਦੇਹ ਨੂੰ ਕਦੇ ਵੀ ਨਹੀਂ ਭੁਲਦੇ। ਜੇ ਕੋਈ ਪੁਛੇ ਕਿ ਤੇਰਾ ਕੀ ਨਾਮ ਹੈ ਤਾਂ ਅਸੀਂ ਝੱਟ ਹੀ ਕਹਿ ਦਿੰਦੇ ਹਾਂ ਕਿ ਮੇਰਾ ਨਾਮ..........ਸਿੰਘ......ਰਾਮ.... ਮੁਹੰਮਦ ਹੈ। ਅਸੀਂ ਸਚਮੁਚ ਹੀ ਆਪਣੇ ਆਪ ਨੂੰ ਸਰੀਰ ਸਮਝ ਕੇ ਗੱਲ ਕਰਦੇ ਹਾਂ। ਇਸ ਦਾ ਕਾਰਨ ਇਹ ਹੈ ਕਿ ਅਸੀਂ ਬੁੱਧੀ ਮੰਡਲ ਦੇ ਪ੍ਰਕਾਸ਼ ਵਿਚ ਇਹ ਚੀਜ਼ਾਂ ਜਾਣ ਲਈਆਂ ਹਨ। ਅਸੀਂ ਮੁੱਖ ਨਾਲ ਹਮੇਸ਼ਾ ਗਿਆਨ ਦੀਆਂ ਗੱਲਾਂ ਕਰਦੇ ਰਹਿੰਦੇ ਹਾਂ, ਆਪ ਹਨ੍ਹੇਰੇ ਵਿਚ ਹੀ ਰਹਿ ਕੇ ਆਪਣਾ ਜੀਵਨ ਬਤੀਤ ਕਰਦੇ ਰਹਿੰਦੇ ਹਾਂ। ਇਨ੍ਹਾਂ ਗੱਲਾਂ ਨੇ ਕੁਝ ਨਹੀਂ ਸਾਰਨਾ, ਕ੍ਰੋੜਾਂ ਜਨਮ ਅਸੀਂ ਇਸੇ ਤਰ੍ਹਾਂ ਦੇ ਨਾਲ ਲੰਘਾ ਚੁਕੇ ਹਾਂ। ਸੁਖਮਨੀ ਸਾਹਿਬ ਵਿਚ ਪੜ੍ਹਦੇ ਹਾਂ ਕਿ -

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥*
*ਆਗਿਆਕਾਰੀ ਬਪੁਰਾ ਜੀਉ॥*
*ਜੋ ਤਿਸੁ ਭਾਵੈ ਸੋਈ ਫੁਨਿ ਥੀਉ॥*

*ਪੰਨਾ - 277*

*ਕਬਹੂ ਊਚ ਨੀਚ ਮਹਿ ਬਸੈ॥*
*ਕਬਹੂ ਸੋਗ ਹਰਖ ਰੰਗਿ ਹਸੈ॥*
*ਕਬਹੂ ਨਿੰਦ ਚਿੰਦ ਬਿਉਹਾਰ॥*
*ਕਬਹੂ ਊਭ ਅਕਾਸ ਪਇਆਲ॥*
*ਕਬਹੂ ਬੇਤਾ ਬ੍ਰਹਮ ਬੀਚਾਰ॥*
*ਨਾਨਕ ਆਪਿ ਮਿਲਾਵਣਹਾਰ॥*

*ਪੰਨਾ - 277*

ਅਤੇ -

*ਕਬਹੂ ਨਿਰਤਿ ਕਰੈ ਬਹੁ ਭਾਤਿ॥*
*ਕਬਹੂ ਸੋਇ ਰਹੈ ਦਿਨੁ ਰਾਤਿ॥*
*ਕਬਹੂ ਮਹਾ ਕ੍ਰੋਧ ਬਿਕਰਾਲ॥*
*ਕਬਹੂੰ ਸਰਬ ਕੀ ਹੋਤ ਰਵਾਲ॥*
*ਕਬਹੂ ਹੋਇ ਬਹੈ ਬਡ ਰਾਜਾ॥*
*ਕਬਹੁ ਭੇਖਾਰੀ ਨੀਚ ਕਾ ਸਾਜਾ॥*
*ਕਬਹੂ ਅਪਕੀਰਤਿ ਮਹਿ ਆਵੈ॥*
*ਕਬਹੂ ਭਲਾ ਭਲਾ ਕਹਾਵੈ॥*
*ਜਿਉ ਪ੍ਰਭੁ ਰਾਖੈ ਤਿਵ ਹੀ ਰਹੈ॥*
*ਗੁਰਪ੍ਰਸਾਦਿ ਨਾਨਕ ਸਚੁ ਕਹੈ॥*
*ਪੰਨਾ - 277*

ਸੋ ਵਿਸ਼ੇਸ਼ ਵਿਚਾਰ ਵਾਸਤੇ ਇਸ ਅਸਟਪਦੀ ਦੀ ਵਿਚਾਰ ਕਰ ਸਕਦੇ ਹਾਂ। ਜਦੋਂ ਤਕ ਅਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ ਅਤੇ ਨਾਮ ਦੀ ਘਾਲ ਕਮਾਈ ਪ੍ਰਤੱਖ ਰੂਪ ਵਿਚ ਨਹੀਂ ਕਰਦੇ ਉਨੀਂ ਦੇਰ ਤਕ ਅਸਾਡਾ ਆਉਣਾ ਜਾਣਾ ਖਤਮ ਨਹੀਂ ਹੋਣਾ।

*ਕਬਹੂ ਸਾਧਸੰਗਤਿ ਇਹੁ ਪਾਵੈ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ॥*
*ਅੰਤਰਿ ਹੋਇ ਗਿਆਨ ਪਰਗਾਸੁ॥*
*ਉਸੁ ਅਸਥਾਨ ਕਾ ਨਹੀ ਬਿਨਾਸੁ॥*
*ਮਨ ਤਨ ਨਾਮਿ ਰਤੇ ਇਕ ਰੰਗਿ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥*
*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ॥*
*ਨਾਨਕ ਪ੍ਰਭ ਕੈ ਸਦ ਕੁਰਬਾਨ॥*
*ਪੰਨਾ - 278*

ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

*ਗਿਆਨੁ ਨ ਗਲੀਈ ਢੂਢੀਐ*
*ਕਥਨਾ ਕਰੜਾ ਸਾਰੁ॥ ਪੰਨਾ - 465*

ਇਸ ਗਿਆਨ ਨੂੰ ਪ੍ਰਾਪਤ ਕਰਨਾ ਹੀ ਤਾਂ ਮਨੁੱਖ ਦੇਹੀ ਦਾ ਪ੍ਰਮ ਮਨੋਰਥ ਹੈ, ਅਸੀਂ ਬੁੱਧੀ ਨਾਲ ਇਸ ਦੀ ਜਾਣ ਪਛਾਣ ਪ੍ਰਾਪਤ ਕਰਕੇ ਸਮਝਦੇ ਹਾਂ ਕਿ ਅਸਾਡਾ ਛੁਟਕਾਰਾ ਹੋ ਗਿਆ। ਨਾ ਹੀ ਤਾਂ ਸਾਡਾ ਸੁਭਾਅ ਬਦਲਦਾ ਹੈ, ਜਿਹੋ ਜਿਹੇ ਅਸੀਂ ਪਹਿਲਾਂ ਸੀ ਉਹੋ ਜਿਹੇ ਹੀ ਹੁਣ ਹਾਂ। ਵੈਰੀ ਮਿਤਰ ਦੀ ਪਛਾਣ ਸਾਨੂੰ ਸਦਾ ਹੀ ਰਹਿੰਦੀ ਹੈ। ਆਪਣੇ ਅਤੇ ਬੇਗਾਨੇ ਸਦਾ ਹੀ ਦ੍ਰਿਸ਼ਟੀਗੋਚਰੇ ਹੁੰਦੇ ਰਹਿੰਦੇ ਹਨ। ਅਸੀਂ ਹੁਕਮ ਨੂੰ ਨਹੀਂ ਪਛਾਣਦੇ ਅਸੀਂ ਪ੍ਰਭੂ ਨੂੰ dictation ਦਿੰਦੇ ਹਾਂ ਕਿ ਪ੍ਰਭੂ! ਆਹ ਗੱਲ ਨਾ ਕਰੀਂ, ਆਹ ਕਰ ਦੇ। ਤੂੰ ਮੇਰੀ ਮਰਜ਼ੀ ਮੁਤਾਬਿਕ ਚਲ, ਮੈਂ ਤੇਰੀ ਮਰਜ਼ੀ ਵਿਚ ਨਹੀਂ ਚਲ ਸਕਦਾ। ਪਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਜਬ ਧਾਰੈ ਕੋਊ ਬੈਰੀ ਮੀਤੁ॥*
*ਤਬ ਲਗੁ ਨਿਹਚਲੁ ਨਾਹੀ ਚੀਤੁ॥*
*ਜਬ ਲਗੁ ਮੋਹ ਮਗਨ ਸੰਗਿ ਮਾਇ॥*
*ਤਬ ਲਗੁ ਧਰਮਰਾਇ ਦੇਇ ਸਜਾਇ॥*
*ਪ੍ਰਭ ਕਿਰਪਾ ਤੇ ਬੰਧਨ ਤੂਟੈ॥*
*ਗੁਰ ਪ੍ਰਸਾਦਿ ਨਾਨਕ ਹਉ ਛੂਟੈ॥*
*ਪੰਨਾ - 278*

ਸੋ ਇਸ ਕਰਕੇ ਗਿਆਨ, ਗੱਲਾਂ ਦੀ ਵਸਤੂ ਨਹੀਂ ਹੈ ਇਹ ਤਾਂ ਅੰਦਰ ਜਦੋਂ ਤਕ ਗੁਰੂ ਦੇ ਸ਼ਬਦ ਦੀ ਘਾਲ ਕਮਾਈ ਕਰਕੇ ਪ੍ਰਕਾਸ਼ ਨਹੀਂ ਹੁੰਦਾ ਉਨੀਂ ਦੇਰ ਤਕ ਕੁਝ ਪ੍ਰਾਪਤ ਨਹੀਂ ਹੁੰਦਾ। ਇਸ ਦੇ ਉਦਾਹਰਣ ਵਿਚ ਭਾਈ ਗੁਰਦਾਸ ਜੀ ਨੇ ਖੋਲ੍ਹ ਕੇ ਦਸਿਆ ਹੈ

*ਖਾਂਡ ਖਾਂਡ ਕਹੈ ਜਿਹਬਾ*
*ਨ ਸ੍ਵਾਦ ਮੀਠੋ ਆਵੈ,*
*ਅਗਨਿ ਅਗਨਿ ਕਹੈ*
*ਸੀਤ ਨ ਬਿਨਾਸ ਹੈ।*
*ਬੈਦ ਬੈਦ ਕਹੈ*
*ਰੋਗ ਮਿਟਤ ਨ ਕਾਹੂੰ ਕੋ,*
*ਦ੍ਰਬ ਦ੍ਰਬ ਕਹੈ ਕੋਊ*
*ਦ੍ਰਬਹਿ ਨ ਬਿਲਾਸ ਹੈ।*
*ਚੰਦਨ ਚੰਦਨ ਕਹੈ*
*ਪ੍ਰਗਟੈ ਨ ਸੁਬਾਸ ਬਾਸੁ,*
*ਚੰਦ ਚੰਦ ਕਹੈ ਉਜਿਆਰੋ*
*ਨ ਪ੍ਰਗਾਸ ਹੈ।*
*ਤੈਸੇ ਗਯਾਨ ਗੋਸਟਿ ਕਰਤ*
*ਨ ਰਹਤ ਪਾਵੈ,*
*ਕਰਨੀ ਪ੍ਰਧਾਨ,*
*ਭਾਨ ਉਦਿਤਿ ਅਕਾਸ ਹੈ॥*
*ਕਬਿੱਤ ਭਾਈ ਗੁਰਦਾਸ ਜੀ*

ਸੋ ਇਸ ਕਰਕੇ ਗਾਉਣ ਤੇ ਸੁਣਨ ਨਾਲ, ਅੱਖਾਂ ਮੀਚਣ ਨਾਲ, ਬਹੁਤ ਗਿਆਨੀ ਧਿਆਨੀ ਹੋਣ ਨਾਲ ਪ੍ਰਮ ਪਦ ਦੀ ਪ੍ਰਾਪਤੀ ਕਿਸੇ ਤਰੀਕੇ ਨਾਲ ਵੀ ਨਹੀਂ ਹੋ ਸਕਦੀ। ਗੁਰਮਤਿ ਮਾਰਗ ਕਰਨੀ ਕਮਾਈ ਦਾ ਮਾਰਗ ਹੈ ਇਸ ਦੇ ਵਿਚ ਪ੍ਰਤੱਖ ਰੂਪ ਵਿਚ ਆਪਣੇ ਜੀਵਨ ਨੂੰ ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨਾਂ ਦੇ ਮੁਤਾਬਿਕ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਆਏ ਮਹਾਂਵਾਕਾਂ ਦੇ ਪ੍ਰਕਾਸ਼ ਅਨੁਸਾਰ ਆਪਣੇ ਆਪ ਨੂੰ ਢਾਲੇ ਬਿਨਾਂ ਕੋਈ ਤਰੱਕੀ ਨਹੀਂ ਹੋ ਸਕਿਆ ਕਰਦੀ। ਜਦੋਂ ਤਕ ਤੁਹਾਨੂੰ ਖੰਡ ਦੀ ਪ੍ਰਾਪਤੀ ਨਹੀਂ ਹੁੰਦੀ ਮੂੰਹ ਮਿੱਠਾ ਕਿਵੇਂ ਹੋ ਜਾਵੇਗਾ। ਹਨ੍ਹੇਰੀ ਰਾਤ ਹੈ, ਠੋਕਰਾਂ ਖਾਂਦੇ ਅਸੀਂ ਜਾ ਰਹੇ ਹਾਂ ਹੱਥ ਮਾਰਿਆਂ ਕੁਝ ਵੀ ਨਜ਼ਰ ਨਹੀਂ ਆ ਰਿਹਾ, ਕੋਈ ਪਤਾ ਨਹੀਂ ਕਿ ਅਗਲਾ ਕਦਮ ਪੁੱਟਦੇ ਹੀ ਖੱਡੇ ਵਿਚ ਗਿਰ ਜਾਣਾ ਹੈ ਪਰ ਜੇ ਅਸੀਂ ਮੂੰਹ ਦੇ ਨਾਲ ਕਹੀ ਜਾਈਏ ਚਾਨਣਾ-ਚਾਨਣਾ-ਚਾਨਣਾ ਤਾਂ ਤੁਸੀਂ ਆਪ ਹੀ ਸੋਚੋ ਕਿ ਪ੍ਰਕਾਸ਼ ਹੋ ਜਾਵੇਗਾ? ਇਸੇ ਤਰ੍ਹਾਂ ਨਾਲ ਜਦੋਂ ਅਸੀਂ ਗਿਆਨ ਦੀਆਂ ਪੁਸਤਕਾਂ ਪੜ੍ਹਦੇ ਹਾਂ, ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਤੱਤ ਗਿਆਨ ਦੇ ਬਚਨ ਸਰਵਣ ਕਰਦੇ ਹਾਂ ਤਾਂ ਆਪਣੇ ਆਪ ਨੂੰ ਗਿਆਨੀ ਆਖੀ ਜਾਂਦੇ

ਹਾਂ, ਤੁਸੀਂ ਆਪ ਹੀ ਸੋਚੋ ਕਿ ਮੂੰਹ ਦੇ ਗਿਆਨੀ ਨੂੰ ਤੱਤ੍ਹ ਦਾ ਗਿਆਨ ਹੋ ਸਕਦਾ ਹੈ? ਜਦੋਂ ਤੱਕ ਪ੍ਰਤੱਖ ਰੂਪ ਦੇ ਵਿਚ ਅਸੀਂ ਆਤਮ ਸ਼ਾਖਸ਼ਾਤ ਹੋਣ ਉਪਰੰਤ ਗੁਰੂ ਜੋਤ ਵਿਚ ਨਾ ਸਮਾਅ ਜਾਈਏ ਅਸੀਂ ਕਿਵੇਂ ਗਿਆਨੀ ਤੇ ਧਿਆਨੀ ਆਪਣੇ ਆਪ ਨੂੰ ਕਹਾ ਸਕਦੇ ਹਾਂ? ਗੁਰੂ ਅਤੇ ਪ੍ਰਮੇਸ਼ਰ ਇਕੋ ਹੀ ਹੋਇਆ ਕਰਦੇ ਹਨ ਇਨ੍ਹਾਂ ਨੂੰ ਜੋ ਦੋ ਕਰਕੇ ਦੇਖਦਾ ਹੈ ਉਸ ਦਾ ਕਦੇ ਵੀ ਉਧਾਰ ਨਹੀਂ ਹੋ ਸਕਿਆ ਕਰਦਾ। ਏਸ ਕਰਕੇ ਭਗਤੀ ਸਹਿਤ ਜੋ ਗਿਆਨ ਪ੍ਰਾਪਤ ਹੋਵੇ ਉਹ ਗਿਆਨ ਯਥਾਰਥ ਗਿਆਨ ਹੋਇਆ ਕਰਦਾ ਹੈ। ਜੋ ਪੁਸਤਕਾਂ ਪੜ੍ਹ ਕੇ, ਬਚਨ ਸੁਣ ਕੇ ਤੇ ਬਚਨਾਂ ਦੇ ਘੋਟੇ ਲਾ ਕੇ ਲੋਕਾਂ ਨੂੰ ਸੁਣਾ-ਸੁਣਾ ਕੇ ਆਪਣੇ ਆਪ ਨੂੰ ਧੋਖਾ ਦੇ ਰਿਹਾ ਹੈ ਉਹ ਗਿਆਨੀ ਕਿਵੇਂ ਹੋ ਸਕਦਾ ਹੈ। ਉਸ ਦਾ ਸਾਰਾ ਗਿਆਨ ਵਾਚਕ ਹੈ, ਕਥਨੀ ਤੇ ਕਮਾਈ ਵਾਲਾ ਨਹੀਂ ਹੈ। ਗੁਰੂ ਘਰ ਵਿਚ ਕਰਨੀ ਪ੍ਰਧਾਨ ਹੈ। ਇਸੇ ਕਰਕੇ ਜੋ ਪਿਛਲੇ ਸਮਿਆਂ ਦੇ ਮਹਾਂਪੁਰਸ਼ ਹੋਇਆ ਕਰਦੇ ਸਨ ਉਹ ਸੂਤਰ ਰੂਪ ਵਿਚ ਹੀ ਬਚਨ ਕਰਿਆ ਕਰਦੇ ਸਨ। ਉਸ ਵਿਚ ਐਨਾ ਬਲ ਹੁੰਦਾ ਸੀ ਕਿ ਇਕੋ ਬਚਨ ਸਰੀਰ ਦੇ ਆਰ ਪਾਰ ਹੋ ਜਾਇਆ ਕਰਦਾ ਸੀ। ਜਿਵੇਂ ਕਿ ਫੁਰਮਾਨ ਹੈ =

*ਕਬੀਰ ਸਤਿਗੁਰ ਸੂਰਮੇ*
*ਬਾਹਿਆ ਬਾਨੁ ਜੁ ਏਕ ॥*
*ਲਾਗਤ ਹੀ ਭੁਇ ਗਿਰਿ ਪਰਿਆ*
*ਪਰਾ ਕਰੇਜੇ ਛੇਕੁ ॥ ਪੰਨਾ-1374*

ਸੋ ਇਸ ਕਰਕੇ ਇਸ ਗੱਲ ਨੂੰ ਸਮਝਣ ਦਾ ਸਾਨੂੰ ਜਤਨ ਕਰਨਾ ਚਾਹੀਦਾ ਹੈ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ -

*ਜੈਸੇ ਖਾਂਡੁ ਖਾਂਡੁ ਕਹੈ*
*ਮੁਖਿ ਨਹੀ ਮੀਠਾ ਹੋਇ,*
*ਜਬ ਲਗ ਜੀਭ ਸ੍ਵਾਦਿ*
*ਖਾਂਡੁ ਨਹੀ ਖਾਈਐ।*
*ਜੈਸੇ ਰਾਤ ਅੰਧੇਰੀ*
*ਮੈ ਦੀਪਕ ਦੀਪਕ ਕਹੈ,*
*ਤਿਮਰ ਨ ਜਾਈ*
*ਜਬ ਲਗ ਨ ਜਰਾਈਐ।*
*ਜੈਸੇ ਗਯਾਨ ਗਯਾਨ ਕਹੈ*
*ਗਯਾਨ ਹੂੰ ਨ ਹੋਤ ਕਛੁ,*
*ਜਬ ਲਗ ਗੁਰ ਗਯਾਨ*
*ਅੰਤਰਿ ਨ ਪਾਈਐ।*
*ਤੈਸੇ ਗੁਰੁ ਧਯਾਨ ਕਹੈ*
*ਗੁਰੁ ਧਯਾਨ ਹੂੰ ਨ ਪਾਵਤ,*
*ਜਬ ਲਗ ਗੁਰੁ ਦਰਸ*
*ਜਾਇ ਨ ਸਮਾਈਐ।*
*ਕਬਿੱਤ, ਭਾਈ ਗੁਰਦਾਸ ਜੀ*

ਸੋ ਇਹ ਵਿਚਾਰ ਹਨ ਜਿਨ੍ਹਾਂ ਨੂੰ ਪੂਰੇ ਧਿਆਨ ਵਿਚ ਰੱਖ ਕੇ, ਸਾਵਧਾਨ ਹੋ ਕੇ ਇਸ 'ਆਤਮ ਮਾਰਗ' ਉਪਰ ਚਲਣਾ ਚਾਹੀਦਾ ਹੈ। ਭਾਈ ਤਿਲੋਕਾ ਜੀ ਜੋ ਬਚਨ ਕਰ ਰਹੇ ਹਨ ਉਹ ਪੂਰੀ ਤਰ੍ਹਾਂ ਨਾਲ ਇਸ ਰਾਜਕੁਮਾਰੀ ਦੇ ਹਿਰਦੇ ਵਿਚ ਪ੍ਰਵੇਸ਼ ਕਰਾ ਰਹੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਇਹ ਰਾਜਕੁਮਾਰੀ ਨਿਰਛਲ, ਨਿਰਕਪਟ ਬਹੁਤ ਹੀ ਸਰਲ ਸੁਭਾਅ ਅਤੇ ਪਿਆਰ ਦੀ ਮੂਰਤ ਹੈ ਜਿਸ ਦੇ ਅੰਦਰ ਵਿਕਾਰ ਵਾਲੇ ਪਿਆਰ ਨੇ ਆਪਣਾ ਕੋਈ ਵੀ ਅੰਸ ਪ੍ਰਗਟ ਨਹੀਂ ਕੀਤਾ। ਇਹ ਜੋ ਕੁਝ ਸਮਝਦੀ ਹੈ ਓਹੀ ਕਰਦੀ ਹੈ, ਇਹ ਜੋ ਕੁਝ ਸੁਣਦੀ ਹੈ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਅੰਦਰ ਵਸਾ ਰਹੀ ਹੈ ਅਤੇ ਆਪਣੇ ਆਪ ਨੂੰ ਬਦਲ ਰਹੀ ਹੈ। ਇਹ ਗਿਆਨੀ ਬਣਨ ਦੇ ਆਸ਼ੇ ਨਾਲ ਨਹੀਂ ਬਚਨ ਸੁਣ ਰਹੀ ਇਹ ਇਕ-ਇਕ ਗੱਲ ਉਤੇ ਹੈਰਾਨ ਹੋ ਰਹੀ ਹੈ ਪਰ ਪੂਰਾ ਜਤਨ ਕਰ ਰਹੀ ਹੈ ਕਿ ਮੈਂ ਇਸ ਨੂੰ ਸਮਝ ਲਵਾਂ, ਉਸਦਾ ਕਾਰਨ ਹੈ ਕਿ ਉਸ ਨੇ ਭਾਈ ਤਿਲੋਕਾ ਜੀ ਦੇ ਜੀਵਨ ਦਾ ਪ੍ਰਭਾਵ ਅੰਦਰ ਲਿਆ ਹੈ ਅਤੇ ਉਸ ਦੇ ਅੰਦਰ ਪੂਰਾ ਸਤਿਕਾਰ ਅਤੇ ਪੂਰੀ ਸ਼ਰਧਾ ਉਸ ਅਜਨਬੀ ਨਾਲ ਹੋ ਰਹੀ ਹੈ। ਇਹ ਉਨ੍ਹਾਂ ਦੇ ਬਚਨਾਂ ਵਿਚ ਐਨੀ ਮਸਤ ਹੋਈ ਹੋਈ ਹੈ ਕਿ ਉਸ ਨੇ ਕੋਈ ਲੋੜ ਨਹੀਂ ਸਮਝੀ ਕਿ ਉਸ ਦਾ ਕੋਈ ਨਾਮ ਪੁਛੇ, ਰਹਿਣ ਦੀ ਥਾਂ ਪੁਛੇ, ਉਸ ਦੀ ਪੂਰੀ-ਪੂਰੀ ਸੋਚ ਭਾਈ ਤਿਲੋਕਾ ਜੀ ਦੇ ਵਜੂਦ ਨੇ ਘੇਰੀ ਹੋਈ ਹੈ। ਉਹ ਕਿਸੇ ਬਚਨ ਤੇ ਤਰਕ ਨਹੀਂ ਲਿਆਉਂਦੀ। ਜਿਥੇ ਸਮਝ ਨਹੀਂ ਆਉਂਦਾ ਉਥੇ ਉਸੇ ਵੇਲੇ ਕਹਿ ਦਿੰਦੀ ਹੈ ਕਿ ਮੈਨੂੰ ਸਮਝ ਨਹੀਂ ਆਉਂਦਾ। ਜਿਵੇਂ ਉਸ ਨੂੰ ਭਾਈ ਤਿਲੋਕਾ ਜੀ ਨੇ ਪਹਿਲੇ ਦਿਨ ਕਿਹਾ ਕਿ ਤੂੰ ਆਤਮਾ ਹੈਂ। ਤਾਂ ਉਹ ਰੋਈ, ਘਬਰਾਈ, ਚੀਕਾਂ ਮਾਰੀਆਂ ਕਿ ਤੂੰ ਮੈਨੂੰ ਇਹ ਕੀ ਬਣਾ ਦਿਤਾ, ਮੈਂ ਤਾਂ ਸੁੰਦਰ ਵਸਤਰ ਪਹਿਨਣ ਵਾਲੀ ਰਾਜ ਕੁਮਾਰੀ ਹੀ ਹਾਂ। ਉਸ ਨੇ ਕਿਹਾ ਕਿ ਤੂੰ ਅਚਾਹ ਹੈਂ, ਤੈਨੂੰ ਕਿਸੇ ਨਾਲ ਪ੍ਰੇਮ ਕਰਨ ਦੀ ਲੋੜ ਨਹੀਂ, ਤੂੰ ਆਪ ਹੀ ਪ੍ਰੇਮ ਹੈਂ। ਤਾਂ ਉਸ ਨੇ ਚੀਕਾਂ ਮਾਰੀਆਂ ਕਿ ਮੈਨੂੰ ਤਾਂ ਪਿਆਰ ਹੈ, ਆਪਣੇ ਮਾਂ ਬਾਪ ਨਾਲ, ਉਹ ਮੈਨੂੰ ਪਿਆਰ ਨਾਲ ਗਲਵੱਕੜੀ ਪਾ ਕੇ ਮਿਲਦੇ ਹਨ। ਪਿਆਰਿਓ! ਅਸਾਡਾ ਤੇ ਉਸ ਦਾ ਐਨਾ ਫਰਕ ਹੈ। ਅਸੀਂ ਹੋਰ ਜਾਨਣ-ਹੋਰ ਜਾਨਣ ਲਈ ਮਹਾਂਪੁਰਸ਼ਾਂ ਦੇ ਬਚਨ ਸੁਣਦੇ ਹਾਂ। ਅਸਾਡਾ ਤਾਂ ਇਹ ਹਾਲ ਹੈ -

*ਪੰਚਾਂ ਦਾ ਕਹਿਣਾ ਸਿਰ ਮੱਥੇ,*
*ਪਰਨਾਲਾ ਥਾਂ ਦੀ ਥਾਂ।*

ਮਨੁੱਖ ਦੀ ਦੇਹ ਅਤੇ ਪਸ਼ੂ ਦੀ ਦੇਹ ਵਿਚ ਇਹੀ ਫਰਕ ਹੁੰਦਾ ਹੈ, ਪਸ਼ੂ ਵਿਚ ਵਿਵੇਕ ਨਹੀਂ ਹੈ ਅਵਿਵੇਕ ਹੁੰਦਾ ਹੈ, ਮਾਨਸ ਦੇ ਹਿਰਦੇ ਅੰਦਰ ਉਪਦੇਸ਼ ਟਿਕ ਜਾਇਆ ਕਰਦਾ ਹੈ ਮਨੁੱਖ ਦੇ ਅੰਦਰ ਸੁਰਤਿ ਸਬਦ ਦੀ ਸਮਰਥਾ ਹੈ। ਜੇ ਇਹ ਚੀਜ਼ਾਂ ਮਨੁੱਖਾਂ ਦੇ ਅੰਦਰ ਨਹੀਂ ਹਨ ਤਾਂ ਮਨੁੱਖ ਪਸ਼ੂ ਹੀ ਹੈ-

*ਪਸੂਆ ਮਨੁਖ ਦੇਹ,*
*ਅੰਤਰ ਅੰਤਰੁ ਇਹੈ*
*ਸਬਦ ਸੁਰਤਿ ਕੋ ਬਿਬੇਕ ਅਬਿਬੇਕ ਹੈ।*

*ਪਸੂ ਹਰਿਆਉ ਕਹਿਓ,*
*ਸੁਨਿਓ ਅਨ ਸੁਨਿਓ ਕਰੈ*
*ਮਾਨਸ ਜਨਮ ਉਪਦੇਸ ਰਿਦੈ ਟੇਕ ਹੈ।*
*ਪਸੂਆ ਸਬਦ ਹੀਨ, ਜਿਹਬਾ ਨ ਬੋਲਿ ਸਕੈ,*
*ਮਾਨਸ ਜਨਮ ਬੋਲੈ ਬਚਨ ਅਨੇਕ ਹੈ।*
*ਸਬਦ ਸੁਰਤਿ ਸੁਨਿ, ਸਮਝਿ ਬੋਲੈ ਬਿਬੇਕੀ,*
*ਨਾਤੁਰ ਅਚੇਤ ਪਸੁ ਪ੍ਰੇਤਹੂੰ ਮੈ ਏਕ ਹੈ॥*
*ਕਬਿੱਤ, ਭਾਈ ਗੁਰਦਾਸ ਜੀ*

ਸੋ ਇਸ ਕਰਕੇ ਪੜ੍ਹਨ, ਲਿਖਣ, ਗਿਆਨ ਦੇ ਵਾਕ ਘੋਟਣ, ਪ੍ਰਚਾਰਨ ਦੀ ਕੋਈ ਮਹੱਤਤਾ ਨਹੀਂ ਹੈ, ਜੇ ਮਹੱਤਤਾ ਹੈ ਤਾਂ ਕਰਨੀ ਦੀ ਮਹੱਤਤਾ ਹੋਇਆ ਕਰਦੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਪ੍ਰਥਮੇ ਮਨੁ ਪਰਬੋਧੈ ਅਪਨਾ*
*ਪਾਛੈ ਅਵਰ ਰੀਝਾਵੈ॥*
*ਰਾਮ ਨਾਮ ਜਪੁ ਹਿਰਦੈ ਜਾਪੈ*
*ਮੁਖ ਤੇ ਸਗਲ ਸੁਨਾਵੈ॥*
*ਪੰਨਾ – 381*

*ਆਪਣਾ ਮਨੁ ਪਰਬੋਧਹੁ ਬੂਝਹੁ ਸੋਈ॥*
*ਲੋਕ ਸਮਝਾਵਹੁ ਸੁਣੇ ਨ ਕੋਈ॥*
*ਗੁਰਮੁਖਿ ਸਮਝਹੁ ਸਦਾ ਸੁਖੁ ਹੋਈ॥*
*ਪੰਨਾ – 230*

ਇਸ ਕਰਕੇ ਗੱਲ ਪੂਰੀ ਤਰ੍ਹਾਂ ਨਾਲ ਸਮਝਣੀ ਚਾਹੀਦੀ ਹੈ ਫੁਰਮਾਨ ਹੈ ਕਿ–

*ਮਮਾ ਮਨ ਸਿਉ ਕਾਜੁ ਹੈ*
*ਮਨ ਸਾਧੇ ਸਿਧਿ ਹੋਇ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ॥*
*ਪੰਨਾ – 342*

ਅਸਾਡੇ ਅੰਦਰ ਜੋ ਧਿਆਨ ਪੱਕ ਗਏ ਹਨ ਉਹ ਗੁਰ ਸ਼ਬਦ ਦੇ ਅਭਿਆਸ ਤੋਂ ਬਿਨਾਂ ਦੂਰ ਨਹੀਂ ਹੋ ਸਕਦੇ। ਲੱਖ ਜਤਨ ਕਰਨ ਤੇ ਅਸੀਂ ਆਪਣਾ ਸਰੀਰ ਸ਼ੀਸ਼ੇ ਵਿਚ ਦੇਖਦੇ ਹੀ ਜਾਂ ਫੋਟੋ ਦੇਖਦੇ ਹੀ ਮਨ ਅੰਦਰ ਭਾਵ ਪੈਦਾ ਕਰ ਲਵਾਂਗੇ ਕਿ ਇਹ ਮੈਂ ਹੀ ਹਾਂ। ਬੋਲਣ ਚਾਲਣ ਵੇਲੇ ਚਾਹੇ ਅਸੀਂ ਕਹਿ ਦੇਈਏ ਕਿ ਮੈਂ ਸਰੀਰ ਨਹੀਂ ਹਾਂ। ਇਥੇ ਹੀ ਅਸਾਡਾ ਸਤਿ ਬਚਨਾਂ ਨਾਲ ਫਰਕ ਉਤਪੰਨ ਹੁੰਦਾ ਹੈ। ਇਹੀ ਭੁੱਲ ਹੈ ਜਿਹੜੀ ਅਸਾਨੂੰ ਆਤਮਾ ਤੋਂ ਜੀਵ ਆਤਮਾ ਅਤੇ ਫਿਰ ਜੀਵ ਆਤਮਾ ਤੋਂ ਸਰੀਰ ਬਣਾਉਂਦੀ ਹੈ ਅਤੇ ਸਰੀਰ ਦੇ ਸਾਰੇ ਸਬੰਧ ਸਥਾਪਿਤ ਕਰਦੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਸਭਨਾਂ ਘਟਾ ਵਿਚ ਵਾਹਿਗੁਰੂ ਜੀ ਹੀ ਵਰਤ ਰਹੇ ਹਨ। ਉਹ ਆਪ ਹੀ ਸਾਰੀ ਕੁਦਰਤ ਨੂੰ ਆਪਣੀ ਸ਼ਕਤੀ ਦੇ ਨਾਲ ਚਲਾ ਰਹੇ ਹਨ ਜਿਸ ਨੂੰ ਅਸੀਂ ਹੁਕਮ ਦੀ ਸੰਗਿਆ ਦਿੰਦੇ ਹਾਂ ਪਰ ਜੋ ਸੂਝ ਇਨਸਾਨ ਦੇ ਅੰਦਰ ਪੈਦਾ ਹੁੰਦੀ ਹੈ ਉਹ ਸੂਝ ਅਧੂਰੀ ਹੁੰਦੀ ਹੈ ਕਿਉਂਕਿ ਉਸ ਦੀ ਸੂਝ ਉਪਰ ਮਾਇਆ ਦਾ ਜ਼ਬਰਦਸਤ ਅਸਰ ਪੈ ਚੁਕਿਆ ਹੁੰਦਾ ਹੈ ਅਤੇ ਉਸ ਨੇ ਸ਼ੁਧ ਸੂਝ ਨੂੰ ਠਗਮੂਰੀ ਬੂਟੀ ਸੁੰਘਾ ਕੇ ਮੂਰਛਤ ਕਰ ਦਿਤਾ ਹੁੰਦਾ ਹੈ। ਸੋ ਸੰਸਾਰ ਦੀ ਹਾਲਤ ਮੂਰਛਤ ਹੋਈ ਹੋਈ ਹੈ। ਸੋ ਇਹ ਜੋ ਅਸਾਡੀ ਬੁੱਧੀ ਹੈ ਇਹ ਯਥਾਰਥ ਨਹੀਂ ਹੈ ਇਹ ਮਾਇਆ ਦੇ ਅਸਰ ਅਧੀਨ ਹਉਮੈ ਦੀ ਸੁਰਤ ਹੈ ਜਿਸ ਨਾਲ ਮੇਰਾ, ਤੇਰਾ ਪ੍ਰਤੀਤ ਦਿੰਦਾ ਹੈ, ਚੰਗਾ–ਮੰਦਾ ਪ੍ਰਤੀਤ ਦਿੰਦਾ ਹੈ। ਸੰਸਾਰ ਵਿਚ ਸਭ ਹੁਕਮ ਦੀ ਖੇਡ ਹੋ ਰਹੀ ਹੈ। ਗੁਰੂ ਮਹਾਰਾਜ ਜੀ ਨੇ 'ਜਪੁਜੀ ਸਾਹਿਬ' ਦਾ ਸਭ ਤੋਂ ਪਹਿਲਾ ਸਿਧਾਂਤ –

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*
*ਪੰਨਾ – 1*

ਦਿਤਾ। ਜੋ ਅੰਧਕਾਰ ਸਾਡੇ ਵਿਚ ਵਰਤ ਰਿਹਾ ਹੈ ਇਸ ਨੂੰ ਕੂੜ ਦੀ ਕੰਧ ਨਾਲ ਤਸ਼ਬੀਹ ਦਿਤੀ ਅਤੇ ਇਸ ਦੇ ਤੋੜਨ ਦਾ ਇਲਾਜ ਵੀ ਆਪ ਨੇ ਫੁਰਮਾਨ ਕੀਤਾ ਹੈ –

*ਕਿਵ ਸਚਿਆਰਾ ਹੋਈਐ*
*ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ॥ ਪੰਨਾ – 1*

ਸੋ ਬਾਣੀ ਦਾ ਸਪਸ਼ਟ ਫੁਰਮਾਨ ਹੈ –

*ਭੋਲਿਆ ਹਉਮੈ ਸੁਰਤਿ ਵਿਸਾਰਿ॥*
*ਪੰਨਾ – 1168*

ਅਸੀਂ ਇਹ ਹੁਕਮ ਪੜ੍ਹਦੇ ਤਾਂ ਹਾਂ ਪਰ ਇਹ ਸੁਰਤ ਵਿਸਾਰਨੀ ਅਸਾਡੇ ਵਸ ਵਿਚ ਨਹੀਂ, ਅਸਾਡੀ ਹਾਲਤ ਉਸ ਲੰਗੜੇ ਗਧੇ ਵਰਗੀ ਹੈ ਜੋ ਦਲਦਲ ਵਿਚ ਫਸਿਆ ਹੋਇਆ ਹੈ। ਜੇ ਉਸ ਨੂੰ ਨਿਕਲਣ ਲਈ ਮਦਦ ਨਾ ਮਿਲੇ ਤਾਂ ਉਹ ਹੋਰ ਦਲਦਲ ਵਿਚ ਧਸਦਾ ਜਾਂਦਾ ਹੈ। ਸੋ ਇਸ ਜੀਵ ਨੂੰ ਵੀ ਸਮਰੱਥ ਗੁਰੂ ਦੀ ਲੋੜ ਹੈ, ਉਸ ਦੀ ਮਿਹਰ ਦੀ, ਉਸਦੀ ਨਦਰ ਦੀ ਲੋੜ ਹੈ, ਉਸ ਤੋਂ ਬਿਨਾਂ ਇਹ ਮਾਇਆ ਦੀ ਜਿਲ੍ਹਣ ਵਿਚ ਫਸਿਆ ਹੋਇਆ ਕਿਸੇ ਤਰ੍ਹਾਂ ਵੀ ਨਹੀਂ ਨਿਕਲ ਸਕਦਾ। ਗੁਰਬਾਣੀ ਵਿਚ ਇਸ ਦੇ ਅਨੇਕਾਂ ਤਰੀਕੇ ਦਸਦੇ ਹਨ ਇਨ੍ਹਾਂ ਸਾਰਿਆਂ ਦਾ ਸਾਰ ਇਕੋ ਹੈ ਕਿ ਤੂੰ ਹੁਕਮ ਤੇ ਰਜ਼ਾ ਨੂੰ ਸਮਝ, ਜੇ ਤੂੰ ਹੁਕਮ ਨੂੰ ਸਮਝ ਗਿਆ ਤਾਂ ਹਉਮੈ ਆਪਣੇ ਆਪ ਹੀ ਦੂਰ ਹੋ ਜਾਂਦੀ ਹੈ ਅਤੇ ਨਾਮ ਦਾ ਵਾਯੂ ਮੰਡਲ ਆਪਣੇ ਆਪ ਹੀ ਪ੍ਰਕਾਸ਼ਤ ਹੋ ਜਾਂਦਾ ਹੈ ਪਰ ਇਹ ਹੁਕਮ ਸਮਰਥ ਗੁਰੂ ਦੀ ਮਿਹਰ ਤੋਂ ਬਿਨਾਂ ਜੀਵ ਨੂੰ ਬੁਝਣਾ ਇਸ ਦੀ ਸਮਰਥਾ ਤੋਂ ਬਾਹਰ ਹੈ। ਸੋ ਇਸੇ ਕਰਕੇ ਬਾਰ–ਬਾਰ 'ਗੁਰੂ' ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦਾ ਹੈ ਅਤੇ ਅਸਾਡੀਆਂ ਘਰੋਗੀ ਮਿਸਾਲਾਂ ਦੇ ਕੇ ਬਹੁਤ ਸਪਸ਼ਟ ਰੂਪ ਵਿਚ ਫੁਰਮਾਨ ਕੀਤਾ ਹੈ–

*ਜਿਸ ਕਾ ਗ੍ਰਿਹੁ ਤਿਨ ਦੀਆ ਤਾਲਾ*
*ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ॥*

*ਪੰਨਾ - 205*

ਅਤੇ ਇਹ ਵੀ ਫੁਰਮਾਨ ਕੀਤਾ ਹੈ ਕਿ ਗੁਰੂ ਦਾ ਸ਼ਬਦ ਜੋ ਆਤਮ ਸ਼ਾਖਸ਼ਾਤ ਕਰਾਉਣ ਵਿਚ ਸਮਰੱਥ ਹੈ ਉਸ ਤੋਂ ਬਿਨਾਂ ਅੰਦਰ ਹਨ੍ਹੇਰਾ ਹੀ ਹਨ੍ਹੇਰਾ ਹੈ ਅਤੇ ਆਤਮ ਵਸਤੂ ਨਾਲ ਰਹਿੰਦੀ ਹੋਈ ਅਰਬਾਂ ਮੀਲ ਦੂਰ ਹੈ ਕਿਉਂਕਿ ਹਨ੍ਹੇਰੇ ਵਿਚ ਕੁਝ ਵੀ ਪਤਾ ਨਹੀਂ ਲਗਦਾ। ਸੋ ਇਸ ਹਨ੍ਹੇਰੇ ਵਿਚ ਗੁਰੂ ਦੇ ਸ਼ਬਦ ਤੋਂ ਪ੍ਰਕਾਸ਼ ਮਿਲਦਾ ਹੈ ਉਹ ਇਸ ਕਰਕੇ ਕਿ ਸਮਰੱਥ ਗੁਰੂ ਦੇ ਕੋਲ ਉਹ ਜੁਗਤ ਹੈ, ਉਹ ਸਮਰਥਾ ਹੈ ਜਿਸ ਨਾਲ ਇਹ ਹਉਮੈ ਦੇ ਛੌੜ ਕੱਟ ਦਿੰਦਾ ਹੈ ਅਤੇ ਮਹਾਂ ਅੰਧਕਾਰ ਵਿਚ ਪ੍ਰਕਾਸ਼ ਕਰਾ ਦਿੰਦਾ ਹੈ।

*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ*
*ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ॥*

*ਪੰਨਾ - 124*

ਅਤੇ ਇਸ ਤਰ੍ਹਾਂ ਫੁਰਮਾਨ ਆਉਂਦਾ ਹੈ -

*ਜੇ ਸਉ ਚੰਦਾ ਉਗਵਹਿ*
*ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ*
*ਗੁਰ ਬਿਨੁ ਘੋਰ ਅੰਧਾਰ॥ ਪੰਨਾ- 463*

ਸੋ ਵਿਚਾਰ ਦਾ ਸਿੱਟਾ ਇਹ ਹੈ ਕਿ ਅਗਿਆਨ ਦੀ ਭੁੱਲ ਦੇ ਕਾਰਨ ਅਸਾਡੀ ਸੂਝ ਨਿਮਾਣੀ ਤੇ ਨਿਤਾਣੀ ਹੋ ਕੇ ਆਪਣੇ ਆਪ ਨੂੰ ਪਹਿਲਾਂ ਤਾਂ ਸਾਢੇ ਤਿੰਨ ਹੱਥ ਦੀ ਦੇਹ ਸਮਝ ਬੈਠੀ ਅਤੇ ਦੇਹ ਦੇ ਧਰਮਾਂ ਨੂੰ ਆਪਣਾ ਧਰਮ ਬਣਾ ਲਿਆ। ਜੇ ਕਿਸੇ ਮਹਾਂਪੁਰਸ਼ ਨਾਲ ਸੰਗਤ ਹੋ ਵੀ ਗਈ ਤਾਂ ਐਨੀ ਕੁ ਤਰੱਕੀ ਕਰ ਲਈ ਕਿ ਆਪਣੇ ਆਪ ਨੂੰ ਜੀਵ ਆਤਮਾ ਸਮਝ ਲਿਆ ਪਰ ਜਦੋਂ ਤਕ ਜੀਵ ਉਪਾਧੀ ਦੂਰ ਨਹੀਂ ਹੁੰਦੀ ਉਸ ਸਮੇਂ ਤਕ ਇਸ ਦੇ ਅੰਦਰ ਪ੍ਰਕਾਸ਼ ਨਹੀਂ ਹੋਇਆ ਕਰਦਾ। ਈਸ਼ਵਰ ਦੀ ਪੈ ਰਹੀ ਸੱਤਾ ਉਪਰ ਮਾਇਆ ਦੀ ਮਲਨ ਅੰਸ ਦਾ ਪ੍ਰਤੀਬਿੰਬ ਪੈਣ ਕਰਕੇ ਆਪਣਾ ਸਰੂਪ ਭੁੱਲ ਕੇ ਜੀਵ ਅਤੇ ਸਰੀਰ ਬਣ ਗਿਆ। ਇਥੇ ਹੀ ਬੱਸ ਨਹੀਂ ਇਸ ਤੋਂ ਵੀ ਹੇਠਾਂ ਤਿਲਕ ਕੇ ਹਿੰਦੂ ਬਣ ਗਿਆ, ਸਿੱਖ ਬਣ ਗਿਆ, ਮੁਸਲਮਾਨ ਬਣ ਗਿਆ, ਕਬੀਲਿਆਂ ਵਿਚ ਵੰਡਿਆ ਗਿਆ, ਸੂਬਿਆਂ, ਦੇਸ਼ਾਂ ਵਿਚ ਵੰਡਿਆ ਗਿਆ। ਨਸਲਾਂ ਤੇ ਜਿਨਸਾਂ ਵਿਚ ਵੰਡਿਆ ਗਿਆ, ਹੁਣ ਆਪ ਹੀ ਸੋਚੋ! ਇਹ ਜੀਵ ਆਪਣੇ ਸੋਮੇ ਵਲ ਕਿਸ ਤਰ੍ਹਾਂ ਮੁੜੇ ਅਤੇ ਆਪਣੇ ਅਸਲੀ ਸਰੂਪ ਨੂੰ ਕਿਵੇਂ ਪਛਾਣੇ। ਪਾਰਬ੍ਰਹਮ ਪ੍ਰਮੇਸ਼ਰ ਦੀ ਸੱਤਾ ਉਤੇ ਮਾਇਆ ਦਾ ਅਸ਼ੁਧ ਪ੍ਰਤੀਬਿੰਬ ਪੈਣ ਨਾਲ ਅਸ਼ੁੱਧ ਅੰਸ ਨਾਲ ਪ੍ਰਭੂ, ਈਸ਼ਵਰ ਬਣ ਗਿਆ। ਹੈ ਤਾਂ ਇਹ ਵੀ ਵਾਹਿਗੁਰੂ ਹੀ, ਇਥੇ ਵਾਹਿਗੁਰੂ ਤੋਂ ਬਿਨਾਂ ਹੋਰ ਹੈ ਹੀ ਕੋਈ ਨਹੀਂ ਪਰ ਮਾਇਆ ਦੇ ਅਸਰ ਦੇ ਪੜਦੇ ਪੈਣ ਨਾਲ ਅਸਲ ਹੋਰ-ਹੋਰ ਰੂਪਾਂ ਵਿਚ ਦਿਸਣ ਲਗ ਗਿਆ। ਬੇਅੰਤ ਪੜਦੇ ਇਸ ਜੀਵ ਉਪਰ ਪਏ ਹੋਏ ਹਨ ਜੇ ਅਸੀਂ ਇਨ੍ਹਾਂ ਪੜਦਿਆਂ ਤੋਂ ਪਾਰ ਝਾਕਣ ਲਗ ਜਾਈਏ ਤਾਂ ਅਸੀਂ ਤੱਤ ਨੂੰ ਜਾਣ ਸਕਦੇ ਹਾਂ ਪਰ ਉਹ ਵੀ ਸਮਰੱਥ ਗੁਰੂ ਦੀ ਮਦਦ ਨਾਲ ਉਸ ਦੇ ਸ਼ਬਦ ਦੀ ਕਮਾਈ ਕਰਕੇ।

ਗੁਰੂ ਨਾਨਕ ਪਾਤਸ਼ਾਹ ਇਕ ਪਹਾੜੀ ਇਲਾਕੇ ਵਿਚ ਇਕ ਰਾਜੇ ਪਾਸ ਠਹਿਰੇ ਹੋਏ ਹਨ। ਉਸ ਨੂੰ ਆਪ ਨੇ ਤੱਤ ਉਪਦੇਸ਼ ਕਰਦੇ ਹੋਏ ਕਿਹਾ ਕਿ ਰਾਜਨ! ਤੁਸੀਂ ਸ਼ੇਰ ਬਿਰਤੀ ਰੱਖੋ, ਕੁੱਤਾ ਬਿਰਤੀ ਨਾ ਰੱਖੋ। ਉਸ ਰਾਜੇ ਨੇ ਇਨ੍ਹਾਂ ਦੋਹਾਂ ਗੱਲਾਂ ਦਾ ਵੇਰਵਾ ਪੁਛਿਆ ਤਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਕੁੱਤਾ ਤੁਹਾਨੂੰ ਭੌਂਕ ਰਿਹਾ ਹੈ ਤੁਸੀਂ ਉਸ ਦੇ ਡੰਡਾ ਮਾਰਦੇ ਹੋ ਤਾਂ ਉਹ ਮਾਰਨ ਵਾਲੇ ਨੂੰ ਛੱਡ ਕੇ ਡੰਡੇ ਨੂੰ ਪਵੇਗਾ। ਜੇ ਇੱਟ, ਵੱਟਾ ਮਾਰੋਂਗੇ ਤਾਂ ਉਹ ਇੱਟ, ਵੱਟੇ ਨੂੰ ਹੀ ਜਾ ਕੇ ਪਵੇਗਾ। ਪਰ ਜੇ ਤੁਸੀਂ ਕਿਸੇ ਉਚੀ ਮਚਾਨ ਉਤੇ ਬੈਠ ਕੇ ਸ਼ੇਰ ਦੇ ਤੀਰ ਮਾਰਦੇ ਹੋ ਜਾਂ ਹੋਰ ਕੋਈ ਚੀਜ਼ ਬਰਛਾ ਵਗੈਰਾ ਮਾਰਦੇ ਹੋ ਤਾਂ ਉਹ ਨਾ ਤੀਰ ਵਲ, ਨਾ ਬਰਛੇ ਵਲ ਦੇਖੇਗਾ, ਉਹ ਮਾਰਨ ਵਾਲੇ ਦੇ ਮਚਾਨ ਉਤੇ ਹਮਲਾ ਕਰਕੇ ਉਸਨੂੰ ਮਾਰਨ ਦੀ ਕੋਸ਼ਿਸ਼ ਕਰੇਗਾ। ਸੋ ਕੁੱਤਾ ਬਿਰਤੀ ਇਹ ਹੁੰਦੀ ਹੈ ਕਿ ਪ੍ਰਭੂ ਨੇ ਸ੍ਰਿਸ਼ਟੀ ਸਾਜੀ ਹੈ, ਉਸ ਸ੍ਰਿਸ਼ਟੀ ਵਲ ਧਿਆਨ ਦੇ ਕੇ ਅੱਗੇ ਕੋਈ ਗੱਲ ਨਾ ਸੋਚਣੀ ਪਰ ਸ਼ੇਰ ਬਿਰਤੀ ਉਹ ਹੁੰਦੀ ਹੈ ਕਿ ਇਸ ਦ੍ਰਿਸ਼ਟਮਾਨ ਦੇ ਓਹਲੇ ਮਾਇਆ ਦੇ ਰਜੋ ਗੁਣ, ਤਮੋ ਗੁਣ ਅਤੇ ਸਤੋ ਗੁਣ ਤੋਂ ਪਾਰ ਜੋ ਪਾਰਬ੍ਰਹਮ ਪ੍ਰਮੇਸ਼ਰ ਸਰਗੁਣ ਨਿਰਗੁਣ ਸਰੂਪ ਵਿਚ ਹੋ ਕੇ ਅਨੇਕ ਕਿਸਮ ਦੀ ਲੀਲਾ ਕਰ ਰਿਹਾ ਹੈ ਉਸ ਉਤੇ ਦ੍ਰਿਸ਼ਟੀ ਰੱਖਣੀ ਅਤੇ ਮਤਲਬ ਇਹ ਹੋਇਆ ਕਿ ਸਾਰੇ ਦ੍ਰਿਸ਼ਟਮਾਨ ਤੇ ਪਿਛੋਕੜ ਵਿਚ ਜੋ ਪ੍ਰਮ ਸ਼ਕਤੀ ਰੂਪ ਰੰਗ ਭੇਖ ਤੋਂ ਨਿਆਰੀ ਹੋ ਕੇ ਆਪਣੇ ਪੂਰਨ ਜਲਾਲ ਵਿਚ ਸਮਾਈ ਹੋਈ ਹੈ, ਜਿਸ ਦੇ ਆਸਰੇ ਇਹ ਸੰਸਾਰ ਦਾ ਖੇਲੂ ਹੋ ਰਿਹਾ ਹੈ, ਅਨੇਕ ਬ੍ਰਹਿਮੰਡਾਂ ਦੀ ਉਪਜ ਅਤੇ ਲੈਅਤਾ ਹੋ ਰਹੀ ਹੈ ਇਨ੍ਹਾਂ ਸਾਰਿਆਂ ਦੇ ਪਿਛੇ ਜੋ ਅਖੰਡ ਜੋਤ ਸੱਤਾ ਦੇ ਰਹੀ ਹੈ ਅਤੇ ਖੇਲ੍ਹ ਕਰ ਰਹੀ ਹੈ ਉਸਦੇ ਉਤੇ ਆਪਣਾ ਧਿਆਨ ਸਦੀਵ ਕੇਂਦਰਤ ਰਖਣਾ ਚਾਹੀਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਜਿਮੀ ਜਮਾਨ ਕੈ ਬਿਖੈ ਸਮਸੱਤ*
*ਏਕ ਜੋਤ ਹੈ*
*ਨਾ ਘਾਟ ਹੈ ਬਾਢ ਹੈ*
*ਨ ਘਾਟ ਬਾਢ ਹੋਤ ਹੈ॥*

*ਅਕਾਲ ਉਸਤਤਿ*

ਸੋ ਕੁੱਤਾ ਬਿਰਤੀ ਵਾਲਾ ਇਨਸਾਨ ਦ੍ਰਿਸ਼ਟਮਾਨ

ਵਿਚ ਪਰਚਿਆ ਰਹਿੰਦਾ ਹੈ, ਸ਼ੇਰ ਬਿਰਤੀ ਵਾਲਾ ਜਗਿਆਸੂ ਇਸ ਮਾਇਆ ਦੇ ਅਡੰਬਰਾਂ ਤੋਂ ਪਾਰ ਪਾਰਬ੍ਰਹਮ ਪ੍ਰਮੇਸ਼ਰ ਦੀ ਸਦਾ ਜਾਗਦੀ ਜੋਤ ਜਿਸ ਨੂੰ ਗੁਰੂ ਮਹਾਰਾਜ ਜੀ ਨੇ-

*ੴ ਸਤਿਨਾਮੁ ਕਰਤਾ ਪੁਰਖੁ*
*ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ*
*ਗੁਰ ਪ੍ਰਸਾਦਿ॥*

ਦਾ ਸਤਿ ਸੰਕੇਤ ਦੇ ਕੇ ਸੰਸਾਰ ਨੂੰ ਅਨੁਭਵ ਕਰਾਇਆ, ਉਸ ਉਪਰ ਰਹਿੰਦਾ ਹੈ। ਸੋ ਇਹੋ ਫਰਕ ਹੈ। ਸਤਿ ਦੇ ਖੋਜੀ ਜਗਿਆਸੂ ਇਸ ਪਰੀਪੂਰਨ ਜੋਤ ਨੂੰ ਘਟ ਘਟ ਵਿਚ ਵਿਆਪਕ ਦੇਖਦੇ-ਦੇਖਦੇ ਆਪਣਾ ਆਪਾ ਇਸ ਵਿਚ ਲੀਨ ਕਰ ਦਿੰਦੇ ਹਨ ਅਤੇ ਆਪ ਕੁਝ ਵੀ ਨਹੀਂ ਰਹਿੰਦੇ। 'ਮੈਂ' ਤੇ 'ਤੂੰ' ਦੇ ਸਾਰੇ ਝਗੜੇ ਮਿਟ ਜਾਂਦੇ ਹਨ, ਊਚ ਨੀਚ ਦਾ ਕੋਈ ਵੀ ਵਿਤਕਰਾ ਨਹੀਂ ਰਹਿੰਦਾ। ਗੁਰੂ ਮਹਾਰਾਜ ਜੀ ਇਥੋਂ ਤਕ ਫੁਰਮਾਨ ਕਰਦੇ ਹਨ ਕਿ-

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ॥*

*ਪੰਨਾ - 610*

ਸੋ ਇਸ ਕਰਕੇ ਗੁਰੂ ਮਹਾਰਾਜ ਜੀ ਦਾ ਜੋ ਫੁਰਮਾਨ ਹੈ-

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ*
*ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥*

*ਪੰਨਾ - 846*

ਸੋ ਇਨ੍ਹਾਂ ਵਿਚਾਰਾਂ ਦੇ ਅਧੀਨ ਅਸੀਂ ਨਿਸ਼ਚੇ ਦੇ ਘਰ ਆਈਏ ਅਤੇ ਆਪਣੇ ਆਪ ਨੂੰ ਪਰਛਾਵੇਂ ਦੇ ਰੂਪ ਵਿਚ ਤੱਕਣ ਦੀ ਥਾਂ ਸਦਾ ਸਤਿ ਆਤਮ ਸਰੂਪ ਤੱਕਣ ਦੀ ਕੋਸ਼ਿਸ਼ ਕਰੀਏ। ਜੋ ਕੁਝ ਵੀ ਤੁਹਾਨੂੰ ਨਜ਼ਰ ਆ ਰਿਹਾ ਹੈ, ਜੋ ਕੁਝ ਵੀ ਤੁਸੀਂ ਸੋਚ ਰਹੇ ਹੋ, ਜੋ ਕਲਪਨਾਵਾਂ ਤੁਸੀਂ ਕਰ ਰਹੇ ਹੋਂ, ਜੋ ਚੰਗੇ ਮੰਦੇ ਭਾਵ ਤੁਹਾਡੇ ਹਿਰਦੇ ਵਿਚ ਆ ਰਹੇ ਹਨ, ਜੋ ਆਪਣੇ ਬਿਗਾਨੇ ਦੀਆਂ ਗੁੰਝਲਦਾਰ ਗੰਢਾਂ ਅੰਦਰ ਪਈਆਂ ਹਨ ਇਨ੍ਹਾਂ ਨੂੰ ਇਕ ਪਾਸੇ ਸੁੱਟ ਦਿਓ। ਇਸ ਤੋਂ ਉਪਰ ਹੋ ਕੇ ਜਦੋਂ ਤੁਸੀਂ ਤਕੋਂਗੇ ਤਾਂ ਇਕੋ ਸਤਿ ਦੀ ਜੋਤ ਪ੍ਰਜੂਲਤ ਹੈ ਜਿਸ ਨੂੰ ਆਤਮਾ ਕਹਿੰਦੇ ਹਨ ਜਿਸ ਤੋਂ ਸਾਰਾ ਪਸਾਰਾ ਹੋਇਆ ਹੈ। ਕਿਸੇ ਵਾਦ-ਵਿਵਾਦ ਵਿਚ ਨਾ ਪੈਂਦੇ ਹੋਏ ਜੋ ਪਰੀਪੂਰਨ ਤੱਤ ਏਕੰਕਾਰ ਜੀ ਦਾ ਸ਼ਬਦ ਰੂਪ ਹੋ ਕੇ ਪਸਰਿਆ ਹੋਇਆ ਹੈ, ਇਹ ਏਕੰਕਾਰ ਸਰੂਪ ਹੈ। ਪਿਆਰਿਓ! ਸਤਿ ਦੀ ਪ੍ਰਾਪਤੀ ਵਾਸਤੇ ਸਭ ਦ੍ਰਿਸ਼ਟਮਾਨ ਅਤੇ ਉਸ ਦੇ ਨਾਲ ਸਬੰਧਤ ਭਾਵਾਂ ਨੂੰ ਛਡਣਾ ਹੀ ਪੈਣਾ ਹੈ, ਇਸੇ ਕਰਕੇ ਮਹਾਂਪੁਰਸ਼ ਜਦੋਂ ਸਤਿ ਦਾ ਉਪਦੇਸ਼ ਦਿੰਦੇ ਹਨ ਤਾਂ ਜਗਿਆਸੂ ਤੋਂ ਕੁਝ ਮੰਗਦੇ ਹਨ ਜੋ ਉਸ ਦੇ ਪਾਸ ਬਿਲਕੁਲ ਵਾਧੂ ਹੈ ਐਵੇਂ ਕੂੜ-ਕਬਾੜ ਇਕੱਠਾ ਕਰੀਂ ਬੈਠਾ ਹੈ ਉਸ ਬਾਰੇ ਫੁਰਮਾਨ ਹੁੰਦਾ ਹੈ -

*ਤਨੁ ਮਨੁ ਧਨੁ ਸਭੁ ਸਉਪਿ*
*ਗੁਰ ਕਉ ਹੁਕਮਿ ਮੰਨਿਐ ਪਾਈਐ॥*

*ਪੰਨਾ - 918*

ਤਨ ਗੁਰੂ ਨੂੰ ਅਰਪਣ ਕਰ ਦੇ, ਤਨ ਦੇ ਨਾਲ ਜਿੰਨੀਆਂ ਸਬੰਧ ਰੱਖਣ ਵਾਲੀਆਂ ਚੀਜ਼ਾਂ ਹਨ ਜਾਇਦਾਦ, ਰਿਸ਼ਤੇਦਾਰੀਆਂ ਆਦਿ। ਮਨ ਅਤੇ ਬੁੱਧੀ ਦੇ ਨਾਲ ਸਬੰਧ ਰੱਖਣ ਵਾਲੀਆਂ ਚੀਜ਼ਾਂ ਕਿਤਾਬਾਂ, ਲੈਕਚਰ, ਭਜਨ, ਪਾਠ ਜੋ ਵੀ ਕੁਝ ਮਨ, ਬੁੱਧੀ ਦੇ ਅਸਰ ਅਧੀਨ ਕੀਤਾ ਹੈ ਉਹ ਵੀ ਸਾਨੂੰ ਦੇ ਦੇ ਅਤੇ ਜਿਸ ਨੂੰ ਤੂੰ 'ਮੈਂ' ਕਹਿੰਦਾ ਹੈਂ ਉਹ ਇਕ ਤੇਰੇ ਕੋਲ ਵਾਧੂ ਚੀਜ਼ ਹੈ ਜੋ ਤੇਰੇ ਲਈ ਅਤਿ ਦੁਖਦਾਈ ਹੈ, ਉਹ ਵੀ ਸਾਡੇ ਅਰਪਣ ਕਰ ਦੇ, ਇਸ ਤੋਂ ਪਿਛੋਂ ਜੋ ਪਰੀਪੂਰਨ ਸੱਤਾ ਜਿਸ ਉਤੇ ਤੇਰੀ ਮੇਰ ਨਹੀਂ ਹੈ ਉਹ ਇਕ ਰਸ ਪਸਰ ਰਹੀ ਹੈ ਅਤੇ ਸਾਰੇ ਦ੍ਰਿਸ਼ਟਮਾਨ ਨੂੰ ਸੱਤਾ ਦੇ ਕੇ ਕ੍ਰਿਆਸ਼ੀਲ ਬਣਾ ਰਹੀ ਹੈ, ਉਹ ਸੱਤਾ ਤੂੰ ਹੈਂ, ਇਸ ਨੂੰ ਆਤਮਾ ਕਹਿ ਲੈ, ਭਾਵੇਂ ਬ੍ਰਹਮ ਕਹਿ ਲੈ, ਇਸ ਨੂੰ ਅਨੁਭਵ ਕਰ। ਇਹ ਸੱਤਾ ਸਤਿ, ਚਿਤ, ਅਨੰਦ ਅਤੇ ਨਿਰਾ ਪਿਆਰ ਸਰੂਪ ਹੈ, ਇਹ ਪ੍ਰੇਮ ਅਨੰਦ ਹੈ ਆਪਣੀ ਮਹਿਮਾ ਵਿਚ ਸਦੀਵ ਕਾਲ ਆਪ ਹੀ ਸਥਿਤ ਰਹਿੰਦੀ ਹੈ। ਇਸੇ ਪ੍ਰੇਮ ਸੱਤਾ ਦਾ ਪ੍ਰਤੀਬਿੰਬ ਜੋ ਮੂਲ ਮਾਇਆ ਉਪਰ ਪੈਂਦਾ ਹੈ ਅਤੇ ਮੂਲ ਮਾਇਆ ਨਾਲ ਸਬੰਧ ਰਖਦੇ ਅਕਾਰਾਂ ਉਤੇ ਪੈਂਦਾ ਹੈ ਅਤੇ ਉਸ ਤੋਂ ਉਪਜੀ ਹੋਸ਼ ਉਤੇ ਪੈਂਦਾ ਹੈ ਉਸ ਨੂੰ ਪਹਿਲੀ ਅਵਸਥਾ ਵਿਚ ਜੀਵ ਆਤਮਾ ਆਖਦੇ ਹਨ ਅਤੇ ਹਉਮੈ ਦੇ ਅਸਰ ਅਧੀਨ ਆਈ ਹੋਈ ਸਰੀਰ ਨੂੰ ਸੱਤਾ ਦੇ ਕੇ ਕਰਮ ਕਰਕੇ ਆਪਣੇ ਨਾਲ ਚੰਬੇੜਦੀ ਹੈ ਉਸ ਕਾਰਨ ਇਹ ਕਰਮਾਂ ਵਿਚ ਪੂਰੀ ਤਰ੍ਹਾਂ ਨਾਲ ਉਲਝ ਜਾਂਦਾ ਹੈ, ਇਸੇ ਭਾਵਨਾ ਅਧੀਨ ਜੀਵ ਦੁਖ-ਸੁਖ ਭੋਗਦਾ ਹੈ। ਇਹ ਸਾਡੀ ਕਹਾਣੀ ਹੈ ਜਿਸ ਵਿਚ ਅਸੀਂ ਕ੍ਰੋੜਾਂ ਸਾਲਾਂ ਤੋਂ ਚੱਕਰ ਦਰ ਚੱਕਰ ਘੁੰਮਦੇ ਫਿਰਦੇ ਹਾਂ, ਦੁਖੀ ਹੋ ਰਹੇ ਹਾਂ। ਕਦੇ ਕੋਈ ਸਰੀਰ ਧਾਰਨ ਕਰਦੇ ਹਾਂ, ਕਦੇ ਕੋਈ ਸਰੀਰ ਧਾਰਨ ਕਰਦੇ ਹਾਂ। ਇਹੋ ਪਿਆਰਿਓ! ਅਸਾਡੀ ਕਹਾਣੀ ਹੈ, ਅਸਾਡਾ ਇਤਿਹਾਸ ਹੈ ਜਿਸ ਨੂੰ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥*
*ਏਤੀ ਨ ਜਾਨਉ ਕੇਤੀਕ*
*ਮੁਦਤਿ ਚਲਤੇ ਖਬਰਿ ਨ ਪਾਇਓ॥*

*ਪੰਨਾ - 999*

ਅਤੇ ਫੇਰ ਹਉਮੈ ਬਾਰੇ ਦਸਦੇ ਹਨ ਕਿ ਇਹ ਪ੍ਰਭੂ ਵਲੋਂ ਹੀ ਤੱਤ ਉਤਪਤ ਕੀਤਾ ਗਿਆ ਹੈ ਜੋ ਹਰੇਕ ਹੋਸ਼ ਦੇ ਨਾਲ ਚਿੰਬੜਿਆ ਹੋਇਆ ਹੈ ਭਾਵੇਂ ਉਹ ਦੇਵਤਾ ਹੈ, ਭਾਵੇਂ ਦੈਂਤ ਹੈ, ਭਾਵੇਂ ਮਨੁੱਖ ਹੈ, ਭਾਵੇਂ ਪਸ਼ੂ, ਪੰਛੀ ਹੈ ਉਸ ਦੀਆਂ ਹੀ ਬਿਆਧੀਆਂ ਸੰਸਾਰ ਵਿਚ ਇਕ ਭੱਦੀ ਖੇਲ੍ਹ ਕਰ ਰਹੀਆਂ ਹਨ, ਉਸ ਦੇ

ਅਧੀਨ ਹੀ ਜਨਮ ਮਰਨ ਦਾ ਚੱਕਰ ਚਲ ਰਿਹਾ ਹੈ ਜਿਵੇਂ ਕਿ ਫੁਰਮਾਨ ਹੈ –

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ॥ ਪੰਨਾ– 999*

ਇਹ ਤੁਹਾਡਾ ਇਤਿਹਾਸ ਹੈ, ਮੇਰਾ ਇਤਿਹਾਸ ਹੈ ਅਤੇ ਮੇਰੇ ਵਰਗੇ ਹੋਰਾਂ ਦਾ ਇਤਿਹਾਸ ਹੈ, ਇਹ ਵੱਡੀ ਕਹਾਣੀ ਹੈ ਜੋ ਕਦੇ ਖਤਮ ਹੋਣ ਵਿਚ ਨਹੀਂ ਆਉਂਦੀ। ਨਵੀਂ ਤੋਂ ਨਵੀਂ ਕਹਾਣੀ ਨਵੇਂ ਤੋਂ ਨਵਾਂ ਜੀਵਨ ਪ੍ਰਾਪਤ ਕਰਦਿਆਂ ਹੀ ਸ਼ੁਰੂ ਹੋ ਜਾਂਦੀ ਹੈ, ਅਸੀਂ ਇਸਦੇ ਵਿਚੋਂ ਨਿਕਲਣਾ ਹੈ। ਜੇ ਅਸੀਂ ਇਸ ਦੇ ਵਿਚ ਫਸੇ ਰਹਾਂਗੇ ਤਾਂ ਅਸੀਂ ਜਨਮ ਮਰਨ ਦੇ ਚੱਕਰ ਵਿਚੋਂ ਨਹੀਂ ਨਿਕਲ ਸਕਾਂਗੇ ਭਾਵੇਂ ਕਿੰਨੇ ਹੀ ਪ੍ਰਚਾਰਕ ਬਣ ਜਾਈਏ, ਕਥਾਕਾਰ ਬਣ ਜਾਈਏ, ਦਾਨੀ ਬਣ ਜਾਈਏ, ਕਿੰਨੇ ਹੀ ਸਰਬ ਸੇਵਕ ਬਣ ਜਾਈਏ; ਜਦੋਂ ਤਕ ਗਿਆਨ ਪ੍ਰਾਪਤ ਨਹੀਂ ਹੁੰਦਾ ਉਨਾਂ ਚਿਰ ਅਸੀਂ ਜਨਮ ਮਰਨ ਦੇ ਚੱਕਰ ਵਿਚੋਂ ਨਹੀਂ ਨਿਕਲ ਸਕਦੇ। ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ ਕਿ ਸਾਧੂ ਦੀ ਸੰਗਤ ਜੇ ਇਸ ਨੂੰ ਮਿਲ ਜਾਵੇ ਤਾਂ ਇਹਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਨਾਮ ਦੇ ਮੰਡਲ ਵਿਚ ਇਸ ਦਾ ਪ੍ਰਵੇਸ਼ ਹੋ ਕੇ ਇਸਦੀ ਦ੍ਵੈਤ ਭਾਵਨਾ ਮਿਟ ਕੇ ਆਪਣੇ ਅਸਲੀ ਸਰੂਪ ਨੂੰ ਪ੍ਰਾਪਤ ਕਰ ਲੈਂਦਾ ਹੈ ਜਿਵੇਂ ਪਾਣੀ ਪਾਣੀ ਵਿਚ ਰਲ ਜਾਂਦਾ ਹੈ ਇਸੇ ਤਰ੍ਹਾਂ ਇਹ ਪ੍ਰਮ ਜੋਤ ਵਿਚ ਲੀਨ ਹੋ ਜਾਂਦਾ ਹੈ ਅਤੇ ਆਪਣਾ ਸਫਰ ਮੁਕਾ ਲੈਂਦਾ ਹੈ ਕਿਉਂਕਿ ਇਸ ਦਾ ਆਦਿ ਵੀ ਵਾਹਿਗੁਰੂ ਜੀ ਵਿਚੋਂ ਹੀ ਹੋਇਆ ਹੈ, ਵਿਚਾਲੇ ਇਹ ਜੀਵ ਬਣ ਕੇ ਖੇਲ੍ਹਦਾ ਰਿਹਾ, ਜਦੋਂ ਆਪਣੇ ਘਰ ਨੂੰ ਵਾਪਸ ਆ ਗਿਆ ਤਾਂ ਆਪਣੇ ਘਰ ਵਿਚ ਹੀ ਸਮਾਅ ਗਿਆ।

*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ॥*
*ਪੰਨਾ – 1291*

ਇਹ ਬਚਨ ਬਹੁਤ ਹੀ ਸੂਝਵਾਨਾਂ ਲਈ ਹਨ। ਇਸ ਤਰ੍ਹਾਂ ਭਾਈ ਤਿਲੋਕਾ ਜੀ ਰਾਜਕੁਮਾਰੀ ਨੂੰ ਫੇਰ ਕਹਿਣ ਲੱਗੇ ਕਿ ਬੀਬਾ! ਜਿਹੜੀ ਗੱਲ ਮੈਂ ਤੇਰੇ ਨਾਲ ਕਰ ਰਿਹਾ ਸੀ ਉਹ ਇਹ ਹੈ ਕਿ ਤੂੰ ਸਰੀਰ ਨਹੀਂ ਹੈਂ। ਆਪਣੇ ਆਪ ਨੂੰ ਸਰੀਰ ਸਮਝਣਾ ਇਕ ਬੜਾ ਭਾਰੀ ਭੁਲੇਖਾ ਹੈ, ਇਹ ਸਰੀਰ ਤਾਂ ਤੇਰੇ ਰਹਿਣ ਦਾ ਥਾਂ ਹੈ। ਜੋ ਨਾਂ ਤੇਰਾ ਹੈ ਉਹ ਤੇਰਾ ਨਹੀਂ ਹੈ, ਉਹ ਤਾਂ ਤੇਰੇ ਸਰੀਰ ਦਾ ਹੈ। ਇਸ ਸੰਸਾਰ ਦੇ ਅੰਦਰ ਤੇਰਾ ਇਕੋ ਨਾਂ ਹੈ ਜਿਸ ਨੂੰ ਆਤਮਾ ਕਹਿੰਦੇ ਹਨ। ਸਾਰੇ ਸੰਸਾਰ ਦਾ ਇਕੋ ਨਾਮ ਹੈ ਜਾਂ ਇਸ ਤੋਂ ਥੋੜ੍ਹਾ ਹੋਰ ਉਤੇ ਉਠ ਸਕੀਏ ਤਾਂ ਇਸ ਦਾ ਨਾਮ ਪ੍ਰਮੇਸ਼ਰ ਹੀ ਹੈ, ਜੇ ਇਸ ਤੋਂ ਥੋੜ੍ਹਾ ਹੋਰ ਉਪਰ ਚੜ੍ਹ ਜਾਈਏ ਤਾਂ ਇਸ ਦਾ ਨਾ ਕੋਈ ਨਾਮ ਹੈ, ਨਾ ਥਾਂਵ ਹੈ ਇਹ ਪ੍ਰਮ ਜੋਤ ਹੈ ਜਿਸ ਤੋਂ ਬਗੈਰ ਸੰਸਾਰ ਵਿਚ ਹੋਰ ਕੋਈ ਨਹੀਂ ਹੈ। ਮੇਰੇ ਸਤਿਗੁਰੂ ਨੇ ਇਹੋ ਸੰਸਾਰ ਨੂੰ ਉਪਦੇਸ਼ ਦਿਤਾ ਹੈ –

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*
*ਪੰਨਾ – 1*

ਬੀਬਾ! ਬਾਕੀ ਸਭ ਭੁਲੇਖਾ ਹਨ। ਮੈਂ ਤੈਨੂੰ ਕਿੰਨੇ ਵਿਸਥਾਰ ਨਾਲ ਦਸ ਚੁਕਿਆ ਹਾਂ ਕਿ ਭੁਲੇਖੇ ਵਸ, ਰੱਸੀ ਪਈ ਹੋਈ ਸੱਪ ਨਜ਼ਰ ਆਉਂਦੀ ਹੈ, ਰੜੇ ਮੈਦਾਨ ਵਿਚ ਧੁੱਪ ਦੀ ਚਮਕ ਦਰਿਆ ਨਜ਼ਰ ਆਉਂਦਾ ਹੈ, ਇਹ ਕੇਵਲ ਭੁਲੇਖੇ ਹਨ। ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸਪਸ਼ਟ ਤੌਰ ਤੇ ਫੁਰਮਾਨ ਹੈ ਕਿ ਇਹ ਸਰੀਰ ਇਕ ਕਿਲਾ ਹੈ ਜਿਸਦੇ ਨੌਂ ਦਰਵਾਜ਼ੇ ਹਨ, ਪੰਜ ਤੱਤਾਂ ਦਾ ਬਣਿਆ ਹੈ, 25 ਪ੍ਰਕ੍ਰਿਤੀਆਂ ਤੋਂ ਬਣੇ ਹੋਏ ਗਿਆਨ ਇੰਦਰੇ ਹਨ, ਇਸ ਸਰੀਰ ਵਿਚ ਤਿੰਨ ਗੁਣ – ਰਜੋ ਗੁਣ, ਤਮੋ ਗੁਣ, ਸਤੋ ਗੁਣ ਵਰਤਦੇ ਹਨ। ਇਸ ਵਿਚ ਆਸਰੀ ਸੰਪਰਦਾਵਾਂ, ਜਿਨ੍ਹਾਂ ਨੂੰ ਸ਼ੈਤਾਨ ਸ਼ਕਤੀਆਂ ਆਖਿਆ ਜਾਂਦਾ ਹੈ, ਵਸਦੀਆਂ ਹਨ ਅਤੇ ਦੈਵੀ ਸ਼ਕਤੀਆਂ ਜੋ ਹਰ ਸਮੇਂ ਜੀਵਨ ਵਿਚ ਸਹਾਇਤਾ ਕਰਦੀਆਂ ਹਨ, ਉਹ ਵੀ ਵਸਦੀਆਂ ਹਨ ਅਤੇ ਸਾਰਿਆਂ ਨੂੰ ਕਾਬੂ ਵਿਚ ਰੱਖਣ ਵਾਲੀ ਪ੍ਰਭੂ ਜੋਤ ਆਪ ਹੀ ਵਸਦੀ ਹੈ ਪਰ ਮਨੁੱਖੀ ਜੋਤ ਨੂੰ ਭਰਮ ਰਹਿੰਦਾ ਹੈ ਕਿ ਮੈਂ ਪ੍ਰਭੂ ਤੋਂ ਵੱਖਰਾ ਹਾਂ; ਪ੍ਰਭੂ ਹੋਰ ਹੈ, ਮੈਂ ਹੋਰ ਹਾਂ। ਇਸ ਪ੍ਰਭੂ ਜੋਤ ਨੂੰ ਆਤਮਾ ਕਹਿ ਕੇ ਬਹੁਤ ਵਿਦਵਾਨਾਂ ਨੇ ਦੱਸਿਆ ਹੈ। ਇਹ ਆਤਮਾ ਇਕੋ ਹੀ ਹੈ। ਇਸ ਵਿਚ ਅਤੇ ਪ੍ਰਭੂ ਵਿਚ ਕੋਈ ਭੇਤ ਨਹੀਂ ਹੋਇਆ ਕਰਦਾ ਜਿਵੇਂ ਕਿ ਨਿਮਨ ਲਿਖਤ ਗੁਰੂ ਮਹਾਰਾਜ ਜੀ ਦੇ ਫੁਰਮਾਨ ਤੋਂ ਵਿਦਿਤ ਹੁੰਦਾ ਹੈ –

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ*
*ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ*
*ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ*
*ਕਰਿ ਭਗਤਿ ਮਿਲੀਜੈ॥ ਪੰਨਾ – 954*

ਸੋ ਅੰਤਲੇ ਜੋ ਵਾਕ ਹਨ ਉਨ੍ਹਾਂ ਵਿਚ ਪ੍ਰਗਟ ਰੂਪ ਵਿਚ ਦਸਿਆ ਗਿਆ ਹੈ ਕਿ –

*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ॥*
*ਪੰਨਾ – 954*

*ਧਾਰਨਾ – ਜਿਹਦਾ ਅੰਤ ਨਾ*
*ਕਿਸੇ ਨੇ ਪਾਇਆ,*
*ਦੇਹੀ ਅੰਦਰ ਓਹੀਓ ਵਸਦੈ*

ਸੋ ਇਸ ਨੂੰ ਹੋਰ ਵਿਸ਼ੇਸ਼ ਦਸਦਿਆਂ ਹੋਇਆਂ ਫੁਰਮਾਨ ਹੋਇਆ ਹੈ ਕਿ–

*ਨਾ ਇਹੁ ਮਾਨਸੁ ਨਾ ਇਹੁ ਦੇਉ॥*
*ਨਾ ਇਹੁ ਜਤੀ ਕਹਾਵੈ ਸੇਉ॥*
*ਨਾ ਇਹੁ ਜੋਗੀ ਨਾ ਅਵਧੂਤਾ॥*
*ਨਾ ਇਸੁ ਮਾਇ ਨ ਕਾਹੂ ਪੂਤਾ॥*
*ਇਆ ਮੰਦਰ ਮਹਿ ਕੌਨ ਬਸਾਈ॥*
*ਤਾ ਕਾ ਅੰਤੁ ਨ ਕੋਊ ਪਾਈ॥*
*ਨਾ ਇਹੁ ਗਿਰਹੀ ਨਾ ਓਦਾਸੀ॥*
*ਨਾ ਇਹੁ ਰਾਜ ਨ ਭੀਖ ਮੰਗਾਸੀ॥*
*ਨਾ ਇਸੁ ਪਿੰਡੁ ਨ ਰਕਤੂ ਰਾਤੀ॥*
*ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ॥*
*ਨਾ ਇਹੁ ਤਪਾ ਕਹਾਵੈ ਸੇਖੁ॥*
*ਨਾ ਇਹੁ ਜੀਵੈ ਨ ਮਰਤਾ ਦੇਖੁ॥*
*ਇਸੁ ਮਰਤੇ ਕਉ ਜੇ ਕੋਊ ਰੋਵੈ॥*
*ਜੋ ਰੋਵੈ ਸੋਈ ਪਤਿ ਖੋਵੈ॥*
*ਗੁਰ ਪ੍ਰਸਾਦਿ ਮੈ ਡਗਰੋ ਪਾਇਆ॥*
*ਜੀਵਨ ਮਰਨੁ ਦੋਊ ਮਿਟਵਾਇਆ॥*
*ਕਹੁ ਕਬੀਰ ਇਹੁ ਰਾਮ ਕੀ ਅੰਸੁ॥*
*ਜਸ ਕਾਗਦ ਪਰ ਮਿਟੈ ਨ ਮੰਸੁ॥*
*ਪੰਨਾ - 871*

ਪ੍ਰਸ਼ਨ ਇਹ ਸੀ ਕਿ ਇਸ ਸਰੀਰ ਵਿਚ ਕੌਣ ਵਸਦਾ ਹੈ? ਕਬੀਰ ਸਾਹਿਬ ਜੀ ਕੋਲ ਕੁਝ ਜਗਿਆਸੂ ਆਏ ਜੋ ਅੰਤਰ ਦੀ ਖੋਜ ਕਰ ਰਹੇ ਸਨ। ਉਨ੍ਹਾਂ ਨੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ! ਤੁਸੀਂ ਤਾਂ ਅੰਤਰ ਦੀ ਖੋਜ ਪੂਰੀ ਕੀਤੀ ਹੋਈ ਹੈ ਤੁਹਾਡੇ ਜੋ ਵਾਕ ਹਨ ਉਹ ਸਤਿ ਵਾਕ ਹਨ, ਅਸੀਂ ਤਾਂ ਮਹਾਂਪੁਰਸ਼ਾਂ ਤੋਂ ਸੇਧ ਲੈਣੀ ਹੈ, ਅਸੀਂ ਆਪ ਦੀ ਸ਼ਰਨ ਆਏ ਹਾਂ। ਸਾਨੂੰ ਕੁਝ ਵੀ ਸਮਝ ਨਹੀਂ ਆਉਂਦੀ। ਤਾਂ ਉਸ ਵੇਲੇ ਕਬੀਰ ਸਾਹਿਬ ਜੀ ਨੇ ਕਿਹਾ ਕਿ ਭਾਈ! ਤੁਹਾਡੇ ਵਿਚੋਂ ਇਕ ਪ੍ਰੇਮੀ, ਜੇ ਕੋਈ ਪ੍ਰਸ਼ਨ ਹੈ, ਉਹ ਦੱਸੋ। ਅਸੀਂ ਯਥਾਸ਼ਕਤ ਉਸ ਦਾ ਸਮਾਧਾਨ ਕਰ ਦਿਆਂਗੇ। ਉਸ ਵੇਲੇ ਬੇਨਤੀ ਹੋਈ ਕਿ ਮਹਾਰਾਜ! ਅਸੀਂ ਸਾਧੂਆਂ ਦੀ ਸੰਗਤ ਕਰਕੇ ਇਹ ਤਾਂ ਅਨੁਭਵ ਕਰ ਲਿਆ ਹੈ ਕਿ ਅਸੀਂ ਇਹ ਸਰੀਰ ਨਹੀਂ ਹਾਂ, ਇਹ ਨੌਂ ਦਰਵਾਜ਼ਿਆਂ ਵਾਲਾ ਕਾਇਆਂ ਕੋਟ ਨਹੀਂ ਹਾਂ। ਪਰ ਇਸ ਵਿਚ ਵਸਣ ਵਾਲਾ ਜੋ ਹੈ ਉਹ ਆਪਣੇ ਬੇਗਾਨੇ ਚਿਤਵਦਾ ਹੈ, ਮਹਾਂਪੁਰਸ਼ਾਂ ਤੋਂ ਅਸੀਂ ਸੁਣਦੇ ਵੀ ਹਾਂ, ਪਰ ਸਾਨੂੰ ਪਤਾ ਨਹੀਂ ਲਗਦਾ। ਤਾਂ ਉਸ ਵੇਲੇ ਕਬੀਰ ਸਾਹਿਬ ਨੇ ਕਿਹਾ ਕਿ ਇਸ ਸਰੀਰ ਰੂਪੀ ਮੰਦਰ ਵਿਚ ਜੋ ਵਸਦਾ ਹੈ ਉਸ ਦਾ ਕੋਈ ਅੰਤ ਨਹੀਂ ਪਾ ਸਕਦਾ। ਉਸ ਵੇਲੇ ਉਨ੍ਹਾਂ ਨੇ ਫੇਰ ਬੇਨਤੀ ਕੀਤੀ ਕਿ ਮਹਾਰਾਜ! ਉਹ ਕੋਈ ਮਨੁੱਖ ਹੈ ਜਾਂ ਦੇਵਤਾ ਹੈ ਜਾਂ ਕੋਈ ਜਤੀ ਹੈ ਜਾਂ ਕੋਈ ਸ਼ੈਵੀ ਹੈ ਜਾਂ ਜੋਗੀ ਹੈ, ਕਿ ਗ੍ਰਿਹਸਤੀ ਹੈ, ਕਿ ਉਦਾਸੀ ਹੈ, ਕੁਝ ਵੀ ਸਮਝ ਵਿਚ ਨਹੀਂ ਆਉਂਦਾ। ਕਬੀਰ ਸਾਹਿਬ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਦੀ ਜਗਿਆਸਾ ਨੂੰ ਸਮਝਦਿਆਂ ਹੋਇਆਂ ਫੁਰਮਾਨ ਕੀਤਾ ਕਿ ਪ੍ਰੇਮੀਓ! ਉਹ ਨਾ ਮਨੁੱਖ ਹੈ, ਨਾ ਜਤੀ ਹੈ, ਨਾ ਜੋਗੀ ਹੈ, ਨਾ ਅਵਧੂਤ ਹੈ, ਨਾ ਉਸ ਦਾ ਕੋਈ ਮਾਤਾ ਹੈ, ਨਾ ਉਸ ਦਾ ਕੋਈ ਪੁੱਤਰ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਵੀ ਇਸ ਦੀ ਪ੍ਰੋੜ੍ਹਤਾ ਕੀਤੀ ਹੈ –

*ਨ ਤਾਤ ਹੈ ਨ ਮਾਤ ਹੈ*
*ਅਖ੍ਯਾਲ ਅਖੰਡ ਰੂਪ ਹੈ॥*
*ਦਸਮ ਗ੍ਰੰਥ, ਪੰਨਾ 27*

*ਨ ਜਾਤ ਹੈ ਨ ਪਾਤ ਹੈ*
*ਨ ਚਿਤ੍ਰ ਚਿਹਨ ਬਰਨ ਹੈ॥*
*ਦਸਮ ਗ੍ਰੰਥ, ਪੰਨਾ 27*

*ਨ ਤਾਤ ਮਾਤ ਜਾਤ ਹੈ*
*ਨ ਪਾਤ ਚਿਹਨ ਬਰਨ ਹੈ॥*
*ਦਸਮ ਗ੍ਰੰਥ, ਪੰਨਾ 26*

ਨਾ ਇਹ ਗ੍ਰਿਹਸਤੀ ਹੈ, ਨਾ ਉਦਾਸਤਾਈ ਧਰਮ ਵਾਲਾ ਹੈ, ਨਾ ਰਾਜਾ ਹੈ, ਨਾ ਭਿਖਿਆ ਮੰਗਣ ਵਾਲਾ ਹੈ, ਨਾ ਇਸ ਦਾ ਕੋਈ ਸਰੀਰ ਹੈ ਅਤੇ ਰੱਤੀ ਜਿੰਨਾਂ ਰਕਤ ਇਸ ਵਿਚ ਨਹੀਂ ਹੈ। ਨਾ ਇਹ ਬ੍ਰਾਹਮਣ ਹੈ, ਨਾ ਖਤਰੀ ਹੈ, ਨਾ ਇਹ ਤਪਸਵੀ ਹੈ ਅਤੇ ਨਾ ਇਹ ਮੁਸਲਮਾਨਾਂ ਵਿਚੋਂ ਆਪਣੇ ਆਪ ਨੂੰ ਸ਼ੇਖ ਕਹਾਉਂਦਾ ਹੈ, ਨਾ ਇਹ ਜਿਉਂਦਾ ਹੈ ਅਤੇ ਨਾ ਹੀ ਮਰਦਾ ਵੇਖਣ ਵਿਚ ਆਉਂਦਾ ਹੈ। ਇਸ ਨੂੰ ਮਰਿਆ ਸਮਝ ਕੇ ਜਿਹੜਾ ਕੋਈ ਅਗਿਆਨੀ ਹੈ, ਉਹ ਰੋਂਦਾ ਹੈ ਜਦੋਂ ਇਸ ਗੱਲ ਦਾ ਪਤਾ ਲਗਦਾ ਹੈ ਕਿ ਇਸ ਸਰੀਰ ਵਿਚ ਕੌਣ ਵਸਦਾ ਹੈ ਤਾਂ ਉਸ ਵੇਲੇ ਜੰਮਣਾ, ਮਰਨਾ ਖਤਮ ਹੋ ਜਾਂਦਾ ਹੈ। ਇਸ ਸਰੀਰ ਵਿਚ ਜੋ ਵਸ ਰਿਹਾ ਹੈ ਉਹ ਰਾਮ ਦਾ ਹੀ ਸਰੂਪ ਹੈ। ਕ੍ਰਿਸ਼ਨ ਮਹਾਰਾਜ ਜੀ ਨੇ ਵੀ ਇਸ ਦੇ ਬਾਰੇ ਗੀਤਾ ਦੇ ਪੰਦਰਵੇਂ ਅਧਿਆਏ ਵਿਚ ਫੁਰਮਾਨ ਕਰਦਿਆਂ ਦਸਿਆ ਹੈ ਕਿ ਹੇ ਅਰਜਨ! ਮਾਤ ਲੋਕ ਵਿਚ ਜੋ ਜੀਵ ਹਨ ਇਹ ਸਾਰੇ ਮੇਰੀ ਹੀ ਅੰਸ ਹਨ, ਇਹ ਜੀਵ ਪ੍ਰਾਣੀ ਅਨਾਦੀ ਕਾਲ ਤੋਂ ਹੀ ਹੋ ਰਹੇ ਹਨ ਅਤੇ ਮਨ ਆਦਿ ਛੇ ਪ੍ਰਕਾਰ ਦੇ ਇੰਦ੍ਰੇ ਹਨ, ਉਨ੍ਹਾਂ ਨੂੰ ਪ੍ਰਕ੍ਰਿਤੀ ਹੀ ਆਪਣੀ ਤਰਫ ਖਿੱਚ ਰਹੀ ਹੈ। ਇਹ ਜੋ ਸਰਬ ਘਟਾਂ ਵਿਚ ਵਿਆਪਕ ਹੈ ਉਹ ਰਾਮ ਦੀ ਅੰਸ ਰੂਪ ਹੋ ਕੇ ਇਸ ਸਰੀਰ ਵਿਚ ਵਸ ਰਿਹਾ ਹੈ। ਕਈ ਪ੍ਰੇਮੀਆਂ ਨੂੰ ਇਸ ਉਪਰ ਸ਼ੰਕਾ ਵਿਆਪ ਸਕਦਾ ਹੈ ਕਿ ਇਹ ਸਭ ਕਿਸ ਤਰ੍ਹਾਂ ਹੋ ਗਿਆ, ਮਹਾਂਪੁਰਸ਼ ਫੁਰਮਾਉਂਦੇ ਹਨ ਕਿ ਮਾਇਆ ਦੇ ਤਮੋ ਗੁਣੀ ਅੰਸ ਉਪਰ ਸਤਿ ਦਾ ਪ੍ਰਤੀਬਿੰਬ ਪੈਣ ਕਰਕੇ ਇਸ ਆਤਮਾ ਦੀ ਉਪਾਧੀ ਜੀਵ ਹੋ ਗਿਆ ਅਤੇ ਇਸ ਜੀਵ ਦੀ ਸੁਰਤ ਉਪਰ ਅੱਠ ਜ਼ਬਰਦਸਤ ਬੰਧਨ ਪੈ ਜਾਂਦੇ ਹਨ ਜਿਸ ਕਰਕੇ ਇਸ ਨੂੰ ਆਪਣੇ ਅਸਲੀ ਸਰੂਪ ਦਾ ਗਿਆਨ ਭੁੱਲ ਜਾਇਆ ਕਰਦਾ ਹੈ। ਗੀਤਾ ਵਿਚ ਜਿਵੇਂ ਉਪਰ ਦਸਿਆ ਗਿਆ ਹੈ ਉਸ ਵਿਚ ਜੋ ਕਿਹਾ ਗਿਆ ਹੈ ਕਿ ਜੀਵ ਅਨਾਦੀ ਕਾਲ ਤੋਂ ਚਲੇ ਹੁੰਦੇ ਹਨ ਗੁਰਮਤਿ ਇਸ ਸਿਧਾਂਤ ਨਾਲ ਸਹਿਮਤ ਨਹੀਂ ਹੈ, ਗੁਰਮਤਿ ਨਾ ਤਾਂ ਪ੍ਰਕ੍ਰਿਤੀ ਨੂੰ ਕੋਈ ਸੁਤੰਤਰ ਤੱਤ ਮੰਨਦੀ ਹੈ, ਨਾ ਜੀਵ ਨੂੰ ਕੋਈ ਸੁਤੰਤਰ ਹਸਤੀ ਮੰਨਦੀ ਹੈ, ਇਹ ਜੀਵ ਹੁਕਮ ਵਿਚ ਆਇਆ

ਕਰਦੇ ਹਨ ਜਦੋਂ ਇਹ ਜੀਵ ਹੁਕਮ ਨੂੰ ਮੰਨ ਲੈਂਦਾ ਹੈ ਤਾਂ ਉਸ ਸਮੇਂ ਆਪਣੇ ਅਸਲੀ ਸਰੂਪ ਵਿਚ ਸੰਮਿਲਤ ਹੋ ਕੇ ਵਾਹਿਗੁਰੂ ਹੀ ਬਣ ਜਾਇਆ ਕਰਦਾ ਹੈ ਉਹ ਅੱਡ ਨਹੀਂ ਰਿਹਾ ਕਰਦਾ। ਜਿਸ ਤਰ੍ਹਾਂ ਨਾਲ ਮੀਂਹ ਦੀਆਂ ਬੂੰਦਾਂ ਸਮੁੰਦਰ ਵਿਚ ਪੈ ਕੇ ਸਮੁੰਦਰ ਹੀ ਬਣ ਜਾਇਆ ਕਰਦੀਆਂ ਹਨ ਉਨ੍ਹਾਂ ਦੀ ਵੱਖਰੀ ਕੋਈ ਹਸਤੀ ਨਹੀਂ ਰਹਿੰਦੀ। ਮਹਾਰਾਜ ਜੀ ਦਾ ਫੁਰਮਾਨ ਹੈ-

*ਹੁਕਮੀ ਹੋਵਨਿ ਆਕਾਰ*
*ਹੁਕਮੁ ਨ ਕਹਿਆ ਜਾਈ॥*
*ਹੁਕਮੀ ਹੋਵਨਿ ਜੀਅ*
*ਹੁਕਮਿ ਮਿਲੈ ਵਡਿਆਈ॥*

*ਪੰਨਾ - 1*

ਇਹ ਜੀਵ ਸਾਰੇ ਹੁਕਮ ਅਧੀਨ ਹੁੰਦੇ ਹਨ, ਪ੍ਰਭੂ ਨੇ ਆਪ ਹੀ ਆਪਣੀ ਮਾਇਆ ਦਾ ਪਸਾਰਾ ਕੀਤਾ ਹੈ, ਜਿਸ ਤਰ੍ਹਾਂ ਕਿ ਫੁਰਮਾਨ ਆਉਂਦਾ ਹੈ -

*ਅਪਨੀ ਮਾਇਆ ਆਪਿ ਪਸਾਰੀ*
*ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁ ਰੰਗੀ*
*ਸਭ ਤੇ ਰਹੈ ਨਿਆਰਾ॥ ਪੰਨਾ - 537*

ਭਾਵ ਇਹ ਸਭ ਕੁਝ ਵਾਹਿਗੁਰੂ ਜੀ ਵਿਚੋਂ ਹੁੰਦਾ ਹੈ, ਇਹ ਇਕ ਕਰਿਸ਼ਮਾ ਹੀ ਹੈ, ਉਹ ਆਪ ਹੀ ਮਾਇਆ ਰੂਪ ਅਤੇ ਜੀਵ ਰੂਪ ਹੈ, ਹੁਕਮ ਦੀ ਕ੍ਰਿਆ ਹੋ ਰਹੀ ਹੈ ਜਦੋਂ ਇਸ ਜੀਵ ਨੇ ਸਮਰੱਥ ਸਤਿਗੁਰੂ ਨੂੰ ਮਿਲ ਕੇ ਹੁਕਮ ਦੀ ਕ੍ਰਿਆ ਨੂੰ ਬੁੱਝ ਲਿਆ ਤਾਂ ਹਉਮੈ ਤੱਤ ਦਾ ਨਾਸ਼ ਹੋ ਜਾਣਾ ਕੁਦਰਤੀ ਹੈ, ਉਸ ਵੇਲੇ ਇਹ ਜੀਵ ਆਪਣੇ ਅਸਲੇ ਵਿਚ ਸਮਾਅ ਜਾਇਆ ਕਰਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਨਾਨਕ ਹੁਕਮੈ ਜੇ ਬੁਝੈ*
*ਤ ਹਉਮੈ ਕਹੈ ਨ ਕੋਇ॥ ਪੰਨਾ - 1*

ਪ੍ਰਭੂ ਨੇ ਆਪਣੀ ਖੇਲ੍ਹ ਆਪ ਹੀ ਰਚੀ ਹੈ ਜਿਸ ਤਰ੍ਹਾਂ ਕਿ ਪਹਿਲਾਂ ਵੀ ਦਸਿਆ ਜਾ ਚੁਕਿਆ ਹੈ -

*ਆਪੀਨੈ ਆਪੁ ਸਾਜਿਓ*
*ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ*
*ਕਰਿ ਆਸਣੁ ਡਿਠੋ ਚਾਉ॥*

*ਪੰਨਾ - 463*

ਇਹ ਇਕ ਬੜੀ ਗੁੰਝਲਦਾਰ ਦਿਲਚਸਪ ਮੁੰਦਾਵਣੀ ਹੈ (ਅੜਾਉਣੀ) ਜਿਸ ਨੂੰ ਪੂਰਨ ਰੂਪ ਵਿਚ ਬੁੱਝਣ ਲਈ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਦੀ ਅਤੀ ਆਵਸ਼ਕਤਾ ਹੈ ਕਿਉਂਕਿ ਜੀਵ ਦੀ ਪਹੁੰਚ ਵੱਧ ਤੋਂ ਵੱਧ ਬੁੱਧੀ ਮੰਡਲ ਦੀ ਸਿਖਰ ਤਕ ਹੋਇਆ ਕਰਦੀ ਹੈ, ਇਹ ਆਤਮ ਮੰਡਲ ਵਿਚ ਆਪਣੇ ਆਪ ਪ੍ਰਵੇਸ਼ ਨਹੀਂ ਕਰ ਸਕਦਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਅੰਧੇਰੇ ਵਿਚ ਪਿਆ ਹੋਇਆ ਜੀਵ ਸੂਝ ਬੂਝ ਗੁਆ ਬੈਠਾ ਹੈ ਪਰ ਜਦੋਂ ਗੁਰੂ ਦੇ ਸ਼ਬਦ ਦਾ ਪ੍ਰਕਾਸ਼ ਇਸ ਦੇ ਹਿਰਦੇ ਵਿਚ ਹੋ ਜਾਵੇ ਤਾਂ ਇਸ ਦੇ ਅੰਧਕਾਰ ਦਾ ਨਾਸ਼ ਹੋ ਜਾਇਆ ਕਰਦਾ ਹੈ ਜਿਵੇਂ ਕਿ ਫੁਰਮਾਨ ਹੈ -

*ਸਤਿਗੁਰ ਸਬਦਿ ਉਜਾਰੋ ਦੀਪਾ॥*
*ਬਿਨਸਿਓ ਅੰਧਕਾਰ ਤਿਹ ਮੰਦਰਿ*
*ਰਤਨ ਕੋਠੜੀ ਖੁਲੀ ਅਨੂਪਾ॥*
*ਬਿਸਮਨ ਬਿਸਮ ਭਏ ਜਉ ਪੇਖਿਓ*
*ਕਹਨੁ ਨ ਜਾਇ ਵਡਿਆਈ॥*
*ਮਗਨ ਭਏ ਊਹਾ ਸੰਗਿ ਮਾਤੇ*
*ਓਤਿ ਪੋਤਿ ਲਪਟਾਈ॥*
*ਆਲ ਜਾਲ ਨਹੀ ਕਛੂ ਜੰਜਾਰਾ*
*ਅਹੰਬੁਧਿ ਨਹੀ ਭੋਰਾ॥*
*ਊਚਨ ਊਚਾ ਬੀਚੁ ਨ ਖੀਚਾ*
*ਹਉ ਤੇਰਾ ਤੂੰ ਮੋਰਾ॥*
*ਏਕੰਕਾਰੁ ਏਕੁ ਪਾਸਾਰਾ*
*ਏਕੈ ਅਪਰ ਅਪਾਰਾ॥*
*ਏਕੁ ਬਿਸਥੀਰਨੁ ਏਕੁ ਸੰਪੂਰਨੁ*
*ਏਕੈ ਪ੍ਰਾਨ ਅਧਾਰਾ॥*
*ਨਿਰਮਲ ਨਿਰਮਲ ਸੂਚਾ ਸੂਚੋ*
*ਸੂਚਾ ਸੂਚੋ ਸੂਚਾ॥*
*ਅੰਤ ਨ ਅੰਤਾ ਸਦਾ ਬੇਅੰਤਾ*
*ਕਹੁ ਨਾਨਕ ਊਚੋ ਊਚਾ॥*

*ਪੰਨਾ - 821*

ਜਿਸ ਹਿਰਦੇ ਵਿਚ ਸਤਿਗੁਰੂ ਦੇ ਸ਼ਬਦ ਰੂਪੀ ਦੀਪਕ ਦਾ ਪ੍ਰਕਾਸ਼ ਹੋ ਗਿਆ, ਉਸ ਅੰਤਸ਼ਕਰਣ ਵਿਚੋਂ ਅਗਿਆਨ ਦਾ ਹਨ੍ਹੇਰਾ ਖਤਮ ਹੋ ਜਾਂਦਾ ਹੈ ਅਤੇ ਉਪਮਾ ਤੋਂ ਰਹਿਤ ਰਤਨ ਕੋਠੜੀ ਯਾਨਿ ਕਿ ਬੈਰਾਗ ਆਦਿਕ ਸ਼ੁਭ ਗੁਣਾਂ ਦੀ ਕੋਠੀ ਪ੍ਰਾਪਤ ਹੋ ਜਾਂਦੀ ਹੈ। ਅੰਦਰਲੇ ਪ੍ਰਕਾਸ਼ ਵਿਚ ਜੋ ਕੁਝ ਇਸ ਜੀਵ ਨੂੰ ਅਨੁਭਵ ਹੋਇਆ ਉਸ ਨੂੰ ਦੇਖ ਕੇ ਇਹ ਵਿਸਮਾਦ ਅਵਸਥਾ ਵਿਚ ਮਗਨ ਹੋ ਗਿਆ, ਉਸ ਦੀ ਵਡਿਆਈ ਕਿਸੇ ਤਰੀਕੇ ਨਾਲ ਵੀ ਕਹੀ ਨਹੀਂ ਜਾਂਦੀ। ਇਹ ਉਸ ਦੇ ਵਿਚ ਮਗਨ ਹੋਇਆ ਓਤਪੋਤ ਹੋ ਗਿਆ, ਕੋਈ ਜੰਜਾਲ ਉਸ ਦੇ ਵਾਸਤੇ ਨਹੀਂ ਰਹਿੰਦਾ, ਰੰਚਕ ਮਾਤਰ ਵੀ ਹੰਗਤਾ ਵਾਲੀ ਬੁੱਧੀ ਉਸ ਵਿਚ ਨਹੀਂ ਰਿਹਾ ਕਰਦੀ। ਸਾਰੇ ਪੜਦੇ ਮਿਟ ਗਏ, ਇਹ ਵਾਹਿਗੁਰੂ ਦਾ ਬਣ ਗਿਆ ਅਤੇ ਵਾਹਿਗੁਰੂ ਜੀ ਇਸ ਵਿਚ ਸਮਾਅ ਗਏ। ਇਸ ਨੇ ਪ੍ਰਤੱਖ ਦੇਖ ਲਿਆ ਕਿ ਇਹ ਤਾਂ ਸਾਰਾ ਪਸਾਰਾ ਆਪ ਹੀ ਵਾਹਿਗੁਰੂ ਜੀ ਨੇ ਆਪਣੇ ਆਪ ਤੋਂ ਰਚਿਆ ਹੈ ਜਿਸ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ। ਇਸ ਇਕ ਨੇ ਹੀ ਸੰਸਾਰ ਦਾ ਵਿਸਥਾਰ ਕੀਤਾ ਹੈ, ਇਕ ਹੀ ਸਵਰਨ ਰੂਪ ਇਸ ਵਿਚ ਰਮਿਆ ਹੋਇਆ ਹੈ ਅਤੇ ਇਕ ਹੀ ਪ੍ਰਾਣਾਂ ਦਾ ਅਧਾਰ ਬਣ ਕੇ ਰਮ ਰਿਹਾ ਹੈ। ਸਮਰੱਥ ਗੁਰੂ ਦੇ ਸੱਚੇ ਉਪਦੇਸ਼ ਦੁਆਰਾ, ਔਗੁਣਾਂ ਤੋਂ ਰਹਿਤ ਹੋ ਕੇ ਜਦੋਂ ਨਿਰਮਲ ਪ੍ਰਭੂ ਦੇ ਨਿਰਮਲ ਨਾਮ ਨੂੰ ਜਪਦਾ ਹੈ ਤਾਂ ਇਹ ਪਵਿੱਤਰ ਤੋਂ ਪਵਿੱਤਰ ਹੋ ਜਾਂਦਾ ਹੈ। ਵਾਹਿਗੁਰੂ ਜੀ ਦਾ ਕੋਈ ਅੰਤ ਨਹੀਂ ਪਾ ਸਕਦਾ, ਨਾ ਹੀ ਕੋਈ ਹੁਣ

ਉਸ ਦਾ ਅੰਤ ਪਾ ਸਕਦਾ ਹੈ ਅਤੇ ਨਾ ਹੀ ਅੱਗੇ ਨੂੰ ਉਸਦਾ ਅੰਤ ਪਾ ਸਕੇਗਾ। ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ –

*ਸੇਸਨਾਗ ਸਿਰ ਸਹਸ ਬਨਾਈ॥*
*ਦ੍ਵੈ ਸਹੰਸ ਰਸਨਾਹ ਸੁਹਾਈ॥*
*ਰਟਤ ਅਬ ਲਗੇ ਨਾਮ ਅਪਾਰਾ॥*
*ਤੁਮਰੋ ਤਊ ਨ ਪਾਵਤ ਪਾਰਾ॥*
*ਦਸਮ ਗ੍ਰੰਥ, ਪੰਨਾ 47*

ਸੋ ਮਹਾਂਪੁਰਸ਼ਾਂ ਨੇ ਜੋ ਇਸ ਅਵਸਥਾ ਤੇ ਪਹੁੰਚਣ ਦਾ ਮਾਰਗ ਫੁਰਮਾਨ ਕੀਤਾ ਹੈ ਉਸ ਵਿਚ ਮਨ ਦੀ ਸ਼ੁਧਤਾ ਬਹੁਤ ਹੀ ਜ਼ਰੂਰੀ ਹੈ ਜਿਵੇਂ ਕਿ –

*ਵਿਣੁ ਗੁਣ ਕੀਤੇ ਭਗਤਿ ਨ ਹੋਇ॥*
*ਪੰਨਾ – 4*

ਇਸ ਵਿਚ ਅਹਿੰਸਾ – ਮਨ ਦੀ, ਬਚਨ ਦੀ, ਬੁੱਧੀ ਦੀ, ਸਰੀਰ ਦੀ ਸ਼ਾਮਿਲ ਹਨ, ਨਾ ਹੀ ਕਿਸੇ ਨੂੰ ਸਰੀਰਕ ਦੁੱਖ ਦੇਵੇ ਅਤੇ ਨਾ ਹੀ ਐਸੇ ਵਾਕ ਮੂੰਹੋਂ ਕੱਢੇ ਜਿਸ ਨਾਲ ਕਿਸੇ ਦਾ ਦਿਲ ਟੁੱਟ ਜਾਵੇ ਅਤੇ ਨਾ ਹੀ ਮਨ ਵਿਚ ਬੁਰੀ ਚਿਤਵਨੀ ਚਿਤਵੇ ਅਤੇ ਸਦਾ ਹੀ ਸਾਵਧਾਨ ਹੋ ਕੇ ਆਪਣੇ ਮਨ ਦੀ ਭਾਵਨਾ ਇਸ ਪ੍ਰਕਾਰ ਬਣਾਵੇ ਕਿ –

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਦਾ ਭਲਾ।*

ਨਾ ਹੀ ਬੁੱਧੀ ਦੀ ਚੰਚਲਤਾਈ ਨਾਲ ਨੁਕਸਾਨ ਕਰੇ, ਧੋਖਾ ਦੇਵੇ, ਨਾ ਹੀ ਮਾਨਸਿਕ ਸ਼ਕਤੀ ਪ੍ਰਾਪਤ ਕਰਕੇ ਕਿਸੇ ਦਾ ਮੰਤਰ ਬਲ ਨਾਲ ਨੁਕਸਾਨ ਕਰੇ, ਸਤਿ ਦਾ ਜੀਵਨ ਧਾਰਨ ਕਰੇ, ਕਿਸੇ ਕਿਸਮ ਦੀ ਚੋਰੀ ਨਾ ਕਰੇ। *'ਏਕਾ ਨਾਰੀ ਜਤੀ ਹੋਇ, ਪਰਨਾਰੀ ਧੀ ਭੈਣ ਵਖਾਣੈ॥'* ਦੇ ਅਟੱਲ ਨਿਯਮ ਨੂੰ ਪਾਲਦੇ ਹੋਏ। *'ਦੇਖਿ ਪਰਾਈਆ ਚੰਗੀਆਂ, ਮਾਵਾਂ ਭੈਣਾਂ ਧੀਆਂ ਜਾਣੈ'* ਦੇ ਅਸੂਲ ਉਤੇ ਕਾਇਮ ਰਹੇ। ਧੀਰਜ ਦਾ ਧਾਰਨੀ ਹੋਵੇ, ਹਿਰਦੇ ਵਿਚ ਖਿਮਾ ਵਸਦੀ ਹੋਵੇ, ਦਇਆ ਦਾ ਭੰਡਾਰ ਹੋਵੇ। ਦਇਆ ਨੂੰ ਤਾਂ ਅਸੀਂ ਜਾਣਦੇ ਹੀ ਹਾਂ।

ਮਹਾਤਮਾ ਬੁੱਧ ਦੇ ਜੀਵਨ ਵਿਚ ਇਕ ਘਟਨਾ ਐਸੀ ਆਉਂਦੀ ਹੈ ਕਿ ਆਪ ਜੰਗਲ ਵਿਚ ਜਾ ਰਹੇ ਸਨ ਕਿ ਜਾਂਦਿਆਂ-ਜਾਂਦਿਆਂ ਨੂੰ ਸੂਰਜ ਛਿਪਣ ਵਾਲਾ ਹੋ ਗਿਆ ਅਤੇ ਆਪ ਕਿਸੇ ਬਸਤੀ ਵਿਚ ਪਹੁੰਚਣਾ ਚਾਹੁੰਦੇ ਸਨ। ਉਨ੍ਹਾਂ ਨੂੰ ਜੰਗਲ ਵਿਚ ਇਕ ਗਡਰੀਆ ਮਿਲਿਆ ਜੋ ਆਪਣੇ ਭੇਡਾਂ ਦੇ ਇੱਜੜ ਨੂੰ ਕਾਹਲੀ-ਕਾਹਲੀ ਤੋਰ ਰਿਹਾ ਸੀ, ਉਨ੍ਹਾਂ ਵਿਚ ਇਕ ਛੋਟਾ ਲੇਲਾ ਸੀ ਜੋ ਦੌੜ-ਦੌੜ ਕੇ ਉਸ ਇੱਜੜ ਨਾਲ ਰਲ ਰਿਹਾ ਸੀ। ਉਸ ਗਡਰੀਏ ਨੇ ਉਸ ਦੇ ਥੋੜ੍ਹੀ ਜ਼ੋਰ ਨਾਲ ਸੋਟੀ ਮਾਰੀ ਤਾਂ ਉਸ ਦੀ ਲੱਤ ਤੇ ਬਹੁਤ ਸੱਟ ਲੱਗੀ। ਉਹ ਲੰਗੜਾਉਣ ਲਗ ਗਿਆ, ਉਹ ਲੰਗੜਾਉਂਦਾ-ਲੰਗੜਾਉਂਦਾ ਭੱਜ ਕੇ ਇੱਜੜ ਨਾਲ ਰਲਦਾ ਹੈ, ਪਰ ਫੇਰ ਪਿਛੇ ਰਹਿ ਜਾਂਦਾ ਹੈ। ਮਹਾਤਮਾ ਬੁੱਧ ਦੀ ਨਿਗ੍ਹਾ ਉਸ ਉਪਰ ਪਈ ਤਾਂ ਉਨ੍ਹਾਂ ਨੇ ਗਡਰੀਏ ਨੂੰ ਆਖਿਆ ਕਿ ਭਾਈ ਸਾਹਿਬ! ਜੇ ਆਪ ਨੂੰ ਇਤਰਾਜ਼ ਨਾ ਹੋਵੇ ਤਾਂ ਮੈਂ ਇਸ ਲੇਲੇ ਨੂੰ ਕੁਛੜ ਚੁੱਕ ਲਵਾਂ ਕਿਉਂਕਿ ਇਸ ਤੋਂ ਚੱਲਿਆ ਨਹੀਂ ਜਾਂਦਾ। ਤੁਸੀਂ ਇਸ ਦੇ ਬਾਰ-ਬਾਰ ਸੋਟੀ ਮਾਰਦੇ ਹੋਂ, ਮਹਾਤਮਾ ਬੁੱਧ ਨੂੰ ਪ੍ਰਤੀਤ ਦਿਤਾ ਕਿ ਜਿਵੇਂ ਕਿ ਸੋਟੀਆਂ ਉਸ ਦੇ (ਮਹਾਤਮਾ ਬੁੱਧ) ਹੀ ਲਗਦੀਆਂ ਹੋਣ। ਉਨ੍ਹਾਂ ਨੇ ਲੇਲੇ ਨੂੰ ਆਪਣੇ ਕੁਛੜ ਚੁਕ ਲਿਆ। ਉਸ ਦਾ ਦਿਲ ਧਕ-ਧਕ ਕਰ ਰਿਹਾ ਸੀ। ਪਹਿਲਾਂ ਤਾਂ ਉਹ ਬਹੁਤ ਘਬਰਾਇਆ ਹੋਇਆ ਸੀ। ਹੌਲੀ-ਹੌਲੀ ਉਸ ਨੂੰ ਪਤਾ ਲਗ ਗਿਆ ਕਿ ਇਸ ਨੇ ਮੈਨੂੰ ਮਾਰਨਾ ਨਹੀਂ ਹੈ ਤਾਂ ਉਸ ਨੇ ਮਹਾਤਮਾ ਬੁੱਧ ਦੇ ਹੱਥ ਨੂੰ ਚਟਣਾ ਸ਼ੁਰੂ ਕੀਤਾ। ਆਪ ਨੇ ਛਾਤੀ ਨਾਲ ਘੁੱਟ ਕੇ ਪਿਆਰ ਦਿਤਾ। ਪਿਆਰ ਐਸੀ ਸ਼ਕਤੀ ਹੈ ਇਹ ਸਭ ਨੂੰ ਵਸ ਕਰ ਲਿਆ ਕਰਦੀ ਹੈ। ਉਹ ਮੂੰਹ ਉਪਰ ਚੁਕ ਕੇ ਆਪਣੀ ਜੀਭ ਮਹਾਤਮਾ ਦੇ ਮੂੰਹ ਵਲ ਨੂੰ ਲਾ ਰਿਹਾ ਸੀ ਇਸ ਤਰ੍ਹਾਂ ਕਰਦੇ ਕਰਾਉਂਦੇ ਉਸ ਗਡਰੀਏ ਦਾ ਡੇਰਾ ਆ ਗਿਆ, ਕੰਡੇਦਾਰ ਬਾੜ ਵਿਚ ਉਸਨੇ ਆਪਣੇ ਇੱਜੜ ਨੂੰ ਵਾੜ ਦਿਤਾ। ਉਹ ਲੇਲਾ ਵੀ ਉਸ ਨੇ ਮਹਾਤਮਾ ਤੋਂ ਲੈ ਕੇ ਇੱਜੜ ਵਿਚ ਰਲਾ ਦਿਤਾ। ਉਹ ਲੇਲਾ ਖੜ੍ਹਾ ਹੋ ਕੇ ਮਹਾਤਮਾ ਵਲ ਇਕ ਟਕ ਵੇਖ ਰਿਹਾ ਸੀ। ਜਦੋਂ ਮਹਾਤਮਾ ਬੁੱਧ ਤੁਰੇ ਤਾਂ ਉਹ ਇੱਜੜ ਵਿਚੋਂ ਦੌੜ ਕੇ ਲੰਗੜਾਉਂਦਾ-ਲੰਗੜਾਉਂਦਾ ਮਹਾਤਮਾ ਬੁੱਧ ਦੇ ਕੋਲ ਪਹੁੰਚ ਗਿਆ, ਉਨ੍ਹਾਂ ਨੇ ਉਸ ਦੇ ਸਿਰ ਉਪਰ ਹੱਥ ਫੇਰ ਕੇ ਆਦੇਸ਼ ਦਿਤਾ ਕਿ ਹੁਣ ਤੂੰ ਸਹੀ ਸਲਾਮਤ ਹੈਂ, ਤੂੰ ਇੱਜੜ ਵਿਚ ਜਾਹ। ਇਹ ਸਾਰਾ ਕੌਤਕ ਉਹ ਆਜੜੀ ਦੇਖ ਰਿਹਾ ਸੀ, ਨਾਲ ਹੀ ਨਾਲ ਉਸ ਦੇ ਅੰਦਰ ਵੀ ਪਰਿਵਰਤਨ ਹੋ ਰਿਹਾ ਸੀ। ਤਾਂ ਉਸ ਨੇ ਮਹਾਤਮਾ ਤੋਂ ਪੁਛਿਆ ਕਿ ਮੈਨੂੰ ਮੇਰੇ ਇੱਜੜ ਦੀ ਕੋਈ ਭੇਡ ਪਿਆਰ ਨਹੀਂ ਕਰਦੀ। ਤੁਹਾਨੂੰ ਲੇਲਾ ਥੋੜ੍ਹੀ ਦੇਰ ਮਿਲਣ ਪਿਛੋਂ ਤੁਹਾਡੇ ਕੋਲ ਦੌੜਿਆ ਆ ਰਿਹਾ ਹੈ। ਇਸ ਵਿਚ ਕੀ ਭੇਤ ਹੈ? ਉਸ ਵੇਲੇ ਮਹਾਤਮਾ ਨੇ ਕਿਹਾ ਕਿ ਹੇ ਪੁਰਸ਼! ਇਨਸਾਨ ਅੰਦਰ ਦਇਆ ਇਕ ਬੜੀ ਵੱਡੀ ਸ਼ਕਤੀ ਹੈ ਉਹ ਸ਼ੁਭ ਗੁਣਾਂ ਨੂੰ ਪ੍ਰਗਟ ਕਰਦੀ ਹੈ ਅਤੇ ਜਿਸ ਨਾਲ ਜੀਵ ਰੂਹਾਨੀ ਤੌਰ ਤੇ 'ਆਤਮ ਮਾਰਗ' ਦਾ ਪੰਧ ਤਹਿ ਕਰ ਲੈਂਦਾ ਹੈ। ਜਿਸ ਆਦਮੀ ਵਿਚ ਦਇਆ ਨਾ ਹੋਵੇ ਉਹ ਕਿੱਡਾ ਹੀ ਵੱਡਾ ਸਿੱਧ ਕਿਉਂ ਨਾ ਹੋਵੇ, ਲੋਕ ਉਸ ਨੂੰ ਕਿੰਨਾ ਹੀ ਧਾਰਮਿਕ ਕਿਉਂ ਨਾ ਗਿਣਦੇ ਹੋਣ ਪਰ ਉਸਦਾ ਦਇਆ ਤੋਂ ਬਿਨਾਂ ਹਿਰਦਾ ਕਿਸੇ ਕੰਮ ਨਹੀਂ। ਦਇਆ ਬਿਨ ਸਿੱਧ ਕਸਾਈ ਆਖਦੇ ਹਨ।

ਇਸ ਤਰ੍ਹਾਂ ਅਨੇਕ ਇਤਿਹਾਸਕ ਕਥਾਵਾਂ ਆਉਂਦੀਆਂ ਹਨ ਉਨ੍ਹਾਂ ਵਿਚੋਂ ਇਕ ਇਸ ਤਰ੍ਹਾਂ ਹੈ ਕਿ ਅਫਗਾਨਿਸਤਾਨ ਦਾ ਸੁਬਕਤਦੀਨ ਗੁਲਾਮ ਸੀ, ਤਰੱਕੀ ਕਰਦਾ ਹੋਇਆ ਉਹ ਜਰਨੈਲ ਬਣ ਗਿਆ। ਇਕ ਦਿਨ ਉਹ ਸ਼ਿਕਾਰ ਨੂੰ ਗਿਆ ਤਾਂ ਉਸ ਨੇ ਇਕ ਹਰਨੀ ਦਾ

ਜਿਉਂਦਾ ਬੱਚਾ ਫੜ ਲਿਆ। ਉਸ ਬੱਚੇ ਨੂੰ ਘੋੜੇ ਦੀ ਕਾਠੀ ਨਾਲ ਬੰਨ੍ਹ ਕੇ ਘੋੜੇ ਉਤੇ ਲੱਦ ਲਿਆ। ਉਸ ਹਰਨ ਦੇ ਬੱਚੇ ਦੀ ਮਾਂ ਘੋੜੇ ਦੇ ਪਿਛੇ ਦੌੜਦੀ ਆ ਰਹੀ ਸੀ, ਕਈ ਮੀਲ ਆ ਕੇ ਉਸ ਨੇ ਦੇਖਿਆ ਕਿ ਇਸ ਬੱਚੇ ਦੀ ਮਾਂ, ਮਾਤਰ ਪਿਆਰ ਦੀ ਬੰਨ੍ਹੀ ਹੋਈ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੀ ਹੋਈ ਇਸ ਬੱਚੇ ਦੇ ਪਿਛੇ-ਪਿਛੇ ਆ ਰਹੀ ਹੈ। ਉਸ ਦੀਆਂ ਅੱਖਾਂ ਦੇ ਅੱਗੇ ਇਹ ਸਾਰਾ ਦ੍ਰਿਸ਼ ਗੁੰਮ ਹੋ ਗਿਆ, ਕੀ ਦੇਖਦਾ ਹੈ ਕਿ ਉਸ ਦਾ ਬੱਚਾ ਕਿਸੇ ਨੇ ਫੜ ਕੇ ਬੰਨ੍ਹ ਲਿਆ ਹੈ ਅਤੇ ਉਸ ਦੀ ਬੇਗਮ ਆਪਣੇ ਬੱਚੇ ਦੇ ਪਿਛੇ-ਪਿਛੇ ਦੌੜੀ ਜਾ ਰਹੀ ਹੈ। ਉਸ ਦੇ ਮਨ ਵਿਚ ਤਰਸ ਆਇਆ, ਉਸ ਨੇ ਉਹ ਬੱਚਾ ਖੋਲ੍ਹ ਕੇ ਅਜ਼ਾਦ ਕਰ ਦਿਤਾ। ਉਹ ਭੱਜ ਕੇ ਆਪਣੀ ਮਾਂ ਨੂੰ ਜਾ ਮਿਲਿਆ। ਉਸ ਨੇ ਉਸ ਨੂੰ ਸੁੰਘਿਆ, ਚੱਟਿਆ ਅਤੇ ਫੇਰ ਉਚੀ ਗਰਦਨ ਕਰਕੇ ਉਸ ਨੂੰ ਐਉਂ ਪ੍ਰਤੀਤ ਦਿਤਾ ਜਿਵੇਂ ਉਹ ਖੁਦਾਵੰਦ ਤਾਲਾਹ ਦੀ ਦਰਗਾਹ ਵਿਚ ਮੇਰੇ ਵਾਸਤੇ ਦੁਆ ਕਰ ਰਹੀ ਹੋਵੇ। ਸੁਬਕਤਦੀਨ ਜਦੋਂ ਰਾਤ ਨੂੰ ਆਪਣੇ ਪਲੰਘ ਤੇ ਸੁੱਤਾ ਤਾਂ ਇਸ ਨੂੰ ਇਕ ਸੁਪਨਾ ਆਇਆ ਕਿ ਕੁਝ ਫਰਿਸ਼ਤੇ ਆਏ, ਜਿਨ੍ਹਾਂ ਪਾਸ ਬਾਦਸ਼ਾਹੀ ਤਾਜ ਸੀ। ਉਨ੍ਹਾਂ ਨੇ ਇਸ ਦੇ ਸੀਸ ਉਪਰ ਤਾਜ ਰੱਖ ਦਿਤਾ ਅਤੇ ਨਾਲ ਦੀ ਨਾਲ ਕਿਹਾ ਕਿ ਹੇ ਸੁਬਕਤਦੀਨ! ਜੋ ਤੂੰ ਰਹਿਮ ਦਾ ਕੰਮ ਕੀਤਾ ਹੈ ਉਹ ਵਾਰੇਗਾ ਖੁਦਾ (ਦਰਗਾਹ) ਵਿਚ ਪ੍ਰਵਾਨ ਹੋ ਗਿਆ। ਖੁਦਾ ਦੇ ਹੁਕਮ ਅਨੁਸਾਰ ਇਹ ਬਾਦਸ਼ਾਹੀ ਤਾਜ ਤੈਨੂੰ ਪਹਿਨਾਅ ਰਹੇ ਹਾਂ ਤੂੰ ਹੁਣ ਇਸ ਦੇਸ਼ ਦਾ ਰਾਜਾ ਹੋਵੇਂਗਾ। ਇਹ ਇਕ ਇਤਿਹਾਸਕ ਘਟਨਾ ਹੈ ਜਿਸ ਤੋਂ ਸਾਨੂੰ ਪ੍ਰੇਰਨਾ ਮਿਲਦੀ ਹੈ ਕਿ ਜੀਵਾਂ ਉਤੇ ਦਇਆ ਕਰਨੀ ਬਹੁਤ ਵੱਡਾ ਪੁੰਨ ਹੋਇਆ ਕਰਦਾ ਹੈ। ਗੁਰਬਾਣੀ ਵਿਚ ਫੁਰਮਾਨ ਹੈ-

*ਅਠਸਠਿ ਤੀਰਥ ਸਗਲ ਪੁੰਨ*
*ਜੀਅ ਦਇਆ ਪਰਵਾਨੁ॥*

ਪੰਨਾ - 136

*ਸਚੁ ਤਾ ਪਰੁ ਜਾਣੀਐ*
*ਜਾ ਸਿਖ ਸਚੀ ਲੇਇ॥*
*ਦਇਆ ਜਾਣੈ ਜੀਅ ਕੀ*
*ਕਿਛੁ ਪੁੰਨੁ ਦਾਨੁ ਕਰੇਇ॥*

ਪੰਨਾ - 468

*ਦੂਖੁ ਨ ਦੇਈ ਕਿਸੈ ਜੀਅ*
*ਪਤਿ ਸਿਉ ਘਰਿ ਜਾਵਉ॥*

ਪੰਨਾ - 322

ਦਇਆ ਤੇ ਖਿਮਾ, ਸਤਿ ਤੇ ਸੰਤੋਖ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਸਚੁ ਵਰਤੁ ਸੰਤੋਖੁ ਤੀਰਥੁ*
*ਗਿਆਨੁ ਧਿਆਨੁ ਇਸਨਾਨੁ॥*
*ਦਇਆ ਦੇਵਤਾ ਖਿਮਾ ਜਪਮਾਲੀ*
*ਤੇ ਮਾਣਸ ਪਰਧਾਨ॥*

ਪੰਨਾ - 1245

ਸੋ ਇਹ ਰੂਹਾਨੀ ਗੁਣ ਹਨ। ਇਸੇ ਤਰ੍ਹਾਂ ਦੇ ਨਾਲ ਕੋਮਲ ਚਿੱਤ ਰਖਦਾ ਹੋਵੇ, ਮਿੱਠੀ ਬਾਣੀ ਬੋਲਦਾ ਹੋਵੇ, ਅਲਪ ਅਹਾਰੀ ਹੋਵੇ ਅਤੇ ਸਰੀਰ ਦਾ, ਬਚਨ ਦਾ, ਮਨ ਦੇ ਫੁਰਨਿਆਂ ਅਤੇ ਬੁੱਧੀ ਦੀ ਵਿਚਾਰ ਵਿਚ ਸੁੱਚ ਦਾ ਧਾਰਨੀ ਹੋਵੇ, ਇਸੇ ਸੁਚ ਬਾਰੇ ਫੁਰਮਾਨ ਕਰਦਿਆਂ ਗੁਰਬਾਣੀ ਵਿਚ ਆਇਆ ਹੈ -

*ਕਹੁ ਨਾਨਕ ਸਚੁ ਧਿਆਈਐ॥*
*ਸੁਚਿ ਹੋਵੈ ਤਾ ਸਚੁ ਪਾਈਐ॥*

ਪੰਨਾ - 472

ਕੇਵਲ ਸਰੀਰ ਦੀ ਸੁਚ ਨੂੰ ਗੁਰੂ ਮਹਾਰਾਜ ਜੀ ਨੇ ਕੋਈ ਮਹੱਤਤਾ ਨਹੀਂ ਦਿਤੀ। ਇਸ ਤਰ੍ਹਾਂ ਸੇਵਾ ਭਾਵ ਦੀ ਭਾਵਨਾ ਹਿਰਦੇ ਵਿਚ ਹੋਵੇ, ਜੀਅ ਭਰ ਕੇ ਕਮਾਈ ਕਰੇ ਜੋ ਕੁਝ ਪ੍ਰਾਪਤ ਹੋਵੇ ਉਸ ਉਪਰ ਸੰਤੋਖ ਬਿਰਤੀ ਧਾਰਨ ਕਰਕੇ ਤ੍ਰਿਸ਼ਨਾ ਦੀ ਅੱਗ ਤੋਂ ਬਚੇ, ਪ੍ਰਮੇਸ਼ਰ ਨੂੰ ਘਟ-ਘਟ ਵਿਚ ਜਾਨਣ ਦਾ ਨਿਸ਼ਚਾ ਹੋਵੇ, ਆਪਣੇ ਦਸਾਂ ਨੌਹਾਂ ਦੀ ਕਿਰਤ ਕਮਾਈ ਵਿਚੋਂ ਉਸ ਦਾ ਪੂਰੇ ਨੇਮ ਨਾਲ ਦਸਵੰਧ ਕੱਢੇ। ਗੁਰੂ ਦੇ ਬਚਨਾਂ ਨੂੰ ਪ੍ਰੇਮ ਨਾਲ ਸੁਣੇ, ਸੁਣ ਕੇ ਵਿਚਾਰੇ ਅਤੇ ਉਸ ਦੇ ਮੁਤਾਬਿਕ ਆਪਣਾ ਜੀਵਨ ਢਾਲੇ। ਬਿਰਤੀ ਵਿਚ ਰਜੋ ਗੁਣ ਦੀ ਕਾਹਲ ਅਤੇ ਤਮੋ ਗੁਣ ਦਾ ਕ੍ਰੋਧ ਆਦਿ ਦੇ ਫੁਰਨੇ ਨਾ ਆਉਣਾ। ਇਸ ਦੇ ਵਿਪਰੀਤ ਸਾਂਤਕੀ ਬਿਰਤੀ ਰਖਦਾ ਹੋਵੇ, ਵੰਡ ਕੇ ਖਾਣ ਵਾਲਾ ਹੋਵੇ, ਫੇਰ ਇਸੇ ਤਨ ਵਿਚ ਵਸਣ ਵਾਲੇ ਨੂੰ ਆਪ ਹੀ ਅਨੁਭਵ ਕਰ ਸਕਦਾ ਹੈ। ਜਦੋਂ ਇਹ ਗੁਣ ਧਾਰਨ ਕਰਕੇ ਜੀਵ ਅਭਿਆਸ ਕਰਦਾ ਹੈ ਤਾਂ ਉਸ ਵੇਲੇ ਇਸ ਦਾ ਰੁਖ ਸਚ ਵਲ ਹੋਣ ਕਰਕੇ ਸੱਚ ਵਲ ਵਧਦਾ ਤੁਰਿਆ ਜਾਂਦਾ ਹੈ ਅਤੇ ਆਪਣੀ ਪ੍ਰਮ ਹੋਂਦ ਦੇ ਸਨਮੁਖ ਜਾ ਕੇ ਜਿਸ ਦਾ ਵਜੂਦ ਸਤਿ ਚਿਤ ਅਨੰਦ ਅਤੇ ਪ੍ਰਿਅ ਹੈ ਉਸ ਦੇ ਪ੍ਰੇਮ ਵਿਚ ਮਗਨ ਹੋ ਕੇ ਨਾਮ ਰਸ ਮਾਣਦਾ ਹੈ। ਗੁਰੂ ਦਾ ਸ਼ਬਦ ਇਸ ਦੇ ਬਜਰ ਕਪਾਟਾਂ ਨੂੰ ਖੋਲ੍ਹ ਕੇ ਅੰਦਰ ਪ੍ਰਕਾਸ਼ ਕਰ ਦਿੰਦਾ ਹੈ ਜਿਸ ਤਰ੍ਹਾਂ ਕਿ ਉਪਰ ਦਸਿਆ ਹੈ -

*ਸਤਿਗੁਰ ਸਬਦਿ ਉਜਾਰੋ ਦੀਪਾ॥*
*ਬਿਨਸਿਓ ਅੰਧਕਾਰ ਤਿਹ ਮੰਦਰਿ*
*ਰਤਨ ਕੋਠੜੀ ਖੁਲੀ ਅਨੂਪਾ॥*

ਪੰਨਾ - 821

ਅਸਾਥੋਂ ਗਲਤੀ ਇਹ ਹੁੰਦੀ ਹੈ ਕਿ ਪਹਿਲਾਂ ਤਾਂ ਅਸੀਂ ਇਹ ਰੁਚੀ ਹੀ ਨਹੀਂ ਰਖਦੇ ਕਿ ਆਪਣੇ ਸਰੂਪ ਨੂੰ ਪਛਾਣ ਜਾਈਏ ਉਹ ਇਸ ਕਰਕੇ ਹੁੰਦਾ ਹੈ ਕਿ ਅਸਾਨੂੰ ਅਗਿਆਨੀ ਪੁਰਸ਼ਾਂ ਦੀ ਸੰਗਤ ਹਰ ਸਮੇਂ ਅੰਧਕਾਰ ਵਲ ਨੂੰ ਧਕਦੀ ਰਹਿੰਦੀ ਹੈ। ਉਨ੍ਹਾਂ ਪ੍ਰੇਮੀਆਂ ਦੇ ਬਚਨ ਸੁਣਦੇ ਹਾਂ ਜਿਨ੍ਹਾਂ ਦਾ ਦੇਹ ਅਧਿਆਸ ਤਾਂ ਕੀ ਟੁਟਣਾ ਹੈ ਸਗੋਂ ਉਹ ਦੂਸਰਿਆਂ ਨੂੰ ਵੀ ਦੇਹ ਅਧਿਆਸ ਦੀ ਪ੍ਰੇਰਨਾ ਕਰਦੇ ਰਹਿੰਦੇ ਹਨ। ਗੁਰੂ ਮਹਾਰਾਜ ਜੀ ਤਾਂ ਸਿੱਖ ਨੂੰ ਦਸਦੇ ਹਨ ਕਿ ਗੁਰਸਿੱਖ ਦੋਵੇਂ ਵੇਲੇ ਅਰਦਾਸ ਕਰੇ ਕਿ

ਹੇ ਪ੍ਰਭੂ! ਉਨ੍ਹਾਂ ਦੀ ਸੰਗਤ ਤੋਂ ਬਚਾਈਂ ਜਿਹੜੇ ਤੇਰੇ ਨਾਲੋਂ ਟੁੱਟੇ ਹੋਏ ਹਨ। ਮੈਨੂੰ ਉਨ੍ਹਾਂ ਦੀ ਸੰਗਤ ਦੇਹ ਜਿਨ੍ਹਾਂ ਦੇ ਦਿਬਜ ਨੈਣ ਖੁਲ੍ਹ ਕੇ ਬ੍ਰਹਮ ਬਕਤਾ, ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ ਹੋ ਕੇ ਸੰਸਾਰ ਵਿਚ ਵਿਚਰ ਰਹੇ ਹਨ, ਇਨ੍ਹਾਂ ਨੂੰ ਭਾਵੇਂ ਕੋਈ ਉਪਾਧੀ ਦਿਓ, ਸੰਤ, ਗੁਰਮੁਖ, ਗੁਰਸਿੱਖ, ਪ੍ਰਭੂ ਪਿਆਰੇ ਕਹੋ ਇਨ੍ਹਾਂ ਅੱਖਰਾਂ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਸਾਰੀ ਗੱਲ ਤਾਂ ਅਵਸਥਾ ਦੀ ਹੋਇਆ ਕਰਦੀ ਹੈ ਕਿਉਂਕਿ ਅਗਿਆਨੀ ਪੁਰਸ਼ ਸਰੀਰ ਨਾਲ ਸਬੰਧਤ ਕਰਮਕਾਂਡਾਂ ਦੇ ਬੰਧਨਾਂ ਵਿਚੋਂ ਨਿਕਲਦਾ ਹੀ ਨਹੀਂ ਅਤੇ ਨਾ ਹੀ ਦੂਜੇ ਨੂੰ ਨਿਕਲਣ ਦੇਣਾ ਚਾਹੁੰਦਾ ਹੈ। ਪਿਛੇ ਮੈਂ ਬੇਨਤੀ ਕੀਤੀ ਸੀ ਕਿ ਇਸ ਮਾਇਆ ਦੇ ਤਮੋ ਗੁਣ ਅੰਸ ਉਪਰ ਜਦੋਂ ਪੂਰਨ ਜੋਤ ਦਾ ਪ੍ਰਤੀਬਿੰਬ ਪੈਂਦਾ ਹੈ ਤਾਂ ਆਤਮ ਸ਼ਕਤੀ ਜੋ ਇਸ ਸਰੀਰ ਵਿਚ ਸੀਮਤ ਰੂਪ ਵਿਚ ਇਸ ਸਰੀਰ ਨੂੰ ਹੋਸ਼ ਦੇ ਰਹੀ ਹੁੰਦੀ ਹੈ ਉਹ ਹੋਸ਼ ਜੀਵ ਕਹਾਉਣ ਲਗ ਜਾਂਦੀ ਹੈ, ਇਹ ਜੀਵ ਪ੍ਰਕ੍ਰਿਤਕ ਗੁਣਾਂ ਦੇ ਵਿਚ ਫਸਿਆ ਹੋਇਆ ਹੋਰ ਹੇਠਾਂ ਅੰਧਕਾਰ ਵਿਚ ਉਤਰ ਆਉਂਦਾ ਹੈ ਜਿਥੇ ਜਾ ਕੇ ਇਹ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਦੇਹ ਅਨੁਭਵ ਕਰਨ ਲਗ ਜਾਂਦਾ ਹੈ ਇਸ ਨੂੰ ਬੰਧਨ ਜਕੜ ਲੈਂਦੇ ਹਨ, ਬੰਧਨਾਂ ਦੀ ਗਿਣਤੀ ਬਹੁਤ ਵਿਸਥਾਰ ਦੇ ਨਾਲ ਪਿਛੇ ਕਰ ਆਏ ਹਾਂ, ਆਪ ਸਭ ਨੇ ਸੁਣ ਵੀ ਲਈ ਹੈ, ਪਿਛਲੇ ਕਈ ਦਿਨਾਂ ਤੋਂ ਇਹੀ ਵਿਚਾਰ ਚਲੇ ਆ ਰਹੇ ਹਨ ਹੁਣ ਮੈਂ ਸੰਖੇਪ ਵਿਚ ਬੇਨਤੀ ਕਰਦਾ ਹਾਂ ਕਿ ਸਭ ਤੋਂ ਪਹਿਲਾ ਬੰਧਨ ਤਾਂ ਅਵਿਦਿਆ ਦਾ ਪੈਂਦਾ ਹੈ। ਅਵਿਦਿਆ ਉਸ ਨੂੰ ਕਹਿੰਦੇ ਹਨ ਜੋ ਅਸਲ ਚੀਜ਼ ਨੂੰ ਨਕਲੀ ਬਣਾ ਦੇਵੇ ਅਤੇ ਉਲਟੇ ਭਾਵ ਪ੍ਰਤੱਖ ਰੂਪ ਵਿਚ ਮੰਨਵਾ ਦੇਵੇ ਜਿਵੇਂ ਕਿ ਇਹ ਸਾਰਾ ਸੰਸਾਰ ਵਾਹਿਗੁਰੂ ਜੀ ਦਾ ਆਪਣਾ ਹੀ ਰੂਪ ਹੈ, ਵਾਹਿਗੁਰੂ ਜੀ ਅਨੇਕਾਂ ਰੂਪਾਂ ਵਿਚ ਆਪ ਹੀ ਖੇਲ੍ਹ ਰਹੇ ਹਨ ਪਰ ਇਸ ਸਤਿ ਤੋਂ ਲਾਂਭੇ ਲਿਜਾ ਕੇ ਜੀਵ ਨੂੰ ਹਨ੍ਹੇਰੇ ਵਿਚ ਸੁੱਟ ਕੇ, ਇਸੇ ਸਤਿ ਵਰਤਾਰੇ ਦੀ ਥਾਂ ਦ੍ਵੈਤ ਦੇ ਵਿਚ ਜਕੜ ਦੇਵੇ ਉਸ ਨੂੰ ਆਪਣੇ ਬੇਗਾਨੇ, ਵੈਰੀ ਮਿਤਰ, ਦੁਖੀ ਸੁਖੀ ਆਦਿ ਅਨੇਕ ਕਿਸਮ ਦੇ ਭੁਲੇਖੇ ਪਾ ਦੇਵੇ, ਇਹ ਅਵਿਦਿਆ ਹੋਇਆ ਕਰਦੀ ਹੈ ਅਤੇ ਇਸ ਨੂੰ ਪੂਰਨ ਅੰਧਕਾਰ ਕਿਹਾ ਜਾਂਦਾ ਹੈ। ਦੂਸਰਾ ਬੰਧਨ ਇਸ ਵਿਚ ਇਹ ਪੈਂਦਾ ਹੈ ਕਿ ਇਹ ਆਪਣੇ ਆਪ ਨੂੰ ਪਰੀਪੂਰਨ ਆਤਮਾ ਸਮਝਣ ਦੀ ਥਾਂ ਜੀਵ ਸਮਝਦਾ ਹੈ ਅਤੇ ਜੀਵ ਤੋਂ ਵੀ ਬਹੁਤ ਹੇਠਾਂ ਉਤਰ ਕੇ ਪੰਜਾਂ ਤੱਤਾਂ ਦੀ ਬਣੀ ਹੋਈ ਗੰਦੀ ਕੋਠੜੀ ਰੂਪੀ ਸਰੀਰ ਸਮਝਦਾ ਹੈ ਅਤੇ ਇਸ ਦੇ ਅੰਦਰ ਮੈਂ ਭਾਵ ਇੰਨਾ ਪ੍ਰਜ੍ਵਲਤ ਹੋ ਜਾਂਦਾ ਹੈ ਜੋ ਕਦੇ ਵੀ ਕਿਸੇ ਤਰੀਕੇ ਨਾਲ ਖਤਮ ਹੋਣ ਵਿਚ ਨਹੀਂ ਆਉਂਦਾ। ਜੇ ਬਹੁਤ ਉਚਾ ਹੋ ਵੀ ਜਾਵੇ ਤਾਂ ਵੀ ਇਹ ਆਪਣੇ ਆਪ ਨੂੰ ਪ੍ਰਮੇਸ਼ਰ ਤੋਂ ਵੱਖਰਾ ਰਹਿਣਾ ਰੱਖ ਕੇ ਪੂਰਨ ਸੁਖ ਮੰਗਦਾ ਹੈ, ਇਹ ਮੈਂ ਭਾਵ ਹੀ ਹਉਮੈ ਕਹਾਉਂਦਾ ਹੈ। ਜਦੋਂ ਤਕ ਹਉਮੈ ਇਸ ਜੀਵ ਦੇ ਨਾਲ ਚਿੰਬੜੀ ਹੋਈ ਹੈ ਇਹ ਜੀਵ ਕਦੇ ਵੀ ਜਨਮ ਮਰਨ ਤੋਂ ਛੁਟਕਾਰਾ ਨਹੀਂ ਪਾ ਸਕਿਆ ਕਰਦਾ। ਜਿਸ ਤਰ੍ਹਾਂ ਕਿ ਫ਼ੁਰਮਾਨ ਹੈ-

*ਹਉਮੈ ਏਹਾ ਜਾਤਿ ਹੈ*
*ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ*
*ਫਿਰਿ ਫਿਰਿ ਜੋਨੀ ਪਾਹਿ॥*

*ਪੰਨਾ - 466*

ਅਨੇਕ ਕਿਸਮ ਦੇ ਸ਼ਾਸ਼ਤਰ ਪੜ੍ਹ ਕੇ, ਪੁਸਤਕਾਂ ਪੜ੍ਹ ਕੇ, ਬਚਨ ਸੁਣ ਕੇ ਇਸ ਦੇ ਅੰਦਰ ਭਾਵ ਪੈਦਾ ਹੁੰਦੇ ਹਨ ਅਤੇ ਤਰਕ ਇਸ ਦੇ ਅੰਦਰ ਸੰਸੇ ਪੈਦਾ ਕਰ ਦਿੰਦੀ ਹੈ। ਇਹ ਜੀਵ ਕਦੇ ਵੀ ਮੰਨਣ ਲਈ ਤਿਆਰ ਨਹੀਂ ਹੁੰਦਾ ਕਿ ਇਹ ਸਾਰਾ ਦ੍ਰਿਸ਼ਟਮਾਨ ਪ੍ਰਭੂ ਦਾ ਆਪਣਾ ਹੀ ਰੂਪ ਹੈ ਭਾਵੇਂ ਗੁਰੂ ਮਹਾਰਾਜ ਜੀ ਕਿਉਂ ਨਾ ਬਾਰ-ਬਾਰ ਉਪਦੇਸ਼ ਦੇਣ।

*ਏ ਨੇਤ੍ਰਹੁ ਮੇਰਿਹੋ*
*ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥*
*ਗੁਰ ਪਰਸਾਦੀ ਬੁਝਿਆ*
*ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ*
*ਸੇ ਸਤਿਗੁਰਿ ਮਿਲਿਐ ਦਿਬਦ੍ਰਿਸਟਿ ਹੋਈ॥*

*ਪੰਨਾ - 922*

ਇਹ ਜੀਵ ਆਪਣੇ ਗੁਰੂ ਦੀ ਗੱਲ ਮੰਨਣ ਵਾਸਤੇ ਤਿਆਰ ਨਹੀਂ, ਗੁਰੂ ਨੂੰ ਗੁਰੂ ਮੰਨਦਾ ਹੈ ਪਰ ਗੁਰੂ ਦੇ ਹੁਕਮ ਨੂੰ ਨਹੀਂ ਮੰਨਦਾ। ਆਪਣੀ ਬੁੱਧੀ ਨੂੰ ਗੁਰੂ ਦੇ ਪ੍ਰਕਾਸ਼ਮਈ ਅਨੁਭਵ ਤੋਂ ਉਚਾ ਮੰਨਦਾ ਹੈ ਅਤੇ ਕਈ ਵਾਰੀ ਤਾਂ ਇਥੋਂ ਤਕ ਚਲਿਆ ਜਾਂਦਾ ਹੈ ਕਿ ਫਲਾਣੀ ਕਿਤਾਬ ਵਿਚ ਆਹ ਲਿਖਿਆ ਹੈ, ਅਮਕੇ ਨੇ ਇਹ ਖਿਆਲ ਦਿਤਾ ਹੈ, ਆਪਣੇ ਗੁਰੂ ਦੇ ਸਿਧਾਂਤ ਤੋਂ ਵਿਪਰੀਤ ਹੋ ਕੇ ਉਨ੍ਹਾਂ ਦੇ ਬਚਨ ਮੰਨਦਾ ਹੈ। ਇਸ ਤੋਂ ਅੱਗੇ ਇਸ ਜੀਵ ਨੂੰ ਅਨੇਕ ਤਰ੍ਹਾਂ ਦੇ ਕਰਮ, ਅਨੇਕ ਤਰ੍ਹਾਂ ਦੇ ਧਾਰਮਕ ਨਿਸ਼ਚੇ ਅਤੇ ਉਨ੍ਹਾਂ ਕਰਮਾਂ ਤੇ ਧਰਮਾਂ ਰਾਹੀਂ ਦਸੇ ਰੂਹਾਨੀ ਤਰੱਕੀ ਕਰਨ ਦੇ ਮਾਰਗ ਨੂੰ ਸਹੀ ਮੰਨਦਾ ਹੈ। 'ਆਤਮ ਮਾਰਗ' ਦੀ ਇਸ ਨੂੰ ਕੋਈ ਸੂਝ ਨਹੀਂ ਰਹਿੰਦੀ ਅਤੇ ਨਾ ਹੀ 'ਆਤਮ ਮਾਰਗ' ਤੇ ਤੁਰਨ ਦੀ ਇਸ ਵਿਚ ਕੋਈ ਉਤਸੁਕਤਾ ਹੁੰਦੀ ਹੈ, ਰੁਚੀ ਹੁੰਦੀ ਹੀ ਨਹੀਂ, ਸਭ ਕੁਝ ਪੜ੍ਹਦਾ ਹੈ, ਸਭ ਕੁਝ ਵਿਚਾਰਦਾ ਹੈ ਪਰ ਆਪਣੀ ਮਤ ਨੂੰ ਨਹੀਂ ਛਡਦਾ। ਜੀਵਨ ਦੀ ਚਾਲ ਚਲਿਆਂ ਇਸ ਦੇ ਅੰਤਸ਼ਕਰਣ ਵਿਚ ਬੇਅੰਤ

ਕਿਸਮ ਦੀਆਂ ਵਾਸ਼ਨਾਵਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ, ਪਹਿਲੇ ਜਨਮ ਦੀਆਂ ਵਾਸ਼ਨਾਵਾਂ ਇਸ ਵਿਚ ਬਾਰ-ਬਾਰ ਉਮਕਦੀਆਂ ਹਨ ਅਤੇ ਉਨ੍ਹਾਂ ਵਾਸ਼ਨਾਵਾਂ ਦਾ ਬਾਰ-ਬਾਰ ਬੰਨ੍ਹਿਆ ਹੋਇਆ ਵਿਖਸ਼ੇਪਤਾ ਦੀਆਂ ਲਹਿਰਾਂ ਵਿਚ ਗੋਤੇ ਖਾਂਦਾ ਭਵਜਲ ਵਿਚ ਹਾਲੋ-ਬੇਹਾਲ ਹੋਇਆ ਰਹਿੰਦਾ ਹੈ। ਵਾਸ਼ਨਾ ਦਾ ਅਸਰ ਬਹੁਤ ਗਹਿਰਾ ਹੋਇਆ ਕਰਦਾ ਹੈ ਜਿਵੇਂ ਕਿ ਇਕ ਕਥਾ ਆਉਂਦੀ ਹੈ ਕਿ ਸ੍ਰੀ ਰਾਮ ਚੰਦਰ ਦੇ ਦਰਬਾਰ ਵਿਚ ਆਤਮ ਵਿਚਾਰ ਦੀ ਸਭਾ ਲੱਗੀ ਹੋਈ ਸੀ, ਵਿਸ਼ਿਸ਼ਟ ਜੀ ਕਥਾ ਕਰ ਰਹੇ ਸਨ ਤਾਂ ਸ੍ਰੀ ਰਾਮ ਚੰਦਰ ਜੀ ਅਚਾਨਕ ਹੀ ਹਸ ਪਏ। ਪੁਛਣ ਤੇ ਉਨ੍ਹਾਂ ਨੇ ਕਿਹਾ ਕਿ ਮੈਂ ਤਾਂ ਇਸ ਕੀੜੇ ਨੂੰ ਦੇਖ ਕੇ ਹੱਸਿਆਂ ਹਾਂ, ਇਹ 14 ਵਾਰੀ ਇੰਦਰ ਦੇ ਤਖਤ ਤੇ ਬੈਠ ਚੁਕਿਆ ਹੈ ਪਰ ਇਸ ਦੇ ਅੰਦਰ ਪ੍ਰਬਲ ਵਾਸ਼ਨਾ, ਭੋਗਾਂ ਦੀ ਸਿਮ੍ਰਤੀ ਹਾਲੇ ਵੀ ਚਲ ਰਹੀ ਹੈ। ਇਸ ਨੂੰ ਨਹੀਂ ਪਤਾ ਕਿ ਮੈਂ ਕਿਸੇ ਮਹਾਤਮਾ ਨੂੰ ਮਿਲ ਕੇ ਉਸ ਦੀ ਸੰਗਤ ਕਰਕੇ ਪਰਮ ਪਦ ਦੀ ਪ੍ਰਾਪਤੀ ਕਰਾਂ, ਜਿਥੇ ਪੂਰਨ ਅਟੱਲ ਪਦਵੀ ਹੈ। ਇਸ ਤੋਂ ਇਲਾਵਾ ਇਸ ਨੇ ਜਨਮ ਲੈ ਲੈਣਾ, ਜੀਵ ਧਾਰ ਕੇ ਕਰਮ ਕਰਨਾ ਅਤੇ ਮਰ ਜਾਣਾ ਉਨ੍ਹਾਂ ਕਰਮਾਂ ਨੂੰ ਭੋਗਣ ਵਾਸਤੇ ਫੇਰ ਨਵਾਂ ਜਨਮ ਲੈ ਲੈਣਾ, ਇਹ ਚੱਕਰ ਖਤਮ ਨਹੀਂ ਹੁੰਦਾ।

ਅਸਚਰਜ ਕਥਾ ਹੈ ਇਸ ਜੀਵ ਦੀ, ਇਹ ਆਪਣੇ ਛੁਟਣ ਵਾਸਤੇ ਕੋਈ ਵੀ ਬੰਦੋਬਸਤ ਨਹੀਂ ਕਰਦਾ। ਜੀਵ ਭਾਵ ਇਸ ਦਾ ਐਨਾ ਪ੍ਰਬਲ ਹੋ ਜਾਂਦਾ ਹੈ ਕਿ ਸੰਤ ਇਸ ਨੂੰ ਬਾਰ-ਬਾਰ ਜਗਾਉਂਦੇ ਹਨ ਕਿ ਤੂੰ ਜੀਵ ਨਹੀਂ ਹੈ, ਤੂੰ ਆਤਮ ਸਰੂਪ ਹੈਂ ਪਰ ਇਹ ਪੰਜ ਤਨ ਮਾਤਰਾਂ, ਪੰਜ ਵਿਸ਼ਿਆਂ, ਪੰਜ ਚੋਰਾਂ, ਪੰਜ ਠੱਗਾਂ ਦੇ ਵਸ ਪਿਆ ਹੋਇਆ ਕੁਰਸਾਂ ਵਿਚ ਗ੍ਰਸਿਆ ਹੋਇਆ, ਮੂਰਛਤ ਅਵਸਥਾ ਵਿਚ ਰਹਿੰਦਾ ਹੋਇਆ, ਆਪਣੇ ਆਤਮ ਸਰੂਪ ਨੂੰ ਭੁੱਲ ਕੇ ਸਰੀਰ ਹੀ ਬਣਿਆ ਰਹਿੰਦਾ ਹੈ। ਇਸ ਮਾਨਸ ਦੇਹ ਦਾ ਜੋ ਪ੍ਰਮ ਪ੍ਰਯੋਜਨ ਹੈ ਉਹ ਹੈ -

**ਭਈ ਪਰਾਪਤਿ ਮਾਨੁਖ ਦੇਹੁਰੀਆ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**
**ਪੰਨਾ - 12**

ਉਹ ਇਸ ਸਰੀਰ ਦੇ ਅੰਦਰ ਹੀ ਵਸਦਾ ਹੈ ਜਿਵੇਂ ਕਿ ਫੁਰਮਾਨ ਹੈ -

**ਫਰੀਦਾ ਜੰਗਲੁ ਜੰਗਲੁ ਕਿਆ ਭਵਹਿ**
**ਵਣਿ ਕੰਡਾ ਮੋੜੇਹਿ॥**
**ਵਸੀ ਰਬੁ ਹਿਆਲੀਐ**
**ਜੰਗਲੁ ਕਿਆ ਢੂਢੇਹਿ॥**
**ਪੰਨਾ - 1378**

ਬਹੁਤ ਹੀ ਵਿਸਥਾਰ ਨਾਲ ਵਿਚਾਰ ਕੀਤੀ ਹੈ ਕਿ ਵਾਹਿਗੁਰੂ ਜੀ ਇਸ ਸਰੀਰ ਅੰਦਰ ਹੀ ਵਸਦੇ ਹਨ, ਬੇਅੰਤ ਪੜਦੇ ਪੈਣ ਕਰਕੇ ਇਹ ਜੀਵ ਫਸ ਗਿਆ ਹੈ, ਜਿਵੇਂ ਕਿ ਬੇਨਤੀ ਕੀਤੀ ਸੀ ਕਿ -

**ਲਾਖ ਅਹੇਰੀ ਏਕੁ ਜੀਉ**
**ਕੇਤਾ ਬੰਚਉ ਕਾਲੁ॥ ਪੰਨਾ - 1367**

ਸੁਣਨਾ ਤੇ ਮੰਨਣਾ ਇਸ ਮਾਰਗ ਤੇ ਚਲਣ ਲਈ ਬਹੁਤ ਹੀ ਜ਼ਰੂਰੀ ਹੋਇਆ ਕਰਦੇ ਹਨ। ਮਹਾਂਪੁਰਸ਼ ਰਮਜ਼ ਮਾਰਦੇ ਹਨ ਉਸ ਵਿਚੋਂ ਹੀ ਸਾਰੀ ਗੱਲ ਸਮਝਾਅ ਜਾਂਦੇ ਹਨ ਜਿਵੇਂ ਕਿ ਸਾਂਈ ਬੁੱਲੇਸ਼ਾਹ, ਪੀਰ ਅਨਾਇਤ ਸ਼ਾਹ ਦੇ ਪਾਸ ਗਿਆ। ਉਹ ਗ੍ਰਹਿਸਤੀ ਸਨ ਅਤੇ ਘਰ ਦੇ ਸਾਰੇ ਕਾਰੋਬਾਰ ਖੇਤੀ ਵਗੈਰਾ ਦੇ ਹੱਥੀਂ ਕਰਿਆ ਕਰਦੇ ਸਨ। ਜਾ ਕੇ ਘਰ ਪੁਛਿਆ ਕਿ ਪੀਰ ਜੀ ਕਿਥੇ ਮਿਲਣਗੇ, ਅੰਦਰੋਂ ਆਵਾਜ਼ ਆਈ ਕਿ ਪੂਰਬ ਵਲ ਚਲਿਆ ਜਾਹ, ਉਥੇ ਉਹ ਖੇਤ ਵਿਚ ਪਿਆਜ ਲਾ ਰਹੇ ਹਨ। ਖੇਤ ਨੇੜੇ ਹੀ ਸੀ, ਨਾਲ ਹੀ ਇਸ਼ਾਰਾ ਕਰਕੇ ਦਸ ਦਿਤਾ। ਬੁੱਲੇਸ਼ਾਹ ਨੇ ਜਾ ਕੇ ਪੂਰੀ ਸ਼ਰਧਾ ਨਾਲ ਨਮਸ਼ਕਾਰ ਕੀਤੀ। ਤਾਂ ਪੀਰ ਜੀ ਨੇ ਪੁਛਿਆ ਕਿ ਭਾਈ! ਤੂੰ ਕੌਣ ਹੈਂ? ਤੇਰੇ ਇਥੇ ਆਉਣ ਦਾ ਕੀ ਪ੍ਰਯੋਜਨ ਹੈ? ਤਾਂ ਉਸ ਨੇ ਬੇਨਤੀ ਕੀਤੀ ਕਿ ਮੈਂ ਰੱਬ ਨੂੰ ਪਾਉਣ ਵਾਸਤੇ ਆਇਆ ਹਾਂ। ਉਨ੍ਹਾਂ ਨੇ ਸੰਕੇਤ ਦਿਤਾ ਕਿ ਬੁਲਿਆ! 'ਰੱਬ ਦਾ ਕੀ ਪਾਉਣਾ' ਐਨਾ ਕਹਿ ਕੇ ਪੁੱਟੀ ਪੌਦ ਵਿਚੋਂ ਇਕ ਡੰਡੀ ਚੁਕ ਲਈ ਅਤੇ ਧਰਤੀ ਵਿਚ ਲਾ ਦਿਤੀ ਅਤੇ ਫੁਰਮਾਇਆ ਕਿ ਬੁਲਿਆ! 'ਐਧਰੋਂ ਪੁਟਣਾ ਤੇ ਐਧਰ ਲਾਉਣਾ' ਸੰਕੇਤ ਨਾਲ ਸਮਝਾਅ ਦਿਤਾ ਕਿ ਪ੍ਰਮੇਸ਼ਰ ਦਾ ਪਾਉਣਾ, ਸੰਸਾਰ ਵਿਚੋਂ ਮਨ ਖਿੱਚ ਕੇ ਪ੍ਰਭੂ ਦੇ ਚਰਨਾਂ ਨਾਲ ਜੋੜ ਲੈਣਾ। ਇਸ ਕ੍ਰਿਆ ਨਾਲ ਪ੍ਰਭੂ ਮਿਲਾਪ ਹੋ ਜਾਇਆ ਕਰਦਾ ਹੈ। ਅਸੀਂ ਸੁਣਦੇ ਤਾਂ ਬਹੁਤ ਕੁਝ ਹਾਂ ਪਰ ਕਰਦੇ ਆਪਣੇ ਮਨ ਦੀ ਮਰਜ਼ੀ ਹੀ ਹਾਂ। ਸੋ ਜਿਵੇਂ ਸੰਕੇਤ ਨਾਲ ਹੀ ਸਮਝਾਅ ਦਿਤਾ ਕਿ ਬੁੱਲਿਆ! ਜੀਵ ਭਾਵ ਵਿਚੋਂ ਉਠ ਕੇ ਆਤਮ ਭਾਵ ਵਿਚ ਆ ਜਾਣਾ, ਜਿਸ ਤੋਂ ਪ੍ਰਮੇਸ਼ਰ ਨੂੰ ਅੰਦਰੋਂ ਹੀ ਪਛਾਣ ਲਈਦਾ ਹੈ ਜਿਸ ਤਰ੍ਹਾਂ ਕਿ -

**ਆਤਮਾ ਪਰਾਤਮਾ ਏਕੋ ਕਰੈ॥**
**ਅੰਤਰ ਕੀ ਦੁਬਿਧਾ ਅੰਤਰਿ ਮਰੈ॥**
**ਪੰਨਾ - 661**

ਸਾਰੀ ਗੱਲ ਨੂੰ ਸੰਖੇਪ ਰੂਪ ਵਿਚ ਵਰਣਨ ਕੀਤਾ ਜਾਂਦਾ ਹੈ ਤਾਂ ਐਉਂ ਹੈ ਕਿ ਅਸੀਂ ਅਗਿਆਨ ਵਸ ਅਨੇਕਾਂ ਸਰੀਰ ਬਦਲਦੇ ਤੁਰੇ ਆ ਰਹੇ ਹਾਂ। ਇਹ ਚੰਗੀ ਤਰ੍ਹਾਂ ਅਸਾਨੂੰ ਪੱਕ ਗਿਆ ਹੈ ਕਿ ਮੈਂ ਸਰੀਰ ਹਾਂ, ਸਰੀਰ ਨਾਲ ਸਬੰਧ ਰੱਖਣ ਵਾਲੇ ਮੇਰੇ ਹਨ, ਮੇਰੇ ਨਾਲ ਸਬੰਧ ਰੱਖਣ ਵਾਲੀਆਂ ਵਸਤੂਆਂ ਮੇਰੀਆਂ ਹਨ, ਸੋ ਮੈਂ-ਮੇਰੀ ਦੇ ਹਨ੍ਹੇਰੇ ਵਿਚ ਅਸੀਂ ਇਹ ਵੀ ਭੁੱਲ ਗਏ ਕਿ ਮੈਂ ਸਰੀਰ ਨਹੀਂ ਹਾਂ, ਮੈਂ ਜੀਵ ਆਤਮਾ ਹਾਂ। ਇਸ ਹਨ੍ਹੇਰੇ ਨੂੰ ਦੂਰ ਕਰਨ ਦੀ ਸਮਰਥਾ ਕੇਵਲ ਸਮਰੱਥ ਗੁਰੂ ਹੀ ਰਖਦਾ ਹੈ। ਇਹ ਇਕੋ ਹੀ ਗੱਲ ਸਾਡੇ ਸਮਝ ਵਿਚ ਨਹੀਂ ਆ ਰਹੀ। ਅਸੀਂ ਬਾਰ-ਬਾਰ ਆਪਣੀ ਅਵਸਥਾ ਤੋਂ ਪਤਿਤ ਹੋ ਕੇ ਮੁੜ-ਮੁੜ ਕੇ ਆਪਣੇ ਆਪ ਨੂੰ ਸਰੀਰ

ਸਮਝੀਂ ਜਾਂਦੇ ਹਾਂ, ਇਹ ਅਵਿਦਿਆ ਦੋਸ਼ ਕਰਕੇ ਹੈ, ਮਨ ਦੇ ਹਨ੍ਹੇਰੇ ਕਰਕੇ ਹੈ। ਜਿਵੇਂ ਅਸੀਂ ਹਨ੍ਹੇਰੇ 'ਚ ਪਈ ਹੋਈ ਰੱਸੀ ਨੂੰ ਸੱਪ ਸਮਝਣ ਦੀ ਭੁੱਲ ਕਰੀ ਹੀ ਜਾਂਦੇ ਹਾਂ ਉਹ ਭੁੱਲ ਤਾਂ ਦੂਰ ਹੁੰਦੀ ਹੈ ਜੇ ਪ੍ਰਕਾਸ਼ ਹੋਵੇ ਅਤੇ ਇਹੋ ਭੁੱਲ ਹੈ ਜੋ ਸਾਨੂੰ ਪ੍ਰਮੇਸ਼ਰ ਨਾਲੋਂ ਤੋੜ ਕੇ ਰਖਦੀ ਹੈ। ਵਾਹਿਗੁਰੂ ਜੀ ਸਾਰੇ ਪਰੀਪੂਰਨ ਹਨ ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਫ਼ੁਰਮਾਨ ਕਰਦੇ ਹਨ –

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥*

*ਪੰਨਾ – 293*

ਪਰ ਇਹ ਬਚਨ ਅਸੀਂ ਸਦਾ ਹੀ ਭੁੱਲੇ ਰਹਿੰਦੇ ਹਾਂ। ਇਹ ਕਿਉਂ ਹੈ? ਇਸ ਲਈ ਕਿ ਅਵਿਦਿਆ ਦਾ ਅਸਰ ਅਸਾਡੇ ਰੋਮ-ਰੋਮ ਵਿਚ ਸਮਾਇਆ ਹੋਇਆ ਹੈ, ਅਸੀਂ ਗੁਰੂ ਮਹਾਰਾਜ ਦਾ ਬਚਨ ਮੰਨਣ ਨੂੰ ਤਿਆਰ ਨਹੀਂ ਹਾਂ। ਜਿਨ੍ਹਾਂ ਬੰਧਨਾਂ ਦਾ ਜ਼ਿਕਰ ਉਪਰ ਕੀਤਾ ਹੈ ਉਹ ਸਾਰੇ ਦੇ ਸਾਰੇ ਗੁਰੂ ਦਾ ਸ਼ਬਦ ਪ੍ਰਾਪਤ ਹੋਇਆਂ ਟੁੱਟ ਜਾਇਆ ਕਰਦੇ ਹਨ। ਪੂਰੇ ਗੁਰੂ ਤੋਂ ਮੰਤ੍ਰ ਦੀ ਪ੍ਰਾਪਤੀ ਕਰਕੇ ਉਪਰ ਦੱਸੀਆਂ ਹੋਈਆਂ ਅੰਤਰੀਵੀ ਰਹਿਤਾਂ ਦੇ ਧਾਰਨੀ ਹੋ ਕੇ ਜਦੋਂ ਅਸੀਂ ਸਾਧਨ ਕਰਦੇ ਹਾਂ ਤਾਂ ਅਸਾਡੀ ਸੁਰਤ ਹਨ੍ਹੇਰੇ ਵਿਚੋਂ ਨਿਕਲ ਕੇ ਪ੍ਰਕਾਸ਼ ਵਿਚ ਆਉਣਾ ਆਰੰਭ ਹੋ ਜਾਂਦੀ ਹੈ ਪਰ ਜੇ ਅਸੀਂ ਅੰਤਰੀਵੀ ਰਹਿਤਾਂ ਨਹੀਂ ਰਖਦੇ ਹਾਂ ਤਾਂ ਐਉਂ ਸਮਝੋ ਕਿ ਅਸਾਡੇ ਅੰਤਸ਼ਕਰਣ ਵਿਚ ਵਿਕਾਰ ਪ੍ਰਵੇਸ਼ ਕਰਨਾ ਸ਼ੁਰੂ ਕਰ ਦਿੰਦੇ ਹਨ। ਜਿਵੇਂ ਕਿ ਸਮੁੰਦਰ ਵਿਚ ਜਹਾਜ਼ ਹੋਵੇ, ਉਸ ਵਿਚ ਛੋਟੇ-ਛੋਟੇ ਸੁਰਾਖ ਹੋਣ, ਉਨ੍ਹਾਂ ਰਾਹੀਂ ਪਾਣੀ ਹੌਲੀ-ਹੌਲੀ ਉਸ ਵਿਚ ਭਰਦਾ ਜਾਵੇ। ਇਹ ਲਗਾਤਾਰ ਕ੍ਰਿਆ ਜਹਾਜ਼ ਨੂੰ ਸਮੁੰਦਰ ਵਿਚ ਡਬੋ ਦਿੰਦੀ ਹੈ। ਇਸੇ ਤਰ੍ਹਾਂ ਜੇ ਵਿਕਾਰਾਂ ਉਪਰ ਕਾਬੂ ਨਾ ਪਾਈਏ ਅਤੇ ਸਦਗੁਣਾਂ ਦੇ ਨਾਲ ਜੇ ਅਸੀਂ ਮੋਰੀਆਂ ਨੂੰ ਬੰਦ ਨਾ ਕਰੀਏ ਤਾਂ ਅਸੀਂ ਰੂਹਾਨੀ ਆਤਮ ਮਾਰਗ ਉਪਰ ਤਰੱਕੀ ਨਹੀਂ ਕਰ ਸਕਦੇ। ਅਸਾਡੀਆਂ ਮਾਨਸਕ ਕਮਜ਼ੋਰੀਆਂ ਕਰਕੇ ਵਿਕਾਰ ਅਸਾਡੇ ਅੰਤਸ਼ਕਰਣ ਵਿਚ ਪ੍ਰਵੇਸ਼ ਕਰਦੇ ਹੀ ਰਹਿੰਦੇ ਹਨ। ਗੁਰੂ ਦੀ ਸੰਗਤ ਵਿਚ ਆ ਕੇ ਇਨ੍ਹਾਂ ਉਪਰ ਪੂਰੀ ਤਰ੍ਹਾਂ ਨਾਲ ਕਾਬੂ ਪਾਉਣਾ ਹੈ, ਸਾਵਧਾਨ ਹੋ ਕੇ ਪਹਿਰਾ ਦੇਣਾ ਹੈ, ਇਨ੍ਹਾਂ ਰਹਿਤਾਂ ਨੂੰ ਫਿਲਾਸਫੀ ਦੀ ਬੋਲੀ ਵਿਚ ਸਮ ਤੇ ਦਮ ਵੀ ਆਖਿਆ ਜਾਂਦਾ ਹੈ। ਜਦੋਂ ਅਸੀਂ ਸਾਵਧਾਨ ਹੋ ਕੇ ਚਲਦੇ ਹਾਂ ਤਾਂ ਅਸੀਂ ਪੈਰ-ਪੈਰ ਆਪਣੇ ਕੇਂਦਰ ਵਲ ਨੂੰ ਵਧਦੇ ਤੁਰੇ ਜਾਂਦੇ ਹਾਂ। ਬਜਰ ਕਪਾਟ ਖੁਲ੍ਹ ਜਾਂਦੇ ਹਨ, ਸਤਿਗੁਰੂ ਦਾ ਸ਼ਬਦ ਪ੍ਰਕਾਸ਼ ਕਰ ਦਿੰਦਾ ਹੈ ਅਤੇ ਇਸ ਮਹਾਨ ਉਪਮਾ ਰਹਿਤ ਰਸਤੇ ਤੇ ਚਲ ਕੇ ਪ੍ਰਭੂ ਨੂੰ ਅੰਦਰੋਂ ਹੀ ਲੱਭ ਲੈਂਦੇ ਹਾਂ। ਬਿਨਾਂ ਸ਼ਬਦ ਤੋਂ ਇਹ ਤਨ ਕੁਝ ਵੀ ਮਹੱਤਤਾ ਨਹੀਂ ਰਖਦਾ ਹੈ ਜਿਵੇਂ ਕਿ ਫ਼ੁਰਮਾਨ ਹੈ –

*ਕਾਇਆ ਕੰਚਨ ਕੋਟੁ ਅਪਾਰਾ॥*
*ਜਿਸੁ ਵਿਚਿ ਰਵਿਆ ਸਬਦੁ ਅਪਾਰਾ॥*
*ਗੁਰਮੁਖਿ ਗਾਵੈ ਸਦਾ ਗੁਣ ਸਾਚੇ ਮਿਲਿ ਪ੍ਰੀਤਮ ਸੁਖੁ ਪਾਇਦਾ॥*
*ਕਾਇਆ ਹਰਿਮੰਦਰੁ ਹਰਿ ਆਪਿ ਸਵਾਰੇ॥*
*ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ॥*
*ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ॥*

*ਪੰਨਾ – 1059*

ਇਹ ਤਨ ਇਕ ਮਹਾਨ ਹਟੜੀ ਹੈ ਜਿਸ ਵਿਚ ਹਰੀ ਦਾ ਅਮੁੱਲ ਨਾਮ ਵਸਦਾ ਹੈ ਜਿਸ ਦੇ ਬਾਰੇ ਫ਼ੁਰਮਾਨ ਹੈ –

*ਸਾਈ ਨਾਮੁ ਅਮੋਲੁ*
*ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ*
*ਸੇ ਨਾਨਕ ਹਰਿ ਰੰਗੁ ਮਾਣਦੋ॥*

*ਪੰਨਾ – 81*

ਸੋ ਇਸ ਵਿਚ ਨਉਨਿਧ ਅੰਮ੍ਰਿਤ ਨਾਮ ਦਾ ਭੰਡਾਰਾ ਹੈ। ਮਨ ਵਣਜਾਰਾ ਬਣ ਕੇ ਲਾਹਾ ਖਟਦਾ ਹੈ, ਸੰਗਤ ਵਣਜ ਕਰਨ ਦਾ ਬਜ਼ਾਰ ਹੈ। ਖਰੀਦਦਾਰ ਸੰਗਤ ਵਿਚ ਰਲ ਕੇ ਨਾਮ ਦਾ ਵਪਾਰ ਕਰਦਾ ਹੈ। ਜਿਵੇਂ ਕਿ–

*ਇਹੁ ਤਨੁ ਹਾਟੁ ਸਰਾਫ ਕੋ*
*ਭਾਈ ਵਖਰੁ ਨਾਮੁ ਅਪਾਰੁ॥*
*ਇਹੁ ਵਖਰੁ ਵਾਪਾਰੀ*
*ਸੋ ਦ੍ਰਿੜੈ ਭਾਈ*
*ਗੁਰ ਸਬਦਿ ਕਰੇ ਵੀਚਾਰੁ॥*
*ਧਨੁ ਵਾਪਾਰੀ ਨਾਨਕਾ*
*ਭਾਈ ਮੇਲਿ ਕਰੇ ਵਾਪਾਰੁ॥*

*ਪੰਨਾ – 636*

ਪਰ ਇਹ ਚੀਜ਼ਾਂ ਬਿਨਾਂ ਸਮਰੱਥ ਮਹਾਂਪੁਰਸ਼ ਦੀ ਸੰਗਤ ਕੀਤਿਆਂ ਪ੍ਰਾਪਤ ਹੋਣੀਆਂ ਬਹੁਤ ਔਖੀਆਂ ਹਨ, ਗੁਰਮੁਖ ਦੀ ਮਦਦ ਦੀ ਅਤਿਅੰਤ ਲੋੜ ਹੈ ਫ਼ੁਰਮਾਨ ਹੈ –

*ਇਸੁ ਕਾਇਆ ਅੰਦਰਿ ਵਸਤੁ ਅਸੰਖਾ॥*
*ਗੁਰਮੁਖਿ ਸਾਚੁ ਮਿਲੈ ਤਾ ਵੇਖਾ॥*
*ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ॥*

*ਪੰਨਾ – 110*

ਅਸੀਂ ਗੁਰੂ ਵਾਲੇ ਕਹਾਉਂਦੇ ਹਾਂ ਅਤੇ ਆਪਣੇ

ਆਪ ਨੂੰ ਵਡਭਾਗੇ ਜਾਣਦੇ ਹਾਂ, ਅਸਾਡੇ ਵਿਚੋਂ ਬਹੁਤੇ ਕੁਝ ਵੀ ਨਹੀਂ ਕਰ ਰਹੇ। ਬਹੁਤਿਆਂ ਨੂੰ ਤਾਂ ਗੁਰੂ ਮਿਲਿਆ ਹੀ ਨਹੀਂ, ਅਸਾਨੂੰ ਮਿਲ ਗਿਆ ਹੈ। ਅਸਾਡਾ ਉਹ ਹਾਲ ਹੈ ਜਿਵੇਂ ਕੋਈ ਪਿਆਸਾ ਪਾਣੀ ਦੀ ਤਲਾਸ਼ ਕਰਦਾ-ਕਰਦਾ ਬੜੀ ਮੁਸ਼ਕਲ ਨਾਲ ਪਾਣੀ ਦੇ ਕਿਨਾਰੇ ਆ ਕੇ ਬੈਠ ਗਿਆ। ਕਿਨਾਰੇ ਤੇ ਤਾਂ ਬੈਠਾ ਰਿਹਾ ਪਰ ਉਂਜਲ ਭਰ ਕੇ ਪਾਣੀ ਨਹੀਂ ਪੀ ਰਿਹਾ ਅਤੇ ਉਥੇ ਹੀ ਪਿਆਸੇ ਨੇ ਆਪਣੇ ਪ੍ਰਾਣ ਤਿਆਗ ਦਿਤੇ। ਇਸ ਤਰ੍ਹਾਂ ਅਸੀਂ ਸਮਰੱਥ ਗੁਰੂ ਤਾਂ ਲੱਭ ਲਿਆ, ਅਸਾਡੇ ਗੁਰਸਿੱਖੀ ਮੰਡਲ ਵਿਚ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰਾ ਸਤਿਗੁਰੂ ਮੰਨਦੇ ਹਾਂ। ਪੂਰਾ ਸਤਿਗੁਰੂ ਅਸਾਨੂੰ ਪੂਰਨ ਮਹਾਂਪੁਰਸ਼ ਪਾਸ ਜਾਣ ਦਾ ਹੁਕਮ ਦਿੰਦਾ ਹੈ। ਅਸੀਂ ਉਹ ਹੁਕਮ ਬਹੁਤ ਹੀ ਵਜਦ ਵਿਚ ਆ ਕੇ ਗਾਉਂਦੇ ਹਾਂ। ਅਸਾਡੇ ਕਥਾਕਾਰ ਬਹੁਤ ਹੀ ਨਵੀਆਂ ਤੋਂ ਨਵੀਆਂ ਉਦਾਹਰਣਾਂ ਦੇ ਕੇ ਉਸ ਦੀ ਵਿਆਖਿਆ ਕਰਦੇ ਹਨ ਪਰ ਕੀ ਮਜ਼ਾਲ ਕਿ ਅਸੀਂ ਇਕ ਕਦਮ ਵੀ ਅੱਗੇ ਵਧੀਏ। ਅਸਾਡਾ ਮਨ ਕੱਚਿਆਂ ਬੰਦਿਆਂ ਦੀਆਂ ਕੱਚੀਆਂ ਗੱਲਾਂ ਸੁਣ ਕੇ ਤਰਕਾਂ ਨਾਲ ਭਰਿਆ ਪਿਆ ਹੈ। ਅਸੀਂ ਇਹ ਗੱਲ ਮੰਨਣ ਲਈ ਤਿਆਰ ਹੀ ਨਹੀਂ ਹਾਂ ਕਿ ਗੁਰਮੁਖਾਂ ਦੀ ਸੰਗਤ ਵੀ ਜ਼ਰੂਰੀ ਹੈ। ਗੁਰੂ ਮਹਾਰਾਜ ਬਾਰ-ਬਾਰ ਕਹਿੰਦੇ ਹਨ ਕਿ ਤੁਸੀਂ ਗੁਰਮੁਖ ਪਿਆਰਿਆਂ ਦੇ ਪਾਸ ਜਾਓ, ਜਿਨ੍ਹਾਂ ਨੂੰ ਮਿਲਿਆ ਹੈ ਉਨ੍ਹਾਂ ਦੀ ਸੰਗਤ ਕਰੋ, ਪਰ ਅਸਾਨੂੰ ਰੌਲੇ-ਗੌਲੇ ਵਿਚ ਕੁਝ ਵੀ ਨਹੀਂ ਸੁਝਦਾ। ਫੇਰ ਇਹ ਅਸਾਡੇ ਦੁਰਭਾਗ ਹੀ ਹੋਏ। ਗੁਰੂ ਵੀ ਮਿਲ ਗਿਆ ਪਰ ਉਸ ਦਾ ਹੁਕਮ ਨਹੀਂ ਮੰਨਿਆ। ਬਸ ਇਸ ਗੱਲ ਵਿਚ ਹੀ ਫਸੇ ਰਹਿੰਦੇ ਹਾਂ ਕਿ ਅਸਾਨੂੰ ਗੁਰੂ ਮਿਲ ਗਿਆ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ! ਜੇ ਗੁਰੂ ਦਾ ਹੁਕਮ ਨਹੀਂ ਮੰਨਦੇ ਤਾਂ ਗੁਰੂ ਕੀ ਕਰੇ। ਅਸੀਂ ਉਸ ਬਾਂਸ ਵਾਂਗ ਹਾਂ ਜਿਸ ਦੇ ਇਕ ਪਾਸੇ ਫੂਕ ਮਾਰੋ, ਦੂਜੇ ਪਾਸੇ ਹਵਾ ਨਿਕਲ ਜਾਂਦੀ ਹੈ। ਇਹ ਫੂਕ ਜੇ ਧਰਤੀ ਤੇ ਮਾਰੀਏ ਤਾਂ ਧੂੜ ਉਡਾ ਦਿੰਦੀ ਹੈ, ਬੁਝੀ ਅੱਗ ਤੇ ਮਾਰਦੇ ਹਾਂ ਤਾਂ ਅੱਗ ਪ੍ਰਜੂਲਤ ਹੋ ਜਾਂਦੀ ਹੈ, ਜੇ ਪਾਣੀ ਵਿਚ ਮਾਰੀਏ ਤਾਂ ਪਾਣੀ ਨੂੰ ਕਾਰਬਨ ਨਾਲ ਭਰ ਦਿੰਦੇ ਹਾਂ, ਇਸ ਦੇ ਵਿਪਰੀਤ ਉਸੇ ਬਾਂਸ ਦੀ ਬਣੀ ਬੰਸਰੀ ਜਿਸ ਦਾ ਪੇਂਦਾ ਬੰਦ ਹੈ ਤਾਂ ਉਸ ਦੇ ਸੁਰਾਖਾਂ ਵਿਚੋਂ ਬਹੁਤ ਹੀ ਮਨ ਨੂੰ ਮੋਹਣ ਵਾਲੀ ਮਨਮੋਹਕ ਧੁਨ ਪੈਦਾ ਹੁੰਦੀ ਹੈ। ਜਦੋਂ ਕਿਸੇ ਮਰਿਆਦਾ ਵਿਚ ਆ ਕੇ ਵਜਾਈ ਜਾਵੇ ਤਾਂ ਮਸਤ ਕਰਨ ਵਾਲੀਆਂ ਤਾਨਾਂ ਅਸੀਂ ਸੁਣਦੇ ਹਾਂ। ਬਾਂਸ ਓਹੀ ਹੈ ਪਰ ਉਸਦੀ ਵਰਤੋਂ ਵੱਖਰੀ-ਵੱਖਰੀ ਹੈ। ਪਿਆਰਿਓ! ਸਮਝੋ, ਪੂਰਾ ਸਤਿਗੁਰੂ ਕੀ ਕਰੇ, ਜੇ ਤੁਹਾਡੇ ਵਿਚ ਹੀ ਸ਼ਰਧਾ ਨਹੀਂ ਅਤੇ ਬਚਨ ਦੀ ਕਮਾਈ ਕਰਨ ਦੀ ਤੀਬਰਤਾ ਨਹੀਂ। ਤੁਹਾਨੂੰ ਹਰ ਸਮੇਂ ਸ਼ੱਕ ਪਿਆ ਰਹਿੰਦਾ ਹੈ ਕਿ ਸੰਤ ਸੰਸਾਰ ਵਿਚ ਕੋਈ ਨਹੀਂ ਹੈ, ਗੁਰੂ ਘਰ ਵਿਚ ਕੋਈ ਸੰਤ ਨਹੀਂ ਹੈ। ਥੋੜ੍ਹੀ ਦੇਰ ਵਾਸਤੇ ਮੈਂ ਵੀ ਜੇ ਨਾਲ ਸਹਿਮਤ ਹੋ ਜਾਂਦਾ ਹਾਂ ਕਿ ਭੇਖ ਧਾਰਨ ਨਾਲ ਸੰਤ ਨਹੀਂ ਬਣਿਆ ਜਾਂਦਾ, ਸੰਤ ਕਹਾਉਣ ਨਾਲ ਸੰਤ ਨਹੀਂ ਬਣਿਆ ਜਾਂਦਾ, ਸੰਤ ਤਾਂ ਇਕ ਰਹਿਤ ਹੈ ਜਿਸ ਦੇ ਬਾਰੇ ਗੁਰਬਾਣੀ ਵਿਚ ਵਿਸਥਾਰ ਨਾਲ ਖੋਲ੍ਹ ਕੇ ਦਸਿਆ ਹੈ ਜਿਸ ਦੇ ਬਾਰੇ ਸੰਗਤ ਵਿਚ ਵੀ ਆਮ ਤੌਰ ਤੇ ਜ਼ਿਕਰ ਹੁੰਦਾ ਹੀ ਰਹਿੰਦਾ ਹੈ। ਜਿਸ ਸੰਪਰਦਾ ਵਿਚ ਜੀਵ ਤਰੱਕੀ ਕਰਕੇ ਪਹੁੰਚ ਹੀ ਨਹੀਂ ਸਕਿਆ ਉਸ ਸੰਪਰਦਾ ਦਾ ਉਪਦੇਸ਼ ਅਧੂਰਾ ਹੈ, ਉਹ ਸੰਪਰਦਾ ਇਕ ਬੜਾ ਭਾਰੀ ਖਤਰਾ ਹੁੰਦੀ ਹੈ। ਠੀਕ ਹੈ, ਪਾਖੰਡ ਬਹੁਤ ਵਧ ਗਿਆ, ਪੈਸਾ ਕਮਾਉਣ ਲਈ ਮਾਇਆ ਦੇ ਪਿਆਰੇ ਅਨੇਕ ਕਿਸਮ ਦੇ ਬਾਣੇ ਪਾ ਕੇ ਜਗਿਆਸੂ ਨੂੰ ਧੋਖਾ ਦੇਣ ਵਾਲੀ ਗੱਲ ਕਰ ਰਹੇ ਹਨ। ਆਪਣੇ ਆਪ ਨੂੰ ਵੀ ਸੰਤ ਕਹਾਉਣ ਲਗ ਜਾਂਦੇ ਹਨ -

***ਭੇਖ ਦਿਖਾਇਓ ਜਗਤ ਕਉ***
***ਲੋਗਨ ਕਉ ਬਸ ਕੀਨ॥***
***ਅੰਤ ਕਾਲ ਕਾਤੀ ਕਟਿਓ***
***ਬਾਸ ਨਰਕ ਮਹਿ ਲੀਨ॥ (ਦਸਮ ਗ੍ਰੰਥ)***

ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਗੁਰੂ ਘਰ ਵਿਚ ਗੁਰਮੁਖਾਂ ਦੀ ਅਣਹੋਂਦ ਹੈ। ਗੁਰਮੁਖ ਪਿਆਰੇ ਜਣਾਇਆ ਨਹੀਂ ਕਰਦੇ, ਆਪਣੀਆਂ ਮਹਾਨ ਪ੍ਰਾਪਤੀਆਂ ਨੂੰ ਛੁਪਾ ਕੇ ਰਖਦੇ ਹਨ, ਲੈਕਚਰ ਨਹੀਂ ਦਿਵਾਉਂਦੇ, ਅਖਬਾਰਾਂ ਵਿਚ ਨਹੀਂ ਕਢਾਉਂਦੇ, ਕਦੇ ਨਹੀਂ ਆਖਦੇ ਕਿ ਅਸਾਡੇ ਪਿਛੇ ਲੱਗੋ। ਉਨ੍ਹਾਂ ਦੀ ਅਵਸਥਾ ਤਾਂ ਇਹ ਹੋਇਆ ਕਰਦੀ ਹੈ -

***ਹੋਨਿ ਨਜੀਕਿ ਖੁਦਾਇ ਦੈ***
***ਭੇਤੁ ਨ ਕਿਸੈ ਦੇਨਿ॥ ਪੰਨਾ - 1384***

ਪ੍ਰਵਾਨ ਹੋਈ ਰੂਹ ਦੀ ਸੰਗਤ ਇਸ ਕਰਕੇ ਜ਼ਰੂਰੀ ਹੈ ਕਿ ਜਦੋਂ ਅਗਿਆਨੀਆਂ ਦੇ ਅੰਧਕਾਰਮਈ ਬਚਨ ਸਰਵਣ ਕਰਾਂਗੇ ਤਾਂ ਅਸੀਂ ਆਪਣਾ ਮਾਰਗ ਗੁਆ ਬੈਠਾਂਗੇ। ਇਹ ਬਚਨ ਮੈਂ ਸਾਰੀਆਂ ਸੰਪਰਦਾਵਾਂ ਦੇ ਪ੍ਰੇਮੀਆਂ ਨੂੰ ਕਹਿੰਦਾ ਹਾਂ ਕਿ ਪਿਆਰਿਓ! ਪੂਰਨ ਮਹਾਂਪੁਰਸ਼ ਦੀ ਸੰਗਤ ਬਿਨਾਂ ਰਸਤਾ ਨਹੀਂ ਮਿਲਿਆ ਕਰਦਾ ਉਨ੍ਹਾਂ ਦੇ ਦਰਸ਼ਨਾਂ ਵਿਚ ਐਨੀ ਖਿੱਚ ਹੁੰਦੀ ਹੈ ਕਿ-

***ਆਵੈ ਸਾਹਿਬੁ ਚਿਤਿ***
***ਤੇਰਿਆ ਭਗਤਾ ਡਿਠਿਆ॥***
***ਪੰਨਾ - 520***

ਉਨ੍ਹਾਂ ਦੀ ਸੰਗਤ ਵਿਚ ਆਤਮਾ ਦਾ ਵਪਾਰ ਹੁੰਦਾ ਹੈ ਜੋ ਸਾਰੇ ਦੁਖਾਂ ਦਾ ਖਾਤਮਾ ਕਰਕੇ ਪ੍ਰੇਮ ਸੁੱਖ ਵਿਚ ਪ੍ਰਵੇਸ਼ ਕਰਾ ਦਿੰਦਾ ਹੈ -

***ਓਥੈ ਅੰਮ੍ਰਿਤੁ ਵੰਡੀਐ***
***ਸੁਖੀਆ ਹਰਿ ਕਰਣੇ॥***
***ਜਮ ਕੈ ਪੰਥਿ ਨ ਪਾਈਅਹਿ***
***ਫਿਰਿ ਨਾਹੀ ਮਰਣੇ॥***
***ਜਿਸ ਨੋ ਆਇਆ ਪ੍ਰੇਮ ਰਸੁ***

*ਤਿਸੈ ਹੀ ਜਰਣੇ॥*
*ਬਾਣੀ ਉਚਰਹਿ ਸਾਧ ਜਨ*
*ਅਮਿਉ ਚਲਹਿ ਝਰਣੇ॥*
*ਪੇਖਿ ਦਰਸਨੁ ਨਾਨਕੁ ਜੀਵਿਆ*
*ਮਨ ਅੰਦਰਿ ਧਰਣੇ॥ ਪੰਨਾ-320*

ਸੋ ਬਾਣੀ ਵਿਚ ਫੁਰਮਾਨ ਆਉਂਦਾ ਹੈ –

*ਕਬੀਰ ਸਾਚਾ ਸਤਿਗੁਰੁ ਕਿਆ ਕਰੈ*
*ਜਉ ਸਿਖਾ ਮਹਿ ਚੂਕ॥*
*ਅੰਧੇ ਏਕ ਨ ਲਾਗਈ*
*ਜਿਉ ਬਾਂਸੁ ਬਜਾਈਐ ਫੂਕ॥*

ਜਦੋਂ ਬਚਨ ਮੰਨਣਾ ਹੀ ਨਾ ਹੋਇਆ, ਆਪਣੀ ਬੁੱਧੀ ਨੂੰ ਗੁਰੂ ਮਹਾਰਾਜ ਜੀ ਦੇ ਅਨੁਭਵ ਤੋਂ ਉਚਾ ਸਮਝਣਾ ਹੈ ਤਾਂ ਕਿਸ ਤਰ੍ਹਾਂ ਨਾਲ ਪ੍ਰਾਪਤੀ ਹੋ ਸਕਦੀ ਹੈ? ਗੁਰੂ ਤਾਂ ਇਹ ਕਹਿੰਦਾ ਹੈ ਕਿ ਜੇ ਤੂੰ 'ਆਤਮ ਮਾਰਗ' ਉਪਰ ਚਲਣਾ ਹੈ ਤਾਂ ਪਿਆਰਿਆ! ਤਨ ਵੀ, ਮਨ ਵੀ, ਧਨ ਵੀ ਮੈਨੂੰ ਦੇ ਦੇ। ਆਪ ਬਿਲਕੁਲ ਖਾਲੀ ਹੋ ਜਾ, ਤੂੰ ਆਪਣੇ ਕੋਲ ਨਾ ਤਨ ਰੱਖ, ਨਾ ਮਨ ਰੱਖ, ਨਾ ਧਨ ਰੱਖ, ਨਾ ਬੁੱਧੀ, ਨਾ ਚਿੱਤ, ਨਾ 'ਮੈਂ' ਭਾਵ ਰੱਖ, ਤੂੰ ਪੂਰਨ ਰੂਪ ਵਿਚ ਮਰਨਾ ਕਬੂਲ ਲੈ ਅਤੇ ਫੇਰ ਤੂੰ ਇਸ ਮਾਰਗ ਤੇ ਚਲਣ ਦਾ ਅਧਿਕਾਰੀ ਹੋ ਜਾਵੇਂਗਾ –

*ਪਹਿਲਾ ਮਰਣੁ ਕਬੂਲਿ*
*ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ*
*ਤਉ ਆਉ ਹਮਾਰੈ ਪਾਸਿ॥ ਪੰਨਾ-1102*

ਸੋ ਮੈਂ ਬੇਨਤੀ ਕਰਦਾ ਹਾਂ ਕਿ ਸਾਧਸੰਗਤ ਜੀ! ਗੁਰੂ ਮਹਾਰਾਜ ਗੁਰੂ ਤਾਂ ਪੂਰੇ ਹਨ ਪਰ ਅਸਾਡੀ ਬਿਰਤੀ ਬੰਸਰੀ ਵਰਗੀ ਨਹੀਂ ਹੈ। ਸਾਡੇ ਉਤੇ ਕੋਈ ਵੀ ਬਚਨ ਅਸਰ ਨਹੀਂ ਕਰਦਾ ਪਰ ਅਸੀਂ ਬੜਾ ਅਭਿਮਾਨ ਕਰਦੇ ਹਾਂ ਕਿ ਮੈਂ 'ਜਪੁਜੀ ਸਾਹਿਬ' ਦੇ 15 ਪਾਠ ਰੋਜ਼ ਕਰਦਾ ਹਾਂ, ਗੁਰੂ ਗ੍ਰੰਥ ਸਾਹਿਬ ਜੀ ਦੇ 30-30, 40-40 ਪਤਰੇ ਇਕ ਘੰਟੇ ਵਿਚ ਕਰ ਲੈਂਦਾ ਹਾਂ, ਮੈਂ ਕਥਾ ਕਰਦਾ ਹਾਂ, ਮੇਰੀ ਕਥਾ ਸਰੋਤਿਆਂ ਨੂੰ ਪ੍ਰਭਾਵਿਤ ਕਰ ਲੈਂਦੀ ਹੈ ਪਰ ਕੀ ਮਜ਼ਾਲ ਸਤਿਗੁਰੂ ਦਾ ਕੋਈ ਬਚਨ ਮੇਰੇ ਉਤੇ ਅਸਰ ਕਰੇ। ਬੇਅੰਤ ਸਾਖੀਆਂ ਆਉਂਦੀਆਂ ਹਨ।

ਗੁਰੂ ਛੇਵੇਂ ਪਾਤਸ਼ਾਹ ਦੇ ਦਰਬਾਰ ਦੇ ਅੰਦਰ ਸੰਗਤਾਂ ਸ਼ਸ਼ੋਭਤ ਹਨ। ਮਹਾਰਾਜ ਜੀ ਬਚਨ ਕਰ ਰਹੇ ਹਨ ਅਤੇ ਸੰਗਤਾਂ ਬਚਨ ਸੁਣ-ਸੁਣ ਕੇ ਬਹੁਤ ਹੀ ਪ੍ਰਭਾਵਿਤ ਹੋ ਰਹੀਆਂ ਹਨ। ਇਨ੍ਹਾਂ ਸੰਗਤਾਂ ਵਿਚ ਇਕ ਸੁਥਰਾਸ਼ਾਹ ਨਾਂ ਦਾ ਸਿੱਖ ਸੀ ਉਹ ਹਾਸ ਰਸ ਅਤੇ ਵਿਅੰਗ ਭਾਵ ਨੂੰ ਵਰਤ ਕੇ ਉਚੇ ਤੋਂ ਉਚੇ ਉਪਦੇਸ਼ ਦਿਆ ਕਰਦਾ ਸੀ। ਗੁਰੂ ਜੀ ਦੇ ਬਚਨਾਂ ਨੂੰ ਸੁਣ ਕੇ ਉਹ ਗੁਰੂ ਮਹਾਰਾਜ ਜੀ ਵਲ ਪਿੱਠ ਕਰਕੇ ਬੈਠ ਗਿਆ, ਕਈ ਸਿੱਖਾਂ ਨੇ ਉਸ ਨੂੰ ਦੇਖਿਆ ਅਤੇ ਕਿਹਾ ਕਿ ਸੁਥਰੇ! ਤੂੰ ਐਡੀ ਅਵੱਗਿਆ ਕਰ ਰਿਹਾ ਹੈਂ ਕਿ ਗੁਰੂ ਮਹਾਰਾਜ ਵਲ ਪਿੱਠ ਕੀਤੀ ਹੋਈ ਹੈ ਪਰ ਉਹ ਕਿਸੇ ਦੀ ਗੱਲ ਨਾ ਮੰਨਿਆ ਅਤੇ ਪਿੱਠ ਕਰਕੇ ਬੈਠਾ ਰਿਹਾ। ਜਦੋਂ ਕੋਈ ਉਸ ਨੂੰ ਕੋਈ ਗੱਲ ਕਹਿੰਦਾ, ਉਹ ਇਕੋ ਹੀ ਗੱਲ ਕਰਦਾ ਸੀ ਕਿ ਮੇਰੇ ਤੋਂ ਜੁੱਤੀਆਂ ਨਹੀਂ ਖਾ ਹੁੰਦੀਆਂ। ਜਦੋਂ ਗੁਰੂ ਮਹਾਰਾਜ ਜੀ ਬਚਨ ਕਰਦੇ ਸਨ ਤਾਂ ਹੌਲੀ-ਹੌਲੀ ਉਸਦੀ ਚੀਕ ਨਿਕਲ ਜਾਂਦੀ ਸੀ ਅਤੇ ਹਾਏ-ਹਾਏ ਕਰਨ ਲੱਗ ਜਾਂਦਾ ਸੀ। ਗੁਰੂ ਮਹਾਰਾਜ ਜੀ ਨੇ ਜਦੋਂ ਆਪਣੇ ਬਚਨ ਸਮਾਪਤ ਕੀਤੇ ਤਾਂ ਇਕ ਸਿੱਖ ਨੇ ਕਿਹਾ ਕਿ ਪਾਤਸ਼ਾਹ! ਆਹ ਸੁਥਰਾ ਹਮੇਸ਼ਾ ਹੀ ਉਲਟੇ ਕੰਮ ਕਰਦਾ ਹੈ। ਅੱਜ ਅਸੀਂ ਇਸ ਨੂੰ ਕਹਿ-ਕਹਿ ਕੇ ਥੱਕ ਗਏ ਕਿ ਤੂੰ ਗੁਰੂ ਮਹਾਰਾਜ ਜੀ ਵਲ ਪਿੱਠ ਨਾ ਕਰ ਪਰ ਇਸ ਨੇ ਸਾਡੀ ਕੋਈ ਗੱਲ ਨਹੀਂ ਸੁਣੀ ਅਤੇ ਸੱਚੇ ਪਾਤਸ਼ਾਹ! ਅਹੁ-ਅਹੁ (ਹਾਏ-ਹਾਏ) ਕਰੀ ਜਾਂਦਾ ਸੀ। ਮਹਾਰਾਜ ਜੀ ਨੇ ਆਪਣੇ ਕੋਲ ਬੁਲਾ ਲਿਆ ਅਤੇ ਕਿਹਾ ਕਿ ਸੁਥਰੇ ਸ਼ਾਹ! ਕੀ ਗੱਲ ਹੈ ਪਿਆਰਿਆ? ਸੁਥਰੇ ਸ਼ਾਹ ਇਹ ਸੁਣ ਕੇ ਰੋ ਪਿਆ ਅਤੇ ਕਹਿਣ ਲੱਗਾ ਕਿ ਸੱਚੇ ਪਾਤਸ਼ਾਹ! ਤੇਰੇ ਸਿੱਖ ਬਹੁਤ ਤਕੜੇ ਹਨ, ਮੈਂ ਤਾਂ ਸਾਰਿਆਂ ਨਾਲੋਂ ਮਾੜਾ ਹਾਂ, ਤੇਰੀਆਂ ਉਪਦੇਸ਼ ਰੂਪ ਜੁੱਤੀਆਂ ਜਦੋਂ ਪੈਂਦੀਆਂ ਸਨ, ਜਦੋਂ ਤਮਾਚੇ ਪੈਂਦੇ ਸਨ ਤਾਂ ਮੇਰੇ ਤੋਂ ਤਾਂ ਦੋ ਚਾਰ ਹੀ ਸਹਾਰ ਹੋਏ, ਵੱਧ ਸਹਾਰ ਨਹੀਂ ਹੋਏ। ਮੈਂ ਤਾਂ ਪਿੱਠ ਕਰ ਲਈ ਪਰ ਪਿੱਠ ਉਤੇ ਵੀ ਜੁੱਤੀਆਂ ਪਈਆਂ ਅਤੇ ਮੈਂ ਹਾਏ-ਹਾਏ ਕਰਦਾ ਰਿਹਾ। ਸੱਚੇ ਪਾਤਸ਼ਾਹ! ਧੰਨ ਨੇ ਤੇਰੇ ਸਿੱਖ ਜਿਹੜੇ ਐਨੇ ਥੱਪੜ ਖਾ ਕੇ ਸਨਮੁਖ ਬੈਠੇ ਰਹੇ। ਸੋ ਪਿਆਰਿਓ! ਗੁਰੂ ਮਹਾਰਾਜ ਕਿੰਨੀਆਂ ਥਪੇੜਾਂ ਸਾਨੂੰ ਮਾਰ ਰਹੇ ਹਨ ਅਸੀਂ ਝੂੰਮਦੇ ਹਾਂ ਪਰ ਕੋਈ ਵੀ ਬਚਨ ਮੰਨਣ ਨੂੰ ਤਿਆਰ ਨਹੀਂ ਹਾਂ, ਉਥੇ ਦੇ ਉਥੇ ਹੀ ਰਹਿੰਦੇ ਹਾਂ, ਬਦਲਣ ਦਾ ਕੋਈ ਜਤਨ ਨਹੀਂ ਕਰਦੇ। ਗੁਰੂ ਮਹਾਰਾਜ ਜੀ ਕਹਿੰਦੇ ਹਨ, ਅਜਿਹੇ ਬੰਦਿਆਂ ਨਾਲ ਵਾਹ ਪਾ ਕੇ ਪੂਰਾ ਸਤਿਗੁਰੂ ਕੀ ਕਰੇ, ਸਤਿਗੁਰੂ ਨੇ ਤਾਂ ਐਸ ਸਰੀਰ ਵਿਚ ਪ੍ਰਭੂ ਦੇ ਦਰਸ਼ਨ ਕਰਾ ਦੇਣੇ ਹਨ ਕਿਉਂਕਿ ਪੂਰੇ ਸਤਿਗੁਰੂ ਦੀ ਨਿਸ਼ਾਨੀ ਇਹੀ ਹੁੰਦੀ ਹੈ –

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਪੰਨਾ – 1291*

ਗੁਰੂ ਉਹ ਨਹੀਂ ਹੋਇਆ ਕਰਦਾ ਜਿਹੜਾ ਐਵੇਂ ਕਹਿ ਦੇਵੇ –

*ਕੰਨਾ ਵਾਟੀ ਕੁਰਰ,*
*ਤੂੰ ਮੇਰਾ ਚੇਲਾ ਤੇ ਮੈਂ ਤੇਰਾ ਗੁਰਰ।*

ਗੁਰੂ ਕੋਲ ਨਾਮ ਦੀ ਦਾਤ ਹੁੰਦੀ ਹੈ, ਗੁਰੂ ਘਰ ਵਿਚ ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਮੰਤਰ ਦਿੰਦੇ ਹਨ ਪਰ ਜਦੋਂ ਅਸੀਂ ਗੁਰੂ ਮਹਾਰਾਜ ਜੀ ਨਾਲ ਬਚਨ ਕਰਦੇ ਹਾਂ ਤਾਂ ਉਨ੍ਹਾਂ ਦਾ ਜ਼ਬਰਦਸਤ ਫੁਰਮਾਨ ਆਉਂਦਾ ਹੈ ਪਿਆਰਿਓ! ਉਨ੍ਹਾਂ ਸੋਹਾਗਣਾਂ ਦੀ ਸੰਗਤ ਕਰੋ ਜਿਹੜੀਆਂ ਮਿਲੀਆਂ ਹੋਈਆਂ ਹਨ। ਉਨ੍ਹਾਂ

ਸੰਤਾਂ ਪਾਸ ਜਾ ਕੇ ਬੇਨਤੀ ਕਰੋ, ਉਨ੍ਹਾਂ ਦੀ ਮਦਦ ਮੰਗੋ ਉਹ ਅਸਾਡਾ ਉਪਦੇਸ਼ ਆਪਣੇ ਜੀਵਨ ਤੇ ਕਮਾ ਕੇ ਆਪਣੇ ਪ੍ਰਾਪਤ ਕੀਤੇ ਅਨੁਭਵ ਦੇ ਮੁਤਾਬਿਕ ਤੁਹਾਡੇ ਅੰਧੇਰੇ ਮਨ ਵਿਚ ਸ਼ਬਦ ਦਾ ਦੀਵਾ ਜਾਲ ਕੇ ਪ੍ਰਕਾਸ਼ ਕਰ ਦੇਣਗੇ। ਗੁਰੂ ਘਰ ਦੇ ਅੰਦਰ ਬੇਅੰਤ ਪਹੁੰਚੇ ਹੋਏ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਨੇ ਲੱਖਾਂ ਪ੍ਰੇਮੀਆਂ ਨੂੰ ਪ੍ਰਭੂ ਨਾਲ ਜੋੜਿਆ ਹੈ ਅਤੇ ਪ੍ਰਭੂ ਨਾਲ ਮਿਲਾਇਆ ਹੈ। ਜੇ ਅਨੁਭਵ ਵਿਹੂਣੇ ਇਹ ਗੱਲ ਕਹੀ ਜਾਂਦੇ ਹਨ ਕਿ ਗੁਰਮੁਖ ਦੀ ਸੰਗਤ ਦੀ ਕੋਈ ਲੋੜ ਨਹੀਂ ਤਾਂ ਉਨ੍ਹਾਂ ਦੀ ਮਰਜ਼ੀ, ਕੀ ਕਿਹਾ ਜਾ ਸਕਦਾ ਹੈ, ਜੇ ਗੁਰੂ ਮਹਾਰਾਜ ਉਨ੍ਹਾਂ ਦੇ ਮੁਖ ਤੋਂ ਬਚਨ ਕਢਾਉਂਦੇ ਹਨ ਤਾਂ ਅਸਾਡਾ ਕੀ ਰੋਸ ਉਨ੍ਹਾਂ ਨਾਲ। ਗੁਰੂ ਮਹਾਰਾਜ ਜੀ ਇਸੇ ਸ਼ਬਦ ਵਿਚ ਫੁਰਮਾਨ ਕਰਦੇ ਹਨ –

*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ ॥*

*ਪੰਨਾ – 1291*

ਗੁਰੂ ਮਹਾਰਾਜ ਨਾਮ ਜਪਣ ਵਾਲਿਆਂ ਗੁਰਮੁਖ ਪਿਆਰਿਆਂ ਨੂੰ ਜੋ ਆਪ ਵੀ ਨਾਮ ਜਪਦੇ ਹਨ ਅਤੇ ਦੂਜਿਆਂ ਨੂੰ ਜਪਾਉਂਦੇ ਹਨ, ਉਚੀ ਪਦਵੀ ਦਿੰਦਿਆਂ ਫੁਰਮਾਉਂਦੇ ਹਨ–

*ਜਨੁ ਨਾਨਕੁ ਧੂੜਿ ਮੰਗੈ*
*ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*

*ਪੰਨਾ – 306*

*ਧਾਰਨਾ – ਘਰ ਮਹਿ ਘਰ ਦਿਖਾਏ ਦੇ,*
*ਸੋ ਸਤਿਗੁਰੂ ਪੁਰਖ ਸੁਜਾਨ*

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ*
*ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ*
*ਸਾਚਿ ਤਖਤਿ ਸੁਲਤਾਨੁ ॥*
*ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ ॥*
*ਅਕਥ ਕਥਾ ਬੀਚਾਰੀਐ*
*ਮਨਸਾ ਮਨਹਿ ਸਮਾਇ ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ ॥*
*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ ॥*
*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ ॥ ਪੰਨਾ-1291*

ਇਸ ਸਰੀਰ ਵਿਚ ਹੀ ਜੋ ਵਾਹਿਗੁਰੂ ਦਾ ਘਰ ਦਿਖਾ ਦੇਵੇ ਜਿਸ ਦੇ ਬਾਰੇ ਐਸਾ ਫੁਰਮਾਨ ਆਉਂਦਾ ਹੈ –

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥*

*ਪੰਨਾ – 1033*

ਅੱਗੇ ਫੁਰਮਾਨ ਕਰਦੇ ਹਨ ਕਿ ਇਸ ਦੇ ਅੰਦਰ ਐਨੀਆਂ ਕੀਮਤੀ ਚੀਜ਼ਾਂ ਹਨ, ਐਨੇ ਸੋਹਣੇ ਬਜ਼ਾਰ ਹਨ ਜਿਥੇ ਆਤਮ ਵਸਤੂ ਦਾ ਵਪਾਰ ਹੁੰਦਾ ਹੈ ਪਰ ਇਨ੍ਹਾਂ ਕੀਮਤੀ ਵਸਤਾਂ ਦੀ ਰਾਖੀ ਵਾਸਤੇ ਬਜਰ ਕਪਾਟ ਲੱਗੇ ਹੋਏ ਹਨ ਜਿਸਦੀ ਚਾਬੀ ਗੁਰੂ ਕੋਲ ਹੈ। ਗੁਰੂ ਚਾਬੀ ਲਾ ਕੇ ਸ਼ਬਦ ਰਾਹੀਂ ਦਰਵਾਜ਼ੇ ਖੋਲ੍ਹ ਦਿੰਦਾ ਹੈ –

*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ ॥*

*ਪੰਨਾ – 1033*

ਜਦੋਂ ਗੁਰੂ ਦੇ ਸ਼ਬਦ ਨਾਲ ਇਹ ਕਪਾਟ ਖੁਲ੍ਹ ਗਏ ਤਾਂ ਫੇਰ ਰਸਤਾ ਸਹਿਜ ਨਾਲ ਹੀ ਮਿਲਣਾ ਸ਼ੁਰੂ ਹੋ ਜਾਂਦਾ ਹੈ ਜਿਸ ਦੇ ਬਾਰੇ ਫੁਰਮਾਨ ਹੈ –

*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥*

*ਪੰਨਾ – 1033*

ਸੋ ਉਸਦੀਆਂ ਨਿਸ਼ਾਨੀਆਂ ਬਾਰੇ ਗੁਰੂ ਮਹਾਰਾਜ ਜੀ ਨੇ ਦਸ ਦਿਤਾ ਹੈ। ਪਰ ਇਹ ਮਿਲਦਾ ਤਾਂ ਹੈ ਜੇ ਗੁਰਮੁਖ ਨਾਲ ਮਿਲ ਕੇ ਇਸ ਦੀ ਖੋਜ ਕੀਤੀ ਜਾਵੇ।

*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ ॥ ਪੰਨਾ – 1291*

ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤਾਂ ਦਸਦੇ ਹਨ ਪਰ ਅਸੀਂ ਇਕੋ ਅਵਾਜ਼ ਲਾਈ ਜਾਂਦੇ ਹਾਂ ਕਿ ਸੱਚੇ ਪਾਤਸ਼ਾਹ! ਇਥੇ ਕੋਈ ਗੁਰਮੁਖ ਨਹੀਂ ਹੈ, ਕੋਈ ਸੰਤ ਨਹੀਂ ਹੈ। ਅੰਦਰਲੇ ਮੰਦਰ ਦੀ ਸੋਝੀ ਆਪਣੇ ਆਪ ਨਹੀਂ ਪਿਆ ਕਰਦੀ। ਆਦਮੀ ਦੀਆਂ ਅਨੇਕਾਂ ਕਲਪਨਾਵਾਂ ਅਤੇ ਭਾਵਨਾਵਾਂ ਹੋਇਆ ਕਰਦੀਆਂ ਹਨ ਜਿਸ ਕਰਕੇ ਉਸ ਨੂੰ ਸਹੀ ਸੇਧ ਨਹੀਂ ਮਿਲਦੀ। ਆਤਮ ਮਾਰਗ ਇਕ ਗੁਪਤ ਵਿਦਿਆ ਹੈ ਜੋ ਅੱਖਰਾਂ ਵਿਚ ਵਰਣਨ ਨਹੀਂ ਕੀਤੀ ਜਾ ਸਕਦੀ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਹਨ ਕਿ ਜਦੋਂ ਉਨ੍ਹਾਂ ਦੇ ਅੰਦਰੋਂ ਬਜਰ ਕਪਾਟ ਖੁਲ੍ਹ ਗਏ ਤਾਂ ਨਾ ਕੋਈ ਉਨ੍ਹਾਂ ਵਾਸਤੇ ਛੱਤ ਰਹੀ ਅਤੇ ਨਾ ਹੀ ਪੁਲਾੜ ਵਿਚ ਕੋਈ ਰੁਕਾਵਟ ਰਹੀ, ਅੰਦਰ ਬਾਹਰ ਹਰ ਥਾਂ ਉਨ੍ਹਾਂ ਨੂੰ ਇਕੋ ਜੋਤ ਨਜ਼ਰੀਂ ਆ ਰਹੀ ਸੀ ਜਿਸ ਦੇ ਦਰਸ਼ਨ ਨਾ ਸਹਿਨ ਕਰਦੇ ਹੋਏ ਉਹ ਛੱਤ ਦੇ ਨਾਲ ਜਾ ਲੱਗੇ।

ਬੀਬੀ ਜੀ (ਬੀਬੀ ਰਣਜੀਤ ਕੌਰ ਜੀ) ਦੇ ਪਿਤਾ ਜੀ ਜਿਨ੍ਹਾਂ ਨੂੰ ਆਪ ਨੇ ਸੰਤ ਹੀਰਾ ਸਿੰਘ ਜੀ ਦਾਉਦਪੁਰੀ ਕਰਕੇ ਲਿਖਿਆ ਹੈ। ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਬੈਠੇ ਸਨ, ਚੌਰ ਹੱਥ ਵਿਚ ਫੜਿਆ ਹੋਇਆ ਹੈ ਅਤੇ ਗੁਰਦੁਆਰਾ ਸਾਹਿਬ ਦੀ ਛੱਤ ਨਾਲ ਜਾ ਲੱਗੇ ਕਿਉਂਕਿ ਸ਼ਬਦ ਨੇ ਐਸਾ ਪ੍ਰਕਾਸ਼ ਅੰਦਰ ਕਰ ਦਿਤਾ ਕਿ ਉਸ ਸ਼ਬਦ ਦੀ ਸ਼ਕਤੀ ਨੂੰ ਉਨ੍ਹਾਂ ਦੇ ਸਰੀਰ ਨੇ ਸਹਿਨ ਨਾ ਕੀਤਾ ਤੇ ਉਛਲ ਕੇ ਛੱਤ ਨਾਲ ਜਾ ਲੱਗੇ। ਫੇਰ ਹੇਠਾਂ ਆਏ ਅਤੇ ਦੋਬਾਰਾ ਫੇਰ ਛੱਤ ਨਾਲ ਜਾ ਲੱਗੇ। ਹੌਲੀ-ਹੌਲੀ ਸੰਗਤਾਂ ਦੇ ਉਪਰੋਂ ਦੀ ਹੁੰਦੇ ਹੋਏ ਗੁਰੂ ਗ੍ਰੰਥ ਸਾਹਿਬ ਜੀ ਸਾਮ੍ਹਣੇ ਆ ਕੇ ਲੰਮੇ ਪੈ ਗਏ। ਉਨ੍ਹਾਂ ਦੇ ਸਰੀਰ ਵਿਚੋਂ ਪ੍ਰਕਾਸ਼ ਦੇ ਗੋਲੇ ਨਿਕਲ-ਨਿਕਲ ਗੁਰਦੁਆਰਾ ਸਾਹਿਬ ਵਿਚ ਫੈਲੀ ਜਾਣ ਅਤੇ ਸਾਰੀਆਂ ਸੰਗਤਾਂ ਨੇ ਇਕ ਰੂਹਾਨੀ ਕੰਬਣੀ ਦਾ ਅਨੁਭਵ ਕਰਨਾ ਸ਼ੁਰੂ ਕਰ ਦਿਤਾ, ਜੋ ਅਜਰ ਹੋਇਆ ਕਰਦਾ ਹੈ। ਛੇ ਘੰਟੇ ਇਹ ਹਾਲਤ ਰਹੀ, ਉਸ ਵੇਲੇ ਬਾਪੂ ਜੀ ਨੇ ਇਸ ਅਵਸਥਾ ਨੂੰ ਜਰ ਲਿਆ। ਇਹ ਕਿਉਂ ਹੋਇਆ? ਜਦੋਂ ਜੋਤ ਆਤਮ ਸ਼ਾਖਸ਼ਾਤਕਾਰ ਹੋਈ ਉਸ ਸਮੇਂ ਉਹ ਅਵਸਥਾ ***'ਬਿਸਮਨ ਬਿਸਮ ਭਏ ਜਉ ਪੇਖਿਓ.......॥'*** ਜੋ ਸੀ ਉਨ੍ਹਾਂ ਉਪਰ ਵਾਪਰ ਗਈ। ਸੋ ਸਾਰੀ ਵਿਚਾਰ ਦਾ ਸਿੱਟਾ ਹੈ ਕਿ ਜੋ ਅਵਿਦਿਆ ਦਾ ਪੜਦਾ ਜੀਵ ਉਪਰ ਪਿਆ ਹੋਇਆ ਹੈ ਇਹ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਵਿਚ ਆ ਕੇ ਛਿੰਨ-ਛਿੰਨ ਹੋ ਜਾਇਆ ਕਰਦਾ ਹੈ, ਨਹੀਂ ਤਾਂ ਮਾਇਆ ਦੇ ਪੜਦੇ ਵਿਚ ਜੀਵ ਘੁੰਮਣ-ਘੇਰੀਆਂ ਵਿਚ ਪਿਆ ਰਹਿੰਦਾ ਹੈ ਜਿਵੇਂ ਕਿ ਫੁਰਮਾਨ ਹੈ -

***ਮਾਇਆ ਪਟਲ ਪਟਲ ਹੈ ਭਾਰੀ***
***ਘਰੁ ਘੂਮਨਿ ਘੇਰਿ ਘੁਲਾਵੈਗੋ॥***
***ਪਾਪ ਬਿਕਾਰ ਮਨੂਰ ਸਭਿ ਭਾਰੇ***
***ਬਿਖੁ ਦੁਤਰੁ ਤਰਿਓ ਨ ਜਾਵੈਗੋ॥***
***ਭਉ ਬੈਰਾਗੁ ਭਇਆ ਹੈ ਬੋਹਿਥੁ***
***ਗੁਰੁ ਖੇਵਟੁ ਸਬਦਿ ਤਰਾਵੈਗੋ॥***
***ਰਾਮ ਨਾਮੁ ਹਰਿ ਭੇਟੀਐ***
***ਹਰਿ ਰਾਮੈ ਨਾਮਿ ਸਮਾਵੈਗੋ॥***
***ਅਗਿਆਨਿ ਲਾਇ ਸਵਾਲਿਆ***
***ਗੁਰ ਗਿਆਨੈ ਲਾਇ ਜਗਾਵੈਗੋ॥***
***ਨਾਨਕ ਭਾਣੈ ਆਪਣੈ***
***ਜਿਉ ਭਾਵੈ ਤਿਵੈ ਚਲਾਵੈਗੋ॥***

***ਪੰਨਾ-1308***

***ਧਾਰਨਾ- ਤੈਨੂੰ ਸੁਤਿਆ ਜਾਗ ਨਾ ਆਈ,***
***ਸਤਿਗੁਰੂ ਤੈਨੂੰ ਹਾਕਾਂ ਮਾਰਦੇ***

***ਜਾਗ ਲੇਹੁ ਰੇ ਮਨਾ ਜਾਗ ਲੇਹੁ***
***ਕਹਾ ਗਾਫਲ ਸੋਇਆ॥***
***ਜੋ ਤਨੁ ਉਪਜਿਆ ਸੰਗ ਹੀ***
***ਸੋ ਭੀ ਸੰਗਿ ਨ ਹੋਇਆ॥***
***ਮਾਤ ਪਿਤਾ ਸੁਤ ਬੰਧ ਜਨ***
***ਹਿਤੁ ਜਾ ਸਿਉ ਕੀਨਾ॥***
***ਜੀਉ ਛੂਟਿਓ ਜਬ ਦੇਹ ਤੇ***
***ਡਾਰਿ ਅਗਨਿ ਮੈ ਦੀਨਾ॥***

***ਪੰਨਾ - 727***

ਸੋ ਸਾਨੂੰ ਤਿੰਨਾਂ ਗੁਣਾਂ ਦੀ ਨੀਂਦ ਚੜ੍ਹੀ ਹੋਈ ਹੈ, ਅਗਿਆਨ ਵਿਚ ਅਸੀਂ ਸੁਤੇ ਪਏ ਹਾਂ ਸਤਿਗੁਰੂ ਗਿਆਨ ਦਾ ਟੀਕਾ ਲਾ ਕੇ ਜਗਾ ਦਿਆ ਕਰਦਾ ਹੈ ਅਤੇ ਅਸੀਂ ਸਰੀਰ ਵਿਚ ਆਤਮਾ ਪ੍ਰਮਾਤਮਾ ਨੂੰ ਇਕੋ ਰੂਪ ਵਿਚ ਵੇਖ ਕੇ ਇਹ ਗੱਲ ਪ੍ਰਤੱਖ ਰੂਪ ਵਿਚ ਸਮਝ ਸਕਦੇ ਹਾਂ।

***ਇਆ ਮੰਦਰ ਮਹਿ ਕੌਨ ਬਸਾਈ॥***
***ਤਾ ਕਾ ਅੰਤੁ ਨ ਕੋਊ ਪਾਈ॥***

***ਪੰਨਾ - 871***

ਜਦੋਂ ਜਾਗ ਆ ਜਾਂਦੀ ਹੈ ਉਸ ਵੇਲੇ ਸੁਪਨੇ ਦਾ ਪਸਾਰਾ ਸਾਰਾ ਅਲੋਪ ਹੋ ਜਾਂਦਾ ਹੈ। ਗੁਰੂ ਜਗਾਉਣ ਵਾਸਤੇ ਨਾਮ ਦੀ ਦਾਤ ਦੇ ਕੇ ਇਸਦੀ ਕਮਾਈ ਦੇ ਵੱਖੋ-ਵੱਖਰੇ ਪੜਾਅ ਪ੍ਰਗਟ ਕਰਕੇ ਦਸ ਦਿੰਦਾ ਹੈ। ਜਦੋਂ ਨਾਮ ਹਿਰਦੇ ਵਿਚ ਵਸ ਗਿਆ ਤਾਂ ਦਿਬਯ ਨੇਤਰ ਪ੍ਰਕਾਸ਼ ਹੋ ਕੇ ਤੱਤ ਨੂੰ ਦੇਖ ਲੈਂਦੇ ਹਨ।

ਇਕ ਕਥਾ ਇਸ ਦੇ ਬਾਰੇ ਬਹੁਤ ਹੀ ਬਚਿਤ੍ਰ ਹੈ, ਉਹ ਇਸ ਤਰ੍ਹਾਂ ਹੈ ਕਿ ਨਾਮਦੇਵ ਜੀ ਨੂੰ ਜਦੋਂ ਮਹਾਂਪੁਰਸ਼ਾਂ ਤੋਂ ਗਿਆਨ ਦੀ ਦਾਤ ਪ੍ਰਾਪਤ ਹੋਈ ਉਨ੍ਹਾਂ ਲਈ ਸਾਰਾ ਸੰਸਾਰ ਪ੍ਰਭੂ ਦਾ ਰੂਪ ਹੋ ਭਾਸਣ ਲੱਗ ਗਿਆ। ਇਕ ਵਾਰੀ ਇਸੇ ਧੁਨ ਦੇ ਵਿਚ ਬੈਠੇ ਖਿਚੜੀ ਤਿਆਰ ਕੀਤੀ ਅਤੇ ਉਸ ਵਿਚ ਘੀ ਪਾਉਣ ਲਈ ਨੇੜਲੀ ਕੋਠੜੀ ਵਿਚੋਂ ਘੀ ਕੱਢਣ ਲੱਗੇ ਤਾਂ ਖਿੱਚੜੀ ਜੋ ਪੌਣੇ ਵਿਚ ਗਰਮ ਰੱਖਣ ਲਈ ਵਲੇਟੀ ਹੋਈ ਸੀ ਬਰਤਨ ਸਮੇਤ ਅਤੇ ਕਪੜੇ ਸਮੇਤ ਇਕ ਕੁੱਤੇ ਨੇ ਮੂੰਹ ਵਿਚ ਚੁਕ ਲਈ। ਆਪ ਇਧਰ ਮੂੰਹ ਕਰਕੇ ਦੇਖਦੇ ਹਨ ਤਾਂ ਦਰਵਾਜ਼ੇ ਤੋਂ ਬਾਹਰ ਇਕ ਕੁੱਤਾ ਖਿਚੜੀ ਦਾ ਬਰਤਨ ਲਈਂ ਜਾਂਦਾ ਦੇਖਿਆ ਆਪ ਗੂੜ੍ਹੀ ਤਾਰ ਦੇ ਨਾਲ ਜੁੜੇ ਹੋਏ ਸਨ। ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ -

***ਸਹਜ ਸਮਾਧਿ ਲਗੀ ਲਿਵ ਅੰਤਰਿ***
***ਸੋ ਰਸੁ ਸੋਈ ਜਾਣੈ ਜੀਉ॥***

***ਪੰਨਾ - 106***

ਆਪ ਦੇ ਮੁਖ ਤੋਂ ਅਚਾਨਕ ਨਿਕਲਿਆ ਕਿ ਹੇ ਪ੍ਰਭੂ! ਰੁਖੜੀ ਨਾ ਖਾਇਓ। ਇਸ ਤਰ੍ਹਾਂ ਕੁੱਤੇ ਦੇ ਪਿਛੇ ਦੌੜਦੇ ਹੋਏ ਆਪ ਇਕੋ ਗੱਲ ਬੋਲੀ ਜਾਂਦੇ ਹਨ ਕਿ ਹੇ ਪ੍ਰਭੂ! ਰੁਖੜੀ ਨਾ ਖਾਇਓ, ਰੁਖੜੀ ਨਾ ਖਾਇਓ। ਕੁੱਤਾ ਦੂਰ ਖੇਤਾਂ ਵਿਚ ਦੌੜ ਗਿਆ ਪਰ ਉਸ ਨੇ ਵੀ ਖਿਚੜੀ ਵਾਲਾ ਬਰਤਨ ਨਾ ਛੱਡਿਆ। ਦੂਰ ਜਾ ਕੇ ਉਸ ਦੇ ਮੂੰਹ ਵਿਚੋਂ ਬਰਤਨ ਗਿਰ ਗਿਆ ਤਾਂ ਉਸ ਸਮੇਂ ਆਪ ਪੋਣਾ ਖੋਲ੍ਹ ਕੇ ਖਿਚੜੀ ਵਾਲੇ ਬਰਤਨ ਦਾ ਢੱਕਣ ਚੁੱਕ ਕੇ ਕਟੋਰੀ ਵਿਚ ਪਾਇਆ ਅਤੇ ਘੀ ਰਲਾਉਣ ਲੱਗੇ ਅਤੇ ਬਾਰ-ਬਾਰ ਕਹਿੰਦੇ ਹਨ ਕਿ ਹੇ ਪ੍ਰਭੂ ਆਪ ਨੂੰ ਐਨੀ ਭੁੱਖ ਸੀ ਤਾਂ ਮੈਂ ਪਹਿਲਾਂ ਹੀ ਘੀ ਪਾ ਦਿੰਦਾ ਪਰ ਮੇਰੀ ਬੜੀ ਭਾਰੀ ਭੁੱਲ ਹੋਈ ਕਿ ਆਪ ਰੁਖੜੀ ਖਿਚੜੀ ਹੀ ਚੁਕ ਲਿਆਏ। ਉਸ ਵੇਲੇ ਆਪ ਕੀ ਦੇਖਦੇ ਹਨ ਕਿ ਨਾ ਕਿਤੇ ਕੋਈ ਕੁੱਤਾ ਹੈ ਨਾ ਕੋਈ ਹੋਰ ਚੀਜ਼ ਹੈ, ਪ੍ਰਭੂ ਦਾ ਸਾਕਾਰ ਸਰੂਪ ਜਿਸ ਨੂੰ ਉਹ ਬਿਠਲ ਕਹਿ ਕੇ ਮੰਨਦੇ ਸਨ ਮੁਸਕਰਾ ਕੇ ਕਹਿ ਰਿਹਾ ਹੈ ਕਿ ਨਾਮਦੇਵ! ਤੂੰ ਮੈਨੂੰ ਕੁੱਤਿਆਂ ਵਿਚ ਵੀ ਪਛਾਣ ਲਿਆ। ਤਾਂ ਉਸ ਸਮੇਂ ਨਾਮਦੇਵ ਦੇ ਹਿਰਦੇ ਵਿਚ ਵਸੇ ਭਾਵ ਇਸ ਤਰ੍ਹਾਂ ਸਨ -

*ਧਾਰਨਾ -ਰਾਮ ਬੋਲੇ, ਰਾਮ ਬੋਲੇ,*
*ਰਾਮ ਬੋਲਦੈ, ਸਾਰੀਆਂ ਘਟਾਂ ਦੇ*
*ਵਿਚ ਰਾਮ ਬੋਲਦੈ*

ਕੌਣ ਹੈ ਜੋ ਇਸ ਸਰੀਰ ਦੇ ਅੰਦਰ ਵਸਦਾ ਹੈ ਫੁਰਮਾਨ ਆਉਂਦਾ ਹੈ ਕਿ -

*ਇਆ ਮੰਦਰ ਮਹਿ ਕੌਨ ਬਸਾਈ॥*
*ਤਾ ਕਾ ਅੰਤੁ ਨ ਕੋਊ ਪਾਈ॥*
*ਪੰਨਾ - 871*

ਪ੍ਰਭੂ ਹੀ ਵਸਦਾ ਹੈ, ਘਟ ਘਟ ਦੇ ਵਿਚ ਸਮਾਇਆ ਹੋਇਆ ਹੈ -

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥*
*ਰਾਮ ਬਿਨਾ ਕੋ ਬੋਲੈ ਰੇ॥*
*ਏਕਲ ਮਾਟੀ ਕੁੰਜਰ ਚੀਟੀ*
*ਭਾਜਨ ਹੈਂ ਬਹੁ ਨਾਨਾ ਰੇ॥*
*ਅਸਥਾਵਰ ਜੰਗਮ ਕੀਟ ਪਤੰਗਮ*
*ਘਟਿ ਘਟਿ ਰਾਮ ਸਮਾਨਾ ਰੇ॥*
*ਏਕਲ ਚਿੰਤਾ ਰਾਖੁ ਅਨੰਤਾ*
*ਅਉਰ ਤਜਹੁ ਸਭ ਆਸਾ ਰੇ॥*
*ਪ੍ਰਣਵੈ ਨਾਮਾ ਭਏ ਨਿਹਕਾਮਾ*
*ਕੋ ਠਾਕੁਰੁ ਕੋ ਦਾਸਾ ਰੇ॥*
*ਪੰਨਾ - 988*

ਇਹ ਸਾਖੀ ਜੀਵ ਭਾਵ ਵਾਲੀ ਬੁੱਧੀ ਦੇ ਨਾਲ ਸਮਝਿਆਂ ਕੁਝ ਸ਼ੰਕੇ ਪੈਦਾ ਕਰਦੀ ਹੈ ਪਰ ਇਸ ਦਾ ਸਮਾਧਾਨ ਇਹ ਹੈ ਕਿ ਜਦੋਂ ਦਿਬਜ ਦ੍ਰਿਸ਼ਟ ਖੁਲ੍ਹ ਜਾਂਦੀ ਹੈ ਉਸ ਵੇਲੇ ਸੰਸਾਰ ਵਿਚ ਰਮਿਆ ਪ੍ਰਭੂ ਘਟ-ਘਟ ਵਿਚ ਵਿਆਪਕ ਅਨੁਭਵ ਦੇ ਨੇਤਰਾਂ ਨਾਲ ਪ੍ਰਕਾਸ਼ਿਤ ਦਿਸਦਾ ਹੈ। ਉਸ ਸਮੇਂ ਸਰੀਰ ਇਸ ਪਰੀਪੂਰਨ ਜੋਤ ਉਪਰ ਕੋਈ ਪਰਦਾ ਨਹੀਂ ਪਾ ਸਕਦਾ ਕਿਉਂਕਿ ਸਰੀਰ ਦੇ ਕਣ-ਕਣ ਵਿਚ ਵੀ ਓਸੇ ਜੋਤ ਦਾ ਵਾਸਾ ਹੈ -

*ਏ ਨੇਤ੍ਰਹੁ ਮੇਰਿਹੋ*
*ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥*
*ਗੁਰ ਪਰਸਾਦੀ ਬੁਝਿਆ*
*ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥*
*ਪੰਨਾ - 922*

ਆਦਮੀ ਦੀ ਦ੍ਰਿਸ਼ਟੀ ਅੰਧਕਾਰਮਈ ਹੈ ਅਤੇ ਮਾਇਆ ਦੇ ਅਸਰਾਂ ਦੇ ਅਧੀਨ ਹੋਇਆ ਹੋਇਆ ਇਹ ਆਪਣੇ ਬੇਗਾਨੇ, ਉਤਮ ਨੀਚ, ਦੁਖੀ-ਸੁਖੀ, ਵੈਰੀ-ਮਿਤਰ ਆਦਿ ਅਨੇਕਤਾ ਨੂੰ ਦੇਖਦਾ ਹੈ ਪਰ ਜਿਸ ਦੇ ਦਿਬਜ ਲੋਇਨ ਖੁਲ੍ਹ ਗਏ ਉਹਨੂੰ ਅਨੇਕਤਾ ਵਿਚ ਏਕਤਾ ਹੀ ਨਜ਼ਰ ਆਉਂਦੀ ਹੈ। ਨੇਤਰਾਂ ਦਾ ਕੁਝ ਫਰਕ ਹੈ ਇਹ ਗੱਲ ਅਸਾਨੂੰ ਸਮਝਣੀ ਚਾਹੀਦੀ ਹੈ। ਜਿਵੇਂ ਮੈਂ ਥੋੜ੍ਹਾ ਚਿਰ ਪਹਿਲਾਂ ਅੱਖ ਦਾ ਆਪਰੇਸ਼ਨ ਕਰਾਇਆ ਸੀ ਇਕ ਮਹੀਨਾ ਲੰਘ ਜਾਣ ਪਿਛੋਂ ਮੈਂ ਕੁਝ ਜ਼ਿਆਦਾ ਦੇਰ ਤਕ ਦੇਖਣ ਦਾ ਅਭਿਆਸ ਕਰਨ ਲੱਗਿਆ ਪਰ ਗੋਲ ਲਾਈਟ ਦਾ ਬਿੰਦੂ ਮੈਨੂੰ ਗੋਲਾਈ ਦੀ ਥਾਂ ਲੰਬਾਈ ਵਿਚ ਨਜ਼ਰ ਆਉਂਦਾ ਸੀ। ਉਸ ਲਾਈਟ ਦੇ ਬਿੰਦੂ ਵਿਚੋਂ ਇਕ ਲਾਈਟ ਨਿਕਲ ਕੇ ਵੱਖਰੀ ਜੁੜੀ ਹੋਈ ਦਿਸਦੀ ਸੀ। ਮੈਂ ਬੜਾ ਹੈਰਾਨ ਸਾਂ ਕਿ ਮੇਰੀ ਅੱਖ ਤਾਂ ਓਹੀ ਹੈ ਪਰ ਇਸ ਵਿਚ ਦ੍ਰਿਸ਼ਟੀ ਪੂਰੇ ਤਰੀਕੇ ਨਾਲ ਨਾ ਆਉਣ ਕਰਕੇ ਇਹ ਭ੍ਰਾਂਤੀ ਮੈਨੂੰ ਦਿਸ ਰਹੀ ਹੈ ਅਸਲ ਵਿਚ ਇਹ ਸਰੂਪ ਨਹੀਂ ਹੈ। ਲਾਈਟ ਤਾਂ ਗੋਲ ਬਿੰਦੂ ਹੀ ਹੈ ਪਰ ਅੱਖ ਵਿਚ ਨੁਕਸ ਹੋਣ ਕਰਕੇ ਮੈਨੂੰ ਹੋਰ ਦਿਖਾਈ ਦੇ ਰਿਹਾ ਹੈ। ਇਸੇ ਤਰ੍ਹਾਂ ਟੀਰੇ ਪੁਰਸ਼ ਨੂੰ ਪਲੰਘ ਤੇ ਪਿਆਂ ਤਾਰੇ ਵੀ ਇਕ ਦੀ ਥਾਂ ਦੋ ਦਿਸਦੇ ਹਨ ਅਤੇ ਚੰਦਰਮਾ ਵੀ ਦੋ ਨਜ਼ਰ ਆਉਂਦੇ ਹਨ। ਜੇ ਉਹ ਆਪਣੀ ਦ੍ਰਿਸ਼ਟੀ ਉਪਰ ਇਤਬਾਰ ਕਰਦਾ ਹੈ ਤਾਂ ਚੰਦਰਮਾ ਦੋ ਹੀ ਹਨ ਪਰ ਜਦੋਂ ਉਹ ਸ਼ੁੱਧ ਨੇਤਰਾਂ ਵਾਲਿਆਂ ਦੀ ਗੱਲ ਸੁਣਦਾ ਹੈ ਤਾਂ ਉਹ ਇਹ ਗੱਲ ਮੰਨ ਲੈਂਦਾ ਹੈ ਚੰਦਰਮਾ ਤਾਂ ਇਕ ਹੈ ਮੇਰੇ ਨੇਤਰਾਂ ਵਿਚ ਫਰਕ ਹੈ। ਸੋ ਸਾਧਸੰਗਤ ਜੀ! ਅੱਖਾਂ ਤਾਂ ਓਹੀ ਹਨ ਇਹ ਬਦਲਿਆ ਨਹੀਂ ਕਰਦੀਆਂ ਪਰ ਇਨ੍ਹਾਂ ਵਿਚ ਇਕ ਐਸੀ ਦ੍ਰਿਸ਼ਟੀ ਪੈਦਾ ਹੋ ਜਾਂਦੀ ਹੈ ਜੋ ਘਟ-ਘਟ ਵਿਚ ਵਿਆਪਕ ਰਮੇ ਰਾਮ ਨੂੰ ਇਕੋ ਤਕਦੀ ਹੈ ਜਿਵੇਂ ਕਿ -

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ*
*ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥*
*ਪੰਨਾ - 407*

ਸਾਰੇ ਸਿੰਘਾਂ ਨੂੰ ਜੁੱਧ ਦੇ ਮੈਦਾਨ ਵਿਚ ਸ਼ਸ਼ਤਰਧਾਰੀ ਵੈਰੀ ਨਜ਼ਰ ਆ ਰਹੇ ਸਨ ਪਰ ਭਾਈ ਘਨਈਏ ਦੀ ਅੱਖ ਕਿਹੋ ਜਿਹੀ ਸੀ ਕਿ ਉਹਨੂੰ ਹਰ ਸਸ਼ਤਰਧਾਰੀ ਗੁਰੂ ਦਸ਼ਮੇਸ਼ ਪਿਤਾ ਜੀ ਹੀ ਦਿਸ ਰਿਹਾ ਸੀ ਅਤੇ ਉਸ ਦੇ ਪਿਆਰ ਵਿਚ ਰੱਤਿਆ ਹੋਇਆ ਉਸ ਨੂੰ ਪਾਣੀ ਪਿਲਾਈ ਜਾ ਰਿਹਾ ਸੀ। ਥਕਦਾ ਨਹੀਂ ਸੀ, ਸਾਰੇ ਯੋਧੇ ਕਹਿ ਰਹੇ ਸਨ ਕਿ ਭਾਈ ਘਨਈਆ! ਤੂੰ ਵੈਰੀਆਂ ਨੂੰ ਪਾਣੀ ਪਿਲਾਉਂਦਾ ਹੈਂ ਪਰ ਭਾਈ ਘਨਈਆ ਇਕੋ ਗੱਲ ਆਖਦਾ ਸੀ -

*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ॥*
*ਪੰਨਾ - 1299*

ਸਚਮੁਚ ਹੀ ਉਸਦੇ ਨੇਤਰਾਂ ਨੂੰ ਗੁਰੂ ਦਸ਼ਮੇਸ਼ ਪਿਤਾ ਤੋਂ ਬਿਨਾਂ ਹੋਰ ਕੋਈ ਨਜ਼ਰ ਨਹੀਂ ਸੀ ਆ ਰਿਹਾ। ਭਾਈ ਘਨਈਆ ਜੀ ਮਹਾਨ ਵਿਦਵਾਨ, ਕਰਨੀ ਕਮਾਈ ਵਾਲੇ ਸਾਧੂ ਹੋਏ ਹਨ। ਜਿਨ੍ਹਾਂ ਵਿਚ ਕਰਾਰਾ ਹੁਕਮ ਵਰਤ ਰਿਹਾ ਸੀ, ਆਪ ਨੇ ਮੈਦਾਨੇ ਜੰਗ ਵਿਚ ਮੁਗਲ ਫੌਜਾਂ ਦੇ ਜਰਨੈਲ ਮੁਗਲ ਖਾਨ ਨੂੰ ਪਾਣੀ ਪਿਲਾ ਕੇ ਮੂਰਛਾ ਖੋਲ੍ਹੀ ਸੀ। ਸਮਾਂ ਲੰਘ ਜਾਣ ਪਿਛੋਂ ਉਹ ਭਾਈ ਘਨਈਆ ਜੀ ਪਾਸ ਆਇਆ ਜਿਥੇ ਆਪ ਆਸਣ ਲਾ ਕੇ ਰਾਹੀਆਂ ਨੂੰ ਪਾਣੀ ਪਿਲਾਇਆ ਕਰਦੇ ਸਨ। ਜਦੋਂ ਉਸ ਜਰਨੈਲ ਨੇ ਦਰਸ਼ਨ ਕੀਤੇ, ਉਸ ਸਮੇਂ ਭਾਈ ਘਨਈਆ ਜੀ ਨਦੀ ਦੇ ਕੰਢੇ ਬੈਠੇ ਆਪਣੇ ਪਰਮ ਆਪੇ ਵਿਚ ਲੀਨ ਸਨ। ਮੁਗਲ ਖਾਨ ਜਰਨੈਲ ਨੇ ਆਪ ਨੂੰ ਇਕ ਪਾਰਸ ਭੇਟਾ ਕੀਤਾ ਜੋ ਆਪ ਨੇ ਇਹ ਕਹਿ ਕੇ ਮੋੜ ਦਿਤਾ ਕਿ ਸਾਨੂੰ ਕਿਸੇ ਅਜਿਹੇ ਝੂਠੇ ਪਾਰਸ ਦੀ ਲੋੜ ਨਹੀਂ, ਅਸਾਡੇ ਕੋਲ ਅਤਿ ਉਤਮ ਪਾਰਸ ਹੈ ਜਿਸ ਨੂੰ ਨਾ ਚੋਰ ਚੁਰਾ ਸਕਦੇ ਹਨ, ਨਾ ਅੱਗ ਜਾਲ ਸਕਦੀ ਹੈ, ਨਾ ਪਾਣੀ ਡੋਬ ਸਕਦਾ ਹੈ ਜੋ ਜੀਅ ਦੇ ਨਾਲ ਸਮਾਇਆ ਹੋਇਆ ਹੈ-

*ਗੁਰ ਕਾ ਬਚਨੁ ਬਸੈ ਜੀਅ ਨਾਲੇ॥*
*ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ*
*ਭਾਹਿ ਨ ਸਾਕੈ ਜਾਲੇ॥*
*ਨਿਰਧਨ ਕਉ ਧਨੁ ਅੰਧੁਲੇ ਕਉ ਟਿਕ*
*ਮਾਤ ਦੂਧੁ ਜੈਸੇ ਬਾਲੇ॥*
*ਸਾਗਰ ਮਹਿ ਬੋਹਿਥੁ ਪਾਇਓ*
*ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ॥*
*ਪੰਨਾ - 679*

ਏਸ ਪੱਥਰ ਦੇ ਪਾਰਸ ਨੂੰ ਮੈਂ ਕੀ ਕਰਨਾ ਹੈ, ਅਸਾਨੂੰ ਗੁਰੂ ਨੇ ਉਹ ਵਸਤੂ ਬਖਸ਼ੀ ਹੈ ਜਿਸ ਤੋਂ ਸਾਰੀ ਦੁਨੀਆਂ ਦੀ ਦੌਲਤ, ਮਾਲ ਧਨ ਪੈਦਾ ਹੁੰਦਾ ਹੈ ਕਿਉਂਕਿ ਉਹ ਐਨੀ ਅਮੁੱਲ ਹੈ ਕਿ ਉਸ ਦੀ ਕੀਮਤ ਕੋਈ ਨਹੀਂ ਜਾਣਦਾ -

*ਸਾਈ ਨਾਮੁ ਅਮੋਲੁ*
*ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ*
*ਸੇ ਨਾਨਕ ਹਰਿ ਰੰਗੁ ਮਾਣਦੋ॥*
*ਪੰਨਾ - 81*

ਸੋ ਇਸ ਕਰਕੇ ਇਹ ਪਾਰਸ ਵਗੈਰਾ ਦੁਨੀਆਂਦਾਰਾਂ ਦੀਆਂ ਚੀਜ਼ਾਂ ਹਨ। ਮੁਗਲਖਾਨ! ਇਹ ਤੁਸੀਂ ਆਪਣੇ ਪਾਸ ਹੀ ਰੱਖੋ। ਉਸ ਨੇ ਬਾਰ-ਬਾਰ ਬੇਨਤੀ ਕੀਤੀ ਕਿ ਮਹਾਰਾਜ! ਮੇਰਾ ਚਿਤ ਅਜਿਹੀ ਕੀਮਤੀ ਵਸਤੂ ਆਪ ਦੇ ਚਰਨਾਂ ਵਿਚ ਭੇਟ ਕਰਕੇ ਪ੍ਰਸੰਨ ਹੁੰਦਾ ਹੈ ਆਪ ਨੇ ਮੈਨੂੰ ਜ਼ਿੰਦਗੀ ਦਿਤੀ ਹੈ ਭਾਵੇਂ ਮੈਂ ਆਪ ਦੇ ਕੀਤੇ ਉਪਕਾਰ ਦੀ ਕੀਮਤ ਨਹੀਂ ਦੇ ਸਕਦਾ। ਆਪ ਦੇ ਨਾਲ ਛੋਹਿਆ ਹੋਇਆ ਜਲ ਕੀ ਸੀ ਉਸ ਵਿਚ ਆਬ-ਏ-ਹਿਯਾਤ ਦੀ ਕੋਈ ਸ਼ਕਤੀ ਸੀ, ਉਸ ਸਮੇਂ ਤੋਂ ਹੀ ਮੈਂ ਆਪ ਦਾ ਮੁੱਲ ਖਰੀਦੀ ਗੁਲਾਮ ਬਣ ਗਿਆ। ਭਾਈ ਘਨਈਆ ਜੀ ਨੇ ਉਹ ਪਾਰਸ ਚੁੱਕ ਕੇ ਨਦੀ ਵਿਚ ਸੁੱਟ ਦਿਤਾ। ਤਾਂ ਮੁਗਲ ਖ਼ਾਨ ਨੇ ਇਸ ਗੱਲ ਦਾ ਬੜਾ ਅਫਸੋਸ ਕੀਤਾ ਕਿ ਇਹ ਤਾਂ ਬੜੀ ਕੀਮਤੀ ਚੀਜ਼ ਸੀ ਜੋ ਸਾਡੇ ਪੁਸ਼ਤ-ਦਰ-ਪੁਸ਼ਤ ਸੰਭਾਲ ਕੇ ਰੱਖੀ ਹੋਈ ਸੀ। ਭਾਈ ਘਨਈਆ ਜੀ ਨੇ ਕਿਹਾ ਕਿ ਮੁਗਲ ਖਾਨ! ਜੇ ਤੂੰ ਇਹੋ ਪਾਰਸ ਲੈਣਾ ਹੈ ਤਾਂ ਤੂੰ ਲੈ ਸਕਦਾ ਹੈਂ। ਉਨ੍ਹਾਂ ਨੇ ਨਦੀ ਵਲ ਇਸ਼ਾਰਾ ਕਰਕੇ ਨਦੀ ਦੋ ਧਾਰਾ ਵਿਚ ਵਹਾ ਦਿਤੀ। ਬਹੁਤ ਸਾਰੇ ਪੱਥਰ ਨਦੀ ਤੋਂ ਬਾਹਰ ਨਜ਼ਰ ਆਉਣ ਲੱਗੇ। ਆਪ ਨੇ ਕਿਹਾ, ਮੁਗਲਖਾਨ! ਉਨ੍ਹਾਂ ਪਾਰਸਾਂ ਵਿਚੋਂ ਪਛਾਣ ਕੇ ਜਿਹੜਾ ਤੇਰਾ ਪਾਰਸ ਹੈ ਉਹ ਤੂੰ ਲੈ ਲੈ। ਮੁਗਲ ਖਾਨ ਨਦੀ ਦਾ ਇਕ ਹਿੱਸਾ ਤੈਰ ਕੇ ਵਿਚਾਲੇ ਪਹੁੰਚਿਆ, ਪਰਖ ਕੇ ਵੇਖਿਆ ਤਾਂ ਹੈਰਾਨ ਹੋ ਗਿਆ ਕਿ ਇਹ ਤਾਂ ਸਾਰੇ ਪਾਰਸ ਹੀ ਹਨ। ਭਾਈ ਘਨਈਆ ਜੀ ਦੇ ਆ ਕੇ ਚਰਨ ਫੜ ਲਏ ਅਤੇ ਕਹਿਣ ਲੱਗਿਆ ਕਿ ਮਹਾਰਾਜ! ਤੁਸੀਂ ਮੈਨੂੰ ਉਹ ਚੀਜ਼ ਬਖਸ਼ੋ ਜੋ ਆਪ ਦੇ ਪਾਸ ਹੈ ਜਿਸ ਨੂੰ ਆਪ ਨੇ ਅਮੁੱਲ ਆਖਿਆ ਹੈ। ਉਸ ਵੇਲੇ ਆਪ ਨੇ ਉਸ ਨੂੰ ਨਾਮ ਦੀ ਸੋਝੀ ਦਿਤੀ ਅਤੇ ਉਹ ਆਪਣੇ ਕਿਰਦਾਰ ਵਿਚ ਸਫਲ ਪੀਰ ਹੋਇਆ। ਜਿਸ ਨੇ ਹਰਿਦੁਆਰ ਵਲ ਆ ਕੇ ਆਪਣਾ ਆਸਣ ਲਾਇਆ ਅਤੇ ਜਿਸ ਦੀਆਂ ਕਈ ਪੁਸ਼ਤਾਂ ਸਤਿ ਦਾ ਪ੍ਰਚਾਰ ਕਰਦੀਆਂ ਰਹੀਆਂ।

ਸੋ ਭਾਈ ਘਨਈਆ ਜੀ ਦੀ ਦ੍ਰਿਸ਼ਟੀ ਸਤਿ ਤੇ ਅਧਾਰਿਤ ਸੀ, ਉਸ ਨੇ ਤੱਤ ਪਛਾਣ ਲਿਆ ਸੀ। ਇਥੇ ਵਾਹਿਗੁਰੂ ਜੀ ਆਪ ਹੀ ਖੇਡ ਕਰ ਰਹੇ ਹਨ ਜਿਵੇਂ ਕਿ ਗੁਰੂ ਦਸ਼ਮੇਸ਼ ਪਿਤਾ ਜੀ ਨੇ ਫੁਰਮਾਨ ਕੀਤਾ ਹੈ -

*ਕਤਹੂੰ ਸੁਚੇਤ ਹੁਇਕੈ,*
*ਚੇਤਨਾ ਕੋ ਚਾਰ ਕੀਓ,*
*ਕਤਹੂੰ ਅੰਚਿਤ ਹੁਇਕੈ,*

*ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ,*
*ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ,*
*ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ*
*ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ,*
*ਕਹੂੰ ਸੁਰਗੁਨ ਸਮੇਤ ਹੋ॥*
*ਕਹੂੰ ਜੱਛ ਗੰਧ੍ਰਬ ਉਰਗ*
*ਕਹੂੰ ਬਿਦਿਆਧਰ,*
*ਕਹੂੰ ਭਏ ਕਿੰਨਰ,*
*ਪਿਸਾਚ ਕਹੂੰ ਪ੍ਰੇਤ ਹੋ॥*
*ਕਹੂੰ ਹੁਇਕੈ ਹਿੰਦੂਆ,*
*ਗਾਇਤ੍ਰੀ ਕੋ ਗੁਪਤ ਜਪਿਓ,*
*ਕਹੂੰ ਹੁਇਕੈ ਤੁਰਕਾ ਪੁਕਾਰੇ*
*ਬਾਂਗ ਦੇਤ ਹੋ॥*
*ਕਹੂੰ ਕੋਕ ਕਾਬ ਹੁਇਕੈ,*
*ਪੁਰਾਨ ਕੋ ਪੜ੍ਹਤ ਮਤ,*
*ਕਤਹੂੰ ਕੁਰਾਨ ਕੋ,*
*ਨਿਦਾਨ ਜਾਨ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਦਾਨਵਾਨ ਕੋ ਗੁਮਾਨ ਮਤ ਦੇਤ ਹੋ॥*

ਅਤੇ ਅੰਤ ਵਿਚ –

*ਕਹੂੰ ਬਰ ਦੇਤ,*
*ਕਹੂੰ ਛਲ ਸੇ ਛਿਨਾਇ ਲੇਤ,*
*ਸਰਬ ਕਾਲ ਸਰਬ ਠਉਰ*
*ਏਕ ਸੇ ਲਗਤ ਹੋ॥ ਅਕਾਲ ਉਸਤਤਿ*

ਸੋ ਇਹ ਦਿਬ੍ਯ ਦ੍ਰਿਸ਼ਟ ਹੈ ਜਿਸ ਦੇ ਪ੍ਰਗਟ ਹੋਇਆਂ ਪ੍ਰਭੂ ਹਰ ਘਟ ਵਿਚ ਵਿਆਪਕ ਨਜ਼ਰ ਆਉਂਦਾ ਹੈ ਅਤੇ ਜਿੰਨੇ ਵੀ ਸਰੀਰ ਹਨ ਸਭ ਉਸ ਦੀ ਖੇਲ੍ਹ ਕਰਕੇ ਦ੍ਰਿਸ਼ਟਮਾਨ ਪੈਂਦੇ ਹਨ। ਸੋ ਨਾਮਦੇਵ ਜੀ ਨੇ ਜੋ ਕੁੱਤੇ ਨੂੰ ਅਵਾਜ਼ਾਂ ਮਾਰੀਆਂ ਉਹ ਦਿਬ੍ਯ ਦ੍ਰਿਸ਼ਟ ਖੁਲ੍ਹਣ ਉਪਰੰਤ ਉਹ ਸਤਿ ਨੂੰ ਅਵਾਜ਼ਾਂ ਦਿੰਦੇ ਸਨ ਅਤੇ ਉਸੇ ਸਤਿ ਨੇ ਰੂਪਮਾਨ ਹੋ ਕੇ ਨਾਮਦੇਵ ਜੀ ਦੀ ਖਿਚੜੀ ਖਾਧੀ। ਸੋ ਗੁਰੂ ਜਦੋਂ ਗਿਆਨ ਲਾ ਕੇ ਜਗਾ ਦਿੰਦਾ ਹੈ ਤਾਂ ਉਸ ਸਮੇਂ ਸੋਝੀ ਆ ਜਾਂਦੀ ਹੈ ਕਿ –

*ਇਆ ਮੰਦਰ ਮਹਿ ਕੌਨ ਬਸਾਈ॥*
*ਤਾ ਕਾ ਅੰਤੁ ਨ ਕੋਊ ਪਾਈ॥*

*ਪੰਨਾ – 871*

ਉਸ ਸਮੇਂ ਇਹ ਵਾਕ ਪ੍ਰਤੱਖ ਹੋ ਕੇ ਮੂੰਹ ਵਿਚੋਂ ਨਿਕਲਦਾ ਹੈ –

*ਧਾਰਨਾ –ਨਾ ਦਿਸੇ ਬੇਗਾਨਾ ਜੀ,*
*ਨਾ ਕੋਈ ਵੈਰੀ,*

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ॥*
*ਜੋ ਪ੍ਰਭ ਕੀਨੋ ਸੋ ਭਲ ਮਾਨਿਓ*
*ਏਹ ਸੁਮਤਿ ਸਾਧੂ ਤੇ ਪਾਈ॥*
*ਸਭ ਮਹਿ ਰਵਿ ਰਹਿਆ ਪ੍ਰਭੁ ਏਕੈ*
*ਪੇਖਿ ਪੇਖਿ ਨਾਨਕ ਬਿਗਸਾਈ॥*

*ਪੰਨਾ – 1299*

ਹੁਣ ਇਸ ਪ੍ਰਸੰਗ ਵਿਚ ਇਕ ਵਿਚਾਰ ਪੈਦਾ ਹੁੰਦੀ ਹੈ ਕਿ ਸੁਣ ਕੇ, ਸੁਣਾ ਕੇ, ਪੁਸਤਕਾਂ ਪੜ੍ਹ ਕੇ, ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨਾਂ ਨੂੰ ਸਰਵਣ ਕਰਕੇ ਕਈ ਪ੍ਰੇਮੀ ਬ੍ਰਹਮ ਦੀ ਗੱਲ ਕਰਦੇ ਹਨ ਅਤੇ ਇਹ ਤੁਕ ਬੋਲਦੇ ਹਨ–

*ਬ੍ਰਹਮ ਦੀਸੈ ਬ੍ਰਹਮੁ ਸੁਣੀਐ*
*ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥*

*ਪੰਨਾ – 846*

ਇਹ ਇਕ ਸਿਧਾਂਤ ਹੈ ਪਰ ਦ੍ਵੈਤ ਦੇ ਹਨ੍ਹੇਰੇ ਵਿਚ ਘਿਰਿਆ ਹੋਇਆ ਅੰਧ ਕੂਪ ਵਿਚ ਪਿਆ ਬੰਦਾ ਇਹ ਅਨੁਭਵ ਪ੍ਰਾਪਤ ਨਹੀਂ ਕਰ ਸਕਦਾ। ਉਸਦਾ ਮਾਇਆਵੀ ਅਨੁਭਵ ਕਿਸੇ ਤਰੀਕੇ ਨਾਲ ਦੂਰ ਨਹੀਂ ਹੋ ਸਕਦਾ। ਜਦੋਂ ਤਕ ਉਹ ਤੱਤ ਬੇਤੇ ਮਹਾਂਪੁਰਸ਼ ਦੀ ਸ਼ਰਨ ਵਿਚ ਨਾ ਆ ਜਾਵੇ ਅਤੇ ਪੂਰੇ ਤਰੀਕੇ ਨਾਲ ਸਾਧਨਾ ਸਪੰਨ ਹੋ ਕੇ ਆਪਣੇ ਅਗਿਆਨ ਦਾ ਨਾਸ਼ ਨਾ ਕਰ ਲਵੇ ਉਨੀਂ ਦੇਰ ਇਹ ਵਾਕ ਕਹਿਣੇ ਪਸੰਦ ਨਹੀਂ ਕੀਤੇ ਜਾਂਦੇ।

ਗੁਰੂ ਪੰਜਵੇਂ ਪਾਤਸ਼ਾਹ ਜੀ ਪਾਸ ਲਾਹੌਰ ਦਾ ਭਗਤ ਕਾਨ੍ਹਾ ਜਦੋਂ ਆਪਣੀ ਬਾਣੀ ਦਰਜ ਕਰਾਉਣ ਆਉਂਦਾ ਹੈ ਤਾਂ ਉਸ ਨੇ ਇਹ ਵਾਕ ਕਹੇ ਸਨ ਕਿ –

*ਓਹੀ ਰੇ ਮੈ ਓਹੀ ਰੇ,*
*ਜਾਂਕਉ ਬੇਦ ਪੁਰਾਨਾ ਗਾਵੈਂ*
*ਖੋਜਤ ਖੋਜ ਨ ਕੋਈ ਰੇ,*
*ਜਾਂਕੋ ਨਾਰਦ ਸਾਰਦ ਸੇਵੈਂ*
*ਸੇਵੈਂ ਦੇਵੀ ਦੇਵਾ ਰੇ,*
*ਬ੍ਰਹਮਾ ਵਿਸਨੁ ਮਹੇਸ ਅਰਾਧੈਂ*
*ਕਰਦੇ ਜਾਂਕੀ ਸੇਵਾ ਰੇ,*
*ਕਹਿ ਕਾਨ੍ਹਾ ਮਮ ਅਸ ਸਰੂਪ*
*ਅਪਰੰਪਰ ਅਲਖ ਅਭੇਵਾ ਰੇ॥*

ਗੁਰੂ ਮਹਾਰਾਜ ਨੇ ਉਸ ਦੀ ਗੱਲ ਨੂੰ ਪਸੰਦ ਨਾ ਕੀਤਾ। ਕਿਉਂਕਿ ਉਸਨੇ ਇਹ ਵਾਕ ਕਹਿ ਤਾਂ ਦਿਤੇ ਪਰ ਉਹ ਇਸ ਅਵਸਥਾ ਤੇ ਪਹੁੰਚਿਆ ਨਹੀਂ ਸੀ। ਭਗਤ ਕਾਨ੍ਹਾ ਇਕ ਯੋਗੀ ਤਾਂ ਸੀ ਪਰ ਬ੍ਰਹਮ ਸ੍ਰੋਤਰੀ, ਬ੍ਰਹਮ ਨੇਸ਼ਟੀ, ਬ੍ਰਹਮ ਬਕਤਾ, ਅਨੁਭਵੀ ਪੁਰਸ਼ ਨਹੀਂ ਸੀ ਉਹ

ਕੇਵਲ ਆਪਣੇ ਮੁਖ ਤੋਂ ਅਜਿਹੇ ਵਾਕ ਆਪਣੀ ਹੋਂਦ ਨੂੰ ਉਸੇ ਤਰ੍ਹਾਂ ਸੁਰਖਿਸ਼ਤ ਰਖਦਾ ਹੋਇਆ ਵਰਤ ਰਿਹਾ ਸੀ। ਇਹ ਮੌਖਿਕ ਗਿਆਨ ਹੋਇਆ ਕਰਦਾ ਹੈ, ਜਿਸ ਨੂੰ ਮੌਖਿਕ ਗਿਆਨੀ ਆਖਿਆ ਜਾਂਦਾ ਹੈ। ਗੁਰੂ ਮਹਾਰਾਜ ਨੇ ਜਦੋਂ ਉਸ ਨੂੰ ਬਾਣੀ ਚੜ੍ਹਾਉਣ ਤੋਂ ਜਵਾਬ ਦੇ ਦਿਤਾ ਤਾਂ ਭਗਤ ਕਾਨ੍ਹਾ ਕਾਫੀ ਨਰਾਜ਼ ਹੋਇਆ ਅਤੇ ਇਹ ਵੀ ਦਸਿਆ ਜਾਂਦਾ ਹੈ ਕਿ ਉਸ ਨੇ ਕੁਝ ਮੰਦੇ ਸ਼ਬਦ ਗੁਰੂ ਮਹਾਰਾਜ ਜੀ ਨੂੰ ਬੋਲੇ। ਜੇ ਉਹ ਸਚਮੁੱਚ ਉਸੇ ਅਵਸਥਾ ਵਿਚ ਹੁੰਦਾ ਤਾਂ ਉਸ ਨੂੰ ਭਗਤ ਨਾਮਦੇਵ ਅਤੇ ਭਾਈ ਘਨਈਆ ਵਾਂਗੂੰ ਦੂਜਾ ਨਜ਼ਰ ਨਹੀਂ ਸੀ ਆਉਣਾ। ਜੋ ਇਸ ਅਵਸਥਾ ਵਿਚ ਪਹੁੰਚ ਜਾਂਦੇ ਹਨ ਉਨ੍ਹਾਂ ਬਾਰੇ ਫੁਰਮਾਨ ਹੈ –

*ਮਨ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥ ਪੰਨਾ – 272*

ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ! ਜਦੋਂ ਤਕ ਉਸ ਸਤਿ ਨੂੰ ਅੰਦਰ ਬਾਹਰ ਪਛਾਣ ਨਹੀਂ ਲਿਆ, ਉਨੀਂ ਦੇਰ ਤਕ ਇਹ ਕਹਿਣਾ ਕਿ ਹਰ ਥਾਂ ਪ੍ਰਭੂ ਹੀ ਹੈ, ਹੋਰ ਹੈ ਹੀ ਕੋਈ ਨਹੀਂ ਇਹ ਇਕ ਕਉਏ ਦਾ ਚੁੰਚ ਗਿਆਨ ਹੁੰਦਾ ਹੈ। ਗੁਰੂ ਮਹਾਰਾਜ ਜੀ ਇਕ ਥਾਂ ਫੁਰਮਾਨ ਕਰਦੇ ਹਨ–

*ਜਗੁ ਕਊਆ ਮੁਖਿ ਚੁੰਚ ਗਿਆਨੁ॥*
*ਅੰਤਰਿ ਲੋਭੁ ਝੂਠੁ ਅਭਿਮਾਨੁ॥*
*ਬਿਨੁ ਨਾਵੈ ਪਾਜੁ ਲਹਗੁ ਨਿਦਾਨਿ॥*
*ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ॥*
*ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ॥*
*ਗੁਰਿ ਕਹਿਆ ਸਾ ਕਾਰ ਕਮਾਵਹੁ॥*
*ਸਬਦੁ ਚੀਨਿ ਸਹਜ ਘਰਿ ਆਵਹੁ॥*
*ਸਾਚੈ ਨਾਇ ਵਡਾਈ ਪਾਵਹੁ॥*
*ਆਪਿ ਨ ਬੂਝੈ ਲੋਕ ਬੁਝਾਵੈ॥*
*ਮਨ ਕਾ ਅੰਧਾ ਅੰਧੁ ਕਮਾਵੈ॥*
*ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ॥*
*ਹਰਿ ਜੀਉ ਸੇਵੀਐ ਅੰਤਰਜਾਮੀ॥*
*ਘਟ ਘਟ ਅੰਤਰਿ ਜਿਸ ਕੀ ਜੋਤ ਸਮਾਨੀ॥*
*ਤਿਸੁ ਨਾਲਿ ਕਿਆ ਚਲੈ ਪਹਨਾਮੀ॥*
*ਸਾਚਾ ਨਾਮੁ ਸਾਚੈ ਸਬਦਿ ਜਾਨੈ॥*
*ਆਪੈ ਆਪੁ ਮਿਲੈ ਚੂਕੈ ਅਭਿਮਾਨੈ॥*
*ਗੁਰਮੁਖਿ ਨਾਮੁ ਸਦਾ ਸਦਾ ਵਖਾਨੈ॥*
*ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ॥*
*ਅਉਗਣ ਕਾਟਿ ਪਾਪਾ ਮਤਿ ਖਾਈ॥*
*ਕੰਚਨ ਕਾਇਆ ਜੋਤੀ ਜੋਤਿ ਸਮਾਈ॥*
*ਸਤਿਗੁਰਿ ਮਿਲਿਐ ਵਡੀ ਵਡਿਆਈ॥*
*ਦੁਖੁ ਕਾਟੈ ਹਿਰਦੈ ਨਾਮੁ ਵਸਾਈ॥*
*ਨਾਮਿ ਰਤੇ ਸਦਾ ਸੁਖੁ ਪਾਈ॥*
*ਗੁਰਮਤਿ ਮਾਨਿਆ ਕਰਣੀ ਸਾਰੁ॥*
*ਗੁਰਮਤਿ ਮਾਨਿਆ ਮੋਖ ਦੁਆਰੁ॥*
*ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ॥ ਪੰਨਾ – 832*

ਬੜੇ ਸਪਸ਼ਟ ਥਾਂ ਫੁਰਮਾਨ ਕੀਤਾ ਹੈ ਕਿ ਜਿਹੜਾ ਪੜ੍ਹ ਲਿਖ ਕੇ ਮਾਇਆ ਦੇ ਵਿਚ ਗ੍ਰਸੇ ਹੋਏ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਸ਼ਬਦ, ਸਪਰਸ, ਰੂਪ, ਰਸ, ਗੰਧ ਨੇ ਮੋਹਿਆ ਹੋਇਆ ਹੈ ਅਤੇ ਜਿਨ੍ਹਾਂ ਨੂੰ ਸਥਿਰ ਬੁੱਧੀ ਪ੍ਰਾਪਤ ਨਹੀਂ ਹੋਈ, ਉਹ ਅਨੁਭਵ ਪ੍ਰਾਪਤ ਹੋਏ ਬਿਨਾਂ ਹੀ ਇਕੋ ਗੱਲ ਕਹੀ ਜਾਂਦੇ ਹਨ ਕਿ ਵਾਹਿਗੁਰੂ ਤੋਂ ਬਗੈਰ ਇਥੇ ਹੋਰ ਕੋਈ ਹੈ ਹੀ ਨਹੀਂ। ਇਹ ਗੱਲ ਕਹਿਣ ਨਾਲ ਉਨ੍ਹਾਂ ਨੂੰ ਗਿਆਨ ਪ੍ਰਾਪਤ ਨਹੀਂ ਹੋਣਾ। ਜੇ ਉਹ ਕਹੀ ਜਾਣ ਮੈਂ ਆਤਮਾ ਹਾਂ–ਮੈਂ ਆਤਮਾ ਹਾਂ–ਮੈਂ ਆਤਮਾ ਹਾਂ, ਸਰੀਰ ਨਹੀਂ ਹਾਂ। ਤਾਂ ਇਹ ਕਪੋਲ ਕਲਪਨਾ ਹੈ। ਉਹ ਸਰੀਰ ਹੁੰਦੇ ਹੋਏ ਆਪਣੇ ਆਪ ਨੂੰ ਆਤਮਾ ਕਹੀ ਜਾਂਦੇ ਹਨ। ਜੇ ਉਨ੍ਹਾਂ ਦੇ ਥੋੜ੍ਹੀ ਜਿਹੀ ਚੂੰਡੀ ਵੱਢ ਦਿਓ ਤਾਂ ਉਨ੍ਹਾਂ ਦੇ ਮੂੰਹ ਵਿਚੋਂ ਇਕ ਦਮ ਨਿਕਲੇਗਾ ਕਿ ਤੂੰ ਮੇਰੀ ਚੂੰਡੀ ਕਿਉਂ ਵੱਢੀ? ਉਸ ਵੇਲੇ ਉਨ੍ਹਾਂ ਦੇ ਯਾਦ ਨਹੀਂ ਰਹੇਗਾ ਕਿ ਮੈਂ ਆਤਮਾ ਹਾਂ, ਅਛੋਹ ਹਾਂ, ਸਤਿ, ਚਿਤ, ਅਨੰਦ ਹਾਂ। ਸੋ ਇਹ ਇਕ ਅਵਸਥਾ ਭੇਦ ਹੈ। ਸੋ ਬਿਨਾਂ ਪ੍ਰਾਪਤੀ ਕੀਤੇ ਚੁੰਚ ਗਿਆਨ ਵਸ ਤਤੂ ਗਿਆਨੀ ਬਣੇ ਰਹਿੰਦੇ ਹਨ। ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਏਕੋ ਏਕੁ ਕਹੈ ਸਭੁ ਕੋਈ*
*ਹਉਮੈ ਗਰਬੁ ਵਿਆਪੈ॥*
*ਅੰਤਰਿ ਬਾਹਰਿ ਏਕੁ ਪਛਾਣੈ*
*ਇਉ ਘਰੁ ਮਹਲੁ ਸਿਞਾਪੈ॥*
*ਪੰਨਾ – 930*

ਸੋ ਨਾਮਦੇਵ ਜੀ ਅਤੇ ਭਾਈ ਘਨਈਆ ਜੀ ਚੁੰਚ ਗਿਆਨੀ ਨਹੀਂ ਸਨ, ਉਹ ਸਚਮੁੱਚ ਹੀ ਬ੍ਰਹਮ ਦ੍ਰਿਸ਼ਟੀ ਵਿਚ ਸਮਾਏ ਹੋਏ ਬ੍ਰਹਮ ਨੂੰ ਪ੍ਰਤੱਖ ਰੂਪ ਵਿਚ ਦੇਖ ਰਹੇ ਸਨ। ਆਪਣੇ ਆਪਾ ਭਾਵ ਪੂਰਨ ਤੌਰ ਤੇ ਗੁਆ ਚੁਕੇ ਸਨ ਅਤੇ ਬ੍ਰਹਮ ਰੂਪ ਹੀ ਸਨ ਉਨ੍ਹਾਂ ਦੇ ਸਰੀਰਾਂ ਤੋਂ ਬ੍ਰਹਮ ਦੀ ਕ੍ਰਿਆ ਹੀ ਹੋ ਰਹੀ ਸੀ। ਯਥਾਰਥਕਤਾ ਇਹ ਹੈ ਕਿ ਜੋ ਕੁਝ ਅਸੀਂ ਦੇਖਦੇ ਹਾਂ ਇਹ ਬ੍ਰਹਮ ਹੈ, ਆਤਮ ਪਸਾਰਾ ਹੈ। ਅਸੀਂ ਮਾਇਆ ਦੇ ਗਾੜ੍ਹੇ ਨਸ਼ੇ ਵਿਚ, ਤਿੰਨਾਂ ਗੁਣਾਂ ਦੀ ਨੀਂਦ ਵਿਚ ਗਿਆਨ ਦੇ ਬਚਨ ਸੁਪਨੇ ਵਿਚ ਬਰੜਾਉਣ ਵਾਂਗੂੰ ਲਿਖੀ ਜਾਂਦੇ ਹਾਂ। ਸੋ ਇਸ ਕਰਕੇ ਇਸ ਗੱਲ ਨੂੰ ਸਮਝਣਾ ਕਿ ਇਸ ਸਰੀਰ ਵਿਚ ਕੌਣ ਵਸਦਾ ਹੈ, ਬਹੁਤ ਹੀ ਮੁਸ਼ਕਲ ਹੈ ਜਦੋਂ ਤਕ ਅਸੀਂ ਸਮਰੱਥ ਮੁਰਸ਼ਦੇ-ਏ-ਕਾਮਲ ਦੀ ਸ਼ਰਨ ਵਿਚ ਜਾ ਕੇ ਨਾਮ ਪ੍ਰਾਪਤੀ ਦੀ ਕਮਾਈ ਨਹੀਂ ਕਰਦੇ ਅਤੇ ਮੁਰਦਾ ਹੋ ਕੇ ਮੁਰੀਦ ਨਹੀਂ ਬਣਦੇ ਇਹ ਅਵਸਥਾ ਗੱਲੀਂ ਬਾਤੀ ਕਦੇ ਵੀ ਪ੍ਰਾਪਤ

ਨਹੀਂ ਹੋ ਸਕਦੀ। ਮਹਾਰਾਜ ਜੀ ਨੇ ਐਸਾ ਫੁਰਮਾਨ ਕੀਤਾ ਹੈ–

*ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥*
*ਮਨਹੁ ਕੁਸੁਧਾ ਕਾਲੀਆ*
*ਬਾਹਰਿ ਚਿਟਵੀਆਹ॥*
*ਰੀਸਾ ਕਰਿਹ ਤਿਨਾੜੀਆ*
*ਜੋ ਸੇਵਹਿ ਦਰੁ ਖੜੀਆਹ॥*
*ਨਾਲਿ ਖਸਮੈ ਰਤੀਆ*
*ਮਾਣਹਿ ਸੁਖਿ ਰਲੀਆਹ॥*
*ਹੋਦੈ ਤਾਣਿ ਨਿਤਾਣੀਆ*
*ਰਹਹਿ ਨਿਮਾਨਣੀਆਹ॥*
*ਨਾਨਕ ਜਨਮੁ ਸਕਾਰਥਾ*
*ਜੇ ਤਿਨ ਕੈ ਸੰਗਿ ਮਿਲਾਹ॥ ਪੰਨਾ–85*

ਵਰਤਾਰਾ ਬਦਲ ਗਿਆ ਸੰਸਾਰ ਨਾਲ ਕਿਉਂਕਿ ਪਹਿਲਾਂ ਸੁਤਿਆਂ ਪਿਆਂ ਨੂੰ ਦੁਸ਼ਮਣ ਵੀ ਨਜ਼ਰ ਆਉਂਦੇ ਸੀ, ਆਪਣੇ ਵੀ ਨਜ਼ਰ ਆਉਂਦੇ ਸੀ, ਬੇਗਾਨੇ ਵੀ ਨਜ਼ਰ ਆਉਂਦੇ ਸੀ। ਪਰ ਜਦ ਗੁਰੂ ਨੇ ਅਗਿਆਨ ਲਗਾ ਦਿਤਾ ਤੇ ਅਗਿਆਨ ਲਗਾ ਕੇ ਸਾਰਾ ਸੰਸਾਰ ਸੁਲਾ ਦਿਤਾ।

*ਅਗਿਆਨਿ ਲਾਇ ਸਵਾਲਿਆ...........॥*
*ਪੰਨਾ – 1308*

ਪਰ ਜਿਹਨੂੰ ਗਿਆਨ ਦਾ ਟੀਕਾ ਲਗਾ ਦਿਤਾ ਉਸ ਨੂੰ ਜਾਗ ਆ ਜਾਂਦੀ ਹੈ –

*........ਗੁਰ ਗਿਆਨੈ ਲਾਇ ਜਗਾਵੈਗੋ॥*
*ਨਾਨਕ ਭਾਣੈ ਆਪਣੈ*
*ਜਿਉ ਭਾਵੈ ਤਿਵੈ ਚਲਾਵੈਗੋ।।*
*ਪੰਨਾ–1308*

ਸੋ ਇਸ ਤਰ੍ਹਾਂ ਪਹਿਲਾ ਜੋ ਪੜਦਾ ਹੈ, ਬੰਧਨ ਹੈ, ਸੰਗਲ ਬਹੁਤ ਵੱਡਾ ਪਿਆ ਹੋਇਆ ਹੈ ਸਾਧਸੰਗਤ ਜੀ! ਉਹ ਅਵਿਦਿਆ ਦਾ ਪਿਆ ਹੋਇਆ ਹੈ। ਕਿੰਨਾ ਹੀ ਸਮਝਾਈ ਜਾਓ ਲੇਕਿਨ ਆਦਮੀ ਮੰਨਦਾ ਹੀ ਨਹੀਂ। ਦੂਸਰਾ ਹੈ 'ਜੀਵ ਭਾਵ' ਆਪਣੇ ਆਪ ਨੂੰ ਪੰਜ ਤੱਤਾਂ ਦੀ ਦੇਹ ਮੰਨਦਾ ਹੈ। ਦੇਖ ਲਓ ਵਿਚਾਰ ਕਰਕੇ, ਅਸੀਂ ਇਹਨੂੰ ਸ਼ੀਸ਼ੇ ਸਾਮ੍ਹਣੇ ਖੜ੍ਹੇ ਹੋਏ ਨੂੰ ਜਦ ਵੀ ਕਹਾਂਗੇ 'ਮੈਂ' ਕਹਾਂਗੇ। ਇਹਨੂੰ ਮੈਂ ਦਾ ਅਧਿਆਸ ਐਨਾ ਪੱਕ ਗਿਆ ਕਿ ਹਟਣ ਵਿਚ ਹੀ ਨਹੀਂ ਆਉਂਦਾ। ਆਪਣੇ ਆਤਮ ਸਰੂਪ ਨੂੰ ਸਦਾ ਹੀ ਭੁੱਲ ਕੇ ਜੀਵ ਭਾਵ ਵਿਚ ਪ੍ਰਵਿਰਤ ਹੋ ਗਿਆ। ਜਿਹੜਾ ਆਪਣੇ ਆਪ ਨੂੰ ਦੇਹ ਮੰਨਦਾ ਹੈ ਉਹ ਤਾਂ ਗਿਆ ਗੁਜ਼ਰਿਆ ਬੰਦਾ ਹੈ ਕਿਉਂਕਿ ਇਹ ਸੁਣਦਾ ਹੀ ਨਹੀਂ, ਕਦ ਸੁਣੇਗਾ। ਹਾਕਾਂ ਮਾਰ-ਮਾਰ ਕੇ ਜਗਾ ਰਹੇ ਨੇ ਲੇਕਿਨ ਜਾਗ ਨਹੀਂ ਆ ਰਹੀ –

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ*
*ਸੇ ਕਿਤ ਫੇਰਹਿ ਚਿਤ॥ ਪੰਨਾ–1378*

ਜਦ ਕਰੇਗਾ ਸਰੀਰ ਦੀ ਗੱਲ ਹੀ ਕਰੇਗਾ। ਜਦ ਤਕ ਆਪਣੇ ਆਪ ਨੂੰ ਸਰੀਰ ਸਮਝਾਂਗੇ ਪਤਾ ਹੈ ਕਿੰਨੀਆਂ ਗਲਤੀਆਂ ਹੁੰਦੀਆਂ ਨੇ, ਫੇਰ ਸੰਸਕਾਰ ਆ ਕੇ ਦੱਬ ਲੈਂਦੇ ਨੇ। ਕੋਈ ਮਜ਼ਹਬ ਆ ਜਾਂਦੇ ਨੇ, ਕੋਈ ਬਰਾਦਰੀਆਂ ਆ ਜਾਂਦੀਆਂ ਨੇ, ਉਚੇ ਨੀਵੇਂ ਆ ਜਾਂਦੇ ਨੇ, complex ਆ ਜਾਂਦੇ ਨੇ, ਦੇਸ਼ਾਂ ਦੀ ਵੰਡ ਹੋ ਜਾਂਦੀ ਹੈ ਕਿਉਂਕਿ ਸਰੀਰ ਸਮਝਦੇ ਹਾਂ ਅਸੀਂ ਆਪਣੇ ਆਪ ਨੂੰ। ਮਹਾਰਾਜ ਨੇ ਤਾਂ ਹੀ ਕਿਹਾ ਹੈ ਕਿ ਸਾਰਾ ਸੰਸਾਰ ਸੁੱਤਾ ਪਿਆ ਹੈ। ਭੁੱਲਿਆ ਹੋਇਆ ਨੀਂਦ ਦੇ ਵਿਚ ਗਾਫਲ ਹੋ ਕੇ ਆਪਣਾ ਜੀਵਨ ਬਤੀਤ ਕਰ ਰਿਹਾ ਹੈ। ਦੂਸਰੇ ਉਹ ਨੇ ਜਿਨ੍ਹਾਂ ਨੂੰ ਇਹ ਪਤਾ ਲੱਗ ਗਿਆ ਕਿ ਸਰੀਰ ਤਾਂ ਮੈਂ ਛੱਡ ਜਾਣਾ ਹੈ। ਜਦ ਮੈਂ ਸੰਸਾਰ ਵਿਚ ਆਇਆ ਨਹੀਂ ਸੀ, ਕੋਈ ਮੇਰਾ ਸਰੀਰ ਨਹੀਂ ਸੀ ਆਇਆ ਉਸ ਵੇਲੇ ਵੀ ਮੈਂ ਸੀ ਤੇ ਜਿਸ ਵੇਲੇ ਸਰੀਰ ਨਹੀਂ ਰਹਿਣਾ ਤਾਂ ਮੈਂ ਕਿਸੇ ਨਾ ਕਿਸੇ ਸ਼ਕਲ 'ਚ ਜ਼ਰੂਰ ਰਹਾਂਗਾ। ਸੋ ਇਹਨੂੰ ਜੀਵ ਭਾਵ ਕਹਿੰਦੇ ਨੇ, ਜੀਵ ਭਾਵ ਦਾ ਅਧਿਆਸ ਪੱਕ ਕੇ ਪਰਪੱਕ ਹੋ ਜਾਂਦਾ ਹੈ। ਧਰਤੀ ਦੇ ਉਤੇ ਪੰਜ ਤਨ ਮਾਤਰਾਂ ਵਿਚ ਮਸਤ ਰਹਿੰਦਾ ਹੈ, ਇਹਦੇ ਵਿਸ਼ੇ ਨੇ – ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ। ਇਨ੍ਹਾਂ ਵਿਸ਼ਿਆਂ ਵਿਚ ਆਦਮੀ ਦਾ ਮਨ ਹਰ ਵਕਤ ਮਸਤ ਰਹਿੰਦਾ ਹੈ ਤੇ ਨਤੀਜਾ ਕੀ ਹੁੰਦਾ ਹੈ ਆਪਣੇ ਆਤਮ ਸਰੂਪ ਨੂੰ ਭੁੱਲਿਆ ਰਹਿੰਦਾ ਹੈ। ਹਰ ਵਕਤ ਬਾਲ-ਬੱਚਿਆਂ 'ਚ, ਮਾਇਕ ਵਸਤਾਂ 'ਚ, ਕੋਠੀਆਂ 'ਚ, ਫੈਕਟਰੀਆਂ 'ਚ, ਜ਼ਮੀਨਾਂ, ਫਾਰਮਾਂ 'ਚ, ਨੌਕਰੀਆਂ ਚਾਕਰੀਆਂ 'ਚ, ਪਦਵੀਆਂ 'ਚ ਪਰਚਿਆ ਰਹਿੰਦਾ ਹੈ। ਪਰਚਣ ਨਾਲ ਕੀ ਹੁੰਦਾ ਹੈ ਕਿ ਇਹ ਭੁੱਲ ਜਾਂਦਾ ਹੈ। ਮਹਾਰਾਜ ਕਹਿੰਦੇ ਨੇ ਕਿ ਕਿਉਂ ਭੁੱਲਦਾ ਹੈ? ਐਸ ਤਰ੍ਹਾਂ ਨਾਲ ਸਾਨੂੰ ਜਗਾਉਂਦੇ ਨੇ –

*ਧਾਰਨਾ – ਆਤਮ ਤੇਰਾ ਰੂਪ ਹੈ,*
*ਦੇਹੀ ਕਿਉਂ ਮੰਨਦੈ ਆਪ ਨੂੰ*

ਮਹਾਰਾਜ ਜੀ ਸਾਵਧਾਨ ਕਰਦੇ ਨੇ ਕਿ ਪ੍ਰੇਮੀਆਂ! ਫੇਰ ਤੂੰ ਕਹਿਣਾ ਹੈ ਕਿ ਗੁਰੂ ਨੇ ਮੈਨੂੰ ਰਾਹ ਨਹੀਂ ਦੱਸਿਆ। ਗੁਰੂ ਤਾਂ ਬੋਲੀ ਜਾਂਦਾ ਹੈ ਤੂੰ ਸੁਣਦਾ ਹੀ ਨਹੀਂ। ਜੇ ਸੁਣਦਾ ਹੈ ਤਾਂ ਮੰਨਦਾ ਨਹੀਂ। ਦੂਸਰੀ ਅਵਸਥਾ 'ਚ ਜੇ ਮੰਨਦਾ ਹੈ ਤਾਂ ਅਭਿਆਸ ਨਹੀਂ ਕਰਦਾ। ਜੇ ਅਭਿਆਸ ਕਰਦਾ ਹੈ ਤਾਂ ਆਪਣੇ ਆਪ ਦੀ ਪਛਾਣ ਨਹੀਂ ਕਰਦਾ। ਚਾਰੋਂ ਚੀਜ਼ਾਂ ਜਦੋਂ ਕਰਦਾ ਹੈ ਤਾਂ ਫੇਰ ਗੁਰੂ ਲਗਦਾ ਹੈ –

*ਗੁਰ ਲਾਗਾ ਤਬ ਜਾਣੀਐ*
*ਮਿਟਹਿ ਮੋਹ ਤਨ ਤਾਪ॥*

ਸੋ –

*ਇਹ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਪੰਨਾ – 309*

ਆਹ ਸਰੀਰ ਦੇ ਵਿਚ ਵਾਹਿਗੁਰੂ ਦੀ ਜੋਤੀ ਪਈ ਹੈ –

*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕ ਕਢੈ ਖੋਤਿ॥*
*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ*
*ਤੂ ਸਚੁ ਸਚੇ ਸੇਵਾ ਤੇਰੀ ਹੋਤਿ॥*
*ਪੰਨਾ - 309*

ਗੁਰੂ ਦੇ ਰਾਹੀਂ ਕੋਈ ਪ੍ਰੇਮੀ ਗੁਰੂ ਦੇ ਬਚਨ ਮੰਨ ਕੇ ਇਹਦੇ ਵਿਚ ਜਿਹੜੇ ਗੋਹਝ ਰਤਨ ਛੁਪੇ ਪਏ ਨੇ ਉਨ੍ਹਾਂ ਨੂੰ ਨਾਮ ਜਪ-ਜਪ ਕੇ ਕੱਢ ਲੈਂਦਾ ਹੈ। ਇਕ ਥਾਂ ਗੁਰੂ ਮਹਾਰਾਜ ਜੀ ਫੁਰਮਾਉਂਦੇ ਨੇ ਕਿ -

*ਕਾਇਆ ਕੋਟੁ ਹੈ ਆਕਾਰਾ॥*
*ਮਾਇਆ ਮੋਹੁ ਪਸਰਿਆ ਪਾਸਾਰਾ॥*
*ਬਿਨੁ ਸਬਦੈ ਭਸਮੈ ਕੀ*
*ਢੇਰੀ ਖੇਹੂ ਖੇਹ ਰਲਾਇਦਾ॥*
*ਪੰਨਾ-1059*

ਜੇ ਇਹਦੇ ਵਿਚ ਸ਼ਬਦ ਨਾ ਹੋਵੇ ਤਾਂ ਇਹ ਭਸਮ ਦੀ ਢੇਰੀ ਹੈ ਤੋਂ ਸਿਵਾਏ ਹੋਰ ਕੁਝ ਨਹੀਂ ਹੈ। ਸ਼ਬਦ ਦੇ ਨਾਲ ਇਹ ਜਿਉਂਦੀ ਹੈ। ਕਿਹੜਾ ਸ਼ਬਦ -

*ਨਾਮ ਕੇ ਧਾਰੇ ਸਗਲੇ ਜੰਤ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ॥*
*ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥*
*ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥*
*ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥*
*ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥*
*ਨਾਮ ਕੇ ਧਾਰੇ ਆਗਾਸ ਪਾਤਾਲ॥*
*ਨਾਮ ਕੇ ਧਾਰੇ ਸਗਲ ਆਕਾਰ॥*
*ਨਾਮ ਕੇ ਧਾਰੇ ਪੁਰੀਆ ਸਭ ਭਵਨ॥*
*ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥*
*ਕਰਿ ਕਿਰਪਾ*
*ਜਿਸੁ ਆਪਨੈ ਨਾਮਿ ਲਾਏ॥*
*ਨਾਨਕ ਚਉਥੇ ਪਦ ਮਹਿ*
*ਸੋ ਜਨੁ ਗਤਿ ਪਾਏ॥ ਪੰਨਾ - 284*

ਉਸ ਸ਼ਬਦ ਸ਼ਕਤੀ (ਨਾਮ ਸ਼ਕਤੀ) ਨੇ ਇਸ ਸਰੀਰ ਨੂੰ ਧਾਰਨ ਕੀਤਾ ਹੋਇਆ ਹੈ। ਜੇ ਸ਼ਬਦ ਸ਼ਕਤੀ ਇਹਦੇ ਵਿਚ ਨਾ ਹੋਵੇ ਤਾਂ ਇਹ ਖੇਹ ਦੀ ਢੇਰੀ ਬਣ ਜਾਂਦੀ ਹੈ -

*ਕਾਇਆ ਕੰਚਨ ਕੋਟੁ ਅਪਾਰਾ॥*
*ਜਿਸੁ ਵਿਚਿ ਰਵਿਆ ਸਬਦੁ ਅਪਾਰਾ।।*
*ਗੁਰਮੁਖਿ ਗਾਵੈ ਸਦਾ ਗੁਣ ਸਾਚੇ*
*ਮਿਲਿ ਪ੍ਰੀਤਮ ਸੁਖੁ ਪਾਇਦਾ।।*
*ਕਾਇਆ ਹਰਿ ਮੰਦਰੁ*
*ਹਰਿ ਆਪਿ ਸਵਾਰੇ॥*
*ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ॥*
*ਗੁਰ ਕੈ ਸਬਦਿ ਵਣਜਨਿ ਵਪਾਰੀ*
*ਨਦਰੀ ਆਪਿ ਮਿਲਾਇਦਾ॥*
*ਪੰਨਾ - 1059*

ਇਹਨੂੰ ਹਰੀ ਮੰਦਰ ਕਹਿੰਦੇ ਨੇ। ਇਹਦੇ ਵਿਚ ਸ਼ਰਾਬ ਪਾ ਲੈਂਦਾ ਹੈ, ਮਾਨੋਂ ਮਰੀ ਹੋਈ ਬਿੱਲੀ ਸੁੱਟ ਲੈਂਦਾ ਹੈ ਇਸ ਮੰਦਰ ਦੇ ਵਿਚ, ਸਰੋਵਰ ਦੇ ਅੰਦਰ। ਅੰਮ੍ਰਿਤ ਦਾ ਸਰੋਵਰ ਭਰਿਆ ਪਿਆ ਹੈ ਅਤੇ ਇਹਦੇ ਵਿਚ ਨਿੰਦਿਆ ਦੀ, ਈਰਖਾ ਦੀ ਮਰੀ ਹੋਈ ਬਿੱਲੀ ਪਾ ਲਈ ਅਤੇ ਵੈਰ ਵਿਰੋਧ ਦੇ ਮਰੇ ਹੋਏ ਚੂਹੇ ਸੁੱਟ ਲਏ ਫੇਰ ਕਹਿੰਦੇ ਨੇ ਕਿ ਇਹ ਮੰਦਰ ਪਵਿੱਤਰ ਰਹੇਗਾ। ਬਿਲਕੁਲ ਗਲਤ ਹੈ। ਇਸ ਮੰਦਰ ਦੀ ਪਵਿੱਤਰਤਾ ਪਵਿੱਤਰ ਗੁਣਾਂ ਕਰਕੇ ਹੀ ਹੁੰਦੀ ਹੈ। ਬਾਹਰਲੇ ਮੰਦਰ ਕਰਕੇ ਤਾਂ ਅਸੀਂ ਤਲਵਾਰਾਂ ਕੱਢ ਲੈਂਦੇ ਹਾਂ, ਇਕ ਦੂਜੇ ਦੇ ਗਲ ਵੱਢ ਦਿੰਦੇ ਹਾਂ ਪਰ ਜਿਹੜਾ ਆਪਣਾ ਹੀ ਮੰਦਰ ਅਸੀਂ ਅਪਵਿੱਤਰ ਕਰਦੇ ਚਲੇ ਜਾ ਰਹੇ ਹਾਂ। ਕਿਉਂ ਨਹੀਂ ਸਮਝਿਆ, ਗੁਰੂ ਦੀ ਬਾਣੀ ਤੇ ਨਿਹਚਾ ਕਿਉਂ ਨਹੀਂ ਲਿਆਂਦਾ। ਸਾਡਾ ਨਿਹਚਾ ਬੜੀ ਦੂਰ ਹੈ, ਆਪਣਾ ਹੀ ਬਣਾਇਆ ਹੋਇਆ ਨਿਸ਼ਚਾ ਅਸੀਂ ਧਾਰ ਕੇ ਰਖਦੇ ਹਾਂ। ਜਿਹੜੀਆਂ ਬਚਪਨ ਤੋਂ ਅਗਿਆਨੀਆਂ ਦੀਆਂ, ਅੰਨ੍ਹਿਆਂ ਦੀਆਂ ਗੱਲਾਂ ਸੁਣਦੇ ਆਏ ਹਾਂ ਉਹ ਨਿਸ਼ਚੇ ਸਾਡੇ ਪਰਪੱਕ ਹੋ ਗਏ।

*ਅੰਧਾ ਜਗਤੁ ਅੰਧੁ ਵਰਤਾਰਾ*
*ਬਾਝੁ ਗੁਰੂ ਗੁਬਾਰਾ॥ ਪੰਨਾ - 600*

ਜੋ ਪ੍ਰਮੇਸ਼ਰ ਦੇ ਗਿਆਨ ਤੋਂ ਹੀਣਾ ਹੈ ਉਸ ਦੇ ਗਿਆਨ ਨੇਤਰ ਅੰਨ੍ਹੇ ਹਨ। ਗੁਰੂ ਤੋਂ ਬਗੈਰ ਹਨ੍ਹੇਰਾ ਖਤਮ ਨਹੀਂ ਹੁੰਦਾ। ਭਾਵੇਂ ਕਿੰਨਾ ਹੀ ਪ੍ਰਕਾਸ਼ ਕਿਉਂ ਨਾ ਹੋ ਜਾਵੇ ਜਿਵੇਂ ਕਿ -

*ਜੇ ਸਉ ਚੰਦਾ ਉਗਵਹਿ*
*ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ*
*ਗੁਰ ਬਿਨੁ ਘੋਰ ਅੰਧਾਰ॥ ਪੰਨਾ-463*

ਅੰਧੇ ਪੁਰਸ਼ ਜੋ ਰਾਹ ਦਸਦੇ ਹਨ ਉਹ ਕਿਸੇ ਕਿਨਾਰੇ ਨਹੀਂ ਪਹੁੰਚਿਆ ਕਰਦੇ। ਦੁਨੀਆਂ ਵਿਚ ਹੀ ਖਪ-ਖਪਾ ਕੇ ਆਦਮੀ ਆਪਣਾ ਜੀਵਨ ਬਰਬਾਦ ਕਰ ਲੈਂਦਾ ਹੈ। ਗੁਰੂ ਤੋਂ ਬਗੈਰ ਰਸਤੇ ਦੀ ਸੋਝੀ ਨਹੀਂ ਹੋਇਆ ਕਰਦੀ -

*ਅੰਧੇ ਕੈ ਰਾਹਿ ਦਸਿਐ*
*ਅੰਧਾ ਹੋਇ ਸੁ ਜਾਇ॥*
*ਹੋਇ ਸੁਜਾਖਾ ਨਾਨਕਾ*
*ਸੋ ਕਿਉ ਉਝੜਿ ਪਾਇ॥*
*ਪੰਨਾ - 954*

ਅੰਨ੍ਹਿਆਂ ਦੀਆਂ ਗੱਲਾਂ ਅੰਨ੍ਹੀਆਂ ਹੀ ਹੁੰਦੀਆਂ ਹਨ -

*ਅੰਨ੍ਹਾ ਆਗੂ ਜੇ ਥੀਐ*
*ਸਭੁ ਸਾਥੁ ਮੁਹਾਵੈ॥*

**ਭਾਈ ਗੁਰਦਾਸ ਜੀ, ਵਾਰ 35/2**

ਸਾਰਾ ਸਾਥ ਡੁੱਬ ਜਾਂਦਾ ਹੈ ਜੇ ਅੰਨਾ ਆਗੂ ਬਣਾ ਲਈਏ। ਕਿੰਨੀ ਥਾਂ ਬਾਣੀ ਕਹਿੰਦੀ ਹੈ ਕਿ ਇਹ ਮੰਦਰ ਨੂੰ ਆਪ ਹੀ ਸੰਵਾਰ ਲੈ। 2 ਖਰਬ 15 ਅਰਬ ਇੱਟ ਇਹਦੇ ਉਤੇ ਲੱਗੀ ਹੋਈ ਹੈ। ਸਾਧਸੰਗਤ ਜੀ! ਇਹਦੇ 2 ਖਰਬ 15 ਅਰਬ ਸੈਲ ਨੇ। ਇਹਦੇ ਵਿਚ ਜਿਹੜਾ **communication** ਦਾ ਸਾਧਨ ਕੀਤਾ ਹੈ ਉਹ ਇਹਨੂੰ ਜਿਉਂਦਾ ਰੱਖਣ ਵਾਸਤੇ ਕਿ ਖ਼ੂਨ ਇਹਦੇ ਵਿਚ ਨੱਠਿਆ ਹੀ ਜਾਵੇ, ਉਹ ਜ਼ਿੰਦਗੀ ਹੈ ਖ਼ੂਨ ਦੀ। 72 ਕਰੋੜ, 72 ਲੱਖ, 72 ਹਜ਼ਾਰ, ਦੋ ਸੌ ਨਾੜੀਆਂ ਲਾਈਆਂ ਹੋਈਆਂ ਹਨ ਇਹਦੇ ਵਿਚ ਜਿਨ੍ਹਾਂ ਵਿਚੋਂ 20 ਵੱਡੀਆਂ-ਵੱਡੀਆਂ ਨੇ, ਜਿਨ੍ਹਾਂ ਵਿਚ ਕਰੰਟ ਚਲਦੀ ਹੈ। ਪੰਜ ਇਹਦੇ ਵਿਚ ਮੋਟਰਾਂ ਲੱਗੀਆਂ ਹੋਈਆਂ ਨੇ - ਪ੍ਰਾਣ, ਉਪਾਨ, ਸੁਮਾਨ, ਬਿਆਨ, ਉਦਾਨ - ਪੰਜ ਕਿਸਮ ਦੇ ਪ੍ਰਾਣ। ਪੰਜ ਇਹਦੇ ਵਿਚ ਛੋਟੀਆਂ ਹਵਾਵਾਂ ਦੇ ਰਸਤੇ ਨੇ। ਪੰਜ ਕਰਮ ਇੰਦ੍ਰੇ ਅਤੇ 25 ਪ੍ਰਕ੍ਰਿਤੀਆਂ ਦੇ ਬਣੇ ਹੋਏ ਗਿਆਨ ਇੰਦ੍ਰੇ ਨੇ। ਇਕ ਤਾਂ ਹੈ ਨਹੀਂ ਨਾ, ਬਹੁਤ ਵਿਉਂਤ ਨਾਲ ਇਹ ਦੇਹੀ ਬਣੀ ਹੋਈ ਹੈ-

*ਕਾਇਆ ਹਰਿ ਮੰਦਰੁ*
*ਹਰਿ ਆਪਿ ਸਵਾਰੇ॥ ਪੰਨਾ - 1059*

ਆਪ ਸਵਾਰਿਆ ਹੈ ਉਸਨੇ ਇਸਨੂੰ।

*ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ॥*
*ਪੰਨਾ - 1059*

ਫੇਰ ਆ ਕੇ ਬੈਠਿਆ ਹੈ ਇਹਦੇ ਵਿਚ -

*ਗੁਰ ਕੈ ਸਬਦਿ ਵਣਜਨਿ*
*ਵਪਾਰੀ ਨਦਰੀ ਆਪਿ ਮਿਲਾਇਦਾ॥*
*ਪੰਨਾ - 1059*

ਜਿਹੜੇ ਵਪਾਰੀ ਨੇ ਗੁਰੂ ਤੋਂ ਆ ਕੇ ਸ਼ਬਦ ਮੰਗਦੇ ਨੇ। ਉਹ ਪੰਜ ਪਿਆਰਿਆਂ ਦੀ ਹਜ਼ੂਰੀ ਵਿਚ ਆਉਂਦੇ ਨੇ ਕਿ ਸ਼ਬਦ ਦਿਓ, ਮਹਾਰਾਜ! ਅਸੀਂ ਸ਼ਬਦ ਲੈਣ ਆਏ ਹਾਂ। ਸੋ ਪੰਜ ਪਿਆਰੇ ਸ਼ਬਦ ਦਿੰਦੇ ਨੇ। ਹੁਣ ਜਿਹੜੇ ਵਪਾਰੀ ਨੇ ਉਹ ਤਾਂ ਲੈ ਗਏ, ਸੌਦਾ ਮਿਲ ਗਿਆ। ਇਸ ਨੂੰ ਸਾਂਭ ਕੇ ਰੱਖਣ ਲਈ ਇਕ **pledge** (ਇਕਰਾਰ) ਕਰ ਲਿਆ ਹੈ। ਜਿਵੇਂ ਬੈਂਕ ਵਿਚ ਕਰਜ਼ਾ ਲੈਣ ਵਾਸਤੇ ਕਾਗਜ਼ ਭਰਨਾ ਪੈਂਦਾ ਹੈ। ਬੈਂਕ ਵਾਲਾ ਕਹਿੰਦਾ ਹੈ, ਗਰੰਟੀ ਲਿਆ, ਕੋਈ ਗਰੰਟਰ ਲਿਆ। ਅਸੀਂ ਗਰੰਟਰ ਲੈ ਕੇ ਜਾਂਦੇ ਹਾਂ ਉਹ ਉਹਦੀ ਜ਼ਮੀਨ ਜਾਇਦਾਦ ਦੇਖਦਾ ਹੈ ਤੇ ਫੇਰ ਕਰਜ਼ਾ ਦਿੰਦਾ ਹੈ। ਸੋ ਇਸੇ ਤਰ੍ਹਾਂ ਪੰਜ ਪਿਆਰੇ ਗਰੰਟਰ ਨੇ। ਇਹ ਪਹਿਲਾਂ ਇਹਨੂੰ ਸੋਧਦੇ ਨੇ ਕਿ ਆਹ ਗੱਲ ਨਹੀਂ ਕਰਨੀ, ਆਹ ਗੱਲ ਨਹੀਂ ਕਰਨੀ ਤੂੰ, **pledge** ਲੈਂਦੇ ਨੇ ਇਸ ਤੋਂ। ਇਹ **honourable pledge** ਹੁੰਦਾ ਹੈ ਕਿ ਚੰਗੇ ਇਨਸਾਨ ਨੇ ਬਚਨ ਦਿਤਾ ਹੈ ਹੁਣ ਇਹ ਬਚਨ ਤੋਂ ਨਹੀਂ ਫਿਰੇਗਾ। ਇਨ੍ਹਾਂ ਨੂੰ ਰਹਿਤਾਂ ਆਖਦੇ ਹਨ ਅਤੇ ਕੁਰਹਿਤਾਂ ਦਸਦੇ ਹੋਏ ਫ਼ੁਰਮਾਨ ਕਰਦੇ ਹਨ ਕਿ ਨਿੰਦਿਆ ਨਾ ਕਰੀਂ, ਚੁਗਲੀ ਨਾ ਕਰੀਂ, ਈਰਖਾ ਨਾ ਕਰੀਂ, ਕਿਸੇ ਦਾ ਹੱਕ ਨਾ ਖੋਹੀਂ, ਕੋਈ ਮਾੜਾ ਕੰਮ ਨਾ ਕਰੀਂ, ਨਾ ਅੱਖਾਂ ਨਾਲ, ਨਾ ਕੰਨਾਂ ਦੇ ਨਾਲ, ਨਾ ਹੱਥਾਂ ਦੇ ਨਾਲ, ਨਾ ਪੈਰਾਂ ਦੇ ਨਾਲ ਮਾੜੇ ਥਾਉਂ ਚੱਲ ਕੇ ਜਾਈਂ। ਜੇ **pledge** ਤੋੜ ਦੇਵੇ ਫੇਰ ਕੀ ਹੁੰਦਾ ਹੈ? ਫੇਰ ਤਾਂ ਉਹ ਗਲਤ ਹੋ ਗਿਆ ਨਾ, ਫੇਰ ਵਪਾਰੀ ਨਾ ਰਿਹਾ। ਸੋ ਗੁਰੂ ਨਾਮ ਦਿੰਦਾ ਹੈ ਤੇ ਜਿਹੜੇ ਅਸਲੀ ਵਪਾਰੀ ਨੇ ਉਹ ਫੇਰ ਵਪਾਰੀਆਂ ਨਾਲ ਰਲ ਕੇ, ਕਾਫਲਿਆਂ ਦੇ ਨਾਲ ਰਲ ਕੇ ਵਪਾਰ ਕਰਦੇ ਨੇ ਪਰ ਇਨਸਾਨ ਭੁੱਲਿਆ ਰਹਿੰਦਾ ਹੈ। ਆਪਣੇ ਸਰੂਪ ਦਾ ਧਿਆਨ ਨਹੀਂ ਰਹਿੰਦਾ ਜਦ ਦੇਖੋ ਸਰੀਰ ਦੀ ਗੱਲ, ਮੁੜ-ਮੁੜ ਕੇ ਸਰੀਰ ਦੀ ਗੱਲ ਹੀ ਕਰੇਗਾ ਕਿਉਂਕਿ ਭੁੱਲ ਪਈ ਹੋਈ ਹੈ। ਇਕ ਪਾਸੇ ਤਾਂ ਹੋਵੇ ਸਾਰੀ ਦੁਨੀਆਂ ਦੀ ਦੌੜ ਤੇ ਇਕ ਪਾਸੇ ਹੋਵੇ ਆਤਮ ਗਿਆਨ। ਜੇ ਪਰਖ ਵਾਲੇ ਜਗਿਆਸੂ ਨੂੰ ਪੁਛੋ ਕਿ ਇਕ ਪਾਸੇ ਸਾਰੀ ਦੁਨੀਆਂ ਦਾ ਰਾਜ ਹੈ ਤੇ ਇਕ ਪਾਸੇ ਹੈ ਆਤਮ ਗਿਆਨ; ਦੋਹਾਂ ਵਿਚੋਂ ਕਿਹੜੀ ਚੀਜ਼ ਲੈਣੀ ਹੈ? ਤਾਂ ਉਹ ਕਹੇਗਾ ਰਾਜ ਰੂਜ ਨੂੰ ਤਾਂ ਮੈਂ ਠੇਡਾ ਮਾਰਦਾਂ ਇਹ ਕੁਝ ਵੀ ਨਹੀਂ ਹੈ -

*ਐਸੋ ਰਾਜੁ ਨ ਕਿਤੈ ਕਾਜਿ*
*ਜਿਤੁ ਨਹਿ ਤ੍ਰਿਪਤਾਏ॥ ਪੰਨਾ - 745*

ਗੁਰੂ ਪਾਤਸ਼ਾਹ ਨੇ ਇਕ ਸ਼ਬਦ ਦੇ ਨਾਲ ਆਪਾਂ ਨੂੰ ਇਸ ਤਰ੍ਹਾਂ ਸਮਝਾਇਆ ਹੈ -

*ਧਾਰਨਾ - ਕਿਤੇ ਭੁੱਲ ਨਾ ਜਾਈਂ ਓ*
*ਮਨਾਂ ਮੇਰਿਆ,*
*ਮੋਤੀਆਂ ਦੇ ਮੰਦਰ ਵੇਖ ਕੇ*

*ਮੋਤੀ ਤ ਮੰਦਰ ਊਸਰਹਿ*
*ਰਤਨੀ ਤ ਹੋਹਿ ਜੜਾਉ॥*
*ਕਸਤੂਰਿ ਕੁੰਗੂ ਅਗਰਿ ਚੰਦਨਿ*
*ਲੀਪਿ ਆਵੈ ਚਾਉ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥*
*ਹਰਿ ਬਿਨੁ ਜੀਉ ਜਲਿ ਬਲਿ ਜਾਉ॥*
*ਮੈ ਆਪਣਾ ਗੁਰੁ ਪੂਛਿ ਦੇਖਿਆ*
*ਅਵਰੁ ਨਾਹੀ ਥਾਉ॥ ਪੰਨਾ-14*

ਗੁਰੂ ਮਹਾਰਾਜ ਨੇ ਆਪਣੇ ਬਚਨਾਂ ਵਿਚ ਨਾਮ ਦੇ ਮੁਕਾਬਲੇ ਉਪਰ ਪ੍ਰਕ੍ਰਿਤੀ ਦੀ ਅਤਿ ਲੁਭਦੀ ਦਾ ਕਥਨ ਕੀਤਾ ਹੈ, ਇਕ ਪਾਸੇ ਨਾਮ ਹੈ ਇਕ ਪਾਸੇ ਪ੍ਰਕ੍ਰਿਤਕ ਸਮਾਜ ਹੈ ਜੋ ਮਨ ਨੂੰ ਹਰ ਤਰ੍ਹਾਂ ਲੁਭਾਉਣ ਦੀ ਸਮਰੱਥਾ ਰਖਦਾ ਹੈ। ਜਗਿਆਸੂ ਲਈ ਬਹੁਤ ਹੀ ਮੁਸ਼ਕਲ ਹੈ ਕਿ ਉਹ ਪ੍ਰਕ੍ਰਿਤੀ ਦੀ ਅਤਿ ਉਤਮ ਦੌਲਤ ਦਾ ਤਿਆਗ ਕਰ ਸਕੇ। ਅਸੀਂ ਤਾਂ ਥੋੜ੍ਹੀ-ਥੋੜ੍ਹੀ ਮਾਇਆ ਪ੍ਰਾਪਤੀ ਲਈ ਆਪਣੇ ਅਸੂਲਾਂ ਤੋਂ ਗਿਰ ਜਾਂਦੇ ਹਾਂ। ਮਾਇਆ ਵਿਚ ਖਪਤ ਹੋ ਜਾਂਦੇ ਹਾਂ ਅਤੇ ਪੂਰੀ ਤਰ੍ਹਾਂ ਨਾਲ ਮਾਇਆ ਵਿਚ ਲੀਨ ਹੋ ਕੇ ਨਾ ਹੀ ਆਪਣੇ ਸਰੂਪ ਦਾ ਧਿਆਨ ਰਹਿੰਦਾ ਹੈ ਨਾ ਹੀ ਇਸ ਵਿਚ ਵਸਦੀ ਪ੍ਰਮ

ਜੋਤੀ ਲਈ ਕੋਈ ਖਿੱਚ ਬਣਦੀ ਹੈ। ਹਰ ਫੁਰਨਾ ਮਾਇਆ ਮੰਡਲ ਵਿਚ ਘੁੰਮੇਟਣੀਆਂ ਖਾਂਦਾ ਹੈ। ਗੁਰੂ ਮਹਾਰਾਜ ਜੀ ਇਸ ਸ਼ਬਦ ਦੇ ਅੰਦਰ ਚਾਰ ਮਿਸਾਲਾਂ ਦਿੰਦੇ ਹਨ, ਪਹਿਲੀ ਉਦਾਹਰਣ ਹੈ ਮਾਇਆ ਦੀ ਅਤਿ ਉਤਮ ਪ੍ਰਾਪਤੀ ਜਿਸ ਲਈ ਸਾਰਾ ਸੰਸਾਰ ਖਪ-ਖਪ ਕੇ ਮਰਦਾ ਹੈ, ਆਦਮੀ ਦੀ ਜ਼ਰੂਰਤ ਦਾ ਜੇ ਵਿਸ਼ਲੇਸ਼ਣ ਕੀਤਾ ਜਾਵੇ ਉਹ ਤਿੰਨਾਂ ਚੀਜ਼ਾਂ ਵਿਚ ਹੀ ਖਤਮ ਹੋ ਜਾਂਦਾ ਹੈ ਜਿਸ ਨੂੰ ਕੁਲੀ ਜੁਲੀ ਗੁਲੀ ਆਖਦੇ ਹਨ। ਰਹਿਣ ਲਈ ਥੋੜ੍ਹਾ ਖਾਓ, ਪੇਟ ਭਰਨ ਲਈ ਅਨਾਜ ਅਤੇ ਸਰੀਰ ਨੂੰ ਗਰਮੀ ਸਰਦੀ ਤੋਂ ਬਚਾਉਣ ਲਈ ਵਸਤਰ। ਪਰ ਆਦਮੀ ਦੇ ਅੰਦਰ ਇਕ ਐਸੀ ਅੱਗ ਪ੍ਰਮੇਸ਼ਰ ਨੇ ਜਲਾ ਛੱਡੀ ਹੈ ਜੋ ਬੁਝਣ ਵਿਚ ਹੀ ਨਹੀਂ ਆਉਂਦੀ, ਜਿਉਂ-ਜਿਉਂ ਉਸ ਵਿਚ ਪਦਾਰਥ ਪੈਂਦੇ ਹਨ ਉਹ ਹੋਰ ਉਚੀ ਹੋ ਕੇ ਲਾਟਾਂ ਛੱਡ-ਛੱਡ ਜਲਦੀ ਹੈ, ਉਸਦਾ ਕੰਮ ਹੈ ਕਿ ਇਸ ਜੀਵ ਨੂੰ ਸੰਸਾਰ ਤੋਂ ਚਲੇ ਜਾਣ ਤੋਂ ਪੂਰੀ ਤਰ੍ਹਾਂ ਅਵੇਸਲਾ ਰੱਖਣਾ। ਮੋਹ ਚਿਤ ਚੇਤੇ ਵੀ ਨਾ ਭੁੱਲਣ ਦੇਣਾ। ਗੁਰੂ ਮਹਾਰਾਜ ਜੀ ਨੇ ਇਸ ਨੂੰ ਤ੍ਰਿਸ਼ਨਾ ਰੋਗ ਕਹਿ ਕੇ ਸੰਬੋਧਨ ਕੀਤਾ ਹੈ ਅਤੇ ਫੁਰਮਾਨ ਕੀਤਾ ਹੈ –

*ਏਹ ਤਿਸਨਾ ਵਡਾ ਰੋਗੁ ਲਗਾ*
*ਮਰਣੁ ਮਨਹੁ ਵਿਸਾਰਿਆ॥ ਪੰਨਾ-919*

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ।*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥*
*ਪਰੈ ਪਰੈ ਹੀ ਕਉ ਲੁਝੀ ਹੇ॥*
*ਪੰਨਾ - 213*

ਇਸ ਦਾ ਇਲਾਜ ਵੀ ਗੁਰੂ ਮਹਾਰਾਜ ਜੀ ਨੇ ਫੁਰਮਾਇਆ ਹੈ ਕਿ ਇਹ ਨਾਮ ਪ੍ਰਾਪਤੀ ਤੋਂ ਬਿਨਾਂ ਕਿਸੇ ਤਰੀਕੇ ਨਾਲ ਵੀ ਨਹੀਂ ਬੁਝਦੀ। ਜਦੋਂ ਨਾਮ ਦੀ ਦੌਲਤ ਨੇ ਇਸ ਸਰੀਰ ਵਿਚ ਪ੍ਰਗਟ ਹੋ ਕੇ ਇਸ ਨੂੰ ਪ੍ਰਮ ਸ਼ਾਂਤ ਕਰ ਦਿਤਾ ਅਤੇ ਸਤਿ ਚਿਤ ਅਨੰਦ ਦੇ ਮੰਡਲ ਵਿਚ ਪ੍ਰਵੇਸ਼ ਕਰਾ ਦਿਤਾ ਉਸ ਅਵਸਥਾ ਵਿਚ ਤ੍ਰਿਸ਼ਨਾ ਦੀ ਅਗਨ ਉਸ ਨੂੰ ਪੋਹ ਨਹੀਂ ਸਕਦੀ। ਜੇ ਨਾਮ ਸਰੀਰ ਵਿਚ ਪ੍ਰਗਟ ਨਹੀਂ ਹੋਇਆ ਤਾਂ ਇਹ ਜੀਵ ਤ੍ਰਿਸ਼ਨਾ ਦੇ ਜਾਲ ਵਿਚ ਪੂਰੀ ਤਰ੍ਹਾਂ ਫਸ ਜਾਂਦਾ ਹੈ ਅਤੇ ਦੇਸ਼ ਛੱਡ ਕੇ ਪ੍ਰਦੇਸ਼ਾਂ ਵਿਚ ਮਿਹਨਤਾਂ ਕਰਦਾ ਹੈ। ਧਨ ਕਮਾਉਣ ਦੇ ਅਨੇਕ ਸਾਧਨ ਪੈਦਾ ਕਰਦਾ ਹੈ, ਦਿਨ ਵੀ ਰਾਤ ਵੀ ਤ੍ਰਿਸ਼ਨਾ ਦੇ ਫੁਰਨੇ ਉਸ ਦੇ ਮਨ ਨੂੰ ਭਟਕਾਉਂਦੇ ਹਨ ਕਿਉਂਕਿ ਤ੍ਰਿਸ਼ਨਾ ਦੇ ਲੋਭ ਵਿਚ ਆ ਕੇ ਉਹ ਫਸਿਆ ਹੋਇਆ ਜੀਵ ਇਸ ਕਸ਼ਮਕਸ਼ ਵਿਚੋਂ ਨਿਕਲ ਨਹੀਂ ਸਕਦਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਮਾਇਆ ਜਾਲੁ ਪਸਾਰਿਆ*
*ਭੀਤਰਿ ਚੋਗ ਬਣਾਇ॥*
*ਤ੍ਰਿਸਨਾ ਪੰਖੀ ਫਾਸਿਆ*
*ਨਿਕਸੁ ਨ ਪਾਏ ਮਾਇ॥ ਪੰਨਾ - 50*

ਇਕ ਥਾਂ ਆਪ ਫੁਰਮਾਨ ਕਰਦੇ ਹਨ ਕਿ –

*ਵਡੇ ਵਡੇ ਰਾਜਨ ਅਰੁ ਭੂਮਨ*
*ਤਾ ਕੀ ਤ੍ਰਿਸਨ ਨ ਬੂਝੀ॥*
*ਲਪਟਿ ਰਹੇ ਮਾਇਆ*
*ਰੰਗ ਮਾਤੇ ਲੋਚਨ ਕਛੂ ਨ ਸੂਝੀ॥*
*ਪੰਨਾ - 672*

ਜਿਉਂ-ਜਿਉਂ ਇਸ ਵਿਚ ਅਸੀਂ ਮਾਇਕ ਪਦਾਰਥਾਂ ਦਾ ਬਾਲਣ ਪਾਉਂਦੇ ਰਹੀਏ, ਤ੍ਰਿਸ਼ਨਾ ਦੀ ਅਗਨ ਵਧਦੀ ਹੀ ਤੁਰੀ ਜਾਂਦੀ ਹੈ, ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਸ ਜਗਤ ਦੇ ਵਿਚ ਜਿੰਨੇ ਵੀ ਸਰੀਰਧਾਰੀ ਜੀਵ ਹਨ ਇਹ ਮਾਇਆ ਦੇ ਪੁਤਲੇ ਹਨ, ਇਨ੍ਹਾਂ ਨੂੰ ਨਠਦਾ ਭਜਣਾ ਰੱਖਣ ਲਈ ਤ੍ਰਿਸ਼ਨਾ ਦਾ ਰੋਗ ਲਾ ਦਿਤਾ। ਨਾ ਦਿਨੇ ਚੈਨ, ਨਾ ਰਾਤ ਨੂੰ ਚੈਨ, ਭਜਨ ਬੰਦਗੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਰੋਗ ਨੂੰ ਵੱਡਾ ਰੋਗ ਆਖਿਆ ਗਿਆ ਹੈ। ਵੱਡਾ ਰੋਗ ਟੀ.ਬੀ. ਨੂੰ ਆਖਦੇ ਹਨ, ਇਹ ਜੀਵ ਨੂੰ ਖਾ ਜਾਂਦੀ ਹੈ ਪਰ ਇਸਦੀ ਦਵਾਈ ਵੀ ਗੁਰੂ ਮਹਾਰਾਜ ਜੀ ਨੇ ਸਪਸ਼ਟ ਰੂਪ ਵਿਚ ਅਸਾਡੇ ਭਲੇ ਲਈ ਪ੍ਰਤੱਖ ਰੂਪ ਵਿਚ ਦੱਸੀ ਹੈ ਕਿ ਇਹ ਤ੍ਰਿਸ਼ਨਾ ਦਾ ਰੋਗੀ ਜੇ ਸੰਜੋਗ ਵਸ ਤੱਤ ਬੇਤੇ ਮਹਾਂਪੁਰਸ਼ ਦੀ ਸ਼ਰਨ ਵਿਚ ਆ ਜਾਵੇ, ਪੂਰੇ ਸਮਰੱਥ ਗੁਰੂ ਦੀ ਇਸ ਉਪਰ ਮਿਹਰ ਹੋ ਜਾਵੇ ਤਾਂ ਇਸ ਦੇ ਅੰਦਰੋਂ ਹੀ ਅਉਖਧ ਪ੍ਰਗਟ ਕਰ ਦਿੰਦਾ ਹੈ ਜਿਸ ਨੂੰ ਪ੍ਰਾਪਤ ਕਰਕੇ ਇਹ ਤ੍ਰਿਸ਼ਨਾ ਰੋਗ ਤੋਂ ਛੁਟਕਾਰਾ ਪਾ ਸਕਦਾ ਹੈ ਜਿਵੇਂ ਕਿ ਫੁਰਮਾਨ ਹੈ –

*ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ*
*ਇਸੁ ਮਹਿ ਰੋਗੁ ਵਡਾ ਤ੍ਰਿਸਨਾ ਮਾਇਆ॥*
*ਅਨੇਕ ਜਤਨ ਭੇਖ ਕਰੇ ਜੋਗੀ*
*ਰੋਗੁ ਨ ਜਾਇ ਗਵਾਇਆ॥*
*ਹਰਿ ਕਾ ਨਾਮੁ ਅਉਖਧੁ ਹੈ*
*ਜੋਗੀ ਜਿਸ ਨੋ ਮੰਨਿ ਵਸਾਏ॥*
*ਗੁਰਮੁਖਿ ਹੋਵੈ ਸੋਈ*
*ਬੂਝੈ ਜੋਗ ਜੁਗਤਿ ਸੋ ਪਾਏ॥*
*ਪੰਨਾ - 909*

ਜਦੋਂ ਨਾਮ ਅਉਖਧ ਦੀ ਕਮਾਈ ਕਰ ਲੈਂਦਾ ਹੈ ਤਾਂ ਤ੍ਰਿਸ਼ਨਾ ਦਾ ਭਾਂਬੜ ਬੁਝਣਾ ਸ਼ੁਰੂ ਹੋ ਜਾਂਦਾ ਹੈ ਅਤੇ ਤਨ ਮਨ ਸੀਤਲ ਹੋਣਾ ਸ਼ੁਰੂ ਹੋ ਜਾਂਦਾ ਹੈ –

*ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ॥*
*ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ॥*
*ਤਨੁ ਮਨੁ ਸੀਤਲੁ ਕ੍ਰੋਧੁ ਨਿਵਾਰੇ*
*ਹਉਮੈ ਮਾਰਿ ਸਮਾਇਆ॥*
*ਪੰਨਾ - 1067*

ਇਸ ਉਪਰ ਇਕ ਬਚਿੱਤਰ ਕਥਾ ਇਤਿਹਾਸ ਵਿਚ ਆਉਂਦੀ ਹੈ ਕਿ ਗੁਰੂ ਦਸ਼ਮੇਸ਼ ਪਿਤਾ ਜੀ ਸੰਗਤਾਂ ਦੇ ਨਾਲ ਨੀਲੇ ਤੇ ਸਵਾਰ ਹੋਏ ਜਾ ਰਹੇ ਸਨ। ਆਪ ਦੇ ਦੋਨੋਂ ਪਾਸੀਂ ਪੰਜ ਸਿੰਘ, ਪੰਜ ਸ਼ਸਤਰਧਾਰੀ ਪਿਆਰੇ ਬਰਾਬਰ ਜਾ ਰਹੇ ਸਨ। ਘੋੜਾ ਬੜੀ ਮੜਕ ਦੇ ਨਾਲ

ਠੁਮਕ-ਠੁਮਕ ਕੇ ਪੈਰ ਚੁਕ ਰਿਹਾ ਸੀ। ਕੁਝ ਚੁੱਪ ਵਾਤਾਵਰਨ ਵਰਤ ਰਿਹਾ ਸੀ ਉਸ ਸਮੇਂ ਗੁਰੂ ਮਹਾਰਾਜ ਨੇ ਇਕ ਅਵਾਜ਼ ਸੁਣੀ, ਉਹ ਅਵਾਜ਼ ਤਿੱਤਰ ਦੀ ਸੀ। ਉਸ ਅਵਾਜ਼ ਨੂੰ ਸੁਣ ਕੇ ਗੁਰੂ ਮਹਾਰਾਜ ਦੇ ਮੁਖਾਰਬਿੰਦ ਤੋਂ ਅਚਾਨਕ ਹੀ ਉਚਾਰਨ ਹੋਇਆ-

ਧਾਰਨਾ -ਭੂਮੀਆ ਭੂਮ ਉਪਰ
ਨਿਤ ਲੁਝੈ
ਛੋਡ ਚਲੇ ਤ੍ਰਿਸ਼ਨਾ ਨਹੀ ਬੁਝੈ

ਭੂਮੀਆ ਭੂਮਿ ਊਪਰਿ ਨਿਤ ਲੁਝੈ॥
ਛੋਡਿ ਚਲੈ ਤ੍ਰਿਸਨਾ ਨਹੀ ਬੁਝੈ॥
ਕਹੁ ਨਾਨਕ ਇਹੁ ਤਤੁ ਬੀਚਾਰਾ॥
ਬਿਨੁ ਹਰਿ ਭਜਨ ਨਾਹੀ ਛੁਟਕਾਰਾ॥
ਪੰਨਾ - 188

ਇਸ ਤੋਂ ਬਾਦ ਗੁਰੂ ਮਹਾਰਾਜ ਦੇ ਮੁਖਾਰਬਿੰਦ ਤੋਂ ਐਸਾ ਫੁਰਮਾਨ ਹੋਇਆ -

ਧਾਰਨਾ - ਬਿਨ ਹਰਿ ਭਜਨ ਨਹੀਂ ਛੁਟਕਾਰਾ

ਅਚਾਨਕ ਇਸ ਤਰ੍ਹਾਂ ਨਾਲ ਗੁਰੂ ਮਹਾਰਾਜ ਦੇ ਮੁਖਾਰਬਿੰਦ ਤੋਂ ਉਚਾਰਨ ਹੋਇਆ ਸ਼ਬਦ ਸਾਰੇ ਪ੍ਰੇਮੀਆਂ ਨੇ ਸੁਣਿਆ। ਬੜੀ ਹੀ ਨਿਮਰਤਾ ਦੇ ਨਾਲ ਇਕ ਪ੍ਰੇਮੀ ਨੇ ਅੱਗੇ ਵਧ ਕੇ ਬੇਨਤੀ ਕੀਤੀ ਕਿ ਮਹਾਰਾਜ! ਆਪ ਦੇ ਮੁਖ ਤੋਂ ਨਿਕਲਦੇ ਵਾਕ ਕਿਸੇ ਪ੍ਰਯੋਜਨ ਵਾਸਤੇ ਹੋਇਆ ਕਰਦੇ ਹਨ। ਇਸ ਵਿਚ ਕੋਈ ਗਹਿਰਾ ਭੇਤ ਛੁਪਿਆ ਹੋਇਆ ਹੈ ਕਿ ਆਪ ਨੇ ਘੋੜੇ ਤੇ ਸਵਾਰ ਹੁੰਦਿਆਂ ਹੋਇਆਂ ਅਤੇ ਰਸਤੇ ਵਿਚ ਇਸ ਸ਼ਬਦ ਦਾ ਉਚਾਰਨ ਕੀਤਾ। ਉਸ ਸਮੇਂ ਗੁਰੂ ਦਸ਼ਮੇਸ਼ ਪਿਤਾ ਜੀ ਨੇ ਫੁਰਮਾਨ ਕੀਤਾ ਕਿ ਪਿਆਰਿਓ! ਤੁਸੀਂ ਸੁਣਦੇ ਹੋ ਕਿ ਤਿੱਤਰ ਕੀ ਕਹਿ ਰਿਹਾ ਹੈ? ਕਈਆਂ ਨੇ ਵਿਚੋਂ ਹੀ ਬੋਲ ਕੇ ਬੇਨਤੀ ਕੀਤੀ ਕਿ ਮਹਾਰਾਜ! ਤਿਤਰ ਆਪਣੀ ਬੋਲੀ ਬੋਲ ਰਿਹਾ ਹੈ ਪਰ ਇਹ ਨਿਰਨਾ ਨਹੀਂ ਹੋ ਸਕਿਆ ਕਿ ਇਹ ਕੀ ਕਹਿ ਰਿਹਾ ਹੈ। ਕਈ ਤਾਂ ਜਿਨ੍ਹਾਂ ਨੂੰ ਰੂਹਾਨੀ ਸੂਝ ਹੁੰਦੀ ਹੈ ਉਹ ਤਿੱਤਰ ਦੀ ਅਵਾਜ਼ ਸੁਣ ਕੇ ਕਹਿੰਦੇ ਹਨ ਕਿ ਤਿੱਤਰ ਕਹਿ ਰਿਹਾ ਹੈ -

ਸੁਭ੍ਹਾਨ ਤੇਰੀ ਕੁਦਰਤ -
ਸੁਭ੍ਹਾਨ ਤੇਰੀ ਕੁਦਰਤ।

ਪਰ ਦੂਸਰੇ ਝੱਟ ਹੀ ਬੋਲ ਪੈਂਦੇ ਹਨ ਨਹੀਂ ਇਹ ਤਾਂ ਕਹਿ ਰਿਹਾ ਹੈ -

ਸੀਤਾ ਰਾਮ ਦਸਰਥ -
ਸੀਤਾ ਰਾਮ ਦਸਰਥ।

ਤੀਸਰਾ ਜੋ ਵਪਾਰੀ ਮਨ ਸੀ ਉਹ ਕਹਿੰਦਾ ਹੈ ਕਿ-

ਹਲਦੀ ਨਮਕ ਅਦਰਕ -
ਹਲਦੀ ਨਮਕ ਅਦਰਕ

ਪਰ ਜੇ ਪਹਿਲਵਾਨ ਨਾਲ ਜਾਂਦਾ ਹੋਵੇ ਤਾਂ ਉਹ ਕਹਿ ਦਿਆ ਕਰਦਾ ਹੈ ਕਿ ਦੇਖੋ ਤਿੱਤਰ ਕੀ ਬੋਲਦਾ ਹੈ ਅਤੇ ਫੇਰ ਆਪ ਹੀ ਦਸ ਦਿੰਦਾ ਹੈ -

ਖਾਹ ਖੰਡ ਘਿਓ ਕਰ ਕਸਰਤ-ਖਾਹ
ਖੰਡ ਘਿਓ ਕਰ ਕਸਰਤ।

ਗੁਰੂ ਜੀ ਇਹ ਸੁਣ ਕੇ ਮੁਸਕਰਾ ਪਏ ਕਹਿਣ ਲੱਗੇ, "ਗੁਰਸਿੱਖੋ! ਇਹ ਆਪਣੇ ਆਪਣੇ ਅਨੁਮਾਨ ਹਨ ਕੇਵਲ ਅਨੁਭਵੀ ਪੁਰਸ਼, ਜਿਸ ਨੂੰ ਸਾਰੇ ਜੀਵ ਜੰਤੂਆਂ ਦੀ ਬੋਲੀ ਸਮਝ ਵਿਚ ਆਉਂਦੀ ਹੈ, ਹੀ ਜਾਣ ਸਕਦਾ ਹੈ ਕਿ ਇਹ ਪੰਛੀ ਕੀ ਬੋਲ ਰਿਹਾ ਹੈ, ਇਹ ਪਸ਼ੂ ਕੀ ਬੋਲ ਰਿਹਾ ਹੈ। ਸਾਧਸੰਗਤ ਜੀ! ਇਹ ਗੱਲ ਬੜੀ ਬਚਿਤ੍ਰ ਹੈ, ਅਸੀਂ ਹੈਰਾਨ ਹੁੰਦੇ ਹਾਂ ਅਤੇ ਮੰਨਣ ਤੋਂ ਨਾਂਹ ਕਰ ਦਿੰਦੇ ਹਾਂ ਕਿ ਇਹ ਪਸ਼ੂ ਕੁਝ ਵੀ ਨਹੀਂ ਬੋਲਦੇ, ਕੁੱਤਾ ਭੌਂਕਦਾ ਹੀ ਹੈ, ਸ਼ੇਰ ਗਰਜਦਾ ਹੀ ਮਾਰਦਾ ਹੈ, ਹਾਥੀ ਚਿੰਘਾਰਦਾ ਹੀ ਹੈ, ਮੋਰ ਬੋਲਦੇ ਹੀ ਹਨ, ਕੋਇਲ ਬੋਲਦੀ ਹੀ ਹੈ ਅਸੀਂ ਉਸ ਦੀ ਗੰਭੀਰਤਾ ਨੂੰ ਨਹੀਂ ਸਮਝ ਸਕਦੇ ਪਰ ਜਦੋਂ ਪਸ਼ੂ ਪੰਛੀਆਂ ਵਿਚ ਲੰਮੇ ਸਮੇਂ ਲਈ ਰਹਿਣ ਦਾ ਸਮਾਂ ਮਿਲੇ ਉਸ ਵੇਲੇ ਅਸਾਨੂੰ ਸਮਝ ਵਿਚ ਆ ਜਾਂਦਾ ਹੈ ਕਿ ਇਹ ਕੀ ਕਹਿ ਰਹੇ ਹਨ। ਮੱਝਾਂ-ਗਾਵਾਂ ਬੋਲਦੀਆਂ ਹਨ। ਦੋ ਤਰ੍ਹਾਂ ਦੀ ਉਨ੍ਹਾਂ ਦੀ ਬੋਲੀ ਹੁੰਦੀ ਹੈ, ਇਕ ਤਾਂ ਉਹ ਹੁੰਦੀ ਹੈ ਜਦੋਂ ਉਹ ਨਵੇਂ ਦੁੱਧ ਹੋਣਾ ਚਾਹੁੰਦੀਆਂ ਹੋਣ, ਦੂਸਰੀ ਜਦੋਂ ਉਹ ਪੱਠੇ ਮੰਗਦੀਆਂ ਹੋਣ, ਤੀਸਰਾ ਉਨ੍ਹਾਂ ਦਾ ਸਾਥੀ ਦੂਰ ਚਲਾ ਗਿਆ ਹੋਵੇ, ਕਟਰੂ ਜਾਂ ਨਾਲ ਦਾ ਸਾਥੀ ਦੂਰ ਚਲਿਆ ਜਾਵੇ, ਜਦੋਂ ਉਨ੍ਹਾਂ ਦਾ ਲੇਵਾ ਦੁੱਧ ਨਾਲ ਭਰ ਜਾਂਦਾ ਹੈ ਤਾਂ ਉਹ ਦੁੱਧ ਕੱਢਣ ਲਈ ਅਵਾਜ਼ ਮਾਰਦੀਆਂ ਹਨ। ਇਸੇ ਤਰ੍ਹਾਂ ਨਾਲ ਜਦੋਂ ਉਹ ਡਰ ਜਾਣ ਫੇਰ ਉਨ੍ਹਾਂ ਦੀ ਬੋਲੀ ਹੋਰ ਹੋਇਆ ਕਰਦੀ ਹੈ। ਅਚਾਨਕ ਜੇ ਸੱਪ ਆ ਜਾਵੇ ਤਾਂ ਉਹ ਫਰਾਟੇ ਮਾਰ ਕੇ ਦਸਦੀਆਂ ਹਨ ਕਿ ਸਾਡੇ ਨੇੜੇ ਸੱਪ ਫਿਰ ਰਿਹਾ ਹੈ। ਜਿਥੋਂ ਤਕ ਵੀ ਬਹੁਤ ਸਾਰੇ ਪੁਰਸ਼ਾਂ ਦਾ ਅਨੁਮਾਨ ਹੈ ਕਿ ਜਦੋਂ ਕਿਸੇ ਪ੍ਰਾਣੀ ਦਾ ਅੰਤ ਹੁੰਦਾ ਹੈ ਉਸ ਵੇਲੇ ਇਨ੍ਹਾਂ ਪਸ਼ੂਆਂ ਨੂੰ ਧਰਮਰਾਜ ਦੇ ਭੇਜੇ ਹੋਏ ਦੂਤ ਦਿਸਦੇ ਹਨ ਇਨ੍ਹਾਂ ਦੀਆਂ ਸ਼ਕਲਾਂ ਦੇਖ ਕੇ ਪਸ਼ੂ ਡਰ ਜਾਂਦੇ ਹਨ, ਕਿੱਲਿਆਂ ਦੇ ਦੁਆਲੇ ਘੁੰਮ ਕੇ ਰੱਸੀਆਂ ਤੁੜਾਉਂਦੇ ਹਨ, ਕੁੱਤੇ ਭੌਂਕਦੇ ਹਨ ਅਤੇ ਹੋਰ ਪਸ਼ੂ ਪੰਛੀ ਵੀ ਭੈ ਭੀਤ ਹੋ ਜਾਂਦੇ ਹਨ ਇਹ ਦ੍ਰਿਸ਼ ਪਿੰਡਾਂ ਦੇ ਵਾਤਾਵਰਨ ਵਿਚ ਆਮ ਦੇਖਣ ਵਿਚ ਆ ਜਾਂਦੇ ਹਨ।

ਜਦੋਂ ਮੇਰੇ ਮਾਤਾ ਜੀ ਚੜ੍ਹਾਈ ਕਰਨ ਲੱਗੇ ਉਸ ਵੇਲੇ ਉਹ ਬੋਲ ਰਹੇ ਸਨ, ਵਾਹਿਗੁਰੂ-ਵਾਹਿਗੁਰੂ ਕਹਿ ਰਹੇ ਸਨ ਪਰ ਨੇੜੇ ਹੀ ਬੰਨ੍ਹੇ ਉਹ ਪਸ਼ੂ ਬਹੁਤ ਘਬਰਾਹਟ ਵਿਚ ਸਨ, ਅਸਾਡੇ ਪਾਲਤੂ ਕੁੱਤੇ ਰੋਣ ਲੱਗ ਗਏ। ਇਕ ਬੜਾ ਹੀ ਭੈ ਦਾ ਵਾਤਾਵਰਣ ਪੈਦਾ ਕਰ ਦਿਤਾ। ਬੇਬੇ ਜੀ ਨੇ ਵੀ ਦੇਖ ਕੇ ਸੁਣ ਕੇ ਕਹਿ ਦਿਤਾ ਕਿ ਮੇਰੇ ਹੁਣ ਥੋੜ੍ਹੇ ਹੀ ਸੁਆਸ ਬਾਕੀ ਹਨ, ਤੁਸੀਂ ਨਾਮ ਦਾ ਜਾਂ ਬਾਣੀ ਦਾ ਉਚਾਰਨ ਕਰੋ।

ਇਸੇ ਤਰ੍ਹਾਂ ਨਾਲ ਕੁਝ ਆਪਣੇ ਤਜਰਬੇ ਦੀ ਹੋਰ ਗੱਲ ਮੈਂ ਲਿਖਦਾ ਹਾਂ ਕਿ ਜਦੋਂ ਅਸੀਂ ਯੂ.ਪੀ. ਵਿਚ

ਜ਼ਮੀਨਾਂ ਖਰੀਦੀਆਂ ਉਸ ਵੇਲੇ ਬਹੁਤ ਹੀ ਸੰਘਣੇ ਜੰਗਲ ਅਸਾਨੂੰ ਪੁੱਟ ਕੇ ਜ਼ਮੀਨਾਂ ਸਾਫ ਕਰਨੀਆਂ ਪਈਆਂ, ਉਨ੍ਹਾਂ ਜੰਗਲਾਂ ਵਿਚ ਸ਼ੇਰ, ਚੀਤੇ, ਲੱਕੜਬੱਗੇ ਆਮ ਹੀ ਹੋਇਆ ਕਰਦੇ ਹਨ। ਹਰ ਰੋਜ਼ ਹੀ ਕਿਸੇ ਨਾ ਕਿਸੇ ਸ਼ੇਰ ਨਾਲ ਵਾਹ ਪਿਆ ਕਰਦਾ ਸੀ। ਵੱਡੇ-ਵੱਡੇ ਸੱਪ ਹੋਇਆ ਕਰਦੇ ਸਨ, ਜਿਨ੍ਹਾਂ ਦੀ ਲੰਬਾਈ 22-22 ਫੁੱਟ ਤੇ ਚੌੜਾਈ ਛੇ ਫੁੱਟ ਹੋਇਆ ਕਰਦੀ ਸੀ। ਜਦੋਂ ਸ਼ੇਰ ਆਪਣੇ ਘੁਰਨੇ ਵਿਚੋਂ ਉਠ ਕੇ ਸ਼ਿਕਾਰ ਦੀ ਭਾਲ ਵਿਚ ਚਲਦਾ ਸੀ ਤਾਂ ਉਸ ਵੇਲੇ ਉਸ ਨੂੰ ਦੇਖ ਕੇ ਮੋਰ ਉਚੀ-ਉਚੀ ਬੋਲਿਆ ਕਰਦੇ ਸਨ ਅਤੇ ਕਿਆਓ-ਕਿਆਓ ਦੀ ਅਵਾਜ਼ ਟਿਕੀ ਹੋਈ ਰਾਤ ਵਿਚ ਮੀਲਾਂ ਤਕ ਸੁਣਦੀ ਸੀ। ਜੰਗਲ ਦੇ ਹੋਰ ਛੋਟੇ-ਛੋਟੇ ਜੀਵ ਜੰਤੂ ਇਥੋਂ ਤਕ ਕਾਟੋਆਂ, ਉਹ ਵੀ ਚਿੜ-ਚਿੜ ਕਰਿਆ ਕਰਦੀਆਂ ਸਨ। ਉਹ ਘਬਰਾਈ ਹੋਈ ਬੋਲੀ ਸੁਣ ਕੇ ਪਤਾ ਲਗ ਜਾਂਦਾ ਸੀ ਕਿ ਜੰਗਲ ਵਿਚ ਸ਼ੇਰ ਕਿਸ ਥਾਂ ਤੁਰਿਆ ਆ ਰਿਹਾ ਹੈ। ਇਸੇ ਤਰ੍ਹਾਂ ਨਾਲ ਹਰਨ ਜਿਸ ਨੂੰ (**moon**) ਆਖਦੇ ਸਨ। ਉਹ ਸ਼ੇਰ ਦੇ ਅੱਗੇ ਅਵਾਜ਼ ਦਿੰਦਾ ਨਚਦਾ ਸੀ, ਉਸ ਦੀ ਅਵਾਜ਼ ਨੂੰ ਸੁਣ ਕੇ ਸ਼ੇਰ ਬੜਾ ਪਰੇਸ਼ਾਨ ਹੁੰਦਾ ਸੀ ਕਿਉਂਕਿ ਸਾਰੇ ਪਸ਼ੂ ਜੋ ਅਵੇਸਲੇ ਹੋਇਆ ਕਰਦੇ ਸਨ, ਗਰਦਨਾਂ ਘੁੰਮਾ-ਘੁੰਮਾ ਕੇ ਸ਼ੇਰ ਦੇ ਪੈਰਾਂ ਦੀ ਅਵਾਜ਼ ਸੁਣਨ ਦਾ ਯਤਨ ਕਰਿਆ ਕਰਦੇ ਸਨ ਅਤੇ ਆਪਣੇ ਨੱਠਣ ਦਾ ਖਤਰੇ ਰਹਿਤ ਰਾਹ ਸੋਚਦੇ ਸਨ ਅਤੇ ਇਨ੍ਹਾਂ ਗੱਲਾਂ ਨਾਲ ਤਕਰੀਬਨ ਹਰ ਮਨੁੱਖ ਦਾ ਵਾਹ ਪੈਂਦਾ ਹੈ । ਅਸੀਂ ਅਨੁਮਾਨਾਂ ਤੋਂ ਜਾਣ ਜਾਂਦੇ ਹਾਂ ਕਿ ਪਸ਼ੂ ਪੰਛੀ ਕੀ ਕਹਿ ਰਹੇ ਹਨ। ਇਥੋਂ ਤਕ ਛੋਟੀਆਂ-ਛੋਟੀਆਂ ਚਿੜੀਆਂ ਵੀ ਦਿਆਲੂ ਪੁਰਸ਼ ਨੂੰ ਦੇਖ ਕੇ ਜੋ ਉਨ੍ਹਾਂ ਲਈ ਹਰ ਰੋਜ਼ ਦਾਣੇ ਪਾਉਂਦਾ ਹੈ, ਆਪਣੀ ਬੋਲੀ ਵਿਚ ਬੋਲ ਕੇ ਚੋਗਾ ਮੰਗਦੀਆਂ ਹਨ। ਇਹ ਤਾਂ ਗੱਲ ਹੋਈ ਨਿਸ਼ਾਨੀਆਂ ਦੀ ਪਰ ਪੂਰਨ ਅਨੁਭਵੀ ਮਹਾਂਪੁਰਸ਼ ਪੰਛੀਆਂ, ਪਸ਼ੂਆਂ ਦੀ ਬੋਲੀ ਪੂਰੀ ਤਰ੍ਹਾਂ ਨਾਲ ਸਮਝਦੇ ਹਨ। ਉਹ ਇਸ ਕਰਕੇ ਹੈ ਕਿ ਬੋਲੀ ਦੇ ਚਾਰ ਹਿੱਸੇ ਹਨ ਇਕ ਬੈਖਰੀ ਬੋਲੀ ਹੈ ਜੋ ਆਪਾਂ ਉਚੀ ਅਵਾਜ਼ ਨਾਲ ਬੋਲਦੇ ਹਾਂ। ਇਕ ਬੋਲੀ ਉਹ ਹੈ ਜੋ ਕੰਠ ਵਿਚ ਬੋਲੀ ਜਾਂਦੀ ਹੈ, ਉਹ ਆਦਮੀ ਆਪ ਹੀ ਬੋਲਦਾ ਹੈ। ਉਸ ਨੂੰ ਮਧਮਾ ਜਾਂ ਕਾਨਾਫੂਸੀ ਵੀ ਕਿਹਾ ਜਾਂਦਾ ਹੈ। ਇਕ ਬੋਲੀ ਉਹ ਹੈ ਜੋ ਹਿਰਦੇ ਦੇ ਭਾਵਾਂ ਦੇ ਰੂਪ ਵਿਚ ਪ੍ਰਗਟ ਹੋ ਰਹੀ ਹੁੰਦੀ ਹੈ। ਚੌਥੀ ਬੋਲੀ ਉਹ ਹੈ ਜੋ ਬਹੁਤ ਗਹਿਰੀ ਪੜਤ ਵਿਚੋਂ ਉਤਪੰਨ ਹੋ ਰਹੀ ਹੁੰਦੀ ਹੈ। ਇਨ੍ਹਾਂ ਬੋਲੀਆਂ ਦੇ ਕਰਮਵਾਰ ਨਾਮ - ਬੈਖਰੀ, ਮਧਮਾ, ਪਸੰਤੀ ਅਤੇ ਪਰਾ ਹਨ। ਜਿਸ ਨੂੰ ਅਸੀਂ ਪਸੰਤੀ ਬੋਲੀ ਆਖਦੇ ਹਾਂ ਇਹ ਭਾਵਾਂ ਦੀ ਬੋਲੀ ਹੁੰਦੀ ਹੈ। ਅੱਜਕਲ੍ਹ ਕੰਮਪਿਊਟਰ ਦੀ ਦੁਨੀਆਂ ਵਿਚ ਐਸੀਆਂ ਮਸ਼ੀਨਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਨੂੰ **lie detector** ਆਖਿਆ ਜਾਂਦਾ ਹੈ ਉਹ ਆਦਮੀ ਦੇ ਅੰਦਰਲੇ ਭਾਵਾਂ ਨੂੰ ਗਰਾਫ ਦੀ ਸ਼ਕਲ ਵਿਚ ਉਚੀਆਂ-ਨੀਵੀਆਂ ਲਕੀਰਾਂ ਵਿਚ ਪ੍ਰਗਟ ਕਰਦੀਆਂ ਹਨ ਪਰ ਮਹਾਂਪੁਰਸ਼ਾਂ ਦੇ ਅੰਦਰ ਅਤਿ ਦਾ ਟਿਕਾਓ ਹੁੰਦਾ ਹੈ ਉਹ ਹਰ ਪ੍ਰਾਣਧਾਰੀ ਦੇ ਅੰਦਰ ਚਲ ਰਹੀ ਗੱਲ ਨੂੰ **sense** (ਸਮਝ) ਕਰ ਜਾਇਆ ਕਰਦੇ ਹਨ। ਉਹ ਸੈਂਕੜੇ ਮੀਲਾਂ ਤੋਂ ਵੀ ਹੋ ਰਹੇ ਭਾਵਾਂ ਨੂੰ ਸਮਝ ਲਿਆ ਕਰਦੇ ਹਨ, ਇਸ ਦੀਆਂ ਵੀ ਪ੍ਰਤੱਖ ਉਦਾਹਰਣਾਂ ਆਪਣੇ ਇਤਿਹਾਸ ਵਿਚ ਹਨ।

ਗੁਰੂ ਨਾਨਕ ਪਾਤਸ਼ਾਹ ਰਾਇ ਭੋਇੰ ਕੀ ਤਲਵੰਡੀ ਵਿਚ ਕੱਪੜਾ ਲਈ ਪਲੰਘ ਤੇ ਬਿਰਾਜਮਾਨ ਨਜ਼ਰੀ ਆਂਵਦੇ ਹਨ। ਮਾਤਾ ਤ੍ਰਿਪਤਾ ਜੀ ਨੇ ਉਨ੍ਹਾਂ ਲਈ ਭੋਜਨ ਤਿਆਰ ਕੀਤਾ। ਏਸ ਖਿਆਲ ਨਾਲ ਕਿ ਉਹ ਗਰਮ-ਗਰਮ ਭੋਜਨ ਛੱਕ ਲੈਣ। ਤੁਲਸਾਂ ਦਾਸੀ ਨੂੰ ਕਿਹਾ ਕਿ ਤੂੰ ਨਾਨਕ ਪੁੱਤਰ ਜੀ ਨੂੰ ਪ੍ਰਸ਼ਾਦੇ ਲਈ ਬੁਲਾ ਲਿਆ। ਜਦੋਂ ਤੁਲਸਾਂ ਦਾਸੀ ਗੁਰੂ ਨਾਨਕ ਪਾਤਸ਼ਾਹ ਦੇ ਪਲੰਘ ਦੇ ਨੇੜੇ ਆਈ ਤਾਂ ਉਸ ਨੂੰ ਭੁਲੇਖਾ ਪਿਆ ਕਿ ਆਪ ਨੀਂਦ ਵਿਚ ਵਿਸਰਾਮ ਕਰ ਰਹੇ ਹਨ। ਉਸ ਨੂੰ ਇਸ ਗੱਲ ਦੀ ਗਿਆਤ ਨਹੀਂ ਸੀ ਕਿ ਮਹਾਂਪੁਰਸ਼ ਸੰਸਾਰੀ ਲੋਕਾਂ ਵਾਂਗੂੰ ਨੀਂਦ ਨਹੀਂ ਲਿਆ ਕਰਦੇ। ਉਹ ਸੂਖਸ਼ਮ ਸਰੀਰ ਰਾਹੀਂ ਕੋਈ ਕਾਰਜ ਕਰ ਰਹੇ ਹੁੰਦੇ ਹਨ। ਤੁਲਸਾਂ ਦਾਸੀ ਨੇ ਅਵਾਜ਼ ਦੇਣ ਦੀ ਥਾਂ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਦੇ ਅਗੂੰਠੇ ਨਾਲ, ਆਗਿਆ ਚੱਕਰ ਵਾਲੀ ਥਾਂ ਤੇ ਆਪਣਾ ਮਸਤਕ ਲਾ ਦਿਤਾ। ਮਸਤਕ ਛੋਹ ਪ੍ਰਾਪਤ ਕਰਦਿਆਂ ਹੀ ਅੰਦਰ ਇਕ ਐਸਾ ਪ੍ਰਕਾਸ਼ ਹੋਇਆ ਕਿ ਉਸ ਦੇ ਸਾਹਮਣਿਉਂ ਦੇਸ਼ ਕਾਲ ਦੀਆਂ ਦੂਰੀਆਂ ਦੂਰ ਹੋ ਗਈਆਂ ਤੇ ਕੀ ਦੇਖਦੀ ਹੈ ਕਿ ਗੁਰੂ ਨਾਨਕ ਮਹਾਰਾਜ ਇਕ ਸਿੱਖ ਦੀ ਅਰਦਾਸ ਸੁਣ ਕੇ ਉਸਦਾ ਕਾਰਜ ਕਰ ਰਹੇ ਹਨ। ਉਸ ਦਾ ਨਾਮ ਮਨਸੁਖ ਸੀ, ਉਸ ਦਾ ਜਹਾਜ਼ ਸਮੁੰਦਰ ਵਿਚ ਫਸ ਗਿਆ ਸੀ ਉਸ ਨੂੰ ਕੱਢ ਰਹੇ ਸਨ ਅਤੇ ਸੰਗਲਾਦੀਪ ਦੇ ਨੇੜੇ ਤਲਵੰਡੀ ਰਾਇ ਭੋਇੰ ਕਿੰਨੀ ਦੂਰੀ ਤੇ ਉਹ ਜਹਾਜ਼ ਤੋਂ ਸੀ ਪਰ ਉਸ ਦੀ ਭਾਵ ਦੀ ਬੋਲੀ ਗੁਰੂ ਨਾਨਕ ਪਾਤਸ਼ਾਹ ਸੁਣ ਕੇ ਉਸ ਦੇ ਜਹਾਜ਼ ਨੂੰ ਕੱਢ ਰਹੇ ਸਨ।

ਇਸੇ ਤਰ੍ਹਾਂ ਨਾਲ ਗੁਰੂ ਤੇਗ ਬਹਾਦਰ ਮਹਾਰਾਜ ਨੇ ਮੱਖਣਸ਼ਾਹ ਲੁਭਾਣੇ ਦੇ ਜਹਾਜ਼ ਨੂੰ ਬਰੇਤੇ ਤੋਂ ਲਾਹਿਆ। ਸੋ ਇਹ ਉਦਾਹਰਣਾਂ ਪ੍ਰਤੱਖ ਦਰਸਾਉਂਦੀਆਂ ਹਨ ਕਿ ਪਸੰਤੀ ਬਾਣੀ ਜਾਂ ਪਰਾ ਬਾਣੀ ਸਮਰੱਥ ਪੁਰਸ਼ਾਂ ਤੋਂ ਛੁਪੀ ਹੋਈ ਨਹੀਂ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਉਂਦੇ ਹਨ ਕਿ -

*ਹਾਥੀ ਕੀ ਚਿਘਾਰ*
*ਪਲ ਪਾਛੈ ਪਹੁਚਤ ਤਾਹਿ*
*ਚੀਟੀ ਕੀ ਚਿਘਾਰ*
*ਪਹਿਲੇ ਹੀ ਸੁਨੀਅਤ ਹੈ।।*

*ਅਕਾਲ ਉਸਤਤਿ*

ਇਸ ਦੇ ਮੁਤਾਬਿਕ ਗੁਰਬਾਣੀ ਵਿਚ ਵਿਦਤ ਹੈ ਕਿ ਇਕ ਹਾਥੀ ਤੰਦੂਏ ਦੇ ਜਾਲ ਵਿਚ ਫਸ ਗਿਆ ਜਦੋਂ ਉਹ

ਨਿਕਲਣ ਤੋਂ ਬੇਵਸ ਹੋ ਗਿਆ, ਉਸ ਵੇਲੇ ਉਸ ਨੇ ਭਾਵਾਂ ਦੀ ਬੋਲੀ ਵਿਚ ਪ੍ਰਭੂ ਨੂੰ ਯਾਦ ਕੀਤਾ। ਪ੍ਰਭੂ ਨੇ ਪ੍ਰਤੱਖ ਹੋ ਕੇ ਉਸ ਦੇ ਸਾਰੇ ਬੰਧਨ ਕੱਟ ਦਿਤੇ। ਉਹ ਬੰਧਨ ਰਹਿਤ ਹੋ ਕੇ ਪਾਣੀ ਤੋਂ ਬਾਹਰ ਨਿਕਲ ਆਇਆ –

*ਜਬ ਹੀ ਸਰਨਿ ਗਹੀ ਕਿਰਪਾ ਨਿਧਿ*
*ਗਜ ਗਰਾਹ ਤੇ ਛੂਟਾ।।*
*ਮਹਮਾ ਨਾਮ ਕਹਾ ਲਉ ਬਰਨਉ*
*ਰਾਮ ਕਹਤ ਬੰਧਨ ਤਿਹ ਤੂਟਾ॥*
*ਪੰਨਾ – 632*

ਇਸੇ ਤਰ੍ਹਾਂ ਨਾਲ ਬੇਅੰਤ ਉਦਾਹਰਣਾਂ ਹਨ, ਆਪਣੇ ਜੀਵਨ ਵਿਚ ਵੀ ਬਹੁਤ ਤਰ੍ਹਾਂ ਵਰਤੀਆਂ ਹਨ। ਆਪਾਂ ਮੌਨ ਬਿਰਤੀ ਧਾਰ ਕੇ ਅਰਦਾਸ ਕਰਦੇ ਹਾਂ, ਗੁਰੂ ਮਹਾਰਾਜ ਦੇ ਚਰਨ ਹਿਰਦੇ ਵਿਚ ਵਸਾਉਂਦੇ ਹਾਂ, ਉਹ ਅਸਾਡੀ ਪਸੰਤੀ ਬਾਣੀ ਵਿਚ ਕੀਤੀ ਅਰਦਾਸ ਨੂੰ ਸੁਣ ਲੈਂਦੇ ਹਨ ਅਤੇ ਅਸਾਡਾ ਕਾਰਜ ਸਿੱਧ ਕਰ ਦਿੰਦੇ ਹਨ। ਇਹ ਮੈਂ ਇਸ ਲਈ ਖੋਲ੍ਹ ਕੇ ਲਿਖਿਆ ਹੈ ਕਿ ਕਈ ਪ੍ਰੇਮੀ ਨਾਸਤਕ ਬੁੱਧੀ ਵਾਲੇ ਜਿਨ੍ਹਾਂ ਨੂੰ ਇਸ ਗੱਲ ਦੀ ਸੋਝੀ ਨਹੀਂ ਹੈ, ਉਹ ਇਕ ਦਮ ਸਿਰ ਫੇਰ ਕੇ ਕਹਿ ਦਿੰਦੇ ਹਨ ਕਿ ਗੁਰੂ ਮਹਾਰਾਜ ਨੂੰ ਕਿਵੇਂ ਪਤਾ ਲੱਗ ਗਿਆ ਕਿ ਤਿਤਰ ਕੀ ਕਹਿ ਰਿਹਾ ਹੈ। ਇਹ ਉਨ੍ਹਾਂ ਦਾ ਅਣਜਾਣਪੁਣਾ ਹੈ ਕਿਉਂਕਿ ਉਹ ਇਨ੍ਹਾਂ ਭੇਤਾਂ ਦੇ ਜਾਣੂੰ ਨਹੀਂ ਹਨ। ਮਹਾਂਪੁਰਸ਼ਾਂ ਦਾ ਵਰਤਾਰਾ ਤਾਂ ਇਹ ਹੁੰਦਾ ਹੈ ਕਿ ਉਹ ਲੰਘ ਚੁਕੀਆਂ ਗੱਲਾਂ ਨੂੰ ਇਸ ਤਰ੍ਹਾਂ ਦੇਖ ਸਕਦੇ ਹਨ ਜਿਵੇਂ ਵੀਡੀਓ ਫਿਲਮ ਨੂੰ ਰੀਵਰਸ ਕਰ ਲਈਏ ਤੇ ਲੰਘੀ ਫਿਲਮ ਨੂੰ ਦੋਬਾਰਾ ਦੇਖ ਲਈਏ। ਹੋਣ ਵਾਲੀਆਂ ਘਟਨਾਵਾਂ ਦੀ ਭਾਈ ਭਿਖਾਰੀ ਜੀ ਨੂੰ ਪੂਰੀ ਤਰ੍ਹਾਂ ਗਿਆਤ ਸੀ ਕਿ ਉਨ੍ਹਾਂ ਦਾ ਪੁੱਤਰ ਸ਼ਾਦੀ ਪਿਛੋਂ ਚੜ੍ਹਾਈ ਕਰ ਜਾਵੇਗਾ। ਐਸੀਆਂ ਅਰੂੜ ਬਿਰਤੀਆਂ ਪ੍ਰਤੱਖ ਦੇਖਦੀਆਂ ਹਨ ਕਿ ਇਥੇ ਨਾ ਕੋਈ ਜੰਮਦਾ ਹੈ ਨਾ ਮਰਦਾ ਹੈ।

ਮਾਤਾ ਜੀਤੋ ਜੀ ਸਮਾਧੀ ਸਥਿਤ ਅਵਸਥਾ ਵਿਚ ਭਵਿੱਖ ਵਾਚ ਰਹੇ ਹਨ ਜਿਸ ਵਿਚ ਅਨੰਦਪੁਰ ਸਾਹਿਬ ਦਾ ਛੱਡਣਾ, ਪਰਿਵਾਰ ਦਾ ਖੇਰੂੰ-ਖੇਰੂ ਹੋ ਕੇ ਪਿੰਡ, ਸਾਹਿਬਜ਼ਾਦਿਆਂ ਦਾ ਸ਼ਹੀਦ ਹੋ ਜਾਣਾ, ਉਨ੍ਹਾਂ ਨੂੰ ਪ੍ਰਤੱਖ ਰੂਪ ਵਿਚ ਨਜ਼ਰੀਂ ਆ ਰਿਹਾ ਸੀ। ਜਦੋਂ ਦਸ਼ਮੇਸ਼ ਪਿਤਾ ਜੀ ਦੇ ਚਰਨਾਂ ਵਿਚ ਬੇਨਤੀ ਕਰਦੇ ਹਨ ਤਾਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਹਾਂ, ਜੋ ਕੁਝ ਤੁਸੀਂ ਦੇਖ ਰਹੇ ਹੋ ਅਕਾਲ ਪੁਰਖ ਦੇ ਭਾਣੇ ਵਿਚ ਇਸ ਤਰ੍ਹਾਂ ਦੇ ਹੁਕਮ ਵਰਤਣੇ ਹਨ। ਸੋ ਮਹਾਂਪੁਰਸ਼ਾਂ ਤੋਂ ਨਾ ਹੀ ਭੂਤ ਕਾਲ ਛੁਪਿਆ ਹੋਇਆ ਹੈ, ਨਾ ਹੀ ਭਵਿੱਖਤ ਕਾਲ ਉਨ੍ਹਾਂ ਦੀ ਦ੍ਰਿਸ਼ਟੀ ਤੋਂ ਲਾਂਭੇ ਹੈ। ਉਨ੍ਹਾਂ ਦੇ ਦਿਬਜ ਲੋਇਣ ਉਹ ਕੁਝ ਤਕਦੇ ਹਨ ਜਿਨ੍ਹਾਂ ਦਾ ਅਸੀਂ ਅਨੁਮਾਨ ਤਕ ਵੀ ਨਹੀਂ ਲਾ ਸਕਦੇ।

ਸੋ ਸਾਧਸੰਗਤ ਜੀ! ਬੇਨਤੀ ਹੋ ਰਹੀ ਸੀ ਕਿ ਗੁਰੂ ਮਹਾਰਾਜ ਜੀ ਤਿੱਤਰ ਦੀ ਗੱਲ ਸੁਣ ਕੇ ***'ਭੂਮੀਆ ਭੂਮਿ ਊਪਰਿ ਨਿਤ ਲੁਝੈ॥'*** ਵਾਲੀਆਂ ਤੁਕਾਂ ਗਾਇਨ ਕਰਨ ਲਗ ਗਏ। ਸਿੰਘਾਂ ਨੇ ਪੁਛਿਆ, ਤਾਂ ਆਪ ਨੇ ਫੁਰਮਾਨ ਕੀਤਾ ਕਿ ਇਹ ਤਿੱਤਰ ਇਕ ਅੱਖ ਤੋਂ ਕਾਣਾ ਹੈ। ਇਹ ਇਸ ਦੇਸ਼ ਵਿਚ ਛੋਟੇ ਜਿਹੇ ਇਲਾਕੇ ਦਾ ਰਾਜਾ ਸੀ ਜਿਥੋਂ ਦੀ ਆਪਾਂ ਜਾ ਰਹੇ ਹਾਂ। ਇਹ ਜ਼ਮੀਨ ਉਸਨੇ ਆਪਣੇ ਨਿਜ ਲਈ ਰੱਖੀ ਹੋਈ ਸੀ। ਇਸ ਜ਼ਮੀਨ ਵਿਚ ਆ ਕੇ ਉਹ ਅਨੇਕ ਤਰ੍ਹਾਂ ਦੀ ਖੇਤੀ ਬਾੜੀ ਕਰਿਆ ਕਰਦਾ ਸੀ। ਅੱਜ ਦੀ ਬੋਲੀ ਵਿਚ ਇਉਂ ਸਮਝ ਲਓ ਕਿ ਉਹ ਫਾਰਮ ਚਲਾਇਆ ਕਰਦਾ ਸੀ। ਬੇਅੰਤ ਬਲਦਾਂ ਦੀਆਂ ਜੋੜੀਆਂ ਹੱਲ ਖਿਚਦੀਆਂ, ਸੋਹਾਗਾ ਦਿਆ ਕਰਦੀਆਂ ਸਨ ਅਤੇ ਕਿੰਨੇ ਹੀ ਖੂਹ ਉਸ ਨੇ ਪਾਣੀ ਦੇਣ ਲਈ ਪੁਟਵਾਏ ਹੋਏ ਸਨ ਅਤੇ ਸਦਾ ਇਨ੍ਹਾਂ ਖੇਤਾਂ ਵਿਚ ਉਸ ਦੀ ਵਾਸ਼ਨਾ ਬਣੀ ਰਹੀ। ਅੰਤ ਸਮੇਂ ਉਸ ਦੀ ਬਿਰਤੀ ਇਸ ਫਾਰਮ ਵਿਚ ਰਹਿ ਗਈ ਅਤੇ ਮਰ ਕੇ ਇਸ ਹੀ ਥਾਂ ਕਈ ਜਨਮ ਧਾਰ ਚੁਕਿਆ ਹੈ। ਵਾਸ਼ਨਾ ਦਾ ਬੰਨ੍ਹਿਆ ਹੋਇਆ ਇਹ ਉਚੀ-ਉਚੀ ਕਹਿ ਰਿਹਾ ਹੈ ਕਿ ਇਹ ਮੇਰੇ ਖੇਤ ਹਨ, ਤੁਸੀਂ ਇਨ੍ਹਾਂ ਵਿਚੋਂ ਕਿਉਂ ਲੰਘ ਰਹੇ ਹੋ। ਦੇਖੋ, ਤ੍ਰਿਸ਼ਨਾ ਕਿੰਨੀ ਗਹਿਰੀ ਚਲੀ ਜਾਂਦੀ ਹੈ ਕਿ ਕਈ ਜਨਮ ਧਾਰਨ ਉਪਰੰਤ ਵੀ ਖਤਮ ਨਹੀਂ ਹੁੰਦੀ ਅਤੇ ਪੰਛੀ ਵਾਸ਼ਨਾ ਦਾ ਬੰਨ੍ਹਿਆ ਹੋਇਆ ਪੁਰਾਣੀ ਯਾਦ ਨੂੰ ਤਾਜ਼ਾ ਰਖਦਾ ਹੋਇਆ ਆਪਾਂ ਨੂੰ ਇਹ ਬਚਨ ਆਖ ਰਿਹਾ ਹੈ। ਆਪ ਨੇ ਇਸ ਦੀ ਮਾਨਸਿਕ ਅਵਸਥਾ ਨੂੰ ਦੇਖ ਕੇ ਗੁਰਬਾਣੀ ਵਿਚੋਂ ਇਹ ਸ਼ਬਦ ਉਚਾਰਨ ਕੀਤਾ ਸੀ। ਤਿੱਤਰ ਫੜਨ ਦਾ ਹੁਕਮ ਦਿਤਾ ਜੋ ਸਚਮੁੱਚ ਹੀ ਇਕ ਅੱਖੋਂ ਕਾਣਾ ਸੀ।

ਸੋ ਇਹ ਤ੍ਰਿਸ਼ਨਾ ਦਾ ਰੋਗ ਇਸ ਕਰਕੇ ਵੱਡਾ ਆਖਿਆ ਗਿਆ ਹੈ ਕਿ ਜੀਵ ਨੂੰ ਅਨੇਕਾਂ ਜਿਨਸਾਂ, ਜੂਨਾਂ ਵਿਚ ਫਸਾ ਕੇ ਰਖਦਾ ਹੈ ਜਿਸ ਤਰ੍ਹਾਂ ਕਿ ਉਪਰ ਫੁਰਮਾਨ ਹੋਇਆ ਸੀ –

*ਮਾਇਆ ਜਾਲੁ ਪਸਾਰਿਆ*
*ਭੀਤਰਿ ਚੋਗ ਬਣਾਇ॥*
*ਤ੍ਰਿਸਨਾ ਪੰਖੀ ਫਾਸਿਆ*
*ਨਿਕਸੁ ਨ ਪਾਏ ਮਾਇ॥ ਪੰਨਾ – 50*

ਇਸ ਕਰਕੇ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ –

*ਤ੍ਰਿਸਨਾ ਅਗਨਿ ਜਲੈ ਸੰਸਾਰਾ॥*
*ਜਲਿ ਜਲਿ ਖਪੈ ਬਹੁਤੁ ਵਿਕਾਰਾ॥*
*ਪੰਨਾ – 1044*

ਜਦੋਂ ਤਕ ਸਤਿਗੁਰੂ ਦਾ ਮਿਲਾਪ ਨਹੀਂ ਹੁੰਦਾ, ਤ੍ਰਿਸ਼ਨਾ ਦਾ ਰੋਗ ਨਵਿਰਤ ਨਹੀਂ ਹੋਇਆ ਕਰਦਾ। ਹਰੀ ਦਾ ਨਾਮ ਅਉਖਧ ਹੈ, ਜੋ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ –

*ਤ੍ਰਿਸ਼ਨਾ ਦਾਧੀ ਜਲਿ ਮੁਈ*
*ਜਲਿ ਜਲਿ ਕਰੇ ਪੁਕਾਰ॥*

*ਸਤਿਗੁਰ ਸੀਤਲ ਜੇ ਮਿਲੈ*
*ਫਿਰਿ ਜਲੈ ਨ ਦੂਜੀ ਵਾਰ॥*
*ਪੰਨਾ - 588*

ਗੁਰੂ ਦੀ ਕ੍ਰਿਪਾ ਨਾਲ ਜਿਸ ਨੂੰ ਆਪਣੇ ਆਪੇ ਦਾ ਗਿਆਨ ਹੋ ਗਿਆ, ਜਿਸ ਨੇ ਆਪਣੇ ਸਰੂਪ ਨੂੰ ਇਸ ਦੇਹੀ ਵਿਚ ਪਛਾਣ ਲਿਆ ਅਤੇ ਨਾਮ ਮੰਡਲ ਵਿਚ ਪ੍ਰਵੇਸ਼ ਕਰ ਗਿਆ ਉਸ ਦੀ ਤ੍ਰਿਸ਼ਨਾ ਦੀ ਅਗਨ ਬੁਝ ਜਾਇਆ ਕਰਦੀ ਹੈ।

*ਗੁਰ ਪ੍ਰਸਾਦਿ ਆਪਨ ਆਪੁ ਸੁਝੈ॥*
*ਤਿਸ ਕੀ ਜਾਨਹੁ ਤ੍ਰਿਸਨਾ ਬੁਝੈ॥*
*ਪੰਨਾ - 281*

ਸੋ ਗੁਰੂ ਮਹਾਰਾਜ ਤ੍ਰਿਸ਼ਨਾਲੂ ਪੁਰਸ਼ ਨੂੰ ਅੰਤਮ ਹਦ ਦਾ ਦਰਜਾ ਦਿੰਦੇ ਹੋਏ ਫੁਰਮਾਨ ਕਰਦੇ ਹਨ -

*ਮੋਤੀ ਤ ਮੰਦਰ ਊਸਰਹਿ*
*ਰਤਨੀ ਤ ਹੋਹਿ ਜੜਾਉ॥*
*ਕਸਤੂਰਿ ਕੁੰਗੂ ਅਗਰਿ ਚੰਦਨਿ*
*ਲੀਪਿ ਆਵੈ ਚਾਉ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥*
*ਪੰਨਾ - 14*

ਇਸ ਸੰਸਾਰ ਦੀ ਪ੍ਰਾਪਤੀ ਦੇ ਵਿਪਰੀਤ ਆਪ ਨਾਮ ਦੀ ਮਹੱਤਤਾ ਦਸਦੇ ਹੋਏ ਅਸਾਨੂੰ ਸਾਵਧਾਨ ਕਰਦੇ ਹਨ ਕਿ ਦੇਖੀਂ ਕਿਤੇ ਮੋਤੀਆਂ ਦੇ ਮੰਦਰ ਦੇਖ ਕੇ ਨਾਮ ਨੂੰ ਨਾ ਭੁੱਲ ਜਾਈਂ ਅਤੇ ਨਾਮ ਤੋਂ ਬਿਨਾਂ ਜੀਉ ਜਲ ਬਲ ਜਾਂਦਾ ਹੈ, ਕਿਸੇ ਤਰ੍ਹਾਂ ਵੀ ਸ਼ਾਂਤੀ ਨਹੀਂ ਆਉਂਦੀ। ਨਾਮ ਤੋਂ ਬਿਨਾਂ ਹੋਰ ਕੋਈ ਥਾਂ ਹੈ ਹੀ ਨਹੀਂ ਜਿਥੇ ਸ਼ਾਂਤੀ ਹੋਵੇ, ਉਹ ਅਤਿ ਸੀਤਲ ਮੰਡਲ ਨਾਮ ਅਤੇ ਪਿਆਰ ਦਾ ਹੈ ਜਿਵੇਂ ਕਿ ਫੁਰਮਾਨ ਹੈ -

*ਹਰਿ ਬਿਨੁ ਜੀਉ ਜਲਿ ਬਲਿ ਜਾਉ॥*
*ਮੈ ਆਪਣਾ ਗੁਰੁ ਪੂਛਿ ਦੇਖਿਆ*
*ਅਵਰੁ ਨਾਹੀ ਥਾਉ॥*
*ਪੰਨਾ - 14*

ਦੂਸਰੀ ਵੱਡੀ ਪ੍ਰਾਪਤੀ ਜਿਸ ਵਲ ਅਸਾਡਾ ਧਿਆਨ ਦਿਵਾਉਂਦੇ ਹਨ ਉਹ ਹੈ - ਭੋਗ ਦੀ ਦੁਨੀਆਂ। ਭੋਗ ਦੀ ਦੁਨੀਆਂ ਬਹੁਤ ਹੀ ਖਿੱਚ ਵਾਲੀ ਹੈ। ਜਿਸ ਵਿਚੋਂ ਕੋਈ ਸੂਰਮਾ ਹੀ ਬਾਹਰ ਨਿਕਲ ਸਕਦਾ ਹੈ। ਮੁੜ-ਮੁੜ ਇਸ ਰੋਗ ਦੀ ਦੁਨੀਆਂ ਵਿਚ ਗਰਕ ਹੁੰਦਾ ਰਹਿੰਦਾ ਹੈ ਅਤੇ ਜਨਮ ਦਰ ਜਨਮ ਦੁਖ ਸਹਿੰਦਾ ਰਹਿੰਦਾ ਹੈ। ਨਰਕਾਂ ਦੇ ਵਿਚ ਗਲਦਾ ਹੈ ਬਾਣੀ ਵਿਚ ਐਸਾ ਵੀ ਫੁਰਮਾਨ ਆਉਂਦਾ ਹੈ -

*ਦੇਇ ਕਿਵਾੜ ਅਨਿਕ ਪੜਦੇ ਮਹਿ*
*ਪਰ ਦਾਰਾ ਸੰਗਿ ਫਾਕੈ॥*
*ਚਿਤ੍ਰ ਗੁਪਤੁ ਜਬ ਲੇਖਾ ਮਾਗਹਿ*
*ਤਬ ਕਉਣੁ ਪੜਦਾ ਤੇਰਾ ਢਾਕੈ॥*
*ਪੰਨਾ - 616*

ਇਹ ਤਾਂ ਕਾਮ ਭੋਗੀ ਹੋਇਆ। ਇਸ ਤੋਂ ਇਲਾਵਾ ਹੋਰ ਬਹੁਤ ਰਸ ਹਨ ਜਿਨ੍ਹਾਂ ਦੇ ਬਾਰੇ ਗੁਰੂ ਮਹਾਰਾਜ ਨੇ ਕਿਹਾ ਹੈ-

*ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ*
*ਪਰਮਲ ਕੀ ਵਾਸੁ॥*
*ਰਸੁ ਘੋੜੇ ਰਸੁ ਸੇਜਾ ਮੰਦਰ*
*ਰਸੁ ਮੀਠਾ ਰਸੁ ਮਾਸੁ॥*
*ਏਤੇ ਰਸ ਸਰੀਰ ਕੇ ਕੈ*
*ਘਟਿ ਨਾਮ ਨਿਵਾਸੁ॥ ਪੰਨਾ - 15*

ਇਹ ਰਸ ਸਰੀਰ ਦੇ ਰੋਗਾਂ ਦਾ ਕਾਰਨ ਬਣਦੇ ਹਨ ਕਿਉਂਕਿ ਸੰਜਮ ਰਹਿਤ ਹੋ ਕੇ ਇਹ ਆਦਮੀ ਇਨ੍ਹਾਂ ਰਸਾਂ ਵਿਚ ਗਰਕ ਹੋ ਜਾਂਦਾ ਹੈ ਅਤੇ ਪ੍ਰਮੇਸ਼ਰ ਨੂੰ ਭੁੱਲ ਜਾਂਦਾ ਹੈ ਅਤੇ ਉਸਦੇ ਭੁੱਲਣ ਦੇ ਨਾਲ ਹੀ ਸਰੀਰ ਖੀਨ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਰੋਗ ਵਲ ਨੂੰ ਆਪ ਮੁਹਾਰੇ ਤਿਲਕਦਾ ਚਲਿਆ ਜਾਂਦਾ ਹੈ ਫੁਰਮਾਨ ਹੈ -

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥*
*ਪੰਨਾ - 1256*

*ਜੇਤੇ ਰਸ ਸਰੀਰ ਕੇ ਤੇਤੇ ਲਾਗਹਿ ਦੂਖ॥*
*ਪੰਨਾ - 1287*

ਰਸ ਭੋਗਣ ਨੂੰ ਬਹੁਤ ਮਿੱਠਾ ਲਗਦਾ ਹੈ ਪਰ ਇਸ ਦਾ ਅੰਤ ਕੁੜਤਣ ਵਿਚ ਨਿਕਲਦਾ ਹੈ ਆਦਮੀ ਭਰੋਸਾ ਕਰ ਬੈਠਦਾ ਹੈ ਕਿ ਮੈਂ ਸਰੀਰ ਵਿਚ ਅਨੰਦ ਲੈ ਰਿਹਾ ਹਾਂ ਪਰ ਇਸਦੇ ਸਿੱਟੇ ਨੂੰ ਅੱਖੋ ਓਹਲੇ ਕਰਕੇ ਦੁਖਾਂ ਵਿਚ ਪ੍ਰਵਿਰਤ ਹੋ ਜਾਂਦਾ ਹੈ -

*ਮਿਠਾ ਕਰਿ ਕੈ ਕਉੜਾ ਖਾਇਆ॥*
*ਤਿਨਿ ਕਉੜੈ ਤਨਿ ਰੋਗੁ ਜਮਾਇਆ॥*
*ਜੇ ਫਿਰਿ ਮਿਠਾ ਪੇੜੈ ਪਾਇ॥*
*ਤਉ ਕਉੜਤਣੁ ਚੂਕਸਿ ਮਾਇ॥*
*ਪੰਨਾ - 1243*

ਐਸਾ ਵੀ ਫੁਰਮਾਨ ਹੈ -

*ਨਿਮਖ ਕਾਮ ਸੁਆਦ ਕਾਰਣਿ*
*ਕੋਟਿ ਦਿਨਸ ਦੁਖੁ ਪਾਵਹਿ॥*
*ਘਰੀ ਮੁਹਤ ਰੰਗ ਮਾਣਹਿ*
*ਫਿਰਿ ਬਹੁਰਿ ਬਹੁਰਿ ਪਛੁਤਾਵਹਿ॥*
*ਪੰਨਾ - 403*

ਮਹਾਰਾਜ ਜੀ ਦਾ ਫੁਰਮਾਨ ਹੈ -

*ਧਰਤੀ ਤ ਹੀਰੇ ਲਾਲ ਜੜਤੀ*
*ਪਲਘਿ ਲਾਲ ਜੜਾਉ॥*
*ਮੋਹਣੀ ਮੁਖਿ ਮਣੀ ਸੋਹੈ*
*ਕਰੇ ਰੰਗਿ ਪਸਾਉ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ*
*ਚਿਤਿ ਨ ਆਵੈ ਨਾਉ॥*
*ਪੰਨਾ - 14*

ਕਿਉਂਕਿ ਕਾਮਣ ਸੁੰਦਰ ਭੋਗਾਂ ਦੀ ਇਛਿਆ ਕਰਦੀ ਹੈ ਅਤੇ ਪ੍ਰਮੇਸ਼ਰ ਪੂਰੀ ਤਰ੍ਹਾਂ ਨਾਲ ਭੁੱਲ ਜਾਂਦੀ ਹੈ ਅਤੇ ਆਪਣੇ ਸਰੂਪ ਦਾ ਧਿਆਨ ਨਹੀਂ ਰਹਿੰਦਾ, ਨਾਮ ਜਪਣ ਨੂੰ ਜੀਅ ਨਹੀਂ ਕਰਦਾ। ਅੰਮ੍ਰਿਤ ਵੇਲੇ ਆਲਸ ਪੈ ਜਾਂਦਾ ਹੈ ਅਤੇ ਇਹੀ ਜੀਵ ਪਾਪਾਂ ਵਿਚ ਪ੍ਰਵਿਰਤ ਹੋ ਜਾਂਦਾ ਹੈ ਬੁਰੇ ਕੰਮਾਂ ਵਲ ਰੁਚੀ ਵਧੇਰੇ ਹੋ ਜਾਂਦੀ ਹੈ ਅਤੇ ਚੰਗਿਆਈ ਕਰਨ ਸਮੇਂ ਆਲਸ ਘੇਰ ਲੈਂਦਾ ਹੈ ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਚੰਗਿਆਈ ਆਲਕੁ ਕਰੇ*
*ਬੁਰਿਆਈ ਹੋਇ ਸੇਰੁ॥*
*ਨਾਨਕ ਅਜੁ ਕਲਿ ਆਵਸੀ*
*ਗਾਫਲ ਫਾਹੀ ਪੇਰੁ॥ ਪੰਨਾ – 518*

ਇਸੇ ਤਰ੍ਹਾਂ ਨਾਲ ਇਕ ਹੋਰ ਥਾਂ ਫੁਰਮਾਨ ਆਉਂਦਾ ਹੈ –

*ਬੁਰੇ ਕਾਮ ਕਉ ਊਠਿ ਖਲੋਇਆ॥*
*ਨਾਮ ਕੀ ਬੇਲਾ ਪੈ ਪੈ ਸੋਇਆ॥*
*ਪੰਨਾ – 738*

ਸੋ ਇਸ ਤਰ੍ਹਾਂ ਇਹ ਭੋਗ ਬਿਮਾਰੀ ਨੂੰ ਸੱਦਾ ਦਿੰਦੇ ਹਨ ਇਸ ਦੇ ਵਿਪਰੀਤ ਨਾਮ ਅਉਖਧ ਸਾਰੀਆਂ ਬਿਮਾਰੀਆਂ ਖਤਮ ਕਰਦਾ ਹੈ –

*ਕਾਮਨਿ ਚਾਹੈ ਸੁੰਦਰਿ ਭੋਗੁ॥*
*ਪਾਨ ਫੂਲ ਮੀਠੇ ਰਸ ਰੋਗ॥*
*ਖੀਲੈ ਬਿਗਸੈ ਤੇਤੋ ਸੋਗ॥*
*ਪ੍ਰਭ ਸਰਣਾਗਤਿ ਕੀਨਸਿ ਹੋਗ॥*
*ਕਾਪੜੁ ਪਹਿਰਸਿ ਅਧਿਕੁ ਸੀਗਾਰੁ॥*
*ਮਾਟੀ ਫੂਲੀ ਰੂਪੁ ਬਿਕਾਰੁ॥*
*ਆਸਾ ਮਨਸਾ ਬਾਂਧੋ ਬਾਰੁ॥*
*ਨਾਮ ਬਿਨਾ ਸੂਨਾ ਘਰੁ ਬਾਰੁ॥*
*ਪੰਨਾ – 1187*

ਨਾਮ ਤੋਂ ਬਿਨਾਂ ਭੋਗਾਂ ਦੀ ਦੁਨੀਆਂ ਰੋਗਾਂ ਦਾ ਕਾਰਨ ਹੈ। ਸੋ ਵਿਸ਼ੇ ਭੋਗਾਂ ਦੀ **extreme** ਦਸਦੇ ਹੋਏ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ–

*ਜੇ ਲਖ ਇਸਤਰੀਆਂ ਭੋਗ ਕਰਹਿ*
*ਨਵ ਖੰਡ ਰਾਜੁ ਕਮਾਹਿ॥*
*ਬਿਨੁ ਸਤਗੁਰ ਸੁਖੁ ਨ ਪਾਵਈ*
*ਫਿਰਿ ਫਿਰਿ ਜੋਨੀ ਪਾਹਿ॥*
*ਪੰਨਾ – 26*

ਸੋ ਗੁਰੂ ਮਹਾਰਾਜ ਜੀ ਨਾਮ ਦੀ ਵਿਸ਼ੇਸ਼ਤਾ ਦਸਦੇ ਹੋਏ ਫੁਰਮਾਨ ਕਰਦੇ ਹਨ –

*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥ ਪੰਨਾ–14*

ਇਸ ਤੋਂ ਪਿਛੋਂ ਆਪ ਸੂਖਸ਼ਮ ਸ਼ਕਤੀਆਂ ਦੀ ਦੁਨੀਆਂ ਦਾ ਜ਼ਿਕਰ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਰਿੱਧੀਆਂ ਸਿੱਧੀਆਂ ਵੀ ਪ੍ਰਾਪਤ ਹੋ ਜਾਂਦੀਆਂ ਹਨ ਅਤੇ ਸਾਰੀ ਦੁਨੀਆਂ ਵਿਚ ਉਸ ਦੀ ਮਸ਼ਹੂਰੀ ਹੋ ਜਾਂਦੀ ਹੈ ਉਹ ਕਿਸੇ ਕੰਮ ਨਹੀਂ ਹੈ –

*ਸਿਧੁ ਹੋਵਾ ਸਿਧਿ ਲਾਈ*
*ਰਿਧਿ ਆਖਾ ਆਉ॥*
*ਗੁਪਤੁ ਪਰਗਟੁ ਹੋਇ ਬੈਸਾ*
*ਲੋਕੁ ਰਾਖੈ ਭਾਉ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥ ਪੰਨਾ–14*

ਇਸੇ ਵਿਸ਼ੇ ਨੂੰ ਹੋਰ ਸਪਸ਼ਟ ਕਰਦੇ ਹੋਏ ਗੁਰੂ ਮਹਾਰਾਜ ਜੀ 'ਜਪੁਜੀ ਸਾਹਿਬ' ਵਿਚ ਫੁਰਮਾਨ ਕਰਦੇ ਹਨ –

*ਜੇ ਜੁਗ ਚਾਰੇ ਆਰਜਾ*
*ਹੋਰ ਦਸੂਣੀ ਹੋਇ॥*
*ਨਵਾ ਖੰਡਾ ਵਿਚਿ ਜਾਣੀਐ*
*ਨਾਲਿ ਚਲੈ ਸਭੁ ਕੋਇ॥*
*ਚੰਗਾ ਨਾਉ ਰਖਾਇ ਕੈ*
*ਜਸੁ ਕੀਰਤਿ ਜਗਿ ਲੇਇ॥*
*ਜੇ ਤਿਸੁ ਨਦਰਿ ਨ ਆਵਈ*
*ਤ ਵਾਤ ਨ ਪੁਛੈ ਕੇ॥*
*ਕੀਟਾ ਅੰਦਰਿ ਕੀਟੁ ਕਰਿ*
*ਦੋਸੀ ਦੋਸੁ ਧਰੇ॥*
*ਨਾਨਕ ਨਿਰਗੁਣਿ ਗੁਣੁ ਕਰੇ*
*ਗੁਣਵੰਤਿਆ ਗੁਣੁ ਦੇ॥ ਪੰਨਾ–2*

ਰਿੱਧੀਆਂ ਸਿੱਧੀਆਂ ਦੀਆਂ ਤਾਕਤਾਂ ਚਿੱਤ ਦੀ ਇਕਾਗਰਤਾ ਹੋਣ ਨਾਲ ਪੈਦਾ ਹੋ ਜਾਇਆ ਕਰਦੀਆਂ ਹਨ ਅਤੇ ਜਗਿਆਸੂ ਨੂੰ ਉਸਦੇ ਰਾਹ ਤੋਂ ਬੁਰੀ ਤਰ੍ਹਾਂ ਭਰਮਾ ਕੇ ਪਟਕਾ ਮਾਰਦੀਆਂ ਹਨ। ਦੁਨੀਆਂ ਉਸ ਦੀ ਸੋਭਾ ਕਰਦੀ ਹੈ ਕਿ ਇਹ ਬਾਰ-ਬਾਰ ਗੁਪਤ ਹੋ ਜਾਂਦਾ ਹੈ, ਇਹ ਮੁਠੀ ਮੀਚ ਕੇ ਜੋ ਚੀਜ਼ ਚਾਹੇ ਉਹ ਮੰਗਣ ਵਾਲੇ ਨੂੰ ਦੇ ਦਿੰਦਾ ਹੈ।

ਜਦੋਂ ਅਕਤੂਬਰ 1978 ਵਿਚ ਮੈਂ ਆਪਣਾ ਫਾਰਮ ਵੇਚ ਚੰਡੀਗੜ੍ਹ ਆਇਆ ਤਾਂ ਬੀਬੀ ਦੇਵਿੰਦਰ ਕੌਰ ਜੋ ਇਸ ਮਿਸ਼ਨ ਵਿਚ ਸੈਕਟਰੀ ਦੇ ਤੌਰ ਤੇ ਅਤੇ ਅੱਜਕਲ੍ਹ ਫਾਈਨੈਂਸ ਮੈਨੇਜਰ ਦੇ ਤੌਰ ਤੇ ਸੇਵਾ ਨਿਭਾਉਂਦੇ ਹਨ ਉਨ੍ਹਾਂ ਦੇ ਘਰ ਬੈਠਾ ਸਾਂ ਤਾਂ ਉਨ੍ਹਾਂ ਨੇ ਇਕ ਸੰਤ (ਤਾਂਤਰਿਕ) ਦਾ ਜ਼ਿਕਰ ਕੀਤਾ ਕਿ ਉਹ ਅਸਾਡੇ ਘਰ ਆ ਗਿਆ। ਉਹ ਬਹੁਤ ਸਿੱਧੀਆਂ ਦਿਖਾਇਆ ਕਰਦਾ ਸੀ। ਇਸੇ ਵਿਚ ਉਸਦੀ ਮਾਨਤਾ ਸੀ। ਸਾਨੂੰ ਕਹਿਣ ਲੱਗਿਆ ਕਿ ਤੁਸੀਂ ਕੀ ਚਾਹੁੰਦੇ ਹੋ। ਤਾਂ ਬੀਬੀ ਦੇ ਪਤੀ ਕਰਨਲ ਹਰਨਾਮ ਸਿੰਘ ਨੇ ਕਿਹਾ ਕਿ ਅਸੀਂ ਗਰਮ-ਗਰਮ ਰਸਗੁੱਲੇ ਖਾਣਾ ਚਾਹੁੰਦੇ ਹਾਂ। ਉਸ ਨੇ ਇਕ ਥਾਲ ਦੇ ਉਪਰ ਕੱਪੜਾ ਪਾ ਕੇ ਕਿਹਾ ਤੁਸੀਂ ਕੱਪੜੇ ਦੇ ਹੇਠਾਂ ਹੱਥ ਰਖ ਕੇ ਇਸ ਨੂੰ ਉਚਾ ਚੁਕ ਕੇ ਰੱਖੋ ਅਤੇ ਥੋੜ੍ਹੀ ਦੇਰ ਬਾਦ ਕਿਹਾ ਕਿ ਤੁਹਾਡੇ ਹੱਥ ਨੂੰ ਸੇਕ ਲਗਦਾ ਹੈ ਤਾਂ ਉਸ ਨੇ ਰੁਮਾਲ ਚੁਕਵਾ ਦਿਤਾ। ਤਾਂ ਕੀ ਦੇਖਿਆ ਕਿ ਰਸਗੁੱਲਿਆਂ ਦਾ ਥਾਲ ਭਰਿਆ ਹੋਇਆ ਸੀ।

ਡਾ. ਸੁਆਮੀ ਰਾਮ ਜੀ ਆਪਣੀ ਜੀਵਨ ਕਥਾ

ਵਿਚ ਲਿਖਦੇ ਹਨ ਕਿ ਇਕ ਵਾਰੀ ਮੈਂ ਇਕ ਬ੍ਰਾਹਮਣ ਨੂੰ ਨਾਲ ਲੈ ਕੇ ਸ੍ਰੀ ਨਗਰ ਤੋਂ ਕੁਝ ਮੀਲ ਉਚੇ ਪਹਾੜਾਂ ਤੇ ਇਕ ਸਾਧੂ ਨੂੰ ਮਿਲਣ ਗਿਆ। ਉਸ ਸਾਧੂ ਨੇ ਮੇਰੇ ਨਾਲ ਦੇ ਪੰਡਤ ਨੂੰ ਗਾਲਾਂ ਕੱਢੀਆਂ ਕਿ ਰਸਤੇ ਵਿਚ ਤੂੰ ਮੈਨੂੰ ਸੁਆਮੀ ਕੋਲ ਗਾਲ੍ਹਾਂ ਕੱਢਦਾ ਆਇਆ ਹੈਂ ਅਤੇ ਹੁਣ ਮੈਨੂੰ ਆ ਕੇ ਮੱਥੇ ਟੇਕਦਾ ਹੈਂ। ਉਸ ਪਿਛੋਂ ਉਸ ਨੇ ਉਸ ਬ੍ਰਾਹਮਣ ਨੂੰ ਕਿਹਾ ਕਿ ਆਹ ਛੁਰਾ ਲੈ ਜਾ, ਹੇਠਾਂ ਗੰਗਾ ਵਿਚ ਇਕ ਮੁਰਦਾ ਰੁੜਿਆ ਆ ਰਿਹਾ ਹੈ ਉਸ ਦੇ ਸਰੀਰ ਤੋਂ ਦੋ ਸੇਰ ਮਾਸ ਕੱਟ ਕੇ ਲਿਆ। ਉਹ ਬ੍ਰਾਹਮਣ ਨੇ ਕਦੇ ਸਬਜ਼ੀ ਵੀ ਚੀਰ ਕੇ ਨਹੀਂ ਸੀ ਦੇਖੀ। ਉਹ ਘਬਰਾਅ ਗਿਆ ਪਰ ਉਸ ਸਾਧੂ ਦਾ ਹੁਕਮ ਐਨਾ ਸਖਤ ਸੀ ਕਿ ਉਸ ਨੂੰ ਮੰਨਣਾ ਪਿਆ। ਜਦੋਂ ਉਹ ਮੁਰਦੇ ਦਾ ਮਾਸ ਕੱਟਣ ਲੱਗਿਆ ਤਾਂ ਉਸਦੀਆਂ ਦੋ ਉਂਗਲਾਂ ਤੇਜ਼ ਚਾਕੂ ਨਾਲ ਕੱਟ ਕੇ ਲਟਕ ਗਈਆਂ। ਜਦੋਂ ਉਹ ਮਾਸ ਲੈ ਕੇ ਆਇਆ ਤਾਂ ਉਸ ਸਾਧੂ ਨੇ ਉਸ ਦਾ ਹੱਥ ਆਪਣੇ ਹੱਥ ਵਿਚ ਲਿਆ ਤੇ ਅਸੀਂ ਹੈਰਾਨ ਹੋ ਗਏ ਉਹ ਉਂਗਲਾਂ ਪਹਿਲਾਂ ਵਾਂਗ ਹੀ ਹਥੇਲੀ ਨਾਲ ਜੁੜੀਆਂ ਹੋਈਆਂ ਸਨ। ਜਦੋਂ ਉਹ ਮਾਸ ਰਿੰਨ ਰਹੇ ਸਨ ਤਾਂ ਅਸੀਂ ਕਿਹਾ, We are vegetarian (ਅਸੀਂ ਸ਼ਾਕਾਹਾਰੀ ਹਾਂ) ਅਸੀਂ ਮਾਸ ਨਹੀਂ ਖਾਂਦੇ। ਉਸ ਨੇ ਕਿਹਾ, "ਮੈਂ ਤੁਹਾਨੂੰ ਮਾਸ ਨਹੀਂ ਖਿਲਾਂਦਾ।" ਜਦੋਂ ਮਾਸ ਰਿਝ ਰਿਹਾ ਸੀ ਤਾਂ ਕਹਿਣ ਲੱਗੇ ਕਿ ਪੱਤੇ ਤੋੜ ਕੇ ਲਿਆਓ। ਉਸ ਪੰਡਤ ਨੇ ਪੱਤੇ ਤੋੜ ਕੇ ਲਿਆਂਦੇ ਅਤੇ ਮੇਰੇ ਕੰਨ ਵਿਚ ਕਿਹਾ ਕਿ ਜੇ ਇਸ ਨੇ ਮਾਸ ਖਾਣ ਲਈ ਕਿਹਾ ਤਾਂ ਮੈਂ ਗੰਗਾ ਵਿਚ ਛਾਲ ਮਾਰ ਕੇ ਮਰ ਜਾਣਾ ਹੈ। ਉਹ ਇਕ ਦਮ ਕੜਕ ਕੇ ਬੋਲੇ ਕਿ ਬ੍ਰਾਹਮਣ! ਤੂੰ ਕੀ ਕਹਿ ਰਿਹਾ ਹੈਂ, ਜੋ ਕੁਝ ਮੈਂ ਬਣਾਇਆ ਹੈ ਤੁਹਾਨੂੰ ਖਾਣਾ ਹੀ ਪਵੇਗਾ। ਅਸਾਡੀ ਹੈਰਾਨੀ ਦੀ ਹੱਦ ਨਾ ਰਹੀ ਕਿ ਉਸ ਨੇ ਬਹੁਤ ਸਵਾਦਿਸ਼ਟ ਰਸਗੁੱਲੇ ਅਸਾਡੇ ਪੱਤਿਆਂ ਉਪਰ ਪਾ ਦਿਤੇ। ਅਸੀਂ ਇਕ ਦੂਜੇ ਨਾਲ ਗੱਲ ਕਰੀ ਕਿ ਅਸਾਨੂੰ ਇਸ ਨੇ ਕਿਤੇ ਹਿਪਨੋਟਾਈਜ਼ ਤਾਂ ਨਹੀਂ ਕਰ ਦਿਤਾ ਕਿ ਮਾਸ ਰਸਗੁੱਲੇ ਨਜ਼ਰ ਆਉਂਦੇ ਹੋਣ। ਉਸ ਨੇ ਕਿਹਾ, "ਮੈਂ ਤੁਹਾਨੂੰ ਹਿਪਨੋਟਾਈਜ਼ ਨਹੀਂ ਕੀਤਾ। ਸੁਆਮੀ! ਜਦੋਂ ਤੂੰ ਸ੍ਰੀ ਨਗਰ ਤੋਂ ਲੰਘ ਰਿਹਾ ਸੀ ਤਾਂ ਤੂੰ ਰਸਗੁੱਲੇ ਖਾਣ ਦਾ ਫੁਰਨਾ ਕੀਤਾ ਸੀ, ਮੈਂ ਤਾਂ ਤੇਰਾ ਫੁਰਨਾ ਪੂਰਾ ਕੀਤਾ ਹੈ। ਅਸੀਂ ਬਹੁਤ ਹੈਰਾਨ ਹੋਏ। ਮੈਂ ਰਾਤ ਭਰ ਉਥੇ ਰਿਹਾ ਅਤੇ ਉਹ ਬ੍ਰਾਹਮਣ ਵਾਪਸ ਸ੍ਰੀ ਨਗਰ ਆ ਗਿਆ। ਰਾਤ ਨੂੰ ਮੈਂ ਉਨ੍ਹਾਂ ਨੂੰ ਪੁਛਿਆ ਕਿ ਤੁਹਾਨੂੰ ਇਹ ਸ਼ਕਤੀ ਕਿਵੇਂ ਪ੍ਰਾਪਤ ਹੋਈ ਹੈ? ਉਸ ਨੇ ਕਿਹਾ ਕਿ ਮੈਂ ਸੰਸਕ੍ਰਿਤ ਦੀ ਪੀ-ਐਚ.ਡੀ ਕੀਤੀ ਹੋਈ ਹੈ, ਮੈਂ ਅਥਰਵਵੇਦ ਵਿਚ ਪੜ੍ਹਿਆ ਸੀ ਕਿ ਸਾਧਨਾ ਦੇ ਨਾਲ ਪ੍ਰਕ੍ਰਿਤੀ ਦੇ **basic** (ਮੁੱਢਲੇ) ਪ੍ਰਮਾਣੂ ਬਦਲੇ ਜਾ ਸਕਦੇ ਹਨ। ਮੈਂ ਵਿਦਿਆ ਦੇ ਬਲ ਕਰਕੇ ਹਰ ਚੀਜ਼ ਨੂੰ ਬਦਲ ਸਕਦਾ ਹਾਂ। ਜਦੋਂ ਮੈਂ ਉਸ ਨੂੰ ਪੁਛਿਆ ਕਿ ਕਿੰਨੇ ਕੁ ਬੰਦੇ ਹਨ ਜਿਹੜੇ ਇਸ ਇਲਮ ਨੂੰ ਜਾਣਦੇ ਹਨ ਤਾਂ ਉਸ ਨੇ ਕਿਹਾ ਕਿ ਭਾਰਤ ਵਿਚ ਅਸੀਂ ਸਿਰਫ ਤਿੰਨ ਬੰਦੇ ਹਾਂ, ਜੋ ਇਹ ਗੱਲ ਕਰ ਸਕਦੇ ਹਾਂ। ਤਾਂ ਸੁਆਮੀ ਜੀ ਕਹਿਣ ਲੱਗੇ ਕਿ ਉਨ੍ਹਾਂ ਨੇ ਮੈਨੂੰ ਬਹੁਤ ਜ਼ੋਰ ਦਿਤਾ ਕਿ ਤੂੰ ਇਹ ਵਿਦਿਆ ਸਿੱਖ ਲੈ। ਜਦੋਂ ਮੈਂ ਪੁਛਿਆ ਕਿ ਕਿੰਨਾ ਸਮਾਂ ਲੱਗੇਗਾ? ਤਾਂ ਉਸ ਨੇ ਕਿਹਾ ਕਿ 20 ਸਾਲ ਵਿਚ ਮੈਂ ਇਹ ਵਿਦਿਆ ਪ੍ਰਾਪਤ ਕੀਤੀ ਹੈ। ਮੈਂ ਕਿਹਾ, "ਮੈਂ ਐਨਾ ਸਮਾਂ ਬਰਬਾਦ ਨਹੀਂ ਕਰਨਾ ਕਿਉਂਕਿ ਇਨ੍ਹਾਂ ਚੀਜ਼ਾਂ ਨਾਲ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਸ਼ਾਂਤੀ ਦਾ ਸੋਮਾ ਨਾਮ ਹੈ, ਮਨ ਨੂੰ ਸਥਿਰ ਕਰਨ ਵਾਲਾ ਨਾਮ ਰਸ ਹੈ।"

*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ॥*

*ਪੰਨਾ - 707*

ਸੋ ਇਸੇ ਤਰ੍ਹਾਂ ਨਾਲ ਰਿੱਧੀਆਂ ਸਿੱਧੀਆਂ ਦੀ ਸ਼ਕਤੀ ਗੁਰੂ ਮਹਾਰਾਜ ਨੇ ਪਸੰਦ ਨਹੀਂ ਕੀਤੀ ਅਤੇ ਤੁਲਨਾ ਕਰਦੇ ਹੋਏ ਫੁਰਮਾਨ ਕੀਤਾ ਹੈ ਕਿ ਰਿੱਧੀਆਂ ਸਿੱਧੀਆਂ ਦੇਖ ਕੇ ਕਿਤੇ ਭੁੱਲ ਨਾ ਜਾਈਂ, ਨਾਮ ਬੜੀ ਅਮੁੱਲ ਵਸਤੂ ਹੈ ਜਿਸ ਦੀ ਕੋਈ ਕੀਮਤ ਨਹੀਂ ਜਾਣ ਸਕਦਾ -

*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥*

*ਪੰਨਾ-14*

ਚੌਥੀ ਸ਼ਕਤੀ ਹੋਇਆ ਕਰਦੀ ਹੈ - ਰਾਜਸੀ। ਰਾਜਸੀ ਸ਼ਕਤੀ ਹਾਸਲ ਕਰਨ ਲਈ ਰਾਜਸੀ ਬੰਦੇ ਅਨੇਕਾਂ ਕਪਟ ਦੀਆਂ ਗੱਲਾਂ ਕਰਦੇ ਹਨ, ਸਾਥ ਬਣਾਉਂਦੇ ਹਨ ਪਰ ਅੰਦਰੋਂ ਬਿਲਕੁਲ ਹੀ ਹੋਰ ਹੁੰਦੇ ਹਨ ਅਤੇ ਵੱਡੀਆਂ-ਵੱਡੀਆਂ ਪਦਵੀਆਂ ਪ੍ਰਾਪਤ ਕਰ ਲੈਂਦੇ ਹਨ। ਮਹਾਰਾਜ ਕਹਿੰਦੇ ਨੇ ਕਿ ਫੇਰ ਕੀ ਹੋਇਆ? ਇਹ ਪਦਵੀਆਂ ਮਨ ਨੂੰ ਸ਼ਾਂਤ ਨਹੀਂ ਕਰਦੀਆਂ ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਿਆ ਹੈ -

*ਹਰਿ ਬਿਨੁ ਜੀਉ ਜਲਿ ਬਲਿ ਜਾਉ॥*
*ਮੈ ਆਪਣਾ ਗੁਰੁ ਪੂਛਿ ਦੇਖਿਆ*
*ਅਵਰੁ ਨਾਹੀ ਥਾਉ॥* *ਪੰਨਾ-14*

ਰਾਜ ਨਾਮ ਦੇ ਮੁਕਾਬਲੇ ਵਿਚ ਕੁਝ ਵੀ ਨਹੀਂ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਰਾਜਾ ਤਾਂ ਉਹ ਹੈ ਜਿਸ ਦਾ ਕਿਹਾ ਹੋਇਆ ਪਉਣ, ਪਾਣੀ, ਬੈਸੰਤਰ, ਅੱਗ, ਪਸ਼ੂ, ਪੰਛੀ, ਦਰਗਾਹ ਦੇ ਦੇਵਤੇ ਵੀ ਮੰਨਦੇ ਹੋਣ। ਫੁਰਮਾਨ ਕਰਦੇ ਹਨ -

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ॥*

*ਪੰਨਾ - 186*

ਅਤੇ ਇਹ ਵੀ ਦਸਦੇ ਹਨ ਕਿ ਨਾਮ ਵਾਲਾ ਰਾਜਿਆਂ ਦਾ ਰਾਜਾ ਹੁੰਦਾ ਹੈ। ਭਾਵੇਂ ਉਸਦੀ ਪ੍ਰਤੱਖ ਹਾਲਤ ਕਿਹੋ ਜਿਹੀ ਕਿਉਂ ਨਾ ਹੋਵੇ -

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥*
*ਜਾਤਿ ਨ ਪਤਿ ਨ ਆਦਰੋ*
*ਉਦਿਆਨ ਭ੍ਰਮਿੰਨਾ॥*
*ਮਿਤ੍ਰ ਨ ਇਠ ਧਨ ਰੂਪਹੀਣ*
*ਕਿਛੁ ਸਾਕੁ ਨ ਸਿੰਨਾ॥*
*ਰਾਜਾ ਸਗਲੀ ਸ੍ਰਿਸਟਿ ਕਾ*
*ਹਰਿ ਨਾਮਿ ਮਨੁ ਭਿੰਨਾ॥*
*ਤਿਸ ਕੀ ਧੂੜਿ ਮਨੁ ਉਧਰੈ*
*ਪ੍ਰਭੁ ਹੋਇ ਸੁਪ੍ਰੰਸਨਾ॥ ਪੰਨਾ - 707*

ਇਕ ਹੋਰ ਥਾਂ ਬਾਣੀ ਵਿਚ ਫੁਰਮਾਨ ਆਉਂਦਾ ਹੈ -

*ਪੰਡਿਤ ਸੂਰ ਛਤ੍ਰਪਤਿ ਰਾਜਾ*
*ਭਗਤ ਬਰਾਬਰਿ ਅਉਰੁ ਨ ਕੋਇ॥*
*ਪੰਨਾ - 858*

*ਨਾਨਕ ਹੋਰਿ ਪਤਿਸਾਹੀਆ ਕੂੜੀਆ*
*ਨਾਮਿ ਰਤੇ ਪਾਤਿਸਾਹ॥*
*ਪੰਨਾ - 1413*

*ਜਿਸ ਨੋ ਬਖਸੇ ਸਿਫਤਿ ਸਾਲਾਹ॥*
*ਨਾਨਕ ਪਾਤਿਸਾਹੀ ਪਾਤਿਸਾਹੁ॥*
*ਪੰਨਾ - 5*

ਸੋ ਮਹਾਰਾਜ ਜੀ ਇਸ ਰਾਜ ਸ਼ਕਤੀ ਵਿਚ ਪਏ ਭੁੱਲੜ ਜੀਵ ਨੂੰ ਸੰਬੋਧਨ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਪਿਆਰਿਆ! ਇਹ ਰਾਜਸੀ ਸ਼ਕਤੀਆਂ ਸਦਾ ਨਹੀਂ ਰਿਹਾ ਕਰਦੀਆਂ। ਅਸਲੀ ਚੀਜ਼ ਨਾਮ ਹੈ ਨਾਮ ਵਿਚ ਜੋ ਰੱਤਿਆ ਹੈ ਉਹ ਅਸਲੀ ਰਾਜਾ ਹੋਇਆ ਕਰਦਾ ਹੈ।

*ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥*
*ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ॥*
*ਪੰਨਾ - 1155*

ਕਿਉਂਕਿ ਉਸ ਦਾ ਕਹਿਣਾ ਸਾਰੀ ਪ੍ਰਕ੍ਰਿਤੀ, ਸਾਰੇ ਦੇਵਤੇ ਮੰਨਦੇ ਹਨ, ਵਾਹਿਗੁਰੂ ਜੀ ਉਸਦਾ ਕਿਹਾ ਹੋਇਆ ਕਦੇ ਵੀ ਬਿਫਲ ਨਹੀਂ ਕਰਦੇ ਅਤੇ ਫੁਰਮਾਨ ਕਰਦੇ ਹਨ -

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*
*ਪੰਨਾ - 1253*

ਸੋ ਏਸ ਕਰਕੇ ਆਪ ਦਾ ਫੁਰਮਾਨ ਹੈ -

*ਸੁਲਤਾਨੁ ਹੋਵਾ ਮੇਲਿ ਲਸਕਰ*
*ਤਖਤਿ ਰਾਖਾ ਪਾਉ॥*
*ਹੁਕਮੁ ਹਾਸਲੁ ਕਰੀ ਬੈਠਾ*
*ਨਾਨਕਾ ਸਭ ਵਾਉ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥*
*ਪੰਨਾ - 14*

ਸੋ ਗੁਰੂ ਮਹਾਰਾਜ ਜੀ ਦਾ ਫੁਰਮਾਨ ਸਮਝੋ ਅਤੇ ਸਪਸ਼ਟ ਫੁਰਮਾਨ ਹੈ-

*ਧਾਰਨਾ - ਜਲ ਬਲ ਜਾਵੇ ਜਿਉੜਾ,*
*ਨਾਮ ਤੋਂ ਬਿਨਾਂ*
*ਨਾਮ ਤੋਂ ਬਿਨਾਂ ਜਿਉੜਾ*

ਪਿਛੇ ਆਪ ਨੇ ਸੁਣਿਆ ਹੀ ਹੈ ਮੈਂ ਬੇਨਤੀ ਕੀਤੀ ਸੀ ਕਿ ਵਾਹਿਗੁਰੂ ਜੀ ਆਪ ਹੀ ਇਕ ਤੋਂ ਅਨੇਕ ਹੋਏ ਹਨ ਅਤੇ ਅਨੇਕ ਰੂਪਾਂ ਵਿਚ ਹੋ ਕੇ ਵਿਚਰ ਰਹੇ ਹਨ, ਇਹ ਸਤਿ ਅਵਸਥਾ ਹੈ। ਥੋੜ੍ਹਾ ਜਗਿਆਸੂ ਨੂੰ ਸਾਵਧਾਨ ਕਰਦੇ ਹੋਏ ਇਹ ਵੀ ਬਚਨ ਹੋਏ ਹਨ ਕਿ ਬਹੁਤ ਸਾਰੇ ਪ੍ਰੇਮੀ ਇਸ ਸਤਿ ਬਾਰੇ ਬੁੱਧੀ ਮੰਡਲ ਤੋਂ ਜਾਣ ਕੇ ਤੱਤ ਮਹਾਂਪੁਰਸ਼ਾਂ ਵਾਲੇ ਬਚਨ ਕਹਿਣੇ ਸ਼ੁਰੂ ਕਰ ਦਿੰਦੇ ਹਨ ਪਰ ਆਪ ਅੰਧਕਾਰ ਦੀ ਅਵਸਥਾ ਵਿਚ ਖਚਤ ਹੋਏ ਦੁਖ ਭੋਗਦੇ ਹਨ, ਸ਼ਾਂਤੀ ਨਾਮ ਦੀ ਚੀਜ਼ ਕੋਈ ਹਿਰਦੇ ਵਿਚ ਥਾਂ ਹੀ ਨਹੀਂ ਰਖਦੀ। ਭੋਗਾਂ ਦੀ ਦੁਨੀਆਂ ਵਿਚ ਪਏ ਹੋਏ ਮੂੰਹੋਂ ਆਖੀ ਜਾਂਦੇ ਹਨ ਕਿ ਏਕੋ ਹੈ ਭਾਈ ਇਕੋ ਹੈ। ਇਹ ਬਚਨ ਤਾਂ ਓਹੀ ਕਹਿ ਸਕਦੇ ਹਨ ਜਿਨ੍ਹਾਂ ਨੇ ਨਾਮਦੇਵ ਜੀ ਤੇ ਭਾਈ ਘਨਈਆ ਜੀ ਵਾਂਗੂੰ ਪ੍ਰਤੱਖ ਅਨੁਭਵ ਕਰ ਲਿਆ ਹੋਵੇ। ਉਨ੍ਹਾਂ ਦੀ ਕ੍ਰਿਆ ਬਿਲਕੁਲ ਨਿਆਰੀ ਹੁੰਦੀ ਹੈ ਜਿਸ ਤਰ੍ਹਾਂ ਨਾਲ -

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ ਕੀ ਕਥਾ ਨਿਰਾਰੀ ਰੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ॥*
*ਪੰਨਾ - 855*

ਇਕ ਵਾਰੀ ਸਾਹਿਬ ਬਾਬਾ ਭਾਗ ਸਿੰਘ ਜੀ ਜੋ ਮਹਾਨ ਪੁਰਸ਼ ਬਾਬਾ ਸਾਹਿਬ ਸਿੰਘ ਜੀ ਬੇਦੀ ਤੋਂ ਬਾਅਦ ਪ੍ਰਮ ਸੰਤ ਬਾਬਾ ਬੀਰ ਸਿੰਘ ਜੀ ਤੋਂ ਪਹਿਲਾਂ ਭਾਈ ਦਇਆ ਸਿੰਘ ਜੀ ਦੀ ਉਤਮ ਸੰਪਰਦਾ ਵਿਚੋਂ ਹੋਏ ਹਨ। ਉਹ ਯੁਵਕ ਅਵਸਥਾ ਵਿਚ ਹੀ 22 ਕੁ ਸਾਲ ਦੀ ਉਮਰ ਸੀ, ਬਹੁਤ ਹੀ ਪ੍ਰੇਮ ਵਿਚ ਹਜ਼ੂਰ ਸਾਹਿਬ ਦੀ ਯਾਤਰਾ ਨੂੰ ਜਾ ਰਹੇ ਸਨ। ਕਈ ਪ੍ਰੇਮੀ ਮਨ ਵਿਚ ਚਿਤਵਨੀ ਕਰ ਲੈਂਦੇ ਹਨ ਕਿ ਪੂਰਨ ਬ੍ਰਹਮ ਬੇਤਿਆਂ ਮਹਾਂਪੁਰਸ਼ਾਂ ਨੂੰ ਗੁਰਧਾਮਾਂ, ਤੀਰਥਾਂ, ਕਾਬ੍ਹਾ, ਮੱਕਾ, ਮਦੀਨਾ, ਬਦਰੀਨਾਥ, ਹਰਿਦੁਆਰ ਆਦਿ ਪਵਿੱਤਰ ਥਾਵਾਂ ਤੇ ਜਾਣ ਦੀ ਕੀ ਲੋੜ ਹੈ, ਜਦੋਂ ਉਨ੍ਹਾਂ ਨੇ ਪ੍ਰਭੂ ਨੂੰ ਘਟ-ਘਟ ਵਿਚ ਦੇਖ ਲਿਆ ਹੁੰਦਾ ਹੈ ਫੇਰ ਉਹ ਕਿਉਂ ਲੰਬੇ ਸਫਰ ਕਟਦੇ ਹਨ। ਜਿਸ ਦੇ ਬਾਰੇ ਕਬੀਰ ਸਾਹਿਬ ਦਾ ਸੰਕੇਤ ਬਹੁਤ ਹੀ ਸਪਸ਼ਟ ਹੈ -

*ਕਬੀਰ ਹਜ ਕਾਬੇ ਹਉ ਜਾਇ ਥਾ*
*ਆਗੈ ਮਿਲਿਆ ਖੁਦਾਇ॥*
*ਸਾਂਈ ਮੁਝ ਸਿਉ ਲਰਿ ਪਰਿਆ*
*ਤੁਝੈ ਕਿਨਿ ਫੁਰਮਾਈ ਗਾਇ॥*
*ਪੰਨਾ - 1375*

ਪ੍ਰਭੂ ਕਹਿੰਦੇ ਹਨ ਕਿ ਕਬੀਰ ਜਦੋਂ ਤੂੰ ਮੈਨੂੰ ਹਰ ਘਟ ਵਿਚ ਵਿਆਪਕ ਦੇਖ ਰਿਹਾ ਹੈਂ, ਤੇਰੇ ਕਣ-ਕਣ ਵਿਚ ਮੈਂ ਹੀ ਹਾਂ, ਕੋਈ ਪਹਾੜ, ਬੂਟਾ, ਚੰਦ, ਸੂਰਜ, ਤਾਰੇ, ਗ੍ਰਹਿ, ਪਉਣ, ਪਾਣੀ, ਬੈਸੰਤਰ ਆਦਿ ਸਾਰੇ ਮੇਰੀ ਹੋਂਦ ਨਾਲ ਪ੍ਰੀਪੂਰਨ ਹਨ ਫੇਰ ਤੂੰ ਕਾਹਬੇ ਕਿਸ ਲਈ ਜਾ ਰਿਹਾ ਹੈਂ? ਤੈਨੂੰ ਇਹ ਕਿਸ ਨੇ ਦਸ ਦਿਤਾ ਕਿ ਮੈਂ ਕਾਹਬੇ ਰਹਿੰਦਾ ਹਾਂ। ਇਹ ਤੱਤ ਦੇ ਬਚਨ ਅਸਾਡੇ ਲਈ ਹਨ ਜੋ ਅਸੀਂ ਗਲਤੀ ਨਾਲ ਮੰਨ ਰਹੇ ਹਾਂ ਕਿ ਰੱਬ ਪਵਿੱਤਰ ਧਾਮਾਂ ਉਪਰ ਰਹਿੰਦਾ ਹੈ। ਇਸ ਖਿਆਲ ਦੇ ਆਧਾਰ ਤੇ ਅਸੀਂ ਤੀਰਥਾਂ, ਪਵਿੱਤਰ ਗੁਰ ਧਾਮਾਂ ਦੇ ਦਰਸ਼ਨ ਕਰਨ ਜਾਂਦੇ ਹਾਂ। ਕਈ ਜਗਿਆਸੂਆਂ ਦੀ ਭਾਵਨਾ ਹੁੰਦੀ ਹੈ ਕਿ ਉਥੇ ਗੁਰੂਆਂ, ਪੀਰਾਂ, ਪੈਗੰਬਰਾਂ ਦੇ ਦਰਸ਼ਨ ਹੋਣਗੇ। ਇਹ ਸਾਰੇ ਵਿਸ਼ਵਾਸ਼, ਭਾਵਨਾ ਦੇ ਮੰਡਲ ਨਾਲ ਸਬੰਧ ਰਖਦੇ ਹਨ। ਯਥਾਰਥਕਤਾ ਹੋਰ ਹੁੰਦੀ ਹੈ। ਉਹ ਇਹ ਹੈ ਕਿ ਪਵਿੱਤਰ ਧਾਮਾਂ ਉਪਰ ਮਹਾਂਪੁਰਸ਼ ਇਸ ਲਈ ਜਾਇਆ ਕਰਦੇ ਹਨ ਕਿ ਉਨ੍ਹਾਂ ਦੀ ਡਿਊਟੀ ਸੰਸਾਰ ਨੂੰ ਅੰਧਕਾਰ ਵਿਚੋਂ ਕੱਢ ਕੇ ਪ੍ਰਭੂ ਦੇ ਪ੍ਰਕਾਸ਼ ਵਿਚ ਲਾਉਣ ਦੀ ਲਾਈ ਗਈ ਹੈ। ਪਵਿੱਤਰ ਅਸਥਾਨਾਂ, ਤੀਰਥ ਤੇ ਧਾਮਾਂ ਤੇ ਜਾ ਕੇ ਉਹ ਆਪਣੇ ਸਤਿ ਬਚਨਾਂ ਰਾਹੀਂ ਜਗਿਆਸੂ ਨੂੰ ਸਤਿ ਦਾ ਮਾਰਗ ਦਰਸਾਉਂਦੇ ਹਨ। ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ ਗੁਰੂ ਹਰ ਘਟ ਵਿਚ ਵਿਆਪਕ ਹੈ -

*ਗੁਰ ਮੇਰੈ ਸੰਗਿ ਸਦਾ ਹੈ ਨਾਲੇ॥*
*ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥*

*ਪੰਨਾ - 394*

ਸੋ ਇਹ ਸ਼ੰਕੇ ਵਿਅਰਥ ਹੋਇਆ ਕਰਦੇ ਹਨ। ਬਾਬਾ ਭਾਗ ਸਿੰਘ ਜੀ ਜਨਮ ਤੋਂ ਹੀ ਪੂਰਨ ਪੁਰਸ਼ ਸਨ। ਉਹ ਅੰਦਰਲੀ ਪ੍ਰੇਰਨਾ ਵਸ ਜੋ ਹੁਕਮ ਦੇ ਰੂਪ ਵਿਚ ਸਤਿਪੁਰਸ਼ਾਂ ਵਿਚ ਵਰਤ ਰਹੀ ਹੁੰਦਾ ਹੈ, ਗੁਰਧਾਮਾਂ ਦੇ ਦਰਸ਼ਨ ਕਰਨ ਦਾ ਪ੍ਰੋਗਰਾਮ ਬਣਾਇਆ ਕਰਦੇ ਹਨ ਜਿਵੇਂ ਕਿ ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਜੀ ਨੇ ਜੀਵਾਂ ਦੇ ਉਧਾਰ ਲਈ ਤੀਰਥਾਂ ਦਾ ਰਟਨ ਕੀਤਾ -

*ਤੀਰਥ ਉਦਮੁ ਸਤਿਗੁਰੂ ਕੀਆ*
*ਸਭ ਲੋਕ ਉਧਰਣ ਅਰਥਾ॥*

*ਪੰਨਾ - 1116*

ਇਸੇ ਤਰ੍ਹਾਂ ਨਾਲ ਮਹਾਂਪੁਰਸ਼ ਬਾਬਾ ਭਾਗ ਸਿੰਘ ਜੀ ਕੁਰੀ ਵਾਲੇ ਵਿੰਧਿਆਚਲ ਪ੍ਰਬਤ ਪਾਰ ਕਰਕੇ ਜੰਗਲ ਵਿਚ ਜਾ ਰਹੇ ਸਨ। ਇਕ ਐਸਾ ਥਾਂ ਆਇਆ ਜਿਥੇ ਬਹੁਤ ਸਾਰੇ ਸ਼ੇਰ ਰਿਹਾ ਕਰਦੇ ਸਨ। ਨੇੜੇ ਦੇ ਪਿੰਡਾਂ ਦੇ ਲੋਕ ਸੂਰਜ ਨੂੰ ਡੁੱਬਣ ਵਾਲਾ ਜਾਣ ਕੇ ਕਾਹਲੀ-ਕਾਹਲੀ ਨਾਲ ਜੰਗਲ ਵਿਚੋਂ ਨਿਕਲ ਰਹੇ ਸਨ ਉਨ੍ਹਾਂ ਨੇ ਦੇਖਿਆ ਕਿ ਇਕ ਬਾਲ ਯੋਗੀ ਉਸ ਪਾਣੀ ਦੇ ਕੰਢੇ ਆਪਣਾ ਆਸਣ ਲਾਈਂ ਬੈਠਾ ਹੈ, ਜਿਥੇ ਰਾਤ ਨੂੰ ਸ਼ੇਰ, ਚੀਤੇ ਜੰਗਲੀ ਜਾਨਵਰ ਪਾਣੀ ਪੀਣ ਆਇਆ ਕਰਦੇ ਸਨ ਕਿਉਂਕਿ ਇਹ ਇਕੋ ਇਕ ਪਾਣੀ ਦਾ ਭੰਡਾਰ ਸੀ ਜੋ ਨੀਵੇਂ ਥਾਂ ਆ ਕੇ ਛਪੜਾਂ ਅਤੇ ਟੋਭਿਆਂ ਦਾ ਰੂਪ ਧਾਰਨ ਕੀਤਾ ਹੋਇਆ ਸੀ। ਕਈ ਹਿਤੈਸ਼ੀਆਂ ਨੇ ਬਾਬਾ ਜੀ ਨੂੰ ਕਿਹਾ ਕਿ ਬਾਲ ਯੋਗੀ! ਤੂੰ ਨੇੜੇ ਨਗਰ ਵਿਚ ਚੱਲ, ਇਥੇ ਨਾ ਬੈਠ ਕਿਉਂਕਿ ਰਾਤ ਨੂੰ ਇਥੇ ਸ਼ੇਰ ਆਦਿਕ ਪਾਣੀ ਪੀਣ ਆਉਂਦੇ ਹਨ। ਉਹ ਤੈਨੂੰ ਨੁਕਸਾਨ ਪਹੁੰਚਾਉਣਗੇ ਪਰ ਬਾਬਾ ਜੀ ਜਿਨ੍ਹਾਂ ਦਾ ਨਿਸ਼ਚਾ ਪੂਰੀ ਤਰ੍ਹਾਂ ਪਰਪੱਕ ਸੀ ਕਿ ਇਥੇ ਇਕੋ ਜੋਤ ਪਰੀਪੂਰਨ ਹੈ ਉਹ ਆਪ ਹੀ ਰੂਪ ਧਾਰ ਕੇ ਇਕ ਦੁਅੰਧ ਪੈਦਾ ਕਰਕੇ ਖੇਲ੍ਹ ਖੇਲ ਰਹੀ ਹੈ, ਆਪ ਉਸ ਪਰਮ ਜੋਤੀ ਨਾਲ ਰਲੇ ਹੋਏ ਸਨ ਅਤੇ ਪ੍ਰਤੱਖ ਦੇਖ ਰਹੇ ਹਨ -

*ਜਿਮੀ ਜਮਾਨ ਕੇ ਬਿਖੇ ਸਮਸੱਤ*
*ਏਕ ਜੋਤ ਹੈ*
*ਨਾ ਘਾਟ ਹੈ ਬਾਢ ਹੈ*
*ਘਾਟ ਬਾਢ ਹੋਤ ਹੈ॥* *ਅਕਾਲ ਉਸਤਤਿ*

ਆਪ ਨੇ ਕਿਹਾ ਕਿ ਪ੍ਰੇਮੀ ਜਨੋਂ! ਕੋਈ ਫਿਕਰ ਨਾ ਕਰੋ ਆਪ ਜਿਨ੍ਹਾਂ ਨੂੰ ਸ਼ੇਰ ਚੀਤੇ, ਲਗੜਬੱਗੇ, ਗਿੱਦੜ, ਬਘਿਆੜ ਆਖਦੇ ਹੋ ਉਹ ਮੇਰੀ ਦ੍ਰਿਸ਼ਟੀ ਵਿਚ ਪ੍ਰਭੂ ਦਾ ਹੀ ਰੂਪ ਹਨ। ਮੇਰੇ ਨੇਤਰਾਂ ਨੇ ਪੂਰੀ ਤਰ੍ਹਾਂ ਬ੍ਰਹਮ ਨੂੰ ਪਛਾਣ ਲਿਆ ਹੈ। ਇਸ ਸਰੀਰ ਦਾ ਫਿਕਰ ਨਾ ਕਰੋ, ਇਸ ਵਿਚ ਨਾਮ ਜੋਤੀ ਪ੍ਰਗਟ ਹੈ। ਜਿਥੇ ਨਾਮ ਹੈ ਉਥੇ ਸਾਰੇ ਆਪਣੇ ਹੀ ਹਨ, ਬੇਗਾਨਾ ਕੋਈ ਨਹੀਂ ਹੋਇਆ ਕਰਦਾ। ਇਉਂ ਸਮਝ ਲਓ ਕਿ ਪ੍ਰਭੂ ਦਾ ਰੂਪ ਹੀ ਹੋਇਆ ਕਰਦਾ ਹੈ। ਇਨ੍ਹਾਂ ਜੰਗਲ ਵਾਸੀਆਂ ਦੀ ਸਮਝ ਤੋਂ ਇਹ ਬਚਨ ਉਪਰ ਸਨ, ਉਹ ਬਾਬਾ ਜੀ ਨੂੰ ਇਸੇ ਹਾਲਤ ਵਿਚ ਛੱਡ ਕੇ ਚਲੇ ਗਏ। ਰਾਤ ਲੰਘ ਗਈ। ਉਨ੍ਹਾਂ ਦੇ ਮਨ ਵਿਚ ਖਿਆਲ ਆਇਆ ਕਿ ਉਸ ਬਾਲ ਯੋਗੀ ਨੂੰ ਦੇਖੀਏ ਕਿ ਉਹ ਜਿੰਦਾ ਹੈ ਕਿ ਸ਼ੇਰਾਂ ਦੀ ਖੁਰਾਕ ਬਣ ਚੁਕਿਆ ਹੈ। ਉਨ੍ਹਾਂ ਦੀ ਹੈਰਾਨੀ ਦੀ ਹੱਦ ਨਾ ਰਹੀ ਕਿ ਆਪ ਤਾਂ ਸਮਾਧੀ ਸਥਿਤ ਬੈਠੇ ਹਨ। ਉਨ੍ਹਾਂ ਨੂੰ ਚੌਗਿਰਦੇ ਦੀ ਕੋਈ ਖਬਰ ਨਹੀਂ ਹੈ। ਕਈ ਸਿਆਣਿਆਂ ਨੇ ਸਾਧਾਰਣ ਨਿਗ੍ਹਾ ਨਾਲ ਦੇਖਿਆ ਕਿ ਸ਼ੇਰਾਂ ਦੀਆਂ ਕਿੰਨੀਆਂ ਪੈੜਾਂ ਹਨ ਜੋ ਇਸ ਬਾਲ ਯੋਗੀ ਤਕ ਪਹੁੰਚਦੀਆਂ ਹਨ। ਐਉਂ ਪ੍ਰਤੀਤ ਦਿੰਦਾ ਹੈ ਕਿ ਉਹ ਇਨ੍ਹਾਂ ਨੂੰ ਸੁੰਘ ਕੇ ਵਾਪਸ ਹੋਏ ਹੋਣ। ਥੋੜ੍ਹੀ ਦੇਰ ਪਿਛੋਂ ਮਹਾਂਪੁਰਸ਼ ਸਮਾਧੀ ਤੋਂ ਉਥਾਨ ਹੋਏ, ਚਿਹਰੇ ਦਾ ਜਲਾਲ, ਨੇਤਰਾਂ ਦਾ ਤੇਜ ਵੇਖਣ ਵਾਲਿਆਂ ਤੋਂ ਝੱਲਿਆ ਨਹੀਂ ਸੀ ਜਾਂਦਾ। ਐਨਾ ਪ੍ਰਭਾਵ ਪੈਂਦਾ ਸੀ ਕਿ ਸਾਰੇ ਪ੍ਰੇਮੀ ਦਰਸ਼ਨ ਕਰਨ ਲਈ ਹੱਥ ਜੋੜ ਕੇ ਬੈਠ ਗਏ ਅਤੇ ਇਸ ਭੇਤ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਕਿ ਹੇ ਬਾਲ ਯੋਗੀ! ਸ਼ੇਰ, ਚੀਤੇ ਤਾਮਸੀ ਜੂਨਾਂ ਹਨ ਇਨ੍ਹਾਂ ਦੀ ਖੁਰਾਕ ਮਾਸ ਹੈ। ਅਸੀਂ ਦੇਖ ਰਹੇ ਹਾਂ ਕਿ ਕੁਝ ਤੁਹਾਡੇ ਤਕ ਵੀ ਪਹੁੰਚੇ ਹਨ, ਉਨ੍ਹਾਂ ਦੀਆਂ ਪੈੜਾਂ ਦੇ ਨਿਸ਼ਾਨ ਪ੍ਰਤੱਖ ਦਿਸ ਰਹੇ ਹਨ ਪਰ ਉਨ੍ਹਾਂ ਨੇ ਤੁਹਾਨੂੰ ਕਿਉਂ ਨਹੀਂ ਖਾਇਆ। ਉਸ ਵੇਲੇ ਮਹਾਂਪੁਰਸ਼ ਦਿਆਲਤਾ ਦੇ ਘਰ ਵਿਚ ਆਏ ਉਨ੍ਹਾਂ ਦੇ ਸਾਦੇ ਸੁਭਾਅ ਨੂੰ ਜਾਣ ਕੇ ਕਹਿਣ

ਲੱਗੇ, "ਪਿਆਰਿਓ! ਜੇ ਤੁਹਾਨੂੰ ਭੁੱਖ ਲੱਗੀ ਹੋਵੇ ਤੇ ਖਾਣ ਨੂੰ ਕੁਝ ਨਾ ਹੋਵੇ ਤਾਂ ਕੀ ਤੁਸੀਂ ਆਪਣੀ ਬਾਂਹ ਨੂੰ ਖਾ ਕੇ ਭੁੱਖ ਮਿਟਾਉਂਦੇ ਹੋ? ਸਾਰਿਆਂ ਨੇ ਜਵਾਬ ਦਿਤਾ ਕਿ ਨਹੀਂ ਬਾਲ ਯੋਗੀ! ਅਸੀਂ ਚਾਹੇ ਭੁੱਖੇ ਮਰ ਜਾਈਏ ਪਰ ਬਾਂਹ ਨਹੀਂ ਖਾ ਸਕਦੇ ਕਿਉਂਕਿ ਉਹ ਦਰਦ ਭੁੱਖ ਤੋਂ ਵੀ ਵੱਧ ਪੀੜਾ ਦੇਵੇਗਾ। ਸੁਣ ਕੇ ਮਹਾਂਪੁਰਸ਼ਾਂ ਨੇ ਕਿਹਾ, ਇਸੇ ਤਰ੍ਹਾਂ ਦੀ ਗੱਲ ਹੈ, ਮੈਂ ਤੁਹਾਡੇ ਪ੍ਰਸ਼ਨ ਦਾ ਉਤਰ ਦੋ ਤਰ੍ਹਾਂ ਨਾਲ ਦਿੰਦਾ ਹਾਂ। ਪਹਿਲਾਂ ਤਾਂ ਇਹ ਹੈ ਕਿ ਸਾਰੇ ਸੰਸਾਰ ਨੂੰ ਨਾਮ ਸ਼ਕਤੀ ਨੇ ਧਾਰਨ ਕੀਤਾ ਹੋਇਆ ਹੈ। ਨਾਮ ਇਕ ਮਹਾਨ ਸ਼ਕਤੀ ਹੈ ਜਿਸ ਦਾ ਕੋਈ ਨਾਪ ਤੋਲ ਨਹੀਂ ਹੈ ਜੋ ਸਾਰੇ ਬ੍ਰਹਿਮੰਡ ਨੂੰ ਸਤੁੰਲਨ ਵਿਚ ਰੱਖਣ ਦੀ ਸ਼ਕਤੀ ਰਖਦੀ ਹੈ। ਉਹ ਨਾਮ ਤੁਹਾਡੇ ਅੰਦਰ, ਮੇਰੇ ਅੰਦਰ, ਪਸ਼ੂਆਂ-ਪੰਛੀਆਂ, ਪਾਣੀਆਂ, ਹਵਾਵਾਂ ਦੇ ਅੰਦਰ, ਗੁਫਾਵਾਂ ਦੇ ਵਿਚ, ਡੂੰਘਿਆਂ ਸਮੁੰਦਰਾਂ ਅਤੇ ਵਿਸ਼ਾਲ ਅਕਾਸ਼ ਵਿਚ ਹਰ ਥਾਂ ਪਰੀਪੂਰਨ ਹੈ। ਉਹ ਐਸੀ ਸ਼ਕਤੀ (ਐਨਰਜੀ) ਹੈ ਜਿਸ ਦੀ ਤੁਲਨਾ ਕਿਸੀ ਚੀਜ਼ ਨਾਲ ਵੀ ਨਹੀਂ ਦਿਤੀ ਜਾ ਸਕਦੀ। ਮੇਰੇ ਕਣ-ਕਣ ਵਿਚ ਉਹ ਸ਼ਕਤੀ ਸਮਾਈ ਹੋਈ ਹੈ ਜਿਸ ਤਰ੍ਹਾਂ ਕਿ ਗੁਰੂ ਮਹਾਰਾਜ ਜੀ ਨੇ ਦਸਿਆ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
*ਪੰਨਾ - 293*

ਇਸ ਮਹਾਨ ਨਾਮ ਸਤੱਾ ਨੂੰ ਸੰਸਾਰ ਪੂਰਨ ਰੂਪ ਵਿਚ ਭੁੱਲਿਆ ਹੋਇਆ ਹੈ। ਉਹ ਗਲੀ ਹੋਈ ਪਰਾਲੀ ਦਾ ਵਪਾਰ ਕਰ ਰਿਹਾ ਹੈ। ਤੱਤ ਸਰੂਪ ਅਨਾਜ ਵਲ ਝਾਕਦਾ ਵੀ ਨਹੀਂ। ਸੰਸਾਰ ਵਿਚ ਨਾਮ ਧਨ ਇਕੱਠਾ ਕਰਨ ਆਇਆ ਹੈ ਪਰ ਭੁੱਲ ਨਾਲ ਪਰਾਲ (ਪਰਾਲੀ) ਇਕੱਠੀ ਕਰੀਂ ਜਾ ਰਿਹਾ ਹੈ। ਜਿਸ ਸਰੀਰ ਵਿਚ ਇਹ ਨਾਮ ਸ਼ਕਤੀ ਪ੍ਰਗਟ ਹੋ ਜਾਂਦੀ ਹੈ ਉਸ ਦੇ ਦਿਬਯ ਨੇਤਰ ਖੁਲ੍ਹ ਜਾਂਦੇ ਹਨ ਅਤੇ ਉਸ ਨੂੰ ਕਣ-ਕਣ ਵਿਚ ਪ੍ਰਭੂ ਜੋਤ ਦ੍ਰਿਸ਼ਟਮਾਨ ਹੁੰਦੀ ਹੈ ਕਿਉਂਕਿ ਇਸ ਜੋਤ ਨੇ ਆਪਣੇ ਆਪ ਤੋਂ ਪਸਾਰਾ ਕਰਕੇ ਅਨੇਕ ਰੂਪ ਧਾਰਨ ਕੀਤੇ ਹਨ ਜਿਵੇਂ ਕਿ -

*ਏਕ ਮੂਰਤਿ ਅਨੇਕ ਦਰਸਨ*
*ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ*
*ਅੰਤ ਕੋ ਫਿਰ ਏਕ॥ ਜਾਪੁ ਸਾਹਿਬ*

ਸ਼ੇਰ ਵੀ ਇਸੇ ਸ਼ਕਤੀ ਦਾ ਕਰਿਸ਼ਮਾ ਹਨ, ਇਹ ਸਰੀਰ ਵੀ ਇਸੇ ਸ਼ਕਤੀ ਦਾ ਕਰਿਸ਼ਮਾ ਹੈ। ਉਸ ਦਾ ਕਰਾਰਾ ਹੁਕਮ ਇਸ ਸੰਸਾਰ ਵਿਚ ਚਲ ਰਿਹਾ ਹੈ। ਜੋ ਕੁਝ ਹੋ ਰਿਹਾ ਹੈ ਪ੍ਰਭੂ ਦੀ ਆਗਿਆ ਵਿਚ ਹੋ ਰਿਹਾ ਹੈ। ਜੋ ਉਸ ਨੂੰ ਭਾਉਂਦਾ ਹੈ ਉਹ ਹੋ ਰਿਹਾ ਹੈ। ਪਰ ਅਸੀਂ ਉਸ ਉਪਰ ਵਿਸ਼ਵਾਸ਼ ਨਹੀਂ ਕਰਦੇ ਅਸਾਡੇ ਮਨ ਵਿਚ ਆਉਂਦਾ ਹੈ ਕਿ ਅਸੀਂ ਆਹ ਕੰਮ ਨਾ ਕੀਤਾ ਤਾਂ ਗੁਜ਼ਾਰਾ ਕਿਥੋਂ ਚਲੇਗਾ। ਅਸੀਂ ਨਹੀਂ ਜਾਣਦੇ ਕਿ ਅਸਾਡਾ ਹਰ ਸੁਆਸ ਹੁਕਮ ਵਿਚ ਜਾ ਰਿਹਾ ਹੈ। ਅਸੀਂ ਐਨੇ ਮੂਰਖ ਹਾਂ ਕਿ ਅਸੀਂ ਹਮੇਸ਼ਾ ਕਹਿੰਦੇ ਹਾਂ ਕਿ ਮੈਂ ਕਰ ਰਿਹਾ ਹਾਂ। ਇਹ ਖਿਆਲ ਬੰਦੇ ਦੀ ਸੁਰਤ ਨੂੰ ਪ੍ਰਭੂ ਨਾਲੋਂ ਤੋੜ ਦਿੰਦੇ ਹਨ ਅਤੇ ਬੰਦਾ ਨਿਮਾਣਾ ਨਿਤਾਣਾ ਹੋ ਕੇ ਹਉਕਿਆ ਹਾਵਿਆਂ ਵਿਚ ਜੀਵਨ ਬਤੀਤ ਕਰਦਾ ਹੈ। ਪਿਆਰਿਓ! ਇਹ ਗੱਲ ਤੁਹਾਨੂੰ ਮਹਾਂਪੁਰਸ਼ਾਂ ਦੇ ਲਗਾਤਾਰ ਸਤਿਸੰਗ ਕਰਨ ਤੋਂ ਪਤਾ ਲਗ ਸਕਦੀ ਹੈ। ਹੁਣ ਮੈਂ ਤੁਹਾਨੂੰ ਸੰਖੇਪ ਵਿਚ ਦਸਦਾ ਹਾਂ ਕਿ ਇਹ ਸ਼ੇਰ ਵੀ ਮੇਰਾ ਹੀ ਰੂਪ ਸਨ, ਇਹ ਮੈਨੂੰ ਕਿਵੇਂ ਖਾ ਸਕਦੇ ਸਨ।

ਸਾਧਸੰਗਤ ਜੀ! ਜੇ ਤਾਂ ਤੁਹਾਨੂੰ ਇਹ ਅਨੁਭਵ ਹੋ ਗਿਆ ਫੇਰ ਤਾਂ ਇਹ ਕਹਿਣਾ ਦਰੁੱਸਤ ਹੈ ਕਿ ਵਾਹਿਗੁਰੂ ਜੀ ਬਿਨਾਂ ਹੋਰ ਇਥੇ ਕੋਈ ਹੈ ਨਹੀਂ। ਵੱਡਾ ਅਤੇ ਛੋਟਾ ਆਪਾ ਮਹਾਨ ਆਪੇ ਵਿਚ ਬਦਲ ਜਾਵੇਗਾ ਤਾਂ ਅਜਿਹੇ ਸਮੇਂ ਜੇ ਤੁਹਾਨੂੰ ਇਹ ਕਹਿ ਦੇਈਏ ਕਿ ਤੁਸੀਂ ਆਪ ਹੀ ਪ੍ਰਮੇਸ਼ਰ ਹੋ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ਜਿਵੇਂ ਕਿ -

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*
*ਪੰਨਾ - 397*

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*
*ਪੰਨਾ - 273*

ਜੇ ਇਹ ਅਨੁਭਵ ਪ੍ਰਾਪਤ ਨਹੀਂ ਹੋਇਆ ਤਾਂ ਇਹ ਕਹਿਣਾ ਕਿ ਇਥੇ ਪ੍ਰਮੇਸ਼ਰ ਤੋਂ ਬਿਨਾਂ ਹੋਰ ਕੋਈ ਹੈ ਨਹੀਂ ਤਾਂ ਇਹ ਇਕ ਬੁੱਧੀ ਮੰਡਲ ਦਾ ਛਲਾਵਾ ਹੈ ਜੋ ਐਨਾ ਕਹਿ ਕੇ ਬ੍ਰਹਮਗਿਆਨੀ ਕਹਾਉਣਾ ਚਾਹੁੰਦਾ ਹੈ -

*ਗਿਆਨੁ ਨ ਗਲੀਈ ਢੂਢੀਐ*
*ਕਥਨਾ ਕਰੜਾ ਸਾਰੁ॥ ਪੰਨਾ-465*

*ਗਿਆਨੁ ਗਿਆਨੁ ਕਥੈ ਸਭੁ ਕੋਈ॥*
*ਕਥਿ ਕਥਿ ਬਾਦੁ ਕਰੇ ਦੁਖੁ ਹੋਈ॥*
*ਕਥਿ ਕਹਣੈ ਤੇ ਰਹੈ ਨ ਕੋਈ॥*
*ਬਿਨੁ ਰਸ ਰਾਤੇ ਮੁਕਤਿ ਨ ਹੋਈ॥*
*ਪੰਨਾ - 831*

ਕਹਿਣ ਲੱਗੇ ਗਿਆਨ ਦੀ ਪ੍ਰਾਪਤੀ ਕਦੇ ਵੀ ਨਹੀਂ ਹੋਇਆ ਕਰਦੀ, ਕਥ-ਕਥ ਕੇ ਦੁਨੀਆਂ ਹਾਰ ਗਈ ਹੈ। ਮਨੁਮੁਖਤਾਈ ਦੀ ਪੱਧਰ ਤੇ ਰਹਿ ਕੇ ਗਿਆਨ ਦੀ ਗੱਲ ਕਰਦੇ ਹਨ। ਅਗੰਮ ਅਗੋਚਰ ਦੀਆਂ ਗੱਲਾਂ, ਕਥਾ, ਕਹਾਣੀਆਂ ਪ੍ਰਗਟ ਕਰਦੇ ਹਨ ਪਰ ਆਪ ਬਿਲਕੁਲ ਖਾਲੀ ਹਨ, ਚੁੰਚ ਗਿਆਨ ਦੇ ਅਧੀਨ ਅਜਿਹੇ ਬਚਨ

ਕਰਦੇ ਹਨ ਕਿਉਂਕਿ ਸਤਿ ਦਾ ਗਿਆਨ ਕਦੇ ਵੀ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੋਇਆ ਕਰਦਾ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

*ਗਿਆਨੁ ਧਿਆਨੁ ਸਭੁ ਗੁਰ ਤੇ ਹੋਈ॥*
*ਸਾਚੀ ਰਹਤ ਸਾਚਾ ਮਨਿ ਸੋਈ॥*
*ਪੰਨਾ – 831*

ਜਿਸ ਨੂੰ ਗਿਆਨ ਹੋ ਗਿਆ, ਉਸ ਦੀ ਰਹਿਤ ਬਹਿਤ ਵਿਚ ਬਿਲਕੁਲ ਫਰਕ ਪੈ ਜਾਂਦਾ ਹੈ, ਉਸ ਲਈ ਕਰਮਾਂ ਧਰਮਾਂ ਦੀਆਂ ਵੰਡੀਆਂ ਢਹਿ ਢੇਰੀ ਹੋ ਜਾਂਦੀਆਂ ਹਨ। ਦੇਸ਼ਾਂ ਦੀਆਂ ਭੂਗੋਲਿਕ ਹੱਦਾਂ ਖਤਮ ਹੋ ਜਾਂਦੀਆਂ ਹਨ। ਵੱਖਰੇ-ਵੱਖਰੇ ਧਰਮਾਂ, ਵੱਖਰੇ-ਵੱਖਰੇ ਸਰੂਪ ਉਸ ਦੀ ਦ੍ਰਿਸ਼ਟੀ ਤੋਂ ਲਾਂਭੇ ਹੋ ਜਾਂਦੇ ਹਨ। ਉਹ ਆਪਣਾ ਆਪਾ ਵੰਡਦਾ ਹੈ, ਕਿਤੇ ਲੰਗਰਾਂ ਦੇ ਰੂਪ ਵਿਚ, ਭੁੱਖਿਆਂ ਨੂੰ ਪ੍ਰਸ਼ਾਦੇ ਛਕਾਉਂਦਾ ਹੈ, ਕਿਤੇ ਵਸਤਰ ਵੰਡਦਾ ਹੈ, ਕਿਤੇ ਵਿਦਿਆ ਦੇ ਸੋਮੇ ਚਾਲੂ ਰੱਖਣ ਲਈ ਆਪਣਾ ਤਾਣ ਲਾ ਰਿਹਾ ਹੈ, ਕਿਤੇ ਉਹ ਧਰਮ ਅਸਥਾਨ ਕਾਇਮ ਕਰ ਰਿਹਾ ਹੈ ਜਿਨ੍ਹਾਂ ਦੇ ਦਿਨ ਰਾਤ ਚਲਦੇ ਲੰਗਰਾਂ ਵਿਚੋਂ ਹਰ ਸਮੇਂ ਹਰ ਪ੍ਰਾਣੀ ਲੰਗਰ ਛਕਦਾ ਹੈ ਇਥੋਂ ਤਕ ਕਿ ਜੀਵ, ਜੰਤੂ, ਪੰਛੀ ਉਸ ਦੀ ਨਿਗ੍ਹਾ ਤੋਂ ਲਾਂਭੇ ਨਹੀਂ ਹੁੰਦੇ ਉਨ੍ਹਾਂ ਨੂੰ ਵੀ ਭੋਜਨ ਆਉਂਦਾ ਹੈ।

ਐਸੇ ਇਕ ਪ੍ਰੇਮੀ ਦੀ ਕਥਾ ਹੈ, ਸੁਧਾਰ ਨਗਰ ਜੋ ਲੁਧਿਆਣੇ ਵਿਚ ਹੈ। 60-70 ਸਾਲ ਪਹਿਲਾਂ ਉਥੇ ਇਕ ਨਿਹੰਗ ਬਾਣੇ ਵਿਚ ਗੁਰਸਿੱਖ ਸੇਵਾ ਕਰਿਆ ਕਰਦਾ ਸੀ। ਉਸ ਦੀ ਇਹ ਕ੍ਰਿਆ ਸੀ ਕਿ ਜਿਥੋਂ ਕਿਤੋਂ ਉਸ ਨੂੰ ਇੱਟ, ਰੋੜ੍ਹਾ ਲੱਭਣਾ, ਇਕੱਠੇ ਕਰੀਂ ਜਾਣੇ। ਉਸ ਨੂੰ ਜੇ ਪੁਛਣਾ ਤਾਂ ਉਸ ਨੇ ਕਹਿਣਾ ਕਿ ਇਨ੍ਹਾਂ ਇੱਟਾਂ ਨਾਲ ਕਾਲਜ ਬਣਨਗੇ, ਅਸਮਾਨ ਵਲ ਦੇਖ ਕੇ ਕਹਿਣਾ ਦੇਖੋ ਕਿੰਨੇ ਜਹਾਜ਼ ਘੁੰਮਦੇ ਹਨ। ਉਸ ਦੀ ਦਿਬਯ ਦ੍ਰਿਸ਼ਟੀ ਨੂੰ ਕਿਸੇ ਨੇ ਨਹੀਂ ਪਛਾਣਿਆ। ਸਮਾਂ ਪਾ ਕੇ ਸੁਧਾਰ ਦੇ ਨਾਲ ਹਲਵਾਰਾ ਹਵਾਈ ਅੱਡਾ, ਗੁਰੂ ਹਰਿਗੋਬਿੰਦ ਸਾਹਿਬ ਖਾਲਸਾ ਕਾਲਜ, ਗੁਰਦੁਆਰਾ ਸਾਹਿਬ ਬਣ ਗਏ। ਉਨ੍ਹਾਂ ਦੀ ਕ੍ਰਿਆ ਇਹ ਹੁੰਦੀ ਸੀ ਕਿ ਉਹ ਟੋਕਰਾ ਲੈ ਕੇ ਡਾਲੀ ਲੈਣ ਲਈ ਪਿੰਡ ਵਿਚ ਜਾਇਆ ਕਰਦੇ ਸਨ ਅਤੇ ਪ੍ਰਸ਼ਾਦੇ ਲਿਆ ਕੇ ਰੱਖ ਦਿੰਦੇ ਸਨ। ਉਸ ਵੇਲੇ ਯਾਤਰੂਆਂ ਅਤੇ ਦਰਸ਼ਕਾਂ ਨੂੰ ਉਹ ਅਵਾਜ਼ ਮਾਰ ਕੇ ਪ੍ਰਸ਼ਾਦਾ ਛਕਣ ਲਈ ਕਹਿੰਦੇ ਸਨ। ਇਕ ਕੁੱਤੀ ਜੋ ਉਨ੍ਹਾਂ ਦੇ ਪਾਸ ਰਹਿੰਦੀ ਸੀ ਉਸ ਨੂੰ ਅਵਾਜ਼ ਮਾਰ ਕੇ ਕਹਿਣਾ ਕਿ ਚੌਂਕੀਦਾਰਨੀਏ! ਪ੍ਰਸ਼ਾਦੇ ਦੀ ਰਾਖੀ ਬੈਠ, ਮੈਂ ਸਭ ਨੂੰ ਵੰਡ ਦੇਵਾਂ। ਉਸ ਤੋਂ ਪਿਛੋਂ ਉਨ੍ਹਾਂ ਨੇ ਕਹਿਣਾ ਚਿੜੀਓ, ਘੁੱਘੀਓ, ਗਟਾਰੋ, ਆਓ ਆ ਕੇ ਪੰਗਤ ਲਾ ਕੇ ਪ੍ਰਸ਼ਾਦਾ ਛਕੋ। ਉਹ ਧਰਤੀ ਤੇ ਉਤਰ ਆਉਣੀਆਂ। ਆਪ ਉਨ੍ਹਾਂ ਵਿਚ ਵਿਚਰ ਕੇ ਪ੍ਰਸ਼ਾਦਾ ਛਕਾਉਂਦੇ। ਸਭ ਤੋਂ ਪਿਛੋਂ ਕਾਵਾਂ ਨੂੰ ਕਹਿਣਾ ਕਿ ਹੁਣ ਤੁਹਾਡੀ ਵਾਰੀ ਹੈ ਤੁਸੀਂ ਵੀ ਆ ਜਾਓ। ਪੰਛੀਆਂ ਵਲੋਂ ਵਿਹਲੇ ਹੋ ਕੇ ਆਪ ਨੇ ਨੇੜੇ ਪਾਣੀ ਦੇ ਟੋਭੇ ਤੇ ਜਾਣਾ ਤੇ ਉਚੀ ਸਾਰੀ ਅਵਾਜ਼ ਦੇਣੀ, ਸਾਰੀਆਂ ਮੱਛੀਆਂ ਕੰਢੇ ਤੇ ਆ ਜਾਣੀਆਂ। ਮੱਛੀਆਂ ਇਸ ਤਰ੍ਹਾਂ ਆਉਂਦੀਆਂ ਸਨ ਜਿਵੇਂ ਕ੍ਰਿਸ਼ਨ ਜੀ ਦੀ ਬੰਸਰੀ ਦੀ ਧੁਨ ਸੁਣ ਕੇ ਸਾਰੀਆਂ ਗਊਆਂ ਦੂਰ-ਦਰਾਜ਼ ਤੋਂ ਇੱਕਠੀਆਂ ਹੋ ਜਾਂਦੀਆਂ ਸਨ। ਮੱਛੀਆਂ ਨੂੰ ਉਨ੍ਹਾਂ ਨੇ ਤੋੜ ਕੇ ਪ੍ਰਸ਼ਾਦੇ ਪਾਉਣੇ ਤੇ ਕਹਿਣਾ ਜਾਓ,. ਪ੍ਰਭੂ ਨੂੰ ਯਾਦ ਕਰੋ। ਤੁਹਾਨੂੰ ਵਾਹਿਗੁਰੂ ਚਿਤ ਆਵੇ। ਇਸ ਪਿਛੋਂ ਆ ਕੇ ਕੁਝ ਪ੍ਰਸ਼ਾਦੇ ਜੋ ਚੌਂਕੀਦਾਰਨੀ ਕੁੱਤੀ ਸੀ ਉਸ ਨੂੰ ਛਕਾਉਣੇ। ਅਖੀਰ ਵਿਚ ਜੋ ਕੁਝ ਬਚ ਗਿਆ ਉਸ ਨਾਲ ਆਪਣਾ ਨਿਰਬਾਹ ਕਰਨਾ। ਇਹ ਰਹਿਤ ਉਨ੍ਹਾਂ ਦੀ ਹੈ ਜਿਨ੍ਹਾਂ ਨੇ ਘਟ-ਘਟ ਵਿਚ ਪ੍ਰਮੇਸ਼ਰ ਨੂੰ ਪਛਾਣ ਲਿਆ। ਸੋ ਮਹਾਰਾਜ ਜੀ ਕਹਿੰਦੇ ਹਨ ਕਿ ਗਿਆਨ ਦੀਆਂ ਗੱਲਾਂ ਤਾਂ ਸਾਰੇ ਕਰਦੇ ਹਨ ਅਤੇ ਝਗੜੇ ਕਰਦੇ ਹਨ ਕਿ ਉਹ ਕਿਵੇਂ ਪਰੀਪੂਰਨ ਹੈ। ਸੰਸਾਰ ਕਿਵੇਂ ਬਣ ਗਿਆ। ਆਪਣੀ-ਆਪਣੀ ਬੁੱਧੀ ਦੇ ਅਨੁਸਾਰ ਤਰਕਾਂ ਵਿਤਰਕਾਂ ਕਰਕੇ ਨਿਰਣੇ ਲੈਂਦੇ ਹਨ ਜਿਸ ਦਾ ਨਤੀਜਾ ਦੁੱਖ ਵਿਚ ਹੋਇਆ ਕਰਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ! ਗਿਆਨ ਦੀਆਂ ਗੱਲਾਂ ਤਾਂ ਸਾਰੇ ਕਰਦੇ ਨੇ ਅਤੇ ਕਥ-ਕਥ ਕੇ ਝਗੜੇ ਕਰਦੇ ਹਨ ਕਹਿਣ ਤੋਂ ਕੋਈ ਵੀ ਨਹੀਂ ਹਟਦਾ ਪਰ ਜਦੋਂ ਤਕ ਨਾਮ ਦਾ ਰਸ ਹਿਰਦੇ ਵਿਚ ਨਹੀਂ ਸਮਾਅ ਜਾਂਦਾ ਅਤੇ ਦਿਬਯ ਨੇਤਰਾਂ ਨਾਲ ਨਹੀਂ ਦੇਖਦਾ ਕੇਵਲ ਇਕੋ ਇਕ ਕਹਿਣ ਨਾਲ ਮੁਕਤੀ ਨਹੀਂ ਹੁੰਦੀ। ਇਸ ਗਿਆਨ ਦੀ ਕੁੰਜੀ ਪੂਰੇ ਸਤਿਗੁਰੂ ਕੋਲ ਹੈ। ਜਿਸ ਦੇ ਬਾਰੇ ਫੁਰਮਾਨ ਹੈ –

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ॥*
*ਪੰਨਾ – 205*

ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ –

*ਗਿਆਨੁ ਧਿਆਨੁ ਸਭੁ ਗੁਰ ਤੇ ਹੋਈ॥*
*ਸਾਚੀ ਰਹਤ ਸਾਚਾ ਮਨਿ ਸੋਈ॥*
*ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥*
*ਨਾਵਹੁ ਭੂਲੇ ਥਾਉ ਨ ਕੋਈ॥*
*ਪੰਨਾ – 831*

ਵੱਡੇ-ਵੱਡੇ ਲੇਖ ਲਿਖ ਦਿੰਦੇ ਹਨ। ਬੁੱਧੀ ਮੰਡਲ ਦੇ ਕਰਿਸ਼ਮੇ ਬੜੇ ਅਜੀਬ ਹਨ ਪਰ ਆਪ ਮਨ ਦੇ ਗੁਲਾਮ ਹਨ। ਓਹੀ ਚੁਗਲੀ, ਈਰਖਾ, ਅਭਿਮਾਨ ਦਾ ਭੂਤ, ਓਹੀ ਲੋਭ ਦੀਆਂ ਗੱਲਾਂ ਅੰਦਰ ਹੁੰਦੇ ਹੋਏ ਵੀ ਗਿਆਨ ਦੀਆਂ ਗੱਲਾਂ ਕਰੀ ਜਾਂਦੇ ਹਨ। ਮਹਾਰਾਜ ਕਹਿੰਦੇ ਹਨ, ਮਨਮੁਖ ਕੋਲ ਗੱਲਾਂ ਬਾਤਾਂ ਹੀ ਹਨ ਕਿਉਂਕਿ ਨਾਮ ਤੋਂ ਭੁੱਲਿਆ ਰਹਿੰਦਾ ਹੈ। ਨਾਮ ਇਕ ਪ੍ਰਤੱਖ ਅਨੁਭਵ ਹੈ, ਜਿਨ੍ਹਾਂ ਦੇ ਨੇਤਰਾਂ ਵਿਚ ਘਟ ਘਟ ਵਾਹਿਗੁਰੂ ਦੇ ਦਰਸ਼ਨ ਸਮਾਏ ਰਹਿੰਦੇ ਹਨ, ਉਹ ਕਿਸੇ ਸਮੇਂ ਵੀ ਨਹੀਂ ਭੁੱਲਦੇ। ਉਹ ਅਜਿਹੀਆਂ ਕਰਨੀਆਂ ਨਹੀਂ

ਕਰਦੇ ਸਨ। ਜੋ ਪਹਿਲਾਂ ਬਾਬਾ ਭਾਗ ਸਿੰਘ ਜੀ ਬਾਰੇ ਦੱਸਿਆ ਹੈ ਮਹਾਰਾਜ ਜੀ ਦੀ ਫੁਰਮਾਨ ਹੈ –

*ਮਨੁ ਮਾਇਆ ਬੰਧਿਓ ਸਰ ਜਾਲਿ॥*
*ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ॥*

*ਪੰਨਾ – 831*

ਸੰਸਾਰ ਰੂਪੀ ਤਾਰ ਵਿਚ ਸਾਰਾ ਸੰਸਾਰ ਬੰਨ੍ਹਿਆ ਪਿਆ ਹੈ ਮਨਮੁਖ ਦੇ ਅੰਦਰ ਬਾਹਰ ਹਉਮੈ ਦੀ ਬਿਖ ਕਣ-ਕਣ ਵਿਚ ਵਿਆਪੀ ਹੋਈ ਹੈ ਉਹ ਨਿਜੀ ਆਪੇ ਵਿਚੋਂ ਕਦੀ ਵੀ ਬਾਹਰ ਨਹੀਂ ਨਿਕਲ ਸਕਦਾ। ਜੋ ਵੀ ਸੰਸਾਰ ਵਿਚ ਆਉਂਦਾ ਹੈ ਉਸ ਨੇ ਸੰਸਾਰ ਤੋਂ ਜਾਣਾ ਹੀ ਹੈ ਸੋ ਆਪਣਾ ਕਾਰਜ ਸਿੱਧ ਕਰਨ ਵਾਸਤੇ ਵਾਹਿਗੁਰੂ ਜੀ ਨੂੰ ਯਾਦ ਕਰਨਾ ਪੈਂਦਾ ਹੈ।

*ਜੋ ਆਂਜੈ ਸੋ ਦੀਸੈ ਕਾਲਿ॥*
*ਕਾਰਜੁ ਸੀਧੋ ਰਿਦੈ ਸਮਾਲਿ॥*

*ਪੰਨਾ – 831*

ਮਨਮੁਖ ਹਉਮੈ ਦੀ ਦੁਨੀਆਂ ਵਿਚ ਵਸਦਾ ਹੈ ਅਤੇ ਆਪਣੀ ਮਤ ਗਵਾ ਕੇ ਸੰਸਾਰ ਤੋਂ ਚਲਿਆ ਜਾਂਦਾ ਹੈ ਉਸਦੀਆਂ ਮੁਸਕਤਾਂ, ਉਸ ਦੇ ਵਿਚਾਰ ਉਸ ਦੇ ਆਪਣੇ ਨਹੀਂ ਹੋਇਆ ਕਰਦੇ ਉਹ ਮੰਗਵੇਂ ਵਿਚਾਰ ਹੋਣ ਕਰਕੇ ਆਪਣੀ ਪਤ ਗਵਾ ਕੇ ਸੰਸਾਰ ਤੋਂ ਚਲਾ ਜਾਇਆ ਕਰਦਾ ਹੈ। ਮਹਾਰਾਜ ਜੀ ਕਹਿੰਦੇ ਹਨ ਕਿ ਗਿਆਨੀ ਉਹ ਹੈ ਜਿਸ ਦੀ ਲਿਵ ਪ੍ਰਭੂ ਦੇ ਨਾਮ ਨਾਲ ਲੱਗ ਗਈ। ਫੁਰਮਾਨ ਆਉਂਦਾ ਹੈ –

*ਸੋ ਗਿਆਨੀ ਜਿਨਿ ਸਬਦਿ ਲਿਵ ਲਾਈ॥*
*ਮਨਮੁਖਿ ਹਉਮੈ ਪਤਿ ਗਵਾਈ॥*

*ਪੰਨਾ – 831*

ਇਸ ਤਰ੍ਹਾਂ ਗੁਰੂ ਮਹਾਰਾਜ ਦੀ ਬਾਣੀ ਅਗਾਧ ਬੋਧ ਹੈ, ਸੋ ਗਿਆਨ ਦੀ ਅਵਸਥਾ ਨਾਮ ਦੀ ਪ੍ਰਾਪਤੀ ਤੋਂ ਹੁੰਦੀ ਹੈ। ਇਹ ਜੋ ਉਪਰ ਅਵਸਥਾ ਭੇਦ ਦੀ ਗੱਲ ਕੀਤੀ ਹੈ ਉਹ ਇਸ ਤਰ੍ਹਾਂ ਸਪਸ਼ਟ ਹੁੰਦੀ ਹੈ ਕਿ ਜਿਸ ਦੇ ਅੰਦਰ ਹਉਮੈ ਤੱਤ ਨੇ ਦੀਵਾਰ ਬਣਾਈ ਹੋਈ ਹੈ ਉਹ ਵਾਹਿਗੁਰੂ ਤੋਂ ਟੁੱਟ ਕੇ ਅਨੇਕਤਾ ਦੇ ਪਸਾਰੇ ਵਿਚ ਵਿਕਲੋਤਰਾ ਹੋਣ ਕਰਕੇ ਆਪਣੀ ਹੋਂਦ ਨੂੰ ਪ੍ਰਤੀਤ ਕਰ ਰਿਹਾ ਹੈ ਅਤੇ ਦੁਖ-ਸੁਖ, ਖੁਸ਼ੀ-ਗਮੀ, ਗਰੀਬੀ-ਅਮੀਰੀ ਦੇ ਭਾਵਾਂ ਵਿਚ ਜੀਵਨ ਬਤੀਤ ਕਰਦਾ ਹੈ ਜੋ ਵੀ ਉਹ ਕਰਮ ਕਰ ਰਿਹਾ ਹੈ ਚਾਹੇ ਚੰਗਾ ਹੋਵੇ, ਚਾਹੇ ਮੰਦਾ ਹੋਵੇ ਉਹ ਉਸਨੂੰ ਜ਼ਰੂਰ ਫਲ ਦਿੰਦਾ ਹੈ। ਇਸ ਹਉਮੈ ਦੀ ਵਲਗਣ ਵਿਚ ਆਇਆ ਹੋਇਆ ਜੋ ਨਿੱਕਾ ਆਪਾ ਹੈ ਉਹ ਜੀਵ ਕਹਾਉਂਦਾ ਹੈ, ਹਉਮੈ ਵੀ ਵਾਹਿਗੁਰੂ ਦੀ ਹੀ ਪੈਦਾ ਕੀਤੀ ਹੋਈ ਹੈ, ਜਿਸ ਰਾਹੀਂ ਅਨੇਕਤਾ ਦੀ ਖੇਲ੍ਹ ਚਲ ਰਹੀ ਹੈ –

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ॥*

*ਪੰਨਾ – 999*

ਪਰ ਜਿਨ੍ਹਾਂ ਨੇ ਸਤਿ ਨੂੰ ਪਛਾਣ ਲਿਆ ਹੈ ਅਤੇ ਅੰਦਰ ਬਾਹਰ ਇਕੋ ਤਕ ਲਿਆ ਹੈ, ਆਤਮ ਵਿਸ਼ਾਇਣੀ ਬੁੱਧੀ ਪ੍ਰਾਪਤ ਹੋ ਗਈ ਹੈ ਉਸ ਦਾ ਜੀਵ ਭਾਵ ਟੁੱਟ ਜਾਂਦਾ ਹੈ, ਉਹ ਫਿਨਾਹ ਫਿਲਾਹ ਦੀ ਹਾਲਤ ਵਿਚ ਪਹੁੰਚ ਜਾਂਦਾ ਹੈ ਅਤੇ ਨਿੱਕੇ ਆਪੇ ਤੋਂ ਮਹਾਨ ਆਪਾ ਆਪਣੇ ਆਪ ਨੂੰ ਮਹਿਸੂਸ ਕਰਦਾ ਹੈ। ਸੁਖਾਲੇ ਅੱਖਰਾਂ ਵਿਚ ਇਸ ਤਰ੍ਹਾਂ ਹੈ ਕਿ ਇਹ ਨਿੱਕਾ ਜੀਵ ਹਉਮੈ ਭਾਵ ਤੋਂ ਮਰ ਕੇ ਬ੍ਰਹਮ ਭਾਵ ਵਿਚ ਜੀਉਂ ਉਠਦਾ ਹੈ ਅਤੇ ਵਾਹਿਗੁਰੂ ਜੀ ਹੀ ਹੋ ਜਾਂਦਾ ਹੈ ਅਤੇ ਅਨੇਕਤਾ ਵਿਚ ਇਕ ਹੋ ਕੇ ਸਮਾਅ ਜਾਂਦਾ ਹੈ। ਸਾਰੀ ਅਨੇਕਤਾ ਦਾ ਨਿਜ ਆਪਾ ਬਣ ਜਾਂਦਾ ਹੈ ਜਿਸ ਦਾ ਗੁਰਬਾਣੀ ਵਿਚ ਫੁਰਮਾਨ ਹੈ –

*ਕਬੀਰ ਜਾ ਕਉ ਖੋਜਤੇ*
*ਪਾਇਓ ਸੋਈ ਠਉਰੁ॥*
*ਸੋਈ ਫਿਰਿ ਕੈ ਤੂ ਭਇਆ*
*ਜਾ ਕਉ ਕਹਤਾ ਅਉਰੁ॥*

*ਪੰਨਾ – 1369*

ਉਹ ਮਹਾਨਤਾ ਵਿਚ ਲੀਨ ਹੋ ਕੇ ਮਹਾਨ ਬਣ ਜਾਂਦਾ ਹੈ। ਆਤਮ ਮੰਡਲ ਤੋਂ ਅਨੁਭਵ ਕੀਤਾ ਹੋਇਆ ਜੋ ਯਥਾਰਥ ਸਿਧਾਂਤ ਹੈ ਉਹ ਇਹ ਹੈ ਕਿ ਵਾਹਿਗੁਰੂ ਜੀ ਆਪ ਹੀ ਅਨੇਕਾਂ ਰੂਪਾਂ ਵਿਚ ਖੇਲ੍ਹ ਰਹੇ ਹਨ। ਹੋਰ ਕਿਸੇ ਵੀ ਚੀਜ਼ ਦੀ ਹੋਂਦ ਇਥੇ ਨਹੀਂ ਹੈ। ਹਉਮੈ, ਜੀਵ, ਪੁੰਨੀ-ਪਾਪੀ, ਦੁਖੀ-ਸੁਖੀ, ਅਮੀਰ-ਗਰੀਬ ਦੁਅੰਧ ਕਰਕੇ ਪ੍ਰਤੀਤ ਦੇ ਰਹੇ ਹਨ ਪਰ ਸਤਿ ਅਵਸਥਾ ਇਹ ਹੈ ਕਿ ਪ੍ਰਭੂ ਆਪ ਹੀ ਅਜਿਹਾ ਰੂਪ ਧਾਰ ਕੇ ਇਕ ਖੇਲ੍ਹ ਦੇ ਵਿਚ ਦ੍ਰਿਸ਼ਟਾ ਹੋ ਕੇ ਵਰਤ ਰਿਹਾ ਹੈ ਜਿਵੇਂ ਕਿ ਫੁਰਮਾਨ ਆਉਂਦਾ ਹੈ –

*ਕਹੂੰ ਗੀਤ ਕੇ ਗਵਯਾ*
*ਕਹੂੰ ਬੇਨ ਕੇ ਬਜਯਾ*
*ਕਹੂੰ ਨ੍ਰਿਤ ਕੇ ਨਚਈਆ*
*ਕਹੂੰ ਨਰ ਕੋ ਅਕਾਰ ਹੋ॥*
*ਕਹੂੰ ਬੇਦ ਬਾਨੀ ਕਹੂੰ ਕੋਕ ਕੀ ਕਹਾਨੀ*
*ਕਹੂੰ ਰਾਜਾ ਕਹੂੰ ਰਾਨੀ*
*ਕਹੂੰ ਨਾਰ ਕੇ ਪ੍ਰਕਾਰ ਹੋ॥*
*ਕਹੂੰ ਬੇਨ ਕੇ ਬਜਯਾ*
*ਕਹੂੰ ਧੇਨ ਕੇ ਚਰਯਾ*
*ਕਹੂੰ ਲਾਖਨ ਲਵਯਾ*
*ਕਹੂੰ ਸੁੰਦਰ ਕੁਮਾਰ ਹੋ॥*
*ਸੁਧਤਾ ਕੀ ਸਾਨ ਹੋ*
*ਕਿ ਸੰਤਨ ਕੇ ਪ੍ਰਾਨ ਹੋ*
*ਕਿ ਦਾਤਾ ਮਹਾਦਾਨ ਹੋ*
*ਕਿ ਨ੍ਰਿਦੋਖੀ ਨਿਰੰਕਾਰ ਹੋ॥*

*ਅਕਾਲ ਉਸਤਤਿ*

ਬਾਣੀ ਵਿਚ ਐਸਾ ਫੁਰਮਾਨ ਆਉਂਦਾ ਹੈ –

ਏਕ ਅਨੇਕ ਬਿਆਪਕ ਪੂਰਕ
ਜਤ ਦੇਖਉ ਤਤ ਸੋਈ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ
ਬਿਰਲਾ ਬੂਝੈ ਕੋਈ॥
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ॥
ਗੋਬਿੰਦ ਬਿਨੁ ਨਹੀ ਕੋਈ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ
ਓਤਿ ਪੋਤਿ ਪ੍ਰਭੁ ਸੋਈ॥
ਜਲ ਤਰੰਗ ਅਰੁ ਫੇਨ ਬੁਦਬੁਦਾ
ਜਲ ਤੇ ਭਿੰਨ ਨ ਹੋਈ॥
ਇਹੁ ਪਰਪੰਚ ਪਾਰਬ੍ਰਹਮ ਕੀ ਲੀਲਾ
ਬਿਚਰਤ ਆਨ ਨ ਹੋਈ॥
ਮਿਥਿਆ ਭਰਮੁ ਅਰੁ ਸੁਪਨ ਮਨੋਰਥ
ਸਤਿ ਪਦਾਰਥੁ ਜਾਨਿਆ॥
ਸੁਕ੍ਰਿਤ ਮਨਸਾ ਗੁਰ ਉਪਦੇਸੀ
ਜਾਗਤ ਹੀ ਮਨੁ ਮਾਨਿਆ॥
ਕਹਤ ਨਾਮਦੇਉ ਹਰਿ ਕੀ ਰਚਨਾ
ਦੇਖਹੁ ਰਿਦੈ ਬੀਚਾਰੀ॥
ਘਟ ਘਟ ਅੰਤਰਿ ਸਰਬ ਨਿਰੰਤਰਿ
ਕੇਵਲ ਏਕ ਮੁਰਾਰੀ॥

ਪੰਨਾ - 485

ਇਸ ਤਰ੍ਹਾਂ ਵੀ ਫੁਰਮਾਨ ਆਉਂਦਾ ਹੈ ਕਿ -

ਜਲ ਥਲ ਮਹੀਅਲਿ ਪੂਰਿਆ
ਸੁਆਮੀ ਸਿਰਜਨਹਾਰੁ॥
ਅਨਿਕ ਭਾਂਤਿ ਹੋਇ ਪਸਰਿਆ
ਨਾਨਕ ਏਕੰਕਾਰੁ॥ ਪੰਨਾ - 296

ਗੁਰੂ ਦਸ਼ਮੇਸ਼ ਪਿਤਾ ਜੀ ਇਸੇ ਅਨੇਕਤਾ ਵਿਚ ਏਕਤਾ ਦਰਸਾਉਂਦੇ ਹੋਏ ਫੁਰਮਾਨ ਕਰਦੇ ਹਨ -

ਕਹੂੰ ਫੂਲ ਹ੍ਵੈ ਕੈ ਭਲੇ ਰਾਜ ਫੂਲੇ॥
ਕਹੂੰ ਭਵਰ ਹ੍ਵੈ ਕੈ ਭਲੀ ਭਾਂਤਿ ਭੂਲੇ॥
ਕਹੂੰ ਪਵਨ ਹ੍ਵੈ ਕੈ ਬਹੇ ਬੇਗਿ ਐਸੇ॥
ਕਹੇ ਮੋ ਨ ਆਵੈ ਕਥੋਂ ਤਾਹਿ ਕੈਸੇ॥
ਕਹੂੰ ਨਾਦ ਹ੍ਵੈ ਕੈ ਭਲੀ ਭਾਂਤਿ ਬਾਜੇ॥
ਕਹੂੰ ਪਾਰਧੀ ਹ੍ਵੈ ਧਰੇ ਬਾਨ ਰਾਜੇ॥
ਕਹੂੰ ਮ੍ਰਿਗ ਹ੍ਵੈ ਕੈ ਭਲੀ ਭਾਂਤਿ ਮੋਹੇ॥
ਕਹੂੰ ਕਾਮੁਕੀ ਜਿਉ ਧਰੇ ਰੂਪ ਸੋਹੇ॥

ਬਚਿਤ੍ਰ ਨਾਟਕ

ਸੋ ਸਤਿ ਦੇ ਮੰਡਲ ਵਿਚੋਂ ਇਹ ਬਚਨ ਪ੍ਰਗਟ ਹਨ ਕਿ ਇਥੇ ਵਾਗਿਰੁ ਤੋਂ ਬਗੈਰ ਹੋਰ ਹੈ ਹੀ ਨਹੀਂ ਅਤੇ ਇਸੇ ਦ੍ਰਿਸ਼ ਵਲ ਇਸ਼ਾਰਾ ਕਰਦੇ ਹੋਏ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ
ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ
ਪ੍ਰਭ ਬਿਨਾ ਨਹੀ ਜਾਣੀਐ॥

ਪੰਨਾ - 846

ਸੋ ਇਸ ਸਤਿ ਨੂੰ ਭੁੱਲ ਕੇ, ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ, ਜੇ ਇਸ ਮਹਾਨ ਸਤਿ ਅਵਸਥਾ ਤੋਂ ਵਿਪਰੀਤ ਹੋ ਕੇ ਜੀਵ ਬਿਰਤੀ ਧਾਰਨ ਕਰ ਲਈ ਤਾਂ ਮਹਾਨ ਅਨੰਦ ਤੋਂ ਵਾਂਝੇ ਹੋ ਗਏ ਇਸ ਸਮੁਚਤਾ ਦੇ ਅਨੁਭਵ ਨੂੰ ਨਾਮ ਦੀ ਪ੍ਰਾਪਤੀ ਕਿਹਾ ਜਾਂਦਾ ਹੈ। ਨਾਮ ਸਾਰੇ ਪਰੀਪੂਰਨ ਹੈ ਵਾਹਿਗੁਰੂ ਜੀ ਅਤੇ ਨਾਮ ਵਿਚ ਕੋਈ ਫਰਕ ਨਹੀਂ ਹੈ -

ਨਾਵੈ ਅੰਦਰਿ ਹਉ ਵਸਾਂ
ਨਾਉ ਵਸੈ ਮਨਿ ਆਇ॥ ਪੰਨਾ - 55

ਪਰ ਇਸ ਗੱਲ ਨੂੰ ਗੁਰੂ ਦੀ ਮਿਹਰ ਤੋਂ ਬਿਨਾਂ ਨਹੀਂ ਬੁਝਿਆ ਜਾਂਦਾ। ਜਦੋਂ ਗੁਰੂ ਕ੍ਰਿਪਾ ਕਰਕੇ ਗੁਰਮੰਤ੍ਰ ਦੇ ਕੇ ਹਉਮੈ ਦੇ ਜਾਲ ਨੂੰ ਕੱਟ ਦਿੰਦਾ ਹੈ, ਛਿਨ ਭਿੰਨ ਕਰ ਦਿੰਦਾ ਹੈ, ਨਾਮ ਨਿਸ਼ਾਨ ਮਿਟਾ ਦਿੰਦਾ ਹੈ, ਉਸ ਵੇਲੇ ਉਸ ਨਾਮ ਦੀ ਘਾਲ ਕਮਾਈ ਕਰਨ ਨਾਲ ਹਉਮੈ ਦਾ ਗੁਬਾਰ ਪੂਰੇ ਤੌਰ ਤੇ ਮਿਟ ਜਾਂਦਾ ਹੈ।

ਬਾਝੁ ਗੁਰੂ ਗੁਬਾਰੁ ਹੈ
ਬਿਨੁ ਸਬਦੈ ਬੂਝ ਨ ਪਾਇ॥

ਪੰਨਾ - 55

ਜਦੋਂ ਸ਼ਬਦ ਦੀ ਕਮਾਈ ਕਰਕੇ ਸ਼ਬਦ ਦੀ ਮਤ ਧਾਰਨ ਕਰਦਾ ਹੈ ਤਾਂ ਵਾਹਿਗੁਰੂ ਜੀ ਨਾਲ ਅਖੰਡ ਲਿਵ ਲਗ ਜਾਂਦੀ ਹੈ ਜਿਸ ਥਾਂ ਕਾਲ ਪ੍ਰਵੇਸ਼ ਨਹੀਂ ਕਰ ਸਕਦਾ ਯਾਨਿ ਕਿ ਇਸ ਅਵਸਥਾ ਵਿਚ ਸਮੇਂ ਦੀ ਅਣਹੋਂਦ ਹੈ, ਇਹ ਅਕਾਲ ਅਵਸਥਾ ਹੈ, ਕਿਉਂਕਿ ਹਉਮੈ ਭਾਵ ਦੂਰ ਹੋ ਕੇ ਜੋਤੀ ਵਿਚ ਜੋਤ ਸਮਾਅ ਗਈ, ਛੋਟਾ ਨਿਜ ਆਪਾ ਪਰਮ ਆਪੇ ਵਿਚ ਸਮਾਅ ਗਿਆ ਫੇਰ ਇਹ -

ਬਾਝੁ ਗੁਰੂ ਗੁਬਾਰੁ ਹੈ
ਬਿਨੁ ਸਬਦੈ ਬੂਝ ਨ ਪਾਇ॥
ਗੁਰਮਤੀ ਪਰਗਾਸੁ ਹੋਇ
ਸਚਿ ਰਹੈ ਲਿਵ ਲਾਇ॥
ਤਿਥੈ ਕਾਲੁ ਨ ਸੰਚਰੈ
ਜੋਤੀ ਜੋਤਿ ਸਮਾਇ॥ ਪੰਨਾ - 55

ਸੋ ਇਕ ਪਾਸੇ ਤਾਂ ਇਹ ਪਰਮ ਉਤਮ ਅਵਸਥਾ ਹੈ, ਦੂਜੇ ਪਾਸੇ ਗੁਰੂ ਮਹਾਰਾਜ ਜੀ ਪ੍ਰਕ੍ਰਿਤਕ ਅਤਿ ਉਤਮ ਅਵਸਥਾ ਦੀ ਪ੍ਰਾਪਤੀ ਬਾਰੇ ਦਸਦੇ ਹਨ ਕਿ ਮੋਤੀਆਂ ਦੇ ਮੰਦਰ ਪ੍ਰਾਪਤ ਹੋ ਜਾਣ, ਕਸਤੂਰੀ ਤੇ ਚੰਦਨ ਦੀਆਂ ਲੇਪਾਂ ਹੋਈਆਂ ਹੋਣ, ਜਿਸ ਥਾਂ ਤੇ ਤੂੰ ਰਹਿੰਦਾ ਹੋਵੇਂ ਉਥੇ ਪਾਰਕਾਂ ਵਿਚ ਹੀਰੇ ਤੇ ਮੋਤੀ ਲੱਗੇ ਹੋਏ ਝਿਲਮਿਲ-ਝਿਲਮਿਲ ਕਰਦੇ ਹੋਣ ਤੇ ਸਭ ਨੂੰ ਮੋਂਹਦੇ ਹੋਣ। ਉਸ ਸਮੇਂ ਬਹੁਤ ਚਮਕਦੇ ਚਿਹਰਿਆਂ ਵਾਲੀਆਂ ਇਸਤ੍ਰੀਆਂ ਜਿਨ੍ਹਾਂ ਦੇ ਚਿਹਰੇ ਮਣੀਆਂ ਦੀ ਰੋਸ਼ਨੀ ਦੇ ਕਾਰਨ ਜਗਮਗ-ਜਗਮਗ ਕਰਦੇ ਹੋਣ। ਉਨ੍ਹਾਂ ਦੇ ਪਿਆਰ ਦਾ ਅਨੰਦ ਮਾਣਦਾ ਹੋਵੇ, ਇਸੇ ਐਸ਼ਵਰਜ ਵਿਚ ਰਿਧੀਆਂ ਸਿੱਧੀਆਂ ਵੀ ਪ੍ਰਾਪਤ ਹੋਈਆਂ ਹੋਣ ਅਤੇ ਬਹੁਤ ਕੌਤਕ ਕਰ ਸਕਦਾ ਹੋਵੇ। ਲੋਕ ਉਸ ਦਾ ਬਹੁਤ ਸਤਿਕਾਰ ਤੇ ਮਾਣ ਕਰਦੇ ਹੋਣ ਅਤੇ ਇਸੇ ਵਿਅਕਤੀ

ਨੂੰ ਅਤਿ ਉਚੀ ਅਵਸਥਾ ਪ੍ਰਾਪਤ ਹੋ ਜਾਵੇ, ਸੰਸਾਰ ਦਾ ਬਾਦਸ਼ਾਹ ਕਹਾਉਂਦਾ ਹੋਵੇ, ਉਸ ਦੇ ਹੁਕਮ ਵਿਚ ਸਾਰਾ ਸੰਸਾਰ ਚਲਦਾ ਹੋਵੇ ਅਤੇ ਮਨ ਇਛੇ ਭੋਗ ਉਸ ਨੂੰ ਪ੍ਰਾਪਤ ਹੋਣ ਪਰ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੇ ਵਾਹਿਗੁਰੂ ਜੀ ਦੀ ਹੋਂਦ ਤੋਂ ਉਹ ਭੁੱਲਿਆ ਹੋਇਆ ਹੈ ਤਾਂ ਉਸ ਦੀ ਅਵਸਥਾ ਨੂੰ ਉਸ ਦੇ ਛੋਟੇ ਅਨੰਦ ਨੂੰ ਨਾਪਦਿਆਂ ਹੋਇਆਂ ਬ੍ਰਹਮ ਅਨੰਦ ਦੇ ਮੁਕਾਬਲੇ ਮਹਾਰਾਜ ਜੀ ਨੇ ਵਿਸ਼ਟਾ ਦੇ ਕੀੜੇ ਦੇ ਮਹਾਨ ਦੁਖ ਦੇ ਬਰਾਬਰ ਤੁਲਨਾ ਦਿਤੀ ਹੈ। ਇਸੇ ਲਈ ਆਪ ਨੇ ਫੁਰਮਾਨ ਕੀਤਾ ਹੈ ਕਿ –

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ*
*ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ*
*ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ*
*ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ॥*

*ਪੰਨਾ – 707*

ਕਿਉਂਕਿ ਪ੍ਰਭੂ ਦੇ ਹਿਰਦੇ ਵਿਚ ਨਿਵਾਸ ਤੋਂ ਬਿਨਾਂ ਅਤੇ ਤਤ੍ਵ ਗਿਆਨ ਦੇ ਅਨੁਭਵ ਤੋਂ ਬਿਨਾਂ ਇਸ ਦਾ ਹਿਰਦਾ ਕਮਲ ਜਲ ਜਾਇਆ ਕਰਦਾ ਹੈ ਅਤੇ ਸਾਰੇ ਸੁਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ –

*ਹਰਿ ਬਿਨੁ ਜੀਉ ਜਲਿ ਬਲਿ ਜਾਉ॥*
*ਮੈ ਆਪਣਾ ਗੁਰੁ ਪੂਛਿ ਦੇਖਿਆ*
*ਅਵਰੁ ਨਾਹੀ ਥਾਉ॥*

*ਪੰਨਾ – 14*

ਇਕ ਵਾਰੀ ਫੇਰ ਓਹੀ ਧਾਰਨਾ ਧਿਆਨ ਨਾਲ ਪੜ੍ਹ ਲਓ –

*ਧਾਰਨਾ – ਕਿਤੇ ਭੁੱਲ ਨਾ ਜਾਈਂ ਓ ਮਨਾਂ*
*ਨਾਮ ਨੂੰ, ਮੋਤੀਆਂ ਦੇ ਮੰਦਰ ਵੇਖ ਕੇ*

ਭੁੱਲ ਕੇ ਇਹ ਪਹਿਲਾਂ ਤਾਂ ਜੀਵ ਬਣਦਾ ਹੈ ਫੇਰ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਪੰਜਾਂ ਤੱਤਾਂ ਦੀ ਬਣੀ ਹੋਈ ਦੇਹ ਮੰਨਦਾ ਹੈ। ਸੋ ਇਹ ਜੀਵ ਭਾਵ ਇਕ ਪੜਦਾ ਹੈ, ਪਹਿਲਾ ਪੜਦਾ ਮਾਇਆ ਦਾ ਦਸਿਆ ਸੀ ਅਗਿਆਨ ਦਾ ਦਸਿਆ ਸੀ। ਇਸ ਨੂੰ ਲਾਹੁਣ ਵਾਸਤੇ ਮਨ ਨੂੰ ਵਣਜਾਰਾ ਬਣਾਉਣਾ ਪੈਂਦਾ ਹੈ। ਇਹ ਤਨ ਜਿਹੜਾ ਹੈ, ਇਹ ਹੱਟੀ ਹੈ। ਇਸ ਤਨ ਨੂੰ ਐਉਂ ਸਮਝ ਲਓ ਕਿ ਇਹ **shop-cum-flat** ਹੈ। ਇਸ ਸਰੀਰ ਰੂਪੀ ਦੁਕਾਨ ਦੇ ਵਿਚ ਸਭ ਤੋਂ ਕੀਮਤੀ ਚੀਜ਼ ਜਿਸ ਦਾ ਕੋਈ ਵੀ ਮੁੱਲ ਨਹੀਂ ਪਾ ਸਕਦਾ ਅਤੇ ਉਹ ਛੁਪਾ ਕੇ ਰੱਖੀ ਹੋਈ ਹੈ ਜਿਸ ਦੀ ਸੰਭਾਲ ਲਈ ਬਜਰ ਕਪਾਟ ਜੜੇ ਹੋਏ ਹਨ ਅਤੇ ਜਿਸ ਥਾਂ ਤੇ ਹਰ ਇਕ ਦੀ ਪਹੁੰਚ ਨਹੀਂ ਹੋ ਸਕਦੀ, ਉਥੇ ਇਹ ਅਤਿ ਕੀਮਤੀ ਵਸਤੂ ਰੱਖੀ ਹੋਈ ਹੈ ਜਿਸ ਨੂੰ 'ਨਾਮ' ਕਹਿੰਦੇ ਹਨ ਜਿਵੇਂ ਕਿ ਫੁਰਮਾਨ ਹੈ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*

*ਪੰਨਾ – 293*

ਸੰਸਾਰ ਵਿਚ ਨੌਂ ਖਜ਼ਾਨੇ, ਨੌਂ ਨਿੱਧੀਆਂ ਹਨ ਜਿਨ੍ਹਾਂ ਦੇ ਕਰਮਵਾਰ ਨਾਮ ਇਸ ਤਰ੍ਹਾਂ ਹਨ – ਪਦਮ, ਮਹਾਪਦਮ, ਸ਼ੰਖ, ਮਕਰ, ਕੱਛਪ, ਮੁਕੰਦ, ਕੁੰਦ, ਨੀਲ ਅਤੇ ਵਚ।

*ਪ੍ਰਭ ਕੈ ਸਿਮਰਨਿ*
*ਰਿਧਿ ਸਿਧਿ ਨਉ ਨਿਧਿ॥ ਪੰਨਾ – 262*

ਇਨ੍ਹਾਂ ਨਿੱਧੀਆਂ ਦੇ ਵੱਖ-ਵੱਖ ਗੁਣ ਦੱਸੇ ਹਨ ਜਿਵੇਂ ਪਦਮਨਿਧਿ ਸਾਤਵਿਕ ਹੈ, ਇਸ ਤੋਂ ਪੁੱਤ ਪੋਤੇ ਵਧਦੇ ਹਨ, ਸੋਨਾ ਚਾਂਦੀ ਆਦਿ ਧਾਤਾਂ ਸਭ ਪ੍ਰਾਪਤ ਹੁੰਦੀਆਂ ਹਨ। ਮੁਕੰਦ ਨਿਧਿ ਰਜੋ ਗੁਣ ਪ੍ਰਧਾਨ ਹੈ, ਇਸ ਤੋਂ ਸੰਗੀਤ ਵਿਦਿਆ ਦੀ ਪ੍ਰਾਪਤੀ ਹੁੰਦੀ ਹੈ। ਕਵੀ ਗਵੱਯੇ ਹਰ ਵੇਲੇ ਹਾਜ਼ਰ ਰਹਿੰਦੇ ਹਨ। ਮਕਰ ਨਿਧਿ ਤਮੋ ਗੁਣੀ ਹੈ, ਇਸ ਤੋਂ ਸ਼ਸਤਰ ਵਿਦਿਆ ਦੀ ਪ੍ਰਾਪਤੀ ਹੁੰਦੀ ਹੈ, ਸਭ ਤੇ ਹਕੂਮਤ ਕਰਦਾ ਹੈ। ਇਸੇ ਤਰ੍ਹਾਂ ਸਾਰੀਆਂ ਨਿਧੀਆਂ ਦਾ ਵਰਣਨ ਹੈ। ਇਹ ਸਾਰੀਆਂ ਅੰਮ੍ਰਿਤ ਨਾਮ ਦੇ ਅਧੀਨ ਹਨ, ਉਹ ਨਾਮ ਜੋ ਅਮੁੱਲ ਹੈ ਇਸ ਦੇਹੀ ਦੇ ਵਿਚ ਵਸਦਾ ਹੈ। ਇਸ ਦੇ ਅਧੀਨ ਰਿੱਧੀਆਂ ਸਿੱਧੀਆਂ ਦੇ ਭੰਡਾਰੇ ਇਸ ਦੇਹੀ ਵਿਚ ਭਰੇ ਪਏ ਹਨ, ਮਨ ਵਣਜਾਰਾ ਹੈ ਅਤੇ ਵਚਿੱਤਰ ਵਸਤੂਆਂ ਦੇ ਭੰਡਾਰੇ ਸਰੀਰ ਦੇ ਬਜ਼ਾਰ ਵਿਚ ਭਰੇ ਪਏ ਹਨ ਜਿਵੇਂ ਕਿ ਫੁਰਮਾਨ ਹੈ –

*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ॥*

*ਪੰਨਾ – 1033*

ਇਸ ਵਣਜ ਨੂੰ ਓਹੀ ਵਪਾਰੀ ਵਣਜ ਸਕਦਾ ਹੈ ਜਿਸ ਨੇ ਆਪਣਾ ਮਨ ਗੁਰੂ ਨੂੰ ਅਰਪ ਦਿਤਾ ਹੈ ਅਤੇ ਗੁਰੂ ਨੇ ਕ੍ਰਿਪਾ ਕਰਕੇ ਬਜਰ ਕਪਾਟ ਗੁਰ ਸ਼ਬਦ ਨਾਲ ਇਸ ਦੇ ਵਾਸਤੇ ਖੋਲ੍ਹ ਦਿਤੇ ਹਨ। ਪਿਆਰੀ ਸਾਧ ਸੰਗਤ ਜੀ! ਤੁਸੀਂ ਸੰਗਤ ਵਿਚ ਆਉਂਦੇ ਹੋ ਇਹ ਤੁਹਾਡੇ ਵਣਜਣ ਵਾਲਾ ਬਜ਼ਾਰ ਹੈ, ਤੁਸੀਂ ਪ੍ਰਤੱਖ ਰੂਪ ਵਿਚ ਇਨ੍ਹਾਂ ਵਸਤੂਆਂ ਨੂੰ ਵਣਜਣ ਲਈ ਬਜ਼ਾਰ ਵਿਚ ਆਏ ਹੋ, ਸਤਿਸੰਗ ਨੂੰ ਰੂਹਾਨੀਅਤ ਦਾ ਬਜ਼ਾਰ ਕਹਿੰਦੇ ਹਨ। ਖਰੀਦਦਾਰ ਇਹਦੇ ਵਿਚ ਮਨ ਹੈ। ਸੰਗਤ ਵਿਚ ਆ ਕੇ ਜੇ ਤਾਂ ਮਨ ਖਰੀਦਦਾ ਹੈ ਤਾਂ ਤਾਂ ਇਹ ਸਹੀ ਕੰਮ ਕਰ ਰਿਹਾ ਹੈ। ਜੇ ਨਹੀਂ ਖਰੀਦਦਾ ਤਾਂ ਇਹ **window shopping** ਕਰ ਰਿਹਾ ਹੈ। ਗੁਰੂ ਮਹਾਰਾਜ ਜੀ

ਫੁਰਮਾਨ ਕਰਦੇ ਹਨ ਕਿ –

*ਇਹੁ ਤਨੁ ਹਾਟੁ ਸਰਾਫ ਕੋ*
*ਭਾਈ ਵਖਰੁ ਨਾਮੁ ਅਪਾਰੁ॥*
*ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ*
*ਗੁਰ ਸਬਦਿ ਕਰੇ ਵੀਚਾਰੁ॥*
*ਪੰਨਾ – 636*

ਇਸ ਅਮੋਲਕ ਨਾਮ ਤੋਂ ਅਗਿਆਤ ਰਹਿ ਕੇ ਜੀਵ ਸੰਸਾਰਕ ਭੋਗਾਂ ਵਿਚ ਲਿਪਤ ਹੋ ਰਿਹਾ ਹੈ ਅਤੇ ਰਿੱਧੀਆਂ ਸਿੱਧੀਆਂ, ਰਾਜਸੀ ਸ਼ਕਤੀਆਂ, ਭੋਗਾਂ ਦੀ ਦੁਨੀਆਂ, ਜਾਇਦਾਦਾਂ ਵਿਚ ਆਪਣੇ ਅਸਲੀ ਆਤਮ ਸਰੂਪ ਨੂੰ ਭੁੱਲਿਆ ਹੋਇਆ ਅਰਬਾਂ ਖਰਬਾਂ ਸਾਲਾਂ ਤੋਂ ਹਉਮੈ ਦੀ ਵਲਗਣ ਵਿਚ ਕੈਦ ਪਰਮ ਆਤਮਾ ਤੋਂ ਜੀਵ ਆਤਮਾ ਬਣ ਕੇ ਗੇੜੇ ਖਾ ਰਿਹਾ ਹੈ। ਇਹ ਮਾਇਆ ਬਹੁਤ ਹੀ ਦਿਲ ਮੋਹਣੀ ਲੱਗਣ ਵਾਲੀ, ਆਕਰਸ਼ਤ ਕਰਨ ਵਾਲੀ ਉਪਰੋਂ ਮਹਾਨ ਸੁੰਦਰ, ਅੰਦਰੋਂ ਪੂਰੀ ਜੱਖਣੀ, ਵਡਰੂਪ ਇੰਦਰ ਜਾਲ ਦੇ ਭਰਮ ਪਾ ਕੇ ਮੋਹ ਹੀ ਲੈਂਦੀ ਹੈ। ਜਿਸ ਨੂੰ ਪੂਰੇ ਤੱਤ ਬੇਤੇ ਮਹਾਂਪੁਰਸ਼ ਸਤਿਗੁਰੂ ਦੀ ਨਦਰ ਪ੍ਰਾਪਤ ਨਾ ਹੋਵੇ ਉਸ ਨੂੰ ਇਸ ਦਾ ਮੁਕਾਬਲਾ ਕਰਨਾ ਅਤਿ ਕਠਿਨ ਹੈ, ਉਹ ਥੋੜ੍ਹੀ ਜਿਹੀ ਪ੍ਰਭਤਾ ਆਉਣ ਤੇ ਬਾਰ-ਬਾਰ ਗਿਰਦਾ ਹੈ।

ਅੱਜ ਹੈਰਾਨ ਹੋਈਦਾ ਹੈ ਕਿ ਸੰਤ ਆਦਰਸ਼ ਪਤਾ ਨਹੀਂ ਕਿਥੇ ਗੁੰਮ ਹੋ ਗਿਆ। ਸੰਸਾਰ ਵਿਚ ਟੋਲ੍ਹਣ ਤੇ ਵੀ ਕੋਈ ਵਿਰਲਾ ਹੀ ਸੰਤ ਅਵਸਥਾ ਵਿਚ ਦ੍ਰਿੜ੍ਹ ਨਜ਼ਰੀ ਆਉਂਦਾ ਹੈ ਜਿਸ ਦੀ ਮਹੱਤਤਾ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਹੁਤ ਹੀ ਸਤਿਕਾਰ ਸਹਿਤ ਵਰਣਨ ਕੀਤਾ ਗਿਆ ਹੈ ਪਰ ਹੁਣ ਭੇਖ ਹੀ ਪ੍ਰਧਾਨ ਹੋ ਗਿਆ ਹੈ, ਰੰਗ-ਬਰੰਗੇ ਭੇਖ ਧਾਰੇ, ਚਿੱਟੇ, ਨੀਲੇ, ਕਾਲੇ, ਹਰੇ, ਬਦਾਮੀ, ਭਗਵੇਂ, ਲੰਮੇ ਚੋਲੇ ਪਾਏ ਜੋ ਵੇਖਣ ਨੂੰ ਬਹੁਤ ਹੀ ਖਿੱਚ ਪਾਉਂਦੇ ਹਨ, ਪਰ ਜਿਨ੍ਹਾਂ ਸਰੀਰਾਂ ਨੂੰ ਇਸ ਭੇਖ ਨੇ ਢਕਿਆ ਹੋਇਆ ਹੈ ਉਹ ਸੰਤ ਪਦਵੀ ਦੇ ਲਖਾਇਕ ਨਹੀਂ ਹਨ। ਉਨ੍ਹਾਂ ਦੇ ਅੰਦਰ ਪ੍ਰਭੂ ਦੀ ਅਖੰਡ ਪ੍ਰੀਤ ਦੀ ਥਾਂ ਮਾਇਆ ਦੀ ਪ੍ਰੀਤ ਪ੍ਰਬਲ ਹੋ ਰਹੀ ਹੈ। ਅੱਜ ਉਹ ਟਿਕ ਕੇ ਨਹੀਂ ਬੈਠ ਰਹੇ, ਥਾਂ ਪਰ ਥਾਂ ਭੱਜੇ ਫਿਰ ਰਹੇ ਹਨ ਅਤੇ ਡਾਲਰਾਂ ਅਤੇ ਪੌਂਡਾਂ ਦੀ ਛਣਕਾਰ ਉਨ੍ਹਾਂ ਨੂੰ ਬਾਰ-ਬਾਰ ਮੋਹਿਤ ਕਰ ਰਹੀ ਹੈ। ਕੌਣ ਸੰਭਾਲ ਕਰੇਗਾ ਉਨ੍ਹਾਂ ਜੀਵਾਂ ਦੀ ਜਿਨ੍ਹਾਂ ਪਾਸ ਨਾ ਹੀ ਭੇਟਾ ਕਰਨ ਲਈ ਪੈਸਾ ਹੈ ਅਤੇ ਜਿਨ੍ਹਾਂ ਨੂੰ ਨਾ ਹੀ ਕੋਈ ਰੂਹਾਨੀ ਸੂਝ ਹੈ, ਉਹ ਪੂਰਨ ਮੂੜ੍ਹ ਅਵਸਥਾ ਵਿਚ ਵਿਚਰ ਰਹੇ ਹਨ। ਉਨ੍ਹਾਂ ਵਿਚ ਕੋਈ ਖਿੱਚ ਨਹੀਂ ਕਿ ਸਤਿਸੰਗ ਕਰਾਏ ਜਾਣ। ਨਾ ਹੀ ਉਨ੍ਹਾਂ ਨੂੰ ਪਤਾ ਹੈ ਕਿ ਪ੍ਰਮੇਸ਼ਰ ਦੇ ਗੀਤ ਗਾਉਣ ਵਾਲਿਆਂ ਅਤੇ ਪ੍ਰਮੇਸ਼ਰ ਦੀ ਕਥਾ ਕਰਨ ਵਾਲਿਆਂ ਦਾ ਆਦਰ ਕਿਵੇਂ ਕੀਤਾ ਜਾਂਦਾ ਹੈ। ਉਹ ਇਸ ਗੱਲ ਤੋਂ ਅਗਿਆਤ ਹਨ ਕਿ ਪ੍ਰਭੂ ਦੀ ਗੱਲ ਸੁਣਾਉਣ ਵਾਲੇ ਲਈ ਗੁਰੂ ਮਹਾਰਾਜ ਦਾ ਕੀ ਫੁਰਮਾਨ ਹੈ –

*ਤੈ ਸਾਹਿਬ ਕੀ ਬਾਤ ਜਿ ਆਖੈ*
*ਕਹੁ ਨਾਨਕ ਕਿਆ ਦੀਜੈ॥*
*ਸੀਸੁ ਵਢੇ ਕਰਿ ਬੈਸਣੁ ਦੀਜੈ*
*ਵਿਣੁ ਸਿਰ ਸੇਵ ਕਰੀਜੈ॥*
*ਪੰਨਾ – 558*

*ਮੇਰੇ ਹਰਿ ਪ੍ਰੀਤਮ ਕੀ*
*ਕੋਈ ਬਾਤ ਸੁਨਾਵੈ*
*ਸੋ ਭਾਈ ਸੋ ਮੇਰਾ ਬੀਰ॥ ਪੰਨਾ – 862*

ਅਜਿਹੇ ਅਣਜਾਣ ਪ੍ਰੇਮੀ ਪ੍ਰਭੂ ਪਿਆਰਿਆਂ ਦਾ ਕੋਈ ਵੀ ਆਦਰ ਨਹੀਂ ਕਰਨਾ ਜਾਣਦੇ। ਜੇ ਹਰ ਗੱਲ ਵਿਚ ਮਾਇਆ ਹੀ ਪ੍ਰਧਾਨ ਹੈ, ਫਿਰ ਅਣਜਾਣ ਲੋਕਾਂ ਦੀ ਸਾਰ ਕੌਣ ਲਵੇਗਾ। ਸੰਤਾਂ ਨੂੰ ਪ੍ਰਭੂ ਨੇ ਅੰਧਕਾਰ ਵਿਚ ਗ੍ਰਸਤ, ਹਨ੍ਹੇਰਿਆਂ ਨਾਲ ਪਿਆਰ ਕਰਨ ਵਾਲਿਆਂ ਦੇ ਨੇਤਰਾਂ ਵਿਚੋਂ ਗਿਆਨ ਜੋਤੀ ਪ੍ਰਕਾਸ਼ਿਤ ਕਰਕੇ ਅੰਧਕਾਰ ਵਿਚੋਂ ਕੱਢਣ ਲਈ ਭੇਜਿਆ ਹੁੰਦਾ ਹੈ ਜਿਵੇਂ ਕਿ ਫੁਰਮਾਨ ਹੈ –

*ਕਬੀਰ ਸੇਵਾ ਕਉ ਦੁਇ ਭਲੇ*
*ਏਕੁ ਸੰਤੁ ਇਕੁ ਰਾਮੁ॥*
*ਪੰਨਾ – 1373*

ਗੁਰੂ ਮਹਾਰਾਜ ਜੀ ਕਿੱਡੀ ਵੱਡੀ ਵਡੱਤਣ ਉਸ ਪ੍ਰੇਮੀ ਨੂੰ ਦਿੰਦੇ ਹਨ ਜਿਹੜਾ ਆਪ ਨਾਮ ਜਪਦਾ ਹੈ ਅਤੇ ਸੰਸਾਰ ਨੂੰ ਜਪਾਉਂਦਾ ਹੈ ਜਿਵੇਂ ਕਿ-

*ਜਨੁ ਨਾਨਕੁ ਧੂੜਿ ਮੰਗੈ*
*ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ*
*ਅਵਰਹ ਨਾਮੁ ਜਪਾਵੈ॥ ਪੰਨਾ – 306*

ਐਸੇ ਪ੍ਰਭੂ ਦੇ ਨਾਲ ਮਿਲਾਉਣ ਵਾਲੇ ਸੰਤਾਂ ਦੇ ਸਤਿਕਾਰ ਬਾਰੇ ਦਸਦਿਆਂ ਫੁਰਮਾਨ ਹੈ –

*ਮਨੁ ਅਰਪਉ ਧਨੁ ਰਾਖਉ ਆਗੈ*
*ਮਨ ਕੀ ਮਤਿ ਮੋਹਿ ਸਗਲ ਤਿਆਗੀ॥*
*ਜੋ ਪ੍ਰਭ ਕੀ ਹਰਿ ਕਥਾ ਸੁਨਾਵੈ*
*ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥*
*ਪੰਨਾ – 204*

ਸੋ ਸੰਤਾਂ ਦੀ ਹੋਂਦ ਭਟਕਦੇ ਜੀਵ ਨੂੰ ਪ੍ਰਭੂ ਨਾਲ ਮਿਲਾਉਣ ਵਾਸਤੇ ਹੀ ਹੋਈ ਹੈ, ਪੈਸੇ ਕਮਾਉਣ ਵਾਸਤੇ ਨਹੀਂ ਹੋਈ ਕਿਉਂਕਿ ਜਗਿਆਸੂ ਤਰਲਾ ਕਰਦਾ ਹੈ ਕਿ ਮੇਰੇ ਮਨ ਵਿਚ ਪ੍ਰਭੂ ਨੂੰ ਮਿਲਣ ਦਾ ਬਹੁਤ ਚਾਓ ਹੈ, ਇਸ ਆਸ ਦੀ ਪਿਆਸ ਲੱਗੀ ਹੋਣ ਕਰਕੇ ਮੈਨੂੰ ਦਿਨ ਰਾਤ ਚਿਤਵਨੀ ਰਹਿੰਦੀ ਹੈ ਕਿ ਕੀ ਕੋਈ ਪ੍ਰਭੂ ਦੇ ਦਰਸ਼ਨ ਮੈਨੂੰ ਨੇੜਿਓਂ ਹੀ ਕਰਾ ਦੇਵਾਂਗਾ ਅਤੇ ਮੇਰਾ ਜੀਅ ਕਰਦਾ ਹੈ ਕਿ ਮੈਂ ਉਸ ਦੇ ਦਾਸਾਂ ਦੀ ਵੀ ਅਨੇਕ ਭਾਂਤ ਕਰਕੇ ਸੇਵਾ ਕਰਾਂ ਅਤੇ ਬੇਨਤੀਆਂ ਕਰਾਂ ਕਿ ਮੈਨੂੰ ਪ੍ਰਭੂ ਦਾ ਮਿਲਾਪ ਕਰਵਾ ਦੇਵੇ। ਸਾਰੇ ਸੁੱਖ ਇਸ ਆਸ ਨੂੰ ਪੂਰੀ ਕਰਨ ਲਈ ਕੁਰਬਾਨ ਕਰ ਦੇਵਾਂ ਕਿਉਂਕਿ ਹਰੀ ਦਾ ਦਰਸ ਇਕ ਪਾਸੇ ਅਤੇ ਦੂਜੇ ਪਾਸੇ ਸਾਰੀ ਦੁਨੀਆਂ ਦੇ ਦੁੱਖ ਇਕ ਪਾਸਕੂ ਵਾਂਗੂੰ ਹੀ ਹਨ। ਫੁਰਮਾਨ ਹੈ –

*ਹਰਿ ਪੇਖਨ ਕਉ ਸਿਮਰਤ ਮਨੁ ਮੇਰਾ॥*
*ਆਸ ਪਿਆਸੀ ਚਿਤਵਉ ਦਿਨੁ ਰੈਨੀ*
*ਹੈ ਕੋਈ ਸੰਤੁ ਮਿਲਾਵੈ ਨੇਰਾ॥*
*ਸੇਵਾ ਕਰਉ ਦਾਸ ਦਾਸਨ ਕੀ*
*ਅਨਿਕ ਭਾਂਤਿ ਤਿਸੁ ਕਰਉ ਨਿਹੋਰਾ॥*
*ਤੁਲਾ ਧਾਰਿ ਤੋਲੇ ਸੁਖ ਸਗਲੇ*
*ਬਿਨੁ ਹਰਿ ਦਰਸ ਸਭੋ ਹੀ ਥੋਰਾ॥*
*ਪੰਨਾ - 204*

ਐਸੇ ਸੰਤ ਕਿਥੇ ਮਿਲਦੇ ਹਨ ਕਿਉਂਕਿ ਦੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਅਖਾਉਤੀ ਮਹਾਤਮਾ ਮਾਇਆ ਨੇ ਮੋਹ ਲਏ ਹਨ ਅਤੇ ਡਾਲਰਾਂ ਦੀ ਛਣਕਾਰ ਉਨ੍ਹਾਂ ਨੂੰ ਆਪਣੇ ਭੱਦੇ ਨਾਦ ਵਿਚੋਂ ਬਾਹਰ ਨਿਕਲਣ ਹੀ ਨਹੀਂ ਦਿੰਦੀ। ਜਪ ਤਪ ਕਰਦੇ ਹਨ, ਸਿੱਧੀਆਂ ਦੀ ਪ੍ਰਾਪਤੀ ਲਈ ਚਿਲੇ ਕਟਦੇ ਹਨ। ਦੁਨੀਆਂ ਨੂੰ ਆਪਣੇ ਮਾਇਕ ਪ੍ਰਭਾਵ ਤੋਂ ਮੋਹਿਤ ਕਰਦੇ ਹਨ ਪਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਰਿਧੀ ਸਿੱਧੀ ਤਾਂ ਤੇਰੇ ਪਿਛੇ ਹੱਥ ਬੰਨੀ ਫਿਰੇਗੀ ਤੂੰ ਇਸ ਨੂੰ ਪ੍ਰਾਪਤ ਕਰਨ ਵਾਸਤੇ ਚਿਲੇ ਨਾ ਕੱਟ, ਸ਼ਬਦ ਸਿੱਧੀ ਨਾ ਕਰ, ਰਿੱਧੀਆਂ ਸਿੱਧੀਆਂ ਵਿਚ ਮੋਹਿਆਂ ਜਾਏਂਗਾ ਅਤੇ ਸੂਚਿਤ ਕਰਦੇ ਹਨ -

*ਧਾਰਨਾ - ਕਿਤੇ ਭੁੱਲ ਨਾ ਜਾਈਂ*
*ਓ ਮਨਾਂ ਨਾਮ ਨੂੰ*
*ਮਾਲਕ ਬਣ ਕੇ ਸਿੱਧੀਆਂ ਦਾ*

*ਸਿਧੁ ਹੋਵਾ ਸਿਧਿ ਲਾਈ*
*ਰਿਧਿ ਆਖਾ ਆਉ॥*
*ਗੁਪਤੁ ਪਰਗਟੁ ਹੋਇ*
*ਬੈਸਾ ਲੋਕੁ ਰਾਖੈ ਭਾਉ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥*
*ਪੰਨਾ - 14*

ਸਾਧਸੰਗਤ ਜੀ! ਸਿੱਧੀਆਂ ਬਹੁਤ ਮਨਮੋਹਣੀਆਂ ਹਨ ਜਦੋਂ ਅਸੀਂ ਗੁਰੂ ਪੁੱਤਰ ਸ੍ਰੀ ਰਾਮਰਾਇ ਜੀ ਬਾਰੇ ਪੜ੍ਹਦੇ ਹਾਂ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਔਰੰਗਜ਼ੇਬ ਦੇ ਦਰਬਾਰ ਵਿਚ ਔਰੰਗਜ਼ੇਬ ਦੇ ਕਹਿਣ ਤੇ 72 ਸਿੱਧੀਆਂ ਵਿਖਾਈਆਂ ਅਤੇ 18 ਸਿੱਧੀਆਂ ਦਾ ਜ਼ਿਆਦਾ ਜ਼ਿਕਰ ਆਉਂਦਾ ਹੈ ਜਿਵੇਂ ਕਿ-

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥*
*ਪੰਨਾ - 649*

ਸਿੱਧੀਆਂ ਦਾ ਵੇਰਵਾ ਸਿਆਣਿਆਂ ਨੇ ਦਿੰਦਿਆਂ ਦਸਿਆ ਹੈ ਕਿ 18 ਸਿੱਧੀਆਂ ਮੁਖ ਹਨ - ਅਣਿਮਾ (ਦੂਜੇ ਦਾ ਰੂਪ ਹੋ ਜਾਣਾ), ਮਹਿਮਾ (ਦੇਹ ਨੂੰ ਵੱਡਾ ਕਰ ਲੈਣਾ), ਲਘਿਮਾ (ਦੇਹ ਨੂੰ ਛੋਟਾ ਕਰ ਲੈਣਾ), ਗਰਿਮਾ (ਭਾਰੀ ਹੋ ਜਾਣਾ), ਪ੍ਰਾਪਤੀ (ਮਨਿੱਛਤ ਭੋਗਾਂ ਦੀ ਪ੍ਰਾਪਤੀ, ਪ੍ਰਾਕਮਜ (ਹੋਰਨਾਂ ਦੇ ਮਨ ਦੀ ਜਾਣ ਲੈਣੀ), ਈਸ਼ਿਤਾ (ਇੱਛਾ ਅਨੁਸਾਰ ਸਭ ਨੂੰ ਪ੍ਰੇਰਨਾ), ਵਸ਼ਿਤਾ (ਸਭ ਨੂੰ ਕਾਬੂ ਕਰ ਲੈਣਾ), ਅਨੂਰਮਿ (ਭੁੱਖ ਤੇਹ ਦਾ ਨਾ ਹੋਣਾ), ਦੂਰ ਸ੍ਰਵਣ (ਦੂਰੋਂ ਗੱਲ ਸੁਣ ਲੈਣੀ), ਦੂਰ ਦਰਸ਼ਨ (ਦੂਰ ਦੇ ਨਜ਼ਾਰੇ ਦੇਖ ਲੈਣੇ), ਮਨੋਵੇਗ (ਖ਼ਿਆਲ ਦੀ ਰਫਤਾਰ ਨਾਲ ਛੇਤੀ ਜਾਣਾ), ਕਾਮ ਰੂਪ (ਮਨਿੱਛਤ ਰੂਪ ਧਾਰਨਾ), ਪਰਕਾਇ ਪ੍ਰਵੇਸ਼ (ਦੂਜੇ ਦੀ ਦੇਹ ਵਿਚ ਪ੍ਰਵੇਸ਼), ਸ੍ਵਛੰ ਮ੍ਰਿਤਯੂ (ਜਦੋਂ ਚਾਹੇ ਮਰਨਾ), ਸੁਰ ਕ੍ਰੀੜਾ (ਦੇਵਤਿਆਂ ਨਾਲ ਰਲ ਕੇ ਮੌਜਾਂ ਕਰਨੀਆਂ), ਸੰਕਲਪ ਸਿਧਿ (ਜੋ ਚਾਹੁਣਾ, ਸੋ ਪੂਰਾ ਹੋਣਾ, ਅਪ੍ਰਤਿਹਗਤਿ (ਬਿਨਾਂ ਰੋਕ ਹਰ ਥਾਂ ਜਾ ਸਕਣਾ)

ਅੱਠ ਸਰੀਰਕ ਸ਼ਕਤੀਆਂ ਵੀ ਹਨ। ਸਰੀਰਕ ਸਿੱਧੀ ਦਾ ਵਰਨਣ ਕੀਤਾ ਜਾ ਰਿਹਾ ਹੈ। ਇਸ ਦੇ ਧਰਮਾਂ ਦੇ ਅਨਵਰੋਧ ਦਾ ਇਹ ਅਰਥ ਹੈ ਕਿ ਪ੍ਰਿਥਵੀ ਆਪਣੀ ਕਠਿਨਤਾ ਨਾਲ ਯੋਗੀ ਦੀ ਸਰੀਰਕ ਕ੍ਰਿਆ ਵਿਚ ਰੁਕਾਵਟ ਨਹੀਂ ਪਾਉਂਦੀ, ਉਹ ਪੱਥਰ ਵਿਚੋਂ ਵੀ ਗੁਜ਼ਰ ਸਕਦਾ ਹੈ। ਸਿਨੰਗਧ ਜਲ ਉਸ ਨੂੰ ਭਿਓਂ ਨਹੀਂ ਸਕਦਾ। ਜਲਦੀ ਹੋਈ ਅਗਨੀ ਉਸ ਨੂੰ ਜਲਾ ਨਹੀਂ ਸਕਦੀ। ਪ੍ਰਚੰਡ ਵਾਯੂ ਉਸ ਨੂੰ ਉਡਾ ਨਹੀਂ ਸਕਦੀ। ਆਵਰਣਹੀਨ ਆਕਾਸ਼ ਵਿਚ ਉਸ ਦਾ ਸਰੀਰ ਛਿਪਿਆ ਹੋਇਆ ਰਹਿੰਦਾ ਹੈ ਅਤੇ ਸਿੱਧੀਆਂ ਤੋਂ ਵੀ ਉਹ ਅਦ੍ਰਿਸ਼ ਰਹਿੰਦਾ ਹੈ।

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਮੈਂ ਸਿੱਧ ਹੋ ਕੇ ਸਿੱਧੀਆਂ ਦੀ ਵਰਤੋਂ ਕਰਾਂ, ਗੁਪਤ ਪ੍ਰਗਟ ਹੋ ਜਾਵਾਂ। ਸਾਰਾ ਸੰਸਾਰ ਮੇਰੀਆਂ ਸ਼ਕਤੀਆਂ ਤੋਂ ਪ੍ਰੇਰਿਤ ਹੋਵੇ ਪਰ ਜੇ ਨਾਮ ਵਸਤੂ ਤੋਂ ਮਨ ਦੂਰ ਚਲਿਆ ਗਿਆ ਤਾਂ ਇਨ੍ਹਾਂ ਸਿੱਧੀਆਂ ਦੀ ਕੋਈ ਮਹੱਤਤਾ ਨਹੀਂ ਹੈ। ਇਸੇ ਲਈ ਗੁਰੂ ਮਹਾਰਾਜ ਜੀ ਬਾਰ-ਬਾਰ ਫੁਰਮਾਨ ਕਰਦੇ ਹਨ ਇਨ੍ਹਾਂ ਪ੍ਰਕ੍ਰਿਤਕ ਸ਼ਕਤੀਆਂ ਨੂੰ ਸਾਮ੍ਹਣੇ ਰੱਖ ਕੇ ਆਪਣਾ ਬਿਮੋਹਿਤ ਮਨ ਨਾਮ ਨਾਲੋਂ ਨਾ ਤੋੜ ਲਈਂ ਕਿਉਂਕਿ ਨਾਮ ਦਾ ਮੁੱਲ ਕੋਈ ਵੀ ਨਹੀਂ ਹੈ, ਗੁਰੂ ਮਹਾਰਾਜ ਜੀ ਵਿਸ਼ੇਸ਼ ਜ਼ੋਰ ਦਿੰਦੇ ਹੋਏ ਫੁਰਮਾਨ ਕਰਦੇ ਹਨ -

*ਧਾਰਨਾ -ਜਿਹੜੀ ਵਖਰ ਲੈਣ ਤੂੰ ਆਇਆ*
*ਮਿਲੇ ਘਰ ਸਾਧੂਆਂ ਦੇ - 2, 4*

*ਜਿਸੁ ਵਖਰ ਕਉ ਲੈਨਿ ਤੂ ਆਇਆ॥*
*ਰਾਮ ਨਾਮੁ ਸੰਤਨ ਘਰਿ ਪਾਇਆ॥*
*ਪੰਨਾ - 283*

*ਇਹੁ ਤਨੁ ਹਾਟੁ ਸਰਾਫ ਕੋ ਭਾਈ*
*ਵਖਰੁ ਨਾਮੁ ਅਪਾਰੁ॥ ਪੰਨਾ - 636*

ਇਸ ਵਪਾਰ ਨੂੰ ਦ੍ਰਿੜ ਕਰਕੇ ਉਹ ਹੀ ਕਰ ਸਕਦਾ ਹੈ ਜੋ ਗੁਰੂ ਦੇ ਸ਼ਬਦ ਦੀ ਵਿਚਾਰ ਕਰਦਾ ਹੈ, ਉਹ ਵਪਾਰੀ ਧੰਨ ਹੈ, ਇਸ ਦੀ ਇਥੇ ਵੀ ਧੰਨ-ਧੰਨ ਹੁੰਦੀ ਹੈ ਅਤੇ ਦਰਗਾਹ ਵਿਚ ਵੀ ਸਭ ਧੰਨ-ਧੰਨ ਕਹਿੰਦੇ ਹਨ ਜਿਵੇਂ ਕਿ -

*ਧੰਨਿ ਧੰਨਿ ਕਹੈ ਸਭੁ ਕੋਇ॥*

***ਮੁਖ ਊਜਲ ਹਰਿ ਦਰਗਹ ਸੋਇ।।***
***ਪੰਨਾ - 283***

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

***ਧਨੁ ਵਾਪਾਰੀ ਨਾਨਕਾ***
***ਭਾਈ ਮੇਲਿ ਕਰੇ ਵਾਪਾਰੁ॥***
***ਪੰਨਾ - 636***

ਪਰ ਇਸ ਵਪਾਰ ਨੂੰ ਵਿਰਲੇ ਹੀ ਕਰਦੇ ਹਨ -

***ਇਹੁ ਵਾਪਾਰੁ ਵਿਰਲਾ ਵਾਪਾਰੈ॥***
***ਨਾਨਕ ਤਾ ਕੈ ਸਦ ਬਲਿਹਾਰੈ॥***
***ਪੰਨਾ - 283***

ਕੁਰਬਾਨ ਜਾਂਦੇ ਹਾਂ ਉਸ ਵਪਾਰੀ ਤੋਂ ਜਿਸ ਨੇ ਸੰਸਾਰ ਵਿਚ ਆ ਕੇ ਨਾਮ ਧੰਨ ਦਾ ਵਪਾਰ ਕੀਤਾ ਹੈ, ਰਿੱਧੀਆਂ-ਸਿੱਧੀਆਂ ਨੂੰ ਪਿੱਠ ਦੇ ਕੇ ਮਾਨਸ ਸਰੀਰ ਧਾਰਨ ਦਾ ਪ੍ਰਯੋਜਨ ਪੂਰਾ ਕਰ ਲਿਆ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਗਿਣਤੀ ਤੋਂ ਰਹਿਤ ਅਸੰਖਾਂ ਵਸਤੂਆਂ ਇਸ ਨਾਮ ਦੇ ਵਪਾਰੀ ਨੂੰ ਅੰਦਰੂਨੀ ਬਜ਼ਾਰ ਦੀਆਂ ਹੱਡੀਆਂ ਵਿਚ ਦ੍ਰਿਸ਼ਟਮਾਨ ਹੁੰਦੀਆਂ ਹਨ ਜਿਵੇਂ ਕਿ ਫੁਰਮਾਨ ਹੈ -

***ਇਸੁ ਕਾਇਆ ਅੰਦਰਿ ਵਸਤੁ ਅਸੰਖਾ॥***
***ਗੁਰਮੁਖਿ ਸਾਚੁ ਮਿਲੈ ਤਾ ਵੇਖਾ।।***
***ਪੰਨਾ - 110***

ਇਸ ਵਿਚ ਦਇਆ ਦੇ ਭੰਡਾਰ ਹਨ, ਧੀਰਜ ਦੇ ਅੰਬਾਰ ਹਨ, ਕੋਮਲਤਾ ਇਹਦੇ ਵਿਚ ਹੈ, ਸੰਤੋਖ ਦਾ ਨਿਵਾਸ ਇਸ ਕਾਇਆ ਵਿਚ ਹੈ, ਅਹਿੰਸਾ ਵਰਗੀ ਨਰਮ ਵਸਤੂ ਇਸ ਕਾਇਆ ਵਿਚ ਹੈ, ਸੌਚ ਤੇ ਸ਼ੀਲ ਵਰਗੀਆਂ ਸ਼ਾਂਤੀ ਦੇਣ ਵਾਲੀਆਂ ਵਸਤੂਆਂ ਇਸ ਕਾਇਆ ਅੰਦਰ ਹਨ। ਬੋਲ ਦੀ ਮਿਠਾਸ ਇਸ ਵਿਚ ਹੈ। ਪਤਾ ਨਹੀਂ ਇਸ ਵਿਚ ਕਿੰਨੀਆਂ ਚੀਜ਼ਾਂ ਹਨ ਜੋ ਗਿਣੀਆਂ ਨਹੀਂ ਜਾਂਦੀਆਂ ਪਰ ਜਦੋਂ ਇਹ ਜੀਵ ਸਤਿ ਵਸਤੂ ਦੀ ਤਲਾਸ਼ ਵਿਚ ਪਿਆ ਹੋਇਆ ਜਿਸ ਅਵਸਥਾ ਨੂੰ ਵਾਦੀ-ਏ-ਤਲਾਸ਼ ਕਿਹਾ ਜਾਂਦਾ ਹੈ, ਜਿਸ ਨੂੰ ਅਸੀਂ ਢੂੰਡ ਦਾ ਮੰਡਲ ਕਹਿੰਦੇ ਹਾਂ ਉਹ ਸਮਰੱਥ ਗੁਰੂ ਮਿਲਣ ਤੇ ਅਸੀਂ ਪ੍ਰਾਪਤ ਕਰ ਸਕਦੇ ਹਾਂ। ਤਨ ਮਨ ਦੀ ਖੋਜ ਕਰਕੇ ਗੁਰੂ ਮਦਦ ਨਾਲ ਪ੍ਰਾਪਤ ਕਰ ਸਕਦੇ ਹਾਂ, ਉਹ ਸਭ ਤੋਂ ਅਮੁੱਲ ਵਸਤੂ ਨਾਮ ਹੈ ਜੋ ਇਸ ਕਾਇਆ ਦੇ ਅੰਦਰ ਰੱਖੀ ਹੋਈ ਹੈ, ਉਸ ਵਲ ਇਸ਼ਾਰਾ ਕਰਦੇ ਹੋਏ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਤਨੁ ਮਨੁ ਖੋਜੇ ਤਾ ਨਾਉ ਪਾਏ॥***
***ਧਾਵਤੁ ਰਾਖੈ ਠਾਕਿ ਰਹਾਏ॥***
***ਗੁਰ ਕੀ ਬਾਣੀ ਅਨਦਿਨੁ ਗਾਵੈ***
***ਸਹਜੇ ਭਗਤਿ ਕਰਾਵਣਿਆ॥ ਪੰਨਾ-110***

ਨੌਂ ਗੋਲਕਾਂ ਦੀ ਵਾਸ਼ਨਾ ਤੋਂ ਉਚੇ ਹੋ ਕੇ ਦਸਵੇਂ ਦੁਆਰ ਵਿਚ ਅੱਪੜ ਕੇ ਇਸ ਨਾਮ ਦੀ ਪ੍ਰਾਪਤੀ ਹੁੰਦੀ ਹੈ, ਉਥੇ ਅਖੰਡ ਧੁਨੀ ਸ਼ਬਦ ਦੀ ਵਸਦੀ ਹੈ। ਇਹ ਦੀ ਧੁਨ ਐਨੀ ਵਜਦੀ ਦਿਲ ਖਿੱਚਵੀਂ ਹੈ ਕਿ ਅਕਾਲ ਪੁਰਖ ਵੀ ਉਸ ਧੁਨ ਵਿਚ ਮਸਤ ਰਹਿੰਦਾ ਹੈ। ਇਸ ਪਹੁੰਚ ਤੋਂ ਪਰ੍ਹੇ ਰੂਪ ਦਾ ਸਥਾਨ ਮਨ ਵਿਚ ਹੈ, ਗੁਰੂ ਦੀ ਕ੍ਰਿਪਾ ਨਾਲ ਕਿਸੇ ਵਿਰਲੇ ਨੂੰ ਹੀ ਇਸ ਦੀ ਜਾਣ ਪਛਾਣ ਹੁੰਦੀ ਹੈ। ਸਹਿਜ ਕਥਾ ਦੇ ਬ੍ਰਹਮ ਗਿਆਨ ਦੇ ਅੰਮ੍ਰਿਤ ਕੁੰਡ ਭਰੇ ਪਏ ਹਨ ਜਿਸ ਨੂੰ ਗੁਰੂ ਕ੍ਰਿਪਾ ਤੋਂ ਇਹ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ ਓਹੀ ਇਸ ਨੂੰ ਛਕਦਾ ਹੈ। ਹਿਰਦਾ ਰੂਪ ਥਾਂ ਅਸਚਰਜ ਹੈ ਜਿਥੇ ਆਤਮਕ ਅਨੰਦ ਰੂਪੀ ਅਨਾਹਤ ਬਾਣੀ ਦੀ ਧੁਨ ਹਰ ਵਕਤ ਮੋਹ ਰਹੀ ਹੈ। ਉਥੇ ਸਹਿਜ ਅਵਸਥਾ ਵਾਲਿਆਂ ਦੇ ਕਈ ਸਮਾਗਮ ਸਥਾਨ ਹਨ ਜਿਨ੍ਹਾਂ ਵਿਚ ਵਾਹਿਗੁਰੂ ਦੇ ਸਾਥੀ ਸੰਤ ਲੋਕ ਵਸਦੇ ਹਨ। ਉਥੇ ਬੇਅੰਤ ਖੁਸ਼ੀਆਂ ਹਨ, ਸ਼ੋਕ ਕੋਈ ਹੈ ਹੀ ਨਹੀਂ। ਉਹ ਥਾਂ ਉਸ ਨੂੰ ਪ੍ਰਾਪਤ ਹੁੰਦਾ ਹੈ ਜਿਸ ਤੇ ਸਮਰੱਥ ਗੁਰੂ ਦੀ ਕ੍ਰਿਪਾ ਹੋ ਜਾਵੇ ਐਸੀ ਥਾਂ ਨੂੰ ਪ੍ਰਾਪਤ ਕਰਨ ਵਾਲਾ ਵਪਾਰੀ ਧੰਨ ਹੈ, ਇਸ ਕਥਾ ਦਾ ਨਿਰੂਪਣ ਗੁਰੂ ਮਹਾਰਾਜ ਜੀ ਨੇ ਇਸ ਤਰ੍ਹਾਂ ਕੀਤਾ -

***ਅਗਮ ਰੂਪ ਕਾ ਮਨ ਮਹਿ ਥਾਨਾ॥***
***ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ।।***
***ਸਹਜ ਕਥਾ ਕੇ ਅੰਮ੍ਰਿਤ ਕੁੰਟਾ॥***
***ਜਿਸਹਿ ਪਰਾਪਤਿ ਤਿਸੁ ਲੈ ਭੁੰਚਾ॥***
***ਅਨਹਤ ਬਾਣੀ ਥਾਨੁ ਨਿਰਾਲਾ।।***
***ਤਾ ਕੀ ਧੁਨਿ ਮੋਹੇ ਗੋਪਾਲਾ॥***
***ਤਹ ਸਹਜ ਅਖਾਰੇ ਅਨੇਕ ਅਨੰਤਾ॥***
***ਪਾਰਬ੍ਰਹਮ ਕੇ ਸੰਗੀ ਸੰਤਾ॥***
***ਹਰਖ ਅਨੰਤ ਸੋਗ ਨਹੀ ਬੀਆ॥***
***ਸੋ ਘਰੁ ਗੁਰਿ ਨਾਨਕ ਕਉ ਦੀਆ॥***
***ਪੰਨਾ - 186***

ਸੋ ਇਹ ਥਾਂ ਨਉ ਦਰਵਾਜ਼ਿਆਂ ਤੋਂ ਲੰਘ ਕੇ ਪ੍ਰਾਪਤ ਹੁੰਦਾ ਹੈ ਜਿਵੇਂ ਕਿ ਫੁਰਮਾਨ ਹੈ -

***ਇਸੁ ਕਾਇਆ ਅੰਦਰਿ ਵਸਤੁ ਅਸੰਖਾ॥***
***ਗੁਰਮੁਖਿ ਸਾਚੁ ਮਿਲੈ ਤਾ ਵੇਖਾ॥***
***ਨਉ ਦਰਵਾਜੇ ਦਸਵੈ ਮੁਕਤਾ***
***ਅਨਹਦ ਸਬਦੁ ਵਜਾਵਣਿਆ॥***
***ਪੰਨਾ - 110***

ਪਰ ਐਸੇ ਅਗਿਆਨੀ ਨੂੰ ਇਸ ਥਾਂ ਦੀ ਕੋਈ ਸਾਰ ਨਹੀਂ ਹੈ ਉਹ ਮਾਇਆ ਦੀ ਵਿਹੁ ਇਕੱਠੀ ਕਰਨ ਵਿਚ ਭਟਕ ਰਿਹਾ ਹੈ। ਹਉਮੈ ਦਾ ਬੰਨ੍ਹਿਆ ਜੰਮਦਾ ਹੈ, ਮਰਦਾ ਹੈ ਇਹ ਚੱਕਰ ਉਹਦੇ ਗਲੋਂ ਨਹੀਂ ਲਹਿੰਦਾ -

***ਪਾਪ ਪੁੰਨ ਕੀ ਸਾਰ ਨ ਜਾਣੀ॥***
***ਦੂਜੈ ਲਾਗੀ ਭਰਮਿ ਭੁਲਾਣੀ॥***
***ਅਗਿਆਨੀ ਅੰਧਾ ਮਗੁ ਨ ਜਾਣੈ***
***ਫਿਰਿ ਫਿਰਿ ਆਵਣ ਜਾਵਣਿਆ॥***
***ਪੰਨਾ - 110***

ਜਿਸ ਜਗਿਆਸੂ ਨੇ ਗੁਰੂ ਦੀ ਸੇਵਾ ਕੀਤੀ। ਮੁਰਦਾ ਹੋ ਕੇ ਮੁਰੀਦ ਬਣਿਆ ਅਤੇ ਆਪਣਾ ਸਭ ਕੁਝ

ਗੁਰੂ ਨੂੰ ਵੇਚ ਦਿਤਾ, ਜੋ ਗੁਰੂ ਦੀ ਆਗਿਆ ਮਨ ਵਿਚ ਸਹਿੰਦਾ ਹੈ ਅਤੇ ਨਹਿਕਾਮੀ ਹੋ ਕੇ ਸੇਵਾ ਕਰਦਾ ਹੈ ਉਸ ਨੂੰ ਸੁਆਮੀ ਦੀ ਪ੍ਰਾਪਤੀ ਹੋ ਜਾਂਦੀ ਹੈ –

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥*
*ਗੁਰ ਕੀ ਆਗਿਆ ਮਨ ਮਹਿ ਸਹੈ॥*
*ਆਪਸ ਕਉ ਕਰਿ ਕਛੁ ਨ ਜਨਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥*
*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥*
*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥*
*ਪੰਨਾ – 286*

ਅਤੇ ਇਸੇ ਭਾਵ ਨੂੰ ਹੋਰ ਪ੍ਰਗਟ ਕਰਦੇ ਹੋਏ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਗੁਰ ਸੇਵਾ ਤੇ ਸਦਾ ਸੁਖੁ ਪਾਇਆ॥*
*ਹਉਮੈ ਮੇਰਾ ਠਾਕਿ ਰਹਾਇਆ॥*
*ਗੁਰ ਸਾਖੀ ਮਿਟਿਆ ਅੰਧਿਆਰਾ*
*ਬਜਰ ਕਪਾਟ ਖੁਲਾਵਣਿਆ॥*
*ਪੰਨਾ – 110*

ਮਾਇਆ ਦੇ ਅਤਿ ਕਰੜੇ ਆਸਾ ਤੇ ਅੰਦੇਸ਼ਾ ਦੇ ਬਜਰ ਕਪਾਟ ਗੁਰੂ ਦੇ ਸ਼ਬਦ ਨਾਲ ਖੁਲ੍ਹ ਜਾਇਆ ਕਰਦੇ ਹਨ। ਗੁਰੂ ਦਾ ਸ਼ਬਦ ਹਉਮੈ ਨੂੰ ਪੂਰੀ ਤਰ੍ਹਾਂ ਨਾਲ ਮਾਰ ਦਿੰਦਾ ਹੈ ਜਦੋਂ ਹਉਮੈ ਦਾ ਨਾਸ਼ ਹੋ ਗਿਆ ਤਾਂ ਇਕੋ ਪਾਰਬ੍ਰਹਮ ਪ੍ਰਮੇਸ਼ਰ ਘਟ-ਘਟ ਵਿਚ ਰਵਿਆ ਹੋਇਆ ਅੰਦਰ ਦ੍ਰਿੜ੍ਹ ਹੋ ਜਾਂਦਾ ਹੈ। ਗੁਰੂ ਦੀ ਕ੍ਰਿਪਾ ਨਾਲ ਤਨ ਵੀ ਨਿਰਮਲ ਹੋ ਗਿਆ, ਮਨ ਵੀ ਨਿਰਮਲ ਹੋ ਗਿਆ ਅਤੇ ਨਿਰਮਲ ਪਾਰਬ੍ਰਹਮ ਪ੍ਰਮੇਸ਼ਰ ਦੀ ਪ੍ਰਾਪਤੀ ਨਿਰਮਲ ਨਾਮ ਨੇ ਕਰਾ ਦਿਤੀ ਜਿਵੇਂ ਕਿ –

*ਹਉਮੈ ਮਾਰਿ ਮੰਨਿ ਵਸਾਇਆ॥*
*ਗੁਰ ਚਰਣੀ ਸਦਾ ਚਿਤੁ ਲਾਇਆ॥*
*ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ*
*ਨਿਰਮਲ ਨਾਮੁ ਧਿਆਵਣਿਆ॥*
*ਪੰਨਾ – 110*

ਸੋ ਐਸੇ ਵਪਾਰੀਆਂ ਨੂੰ ਗੁਰੂ ਮਹਾਰਾਜ ਜੀ ਨੇ ਧੰਨ ਕਿਹਾ ਹੈ। ਸੋ ਇਸ ਤਨ ਵਾਲੀ ਹਟੜੀ ਵਿਚ ਮਨ ਵਣਜਾਰਾ ਹੈ, ਉਸ ਨੇ ਸੱਚ ਦਾ ਵਣਜ ਗੁਰੂ ਦੀ ਸਿਖਿਆ ਪ੍ਰਾਪਤ ਕਰਕੇ ਕਰਨਾ ਹੈ –

*ਧਾਰਨਾ – ਇਹ ਮਨ ਵਣਜਾਰਾ ਜੀ,*
*ਤਨ ਵਾਲੀ ਹਟੜੀ ਦਾ– 2, 2.*

ਪਰ ਸਾਧਸੰਗਤ ਜੀ! ਇਹ ਮਨ ਅਸਲੀ ਵਪਾਰ ਨੂੰ ਨਾ ਵਣਜ ਕੇ ਵਿਹੁ ਦੇ ਅੰਬਾਰ ਇਕੱਠੇ ਕਰਦਾ ਹੈ। ਮਾਇਆ ਦੀਆਂ ਪ੍ਰਾਪਤੀਆਂ ਕੀ ਹਨ? ਇਕ ਛਲਾਵਾ ਹੈ, ਇਕੱਠੇ ਕਰਦਾ-ਕਰਦਾ ਇਹ ਨੂੰ ਛੱਡ ਕੇ ਤੁਰ ਜਾਂਦਾ ਹੈ, ਕੋਈ ਵੀ ਨਾਲ ਲੈ ਕੇ ਨਹੀਂ ਜਾਂਦਾ, ਮਾਇਆ ਇਕੱਠੀ ਕਰਨ ਲਈ ਜੋ ਪਾਪ ਕੀਤੇ ਹਨ ਉਨ੍ਹਾਂ ਨੇ ਇਸ ਜੀਵ ਦੇ ਨਾਲ ਜ਼ਰੂਰ ਜਾਣਾ ਹੈ। ਦਰਗਾਹ ਵਿਚ ਇਕ-ਇਕ ਕਰਮ ਦਾ ਲੇਖਾ ਦੇਣ ਵੇਲੇ ਇਸ ਨੇ ਰੋਣਾ ਹੈ ਪਰ ਇਸਦਾ ਰੋਣਾ ਕੌਣ ਸੁਣੇ? ਅੰਨਾ ਹੋ ਕੇ ਇਸ ਨੇ ਜਨਮ ਗਵਾ ਲਿਆ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥*
*ਪੰਨਾ – 464*

ਇਹ ਜੀਵ ਰੂਪ ਵਪਾਰੀ ਆਇਆ ਤਾਂ ਸਤਿ ਦਾ ਵਪਾਰ ਕਰਨ ਸੀ ਪਰ ਇਹ ਮਾਇਆ ਵਿਚ ਫਸਿਆ, ਧੰਦਿਆਂ ਵਿਚ ਗ੍ਰਸਤ, ਮੇਰੀ ਤੇਰੀ, ਆਪਣੇ ਬੇਗਾਨੇ ਧਾਰਦਾ ਹੋਇਆ ਆਪਣੇ ਪਰਮ ਮਨੋਰਥ ਤੋਂ ਪਿੱਠ ਮੋੜ ਕੇ ਵਾਂਝਾ ਰਹਿ ਜਾਂਦਾ ਹੈ। ਜੇ ਭਲਾ ਇਸ ਜੀਵ ਨੂੰ ਸਮਝਾਅ ਵੀ ਦਿਤਾ ਜਾਵੇ ਕਿ ਤੇਰਾ ਪਰਮ ਮਨੋਰਥ ਨਾਮ ਦਾ ਵਣਜ ਕਰਨਾ ਹੈ, ਜਿਵੇਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

*ਮਨੁ ਹਾਲੀ ਕਿਰਸਾਣੀ ਕਰਣੀ*
*ਸਰਮੁ ਪਾਣੀ ਤਨੁ ਖੇਤੁ॥*
*ਨਾਮੁ ਬੀਜੁ ਸੰਤੋਖੁ ਸੁਹਾਗਾ*
*ਰਖੁ ਗਰੀਬੀ ਵੇਸੁ॥*
*ਭਾਉ ਕਰਮ ਕਰਿ ਜੰਮਸੀ*
*ਸੇ ਘਰ ਭਾਗਠ ਦੇਖੁ॥ ਪੰਨਾ – 595*

ਮਾਇਕ ਪ੍ਰਾਪਤੀਆਂ ਬਾਰੇ ਆਪ ਫੁਰਮਾਨ ਕਰਦੇ ਹਨ ਕਿ –

*ਬਾਬਾ ਮਾਇਆ ਸਾਥਿ ਨ ਹੋਇ॥*
*ਇਨਿ ਮਾਇਆ ਜਗੁ ਮੋਹਿਆ*
*ਵਿਰਲਾ ਬੂਝੈ ਕੋਇ॥ ਪੰਨਾ – 595*

ਮਾਇਆ ਸਿਰਫ ਪੈਸੇ ਟਕੇ, ਜਾਇਦਾਦਾਂ ਨੂੰ ਨਹੀਂ ਕਹਿੰਦੇ। ਨਾਮ ਤੋਂ ਬਿਨਾਂ ਦ੍ਰਿਸ਼ਟਾ ਸਭ ਮਾਇਆ ਹੈ, ਜਿਸ ਵਿਚ ਜੀਵ ਸਦਾ ਹੀ ਫਸਿਆ ਰਹਿੰਦਾ ਹੈ। ਇਸ ਦੀ ਲੰਗੜੇ ਗਧੇ ਵਾਲੀ ਹਾਲਤ ਹੈ, ਜਿਵੇਂ ਲੰਗੜਾ ਗਧਾ ਦਲਦਲ ਵਿਚ ਫਸ ਜਾਂਦਾ ਹੈ। ਇਸ ਲੰਗੜੇ ਗਧੇ ਤੇ ਕੋਈ ਤਰਸ ਖਾ ਕੇ ਕੋਈ ਪ੍ਰਮੇਸ਼ਰ ਦਾ ਪਿਆਰਾ ਉਸ ਦੇ ਗਲ ਵਿਚ ਰੱਸਾ ਪਾ ਕੇ ਹੌਲੀ-ਹੌਲੀ ਧੂਹ ਲਵੇ ਤਾਂ ਬਾਹਰ ਨਿਕਲ ਸਕਦਾ ਹੈ। ਅਸੀਂ ਸਤਿਸੰਗ ਵਿਚ ਆਉਂਦੇ ਹਾਂ, ਬਚਨ ਸੁਣਦੇ ਹਾਂ, ਮਨ ਸਤਿ ਦਾ ਵਿਹਾਰ ਨਹੀਂ ਕਰਦਾ, ਕਦੇ ਇਹ ਉਚਾ ਉਠਦਾ ਹੈ, ਕਦੇ ਨੀਚਾ ਚਲਿਆ ਜਾਂਦਾ ਹੈ, ਇਸ ਦਾ ਚਿੱਤ ਸਤਿਸੰਗ ਵਿਚ ਨਹੀਂ ਲਗਦਾ। ਆਪਣੀ ਹੀ ਦੁਨੀਆਂ ਰਚ ਲੈਂਦਾ ਹੈ।

ਦਿਨ ਦੇ ਸੁਪਨੇ ਰਚ ਕੇ ਉਸ ਵਿਚ ਘੁੰਮਦਾ ਰਹਿੰਦਾ ਹੈ।

ਇਹਦੇ ਵਿਚ 'ਸਾਧਸੰਗਤ ਜੀ' ਜਿਹੜਾ ਮਨ ਹੈ ਉਹ ਦੌੜਿਆ ਫਿਰਦਾ ਹੈ, ਉਥੇ ਨੂੰ ਛਾਲ ਮਾਰ ਕੇ ਚਲਿਆ ਗਿਆ, ਓਧਰ ਨੂੰ ਨੱਠ ਗਿਆ। ਕਹਿੰਦੇ ਇਹ ਤਾਂ ਵਣਜਾਰਾ ਹੈ। ਆਇਆ ਤਾਂ ਸਮਾਨ ਖਰੀਦਣ ਵਾਸਤੇ ਹੈ ਸਤਿਸੰਗ 'ਚੋਂ। ਖਰੀਦਣੇ ਵੀ ਇਸ ਨੇ ਰਤਨ, ਜਵਾਹਰ, ਲਾਲ ਨੇ। ਰਤਨ ਜਵਾਹਰ ਲਾਲਾਂ ਦਾ ਮੁੱਲ ਹੁੰਦਾ ਹੈ ਇਹਨੇ ਅਮੁੱਲ ਵਸਤੂ ਖਰੀਦਣੀ ਹੈ। ਪਰ ਜੇ ਵਣਜ ਕਰੇ ਹੀ ਨਾ ਆ ਕੇ, ਫੇਰ ਕੀ ਹੁੰਦਾ ਹੈ? ਸੋ ਜਦੋਂ ਇਹ ਸਰੀਰ ਦੇ ਬਜ਼ਾਰ ਵਿਚ ਦਾਖਲ ਹੁੰਦਾ ਹੈ ਇਥੇ ਬੜੀਆਂ ਚੀਜ਼ਾਂ ਨੇ। ਰਸਨਾ ਹੈ - ਰਸਨਾ ਦੇ ਨਾਲ ਵਪਾਰ ਕਿਸ ਤਰ੍ਹਾਂ ਹੁੰਦੈ। ਓਹਦੀ ਵੀ ਜੁਗਤ ਦਸਦੇ ਨੇ ਕਿ ਐਂ ਹੁੰਦਾ ਹੈ -

*ਧਾਰਨਾ- ਸਤਿਨਾਮ ਵਾਹਿਗੁਰੂ,*
*ਅਕਾਲ ਪੁਰਖ ਤੂੰ ਹੀ ਹੈਂ,*
*ਅਕਾਲ ਪੁਰਖ ਤੂੰਹੀਂ ਹੈਂ*

ਰਸਨਾ ਨੇ ਵਪਾਰ ਸ਼ਬਦ ਦੇ ਵਿਚ ਬੋਲ ਕੇ ਕੀਤਾ, ਨਾਮ ਜਪ ਕੇ ਵਪਾਰ ਕੀਤਾ। ਸੁਆਸ ਦਾ ਵਪਾਰ - ਸੁਆਸ ਦੇ ਉਤੇ ਵਾਹਿਗੁਰੂ, ਅੱਧਾ ਵਾਹਿ...ਅੰਦਰ ਨੂੰ ਲੈ ਜਾਓ, 'ਗੁਰ' ਬਾਹਰ ਨੂੰ ਲਿਆਓ। ਮਨ ਦੀ ਇਕਾਗਰਤਾ ਦੇ ਅੰਦਰ, ਤ੍ਰਿਕੁਟੀ ਦੇ ਅੰਦਰ, ਆਗਿਆ ਚੱਕਰ ਦੇ ਅੰਦਰ ਜਿਹੋ ਜਿਹੀ ਅਵਸਥਾ ਆਉਂਦੀ ਹੈ। ਇਸ ਮਨ ਨੇ ਆਹ ਸਰੀਰ 'ਚ ਹੀ ਵਪਾਰ ਕਰਨਾ ਹੈ ਪਰ ਵਣਜਾਰਾ ਮਨ ਹੈ। ਜੇ ਵਣਜਾਰਾ ਨਾ ਕੰਮ ਕਰੇ ਵਪਾਰ ਕੌਣ ਕਰੇਗਾ। ਪੜ੍ਹਦਾ ਤਾਂ ਜਪੁਜੀ ਸਾਹਿਬ ਹੈ ਤੇ ਫਿਰਦਾ ਹੈ ਬਾਹਰ ਛਾਲਾਂ ਮਾਰਦਾ। ਪੜ੍ਹਦਾ ਬਾਣੀ ਹੈ, ਜਪਦਾ ਨਾਮ ਹੈ, ਫੁਰਨੇ ਨੱਠੇ ਫਿਰਦੇ ਨੇ ਕਦੇ ਓਧਰ ਨੂੰ, ਕਦੇ ਓਧਰ ਨੂੰ, ਫੇਰ ਵਪਾਰੀ ਤਾਂ ਰਿਹਾ ਹੀ ਨਾ ਇਥੇ। ਸੋ ਮਹਾਰਾਜ ਕਹਿੰਦੇ-

*ਤਨੁ ਹਟੜੀ ਇਹੁ ਮਨੁ ਵਣਜਾਰਾ॥*
*ਨਾਨਕ ਸਹਜੇ ਸਚੁ ਵਾਪਾਰਾ॥*

*ਪੰਨਾ - 942*

ਸੰਗਤ ਦੇ ਵਿਚ ਕਹਿੰਦੇ ਵਾਹਿਗੁਰੂ ਰੱਖਿਆ ਹੋਇਆ ਹੈ, ਜਦੋਂ ਨਾਮ ਦੇ ਵਿਚ ਬਿਰਤੀ ਚਲੀ ਜਾਂਦੀ ਹੈ, ਫੇਰ ਰਸ ਆਉਂਦਾ ਹੈ। ਉਹ ਰਸ ਨੂੰ ਚੱਖ -

*ਅੰਮ੍ਰਿਤੁ ਹਰਿ ਹਰਿ ਨਾਮੁ ਹੈ*
*ਗੁਰਿ ਪੂਰੈ ਹਰਿ ਰਸੁ ਚਾਖੁ॥*

*ਪੰਨਾ - 997*

ਅੰਮ੍ਰਿਤ ਹੈ ਉਹ -

*ਮਨਮੁਖ ਤ੍ਰਿਸਨਾ ਭਰਿ ਰਹੇ*
*ਮਨਿ ਆਸਾ ਦਹ ਦਿਸ ਬਹੁ ਲਾਖੁ॥*
*ਬਿਨੁ ਨਾਵੈ ਧ੍ਰਿਗੁ ਜੀਵਦੇ*
*ਵਿਚਿ ਬਿਸਟਾ ਮਨਮੁਖ ਰਾਖੁ॥*

*ਪੰਨਾ - 997*

ਬਾਕੀ ਜ਼ਿੰਦਗੀ ਜਿੰਨੀ ਮਨ ਦੇ ਪਿਛੇ ਲੱਗਣ ਵਾਲੀ ਹੈ ਸਭ ਵਿਸ਼ਟਾ ਦੀ ਜ਼ਿੰਦਗੀ ਹੈ -

*ਓਇ ਆਵਹਿ ਜਾਹਿ ਭਵਾਈਅਹਿ*
*ਬਹੁ ਜੋਨੀ ਦੁਰਗੰਧ ਭਾਖੁ॥*

*ਪੰਨਾ - 997*

ਆਉਂਦੇ ਨੇ, ਜਾਂਦੇ ਨੇ, ਮਰਦੇ ਨੇ, ਜੰਮਦੇ ਨੇ, ਦੁਰਗੰਧ ਦੇ ਵਿਚ ਰਹਿੰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਜਦ ਤਕ ਅਸੀਂ ਮਨ ਨੂੰ ਵਣਜਾਰਾ ਨਹੀਂ ਬਣਾਉਂਦੇ ਓਨੀਂ ਦੇਰ ਤਕ ਗੱਲ ਬਣਿਆ ਨਹੀਂ ਕਰਦੀ। ਸੋ ਜਿਹੜੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸੱਚੀ ਟਕਸਾਲ ਹੈ ਇਸ ਵਿਚ ਘੜਨਾ ਕੀ ਹੈ? ਸ਼ਬਦ ਘੜਨਾ ਹੈ। ਉਹਦੇ ਬਾਰੇ ਐਸ ਤਰ੍ਹਾਂ ਫੁਰਮਾਨ ਕੀਤਾ ਹੈ ਮਹਾਰਾਜ ਜੀ ਨੇ, ਧਿਆਨ ਨਾਲ ਪੜ੍ਹੋ -

*ਧਾਰਨਾ - ਘੜ ਲੈ ਪਿਆਰਿਆ,*
*ਸ਼ਬਦ ਸੱਚੀ ਟਕਸਾਲ ਦਾ*

ਇਸ ਟਕਸਾਲ ਵਿਚ ਸੱਚੀ ਟਕਸਾਲ ਦਾ ਸ਼ਬਦ ਘੜੋ। ਉਹ ਦੇ ਵਾਸਤੇ ਪਹਿਲਾਂ ਸਮੱਗਰੀ ਦੀ ਲੋੜ ਹੁੰਦੀ ਹੈ। ਸ਼ਬਦ ਘੜਨਾ ਹੋਵੇ, ਕੋਈ ਸਿੱਕਾ ਘੜਨਾ ਹੋਵੇ ਉਹਦੇ ਵਾਸਤੇ ਸਮੱਗਰੀ ਦੀ ਲੋੜ ਹੈ। ਸੋ ਜੋ ਅਨੁਭਵੀ ਮਹਾਂਪੁਰਸ਼ਾਂ ਨੇ, ਉਨ੍ਹਾਂ ਦਾ ਫੁਰਮਾਨ ਹੈ ਕਿ ਸਮੱਗਰੀ ਜੇ ਪੂਰੀ ਮਿਲ ਜਾਵੇ ਫੇਰ ਤਾਂ ਆਦਮੀ ਵਿਚ ਕਾਮਯਾਬੀ ਹੀ ਕਾਮਯਾਬੀ ਹੋ ਜਾਂਦੀ ਹੈ।

ਪਹਿਲੀ ਚੀਜ਼ ਦੀ ਲੋੜ ਹੈ ਆਪਣੇ ਗੁਰੂ ਉਪਰ ਭਰੋਸਾ। ਭੁੱਲ ਕੇ ਭੀ ਆਪਣੇ ਗੁਰੂ ਦੀ ਕ੍ਰਿਆ ਤੇ ਤਰਕ ਨਾ ਲਿਆਉਣੀ। ਗੁਰੂ ਨੂੰ ਪ੍ਰਮੇਸ਼ਰ ਤੋਂ ਘੱਟ ਨਾ ਸਮਝਣਾ, ਉਨ੍ਹਾਂ ਦੀ ਸਿਫਤ ਕਰਦੇ ਰਹਿਣਾ।

ਬਹੁਤ ਸਾਰੇ ਪ੍ਰੇਮੀ ਐਸੇ ਹੁੰਦੇ ਹਨ ਕਿ ਸਮਰੱਥ ਗੁਰੂ ਦੀ ਮਿਹਰ ਦੇ ਨਾਲ ਉਸ ਦੇ ਬਚਨ ਕਮਾ ਕੇ ਅਤੇ ਉਸ ਦੀ ਨਦਰ ਹੋਣ ਤੇ ਕੁਝ ਪ੍ਰਾਪਤੀਆਂ ਕਰ ਲੈਂਦੇ ਹਨ। ਆਪਣੇ ਗੁਰੂ ਬਾਰੇ ਕੋਈ ਜ਼ਿਕਰ ਨਹੀਂ ਕਰਦੇ ਅਤੇ ਐਉਂ ਲਗਦਾ ਹੈ ਕਿ ਇਹ ਆਪਣੇ ਆਪ ਹੀ ਆਪੇ ਪੂਰਨ ਹੋਏ ਹਨ। ਐਸੇ ਪੁਰਸ਼ ਨੂੰ ਜੋ ਆਪਣੇ ਗੁਰੂ ਨੂੰ ਛੁਪਾ ਕੇ ਆਪਣੇ ਗੁਣਾਂ ਦਾ ਪ੍ਰਗਟਾਵਾ ਕਰਕੇ ਵਾਹ-ਵਾਹ ਲਵੇ ਅਤੇ ਇਹ ਦਿਖਾਵਾ ਕਰੇ ਕਿ ਇਹ ਸਭ ਕੁਝ ਮੈਂ ਬਗੈਰ ਕਿਸੇ ਮਿਹਨਤ ਤੋਂ ਆਪਣੇ ਆਪ ਹੀ ਕੀਤਾ ਹੈ, ਅਜਿਹੇ ਪੁਰਸ਼ ਆਪਣੇ ਗੁਰੂ ਦਾ ਨਾਮ ਘੱਟ ਹੀ ਲਿਆ ਕਰਦੇ ਹਨ। ਆਪਣੇ ਗੁਰੂ ਨੂੰ ਪਿੱਠ ਦੇ ਦਿਆ ਕਰਦੇ ਹਨ ਇਥੋਂ ਤਕ ਵੀ ਦੇਖਿਆ ਗਿਆ ਹੈ ਕਿ ਜਦੋਂ ਪ੍ਰਤਾਪ ਬਹੁਤ ਵਧ ਜਾਂਦਾ ਹੈ ਫੇਰ ਆਪਣੇ ਗੁਰੂ ਦਾ ਆਦਰ ਨਹੀਂ ਕਰਿਆ ਕਰਦੇ ਅਤੇ ਉਸ ਨੂੰ ਇਕ ਮਾਮੂਲੀ ਆਦਮੀ ਜਾਣ ਕੇ ਉਸ ਨਾਲ ਵਰਤਾਰੇ ਤੋਂ ਉਦਾਸ ਹੀ ਰਿਹਾ ਕਰਦੇ ਹਨ ਅਤੇ ਭੁੱਲ ਕੇ ਵੀ ਆਪਣੇ ਗੁਰੂ ਦੇ ਗੁਣਾਂ ਦੀ ਸਿਫਤ ਨਹੀਂ ਕਰਿਆ ਕਰਦੇ।

ਅਜਿਹੇ ਪ੍ਰੇਮੀਆਂ ਨੂੰ ਗੁਰੂ ਨਿਰਾਦਰ ਦਾ ਦੋਸ਼ ਲੱਗਿਆ ਕਰਦਾ ਹੈ ਜਿਵੇਂ ਕਿ ਇਕ ਸਾਖੀ ਆਉਂਦੀ ਹੈ ਕਿ ਇਕ ਕੋਈ ਪ੍ਰੇਮੀ ਆਪਣੇ ਗੁਣਾਂ ਕਰਕੇ ਗੁਰੂ ਦੇ ਦੱਸੇ ਹੋਏ ਉਪਦੇਸ਼ਾਂ ਨੂੰ ਦ੍ਰਿੜ ਕਰਕੇ ਵਾਹ-ਵਾਹ ਲੈਣ ਲੱਗਿਆ। ਉਸ ਨੇ ਮਨ ਵਿਚ ਕਿਹਾ ਕਿ ਮੇਰਾ ਬੋਲ ਵੀ ਗੁਰੂ ਤੋਂ ਸੋਹਣਾ ਹੈ, ਮੈਂ ਆਪਣੇ ਬੋਲ ਨੂੰ ਰਾਗ ਦੇ ਅਨੁਕੂਲ ਪਲਟ ਸਕਦਾ ਹਾਂ। ਜਦੋਂ ਮੈਂ ਕਥਾ ਕਰਦਾ ਹਾਂ ਤਾਂ ਬਹੁਤ ਸਾਰੀਆਂ ਉਦਾਹਰਣਾਂ ਹੋਰ ਗ੍ਰੰਥਾਂ 'ਚੋਂ ਦੇ ਸਕਦਾ ਹਾਂ ਜਿਸ ਕਰਕੇ ਮੇਰਾ ਬਹੁਤ ਸਤਿਕਾਰ ਹੋ ਰਿਹਾ ਹੈ। ਹੌਲੀ-ਹੌਲੀ ਉਹ ਗੁਰੂ ਦਾ ਆਦਰ ਕਰਨ ਤੋਂ ਹਟ ਗਿਆ। ਇਕ ਦਿਨ ਅਜਿਹਾ ਹੋਇਆ ਕਿ ਕੁਝ ਪਤਵੰਤੇ ਸਭਾ ਵਿਚ ਉਪਸਥਿਤ (ਬੈਠੇ) ਸਨ ਜਦੋਂ ਉਸ ਦੇ ਗੁਰੂ ਨੇ ਸਭਾ ਵਿਚ ਪ੍ਰਵੇਸ਼ ਕੀਤਾ ਤਾਂ ਉਹ ਜਾਣ ਕੇ ਇਧਰ-ਉਧਰ ਦੇਖਣ ਲਗ ਗਿਆ ਅਤੇ ਗੁਰੂ ਆਦਰ ਤੋਂ ਅਵੇਸਲਾ ਹੋ ਕੇ ਇਸ ਤਰ੍ਹਾਂ ਦਿਖਾਇਆ ਕਿ ਮੈਨੂੰ ਤਾਂ ਪਤਾ ਹੀ ਨਹੀਂ ਲੱਗਿਆ ਕਿ ਗੁਰੂ ਕਦੋਂ ਆਏ। ਉਸ ਸਮੇਂ ਉਸ ਦੇ ਗੁਰੂ ਨੇ ਸਰਾਪ ਦੇ ਦਿਤਾ ਤੇ ਕਿਹਾ ਕਿ ਤੂੰ ਤਾਂ ਪੂਰੀ ਤਰ੍ਹਾਂ ਰਾਕਸ਼ਸ਼ ਹੈਂ। ਸਾਰੀ ਮਰਿਆਦਾ ਭੰਗ ਕਰਕੇ ਤੂੰ ਰਾਕਸ਼ਸ਼ਾਂ ਵਾਲਾ ਵਤੀਰਾ ਧਾਰਨ ਕੀਤਾ ਹੈ। ਗੁਰੂ ਪ੍ਰਥਾ ਦਾ ਨਿਰਾਦਰ ਕੀਤਾ ਹੈ, ਜਾਹ! ਮੈਂ ਤੈਨੂੰ ਕਹਿੰਦਾ ਹਾਂ ਕਿ ਤੈਨੂੰ ਸਾਰੀ ਵਿਦਿਆ ਭੁੱਲ ਜਾਵੇ ਤੇ ਤੂੰ ਰਾਕਸ਼ਸ਼ ਹੋ ਜਾਵੇਂ। ਉਸ ਨੂੰ ਪਤਾ ਸੀ ਕਿ ਮੇਰੇ ਗੁਰੂ ਸਮਰੱਥ ਹਨ। ਉਹ ਰੂਹਾਨੀ ਤਾਕਤਾਂ ਮੇਰੇ ਵਿਚ ਨਹੀਂ ਹਨ ਜੋ ਮੇਰੇ ਗੁਰੂ ਵਿਚ ਸਹਿਜ ਸੁਭਾਅ ਹੀ ਹਨ। ਇਸ ਸਰਾਪ ਤੋਂ ਡਰ ਗਿਆ ਤੇ ਗੁਰੂ ਦੇ ਚਰਨਾਂ ਤੇ ਡਿੱਗ ਕੇ ਕਹਿਣ ਲੱਗਿਆ, "ਮਹਾਰਾਜ! ਮੈਂ ਮੂਰਖ ਹਾਂ, ਅਭਿਮਾਨ ਵਿਚ ਆ ਕੇ ਤੁਹਾਡਾ ਆਦਰ ਨਾ ਕਰ ਸਕਿਆ। ਕ੍ਰਿਪਾ ਕਰਕੇ ਮੈਨੂੰ ਬਖਸ਼ੋ ਕਿਉਂਕਿ ਤੁਹਾਡੇ ਵਾਕ ਸਤਿ ਹਨ, ਤੁਹਾਡੇ ਵਾਕ ਨੂੰ ਕੋਈ ਵੀ ਟਾਲਣ ਦੀ ਸਮਰਥਾ ਨਹੀਂ ਰਖਦਾ।" ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਆਉਂਦਾ ਹੈ -

*ਅੰਡ ਬਿਨਾਸੀ ਜੇਰ ਬਿਨਾਸੀ*
*ਉਤਭੁਜ ਸੇਤ ਬਿਨਾਧਾ।।*
*ਚਾਰਿ ਬਿਨਾਸੀ ਖਟਹਿ ਬਿਨਾਸੀ*
*ਇਕਿ ਸਾਧ ਬਚਨ ਨਿਹਚਲਾਧਾ॥*
*ਰਾਜ ਬਿਨਾਸੀ ਤਾਮ ਬਿਨਾਸੀ*
*ਸਾਤਕੁ ਭੀ ਬੇਨਾਧਾ॥*
*ਦ੍ਰਿਸਟਿਮਾਨ ਹੈ ਸਗਲ ਬਿਨਾਸੀ*
*ਇਕਿ ਸਾਧ ਬਚਨ ਆਗਾਧਾ॥*

*ਪੰਨਾ - 1204*

ਗੁਰੂ ਦਾ ਬਚਨ ਅਮੋਘ ਬਾਣ ਸੀ ਜੋ ਕਿਸੇ ਤਰ੍ਹਾਂ ਵੀ ਨਹੀਂ ਟਲਣਾ ਸੀ, ਉਸ ਦੀ ਦੀਨ ਦਸ਼ਾ ਦੇਖ ਕੇ ਗੁਰੂ ਦਾ ਮਨ ਪੰਘਰ ਗਿਆ, ਉਨ੍ਹਾਂ ਨੇ ਕਿਹਾ ਕਿ ਤੂੰ ਰਾਕਸ਼ਸ਼ ਤਾਂ ਜ਼ਰੂਰ ਹੋਵੇਂਗਾ ਪਰ ਤੇਰਾ ਉਧਾਰ ਬਹੁਤ ਵੱਡੇ ਸਮਰੱਥ ਸਤਿਗੁਰੂ ਕਰਨਗੇ। ਉਸ ਨੇ ਕਿਹਾ ਕਿ ਮੈਂ ਕਿਵੇਂ ਉਨ੍ਹਾਂ ਨੂੰ ਪਛਾਣ ਸਕਾਂਗਾ? ਮੈਂ ਰਾਕਸ਼ਸ਼ ਬਣ ਜਾਣਾ ਹੈ, ਰਾਕਸ਼ਸ਼ ਜਿਥੇ ਮਦਰਾ, ਮਾਸ ਖਾਂਦੇ ਹਨ ਉਥੇ ਆਦਮ ਖੋਰ ਵੀ ਹੋਇਆ ਕਰਦੇ ਹਨ। ਮੈਂ ਜਦੋਂ ਆਦਮੀ ਨੂੰ ਮਾਰ ਕੇ ਮਾਸ ਖਾਵਾਂਗਾ ਉਸ ਵੇਲੇ ਮੈਨੂੰ ਹੋਰ ਦੋਸ਼ ਲਗ ਜਾਣਗੇ। ਮਹਾਰਾਜ! ਮੈਂ ਤਾਂ ਭੁੱਲ ਗਿਆ, ਮੈਂ ਉਹ ਅਵੱਗਿਆ ਕਰ ਬੈਠਿਆ ਜਿਸ ਤੋਂ ਵੱਡੀ ਹੋਰ ਕੋਈ ਅਵੱਗਿਆ ਹੈ ਹੀ ਨਹੀਂ ਕਿਉਂਕਿ ਗੁਰੂ ਤੋਂ ਬੇਮੁਖ ਹੋਣਾ ਸਭ ਤੋਂ ਵੱਡੀ ਅਵੱਗਿਆ ਹੈ ਤੇ ਹੋਰ ਕੋਈ ਵੀ ਪਾਪ ਇਸ ਅਵੱਗਿਆ ਦੇ ਬਰਾਬਰ ਨਹੀਂ ਪਹੁੰਚਿਆ ਕਰਦਾ -

*ਬਾਮ੍ਹਣ ਗਾਂਈ ਵੰਸ*
*ਘਾਤ ਅਪਰਾਧ ਕਰਾਰੇ।*
*ਮਦ ਪੀ ਜੂਏ ਖੇਲਦੇ ਜੋਹਨਿ ਪਰ ਨਾਰੇ।*
*ਮੁਹਨਿ ਪਰਾਈ ਲਖਮੀ ਠੱਗ ਚੋਗ ਚਗਾਰੇ।*
*ਵਿਸਾਸ ਧ੍ਰੋਹੀ*
*ਅਕ੍ਰਿਤਘਣ ਪਾਪੀ ਹਤਿਆਰੇ।*
*ਲੱਖ ਕਰੋੜੀ ਜੋੜੀਅਨਿ*
*ਅਨਗਿਣਤ ਅਪਾਰੇ।*
*ਇਕੱਤ ਲੂਇ ਨ ਪੁੱਜਨੀ*
*ਬੇਮੁਖ ਗੁਰਦੁਆਰੇ।*

*ਭਾਈ ਗੁਰਦਾਸ ਜੀ, ਵਾਰ 34/16*

ਅਜਿਹੇ ਪੁਰਸ਼ ਦੀ ਜੇ ਕੋਈ ਸੰਗਤ ਕਰਦਾ ਹੈ ਤਾਂ ਉਸ ਨੂੰ ਵੀ ਬਹੁਤ ਦੋਸ਼ ਲਗਦਾ ਹੈ ਕਿਉਂਕਿ ਉਹ ਗੁਰੂ ਤੋਂ ਬੇਮੁਖ ਹੋਇਆ ਹੋਇਆ ਗੁਰੂ ਦਾ ਫਿਟਕਾਰਿਆ ਹੋਇਆ ਪ੍ਰਾਣੀ ਹੈ। ਜੇ ਕੋਈ ਕਹੇ ਕਿ ਜੀ, ਅਸੀਂ ਤਾਂ ਗੱਲਬਾਤ ਹੀ ਕਰਦੇ ਹਾਂ, ਉਸ ਦੀ ਕਿਸੇ ਗੱਲ ਦਾ ਅਸਰ ਆਪਣੇ ਉਤੇ ਨਹੀਂ ਲੈਂਦੇ ਇਸ ਦਾ ਉਤਰ ਦਿੰਦੇ ਭਾਈ ਗੁਰਦਾਸ ਜੀ ਆਪਣੀ ਵਾਰ 34 ਪਉੜੀ 15 ਵਿਚ ਫੁਰਮਾਨ ਕਰਦੇ ਹਨ -

*ਵੜੀਐ ਕਾਲਖ ਕੋਠੜੀ*
*ਮੁਹੁ ਕਾਲਖ ਭਰੀਐ।*
*ਕੱਲਰ ਖੇਤੀ ਬੀਜੀਐ*
*ਕਿਹੁ ਕਾਜ ਨ ਸਰੀਐ।*
*ਟੁੱਟੀ ਪੀਂਘੇ ਪੀਂਘੀਐ ਪੈ ਟੋਏ ਮਰੀਐ॥*
*ਕੰਨਾ ਫੜਿ ਮਨਤਾਰੂਆਂ*
*ਕਿਉ ਦੁੱਤਰੁ ਤਰੀਐ।*
*ਅਗਿ ਲਾਇ ਮੰਦਰਿ ਸਵੇ*
*ਤਿਸ ਨਾਲਿ ਨ ਫਰੀਐ।*
*ਤਿਉਂ ਠੱਗ ਸੰਗਤਿ ਬੇਮੁਖਾਂ*
*ਜੀਅ ਜੋਖਹੁ ਡਰੀਐ।*

*ਭਾਈ ਗੁਰਦਾਸ ਜੀ, ਵਾਰ 34/15*

ਇਥੋਂ ਤਕ ਵੀ ਆਉਂਦਾ ਹੈ ਕਿ ਜੇ ਕੋਈ ਬੇਮੁਖ ਪੁਰਸ਼ ਨਾਲ ਮਿਤਰਤਾ ਪਾ ਲਵੇ ਉਸ ਨਾਲ ਵਰਤ ਵਿਹਾਰ ਕਰ ਲਵੇ, ਉਸ ਨੂੰ ਵੀ ਬਹੁਤ ਵੱਡਾ ਦੋਸ਼ ਲੱਗਿਆ ਕਰਦਾ ਹੈ ਕਿਉਂਕਿ ਉਹ ਗੁਰੂ ਦਾ ਸਰਾਪਿਆ ਹੋਇਆ ਹੈ। ਗੁਰੂ ਮਹਾਰਾਜ ਤਾਂ ਇਥੋਂ ਤਕ ਵੀ ਫੁਰਮਾਨ ਕਰਦੇ ਹਨ ਕਿ ਜੇ ਕਿਸੇ ਪ੍ਰੇਮੀ ਨੂੰ ਕ੍ਰੋਧ ਆਉਂਦਾ ਹੈ

ਤਾਂ ਕ੍ਰੋਧ ਉਸ ਦੇ ਸਰੀਰ ਦੇ 2 ਖਰਬ, 15 ਅਰਬ ਸੈਲਾਂ ਨੂੰ ਪਰਦੂਸ਼ਿਤ ਕਰ ਦਿੰਦਾ ਹੈ ਅਤੇ ਉਸ ਦੇ ਕਣ-ਕਣ ਵਿਚੋਂ ਕ੍ਰੋਧ ਦੀਆਂ ਗੁਪਤ ਲਾਟਾਂ ਨਿਕਲਦੀਆਂ ਹਨ। ਜੇਕਰ ਉਸ ਨੂੰ ਕੋਈ ਛੋਹ ਲਵੇ ਉਸ ਦੇ ਅੰਦਰ ਵੀ ਉਸ ਦਾ ਅਸਰ ਹੋ ਜਾਇਆ ਕਰਦਾ ਹੈ। ਗੁਰੂ ਮਹਾਰਾਜ ਜੀ ਨੇ ਜਾਤ-ਪਾਤ ਦੇ ਆਧਾਰ ਤੇ ਕੋਈ ਭਿੱਟ ਨਹੀਂ ਮੰਨੀ ਪਰ ਕ੍ਰੋਧੀ ਦੀ ਭਿੱਟ ਮੰਨਦੇ ਹਨ ਕਿਉਂਕਿ ਉਸਦਾ ਸਾਰਾ ਖ਼ੂਨ ਦੂਸ਼ਿਤ ਹੋ ਜਾਇਆ ਕਰਦਾ ਹੈ। ਉਸ ਦੇ ਅੰਦਰੋਂ ਐਸੀਆਂ waves (ਲਹਿਰਾਂ) ਨਿਕਲਦੀਆਂ ਹਨ ਜਿਸ ਦਾ ਅਸਰ ਜੋ ਉਸ ਨਾਲ ਹੱਥ ਮਿਲਾਉਂਦਾ ਹੈ, ਜੱਫੀ ਪਾਉਂਦਾ ਹੈ ਉਸ ਦੇ ਅੰਦਰ ਸਹਿਜੇ ਹੀ ਪ੍ਰਵੇਸ਼ ਕਰ ਜਾਇਆ ਕਰਦੀਆਂ ਹਨ। ਜੇ ਕੋਈ ਪ੍ਰਾਣੀ ਨਾਮ ਜਪਦਾ ਹੈ, ਲਿਵ ਲੱਗੀ ਹੁੰਦੀ ਹੈ ਤਾਂ ਉਸ ਨੂੰ ਫੌਰਨ ਪਤਾ ਲਗ ਜਾਂਦਾ ਹੈ ਕਿ ਇਹ ਝਟਕਾ ਕਿਉਂ ਲੱਗਿਆ, ਲਿਵ ਕਿਉਂ ਟੁੱਟੀ? ਮੈਂ ਤਾਂ ਐਸੀ ਕੋਈ ਗੱਲ ਨਹੀਂ ਕਰੀ ਜਿਸ ਨਾਲ ਮੇਰਾ ਰਸ ਟੁੱਟ ਗਿਆ। ਪਰ ਉਸ ਨੂੰ ਨਹੀਂ ਪਤਾ ਕਿ ਕ੍ਰੋਧੀ ਦੇ ਅੰਸ ਉਸ ਦੇ ਸਰੀਰ ਵਿਚ ਚਲੇ ਗਏ। ਇਸ ਕਰਕੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਓਨਾ ਪਾਸਿ ਦੁਆਸਿ ਨ ਭਿਟੀਐ*
*ਜਿਨ ਅੰਤਰਿ ਕ੍ਰੋਧੁ ਚੰਡਾਲ॥*

*ਪੰਨਾ - 40*

ਭਾਵੇਂ ਕ੍ਰੋਧੀ ਹੋਵੇ, ਲੋਭੀ ਹੋਵੇ, ਹੰਕਾਰੀ ਹੋਵੇ ਅਸਰ ਸਾਰਿਆਂ ਦਾ ਮਾੜਾ ਪੈਂਦਾ ਹੈ। ਇਸੇ ਕਰਕੇ ਰਹਿਤਨਾਮੇ ਵਿਚ ਫੁਰਮਾਨ ਆਉਂਦਾ ਹੈ ਕਿ ਜਿਸ ਦੇ ਬਾਰੇ ਤੁਸੀਂ ਜਾਣਦੇ ਨਹੀਂ ਕਿ ਉਸ ਦੀ ਕਿਰਤ ਕਿਹੋ ਜਿਹੀ ਹੈ, ਕਿਹੋ ਜਿਹੇ ਖਿਆਲ ਹਨ, ਜੇ ਅਣਜਾਣੇ ਉਸ ਦੇ ਹੱਥੋਂ ਕੁਝ ਲੈ ਕੇ ਛਕ ਲਵੋਂਗੇ ਤਾਂ ਤੁਹਾਡੀ ਲਿਵ ਨੂੰ ਧੱਕਾ ਲੱਗੇਗਾ, ਕਈ ਦਿਨ ਲਿਵ ਨਹੀਂ ਲੱਗਣੀ। ਜੋ ਪ੍ਰਭੂ ਦਾ ਪਿਆਰ ਅੰਦਰ ਠਾਠਾਂ ਮਾਰਦਾ ਹੈ ਉਹ ਵੀ ਧੀਮਾ ਪੈ ਜਾਵੇਗਾ। ਰਹਿਤਨਾਮੇ ਵਿਚ ਐਸਾ ਫੁਰਮਾਨ ਆਉਂਦਾ ਹੈ -

*ਜਾ ਕੀ ਰਹਿਤ ਨ ਜਾਣੀਐ*
*ਗੁਰਬਾਣੀ ਨਹੀ ਗੀਤ।*
*ਤਿਸ ਦੇ ਹਥਹੁੰ ਖਾਧੀਐ*
*ਵਿਸਰੇ ਹਰਿ ਕੀ ਪ੍ਰੀਤ।* *(ਰਹਿਤਨਾਮਾ)*

*ਭੇਡੈ ਪੂਛਲਿ ਲੱਗਿਆਂ*
*ਕਿਉਂ ਪਾਰ ਲੰਘੀਐ।*
*ਭੂਤੈ ਕੇਰੀ ਦੋਸਤੀ ਨਿਤ ਸਹਸਾ ਜੀਐ।*
*ਨਦੀ ਕਿਨਾਰੈ ਰੁੱਖੜਾ ਵੇਸਾਹੁ ਨ ਕੀਐ।*
*ਮਿਰਤਕ ਨਾਲਿ ਵਿਵਾਹੀਐ*
*ਸੋਹਾਗੁ ਨ ਥੀਐ।*
*ਵਿਸੁ ਹਲਾਹਲ ਬੀਜਿ ਕੈ*
*ਕਿਉਂ ਅਮਿਓ ਲੀਐ।*
*ਬੇਮੁਖ ਸੇਤੀ ਪਿਰਹੜੀ ਜਮ ਡੰਡ ਸਹੀਐ।*

*ਭਾਈ ਗੁਰਦਾਸ ਜੀ ਵਾਰ, 34/7*

ਸੋ ਗੁਰੂ ਤੋਂ ਜੋ ਬੇਮੁੱਖ ਹੋ ਜਾਂਦਾ ਹੈ ਉਸ ਦੇ ਬਾਰੇ ਫੁਰਮਾਨ ਹੈ -

*ਧਾਰਨਾ - ਗੁਰਾਂ ਤੋਂ ਬੇਮੁਖ ਹੋ ਗਿਆ,*
*ਹੁਣ ਕਿਵੇਂ ਪਾਰ ਲੰਘੇਗਾ*

*ਜੇ ਕੋ ਗੁਰ ਤੇ ਵੇਮੁਖੁ ਹੋਵੈ*
*ਬਿਨੁ ਸਤਿਗੁਰ ਮੁਕਤਿ ਨ ਪਾਵੈ॥*
*ਪਾਵੈ ਮੁਕਤਿ ਨ ਹੋਰਥੈ ਕੋਈ*
*ਪੁਛਹੁ ਬਿਬੇਕੀਆ ਜਾਏ॥*
*ਅਨੇਕ ਜੂਨੀ ਭਰਮਿ ਆਵੈ*
*ਵਿਣੁ ਸਤਿਗੁਰ ਮੁਕਤਿ ਨ ਪਾਏ॥*
*ਫਿਰਿ ਮੁਕਤਿ ਪਾਏ*
*ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥*
*ਕਹੈ ਨਾਨਕੁ ਵੀਚਾਰਿ ਦੇਖਹੁ*
*ਵਿਣੁ ਸਤਿਗੁਰ ਮੁਕਤਿ ਨ ਪਾਏ॥*

*ਪੰਨਾ - 920*

ਸੋ ਸਾਧਸੰਗਤ ਜੀ! ਗੁਰੂ ਤੋਂ ਬੇਮੁਖ ਹੋ ਜਾਣਾ ਭਾਰੀ ਅਪਰਾਧ ਹੈ, ਸਿਆਣਿਆ ਨੇ ਛੇ ਹਤਿਆਵਾਂ ਗਿਣੀਆਂ ਹਨ। ਕਰਮ ਧਰਮ ਵਾਲੇ ਪੁਰਸ਼, ਬ੍ਰਹਮ ਦੇ ਜਾਣੂੰ, ਬ੍ਰਹਮ ਦੀ ਵਿਚਾਰ ਕਰਨ ਵਾਲੇ ਨੂੰ ਮਾਰ ਦੇਣਾ; ਗਊ ਦੇ ਸੁਭਾਅ ਵਾਲੇ ਪੁਰਸ਼ ਨੂੰ ਜੋ ਸਭ ਦਾ ਭਲਾ ਮੰਗਦਾ ਹੋਵੇ ਉਸ ਨੂੰ ਮਾਰ ਦੇਣਾ; ਆਪਣੀ ਲੜਕੀ ਨੂੰ ਮਾਰ ਦੇਣਾ; ਵਿਸ਼ਵਾਸ਼ ਦੇ ਕੇ ਵਿਸ਼ਵਾਸ਼ ਘਾਤ ਕਰਕੇ ਕਿਸੇ ਪ੍ਰੇਮੀ ਨੂੰ ਮਾਰ ਦੇਣਾ; ਕਿਸੇ ਤੋਂ ਪੈਸਾ ਲੈ ਕੇ ਮੁਕਰ ਜਾਣਾ, ਇਸ ਨੂੰ ਰਿਣ ਹੱਤਿਆ ਆਖਿਆ ਜਾਂਦਾ ਹੈ; ਅਕ੍ਰਿਤਘਣ ਹੋ ਜਾਣਾ। ਇਹ ਛੇ ਵੱਡੀਆਂ ਹੱਤਿਆ ਹੋਇਆ ਕਰਦੀਆਂ ਹਨ ਅਤੇ ਇਸ ਪੁਰਸ਼ ਨੂੰ ਹਤਿਆਰਾ ਕਿਹਾ ਜਾਂਦਾ ਹੈ। ਇਕ ਹੱਤਿਆ ਸਾਧਾਰਨ 96 ਕਰੋੜ ਪਾਪ ਦੇ ਬਰਾਬਰ ਪਾਪ ਫਲ ਦਿੰਦੀ ਹੈ। ਛੇ ਹਤਿਆਵਾਂ ਦਾ ਫਲ 5 ਅਰਬ, 76 ਕਰੋੜ ਪਾਪਾਂ ਦੇ ਬਰਾਬਰ ਹੁੰਦਾ ਹੈ। ਜੇ ਪਿਤਾ ਨੂੰ ਕੋਈ ਮਾਰ ਦਿੰਦਾ ਹੈ ਤਾਂ ਸੌ ਹੱਤਿਆ ਦੇ ਬਰਾਬਰ ਹੋਇਆ ਕਰਦਾ ਹੈ। ਮਾਤਾ ਨੂੰ ਮਾਰਨਾ ਇਕ ਹਜ਼ਾਰ ਹਤਿਆਵਾਂ ਦੇ ਬਰਾਬਰ ਹੋਇਆ ਕਰਦਾ ਹੈ। ਐਸਾ ਅਨੁਭਵੀ ਮਹਾਂਪੁਰਸ਼ਾਂ ਦਾ ਮਤ ਹੈ। ਇਸੇ ਕਰਕੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਵੱਡੇ-ਵੱਡੇ ਪਾਪ ਕਰਨ ਵਾਲੇ ਕ੍ਰੋੜਾਂ ਵੀ ਜੋੜ ਲਏ ਜਾਣ ਤਾਂ ਵੀ ਇਕੱਤ ਲੂਇ ਦੇ ਪਾਪ ਦੇ ਬਰਾਬਰ ਨਹੀਂ ਪਹੁੰਚਿਆ ਕਰਦਾ।

ਸੋ ਇਸੇ ਤਰ੍ਹਾਂ ਨਾਲ ਉਹ ਵਿਦਵਾਨ ਪੁਰਸ਼ ਆਪਣੇ ਗੁਰੂ ਦਾ ਆਦਰ ਨਾ ਕਰਕੇ ਰਾਕਸ਼ਸ਼ ਬਣ ਗਿਆ, ਜਿਸ ਦਾ ਨਾਮ ਇਤਿਹਾਸ ਵਿਚ ਕੌਡਾ ਰਾਕਸ਼ਸ਼ ਲਿਖਿਆ ਹੋਇਆ ਹੈ। ਜਦੋਂ ਉਹ ਮਰਦਾਨੇ ਨੂੰ ਚੁੱਕ ਕੇ ਲੈ ਗਿਆ ਅਤੇ ਉਸ ਨੂੰ ਉਬਲਦੇ ਤੇਲ ਦੇ ਕੜਾਹੇ ਵਿਚ ਤਲਣ ਲੱਗਿਆ ਤਾਂ ਗੁਰੂ ਨਾਨਕ ਸਾਹਿਬ ਨੇ ਪਹੁੰਚ ਕੇ ਉਸ ਦੀ ਰਕਸ਼ਾ ਕੀਤੀ ਤੇ ਤੇਲ ਦਾ ਕੜਾਹਾ ਬਰਫ ਵਾਂਗੂੰ ਠੰਢਾ ਹੋ ਗਿਆ। ਉਹ ਹੈਰਾਨ ਹੋ ਗਿਆ,

ਉਸ ਨੇ ਦੇਖਿਆ ਕਿ ਦੋ ਪੁਰਸ਼ ਸਾਮ੍ਹਣੇ ਖੜ੍ਹੇ ਹਨ ਉਨ੍ਹਾਂ ਦੀ ਇਕ ਦ੍ਰਿਸ਼ਟੀ ਪੈਣ ਤੇ ਉਬਲਦਾ ਕੜਾਹਾ ਬਰਫ ਵਾਂਗੂੰ ਸੀਤਲ ਹੋ ਗਿਆ ਅਤੇ ਉਹ ਭੱਜਿਆ-ਭੱਜਿਆ ਅੰਦਰ ਗਿਆ ਅਤੇ ਸ਼ੀਸ਼ਾ ਲੈ ਕੇ ਆਇਆ ਅਤੇ ਉਸ ਵਿਚੋਂ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਤੀਬਿੰਬ ਦੇਖਿਆ ਅਤੇ ਆ ਕੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਤੇ ਸੀਸ ਧਰ ਦਿਤਾ। ਸੀਸ ਧਰਨ ਦੀ ਦੇਰ ਸੀ ਕਿ ਉਸ ਦੇ ਅੰਦਰੋਂ ਸਾਰੀਆਂ ਬੁਰਿਆਈਆਂ, ਪੁੱਠੀਆਂ ਮੱਤਾਂ ਦੂਰ ਹੋ ਗਈਆਂ ਅਤੇ ਉਸ ਨੇ ਸਮਝ ਲਿਆ ਕਿ ਮੇਰੇ ਮਹਾਨ ਗੁਨਾਹ ਨੂੰ ਬਖਸ਼ਣ ਵਾਲਾ ਅੱਜ ਮੇਰੇ ਸਾਮ੍ਹਣੇ ਦ੍ਰਿਸ਼ਟਮਾਨ ਹੋ ਗਿਆ ਹੈ। ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਤੇ ਲੰਮਾ ਪੈ ਕੇ ਬੇਨਤੀ ਕਰਦਾ ਹੈ ਕਿ ਹੇ ਪਾਤਸ਼ਾਹ! ਮੈਨੂੰ ਰੱਖ ਲਓ, ਮੈਂ ਬਹੁਤ ਵੱਡਾ ਗੁਨਾਹਗਾਰ ਹਾਂ। ਗੁਰੂ ਨਾਨਕ ਪਾਤਸ਼ਾਹ ਨੇ ਸੁਮੱਤ ਦਿਤੀ ਤੇ ਨਾਮ ਧਨ ਦੇ ਕੇ ਉਸ ਨੂੰ ਸਾਰੇ ਪਾਪਾਂ ਤੋਂ ਬਰੀ ਕਰ ਦਿਤਾ ਅਤੇ ਉਸ ਦੀਆਂ ਸਾਰੀਆਂ ਬੁਰਿਆਈਆਂ ਸਿਰ ਤੇ ਹੱਥ ਰੱਖ ਕੇ ਖਤਮ ਕਰ ਦਿਤੀਆਂ ਅਤੇ ਉਸ ਦੇ ਰੋਮ-ਰੋਮ ਵਿਚ ਵਾਹਿਗੁਰੂ ਨਾਮ ਦੀ ਧੁਨ ਝਰਨਾਟਾਂ ਦੇਣ ਲੱਗੀ। ਪੜ੍ਹੋ -

*ਧਾਰਨਾ - ਵਿਚੋਂ ਮਾਰ ਕੱਢੀਆਂ*
*ਬੁਰਿਆਈਆਂ,*
*ਗੁਰਾਂ ਨੇ ਸਿਰ ਤੇ ਹਥ ਰੱਖ ਕੇ।*

*ਸਤਿਗੁਰੁ ਵਡਾ ਕਰਿ ਸਾਲਾਹੀਐ*
*ਜਿਸੁ ਵਿਚਿ ਵਡੀਆ ਵਡਿਆਈਆ॥*
*ਸਹਿ ਮੇਲੇ ਤਾ ਨਦਰੀ ਆਈਆ॥*
*ਜਾ ਤਿਸੁ ਭਾਣਾ ਤਾ ਮਨਿ ਵਸਾਈਆ॥*
*ਕਰਿ ਹੁਕਮੁ ਮਸਤਕਿ ਹਥੁ ਧਰਿ*
*ਵਿਚਹੁ ਮਾਰਿ ਕਢੀਆ ਬੁਰਿਆਈਆ॥*
*ਪੰਨਾ - 473*

ਜਦੋਂ ਉਹ ਗੁਰਸਿੱਖੀ ਧਾਰਨ ਕਰ ਗਿਆ ਤਾਂ ਭਾਈ ਮਰਦਾਨਾ ਜੀ ਨੇ ਪੁਛਿਆ ਕਿ ਮਹਾਰਾਜ! ਇਹ ਸ਼ੀਸ਼ਾ ਕਿਉਂ ਕੱਢ ਕੇ ਲਿਆਇਆ ਸੀ? ਇਸ ਨੇ ਸ਼ੀਸ਼ੇ ਵਿਚੋਂ ਦੇਖ ਕੇ ਆਪ ਨੂੰ ਕਿਉਂ ਨਮਸ਼ਕਾਰ ਕੀਤੀ? ਮਹਾਰਾਜ ਜੀ ਨੇ ਕਿਹਾ, "ਭਾਈ ਮਰਦਾਨਾ ਜੀ! ਤੁਸੀਂ ਇਸ ਬਾਰੇ ਕੌਡੇ ਰਾਕਸ਼ ਨੂੰ ਹੀ ਪੁਛ ਲਓ।" ਹੁਣ ਕੌਡਾ ਰਾਕਸ਼ਸ਼ ਨਹੀਂ ਸੀ ਰਿਹਾ। ਉਸ ਦਾ ਰੋਮ-ਰੋਮ ਬਦਲ ਚੁਕਿਆ ਸੀ ਉਸ ਦੇ ਸਾਰੇ ਸੰਸਕਾਰ ਐਉਂ ਸੁਥਰੇ ਹੋ ਗਏ ਸਨ ਜਿਵੇਂ ਕੋਈ ਮੈਲੇ ਪਾਣੀ ਦਾ ਤਸਲਾ ਪਲਟ ਕੇ ਸੁਥਰੇ ਜਲ ਨਾਲ ਭਰ ਦਿੰਦਾ ਹੈ। ਭਾਈ ਕੌਡਾ ਜੀ ਨੇ ਦਸਿਆ ਕਿ ਮਹਾਰਾਜ! ਮੈਂ ਇਕ ਬਹੁਤ ਵੱਡੀ ਭੁੱਲ ਕਰ ਚੁਕਿਆ ਹਾਂ ਜਿਵੇਂ ਕਿ ਭਾਈ ਮਰਦਾਨਾ ਜੀ ਨੇ ਵੀ ਕੀਤੀ ਹੈ। ਆਪ ਦਾ ਸਾਥ ਛੱਡ ਕੇ ਸਮਰੱਥ ਗੁਰੂ ਵਲ ਪਿੱਠ ਕਰਕੇ ਵਾਪਸ ਆਪਣੇ ਘਰ ਜਾ ਰਿਹਾ ਸੀ। ਮੈਂ ਜਦੋਂ ਵੀ ਕੋਈ ਆਦਮੀ ਖਾਧਾ ਹੈ ਤਾਂ ਮੈਂ ਉਸ ਨੂੰ ਇਸ ਸ਼ੀਸ਼ੇ ਵਿਚ ਹੀ ਦੇਖਦਾ ਸੀ ਤਾਂ ਉਹ ਮੈਨੂੰ ਪਸ਼ੂ ਹੀ ਦਿਸਦਾ ਸੀ। ਮੈਂ ਮਨੁੱਖ ਕੋਈ ਨਹੀਂ ਖਾਧਾ। ਸੋ ਮਰਦਾਨਾ ਵੀ ਮੈਨੂੰ ਗੁਰੂ ਤੋਂ ਬੇਮੁੱਖ ਹੋ ਕੇ ਹੋਰ ਤਰ੍ਹਾਂ ਹੀ ਭਾਸਿਆ। ਸੱਚੇ ਪਾਤਸ਼ਾਹ! ਮੈਂ ਬਹੁਤ ਵੱਡਾ ਵਿਦਵਾਨ ਪੁਰਸ਼ ਸੀ, ਮੈਂ ਬਹੁਤ ਵੱਡੀ ਅਵੱਗਿਆ ਕੀਤੀ। ਮੈਂ ਆਪਣੇ ਗੁਰੂ ਦਾ ਨਿਰਾਦਰ ਕੀਤਾ ਉਨ੍ਹਾਂ ਨੇ ਮੈਨੂੰ ਸਰਾਪ ਦੇ ਦਿਤਾ। ਜਦੋਂ ਮੇਰੇ ਰੋਣ ਕੁਰਲਾਉਣ ਤੇ ਉਨ੍ਹਾਂ ਨੂੰ ਦਇਆ ਆਈ ਤਾਂ ਉਨ੍ਹਾਂ ਨੇ ਕਿਹਾ ਕਿ ਤੈਨੂੰ ਅਸੀਂ ਇਕ ਸ਼ੀਸ਼ਾ ਦਿੰਦੇ ਹਾਂ ਇਸ ਵਿਚ ਤੂੰ ਦੇਖ ਲਿਆ ਕਰੀਂ, ਇਹ ਦੱਸ ਦੇਵੇਗਾ ਕਿ ਇਹ ਪਸ਼ੂਆਂ ਤੋਂ ਵੀ ਘਟੀਆ ਬੰਦਾ ਹੈ।

*ਧਾਰਨਾ - ਮਾਨਸ ਤੇਰੀ ਜਾਤ ਹੈ,*
*ਪਸ਼ੂਆਂ ਦੇ ਕੰਮ ਕਰਦੈਂ*

*ਕਰਤੂਤਿ ਪਸੂ ਕੀ ਮਾਨਸ ਜਾਤਿ॥*
*ਲੋਕ ਪਚਾਰਾ ਕਰੈ ਦਿਨੁ ਰਾਤਿ॥*
*ਬਾਹਰਿ ਭੇਖ ਅੰਤਰਿ ਮਲੁ ਮਾਇਆ॥*
*ਛਪਸਿ ਨਾਹਿ ਕਛੁ ਕਰੈ ਛਪਾਇਆ॥*
*ਬਾਹਰਿ ਗਿਆਨ ਧਿਆਨ ਇਸਨਾਨ॥*
*ਅੰਤਰਿ ਬਿਆਪੈ ਲੋਭੁ ਸੁਆਨੁ॥*
*ਅੰਤਰਿ ਅਗਨਿ ਬਾਹਰਿ ਤਨੁ ਸੁਆਹ॥*
*ਗਲਿ ਪਾਥਰ ਕੈਸੇ ਤਰੈ ਅਥਾਹ॥*
*ਜਾ ਕੈ ਅੰਤਰਿ ਬਸੈ ਪ੍ਰਭੁ ਆਪਿ॥*
*ਨਾਨਕ ਤੇ ਜਨ ਸਹਜਿ ਸਮਾਤਿ॥*
*ਪੰਨਾ - 267*

*ਪਸੂ ਮਾਣਸ ਚੰਮਿ ਪਲੇਟੇ*
*ਅੰਦਰਹੁ ਕਾਲਿਆ॥*
*ਸਭੋ ਵਰਤੈ ਸਚੁ*
*ਸਚੈ ਸਬਦਿ ਨਿਹਾਲਿਆ॥ ਪੰਨਾ-284*

ਸੋ ਮੈਂ ਮਹਾਰਾਜ! ਮੈਂ ਇਸ ਸ਼ੀਸ਼ੇ ਵਿਚੋਂ ਦੇਖ ਕੇ ਖਾਂਦਾ ਸੀ। ਜਦੋਂ ਮੈਂ ਆਪ ਦੇ ਸ਼ੀਸ਼ੇ ਵਿਚ ਦਰਸ਼ਨ ਕੀਤੇ ਤਾਂ ਮੇਰੇ ਗੁਰੂ ਨੇ ਕਿਹਾ ਸੀ ਕਿ ਜਦੋਂ ਤੇਰੇ ਬਖਸ਼ਣ ਵਾਲਾ ਆਵੇਗਾ, ਤੈਨੂੰ ਸ਼ੀਸ਼ੇ ਵਿਚ ਨਿਰਾ ਨੂਰ ਹੀ ਨਜ਼ਰ ਆਵੇਗਾ। ਸੋ ਪਾਤਸ਼ਾਹ! ਜਦੋਂ ਮੈਂ ਦਰਸ਼ਨ ਕੀਤੇ ਤਾਂ ਮੈਂ ਆਪ ਦੇ ਜਲਾਲ ਦੀ ਤਾਬ ਨਾ ਲਿਆ ਸਕਿਆ। ਆਪ ਦੇ ਪ੍ਰਕਾਸ਼ ਨੂੰ ਕੋਈ ਵੀ ਸੰਸਾਰ ਵਿਚ ਝੱਲਣ ਵਾਲਾ ਨਹੀਂ ਹੈ। ਗੁਰੂ ਮਹਾਰਾਜ ਜੀ ਨੇ ਉਸ ਦੀ ਅਧੀਨਗੀ ਦੇਖ ਕੇ ਉਸ ਨੂੰ ਭਾਈ ਮਰਦਾਨਾ ਜੀ ਤੋਂ ਨਾਮ ਦੀ ਦਾਤ ਦਿਵਾਈ। ਜੋ ਰਸ ਨਾਮ ਪ੍ਰਾਪਤੀ ਤੋਂ ਬਾਦ ਪ੍ਰਾਪਤ ਹੋਇਆ, ਉਸ ਨੂੰ ਸੰਸਾਰ ਵਿਚ ਵੰਡਣ ਦਾ ਆਦੇਸ਼ ਦਿਤਾ। ਉਹ ਆਪਣੀ ਪੀਰ ਕੌਮ ਦਾ ਗੁਰੂ ਕਹਾਇਆ। ਉਸ ਦਾ ਅਸਥਾਨ ਕਿਥੇ ਹੈ ਇਹ ਗੱਲ ਕੋਈ ਨਿਰਣੇਪੂਰਵਕ ਨਹੀਂ ਕਹੀ ਜਾ ਸਕਦੀ। ਕਈ ਆਸਾਮ ਵਿਚ ਦਸਦੇ ਹਨ ਪਰ ਜਬਲਪੁਰ ਉਸ ਦਾ ਅਸਥਾਨ ਬਣਾ ਕੇ ਗੁਰਦੁਆਰਾ ਕੌਡਾ ਉਸ ਦਾ ਨਾਮ ਰੱਖਿਆ ਹੋਇਆ ਹੈ।

ਜੋ ਪ੍ਰੇਮੀ ਆਪਣੇ ਗੁਰੂ ਦੇ ਗੁਣ ਨਹੀਂ ਗਾਉਂਦਾ, ਉਹ ਕਦੇ ਵੀ ਆਤਮ ਮਾਰਗ ਤੇ ਨਹੀਂ ਚਲ ਸਕਦਾ।

ਸੋ ਇਹ ਸਮੱਗਰੀ ਬਹੁਤ ਹੀ ਜ਼ਰੂਰੀ ਹੈ। ਆਪਣੇ ਗੁਰੂ ਨੂੰ ਪ੍ਰਮੇਸ਼ਰ ਤੋਂ ਘੱਟ ਨਾ ਜਾਣੇ। ਗੁਰੂ ਬਾਰੇ ਚਾਰ ਨਿਸ਼ਚੇ ਹੋਇਆ ਕਰਦੇ ਹਨ - 1. ਮੇਰਾ ਗੁਰੂ ਚੰਗਾ ਸੰਤ ਹੈ 2. ਮੇਰਾ ਗੁਰੂ ਸਭ ਸੰਤਾਂ ਤੋਂ ਵੱਡਾ ਸੰਤ ਹੈ। 3. ਮੇਰਾ ਗੁਰੂ ਪ੍ਰਭੂ ਵਰਗਾ ਹੈ 4. ਮੇਰਾ ਗੁਰੂ ਤਾਂ ਆਪ ਸ਼ਾਖਸ਼ਾਤ ਪਾਰਬ੍ਰਹਮ ਪ੍ਰਮੇਸ਼ਰ ਹੈ।

ਜਿਸ ਦੀ ਪ੍ਰੌੜ੍ਹਤਾ ਵਿਚ ਇਸ ਤਰ੍ਹਾਂ ਕਿਹਾ ਗਿਆ ਹੈ -

*ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ,*
*ਨਾਨਕ ਭੇਦ ਨਾ ਭਾਈ।*

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥*

*ਪੰਨਾ - 442*

ਸੋ ਗੁਰੂ ਉਪਰ ਪੂਰਨ ਵਿਸ਼ਵਾਸ਼ ਕੀਤਿਆਂ ਹੀ ਗੁਰਮੰਤਰ ਉਪਰ ਵਿਸ਼ਵਾਸ਼ ਆਉਂਦਾ ਹੈ। ਜੇ ਗੁਰੂ ਉਪਰ ਵਿਸ਼ਵਾਸ਼ ਹੀ ਨਹੀਂ ਹੈ ਤਾਂ ਉਹ ਕਿਹੋ ਜਿਹਾ ਵੀ ਮੰਤਰ ਕਿਉਂ ਨਾ ਦੇਵੇ ਉਹ ਫਲੀਭੂਤ ਨਹੀਂ ਹੋਇਆ ਕਰਦਾ। ਵਿਸ਼ਵਾਸ਼, ਸ਼ਰਧਾ, faith, ਯਕੀਨ ਇਕੋ ਚੀਜ਼ ਦੇ ਵੱਖਰੇ-ਵੱਖਰੇ ਨਾਮ ਹਨ। ਇਕ ਥਾਂ ਐਸਾ ਜ਼ਿਕਰ ਆਉਂਦਾ ਹੈ, ਮਹਾਂਪੁਰਸ਼ ਦਸਿਆ ਕਰਦੇ ਹਨ ਕਿ ਇਕ ਕੋਈ ਸਿੱਧਾ ਸਾਧਾ ਪ੍ਰੇਮੀ ਸਤਿਸੰਗ ਸੁਣ ਕੇ ਬੈਰਾਗੀ ਹੋ ਗਿਆ, ਬੈਰਾਗਵਾਨ ਹੋਇਆ ਇਕ ਮਹਾਤਮਾ ਦੀ ਚਰਨ ਸ਼ਰਨ ਪਹੁੰਚਿਆ। ਉਥੇ ਹੋਰ ਵੀ ਪ੍ਰੇਮੀ ਸੇਵਾ ਕਰਿਆ ਕਰਦੇ ਸਨ। ਉਹ ਲੰਗਰ ਦੀ ਸੇਵਾ ਵੀ ਕਰਿਆ ਕਰਦੇ ਸਨ, ਆਪਣੇ ਹੀ ਪਸ਼ੂਆਂ ਦਾ ਦੁੱਧ ਲੰਗਰ ਵਿਚ ਵਰਤਿਆ ਕਰਦੇ ਸਨ। ਮੰਗਣ ਤੋਂ ਸੰਕੋਚ ਕਰਿਆ ਕਰਦੇ ਸਨ। ਮਿਹਨਤ ਕਰਕੇ ਲੰਗਰ ਚਲਾਉਂਦੇ ਸਨ। ਘਾਲ ਕਮਾਈ ਵਿਚ ਪੂਰੇ ਸਨ, ਇਨ੍ਹਾਂ ਪਾਸ ਇਸ ਪ੍ਰੇਮੀ ਨੇ ਜਾ ਕੇ ਕਿਹਾ ਕਿ ਮਹਾਰਾਜ! ਮੈਂ ਭਵਸਾਗਰ ਤੋਂ ਪਾਰ ਹੋਣਾ ਹੈ, ਮੈਨੂੰ ਕੋਈ ਜੁਗਤ ਦੱਸੋ। ਮਹਾਂਪੁਰਸ਼ਾਂ ਨੇ ਦੇਖਿਆ ਕਿ ਸਿੱਧਾ ਸਾਧਾ ਪ੍ਰੇਮੀ ਹੈ, ਪਹਿਲਾਂ ਆਪ ਨੇ ਕਿਹਾ ਕਿ ਪ੍ਰੇਮੀਆ! ਸੇਵਾ ਕਰਿਆ ਕਰ, ਪਸ਼ੂਆਂ ਨੂੰ ਸੰਭਾਲਿਆ ਕਰ, ਪਸ਼ੂਆਂ ਦਾ ਬਹੁਤ ਧਿਆਨ ਰੱਖਣਾ ਹੈ, ਸਾਫ-ਸੁਥਰੇ ਥਾਂ ਰੱਖਣੇ ਹਨ ਨਾਲ ਦੀ ਨਾਲ ਗੋਹਾ ਪਿਛੇ ਹਟਾ ਦਿਆ ਕਰ ਤੇ ਚੁੱਕ ਕੇ ਰੂੜੀ ਉਪਰ ਸੁੱਟ ਦਿਆ ਕਰ। ਪਸ਼ੂ ਗੋਹੇ ਉਪਰ ਨਾ ਬੈਠਣ, ਸਾਫ ਸੁਥਰੇ ਰੱਖੀਂ ਫੇਰ ਦੁੱਧ ਵੀ ਸੁਥਰਾ ਹੀ ਮਿਲੇਗਾ। ਜੇ ਪਸ਼ੂਆਂ ਦੇ ਗੋਹਾ ਲੱਗਿਆ ਹੋਵੇ ਤਾਂ ਦੁੱਧ ਚੋਣ ਵੇਲੇ ਪਸ਼ੂ ਪੂੰਛ ਘੁੰਮਾਉਂਦੇ ਹਨ ਤਾਂ ਪੂੰਛ ਨਾਲ ਲੱਗਿਆ ਗੋਹਾ ਦੁੱਧ ਵਿਚ ਪੈ ਜਾਂਦਾ ਹੈ। ਇਸ ਤਰ੍ਹਾਂ ਪ੍ਰਭੂ ਦੇ ਭੋਗ ਲਵਾਉਣ ਲਈ ਅਨੁਕੂਲ ਨਹੀਂ ਰਹਿੰਦਾ। ਸੋ ਉਹ ਪ੍ਰੇਮੀ ਸਾਵਧਾਨ ਹੋ ਕੇ ਸੇਵਾ ਕਰਦਾ ਰਿਹਾ। ਅੱਠ ਸਾਲ ਬੀਤ ਗਏ, ਉਸ ਨੂੰ ਕਿਸੇ ਨੇ ਪੁਛਿਆ ਕਿ ਤੈਨੂੰ ਮਹਾਂਪੁਰਸ਼ਾਂ ਨੇ ਕੋਈ ਮੰਤਰ ਦਿਤਾ ਹੈ? ਉਸ ਨੇ ਕਿਹਾ ਮੈਨੂੰ ਤਾਂ ਸੇਵਾ ਤੇ ਲਾਇਆ ਹੈ। ਉਸ ਪ੍ਰੇਮੀ ਨੇ ਕਿਹਾ ਕਿ ਪ੍ਰਭੂ ਨੂੰ ਮਿਲਣ ਵਾਸਤੇ ਗੁਰੂ ਤੋਂ ਮੰਤਰ ਲੈਣਾ ਬਹੁਤ ਜ਼ਰੂਰੀ ਹੋਇਆ ਕਰਦਾ ਹੈ। ਉਹਦਾ ਜਾਪ ਦਿਨ ਰਾਤ ਕਰਨਾ ਪੈਂਦਾ ਹੈ। ਐਨਾ ਜਾਪ ਕਰਨਾ ਚਾਹੀਦਾ ਹੈ ਕਿ ਜੇ ਉਹ ਵਿਸਰ ਜਾਵੇ ਤਾਂ ਐਉਂ ਸਮਝੇ ਕਿ ਮੈਂ ਹੁਣ ਜਿਉਂਦਾ ਨਹੀਂ ਰਿਹਾ। ਐਸੀ ਅਵਸਥਾ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਕੀਤਾ ਹੈ -

*ਧਾਰਨਾ - ਨਾ ਜੀਵੇ,*
*ਮੱਛੀ ਨੀਰ ਤੋਂ ਬਿਨਾਂ - 2*

*ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ*
*ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ*
*ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ*
*ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ॥*

*ਪੰਨਾ - 708*

ਇਹ ਬਚਨ ਸੁਣ ਕੇ ਉਹ ਪ੍ਰੇਮੀ ਜਗਿਆਸੂ ਜਿਸ ਦਾ ਸੁਭਾਅ ਪੂਰੀ ਤਰ੍ਹਾਂ ਛਲ ਕਪਟ ਰਹਿਤ, ਤਰਕ ਤੋਂ ਰਹਿਤ ਗੁਰੂ ਬਚਨਾਂ ਨੂੰ ਪੂਰੀ ਤਰ੍ਹਾਂ ਮੰਨਣ ਵਾਲਾ ਸੀ ਉਹ ਆਪਣੇ ਗੁਰੂ ਪਾਸ ਗਿਆ। ਉਨ੍ਹਾਂ ਕੋਲ ਬੇਨਤੀ ਕੀਤੀ ਕਿ ਮਹਾਰਾਜ! ਆਪ ਦੇ ਹੁਕਮ ਦੇ ਮੁਤਾਬਿਕ ਅੱਜ ਮੈਨੂੰ ਅੱਠ ਸਾਲ ਹੋ ਗਏ ਹਨ। ਪਸ਼ੂਆਂ ਦੀ ਸੇਵਾ ਕਰ ਰਿਹਾ ਹਾਂ। ਆਪ ਦੀ ਹੀ ਮਿਹਰ ਹੈ ਕਿ ਇਹ ਸੇਵਾ ਆਪ ਨੇ ਬਖਸ਼ੀ ਹੋਈ ਹੈ ਪਰ ਮਹਾਰਾਜ! ਮੇਰੇ ਗੁਰਭਾਈਆਂ ਨੇ ਦੱਸਿਆ ਕਿ ਤੈਨੂੰ ਅਜੇ ਗੁਰਮੰਤ੍ਰ ਨਹੀਂ ਮਿਲਿਆ ਜਿਸ ਦਾ ਜਾਪ ਕਰਕੇ ਪ੍ਰਮੇਸ਼ਰ ਤਕ ਪਹੁੰਚਿਆ ਜਾਂਦਾ ਹੈ। ਭਾਵੇਂ ਪ੍ਰਭੂ ਤਕ ਗੁਰੂ ਦੀ ਕ੍ਰਿਪਾ ਨਾਲ ਹੀ ਪਹੁੰਚਿਆ ਜਾਂਦਾ ਹੈ, ਆਪਣੇ ਬਲ ਨਾਲ ਤਾਂ ਅੱਜ ਤਕ ਕੋਈ ਨਹੀਂ ਪਹੁੰਚ ਸਕਿਆ। ਆਪ ਕ੍ਰਿਪਾ ਕਰਕੇ ਗੁਰਮੰਤ੍ਰ ਬਖਸ਼ੋ ਅਤੇ ਜਪਣ ਦੀ ਵਿਧੀ ਵੀ ਦੱਸ ਦਿਓ। ਉਸ ਵੇਲੇ ਸਮਾਂ ਸ਼ਾਮ ਦਾ ਸੀ, ਸੂਰਜ ਡੁੱਬ ਰਿਹਾ ਸੀ ਅਜਿਹੇ ਸਮੇਂ ਅਸੀਂ ਰਹਿਰਾਸ ਸਾਹਿਬ ਦਾ ਪਾਠ ਕਰਦੇ ਹਾਂ, ਹਿੰਦੂ ਸੰਧਿਆ ਪੜ੍ਹਦੇ ਹਨ, ਮੁਸਲਮਾਨ ਸ਼ਾਮ ਦੀ ਨਮਾਜ਼ ਪੜ੍ਹਦੇ ਹਨ। ਮਹਾਂਪੁਰਸ਼ਾਂ ਨੇ ਕਿਹਾ ਕਿ ਗੁਰਮੰਤ੍ਰ ਲੈਣ ਲਈ ਤੂੰ ਸਵੇਰੇ 8.00 ਵਜੇ ਅਸਾਡੇ ਪਾਸ ਆਈਂ ਅਤੇ ਇਹ ਪ੍ਰੇਮੀ ਬਹੁਤ ਖੁਸ਼ ਹੋਇਆ। ਆਪਣੇ ਸੇਵਾ ਖੇਤਰ ਵਿਚ ਪਹੁੰਚ ਗਿਆ। ਰਾਤ ਨੂੰ ਨੀਂਦ ਨਾ ਆਵੇ ਕਿ ਕਿਤੇ ਲੇਟ ਨਾ ਹੋ ਜਾਵਾਂ। ਰਾਤ ਨੂੰ ਹੀ ਅੱਧਾ ਕੰਮ ਮੁਕਾ ਲਿਆ, ਗੋਹਾ ਵਗੈਰਾ ਰੂੜੀ ਤੇ ਸੁੱਟ ਆਇਆ। ਸੁਭਾਵਿਕ ਹੀ ਉਸ ਨੇ ਕਿਸੇ ਨੂੰ ਸਮਾਂ

ਪੁਛਿਆ। ਉਸ ਨੇ ਕਿਹਾ ਕਿ ਅੱਠ ਵੱਜਣ ਵਾਲੇ ਹਨ। ਉਹ ਕਾਹਲੀ ਨਾਲ ਉਸੇ ਤਰ੍ਹਾਂ ਲਿਬੜਿਆ ਹੋਇਆ ਆਪਣੇ ਗੁਰੂ ਵਲ ਨੂੰ ਚਲ ਪਿਆ। ਉਧਰ ਕੁਝ ਇਸ ਤਰ੍ਹਾਂ ਹੋਇਆ ਕਿ ਸ਼ਾਮ ਨੂੰ ਰਾਜੇ ਦੇ ਅਹਿਲਕਾਰ ਆਏ ਉਨ੍ਹਾਂ ਨੇ ਸੰਤਾਂ ਨੂੰ ਕਿਹਾ ਕਿ ਠੀਕ ਅੱਠ ਵਜੇ ਇਸੇ ਅਸਥਾਨ ਤੇ ਅਸਾਡੇ ਰਾਜਾ ਸਾਹਿਬ ਤੁਹਾਡੇ ਦਰਸ਼ਨ ਕਰਨਾ ਲੋਚਦੇ ਹਨ। ਮਹਾਂਪੁਰਸ਼ਾਂ ਨੇ ਕਿਹਾ, "ਭਾਈ! ਰਾਜਿਆਂ ਨੇ ਅਸਾਡੇ ਕੋਲ ਆ ਕੇ ਕੀ ਕਰਨਾ ਹੈ ਅਸੀਂ ਤਾਂ ਵਿਰੱਕਤ ਸਾਧੂ ਹਾਂ। ਸਾਡੇ ਕੋਲ ਤਾਂ ਆਹੀ ਇਕ ਪੈਣ ਵਾਸਤੇ ਸਫ ਹੈ ਜੇ ਤੁਹਾਡਾ ਰਾਜਾ ਸਫ ਤੇ ਬੈਠ ਜਾਵੇ ਤਾਂ ਅੱਠ ਵਜੇ ਆ ਜਾਵੇ।" ਉਨ੍ਹਾਂ ਕਰਮਚਾਰੀਆਂ ਨੇ ਕਿਹਾ ਕਿ ਭਾਵੇਂ ਮਹਾਰਾਜ ਅਸਾਡੇ ਸਫ ਤੇ ਵੀ ਬੈਠ ਸਕਦੇ ਹਨ ਪਰ ਅਸੀਂ ਚਾਹੁੰਦੇ ਹਾਂ ਕਿ ਅਸੀਂ ਕੁਝ ਵਿਛਾਈ ਕਰ ਦੇਈਏ। ਉਹ ਅੰਮ੍ਰਿਤ ਵੇਲੇ ਹੀ ਬਹੁਤ ਵਧੀਆ ਗਲੀਚੇ ਲੈ ਆਏ ਅਤੇ ਵਿਛਾਈ ਕਰ ਦਿਤੀ। ਰਾਜੇ ਦੇ ਆਉਣ ਤੋਂ ਪਹਿਲਾਂ ਉਹ ਪ੍ਰੇਮੀ ਆਪਣੇ ਪਸ਼ੂਆਂ ਦੀ ਸੰਭਾਲ ਕਰਕੇ ਉਸੇ ਤਰ੍ਹਾਂ ਲਿਬੜੇ ਹੋਏ ਪੈਰਾਂ ਨਾਲ ਮੰਤਰ ਲੈਣ ਚਲ ਪਿਆ। ਮਹਾਤਮਾ ਕੁਟੀਆ ਦੇ ਦਰਵਾਜ਼ੇ ਅੱਗੇ ਸਹਿਜ ਨਾਲ ਹੀ ਖੜ੍ਹੇ ਸਨ, ਉਨ੍ਹਾਂ ਨੇ ਜਦੋਂ ਇਸ ਨੂੰ ਦੇਖਿਆ ਤਾਂ ਉਚਾ ਹੱਥ ਕਰਕੇ ਕਹਿਣ ਲੱਗੇ, "ਪਰ੍ਹੇ-ਪਰ੍ਹੇ-ਪਰ੍ਹੇ।" ਜਿਸ ਦਾ ਇਹ ਮਤਲਬ ਸੀ ਕਿ ਤੇਰੇ ਪੈਰ ਲਿਬੜੇ ਹੋਏ ਹਨ ਇਸ ਗਲੀਚੇ ਤੋਂ ਪਰ੍ਹੇ ਰਹਿ। ਉਹ ਪ੍ਰੇਮੀ ਬਹੁਤ ਖੁਸ਼ ਹੋਇਆ ਅਤੇ ਸਮਝ ਲਿਆ ਕਿ ਮੈਨੂੰ ਗੁਰਮੰਤ੍ਰ ਮਿਲ ਗਿਆ। ਉਸੇ ਸਮੇਂ ਤੋਂ ਉਸ ਨੇ ਰਟ ਲਾ ਦਿਤੀ। ਐਨਾ ਜਾਪ ਕੀਤਾ ਕਿ ਉਹ ਜਾਪ ਉਸ ਦੇ ਅੰਦਰ ਉਤਰ ਗਿਆ, ਹੱਥੀਂ ਪੈਰੀ ਸੇਵਾ ਕੀਤੀ ਪਰ ਚਿੱਤ ਨਾਲ ਸਦਾ ਹੀ ਪਰ੍ਹੇ-ਪਰ੍ਹੇ ਕਰਦਾ ਰਿਹਾ। ਐਨਾ ਜਾਪ ਪ੍ਰਬਲ ਹੋ ਗਿਆ ਕਿ ਆਪਣੇ ਅੰਦਰੋਂ ਪਰ੍ਹੇ-ਪਰ੍ਹੇ ਹੀ ਸੁਣਨ ਲੱਗਿਆ। ਹਵਾ ਵਿਚ ਵੀ, ਪੰਛੀ ਜਦੋਂ ਆਪਣੇ ਗੀਤ ਗਾਉਣ ਤਾਂ ਉਸ ਨੂੰ ਪਰ੍ਹੇ-ਪਰ੍ਹੇ ਦੀ ਅਵਾਜ਼ ਹੀ ਸੁਣਿਆ ਕਰੇ। ਦੁਬਾਰਾ ਨਾ ਹੀ ਸੰਤਾਂ ਨੇ ਉਸ ਨੂੰ ਬੁਲਾਇਆ, ਨਾ ਹੀ ਉਸ ਨੂੰ ਸ਼ੱਕ ਪਿਆ ਕਿ ਮੇਰਾ ਮੰਤਰ ਗਲਤ ਹੈ ਅਤੇ ਪਰ੍ਹੇ-ਪਰ੍ਹੇ ਨੂੰ ਹੀ ਪੂਰਾ ਪਾਰਬ੍ਰਹਮ ਪ੍ਰਮੇਸ਼ਰ ਸਮਝ ਰਿਹਾ ਸੀ। ਇਕ ਦਿਨ ਅਜਿਹਾ ਹੋਇਆ ਕਿ ਮਹਾਂਪੁਰਸ਼ਾਂ ਨੇ ਉਸ ਨੂੰ ਬੁਲਾਇਆ ਅਤੇ ਕਿਹਾ ਕਿ 40 ਮੀਲ ਤੇ ਅਸਾਡੇ ਇਕ ਮਿਤਰ ਰਹਿੰਦੇ ਨੇ ਤੂੰ ਉਨ੍ਹਾਂ ਨੂੰ ਇਹ ਚਿੱਠੀ ਦੇ ਕੇ ਆਈਂ ਅਤੇ ਇਸ ਚਿੱਠੀ ਦਾ ਜਵਾਬ ਸ਼ੀਘਰ ਤੋਂ ਸ਼ੀਘਰ ਲੈ ਕੇ ਆਈ। ਰੁਕਣਾ ਨਹੀਂ ਬਸ ਥੋੜ੍ਹਾ ਬਹੁਤ ਅਰਾਮ ਕਰਕੇ ਉਦੋਂ ਹੀ ਵਾਪਸ ਆ ਜਾਣਾ ਹੈ। ਉਸ ਨੇ ਮਹਾਂਪੁਰਸ਼ਾਂ ਤੋਂ ਪੱਤਰ ਫੜ ਲਿਆ ਆਪਣੀ ਕੁਟੀਆ ਵਿਚ ਚਲਿਆ ਗਿਆ ਅਤੇ ਉਸ ਦੇ ਮਨ ਵਿਚ ਫੁਰਨਾ ਆਇਆ ਕਿ ਜੋ ਮੈਨੂੰ ਪਰ੍ਹੇ-ਪਰ੍ਹੇ ਦਾ ਅਨੰਦ ਆ ਰਿਹਾ ਹੈ। ਐਸਾ ਨਾ ਹੋਵੇ ਕਿ ਇਹ ਅਨੰਦ ਮੈਨੂੰ ਵਿਸਰ ਜਾਵੇ ਅਤੇ ਮੈਂ ਕਿਤੇ ਪਰ੍ਹੇ-ਪਰ੍ਹੇ ਨੂੰ ਭੁੱਲ ਜਾਵਾਂ। ਉਸ ਦੀ ਚਿੰਤਾ ਨੂੰ ਵੇਖ ਕੇ ਇਕ ਦਮ ਪ੍ਰਕਾਸ਼ ਹੋ ਗਿਆ, ਪ੍ਰਭੂ ਦਾ ਸ਼ਾਖਸ਼ਾਤ ਰੂਪ ਸਾਮ੍ਹਣੇ ਆ ਗਿਆ। ਉਨ੍ਹਾਂ ਨੇ ਕਿਹਾ, "ਮੇਰੇ ਪਿਆਰੇ ਭਗਤ! ਚਿੱਠੀ ਮੈਨੂੰ ਦੇਹ, ਮੈਂ ਹੁਣੇ ਜਵਾਬ ਲਿਆ ਦੇਵਾਂਗਾ। ਉਸ ਨੇ ਬੜੇ ਆਦਰ ਸਤਿਕਾਰ ਨਾਲ ਬੇਨਤੀ ਕੀਤੀ ਕਿ ਮਹਾਰਾਜ! ਮੈਂ ਪਹਿਲਾਂ ਤਾਂ ਕਦੇ ਤੁਹਾਨੂੰ ਦੇਖਿਆ ਨਹੀਂ ਹੈ, ਆਪ ਐਡੀ ਦੂਰ ਕਿਵੇਂ ਜਾਵੋਂਗੇ?" ਕਹਿਣ ਲੱਗੇ, "ਮੈਂ ਪਿਆਰ ਦੇ ਵਸ ਹਾਂ, ਮੈਂ ਮੰਤ੍ਰਾਂ ਤੋਂ ਉਪਰ ਹਾਂ ਮੈਂ ਤਾਂ ਭਾਵਨਾ ਦੇਖਦਾ ਹਾਂ, ਮੈਂ ਤਾਂ ਤੇਰੀ ਅਤੁੱਟ ਲਗਨ ਦੇਖ ਕੇ ਤੈਨੂੰ ਆਪਣਾ ਸਰਗੁਣ ਸਰੂਪ ਦਿਖਾਇਆ ਹੈ। ਸਾਰਾ ਸੰਸਾਰ ਮੇਰੇ ਤੋਂ ਕੁਝ ਨਾ ਕੁਝ ਮੰਗਦਾ ਹੀ ਰਹਿੰਦਾ ਹੈ ਅਤੇ ਮੈਂ ਸਭ ਨੂੰ ਦਿੰਦਾ ਹੀ ਰਹਿੰਦਾ ਹਾਂ। ਪਰ ਇਹ ਸੰਸਾਰ ਪਰਤ ਕੇ ਮੇਰੇ ਨਾਲ ਪਿਆਰ ਨਹੀਂ ਕਰਦਾ, ਮੇਰੀ ਦਿਤੀਆਂ ਹੋਈਆਂ ਦਾਤਾਂ ਵਿਚ ਪਰਚ ਕੇ ਮੈਨੂੰ ਪੂਰੀ ਤਰ੍ਹਾਂ ਨਾਲ ਵਿਸਾਰ ਦਿੰਦਾ ਹੈ ਜਿਵੇਂ ਕਿ ਫੁਰਮਾਨ ਹੈ -

*ਦਾਤਿ ਪਿਆਰੀ ਵਿਸਰਿਆ ਦਾਤਾਰਾ।।*
*ਜਾਣੈ ਨਾਹੀ ਮਰਣੁ ਵਿਚਾਰਾ॥*

*ਪੰਨਾ - 676*

ਪ੍ਰਭੂ ਨੇ ਪੱਤਰ ਫੜ ਲਿਆ ਅਤੇ ਥੋੜ੍ਹੀ ਹੀ ਦੇਰ ਪਿਛੋਂ ਉਸ ਮਹਾਤਮਾ ਤੋਂ ਚਿੱਠੀ ਲਿਖਵਾ ਕੇ ਲੈ ਆਏ ਤੇ ਇਸ ਨੂੰ ਆ ਕੇ ਦੇ ਦਿਤੀ।

ਇਹ ਪ੍ਰੇਮੀ ਬਹੁਤ ਹੀ ਪ੍ਰਸੰਨ ਹੋਇਆ ਕਿ ਇਹ ਪਰ੍ਹੇ-ਪਰ੍ਹੇ ਜੀ ਕਿੰਨੇ ਚੰਗੇ ਹਨ, ਜੋ ਕੰਮ ਮੈਂ ਕਰਨਾ ਸੀ, ਉਹ ਆਪ ਕਰਕੇ ਆਏ ਹਨ। ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ -

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ॥*

*ਪੰਨਾ - 638*

ਸੋ ਚਿੱਠੀ ਲੈ ਕੇ ਮਹਾਂਪੁਰਸ਼ਾਂ ਦੇ ਪਾਸ ਫੇਰ ਚਲਿਆ ਗਿਆ। ਮਹਾਂਪੁਰਸ਼ਾਂ ਨੇ ਅਚਾਨਕ ਹੀ ਉਸ ਨੂੰ ਕਿਹਾ ਕਿ ਕਾਫੀ ਸਮਾਂ ਹੋਇਆ, ਤੈਨੂੰ ਚਿੱਠੀ ਦੇ ਕੇ ਕਿਹਾ ਸੀ ਕਿ ਜਵਾਬ ਲੈ ਕੇ ਆਈਂ। ਤੂੰ ਅਜੇ ਜਾਣ ਵਾਸਤੇ ਤਿਆਰ ਹੀ ਨਹੀਂ ਹੋਇਆ? ਉਸ ਨੇ ਕਿਹਾ ਕਿ ਮਹਾਰਾਜ! ਆਪ ਦੇ ਪੱਤਰ ਦਾ ਉਤਰ ਮੇਰੇ ਪਾਸ ਹੈ। ਕ੍ਰਿਪਾ ਕਰਕੇ ਇਸ ਨੂੰ ਵਾਚ ਲਵੋ। ਮਹਾਤਮਾ ਨੇ ਚਿੱਠੀ ਫੜੀ ਤੇ ਹੈਰਾਨ ਹੋ ਗਏ ਕਿ 40 ਮੀਲ ਤੇ ਮਹਾਂਪੁਰਸ਼ ਰਹਿੰਦੇ ਹਨ। 40 ਮੀਲ ਜਾਣ ਨੂੰ 12 ਘੰਟੇ ਲਗਦੇ ਹਨ ਅਤੇ 12 ਘੰਟੇ ਆਉਣ ਨੂੰ ਲਗਦੇ ਹਨ। ਬਾਕੀ ਕੁਝ ਛਕਣਾ ਛਕਾਉਣਾ, ਅਰਾਮ ਵੀ ਕਰਨਾ ਹੈ, ਇਹ ਐਨੀ ਛੇਤੀ ਕਿਵੇਂ ਚਿੱਠੀ ਲੈ ਆਇਆ। ਕਹਿਣ ਲੱਗੇ, "ਪ੍ਰੇਮੀਆ! ਇਹ ਗੱਲ ਮੇਰੀ ਸਮਝ ਤੋਂ ਪਰ੍ਹੇ ਹੈ, ਤੂੰ ਕਿਵੇਂ ਐਨੀ ਛੇਤੀ ਜਵਾਬ ਲੈ ਆਇਆ।" ਉਸ ਨੇ ਕਿਹਾ ਕਿ ਮੈਂ ਤਾਂ ਜਵਾਬ ਨਹੀਂ ਲੈ ਕੇ ਆਇਆ, ਮੇਰੇ ਪਰ੍ਹੇ-ਪਰ੍ਹੇ ਜੀ ਲੈ ਕੇ ਆਏ ਹਨ। ਉਹ ਮਹਾਤਮਾ ਹੈਰਾਨ ਹੋ ਗਏ ਕਿ ਤੂੰ ਪਰ੍ਹੇ-ਪਰ੍ਹੇ ਕਿਸਨੂੰ ਕਹਿੰਦਾ ਹੈਂ? ਉਸ ਨੇ ਕਿਹਾ

ਕਿ ਮਹਾਰਾਜ! ਆਪ ਨੇ ਹੀ ਮੈਨੂੰ ਪਰ੍ਹੇ-ਪਰ੍ਹੇ ਦਾ ਮੰਤਰ ਦਿਤਾ ਸੀ। ਮਹਾਂਪੁਰਸ਼ਾਂ ਦੀ ਯਾਦ ਵਿਚੋਂ ਵਿਸਰ ਚੁਕਿਆ ਸੀ। ਤਾਂ ਉਸ ਨੇ ਕਿਹਾ ਹੈ ਕਿ ਇਹ ਉਸ ਦਿਨ ਦੀ ਗੱਲ ਹੈ ਜਦੋਂ ਤੁਸੀਂ ਅੱਠ ਵਜੇ ਸਵੇਰੇ ਮੈਨੂੰ ਮੰਤਰ ਦੇਣ ਲਈ ਬੁਲਾਇਆ ਸੀ। ਉਸੇ ਦਿਨ ਰਾਜੇ ਨੇ ਵੀ ਆਪ ਪਾਸ ਆਉਣਾ ਸੀ। ਆਪ ਕੁਟੀਆ ਦੇ ਬਾਹਰ ਖੜ੍ਹੇ ਮੇਰਾ ਇੰਤਜ਼ਾਰ ਕਰ ਰਹੇ ਸੀ ਤੇ ਮੈਂ ਕਾਹਲੀ ਨਾਲ ਵਿਛੇ ਹੋਏ ਗਲੀਚਿਆਂ (**carpets**) ਦੇ ਨੇੜੇ ਜਦੋਂ ਪਹੁੰਚਿਆ ਤਾਂ ਆਪ ਨੇ ਬਹੁਤ ਹੀ ਕ੍ਰਿਪਾ ਕਰਕੇ ਮੈਨੂੰ ਮੰਤਰ ਦਿਤਾ - ਪਰ੍ਹੇ-ਪਰ੍ਹੇ-ਪਰ੍ਹੇ। ਮਹਾਂਪੁਰਸ਼ ਹੈਰਾਨ ਹੋ ਗਏ ਕਿ ਇਹ ਕੀ ਗੱਲ ਹੋਈ। ਆਪ ਉਸ ਪ੍ਰੇਮੀ ਨੂੰ ਵਿਦਾ ਕਰਕੇ ਇਸ ਗੱਲ ਦਾ ਨਿਰਣਾ ਕਰਨ ਲਈ ਸਮਾਧੀ ਸਥਿਤ ਹੋ ਗਏ ਅਤੇ ਪ੍ਰਭੂ ਦੀ ਆਰਾਧਣਾ ਕੀਤੀ। ਆਪ ਹਰ ਸਮੇਂ ਪ੍ਰਭੂ ਦਾ ਨਿਰਗੁਣ ਸਰੂਪ ਪਰੀਪੂਰਨ ਅਨੁਭਵ ਕਰਦੇ ਸਨ। ਉਸ ਵੇਲੇ ਪ੍ਰਭੂ ਵਲੋਂ ਅਕਾਸ਼ਬਾਣੀ ਹੋਈ ਕਿ ਮਹਾਂਪੁਰਸ਼ੋ! ਹੈਰਾਨ ਨਾ ਹੋਵੋ, ਇਹ ਜੋ ਪਰ੍ਹੇ-ਪਰ੍ਹੇ ਨਾਮ ਹੈ, ਇਹ ਮੇਰਾ ਹੀ ਨਾਮ ਹੈ ਕਿਉਂਕਿ ਮੈਂ ਸਾਰੇ ਦ੍ਰਿਸ਼ਟਮਾਨ, ਸਾਰੀ ਪ੍ਰਕ੍ਰਿਤੀ, ਹਰ ਚੀਜ਼ ਤੋਂ ਪਰ੍ਹੇ ਹਾਂ, ਪਰ੍ਹੇ ਤੋਂ ਵੀ ਮੈਂ ਪਰ੍ਹੇ ਹਾਂ ਅਤੇ ਮੇਰਾ ਨਾਮ ਅਪਰੰਪਰ ਪਾਰਬ੍ਰਹਮ ਪ੍ਰਮੇਸ਼ਰ ਹੈ। ਸੋ ਇਸ ਨੇ ਮੇਰੇ ਅਪਰੰਪਰ ਨਾਮ ਦੀ ਆਰਾਧਨਾ ਕੀਤੀ ਹੈ। ਮੈਂ ਆਪਣੇ ਭਗਤਾਂ ਦੀ ਭਾਵਨਾ ਭਰੀ ਅਰਾਧਨਾ ਦੇਖ ਕੇ ਸਦਾ ਹੀ ਖੁਸ਼ ਹੁੰਦਾ ਹਾਂ। ਸੋ ਮੈਂ ਇਸ ਦੇ ਪਿਆਰ ਵਸ ਹੋਇਆ ਹੋਇਆ ਆਪ ਹੀ ਚਿੱਠੀ ਦਾ ਉਤਰ ਲੈ ਕੇ ਆਇਆ ਸੀ। ਇਹ ਪੂਰਨ ਅਨੁਭਵੀ ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਉਚਾਰੀਆਂ ਕਥਾਵਾਂ ਹਨ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਉਪਰ ਪੂਰਨ ਭਰੋਸਾ ਕਰਕੇ ਜਗਿਆਸੂ ਪਾਰ ਲੰਘ ਜਾਂਦਾ ਹੈ। ਸੋ ਐਸੇ ਗੁਰੂ ਦੀ ਸਿਫਤ ਜੋ ਨਹੀਂ ਕਰਦੇ ਅਤੇ ਆਪਣੇ ਗੁਰੂ ਨੂੰ ਗੁਪਤ ਕਰਕੇ ਆਪਣੇ ਆਪ ਦਾ ਦਿਖਾਵਾ ਕਰਦਾ ਹੈ ਕਿ ਜੋ ਮੈਂ ਹਾਂ, ਮੇਰਾ ਗੁਰੂ ਕੁਝ ਵੀ ਨਹੀਂ ਹੈ, ਉਹ ਬੰਦਾ ਰੂਹਾਨੀ ਮਾਰਗ ਤੇ ਚਲ ਹੀ ਨਹੀਂ ਸਕਿਆ ਕਰਦਾ।

ਬ੍ਰਹਮਗਿਆਨੀ ਸੰਤ ਗੁਰਬਚਨ ਸਿੰਘ ਜੀ ਨੇ ਆਪਣੇ ਗੁਰਮੁਖ ਪ੍ਰਕਾਸ਼ ਗ੍ਰੰਥ ਵਿਚ ਸੱਚੀ ਟਕਸਾਲ ਦਾ ਸ਼ਬਦ ਘੜਨ ਦੀ ਕੁਝ ਸਮੱਗਰੀ ਦਿਤੀ ਹੈ। ਜਿਸ ਵਿਚ ਅੰਕਿਤ ਹੈ -

***ਅਪੁਨੇ ਗੁਣ ਕੀ ਸਿਫਤ ਨਾ ਕਰਨੰ॥***
***ਧਰਮ ਨਿਜ ਜਸੁ ਹੇਤ ਨ ਬਰਨੰ।।***

ਮਿਹਨਤ ਕਰਨ ਤੇ ਆਦਮੀ ਵਿਚ ਬਹੁਤ ਸਾਰੇ ਗੁਣ ਆ ਜਾਂਦੇ ਹਨ। ਉਨ੍ਹਾਂ ਗੁਣਾਂ ਦੀ ਸ਼ਲਾਘਾ ਸੂਝਵਾਨ ਪੁਰਸ਼ ਕਰਦੇ ਹੀ ਰਹਿੰਦੇ ਹਨ। ਗੁਣਵਾਨ ਪੁਰਸ਼ ਆਪਣੇ ਗੁਣਾਂ ਦੀ ਸਿਫਤ ਸੁਣ ਕੇ ਨਿਮਰਤਾ ਭਾਵ ਵਿਚ ਆ ਜਾਂਦਾ ਹੈ ਅਤੇ ਉਸ ਦਾ ਮਤ ਇਹ ਹੋਇਆ ਕਰਦਾ ਹੈ ਕਿ ਮੇਰਾ ਤਾਂ ਇਹ ਐਵੇਂ ਹੀ ਨਾਮ ਲੈਂਦੇ ਹਨ, ਇਹ ਤਾਂ ਗੁਰੂ ਮਹਾਰਾਜ ਦੀ ਕ੍ਰਿਪਾ ਹੈ ਜਿਸ ਨੇ ਮੈਨੂੰ ਬੋਲਣ ਦੀ ਸ਼ਕਤੀ ਦਿਤੀ ਹੈ, ਜਿਸ ਨੇ ਮੈਨੂੰ ਸੋਹਣਾ ਦਿਮਾਗ ਦਿਤਾ ਹੈ, ਜਿਸ ਨੇ ਮੈਨੂੰ ਵਿਦਿਆ ਦਿਤੀ ਹੈ ਇਹ ਸਿਫਤ ਤਾਂ ਉਸ ਦੀ ਹੀ ਕਰਨੀ ਚਾਹੀਦੀ ਹੈ, ਮੇਰੀ ਨਹੀਂ ਕਰਨੀ ਚਾਹੀਦੀ।

ਸਾਧਸੰਗਤ ਜੀ! ਜੋ ਆਪਣੇ ਗੁਣ ਦੀ ਆਪ ਸਿਫਤ ਕਰਦਾ ਹੈ ਉਹ ਆਤਮ ਮਾਰਗ ਦਾ ਪਾਂਧੀ ਨਹੀਂ ਹੋ ਸਕਦਾ। ਉਹ ਦੁਨੀਆਂ ਨੂੰ ਤਾਂ ਧੋਖਾ ਦੇ ਸਕਦਾ ਹੈ ਪਰ ਪ੍ਰਮੇਸ਼ਰ ਨੂੰ ਇਹ ਗੱਲ ਨਹੀਂ ਭਾਉਂਦੀ। ਅੱਜਕਲ੍ਹ ਆਮ ਦੇਖਿਆ ਗਿਆ ਹੈ ਕਿ ਆਮ ਸੰਸਾਰੀ ਬੰਦੇ ਆਪਣੀ ਸਿਫਤਾਂ ਕਰਦੇ ਨਹੀਂ ਥਕਦੇ। ਇਲੈਕਸ਼ਨਾਂ ਵਿਚ ਦੇਖਿਆ ਗਿਆ ਹੈ ਕਿ ਇਲੈਕਸ਼ਨਾਂ ਲੜਨ ਵਾਲੇ ਆਪਣੀਆਂ ਭਰਪੂਰ ਸਿਫਤਾਂ ਕਰਦੇ ਹਨ ਭਾਵੇਂ ਉਨ੍ਹਾਂ ਨੇ ਆਪਣੇ ਸ਼ਾਸ਼ਨ ਕਾਲ ਵਿਚ ਕਿੰਨੀਆਂ ਹੀ ਰਿਸ਼ਵਤਾਂ ਕਿਉਂ ਨਾ ਲਈਆਂ ਹੋਣ, ਕਿੰਨੇ ਹੀ ਗਲਤ ਕੰਮ ਕਿਉਂ ਨਾ ਕੀਤੇ ਹੋਣ। ਉਹ ਸਾਰੀਆਂ ਗੱਲਾਂ ਨੂੰ ਇਕ ਪਾਸੇ ਰੱਖ ਕੇ ਆਪਣੇ ਮੂੰਹ ਨਾਲ ਆਪਣੀ ਸਿਫਤ ਕਰਦੇ ਹਨ। ਪਹਿਲੇ ਜ਼ਮਾਨਿਆਂ ਵਿਚ ਜੇ ਕੋਈ ਆਪਣੇ ਮੂੰਹੋਂ ਆਪਣੀਆਂ ਸਿਫਤਾਂ ਕਰਦਾ ਸੀ ਤਾਂ ਉਸ ਨੂੰ ਮੀਆਂ ਮਿੱਠੂ ਕਿਹਾ ਜਾਂਦਾ ਸੀ ਪਰ ਅੱਜਕਲ੍ਹ ਆਮ ਰਿਵਾਜ ਹੋ ਗਿਆ ਹੈ ਕਿ ਹਰ ਕੋਈ ਆਪਣੀ ਮਹਿਮਾ ਕਰਦਾ ਹੈ। ਇਥੋਂ ਤਕ ਕਿ ਸਾਧੂ ਵੀ ਆਪਣੀ ਮਹਿਮਾ ਬਹੁਤ ਕਰਦੇ ਹਨ। ਖੋਲ੍ਹ-ਖੋਲ੍ਹ ਕੇ ਆਪਣੇ ਕੌਤਕਾਂ ਬਾਰੇ ਦਸਦੇ ਹਨ, ਸਹਿਜ ਸੁਭਾਅ ਕੋਈ ਬਚਨ ਹੋ ਜਾਣਾ ਉਹ ਹੋਰ ਗੱਲ ਹੈ ਪਰ ਆਪਣੀਆਂ ਸ਼ਕਤੀਆਂ ਵਰਣਨ ਕਰਨਾ ਸ਼ੋਭਾ ਨਹੀਂ ਦਿੰਦਾ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ -

***ਭਾਉ ਭਗਤਿ ਪਰਵਾਨ ਹੈ***
***ਜੱਗ ਹੋਮ ਤੇ ਪੁਰਬ ਕਮਾਈ।***
***ਕਰਕੇ ਨੀਚ ਸਦਾਵਣਾ***
***ਤਾਂ ਪ੍ਰਭੁ ਲੇਖੈ ਅੰਦਰ ਪਾਈ।***
***ਭਾਈ ਗੁਰਦਾਸ ਜੀ, ਵਾਰ 1/16***
***ਬਿਨੁ ਗੁਰ ਗੁਣ ਨ ਜਾਪਨੀ***
***ਬਿਨੁ ਗੁਣ ਭਗਤਿ ਨ ਹੋਇ॥***
***ਪੰਨਾ - 67***

ਜਦੋਂ ਆਦਮੀ ਆਪਣੇ ਗੁਣਾਂ ਦੀ ਸਿਫਤ ਕਰਦਾ ਹੈ ਤਾਂ ਉਸ ਨੂੰ ਬਿਲਕੁਲ ਭੁੱਲਿਆ ਹੋਇਆ ਹੁੰਦਾ ਹੈ ਕਿ ਸਾਰੇ ਗੁਣ ਤਾਂ ਵਾਹਿਗੁਰੂ ਜੀ ਵਿਚ ਹੀ ਹਨ ਜਿਸ ਉਪਰ ਉਹ ਬਖਸ਼ਿਸ਼ ਕਰਦੇ ਹਨ ਉਸ ਨੂੰ ਹੀ ਉਹ ਗੁਣ ਪ੍ਰਾਪਤ ਹੁੰਦੇ ਹਨ -

***ਨਾਨਕ ਨਿਰਗੁਣਿ ਗੁਣੁ ਕਰੇ***
***ਗੁਣਵੰਤਿਆ ਗੁਣੁ ਦੇ॥ ਪੰਨਾ - 2***

ਉਹ ਸਾਰੇ ਗੁਣਾਂ ਦਾ ਭੰਡਾਰ ਹੈ। ਕਹਿਣਾ ਤਾਂ ਇਹ ਚਾਹੀਦਾ ਤਾਂ ਇਹ ਹੈ ਕਿ ਵਾਹਿਗੁਰੂ ਤੇਰੀ ਅਪਾਰ ਕ੍ਰਿਪਾ ਹੈ ਕਿ ਤੂੰ ਮੈਨੂੰ ਗੁਣ ਬਖਸ਼ੇ ਹਨ ਜਿਸ ਨਾਲ ਸੰਸਾਰ ਮੇਰੀ ਪ੍ਰਸੰਸਾ ਕਰ ਰਿਹਾ ਹੈ, ਤੂੰ ਹੀ ਮੈਨੂੰ ਸੋਝੀ ਦਿੰਦਾ ਹੈਂ। ਸਾਰੀਆਂ ਚੀਜ਼ਾਂ ਵਿਚੋਂ ਜੇ ਇਕ ਵੀ ਚੀਜ਼ ਖੋਹ ਲਵੇਂ ਤਾਂ ਬੰਦਾ ਕਿਸੇ ਕੰਮ ਦਾ ਨਹੀਂ ਰਹਿੰਦਾ। ਜੇ

ਕਿਸੇ ਨੂੰ ਅਧਰੰਗ ਹੋ ਜਾਵੇ ਤਾਂ ਕੋਈ ਕੀ ਕਰ ਲਵੇਗਾ। ਇਹ ਤਾਂ ਵਾਹਿਗੁਰੂ ਜੀ ਦੀ ਹੀ ਕ੍ਰਿਪਾ ਹੈ ਕਿ ਉਸ ਨੇ ਅਰੋਗ ਸਰੀਰ ਦਿਤਾ ਹੈ। ਇਹ ਸਭ ਉਸ ਦੀਆਂ ਹੀ ਦਾਤਾਂ ਹਨ, ਅਮੁੱਲ ਗੁਣ ਹਨ। ਬੁੱਧੀ ਵੀ ਓਹੀ ਬਖਸ਼ਦਾ ਹੈ ਪਰ ਜਦੋਂ ਆਦਮੀ ਤੇ ਬੁਰੇ ਦਿਨ ਆਉਂਦੇ ਹਨ, ਉਸ ਵੇਲੇ ਬੁੱਧ ਦਾ ਨਾਸ਼ ਹੋ ਜਾਂਦਾ ਹੈ -

*ਹੋਣ ਹਾਰ ਹਿਰਦੇ ਬਸੀ*
*ਗਈ ਸਰੀਰੋਂ ਬੁੱਧ। (ਅਖਾਣ)*

ਸੋ ਇਹ ਸਾਰੇ ਗੁਣ ਵਾਹਿਗੁਰੂ ਜੀ ਦੇ ਬਖਸ਼ੇ ਹੋਏ ਹੁੰਦੇ ਹਨ। ਗੁਣਵੰਤ ਨੂੰ ਚਾਹੀਦਾ ਹੈ ਕਿ ਭੁੱਲ ਕੇ ਆਪਣੇ ਗੁਣਾਂ ਦੀ ਸਿਫਤ ਨਾ ਕਰੇ। ਵਾਹਿਗੁਰੂ ਜੀ ਦੀ ਬਖਸ਼ਿਸ਼ ਸਮਝੇ।

*ਧਰਮ ਨਿਜ, ਜਸੁ ਹੇਤ ਨ ਬਰਨੰ।*

ਧਰਮੀ ਪੁਰਸ਼ ਅੰਦਰ ਬਹੁਤ ਸਾਰੇ ਸ਼ੁਭ ਗੁਣ ਹੋਇਆ ਕਰਦੇ ਹਨ, ਜਦੋਂ ਉਹ ਇਨ੍ਹਾਂ ਗੁਣਾਂ ਦੀ ਵਰਤੋਂ ਆਪਣੇ ਨਿਤ ਜੀਵਨ ਵਿਚ ਕਰਦਾ ਹੈ ਤਾਂ ਉਸ ਦਾ ਨਾਮ ਧਰਮੀ ਪੁਰਸ਼ ਪੈ ਜਾਂਦਾ ਹੈ। ਇਨ੍ਹਾਂ ਗੁਣਾਂ ਵਿਚ ਧੀਰਜ, ਖਿਮਾ, ਦਇਆ, ਸ਼ੀਲ, ਸੌਚ, ਦਾਨ, ਸੰਤੋਖ, ਮਿੱਠਾ ਬੋਲਣਾ, ਸੇਵਾ ਆਦਿ ਹੋਇਆ ਕਰਦੇ ਹਨ। ਧਰਮੀ ਪੁਰਸ਼ ਕਿਸੇ ਦੀ ਨਿੰਦਿਆ ਨਹੀਂ ਕਰਦਾ। ਧਰਮੀ ਪੁਰਸ਼ ਨੇ ਨਿੰਦਿਆ ਨੂੰ ਪੂਰੀ ਤਰ੍ਹਾਂ ਕਾਬੂ ਕੀਤਾ ਹੁੰਦਾ ਹੈ ਅਤੇ ਉਸ ਨੇ ਚਾਰ ਸੂਖਸ਼ਮ ਵਿਆਹ ਕਰਾਏ ਹੁੰਦੇ ਹਨ, ਜਿਨ੍ਹਾਂ ਦੇ ਨਾਮ ਹਨ - ਕਰੁਣਾ, ਮੁਦਤਾ, ਮੈਤਰੀ, ਅਪੇਖਿਆ। ਜਿਸ ਕਰਕੇ ਉਹ ਨਾ ਕਿਸੇ ਦੀ ਨਿੰਦਿਆ ਕਰਦਾ ਹੈ, ਨਾ ਕਿਸੇ ਨਾਲ ਵੈਰ ਪਾਉਂਦਾ ਹੈ, ਨਾ ਹੀ ਕਿਸੇ ਨਾਲ ਉਸਨੂੰ ਈਰਖਾ ਉਪਜਦੀ ਹੈ, ਬਰਾਬਰ ਦੇ ਨਾਲ ਪਿਆਰ ਕਰਦਾ ਹੈ, ਆਪਣੇ ਤੋਂ ਉਚੇ ਦੀ ਪ੍ਰਸੰਸਾ ਕਰਦਾ ਹੈ ਅਤੇ ਗਰੀਬ ਦੀ ਮਦਦ ਕਰਦਾ ਹੈ, ਕਿਸੇ ਨਾਲ ਵੈਰ ਪਾਉਣ ਦੀ ਥਾਂ ਉਹ ਖਿਮਾ ਬਿਰਤੀ ਧਾਰਨ ਕਰਕੇ ਉਸ ਤੋਂ ਹੌਲੀ-ਹੌਲੀ ਪਿਛੇ ਹਟ ਜਾਂਦਾ ਹੈ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ। ਗੁਣ ਤੋਂ ਹੀਣੇ ਪੁਰਸ਼ ਆਪਣੇ ਜੀਵਨ ਨੂੰ ਜੂਏ ਵਿਚ ਹਾਰ ਕੇ ਚਲੇ ਜਾਂਦੇ ਹਨ। ਪ੍ਰਭੂ ਦੇ ਪਿਆਰੇ ਗੁਣ ਧਾਰਨ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ -

*ਕਾਮ ਕ੍ਰੋਧ ਮਾਇਆ ਮਦ ਮਤਸਰ*
*ਏ ਖੇਲਤ ਸਭਿ ਜੂਐ ਹਾਰੇ॥*
*ਸਤੁ ਸੰਤੋਖੁ ਦਇਆ ਧਰਮੁ ਸਚੁ*
*ਇਹ ਅਪੁਨੈ ਗ੍ਰਿਹ ਭੀਤਰਿ ਵਾਰੇ॥*
*ਪੰਨਾ - 379*

ਗੁਰੂ ਮਹਾਰਾਜ ਜੀ ਨੇ ਤਾਂ ਗੁਣ ਵਿਹਾਜਣ ਦੀ ਬਾਰ-ਬਾਰ ਚਿਤਾਵਨੀ ਦਿਤੀ ਹੈ। ਆਪ ਫੁਰਮਾਨ ਕਰਦੇ ਹਨ ਕਿ ਕਿਸੇ ਦੇ ਔਗੁਣ ਨਾ ਚਿਤਾਰੋ, ਹਰ ਬੰਦੇ ਵਿਚ ਕੋਈ ਨਾ ਕੋਈ ਗੁਣ ਹੋਇਆ ਕਰਦਾ ਹੈ ਉਸ ਦੇ ਔਗੁਣਾਂ ਨੂੰ ਨਜ਼ਰੋਂ ਓਹਲੇ ਰੱਖ ਕੇ ਉਸ ਦੇ ਗੁਣਾਂ ਨਾਲ ਸਾਂਝ ਪਾਉਣੀ ਚਾਹੀਦੀ ਹੈ ਜਿਵੇਂ ਕਿ-

*ਗੁਣਾ ਕਾ ਹੋਵੈ ਵਾਸੁਲਾ*
*ਕਢਿ ਵਾਸੁ ਲਈਜੈ॥*
*ਜੇ ਗੁਣ ਹੋਵਨਿ ਸਾਜਨਾ*
*ਮਿਲਿ ਸਾਝ ਕਰੀਜੈ॥*
*ਸਾਝ ਕਰੀਜੈ ਗੁਣਹ ਕੇਰੀ*
*ਛੋਡਿ ਅਵਗਣ ਚਲੀਐ॥*
*ਪਹਿਰੇ ਪਟੰਬਰ ਕਰਿ ਅਡੰਬਰ*
*ਆਪਣਾ ਪਿੜੁ ਮਲੀਐ॥*
*ਪੰਨਾ - 765*

ਇਨ੍ਹਾਂ ਗੁਣਾਂ ਦੇ ਅਧੀਨ ਜਦੋਂ ਉਹ ਰਹਿੰਦਾ ਹੈ, ਉਹ ਪ੍ਰਭੂ ਨੂੰ ਭਾਉਂਦਾ ਹੈ।

*ਮੈ ਤਨਿ ਅਵਗਣ ਝੁਰਿ ਮੁਈ*
*ਵਿਣੁ ਗੁਣ ਕਿਉ ਘਰਿ ਜਾਹ॥*
*ਗੁਣੀਆ ਗੁਣ ਲੇ ਪ੍ਰਭ ਮਿਲੇ*
*ਕਿਉ ਤਿਨ ਮਿਲਉ ਪਿਆਰਿ॥*
*ਤਿਨ ਹੀ ਜੈਸੀ ਥੀ ਰਹਾਂ*
*ਜਪਿ ਜਪਿ ਰਿਦੈ ਮੁਰਾਰਿ॥*
*ਅਵਗੁਣੀ ਭਰਪੂਰ ਹੈ*
*ਗੁਣ ਭੀ ਵਸਹਿ ਨਾਲਿ॥*
*ਵਿਣੁ ਸਤਗੁਰ ਗੁਣ ਨ ਜਾਪਨੀ*
*ਜਿਚਰੁ ਸਬਦਿ ਨ ਕਰੇ ਬੀਚਾਰੁ॥*
*ਪੰਨਾ - 936*

ਸਤਿਗੁਰੂ ਮਿਲਣ ਨਾਲ ਗੁਣ ਪੈਦਾ ਹੁੰਦੇ ਹਨ। ਸੋ ਸ੍ਰੇਸ਼ਟ ਗੁਣ ਧਾਰਨੇ ਬਹੁਤ ਹੀ ਅਵੱਸ਼ਕ ਹਨ। ਇਹ ਵੀ ਯਾਦ ਰਖਣਾ ਚਾਹੀਦਾ ਹੈ ਕਿ ਗੁਣ ਸਤਿਗੁਰੂ ਦੀ ਸੰਗਤ ਤੋਂ ਮਿਲਦੇ ਹਨ। ਸਤਿਗੁਰੂ ਨਾਮ ਦੀ ਸੋਝੀ ਬਖਸ਼ਦੇ ਹਨ ਅਤੇ ਨਾਮ ਸਰਬ ਗੁਣ ਭਰਪੂਰ ਹੈ। ਇਸ ਕਰਕੇ ਗੁਣ ਵਾਹਿਗੁਰੂ ਜੀ ਦੀ ਦਾਤ ਹੀ ਹਨ ਜੇ ਕੋਈ ਆਪਣੇ ਗੁਣਾਂ ਦੀ ਸਿਫਤ ਕਰਦਾ ਹੈ ਤਾਂ ਉਹ ਸਿਆਣਾ ਪੁਰਸ਼ ਨਹੀਂ ਕਹਾ ਸਕਦਾ। ਇਸ ਦੇ ਵਿਪਰੀਤ ਜਿੰਨੇ ਵੀ ਔਗੁਣ ਹਨ ਸਾਰੇ ਗਲਾਂ ਵਿਚ ਜੰਜੀਰਾਂ ਬੰਨ੍ਹ ਕੇ ਰਖਦੇ ਹਨ। ਜੇ ਗੁਰੂ ਦੀ ਕ੍ਰਿਪਾ ਨਾਲ ਨਾਮ ਜਪਿਆ ਜਾਵੇ ਤਾਂ ਇਹ ਔਗੁਣ ਕੱਟੇ ਜਾਂਦੇ ਹਨ -

*ਨਾਨਕ ਅਉਗੁਣ ਜੇਤੜੇ*
*ਤੇਤੇ ਗਲੀ ਜੰਜੀਰ॥*
*ਜੇ ਗੁਣ ਹੋਨਿ ਤ ਕਟੀਅਨਿ*
*ਸੇ ਭਾਈ ਸੇ ਵੀਰ॥ ਪੰਨਾ - 595*

ਇਕ ਗੁਣ ਦਇਆ ਹੀ ਪ੍ਰਭੂ ਨੂੰ ਭਾਅ ਜਾਂਦਾ ਹੈ ਜਿਵੇਂ ਕਿ-

*ਅਠਸਠਿ ਤੀਰਥ ਸਗਲ ਪੁੰਨ*
*ਜੀਅ ਦਇਆ ਪਰਵਾਨੁ॥*
*ਪੰਨਾ - 136*

ਗੁਰੂ ਮਹਾਰਾਜ ਜੀ ਨੇ ਇਸ ਦਇਆ ਨੂੰ ਬਹੁਤ ਉਚਾ ਦਰਜਾ ਦਿਤਾ ਹੈ। ਆਪ ਨੇ ਵਾਹਿਗੁਰੂ ਜੀ ਦੀ ਪਛਾਣ ਲਈ ਬਹੁਤ ਉਚਾ ਅਸਥਾਨ ਦੱਸਿਆ ਹੈ। ਜੇ ਮਨ ਵਿਚ ਦਇਆ ਹੋਵੇ, ਸਾਰੇ ਜੀਵਾਂ ਨੂੰ ਪ੍ਰਭੂ ਦਾ ਰੂਪ

ਜਾਣਦਾ ਹੋਵੇ ਤਾਂ ਪੁੰਨ ਦਾਨ ਉਸ ਤੋਂ ਕੁਦਰਤੀ ਹੋ ਜਾਇਆ ਕਰਦਾ ਹੈ। ਜਿਹੜਾ ਆਪਣੇ ਮਤਲਬ ਲਈ ਪਸ਼ੂਆਂ ਨੂੰ ਮਾਰ-ਮਾਰ ਕੇ ਖਾਂਦਾ ਹੈ, ਪਸ਼ੂਆਂ ਵਰਗੀ ਉਸ ਦੀ ਸੋਚ ਹੋਇਆ ਕਰਦੀ ਹੈ। ਬਿਨਾ-ਵਿਚਾਰੇ ਪਸ਼ੂਆਂ ਨੂੰ ਵੱਢ-ਵੱਢ ਖਾਂਦਾ ਹੈ ਉਸ ਦਾ ਇਹ ਜੋ ਕਰਮ ਹੈ ਉਹ ਕਿੰਨਾ ਦੁਖਦਾਈ ਹੁੰਦਾ ਹੈ ਇਸ ਗੱਲ ਨੂੰ ਜਦੋਂ ਐਉਂ ਸੋਚੇ ਕਿ ਕਿਸੇ ਹਰਨੀ ਨੇ ਆਪਣੇ ਦੋ ਬੱਚਿਆਂ ਨੂੰ ਜਨਮ ਦਿਤਾ। ਉਹ ਬਾਹਰ ਜਾ ਕੇ ਲੁਕ ਛੁਪ ਕੇ ਉਨ੍ਹਾਂ ਨੂੰ ਦੁੱਧ ਪਿਲਾਉਂਦੀ ਹੈ। ਜੇ ਕਿਸੇ ਨੇ ਉਸ ਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਣਾ ਲਿਆ ਤਾਂ ਉਹ ਬੱਚੇ ਜਿਹੜੇ ਦੁੱਧ ਤੇ ਪਲਦੇ ਸਨ, ਉਨ੍ਹਾਂ ਨੂੰ ਬੇਵਾਰਸ ਬਣਾਉਣ ਵਾਲਾ ਮਨੁੱਖ ਹੈ ਤੇ ਉਨ੍ਹਾਂ ਬੱਚਿਆਂ ਨੂੰ ਗਿੱਦੜ, ਕੁੱਤੇ, ਬਘਿਆੜ ਆਦਿ ਖਾ ਜਾਂਦੇ ਹਨ। ਇਹ ਪਾਪ ਹੈ ਜੋ ਉਸ ਬੇ-ਵਿਚਾਰੇ ਬੰਦੇ ਨੇ ਆਪਣੇ ਮਾਸ ਖਾਣ ਦੇ ਜਜ਼ਬੇ ਵਿਚ ਕੀਤਾ। ਇਸੇ ਤਰ੍ਹਾਂ ਨਾਲ ਕੋਈ ਪੰਛੀ ਹੈ ਉਸ ਨੇ ਬੱਚੇ ਦਿਤੇ ਹੋਏ ਹਨ ਉਨ੍ਹਾਂ ਨੂੰ ਬੇ-ਵਿਚਾਰੇ ਹੀ ਆਪਣੇ ਖਾਣ ਲਈ ਮਾਰ ਦਿਤਾ ਜਾਂਦਾ ਹੈ ਤਾਂ ਕਿੰਨਾ ਪਾਪ ਹੋਇਆ। ਉਨ੍ਹਾਂ ਬੱਚਿਆਂ ਨੇ ਕੀ ਕਸੂਰ ਕੀਤਾ ਹੈ? ਮਾਸ ਖਾ ਕੇ ਕੀ ਹੁੰਦਾ ਹੈ, ਪਹਿਲਾਂ ਬੁੱਧੀ ਵਿਚ ਕਰੂਰਤਾ ਆਉਂਦੀ ਹੈ, ਸਰਬ ਜੀਆਂ ਦੇ ਇਕੋ ਦਾਤੇ ਨੂੰ ਭੁੱਲ ਜਾਂਦਾ ਹੈ, ਉਸ ਨੇ ਆਦਮੀ ਦੇ ਖਾਣ ਲਈ ਅੰਨ ਪੈਦਾ ਕੀਤਾ ਹੈ, ਸਾਰੀਆਂ ਜੂਨਾਂ ਦਾ ਇਸ ਨੂੰ ਸਰਦਾਰ ਬਣਾਇਆ ਹੈ। ਸਰਦਾਰ ਦਾ ਇਹ ਕਰਮ ਨਹੀਂ ਹੋਇਆ ਕਰਦਾ ਕਿ ਉਹ ਆਪਣੀ ਰਿਆਇਆ ਨੂੰ ਲੁੱਟੇ-ਕੁੱਟੇ ਅਤੇ ਦੁਖ ਦੇਵੇ। ਕਿਉਂਕਿ ਆਦਮੀ ਨੂੰ ਸਾਰੀਆਂ ਜੂਨਾਂ ਦੀ ਸਰਦਾਰੀ ਦਿਤੀ ਹੈ ਜਿਵੇਂ ਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ -

*ਅਵਰ ਜੋਨਿ ਤੇਰੀ ਪਨਿਹਾਰੀ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ॥*

*ਪੰਨਾ - 374*

ਉਹ ਸਾਰੀਆਂ ਜੂਨਾਂ ਇਸ ਦੀ ਸੇਵਾ ਕਰਨ ਲਈ ਬਣਾਈਆਂ ਹਨ। ਕੋਈ ਜੂਨੀ ਅੰਮ੍ਰਿਤ ਵਰਗਾ ਦੁੱਧ ਦਿੰਦੀ ਹੈ, ਸ਼ਹਿਦ ਦੀਆਂ ਮੱਖੀਆਂ ਕੀ ਹਨ, ਕਿੰਨੀ ਮਿਹਨਤ ਨਾਲ ਇਸ ਲਈ ਸ਼ਹਿਦ ਕਮਾ ਕੇ ਲਿਆਉਂਦੀਆਂ ਹਨ। ਘੋੜੇ ਇਸ ਨੂੰ ਆਪਣੀ ਪਿੱਠ ਉਪਰ ਸਵਾਰ ਕਰਕੇ ਜੰਗਾਂ-ਯੁੱਧਾਂ ਵਿਚ ਇਸ ਨੂੰ ਬਚਾਉਂਦੇ ਸਨ, ਗਊਆਂ ਦੁੱਧ ਦੀਆਂ ਨਦੀਆਂ ਚਲਾਉਂਦੀਆਂ ਸਨ, ਇਨ੍ਹਾਂ ਉਪਰ ਦਇਆ ਦੀ ਲੋੜ ਹੈ, ਨਾ ਕਿ ਇਨ੍ਹਾਂ ਬੇ-ਸਹਾਰੇ ਪਸ਼ੂਆਂ ਨੂੰ ਆਪ ਹੀ ਮਾਰ ਕੇ ਖਾ ਜਾਣਾ ਕੋਈ ਧਰਮ ਦੀ ਨਿਸ਼ਾਨੀ ਹੈ। ਮਨੁੱਖ ਐਨਾ ਚਲਾਕ ਹੈ ਕਿ ਸਿੱਧੇ ਸਾਧੇ ਜੀਵਾਂ ਨੂੰ ਬਲੀ ਦੇ ਰੂਪ ਵਿਚ ਮਾਰ ਕੇ, ਮਾਸ ਵੱਢ ਕੇ ਖਾਣ ਨੂੰ ਧਰਮ ਆਖਦਾ ਹੈ। ਗੁਰਬਾਣੀ ਵਿਚ ਤੁਕ ਆਉਂਦੀ ਹੈ ਕਿ ਪ੍ਰੇਮੀਆਂ! ਜੀਵਾਂ ਨੂੰ ਮਾਰ ਕੇ ਖਾਣ ਨੂੰ ਧਰਮ ਬਣਾ ਲਿਆ ਤਾਂ ਇਹ ਦੱਸ ਅਧਰਮ ਕਿਸ ਚੀਜ਼ ਨੂੰ ਆਖੇਂਗਾ। ਆਪਣੇ ਆਪ ਨੂੰ ਉਚਾ ਅਸਥਾਨ ਦਿਤਾ ਹੈ, ਵੱਡਾ ਧਰਮੀ ਪੁਰਸ਼ ਕਹਾ ਲਿਆ ਤਾਂ ਤੂੰ ਇਹ ਦੱਸ ਕਸਾਈ ਕਿਸਨੂੰ ਆਖੇਂਗਾ? ਸੋ ਪਿਆਰਿਆ! ਇਹ ਬਹਾਨੇ ਛੱਡ ਕੇ ਜੀਵਾਂ ਨੂੰ ਦੁਖ ਦੇਣਾ ਛੱਡ ਦੇ। ਭੋਲੇ ਭਾਲੇ ਜੀਵਾਂ ਤੇ ਦਇਆ ਹੀ ਕਰਨੀ ਬਣਦੀ ਹੈ। ਉਨ੍ਹਾਂ ਜੀਵਾਂ ਦਾ ਨਾਸ਼ ਕੀਤਾ ਜਾ ਸਕਦਾ ਹੈ ਜਿਹੜੇ ਮਹਾਨ ਜੀਵਨ ਦੇ ਵਿਨਾਸ਼ ਦਾ ਕਾਰਨ ਬਣਦੇ ਹਨ ਜਿਵੇਂ ਕਿ ਫਸਲਾਂ ਉਪਰ ਬੇਅੰਤ ਕੀਟ, ਨਾਸ਼ਕ ਹਮਲਾ ਕਰ ਦਿੰਦੇ ਹਨ, ਸਾਰੀ ਫਸਲ ਖਰਾਬ ਹੋ ਜਾਂਦੀ ਹੈ। ਜੇ ਫਸਲਾਂ ਦੀ ਰਾਖੀ ਨਾ ਕੀਤੀ ਜਾਵੇ ਤਾਂ ਕਿਸਾਨ ਆਪਣੇ ਫਰਜ਼ ਤੋਂ ਅਵੇਸਲਾ ਸਮਝਿਆ ਜਾਂਦਾ ਹੈ। ਰਾਜਾ ਜੇ ਆਪਣੀ ਰਿਆਇਆ ਦੀ ਰਾਖੀ ਨਹੀਂ ਕਰਦਾ ਤਾਂ ਉਹ ਗੁਨਹਗਾਰ ਹੋਇਆ ਕਰਦਾ ਹੈ। ਫੌਜੀ ਸਿਪਾਹੀ ਜੇ ਆਪਣੇ ਦੇਸ਼ ਦੀ ਰਾਖੀ ਨਹੀਂ ਕਰਦੇ ਤਾਂ ਉਹ ਆਪਣੇ ਫਰਜ਼ ਤੋਂ ਅਵੇਸਲੇ ਗਿਣੇ ਜਾਂਦੇ ਹਨ। ਇਵੇਂ ਜਿਵੇਂ ਬਿਮਾਰੀਆਂ ਦੇ ਕੀਟਾਣੂ, ਬਿਮਾਰੀਆਂ ਪੈਦਾ ਕਰਨ ਵਾਲੀਆਂ ਚੀਜ਼ਾਂ ਨਾਲ ਮੁਕਾਬਲਾ ਕਰਨਾ ਹੀ ਪੈਂਦਾ ਹੈ ਪਰ ਜਿਹੜੀਆਂ ਜੂਨਾਂ ਇਸ ਦੇ ਜੀਵਨ ਵਿਚ ਸਹਾਇਕ ਹਨ ਜਿਨ੍ਹਾਂ ਦੇ ਅੰਦਰ ਪਿਆਰ ਦਾ ਜਜ਼ਬਾ ਹੈ, ਆਪਣੇ ਮਾਲਕ ਨੂੰ ਲੋਚਦੀਆਂ ਹਨ, ਆਪਣੇ ਮਾਲਕ ਨਾਲ ਪਿਆਰ ਕਰਦੀਆਂ ਹਨ ਉਨ੍ਹਾਂ ਨੂੰ ਮਾਰ ਕੇ ਖਾ ਲੈਣਾ ਤਾਂ ਅਧਰਮ ਦਾ ਹੀ ਸੂਚਕ ਹੋਇਆ ਕਰਦਾ ਹੈ। ਇਸੇ ਕਰਕੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਜੀਅ ਬਧਹੁ ਸੁ ਧਰਮੁ ਕਰਿ ਥਾਪਹੁ*
*ਅਧਰਮੁ ਕਹਹੁ ਕਤ ਭਾਈ॥*
*ਆਪਸ ਕਉ ਮੁਨਿਵਰ ਕਰਿ ਥਾਪਹੁ*
*ਕਾ ਕਉ ਕਹਹੁ ਕਸਾਈ॥*

*ਪੰਨਾ - 1103*

ਸੋ ਦਇਆ ਕਰਨੀ ਬਹੁਤ ਹੀ ਸ੍ਰੇਸ਼ਟ ਗੁਣ ਹੈ। ਪ੍ਰਮੇਸ਼ਰ ਨੂੰ ਦਇਆ ਭਾਉਂਦੀ ਹੈ। ਦਇਆ ਮਨੁੱਖ ਦਾ ਪ੍ਰਮੁੱਖ ਗੁਣ ਹੈ ਜੋ ਆਦਮੀ ਦੇ ਅੰਦਰ ਸ਼ਾਂਤੀ ਪੈਦਾ ਕਰਦੀ ਹੈ। ਹਮਦਰਦੀ ਪੈਦਾ ਕਰਦੀ ਹੈ। ਇਸ ਧਰਤੀ ਤੇ ਵਾਹਿਗੁਰੂ ਜੀ ਨੂੰ ਜਾਨਣ ਲਈ ਦਇਆ ਇਕ ਬਹੁਤ ਜ਼ਰੂਰੀ ਰਹਿਤ ਹੈ -

*ਸਚੁ ਤਾ ਪਰੁ ਜਾਣੀਐ*
*ਜਾ ਸਿਖ ਸਚੀ ਲੇਇ॥*
*ਦਇਆ ਜਾਣੈ ਜੀਅ ਕੀ*
*ਕਿਛੁ ਪੁੰਨੁ ਦਾਨੁ ਕਰੇਇ॥*

*ਪੰਨਾ - 468*

ਜੀਵਾਂ ਨੂੰ ਦੁਖ ਦੇਣ ਪਿਛੋਂ ਕਰਮਾਂ ਦਾ ਜਦੋਂ ਫਲ ਭੋਗਣਾ ਪੈਂਦਾ ਹੈ ਉਸ ਵੇਲੇ ਆਦਮੀ ਬਹੁਤ ਵਿਰਲਾਪ ਕਰਦਾ ਹੈ ਕਿਉਂਕਿ ਉਸ ਨੇ ਆਪਣਾ ਬਲ ਵਰਤਦਿਆਂ ਹੋਇਆਂ ਇਨ੍ਹਾਂ ਭੋਲੇ ਜੀਵਾਂ ਨੂੰ ਮਾਰ-ਮਾਰ ਕੇ ਆਪਣੀ ਖੁਰਾਕ ਬਣਾਇਆ। ਭਾਵੇਂ ਮਾਸ ਖਾ ਕੇ ਕਿੰਨਾਂ ਹੀ ਆਪਣੇ ਆਪ ਨੂੰ ਤਕੜਾ ਕਰ ਲੈ ਪਰ ਜਦੋਂ

ਲੇਖਾ ਦੇਣਾ ਪੈਣਾ ਹੈ ਉਸ ਵੇਲੇ ਪਛਤਾਉਣਾ ਪਵੇਗਾ।

ਧਾਰਨਾ - ਰੋਵੇਂਗੀ ਜ਼ਿੰਦੇ
ਜਦੋਂ ਲੇਖਾ ਦੇਣਾ ਪੈ ਗਿਆ -2
ਲੇਖਾ ਦੇਣਾ ਪੈ ਗਿਆ

ਆਪੀਨੈ ਭੋਗ ਭੋਗਿ ਕੈ
ਹੋਇ ਭਸਮੜਿ ਭਉਰੁ ਸਿਧਾਇਆ॥
ਵਡਾ ਹੋਆ ਦੁਨੀਦਾਰੁ
ਗਲਿ ਸੰਗਲੁ ਘਤਿ ਚਲਾਇਆ॥
ਅਗੈ ਕਰਣੀ ਕੀਰਤਿ ਵਾਚੀਐ
ਬਹਿ ਲੇਖਾ ਕਰਿ ਸਮਝਾਇਆ॥
ਥਾਉ ਨ ਹੋਵੀ ਪਉਦੀਈ
ਹੁਣਿ ਸੁਣੀਐ ਕਿਆ ਰੂਆਇਆ॥
ਮਨਿ ਅੰਧੈ ਜਨਮੁ ਗਵਾਇਆ॥

ਪੰਨਾ - 464

ਸੋ ਜਿਨ੍ਹਾਂ ਨੇ ਦਇਆ ਕਮਾਈ ਹੈ ਉਨ੍ਹਾਂ ਦੇ ਨਾਮ ਅੱਜ ਵੀ ਬਹੁਤ ਪਿਆਰ ਨਾਲ ਲਏ ਜਾਂਦੇ ਹਨ। ਜੇ ਭਲਾਂ ਕਿਸੇ ਬਲ ਵਾਲੇ ਬੰਦੇ ਨੇ ਦਇਆ ਕਮਾ ਦਿਤੀ ਉਹ ਵੀ ਪ੍ਰਮੇਸ਼ਰ ਦੇ ਦੁਆਰੇ ਫਲ ਦੇਣ ਨੂੰ ਸਮਰੱਥ ਹੋ ਜਾਂਦੀ ਹੈ। ਜਿਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰੀ ਸੁਬਕਤਦੀਨ ਨਾਮ ਦਾ ਪ੍ਰੇਮੀ ਅਫਗਾਨਿਸਤਾਨ ਵਲ ਹੋਇਆ ਹੈ। ਉਸ ਨੇ ਇਕ ਮਿਰਗ ਦਾ ਬੱਚਾ ਫੜ ਲਿਆ। ਉਸ ਦੀ ਮਾਤਾ ਉਸ ਦੇ ਪਿਛੇ-ਪਿਛੇ ਭੱਜੀ ਆ ਰਹੀ ਸੀ। ਮਾਤਾ ਦੀ ਬਿਹਬਲ ਅਵਸਥਾ ਦੇਖ ਕੇ ਉਸ ਦੇ ਮਨ ਵਿਚ ਰਹਿਮ ਆ ਗਿਆ ਅਤੇ ਇਸ ਨੇ ਉਸ ਬੱਚੇ ਨੂੰ ਛੱਡ ਦਿਤਾ। ਉਹ ਭੱਜ ਕੇ ਆਪਣੀ ਮਾਂ ਨੂੰ ਜਾ ਮਿਲਿਆ। ਰਾਤ ਨੂੰ ਇਸ ਨੂੰ ਸੁਪਨਾ ਆਇਆ ਕਿ ਇਕ ਫਰਿਸ਼ਤਾ ਉਸ ਦੇ ਸਿਰ ਤੇ ਰੱਖਣ ਲਈ ਤਾਜ ਲਈ ਆ ਰਿਹਾ ਹੈ, ਉਸ ਨੇ ਕਿਹਾ ਸੁਬਕਤਦੀਨ ਤੈਨੂੰ ਹਿੰਦੋਸਤਾਨ ਦੀ ਬਾਦਸ਼ਾਹੀ ਖੁਦਾ ਵਲੋਂ ਬਖਸ਼ੀ ਗਈ ਹੈ ਕਿਉਂਕਿ ਤੇਰਾ ਇਹ ਕੀਤਾ ਹੋਇਆ ਕਰਮ ਖੁਦਾ ਨੂੰ ਭਾਅ ਗਿਆ। ਸੁਬਕਤਦੀਨ ਇਕ ਗੁਲਾਮ ਸੀ ਉਸ ਨੇ ਹਿੰਦੋਸਤਾਨ ਨੂੰ ਜਿੱਤਿਆ ਅਤੇ ਖਾਨਦਾਨ ਗੁਲਾਮਾਂ ਦੇ ਰਾਜ ਦੀ ਨੀਂਹ ਰੱਖੀ। ਇਸੇ ਲਈ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

ਦੂਖ ਨ ਦੇਈ ਕਿਸੈ ਜੀਅ
ਪਤਿ ਸਿਉ ਘਰਿ ਜਾਵਉ॥

ਪੰਨਾ - 322

ਸੋ ਕੁਝ ਜੀਵਾਂ ਦੀ ਤਾਂ ਰਾਖੀ ਕਰਦੇ ਹਨ ਸ਼ੇਰ ਨੂੰ ਜਾਂ ਹਾਥੀ ਨੂੰ ਨਹੀਂ ਮਾਰਦੇ। ਸ਼ੇਰ ਨੂੰ ਮਾਰਨ ਵਾਲਾ ਸਜ਼ਾ ਦਾ ਭਾਗੀ ਹੁੰਦਾ ਹੈ। ਹੋਰ ਜੀਵਾਂ ਦੀ ਰਾਖੀ ਬਾਰੇ ਕੋਈ ਨਹੀਂ ਸੋਚਦਾ, ਹਿਰਨਾਂ ਨੂੰ ਮਾਰ-ਮਾਰ ਕੇ ਖਾਈ ਜਾਂਦੇ ਹਨ। ਇਹ ਹਿੰਸਕ ਪੁਰਸ਼ਾਂ ਨੇ ਨਸਲਾਂ ਦੀਆਂ ਨਸਲਾਂ ਖਤਮ ਕਰ ਦਿਤੀਆਂ। ਪਰ ਪਿਆਰਿਓ! ਇਹ ਗੱਲ ਸਦਾ ਯਾਦ ਰੱਖੋ, ਸਦਾ ਸੰਸਾਰ ਵਿਚ ਨਹੀਂ ਰਹਿਣਾ। ਐਸਾ ਆਉਂਦਾ ਹੈ ਕਿ ਧ੍ਰਿਤਰਾਸ਼ਟਰ ਨੇ ਸੌ ਬੱਚਾ ਹੰਸ ਦਾ ਖਾਇਆ ਸੀ ਤਾਂ ਉਸ ਦੇ ਸੌ ਦੇ ਸੌ ਪੁੱਤਰ ਯੁੱਧ ਦੇ ਮੈਦਾਨ ਵਿਚ ਮਾਰੇ ਗਏ ਸਨ। ਕ੍ਰਿਸ਼ਨ ਮਹਾਰਾਜ ਜੀ ਨੇ ਇਹ ਨਿਰਣਾ ਕਰਕੇ ਉਸ ਦੇ ਪ੍ਰਸ਼ਨਾਂ ਦਾ ਸਮਾਧਾਨ ਕੀਤਾ। ਗੁਰੂ ਮਹਾਰਾਜ ਜੀ ਨੇ ਤਾਂ ਪ੍ਰਮੇਸ਼ਰ ਨੂੰ ਰਿਝਾਉਣ ਲਈ ਕੁਝ ਅਧਿਆਤਮਕ ਸ਼ਿੰਗਾਰਾਂ ਦਾ ਜ਼ਿਕਰ ਕੀਤਾ ਹੈ ਜਿਵੇਂ ਕਿ ਆਪ ਦਾ ਫੁਰਮਾਨ ਹੈ -

ਭੈ ਕੀਆ ਦੇਹਿ ਸਲਾਈਆ
ਨੈਣੀ ਭਾਵ ਕਾ ਕਰਿ ਸੀਗਾਰੋ॥
ਤਾ ਸੋਹਾਗਣਿ ਜਾਣੀਐ ਲਾਗੀ
ਜਾ ਸਹੁ ਧਰੇ ਪਿਆਰੋ॥

ਪੰਨਾ - 722

ਅਤੇ ਇਕ ਹੋਰ ਥਾਂ ਆਪ ਜੀ ਨੇ ਸੁਹਾਗਣ ਪ੍ਰਭੂ ਵਲੋਂ ਪ੍ਰਵਾਨ ਹੋਈਆਂ ਦੇ ਸ਼ਿੰਗਾਰ ਦਾ ਜ਼ਿਕਰ ਕਰਦੇ ਹੋਏ ਫੁਰਮਾਨ ਕੀਤਾ ਹੈ -

ਸਾਸਿ ਸਾਸਿ ਨਹ ਵੀਸਰੈ
ਅਨ ਕਤਹਿ ਨ ਧਾਵਉ॥
ਸਫਲ ਦਰਸਨ ਗੁਰੁ ਭੇਟੀਐ
ਮਾਨੁ ਮੋਹੁ ਮਿਟਾਵਉ॥
ਸਤੁ ਸੰਤੋਖੁ ਦਇਆ ਧਰਮੁ
ਸੀਗਾਰੁ ਬਨਾਵਉ॥
ਸਫਲ ਸੁਹਾਗਣਿ ਨਾਨਕਾ
ਅਪੁਨੇ ਪ੍ਰਭ ਭਾਵਉ॥ ਪੰਨਾ - 812

ਪ੍ਰਭੂ ਦੇ ਭਾਉਣ ਲਈ ਦਇਆ ਦਾ ਸ਼ਿੰਗਾਰ ਮਹਾਰਾਜ ਜੀ ਨੇ ਪ੍ਰਵਾਨ ਕੀਤਾ ਹੈ ਜਿਥੇ ਸ਼ੁਭ ਕਰਨੀ ਦਾ ਜ਼ਿਕਰ ਆਉਂਦਾ ਹੈ ਉਸ ਲਈ ਆਪ ਦਾ ਫੁਰਮਾਨ ਹੈ -

ਸਤੁ ਸੰਤੋਖੁ ਦਇਆ ਕਮਾਵੈ
ਏਹ ਕਰਣੀ ਸਾਰ॥
ਆਪੁ ਛੋਡਿ ਸਭ ਹੋਇ ਰੇਣਾ
ਜਿਸੁ ਦੇਇ ਪ੍ਰਭੁ ਨਿਰੰਕਾਰੁ॥

ਪੰਨਾ - 51

ਸੋ ਇਸ ਤਰ੍ਹਾਂ ਦੇ ਨਾਲ ਧਰਮ ਕਮਾਉਣਾ ਇਕ ਜੀਵਨ ਹੋਇਆ ਕਰਦਾ ਹੈ, ਉਪਰ ਜੋ ਗੁਣਾਂ ਦਾ ਵਰਨਣ ਕੀਤਾ ਹੈ ਉਹ ਧਰਮ ਕਮਾਉਣ ਲਈ ਆਵਸ਼ਕ ਹੈ। ਇਹ ਧਰਮ ਪ੍ਰਭੂ ਨੂੰ ਪ੍ਰਸੰਨ ਕਰਨ ਲਈ ਕਮਾਉਣਾ ਚਾਹੀਦਾ ਹੈ ਨਾ ਕਿ ਆਪਣਾ ਜਸ ਕਮਾਉਣ ਲਈ, ਆਪਣਾ ਜਸ ਕਰਾਉਣ ਲਈ ਕਿਸੇ ਧਰਮ ਦਾ ਢੌਂਗ ਨਾ ਰਚਣਾ।

ਦੁਖ ਕਿਸੇ ਨਹਿ ਜੀਵ ਕੋ ਦੇਨਾ।
ਨਿਰਬਲ ਕਾ ਅਪਰਾਧ ਸਹਿ ਲੇਨਾ।

ਜੇ ਵਾਹਿਗੁਰੂ ਜੀ ਨੇ ਕਿਸੇ ਪੁਰਸ਼ ਨੂੰ ਸਤੱਾ ਬਖਸ਼ੀ ਹੈ, ਸ਼ਕਤੀ ਬਖਸ਼ੀ ਹੈ ਤਾਂ ਉਸ ਦਾ ਫਰਜ਼ ਬਣ ਜਾਂਦਾ ਹੈ ਕਿ ਸੰਸਾਰ ਨੂੰ ਪ੍ਰਭੂ ਸਮਝ ਕੇ ਸਭ ਨੂੰ ਸੁਖ ਦੇਣ ਦੀ ਕ੍ਰਿਆ ਕਰਨਾ ਅਤੇ ਆਪਣੇ ਆਪ ਨੂੰ ਸਦਾ ਹੀ

ਸਾਵਧਾਨ ਰਹਿ ਕੇ ਨੇਕੀ ਕਮਾਉਣ ਲਈ ਤਤਪਰ ਰਖਣਾ, ਕਿਸੇ ਜੀਵ ਨੂੰ ਭੁੱਲ ਕੇ ਵੀ ਦੁੱਖ ਨਹੀਂ ਦੇਣਾ। ਮਹਾਰਾਜ ਜੀ ਕਹਿੰਦੇ ਹਨ ਕਿ ਪਿਆਰਿਆ! ਮਾੜੇ ਕੰਮ ਕਰਨ ਦੇ ਨਾਲ, ਜੀਵਾਂ ਨੂੰ ਦੁੱਖ ਦੇਣ ਦੇ ਨਾਲ, ਪ੍ਰਭੂ ਨੂੰ ਉਹ ਪੁਰਸ਼ ਭਾਇਆ ਨਹੀਂ ਕਰਦੇ। ਉਸ ਦੀ ਦਰਗਾਹ ਵਿਚ ਪਤ ਲਹਿੰਦੀ ਹੈ, ਬਹੁਤ ਬੇਇਜ਼ਤ ਕੀਤਾ ਜਾਂਦਾ ਹੈ।

ਕਿਉਂਕਿ ਇਹ ਜੋ ਸਰੀਰ ਹੈ ਇਹ ਕਰਮਾਂ ਦਾ ਖੇਤ ਹੈ ਇਸ ਵਿਚ ਜਿਹੋ ਜਿਹਾ ਬੀਜ ਪਾਇਆ ਜਾਂਦਾ ਹੈ ਉਹੋ ਜਿਹਾ ਹੀ ਵੱਢਣ ਨੂੰ ਮਿਲਦਾ ਹੈ। ਆਦਮੀ ਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਉਹ ਸਰੀਰ ਤਾਂ ਛੱਡ ਦਿੰਦਾ ਹੈ ਪਰ ਇਸ ਵਿਚ ਜੋ ਜੀਵ ਰਹਿੰਦਾ ਹੈ ਉਹ ਕੀਤੇ ਹੋਏ ਗੁਣ ਅਤੇ ਅਵਗੁਣ ਆਪਣੇ ਨਾਲ ਹੀ ਲੈ ਕੇ ਜਾਂਦਾ ਹੈ। ਜੇ ਗੁਣਾਂ ਦੀ ਰਾਸ ਗੁਆ ਦਿਤੀ ਤਾਂ ਅਵਗੁਣਾਂ ਦਾ ਬੋਝ ਲੈ ਕੇ ਉਸ ਨੂੰ ਬਹੁਤ ਹੀ ਔਖੀ ਘਾਟੀ ਉਪਰ ਚੜ੍ਹਨਾ ਪੈਂਦਾ ਹੈ। ਅੱਗੇ ਸੱਚੀ ਦਰਗਾਹ ਵਿਚ ਜਾ ਕੇ ਕੀਤੇ ਹੋਏ ਕਰਮਾਂ ਦਾ ਲੇਖਾ ਹੁੰਦਾ ਹੈ ਕਿਉਂਕਿ ਅਕਾਲ ਪੁਰਖ ਵਲੋਂ ਐਸੀ ਮਰਿਆਦਾ ਕੀਤੀ ਗਈ ਹੈ –

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ*
*ਓਹੁ ਤੇਰੀ ਸਰਕਾਰ॥ ਪੰਨਾ – 38*

ਧਰਮਰਾਜ ਦੀ ਕਚਹਿਰੀ ਵਿਚ ਓਹੀ ਪੁਰਸ਼ ਜਾਂਦੇ ਹਨ ਜੋ ਆਪਣੇ ਕੀਤੇ ਹੋਏ ਚੰਗੇ ਕਰਮਾਂ ਦਾ **reward** (ਫਲ) ਮੰਗਦੇ ਹਨ। ਦੂਸਰੇ ਉਹ ਪੁਰਸ਼, ਜੋ ਬੰਨ੍ਹੇ ਹੋਏ ਲਿਜਾਏ ਜਾਂਦੇ ਹਨ ਜਿਹੜੇ ਸੰਸਾਰ ਵਿਚ ਆਏ ਹੋਏ ਬੁਰੇ ਕਰਮ ਕਰ-ਕਰ ਕੇ ਦੁਨੀਆਂ ਨੂੰ ਦੁਖ ਦਿੰਦੇ ਹਨ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

*ਨਾਨਕ ਜੀਅ ਉਪਾਇ ਕੈ*
*ਲਿਖਿ ਨਾਵੈ ਧਰਮੁ ਬਹਾਲਿਆ॥*
*ਓਥੈ ਸਚੇ ਹੀ ਸਚਿ ਨਿਬੜੈ*
*ਚੁਣਿ ਵਖਿ ਕਢੇ ਜਜਮਾਲਿਆ॥*
*ਥਾਉ ਨ ਪਾਇਨਿ ਕੂੜਿਆਰ*
*ਮੁਹ ਕਾਲੈ ਦੋਜਕਿ ਚਾਲਿਆ॥*
*ਤੇਰੈ ਨਾਇ ਰਤੇ ਸੇ ਜਿਣਿ ਗਏ*
*ਹਾਰਿ ਗਏ ਸਿ ਠਗਣ ਵਾਲਿਆ॥*
*ਲਿਖਿ ਨਾਵੈ ਧਰਮੁ ਬਹਾਲਿਆ॥*
*ਪੰਨਾ – 463*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਹੁਣ ਤਾਂ ਤੂੰ ਲੁਕ-ਲੁਕ ਕੇ ਪਾਪ ਕਰਮ ਕਰਦਾ ਹੈਂ ਪਰ ਦਰਗਾਹ ਵਿਚ ਜਾ ਕੇ ਤੇਰਾ ਲੁਕਿਆ ਹੋਇਆ ਪਾਪ ਪ੍ਰਗਟ ਹੋ ਜਾਣਾ ਹੈ। ਤੈਨੂੰ ਰੋਣਾ ਪਵੇਗਾ ਕਿਉਂਕਿ ਇਨ੍ਹਾਂ ਪਾਪਾਂ ਨੇ, ਚੰਗੇ ਕਰਮਾਂ ਨੇ ਤੇਰੇ ਨਾਲ ਜਾਣਾ ਹੈ ਜਿਵੇਂ ਕਿ ਫੁਰਮਾਨ ਹੈ –

*ਕਪੜੁ ਰੂਪੁ ਸੁਹਾਵਣਾ*
*ਛਡਿ ਦੁਨੀਆ ਅੰਦਰਿ ਜਾਵਣਾ॥*
*ਮੰਦਾ ਚੰਗਾ ਆਪਣਾ*
*ਆਪੇ ਹੀ ਕੀਤਾ ਪਾਵਣਾ॥*
*ਹੁਕਮ ਕੀਏ ਮਨਿ ਭਾਵਦੇ*
*ਰਾਹਿ ਭੀੜੈ ਅਗੈ ਜਾਵਣਾ॥*
*ਨੰਗਾ ਦੋਜਕਿ ਚਾਲਿਆ ਤਾ*
*ਦਿਸੈ ਖਰਾ ਡਰਾਵਣਾ॥*
*ਕਰਿ ਅਉਗਣ ਪਛੋਤਾਵਣਾ॥*
*ਪੰਨਾ – 470*

ਇਕ ਐਸੀ ਸਾਖੀ ਆਉਂਦੀ ਹੈ ਕਿ ਕੌਰਵ ਮਹਾਂਭਾਰਤ ਦੇ ਯੁੱਧ ਵਿਚ ਹਾਰ ਗਏ। ਪੰਜੇ ਪਾਂਡਵ ਉਸ ਵੇਲੇ ਕ੍ਰਿਸ਼ਨ ਮਹਾਰਾਜ ਸਮੇਤ ਧ੍ਰਿਤਰਾਸ਼ਟਰ ਪਾਸ ਪਰਚਾਉਣੀ ਕਰਨ ਗਏ, ਉਸ ਨੇ ਇਹ ਵੀ ਪ੍ਰਸ਼ਨ ਕ੍ਰਿਸ਼ਨ ਮਹਾਰਾਜ ਜੀ ਉਪਰ ਕੀਤਾ ਕਿ ਮੈਂ ਜਮਾਂਦਰੂ ਅੱਖਾਂ ਤੋਂ ਅੰਨਾ ਕਿਉਂ ਹਾਂ? ਉਹ ਕਿਹੜਾ ਕਰਮ ਹੈ ਜਿਸ ਕਰਕੇ ਮੈਨੂੰ ਇਹ ਜਨਮ ਅੱਖਾਂ ਤੋਂ ਰਹਿਤ ਹੋ ਕੇ ਭੋਗਣਾ ਪੈ ਰਿਹਾ ਹੈ। ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ ਕਿ ਰਾਜਨ! ਇਸ ਜਨਮ ਤੋਂ 104 ਜਨਮ ਪਹਿਲਾਂ ਤੂੰ ਬੱਚਿਆਂ ਨਾਲ ਖੇਲ ਰਿਹਾ ਸੀ। ਬੱਚੇ ਅੱਕ ਟਿੱਡਾ ਫੜ ਕੇ ਉਸ ਨਾਲ ਖੇਡਦੇ ਸਨ। ਤੂੰ ਵੀ ਇਕ ਅੱਕ ਟਿੱਡਾ ਫੜ ਲਿਆ ਅਤੇ ਵਾੜ ਤੋਂ ਸੂਲ ਤੋੜ ਕੇ ਉਸਦੀਆਂ ਦੋਵੇਂ ਅੱਖਾਂ ਦੇ ਵਿਚੋਂ ਦੀ ਸਾਰ-ਪਾਰ ਕੱਢ ਦਿਤੀ ਤੇ ਉਸ ਟਿੱਡੇ ਨੂੰ ਵਗਾਹ ਕੇ ਮਾਰਿਆ। ਉਹ ਤੜਫ-ਤੜਫ ਕੇ ਮਰ ਗਿਆ, ਜਿਸ ਦੇ ਫਲਸਰੂਪ ਤੈਨੂੰ ਵੀ ਪੂਰਾ ਜਨਮ ਅੱਖਾਂ ਤੋਂ ਹੀਣੇ ਹੋ ਕੇ ਕੱਟਣਾ ਪਿਆ। ਕਿਉਂਕਿ ਵਾਹਿਗੁਰੂ ਜੀ ਦੀ ਨੇਤ ਦੇ ਮੁਤਾਬਿਕ ਕੋਈ ਚੰਗਾ, ਮੰਦਾ ਕਰਮ ਛੁਪਿਆ ਨਹੀਂ ਰਹਿੰਦਾ। ਦਰਗਾਹ ਵਿਚ ਸਾਰੇ ਕਰਮ ਪ੍ਰਗਟ ਹੋ ਜਾਂਦੇ ਹਨ ਜਿਸ ਤਰ੍ਹਾਂ ਕਿ ਫੁਰਮਾਨ ਹੈ –

*ਦੇਇ ਕਿਵਾੜ ਅਨਿਕ ਪੜਦੇ ਮਹਿ*
*ਪਰ ਦਾਰਾ ਸੰਗਿ ਫਾਕੈ॥*
*ਚਿਤ੍ਰ ਗੁਪਤੁ ਜਬ ਲੇਖਾ ਮਾਗਹਿ*
*ਤਬ ਕਉਣੁ ਪੜਦਾ ਤੇਰਾ ਢਾਕੈ॥*
*ਪੰਨਾ – 616*

ਇਸ ਜੀਵ ਨੂੰ ਸਜ਼ਾ ਭੋਗਣੀ ਹੀ ਪੈਂਦੀ ਹੈ। ਉਸ ਵੇਲੇ ਬਹੁਤ ਦੁਖੀ ਹੁੰਦਾ ਹੈ। ਇਸ ਕਰਕੇ ਕਿਸੇ ਜੀਵ ਨੂੰ ਦੁਖ ਨਹੀਂ ਦੇਣਾ ਚਾਹੀਦਾ। ਇਸੇ ਕਰਕੇ ਕਿਹਾ ਹੈ –

*ਦੁਖ ਕਿਸੇ ਨਹਿ ਜੀਵ ਕੋ ਦੇਨਾ।*

ਮਹਾਂਪੁਰਸ਼ਾਂ ਨੇ ਉਸ ਤੋਂ ਅੱਗੇ ਫੁਰਮਾਇਆ ਹੈ –

*ਨਿਰਬਲ ਕਾ ਅਪਰਾਧ ਸਹਿ ਲੈਨਾ।*

ਇਸ ਜਜ਼ਬੇ ਨੂੰ ਖਿਮਾ ਆਖਿਆ ਜਾਂਦਾ ਹੈ।

ਇਕ ਵਾਰੀ ਮਹਾਰਾਜਾ ਰਣਜੀਤ ਸਿੰਘ ਜੀ ਕਿਸੇ ਥਾਂ ਤੋਂ ਲੰਘ ਰਹੇ ਸਨ। ਉਥੇ ਨੇੜੇ ਹੀ ਛੋਟੇ-ਛੋਟੇ ਬੱਚੇ

ਇੱਟਾਂ ਮਾਰ-ਮਾਰ ਕੇ ਬੇਰੀਆਂ ਤੋਂ ਬੇਰ ਝਾੜ ਰਹੇ ਸਨ। ਇਕ ਬੱਚੇ ਨੇ ਇੱਟ ਮਾਰੀ, ਉਹ ਮਹਾਰਾਜਾ ਰਣਜੀਤ ਸਿੰਘ ਦੇ ਮੋਢੇ ਉਪਰ ਲੱਗੀ। ਅੰਗਰਕਸ਼ਕ ਉਸ ਬੱਚੇ ਨੂੰ ਫੜ ਕੇ ਲੈ ਆਏ। ਮਹਾਰਾਜ ਰਣਜੀਤ ਸਿੰਘ ਨੇ ਸਾਰੀ ਗੱਲ ਪੁਛੀ ਅਤੇ ਇਸ ਅਪਰਾਧ ਨੂੰ ਕੇਵਲ ਮੁਆਫ ਹੀ ਨਹੀਂ ਕੀਤਾ ਸਗਮਾਂ ਬੱਚੇ ਨੂੰ ਦੋ ਪਿੰਡ ਜਾਗੀਰ ਵਿਚ ਦੇ ਦਿਤੇ ਅਤੇ ਸਾਥੀਆਂ ਨੂੰ ਕਿਹਾ ਕਿ ਦੇਖੋ, ਇਹ ਬੱਚੇ ਬੇਰੀ ਦੇ ਇੱਟ ਮਾਰਦੇ ਹਨ ਤੇ ਬੇਰੀ ਇਨ੍ਹਾਂ ਨੂੰ ਬੇਰ ਦਿੰਦੀ ਹੈ। ਹੁਣ ਜਦੋਂ ਇਨ੍ਹਾਂ ਨੇ ਮੇਰੇ ਇੱਟ ਮਾਰੀ ਤਾਂ ਮੈਨੂੰ ਵੀ ਕੁਝ ਦੇਣਾ ਚਾਹੀਦਾ ਹੈ। ਕਿੱਡਾ ਵੱਡਾ ਆਚਰਣ ਹੈ, ਵਿਚਾਰਨਯੋਗ ਗੱਲ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਸਾਰੀ ਜ਼ਿੰਦਗੀ ਬਹੁਤ ਵੱਡੇ-ਵੱਡੇ ਯੁੱਧ ਲੜੇ ਅਤੇ ਉਨ੍ਹਾਂ ਨੇ ਆਪਣੇ ਸਾਰੇ ਜੀਵਨ ਵਿਚ ਇਕ ਵੀ ਬੰਦੇ ਨੂੰ ਫਾਂਸੀ ਦੀ ਸਜ਼ਾ ਨਹੀਂ ਦਿਤੀ ਸੀ। ਹਾਰੇ ਹੋਏ ਦੁਸ਼ਮਣ ਨੂੰ ਐਨਾ ਵੱਡਾ ਇਲਾਕਾ ਛੱਡ ਦਿੰਦੇ ਜਿਸ ਤੋਂ ਉਹ ਆਪਣੇ ਬਹੁਤ ਸੋਹਣਾ ਗੁਜ਼ਾਰਾ ਕਰ ਸਕਦਾ ਹੋਵੇ ਅਤੇ ਚੰਗੇ ਮਾਣ ਨਾਲ ਜੀਵਨ ਬਤੀਤ ਕਰ ਸਕਦਾ ਹੋਵੇ। ਜੋ ਨਿਰਬਲ ਹੈ ਉਸ ਦਾ ਆਸਰਾ ਵਾਹਿਗੁਰੂ ਜੀ ਹੋਇਆ ਕਰਦੇ ਹਨ। ਹੋਰ ਉਸ ਨੂੰ ਸੰਸਾਰ ਵਿਚ ਕੋਈ ਆਸਰਾ ਦੇਣ ਦੇ ਸਮਰੱਥ ਨਹੀਂ ਹੁੰਦਾ। ਬੰਦੇ ਨੂੰ ਉਸ ਦੀ ਨਿਰਬਲਤਾ ਦੇ ਕਾਰਨ ਲੁੱਟਣਾ, ਮਾਰਨਾ, ਤੰਗ ਕਰਨਾ, ਬੇਇਜ਼ਤ ਕਰਨਾ ਪ੍ਰਸੰਸਾਯੋਗ ਗੱਲ ਨਹੀਂ ਹੋਇਆ ਕਰਦੀ। ਸਗਮਾਂ ਇਸ ਨੂੰ ਬਹੁਤ ਬੁਰਾ ਮੰਨਿਆ ਜਾਂਦਾ ਹੈ। ਇਕ ਅਖਾਣ ਪ੍ਰਚਲਤ ਹੈ-

*ਬੁਰਾ ਗਰੀਬ ਕਾ ਮਾਰਨਾ,*
*ਬੁਰੀ ਗਰੀਬ ਕੀ ਆਹ*
*ਮੂਏ ਬਕਰੇ ਕੀ ਖਾਲ ਸੇ,*
*ਲੋਹਾ ਭਸਮ ਹੋ ਜਾਏ।*

*ਅਕੁਟਲੰ ਰਹਿਣਾ ਨੀਤ ਪਿਆਰੇ*
*ਗੁਰ ਸੇਵਾ ਤਨ ਮਨ ਧਨ ਵਾਰੇ।*

ਕੁਟਲਤਾ ਜਿਸ ਨੂੰ ਛਲ ਅਤੇ ਕਪਟ ਵੀ ਆਖਿਆ ਜਾਂਦਾ ਹੈ, ਇਹ ਆਦਮੀ ਦੇ ਜੀਵਨ ਵਿਚ ਇਕ ਬਹੁਤ ਬੁਰਾ ਅਵਗੁਣ ਹੈ। ਦੂਸਰਿਆਂ ਨਾਲ ਵਰਤਾਵੇ ਵੇਲੇ ਐਸੇ ਪੁਰਸ਼ ਮਨੋ ਹੋਰ ਹੁੰਦੇ ਹਨ ਅਤੇ ਪੇਟ ਵਿਚ ਹੋਰ ਗੱਲ ਰਖਦੇ ਹਨ। ਉਪਰੋਂ ਹਸਦੇ ਹਨ, ਮਿਤਰਤਾ ਪਾਉਂਦੇ ਹਨ ਪਰ ਅੰਦਰੋਂ ਉਸ ਦੇ ਸਰਵਨਾਸ਼ ਦੀ ਸੋਚਣੀ ਸੋਚਦੇ ਹਨ। ਜੀਵਨ ਵਿਚ ਬਹੁਤ ਸਾਰੇ ਅਵਗੁਣ ਹਨ ਜਿਨ੍ਹਾਂ ਬਾਰੇ ਐਸਾ ਫੁਰਮਾਨ ਆਉਂਦਾ ਹੈ ਕਿ-

*ਆਪਿ ਨ ਦੇਹਿ ਚੁਰੂ ਭਰਿ ਪਾਨੀ॥*
*ਤਿਹ ਨਿੰਦਹਿ ਜਿਹ ਗੰਗਾ ਆਨੀ॥*
*ਪੰਨਾ - 332*

ਆਪ ਤਾਂ ਇਕ ਚੂਲੀ ਜਿੰਨਾਂ ਪਾਣੀ ਵੀ ਕਿਸੇ ਨੂੰ ਨਹੀਂ ਦਿੰਦੇ, ਕਿਸੇ ਦੀ ਲੋੜ ਕਦੇ ਵੀ ਪੂਰੀ ਨਹੀਂ ਕਰਦੇ ਇਸ ਦੇ ਵਿਪਰੀਤ ਲੋੜਵੰਦ ਦੇ ਦੁੱਖ ਨੂੰ ਦੇਖ ਕੇ ਖੁਸ਼ ਹੁੰਦੇ ਹਨ। ਰਾਜੇ ਭਗੀਰਥ ਨੇ ਤਪ ਕਰਕੇ ਗੰਗਾ ਦਰਿਆ ਨੂੰ ਅਰਸ਼ਾਂ ਤੋਂ ਪ੍ਰਾਪਤ ਕੀਤਾ ਅਤੇ ਭਾਰਤ ਵਰਸ਼ ਦੇ ਕਲਿਆਣ ਲਈ ਇਸ ਨੂੰ ਭਾਰਤ ਦੇ ਮੈਦਾਨਾਂ ਵਿਚ ਲਿਆਂਦਾ ਪਰ ਜੋ ਕੁਟਲ ਪੁਰਸ਼ ਹੋਇਆ ਕਰਦੇ ਹਨ, ਉਹ ਗੰਗਾ ਲਿਆਉਣ ਵਾਲੇ ਨੂੰ ਨਿੰਦਣੋਂ ਨਹੀਂ ਹਟਦੇ। ਭਾਵੇਂ ਗੰਗਾ ਦੇ ਆਉਣ ਨਾਲ ਕਰੋੜਾਂ ਬੰਦਿਆਂ ਨੂੰ ਸ਼ੁਧ ਜਲ ਮਿਲਿਆ, ਖੇਤੀਆਂ ਹਰੀਆਂ ਭਰੀਆਂ ਹਨ, ਇਸ ਜਲ ਦੇ ਸਰੋਤ ਦੇ ਕੰਢੇ ਵੱਡੇ ਸ਼ਹਿਰ ਵਸੇ ਅਤੇ ਇਹ ਦਰਿਆ ਭਾਰਤ ਦਾ ਗੌਰਵ ਬਣਿਆ ਰਿਹਾ ਪਰ ਉਸ ਦਰਿਆ ਨੂੰ ਲਿਆਉਣ ਵਾਲੇ ਨੂੰ ਬੁਰਾ ਕਹਿਣੋਂ ਨਹੀਂ ਹਟਦੇ।

*ਬੈਠਤ ਉਠਤ ਕੁਟਿਲਤਾ ਚਾਲਹਿ॥*
*ਆਪੁ ਗਏ ਅਉਰਨ ਹੂ ਘਾਲਹਿ॥*
*ਪੰਨਾ - 332*

ਬੈਠਦੇ ਉਠਦੇ, ਮੇਲ ਮਿਲਾਪ ਕਰਦੇ ਸਦਾ ਹੀ ਕੁਟਲਤਾ ਦਾ ਜੀਵਨ ਧਾਰ ਕੇ ਰਖਦੇ ਹਨ। ਆਪ ਤਾਂ ਗਏ ਗੁਜ਼ਰੇ ਹਨ ਅਤੇ ਦੂਸਰਿਆਂ ਨੂੰ ਵੀ ਉਸ ਰਸਤੇ ਤੇ ਚਲਾਉਣ ਦਾ ਯਤਨ ਕਰਦੇ ਹਨ, ਹੋਰਨਾਂ ਦੇ ਵੀ ਜੀਵਨ ਨੂੰ ਗਾਲ ਦਿਆ ਕਰਦੇ ਹਨ। ਐਸੇ ਪੁਰਸ਼ ਬਹਿਸਾਂ, ਝਗੜਿਆਂ, ਮਿਤਰਤਾਵਾਦ ਤੋਂ ਬਿਨਾਂ ਹੋਰ ਕੁਝ ਜਾਣਦੇ ਹੀ ਨਹੀਂ। ਜੇ ਬ੍ਰਹਮਾ ਵੀ ਆ ਜਾਵੇ ਉਸਦੀ ਵੀ ਗੱਲ ਨਹੀਂ ਮੰਨਦੇ, ਭਾਵੇਂ ਵੱਡੇ ਤੋਂ ਵੱਡਾ ਵਿਦਵਾਨ ਹੋਵੇ ਉਹਦੀ ਗੱਲ ਵੀ ਨਹੀਂ ਮੰਨਦੇ। ਆਪ ਤਾਂ ਡੁੱਬਦੇ ਹੀ ਹਨ ਦੂਸਰਿਆਂ ਨੂੰ ਵੀ ਡੋਬ ਦਿੰਦੇ ਹਨ। ਵਿਸ਼ੇ ਵਿਕਾਰਾਂ ਦੀ ਨੀਂਦ ਵਿਚ ਆਪ ਸੁੱਤੇ ਪਏ ਰਹਿੰਦੇ ਹਨ ਅਤੇ ਦੂਸਰਿਆਂ ਨੂੰ ਵੀ ਆਪਣੀ ਨੀਚ ਮਤ ਦੇ ਨਾਲ ਬਰਬਾਦ ਕਰ ਦਿੰਦੇ ਹਨ। ਦੂਸਰਿਆਂ ਵਲ ਦੇਖ ਕੇ ਹਸਦੇ ਹਨ ਭਾਵੇਂ ਉਨ੍ਹਾਂ ਦੇ ਮੁਕਾਬਲੇ ਉਪਰ ਇਨ੍ਹਾਂ ਦਾ ਆਪਣਾ ਜੀਵਨ ਬਹੁਤ ਘਟੀਆ ਕਿਉਂ ਨਾ ਹੋਵੇ। ਕਬੀਰ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਅਜਿਹੇ ਪੁਰਸ਼ਾਂ ਨੂੰ ਦੇਖ ਕੇ ਅਸਾਨੂੰ ਤਾਂ ਲੱਜਿਆ ਆਉਂਦੀ ਹੈ। ਪੂਰਾ ਸ਼ਬਦ ਇਸ ਤਰ੍ਹਾਂ ਹੈ -

*ਛਾਡਿ ਕੁਚਰਚਾ ਆਨ ਨ ਜਾਨਹਿ॥*
*ਬ੍ਰਹਮਾ ਹੂ ਕੋ ਕਹਿਓ ਨ ਮਾਨਹਿ॥*
*ਆਪੁ ਗਏ ਅਉਰਨ ਹੂ ਖੋਵਹਿ॥*
*ਆਗਿ ਲਗਾਇ ਮੰਦਰ ਮੈ ਸੋਵਹਿ॥*
*ਅਵਰਨ ਹਸਤ ਆਪ ਹਹਿ ਕਾਂਨੇ॥*
*ਤਿਨ ਕਉ ਦੇਖਿ ਕਬੀਰ ਲਜਾਨੇ॥*
*ਪੰਨਾ - 332*

ਸੋ ਇਹ ਅਵਗੁਣ ਆਤਮ ਮਾਰਗ ਤੇ ਇਕ ਕਦਮ ਵੀ ਨਹੀਂ ਚਲਣ ਦਿੰਦੇ। ਇਸ ਕਰਕੇ ਬਹੁਤ ਸਾਵਧਾਨੀ ਵਰਤ ਕੇ ਜੀਵਨ ਵਿਚ ਅਕੁਟਲ ਰਹਿਣਾ ਚਾਹੀਦਾ ਹੈ ਅਤੇ ਗੁਰੂ ਦੀ ਸੇਵਾ ਕਰਕੇ ਆਪਣਾ ਪ੍ਰਮ ਮਨੋਰਥ, ਜਿਸ ਵਾਸਤੇ ਇਹ ਜੀਵ ਸੰਸਾਰ ਵਿਚ ਆਇਆ

ਹੈ, ਉਹ ਪ੍ਰਾਪਤ ਕਰੇ। ਫੁਰਮਾਨ ਆਉਂਦਾ ਹੈ ਕਿ –

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥*

*ਪੰਨਾ – 26*

ਇਸ ਕਰਕੇ ਸੇਵਾ ਮੰਗਣੀ ਚਾਹੀਦੀ ਹੈ, ਸੇਵਾ ਕਰਕੇ ਹੀ ਆਪਣੇ ਜੀਵਨ ਮਨੋਰਥ, ਪ੍ਰਭੂ ਦੀ ਪ੍ਰਾਪਤੀ ਹੋ ਸਕਿਆ ਕਰਦੀ ਹੈ –

*ਐਸੀ ਮਾਂਗੁ ਗੋਬਿਦ ਤੇ॥*
*ਟਹਲ ਸੰਤਨ ਕੀ ਸੰਗੁ ਸਾਧੂ ਕਾ*
*ਹਰਿ ਨਾਮਾਂ ਜਪਿ ਪਰਮ ਗਤੇ॥*

*ਪੰਨਾ – 1298*

ਅਤੇ ਇਸ ਤਰ੍ਹਾਂ ਵੀ ਆਉਂਦਾ ਹੈ –

*ਆਉ ਸਖੀ ਸੰਤ ਪਾਸਿ ਸੇਵਾ ਲਾਗੀਐ॥*
*ਪੀਸਉ ਚਰਣ ਪਖਾਰਿ ਆਪੁ ਤਿਆਗੀਐ॥*
*ਤਜਿ ਆਪੁ ਮਿਟੈ ਸੰਤਾਪੁ*
*ਆਪੁ ਨਹ ਜਾਣਾਈਐ॥*
*ਸਰਣਿ ਗਹੀਜੈ ਮਾਨਿ ਲੀਜੈ*
*ਕਰੇ ਸੋ ਸੁਖੁ ਪਾਈਐ॥ ਪੰਨਾ – 457*

ਗੁਰੂ ਦੀ ਸੇਵਾ ਕੀਤੇ ਬਗੈਰ ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਨਾ ਹੀ ਭਗਤੀ ਦੇ ਰਸਤੇ ਤੇ ਚਲ ਸਕਦਾ ਹੈ ਜਿਵੇਂ ਕਿ –

*ਗੁਰ ਸੇਵਾ ਬਿਨੁ ਭਗਤਿ ਨ ਹੋਵੀ*
*ਕਿਉ ਕਰਿ ਚੀਨਸਿ ਆਪੈ॥*
*ਨਿੰਦਾ ਕਰਿ ਕਰਿ ਨਰਕ ਨਿਵਾਸੀ*
*ਅੰਤਰਿ ਆਤਮ ਜਾਪੈ॥*

*ਪੰਨਾ – 1013*

ਆਪਣਾ ਆਪਾ, ਆਪਣੇ ਪ੍ਰਾਣ, ਆਪਣਾ ਧਨ ਗੁਰੂ ਦੇ ਚਰਨਾਂ ਤੇ ਭੇਟਾ ਕਰਕੇ ਸੇਵਾ ਕਰਨ ਲਈ ਪ੍ਰੇਰਨਾ ਗੁਰੂ ਮਹਾਰਾਜ ਕਰਦੇ ਹਨ ਜਿਵੇਂ ਕਿ –

*ਹਉ ਪਾਣੀ ਪਖਾ ਪੀਸਉ ਸੰਤ ਆਗੈ*
*ਪਗ ਮਲਿ ਮਲਿ ਧੂਰਿ ਮੁਖਿ ਲਾਈਐ॥*

*ਪੰਨਾ – 881*

ਗੁਰੂ ਦੀ ਸੇਵਾ ਤੋਂ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਗੁਰ ਸੰਗਤ ਵਿਚ ਗੁਣ ਗਾ ਕੇ ਬਹੁਤ ਉਚੀ ਪਦਵੀ ਪ੍ਰਾਪਤ ਕਰ ਲੈਂਦਾ ਹੈ, ਆਪ ਵੀ ਤਰਦਾ ਹੈ ਅਤੇ ਆਪਣੀ ਕੁਲ ਨੂੰ ਵੀ ਤਾਰ ਦਿੰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਗੁਰ ਕੀ ਸੇਵਾ ਸਦਾ ਸੁਖੁ ਪਾਏ॥*
*ਸੰਤਸੰਗਤਿ ਮਿਲਿ ਹਰਿ ਗੁਣ ਗਾਏ॥*
*ਨਾਮੇ ਨਾਮਿ ਕਰੇ ਵੀਚਾਰੁ॥*
*ਆਪਿ ਤਰੈ ਕੁਲ ਉਧਰਣਹਾਰੁ॥*

*ਪੰਨਾ – 362*

ਅਤੇ

*ਆਪਿ ਮੁਕਤੁ ਸੰਗੀ ਤਰੇ*
*ਕੁਲ ਕੁਟੰਬ ਉਧਾਰੇ॥*
*ਸਫਲ ਸੇਵਾ ਗੁਰਦੇਵ ਕੀ*
*ਨਿਰਮਲ ਦਰਬਾਰੇ॥ ਪੰਨਾ – 814*

ਤਨ, ਮਨ, ਧਨ ਵਾਰ ਕੇ ਗੁਰੂ ਦੀ ਸੇਵਾ ਕਰੇ ਅਤੇ ਅੱਗੇ ਮਹਾਂਪੁਰਸ਼ਾਂ ਨੇ ਸੌਚ ਬਾਰੇ ਲਿਖਿਆ ਹੈ ਕਿ ਸਰੀਰ ਨੂੰ ਵੀ ਮੈਲ ਤੋਂ ਸ਼ੁੱਧ ਰੱਖੇ ਕਿਉਂਕਿ ਸਰੀਰ ਵਿਚ ਵਾਹਿਗੁਰੂ ਜੀ ਨੇ ਸਾਢੇ ਤਿੰਨ ਕਰੋੜ ਰੋਮ ਰੱਖੇ ਹੋਏ ਹਨ ਜਿਨ੍ਹਾਂ ਵਿਚੋਂ ਹਰ ਸਮੇਂ ਹੀ ਭਿਆਨਕ ਕਿਸਮ ਦੀਆਂ ਮੈਲਾਂ ਨਿਕਲਦੀਆਂ ਰਹਿੰਦੀਆਂ ਹਨ। ਇਹ ਧੋਤਿਆਂ ਵੀ ਸ਼ੁਧ ਨਹੀਂ ਹੁੰਦਾ, ਆਪ ਤਾਂ ਇਸ ਮੈਲ ਕਾਰਨ ਰੋਗੀ ਹੁੰਦਾ ਹੈ ਦੂਸਰਿਆਂ ਨੂੰ ਵੀ ਰੋਗੀ ਬਣਾ ਦਿੰਦਾ ਹੈ। ਗੁਰੂ ਘਰ ਅੰਦਰ ਸਰੀਰ ਦੀ ਸ਼ੁਧਤਾ ਵੀ ਜ਼ਰੂਰੀ ਹੈ ਅਤੇ ਮਨ ਦੀ ਸ਼ੁਧਤਾ ਵੀ ਜ਼ਰੂਰੀ ਹੈ। ਅਰੋਗਤਾ ਲਈ ਇਸ਼ਨਾਨ ਕਰਕੇ ਪ੍ਰਭੂ ਦੇ ਚਰਨਾਂ ਨਾਲ ਚਿੱਤ ਜੋੜਨਾ ਅਵੱਸ਼ਕ ਹੈ ਜਿਵੇਂ ਕਿ –

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ॥*
*ਕੋਟਿ ਬਿਘਨ ਲਾਥੇ ਪ੍ਰਭ ਸਰਣਾ*
*ਪ੍ਰਗਟੇ ਭਲੇ ਸੰਜੋਗਾ॥*

*ਪੰਨਾ – 611*

ਮਨ ਦੀ ਮੈਲ ਜਿਸ ਨੂੰ ਗੁਰੂ ਘਰ ਵਿਚ ਮਤ ਦੀ ਮੈਲ ਆਖਿਆ ਗਿਆ ਹੈ ਅਤੇ ਇਸੇ ਨੂੰ ਅੰਤਸ਼ਕਰਣ ਦੀ ਮੈਲ ਵੀ ਆਖਿਆ ਜਾਂਦਾ ਹੈ ਇਸ ਵਿਚ ਰਾਗ, ਦ੍ਵੈਸ਼, ਆਪਣੇ ਬੇਗਾਨੇ, ਚੰਗੇ ਬੁਰੇ ਆਦਿ ਦ੍ਵੰਦਾਂ ਦੀ ਮੈਲ ਸਦਾ ਹੀ ਭਰੀ ਰਹਿੰਦੀ ਹੈ। ਇਸ ਮੈਲ ਨੂੰ ਦੂਰ ਕਰਨ ਵਾਸਤੇ ਨਾਮ ਜਪਣ ਦੀ ਲੋੜ ਹੈ, ਬਾਣੀ ਪੜ੍ਹਨ ਦੀ ਲੋੜ ਹੈ ਕਿਉਂਕਿ ਜੇ ਮਨ ਵਿਚ ਮੈਲ ਰਹੀ ਤਾਂ ਸਭ ਕੁਝ ਮੈਲਾ ਹੀ ਰਹਿੰਦਾ ਹੈ –

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ॥*

*ਪੰਨਾ – 558*

ਮਹਾਂਪੁਰਸ਼ ਲਿਖਦੇ ਹਨ –

*ਜਲ ਮਾਟੀ ਤੇ ਤਨ ਸੁਧ ਕੀਜੈ।*
*ਰਾਗ ਦ੍ਵੈਖ ਤਜ ਮਨ ਸੁਧ ਕੀਜੈ।*

ਮਨ ਦੀ ਮੈਲ ਦੂਰ ਕਰਨ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥*

*ਪੰਨਾ – 4*

'ਆਤਮ ਮਾਰਗ' ਜਿਸ ਨੂੰ ਮੁਕਤ ਆਤਮਾ ਵੀ ਆਖਿਆ ਜਾਂਦਾ ਹੈ, ਇਸ ਤੇ ਚੱਲਣ ਦਾ ਦ੍ਰਿੜ੍ਹ ਭਰੋਸਾ ਮਨ ਵਿਚ ਹੋਣਾ ਜ਼ਰੂਰੀ ਹੈ ਅਤੇ ਸੰਜਮ ਵਾਲਾ ਜੀਵਨ ਧਾਰਨ ਕਰਨਾ ਚਾਹੀਦਾ ਹੈ। ਸਰੀਰ ਨੂੰ ਸਦਾ ਹੀ ਖਾਣ ਪੀਣ ਦਾ ਸੰਜਮੀ ਬਣਾਉਣਾ ਜ਼ਰੂਰੀ ਹੈ। ਪਹਿਨਣ, ਬੋਲਣ, ਸੌਣ ਦਾ ਵੀ ਸੰਜਮ ਹੋਣਾ ਚਾਹੀਦਾ ਹੈ। ਆਪ ਲਿਖਦੇ ਹਨ –

*ਮੁਕਤਿ ਮਾਰਗ ਮੇਂ ਦ੍ਰਿੜ ਭਰੋਸਾ।*
*ਸੰਜਮ ਸਦਾ ਸਰੀਰ ਰਖੇਸਾ।*
*ਇੰਦ੍ਰੀ ਵਿਸ਼ੇ ਤੇ ਕਰ ਵੈਰਾਗਾ।*
*ਨਿਰਹੰਕਾਰ ਹੋਇ ਵਡਭਾਗਾ।*

ਇੰਦ੍ਰੀਆਂ ਦੇ ਵਿਸ਼ੇ ਜਿਵੇਂ ਕਿ ਅੱਖਾਂ ਦਾ ਵਿਸ਼ਾ ਰੂਪ ਹੈ, ਨੱਕ ਦਾ ਵਿਸ਼ਾ ਗੰਧ ਹੈ, ਜੀਭ ਦਾ ਵਿਸ਼ਾ ਰਸ ਹੈ, ਕੰਨਾਂ ਦਾ ਵਿਸ਼ਾ ਸ਼ਬਦ ਹੈ ਅਤੇ ਭੋਗ ਇੰਦ੍ਰੀਆਂ ਦਾ ਵਿਸ਼ਾ ਸਪਰਸ਼ ਹੈ। ਇਨ੍ਹਾਂ ਤੋਂ ਬਚ ਕੇ ਚਲਣਾ ਚਾਹੀਦਾ ਹੈ ਕਿਉਂਕਿ ਇਕ-ਇਕ ਵਿਸ਼ਾ ਪੂਰੀ ਤਰ੍ਹਾਂ ਨਾਲ ਵਿਨਾਸ਼ ਦਾ ਕਾਰਨ ਬਣ ਜਾਇਆ ਕਰਦਾ ਹੈ। ਗੁਰੂ ਮਹਾਰਾਜ ਜੀ ਨੇ ਇਨ੍ਹਾਂ ਦਾ ਹੋਰ ਵਖਿਆਨ ਕਰਦਿਆਂ ਫੁਰਮਾਇਆ ਹੈ –

*ਹਉਮੈ ਰੋਗੁ ਮਾਨੁਖ ਕਉ ਦੀਨਾ॥*
*ਕਾਮ ਰੋਗਿ ਮੈਗਲੁ ਬਸਿ ਲੀਨਾ॥*
*ਪੰਨਾ - 1140*

ਇਕ-ਇਕ ਵਿਸ਼ਾ ਕਿੰਨਾ ਮਾਰੂ ਹੈ ਜਿਵੇਂ ਕਿ ਹਉਮੈ ਦਾ ਰੋਗ ਮਨੁੱਖ ਨੂੰ ਲੱਗਿਆ ਹੋਇਆ ਹੈ। ਇਹ ਜੀਵ ਵਾਹਿਗੁਰੂ ਜੀ ਦੀ ਅੰਸ ਹੈ ਅਤੇ ਵਾਹਿਗੁਰੂ ਜੀ ਤੋਂ ਅਨਿੱਖੜਵਾਂ ਇਸ ਦਾ ਰੂਪ ਹੈ। ਇਸ ਦੀ ਹੋਂਦ ਕੋਈ ਵੀ ਨਹੀਂ ਹੈ ਇਹ ਆਪ ਹੀ ਪ੍ਰਮੇਸ਼ਰ ਹੈ ਪਰ ਹਉਮੈ ਰੋਗ ਕਰਕੇ ਇਸ ਦੀ ਜੋ ਚੇਤਨਤਾ ਸਰੀਰ ਵਿਚ ਹੈ ਉਹ ਵੱਖਰੀ ਹੋਣ ਕਰਕੇ ਜੀਵ ਦੀ ਸੰਗਿਆ ਵਿਚ ਆਈ ਜਿਸ ਕਰਕੇ ਇਹ ਜੀਵ ਆਤਮਾ ਸਦਾ ਹੀ ਮਰਦਾ ਤੇ ਜੰਮਦਾ ਰਹਿੰਦਾ ਹੈ, ਕਰਮਾਂ ਦਾ ਫਲ ਭੋਗਦਾ ਹੈ। ਜਦੋਂ ਇਸ ਨੂੰ ਗਿਆਨ ਹੋ ਜਾਂਦਾ ਹੈ ਇਸ ਨੂੰ ਆਪਣੇ ਅੰਦਰੋਂ ਹੀ ਪ੍ਰਮੇਸ਼ਰ ਦੀ ਸੋਝੀ ਹੋਣ ਕਰਕੇ ਇਸ ਦਾ ਭੇਦ ਭਰਮ ਮਿਟ ਜਾਇਆ ਕਰਦਾ ਹੈ। 'ਸੰਗ ਭਰਮ' ਦਾ ਦੋਖ ਵੀ ਖਤਮ ਹੋ ਜਾਂਦਾ ਹੈ। ਆਪਾ ਚੀਨ ਕੇ ਸਾਰੇ ਭਰਮਾਂ ਦਾ ਨਾਸ਼ ਹੋ ਕੇ ਇਸ ਦਾ ਹਿਰਦੇ ਵਿਚ ਪ੍ਰਕਾਸ਼ ਹੋ ਜਾਂਦਾ ਹੈ। ਤਾਂ ਕੀ ਦੇਖਦਾ ਹੈ ਕਿ ਇਕੋ ਵਾਹਿਗੁਰੂ ਸਾਰੇ ਪਰੀਪੂਰਨ ਹੈ ਜਿਸ ਤਰ੍ਹਾਂ ਕਿ ਫੁਰਮਾਨ ਆਉਂਦਾ ਹੈ –

*ਜੇਤਾ ਸਬਦੁ ਸੁਰਤਿ ਧੁਨਿ ਤੇਤੀ*
*ਜੇਤਾ ਰੂਪੁ ਕਾਇਆ ਤੇਰੀ॥*
*ਤੂੰ ਆਪੇ ਰਸਨਾ ਆਪੇ ਬਸਨਾ*
*ਅਵਰੁ ਨ ਦੂਜਾ ਕਹਉ ਮਾਈ॥*
*ਸਾਹਿਬੁ ਮੇਰਾ ਏਕੋ ਹੈ॥*
*ਏਕੋ ਹੈ ਭਾਈ ਏਕੋ ਹੈ॥*
*ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ॥*
*ਆਪੇ ਵੇਖੈ ਆਪੇ ਵਿਗਸੈ*
*ਆਪੇ ਨਦਰਿ ਕਰੇਇ॥ ਪੰਨਾ - 350*

ਸੋ ਕੇਵਲ ਹਉਮੈ ਦੇ ਰੋਗ ਕਰਕੇ ਇਹ ਜੀਵ ਰੂਪ ਵਿਚ ਵੱਖਰੀ ਹਸਤੀ ਕਾਇਮ ਕਰ ਲੈਂਦਾ ਹੈ। ਕ੍ਰੋੜਾਂ ਜਨਮਾਂ ਤਕ ਦੁਖ ਭੋਗਦਾ ਹੈ, ਉਸ ਵੇਲੇ ਤਕ ਦੁਖੀ ਰਹਿੰਦਾ ਹੈ ਜਦੋਂ ਤਕ ਇਸ ਨੂੰ ਹਉਮੈ ਰੋਗ ਤੋਂ ਛੁਟਕਾਰਾ ਨਹੀਂ ਮਿਲਦਾ।

ਹਾਥੀ ਕਿੱਡਾ ਬਲ ਵਾਲਾ ਪਸ਼ੂ ਹੈ ਪਰ ਕਾਮ ਦੇ ਵਸ ਆਇਆ ਹੋਇਆ ਆਦਮੀ ਦੇ ਕਾਬੂ ਆ ਜਾਇਆ ਕਰਦਾ ਹੈ। ਉਸ ਨੂੰ ਕਾਬੂ ਕਰਨ ਲਈ ਇਕ ਟੋਆ ਪੁੱਟ ਕੇ ਘਾਹ ਫੂਸ ਨਾਲ ਛੱਤ ਦਿਤਾ ਜਾਂਦਾ ਹੈ, ਉਸ ਦੇ ਉਤੇ ਇਕ ਕਾਗਜ਼ਾਂ ਦੀ ਹਥਣੀ ਬਣਾ ਕੇ ਖੜ੍ਹੀ ਕਰ ਦਿੰਦੇ ਹਨ। ਹਾਥੀ ਕਾਮ ਰੋਗ ਦਾ ਮਾਰਿਆ ਬਿਨਾਂ ਵਿਚਾਰੇ ਹਥਣੀ ਵਲ ਦੌੜਦਾ ਇਸ ਟੋਏ ਵਿਚ ਗਿਰ ਜਾਂਦਾ ਹੈ ਅਤੇ ਆਦਮੀ ਇਸ ਨੂੰ ਵਸ ਵਿਚ ਕਰ ਲੈਂਦਾ ਹੈ। ਪਤੰਗੇ ਨੂੰ ਦ੍ਰਿਸ਼ਟੀ ਦਾ ਰੋਗ ਹੈ। ਉਹ ਦੀਵੇ ਦੀ ਲਾਟ ਨੂੰ ਦੇਖ ਉਸ ਵਲ ਨੂੰ ਦੌੜਿਆ ਜਾਂਦਾ ਹੈ ਅਤੇ ਸੜ ਕੇ ਆਪਣੇ ਪ੍ਰਾਣ ਤਿਆਗ ਦਿੰਦਾ ਹੈ –

*ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥*
*ਨਾਦ ਰੋਗਿ ਖਪਿ ਗਏ ਕੁਰੰਗਾ॥*
*ਪੰਨਾ - 1140*

ਮਿਰਗ ਨੂੰ ਫੜਨ ਵਾਸਤੇ ਸ਼ਿਕਾਰੀ ਘੰਡੇ ਹੇੜੇ ਦੀ ਆਵਾਜ਼ ਪੈਦਾ ਕਰਦਾ ਹੈ ਜਿਸ ਨੂੰ ਸੁਣ ਕੇ ਹਿਰਨ ਮੋਹਿਤ ਹੋ ਜਾਂਦਾ ਹੈ ਅਤੇ ਧਰਤੀ ਤੇ ਲਿਟਣ ਲਗ ਜਾਂਦਾ ਹੈ। ਸ਼ਿਕਾਰੀ ਉਸ ਨੂੰ ਨੇੜੇ ਹੋ ਕੇ ਫੜ ਲੈਂਦਾ ਹੈ ਅਤੇ ਉਸ ਨੂੰ ਖਾ ਲੈਂਦਾ ਹੈ। ਇਸੇ ਤਰ੍ਹਾਂ ਨਾਲ ਜਿਹਬਾ ਰੋਗ ਮੱਛੀ ਨੂੰ ਹੋਣ ਕਰਕੇ ਸ਼ਿਕਾਰੀ ਕੁੰਡੀ ਨੂੰ ਆਟਾ ਲਾ ਕੇ ਜਾਂ ਮਾਸ ਦੀ ਬੋਟੀ ਲਾ ਕੇ ਪਾਣੀ ਵਿਚ ਸੁੱਟ ਦਿੰਦਾ ਹੈ ਜਦੋਂ ਮੱਛੀ ਆ ਕੇ ਉਸ ਨੂੰ ਨਿਘਲਦੀ ਹੈ ਤਾਂ ਕੁੰਡੀ ਨੂੰ ਵੀ ਅੰਦਰ ਹੀ ਲੈ ਜਾਂਦੀ ਹੈ। ਸ਼ਿਕਾਰੀ ਜ਼ੋਰ ਨਾਲ ਝਟਕਾ ਮਾਰ ਕੇ ਉਸ ਨੂੰ ਕੱਢ ਲਿਆ ਕਰਦਾ ਹੈ। ਇਸੇ ਤਰ੍ਹਾਂ ਨਾਲ ਬਾਸਨਾ ਦਾ ਰੋਗ ਭੰਵਰੇ ਨੂੰ ਹੈ। ਉਹ ਫੁੱਲ ਵਿਚ ਬੈਠ ਜਾਂਦਾ ਹੈ, ਸ਼ਾਮ ਹੋਈ ਤੇ ਫੁੱਲ ਬੰਦ ਹੋ ਜਾਂਦਾ ਹੈ ਅਤੇ ਉਹ ਉਸ ਵਿਚ ਘੁਟ ਕੇ ਮਰ ਜਾਂਦਾ ਹੈ। ਸੋ ਸਾਰਾ ਸੰਸਾਰ ਮੋਹ ਦੇ ਵਸ ਵਿਚ ਰਜੋ ਗੁਣ, ਤਮੋ ਗੁਣ, ਸਤੋ ਗੁਣ ਦਾ ਬੰਨ੍ਹਿਆ ਹੋਇਆ ਦੁਖੀ ਹੁੰਦਾ ਹੈ। ਫੁਰਮਾਨ ਹੈ–

*ਜਿਹਵਾ ਰੋਗਿ ਮੀਨੁ ਗ੍ਰਸਿਆਨੋ॥*
*ਬਾਸਨ ਰੋਗਿ ਭਵਰੁ ਬਿਨਸਾਨੋ॥*
*ਹੇਤ ਰੋਗ ਕਾ ਸਗਲ ਸੰਸਾਰਾ॥*
*ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ॥*
*ਪੰਨਾ - 1140*

ਸੋ ਇਸ ਕਰਕੇ ਮਹਾਂਪੁਰਸ਼ ਫੁਰਮਾਨ ਕਰਦੇ ਹਨ ਕਿ ਇੰਦ੍ਰੀਆਂ ਦੇ ਵਿਸ਼ੇ ਤੋਂ ਬੈਰਾਗਵਾਨ ਹੋ ਕੇ ਨਿਰਹੰਕਾਰ ਰਹਿ ਕੇ ਜੀਵਨ ਬਤੀਤ ਕਰੇ। ਕਿਉਂਕਿ ਇਹ ਪੰਜੇ ਵਿਸ਼ੇ – ਸ਼ਬਦ, ਸਪਰਸ਼, ਰੂਪ, ਰਸ, ਗੰਧ ਪੰਜੋਂ ਇੰਦ੍ਰੀਆਂ ਨੂੰ ਸਦਾ ਹੀ ਮੋਹਿਤ ਕਰਕੇ ਰਖਦੇ ਹਨ –

*ਇੰਦ੍ਰੀ ਵਿਸ਼ੇ ਤੇ ਕਰ ਵੈਰਾਗਾ।*
*ਨਿਰਹੰਕਾਰ ਹੋਇ ਵਡਭਾਗਾ।*
*ਜਨਮ ਮਰਨ ਜਗ ਰੋਗ ਜੋ ਦੂਖਾ।*
*ਦੋਖ ਰੂਪ ਸਮਝੇ ਗੁਰਮੁਖਾ।*
*ਇਸਤ੍ਰੀ ਪੁੱਤ੍ਰ ਮੋਹਿ ਤਿਆਗੇ।*
*ਪੁਤ੍ਰ ਆਦਿ ਸੁਖ ਦੁਖ ਬੈਰਾਗੇ।*

ਜਨਮ ਮਰਨ ਦਾ ਬੜਾ ਭਾਰਾ ਦੁਖ ਹੈ। ਸੋ ਇਸ ਕਰਕੇ ਪਰਵਾਰਿਕ ਮੋਹ ਤਿਆਗ ਕੇ ਆਪਣੇ ਫਰਜ਼ ਪੂਰੇ ਕਰਦਾ ਹੋਇਆ ਹੀ ਆਤਮ ਮਾਰਗ ਤੇ ਚਲਿਆ ਜਾ ਸਕਦਾ ਹੈ। ਮੋਹ ਦੇ ਵਸ ਹੋਇਆ-ਹੋਇਆ ਜੀਵ ਪ੍ਰਬਲ ਵਾਸ਼ਨਾ ਹੋਣ ਕਰਕੇ ਉਸੇ ਘਰ ਵਿਚ ਬਾਰ-ਬਾਰ ਅਨੇਕਾਂ ਜੂਨਾਂ ਧਾਰ ਕੇ ਜੰਮਦਾ ਮਰਦਾ ਰਹਿੰਦਾ ਹੈ।

*ਭਲੇ ਬੁਰੇ ਸੰਗ ਸਮ ਚਿਤ ਰਹਿਣਾ।*
*ਹਰਿ ਬਿਨ ਤਿਆਗ*
*ਇਕ ਮਨ ਹਰਿ ਗਹਿਣਾ।*

ਵਾਹਿਗੁਰੂ ਤੋਂ ਬਗੈਰ ਹੋਰ ਸਾਰੀਆਂ ਚੀਜ਼ਾਂ ਨੂੰ ਤਿਆਗ ਕੇ ਵਾਹਿਗੁਰੂ ਦੇ ਪਿਆਰ ਦਾ ਗਹਿਣਾ ਪਹਿਨਣਾ ਅਤੇ ਭਲਿਆਂ ਬੁਰਿਆਂ ਨਾਲ ਸਮ ਚਿਤ ਰਹਿਣਾ। ਕਿਸੇ ਦੇ ਦੋਖ ਨੂੰ ਨਾ ਚਿਤਾਰਨਾ ਇਹ ਆਤਮ ਮਾਰਗ ਦੀ ਰਹਿਤ ਹੈ। ਆਪਣੇ ਆਪ ਨੂੰ ਪ੍ਰਸੰਨ ਚਿਤ ਰੱਖ ਕੇ ਇਕਾਂਤ ਵਿਚ ਇਕ ਚਿਤ ਹੋ ਕੇ ਭਜਨ ਕਰਨਾ, ਬਾਹਰਮੁਖੀ ਰਹਿਣ ਵਾਲਿਆਂ ਅਤੇ ਐਧਰਲਿਆਂ, ਉਧਰਲਿਆਂ, ਬੇਮਤਲਬਿਆਂ ਦੀ ਸੰਗਤ ਤਿਆਗ ਕੇ ਗੁਰਮੁਖਾਂ ਦੀ ਸੰਗਤ ਕਰਨਾ -

*ਚਿਤ ਪ੍ਰਸੰਨ ਹਿਤ ਰਹੈ ਇਕਾਂਤੀ।*
*ਬਾਹਰ ਮੁਖ ਜਨ ਤਿਆਗ ਸਗਾਤੀ।*

ਚਿਤ ਦੀ ਇਕਾਗਰਤਾ ਰੱਖ ਕੇ ਭਜਨ ਕਰਨਾ, ਆਪਣੇ ਸਰੂਪ ਦਾ ਚਿੰਤਨ ਕਰਨਾ ਅਤੇ ਹਉਮੈ ਤੋਂ ਰਹਿਤ ਹੋ ਕੇ ਆਪਣੇ ਆਪ ਨੂੰ ਆਤਮ ਸਮਝਣਾ ਜੋ ਕਿ ਸਤਿ ਹੈ। ਇਸ ਦੀ ਦ੍ਰਿੜ੍ਹਤਾ ਲਈ ਅਭਿਆਸ ਕਰਨਾ ਅਤੇ ਸਾਰੇ ਸੰਸਾਰ ਤੋਂ ਉਚਾ ਹੋ ਕੇ ਵਿਚਰਨਾ। ਇਹ ਗੁਣ ਜੋ ਉਪਰ ਦਸੇ ਗਏ ਹਨ ਇਹ ਗਿਆਨ ਦੀ ਸਮੱਗਰੀ ਹੈ ਜਿਸ ਨੂੰ ਪ੍ਰਾਪਤ ਕਰਕੇ ਅਸੀਂ ਸੱਚੀ ਟਕਸਾਲ ਸ਼ਬਦ ਦੀ ਘਾੜਤ ਕਰ ਸਕਦੇ ਹਾਂ।

*ਤਤ ਤ੍ਵੰ ਪਦਾਰਥ ਸੋਧਨ ਕਰਨਾ*
*ਮੁਕਤਿ ਸਰਬ ਸੇ ਊਚ ਬਿਚਰਨਾ*
*ਬੀਸ ਗੁਣ ਇਹ ਗਿਆਨ ਸਮੱਗਰੀ।*
*ਬਰਨੈ ਭਿੰਨ ਭਿੰਨ ਉਜਗਰੀ।*

ਇਹ ਬੀਸ ਗੁਣ ਹਨ। ਇਹ ਗੁਣ ਹੋਣੇ ਬਹੁਤ ਜ਼ਰੂਰੀ ਨੇ ਜਿਨ੍ਹਾਂ ਕਰਕੇ ਸੱਚੀ ਟਕਸਾਲ ਵਿਚ ਸ਼ਬਦ ਘੜਿਆ ਜਾਂਦਾ ਹੈ। ਸ਼ਬਦ ਦੀ ਘਾੜਤ ਗੁਰੂ ਮਹਾਰਾਜ ਜੀ ਨੇ ਸੁਨਿਆਰ ਦਾ ਪ੍ਰਤੀਕ ਦੇ ਕੇ ਵਰਨਣ ਕੀਤਾ ਹੈ ਕਿ ਜਿਸ ਤਰ੍ਹਾਂ ਸੁਨਿਆਰ ਨੂੰ ਗਹਿਣਾ ਘੜਨ ਲਈ ਦੁਕਾਨ ਦੀ ਲੋੜ ਹੁੰਦੀ ਹੈ, ਦੁਕਾਨ ਤੋਂ ਬਗੈਰ ਉਹ ਗਹਿਣੇ ਕਿਸੇ ਤਰੀਕੇ ਨਾਲ ਵੀ ਨਹੀਂ ਬਣਾ ਸਕਦਾ। ਦੁਕਾਨ ਵਿਚ ਬੈਠਣ ਲਈ ਇਕ ਬਹੁਤ ਹੀ ਸੁਖ ਵਾਲੀ ਥਾਂ ਬਣਾਈ ਜਾਂਦੀ ਹੈ ਜਿਥੇ ਬੈਠ ਕੇ ਉਹ ਦਿਨ ਭਰ ਕੰਮ ਕਰਦਾ ਹੈ, ਕਦੇ ਭੱਠੀ ਉਤੇ ਰੱਖ ਕੇ ਸੋਨੇ ਨੂੰ ਪਿਘਲਾਉਂਦਾ ਹੈ। ਇਸ ਪਿਘਲੇ ਹੋਏ ਸੋਨੇ ਨੂੰ ਗਹਿਣੇ ਦੀ ਖਾਸ ਸ਼ਕਲ ਦਿੰਦਾ ਹੈ ਉਸ ਗਹਿਣੇ ਨੂੰ ਖੂਬਸੂਰਤ ਬਣਾਉਣ ਲਈ ਅਨੇਕ ਕਲਾਵਾਂ ਦੀ ਗਿਆਤ ਨਾਲ ਕਈ ਕਿਸਮ ਦੀਆਂ ਸ਼ਕਲਾਂ, ਫੁੱਲ, ਬੂਟੇ, ਬੇਲਾਂ ਬਣਾਉਂਦਾ ਹੈ ਇਹ ਸਾਰਾ ਕੰਮ ਤਾਂ ਹੀ ਹੋ ਸਕਦਾ ਹੈ ਜੇ ਸੁਨਿਆਰ ਨੂੰ ਬੈਠਣ ਲਈ ਸੋਹਣੀ ਥਾਂ ਹੋਵੇ। ਇਸ ਦ੍ਰਿਸ਼ਟਾਂਤ ਤੋਂ ਅਸੀਂ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਕਿ ਸਭ ਤੋਂ ਪਹਿਲਾਂ ਸੁਚੱਜੀ ਥਾਂ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਨਾਲ ਜਿਥੇ ਸੁਨਿਆਰ ਨੂੰ ਹੋਰ ਸਮੱਗਰੀ ਚਾਹੀਦੀ ਹੈ ਉਸੇ ਤਰ੍ਹਾਂ ਨਾਲ ਸ਼ਬਦ ਦੀ ਘਾੜਤ ਕਰਨ ਲਈ ਸਦਗੁਣਾਂ ਦੀ ਲੋੜ ਹੈ ਜਿਨ੍ਹਾਂ ਵਿਚ ਖਿਮਾ, ਸ਼ੀਲ, ਸੌਚ, ਸੰਤੋਖ, ਦਇਆ, ਮਿੱਠਾ ਬੋਲਣਾ, ਸੇਵਾ ਕਰਨੀ, ਦਾਨ ਦੇਣਾ ਅਤੇ ਆਪ ਖੇਚਲ ਝੱਲ ਕੇ ਵੀ ਦੂਸਰਿਆਂ ਦਾ ਭਲਾ ਕਰਨਾ, ਦਸਾਂ ਨਹੁੰਆਂ ਦੀ ਕਿਰਤ ਕਰਕੇ ਵੰਡ ਛਕਣਾ ਅਤੇ ਸੱਚੇ ਦਿਲੋਂ ਸਭ ਦਾ ਭਲਾ ਮੰਨਣਾ ਆਦਿ ਗੁਣ ਚਾਹੀਦੇ ਹਨ। ਜੇ ਗੁਣ ਨਾ ਹੋਣ ਤਾਂ ਆਤਮ ਵਸਤੂ ਦੀ ਪ੍ਰਾਪਤੀ ਕਰਨੀ ਬਹੁਤ ਹੀ ਕਠਿਨ ਹੈ ਜਿਵੇਂ ਪਹਾਰਾ (ਦੁਕਾਨ) ਤੋਂ ਬਿਨਾਂ ਨਾ ਸੁਨਿਆਰ ਭੱਠੀ ਬਣਾ ਸਕਦਾ ਹੈ, ਨਾ ਕੋਲਿਆਂ ਨੂੰ ਭੱਠੀ ਵਿਚ ਪਾਉਣ ਦਾ ਕੋਈ ਪ੍ਰਬੰਧ ਹੋ ਸਕਦਾ ਹੈ ਅਤੇ ਨਾ ਹੀ ਧੌਂਕਣੀ ਤੋਂ ਬਗੈਰ ਭੱਠੀ ਵਿਚ ਪਾਏ ਹੋਏ ਕੋਲੇ ਆਪਣਾ ਪੂਰਾ ਤਾਅ ਦੇ ਸਕਦੇ ਹਨ, ਸੋਨਾ ਉਸੇ ਤਰ੍ਹਾਂ ਦਾ ਉਸੇ ਤਰ੍ਹਾਂ ਕੁਠਾਲੀ ਵਿਚ ਪਿਆ ਰਹਿੰਦਾ ਹੈ। ਜਦੋਂ ਉਹ ਪਿਘਲਦਾ ਹੀ ਨਹੀਂ, ਗਰਮ ਹੀ ਨਹੀਂ ਹੁੰਦਾ ਤਾਂ ਉਸ ਸੋਨੇ ਦੇ ਟੁਕੜੇ ਨੂੰ ਗਹਿਣੇ ਦੀ ਸ਼ਕਲ ਦਿਤੀ ਹੀ ਨਹੀਂ ਜਾ ਸਕਦੀ। ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ! ਜਿਸ ਤਰ੍ਹਾਂ ਦੁਕਾਨ ਤੋਂ ਬਗੈਰ ਸੁਨਿਆਰ ਆਪਣਾ ਕੰਮ ਨਹੀਂ ਕਰ ਸਕਦਾ ਉਸੇ ਤਰ੍ਹਾਂ ਇਸ ਰੂਹਾਨੀ ਮਾਰਗ ਤੇ ਚੱਲਣ ਲਈ ਸਭ ਤੋਂ ਪਹਿਲਾਂ ਜਤ ਦੀ ਸਖਤ ਜ਼ਰੂਰਤ ਹੈ। ਜਤ ਦੀ ਮਦਦ ਨਾਲ ਅਸੀਂ ਆਪਣਾ ਕਾਰਜ ਸਿੱਧ ਕਰ ਸਕਦੇ ਹਾਂ। ਅੱਜਕਲ੍ਹ ਦੇ ਕਈ ਪ੍ਰੇਮੀ ਇਨ੍ਹਾਂ ਨੂੰ ਮਹੱਤਤਾ ਨਹੀਂ ਦਿੰਦੇ ਅਤੇ ਕਾਮ ਦੇ ਬੇਹੋਸ਼, ਬੇਸਮਝ ਕਰਨ ਵਾਲੇ ਜਜ਼ਬੇ ਵਿਚ ਐਨੇ ਲੱਥਪੱਥ ਹੋ ਚੁਕੇ ਹਨ ਕਿ ਉਨ੍ਹਾਂ ਨੂੰ ਜਤ ਬਾਰੇ ਕੋਈ ਸੋਝੀ ਹੀ ਨਹੀਂ ਹੋ ਸਕਦੀ। ਜਦੋਂ ਤਕ ਨਰੋਆ ਸਰੀਰ ਨਹੀਂ ਹੁੰਦਾ ਅਸੀਂ ਘਾਲਣਾ ਨਹੀਂ ਘਾਲ ਸਕਦੇ। ਨਾਮ, ਸਿਮਰਨ, ਸੁਰਤ ਟਿਕਾਉਣੀ, ਗੁਰੂ ਦਾ ਧਿਆਨ ਧਰਨਾ, ਇਸ ਲਈ ਸਵਸਥ ਸਿਹਤ ਦੀ ਲੋੜ ਹੈ। ਜੇ ਭੋਰਾ ਕੁ ਧਿਆਨ ਧਰਿਆਂ ਤੇ ਛਿਕਾਂ ਆਉਣ ਲੱਗ ਜਾਣ, ਜ਼ੁਕਾਮ ਹੋ ਜਾਵੇ ਤਾਂ ਫੇਰ ਚਿੱਤ ਨੂੰ ਕਿਵੇਂ ਇਕਾਗਰ ਕਰਾਂਗੇ। ਹਰ ਚੀਜ਼ ਦਾ ਕੋਈ ਨਾ ਕੋਈ ਤਰੀਕਾ ਹੋਇਆ ਕਰਦਾ ਹੈ ਜਿਸ ਤਰ੍ਹਾਂ ਲੱਕੜੀ ਤੋਂ ਕੋਈ ਚੀਜ਼ ਬਣਾਉਣੀ ਹੈ ਤਾਂ ਬਣਾਉਣ ਵਾਲੇ ਪੁਰਸ਼ ਨੂੰ ਉਹ ਸਾਰੀ ਟੈਕਨੀਕ ਆਉਣੀ ਚਾਹੀਦੀ ਹੈ ਜਿਸ ਨਾਲ ਉਹ ਸਹਿਜੇ ਹੀ ਕੋਈ ਚੀਜ਼ ਬਣਾ ਸਕੇ। ਇਵੇਂ ਜਿਵੇਂ ਕੋਈ ਇੰਜਨੀਅਰ ਕੋਈ ਮਸ਼ੀਨ ਬਣਾ ਰਿਹਾ ਹੈ, ਕੰਪਿਊਟਰ ਵਾਲਾ ਕੰਪਿਊਟਰ ਬਣਾ ਰਿਹਾ ਹੈ ਉਸ ਨੂੰ ਉਹ ਸਾਰੇ ਟੈਕਨੀਕਲ ਤਰੀਕੇ ਆਉਣੇ ਚਾਹੀਦੇ ਹਨ ਜਿਨ੍ਹਾਂ ਨੂੰ ਵਰਤ ਕੇ ਉਹ ਕੰਪਿਊਟਰ ਬਣਾ ਸਕੇ। ਸ਼ਬਦ ਦੀ ਘਾੜਤ ਇਕ

ਗੁਪਤ ਰਹੱਸ ਹੈ ਜੋ ਸਾਧੂਆਂ ਦੀ ਸੰਗਤ ਪ੍ਰਾਪਤ ਹੋਣ ਨਾਲ ਅਤੇ ਉਨ੍ਹਾਂ ਦੇ ਬਚਨਾਂ ਦੀ ਕਮਾਈ ਕਰਨ ਨਾਲ ਸਹਿਜੇ ਹੀ ਘੜੀ ਜਾ ਸਕਦੀ ਹੈ। ਆਪਣੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਜਿਨ੍ਹਾਂ ਵਸਤਾਂ ਦੀ ਲੋੜ ਹੁੰਦੀ ਹੈ ਉਹ ਸਾਰੀਆਂ ਉਪਲਬਧ ਹੋਣੀਆਂ ਚਾਹੀਦੀਆਂ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਗਹਿਣਾ ਘੜਨ ਲਈ ਸੁਨਿਆਰ ਨੂੰ ਸਭ ਤੋਂ ਪਹਿਲਾਂ ਪਹਾਰੇ (ਥਾਂ) ਦੀ ਲੋੜ ਹੈ। ਹਵਾ ਵਿਚ ਉਹ ਕੋਈ ਵੀ ਗਹਿਣਾ ਨਹੀਂ ਬਣਾ ਸਕਦਾ ਕਿਉਂਕਿ ਉਸ ਨੇ ਭੱਠੀ ਵੀ ਬਣਾਉਣੀ ਹੈ, ਹਵਾ ਦਾ ਰੁਖ ਵੀ ਦੇਖਣਾ ਹੈ, ਧੌਂਕਣੀ ਵੀ ਉਸ ਨੂੰ ਚਾਹੀਦੀ ਹੈ ਇਸੇ ਤਰ੍ਹਾਂ ਨਾਲ ਸ਼ਬਦ ਦੀ ਘਾੜਤ ਘੜਨ ਲਈ ਸਭ ਤੋਂ ਪਹਿਲਾਂ ਨਰੋਏ ਸਰੀਰ ਦੀ ਲੋੜ ਹੈ, ਸਰੀਰ ਨੂੰ ਨਰੋਆ ਰੱਖਣ ਲਈ ਅਸਾਨੂੰ ਜਤ ਦੇ ਅਸੂਲ ਪਾਲਣ ਦੀ ਅਵਸ਼ਕਤਾ ਹੈ। ਖੁਰਾਕ ਦੇ ਵਿਗਿਆਨੀਆਂ ਅਨੁਸਾਰ ਅਸੀਂ ਜੋ ਖਾਣਾ ਖਾਂਦੇ ਹਾਂ ਉਹ ਭਾਵੇਂ ਖਾਣ ਵੇਲੇ ਕਿੰਨਾ ਹੀ ਹੁੰਦਾ ਹੈ ਉਸ ਵਿਚ ਆਟਾ, ਸਬਜ਼ੀ, ਨਮਕ, ਮਿਰਚ, ਘੀ, ਫਲ ਆਦਿ ਹੁੰਦੇ ਹਨ ਪਰ ਉਸ ਵਿਚੋਂ ਮਿਹਦੇ ਵਿਚ ਜਾ ਕੇ ਜੋ ਅਸਲੀ ਚੀਜ਼ ਸਾਨੂੰ ਪ੍ਰਾਪਤ ਹੁੰਦੀ ਹੈ ਉਹ ਖ਼ੂਨ ਹੈ। ਬਾਕੀ ਹੋਰ ਨਿਉਟਰੈਂਟ ਹਨ ਜੋ ਇਕ-ਇਕ ਅੰਗ ਦੇ ਕੰਮ ਕਰਨ ਲਈ ਜ਼ਰੂਰੀ ਹਨ। ਇਸ ਖ਼ੂਨ ਵਿਚੋਂ ਇਕ ਮਹੀਨੇ ਦੀ ਕਰੜੀ ਮਿਹਨਤ ਨਾਲ ਬਹੁਤ ਥੋੜ੍ਹਾ ਵੀਰਜ ਬਣਦਾ ਹੈ। ਹਰ ਰੋਜ਼ ਦੀ ਖ਼ੁਰਾਕ ਤੋਂ ਥੋੜ੍ਹਾ-ਥੋੜ੍ਹਾ ਇਹ ਅੰਸ ਬਣਦਾ ਤੁਰਿਆ ਜਾਂਦਾ ਹੈ ਅਤੇ ਪੂਰੀ ਤਰ੍ਹਾਂ ਪੱਕ ਕੇ ਇਹ ਸ਼ਕਤੀ ਦਾ ਰੂਪ ਧਾਰਨ ਕਰਦਾ ਹੈ ਜਿਸਨੂੰ ਓਜ ਕਹਿੰਦੇ ਹਨ। ਜਿਸ ਨਾਲ ਚਿਹਰੇ ਉਤੇ ਨਿਖਾਰ ਪੈਦਾ ਹੁੰਦਾ ਹੈ ਅਤੇ ਚਿਹਰਾ ਚਮਕਦਾ ਹੈ, ਸੁੰਦਰਤਾ ਝਲਕਾਰੇ ਮਾਰਦੀ ਹੈ, ਨੈਣਾਂ ਵਿਚ ਖਿੱਚ ਪੈਦਾ ਹੁੰਦੀ ਹੈ ਅਤੇ ਚਮਕ ਪੈਦਾ ਹੋਣ ਨਾਲ ਨੈਣ ਹਰ ਕਿਸੇ ਨੂੰ ਖਿਚਦੇ ਹਨ। ਹੱਡੀਆਂ ਵਿਚ ਤਾਕਤ ਪੈਦਾ ਹੁੰਦੀ ਹੈ ਅਤੇ ਤਾਕਤ ਵਧਦੀ ਹੀ ਤੁਰੀ ਜਾਂਦੀ ਹੈ। ਇਸ ਵੀਰਜ ਰੂਪੀ ਅੰਸ ਨੂੰ ਸਾਂਭਣ ਨਾਲ ਦਿਮਾਗ ਦੇ ਵਿਚ ਵਿਕਾਰ ਖਤਮ ਹੋ ਜਾਂਦੇ ਹਨ। ਇਰਾਦਾ ਦ੍ਰਿੜ੍ਹ ਹੋ ਜਾਂਦਾ ਹੈ। ਸਰੀਰ ਕਾਫੀ ਸਮੇਂ ਤਕ ਭੁੱਖ, ਤ੍ਰੇਹ ਸਹਾਰ ਸਕਣ ਦੇ ਕਾਬਿਲ ਹੋ ਜਾਂਦਾ ਹੈ। ਹੱਡੀਆਂ ਐਨੀਆਂ ਮਜ਼ਬੂਤ ਹੋ ਜਾਂਦੀਆਂ ਹਨ ਕਿ ਤੋੜੀਆਂ ਹੋਈਆਂ ਵੀ ਨਹੀਂ ਟੁਟਦੀਆਂ। ਸਰੀਰ ਵਿਚ ਇਕ ਰਸ ਭਰ ਜਾਂਦਾ ਹੈ, ਫਿੱਕਾ ਪੁਣ ਹਟ ਜਾਂਦਾ ਹੈ। ਪੁਰਾਣਿਆਂ ਸਮਿਆਂ ਵਿਚ ਅਸਾਡੇ ਬਜ਼ੁਰਗਾਂ ਨੇ ਖਾਸ ਅਸੂਲ ਬਣਾਏ ਸਨ ਕਿ ਉਹ ਵੀਰਜ ਨੂੰ ਨਸ਼ਟ ਨਾ ਕਰਨ ਅਤੇ ਕਾਮ ਦੀ ਵਰਤੋਂ ਸੰਜਮ ਨਾਲ ਕਰੇ। ਸਿਰਫ ਓਲਾਦ ਪੈਦਾ ਕਰਨ ਵਾਸਤੇ ਇਸ ਦੀ ਵਰਤੋਂ ਹੁੰਦੀ ਸੀ। ਬਹੁਤ ਵੱਡੇ ਬਲ ਵਾਲੇ ਪੁਰਸ਼ ਉਨ੍ਹਾਂ ਸਮਿਆਂ ਵਿਚ ਹੋਇਆ ਕਰਦੇ ਸਨ। ਬਾਬਾ ਬੀਰ ਸਿੰਘ ਜੀ 70 ਤੋਂ ਵੱਧ ਸਾਲ ਦੀ ਉਮਰ ਵਿਚ 18 ਸੇਰ ਦਾ ਖੰਡਾ ਸਹਿਜ ਨਾਲ ਹੀ ਚਲਾਇਆ ਕਰਦੇ ਸਨ। ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਅੰਗ੍ਰੇਜ਼ਾਂ ਦੇ ਨਾਲ ਰੋਪੜ ਦਰਿਆ ਦੇ ਕੰਢੇ ਮੀਟਿੰਗ ਹੋਈ ਉਸ ਵੇਲੇ ਉਸ ਦੀ ਫੌਜ ਨੇ ਹੈਰਾਨ ਕਰਨ ਵਾਲੇ ਕਾਰਨਾਮੇ ਕਰਕੇ ਦਿਖਾਏ। ਅੰਗ੍ਰੇਜ਼ਾਂ ਨੇ ਪੋਲੋ ਖੇਲ੍ਹਣ ਵਾਸਤੇ ਲੱਕੜੀ ਦੇ ਕਿੱਲੇ ਗੱਡੇ। ਜੋ ਸਿੰਘਾਂ ਨੇ ਸਹਿਜੇ ਹੀ ਉਖਾੜ ਸੁੱਟੇ ਜਦੋਂ ਸਿੰਘਾਂ ਦੀ ਵਾਰੀ ਆਈ ਤਾਂ ਉਨ੍ਹਾਂ ਨੇ ਕਿੱਲੇ ਗੱਡਣ ਦੀ ਥਾਂ ਲੋਹੇ ਦੇ ਗੜਵੇ ਰੱਖ ਕੇ ਬਰਛੇ ਨਾਲ ਵਿੰਨ੍ਹੇ। ਘੋੜਾ ਗੈਲਪ ਦੌੜੀ ਜਾਂਦਾ ਹੈ ਅਤੇ ਸਵਾਰ ਲੋਹੇ ਦੇ ਨੇਜ਼ੇ ਨਾਲ ਵਿੰਨ੍ਹ ਕੇ ਚੁੱਕ ਲੈਂਦਾ ਹੈ। ਅੰਗ੍ਰੇਜ਼ ਖਿਲਾੜੀ ਇਨ੍ਹਾਂ ਕੌਤਕਾਂ ਨੂੰ ਦੇਖ ਕੇ ਹੈਰਾਨ ਹੋ ਗਏ ਕਿ ਇਨ੍ਹਾਂ ਵਿਚ ਕਿੰਨਾ ਬਲ ਹੈ। ਤੋਪਾਂ ਖਿੱਚਣ ਲਈ ਘੋੜਿਆਂ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਜਦੋਂ ਸਿੰਘਾਂ ਨੇ ਤੋਪਾਂ ਪਹਾੜੀ ਉਪਰ ਫਿੱਟ ਕਰਨੀਆਂ ਸਨ ਤਾਂ ਇਕੱਲਾ-ਇਕੱਲਾ ਜਵਾਨ ਤੋਪ ਨੂੰ ਚੁਕ ਕੇ ਪਹਾੜੀ ਉਤੇ ਚੜ੍ਹ ਗਿਆ। ਅੰਗ੍ਰੇਜ਼ ਹੈਰਾਨ ਹੋ ਰਿਹਾ ਸੀ। ਇਸ ਤਰ੍ਹਾਂ ਚੇਲਿਆਂ ਵਾਲੀ ਦੇ ਯੁੱਧ ਵਿਚ ਸਿੰਘਾਂ ਨੇ ਚਲਦੀਆਂ ਤੋਪਾਂ, ਤੋਪਚੀਆਂ ਨੂੰ ਮਾਰ ਕੇ ਇਕੱਲੇ-ਇਕੱਲੇ ਨੇ ਖਿੱਚ ਕੇ ਆਪਣੀ ਫੌਜ ਵਿਚ ਲੈ ਆਉਣਾ। ਇਹ ਬਲੀ ਸਰੀਰ ਦੇ ਕੌਤਕ ਸਨ। ਦੂਜੇ ਪਾਸੇ ਅਧਿਆਤਮ ਮਾਰਗ ਤੇ ਮਹਾਂਪੁਰਸ਼ ਐਸੇ ਹੋਏ ਹਨ ਜਿਨ੍ਹਾਂ ਨੇ ਬਹੁਤ ਘਾਲ ਕਮਾਈ ਕੀਤੀ, ਉਸ ਦਾ ਕਾਰਨ ਜਤ ਧਾਰਨਾ ਸੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਬਾਰੇ ਆਖਿਆ ਜਾਂਦਾ ਹੈ ਕਿ 90 ਦਿਨ ਦੀ ਭੁੱਖ ਹੜਤਾਲ ਤੋਂ ਪਿਛੋਂ ਜਦੋਂ ਉਨ੍ਹਾਂ ਦਾ ਵਜ਼ਨ ਤੋਲਿਆ ਗਿਆ ਤਾਂ ਉਹ ਨਾ ਘਟਿਆ ਸੀ ਨਾ ਵਧਿਆ ਸੀ, ਉਥੇ ਹੀ ਕਾਇਮ ਸੀ। ਇਹ ਸਾਰੀ ਕ੍ਰਿਆ ਪੂਰਨ ਰੂਪ ਵਿਚ ਜਤੀ ਰਹਿਣ ਕਰਕੇ ਹੈ। ਜਤ ਦੇ ਕੁਝ ਅਸੂਲ ਹੋਇਆ ਕਰਦੇ ਹਨ ਉਨ੍ਹਾਂ ਅਸੂਲਾਂ ਤੇ ਚਲ ਕੇ ਜਤ ਪਾਲਿਆ ਜਾ ਸਕਦਾ ਹੈ। ਗੁਰੂ ਘਰ ਵਿਚ –

*ਏਕਾ ਨਾਰੀ ਜਤੀ ਹੋਇ*
*ਪਰਨਾਰੀ ਧੀ ਭੈਣ ਵਖਾਣੈ।*
*ਭਾਈ ਗੁਰਦਾਸ ਜੀ, ਵਾਰ 6/8*

ਉਹ ਵੀ ਮਰਿਆਦਾ ਅਨੁਸਾਰ ਹੋਇਆ ਕਰਦਾ ਸੀ। ਜਤ ਰੱਖੇ ਬਗੈਰ ਅੰਦਰਲੀ ਜੋਤ ਪੂਰੇ ਜਲਾਲ ਵਿਚ ਜਗਣੀ ਬਹੁਤ ਮੁਸ਼ਕਲ ਹੋਇਆ ਕਰਦੀ ਹੈ। ਜੇ ਉਹ ਗੁਰ ਧਿਆਨ ਧਰਦਾ ਹੈ ਤਾਂ ਰੂਪ ਸ਼ੀਸ਼ੇ ਵਾਂਗੂੰ ਚਮਕਦਾ, ਰੋਸ਼ਨੀ ਦਿੰਦਾ ਨਜ਼ਰ ਆਉਂਦਾ ਹੈ। ਕਾਮੀ ਪੁਰਸ਼ ਜਦੋਂ ਧਿਆਨ ਧਰਦਾ ਹੈ ਤਾਂ ਉਸ ਦੇ ਧਿਆਨ ਵਿਚ ਧੇਅ ਪੂਰੀ ਤਰ੍ਹਾਂ ਨਜ਼ਰ ਨਹੀਂ ਆਇਆ ਕਰਦਾ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਵੀ ਆਤਮ ਪ੍ਰਾਪਤੀ ਲਈ ਕਿਸੇ ਜਟਾਧਾਰੀ ਮਹਾਂਪੁਰਸ਼ਾਂ ਨਾਲ ਬਚਨ ਕਰਦਿਆਂ ਸੰਨਿਆਸ ਲਈ ਗੁਣਾਂ ਦਾ ਵੇਰਵਾ ਦਿੰਦਿਆਂ ਫੁਰਮਾਨ ਕੀਤਾ ਹੈ –

*ਜਤ ਕੀ ਜਟਾ ਜੋਗ ਕੋ ਮਜਨ*
*ਨੇਮ ਕੇ ਨਖਨ ਬਢਾਓ।*
*ਗਿਆਨ ਗੁਰੂ ਆਤਮ ਉਪਦੇਸਹੁ*
*ਨਾਮ ਬਿਭੂਤ ਲਗਾਓ।*
*ਰਾਮਕਲੀ ਪਾਤਸ਼ਾਹੀ ੧੦*

ਗੁਰਬਾਣੀ ਦਾ ਫੁਰਮਾਨ ਹੈ –

*ਜਤੁ ਸਤੁ ਸੰਜਮੁ ਸੀਲੁ ਨ ਰਾਖਿਆ*
*ਪ੍ਰੇਤ ਪਿੰਜਰ ਮਹਿ ਕਾਸਟੁ ਭਇਆ॥*
*ਪੁੰਨੁ ਦਾਨੁ ਇਸਨਾਨੁ ਨ ਸੰਜਮੁ*
*ਸਾਧਸੰਗਤਿ ਬਿਨੁ ਬਾਦਿ ਜਇਆ॥*
*ਪੰਨਾ – 906*

*ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ*
*ਸਾਚ ਸਬਦਿ ਰਸਿ ਲੀਣਾ॥*
*ਪੰਨਾ – 907*

*ਜਤੁ ਸਤੁ ਸੰਜਮੁ ਸਚੁ ਸੁਚੀਤੁ॥*
*ਨਾਨਕ ਜੋਗੀ ਤ੍ਰਿਭਵਣ ਮੀਤੁ॥*
*ਪੰਨਾ – 903*

ਸੋ ਇਸ ਤਰ੍ਹਾਂ ਦੇ ਨਾਲ ਬਾਣੀ ਵਿਚ ਜਤ ਰੱਖਣ ਦੀ ਪ੍ਰੇਰਨਾ ਆਉਂਦੀ ਹੈ। ਇਸ ਤਰ੍ਹਾਂ ਵੀ ਫੁਰਮਾਨ ਆਉਂਦਾ ਹੈ –

*ਜਤੁ ਸਤੁ ਤਪੁ ਪਵਿਤੁ ਸਰੀਰਾ*
*ਹਰਿ ਹਰਿ ਮੰਨਿ ਵਸਾਏ॥*
*ਸਦਾ ਅਨੰਦਿ ਰਹੈ ਦਿਨੁ ਰਾਤੀ*
*ਮਿਲਿ ਪ੍ਰੀਤਮ ਸੁਖੁ ਪਾਏ॥*
*ਪੰਨਾ – 31*

ਧਾਰਮਕ ਇਤਿਹਾਸ ਵਿਚ ਵੱਡੇ-ਵੱਡੇ ਜਤੀਆਂ ਦੇ ਜ਼ਿਕਰ ਆਉਂਦੇ ਹਨ ਜਿਵੇਂ ਲਛਮਣ ਜੀ ਸੀਤਾ ਜੀ ਦੇ ਚਰਨਾਂ ਵਲ ਹੀ ਦੇਖਦੇ ਸਨ ਮੁਖ ਵਲ ਨਹੀਂ ਸੀ ਦੇਖਦੇ। ਜਦੋਂ ਤਕ ਉਨ੍ਹਾਂ ਦੀ ਸ਼ਾਦੀ ਨਹੀਂ ਹੋਈ ਉਹ ਪੂਰਨ ਰੂਪ ਵਿਚ ਜਤੀ ਰਹੇ। ਭੀਸ਼ਮ ਪਿਤਾਮਾ ਜੀ ਨੇ ਆਪਣੇ ਪਿਤਾ ਨੂੰ ਵਚਨ ਦੇ ਕੇ ਸਾਰੇ ਜੀਵਨ ਵਿਚ ਜਤ ਦੀ ਪਾਲਣਾ ਕੀਤੀ। ਮਹਾਂਭਾਰਤ ਦੇ ਯੁੱਧ ਸਮੇਂ ਆਪ ਦੀ ਉਮਰ 175 ਸਾਲ ਦੀ ਸੀ, ਆਪ ਮਹਾਂਬਲੀ ਸਨ। ਇਸੇ ਕਰਕੇ ਜਿਵੇਂ ਸੁਨਿਆਰ ਪਾਸ ਪਹਾਰਾ ਨਾ ਹੋਵੇ ਤਾਂ ਉਸ ਦਾ ਅਗਲਾ ਕਾਰਜ ਰਾਸ ਨਹੀਂ ਹੁੰਦਾ। ਗੁਰੂ ਮਹਾਰਾਜ ਜੀ ਨੇ ਪਹਾਰੇ ਦਾ ਪ੍ਰਤੀਕ 'ਜਤ' ਵਰਤਿਆ ਹੈ ਅਤੇ ਸੁਨਿਆਰੇ ਨੂੰ ਧੀਰਜ ਦਾ ਪ੍ਰਤੀਕ ਦਿਤਾ ਹੈ।

*ਧਾਰਨਾ – ਘੜ ਲੈ ਪਿਆਰਿਆ,*
*ਸ਼ਬਦ ਸੱਚੀ ਟਕਸਾਲ ਵਿਚ*

ਉਸ ਦੇ ਬਾਰੇ ਗੁਰੂ ਮਹਾਰਾਜ ਜੀ ਦਸਦੇ ਹਨ –

*ਧਾਰਨਾ – ਧੀਰਜ ਸੁਨਿਆਰ ਜੀ,*
*ਜਤੁ ਦਾ ਪਹਾਰਾ ਕਰ ਲੈ*

ਧੀਰਜ ਉਪਰ ਗੁਰੂ ਮਹਾਰਾਜ ਜੀ ਨੇ ਬਹੁਤ ਜ਼ੋਰ ਦਿਤਾ ਹੈ ਕਿਉਂਕਿ ਧੀਰਜ ਨੇ ਹੀ ਸ਼ਬਦ ਨੂੰ ਘੜਨਾ ਹੈ, ਪਹਾਰਾ ਬਿਲਕੁਲ ਸਾਫ ਸੁਥਰਾ ਹੋਣਾ ਚਾਹੀਦਾ ਹੈ ਜਿਸ ਵਿਚ ਹਵਾ ਹੋਰ ਪਾਸਿਓਂ leak (ਨਿਕਲੇ) ਨਾ ਕਰੇ ਅਤੇ ਪੂਰੀ ਦੀ ਪੂਰੀ ਹਵਾ ਭੱਠੀ ਵਿਚ ਜਾ ਕੇ ਅੱਗ ਨੂੰ ਤੇਜ਼ ਕਰੇ। ਪੱਥਰ ਦੇ ਕੋਲੇ ਪੂਰੇ ਜ਼ੋਰ ਨਾਲ ਭਖਣ ਲਗ ਜਾਣ।

ਸੋ ਜਤ ਕਈ ਕਿਸਮ ਦਾ ਹੈ ਜਿਸ ਦਾ ਅਸੀਂ ਪਹਾਰਾ ਬਣਾਉਂਣਾ ਹੈ। **ਬਚਨ ਦਾ ਜਤ** – ਆਪਣੀ ਰਸਨਾ ਨੂੰ ਮਿਥਿਆ ਸਪਰਸ਼ ਨਹੀਂ ਹੋਣ ਦੇਣਾ, ਅਸਤਿ ਗੱਲ ਮੁੱਖ ਤੋਂ ਨਾ ਕੱਢਣੀ। ਇਸ ਨੂੰ ਬੋਲ ਦਾ ਜਤ ਆਖਦੇ ਹਨ।

**ਅੱਖਾਂ ਦਾ ਜਤ –**

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥*
*ਪੰਨਾ – 274*

**ਕੰਨਾਂ ਦਾ ਜਤ –**

*ਕਰਨ ਨ ਸੁਨੈ ਕਾਹੂ ਕੀ ਨਿੰਦਾ॥*
*ਪੰਨਾ – 274*

**ਸਰੀਰ ਦਾ ਜਤ** – ਬੁਰੇ ਕੰਮਾਂ ਵਾਸਤੇ ਸਰੀਰ ਉਪਰਾਲਾ ਨਾ ਕਰੇ।

**ਮਨ ਦਾ ਜਤ** – ਮਨ ਨੂੰ ਵਿਸ਼ਿਆਂ ਅਤੇ ਫੁਰਨਿਆਂ ਤੋਂ ਪੂਰੀ ਤਰ੍ਹਾਂ ਨਾਲ ਪਵਿੱਤਰ ਰੱਖਣਾ।

**ਬੁੱਧੀ ਦਾ ਜਤ** – ਬੁੱਧੀ ਦੇ ਨਾਲ ਵਿਵੇਕ ਬਿਰਤੀ ਧਾਰਨ ਕਰਨੀ ਅਤੇ ਸਤਿ ਅਤੇ ਅਸਤਿ ਦਾ ਨਿਰਣਾ ਕਰਦੇ ਰਹਿਣਾ।

**ਇੰਦਰੀਆਂ ਦਾ ਜਤ** – ਇਸ ਉਪਰ ਖਾਸ ਜ਼ੋਰ ਦਿਤਾ ਗਿਆ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਏਕਾ ਨਾਰੀ ਜਤੀ ਹੋਇ*
*ਪਰ ਨਾਰੀ ਧੀ ਭੈਣ ਵਖਾਣੈ॥*
*ਭਾਈ ਗੁਰਦਾਸ ਜੀ, ਵਾਰ 6/8*

*ਦੇਖ ਪਰਾਈਆਂ ਚੰਗੀਆਂ*
*ਮਾਵਾਂ ਭੈਣਾਂ ਧੀਆਂ ਜਾਣੈ॥*
*ਭਾਈ ਗੁਰਦਾਸ ਜੀ, ਵਾਰ 29/11*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਰਾਈਆਂ ਨਾਰੀਆਂ ਤੱਕਣ ਨਾਲ ਦਰਗਾਹ ਵਿਚ ਜਿਵੇਂ ਘਾਣੀ ਵਿਚ ਤਿਲ ਪੀੜ ਦਿੰਦੇ ਹਨ ਇਸੇ ਤਰ੍ਹਾਂ ਨਾਲ ਸਜ਼ਾਵਾਂ ਮਿਲਦੀਆਂ ਹਨ ਜਿਵੇਂ ਕਿ ਫੁਰਮਾਨ ਆਉਂਦਾ ਹੈ –

*ਲੈ ਫਾਹੇ ਰਾਤੀ ਤੁਰਹਿ*
*ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ*
*ਲੁਕਿ ਅੰਦਰਿ ਠਾਣੀ॥*
*ਸੰਨੀ ਦੇਨਿ ਵਿਖੰਮ ਥਾਇ*
*ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥*
*ਪੰਨਾ – 315*

ਮਹਾਰਾਜ ਜੀ ਫੁਰਮਾਉਂਦੇ ਹਨ ਕਿ ਵਾਹਿਗੁਰੂ ਨੂੰ ਵਿਸਾਰ ਕੇ ਜੋ ਵਿਸ਼ੇ ਭੋਗਦੇ ਹਨ ਅੰਤ ਸਮੇਂ ਪਰ ਨਾਰੀਆਂ ਨਾਲ ਪ੍ਰੀਤ ਪਾਉਣ ਵਾਲਿਆਂ ਨੂੰ ਦਰਗਾਹ ਵਿਚ ਬਹੁਤ ਕਰੜੀ ਸਜ਼ਾ ਮਿਲਦੀ ਹੈ। ਇਸਤ੍ਰੀ ਦੇ ਰੂਪ ਦੇ ਥੰਮ ਬਣਾ ਕੇ ਗਰਮ ਕਰ ਦਿਤੇ ਜਾਂਦੇ ਹਨ ਅਤੇ

ਉਹ ਗਲ ਨੂੰ ਲਾਏ ਜਾਂਦੇ ਹਨ ਜਿਵੇਂ ਕਿ -

*ਬਿਸਾਰਿ ਹਰਿ ਜੀਉ ਬਿਖੈ ਭੋਗਹਿ*
*ਤਪਤ ਥੰਮ ਗਲਿ ਲਾਇ॥*
*ਰੇ ਨਰ ਕਾਇ ਪਰ ਗ੍ਰਿਹਿ ਜਾਇ॥*
*ਪੰਨਾ - 1001*

ਅਨੁਭਵੀ ਮਹਾਂਪੁਰਸ਼ਾਂ ਨੇ ਇਸ ਕਮਜ਼ੋਰੀ ਤੋਂ ਬਚਣ ਲਈ ਇਸ ਦੀ ਹਦਬੰਦੀ ਬਹੁਤ ਦੂਰ ਤਕ ਕੀਤੀ ਹੈ ਅਤੇ ਕਿਹਾ ਹੈ ਕਿ ਵਿਭਚਾਰ ਅੱਠ ਤਰ੍ਹਾਂ ਦਾ ਹੁੰਦਾ ਹੈ ਜਿਵੇਂ ਕਿ -

*ਸਰਵਣ, ਸਿਮਰਨ, ਕੀਰਤਨ,*
*ਚਿਤਵਨ, ਬਾਤ ਇੰਕਤ*
*ਦ੍ਰਿੜ ਸੰਕਲਪ, ਪ੍ਰਯਤਨ ਤਨ,*
*ਪ੍ਰਾਪਤ ਅਸਟ ਕਹੰਤ।*

ਇਸ ਦਾ ਇਹ ਮਤਲਬ ਹੈ ਕਿ ਇਸਤ੍ਰੀਆਂ ਬਾਰੇ ਕਾਮੁਕ ਗੱਲਾਂ ਸੁਣਨੀਆਂ ਅਤੇ ਫੇਰ ਇਸਤ੍ਰੀ ਨੂੰ ਮਨ ਵਿਚ ਵਸਾ ਕੇ ਉਸ ਦੇ ਰੂਪ ਨੂੰ ਚਿਤਵਨਾ, ਗੰਦੇ ਗੀਤ ਇਸਤ੍ਰੀਆਂ ਤੋਂ ਸੁਣਨੇ ਅਤੇ ਬਾਰ-ਬਾਰ ਇਸਤ੍ਰੀ ਦਾ ਚਿਤਵਨ ਕਰਦੇ ਰਹਿਣਾ, ਜਿਥੇ ਕੋਈ ਵੀ ਸੁਣਨ ਵਾਲਾ ਨਾ ਹੋਵੇ ਉਸ ਥਾਂ ਲਿਜਾ ਕੇ ਉਤੇਜਨਾ ਦੇਣ ਵਾਲੀਆਂ ਕਾਮ ਦੀਆਂ ਗੱਲਾਂ ਸੁਣਨੀਆਂ। ਮਨ ਵਿਚ ਦ੍ਰਿੜ ਸੰਕਲਪ ਕਰ ਲੈਣਾ ਕਿ ਮੈਂ ਇਸਤ੍ਰੀ ਨਾਲ ਵਿਭਚਾਰ ਕਰਨਾ ਹੈ, ਉਸ ਦੇ ਤਨ ਨੂੰ ਹਾਸਲ ਕਰਨ ਵਾਸਤੇ ਜਤਨ ਕਰਨਾ ਅਤੇ ਉਸ ਨੂੰ ਇਕਾਂਤ ਲਿਜਾ ਕੇ ਮੈਥੁਨ (ਭੋਗ) ਕਰਨਾ। ਇਹ ਅੱਠ ਹਾਲਤਾਂ ਕਾਮ ਦੀਆਂ ਲਿਖੀਆਂ ਹਨ। ਇਨ੍ਹਾਂ ਅੱਠਾਂ ਤੋਂ ਹੀ ਜੋ ਬਚਦਾ ਹੈ ਉਹ ਕਾਮ ਤੋਂ ਬਚਿਆ ਰਹਿੰਦਾ ਹੈ, ਨਹੀਂ ਤਾਂ ਕਾਮ ਸਭ ਨੂੰ ਸੁੱਟ ਲੈਂਦਾ ਹੈ। ਹੌਲੀ-ਹੌਲੀ ਆਦਮੀ ਵਿਚ ਗਿਰਾਵਟ ਆ ਜਾਂਦੀ ਹੈ ਅਤੇ ਗਿਰ ਜਾਂਦਾ ਹੈ। ਇਸ ਦਾ ਇਲਾਜ ਵਾਹਿਗੁਰੂ ਦਾ ਨਾਮ ਹੈ ਜਾਂ ਵਸਤੂ ਵਿਚਾਰ ਹੈ। ਪਹਿਲਾਂ ਸੋਚੇ ਕਿ ਇਸਤ੍ਰੀ ਦਾ ਵਜੂਦ ਕੀ ਹੁੰਦਾ ਹੈ ਜਾਂ ਪਰ ਪੁਰਸ਼ ਦਾ ਵਜੂਦ ਕੀ ਹੁੰਦਾ ਹੈ। ਵਿਚਾਰ ਕਰਕੇ ਦੇਖੋ, ਇਸ ਸਰੀਰ ਉਪਰ ਪਤਲਾ ਜਿਹਾ ਪਲਾਸਟਿਕ ਦੇ ਕਾਗਜ਼ ਵਰਗਾ ਚਮੜਾ ਚੜ੍ਹਿਆ ਹੋਇਆ ਹੈ ਜਿਸ ਦੇ ਹੇਠਾਂ, ਖੂਨ ਹੈ ਅਤੇ ਸਰੀਰ ਦੇ ਵਿਚ ਵਿਸ਼ਟਾ ਹੈ, ਮੂਤਰ ਹੈ, ਇਹ ਸਰੀਰ ਦੁਰਗੰਧ ਦਾ ਭਰਿਆ ਹੋਇਆ ਹੈ ਜੇ ਦੋ ਚਾਰ ਦਿਨ ਇਸ਼ਨਾਨ ਨਾ ਕਰੇ ਤਾਂ ਬਦਬੂ ਆਉਣ ਲਗ ਜਾਂਦੀ ਹੈ ਜੇ ਦੋ ਦਿਨ ਦਾਤੁਨ ਨਾ ਕਰੇ ਤਾਂ ਮੂੰਹ 'ਚੋਂ ਬਦਬੂ ਆਉਂਦੀ ਹੈ ਜੋ ਸਹਿਣੀ ਔਖੀ ਹੈ। ਨੱਕ ਵਿਚੋਂ ਕਿੰਨੀ ਭੈੜੀ ਮੈਲ ਨਿਕਲਦੀ ਹੈ ਜਿਸ ਨੂੰ ਅਸੀਂ ਦੇਖਣਾ ਵੀ ਪਸੰਦ ਨਹੀਂ ਕਰਦੇ। ਮੂੰਹ 'ਚੋਂ ਲਾਲਾਂ ਅਤੇ ਥੁੱਕ ਨਿਕਲਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਬਿਸਟਾ ਅਸਤ ਰਕਤੁ ਪਰੇਟੇ ਚਾਮ॥*
*ਇਸੁ ਊਪਰਿ ਲੇ ਰਾਖਿਓ ਗੁਮਾਨ॥*
*ਪੰਨਾ - 374*

ਜਦੋਂ ਅਸੀਂ ਇਸ ਤਰ੍ਹਾਂ ਦੇ ਵਿਚਾਰ ਧਾਰਨ ਕਰਕੇ ਦੇਖਾਂਗੇ ਤਾਂ ਮਨ ਗਿਲਾਨੀ ਖਾਵੇਗਾ ਤਾਂ ਇਸ ਕਾਮ ਰੋਗ ਤੋਂ ਬਚ ਸਕਦੇ ਹਾਂ ਪਰ ਬਹੁਤ ਮੁਸ਼ਕਲ ਹੈ ਕਿਉਂਕਿ ਆਦਮੀ, ਔਰਤ ਇਕ ਦੂਜੇ ਦੀ ਸੂਰਤ ਦੇਖ ਕੇ ਬੇਹੋਸ਼ ਹੋ ਜਾਂਦੇ ਹਨ ਅਤੇ ਇਹ ਕੁਕਰਮ ਕਰਨ ਪਿਛੋਂ ਬਹੁਤ ਹੀ ਪਛਤਾਉਣਾ ਪੈਂਦਾ ਹੈ ਜੋ ਅਸੀਂ ਹਰ ਰੋਜ਼ ਹੀ ਦੇਖਦੇ ਹਾਂ। ਗੁਰੂ ਦਸ਼ਮੇਸ਼ ਪਿਤਾ ਦੀ ਦਸਮ ਗ੍ਰੰਥ ਵਿਚ ਫੁਰਮਾਨ ਕਰਦੇ ਹਨ -

*ਸੁਧਿ ਜਬ ਤੇ ਹਮ ਧਰੀ*
*ਬਚਨ ਗੁਰ ਦਏ ਹਮਾਰੇ॥*
*ਪੂਤ ਇਹ ਪ੍ਰਨ ਤੋਹਿ*
*ਪ੍ਰਾਨ ਜਬ ਲਗ ਘਟ ਥਾਰੇ॥*
*ਨਿਜ ਨਾਰੀ ਕੇ ਸਾਥ*
*ਨੇਹੁ ਤੁਮ ਨਿਤ ਬਢੈਯਹੁ॥*
*ਪਰ ਨਾਰੀ ਕੀ ਸੇਜ*
*ਭੂਲਿ ਸੁਪਨੇ ਹੂੰ ਨ ਜੈਯਹੁ॥*
*ਦਸਮ ਗ੍ਰੰਥ*

ਕਿੰਨੇ ਕੁ ਹਨ ਜੋ ਗੁਰੂ ਮਹਾਰਾਜ ਜੀ ਦੇ ਇਸ ਸਿਧਾਂਤ ਉਪਰ ਵਿਸ਼ਵਾਸ਼ ਕਰਦੇ ਹਨ। ਹੁਣ ਘੋਰ ਕਲਜੁੱਗ ਦਾ ਸਮਾਂ ਜਾ ਰਿਹਾ ਹੈ। ਸੈਕਸ ਬਾਰੇ ਆਮ ਗੱਲਾਂ ਕੀਤੀਆਂ ਜਾਂਦੀਆਂ ਹਨ। ਕਈ ਦੇਸ਼ਾਂ ਵਿਚ ਤਾਂ ਔਰਤਾਂ ਵਿਚ ਨੰਗੇਜ਼ ਐਨਾ ਵਧ ਗਿਆ ਹੈ ਜਿਸ ਦੀ ਇਕੋ ਝਲਕ ਮਨ ਨੂੰ ਮੋਹਤ ਕਰ ਸਕਣ ਦੀ ਸ਼ਕਤੀ ਰਖਦੀ ਹੈ। ਪਰ ਧੰਨ ਅਸਾਡੇ ਪੂਰਵਜ ਗੁਰਸਿੱਖ ਸਨ ਜਿਨ੍ਹਾਂ ਨੇ ਗੁਰੂ ਮਹਾਰਾਜ ਜੀ ਦੇ ਹੁਕਮ ਨੂੰ ਪੂਰੀ ਤਰ੍ਹਾਂ ਪਾਲ ਕੇ ਆਪਣੇ ਜੀਵਨ ਨੂੰ ਮਹਾਨ ਉਚਤਾ ਵਿਚ ਲਿਜਾਉਣ ਦੇ ਉਪਰਾਲੇ ਕੀਤੇ।

ਇਕ ਐਸੀ ਘਟਨਾ ਆਉਂਦੀ ਹੈ ਕਿ ਜਦੋਂ ਗੁਰਸਿਖਾਂ ਦਾ ਦਮਨ ਚਲ ਰਿਹਾ ਸੀ ਉਸ ਵੇਲੇ ਅਹਿਮਦ ਸ਼ਾਹ ਅਬਦਾਲੀ ਨੇ ਬਾਰ-ਬਾਰ ਵੱਡੀਆਂ ਭਾਰੀਆਂ ਫੌਜਾਂ ਇਕੱਠੀਆਂ ਕਰਕੇ ਪੰਜਾਬ ਅਤੇ ਨਾਲ ਲਗਦੇ ਇਲਾਕਿਆਂ ਉਪਰ ਬਹੁਤ ਸਖਤ ਹਮਲੇ ਕੀਤੇ। ਹਜ਼ਾਰਾਂ ਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਅਤੇ ਜਵਾਨ ਲੜਕੀਆਂ ਨੂੰ ਬੰਦੀ ਬਣਾ ਕੇ ਆਪਣੇ ਦੇਸ਼ ਵਿਚ ਵੇਚਣ ਲਈ ਲਿਜਾਇਆ ਜਾਂਦਾ ਸੀ। ਉਸ ਸਮੇਂ ਦੇ ਬਹੁਤ ਸਾਰੇ ਲੋਕ ਜੋ ਆਪਣੀਆਂ ਲੜਕੀਆਂ ਦੀ ਰਾਖੀ ਨਹੀਂ ਸੀ ਕਰ ਸਕਦੇ ਉਹ ਉਨ੍ਹਾਂ ਨੂੰ ਜਵਾਨੀ ਵਿਚ ਪੁਜ ਕੇ ਭ੍ਰਿਸ਼ਟ ਜੀਵਨ ਤੋਂ ਬਚਾਉਣ ਲਈ ਜੰਮਦੀ ਨੂੰ ਹੀ ਮਾਰ ਦਿੰਦੇ ਸਨ। ਇਹ ਰਿਵਾਜ ਪੰਜਾਬ ਅਤੇ ਭਾਰਤ ਵਰਸ਼ ਵਿਚ ਆਮ ਸੀ ਕਿਉਂਕਿ ਪੱਛਮ ਵਲੋਂ ਬਾਰ-ਬਾਰ ਆਕਰਮਣ ਹੋਇਆ ਕਰਦੇ ਸਨ ਉਨ੍ਹਾਂ ਦਾ ਮੁਕਾਬਲਾ ਕਰਨ ਵਾਲੇ ਭਾਰਤ ਵਿਚ ਕੋਈ ਸ਼ਕਤੀਸ਼ਾਲ ਰਾਜੇ ਨਹੀਂ ਸਨ।

ਇਕ ਵਾਰੀ ਅਹਿਮਦ ਸ਼ਾਹ ਅਬਦਾਲੀ ਨੇ ਮਥੁਰਾ ਤਕ ਦੇਸ਼ ਨੂੰ ਦਰੜ ਦਿਤਾ ਅਤੇ ਇਥੋਂ ਦਾ

ਜੋਬਨ ਅਤੇ ਧਨ ਇਕੱਠਾ ਕਰਕੇ ਲਿਜਾ ਰਿਹਾ ਸੀ ਜਿਸ ਵਿਚ ਤੀਹ ਹਜ਼ਾਰ ਹਿੰਦੂ ਲੜਕੀ ਬੇਵਸ ਹੋਈ-ਹੋਈ ਜਰਵਾਣਿਆ ਦੇ ਜ਼ੁਰਮ ਸਹਿੰਦੀ, ਕੀਰਨੇ ਪਾਉਂਦੀ ਜਾ ਰਹੀ ਸੀ। ਪੰਜਾਬ ਵਿਚ ਆ ਕੇ ਉਹ ਸਿੰਘਾਂ ਨੂੰ ਆਪਣੀ ਸਹਾਇਤਾ ਲਈ ਵੰਗਾਰਦੀਆਂ। ਉਸ ਸਮੇਂ ਦੇ ਐਸੇ ਅਖਾਣ ਬਣੇ ਹੋਏ ਹਨ ਜਿਵੇਂ ਕਿ ਇਕ ਬੋਲੀ ਹੈ –

*ਗਈ ਗਈ ਰੰਨ ਬਸਰੇ ਨੂੰ ਗਈ*
*ਮੋੜੀ ਬਾਬਾ ਡਾਂਗ ਵਾਲਿਆ ਸਰਦਾਰਾ!*
*ਬਹੁੜੀਂ ਬਾਬਾ ਡਾਂਗ ਵਾਲਿਆ ਸਰਦਾਰਾ!*

ਉਹ ਸਿੰਘਾਂ ਨੂੰ ਆਪਣੀ ਮਦਦ ਲਈ ਪੁਕਾਰਿਆ ਕਰਦੀਆਂ ਸਨ। ਇਕ ਵਾਰੀ ਜਦੋਂ ਉਹ 30 ਹਜ਼ਾਰ ਬੱਚੀਆਂ ਰੋਂਦੀਆਂ ਕੁਰਲਾਉਂਦੀਆਂ ਨੂੰ ਬੰਨ੍ਹ ਕੇ ਲਈਂ ਜਾਂਦੇ ਸੀ ਉਨ੍ਹਾਂ ਦਿਨਾਂ ਵਿਚ ਖਾਲਸੇ ਦਾ ਲੰਗਰ ਆਮ ਤੌਰ ਉਪਰ ਮਸਤਾਨਾ ਹੀ ਰਿਹਾ ਕਰਦਾ ਸੀ ਕਿਉਂਕਿ ਉਹ ਜ਼ੋਰ ਜ਼ਬਰ ਨਾਲ ਪਿੰਡਾਂ ਵਿਚ ਡਾਕੇ ਨਹੀਂ ਸਨ ਮਾਰਦੇ, ਪੈਸੇ ਦੇ ਕੇ ਅਨਾਜ ਮੁੱਲ ਲਿਆ ਕਰਦੇ ਸਨ। ਸਿੰਘਾਂ ਦੇ ਜਥੇਦਾਰ ਅਤੇ ਸਿੰਘ ਬਹੁਤ ਹੀ ਉਚੇ ਚਰਿੱਤਰ ਵਾਲੇ ਹੋਇਆ ਕਰਦੇ ਸਨ। ਭੁੱਖੇ ਤਾਂ ਰਹਿ ਪੈਂਦੇ ਸਨ ਪਰ ਕਿਸੇ ਨੂੰ ਲੁਟਿਆ ਨਹੀਂ ਸਨ ਕਰਦੇ। ਅੱਜ ਉਹ ਸੱਤਾਂ ਦਿਨਾਂ ਦੇ ਭੁੱਖੇ ਸਨ, ਕੁਝ ਅੰਨ ਪ੍ਰਾਪਤ ਹੋਇਆ ਜੰਗਲ ਵਿਚ ਕੈਂਪ ਲੱਗਿਆ ਹੋਇਆ ਸੀ। ਸਾਰਿਆਂ ਦੇ ਮਨਾਂ ਵਿਚ ਬੜੀ ਭਾਰੀ ਖੁਸ਼ੀ ਸੀ ਕਿ ਅੱਜ ਸੱਤਾਂ ਦਿਨਾਂ ਪਿਛੋਂ ਅੰਨ ਦੇਵਤੇ ਦੇ ਦਰਸ਼ਨ ਹੋਏ ਹਨ। ਪਹਿਲਾਂ ਪੱਤੇ ਸੂਤ-ਸੂਤ ਕੇ ਜਾਂ ਉਬਾਲ ਕੇ ਖਾਧੇ ਪੀਤੇ ਸਨ। ਲੰਗਰ ਤਿਆਰ ਹੋ ਗਿਆ। ਹੁਕਮ ਹੋ ਗਿਆ ਪੰਗਤਾਂ ਲਾਉਣ ਦਾ। ਸਾਰੇ ਸਿੰਘ ਪੰਗਤਾਂ ਵਿਚ ਬੈਠ ਗਏ ਅਤੇ ਸ਼ੁਕਰਾਨੇ ਵਜੋਂ ਜੋਟੀਆਂ ਦੇ ਸ਼ਬਦ, ਧਾਰਨਾਂ ਲਾ ਕੇ ਪੜ੍ਹਨੇ ਸ਼ੁਰੂ ਕੀਤੇ। ਸਾਰਿਆਂ ਦੇ ਮਨ ਵਿਚ ਖੁਸ਼ੀ ਸੀ ਕਿ ਸੱਤ ਦਿਨ ਪੱਤੇ ਅਤੇ ਕੰਦ ਮੂਲ ਖਾਣ ਪਿਛੋਂ ਪ੍ਰਸ਼ਾਦਾ ਮਿਲਣਾ ਹੈ। ਲਾਂਗਰੀ ਸਿੰਘ ਸ੍ਰੀ ਮਾਨ ਜੀ ਨੇ ਅਰਦਾਸ ਕਰਕੇ ਗੁਰੂ ਮਹਾਰਾਜ ਜੀ ਨੂੰ ਭੋਗ ਲਵਾਇਆ, ਸੇਵਾਦਾਰ ਸਿੰਘਾਂ ਨੇ ਪ੍ਰਸ਼ਾਦੇ ਟੋਕਰੀਆਂ ਵਿਚ ਪਾ ਲਏ ਅਤੇ ਦਾਲੇ ਬਾਲਟੀਆਂ ਵਿਚ ਪਾ ਕੇ ਵੰਡਣ ਦੀ ਤਿਆਰੀ ਕੀਤੀ। ਅਜੇ ਪ੍ਰਸ਼ਾਦਾ ਵੰਡਿਆ ਨਹੀਂ ਸੀ ਕਿ ਦੂਰੋਂ ਕਿਸੇ ਦੇ ਬਹੁਤ ਦਰਦ ਭਰੇ ਰੋਣੇ ਦੀ ਅਵਾਜ਼ ਆਈ। ਸਾਰਿਆਂ ਦਾ ਧਿਆਨ ਉਧਰ ਖਿਚਿਆ ਗਿਆ। ਜਥੇਦਾਰ ਨੇ ਇਸ਼ਾਰਾ ਕਰਕੇ ਲੰਗਰ ਵਰਤਾਉਣ ਤੋਂ ਰੋਕ ਦਿਤਾ। ਜੰਗਲ ਵਿਚੋਂ ਹੁੰਦਾ ਹੋਇਆ ਉਹ ਬੰਦਾ ਦੁਹਾਈ ਦਿੰਦਾ ਜਥੇਦਾਰ ਦੇ ਸਾਮ੍ਹਣੇ ਆਇਆ। ਉਹ ਬ੍ਰਾਹਮਣ ਸੀ, ਉਹ ਬਹੁਤ ਰੋ ਰਿਹਾ ਸੀ। ਜਥੇਦਾਰ ਜੀ ਨੇ ਕਿਹਾ ਕਿ ਪ੍ਰੇਮੀਆ! ਤੂੰ ਆਪਣੇ ਰੋਣ ਦਾ ਕਾਰਨ ਦਸ। ਖਾਲਸੇ ਦੇ ਹੁੰਦਿਆਂ ਕਿਸੇ ਬੰਦੇ ਨੂੰ ਵੀ ਰੋਣਾ ਨਹੀਂ ਚਾਹੀਦਾ ਕਿਉਂਕਿ ਗੁਰੂ ਮਹਾਰਾਜ ਜੀ ਨੇ ਖਾਲਸਾ ਅਕਾਲ ਪੁਰਖ ਦੀ ਫੌਜ ਬਣਾਈ ਹੈ ਅਤੇ ਇਸ ਦੀ ਸਿਰਜਨਾ ਵਾਹਿਗੁਰੂ ਨੇ ਕੀਤੀ ਹੈ ਅਤੇ ਖਾਲਸਾ ਵਾਹਿਗੁਰੂ ਜਾ ਦਾ ਹੈ, ਇਸ ਕਰਕੇ ਫਤਹਿ ਖਾਲਸੇ ਦੀ ਹੈ। ਤੂੰ ਆਪਣਾ ਦੁਖ ਦਸ, ਉਸ ਨੇ ਕਿਹਾ ਕਿ ਮਹਾਰਾਜ! ਅਹਿਮਦ ਸ਼ਾਹ ਅਬਦਾਲੀ ਨੇ ਮਥੁਰਾ ਉਪਰ ਹਮਲਾ ਕੀਤਾ ਤੇ ਬਹੁਤ ਕਤਿਲਾਮ ਹੋਈ, ਰਾਜਾ ਹਾਰ ਗਿਆ। ਉਸ ਵੇਲੇ ਉਸ ਨੇ ਥਾਂ-ਥਾਂ ਆਪਣੇ ਦਰਿੰਦੇ ਸਿਪਾਹੀ ਜੋ ਗਿਣਤੀ ਵਿਚ ਲੱਖਾਂ ਸਨ, ਲੁੱਟਣ ਭੇਜ ਦਿਤੇ। ਲੁਟ ਦੇ ਮਾਲ ਨਾਲ ਲੜਕੀਆਂ ਫੜੀਆਂ ਗਈਆਂ। ਉਨ੍ਹਾਂ ਨੂੰ ਬੇਇਜ਼ਤ ਕਰਦੇ ਹੋਏ ਉਹ ਕੈਂਪ ਵਿਚ ਲਿਆਈ ਜਾਂਦੇ ਸਨ। ਉਨ੍ਹਾਂ ਅਬਲਾਵਾਂ ਦੀ ਗਿਣਤੀ 30 ਹਜ਼ਾਰ ਦੇ ਕਰੀਬ ਦਸਦੇ ਹਨ, ਉਹ ਰੋ-ਰੋ ਕੇ ਵੈਣ ਪਾਉਂਦੀਆਂ ਹਨ ਪਰ ਇਸ ਵੇਲੇ ਸੁਣਨ ਵਾਲਾ ਕੋਈ ਵੀ ਨਹੀਂ ਹੈ। ਮੈਂ ਚੰਗੇ ਰਸੂਖ ਵਾਲਾ ਬੰਦਾ ਹਾਂ। ਮੈਂ ਰਾਜਪੂਤ ਰਾਜੇ ਪਾਸ ਫਰਿਆਦ ਕੀਤੀ। ਉਹ ਮੇਰੀ ਫਰਿਆਦ ਸੁਣ ਕੇ ਗੂੰਗਾ ਹੀ ਬਣ ਗਿਆ। ਵੱਡੇ-ਵੱਡੇ ਸਰਦਾਰਾਂ ਪਾਸ ਫਰਿਆਦ ਕੀਤੀ ਕਿਸੇ ਨੇ ਵੀ ਮੇਰੀ ਗੱਲ ਨਹੀਂ ਸੁਣੀ। ਮੈਂ ਦੇਵਤਿਆਂ ਦੇ ਸਾਮ੍ਹਣੇ ਜਾ ਕੇ ਰੋਇਆ, ਵਿਰਲਾਪ ਕੀਤਾ ਅਤੇ ਆਪਣਾ ਤਨ ਪਿਟਿਆ ਪਰ ਕੋਈ ਵੀ ਉਤਰ ਦੇਵਤਿਆਂ ਵਲੋਂ ਨਹੀਂ ਆਇਆ। ਹੁਣ ਮੈਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਸੰਸਾਰ 'ਚ ਆ ਕੇ ਦੁਸ਼ਟਾਂ ਨੂੰ ਮਾਰਿਆ ਅਤੇ ਸੰਤਾਂ ਨੂੰ ਉਭਾਰਿਆ, ਉਨ੍ਹਾਂ ਦਾ ਓਟ ਆਸਰਾ ਲੈਂਦਿਆ ਆਪ ਦੀ ਸ਼ਰਨ ਆਇਆ ਹਾਂ, ਆਪ ਕ੍ਰਿਪਾ ਕਰੋ ਇਨ੍ਹਾਂ ਬੱਚੀਆਂ ਨੂੰ ਛੁਡਾ ਦੇਵੋ, ਹੁਣ ਖਾਲਸੇ ਤੋਂ ਬਗੈਰ ਹੋਰ ਕੋਈ ਵੀ ਆਸਰਾ ਨਹੀਂ ਹੈ। ਉਸੇ ਵੇਲੇ ਜਥੇਦਾਰ ਹਮਦਰਦੀ ਦੇ ਭਾਵ ਵਿਚ ਲੀਨ ਹੋ ਗਿਆ ਅਤੇ ਉਸਨੇ ਕਿਹਾ ਕਿ ਸਿੰਘੋ! ਜਿਥੇ ਆਪਾਂ ਸੱਤ ਦਿਨ ਪ੍ਰਸ਼ਾਦੇ ਨਹੀਂ ਛਕੇ, ਹੁਣ ਵੀ ਨਹੀਂ ਛਕਣੇ। ਇਨ੍ਹਾਂ ਬੱਚੀਆਂ ਨੂੰ ਛੁਡਾਉਣਾ ਹੈ, ਇਕ ਦਮ ਤਿਆਰ ਹੋ ਜਾਵੋ, ਸ਼ਤਰੂ ਬਹੁਤ ਹੀ ਨੇੜੇ ਤੋਂ ਜਾ ਰਿਹਾ ਹੈ ਇਹ ਖਬਰ ਮੈਨੂੰ ਹੁਣੇ-ਹੁਣੇ ਆਪਣੇ ਬਿਜਲਾ ਸਿੰਘਾਂ (ਗੁਪਤਚਰਾਂ) ਤੋਂ ਮਿਲੀ ਹੈ। ਨਾਲੇ ਐਡੇ ਦੁਖ ਨੂੰ ਦੇਖ ਕੇ ਆਪਾਂ ਪ੍ਰਸ਼ਾਦਾ ਕਿਵੇਂ ਛਕ ਸਕਦੇ ਹਾਂ। ਹੁਣ ਤਾਂ ਉਹ ਜਦੋਂ ਵਾਪਸ ਆਉਣਗੀਆਂ ਤਾਂ ਹੀ ਪ੍ਰਸ਼ਾਦਾ ਛਕਾਂਗੇ ਅਤੇ ਉਨ੍ਹਾਂ ਸਾਰਿਆਂ ਨੂੰ ਵੀ ਪ੍ਰਸ਼ਾਦਾ ਛਕਾਵਾਂਗੇ। ਉਸੇ ਸਮੇਂ ਤਿਆਰੀ ਕਰਕੇ ਜਥੇਦਾਰ ਜੀ ਨੇ ਦੋ ਸਿੰਘ ਭੇਜ ਦਿਤੇ ਕਿ ਪੂਰੀ ਤਰ੍ਹਾਂ ਖਬਰ ਲੈ ਕੇ ਆਵੋ। ਉਨ੍ਹਾਂ ਸਿੰਘਾਂ ਨੇ ਕਿਹਾ ਜਥੇਦਾਰ ਜੀ! ਜੇ ਤਾਂ ਅਸੀਂ ਉਸ ਦ੍ਰਿਸ਼ ਨੂੰ ਸਹਿ ਗਏ ਤਾਂ ਅਸੀਂ ਵਾਪਸ ਆ ਜਾਵਾਂਗੇ। ਜੇ ਅਸਾਡੀ ਗੋਲੀ ਦੀ ਅਵਾਜ਼ ਤੁਹਾਨੂੰ ਸੁਣੀ ਤਾਂ ਸਮਝਣਾ ਕਿ ਅਸੀਂ ਉਥੇ ਹੀ ਜੂਝ ਕੇ ਸ਼ਹੀਦ ਹੋ ਗਏ। ਸਿੰਘ ਚਲੇ ਗਏ। ਬੀਬੀਆਂ ਦੀ ਚੀਕ ਪੁਕਾਰ ਸੁਣ ਕੇ ਉਨ੍ਹਾਂ ਤੋਂ ਰਿਹਾ ਨਾ ਗਿਆ। ਉਨ੍ਹਾਂ ਦੇ ਰੋਮ-ਰੋਮ ਵਿਚ ਪੂਰੀ ਹਮਦਰਦੀ ਸੀ ਅਤੇ ਦੁਖੀਆਂ ਦਾ ਦੁਖ ਦੂਰ ਕਰਨ ਲਈ ਆਪਣੇ ਸਰੀਰ ਦਾ ਬਲੀਦਾਨ ਦੇਣ ਲਈ ਪੂਰੀ ਤਰ੍ਹਾਂ ਤਿਆਰ ਸਨ। ਉਨ੍ਹਾਂ ਦੀ ਗੋਲੀ ਦਾ

ਖੜਾਕ ਸੁਣਿਆ ਕਿਉਂਕਿ ਉਹ ਅੱਖਾਂ ਸਾਮ੍ਹਣੇ ਪੱਤ ਲਹਿੰਦੀ ਦੇਖ ਨਾ ਸਕੇ। ਬਦਮਾਸ਼ ਗੱਡਿਆਂ ਉਤੇ ਬੈਠੀਆਂ ਬੀਬੀਆਂ ਨਾਲ ਅਜਿਹੀਆਂ ਹਰਕਤਾਂ ਕਰ ਰਹੇ ਸਨ ਜੋ ਇਹ ਸਿੰਘ ਸਹਿ ਨਾ ਸਕੇ। ਇਨ੍ਹਾਂ ਨੇ ਪੰਜ ਦਸ ਮਾਰ ਦਿਤੇ ਅਤੇ ਆਪ ਵੀ ਸ਼ਹੀਦ ਹੋ ਗਏ। ਉਸੇ ਵੇਲੇ ਜਥੇਦਾਰ ਜੀ ਨੇ ਹੱਲਾ ਕਰਨ ਦਾ ਹੁਕਮ ਦੇ ਦਿਤਾ। ਉਨ੍ਹਾਂ ਨੇ ਗੱਡਿਆਂ ਦੇ ਪਹਿਰੇਦਾਰਾਂ ਨੂੰ ਮਾਰ ਦਿਤਾ ਤੇ ਬੀਬੀਆਂ ਨੂੰ ਛੁਡਾ ਕੇ ਜੰਗਲਾਂ ਵਿਚ ਲੈ ਆਏ। ਸੋ ਅਹਿਮਦ ਸ਼ਾਹ ਅਬਦਾਲੀ ਨੂੰ ਪਤਾ ਲੱਗਿਆ, ਉਹ ਸਿੰਘਾਂ ਦੇ ਜੋਹਰ ਦੇਖ ਚੁਕਿਆ ਸੀ ਅਤੇ ਉਸ ਨੇ ਜੰਗਲ ਵਿਚ ਲੜਾਈ ਲੜਨ ਦਾ ਖਤਰਾ ਟਾਲ ਦਿਤਾ। ਉਹ ਚੰਗੀ ਤਰ੍ਹਾਂ ਸਮਝਦਾ ਸੀ ਕਿ ਸਿੰਘਾਂ ਨਾਲ ਯੁੱਧ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। ਉਹ ਸਿਰ ਤਲੀ ਤੇ ਰੱਖੀਂ ਫਿਰਦੇ ਹਨ। ਮੇਰੇ ਸੂਰਮੇ ਜਾਨਾਂ ਬਚਾ ਕੇ ਲੜਾਈ ਲੜਦੇ ਹਨ। ਚਲੋ, ਕੋਈ ਨਹੀਂ ਜੇ ਉਨ੍ਹਾਂ ਨੇ ਲੜਕੀਆਂ ਛੁਡਾ ਲਈਆਂ ਅਗਲੇ ਸਾਲ ਇਸ ਤੋਂ ਵੀ ਵੱਧ ਲੈ ਜਾਵਾਂਗਾ।

ਉਨ੍ਹਾਂ ਦੁਖੀਆਂ ਨੂੰ ਜੰਗਲ ਵਿਚ ਲਿਜਾ ਕੇ ਲੰਗਰ ਛਕਾਇਆ, ਜੋ ਬਚ ਕੇ ਸਿੰਘ ਆਏ ਸਨ ਉਨ੍ਹਾਂ ਨੂੰ ਲੰਗਰ ਛਕਾਇਆ, ਸ਼ਹੀਦ ਹੋਏ ਸਿੰਘਾਂ ਦੇ ਸੰਸਕਾਰ ਦਾ ਬੰਦੋਬਸਤ ਕੀਤਾ, ਜੋ ਜ਼ਖਮੀ ਸਨ ਉਨ੍ਹਾਂ ਦੇ ਫੱਟ ਬੰਨ੍ਹੇ ਅਤੇ ਜਥੇਦਾਰ ਜੀ ਨੇ ਹੁਕਮ ਦਿਤਾ ਕਿ ਇਨ੍ਹਾਂ ਦੇ ਪਤੇ ਪੂਰੀ ਤਰ੍ਹਾਂ ਨਾਲ ਪੁੱਛ ਲਵੋ ਤੇ ਇਨ੍ਹਾਂ ਨੂੰ ਘਰਾਂ ਵਿਚ ਛੱਡ ਆਵੋ। ਉਸ ਵੇਲੇ ਉਨ੍ਹਾਂ ਲੜਕੀਆਂ ਨੇ ਬਹੁਤ ਹੀ ਭਰੇ ਦਿਲ ਨਾਲ ਬੇਨਤੀ ਕੀਤੀ ਕਿ ਅਸਾਨੂੰ ਉਨ੍ਹਾਂ ਬੁਜ਼ਦਿਲਾਂ ਦੇ ਸਾਮ੍ਹਣੇ ਪੇਸ਼ ਨਾ ਕਰੋ ਜਿਨ੍ਹਾਂ ਦੇ ਦੇਖਦਿਆਂ-ਦੇਖਦਿਆਂ ਅਸਾਡੀ ਪਤ ਲਹਿ ਰਹੀ ਸੀ ਤੇ ਉਹ ਇਕੋ ਗੱਲ ਕਹਿ ਰਹੇ ਸਨ ਕਿ ਰਾਮ ਭਲੀ ਕਰੇਗਾ, ਇਨ੍ਹਾਂ ਦੀ ਕਿਸਮਤ ਵਿਚ ਇਸੇ ਤਰ੍ਹਾਂ ਲਿਖਿਆ ਸੀ। ਦੂਜੀ ਗੱਲ, ਜਦੋਂ ਤੁਸੀਂ ਪਿੰਡਾਂ ਵਿਚ ਲੈ ਕੇ ਜਾਵੋਂਗੇ ਤਾਂ ਉਹ ਅਸਾਨੂੰ ਰਸਮਾਂ ਰਿਵਾਜਾਂ ਅਨੁਸਾਰ ਭਿੱਟੀਆਂ ਹੋਈਆਂ ਸਮਝਣਗੇ। ਆਪਣੀ ਕਮਜ਼ੋਰੀ ਦਾ ਦੋਸ਼ ਅਸਾਡੇ ਸਿਰ ਤੇ ਮੜਨਗੇ ਕਿ ਇਹ ਦਰਿੰਦੀ ਫੌਜ ਰਾਹੀਂ ਪਤਿਤ ਹੋ ਚੁਕੀਆਂ ਹਨ। ਅਸਾਨੂੰ ਕਿਸੇ ਨੇ ਨਹੀਂ ਪੁਛਣਾ, ਅਸੀਂ ਰੁਲਦੀਆਂ ਫਿਰਾਂਗੀਆਂ। ਅਸਾਨੂੰ ਇਨ੍ਹਾਂ ਸਿੰਘਾਂ ਨਾਲ ਹੀ ਵਿਆਹ ਦੇਵੋ, ਅਸੀਂ ਇਨ੍ਹਾਂ ਦੀ ਸੇਵਾ ਕਰਾਂਗੀਆਂ। ਤਾਂ ਜਥੇਦਾਰ ਜੀ ਨੇ ਕਿਹਾ ਕਿ ਤੁਸੀਂ ਅਸਾਡੀਆਂ ਬੀਬੀਆਂ ਤੇ ਭੈਣਾਂ ਹੋ। ਕੋਈ ਵੀ ਸਿੰਘ ਇਸ ਨਿਸ਼ਚੇ ਤੋਂ ਗਿਰ ਨਹੀਂ ਸਕਦਾ ਕਿਉਂਕਿ ਭਾਈ ਗੁਰਦਾਸ ਜੀ ਨੇ ਵੀ ਫੁਰਮਾਨ ਕੀਤਾ ਹੈ -

*ਏਕਾ ਨਾਰੀ ਜਤੀ ਹੋਇ*
*ਪਰ ਨਾਰੀ ਧੀ ਭੈਣ ਵਖਾਣੈ।*
*ਭਾਈ ਗੁਰਦਾਸ ਜੀ, ਵਾਰ 6/8*

ਗੁਰੂ ਦਸ਼ਮੇਸ਼ ਪਿਤਾ ਜੀ ਨੇ ਵੀ ਫੁਰਮਾਨ ਕੀਤਾ ਹੈ -

*ਸੁਧਿ ਜਬ ਤੇ ਹਮ ਧਰੀ*
*ਬਚਨ ਗੁਰ ਦਏ ਹਮਾਰੇ॥*
*ਪੂਤ ਇਹ ਪ੍ਰਨ ਤੋਹਿ*
*ਪ੍ਰਾਨ ਜਬ ਲਗ ਘਟ ਥਾਰੇ॥*
*ਨਿਜ ਨਾਰੀ ਕੇ ਸਾਥ*
*ਨੇਹੁ ਤੁਮ ਨਿਤ ਬਢੈਯਹੁ॥*
*ਪਰ ਨਾਰੀ ਕੀ ਸੇਜ ਭੂਲਿ*
*ਸੁਪਨੇ ਹੂੰ ਨ ਜੈਯਹੁ॥ ਦਸਮ ਗ੍ਰੰਥ*

ਇਹ ਗੱਲਾਂ ਸੁਣ ਕੇ ਕਿਸੇ ਵੀ ਸਿੰਘ ਦੀ ਅੱਖ ਵਿਚ ਮੈਲ ਨਹੀਂ ਆਈ। ਸੋ ਇਸ ਨੂੰ ਜਤ ਦਾ ਪਹਾਰਾ ਕਹਿੰਦੇ ਹਨ। ਗੁਰੂ ਮਹਾਰਾਜ ਕਹਿੰਦੇ ਹਨ ਕਿ ਜੇ ਤੂੰ ਆਤਮ ਮਾਰਗ ਤੇ ਚਲਣਾ ਹੈ ਅਤੇ ਸ਼ਬਦ ਘੜਨਾ ਹੈ ਤਾਂ ਪਹਾਰਾ ਜਤ ਦਾ ਬਣਾ। ਕਾਜੀ ਨੂਰਦੀਨ ਨੇ ਜੰਗਨਾਮਾ ਲਿਖਦਿਆਂ ਹੋਇਆ ਉਸ ਵਿਚ ਲਿਖਿਆ ਹੈ ਕਿ ਇਨ੍ਹਾਂ ਨੂੰ ਸਗ (ਕੁੱਤੇ) ਨਾ ਕਹੋ ਇਹ ਸਚਮੁੱਚ ਹੀ ਸ਼ੇਰ ਹਨ। ਇਨ੍ਹਾਂ ਨੂੰ ਸਿੰਘ ਹੀ ਕਹੋ ਉਸ ਨੇ ਅਨੇਕ ਸਿਫਤਾਂ ਲਿਖਦਿਆਂ ਹੋਇਆਂ ਇਹ ਵੀ ਲਿਖਿਆ ਹੈ ਕਿ ਇਹ ਪਰਾਈ ਇਸਤ੍ਰੀ ਵਲ ਅੱਖ ਚੁਕ ਕੇ ਵੀ ਨਹੀਂ ਦੇਖਦੇ ਅਤੇ ਉਨ੍ਹਾਂ ਨੂੰ ਮਾਵਾਂ, ਭੈਣਾਂ ਤੋਂ ਵੀ ਵੱਧ ਆਦਰ ਦਿੰਦੇ ਹਨ ਅਤੇ ਸਭ ਨੂੰ ਬੁੱਢੀਆਂ ਹੀ ਕਹਿ ਕੇ ਬੁਲਾਉਂਦੇ ਹਨ। ਸੋ ਸਾਧਸੰਗਤ ਜੀ! ਇਹ ਸੀ ਕਿਰਦਾਰ ਅਸਾਡੇ ਬਜ਼ੁਰਗਾਂ ਦਾ ਜਿਨ੍ਹਾਂ ਨੇ ਆਤਮ ਤੱਤ ਦੀ ਪ੍ਰਾਪਤੀ ਲਈ ਜਤ ਨੂੰ ਪੂਰੀ ਤਰ੍ਹਾਂ ਪਹਾਰਾ ਬਣਾਇਆ ਹੋਇਆ ਸੀ। ਸੋ ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਜਤ ਨੂੰ ਪਹਾਰਾ ਬਣਾਉਣ ਉਪਰ ਜ਼ੋਰ ਦਿਤਾ ਹੈ। ਪੰਡਤ ਜਦੋਂ ਗੁਰੂ ਮਹਾਰਾਜ ਨੂੰ ਜਨੇਊ ਪਹਿਨਾਅ ਰਿਹਾ ਸੀ ਉਸ ਸਮੇਂ ਵੀ ਆਪ ਨੇ ਉਪਦੇਸ਼ ਦਿੰਦਿਆਂ ਕਿਹਾ ਸੀ -

*ਦਇਆ ਕਪਾਹ ਸੰਤੋਖੁ ਸੂਤੁ*
*ਜਤੁ ਗੰਢੀ ਸਤੁ ਵਟੁ॥*
*ਏਹੁ ਜਨੇਊ ਜੀਅ ਕਾ*
*ਹਈ ਤ ਪਾਡੇ ਘਤੁ॥*
*ਨਾ ਏਹੁ ਤੁਟੈ ਨ ਮਲੁ ਲਗੈ*
*ਨਾ ਏਹੁ ਜਲੈ ਨ ਜਾਇ।।*
*ਧੰਨੁ ਸੁ ਮਾਣਸ ਨਾਨਕਾ*
*ਜੋ ਗਲਿ ਚਲੇ ਪਾਇ।।ਪੰਨਾ - 471*

ਸੋ ਗਹਿਣੇ ਦੀ ਘਾੜਤ ਲਈ ਜਿਸ ਤਰ੍ਹਾਂ ਸੁਨਿਆਰ ਨੂੰ ਸਭ ਤੋਂ ਪਹਿਲਾਂ ਸਹੀ ਥਾਂ ਦੀ ਲੋੜ ਹੁੰਦੀ ਹੈ ਇਸੇ ਤਰ੍ਹਾਂ 'ਆਤਮ ਮਾਰਗ' ਦੇ ਪਾਂਧੀ ਨੂੰ ਸ਼ਬਦ ਦੀ ਸੱਚੀ ਟਕਸਾਲ ਵਿਚ ਘਾੜਤ ਕਰਨ ਲਈ ਜਤ ਦੀ ਲੋੜ ਹੈ। ਇਸ ਤੋਂ ਪਿਛੋਂ ਗਹਿਣੇ ਘੜਨ ਵਾਲਾ ਸੁਨਿਆਰ ਹੁੰਦਾ ਹੈ ਪਰ ਆਤਮਕ ਸ਼ਬਦ ਦੀ ਘਾੜਤ ਧੀਰਜ ਕਰਦੀ ਹੈ।

ਇਸ ਥਾਂ ਗੁਰੂ ਮਹਾਰਾਜ ਜੀ ਨੇ ਧੀਰਜ ਨੂੰ ਸੁਨਿਆਰ ਦਾ ਪ੍ਰਤੀਕ ਬਣਾਇਆ ਹੈ ਤਾਂ ਕਿ ਗੱਲ ਸਮਝ ਵਿਚ ਆ ਜਾਵੇ ਹੁਣ ਤਕ ਜੋ ਅਸੀਂ ਸਮਝਿਆ ਹੈ ਉਹ ਇਹ ਹੈ ਕਿ ਆਤਮਕ ਮੰਡਲ ਵਿਚ ਪਹੁੰਚਣ ਲਈ ਸ਼ਬਦ ਦੀ ਘਾੜਤ ਕਰਨੀ ਜ਼ਰੂਰੀ ਹੈ ਜਿਸ ਵਾਸਤੇ

ਸਮੱਗਰੀ ਦੀ ਲੋੜ ਹੈ। ਜਿਸ ਤਰ੍ਹਾਂ ਸੁਨਿਆਰ ਨੂੰ ਗਹਿਣਾ ਬਣਾਉਣ ਲਈ ਕੁਠਾਲੀ, ਧੌਂਕਣੀ, ਕੋਲੇ, ਭੱਠੀ, ਹਥੌੜੀ, ਸੁਹਾਗੇ, ਛੋਟੀਆਂ ਚਿਮਟੀਆਂ, ਤਿੱਖੀਆਂ ਪੇਚਕਸ ਵਰਗੀਆਂ ਚੀਜ਼ਾਂ ਦੀ ਲੋੜ ਹੈ ਅਤੇ ਉਹ ਬਿਨਾਂ ਅਕੇਵੇਂ, ਥਕੇਵੇਂ, ਘਬਰਾਹਟ ਤੋਂ ਬੈਠਾ ਆਪਣੀ ਕਿਰਤ ਕਰ ਰਿਹਾ ਹੁੰਦਾ, ਗਹਿਣੇ ਦੀ ਅਨੂਪ ਘਾੜਤ ਵਿਚ ਮਸਤ ਹੁੰਦਾ ਹੈ। ਇਰਦ-ਗਿਰਧ ਦਾ ਉਸ ਨੂੰ ਕੋਈ ਪਤਾ ਨਹੀਂ ਹੁੰਦਾ ਉਸ ਦੀ ਸੁਰਤੀ ਬਿਰਤੀ ਗਹਿਰੀ ਗਈ ਹੁੰਦੀ ਹੈ। ਉਹ ਭਾਵੇਂ ਮੂੰਹ ਨਾਲ ਗੱਲਾਂ ਵੀ ਕਰੀ ਜਾਵੇ ਸੁਰਤਿ ਉਸਦੀ ਆਪਣੀ ਕਿਰਤ ਵਲ ਜੁੜੀ ਰਹਿੰਦੀ ਹੈ। ਜੋ ਕੁਝ ਉਸ ਦੇ ਅਨੁਭਵ ਵਿਚ ਗਹਿਣੇ ਦੀ ਸ਼ਕਲ ਸਮਾਈ ਹੁੰਦੀ ਹੈ, ਬੂਟੀਆਂ, ਵੇਲਾਂ, ਪਸ਼ੂਆਂ ਦੇ ਚਿਤਰ ਸਮਾਏ ਹੁੰਦੇ ਹਨ ਉਸ ਤੋਂ ਉਹ ਆਪਣੀ ਸੁਰਤੀ ਅੱਡ ਨਹੀਂ ਕਰਦਾ। ਜਿਸ ਤਰ੍ਹਾਂ ਕਿ ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ -

*ਮਨੁ ਰਾਮ ਨਾਮਾ ਬੇਧੀਅਲੇ॥*
*ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥*
*ਪੰਨਾ - 972*

ਜਿਸ ਤਰ੍ਹਾਂ ਨਾਲ ਸੋਨੇ ਦੇ ਹੁਨਰ ਵਿਚ ਸੁਨਿਆਰ ਚਿਤ ਲੀਨ ਕਰਦਾ ਹੈ ਅਤੇ ਜਦੋਂ ਤਕ ਆਪਣੇ ਕਾਰਜ ਨੂੰ ਸੰਪੂਰਨ ਨਾ ਕਰ ਲਵੇ ਉਸ ਵਿਚੋਂ ਚਿਤ ਨਹੀਂ ਉਖੇੜਦਾ। ਇਹ ਦਸ਼ਾ ਧੀਰਜ ਦੀ ਹੋਇਆ ਕਰਦੀ ਹੈ ਇਸੇ ਕਰਕੇ ਮਹਾਰਾਜ ਜੀ ਨੇ ਰੂਹਾਨੀ ਮਾਰਗ ਤੇ ਸ਼ਬਦ ਦੀ ਘਾੜਤ ਲਈ ਸੁਨਿਆਰ ਦਾ ਪ੍ਰਤੀਕ ਦਿੰਦਿਆਂ ਉਸ ਥਾਂ ਧੀਰਜ ਵਲ ਵਿਸ਼ੇਸ਼ ਬਲ ਦਿਤਾ ਹੈ। ਧੀਰਜੀ ਪੁਰਸ਼ ਦੁਖ-ਸੁਖ, ਮਾਨ-ਅਪਮਾਨ, ਹਾਨ-ਲਾਭ, ਅਮਨ ਤੇ ਬਿਪਤਾ ਵਿਚ ਸਮਾਨ ਬਿਰਤੀ ਧਾਰਨ ਕਰਕੇ ਰਖਦਾ ਹੈ -

*ਧਾਰਨਾ - ਬਿਪਤਿ ਦੇਖਿ ਨ ਰੋਇਓ ਜੀ,*
*ਸੰਪੈ ਦੇਖਿ ਨ ਹਰਖੀਐ ਪਿਆਰੇ*

*ਸੰਪੈ ਦੇਖਿ ਨ ਹਰਖੀਐ*
*ਬਿਪਤਿ ਦੇਖਿ ਨ ਰੋਇ॥*
*ਜਿਉ ਸੰਪੈ ਤਿਉ ਬਿਪਤਿ ਹੈ*
*ਬਿਧ ਨੇ ਰਚਿਆ ਸੋ ਹੋਇ॥*
*ਪੰਨਾ - 337*

ਧੀਰਜੀ ਪੁਰਸ਼ ਸਹਿਨਸ਼ੀਲਤਾ ਵਾਲਾ ਹੁੰਦਾ ਹੈ। ਮਿਤਰਾਂ ਅਤੇ ਵੈਰੀਆਂ ਨਾਲ ਸਮਬਿਰਤੀ ਨਾਲ ਵਰਤਦਾ ਹੈ।

ਸੰਤ ਲੋਕ ਮਾਨ ਅਪਮਾਨ ਨੂੰ ਜਰ ਜਾਣ ਵਾਲੇ ਹੋਇਆ ਕਰਦੇ ਹਨ, ਵੈਰੀ ਤੇ ਮਿਤਰ ਨੂੰ ਇਕੋ ਜਿਹਾ ਦੇਖਦੇ ਹਨ। ਕੋਈ ਸ਼ਸਤਰਧਾਰੀ ਮਾਰਨ ਵਾਲਾ ਆਵੇ ਜਾਂ ਨਿੰਦਕ ਆ ਕੇ ਨਿੰਦਿਆ ਕਰਨ ਲਈ ਸਾਮ੍ਹਣੇ ਖੜ੍ਹਾ ਹੋਵੇ ਸਭ ਨੂੰ ਇਕੋ ਜਿਹੀ ਸਮਦ੍ਰਿਸ਼ਟੀ ਨਾਲ ਦੇਖਦੇ ਹਨ, ਰਾਗ ਦ੍ਵੈਸ਼ ਦੀ ਬਿਰਤੀ ਉਨ੍ਹਾਂ ਵਿਚੋਂ ਅਭਾਵ ਹੁੰਦੀ ਹੈ। ਧੀਰਜੀ ਪੁਰਸ਼ ਦਾ ਦਿਲ ਕਿਸੇ ਬਿਪਤਾ ਤੋਂ ਵਿਚਲਤ ਨਹੀਂ ਹੁੰਦਾ -

*ਸਹਣ ਸੀਲ ਸੰਤੰ ਸਮ ਮਿਤ੍ਰਸ ਦੁਰਜਨਹ॥*
*ਨਾਨਕ ਭੋਜਨ ਅਨਿਕ ਪ੍ਰਕਾਰੇਣ*
*ਨਿੰਦਕ ਆਵਧ ਹੋਇ ਉਪਤਿਸਟਤੇ॥*
*ਪੰਨਾ - 1356*

ਨਿੰਦਿਆ ਕਰਨ ਵਾਲੇ ਤੋਂ ਘਬਰਾਉਂਦੇ ਨਹੀਂ ਹਨ, ਅਨਾਦਰ ਕਰਨ ਵਾਲੇ, ਬੇਇਜ਼ਤੀ ਕਰਨ ਵਾਲੇ ਤੇ ਵੀ ਉਹ ਕ੍ਰੋਧ ਵਿਚ ਨਹੀਂ ਆਉਂਦੇ ਅਤੇ ਉਹ ਹਰੀ ਦੇ ਨਾਮ ਵਿਚ ਮਸਤ ਰਹਿੰਦੇ ਹਨ ਅਤੇ ਆਪਣੀ ਨਿਮਰਤਾ ਦਾ ਗੁਣ ਨਹੀਂ ਛੱਡਿਆ ਕਰਦੇ।

*ਤਿਰਸਕਾਰ ਨਹ ਭਵੰਤਿ*
*ਨਹ ਭਵੰਤਿ ਮਾਨ ਭੰਗਨਹ॥*
*ਸੋਭਾ ਹੀਨ ਨਹ ਭਵੰਤਿ*
*ਨਹ ਪੋਹੰਤਿ ਸੰਸਾਰ ਦੁਖਨਹ॥*
*ਗੋਬਿੰਦ ਨਾਮ ਜਪੰਤਿ*
*ਮਿਲਿ ਸਾਧ ਸੰਗਹ*
*ਨਾਨਕ ਸੇ ਪ੍ਰਾਣੀ ਸੁਖ ਬਾਸਨਹ॥*
*ਪੰਨਾ - 1356*

ਧੀਰਜ ਇਕ ਬਹੁਤ ਹੀ ਵਿਸ਼ੇਸ਼ ਗੁਣ ਹੈ ਇਸ ਦੇ ਵਿਪਰੀਤ ਕਾਹਲੇਪੁਣ ਦੇ ਹਨ੍ਹੇਰੇ ਵਿਚ ਗਲਤ ਗੱਲ ਕਰ ਲੈਣੀ, ਗਲਤ ਕੰਮ ਕਰ ਲੈਣਾ ਸਦਾ ਹੀ ਨੁਕਸਾਨ ਦਿਆ ਕਰਦਾ ਹੈ। ਧੀਰਜੀ ਪੁਰਸ਼ ਹੀ ਹੈ ਜੋ ਘੰਟਿਆਂ ਬੱਧੀ ਕੰਮ ਕਰਦਾ ਹੈ, ਕਾਹਲਾ ਨਹੀਂ ਪੈਂਦਾ ਆਪਣੇ ਪ੍ਰਭੂ ਦੀ ਉਡੀਕ ਵਿਚ ਵਰ੍ਹਿਆਂ ਬੱਧੀ ਲੰਘਾ ਦਿੰਦਾ ਹੈ। ਜੋ ਧੀਰਜ ਤੋਂ ਕੰਮ ਨਹੀਂ ਲੈਂਦੇ, ਉਨ੍ਹਾਂ ਲਈ 'ਕਾਹਲਿਆਂ ਅੱਗੇ ਟੋਏ' ਆਮ ਅਖਾਣ ਹੈ। ਕਾਹਲੇ ਪੁਰਸ਼ ਬਿਨਾਂ ਸੋਚ ਵਿਚਾਰ ਤੋਂ ਫੈਸਲਾ ਲੈ ਲੈਂਦੇ ਹਨ ਅਤੇ ਪਿਛੋਂ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੇ ਗਲਤ ਕੰਮ ਕਰ ਲਿਆ ਹੈ। ਧੀਰਜੀ ਪੁਰਸ਼ ਹਰ ਗੱਲ ਨੂੰ ਸੋਚ ਸਮਝ ਕੇ ਕਰਦਾ ਹੈ। ਸਿਆਣੇ ਪੁਰਸ਼ ਦਾ ਇਹ ਮਤ ਹੈ ਕਿ ਕੰਨਾਂ ਨਾਲ ਸੁਣੀ ਗੱਲ ਉਪਰ ਕਦੇ ਇਤਬਾਰ ਨਾ ਕਰੋ, ਕੰਨਾਂ ਨਾਲ ਅਸੀਂ ਬਹੁਤ ਗੱਲਾਂ ਸੁਣਦੇ ਹਾਂ ਜਿਨ੍ਹਾਂ ਵਿਚ ਬੋਲਣ ਵਾਲੇ ਦੀ ਮਤ ਸ਼ਾਮਿਲ ਹੋਈ ਹੁੰਦੀ ਹੈ। ਕਹਿੰਦੇ ਹਨ ਕਿ ਇਕ ਵਾਰੀ ਇਕ ਫੰਗ ਹਵਾ ਵਿਚ ਉਚਾ ਉਡਿਆ ਜਾਂਦਾ ਸੀ। ਉਸ ਨੇ ਆਪਣੇ ਨਾਲ ਦੇ ਨੂੰ ਇਸ ਬਾਰੇ ਦਸਿਆ, ਉਸ ਨੇ ਅਗਲੇ ਨੂੰ ਇਹ ਦਸਿਆ ਕਿ ਬਹੁਤ ਫੰਗ ਉਡੇ ਜਾਂਦੇ ਹਨ ਪਤਾ ਨਹੀਂ ਲਗਦਾ ਕਿ ਇਹ ਕੀ ਹੋ ਗਿਆ ਜਿਵੇਂ ਬਹੁਤ ਸਾਰੇ ਜਾਨਵਰ ਮਾਰ ਦਿਤੇ ਹੋਣ ਅਤੇ ਉਨ੍ਹਾਂ ਦੇ ਫੰਗ ਉਡੇ ਜਾਂਦੇ ਹੋਣ। ਉਸ ਤੋਂ ਅਗਲੇ ਨੇ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਪੰਛੀਆਂ ਦੀਆਂ ਡਾਰਾਂ ਉਡੀਆਂ ਜਾਂਦੀਆਂ ਹਨ। ਇਹ ਸੁਣੀਆਂ-ਸੁਣਾਈਆਂ ਗੱਲਾਂ ਦੀ ਹਾਲਤ ਹੋਇਆ ਕਰਦੀ ਹੈ ਜਦੋਂ ਕੋਈ ਕਿਸੇ ਦੀ ਗੱਲ ਕਰਦਾ ਹੈ ਤਾਂ ਉਸ ਦੀ ਗੱਲ ਵਿਚ ਆਪਣਾ ਜ਼ਰੂਰ ਕੋਈ ਮੰਤਵ ਹੁੰਦਾ ਹੈ। ਉਹ ਗੱਲ ਨਾਲ ਪਲੇਥਣ ਲਾ ਦਿੰਦਾ ਹੈ, ਰਹੱਸ ਢੰਗ ਨਾਲ ਗੱਲ ਕਰਦਾ ਹੈ ਕਿ ਉਸਦਾ ਮੰਤਵ ਵੀ ਹਲ ਹੋ ਜਾਵੇ। ਸੋ ਸੁਣੀਆਂ ਸੁਣਾਈਆਂ ਗੱਲਾਂ ਉਤੇ ਬੁੱਧੀਹੀਣ ਹੀ ਕੋਈ ਮਤ ਧਾਰ

ਕੇ ਨਿਰਣਾ ਲਿਆ ਕਰਿਆ ਕਰਦੇ ਹਨ। ਸਿਆਣੇ ਬੰਦੇ ਸੁਣੀਆਂ ਸੁਣਾਈਆਂ ਗੱਲਾਂ ਨੂੰ ਨਹੀਂ ਮੰਨਦੇ, ਇਸ ਤੋਂ ਵੀ ਅੱਗੇ ਸ੍ਰੇਸ਼ਟ ਮਤ ਹੈ ਕਿ ਅੱਖਾਂ ਨਾਲ ਦੇਖੀ ਗੱਲ ਉਤੇ ਵੀ ਜਦੋਂ ਤਕ ਪੂਰੀ ਤਰ੍ਹਾਂ ਨਿਰਣਾ ਨਾ ਕਰ ਲਓ ਉਸ ਵੇਲੇ ਤਕ ਨਾ ਮੰਨੋ।

ਇਸ ਸਬੰਧ ਵਿਚ ਇਕ ਘਟਨਾ ਦਾ ਜ਼ਿਕਰ ਕੀਤਾ ਜਾਂਦਾ ਹੈ ਕਿ ਭਾਰਤ ਵਰਸ਼ ਵਿਚ ਬਹੁਤ ਚੰਗਾ ਨਾਮ ਵਾਲਾ ਰਾਜਾ ਹੋਇਆ ਹੈ ਜਿਸ ਦਾ ਨਾਮ ਮੰਝ ਸੀ। ਉਸ ਦੇ ਭਤੀਜੇ ਦਾ ਨਾਂ ਭੋਜ ਸੀ, ਭੋਜ ਰਾਜਾ ਬਹੁਤ ਮਸ਼ਹੂਰ ਹੋਇਆ ਹੈ ਜਿਸ ਦੇ ਦਰਬਾਰ ਵਿਚ ਨੌਂ ਰਤਨ ਸਨ, ਕਾਲੀ ਦਾਸ ਵੀ ਉਸਦੇ ਦਰਬਾਰ ਦਾ ਸ਼ਿੰਗਾਰ ਸੀ। ਵੱਡੇ-ਵੱਡੇ ਮਹਾਂਪੁਰਸ਼ ਉਸ ਦੀ ਸਭਾ ਵਿਚ ਸਨ, ਇਹ ਵਿਦਵਾਨਾਂ ਦਾ ਕਦਰਦਾਨ ਸੀ, ਬਹੁਤ ਧੁਰੰਤਰ ਵਿਦਵਾਨ, ਵੇਦਾਂ ਦੇ ਗਿਆਤਾ, ਸਾਸ਼ਤਰਾਂ ਦੇ ਗਿਆਤਾ ਇਸ ਦੇ ਦਰਬਾਰ ਦਾ ਸ਼ਿੰਗਾਰ ਸਨ। ਇਕ ਵਾਰ ਇਕ ਵਿਸ਼ਵ ਜੇਤੂ ਵਿਦਵਾਨ ਆਪਣੀਆਂ ਪੁਸਤਕਾਂ ਊਠਾਂ ਤੇ ਲੱਦ ਕੇ ਦੇਸ਼ ਵਿਚ ਘੁੰਮ ਰਿਹਾ ਸੀ ਅਤੇ ਜਿਥੇ ਕੋਈ ਵਿਦਵਾਨ ਸੁਣਦਾ ਸੀ ਉਥੇ ਹੀ ਉਹ ਐਲਾਨ ਕਰ ਦਿੰਦਾ ਸੀ ਕਿ ਮੇਰੇ ਨਾਲ ਸ਼ਾਸਤਾਰਥ ਕਰੋ ਜੇ ਮੈਂ ਜਿੱਤ ਗਿਆ ਤਾਂ ਮੈਂ ਤੁਹਾਡੀਆਂ ਸਾਰੀਆਂ ਪੁਸਤਕਾਂ ਲੈ ਲਵਾਂਗਾ। ਜੇ ਦੂਜਾ ਜਿੱਤ ਗਿਆ ਤਾਂ ਮੈਂ ਸਾਰੀਆਂ ਪੁਸਤਕਾਂ ਉਸ ਨੂੰ ਦੇ ਦੇਵਾਂਗਾ। ਭਾਰਤ ਵਰਸ਼ ਵਿਚ ਉਸ ਦੀ ਧਾਕ ਪਈ ਹੋਈ ਸੀ ਉਹ ਫਿਰਦਾ ਫਿਰਾਉਂਦਾ ਦੇਸ਼ ਰਟਨ ਕਰ ਰਿਹਾ ਸੀ। ਉਸ ਨੇ ਸੁਣਿਆ ਕਿ ਰਾਜੇ ਭੋਜ ਦੇ ਦਰਬਾਰ ਵਿਚ ਨੌਂ ਰਤਨ ਹਨ ਜੋ ਮਹਾਨ ਵਿਦਵਾਨ ਹਨ, ਉਸ ਦੇ ਮਨ ਵਿਚ ਆਇਆ ਕਿ ਜੇ ਮੈਂ ਰਾਜੇ ਭੋਜ ਦੇ ਵਿਦਵਾਨਾਂ ਨੂੰ ਜਿੱਤ ਲਿਆ ਤਾਂ ਮੈਂ ਸਾਰੀ ਦੁਨੀਆਂ ਦਾ ਵਿਜੈਤਾ ਗਿਣਿਆ ਜਾਵਾਂਗਾ। ਇਸ ਆਸ਼ੇ ਨਾਲ ਰਾਜੇ ਭੋਜ ਦੇ ਦਰਬਾਰ ਵਿਚ ਆਇਆ, ਉਸ ਨੇ ਢੰਢੋਰਚੀ ਦੁਆਰਾ ਢਿੰਡੋਰਾ ਫਿਰਾ ਦਿਤਾ ਕਿ ਇਕ ਵਿਦਵਾਨ ਰਾਜ ਵਿਚ ਆਇਆ ਹੈ ਉਹ ਰਾਜੇ ਭੋਜ ਦੇ ਵਿਦਵਾਨਾਂ ਨਾਲ ਸ਼ਾਸਤਾਰਥ ਕਰਨਾ ਚਾਹੁੰਦਾ ਹੈ। ਰਾਜਾ ਭੋਜ ਨੂੰ ਵੀ ਪਤਾ ਲੱਗਿਆ, ਉਸ ਨੇ ਆਪਣੇ ਵਿਦਵਾਨ ਬੁਲਾਏ ਅਤੇ ਸਲਾਹ ਕੀਤੀ ਤੇ ਕਿਹਾ ਕਿ ਉਸ ਪੰਡਤ ਦੇ ਨਾਲ ਸ਼ਾਸਤਾਰਥ ਕਰੋ, ਮੈਂ ਤੁਹਾਨੂੰ ਵੱਡੀਆਂ-ਵੱਡੀਆਂ ਤਨਖਾਹਾਂ ਦਿੰਦਾ ਹਾਂ। ਜੇ ਤੁਸੀਂ ਹਾਰ ਗਏ ਤਾਂ ਤੁਹਾਨੂੰ ਦੰਡ ਮਿਲੇਗਾ। ਇਸ ਗੱਲ ਤੋਂ ਸਹਿਮ ਕੇ ਉਨ੍ਹਾਂ ਨੇ ਫੈਸਲਾ ਕੀਤਾ ਕਿ ਸ਼ਾਸਤਾਰਥ ਕਰਨ ਲਈ ਉਹ ਬਾਹਰੋਂ ਆਇਆ ਵਿਦਵਾਨ ਅਸਾਥੋਂ ਜ਼ਿਆਦਾ ਜਾਣਦਾ ਹੈ। ਐਸਾ ਨਾ ਹੋਵੇ ਅਸੀਂ ਹਾਰ ਜਾਈਏ ਅਤੇ ਰਾਜਾ ਜੀ ਨਰਾਜ਼ ਹੋ ਜਾਣ। ਉਨ੍ਹਾਂ ਨੇ ਵਿਉਂਤ ਬਣਾਈ। ਉਸ ਸ਼ਹਿਰ ਵਿਚ ਇਕ ਗਾਲੜੀ ਤੇਲੀ ਰਹਿੰਦਾ ਸੀ ਜਿਸ ਦਾ ਨਾਮ ਗਾਂਗਾ ਸੀ, ਉਹ ਜਣੇ ਖਣੇ ਨਾਲ ਝੱਖ ਮਾਰਦਾ ਰਹਿੰਦਾ ਸੀ ਅਤੇ ਆਪਣੀ ਹਾਰ ਮੰਨਦਾ ਹੀ ਨਹੀਂ ਸੀ, ਬੋਲੀ ਜਾਂਦਾ ਹੈ। ਇਹ ਵੀ ਇਕ ਘਟੀਆ ਅਸੂਲ ਹੈ। ਜੇ ਕਿਸੇ ਨਾਲ ਗੱਲਬਾਤ ਕਰੇ ਤਾਂ ਬੋਲਣ ਤੋਂ ਨਾ ਹਟੋ। ਕਈ ਬੰਦੇ ਇਹ ਅੰਦਾਜ਼ਾ ਲਾ ਕੇ ਦੇਖ ਲੈਂਦੇ ਹਨ ਕਿ ਇਹ ਤਾਂ ਬਹੁਤ ਬੋਲਦਾ ਹੈ ਪਤਾ ਨਹੀਂ ਇਹ ਸੱਚਾ ਹੀ ਹੋਣਾ ਹੈ। ਇਸ ਕਰਕੇ ਉਸ ਨੂੰ ਕੋਈ ਛੇੜਦਾ ਨਹੀਂ। ਇਨ੍ਹਾਂ ਵਿਦਵਾਨਾਂ ਨੇ ਗਾਂਗੇ ਤੇਲੀ ਨੂੰ ਬੁਲਾਇਆ ਅਤੇ ਚਰਚਾ ਕਰਨ ਲਈ ਕਿਹਾ। ਉਸ ਨੇ ਕਿਹਾ ਕਿ ਮੈਂ ਤਾਂ ਸਦਾ ਹੀ ਤਿਆਰ ਬਰ ਤਿਆਰ ਰਹਿੰਦਾ ਹਾਂ। ਕਹਿਣ ਲੱਗਿਆ, "ਮੇਰੀ ਮਾਂ ਨੇ ਤਾਂ ਮੈਨੂੰ ਬਹੁਤ ਵੱਡਾ ਉਪਦੇਸ਼ ਦੇ ਕੇ ਆਖਿਆ ਹੈ ਕਿ ਬੇਟਾ! ਜਦੋਂ ਚਰਚਾ ਕਰੋ ਭਾਵੇਂ ਤੁਹਾਨੂੰ ਲੱਗੇ ਕਿ ਮੈਂ ਹਾਰ ਰਿਹਾ ਹਾਂ, ਫੇਰ ਵੀ ਬੋਲਣ ਤੋਂ ਨਾ ਹਟੋ। ਜ਼ੋਰ-ਜ਼ੋਰ ਦੀ ਬੋਲੋ ਤਾਂ ਕਿ ਗੱਲ ਕਿਸੇ ਦੀ ਸਮਝ ਵਿਚ ਨਾ ਆਵੇ, ਇਸੇ ਤਰ੍ਹਾਂ ਨਾਲ ਦੇਖਿਆ ਗਿਆ ਹੈ ਕਿ ਬਹੁਤ ਸਾਰੇ ਲੋਕ ਕਚਹਿਰੀ ਵਿਚ ਉਸ ਵਕੀਲ ਨੂੰ ਕਰਦੇ ਹਨ ਜਿਹੜਾ ਜ਼ੋਰ-ਜ਼ੋਰ ਦੀ ਬੋਲੇ ਅਤੇ ਕੇਸ ਲੜੇ, ਪਰ ਦੂਜੇ ਪਾਸੇ ਅਜਿਹੇ ਵਕੀਲ ਹੁੰਦੇ ਹਨ ਜਿਨ੍ਹਾਂ ਕੋਲ ਪੁਆਇੰਟ ਹੁੰਦੇ ਹਨ। ਉਹ ਉਨ੍ਹਾਂ ਤੇ ਬੜੇ ਠਰੰਮੇ ਨਾਲ ਗੱਲ ਕਰਦੇ ਹਨ। ਪਿੰਡਾਂ ਦੇ ਲੋਕ ਉਚੀ ਬੋਲਣ ਵਾਲੇ ਨੂੰ ਵਕੀਲ ਕਰਦੇ ਹਨ ਉਹ ਉਨ੍ਹਾਂ ਦੀ ਤਸੱਲੀ ਕਰਾ ਦਿੰਦਾ ਹੈ ਕਿ ਮੈਂ ਤਾਂ ਬਥੇਰਾ ਜ਼ੋਰ-ਜ਼ੋਰ ਨਾਲ ਬੋਲਿਆ ਪਰ ਆਫੀਸਰ ਨੇ ਨਿਰਣਾ ਹੋਰ ਹੀ ਲੈ ਲਿਆ। ਦੂਜੇ ਨੇ ਤਾਂ ਕੁਝ ਵੀ ਨਹੀਂ ਬੋਲਿਆ। ਆਮ ਲੋਕਾਂ ਵਿਚ ਇਹ ਗੱਲਾਂ ਪ੍ਰਚੱਲਤ ਹਨ।

ਸੋ ਗਾਂਗਾ ਕਹਿਣ ਲੱਗਿਆ ਕਿ ਲੋਕਾਂ ਦੇ ਪੱਲੇ ਕੁਝ ਵੀ ਨਹੀਂ ਪੈਂਦਾ ਅਤੇ ਨਿਰਣਾ ਕਰਨਾ ਹੀ ਔਖਾ ਹੋ ਜਾਂਦਾ ਹੈ ਕਿ ਕੌਣ ਹਾਰਿਆ ਹੈ ਤੇ ਕੌਣ ਜਿੱਤਿਆ ਹੈ। ਗਾਂਗੇ ਨੂੰ ਮਨਾ ਕੇ ਨਵੇਂ ਆਏ ਵਿਦਵਾਨ ਨੂੰ ਸਭਾ ਵਿਚ ਬੁਲਾ ਲਿਆ, ਉਸ ਦੇ ਨਾਲ ਚਰਚਾ ਕਰਨ ਦਾ ਸਮਾਂ ਨਿਯਤ ਹੋ ਗਿਆ।

ਇਨ੍ਹਾਂ ਵਿਦਵਾਨਾਂ ਨੇ ਗਾਂਗੇ ਨੂੰ ਪੰਡਤਾਂ ਵਾਲੇ ਵਸਤਰ ਪੁਆ ਦਿਤੇ ਅਤੇ ਮੱਥੇ ਉਤੇ ਤਿਲਕ ਲਾ ਦਿਤਾ, ਪੈਰਾਂ ਵਿਚ ਨਵੀਂ ਕੱਢਵੀਂ ਜੁੱਤੀ, ਲੰਮੀਆਂ ਨੋਕਾਂ ਵਾਲੀ ਪੁਆ ਦਿਤੀ ਜੋ ਵਲ ਖਾ ਕੇ ਮੁੜ ਕੇ ਪੰਜੇ ਨਾਲ ਲੱਗ ਜਾਂਦੀ ਸੀ ਅਤੇ ਬਹੁਤ ਕੀਮਤੀ ਧੋਤੀ ਪੁਆ ਕੇ ਸਿਰ ਉਪਰ ਟਸਰੀ ਬੰਨ ਦਿਤੀ। ਗਾਂਗਾ ਆਪਣੀ ਪੂਰੀ ਮਸਤੀ ਨਾਲ ਸਭਾ ਵਲ ਨੂੰ ਚੱਲਿਆ ਤਾਂ ਉਸ ਨੇ ਦੇਖਿਆ ਕਿ ਬਹੁਤ ਇੱਕਠ ਹੈ। ਉਸ ਨੂੰ ਖਿਆਲ ਆਇਆ ਕਿ ਮੇਰੀ ਜੁੱਤੀ ਬੜੀ ਕੀਮਤੀ ਹੈ, ਤਿੱਲੇ ਨਾਲ ਕੱਢੀ ਹੋਈ ਹੈ, ਬਹੁਤ ਨਰਮ ਖੱਲ ਦੀ ਬਣੀ ਹੋਈ ਹੈ ਕਿਤੇ ਅਜਿਹਾ ਨਾ ਹੋਵੇ ਕਿ ਕੋਈ ਇਸ ਜੁੱਤੀ ਨੂੰ ਚੁਰਾ ਲਵੇ, ਉਸ ਨੇ ਜੁੱਤੀ ਲਾਹ ਕੇ ਇਕ ਪਰਨੇ ਵਿਚ ਵਲੇਟ ਲਈ ਅਤੇ ਪੂਰੀ ਤਰ੍ਹਾਂ ਛੁਪਾ ਕੇ ਕੱਛ ਵਿਚ ਮੋਢੇ ਥੱਲੇ ਦਬਾ ਲਈ। ਐਉਂ ਲਗਦਾ ਸੀ ਜਿਵੇਂ ਕੋਈ ਪੁਸਤਕ ਦਬਾਈ ਹੋਵੇ। ਜਦੋਂ ਉਹ ਸਭਾ ਵਿਚ ਪਹੁੰਚਿਆ ਤਾਂ ਗਾਂਗਾ ਤੇਲੀ ਤੇ ਪੰਡਤ ਆਹਮੋ ਸਾਮ੍ਹਣੇ ਬੈਠ ਗਏ। ਤਾਂ

ਪੰਡਤ ਨੇ ਗਾਂਗੇ ਨੂੰ ਪੁਛਿਆ ਕਿ ਪੰਡਤ ਜੀ! ਇਹ ਦੱਸੋ ਕਿ ਜੋ ਤੁਹਾਡੇ ਕੋਲ ਕਿਹੜਾ ਸ਼ਾਸ਼ਤ੍ਰ ਹੈ। ਗਾਂਗੇ ਨੇ ਬੜੇ ਰੋਹਬ ਨਾਲ ਕਿਹਾ ਕਿ 'ਕੰਟਕ ਚੂਰਨ'। ਪੰਡਤ ਜੀ ਨੇ ਕਦੇ ਇਸ ਦਾ ਨਾਮ ਹੀ ਨਹੀਂ ਸੁਣਿਆ ਸੀ। ਪੰਡਤ ਨੇ ਕਿਹਾ ਕਿ ਮੈਂ ਤਾਂ ਇਹ ਸਾਸ਼ਤ੍ਰ ਪੜ੍ਹਿਆ ਹੀ ਨਹੀਂ, ਜੇ ਇਸ ਨੇ ਮੈਨੂੰ ਇਹਦੇ ਵਿਚੋਂ ਕੋਈ ਪ੍ਰਸ਼ਨ ਕਰ ਦਿਤਾ ਤਾਂ ਕਿਤੇ ਮੇਰੀ ਹਾਰ ਹੀ ਨਾ ਹੋ ਜਾਵੇ। ਤਾਂ ਪੰਡਤ ਨੇ ਇਸ ਨੂੰ ਪੁਛਿਆ ਕਿ ਚਰਚਾ ਮੌਨ ਕਰਨੀ ਹੈ ਜਾਂ ਬੋਲ ਕੇ? ਗਾਂਗੇ ਨੇ ਕਿਹਾ ਕਿ ਜਿਵੇਂ ਤੇਰੀ ਮਰਜ਼ੀ। ਪੰਡਤ ਬੜਾ ਪ੍ਰਸੰਨ ਹੋਇਆ ਕਿ ਮੈਂ ਹੁਣ ਇਸ ਮੁਕਾਬਲੇ ਤੇ ਆਏ ਪੰਡਤ ਨੂੰ ਜਿੱਤ ਲਵਾਂਗਾ। ਉਸ ਪੰਡਤ ਨੇ ਫੈਸਲਾ ਕੀਤਾ ਕਿ ਆਪਾਂ ਚਰਚਾ ਮੌਨ ਕਰਾਂਗੇ। ਸਿਰਫ ਤਿੰਨ ਪ੍ਰਸ਼ਨ ਕਰਾਂਗੇ, ਜਿਹੜਾ ਦੋ ਵਿਚ ਜਿੱਤ ਜਾਵੇਗਾ ਉਹ ਜੇਤੂ ਕਹਾਏਗਾ। ਜੇ ਲਗਾਤਾਰ ਪਹਿਲੇ ਦੋ ਪ੍ਰਸ਼ਨਾਂ ਵਿਚ ਜਿੱਤ ਹੋ ਗਈ ਤਾਂ ਤੀਜਾ ਪ੍ਰਸ਼ਨ ਨਹੀਂ ਕੀਤਾ ਜਾਵੇਗਾ। ਚਰਚਾ ਦੇ ਅਸੂਲ ਤਹਿ ਹੋ ਗਏ। ਪੰਡਤ ਨੇ ਗਾਂਗੇ ਨੂੰ ਕਿਹਾ ਪਹਿਲਾਂ ਤੂੰ ਪ੍ਰਸ਼ਨ ਕਰ, ਗਾਂਗੇ ਨੇ ਕਿਹਾ ਕਿ ਨਹੀਂ, ਪੰਡਤ ਜੀ ਤੁਸੀਂ ਬਾਹਰੋਂ ਆਏ ਹੋ ਤੁਹਾਡਾ ਹੱਕ ਹੈ, ਤਿੰਨੇ ਪ੍ਰਸ਼ਨ ਤੁਸੀਂ ਹੀ ਮੇਰੇ ਉਪਰ ਕਰੋ। ਸਾਰੇ ਇਨ੍ਹਾਂ ਵਲ ਦੇਖ ਰਹੇ ਸਨ। ਪੰਡਤ ਨੇ ਕਿਹਾ, "ਮੈਂ ਹੁਣ ਪ੍ਰਸ਼ਨ ਕਰਦਾ ਹਾਂ, ਨਾਲ ਹੀ ਉਸ ਨੇ ਇਹ ਕਹਿ ਕੇ ਇਕ ਉਂਗਲੀ ਖੜ੍ਹੀ ਕਰ ਦਿਤੀ।" ਗਾਂਗੇ ਨੇ ਉਸੇ ਵੇਲੇ ਦੋ ਉਂਗਲੀਆਂ ਖੜ੍ਹੀਆਂ ਕਰ ਦਿਤੀਆਂ। ਪੰਡਤ ਨੇ ਆਪਣਾ ਹੱਥ ਹੇਠਾਂ ਕਰ ਲਿਆ ਅਤੇ ਦੂਸਰਾ ਪ੍ਰਸ਼ਨ ਕਰਨ ਲਈ ਫੇਰ ਆਪਣੀ ਬਾਂਹ ਚੁੱਕੀ ਅਤੇ ਪੰਜੇ ਉਂਗਲਾਂ ਥੱਪੜ ਦੀ ਸ਼ਕਲ ਵਿਚ ਖੜ੍ਹੀਆਂ ਕਰ ਦਿਤੀਆਂ। ਗਾਂਗੇ ਨੇ ਉਸੇ ਵੇਲੇ ਮੁੱਕਾ ਵੱਟ ਕੇ ਆਪਣੀ ਬਾਂਹ ਖੜ੍ਹੀ ਕਰ ਦਿਤੀ, ਕਿਉਂਕਿ ਦੋ ਪ੍ਰਸ਼ਨ ਸਨ, ਪੰਡਤ ਨੇ ਆਪਣੀ ਹਾਰ ਮੰਨ ਲਈ ਕਿਉਂਕਿ ਉਹ ਦੋਹਾਂ ਪ੍ਰਸ਼ਨਾਂ ਵਿਚ ਹਾਰ ਗਿਆ ਸੀ। ਸਭਾ ਵਿਚ ਕਿਸੇ ਨੂੰ ਕੁਝ ਵੀ ਪਤਾ ਨਾ ਲੱਗਿਆ ਕਿ ਕੀ ਪ੍ਰਸ਼ਨ ਸਨ, ਕੀ ਉਤਰ ਸੀ। ਗਾਂਗੇ ਦੀ ਜੈ-ਜੈਕਾਰ ਹੋ ਗਈ ਅਤੇ ਪੰਡਤ ਦੀਆਂ ਸਾਰੀਆਂ ਕਿਤਾਬਾਂ ਜ਼ਬਤ ਹੋ ਗਈਆਂ। ਜਦੋਂ ਰਾਜ ਸਭਾ ਉਠ ਗਈ ਤਾਂ ਉਸ ਵੇਲੇ ਵਿਦਵਾਨਾਂ ਨੇ ਗਾਂਗੇ ਨੂੰ ਘੇਰ ਲਿਆ ਅਤੇ ਕੁਝ ਵਿਦਵਾਨਾਂ ਨੇ ਪੰਡਤ ਜੀ ਨੂੰ ਘੇਰ ਲਿਆ ਅਤੇ ਪੁਛਣ ਲੱਗੇ ਕਿ ਪੰਡਤ ਜੀ! ਤੁਸੀਂ ਕੀ ਪ੍ਰਸ਼ਨ ਕੀਤਾ ਸੀ, ਅਸਾਡੀ ਸਮਝ ਵਿਚ ਨਹੀਂ ਆਇਆ? ਪੰਡਤ ਨੇ ਕਿਹਾ ਕਿ ਮੈਂ ਸਭ ਤੋਂ ਪਹਿਲਾਂ ਉਸ ਉਤੇ ਪ੍ਰਸ਼ਨ ਕੀਤਾ ਸੀ ਕਿ ਸੰਸਾਰ ਵਿਚ ਇਕੋ ਇਕ ਅਦੁੱਤੀ ਬ੍ਰਹਮ ਹੈ ਉਸ ਦੇ ਪ੍ਰਤੀਕ ਵਜੋਂ ਮੈਂ ਇਕ ਉਂਗਲੀ ਖੜ੍ਹੀ ਕਰ ਦਿਤੀ। ਕਹਿਣ ਲੱਗਿਆ, ਉਸ ਗਾਂਗੇ ਨੇ ਝੱਟ ਹੀ ਉਤਰ ਵਿਚ ਦੋ ਉਂਗਲੀਆਂ ਖੜ੍ਹੀਆਂ ਕਰ ਦਿਤੀਆਂ ਅਤੇ ਮੈਂ ਸਮਝ ਲਿਆ ਕਿ ਇਕ ਅਦੁੱਤੀ ਬ੍ਰਹਮ ਨਾਲ ਕੰਮ ਨਹੀਂ ਚਲਦਾ ਇਥੇ ਦੂੰਧ ਪੈਦਾ ਕਰਨ ਲਈ ਮਾਇਆ ਵੱਡਾ ਤੱਤ ਹੈ। ਮੈਂ ਉਸ ਦੇ ਉਤਰ ਨੂੰ ਠੀਕ ਸਮਝਿਆ ਕਿ ਮਾਇਆ ਤੋਂ ਬਿਨਾਂ ਸੰਸਾਰ ਦੀ ਕਾਰ ਨਹੀਂ ਚਲਦੀ। ਮੈਂ ਉਸ ਉਪਰ ਦੂਜਾ ਪ੍ਰਸ਼ਨ ਕਰਿਆ, ਪੰਜੇ ਉਂਗਲਾਂ ਖੜ੍ਹੀਆਂ ਕਰਕੇ ਪੁਛਿਆ ਕਿ ਇਹ ਰਚਨਾ ਪੰਜਾਂ ਤੱਤਾਂ ਦੀ ਬਣੀ ਹੋਈ ਹੈ ਉਸ ਨੇ ਖੁਲ੍ਹੇ ਹੱਥ ਦੀ ਥਾਂ ਮੁੱਕੀ ਵਟ ਲਈ ਅਤੇ ਇਹ ਉਤਰ ਦਿਤਾ ਕਿ ਇਕੱਲੇ-ਇਕੱਲੇ ਪੰਜਾਂ ਤੱਤਾਂ ਦੀ ਨਹੀਂ ਬਣੀ ਹੋਈ ਇਹ ਮਿਲ ਕੇ ਬਣੀ ਹੋਈ ਹੈ। ਦੋ ਪ੍ਰਸ਼ਨ ਮੈਂ ਹਾਰ ਗਿਆ ਸਾਂ ਇਸ ਕਰਕੇ ਮੈਂ ਤੀਜਾ ਪ੍ਰਸ਼ਨ ਨਹੀਂ ਕਰਨਾ ਸੀ। ਉਸ ਪਿਛੋਂ ਓਹੀ ਵਿਦਵਾਨ ਇਸ ਪੰਡਤ ਨੂੰ ਰੋਂਦਾ ਛੱਡ ਕੇ ਗਾਂਗੇ ਤੇਲੀ ਪਾਸ ਗਏ ਅਤੇ ਉਸ ਨੂੰ ਪੁਛਿਆ ਕਿ ਤੂੰ ਉਤਰ ਕਿਸ ਤਰ੍ਹਾਂ ਦੇ ਦਿਤਾ, ਤੂੰ ਤਾਂ ਫਲਸਫੇ ਦਾ 'ੳ ਅ' ਵੀ ਨਹੀਂ ਪੜ੍ਹਿਆ ਹੋਇਆ? ਉਹ ਝੱਟ ਕਹਿਣ ਲੱਗਿਆ ਕਿ ਇਸ ਵਿਚ ਕਿਹੜੀ ਗੱਲ ਸੋਚਣ ਦੀ ਸੀ ਜਦੋਂ ਪੰਡਤ ਨੇ ਇਕ ਉਂਗਲੀ ਖੜ੍ਹੀ ਕੀਤੀ ਤਾਂ ਮੈਂ ਝੱਟ ਹੀ ਸਮਝ ਗਿਆ ਕਿ ਉਸ ਨੇ ਇਹ ਗੱਲ ਕਹੀ ਹੈ ਕਿ ਤੂੰ ਕਾਣਾ ਹੈਂ, ਮੈਂ ਤੇਰਾ ਦੂਜਾ ਡੇਲਾ ਵੀ ਕੱਢ ਦੇਣਾ ਹੈ, ਤੇ ਜਵਾਬ ਵਿਚ ਮੈਂ ਦੋਵੇਂ ਉਂਗਲਾਂ ਖੜ੍ਹੀਆਂ ਕਰਕੇ ਕਿਹਾ ਕਿ ਤੇਰੀ ਕੀ ਮਜ਼ਾਲ ਹੈ ਕਿ ਮੇਰੀ ਅੱਖ ਕੱਢੇਂ ਮੈਂ ਤੇਰੀਆਂ ਦੋਵੇਂ ਅੱਖਾਂ ਕੱਢ ਦੇਣੀਆਂ ਹਨ। ਫੇਰ ਉਸ ਨੇ ਆਪਣਾ ਹੱਥ ਖੜ੍ਹਾ ਕਰਕੇ ਕਿਹਾ ਕਿ ਮੈਂ ਤੇਰੇ ਮੂੰਹ ਉਪਰ ਥੱਪੜ ਮਾਰਾਂਗਾ, ਮੈਂ ਝੱਟ ਹੀ ਉਸ ਨੂੰ ਮੁੱਕਾ ਦਿਖਾਇਆ ਕਿ ਮੈਂ ਤੈਨੂੰ ਘਸੁੰਨ ਮਾਰ-ਮਾਰ ਕੇ ਅਧਮੋਇਆ ਕਰ ਦੇਵਾਂਗਾ। ਫੇਰ ਕੀ ਸੀ ਪੰਡਤ ਜਨੋ! ਹਾਰਨਾ ਹੀ ਸੀ ਉਸ ਨੇ। ਸੋ ਉਹ ਹਾਰ ਗਿਆ ਤੇ ਮੈਂ ਜਿੱਤ ਗਿਆ। ਉਹ ਜੋ ਬਾਹਰੋਂ ਆਇਆ ਪੰਡਤ ਸੀ ਉਸ ਨੇ ਕਾਹਲੀ ਵਿਚ ਇਹ ਅੰਦਾਜ਼ੇ ਲਾਏ। ਜੇ ਉਹ ਥੋੜ੍ਹਾ ਵਿਚਾਰਵਾਨ ਹੁੰਦਾ, ਕਾਹਲੀ ਨਾ ਕਰਦਾ, ਧੀਰਜ ਵਿਚ ਰਹਿੰਦਾ ਤਾਂ ਹੋ ਸਕਦਾ ਸੀ ਕਿ ਉਹ ਕਿਸੇ ਨਾ ਕਿਸੇ ਚੰਗੇ ਸਿੱਟੇ ਤੇ ਪਹੁੰਚ ਜਾਂਦਾ। ਉਸ ਦੀ ਹਾਰ ਸ਼ਾਇਦ ਨਾ ਹੁੰਦੀ ਕਿਉਂਕਿ ਉਸ ਨੂੰ ਪਤਾ ਲੱਗ ਹੀ ਜਾਣਾ ਸੀ ਕਿ ਇਹ ਤਾਂ ਇਕ ਅੱਲੜ ਬੰਦਾ ਪੰਡਤ ਦੇ ਰੂਪ ਵਿਚ ਮੇਰੇ ਸਾਮ੍ਹਣੇ ਆਇਆ ਹੈ, ਭਾਈ ਗੁਰਦਾਸ ਜੀ ਨੇ ਵੀ ਇਸ ਦੇ ਬਾਰੇ ਇਸ ਤਰ੍ਹਾਂ ਲਿਖਿਆ ਹੈ -

*ਗੋਸ਼ਟ ਗਾਂਗੇ ਤੇਲੀਐ*
*ਪੰਡਿਤ ਨਾਲਿ ਹੋਵੈ ਜਗੁ ਦੇਖੈ।।*
*ਖੜੀ ਕਰੈ ਇਕ ਅੰਗੁਲੀ*
*ਗਾਂਗਾ ਦੁਇ ਵੇਖਾਲੈ ਰੇਖੈ॥*
*ਫੇਰ ਉਚਾਇ ਪੰਜਾਂਗੁਲਾ*
*ਗਾਂਗਾ ਮੁੱਠ ਹਲਾਇ ਅਲੇਖੈ॥*
*ਪੈਰੀਂ ਪੈ ਉਠ ਚੱਲਿਆ*
*ਪੰਡਿਤ ਹਾਰ ਭੁਲਾਵੈ ਭੇਖੈ॥*
*ਨਿਰਗੁਨ ਸਰਗੁਨ ਅੰਗ ਦੁਇ*
*ਪਰਮੇਸਰ ਪੰਜ ਮਿਲਨ ਸਰੇਖੈ॥*
*ਅੱਖੀਂ ਦੋਵੇਂ ਭੰਨਸਾਂ*
*ਮੁੱਕੀ ਲਾਇ ਹਲਾਇ ਨਿਮੇਖੈ॥*
*ਮੂਰਖ ਪੰਡਿਤ ਸੁਰਤ ਵਿਸੇਖੈ॥*

**ਭਾਈ ਗੁਰਦਾਸ ਜੀ, ਵਾਰ - 32/18**

ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ -

**ਰੋਵਹਿ ਕਿਰਪਨ ਸੰਚਹਿ ਧਨੁ ਜਾਇ॥**
**ਪੰਡਿਤ ਰੋਵਹਿ ਗਿਆਨੁ ਗਵਾਇ॥**

**ਪੰਨਾ - 954**

ਰਾਜੇ ਭੋਜ ਦੇ ਜੀਵਨ ਵਿਚ ਬੜੀ ਸਪਸ਼ਟ ਘਟਨਾ ਵਰਤੀ, ਜਿਸ ਤੋਂ ਧੀਰਜਪੁਣ ਦਾ ਹੋਰ ਸਪਸ਼ਟ ਪਤਾ ਲਗ ਜਾਂਦਾ ਹੈ। ਰਾਜੇ ਭੋਜ ਦਾ ਪਿਤਾ ਰਾਜਾ ਭੋਜ ਨੂੰ ਛੋਟੀ ਉਮਰ ਵਿਚ ਛੱਡ ਕੇ ਪਰਲੋਕ ਵਾਸੀ ਹੋ ਗਿਆ ਅਤੇ ਉਸ ਨੇ ਆਪਣੇ ਪੁੱਤਰ ਦੀ ਸੰਭਾਲ ਲਈ ਆਪਣੇ ਛੋਟੇ ਭਰਾ ਦੇ ਹੱਥ ਵਿਚ ਉਸ ਦੀ ਬਾਂਹ ਫੜਾ ਦਿਤੀ ਪਰ ਰਾਜੇ ਮੰਝ ਨੇ ਰਾਜ ਉਪਰ ਆਪਣਾ ਹੀ ਕਬਜ਼ਾ ਕਰ ਲਿਆ, ਪਰ ਸਮਾਂ ਬਦਲਿਆ ਰਾਜਾ ਭੋਜ ਫੇਰ ਤਖਤ ਉਪਰ ਬੈਠ ਗਿਆ। ਰਾਜਾ ਭੋਜ ਦਾ ਵਜ਼ੀਰ ਬਹੁਤ ਹੀ ਸਿਆਣਾ ਸੀ ਉਸ ਨੇ ਰਾਜਾ ਭੋਜ ਨੂੰ ਬਹੁਤ ਸ਼ੁਭ ਮਤ ਦਿੰਦਿਆਂ ਕਿਹਾ ਕਿ ਰਾਜਨ! ਧੀਰਜ ਵਰਗਾ ਗੁਣ ਇਨਸਾਨ ਨੂੰ ਅਨੇਕਾਂ ਸੰਕਟਾਂ ਤੋਂ ਬਚਾਅ ਸਕਦਾ ਹੈ ਕਿਉਂਕਿ ਧੀਰਜੀ ਪੁਰਸ਼ ਜੇ ਉਸ ਦੇ ਕੋਲ ਮਾਇਆ ਆ ਜਾਵੇ ਤਾਂ ਬਹੁਤ ਖੁਸ਼ ਨਹੀਂ ਹੁੰਦਾ ਜੇ ਚਲੀ ਜਾਵੇ ਤਾਂ ਬਹੁਤਾ ਰੋਂਦਾ ਨਹੀਂ ਹੈ। ਮਾਇਆ ਅਤੇ ਬਿਪਤਾ ਨੂੰ ਦੇਖ ਕੇ ਦਿਲ ਨਹੀਂ ਛਡਦਾ। ਜੋ ਕੁਝ ਪ੍ਰਮੇਸ਼ਰ ਨੇ ਲੇਖ ਲਿਖੇ ਹਨ ਉਹ ਅਵੱਸ਼ ਹੋ ਹੀ ਜਾਇਆ ਕਰਦੇ ਹਨ। ਇਕ ਵਾਰੀ ਧਾਰਨਾ ਫੇਰ ਪੜ੍ਹ ਲਓ -

**ਧਾਰਨਾ - ਬਿਪਤਿ ਦੇਖਿ ਨ ਰੋਇਓ ਜੀ,**
**ਸੰਪੈ ਦੇਖਿ ਨ ਹਰਖੀਐ ਪਿਆਰੇ**

**ਸੰਪੈ ਦੇਖਿ ਨ ਹਰਖੀਐ**
**ਬਿਪਤਿ ਦੇਖਿ ਨ ਰੋਇ॥**
**ਜਿਉ ਸੰਪੈ ਤਿਉ ਬਿਪਤਿ ਹੈ**
**ਬਿਧ ਨੇ ਰਚਿਆ ਸੋ ਹੋਇ॥**

**ਪੰਨਾ - 337**

ਧੀਰਜੀ ਪੁਰਸ਼ ਸਹਿਨਸ਼ੀਲਤਾ ਦਾ ਭੰਡਾਰ ਹੁੰਦਾ ਹੈ। ਮਿਤਰ ਤੇ ਦੁਸ਼ਮਣ ਨੂੰ ਸਮ ਸਮਝਦਾ ਹੈ ਅਤੇ ਹਰ ਕੰਮ ਕਰਨ ਤੋਂ ਪਹਿਲਾਂ ਪੂਰੀ ਤਰ੍ਹਾਂ ਨਾਲ ਸੋਚਦਾ ਹੈ। ਕੰਨਾਂ ਨਾਲ ਸੁਣੀ ਹੋਈ ਗੱਲ ਉਪਰ ਬਿਲਕੁਲ ਹੀ ਵਿਸ਼ਵਾਸ਼ ਨਹੀਂ ਕਰਦਾ। ਅੱਖਾਂ ਨਾਲ ਦੇਖੀ ਹੋਈ ਘਟਨਾ ਉਪਰ ਵਿਸ਼ਵਾਸ਼ ਨਹੀਂ ਕਰਦਾ ਜਦੋਂ ਤਕ ਕਿ ਉਹ ਉਸ ਦੇ ਬਾਰੇ ਪੂਰੀ ਤਰ੍ਹਾਂ ਖੋਜ ਨਹੀਂ ਕਰ ਲੈਂਦਾ।

ਇਕ ਵਾਰੀ ਐਸੀ ਘਟਨਾ ਹੋਈ ਕਿ ਰਾਜੇ ਭੋਜ ਉਪਰ ਕਿਸੇ ਹੋਰ ਰਾਜੇ ਨੇ ਆਕਰਮਣ ਕਰ ਦਿਤਾ। ਯੁੱਧ ਬਹੁਤ ਸਖਤ ਹੋ ਰਿਹਾ ਸੀ, ਰਾਜੇ ਭੋਜ ਦਾ ਨੌਜੁਆਨ ਰਾਜਕੁਮਾਰ ਬਹੁਤ ਵੀਰਤਾ ਨਾਲ ਯੁੱਧ ਕਰਵਾ ਰਿਹਾ ਸੀ; ਰਾਜਾ ਭੋਜ ਸਾਰਾ ਦਿਨ ਯੁੱਧ ਵਿਚ ਰਹਿੰਦਾ ਅਤੇ ਵੱਡੀ ਰਾਤ ਗਿਆਂ ਅਰਾਮ ਕਰਨ ਲਈ ਘੋੜੇ ਉਪਰ ਹੀ ਸਵਾਰ ਹੋ ਕੇ ਉਹ ਆਪਣੇ ਰਾਜ ਮਹਿਲਾਂ ਵਿਚ ਪਹੁੰਚ ਜਾਇਆ ਕਰਦਾ ਸੀ। ਉਥੇ ਉਸ ਨੇ ਆਰਾਮ ਕਰਨਾ ਅਤੇ ਸਵੇਰੇ ਹੀ ਤਿਆਰ ਹੋ ਕੇ ਯੁੱਧ ਦੇ ਮੈਦਾਨ ਵਿਚ ਆ ਜਾਣਾ। ਯੁੱਧ ਲੜਦਿਆਂ ਨੂੰ ਕਈ ਮਹੀਨੇ ਹੋ ਚੁੱਕੇ ਸਨ, ਇਕ ਦਿਨ ਐਸੀ ਘਟਨਾ ਹੋਈ ਕਿ ਰਾਜਾ ਭੋਜ ਦੀ ਰਾਣੀ ਦੇ **bedroom** (ਸੌਣ ਵਾਲੇ ਕਮਰਾ) ਵਿਚ ਕੋਈ ਆਦਮੀ ਆ ਕੇ ਰਾਜਾ ਰਾਣੀ ਦੇ ਪਲੰਘ ਉਪਰ ਸੌਂ ਗਿਆ ਅਤੇ ਦੁਸ਼ਾਲੇ ਨਾਲ ਮੂੰਹ ਢਕ ਲਿਆ। ਜਦੋਂ ਰਾਣੀ ਆਈ ਤਾਂ ਉਸ ਨੂੰ ਖਿਆਲ ਹੋਇਆ ਕਿ ਅੱਜ ਰਾਜਾ ਜੀ ਘੂਕ ਨੀਂਦ ਵਿਚ ਪਏ ਹਨ, ਉਹ ਵੀ ਨਾਲ ਲਗਦੇ ਪਲੰਘ ਤੇ ਬਹੁਤ ਸਾਵਧਾਨਤਾ ਨਾਲ ਬਗੈਰ ਕੋਈ ਖੜਕਾ ਕੀਤੇ ਸੌਂ ਗਈ ਅਤੇ ਆਪਣੇ ਨੇਮ ਅਨੁਸਾਰ ਰਾਜਾ ਭੋਜ ਅੱਧੀ ਰਾਤ ਨੂੰ ਜਦੋਂ bedroom (ਸੌਣ ਵਾਲੇ ਕਮਰਾ) ਵਿਚ ਆਇਆ ਤਾਂ ਕੀ ਦੇਖਦਾ ਹੈ ਕਿ ਉਸ ਦੇ ਪਲੰਘ ਉਪਰ ਰਾਣੀ ਦੇ ਨਾਲ ਕੋਈ ਗੈਰ ਬੰਦਾ ਸੁੱਤਾ ਪਿਆ ਹੈ। ਦੇਖਦਿਆਂ ਹੀ ਉਸ ਨੂੰ ਕ੍ਰੋਧ ਆ ਗਿਆ ਅਤੇ ਉਸ ਨੇ ਤਲਵਾਰ ਕੱਢ ਲਈ ਕਿ ਮੈਂ ਦੋਹਾਂ ਨੂੰ ਮਾਰ ਦਿੰਦਾ ਹਾਂ ਪਰ ਉਸ ਨੇ ਆਪਣੇ ਵਜ਼ੀਰ ਤੋਂ ਧੀਰਜ ਬਾਰੇ ਬਹੁਤ ਸੁਣਿਆ ਹੋਇਆ ਸੀ ਉਸ ਨੇ ਕਿਹਾ ਕਿ ਮੈਨੂੰ ਹੁਣ ਧੀਰਜ ਰੱਖਣਾ ਚਾਹੀਦਾ ਹੈ ਪਰ ਫੇਰ ਬਾਰ-ਬਾਰ ਖਿਆਲ ਆ ਰਿਹਾ ਸੀ ਕਿ ਮੈਂ ਕੰਨਾਂ ਨਾਲ ਤਾਂ ਨਹੀਂ ਨਾ ਗੱਲ ਸੁਣੀ, ਮੇਰੀਆਂ ਅੱਖਾਂ ਦੇ ਸਾਮ੍ਹਣੇ ਰਾਣੀ ਗੈਰ ਬੰਦੇ ਨਾਲ ਪਈ ਹੈ। ਉਸ ਨੇ ਉਸੇ ਸਮੇਂ ਆਪਣੇ ਵਜ਼ੀਰ ਨੂੰ ਬੁਲਾਇਆ ਅਤੇ ਸਾਰੀ ਗੱਲ ਉਸ ਨੂੰ ਦੱਸੀ ਉਸ ਨੇ ਵੀ **bedroom** ਵਿਚ ਆ ਕੇ ਆਪਣੀਆਂ ਅੱਖਾਂ ਨਾਲ ਦੇਖਿਆ ਕਿ ਪਲੰਘ ਤੇ ਕੋਈ ਗੈਰ ਆਦਮੀ ਦੁਸ਼ਾਲੇ ਨਾਲ ਮੂੰਹ ਢਕੀਂ ਰਾਣੀ ਨਾਲ ਸੁੱਤਾ ਪਿਆ ਹੈ। ਉਸ ਸਮੇਂ ਵਜ਼ੀਰ ਜੋ ਧੀਰਜ ਦਾ ਭੰਡਾਰ ਸੀ, ਨੇ ਆਖਿਆ, "ਰਾਜਨ! ਬਹੁਤ ਵਾਰੀ ਅੱਖਾਂ ਨਾਲ ਦੇਖਿਆਂ ਵੀ ਧੋਖਾ ਹੋ ਜਾਂਦਾ ਹੈ, ਕੋਈ ਗੱਲ ਕਰਨੀ ਹੋਵੇ ਨਿਰਣਾ ਲੈ ਕੇ ਹੀ ਕਰਨੀ ਚਾਹੀਦੀ ਹੈ। ਦੇਖੋ, ਮੇਰੀ ਗੱਲ ਪੂਰਨ ਧੀਰਜ ਦੇ ਧਾਰਨੀ ਹੋ ਕੇ ਸੁਣੋ, ਮਹਾਰਾਣੀ ਪੂਰੀ ਪਤੀਵਰਤਾ ਇਸਤ੍ਰੀ ਹੈ ਇਸ ਵਿਚ ਉਹ ਸਾਰੇ ਗੁਣ ਹਨ ਜੋ ਇਕ ਪਤੀਵਰਤਾ ਇਸਤ੍ਰੀ ਵਿਚ ਹੁੰਦੇ ਹਨ। ਇਹ ਕੌਣ ਹੈ ਜੋ ਪਲੰਘ ਉਪਰ ਪਿਆ ਹੈ ਇਸ ਦਾ ਨਿਰਣਾ ਆਪਾਂ ਥੋੜ੍ਹੀ ਦੇਰ ਵਿਚ ਕਰ ਲਵਾਂਗੇ, ਜੇ ਦੰਡ ਦਾ ਭਾਗੀ ਹੋਇਆ ਤਾਂ ਇਸ ਨੂੰ ਦੰਡ ਦਿਤਾ ਜਾਵੇਗਾ। ਰਾਣੀ ਤੋਂ ਵੀ ਸਾਰੀ ਗੱਲ ਪੁੱਛ ਕੇ ਨਿਰਣਾ ਲਿਆ ਜਾਵੇਗਾ।

ਅੰਮ੍ਰਿਤ ਵੇਲਾ ਹੋਇਆ, ਰਾਣੀ ਆਪਣੀ ਗਾੜ੍ਹੀ ਨੀਂਦ ਤੋਂ ਜਾਗੀ ਉਸ ਨੇ ਫੇਰ ਆਪਣੇ ਦੂਸਰੇ ਪਲੰਘ ਵੱਲ ਨਿਗ੍ਹਾ ਮਾਰੀ ਕਿ ਅੱਜ ਰਾਜਾ ਜੀ ਬਹੁਤ ਹੀ ਥੱਕੇ ਹੋਏ ਹਨ ਇਨ੍ਹਾਂ ਨੂੰ ਸੌਣ ਦੇਈਏ। ਉਹ ਜਦੋਂ ਉਠੀ ਰਾਜਾ ਭੋਜ ਤੇ ਵਜ਼ੀਰ ਇਕ ਦਮ **bedroom** ਵਿਚ ਆ ਗਏ ਅਤੇ ਰਾਣੀ ਹੈਰਾਨ ਹੋ ਗਈ ਅਤੇ ਉਸ ਦੇ ਪੈਰਾਂ ਥੱਲੋਂ ਮਿੱਟੀ ਨਿਕਲ ਗਈ। ਇਹ ਸੋਚ ਕੇ ਕਿ ਰਾਜਾ ਭੋਜ ਤਾਂ ਮੇਰੇ ਸਾਮ੍ਹਣੇ ਖੜ੍ਹੇ ਹਨ, ਇਹ ਜੋ ਪਲੰਘ ਤੇ

ਪਿਆ ਹੈ ਫੇਰ ਇਹ ਕੌਣ ਹੋਇਆ? ਉਸ ਸਮੇਂ ਰਾਜਾ ਭੋਜ ਨੇ ਬਹੁਤ ਹੀ ਕਾਹਲੀ ਨਾਲ ਤਲਵਾਰ ਸੂਤ ਲਈ ਅਤੇ ਵਜ਼ੀਰ ਨੂੰ ਕਹਿਣ ਲੱਗਿਆ ਕਿ ਮੈਂ ਰਾਣੀ ਤੇ ਇਸ ਪੁਰਸ਼ ਦਾ ਸਿਰ ਆਪਣੇ ਹੱਥ ਨਾਲ ਕੱਟਣਾ ਹੈ। ਉਸ ਨੇ ਤਲਵਾਰ ਸੂਤ ਲਈ ਅਤੇ ਰਾਣੀ ਵੀ ਸਮਝ ਗਈ ਪਰ ਵਜ਼ੀਰ ਨੇ ਉਸੇ ਵੇਲੇ ਰੋਕ ਦਿਤਾ ਉਸ ਨੇ ਰਾਜੇ ਨੂੰ ਕਿਹਾ ਠਹਿਰੋ! ਮਹਾਰਾਣੀ ਤੋਂ ਸਾਰੀ ਗੱਲ ਪੁੱਛ ਲਓ, ਪੁੱਛਣ ਤੇ ਮਹਾਰਾਣੀ ਨੇ ਦਸਿਆ ਕਿ ਮਹਾਰਾਜ! ਮੈਂ ਰੋਜ਼ ਦੀ ਤਰ੍ਹਾਂ ਸੌਣ ਲਈ **bedroom** ਵਿਚ ਆਈ ਤਾਂ ਮੈਂ ਦੇਖਿਆ ਕਿ ਤੁਸੀਂ ਪਲੰਘ ਉਤੇ ਪਏ ਹੋਂ, ਦੁਸ਼ਾਲੇ ਨਾਲ ਮੂੰਹ ਢਕਿਆ ਹੋਇਆ ਹੈ ਜਿਵੇਂ ਹੁਣ ਇਸ ਬੰਦੇ ਨੇ ਢਕਿਆ ਹੈ ਇਸੇ ਤਰ੍ਹਾਂ ਸੀ, ਮੈਂ ਇਸ ਨੂੰ ਨਹੀਂ ਜਗਾਇਆ ਇਹ ਸਮਝ ਕੇ ਤੁਸੀਂ ਸੁੱਤੇ ਪਏਂ ਹੋ, ਨਾ ਜਗਾਉਣ ਦਾ ਕਾਰਨ ਇਹ ਹੈ ਕਿ ਜਦੋਂ ਮੇਰੀ ਸ਼ਾਦੀ ਆਪ ਨਾਲ ਹੋਈ ਤਾਂ ਮੇਰੀ ਮਾਂ ਨੇ ਮੈਨੂੰ ਸਿਖਿਆ ਦਿੰਦਿਆਂ ਕਿਹਾ ਕਿ ਰਾਜਾ ਲੋਕਾਂ ਨੂੰ ਬਹੁਤ ਮੁਸ਼ਕਲ ਨਾਲ ਨੀਂਦ ਆਇਆ ਕਰਦੀ ਹੈ ਕਿਉਂਕਿ ਉਨ੍ਹਾਂ ਦੇ ਮਨ ਵਿਚ ਬਹੁਤ ਕਲਪਨਾਵਾਂ ਹੋਇਆ ਕਰਦੀਆਂ ਹਨ। ਉਹ ਦਵਾਈਆਂ ਖਾ-ਖਾ ਕੇ ਮਸਾਂ ਸੌਂਦੇ ਹਨ। ਤੂੰ ਰਾਜਾ ਜੀ ਨੂੰ ਸੁੱਤੇ ਪਏ ਕਦੇ ਨਹੀਂ ਜਗਾਉਣਾ। ਸੋ ਮੈਂ ਇਹ ਸਿੱਖਿਆ ਪੱਲੇ ਬੰਨ੍ਹ ਲਈ, ਮੈਂ ਭੁਲੇਖੇ ਵਿਚ ਆਈ ਹੋਈ ਹੀ ਸੌਂ ਗਈ। ਮੈਂ ਇਸ ਨੂੰ ਤੁਹਾਡਾ ਹੀ ਰੂਪ ਸਮਝਦੀ ਰਹੀ, ਮੈਂ ਇਸ ਨੂੰ ਜਗਾਇਆ ਨਹੀਂ ਅਤੇ ਪਲੰਘ ਉਪਰ ਸੌਂ ਗਈ। ਹੁਣ ਤੁਸੀਂ ਮੇਰੇ ਸਾਮ੍ਹਣੇ ਖੜ੍ਹੇ ਹੋ। ਮੈਂ ਤਾਂ ਖੁਦ ਹੈਰਾਨ ਹਾਂ ਕਿ ਇਹ ਕੌਣ ਹੋਇਆ ਜੋ ਪਲੰਘ ਤੇ ਪਿਆ ਹੈ? ਉਸ ਵੇਲੇ ਵਜ਼ੀਰ ਅੱਗੇ ਵਧਿਆ ਉਸ ਨੇ ਉਸ ਸੁੱਤੇ ਪਏ ਮਨੁੱਖ ਦੇ ਮੂੰਹ ਉਪਰੋਂ ਦੁਸ਼ਾਲਾ ਲਾਹਿਆ ਤਾਂ ਸਾਰੇ ਹੈਰਾਨ ਹੋ ਗਏ ਕਿ ਇਹ ਤਾਂ ਉਨ੍ਹਾਂ ਦਾ ਆਪਣਾ ਸ਼ਹਿਜ਼ਾਦਾ ਹੀ ਹੈ। ਰਾਜਾ ਭੋਜ ਬਹੁਤ ਹੀ ਹੈਰਾਨ ਹੋਇਆ ਹੋਇਆ ਸੀ ਅਤੇ ਸੋਚ ਰਿਹਾ ਸੀ ਕਿ ਜੇ ਮੈਂ ਧੀਰਜ ਨਾ ਕਰਦਾ ਤਾਂ ਕਿੱਡੀ ਮੰਦ ਘਟਨਾ ਮੇਰੇ ਹੱਥੋਂ ਹੀ ਹੋ ਜਾਣੀ ਸੀ ਅਤੇ ਵਜ਼ੀਰ ਦੀ ਅਕਲ ਨੂੰ ਬਾਰ-ਬਾਰ ਸਲਾਹੁੰਦਾ ਸੀ ਕਿ ਇਸ ਨੇ ਕਿੱਡੀ ਸੋਹਣੀ ਸਲਾਹ ਦਿਤੀ ਹੈ ਜਿਸ ਦਾ ਕੋਈ ਮੁੱਲ ਨਹੀਂ ਪਾਇਆ ਜਾ ਸਕਦਾ। ਰਾਜਕੁਮਾਰ ਨੂੰ ਜਾਗ ਆਉਣ ਤੇ ਪੁਛਿਆ ਤਾਂ ਉਸ ਨੇ ਦਸਿਆ ਕਿ ਮੈਨੂੰ ਕਈ ਮਹੀਨੇ ਯੁੱਧ ਲੜਦੇ ਨੂੰ ਹੋ ਗਏ ਸਨ, ਅੱਜ ਮੇਰੇ ਮਨ ਵਿਚ ਆਇਆ ਕਿ ਮੈਂ ਆਪਣੇ ਮਾਤਾ ਪਿਤਾ ਜੀ ਨੂੰ ਮਿਲ ਆਵਾਂ। ਮੈਂ ਬਹੁਤ ਥੱਕਿਆ ਹੋਇਆ ਸੀ ਆਪ ਜੀ ਦੇ ਪਲੰਘ ਤੇ ਸੌਂ ਗਿਆ। ਉਸ ਤੋਂ ਪਿਛੋਂ ਮੈਨੂੰ ਨਹੀਂ ਪਤਾ ਕੀ ਹੋਇਆ, ਕੀ ਨਹੀਂ ਹੋਇਆ। ਹੁਣ ਮੈਂ ਆਪ ਨੂੰ ਸਾਮ੍ਹਣੇ ਖੜ੍ਹੇ ਦੇਖ ਰਿਹਾ ਹਾਂ।

ਸੋ ਧੀਰਜ ਬਹੁਤ ਵੱਡਾ ਗੁਣ ਹੈ। ਰੂਹਾਨੀ ਮਾਰਗ ਤੇ ਚਲਦਿਆਂ ਧੀਰਜੀ ਪੁਰਸ਼ ਖਟ ਲਿਆ ਕਰਦਾ ਹੈ। ਵਿਚਾਰ ਕੇ ਦੇਖੋ ਕਿ ਬਾਬਾ ਫਰੀਦ ਜੀ ਨੇ 36 ਸਾਲ ਘੋਰ ਤਪਸਿਆ ਕੀਤੀ, ਪੱਤੇ ਖਾ ਕੇ ਸਰੀਰ ਸੁਕਾ ਲਿਆ, ਖੂਹ ਵਿਚ ਪੁੱਠੇ ਲਟਕਦੇ ਰਹੇ ਅਤੇ ਗਰਮੀ ਸਰਦੀ ਸਰੀਰ ਤੇ ਸਹਾਰਦੇ ਰਹੇ ਵਾਹਿਗੁਰੂ ਮਿਲਾਪ ਲਈ ਕਾਹਲੇ ਨਹੀਂ ਪਏ ਪਰ ਤਰਲੇ ਜ਼ਰੂਰ ਲੈਂਦੇ ਰਹੇ ਅਤੇ ਆਪਣੀ ਹਾਲਤ ਨੂੰ ਦੇਖ ਕੇ ਇਸ ਤਰ੍ਹਾਂ ਕਹਿੰਦੇ ਰਹੇ -

*ਧਾਰਨਾ - ਤਨ ਸੁੱਕ ਕੇ ਹੱਡਾਂ ਦੀ*
*ਮੁਠੀ ਹੋ ਗਿਆ,*
*ਅਜੇ ਵੀ ਨਾ ਰੱਬ ਬਹੁੜਿਆ*

*ਫਰੀਦਾ ਤਨੁ ਸੁੱਕਾ ਪਿੰਜਰੁ ਥੀਆ*
*ਤਲੀਆਂ ਖੂੰਡਹਿ ਕਾਗ॥*
*ਅਜੈ ਸੁ ਰਬੁ ਨ ਬਾਹੁੜਿਓ*
*ਦੇਖੁ ਬੰਦੇ ਕੇ ਭਾਗ॥*

*ਪੰਨਾ - 1382*

ਅੱਧ ਮੋਏ ਸਰੀਰ ਉਪਰ ਕਾਂ ਚੂੰਝਾਂ ਮਾਰ ਰਹੇ ਸਨ, ਉਨ੍ਹਾਂ ਨੂੰ ਵੀ ਬੜੇ ਪਿਆਰ ਨਾਲ ਵਰਜ ਰਹੇ ਸਨ ਕਿ ਦੇਖਿਓ ਕਿਤੇ ਮੇਰੀਆਂ ਅੱਖਾਂ ਨਾ ਖਾ ਲੈਣਾ, ਫੇਰ ਮੈਂ ਕਿਸ ਤਰ੍ਹਾਂ ਆਪਣੇ ਪਿਆਰੇ ਦੇ ਦਰਸ਼ਨ ਕਰਾਂਗਾ -

*ਧਾਰਨਾ - ਓ ਕਾਗਾ,*
*ਏ ਦੋਏ ਨੈਣਾਂ ਮਤ ਛੇੜਿਓ*

*ਕਾਗਾ ਕਰੰਗ ਢਢੋਲਿਆ*
*ਸਗਲਾ ਖਾਇਆ ਮਾਸੁ॥*
*ਏ ਦੁਇ ਨੈਨਾ ਮਤਿ ਛੁਹਉ*
*ਪਿਰ ਦੇਖਨ ਕੀ ਆਸ॥*

*ਪੰਨਾ - 1382*

ਆਪਣੀ ਹਾਲਤ ਦਸਦਿਆਂ ਹੋਇਆਂ ਫੁਰਮਾਨ ਕਰਦੇ ਹਨ -

*ਧਾਰਨਾ - ਚੱਲਾਂ ਸਿਰ ਦੇ ਭਾਰ,*
*ਜੇ ਮੈਨੂੰ ਮਿਲ ਜਾਏ ਰਾਮ ਪਿਆਰਾ*

*ਤਨੁ ਤਪੈ ਤਨੂਰ ਜਿਉ*
*ਬਾਲਣੁ ਹਡ ਬਲੰਨਿ॥*
*ਪੈਰੀ ਥਕਾਂ ਸਿਰਿ ਜੁਲਾਂ*
*ਜੇ ਮੂੰ ਪਿਰੀ ਮਿਲੰਨਿ॥ ਪੰਨਾ - 1384*

ਇਸ ਦੇ ਪਿਛੋਂ ਪੂਰੇ 14 ਸਾਲ ਮੁਰਸ਼ਦੇ ਕਾਮਲ ਦੀ ਸੇਵਾ ਵਿਚ ਜਾ ਕੇ ਮਰਜੀਵੜਾ ਬਣ ਕੇ ਸੇਵਾ ਕੀਤੀ, ਪੂਰੇ 50 ਸਾਲ ਦੀ ਮਿਹਨਤ ਪਿਛੋਂ ਵਾਹਿਗੁਰੂ ਜੀ ਦਾ ਝਲਕਾਰਾ ਵੱਜਿਆ। ਸੋ ਕਿੱਡੇ ਧੀਰਜੀ ਸਨ ਆਪ।

ਸੋ ਇਸ ਤਰ੍ਹਾਂ ਸੁਨਿਆਰ ਦਾ ਪ੍ਰਤੀਕ ਦਿੰਦਿਆਂ ਹੋਇਆਂ ਗੁਰੂ ਮਹਾਰਾਜ ਜੀ ਧੀਰਜ ਧਾਰਨ ਦਾ ਉਪਦੇਸ਼ ਦਿੰਦੇ ਹਨ।

*ਧੰਨ ਜੀਓ ਤਿਹ ਕੋ ਜਗ ਮੈ,*
*ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥*
*ਦੇਹ ਅਨਿੱਤ ਨ ਨਿੱਤ ਰਹੈ,*
*ਜਸੁ ਨਾਵ ਚੜੈ ਭਵ ਸਾਗਰ ਤਾਰੈ॥*
*ਧੀਰਜ ਧਾਮ ਬਨਾਇ ਇਹੈ ਤਨ,*
*ਬੁਧਿ ਸੁ ਦੀਪਕ ਜਿਉ ਉਜੀਆਰੈ॥*
*ਗਿਆਨਹਿ ਕੀ ਬਢਨੀ ਮਨਹੁ ਹਾਥ ਲੈ*

*ਕਾਤਰਤਾ ਕੁਤਵਾਰ ਬੁਹਾਰੈ॥*

*ਕ੍ਰਿਸ਼ਨਾਵਤਾਰ*

ਗੁਰੂ ਦਸ਼ਮੇਸ਼ ਪਿਤਾ ਜੀ ਨੇ ਧੀਰਜ ਦਾ ਘਰ ਇਸ ਤਨ ਨੂੰ ਬਣਾਉਣ ਵਾਸਤੇ ਉਪਦੇਸ਼ ਦਿਤਾ ਹੈ। ਸੋ ਧੀਰਜ ਇਕ ਬਹੁਤ ਵੱਡਾ ਰੂਹਾਨੀ ਗੁਣ ਹੈ ਜੋ ਪ੍ਰਭੂ ਮਿਲਾਪ ਵਿਚ ਸਹਾਈ ਹੁੰਦਾ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਆਤਮ ਤੱਤ ਦੀ ਪ੍ਰਾਪਤੀ ਲਈ ਅੰਤਰੀਵੀ ਗੁਣਾਂ ਤੇ ਬਹੁਤ ਜ਼ੋਰ ਦਿਤਾ ਹੈ। ਆਪ ਨੇ ਫੁਰਮਾਨ ਕੀਤਾ ਹੈ ਕਿ ਘਰ ਬਾਰ ਛੱਡ ਕੇ ਵਣਾਂ ਵਿਚ ਸੰਸਾਰ ਤੋਂ ਅਲੱਗ-ਥਲੱਗ ਹੋ ਕੇ ਕਠਿਨ ਸਾਧਨਾ ਕਰਨ ਦੀ ਲੋੜ ਨਹੀਂ ਹੈ। ਇਕ ਤਾਂ ਸੰਸਾਰੀ ਜ਼ਿੰਮੇਦਾਰੀਆਂ ਤੋਂ ਡਰ ਕੇ ਆਦਮੀ ਭਜਦਾ ਹੈ ਦੂਸਰਾ ਇਕਾਂਤ ਰਹਿਣ ਵਾਲੇ ਵਿਚ ਕੁਦਰਤੀ ਤੌਰ ਤੇ ਕ੍ਰੋਧ ਵਧ ਜਾਇਆ ਕਰਦਾ ਹੈ। ਐਸੀਆਂ ਬਹੁਤ ਉਦਾਹਰਣਾਂ ਹਨ ਜਿਵੇਂ ਕਿ ਬਾਬਾ ਫਰੀਦ ਜੀ ਘੋਰ ਤਪ ਕਰਦੇ ਰਹੇ। ਜਦੋਂ ਆਪਣੀ ਮਾਤਾ ਨੂੰ ਮਿਲਣ ਲਈ ਆਉਂਦੇ ਹਨ ਤਾਂ ਰਸਤੇ ਵਿਚ ਧੁੱਪ ਤੋਂ ਬਚਣ ਲਈ ਸੰਘਣੇ ਦਰਖਤ ਦੀ ਛਾਂ ਹੇਠ ਬੈਠ ਗਏ। ਦਰੱਖਤ ਦੀਆਂ ਟਾਹਣੀਆਂ ਉਪਰ ਪੰਛੀ ਚੋਗਾ ਚੁਗ ਕੇ ਪ੍ਰਭੂ ਦਾ ਸ਼ੁਕਰ ਕਰਦੇ ਹੋਏ ਆਪਣੀ ਬੋਲੀ ਵਿਚ ਗੁਣ ਗਾ ਰਹੇ ਸਨ। ਫਰੀਦ ਜੀ ਨੂੰ ਉਨ੍ਹਾਂ ਦੀ ਬੋਲੀ ਨਾ ਭਾਈ ਅਤੇ ਐਸਾ ਬਚਨ ਕਰ ਦਿਤਾ ਕਿ 'ਮਰ ਵੰਞੋ ਚਿੜੀਓ' ਸਾਰੇ ਪੰਛੀ ਧਰਤੀ ਉਪਰ ਗਿਰ ਗਏ ਅਤੇ ਪ੍ਰਾਣ ਨਿਕਲ ਗਏ। ਇਹ ਕ੍ਰੋਧ ਦੀ ਨਿਸ਼ਾਨੀ ਸੀ ਜੋ ਕੁਦਰਤੀ ਤੌਰ ਤੇ ਅਲੱਗ-ਥਲੱਗ ਰਹਿਣ ਵਾਲੇ ਤਪੀਆਂ ਵਿਚ ਆ ਹੀ ਜਾਇਆ ਕਰਦਾ ਹੈ।

ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਉਂਦੇ ਹਨ ਕਿ ਸੰਸਾਰਕ ਪ੍ਰਾਪਤੀਆਂ ਦਾ ਤਿਆਗ ਨਾ ਕਰ। ਪੁੱਤਰ ਹੋ ਕੇ ਮਾਂ ਬਾਪ ਦਾ ਆਦਰ ਕਰ, ਭਰਾ ਹੋ ਕੇ ਭੈਣਾਂ ਨੂੰ ਸੁਮੱਤ ਦੇ, ਪਤਨੀ ਜਾਂ ਪਤੀ ਹੋ ਕੇ ਪਤੀਵਰਤਾ, ਇਸਤ੍ਰੀਵਰਤਾ ਧਰਮ ਨੂੰ ਸਮਝਣ ਦਾ ਪੂਰੀ ਤਰ੍ਹਾਂ ਨਾਲ ਯਤਨ ਕਰ। ਜੰਗਲ ਵਿਚ ਤੁਸੀਂ ਇਕਾਂਤ ਭਾਲਦੇ ਹੋ ਪਰ ਗ੍ਰਹਿਸਤ ਵਿਚ ਜਦੋਂ ਸਾਰਾ ਪਰਿਵਾਰ ਸੁੱਤਾ ਪਿਆ ਹੁੰਦਾ ਹੈ ਉਸ ਵੇਲੇ ਇਸ਼ਨਾਨ ਕਰਕੇ ਪ੍ਰਭੂ ਵਿਚ ਲਿਵ ਜੋੜਨੀ ਚਾਹੀਦੀ ਹੈ। ਨੇਕ ਕਿਰਤ ਕਰਕੇ ਬਿਰਤੀ ਸ਼ੁਧ ਹੋਵੇਗੀ, ਜਤ ਪੂਰੀ ਤਰ੍ਹਾਂ ਨਾਲ ਧਾਰਨ ਕਰੋ, ਜਟਾਵਾਂ ਰੱਖਣ ਦੀ ਕੋਈ ਲੋੜ ਨਹੀਂ, ਨਹੁੰ ਵਧਾਉਣ ਦੀ ਕੋਈ ਲੋੜ ਨਹੀਂ ਹੈ। ਇੰਦਰੀਆਂ ਨੂੰ ਕਾਬੂ ਵਿਚ ਰੱਖਣ ਲਈ ਸਦਾ ਤਤਪਰ ਰਹੋ। ਫੋਕੇ ਕਰਮਕਾਂਡਾਂ ਵਿਚ ਪੈ ਕੇ ਸਮਾਂ ਨਾ ਗੁਆਓ, ਸਮਰੱਥ ਗੁਰੂ ਨੂੰ ਮਿਲ ਕੇ ਆਤਮ ਚਿੰਤਨ ਕਰੋ ਅਤੇ ਲਗਾਤਾਰੀ ਨਾਮ ਪਿਆਰ, ਨਾਮ ਸੋਝੀ ਦੀ ਬਿਭੂਤ ਲਗਾਓ, ਥੋੜ੍ਹਾ ਖਾਓ, ਥੋੜ੍ਹਾ ਸੋਵੋਂ, ਜੀਵਨ ਸੰਜਮ ਵਿਚ ਵਰਤੋ ਕਿਸੇ ਓਲਾਰ ਵਿਚ ਨਾ ਆਵੇ, ਸਹਿਜ ਦਾ ਜੀਵਨ ਬਤੀਤ ਕਰੋ। ਦਇਆ, ਖਿਮਾ, ਸ਼ੀਲ, ਸੌਚ, ਦਾਨ, ਤਪ, ਸੰਤੋਖ, ਮਿੱਠਾ ਬੋਲ, ਸਭ ਦਾ ਭਲਾ ਮਨਾਉਣ ਵਾਲੇ ਗੁਣ ਧਾਰਨ ਕਰੋ। ਕ੍ਰੋਧ, ਲੋਭ, ਅਹੰਕਾਰ, ਹੱਠ, ਕਾਮ ਇਨ੍ਹਾਂ ਨੂੰ ਮਨ ਵਿਚ ਨਾ ਲਿਆਵੋ। ਜਦੋਂ ਇਸ ਤਰ੍ਹਾਂ ਅਸੀਂ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਪ੍ਰਭੂ ਦੇ ਨਾਮ ਦਾ ਜਾਪ ਕਰਾਂਗੇ ਉਸ ਵੇਲੇ ਆਤਮ ਤੱਤ ਦੇ ਦਰਸ਼ਨ ਹੋਣਗੇ ਅਤੇ ਵਾਹਿਗੁਰੂ ਵਿਚ ਅਭੇਦ ਅਵਸਥਾ ਪ੍ਰਾਪਤ ਕਰ ਲਵਾਂਗੇ। ਆਪ ਦਾ ਫੁਰਮਾਨ ਹੈ -

*ਰੇ ਮਨ ਐਸੋ ਕਰ ਸੰਨਿਆਸਾ॥*
*ਬਨ ਸੇ ਸਦਨ ਸਭੈ ਕਰ ਸਮਝਹੁ,*
*ਮਨ ਹੀ ਮਾਹਿ ਉਦਾਸਾ॥*
*ਜਤ ਕੀ ਜਟਾ ਜੋਗ ਕੋ ਮੰਜਨ*
*ਨੇਮ ਕੇ ਨਖਨ ਬਢਾਓ॥*
*ਗਿਆਨ ਗੁਰੂ ਆਤਮ ਉਪਦੇਸਹੁ*
*ਨਾਮ ਬਿਭੂਤ ਲਗਾਓ॥*
*ਅਲਪ ਅਹਾਰ ਸੁਲਪ ਸੀ ਨਿੰਦ੍ਰਾ*
*ਦਯਾ ਛਿਮਾ ਤਨ ਪ੍ਰੀਤਿ॥*
*ਸੀਲ ਸੰਤੋਖ ਸਦਾ ਨਿਰਬਾਹਿਬੋ*
*ਹ੍ਵੈਬੋ ਤ੍ਰਿਗੁਣ ਅਤੀਤਿ॥*
*ਕਾਮ ਕ੍ਰੋਧ ਹੰਕਾਰ ਲੋਭ ਹਠ*
*ਮੋਹ ਨ ਮਨ ਸਿਉ ਲਯਾਵੈ॥*
*ਤਬ ਹੀ ਆਤਮ ਤਤ ਕੋ ਦਰਸੇ*
*ਪਰਮ ਪੁਰਖ ਕਹਿ ਪਾਵੈ॥*

*ਰਾਮਕਲੀ ਪਾਤਸ਼ਾਹੀ ੧੦*

ਗੁਣ ਧਾਰਨੇ 'ਆਤਮ ਮਾਰਗ' ਤੇ ਚਲਣ ਲਈ ਅਤਿ ਜ਼ਰੂਰੀ ਹਨ। ਆਦਮੀ ਦੀ ਮਤ ਕਦੇ ਵੀ ਇਕ ਰਸ ਨਹੀਂ ਰਹਿੰਦੀ, ਸਦਾ ਡੋਲਦੀ ਰਹਿੰਦੀ ਹੈ ਜਿਵੇਂ ਪਾਣੀ ਵਿਚ ਬੇੜੀ ਹੈ ਜੇ ਛੋਟੀਆਂ-ਛੋਟੀਆਂ ਲਹਿਰਾਂ ਵੀ ਉਠਦੀਆਂ ਰਹਿਣ ਤਾਂ ਉਹ ਡੋਲਦੀ ਰਹਿੰਦੀ ਹੈ। ਦੀਵਾ ਜਲ ਰਿਹਾ ਹੈ ਉਹ ਵੀ ਹਵਾ ਦੇ ਵੇਗ ਨਾਲ ਡੋਲਦਾ ਰਹਿੰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਗੁਰਸਿੱਖ ਦੀ ਮਤ ਹਰ ਹਾਲਾਤ ਵਿਚ, ਹਰ ਦੁਖ ਸੁਖ ਵਿਚ ਅਨੇਕਾਂ ਮਤਾਂ-ਮੰਤਾਤਰਾਂ ਦੇ ਬਚਨ ਸੁਣਦਿਆਂ ਗੁਰਮਤਿ ਦੇ ਅਡੋਲ ਨਿਸ਼ਚੇ ਵਿਚ ਟਿਕੀ ਰਹਿਣੀ ਚਾਹੀਦੀ ਹੈ। ਸੋ ਜਿਨ੍ਹਾਂ ਨੂੰ ਗੁਰਮੁਖ ਪਦ ਪ੍ਰਾਪਤ ਹੋਇਆ ਹੈ ਉਨ੍ਹਾਂ ਦੀ ਮਤ ਸਦਾ ਅਡੋਲ ਰਹਿੰਦੀ ਹੈ। ਉਹ ਹਾਨ ਲਾਭ ਦੇ ਦ੍ਰਿਸ਼, ਬੁਰੇ ਭਲੇ ਦ੍ਰਿਸ਼ ਦੇਖ ਕੇ ਅਚੱਲ ਰਹਿੰਦੇ ਹਨ -

*ਧਾਰਨਾ -ਨਹੀਂਓ ਡੋਲਦੀ*
*ਮਤ ਗੁਰਮੁਖ ਪਿਆਰੇ ਦੀ*

ਗੁਰਮਤਿ ਦੇ ਧਾਰਨੀ ਦੀ ਮਤ ਅਚੱਲ ਹੋਇਆ ਕਰਦੀ ਹੈ ਜਿਸ ਨੂੰ ਕੋਈ ਵੀ ਚਲਾਏਮਾਨ ਨਹੀਂ ਕਰ ਸਕਿਆ ਕਰਦਾ। ਉਹ ਸ਼ੰਕਿਆਂ ਤੋਂ ਰਹਿਤ ਹੋਇਆ ਕਰਦੀ ਹੈ ਫੁਰਮਾਨ ਹੈ -

*ਨਾਨਕ ਗਿਆਨੀ ਜਗੁ ਜੀਤਾ*
*ਜਗਿ ਜੀਤਾ ਸਭੁ ਕੋਇ॥*
*ਨਾਮੇ ਕਾਰਜ ਸਿਧਿ ਹੈ*

*ਸਹਜੇ ਹੋਇ ਸੁ ਹੋਇ॥*
*ਗੁਰਮਤਿ ਮਤਿ ਅਚਲੁ ਹੈ*
*ਚਲਾਇ ਨ ਸਕੈ ਕੋਇ॥* ਪੰਨਾ - 549
*ਕਰਮ ਅਕਰਮ ਬੀਚਾਰੀਐ*
*ਸੰਕਾ ਸੁਨਿ ਬੇਦ ਪੁਰਾਨ॥*
*ਸੰਸਾ ਸਦ ਹਿਰਦੈ ਬਸੈ*
*ਕਉਨੁ ਹਿਰੈ ਅਭਿਮਾਨੁ॥*
ਪੰਨਾ - 346

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਅਹਰਣਿ ਮਤਿ ਵੇਦੁ ਹਥੀਆਰੁ॥*
ਪੰਨਾ - 8

ਹਥਿਆਰ ਘੜਨ ਲਈ ਲੋਹਾ ਗਰਮ ਕੀਤਾ ਜਾਂਦਾ ਹੈ, ਲੁਹਾਰ ਉਸ ਲੋਹੇ ਨੂੰ ਅਹਰਣ ਉਤੇ ਰੱਖ ਕੇ ਹਥੌੜੇ ਮਾਰ-ਮਾਰ ਕੇ ਆਪਣੀ ਮਰਜ਼ੀ ਨਾਲ ਹਥਿਆਰ ਬਣਾਉਂਦਾ ਹੈ ਪਰ ਅਹਰਣ ਦੇ ਉਪਰ ਉਨ੍ਹਾਂ ਹਥੌੜਿਆਂ ਦਾ ਕੋਈ ਅਸਰ ਨਹੀਂ ਹੋਇਆ ਕਰਦਾ। ਇਸੇ ਤਰ੍ਹਾਂ ਨਾਲ ਗੁਰਮਤਿ ਮਾਰਗ ਦੇ ਧਾਰਨੀ ਜਗਿਆਸੂ ਦੀ ਮਤ ਅਚੱਲ ਹੋਇਆ ਕਰਦੀ ਹੈ।

ਭਾਈ ਮੰਝ ਜੀ ਦਾ ਵਿਰਤਾਂਤ ਤੁਸੀਂ ਜਾਣਦੇ ਹੀ ਹੋ ਜਦੋਂ ਉਸ ਨੇ ਗੁਰਮਤਿ ਧਾਰਨ ਕਰ ਲਈ, ਗੁਰੂ ਮਹਾਰਾਜ ਜੀ ਨੇ ਆਪਣੇ ਸਿੱਖ ਤੇ ਕਸਵੱਟੀ ਲਾ ਕੇ ਘਰ ਭੇਜ ਦਿਤਾ। ਉਹ ਇਲਾਕੇ ਦਾ ਵੱਡਾ ਚੌਧਰੀ ਸੀ। ਸੈਂਕੜੇ ਕਿੱਲੇ ਜ਼ਮੀਨ ਉਸ ਦੀ ਨਿਜੀ ਖੇਤੀ ਵਾਲੀ ਸੀ। ਬਲਦਾਂ ਦੀਆਂ ਦਰਜਨਾਂ ਜੋੜੀਆਂ ਜ਼ਮੀਨ ਵਾਹੁਣ ਲਈ ਸਨ, ਦਰਜਨਾਂ ਕਾਮੇ ਰੱਖੇ ਹੋਏ ਸਨ, ਮੱਝਾਂ, ਗਊਆਂ ਐਨੀਆਂ ਸਨ ਕਿ ਉਸ ਦੇ ਘਰ ਦੁੱਧ ਦੀਆਂ ਨਦੀਆਂ ਵਹਿੰਦੀਆਂ ਸਨ, ਹਰ ਆਇਆ ਗਿਆ ਉਸ ਦੇ ਘਰੋਂ ਪ੍ਰਸ਼ਾਦਾ ਛਕਦਾ ਸੀ, ਸਵਾਰੀ ਵਾਸਤੇ ਬਹੁਤ ਸੋਹਣੀਆਂ ਘੋੜੇ, ਘੋੜੀਆਂ ਆਦਿ ਵੀ ਰੱਖੀਆਂ ਹੋਈਆਂ ਸੀ, ਗੁੰਜ਼ਾਰਾਂ ਪਾਉਣ ਵਾਲੇ ਰੱਥ ਵੀ ਘਰ ਵਿਚ ਖੜ੍ਹੇ ਸਨ, ਜਦੋਂ ਰੱਥ ਚਲਦੇ ਸਨ ਤਾਂ ਦੂਰੋਂ ਹੀ ਪਤਾ ਲਗ ਜਾਂਦਾ ਸੀ ਕਿ ਚੌਧਰੀ ਤੀਰਥਾ (ਮੰਝ) ਕਿਤੇ ਜਾ ਰਿਹਾ ਹੈ। ਲੋਕ ਸਵਾਗਤ ਲਈ ਉਠ ਕੇ ਦੋਨੋਂ ਹੱਥ ਜੋੜ ਕੇ ਸ਼ੁਭ ਇੱਛਾ ਪੇਸ਼ ਕਰਦੇ ਸਨ। ਹਰ ਕੋਈ ਇਜ਼ਤ ਕਰਦਾ ਸੀ ਕਿਉਂਕਿ ਉਹ ਦੁਆਬੇ ਵਿਚੋਂ ਸਰਵਰ ਦੇ ਮੁਕਾਮ ਤੇ ਬੜਾ ਭਾਰੀ ਸੰਗ ਲੈ ਕੇ ਜਾਇਆ ਕਰਦੇ ਸਨ।

ਉਹ ਗੁਰੂ ਮਹਾਰਾਜ ਜੀ ਪਾਸੋਂ ਸਿੱਖੀ ਦੀ ਘਾਲ ਕਮਾਈ ਕਰਕੇ ਜਦੋਂ ਘਰ ਆਏ, ਉਸ ਵੇਲੇ ਸਾਰੇ ਪਿੰਡ ਦੇ ਸ਼ਰੀਕਾਂ ਨੇ ਇਕੱਠੇ ਹੋ ਕੇ ਉਨ੍ਹਾਂ ਨੂੰ ਸਮਝਾਇਆ ਕਿ ਭਾਈ ਤੀਰਥੇ! (ਮੰਝ) ਤੂੰ ਗੁਰੂ ਦੀ ਸਿੱਖੀ ਧਾਰਨ ਨਾ ਕਰ; ਇਸ ਵਿਚ ਕੁਝ ਵੀ ਨਹੀਂ। ਦੇਖ ਆਪਾਂ ਸਖੀ ਸਰਵਰ ਨੂੰ ਮੰਨਣ ਵਾਲੇ ਹਾਂ, ਸਰਵਰ ਅਸਾਡੀਆਂ ਮੰਨਤਾਂ ਪੂਰੀਆਂ ਕਰਦਾ ਹੈ, ਬਾਲ ਬੱਚਿਆਂ ਨੂੰ ਰਾਜ਼ੀ ਰਖਦਾ ਹੈ, ਵਿਘਨਾਂ ਦਾ ਨਾਸ਼ ਕਰਦਾ ਹੈ, ਤੂੰ ਸਾਡਾ ਭਰਾ ਹੈਂ ਚੌਧਰੀ ਹੈ, ਅਸਾਨੂੰ ਇਸ ਤਰ੍ਹਾਂ ਨਾ ਛੱਡ। ਸਿੱਖੀ ਧਾਰਨ ਕਰਕੇ ਕੀ ਲਵੇਂਗਾ? ਅਜਿਹੇ ਅਨੇਕਾਂ ਬਚਨ ਉਹ ਹਰ ਰੋਜ਼ ਸੁਣਦੇ ਸਨ। ਹੁਣ ਉਨ੍ਹਾਂ ਦੇ ਬਲਦ ਮਰਨੇ ਸ਼ੁਰੂ ਹੋ ਗਏ, ਹੌਲੀ-ਹੌਲੀ ਮੱਝਾਂ, ਗਊਆਂ, ਘੋੜੇ, ਘੋੜੀਆਂ ਸਭ ਮਰ ਗਈਆਂ, ਖੁਰਲੀ ਖਾਲੀ ਹੋ ਗਈ ਅਜੇ ਵੀ ਉਨ੍ਹਾਂ ਦੇ ਹਿਤੈਸ਼ੀ ਬਾਰ-ਬਾਰ ਇਹੀ ਕਹਿੰਦੇ ਕਿ ਭਾਈ ਤੀਰਥੇ! ਤੂੰ ਕੀ ਖੱਟਿਆ ਹੈ ਗੁਰੂ ਦੇ ਮਗਰ ਲੱਗ ਕੇ, ਅਸੀਂ ਦੇਖ ਕਿੰਨੇ ਸੁਖੀ ਹਾਂ ਸਰਵਰ ਪੀਰ ਨੂੰ ਮੰਨ ਕੇ। ਸਰਵਰ ਪੀਰ ਤੁਹਾਡੇ ਉਪਰ ਬਹੁਤ ਨਰਾਜ਼ ਹੋ ਗਿਆ ਹੈ। ਜੇ ਗੁਰੂ ਤਕੜਾ ਹੁੰਦਾ ਤਾਂ ਤੁਹਾਡੀ ਰਾਖੀ ਕਰਦਾ। ਭਾਈ ਤੀਰਥੇ! (ਮੰਝ) ਤੂੰ ਅਸਾਡਾ ਕਹਿਣਾ ਮੰਨ, ਅਸਾਡੇ ਨਾਲ ਸਰਵਰ ਪੀਰ ਦੇ ਮੁਕਾਮ ਤੇ ਚਲ ਜਿਵੇਂ ਅੱਗੇ ਸੰਗ ਲੈ ਕੇ ਜਾਂਦਾ ਸੀ ਉਸੇ ਤਰ੍ਹਾਂ ਚਲ। ਉਥੇ ਜਾ ਕੇ ਆਪਾਂ ਮੰਨਤ ਮੰਨਾਂਗੇ ਅਤੇ ਸਰਵਰ ਦਿਆਲੂ ਹੈ। ਜੇ ਤੂੰ ਸਿੱਖੀ ਧਾਰ ਹੀ ਲਈ ਹੈ ਤਾਂ ਵੀ ਤੈਨੂੰ ਬਖਸ਼ ਦੇਵੇਗਾ। ਤੇਰੇ ਪਾਸ ਬੇਅੰਤ ਜ਼ਮੀਨ ਹੈ, ਇਕੋ ਫਸਲ ਹੋਣ ਨਾਲ ਪਸ਼ੂ, ਘੋੜੇ, ਘੋੜੀਆਂ ਆਦਿ ਸਭ ਕੁਝ ਫੇਰ ਖਰੀਦ ਸਕਦਾ ਹੈਂ। ਸਾਡੇ ਮੁਕਾਬਲੇ ਤੇ ਤੂੰ ਦੇਖ, ਜਦੋਂ ਦਾ ਤੂੰ ਸਿੱਖ ਬਣਿਆ ਹੈਂ ਤੇਰੇ ਤੇ ਪੀਰ ਨਰਾਜ਼ ਹੋ ਗਿਆ। ਉਸ ਨੇ ਤੇਰੇ ਉਤੇ ਆਪਣਾ ਵਾਰ ਕੀਤਾ ਪਰ ਗੁਰੂ ਨੇ ਤਾਂ ਤੇਰੀ ਕੋਈ ਰਕਸ਼ਾ ਨਹੀਂ ਕੀਤੀ। ਜੋ ਤੂੰ ਅਗਲੇ ਜਹਾਨ ਦੀਆਂ ਗੱਲਾਂ ਕਰਦਾ ਹੈਂ, ਅਗਲਾ ਜਹਾਨ ਕਿਸੇ ਨੇ ਦੇਖਿਆ ਵੀ ਹੈ, ਸਾਰੇ ਇਹੀ ਕਹਿੰਦੇ ਹਨ ਕਿ 'ਇਹ ਜਗ ਮਿਠਾ ਅਗਲਾ ਕਿਨ ਡਿੱਠਾ'। ਹੁਣ ਤੂੰ ਦੁਖੀ ਹੋ ਕੇ ਜੀਵਨ ਗੁਜ਼ਾਰੇਂਗਾ, ਅਗਲਾ ਜਹਾਨ ਕਦ ਆਇਆ। ਜਿਵੇਂ ਸਾਨੂੰ ਚਾਰ ਭਾਈ ਮੋਢੇ ਤੇ ਚੁੱਕ ਕੇ ਸ਼ਮਸ਼ਾਨ ਭੂਮੀ ਲੈ ਜਾਣਗੇ ਇਵੇਂ ਜਿਵੇਂ ਤੇਰਾ ਸੰਸਕਾਰ ਹੋਣਾ ਹੈ। ਪਰ ਅਸੀਂ ਦੁਨੀਆਂ 'ਚ ਸੁਖ ਤਾਂ ਲੈ ਲਿਆ ਨਾ। ਅਗਲੇ ਜਹਾਨ ਦਾ ਸਾਧਾਂ, ਸੰਤਾਂ ਨੇ ਲਾਰਾ ਹੀ ਲਾਇਆ ਹੋਇਆ ਹੈ ਕਿਸੇ ਨੇ ਅੱਗੇ ਦਸਿਆ ਤਾਂ ਹੈ ਨਹੀਂ ਕਿ ਕੀ ਹੁੰਦਾ ਹੈ? ਭੂਤ ਵੀ ਬੋਲਦੇ ਹਨ ਉਹ ਵੀ ਮਰ ਕੇ ਹੀ ਭੂਤ ਬਣੇ ਹੁੰਦੇ ਹਨ ਉਹ ਵੀ ਨਹੀਂ ਦਸਦੇ। ਸਾਨੂੰ ਤਾਂ ਐਉਂ ਲਗਦਾ ਹੈ ਜੇ ਕੋਈ ਇਥੇ ਸੁਖੀ ਹੈ ਤਾਂ ਜੇ ਅਗਲਾ ਜਨਮ ਹੋਇਆ ਉਦੋਂ ਵੀ ਸੁਖੀ ਹੀ ਹੋਵੇਗਾ। ਅਜਿਹੇ ਬਚਨ ਭਾਈ ਮੰਝ ਦੀ ਅਚੱਲ ਮਤ ਉਪਰ ਹਥੌੜਿਆਂ ਵਾਂਗੂੰ ਪੈ ਰਹੇ ਸਨ ਅਤੇ ਬਹੁਤ ਹੀ ਭੱਦੇ ਕਿਸਮ ਦੀਆਂ ਘਾੜਤਾਂ ਘੜ ਰਹੇ ਸਨ। ਭਾਈ ਮੰਝ ਜੀ ਟਸ ਤੋਂ ਮਸ ਨਾ ਹੋਏ। ਉਹ ਗੁਰੂ ਦੇ ਪਿਆਰ ਵਿਚ ਰਹੇ, ਉਨ੍ਹਾਂ ਨੇ ਇਕੋ ਗੱਲ ਕਹੀ, ਪਿਆਰਿਓ! ਮੇਰਾ ਗੁਰੂ ਸਰਬ ਸਮਰਥ ਹੈ, ਉਸ ਦੇ ਵਿਚ ਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ। ਮੈਂ ਉਸੇ ਦੀ ਸ਼ਰਨ ਵਿਚ ਰਹਿ ਕੇ ਨਿਰਣਾ ਕਰ ਲਿਆ ਹੈ ਕਿ ਗੁਰੂ ਤੇ ਪ੍ਰਮੇਸ਼ਰ ਇਕੋ ਹੀ ਹੋਇਆ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥*

***ਪੰਨਾ - 442***

ਪਿਆਰਿਓ! ਤੁਹਾਡੀਆਂ ਅੱਖਾਂ ਬੰਦ ਹਨ, ਤੁਹਾਨੂੰ ਇਸ ਸੰਸਾਰ ਤੋਂ ਅੱਗੇ ਕੁਝ ਵੀ ਨਜ਼ਰ ਨਹੀਂ ਆਉਂਦਾ। ਮੈਂ ਇਨ੍ਹਾਂ ਆਪਣੀਆਂ ਅੱਖਾਂ ਨਾਲ ਅਗਲਾ ਸੰਸਾਰ ਦੇਖਿਆ ਹੋਇਆ ਹੈ। ਗੁਰੂ ਦੀ ਕ੍ਰਿਪਾ ਨਾਲ ਜਦੋਂ ਮੇਰੀ ਬਿਰਤੀ ਧਰਮ ਖੰਡ ਵਿਚ ਗਈ ਤਾਂ ਜੀਵਾਂ ਨੂੰ ਧਰਮਰਾਜ ਦੇ ਹਜ਼ਾਰਾਂ ਲੇਖੇ ਪੱਤੇ ਦਿੰਦਿਆਂ ਦੇਖਿਆ ਅਤੇ ਜੀਵਾਂ ਨੂੰ ਸਜ਼ਾਵਾਂ ਮਿਲਦੇ ਵੀ ਦੇਖਿਆ -

***ਪਾਪੀ ਕਰਮ ਕਮਾਵਦੇ***
***ਕਰਦੇ ਹਾਏ ਹਾਇ॥***
***ਨਾਨਕ ਜਿਉ ਮਥਨਿ ਮਾਧਾਣੀਆ***
***ਤਿਉ ਮਥੇ ਧ੍ਰਮ ਰਾਇ॥***

***ਪੰਨਾ - 1425***

ਦੇਖੋ ਬਾਬਾ ਫਰੀਦ ਜੀ ਜੋ ਸਖੀ ਸਰਵਰ ਦੇ ਭਰਾ ਮੁਸਲਮਾਨ ਹੀ ਹਨ, ਇਸਲਾਮ ਦੇ ਧਾਰਨੀ ਸਨ ਉਹ ਵੀ ਫੁਰਮਾਉਂਦੇ ਹਨ -

***ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ***
***ਜਿਉ ਦਰੀਆਵੈ ਢਾਹਾ॥***
***ਅਗੈ ਦੋਜਕੁ ਤਪਿਆ ਸੁਣੀਐ***
***ਹੂਲ ਪਵੈ ਕਾਹਾਹਾ॥***
***ਇਕਨਾ ਨੋ ਸਭ ਸੋਝੀ ਆਈ***
***ਇਕਿ ਫਿਰਦੇ ਵੇਪਰਵਾਹਾ॥***
***ਅਮਲ ਜਿ ਕੀਤਿਆ ਦੁਨੀ ਵਿਚਿ***
***ਸੇ ਦਰਗਹ ਓਗਾਹਾ॥***

***ਪੰਨਾ - 1383***

ਸੋ ਮੈਂ ਜੋ ਆਪਣੀਆਂ ਅੱਖਾਂ ਨਾਲ ਦੇਖ ਲਿਆ ਹੈ ਅਤੇ ਪਰਖ ਕੇ ਨਿਸ਼ਚੇ ਕਰ ਲਿਆ ਹੈ, ਤੁਹਾਡੇ ਕਹਿਣ ਤੇ ਮੈਂ ਇਨ੍ਹਾਂ ਕੱਚੀਆਂ ਗੱਲਾਂ ਨੂੰ ਨਹੀਂ ਮੰਨਣਾ। ਇਹ ਜੋ ਪੀਰ ਹੈ ਇਹ ਤਾਂ ਆਪ ਹੀ ਧੱਕੇ ਖਾਂਦਾ ਫਿਰਦਾ ਹੈ। ਤੁਹਾਡੇ ਪੀਰ ਨੂੰ ਦਰਗਾਹ ਵਿਚ ਥਾਂ ਮਿਲਦੀ ਹੀ ਨਹੀਂ। ਜੋ ਪਹੁੰਚੇ ਹੋਏ ਹਨ ਉਹ ਬਾਬਾ ਫਰੀਦ ਜੀ ਹਨ। ਇਹ ਪੀਰ ਸਰਵਰ ਤਾਂ ਕਰਾਮਾਤੀ ਸੀ ਜਿਸ ਦਾ ਨਾਮ ਅਹਿਮਦ ਸੀ ਉਸ ਨੂੰ ਤਾਂ ਉਸ ਦੇ ਭਰਾਵਾਂ ਨੇ ਹੀ ਮਾਰ ਦਿਤਾ। ਜੇ ਉਸ ਵਿਚ ਸੱਤਿਆ ਹੁੰਦੀ ਤਾਂ ਉਹ ਆਪਣੀ ਰਾਖੀ ਆਪ ਹੀ ਕਰ ਲੈਂਦਾ। ਜਿਹੜਾ ਆਪਣੀ ਰਾਖੀ ਨਹੀਂ ਕਰ ਸਕਦਾ ਤਾਂ ਉਹ ਤੁਹਾਡੀ ਰਾਖੀ ਕਿਵੇਂ ਕਰੇਗਾ। ਉਹ ਤਾਂ ਰਿੱਧੀਆਂ ਸਿੱਧੀਆਂ ਵਿਚ ਮਸਤ ਮਾਇਆਵੀ ਬੰਦਾ ਸੀ, ਕਿਸੇ ਦੇ ਪਸ਼ੂ ਮਾਰ ਦਿਤੇ, ਕਿਸੇ ਦਾ ਬੱਚਾ ਬਿਮਾਰ ਕਰ ਦਿਤਾ, ਕਿਸੇ ਦਾ ਘਰ ਬਰਬਾਦ ਕਰ ਦਿਤਾ, ਕਿਸੇ ਦੀ ਔਰਤ ਨੂੰ ਆਦਮੀ ਤੋਂ ਤੋੜ ਦੇਣਾ, ਕਿਸੇ ਦੇ ਆਦਮੀ ਨੂੰ ਔਰਤ ਨਾਲੋਂ ਅਲੱਗ ਕਰ ਦੇਣਾ। ਇਹ ਕੋਈ ਭਲੇ ਪੁਰਸ਼ ਦੀਆਂ ਗੱਲਾਂ ਹੋਇਆ ਕਰਦੀਆਂ ਹਨ। ਪਿਆਰਿਓ! ਮੈਂ ਗੁਰਮਤਿ ਦਾ ਧਾਰਨੀ ਹਾਂ ਅਤੇ ਗੁਰੂ ਦੀ ਮਤ ਸਭ ਤੋਂ ਸ੍ਰੇਸ਼ਟ ਹੈ, ਜੇ ਮੇਰਾ ਕੋਈ ਨੁਕਸਾਨ ਹੋ ਰਿਹਾ ਹੈ ਤਾਂ ਮੈਨੂੰ ਘਬਰਾਹਟ ਕੋਈ ਨਹੀਂ ਹੈ। ਇਹ ਤਾਂ ਮੇਰੇ ਗੁਰੂ ਦੇ ਹੁਕਮ ਵਿਚ ਹੀ ਹੋ ਰਿਹਾ ਹੈ। ਪਸ਼ੂ ਮਰਨ ਨਾਲ ਮੇਰਾ ਕੁਝ ਨਹੀਂ ਵਿਗੜਿਆ। ਤੁਸੀਂ ਮੇਰਾ ਘਰ, ਜ਼ਮੀਨ ਖੋਹ ਲੈਣ ਦੀਆਂ ਵਿਉਂਤਾਂ ਬਣਾ ਰਹੇ ਹੋ ਇਸ ਨਾਲ ਕੁਝ ਨਹੀਂ ਹੋਣਾ। ਤੁਸੀਂ ਸਾਰੇ ਪਿੰਡਾਂ ਦੀਆਂ ਪੰਚਾਇਤਾਂ ਮੈਨੂੰ ਘਰੋਂ ਕੱਢਣ ਦੀਆਂ ਵਿਉਂਤਾਂ ਬਣਾ ਰਹੇ ਹੋ ਇਸ ਨਾਲ ਵੀ ਮੈਨੂੰ ਕੋਈ ਫਰਕ ਨਹੀਂ ਪੈਣਾ। ਇਹ ਗੱਲਾਂ ਮੈਂ ਕਿਉਂ ਆਖ ਰਿਹਾ ਹਾਂ ਕਿਉਂਕਿ ਗੁਰੂ ਨੇ ਮੈਨੂੰ ਐਸੀ ਅਮੁੱਲ ਚੀਜ਼ ਦਿਤੀ ਹੈ ਜਿਸ ਦੀ ਕੋਈ ਵੀ ਕੀਮਤ ਨਹੀਂ ਹੈ ਉਹ ਹੈ - ਪ੍ਰਭੂ ਦਾ ਨਾਮ। ਇਹ ਦੁਨਿਆਵੀ ਵਸਤੂਆਂ ਉਸ ਨਾਮ ਦੇ ਸਾਮ੍ਹਣੇ ਕੁਝ ਵੀ ਮਹੱਤਤਾ ਨਹੀਂ ਰਖਦੀਆਂ। ਤੁਸੀਂ ਮੈਨੂੰ ਅਜਿਹੀਆਂ ਕੱਚੀਆਂ ਗੱਲਾਂ ਨਾ ਕਿਹਾ ਕਰੋ, ਨਾ ਮੇਰੇ ਮਨ ਨੂੰ ਤੁਹਾਡੀ ਕੋਈ ਗੱਲ ਭਾਉਂਦੀ ਹੈ। ਜੋ ਤੁਹਾਡੇ ਮਨਸੂਬੇ ਨੇ ਮੈਨੂੰ ਕੱਢਣ ਦੇ, ਉਹ ਮੈਨੂੰ ਕੋਈ ਅਸਰ ਨਹੀਂ ਪਾਉਂਦੇ। ਜੋ ਤੁਹਾਡੇ ਜੀਅ ਵਿਚ ਆਉਂਦੀ ਹੈ ਉਹ ਕਰੋ। ਉਸ ਵੇਲੇ ਬਹੁਤ ਭਾਰੀ ਪੰਚਾਇਤ ਇਕੱਠੀ ਹੋਈ, ਬਹੁਤ ਸਾਰੇ ਪਿੰਡਾਂ ਦੀਆਂ ਪੰਚਾਇਤਾਂ ਉਸ ਵਿਚ ਸ਼ਾਮਿਲ ਸਨ। ਉਹ ਸਾਰੇ ਸਰਵਰ ਨੂੰ ਮੰਨਣ ਵਾਲੇ ਸਨ। ਗੁਰਸਿੱਖਾਂ ਨਾਲ ਉਹ ਈਰਖਾ ਕਰਿਆ ਕਰਦੇ ਸਨ। ਸੋ ਉਨ੍ਹਾਂ ਨੇ ਫੈਸਲਾ ਕੀਤਾ ਕਿ ਜੇ ਇਹ ਭਾਈ ਤੀਰਥਾ (ਮੰਝ) ਪਿੰਡ ਵਿਚ ਰਿਹਾ ਤਾਂ ਸਾਡੇ ਸਾਰਿਆਂ ਉਪਰ ਪੀਰ ਨਰਾਜ਼ ਹੋ ਜਾਵੇਗਾ ਅਤੇ ਇਸ ਦੀ ਸਾਰੀ ਜ਼ਮੀਨ, ਜਾਇਦਾਦ ਖੋਹ ਲਵੋ ਤੇ ਆਪਸ ਵਿਚ ਵੰਡ ਲਵੋ। ਇਸ ਨੂੰ ਅੰਨ, ਜਲ ਨਾ ਦੇਵੋ ਅਤੇ ਸਾਰੀਆਂ ਪੰਚਾਇਤਾਂ ਦੀਆਂ ਜੂਹਾਂ ਤੋਂ ਬਾਹਰ ਕੱਢ ਦੇਵੋ ਫੇਰ ਪੀਰ ਆਪਣੇ ਤੇ ਪ੍ਰਸੰਨ ਰਹੇਗਾ। ਸੋ ਇਹ ਕੱਚੀ ਸਲਾਹ ਕੱਚੀ ਮਤ ਦੇ ਬੰਦਿਆਂ ਨੇ ਸੋਚੀ ਅਤੇ ਇਕੱਠੇ ਹੋ ਕੇ ਜ਼ੋਰ-ਜ਼ਬਰ ਨਾਲ ਭਾਈ ਮੰਝ ਜੀ ਨੂੰ ਘਰੋਂ ਬਾਹਰ ਕੱਢ ਦਿਤਾ। ਇਸ ਦੇ ਬਾਰੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਨੇ ਇਸ ਤਰ੍ਹਾਂ ਲਿਖਿਆ ਹੈ -

***ਛੀਨ ਲੀਨ ਗ੍ਰਿਹੁ, ਧਨ, ਸਿਰਦਾਰੀ।***
***ਸਰਬ ਸ਼ਰੀਕਨਿ ਦੀਨ ਨਿਕਾਰੀ।***
***ਲੇ ਕਰਿ ਨਿਜ ਪਤਿਬ੍ਰਤਾ ਸੁ ਦਾਰਾ।***
***ਰਹ ਜੋ ਜਾਇ ਕਿਸਿ ਪੁਰੀ ਮਝਾਰਾ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,***
***ਪੰਨਾ 1817***

ਅਤੇ ਉਸ ਦੇ ਘਰ ਨੂੰ ਤਾਲਾ ਲਾ ਦਿਤਾ। ਕਹਿਣ ਲੱਗੇ, "ਜਾਹ! ਸਾਰਾ ਕੁਝ ਆਪਣੇ ਗੁਰੂ ਤੋਂ ਹੀ ਲੈ ਲੈ। ਅਸੀਂ ਤੈਨੂੰ ਚੌਧਰੀ ਨਹੀਂ ਬਣਨ ਦਿੰਦੇ, ਅਸੀਂ ਕੋਈ ਹੋਰ ਚੌਧਰੀ ਟੋਲ ਲੈਂਦੇ ਹਾਂ। ਨਵਾਬ ਪਾਸ ਜਾ ਕੇ ਅਸੀਂ ਚੌਧਰ ਦੀ ਪੱਗ ਕਿਸੇ ਹੋਰ ਨੂੰ ਦਿਵਾ ਦੇਣੀ ਹੈ।"

ਸਾਧਸੰਗਤ ਜੀ! ਇਹ ਜੋ ਉਪਰ ਕਥੀਆਂ ਗੱਲਾਂ ਹਨ ਇਨ੍ਹਾਂ ਨੂੰ ਸੁਣ ਕੇ ਆਮ ਆਦਮੀ ਡਰ ਜਾਂਦਾ ਹੈ ਅਤੇ ਸਮਾਂ ਟਪਾਉਣ ਲਈ ਦੂਜੇ ਦੀਆਂ ਗੱਲਾਂ ਮੰਨ ਲੈਂਦੇ ਹਾਂ ਪਰ ਧੰਨ ਸੀ ਭਾਈ ਮੰਝ, ਪਿੰਡ ਵਿਚੋਂ ਨਿਕਲ ਗਿਆ, ਪਿੰਡ ਵਾਲਿਆਂ ਨੇ ਪਾਣੀ ਦਾ ਘੁੱਟ ਵੀ ਨਾ

ਪੀਣ ਦਿਤਾ। ਇਸ ਦੀ ਪਤਨੀ ਅਤੇ ਲੜਕੀ, ਆਪਣੇ ਪਤੀ ਅਤੇ ਪਿਤਾ ਦੇ ਨਾਲ ਵਾਹਿਗੁਰੂ ਦੀ ਰਜ਼ਾ ਸਮਝ ਕੇ ਪਿੰਡੋਂ ਬਾਹਰ ਨਿਕਲ ਗਈਆਂ। ਜਿਹੜੇ ਪੂਰੀ ਤਰ੍ਹਾਂ ਨਾਲ ਵਾਕਫ ਸਨ, ਹਰ ਸਮੇਂ ਭਾਈ ਮੰਝ ਕੋਲ ਆ ਕੇ ਬਹਿੰਦੇ ਸਨ, ਉਨ੍ਹਾਂ ਨੇ ਵੀ ਅੱਖਾਂ ਫੇਰ ਲਈਆਂ ਅਤੇ ਉਸ ਦੇ ਪਰਿਵਾਰ ਨੂੰ ਇਕ ਘੁੱਟ ਵੀ ਪਾਣੀ ਨਾ ਪੀਣ ਦਿਤਾ। ਭਾਈ ਮੰਝ ਨੇ ਜਿਨ੍ਹਾਂ ਤੇ ਪੈਸੇ ਲਾ ਕੇ ਉਨ੍ਹਾਂ ਦੀਆਂ ਲੜਕੀਆਂ ਵਿਆਹੀਆਂ ਸੀ, ਬੈਲ ਮੁੱਲ ਲੈ ਕੇ ਦਿਤੇ ਸਨ, ਆਪਣੀ ਜੇਬ ਵਿਚੋਂ ਸਰਕਾਰੀ ਮਾਲੀਏ ਭਰੇ ਸਨ, ਉਹ ਵੀ ਸਿੱਧੇ ਮੂੰਹ ਭਾਈ ਮੰਝ ਨਾਲ ਨਹੀਂ ਬੋਲਦੇ। ਕਮਾਲ ਦੀ ਗੱਲ ਹੈ ਬੰਦਾ ਐਨਾ ਖ਼ੁਦਗਰਜ਼ ਹੈ ਕਿ ਕਿਸੇ ਦੇ ਅਹਿਸਾਨ ਨੂੰ ਭੁਲਾਉਣ ਵੇਲੇ ਇਕ ਮਿੰਟ ਵੀ ਨਹੀਂ ਲਾਉਂਦਾ। ਇਕ ਅਖਾਣ ਬਣਿਆ ਹੋਇਆ ਹੈ 'ਨੈਂ ਲੰਘੀ ਖੁਆਜਾ ਵਿਸਰਿਆ।' ਗੁਰੂ ਮਹਾਰਾਜ ਜੀ ਵੀ ਕਹਿੰਦੇ ਹਨ ਕਿ-

**ਦਾਤਿ ਪਿਆਰੀ ਵਿਸਰਿਆ ਦਾਤਾਰਾ।।**
**ਪੰਨਾ - 676**

ਭਾਈ ਮੰਝ ਜੀ ਜੇ ਕਿਸੇ ਦਰੱਖਤ ਥੱਲੇ ਬੈਠਣ ਦਾ ਜਤਨ ਕਰਦੇ ਸਨ ਤਾਂ ਉਸੇ ਪਿੰਡ ਵਾਲੇ ਉਨ੍ਹਾਂ ਨੂੰ ਉਥੋਂ ਉਠਾ ਦਿੰਦੇ ਹਨ। ਜੇ ਆਪ ਉਨ੍ਹਾਂ ਨੂੰ ਮਤ ਦੇਣ ਦਾ ਜਤਨ ਕਰਦੇ ਹਨ ਤਾਂ ਕਹਿੰਦੇ ਸਨ ਕਿ ਇਹ ਬੜ-ਬੜ ਸਾਡੇ ਨਾਲ ਨਾ ਕਰ, ਜੇ ਚੁੱਪ ਕਰਦੇ ਹਨ ਤਾਂ ਟਿਚਰਾਂ ਕਰਦੇ ਹਨ ਕਿ ਦੇਖੋ! ਭੱਜਿਆ ਜਾਂਦਾ ਹੈ, ਕੀ ਕਰਕੇ ਗਿਆ ਹੈ ਸਿਰ ਵਿਚ ਸੁਆਹ ਪਾ ਕੇ ਗਿਆ ਹੈ। ਇਹ ਪੂਰੀ ਹਾਲਤ ਜਨਮ ਸਾਖੀ ਵਿਚਲੇ ਇਕ ਸ਼ਬਦ ਵਿਚ ਇਸ ਤਰ੍ਹਾਂ ਦਰਸਾਈ ਹੈ -

**ਧਾਰਨਾ-ਝੱਟ ਕਿਥੇ ਲੰਘਾਵਾਂ ਓ, ਮਾਲਕਾ,**
**ਦੁਨੀਆਂ ਟਿਕਣ ਨਾ ਦੇਵੇ**

**ਏਸ ਕਲੀਓ ਪੰਜ ਭੀਤਿਓ**
**ਕਿਉ ਕਰਿ ਰਖਾ ਪਤਿ॥**
**ਜੇ ਬੋਲਾਂ ਤਾਂ ਆਖੀਐ**
**ਬੜ ਬੜ ਕਰੈ ਬਹੁਤ॥**
**ਚੁਪ ਕਰਾਂ ਤਾਂ ਆਖੀਐ**
**ਇਤ ਘਟਿ ਨਾਹੀ ਮਤਿ॥**
**ਜੇ ਬਹਿ ਰਹਾ ਤਾ ਆਖੀਐ**
**ਬੈਠਾ ਸਥਰ ਘਤ॥**
**ਉਠ ਜਾਈ ਤਾ ਆਖੀਐ**
**ਛਾਰੁ ਗਇਆ ਸਿਰ ਘਤਿ।।**
**ਜੇ ਕਰਿ ਨਿਵਾਂ ਤਾਂ ਆਖੀਐ**
**ਡਰਦਾ ਕਰੇ ਭਗਤ॥**
**ਕਾਈ ਗਲੀ ਨ ਮੇਵਨੀ**
**ਜਿਥੇ ਕਢਾ ਝਤਿ॥**
**ਏਥੈ ਓਥੈ ਨਾਨਕਾ ਕਰਤਾ ਰਖੈ ਪਤਿ॥**

ਚਲਦੇ-ਚਲਦੇ ਆਪ ਇਕ ਨਗਰ ਵਿਚ ਚਲੇ ਜਾਂਦੇ ਹਨ। ਨਗਰ ਵਾਸੀਆਂ ਉਤੇ ਗੁਰਸਿਖਾਂ ਰਾਹੀਂ ਗੁਰਮਤਿ ਦਾ ਅਸਰ ਪਿਆ ਹੋਇਆ ਸੀ। ਉਨ੍ਹਾਂ ਨੇ ਭਾਈ ਮੰਝ ਨੂੰ ਗੁਰਸਿੱਖ ਜਾਣ ਕੇ ਰੋਕ ਲਿਆ। ਪਿੰਡ ਦੇ ਚੌਧਰੀ ਨੇ ਸਾਰੀ ਗੱਲ ਸੁਣੀ ਅਤੇ ਭਾਈ ਮੰਝ ਨੂੰ ਆਪਣੇ ਪਿੰਡ ਹੀ ਟਿਕਣ ਨੂੰ ਕਿਹਾ। ਉਨ੍ਹਾਂ ਨੇ ਇਕ ਝੌਂਪੜੀ ਪਾਉਣ ਜੋਗਾ ਥਾਂ ਦੇ ਦਿਤਾ। ਭਾਈ ਮੰਝ ਜੀ ਝੌਂਪੜੀ ਪਾ ਕੇ ਰਹਿ ਰਹੇ ਹਨ ਪਰਿਵਾਰ ਦੇ ਨਿਰਭਾਹ ਲਈ ਤਾਜ਼ੀ-ਤਾਜ਼ੀ ਘਾਹ ਦੀ ਪੰਡ ਖੇਤ ਤੇ ਲਿਆਉਂਦੇ ਹਨ ਅਤੇ ਨਾਲ ਦੇ ਨਗਰ ਵਿਚ ਜਾ ਕੇ ਲੋੜਵੰਦਾਂ ਪਾਸ ਵੇਚ ਦਿੰਦੇ ਹਨ। ਚਾਰ ਪੈਸੇ ਵਟਦੇ ਹਨ ਉਸ ਵਿਚੋਂ ਦੋ ਪੈਸੇ ਗੁਰੂ ਦੇ ਲੰਗਰ ਲਈ ਰੱਖ ਦਿੰਦੇ ਹਨ ਅਤੇ ਦੋ ਪੈਸੇ ਨਾਲ ਆਪਣਾ ਗੁਜ਼ਾਰਾ ਕਰਦੇ ਹਨ। ਅੰਮ੍ਰਿਤ ਵੇਲੇ ਜਾਗ ਕੇ ਭਿੰਨੀ ਰੈਣੜੀਐ ਦਾ ਅਨੰਦ ਮਾਣਦੇ ਹੋਏ ਗੁਰੂ ਮਹਾਰਾਜ ਜੀ ਨਾਲ ਇਕ ਸੁਰ ਹੁੰਦੇ ਹਨ। ਗੁਰੂ ਮਹਾਰਾਜ ਜੀ ਦੇ ਪਿਆਰੇ ਸਰੂਪ ਨੂੰ ਅੰਦਰ ਵਸਾਉਂਦੇ ਹਨ ਜਿਸ ਬਾਰੇ ਇਸ ਤਰ੍ਹਾਂ ਪੜ੍ਹ ਲਓ -

**ਧਾਰਨਾ - ਧਰੀਏ ਮਨ ਵਿਚ ਧਿਆਨ,**
**ਗੁਰਾਂ ਦੀ ਮੂਰਤ ਦਾ**

**ਗੁਰ ਕੀ ਮੂਰਤਿ ਮਨ ਮਹਿ ਧਿਆਨੁ॥**
**ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥**
**ਪੰਨਾ - 864**

ਸੋ ਇਸ ਧਿਆਨ ਰਾਹੀਂ ਪ੍ਰਤੱਖ ਰੂਪ ਵਿਚ ਗੁਰੂ ਮਹਾਰਾਜ ਜੀ ਨਾਲ ਅੰਤਰ ਆਤਮੇ ਜੁੜੇ ਰਹਿੰਦੇ ਹਨ। ਹਰ ਸ੍ਵਾਸ ਆਪਣੇ ਹਿਰਦੇ ਰਾਹੀਂ ਗੁਰੂ ਮਹਾਰਾਜ ਜੀ ਨੂੰ ਖਿੱਚਾਂ ਪਾ ਕੇ ਖਿਚਦੇ ਹਨ। ਲੜਕੀ ਤੇ ਘਰਵਾਲੀ ਨੂੰ ਵੀ ਗੁਰਮਤਿ ਬਾਰੇ ਹੋਰ ਚਾਨਣਾ ਪਾ ਕੇ ਗੁਰੂ ਮਹਾਰਾਜ ਜੀ ਦੇ ਪਿਆਰ ਨਾਲ ਜੋੜਦੇ ਹਨ। ਉਹ ਮੂਲਮੰਤ੍ਰ ਦਾ ਪਾਠ ਕਰਦੀਆਂ ਹਨ, ਸ਼ਾਮ ਵੇਲੇ ਰਹਿਰਾਸ ਸਾਹਿਬ ਦਾ ਪਾਠ ਤੇ ਰਾਤ ਨੂੰ ਸੌਣ ਵੇਲੇ ਕੀਰਤਨ ਸੋਹਿਲੇ ਦਾ ਪਾਠ ਕਰਦੀਆਂ ਹਨ। ਵੇਖਣ ਨੂੰ ਐਉਂ ਪ੍ਰਤੀਤ ਦਿੰਦਾ ਹੈ ਜਿਵੇਂ ਇਹ ਕਿਸੇ ਮਹਾਨ ਰਿਸ਼ੀ ਮੁਨੀ ਦੀ ਕੁਟੀਆ ਹੋਵੇ। ਲਗਦਾ ਐਉਂ ਹੈ ਜਿਵੇਂ ਇਹ ਮਹਾਨ ਰਿਸ਼ੀ ਇਸ ਕਲਜੁਗ ਵਿਚ ਅਚਾਨਕ ਹੀ ਪ੍ਰਗਟ ਹੋ ਗਿਆ ਹੈ। ਕਾਫੀ ਸਮਾਂ ਇਸੇ ਤਰ੍ਹਾਂ ਨਾਲ ਲੰਘ ਗਿਆ, ਅੱਜ ਗੁਰੂ ਮਹਾਰਾਜ ਅਰਜਨ ਪਾਤਸ਼ਾਹ ਜੀ ਨੇ ਆਪਣਾ ਇਕ ਮੇਵੜਾ ਸਿੱਖ ਜੋ ਗੁਰੂ ਮਹਾਰਾਜ ਜੀ ਦੇ ਨਿਕਟ ਰਹਿ ਕੇ ਅਰਦਾਸਾ ਕਰਿਆ ਕਰਦਾ ਹੈ ਅਤੇ ਸੰਗਤਾਂ ਦਾ ਨਾਮ ਲੈ-ਲੈ ਕੇ ਗੁਰੂ ਮਹਾਰਾਜ ਜੀ ਦੇ ਹਜ਼ੂਰ ਬੋਲਿਆ ਕਰਦਾ ਸੀ ਕਿ ਇਸ ਨੇ ਆਹ ਸੁਖ ਪੂਰੀ ਹੋਣ ਤੇ ਮਾਇਆ, ਵਸਤਰ ਆਦਿ ਭੇਟ ਕੀਤੇ ਹਨ, ਆਪ ਨੇ ਇਸ ਦੀ ਸੁਖਨਾ ਪੂਰੀ ਕਰ ਦਿਤੀ ਹੈ, ਉਸ ਨੂੰ ਭਾਈ ਮੰਝ ਪਾਸ ਭੇਜਿਆ ਅਤੇ ਇਕ ਹੁਕਮਨਾਮਾ ਦੇ ਕੇ ਫ਼ੁਰਮਾਨ ਕੀਤਾ ਕਿ ਭਾਈ ਗੁਰਮੁਖਾ! ਫਲਾਣੇ ਪਿੰਡ ਵਿਚ ਇਕ ਮੰਝ ਨਾਮ ਦਾ ਸਿੱਖ, ਪਿੰਡ ਦੇ ਬਾਹਰ-ਬਾਹਰ ਵੱਡੇ ਬੋਹੜ ਦੀ ਛਾਂ ਹੇਠ ਇਕ ਕੁਟੀਆ ਵਿਚ ਰਹਿ ਰਿਹਾ ਹੈ। ਇਹ ਹੁਕਮਨਾਮਾ ਲੈ ਜਾ ਤੇ ਉਸ ਨੂੰ ਤਾਂ ਦੇਵੀਂ ਜਦੋਂ

ਉਹ ਇਸ ਦੇ 20 ਰੁਪਏ ਦਰਸ਼ਨੀ ਭੇਟ ਦੇਵੇ।

ਮੇਵੜਾ ਚਿੱਠੀ ਲੈ ਕੇ ਚਲਿਆ ਗਿਆ। ਭਾਈ ਮੰਝ ਨੂੰ ਜਾ ਕੇ ਹੁਕਮਨਾਮਾ ਦਿਤਾ। ਆਪ ਨੇ ਹੁਕਮਨਾਮਾ ਨੇਤਰਾਂ ਨਾਲ ਲਾਇਆ, ਮੱਥੇ ਨਾਲ ਲਾਇਆ ਆਪ ਦੇ ਨੇਤਰ ਸੱਜਲ ਹੋ ਗਏ। ਨੇਤਰਾਂ 'ਚੋਂ ਹੰਝੂ ਵਹਿ ਤੁਰੇ। ਉਸ ਦੀ ਲੜਕੀ ਅਤੇ ਪਤਨੀ ਵੀ ਇਹ ਸਭ ਕੁਝ ਦੇਖ ਰਹੀਆਂ ਸਨ ਅਤੇ ਬਹੁਤ ਗਹਿਰੇ ਭਾਵ ਵਿਚ ਆਪ ਵੀ ਲੀਨ ਹੋ ਰਹੀਆਂ ਸਨ। ਸਮਾਂ ਵਿਚਾਰ ਕੇ ਮੇਵੜੇ ਨੇ ਕਿਹਾ ਕਿ ਭਾਈ ਮੰਝ! ਇਸ ਦੀ ਦਰਸ਼ਨੀ ਭੇਟਾ 20 ਰੁਪਏ ਦੇ ਕੇ ਫੇਰ ਹੁਕਮਨਾਮਾ ਖੋਲ੍ਹਿਓ।

ਭਾਈ ਮੰਝ ਪਾਸ ਤਾਂ ਅਜੇ ਥੋੜ੍ਹੇ ਜਿਹੇ ਪੈਸੇ ਹੀ ਗੁਰੂ ਦੀ ਅਮਾਨਤ ਜਮ੍ਹਾਂ ਹੋਈ ਸੀ। ਉਹ ਹਰ ਰੋਜ਼ ਆਪਣੀ ਅੱਧੀ ਮਿਹਨਤ ਗੁਰੂ ਮਹਾਰਾਜ ਜੀ ਵਾਸਤੇ ਕੱਢਿਆ ਕਰਦਾ ਸੀ। 32 ਦਿਨਾਂ ਵਿਚ ਇਕ ਰੁਪਿਆ ਬਣਿਆ ਕਰਦਾ ਸੀ। ਉਸ ਵੇਲੇ ਹੋਰ ਮਾਇਆ ਪਾਸ ਨਾ ਹੋਣ ਕਰਕੇ ਭਾਈ ਮੰਝ ਕੁਝ ਸੋਚਣ ਲੱਗੇ ਪਰ ਉਨ੍ਹਾਂ ਦੀ ਸਤਵੰਤੀ ਪੁਤਰੀ ਨੇ ਪਿਤਾ ਦੀ ਹਾਲਤ ਦੇਖ ਕੇ ਕਿਹਾ ਪਿਤਾ ਜੀ! ਤੁਸੀਂ ਵੀਹ ਰੁਪਏ ਦਾ ਫਿਕਰ ਨਾ ਕਰੋ, ਮੈਂ ਜੁਆਨ ਹਾਂ ਅਤੇ ਘਰ ਦੇ ਸਾਰੇ ਕੰਮ ਕਰ ਸਕਦੀ ਹਾਂ, ਘਰ ਲਿਪ ਸਕਦੀ ਹਾਂ, ਬੱਚੇ ਖਿਲਾ ਸਕਦੀ ਹਾਂ, ਕਪਾਹਾਂ ਚੁਗ ਸਕਦੀ ਹਾਂ, ਕਪੜੇ ਧੋ ਸਕਦੀ ਹਾਂ, ਬਰਤਨ ਮਾਂਜ ਸਕਦੀ ਹਾਂ; ਕੋਈ ਸਰੀਰਕ ਮਿਹਨਤ ਐਸੀ ਨਹੀਂ ਜੋ ਮੈਂ ਨਾ ਕਰ ਸਕਦੀ ਹੋਵਾਂ। ਤੁਸੀਂ ਬੇਫਿਕਰ ਹੋ ਕੇ ਮੇਰੀ ਮਿਹਨਤ ਗਿਰਵੀ ਕਰ ਦੇਵੋ ਅਤੇ ਅਗਾਊਂ 20 ਰੁਪਏ ਲੈ ਕੇ ਦੇ ਦੇਵੋ। ਮੇਰੇ ਰਾਖੇ ਗੁਰੂ ਮਹਾਰਾਜ ਹੋਣਗੇ, ਮੈਂ ਉਨ੍ਹਾਂ ਦੀ ਯਾਦ ਵਿਚ ਰਹਾਂਗੀ। ਆਪਣੇ ਸਤਿਗੁਰੂ ਮਹਾਰਾਜ ਸਰਬ ਕਲਾ ਸਮਰੱਥ ਹਨ। ਉਹ ਮੇਰੇ ਜਤ ਸਤ ਦੀ ਰਾਖੀ ਆਪ ਹੀ ਕਰਨਗੇ, ਮੈਨੂੰ ਪੂਰਨ ਵਿਸ਼ਵਾਸ਼ ਹੈ; ਤੁਸੀਂ ਹੁਣ ਹੋਰ ਗੱਲ ਨਾ ਵਿਚਾਰਨੀ। ਘਰਵਾਲੀ ਨੇ ਵੀ ਉਸ ਦੀ ਪ੍ਰੋੜਤਾ ਕਰ ਦਿਤੀ। ਠੀਕ ਗੱਲ ਹੈ ਅਸੀਂ ਮਿਹਨਤ ਕਰਕੇ 20 ਰੁਪਏ ਕਮਾ ਲਵਾਂਗੇ। ਸੋ ਇਹ ਗੱਲਾਂ ਵਿਚਾਰ ਕੇ ਭਾਈ ਮੰਝ ਜੀ ਇਕ ਭਲੇ ਪੁਰਸ਼ ਪਾਸ ਗਏ ਅਤੇ ਸਾਰੀ ਗੱਲ ਉਸ ਨੂੰ ਦੱਸ ਦਿਤੀ। 20 ਰੁਪਏ ਦੀ ਮੰਗ ਕੀਤੀ ਅਤੇ ਉਸ ਨੇ ਖੁਸ਼ੀ ਨਾਲ ਮਾਇਆ ਦੇ ਕੇ ਕਿਹਾ ਕਿ ਭਾਈ ਮੰਝ! ਤੂੰ ਆਪਣੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ। ਲੜਕੀ ਦਾ ਫਿਕਰ ਨਾ ਕਰੀਂ, ਅਸੀਂ ਉਸ ਨੂੰ ਆਪਣੀ ਲੜਕੀ ਵਾਂਗ ਸਮਝਾਂਗੇ। ਸੋ ਭਾਈ ਮੰਝ ਜੀ ਨੇ 20 ਰੁਪਏ ਲੈ ਕੇ ਮੇਵੜੇ ਨੂੰ ਭੇਟਾ ਕੀਤੇ, ਜਲ ਪਾਣੀ ਛਕਾਇਆ, ਹੁਕਮਨਾਮਾ ਖੋਲ੍ਹ ਕੇ ਪੜ੍ਹਿਆ ਤਾਂ ਉਸ ਵਿਚ ਅੰਕਿਤ ਸੀ ਕਿ ਭਾਈ ਮੰਝ! ਗੁਰੂ-ਗੁਰੂ ਜਪੋ, ਉਸ ਦੇ ਧਿਆਨ ਵਿਚ ਰਹੋ, ਵਾਹਿਗੁਰੂ ਜੀ ਸਦਾ ਹੀ ਤੁਹਾਡੇ ਨਾਲ ਹਨ ਜਿਵੇਂ ਕਿ ਫੁਰਮਾਨ ਹੈ -

*ਜਹ ਜਹ ਪੇਖਉ ਤਹ ਹਜੂਰਿ*
*ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ*
*ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ*
*ਸੋ ਸੰਗੀ ਗਨੀਐ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ॥*
*ਪ੍ਰਤਿਪਾਲੈ ਅਪਿਆਉ ਦੇਇ*
*ਕਛੁ ਊਨ ਨ ਹੋਈ।।*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥*
*ਪੰਨਾ - 677*

ਮੇਵੜਾ ਵਿਦਾ ਹੋਇਆ, ਸਮਾਂ ਹੋਰ ਲੰਘ ਗਿਆ। ਗੁਰੂ ਮਹਾਰਾਜ ਜੀ ਨੇ ਕੁਝ ਦਿਨਾਂ ਪਿਛੋਂ ਦੂਸਰਾ ਹੁਕਮਨਾਮਾ ਫੇਰ ਭੇਜ ਦਿਤਾ, ਉਸ ਵਿਚ ਵੀ 20 ਰੁਪਏ ਭੇਟਾ ਲੈ ਕੇ ਦੇਣ ਲਈ ਕਿਹਾ ਹੋਇਆ ਸੀ। ਜਦੋਂ ਪਹਿਲੀ ਵਾਰ ਵਾਂਗੂੰ ਹੀ ਗੁਰਸਿੱਖ ਹੁਕਮਨਾਮਾ ਦੇਣ ਲੱਗਿਆ ਤਾਂ ਉਸ ਨੇ ਕਿਹਾ ਕਿ ਭਾਈ ਮੰਝ! ਮੈਂ ਜਾਣਦਾ ਹਾਂ ਕਿ ਤੇਰੀ ਹਾਲਤ ਮਾਇਕ ਤੌਰ ਤੇ ਪਤਲੀ ਹੋ ਗਈ ਹੈ। ਤੁਹਾਡੀ ਮਿਹਨਤ ਨਾਲ ਤਾਂ ਪ੍ਰਸ਼ਾਦ ਪਾਣੀ ਹੀ ਮਸਾਂ ਚਲਦਾ ਹੋਣਾ ਹੈ, ਇਸੇ ਦੀ ਹੀ ਚਿੰਤਾ ਰਹਿੰਦੀ ਹੋਣੀ ਹੈ; 20 ਰੁਪਏ ਦੇਣੇ ਹੁਣ ਬਹੁਤ ਮੁਸ਼ਕਲ ਹੋਣਗੇ। ਭਾਈ ਮੰਝ ਜੀ ਨੇ ਕਿਹਾ ਕਿ ਗੁਰਮੁਖ ਜੀਓ! ਗੁਰਬਾਣੀ ਅਮਰ ਹੈ, ਉਸ ਦੇ ਸਿਧਾਂਤ ਵੀ ਅਡੋਲ ਹਨ। ਜਿਵੇਂ ਕਿ ਫੁਰਮਾਨ ਹੈ -

*ਤੂੰ ਕਾਹੇ ਡੋਲਹਿ ਪ੍ਰਾਣੀਆ*
*ਤੁਧੁ ਰਾਖੈਗਾ ਸਿਰਜਣਹਾਰੁ॥*
*ਜਿਨਿ ਪੈਦਾਇਸਿ ਤੂ ਕੀਆ*
*ਸੋਈ ਦੇਇ ਆਧਾਰੁ॥ ਪੰਨਾ - 724*

ਹਰ ਰੋਜ਼ ਆਪਾਂ ਪੜ੍ਹਦੇ ਹਾਂ -

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ।।*
*ਪੰਨਾ - 10*

ਦੇਖੋ, ਕੂੰਜਾਂ ਕਿੱਡੀ-ਕਿੱਡੀ ਉਡਾਰੀ ਮਾਰ ਕੇ ਆਉਂਦੀਆਂ ਹਨ ਪਿਛੇ ਆਂਡੇ ਦੇ ਆਉਂਦੀਆਂ ਹਨ। ਉਹ ਬੱਚਿਆਂ ਨੂੰ ਸਿਮਰਨ ਸ਼ਕਤੀ ਦੇ ਨਾਲ ਪਾਲਦੀਆਂ ਹਨ। ਉਹ ਸਾਰੀ ਸਿਖਿਆ ਸਿਮਰਨ ਦੇ ਬਲ ਨਾਲ ਹੀ ਬੱਚਿਆਂ ਨੂੰ ਦਿੰਦੀਆਂ ਹਨ ਜਿਵੇਂ ਕਿ ਫੁਰਮਾਨ ਹੈ -

*ਊਡੇ ਊਡਿ ਆਵੈ ਸੈ ਕੋਸਾ*
*ਤਿਸੁ ਪਾਛੈ ਬਚਰੇ ਛਰਿਆ।।*
*ਤਿਨ ਕਵਣੁ ਖਲਾਵੈ ਕਵਣੁ ਚੁਗਾਵੈ*
*ਮਨ ਮਹਿ ਸਿਮਰਨੁ ਕਰਿਆ॥*
*ਪੰਨਾ - 10*

ਸੋ ਦੇਣ ਵਾਲਾ ਤਾਂ ਵਾਹਿਗੁਰੂ ਹੈ ਜੋ ਸਭਨਾਂ ਜੀਆਂ ਨੂੰ ਪਾਲਦਾ ਹੈ-

***ਧਾਰਨਾ- ਰੋਜ਼ੀ ਦਿੰਦਾ ਹੈ ਪੱਥਰ ਦੇ***
***ਕੀੜੇ ਨੂੰ,***
***ਤੈਨੂੰ ਕਿਉਂ ਨਾ ਦੇਵੇ ਗਾਫਲਾ***

ਸੋ ਮੇਵੜੇ ਤੋਂ 20 ਰੁਪਏ ਭੇਟਾ ਸੁਣ ਕੇ ਆਪ ਥੋੜ੍ਹਾ ਜਿਹਾ ਚੁਪ ਕਰ ਗਏ। ਘਰਵਾਲੀ ਪੂਰਨ ਪਤੀਵਰਤਾ ਸੀ। ਪਤੀ ਦੀ ਰਜ਼ਾ ਵਿਚ ਸਦਾ ਰਹਿੰਦੀ ਸੀ, ਆਪਣੀਆਂ ਮਤਾਂ ਪਤੀ ਨੂੰ ਨਹੀਂ ਦਿਆ ਕਰਦੀ ਸੀ। ਉਸ ਨੂੰ ਪ੍ਰਮੇਸ਼ਰ ਰੂਪ ਜਾਣਦੀ ਸੀ। ਉਸ ਨੇ ਪੂਰਨ ਰੂਪ ਵਿਚ ਤਨ ਮਨ ਪਤੀ ਨੂੰ ਦੇ ਕੇ ਇਕਰੂਪਤਾ ਹਾਸਲ ਕੀਤੀ ਹੋਈ ਸੀ। ਉਹ ਆਪਣੇ ਪਤੀ ਨੂੰ ਕਿਸੇ ਦੁੱਖ ਵਿਚ ਨਹੀਂ ਦੇਖ ਸਕਦੀ ਸੀ। ਉਸ ਨੇ ਕਿਹਾ ਕਿ ਪਤੀਦੇਵ! ਆਪ ਚਿੰਤਾ ਨਾ ਕਰੋ ਜਿਵੇਂ ਪਹਿਲਾਂ ਆਪਣੀ ਲੜਕੀ ਨੇ ਮਿਹਨਤ ਗਿਰਵੀ ਕਰਕੇ 20 ਰੁਪਏ ਦਿਤੇ ਹਨ। ਇਸੇ ਤਰ੍ਹਾਂ ਹੀ ਹੁਣ ਤੁਸੀਂ ਮੈਨੂੰ ਕਿਸੇ ਭਲੇ ਪੁਰਸ਼ ਪਾਸ ਗਿਰਵੀ ਕਰਾ ਦਿਓ। ਮੈਂ ਉਸ ਦੇ ਬੱਚੇ ਪਾਲਾਂਗੀ, ਪਸ਼ੂਆਂ ਦੀਆਂ ਧਾਰਾਂ ਕੱਢਾਂਗੀ ਜੋ ਕੰਮ ਉਸ ਦੇ ਹੋਣਗੇ ਮੈਂ ਪੂਰੀ ਤਨ ਦੇਹੀ ਨਾਲ ਕਰਾਂਗੀ। ਮੇਰੀ ਰਾਖੀ ਗੁਰੂ ਮਹਾਰਾਜ ਜੀ ਕਰਨਗੇ, ਉਹ ਹਮੇਸ਼ਾ ਮੇਰੇ ਨਾਲ ਰਹਿੰਦੇ ਨੇ ਇਹ ਮੈਨੂੰ ਮਹਿਸੂਸ ਹੋ ਰਿਹਾ ਹੈ। ਸੋ ਭਾਈ ਮੰਝ ਜੀ ਨੇ ਪਤਨੀ ਦੀ ਮਿਹਨਤ ਗਿਰਵੀ ਰੱਖ ਕੇ 20 ਰੁਪਏ ਦੇ ਕੇ ਹੁਕਮਨਾਮਾ ਲੈ ਲਿਆ। ਉਸ ਵਿਚ ਲਿਖਿਆ ਸੀ ਕਿ ਹੁਕਮਨਾਮਾ ਦੇਖਦੇ ਸਾਰ ਹੀ ਅਸਾਡੇ ਪਾਸ ਆ ਜਾਵੋ। ਉਸੇ ਸਮੇਂ ਭਾਈ ਮੰਝ ਨੇ ਝੌਂਪੜੀ ਬੰਦ ਕੀਤੀ, ਆਪ ਗੁਰੂ ਮਹਾਰਾਜ ਵਲ ਨੂੰ ਚਲ ਪਏ ਅਤੇ ਗੁਰੂ ਮਹਾਰਾਜ ਦੇ ਭਰੋਸੇ ਵਿਚ ਰਹਿੰਦਿਆਂ ਨਾ ਕੋਈ ਲੜਕੀ ਦੀ ਚਿੰਤਾ ਮਨ ਵਿਚ ਆਈ, ਨਾ ਆਪਣੀ ਪਤਨੀ ਬਾਰੇ ਸੋਚਿਆ; ਜੇ ਸੋਚ ਸੀ ਤਾਂ ਇਕੋ ਸੀ ਕਿ ਮੇਰੀ ਸਤਿਗੁਰੂ ਜੀ ਨਾਲ ਨਿਭ ਜਾਵੇ -

***ਧਾਰਨਾ- ਨਿਭ ਜਾਏ ਗੁਰਾਂ ਦੇ ਨਾਲੇ***
***ਚੰਦ ਚਕੋਰ ਪਰੀਤ ਹੈ***
***ਲਾਇ ਤਾਰ ਨਿਹਾਲੇ।***
***ਚਕਵੀ ਸੂਰਜ ਹੇਤ ਹੈ***
***ਮਿਲ ਹੋਣ ਸੁਖਾਲੇ।***
***ਨੇਹੁੰ ਕਵਲ ਜਲ ਜਾਣੀਐ***
***ਖਿੜ ਮੂੰਹ ਵਖਾਲੇ।***
***ਮੋਰ ਬਬੀਹੇ ਬੋਲਦੇ ਦੇਖ ਬੱਦਲ ਕਾਲੇ।***
***ਨਾਰਿ ਭਤਾਰ ਪਿਆਰ ਹੈ***
***ਮਾਂ ਪੁੱਤ ਸਮ੍ਹਾਲੇ।***
***ਪੀਰ ਮੁਰੀਦਾਂ ਪਿਰਹੜੀ***
***ਓਹ ਨਿਬਹੈ ਨਾਲੇ।***
***ਭਾਈ ਗੁਰਦਾਸ ਜੀ, ਵਾਰ 27/4***

ਸਨੇ-ਸਨੇ ਚਲਦਿਆਂ ਆਪ ਅੰਮ੍ਰਿਤਸਰ ਪਹੁੰਚ ਗਏ। ਗੁਰੂ ਮਹਾਰਾਜ ਜੀ ਦੀਵਾਨ ਵਿਚ ਬਿਰਾਜਮਾਨ ਸਨ। ਆਪ ਨੇ ਦੂਰੋਂ ਹੀ ਨਮਸਕਾਰ ਕੀਤੀ ਅਤੇ ਇਕਲਵਾਂਜੇ ਹੋ ਕੇ ਬਚਨ ਸ੍ਰਵਣ ਕਰਨ ਲੱਗੇ। ਉਸ ਤੋਂ ਬਾਅਦ ਦੂਰ ਤੋਂ ਆਈਆਂ ਹੋਈਆਂ ਸੰਗਤਾਂ ਨਮਸ਼ਕਾਰ ਕਰਨ ਲੱਗੀਆਂ। ਉਨ੍ਹਾਂ ਵਿਚ ਭਾਈ ਮੰਝ ਜੀ ਵੀ ਨਮਸਕਾਰ ਕਰਨ ਗਏ। ਗੁਰੂ ਮਹਾਰਾਜ ਜੀ ਨੇ ਨਾ ਹੀ ਭਾਈ ਮੰਝ ਨੂੰ ਬੁਲਾਇਆ ਅਤੇ ਨਾ ਹੀ ਉਨ੍ਹਾਂ ਵਲ ਦ੍ਰਿਸ਼ਟੀ ਕੀਤੀ। ਭਾਈ ਮੰਝ ਸ਼ੁਕਰ-ਸ਼ੁਕਰ ਕਰਦੇ ਗੁਰੂ ਦਰਸ਼ਨਾਂ ਵਿਚ ਮਸਤ ਸੰਗਤਾਂ ਨਾਲ ਚਲੇ ਗਏ ਤੇ ਉਥੇ ਹੀ ਰਹਿਣ ਲੱਗੇ। ਆਪ ਜੀ ਦਿਨ ਰਾਤ ਸੇਵਾ ਕਰਦੇ ਹਨ। ਕਾਫੀ ਸਮਾਂ ਬੀਤ ਗਿਆ। ਲੱਕੜੀਆਂ ਢੋਣੀਆਂ, ਛਿੜਕਾਅ ਕਰਨਾ, ਆਟਾ ਪੀਹਣਾ, ਪੱਖਾਂ ਝਲਣਾ, ਬਰਤਨ ਮਾਂਜਣੇ, ਆਈਆਂ ਸੰਗਤਾਂ ਦੀ ਸੇਵਾ ਸੰਭਾਲ ਕਰਨੀ, ਦਿਨ ਰਾਤ ਸੇਵਾ ਵਿਚ ਜੁੜੇ ਰਹਿੰਦੇ ਸਨ। ਸਮਾਂ ਮਿਲੇ ਤਾਂ ਆਪ ਇਕਾਂਤ ਬੈਠ ਕੇ ਸਹਿਜ ਸਮਾਧ ਵਿਚ ਲੀਨ ਹੋ ਜਾਂਦੇ। ਅੰਮ੍ਰਿਤ ਵੇਲੇ ਜਾਗਦੇ ਤੇ ਸਮਾਧੀ ਸਥਿਤ ਹੋ ਜਾਂਦੇ। ਕਦੇ ਭੁੱਲ ਕੇ ਵੀ ਪਿਛਲੀਆਂ ਹੋਈਆਂ ਗੱਲਾਂ ਬਾਰੇ ਨਾ ਸੋਚਦੇ। ਆਪ ਦੀ ਮਤ ਐਨੀ ਲੀਨ ਹੋਈ ਹੋਈ ਸੀ ਕਿ ਅਹਰਣ ਵਿਚ ਤਾਂ ਲੋਹੇ ਦੀ ਗਰਮੀ ਕਾਰਨ ਕੁਝ ਦਾਗ ਲਗ ਜਾਂਦੇ ਹਨ, ਉਚੀ ਨੀਵੀਂ ਹੋ ਜਾਂਦੀ ਹੈ ਪਰ ਧੰਨ ਸਨ ਭਾਈ ਮੰਝ ਜੋ ਇਕੋ ਰਸ ਵਿਚ ਲੀਨ ਸਨ।

ਕਾਫੀ ਸਮਾਂ ਬੀਤ ਗਿਆ ਅਤੇ ਗੁਰੂ ਮਹਾਰਾਜ ਜੀ ਨੇ ਪੁਛਿਆ ਕਿ ਇਕ ਮੰਝ ਨਾਮ ਦਾ ਸਿੱਖ ਇਥੇ ਆਇਆ ਹੋਇਆ ਹੈ ਉਹ ਕਿਥੇ ਰਹਿੰਦਾ ਹੈ? ਉਸ ਵੇਲੇ ਕਿਸੇ ਨੇ ਦਸਿਆ ਕਿ ਸੱਚੇ ਪਾਤਸ਼ਾਹ! ਉਹ ਤਾਂ ਸੇਵਾ ਦੀ ਮੂਰਤ ਹੈ, ਦਿਨ ਰਾਤ ਸੇਵਾ ਕਰਦਾ ਹੈ, ਬੰਦਗੀ ਕਰਦਾ ਹੈ। ਆਪਣਾ ਇਕ ਮਿੰਟ ਵੀ ਅਜਾਈਂ ਨਹੀਂ ਗਵਾਉਂਦਾ। ਉਸ ਦੇ ਨੇਤਰਾਂ ਵਿਚ ਬਹੁਤ ਖਿੱਚ ਹੈ, ਉਸ ਦੇ ਨੇਤਰਾਂ ਵਿਚ ਆਪ ਦਾ ਪਿਆਰ ਟਪਕ-ਟਪਕ ਪੈਂਦਾ ਹੈ। ਗੁਰੂ ਮਹਾਰਾਜ ਜੀ ਨੇ ਪੁਛਿਆ, "ਐਉਂ ਦਸੋ ਪ੍ਰਸ਼ਾਦਾ ਕਿਥੋਂ ਛਕਦਾ ਹੈ?" ਤਾਂ ਗੁਰਸਿੱਖ ਨੇ ਦੱਸਿਆ ਕਿ ਲੰਗਰ ਵਿਚ ਜੋ ਬਣ ਜਾਂਦਾ ਹੈ ਉਹ ਲੈ ਕੇ ਅਰਦਾਸ ਕਰਦਾ ਹੈ ਅਤੇ ਪ੍ਰਭੂ ਦਾ ਸ਼ੁਕਰ ਜਾਣ ਕੇ ਛਕ ਲੈਂਦਾ ਹੈ। ਛਕ ਕੇ ਫੇਰ ਅਰਦਾਸ ਕਰਦਾ ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਉਹ ਸਿੱਖ ਤਾਂ ਨਹੀਂ ਹੋਇਆ ਨਾ, ਮਜ਼ਦੂਰ ਹੋਇਆ। ਸੇਵਾ ਕਰਦਾ ਹੈ, ਮਜ਼ਦੂਰੀ ਲੈ ਲੈਂਦਾ ਹੈ। ਜਾਓ, ਉਸ ਨੂੰ ਕਹਿ ਦੇਵੋ ਲੰਗਰ ਵਿਚੋਂ ਪ੍ਰਸ਼ਾਦਾ ਨਹੀਂ ਮਿਲਣਾ। ਆਪਣਾ ਪ੍ਰਸ਼ਾਦੇ ਦਾ ਬੰਦੋਬਸਤ ਹੋਰ ਕਰ ਲਵੇ। ਉਸ ਗੁਰਸਿੱਖ ਨੇ ਲੰਗਰ ਦੇ ਸ੍ਰੀ ਮਾਨ ਨੂੰ ਦਸ ਦਿਤਾ।

ਪ੍ਰਸ਼ਾਦੇ ਵਰਤ ਰਹੇ ਸਨ, ਭਾਈ ਮੰਝ ਜੀ ਵੀ ਪੰਗਤ ਵਿਚ ਬੈਠੇ ਸਨ। ਜਦੋਂ ਆਪ ਦੀ ਵਾਰੀ ਆਈ ਤਾਂ ਬਰਤਨ ਦੇਣ ਵਾਲੇ ਗੁਰਸਿੱਖ ਨੇ ਕੋਈ ਬਰਤਨ ਆਪ ਦੇ ਸਾਮ੍ਹਣੇ ਨਾ ਰੱਖਿਆ, ਨਾ ਪਾਣੀ ਵਾਸਤੇ ਨਾ ਦਾਲ ਵਾਸਤੇ। ਜਦੋਂ ਪ੍ਰਸ਼ਾਦਾ ਵਰਤਾਉਣ ਵਾਲਾ ਆਇਆ ਤਾਂ ਦੋਹੀਂ ਪਾਸੀਂ ਪੰਗਤ ਵਿਚ ਬੈਠੇ ਗੁਰਸਿਖਾਂ ਨੂੰ ਪ੍ਰਸ਼ਾਦਾ ਦੇ ਦਿਤਾ, ਜਦੋਂ ਭਾਈ ਮੰਝ ਨੇ ਆਪਣਾ ਉਂਜਲ ਪ੍ਰਸ਼ਾਦੇ ਲਈ ਕਰਿਆ ਤਾਂ ਉਸ ਨੇ ਕਿਹਾ ਕਿ

ਭਾਈ ਮੰਝ! ਤੁਸੀਂ ਪੰਗਤ ਵਿਚੋਂ ਉਠ ਜਾਵੋ। ਗੁਰੂ ਮਹਾਰਾਜ ਦਾ ਹੁਕਮ ਹੈ ਆਪਣਾ ਲੰਗਰ ਦਾ ਬੰਦੋਬਸਤ ਆਪ ਕਰੋ, ਲੰਗਰ ਵਿਚੋਂ ਤੁਹਾਨੂੰ ਪ੍ਰਸ਼ਾਦਾ ਨਹੀਂ ਮਿਲਣਾ।

ਸਾਧਸੰਗਤ ਜੀ! ਇਹ ਸਮਾਂ ਐਸਾ ਸੀ ਜਦੋਂ ਉਨ੍ਹਾਂ ਦਾ ਮਨ ਡੋਲ ਜਾਂਦਾ ਅਤੇ ਪਛਤਾਵਾ ਕਰਦਾ ਕਿ ਸਿੱਖੀ ਧਾਰਨ ਲਈ ਮੈਂ ਆਪਣਾ ਤਨ, ਮਨ, ਧਨ, ਪਸ਼ੂ, ਸਭ ਕੁਝ ਬਰਬਾਦ ਕਰ ਦਿਤਾ, ਆਪਣੀ ਲੜਕੀ, ਪਤਨੀ ਨੂੰ ਅਣਜਾਣ ਪੁਰਸ਼ਾਂ ਵਿਚ ਗਹਿਣੇ ਕਰ ਦਿਤਾ। ਮੇਰੇ ਵਰਗੀ ਕਰਨੀ ਕਿਸੇ ਪੁਰਸ਼ ਨੇ ਨਹੀਂ ਕੀਤੀ। ਇਹ ਸੋਚੋ ਕਿ ਹੁਣ ਮੇਰਾ ਗੁਰੂ ਨਿਰਾਦਰ ਕਰ ਰਿਹਾ ਹੈ ਉਸ ਦਾ ਮਨ ਜ਼ਰੂਰ ਹੀ ਡੋਲ ਜਾਣਾ ਸੀ। ਅਸੀਂ ਅੱਜਕਲ੍ਹ ਦੇ ਸਿੱਖ ਤਾਂ ਕੱਚੇ ਧਾਗੇ ਤੋਂ ਵੀ ਕਮਜ਼ੋਰ ਭਰੋਸੇ ਰਖਦੇ ਹਾਂ। ਜੇ ਗੁਰੂ ਮਹਾਰਾਜ ਨੇ ਅਸਾਡੀ ਅਰਦਾਸ ਨਾ ਸੁਣੀ, ਇਛਾਵਾਂ ਪੂਰੀਆਂ ਨਾ ਕੀਤੀਆਂ ਫੇਰ ਅਸੀਂ ਗੁਰੂ ਨੂੰ ਛੱਡ ਜਾਂਦੇ ਹਾਂ ਅਤੇ ਜਿਥੇ ਕਿਤੇ ਪੂਰੀਆਂ ਹੋਣ ਉਥੇ ਚਲੇ ਜਾਂਦੇ ਹਾਂ। ਨਿਰਾਦਰ ਤਾਂ ਅਸੀਂ ਸਹਿਨ ਹੀ ਨਹੀਂ ਕਰਦੇ।

ਮੇਰੇ ਯਾਦ ਹੈ ਕਿ ਇਕ ਗੁਰਦੁਆਰੇ ਦੀ ਇਮਾਰਤ ਬਣ ਰਹੀ ਸੀ, ਉਸ ਦੇ ਇੰਚਾਰਜ ਬਹੁਤ ਮਿਹਨਤ ਕਰਦੇ, ਆਪ ਹੀ ਇੱਟਾਂ ਫੜਾਇਆ ਕਰਦੇ ਸਨ, ਆਪਣੀ ਪਤਨੀ ਨੂੰ ਵੀ ਨਾਲ ਲਾਇਆ ਹੋਇਆ ਸੀ, ਸਾਰਾ ਦਿਨ ਗਰਦ-ਗੁਬਾਰ ਵਿਚ ਲਿਬੜੇ ਰਹਿੰਦੇ ਸਨ। ਸਾਰੇ ਲੋਕ ਉਨ੍ਹਾਂ ਦੀ ਸੇਵਾ ਦੇਖ ਕੇ ਧੰਨ-ਧੰਨ ਕਰਦੇ ਸਨ ਪਰ ਕੁਝ ਅੰਸ ਐਸਾ ਸੀ ਜੋ ਸੇਵਾ ਦੇ ਨੇੜੇ ਵੀ ਨਹੀਂ ਸੀ ਆਉਂਦਾ, ਉਹ ਦੂਰ ਖੜ੍ਹ ਕੇ ਹਦਾਇਤਾਂ ਹੀ ਦਿਆ ਕਰਦੇ ਸਨ। ਜਦੋਂ ਗੁਰਦੁਆਰਾ ਬਣ ਗਿਆ ਉਸਦਾ ਉਦਘਾਟਨ ਕੀਤਾ ਗਿਆ। ਬੜੀਆਂ ਖੁਸ਼ੀਆਂ ਹੋਈਆਂ। ਸਟੇਜ ਤੇ ਬੋਲਣ ਵਾਲਿਆਂ ਨੇ ਉਸ ਦੇ ਆਫੀਸਰ ਦੀ ਬੜੀ ਤਾਰੀਫ ਕੀਤੀ। ਥੋੜ੍ਹੇ ਦਿਨਾਂ ਪਿਛੋਂ ਚੋਣਾਂ ਹੋਈਆਂ। ਵੱਡੀਆਂ-ਵੱਡੀਆਂ ਪਾਰਟੀਆਂ ਨੇ ਉਸ ਨੂੰ ਮੈਂਬਰ ਵੀ ਨਾ ਲਿਆ। ਇਹ ਦੇਖ ਕੇ ਉਸ ਨੂੰ ਐਸੀ ਸੱਟ ਲੱਗੀ ਕਿ ਉਸ ਨੇ ਗੁਰਦੁਆਰੇ ਜਾਣਾ ਬੰਦ ਕਰ ਦਿਤਾ ਅਤੇ ਹੌਲੀ-ਹੌਲੀ ਮਾਨਸਿਕ ਤੌਰ ਤੇ ਬਿਮਾਰ ਹੋ ਗਿਆ। ਉਸ ਦੀ ਪਤਨੀ ਮੇਰੇ ਪਾਸ ਆਈ, ਮੈਂ ਕਿਹਾ ਤੁਸੀਂ ਸੇਵਾ ਦੇ ਬਦਲੇ ਪ੍ਰਸੰਸਾ ਚਾਹੁੰਦੇ ਸੀ, ਉਸ ਪ੍ਰਸੰਸਾ ਦੇ ਆਸਰੇ ਤੁਹਾਡਾ ਜੀਵਨ ਲੰਘ ਰਿਹਾ ਸੀ। ਇਹ ਤੁਹਾਨੂੰ ਖੁਰਾਕ ਦੇ ਤੌਰ ਤੇ ਮਿਲਦੀ ਸੀ। ਤੁਹਾਡੇ ਅੰਦਰ ਅਭਿਮਾਨ ਹੋਰ ਉਚਾ ਹੋਈ ਜਾਂਦਾ ਸੀ ਅਤੇ ਹੁਣ ਜਦੋਂ ਨਵੀਂ ਕਮੇਟੀ ਵਾਲਿਆਂ ਨੇ ਤੁਹਾਨੂੰ ਕੋਈ ਵੀ ਅਹੁਦਾ ਨਾ ਦਿਤਾ ਤਾਂ ਤੁਸੀਂ ਗੁਰੂ ਘਰ ਜਾਣ ਤੋਂ ਹੀ ਹਟ ਗਏ। ਇਹ ਸਭ ਤੁਸੀਂ ਇਸ ਕਰਕੇ ਕਰ ਰਹੇ ਸੀ ਕਿ ਤੁਸੀਂ ਮਾਣ ਦੇ ਆਸਰੇ ਪਲ ਰਹੇ ਸੀ। ਗੁਰੂ ਮਹਾਰਾਜ ਜੀ ਨੇ ਤਾਂ ਸੇਵਾਦਾਰਾਂ ਵਾਸਤੇ ਫੁਰਮਾਨ ਕੀਤਾ ਹੈ -

*ਹਸਤੀ ਸਿਰਿ ਜਿਉ ਅੰਕਸੁ ਹੈ*
*ਅਹਰਣਿ ਜਿਉ ਸਿਰੁ ਦੇਇ॥*
*ਮਨੁ ਤਨੁ ਆਗੈ ਰਾਖਿ ਕੈ*
*ਊਭੀ ਸੇਵ ਕਰੇਇ॥*
*ਇਉ ਗੁਰਮੁਖਿ ਆਪੁ ਨਿਵਾਰੀਐ*
*ਸਭੁ ਰਾਜੁ ਸ੍ਰਿਸਟਿ ਕਾ ਲੇਇ॥*
*ਨਾਨਕ ਗੁਰਮੁਖਿ ਬੁਝੀਐ*
*ਜਾ ਆਪੇ ਨਦਰਿ ਕਰੇਇ॥*

*ਪੰਨਾ - 647*

ਸੋ ਅਸੀਂ ਮਾਣ ਚਾਹੁੰਦੇ ਹਾਂ। ਭਾਈ ਮੰਝ ਜੀ ਨਾਲ ਆਪਣੇ ਮਾਣ ਦਾ ਮੇਲ ਕਰਾਓ। ਉਸ ਨੂੰ ਐਡੀ ਵੱਡੀ ਕੁਰਬਾਨੀ ਕਰਨ ਤੋਂ ਬਾਦ ਪੰਗਤ ਵਿਚੋਂ ਉਠਾ ਦਿਤਾ। ਇਹ ਗੁਰੂ ਮਹਾਰਾਜ ਦੀ ਬੇਰਹਿਮੀ ਨਹੀਂ ਸੀ, ਨਾ ਬੇਰੁਖੀ ਸੀ। ਗੁਰੂ ਮਹਾਰਾਜ ਉਸ ਨੂੰ ਬਹੁਤ ਉਚਾ ਲਿਜਾਉਣਾ ਚਾਹੁੰਦੇ ਸਨ। ਕਸਵੱਟੀ ਦੇ ਕੁਝ ਪ੍ਰਸ਼ਨ ਬਚਦੇ ਸਨ ਉਸ ਨੂੰ 100% ਨੰਬਰ ਦਿਵਾਉਣ ਲਈ, ਉਸ ਲਈ ਉਹ ਅਜਿਹੇ ਕੌਤਕ ਕਰ ਰਹੇ ਸਨ। ਭਾਈ ਮੰਝ ਦਾ ਤਿਲ ਮਾਤਰ ਵੀ ਮਨ ਨਾ ਡੋਲਿਆ ਅਤੇ ਉਨ੍ਹਾਂ ਨੇ ਕਿਹਾ ਮੇਰੇ ਸਤਿਗੁਰੂ ਧੰਨ ਹਨ ਜਿਨ੍ਹਾਂ ਨੂੰ ਮੇਰੇ ਵਰਗਾ ਗਰੀਬ, ਨਿਮਾਣਾ, ਨਿਤਾਣਾ ਸਿੱਖ ਵੀ ਯਾਦ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਮੇਰੇ ਭਲੇ ਲਈ ਹੋਇਆ ਹੈ ਕਿਉਂਕਿ ਪੂਜਾ ਦੇ ਧਾਨ ਨੂੰ ਬਹੁਤ ਹੀ ਵਰਜਿਤ ਕਰਦਿਆਂ ਫੁਰਮਾਨ ਹੈ -

*ਧਾਰਨਾ- ਕਿਤੇ ਖੰਡ ਦੇ ਭੁਲੇਖੇ*
*ਜ਼ਹਿਰ ਖਾ ਲਈਂ ਨਾ,*
*ਧਾਨ ਬੁਰਾ ਪੂਜਾ ਦਾ*

*ਜਿਉਂ ਮਰਿਜਾਦਾ ਹਿੰਦੂਆਂ*
*ਗਊ ਮਾਸ ਅਖਾਜੁ।*
*ਮੁਸਲਮਾਣਾਂ ਸੂਅਰਹੁੰ ਸਉਗੰਦ ਵਿਆਜੁ।*
*ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ।*
*ਸਿਹਾ ਨ ਖਾਹੀ ਚੂਹੜਾ*
*ਮਾਇਆ ਮੁਹਤਾਜ।*
*ਜਿਉਂ ਮਿੱਠੇ ਮੱਖੀ ਮਰੈ*
*ਤਿਸੁ ਹੋਇ ਅਕਾਜੁ।*
*ਤਿਉਂ ਧਰਮਸਾਲ ਦੀ ਝਾਕ ਹੈ*
*ਵਿਹੁ ਖੰਡੂ ਪਾਜੁ।*

*ਭਾਈ ਗੁਰਦਾਸ ਜੀ, ਵਾਰ 35/12*

ਅਖੀਰ ਐਸੇ ਵੀ ਹਾਲਾਤ ਹੋਏ ਕਿ ਭਾਈ ਮੰਝ ਨੂੰ ਜੇ ਕੋਈ ਪ੍ਰਸ਼ਾਦਾ ਦੇ ਦਿੰਦਾ ਤਾਂ ਛਕ ਲੈਂਦੇ, ਨਹੀਂ ਤਾਂ ਗੁਰੂ ਦੇ ਪਿਆਰ ਵਿਚ ਲੀਨ ਰਹਿ ਕੇ ਭੁੱਖ ਹੀ ਕੱਟ ਲੈਂਦੇ। ਉਹ ਇਹ ਨਹੀਂ ਸੀ ਕਰਨਾ ਚਾਹੁੰਦੇ ਕਿ ਅਰਪੇ ਹੋਏ ਸਰੀਰ ਤੋਂ ਆਪਣੇ ਲਈ ਕੋਈ ਰੋਜ਼ੀ ਦਾ ਸਮਾਂ ਕੱਢਦੇ।

ਅੱਜ ਆਪ ਦੂਰ ਜੰਗਲ ਵਿਚ ਸੁੱਕੀਆਂ ਲੱਕੜੀਆਂ ਇਕੱਠੀਆਂ ਕਰਨ ਲਈ ਗਏ ਹੋਏ ਸਨ। ਸ਼ਾਮ ਦੇ ਚਾਰ ਵਜੇ ਤਕ ਆਪ ਨੇ ਲੱਕੜਾਂ ਇਕੱਠੀਆਂ ਕੀਤੀਆਂ। ਭਾਰੀ ਭਰਾ (**bundle**) ਬੰਨ੍ਹ ਲਿਆ ਅਤੇ ਸਲੰਗ ਦੇ ਆਸਰੇ ਸੀਸ ਤੇ ਰੱਖ ਲਿਆ। ਅਜੇ ਆਪ

ਤੁਰੇ ਹੀ ਸਨ ਕਿ ਪੱਛਮ ਵਲੋਂ ਕਾਲੀ ਬੋਲੀ ਹਨ੍ਹੇਰੀ ਆ ਗਈ। ਹਵਾ ਦਾ ਵੇਗ ਐਨਾ ਤੇਜ਼ ਸੀ ਕਿ ਉਹ ਛੋਟੇ ਵੱਡੇ ਦਰਖਤਾਂ ਨੂੰ ਤੋੜਦੀ ਜਾ ਰਹੀ ਸੀ। ਭਾਈ ਮੰਝ ਨੂੰ ਰਸਤੇ ਤੋਂ ਧੱਕ ਕੇ ਦੂਰ ਲੈ ਗਈ ਅਤੇ ਅੱਖਾਂ ਵਿਚ ਘੱਟਾ ਮਿਟੀ ਪੈ ਰਿਹਾ ਸੀ। ਬਹੁਤ ਮੁਸ਼ਕਲ ਨਾਲ ਆਪ ਕਦਮ ਪੁਟਦੇ ਅੰਮ੍ਰਿਤਸਰ ਵਲ ਨੂੰ ਜਾ ਰਹੇ ਸਨ। ਰਸਤੇ ਵਿਚ ਇਕ ਅੰਨਾ ਖੂਹ ਆ ਗਿਆ, ਜਿਸ ਦੀ ਮੌਣ ਟੁੱਟੀ ਹੋਈ ਸੀ। ਜੰਗਲ ਦਾ ਖੂਹ ਸੀ, ਕਿਸੇ ਸਮੇਂ ਕਿਸੇ ਭਲੇ ਪੁਰਸ਼ ਨੇ ਲਵਾਇਆ ਸੀ। ਆਪ ਜੀ ਨੂੰ ਖੂਹ ਨਾ ਦਿਸਿਆ ਤੇ ਆਪ ਖੂਹ ਵਿਚ ਧੜੰਮ ਕਰਕੇ ਗਿਰ ਗਏ। ਗਿਰਦਿਆਂ ਹੀ ਆਪ ਨੇ ਲਕੜਾਂ ਸੰਭਾਲ ਲਈਆਂ ਅਤੇ ਭਰਾ ਸੀਸ ਤੇ ਰੱਖ ਲਿਆ। ਆਪ ਦੇ ਮੁਖ ਤੋਂ ਇਕੋ ਅਵਾਜ਼ ਆ ਰਹੀ ਸੀ – 'ਸਤਿਨਾਮ ਵਾਹਿਗੁਰੂ'–'ਸਤਿਨਾਮ ਵਾਹਿਗੁਰੂ'–'ਸਤਿਨਾਮ ਵਾਹਿਗੁਰੂ'–'ਸਤਿਨਾਮ ਵਾਹਿਗੁਰੂ'–'ਸਤਿਨਾਮ ਵਾਹਿਗੁਰੂ'।

ਗੁਰੂ ਮਹਾਰਾਜ ਜੀ ਜੋ ਘਟ-ਘਟ ਦੇ ਜਾਣੂੰ ਹਨ, ਅੰਤਰਜਾਮੀ ਸਰਬ ਕਲਾ ਸਮਰੱਥ ਹਨ। ਆਪ ਜੀ ਨੇੜੇ ਹੀ ਕਿਸੇ ਪਿੰਡ ਵਿਚ ਸੰਗਤਾਂ ਨੂੰ ਪ੍ਰਵਚਨ ਸੁਣਾ ਰਹੇ ਸਨ ਅਤੇ ਆਪ ਜੀ ਇਕ ਦਮ ਆਪਣੇ ਆਸਣ ਤੋਂ ਉਠ ਕੇ ਕਾਹਲੀ ਨਾਲ ਤੁਰ ਪਏ ਅਤੇ ਕਹਿਣ ਲੱਗੇ ਕਿ ਲੱਜਾਂ ਲੈ ਕੇ ਅਸਾਡੇ ਪਿਛੇ ਆ ਜਾਵੋ। ਆਪ ਨੇ ਇਸ ਕਾਹਲੀ ਵਿਚ ਜੋੜਾ ਵੀ ਨਾ ਪਾਇਆ। ਆਪ ਐਨੀ ਤੇਜ਼ੀ ਨਾਲ ਜਾ ਰਹੇ ਸੀ ਮਾਨੋਂ ਭੱਜੇ ਜਾ ਰਹੇ ਹੋਣ। ਕਿਸੇ ਦੇ ਕੋਈ ਗੱਲ ਸਮਝ ਨਹੀਂ ਆ ਰਹੀ ਸੀ ਤੇ ਐਉਂ ਦਾ ਸਮਾਂ ਪ੍ਰਤੀਤ ਦੇ ਰਿਹਾ ਸੀ –

*ਧਾਰਨਾ – ਹਰਿ ਜੀ ਛੱਡ ਕੇ*
*ਸਿੰਘਾਸਨ ਆਉਂਦੇ,*
*ਬੰਨ੍ਹੇ ਹੋਏ ਸੱਚੇ ਪਿਆਰ ਦੇ*

*ਅਪੁਨੇ ਸੇਵਕ ਕੀ ਆਪੇ ਰਾਖੈ*
*ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ*
*ਤਤਕਾਲ ਹੋਇ ਆਵੈ॥*

*ਪੰਨਾ – 403*

ਆਪ ਖੂਹ ਦੇ ਕੰਢੇ ਆ ਕੇ ਰੁਕ ਗਏ, ਚੋਰ ਬਰਦਾਰ ਅਤੇ ਘੋੜਾ ਬਰਦਾਰ ਪਿਛੇ-ਪਿਛੇ ਬੇਨਤੀਆਂ ਕਰਦੇ ਆ ਰਹੇ ਹਨ ਕਿ ਪਾਤਸ਼ਾਹ! ਰਸਤੇ ਵਿਚ ਰੋੜੇ ਹਨ, ਕੰਡੇ ਹਨ ਆਪ ਜੋੜਾ ਤਾਂ ਪਹਿਨ ਲਵੋ। ਘੋੜੇ ਵਾਲਾ ਕਹਿ ਰਿਹਾ ਸੀ ਕਿ ਆਪ ਘੋੜੇ ਉਪਰ ਬੈਠ ਜਾਵੋ। ਪਰ ਆਪ ਨੇ ਸਭ ਅਣਸੁਣਿਆ ਕਰ ਦਿਤਾ ਕਿਉਂਕਿ ਆਪ ਵੀ ਪੂਰੀ ਤਰ੍ਹਾਂ ਪ੍ਰੇਮ ਵਿਚ ਬੰਨ੍ਹੇ ਹੋਏ ਸਨ –

*ਧਾਰਨਾ – ਰੱਬ ਵਸ ਭਗਤਾਂ ਨੇ ਕੀਤਾ,*
*ਪਾ ਕੇ ਤੇ ਪ੍ਰੇਮ ਡੋਰੀਆਂ*

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥*
*ਤੂ ਭਗਤਾ ਕੈ ਵਸਿ*
*ਭਗਤਾ ਤਾਣੁ ਤੇਰਾ।। ਪੰਨਾ – 962*

ਸਤਿਗੁਰੂ ਦਾ ਬਿਰਦ ਹੈ ਕਿ ਆਪਣੇ ਸੇਵਕ ਨੂੰ ਤੱਤੀ ਵਾਉ ਨਾ ਲੱਗਣ ਦੇਵੇ। ਜਿਵੇਂ ਕਿ –

*ਧਾਰਨਾ –ਅਉਖੀ ਘੜੀ ਨਾ ਵੇਖਣ ਦੇਵੇ,*
*ਆਪਣਾ ਬਿਰਦਾ ਸੰਭਾਲਦੈ*
*ਅਉਖੀ ਘੜੀ ਨ ਦੇਖਣ ਦੇਈ*
*ਅਪਨਾ ਬਿਰਦੁ ਸਮਾਲੇ॥*
*ਹਾਥ ਦੇਇ ਰਾਖੈ ਅਪਨੇ ਕਉ*
*ਸਾਸਿ ਸਾਸਿ ਪ੍ਰਤਿਪਾਲੇ॥*

*ਪੰਨਾ – 682*

ਨਾਲ ਦੇ ਗੁਰਸਿਖਾਂ ਨੂੰ ਆਪ ਨੇ ਕਿਹਾ ਕਿ ਪੁਛੋ ਖੂਹ ਵਿਚੋਂ ਸਤਿਨਾਮ ਵਾਹਿਗੁਰੂ ਦੀ ਅਵਾਜ਼ ਕੌਣ ਦੇ ਰਿਹਾ ਹੈ? ਗੁਰੂ ਮਹਾਰਾਜ ਇਥੇ ਜਾ ਕੇ ਵੀ ਨਾ ਬੋਲੇ। ਪੁੱਛਣ ਤੇ ਖੂਹ ਵਿਚੋਂ ਆਵਾਜ਼ ਆਈ ਮੈਂ ਪਾਰਬ੍ਰਹਮ ਪ੍ਰਮੇਸ਼ਰ ਸਰੂਪ ਪੂਰਨ ਸਤਿਗੁਰੂ ਦਾ ਇਕ ਗਰੀਬੜਾ ਜਿਹਾ ਸਿੱਖ ਹਾਂ। ਹਨ੍ਹੇਰੀ ਬਹੁਤੀ ਸੀ ਮੇਰੇ ਸਤਿਗੁਰੂ ਜੀ ਜਾਣਦੇ ਹਨ, ਮੈਂ ਖੂਹ ਵਿਚ ਗਿਰ ਗਿਆ ਹਾਂ। ਗੁਰੂ ਮਹਾਰਾਜ ਦੇ ਨਾਲ ਆਏ ਗੁਰਸਿੱਖਾਂ ਨੇ ਰੱਸੇ ਖੂਹ ਵਿਚ ਫਿਰ੍ਹਾ ਦਿਤੇ ਅਤੇ ਕਿਹਾ ਕਿ ਰੱਸੇ ਨੂੰ ਫੜ ਕੇ ਨਿਕਲ ਆ। ਉਸ ਵੇਲੇ ਭਾਈ ਮੰਝ ਨੇ ਕਿਹਾ ਕਿ ਪਿਆਰਿਓ! ਜੇ ਤੁਸੀਂ ਮੈਨੂੰ ਕੱਢਣਾ ਹੀ ਹੈ ਤਾਂ ਮੇਰੇ ਤੋਂ ਪਹਿਲਾਂ ਗੁਰੂ ਦੇ ਲੰਗਰ ਦੀਆਂ ਲੱਕੜਾਂ ਦਾ ਭਰਾ ਕੱਢ ਲਵੋ, ਇਹ ਅਜੇ ਤਕ ਸੁੱਕਾ ਹੈ ਤਾਂ ਕਿ ਲੰਗਰ ਲਈ ਬਾਲਣ ਪਹੁੰਚ ਜਾਵੇ, ਮੇਰਾ ਫਿਕਰ ਨਾ ਕਰੋ। ਦੂਸਰੀ ਲੱਜ ਹੋਰ ਫਿਰਾਹੀ ਗਈ। ਭਾਈ ਮੰਝ ਜੀ ਬਾਹਰ ਨਿਕਲ ਆਏ। ਜਦੋਂ ਆਪ ਨੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਕੀਤੇ, ਆਪ ਗੁਰੂ ਮਹਾਰਾਜ ਜੀ ਦੇ ਪਿਆਰੇ ਚਿਹਰੇ ਦਾ ਜਲਾਲ ਸਹਿ ਨਾ ਸਕੇ ਅਤੇ ਇਕ ਦਮ ਚਰਨਾਂ ਤੇ ਢਹਿ ਪਏ। ਆਪ ਜੀ ਦਾ ਬੈਰਾਗ ਛੁਟ ਗਿਆ ਅਤੇ ਨੇਤਰਾਂ ਵਿਚੋਂ ਛਮਾ-ਛਮ ਜਲ ਦੀਆਂ ਧਾਰਾਂ ਵਹਿ ਤੁਰੀਆਂ। ਐਉਂ ਪ੍ਰਤੀਤ ਦੇ ਰਿਹਾ ਸੀ ਜਿਵੇਂ ਛਾਛੜੇ ਦਾ ਮੀਂਹ ਪੈ ਕੇ ਉਸ ਦੇ ਸਾਰੇ ਸਰੀਰ ਉਪਰੋਂ ਵਹਿ ਰਿਹਾ ਹੋਵੇ। ਗੁਰੂ ਮਹਾਰਾਜ ਝੁਕੇ ਅਤੇ ਬਾਂਹ ਤੋਂ ਫੜ ਕੇ ਕਲਾਵੇ ਵਿਚ ਲੈ ਲਿਆ ਅਤੇ ਛਾਤੀ ਨਾਲ ਲਾ ਕੇ ਘੁਟਿਆ। ਉਸ ਵੇਲੇ ਗੁਰੂ ਮਹਾਰਾਜ ਦੇ ਨੇਤਰਾਂ ਵਿਚੋਂ ਵੀ ਵਾਤਸਲ ਪਿਆਰ ਦੇ ਰੂਪ ਵਿਚ ਹੰਝੂਆਂ ਦੀ ਧਾਰ ਚਲ ਰਹੀ ਸੀ। ਐਉਂ ਪ੍ਰਤੀਤ ਦੇ ਰਿਹਾ ਸੀ ਜਿਵੇਂ ਸਾਗਰ ਨਦੀ ਨੂੰ ਆਪਣੇ ਵਿਚ ਮਿਲਾਉਣ ਲਈ ਆਪਣਾ ਰੂਪ ਦੇਣ ਲਈ ਪੂਰੇ ਜੋਬਨ ਤੇ ਹੋਵੇ, ਪੂਰਾ ਜਵਾਹਰਭਾਟਾ ਉਸ ਵਿਚ ਉਠਿਆ ਹੋਵੇ। ਉਸ ਪਿਆਰ ਦੇ ਜਵਾਹਰਭਾਟੇ ਦੀ ਕਾਂਗ ਵਿਚੋਂ ਦਿਲ ਚੀਰਵੀਂ ਅਵਾਜ਼ ਆਈ –

*ਮੰਝ ਪਿਆਰਾ ਗੁਰੂ ਨੂੰ,*
*ਗੁਰੁ ਮੰਝ ਪਿਆਰਾ*

*ਮੰਝ ਗੁਰੂ ਕਾ ਬੋਹਿਥਾ,*
*ਜਗ ਲੰਘਣਹਾਰਾ।*

ਉਸ ਵੇਲੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਭਾਈ ਮੰਝ! ਜੋ ਕੁਝ ਮੰਗਣਾ ਹੈ ਮੰਗ, ਅਸੀਂ ਗੁਰੂ ਤੋਂ ਦਿਵਾਵਾਂਗੇ। ਉਸ ਵੇਲੇ ਭਾਈ ਮੰਝ ਨੇ ਬੇਨਤੀ ਕੀਤੀ ਪਾਤਸ਼ਾਹ! ਕਲਜੁਗ ਦਾ ਸਮਾਂ ਲੰਘ ਰਿਹਾ ਹੈ। ਆਪ ਨੇ ਗੁਰਮੁਖ ਦੀ ਮਤ ਨੂੰ ਅਹਰਣ ਵਰਗੀ ਕਿਹਾ ਹੈ ਪਰ ਪਾਤਸ਼ਾਹ! ਅੱਜ ਅਸਾਡੇ ਭਰੋਸੇ ਕੱਚੇ ਹਨ, ਅਸੀਂ ਤਾਂ ਪੈਰ-ਪੈਰ ਉਪਰ ਡੋਲਦੇ ਹਾਂ, ਆਪ ਦੀ ਕਸਵੱਟੀ ਨੂੰ ਸਹਿਨ ਵਾਲਾ ਕੋਈ ਵੀ ਨਹੀਂ। ਕ੍ਰਿਪਾ ਕਰਕੇ ਰਿਆਇਤੀ ਨੰਬਰ ਦੇ ਕੇ ਪਾਸ ਕਰ ਦਿਆ ਕਰੋ। ਆਪ ਨੇ ਕਿਹਾ ਭਾਈ ਮੰਝ! ਗੁਰੂ ਇਹ ਚਾਹੁੰਦਾ ਹੈ ਗੁਰਸਿੱਖ ਮੇਰਾ ਰੂਪ ਬਣ ਜਾਵੇ। ਉਹ ਚਾਹੁੰਦਾ ਹੈ ਗੁਰੂ, ਪ੍ਰਮੇਸ਼ਰ ਅਤੇ ਗੁਰਸਿੱਖ ਦਾ ਕੋਈ ਭੇਦ ਨਾ ਰਹੇ। ਪਿਆਰਿਆ! ਸਿੱਖ ਜਦੋਂ ਤਕ ਗੁਰੂ ਵਲੋਂ ਲਾਈ ਕਸਵੱਟੀ ਪੂਰੀ ਤਰ੍ਹਾਂ ਮਰਜੀਵੜਾ ਹੋ ਕੇ ਸਹਿ ਨਹੀਂ ਜਾਂਦਾ, ਉਨੀਂ ਦੇਰ ਤਕ ਗੁਰੂ ਉਸ ਵਿਚੋਂ ਖੋਟ ਨੂੰ ਕੱਢਣ ਦਾ ਜਤਨ ਕਰਦਾ ਹੈ ਅਤੇ ਬਾਰ-ਬਾਰ ਤਾਓ ਦਿੰਦਾ ਹੈ। ਜਿਵੇਂ ਸੋਨੇ ਨੂੰ ਬਾਰ-ਬਾਰ ਅੱਗ ਉਤੇ ਚਾੜ੍ਹ ਕੇ ਉਸ ਨੂੰ ਬਾਰ੍ਹਾਂ ਵੰਨੀ ਦਾ ਸੋਨਾ ਬਣਾਇਆ ਜਾਂਦਾ ਹੈ ਇਵੇਂ ਗੁਰੂ, ਸਿੱਖ ਨੂੰ ਪੂਰਨ ਰੂਪ ਵਿਚ ਦੇਖਣਾ ਚਾਹੁੰਦਾ ਹੈ। ਸੋ ਇਹ ਅਹਰਣ ਵਰਗੀ ਅਚੱਲ ਮਤ ਦੀ ਇਕ ਉਦਾਹਰਣ ਹੈ ਜੋ ਅਸਾਡੇ ਲਈ ਰੋਸ਼ਨੀ ਦਾ ਮੁਨਾਰਾ ਹੈ। ਸੋ ਜੋ ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਜਤੁ ਪਹਾਰਾ ਧੀਰਜੁ ਸੁਨਿਆਰੁ॥*
*ਅਹਰਣਿ ਮਤਿ ਵੇਦੁ ਹਥੀਆਰੁ॥*
*ਭਉ ਖਲਾ ਅਗਨਿ ਤਪ ਤਾਉ॥*
*ਪੰਨਾ - 8*

ਗੁਰੂ ਮਹਾਰਾਜ ਜੀ ਭਾਈ ਮੰਝ ਦੀ ਘਾਲ ਕਮਾਈ ਤੋਂ ਐਤਨੇ ਪ੍ਰਸੰਨ ਹੋਏ ਕਿ ਆਪ ਜੀ ਨੇ ਉਸ ਨੂੰ ਬ੍ਰਹਮਗਿਆਨ ਦੀ ਦਾਤ, ਰਿੱਧੀਆਂ-ਸਿੱਧੀਆਂ, ਬਰਕਤਾਂ ਬਖਸ਼ ਕੇ ਵਾਪਸ ਪਿੰਡ ਭੇਜ ਦਿਤਾ। ਵਾਪਸੀ ਵਿਚ ਜਿਨ੍ਹਾਂ ਨੇ ਲੜਕੀ ਅਤੇ ਪਤਨੀ ਦੀ ਸੇਵਾ ਬਦਲੇ ਪੈਸੇ ਦਿਤੇ ਸਨ, ਉਹ ਪਛਤਾ ਕੇ ਭਾਈ ਮੰਝ ਨੂੰ ਮਿਲੇ ਕਿ ਅਸੀਂ ਤਾਂ ਬਹੁਤ ਭਾਰੀ ਭੁੱਲ ਕੀਤੀ। ਪਤਾ ਨਹੀਂ ਅਸਾਡੀ ਮਤ ਨੂੰ ਕੀ ਹੋ ਗਿਆ ਸੀ। ਇਸੇ ਤਰ੍ਹਾਂ ਜਦੋਂ ਆਪ ਪਿੰਡ ਪਹੁੰਚੇ ਤਾਂ ਸਾਰਾ ਪਿੰਡ ਚਰਨਾਂ ਤੇ ਝੁਕ ਗਿਆ ਅਤੇ ਕਹਿਣ ਲੱਗੇ ਕਿ ਭਾਈ ਮੰਝ! ਕਿੱਡੀ ਜ਼ਿਆਦਤੀ ਤੇਰੇ ਨਾਲ ਅਸੀਂ ਕੀਤੀ, ਤੂੰ ਪਹਿਲਾਂ ਸਾਨੂੰ ਆਪ ਬਖਸ਼ ਲੈ ਅਤੇ ਫੇਰ ਉਸ ਗੁਰੂ ਕੋਲ ਲੈ ਚਲ ਜਿਸ ਦਾ ਤੂੰ ਸਿੱਖ ਬਣਿਆ ਹੋਇਆ ਹੈ। ਤੂੰ ਆਪਣੀ ਜ਼ਮੀਨ ਸਾਂਭ, ਅਸੀਂ ਫਸਲਾਂ ਬੀਜਾਂਗੇ, ਤੇਰੇ ਨਾਲ ਕੰਮ ਕਰਾਂਗੇ, ਦਿਨਾਂ ਵਿਚ ਤੇਰੇ ਸਾਰੇ ਘਾਟੇ ਪੂਰੇ ਹੋ ਜਾਣਗੇ। ਤੂੰ ਧੰਨ ਹੈਂ ਜਿਸ ਨੇ ਗੁਰੂ ਤੋਂ ਸਭ ਕੁਝ ਕੁਰਬਾਨ ਕੀਤਾ। ਤੂੰ ਆਪਣੀ ਕੁਲ ਨੂੰ ਤਾਂ ਤਾਰਨਾ ਹੀ ਸੀ, ਹੋਰ ਵੀ ਕਈਆਂ ਦਾ ਉਧਾਰ ਹੋ ਜਾਵੇਗਾ। ਭਾਈ ਮੰਝ ਦੀ ਕ੍ਰਿਪਾ ਨਾਲ ਪੂਰੀ ਤਰ੍ਹਾਂ ਗੁਰਸਿੱਖੀ ਪ੍ਰਫੁੱਲਤ ਹੋਈ ਅਤੇ ਸਖੀ ਸਰਵਰ ਦੀ ਕਬਰ ਨੂੰ ਛੱਡ ਕੇ ਉਹ ਗੁਰੂ ਪਾਸੋਂ ਨਾਮ ਲੈ ਕੇ ਜਪਣ ਲੱਗੇ। ਇਹ ਇਕ ਦ੍ਰਿਸ਼ਟਾਂਤ ਹੈ ਜੋ ਅਹਰਣ ਵਰਗੀ ਮਤ ਦਾ ਪ੍ਰਤੀਕ ਹੈ ਇਸ ਤੋਂ ਅੱਗੇ ਗੁਰੂ ਮਹਾਰਾਜ ਜੀ ਨੇ ਧਰਮ ਪੁਸਤਕਾਂ ਵੇਦ ਆਦਿ ਨੂੰ ਹਥਿਆਰ ਦਾ ਪ੍ਰੀਤਕ ਦਿਤਾ ਹੈ ਜਿਨ੍ਹਾਂ ਵਲੋਂ ਦਿਤੀ ਹੋਈ ਸਿਖਿਆ ਅਹਰਣ ਮਤ ਉਤੇ ਘਾਲ ਕਮਾਈ ਨਾਲ ਘੜੀ ਜਾਂਦੀ ਹੈ।

ਮਤ ਅਹਰਣ ਵਰਗੀ ਧਾਰਨ ਲਈ ਵਿਸ਼ੇਸ਼ ਹੁਕਮ ਹੈ। ਗਿਆਨ ਦੇ ਬਚਨ ਵੇਦਾਂ, ਸਾਸ਼ਤਰਾਂ, ਮਹਾਂਪੁਰਸ਼ਾਂ ਦੇ ਕਮਾਏ ਹੋਏ ਬਚਨ ਸਤਿਸੰਗ ਵਿਚ ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ, ਮੰਨਣ ਦੇ, ਨਿਧਿਆਸਣ ਦੇ, ਤੱਤ ਗਿਆਨ ਦੇ ਇਸ ਮਨ ਉਪਰ ਹਥੌੜੇ ਪੈਂਦੇ ਨੇ। ਗਹਿਣੇ ਘੜਨ ਲਈ ਡਾਈ (ਸੰਚਾ) ਬਣ ਜਾਂਦੀ ਹੈ, ਇਹ ਡੋਲਦੀ ਨਹੀਂ, ਇਸ ਦਾ ਕੋਈ ਕਿਨਾਰਾ ਟੁੱਟਦਾ ਨਹੀਂ, ਗੱਲਾਂ ਸੁਣ ਕੇ ਐਧਰ-ਉਧਰ ਨਹੀਂ ਭਟਕਦੀ। ਗੁਰਮਤਿ ਤੋਂ ਬਗੈਰ ਜੋ ਹੋਰ ਬਚਨ ਹਨ ਉਹ ਇਸ ਬਣੀ ਹੋਈ ਡਾਈ ਵਿਚ ਫਿੱਟ ਨਹੀਂ ਆਉਂਦੇ। ਉਹ ਇਸ ਉਤੇ ਕੋਈ ਅਸਰ ਨਹੀਂ ਕਰ ਸਕਦੇ। ਦ੍ਰਿੜ੍ਹ ਹੋਈ ਮਤ ਨੂੰ ਨਾ ਹੀ ਕੋਈ ਆਨਮਤਾਂ ਦਾ ਗ੍ਰੰਥ ਚਲਾਏਮਾਨ ਕਰ ਸਕਦਾ ਹੈ ਅਤੇ ਨਾ ਹੀ ਕੋਈ ਮਤ-ਮਤਾਂਤਰ ਗੁਰਮਤਿ ਗਾਡੀ ਰਾਹ ਤੋਂ ਭੁਲਾ ਸਕਦੇ ਹਨ।

ਪਰ ਸਾਧਸੰਗਤ ਜੀ! ਵਿਚਾਰ ਕਰੋ ਕਿ ਅਸਾਡੀ ਮਤ ਕਿਹੋ ਜਿਹੀ ਹੈ, ਅਸੀਂ ਨਿਗੁਰੇ ਬਾਰੇ ਸੁਣ ਕੇ ਗੁਰੂ ਧਾਰਨ ਦਾ ਫੈਸਲਾ ਕਰ ਲੈਂਦੇ ਹਾਂ। ਗੁਰੂ ਘਰ ਵਿਚ ਅੰਮ੍ਰਿਤ ਛਕ ਲੈਂਦੇ ਹਾਂ ਉਸ ਤੋਂ ਪਿਛੋਂ ਕੁਸੰਗ ਮਿਲ ਜਾਂਦਾ ਹੈ ਅਤੇ ਬਹੁਤ ਛੇਤੀ ਹੀ ਪਤਿਤ ਹੋ ਜਾਂਦੇ ਹਾਂ। ਸ਼ਰਾਬ ਪੀ ਲਈ, ਫੇਰ ਮਾਸ ਖਾ ਲਿਆ ਫੇਰ ਕੁਰਹਿਤਾਂ ਵਿਚ ਪ੍ਰਵਿਰਤ ਹੋ ਗਏ। ਇਹ ਕਿਉਂ ਹੁੰਦਾ ਹੈ ਕਿਉਂਕਿ ਸਾਡੀ ਮਤ ਕੱਚੀ ਹੈ, ਅਹਰਣ ਵਰਗੀ ਨਹੀਂ ਹੈ।

ਇਕ ਪ੍ਰੇਮੀ ਜਿਸ ਨੇ ਬੜੇ ਹੀ ਉਤਸ਼ਾਹ ਦੇ ਨਾਲ ਅੰਮ੍ਰਿਤ ਛਕ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਕੀਤਾ। ਕਾਫੀ ਸਮੇਂ ਤੋਂ ਬਾਅਦ ਮੇਰੇ ਪਾਸ ਆਇਆ ਤਾਂ ਮੈਂ ਦੇਖ ਕੇ ਹੈਰਾਨ ਹੋ ਗਿਆ ਕਿ ਉਸ ਦੀ ਹਾਲਤ ਅਤੇ ਉਸ ਦਾ ਉਤਸ਼ਾਹ ਪਹਿਲਾਂ ਵਰਗਾ ਨਹੀਂ ਸੀ। ਮੈਂ ਅੰਦਾਜ਼ਾ ਲਾ ਲਿਆ ਕਿ ਇਹਦੇ ਉਤੇ ਕੋਈ ਭੈੜਾ ਅਸਰ ਹੋਇਆ ਹੋਇਆ ਹੈ। ਮੈਂ ਉਸ ਨੂੰ ਕਿਹਾ ਕਿ ਤੂੰ ਤਾਂ ਵੱਧ ਚੜ੍ਹ ਕੇ ਸੇਵਾ ਕਰਦਾ ਸੀ, ਤੂੰ ਹੋਰਾਂ ਨੂੰ ਵੀ ਗੁਰੂ ਧਾਰਨ ਕਰਨ ਲਈ ਮਤ ਦਿੰਦਾ ਸੀ ਪਰ ਤੈਨੂੰ ਕੀ ਹੋ ਗਿਆ? ਹੁਣ ਤੇਰੇ ਕਕਾਰ ਵੀ ਪੂਰੇ ਨਜ਼ਰ ਨਹੀਂ ਆ ਰਹੇ? ਪਹਿਲਾਂ ਤਾਂ ਉਹ ਚੁੱਪ ਕਰ ਰਿਹਾ ਅਤੇ ਬਾਰ-ਬਾਰ ਮੇਰੇ ਪੁੱਛਣ ਤੇ ਉਸ ਨੇ ਦਸਿਆ ਕਿ ਮੈਂ ਸ਼ਰਾਬ ਪੀ ਲਈ ਹੈ, ਸ਼ਰਾਬ ਪੀਣ ਨਾਲ ਮਤ ਮਾਰੀ ਗਈ ਤੇ ਮੈਂ ਪਤਿਤ ਹੋ ਗਿਆ। ਮੈਂ ਕਿਹਾ, ਕੀ

ਗੱਲ ਹੈ, ਤੂੰ ਤਾਂ ਆਪ ਸਾਰਿਆਂ ਨੂੰ ਸ਼ਰਾਬ ਪੀਣ ਤੋਂ ਹਟਾਉਂਦਾ ਹੁੰਦਾ ਸੀ? ਉਸ ਨੇ ਕਿਹਾ ਕਿ ਮੈਂ ਕਿਸੇ ਵਿਆਹ ਵਿਚ ਚਲਿਆ ਗਿਆ। ਉਥੇ ਇਕ ਕਕਾਰਾਂ ਦਾ ਧਾਰਨੀ ਪੁਰਸ਼ ਜਿਸਨੇ ਬਹੁਤ ਸੋਹਣੇ ਕਕਾਰ ਧਾਰਨ ਕੀਤੇ ਹੋਏ ਸਨ ਅਤੇ ਪੱਗ ਵੀ ਨੀਲੀ ਬੰਨ੍ਹੀ ਹੋਈ ਸੀ। ਮੇਰਾ ਉਸ ਨਾਲ ਪਿਆਰ ਹੋਣਾ ਕੁਦਰਤੀ ਸੀ ਕਿਉਂਕਿ ਮੈਨੂੰ ਹਮ ਖਿਆਲ ਮਿਲ ਗਿਆ ਸੀ, ਬਾਕੀ ਤਾਂ ਉਥੇ ਭੂਤ ਪ੍ਰੇਤ ਹੀ ਨਚ ਰਹੇ ਸਨ। ਉਹ ਮੈਨੂੰ ਲੈ ਕੇ ਪਿੰਡ ਤੋਂ ਬਾਹਰ ਚਲਿਆ ਗਿਆ। ਟਿਊਬਵੈਲ ਚਲ ਰਿਹਾ ਸੀ ਅਤੇ ਉਸ ਦਾ ਪਾਣੀ ਖੇਤਾਂ ਨੂੰ ਜਾ ਰਿਹਾ ਸੀ। ਪਾਣੀ ਲਾਉਣ ਵਾਲਾ ਕਾਫੀ ਦੂਰ ਪਾਣੀ ਲਾ ਰਿਹਾ ਸੀ ਉਸ ਨੇ ਇਧਰ ਉਧਰ ਦੇਖਿਆ ਤੇ ਇਕ ਗਿਲਾਸ ਝੋਲੇ ਵਿਚੋਂ ਕੱਢਿਆ ਅਤੇ ਮੈਂ ਦੇਖਿਆ ਕਿ ਉਸ ਨੇ ਸ਼ਰਾਬ ਦਾ ਪਊਆ ਵੀ ਰੱਖਿਆ ਹੋਇਆ ਸੀ। ਉਸ ਨੇ ਸ਼ਰਾਬ ਮੈਨੂੰ ਦੇ ਕੇ ਕਿਹਾ ਕਿ ਆਪਾਂ ਵਿਆਹ ਵਿਚ ਆਏ ਹੋਏ ਹਾਂ ਖੁਸ਼ੀਆਂ ਦੇ ਮੰਗਲਾਚਰਣ ਹਨ, ਸਾਰਾ ਵਾਤਾਵਰਣ ਖੁਸ਼ੀਆਂ ਦਾ ਹੈ, ਸੋਗ ਵਿਚ ਆਪਾਂ ਕਿਉਂ ਰਹਿਣਾ ਹੈ, ਲੈ ਘੁੱਟ ਪੀ ਲੈ। ਮੈਂ ਕਿਹਾ, ਮੈਂ ਤਾਂ ਅੰਮ੍ਰਿਤਧਾਰੀ ਹਾਂ। ਉਸ ਨੇ ਕਿਹਾ ਤੂੰ ਮੇਰੇ ਤੋਂ ਵੀ ਵੱਡਾ ਅੰਮ੍ਰਿਤਧਾਰੀ ਹੈ? ਮੈਂ ਤਾਂ ਉਪਦੇਸ਼ ਵੀ ਦਿੰਦਾ ਹਾਂ ਤੂੰ ਅਜੇ ਨਵੀਂ-ਨਵੀਂ ਸਿੱਖੀ ਧਾਰਨ ਕੀਤੀ ਹੈ, ਸ਼ਰਾਬ ਵਿਚ ਕੀ ਦੋਸ਼ ਹੈ, ਇਹ ਤੂੰ ਮੈਨੂੰ ਆਪੇ ਸੋਚ ਕੇ ਦੱਸ। ਦੇਖ ਪਾਣੀ ਹੈ, ਉਸ ਵਿਚ ਕਿੱਕਰ ਦਾ ਸੱਕ ਪਾਇਆ ਹੋਇਆ ਹੈ, ਮੈਂ ਘੜੇ ਵਿਚ ਅੰਗੂਰ ਵੀ ਲਿਆ ਕੇ ਪਾਏ ਹੋਏ ਸਨ, ਹੋਰ ਵੀ ਫਲ ਆਦਿ ਪਾਏ ਹੋਏ ਸਨ ਉਹ ਜਦੋਂ ਬਣ ਗਏ ਤਾਂ ਮੈਂ ਅੱਗ ਤੇ ਧਰ ਕੇ ਉਸ ਦਾ ਅਰਕ ਕੱਢ ਲਿਆ। ਇਹਦੇ ਵਿਚ ਕਿਹੜੀ ਮਾੜੀ ਚੀਜ਼ ਹੈ, ਤਮਾਕੂ ਤਾਂ ਨਹੀਂ ਨਾ ਪਾਇਆ ਹੋਇਆ? ਇਹਦੇ ਪੀਣ ਵਿਚ ਕੀ ਹਰਜ਼ ਹੈ, ਸ਼ਰਾਬ ਤਾਂ ਉਹ ਖਰਾਬ ਹੁੰਦੀ ਹੈ ਜਿਹੜੀ ਪੀ ਕੇ ਖੌਰੂ ਪਾਵੇ ਆਪਾਂ ਤਾਂ ਦੋ-ਦੋ ਘੁੱਟ ਪੀ ਕੇ ਇਸ ਖੁਸ਼ੀ ਵਿਚ ਸ਼ਾਮਿਲ ਹੋਣਾ ਹੈ। ਮੇਰੇ ਨਾਂਹ-ਨਾਂਹ ਕਰਦਿਆਂ ਉਸ ਨੇ ਮੇਰੇ ਮੂੰਹ ਨੂੰ ਲਾ ਦਿਤੀ। ਮੈਂ ਵੀ ਲਿਹਾਜ਼ ਵਿਚ ਆ ਗਿਆ ਅਤੇ ਸ਼ਰਾਬ ਪੀ ਲਈ। ਫੇਰ ਆਪ ਹੀ ਰੋਜ਼ ਲਿਆ ਕੇ ਮੈਂ ਸ਼ਰਾਬ ਪੀਣ ਲੱਗ ਗਿਆ। ਹੁਣ ਮੈਂ ਤੁਹਾਡੇ ਕੋਲ ਕਿਵੇਂ ਆਵਾਂ, ਸਤਿਸੰਗ ਵਿਚ ਕਿਵੇਂ ਆਵਾਂ ਮੈਨੂੰ ਆਪ ਹੀ ਆਪਣੇ ਆਪ ਤੇ ਸ਼ਰਮ ਆਉਂਦੀ ਹੈ। ਕਹਿਣ ਲੱਗਾ, ਇਥੇ ਹੀ ਬੱਸ ਨਹੀਂ, ਮੈਨੂੰ ਜਦੋਂ ਸ਼ਰਾਬ ਪਿਲਾ ਦਿਤੀ ਫੇਰ ਉਸ ਨੇ ਮੈਨੂੰ ਕਿਹਾ ਕਿ ਮਾਸ ਤਾਂ ਸ਼ਰਾਬ ਦਾ ਪੱਕਾ ਸਾਥੀ ਹੈ, ਮਾਸ ਤਾਂ ਸਾਰੇ ਸਿੰਘ ਖਾਂਦੇ ਹੀ ਹਨ ਤੂੰ ਰਾਧਾ ਸੁਆਮੀ ਬਣ ਗਿਆ ਹੈਂ ਕਿ ਮਾਸ ਨਹੀਂ ਖਾਂਦਾ? ਸਿੰਘਾਂ ਦੀ ਤਾਂ ਖੁਰਾਕ ਹੀ ਮਾਸ ਹੈ, ਸਿੰਘ ਸ਼ੇਰ ਹਨ, ਸ਼ੇਰ ਦੀ ਖੁਰਾਕ ਕਦੇ ਰੋਟੀਆਂ ਹੁੰਦੀਆਂ ਹਨ? ਸ਼ੇਰ ਤਾਂ ਮਾਸ ਹੀ ਖਾਇਆ ਕਰਦੇ ਹਨ। ਮੈਂ ਕਿਹਾ ਭਾਈ ਸਾਹਿਬ! ਸ਼ੇਰ ਤਾਂ ਤਮੋ ਗੁਣੀ ਜਾਨਵਰ ਹੈ, ਅਸਾਨੂੰ ਗੁਰੂ ਮਹਾਰਾਜ ਜੀ ਨੇ ਗੁਰਮੁਖ ਬਣਾਇਆ ਹੈ। ਕਹਿੰਦਾ ਮੈਂ ਕਈ ਦਲੀਲਾਂ ਦਿਤੀਆਂ ਪਰ ਅੰਦਰੋਂ ਮੈਂ ਸ਼ਰਾਬ ਪੀ ਕੇ ਹਿੱਲਿਆ ਹੋਇਆ ਸੀ ਅਤੇ ਮੇਰਾ ਵੀ ਜੀਅ ਕਰਦਾ ਸੀ ਕਿ ਮੈਂ ਵੀ ਮਾਸ ਖਾ ਹੀ ਲਿਆ ਕਰਾਂ। ਜੇ ਇਸ ਨੂੰ ਕੁਝ ਨਹੀਂ ਹੁੰਦਾ ਤਾਂ ਮੈਨੂੰ ਵੀ ਕੀ ਹੋਣਾ ਹੈ। ਕਹਿਣ ਲੱਗਿਆ, ਮੈਂ ਬੜੇ ਪਿਆਰ ਨਾਲ ਬਾਣੀ ਪੜ੍ਹਿਆ ਕਰਦਾ ਸੀ ਕਿਧਰੇ ਮੇਰੇ ਸਤਿਸੰਗ ਸੁਣੇ ਹੋਏ ਗਏ, ਉਪਦੇਸ਼ ਸੁਣੇ ਹੋਏ ਗਏ, ਕਿਧਰੇ ਮੇਰੇ ਨਿਸ਼ਚੇ ਗਏ, ਮੈਂ ਇਸ ਹਾਲਤ ਵਿਚ ਪਹੁੰਚ ਗਿਆ ਕਿ ਮੇਰਾ ਹੁਣ ਬਿਲਕੁਲ ਜੀਅ ਨਹੀਂ ਕਰਦਾ ਕਿ ਮੈਂ ਸਤਿਸੰਗ ਵਿਚ ਆਵਾਂ। ਹੁਣ ਮੇਰੇ ਮਨ ਵਿਚ ਆਇਆ ਕਿ ਉਤੋਂ-ਉਤੋਂ ਸਿੱਖੀ ਧਾਰਨ ਦਾ ਕੀ ਫਾਇਦਾ ਹੈ, ਲੋਕਾਂ ਨੂੰ ਧੋਖਾ ਦੇਣ ਵਾਲੀ ਗੱਲ ਹੈ, ਮੈਂ ਕਕਾਰ ਵੀ ਲਾਹ ਦਿਤੇ।

ਉਸ ਪ੍ਰੇਮੀ ਨੂੰ ਮੈਂ ਫੇਰ ਸਮਝਾਇਆ ਕਿ ਕੋਈ ਨਹੀਂ ਇਹ ਰਸਤਾ ਤਿਲਕਣ ਦਾ ਹੈ। ਵੱਡੇ-ਵੱਡੇ ਤਿਲਕਦੇ ਹਨ, ਗਿੱਟੇ, ਗੋਡਿਆਂ ਤੇ ਸੱਟਾਂ ਲੁਆ ਲੈਂਦੇ ਹਨ, ਸੂਰਮਾ ਉਹ ਹੈ ਜੋ ਸੱਟਾਂ ਖਾ ਕੇ ਫੇਰ ਉਠ ਜਾਵੇ। ਪੰਜਾਂ ਪਿਆਰਿਆ ਤੋਂ ਤੂੰ ਦੁਬਾਰਾ ਅੰਮ੍ਰਿਤ ਛਕ ਲੈ, ਜੋ ਸਜ਼ਾ ਲਾਉਣਗੇ ਉਹ ਤੂੰ ਮੰਨ ਲਈਂ। ਤੇਰਾ ਲੇਖਾ ਇਥੇ ਹੀ ਮੁੱਕ ਜਾਵੇਗਾ।

ਇਹ ਸੈਂਕੜੇ ਵਰਤ ਰਹੀਆਂ ਉਦਾਹਰਣਾਂ ਵਿਚੋਂ ਇਕ ਉਦਾਹਰਣ ਹੈ, ਇਹ ਦੱਸ ਰਹੀ ਹੈ ਕਿ ਜਦੋਂ ਕੱਚੀ ਮਤ ਹੁੰਦੀ ਹੈ ਤਾਂ ਉਸ ਦੇ ਵਿਸ਼ਵਾਸ਼ ਕੱਚੇ ਹੋਇਆ ਕਰਦੇ ਹਨ। ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਸ਼ਬਦ ਦੀ ਘਾੜਤ ਲਈ ਦਸਮ ਦੁਆਰ ਅਤੇ ਸਚਖੰਡ ਵਿਚ ਪ੍ਰਵੇਸ਼ ਕਰਨ ਦੀ ਲਾਲਸਾ ਹੈ ਤਾਂ ਇਨ੍ਹਾਂ ਰਹਿਤਾਂ ਨੂੰ ਰੱਖ ਕੇ ਮਤ ਨੂੰ ਦ੍ਰਿੜ ਰੱਖ ਕੇ, ਮਤ ਨੂੰ ਡੋਲ੍ਹਣ ਨਾ ਦੇਵੇ, ਫੇਰ ਪੂਰੀ ਹੁੰਦੀ ਹੈ। ਉਨ੍ਹਾਂ ਗੁਰਸਿੱਖਾਂ ਦੀਆਂ ਕੁਰਬਾਨੀਆਂ ਯਾਦ ਕਰ ਜਿਨ੍ਹਾਂ ਨੇ ਚਰਖੜੀਆਂ ਤੇ ਚੜ੍ਹ ਕੇ ਆਪਣੇ ਸਰੀਰ ਦੀਆਂ ਤੁੰਬੀਆਂ-ਤੁੰਬੀਆਂ ਉਡਵਾ ਲਈਆਂ, ਪੁੱਠੀਆਂ ਖੱਲ੍ਹਾਂ ਲੁਹਾ ਲਈਆਂ, ਜਿਉਂਦਿਆਂ ਨੂੰ ਅੱਗਾਂ ਵਿਚ ਸਾੜ ਦਿਤਾ ਗਿਆ, ਉਬਲਦੇ ਪਾਣੀ ਵਿਚ ਆਲੂਆਂ ਵਾਂਗੂੰ ਉਬਾਲ ਦਿਤੇ ਗਏ ਪਰ ਉਨ੍ਹਾਂ ਨੇ ਗੁਰਮਤਿ ਦੇ ਅਸੂਲ ਨਹੀਂ ਛੱਡੇ। ਸੀਸ ਦੇ ਦਿਤੇ ਪਰ ਕੁਮੱਤ ਧਾਰਨ ਨਹੀਂ ਕੀਤੀ। ਸੋ ਅਹਰਣ ਵਰਗੀ ਮਤ ਜਦੋਂ ਗੁਰ ਉਪਦੇਸ਼ ਸੁਣ ਕੇ ਉਨ੍ਹਾਂ ਨੂੰ ਧਾਰਨ ਕਰਦਾ ਹੈ ਤਾਂ ਸੱਚੀ ਟਕਸਾਲ ਵਿਚ ਸ਼ਬਦ ਦੀ ਘਾੜਤ ਹੋਣੀ ਸ਼ੁਰੂ ਹੋ ਜਾਂਦੀ ਹੈ। ਜਿਸ ਲਈ ਹੋਰ ਚੀਜ਼ਾਂ ਦੀ ਲੋੜ ਹੈ।

ਵਾਹਿਗੁਰੂ ਜੀ ਸਾਰੇ ਪਰੀਪੂਰਨ ਹਨ, ਇਹ ਨਿਸ਼ਚਾ ਰੱਖਣਾ ਕਿ ਉਹ ਮੈਨੂੰ ਹਰ ਸਮੇਂ ਦੇਖਦਾ ਹੈ, ਜੋ ਮੈਂ ਬੋਲਦਾ ਹਾਂ ਉਹ ਵੀ ਜਾਣਦਾ ਹੈ, ਜੋ ਮੈਂ ਕਾਨਾਂਫੂਸੀ ਦੇ ਰੂਪ ਵਿਚ ਬੋਲਦਾ ਹਾਂ ਉਹ ਵੀ ਸੁਣਦਾ ਹੈ, ਜੋ ਮੈਂ ਹਿਰਦੇ ਵਿਚ ਚਿਤਵਦਾ ਹਾਂ ਉਹ ਵੀ ਉਹ ਸੁਣਦਾ ਹੈ, ਉਹ ਮੇਰੇ ਅੰਦਰ ਬਾਹਰ ਸਾਰੇ ਪਰੀਪੂਰਨ ਹੈ, ਇਸ ਨਿਸ਼ਚੇ ਤੇ ਰਹਿ ਕੇ ਉਸ ਦਾ ਨਾਮ ਜਪਣਾ ਅਤੇ ਅਦਬ

ਵਿਚ ਰਹਿਣਾ। ਇਹ ਬਰਤਨ ਹੈ, ਭਾਂਡਾ ਹੈ ਜਿਸ ਵਿਚ ਅੰਮ੍ਰਿਤ ਦੀ ਧਾਰ ਨੇ ਚੋਣਾਂ ਹੈ। ਅਦਬ ਨੂੰ ਮਹਾਰਾਜ ਜੀ ਨੇ ਭਾਉ ਆਖਿਆ ਹੈ, ਭਾਉ ਅਜਿਹਾ ਡਰ ਨਹੀਂ ਹੈ ਜਿਹੋ ਜਿਹਾ ਡਰ ਅਸਾਨੂੰ ਚੋਰਾਂ ਤੋ, ਡਾਕੂਆਂ ਤੋਂ, ਦੁਸ਼ਮਣ ਤੋਂ, ਪੈਸੇ ਦੇ ਘਟ ਜਾਣ ਤੋਂ, ਬਿਮਾਰੀਆਂ ਤੋਂ, ਰਾਜ ਦੰਡ ਤੋਂ ਲਗਦਾ ਹੈ, ਹਨ੍ਹੇਰਿਆਂ ਤੋਂ ਲਗਦਾ ਹੈ, ਇਹ ਡਰ ਤਮੋ ਗੁਣੀ ਡਰ ਹਨ। ਵਾਹਿਗੁਰੂ ਜੀ ਸਦਾ-ਸਦਾ ਦਇਆਲ ਹਨ, ਉਸ ਦੇ ਅਦਬ ਵਿਚ ਰਹਿਣਾ ਪੂਰੇ ਸਤਿਕਾਰ ਵਿਚ ਰਹਿਣਾ, ਇਹ ਨਿਰਮਲ ਭਾਉ ਹੋਇਆ ਕਰਦਾ ਹੈ। ਸੋ ਇਸ ਭਾਉ ਦੇ ਬਾਰੇ ਹੋਰ ਤਰ੍ਹਾਂ ਵੀ ਫੁਰਮਾਨ ਹੈ -

*ਭੈ ਕੀਆ ਦੇ ਸਲਾਈਆ*
*ਨੈਣੀ ਭਾਵ ਕਾ ਕਰਿ ਸੀਗਾਰੋ॥*
*ਤਾ ਸੋਹਾਗਣਿ ਜਾਣੀਐ*
*ਲਾਗੀ ਜਾ ਸਹੁ ਧਰੇ ਪਿਆਰੋ॥*

**ਪੰਨਾ - 722**

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਅਦਬ ਵਿਚ ਰਹਿਣ ਵਾਲੇ ਨੂੰ ਦਰਗਾਹ ਦੇ ਵਿਚ ਮੁਕਤੀ ਦਾ ਦੁਆਰਾ ਮਿਲਦਾ ਹੈ, ਨਿਰਭਉ ਵਾਹਿਗੁਰੂ ਜੀ ਦਾ ਮਿਲਾਪ ਹੋ ਜਾਂਦਾ ਹੈ ਉਸ ਦੀ ਜੋਤ ਵਿਚ ਰਲ ਜਾਂਦਾ ਹੈ, ਗੁਸਤਾਖ ਬੰਦਾ ਭੈ ਹੀਣਾ, ਪ੍ਰਭੂ ਦੁਆਰੇ ਤਕ ਪਹੁੰਚ ਨਹੀਂ ਸਕਦਾ। ਮਹਾਰਾਜ ਜੀ ਦਾ ਫੁਰਮਾਨ ਹੈ -

*ਐਥੈ ਸੁਖੁ ਵਡਿਆਈਆ*
*ਦਰਗਹ ਮੋਖ ਦੁਆਰ॥*
*ਭੈ ਤੇ ਨਿਰਭਉ ਪਾਈਐ*
*ਮਿਲਿ ਜੋਤੀ ਜੋਤਿ ਅਪਾਰ॥*
*ਨਾਨਕ ਖਸਮੈ ਭਾਵੈ ਸਾ ਭਲੀ*
*ਜਿਸ ਨੋ ਆਪੇ ਬਖਸੇ ਕਰਤਾਰੁ॥*

**ਪੰਨਾ - 516**

ਹਰੀ ਦੇ ਗੁਣ ਉਸੇ ਹਿਰਦੇ ਵਿਚ ਟਿਕਦੇ ਹਨ ਜੋ ਪ੍ਰੀਤ ਅਤੇ ਅਦਬ ਦਾ ਧਾਰਨੀ ਹੁੰਦਾ ਹੈ। ਅਦਬ ਕਰਨ ਵਾਲਿਆਂ ਨੂੰ ਹੀ ਪ੍ਰੇਮ ਰਸ ਆਉਂਦਾ ਹੈ ਅਤੇ ਅਦਬ ਨਾ ਕਰਨ ਤੇ ਗੁਸਤਾਖੀ ਵਾਲਾ ਜੀਵਨ ਧਾਰਨ ਕਰਕੇ ਪਾਰ ਲੰਘਣਾ ਬਹੁਤ ਔਖਾ ਹੈ -

*ਹਰਿ ਗੁਣ ਹਿਰਦੈ ਟਿਕਹਿ ਤਿਸ ਕੈ*
*ਜਿਸੁ ਅੰਤਰਿ ਭਉ ਭਾਵਨੀ ਹੋਈ॥*
*ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ*
*ਬਿਨੁ ਭੈ ਪਾਰਿ ਨ ਉਤਰਿਆ ਕੋਈ॥*

**ਪੰਨਾ - 1116**

*ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ॥*
*ਭੈ ਤੇ ਨਿਰਭਉ ਪਾਈਐ*
*ਜਿਸ ਦਾ ਅੰਤੁ ਨ ਪਾਰਾਵਾਰ॥*
*ਮਨਮੁਖ ਭੈ ਕੀ ਸਾਰ ਨ ਜਾਣਨੀ*
*ਤ੍ਰਿਸਨਾ ਜਲਤੇ ਕਰਹਿ ਪੁਕਾਰ॥*
*ਨਾਨਕ ਨਾਵੈ ਹੀ ਤੇ ਸੁਖੁ ਪਾਇਆ*
*ਗੁਰਮਤੀ ਉਰਿ ਧਾਰ॥*

**ਪੰਨਾ - 1288**

*ਨਿਰਮਲ ਭਉ ਪਾਇਆ*
*ਹਰਿ ਗੁਣ ਗਾਇਆ*
*ਹਰਿ ਵੇਖੈ ਰਾਮੁ ਹਦੂਰੇ॥*
*ਹਰਿ ਆਤਮ ਰਾਮੁ ਪਸਾਰਿਆ ਸੁਆਮੀ*
*ਸਰਬ ਰਹਿਆ ਭਰਪੂਰੇ॥*

**ਪੰਨਾ - 774**

ਸੋ ਇਹ ਜੋ ਨਿਰਮਲ ਭਾਉ ਹੈ, ਅਦਬ ਦਾ ਪ੍ਰਤੀਕ ਹੈ ਇਹ ਉਹੋ ਜਿਹਾ ਡਰ ਨਹੀਂ ਹੈ ਜਿਸ ਕਰਕੇ ਸਰੀਰ ਕੰਬਣ ਲਗ ਜਾਵੇ, **Blood pressure** ਹੋ ਜਾਵੇ, ਦਿਲ ਕੰਬਣ ਲਗ ਜਾਵੇ ਇਹ ਆਪਣੇ ਪਿਆਰੇ ਦੇ ਸਤਿਕਾਰ ਦਾ ਪ੍ਰਤੀਕ ਹੈ ਕਿਉਂਕਿ ਪਿਆਰ ਮਿਲਦਾ ਹੀ ਨਹੀਂ ਜਦੋਂ ਤਕ ਅਸੀਂ ਨਿਰਮਲ ਭਾਉ ਨਹੀਂ ਧਾਰਦੇ -

*ਭੈ ਬਿਨੁ ਭਗਤਿ ਨ ਹੋਵਈ*
*ਨਾਮਿ ਨ ਲਗੈ ਪਿਆਰੁ॥*
*ਸਤਿਗੁਰਿ ਮਿਲਿਐ ਭਉ ਊਪਜੈ*
*ਭੈ ਭਾਇ ਰੰਗੁ ਸਵਾਰਿ॥*
*ਤਨੁ ਮਨੁ ਰਤਾ ਰੰਗ ਸਿਉ*
*ਹਉਮੈ ਤ੍ਰਿਸਨਾ ਮਾਰਿ॥*
*ਮਨੁ ਤਨੁ ਨਿਰਮਲੁ ਅਤਿ ਸੋਹਣਾ*
*ਭੇਟਿਆ ਕ੍ਰਿਸਨ ਮੁਰਾਰਿ॥*
*ਭਉ ਭਾਉ ਸਭੁ ਤਿਸ ਦਾ*
*ਸੋ ਸਚੁ ਵਰਤੈ ਸੰਸਾਰਿ॥*

**ਪੰਨਾ - 788**

**ਭਉ ਖਲਾ** - ਭਾਉ ਦੀ ਧੌਂਕਣੀ ਭੱਠੀ ਵਿਚ ਅਗਨ ਪ੍ਰਚੰਡ ਕਰਦਾ ਹੈ ਜਿਸ ਕਰਕੇ ਸੋਨਾ ਪਿਘਲਦਾ ਹੈ ਅਤੇ ਸੋਨੇ ਦੇ ਗਹਿਣੇ ਧੀਰਜ ਰੂਪੀ ਸੁਨਿਆਰ ਘੜਦਾ ਹੈ, ਅਗਨ ਨੂੰ ਗੁਰੂ ਮਹਾਰਾਜ ਜੀ ਨੇ ਤਪ ਤਾਉ ਦਾ ਪ੍ਰਤੀਕ ਦਿਤਾ ਹੈ। ਭੱਠੀ ਵਿਚ ਜਲਦੀ ਅਗਨ ਹੀ ਸੋਨੇ ਨੂੰ ਪਿਘਲਾਉਣ ਦੀ ਸਮਰਥਾ ਰਖਦੀ ਹੈ ਗੁਰੂ ਘਰ ਵਿਚ ਤਪ ਤਾਉ, ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਨਾ, ਗੁਰੂ ਦੀ ਸੇਵਾ ਕਰਨੀ, ਲੰਗਰ ਵਰਤਾਉਣੇ, ਅਨੇਕ ਕਿਸਮ ਦੀ ਸੇਵਾ ਕਰਨੀ ਹੈ। ਸੇਵਾ ਦੇ ਪ੍ਰਤੀਕ ਮਹਾਂਪੁਰਸ਼ਾਂ ਦੇ ਆਸ਼ਰਮ ਹੋਇਆ ਕਰਦੇ ਹਨ ਅਤੇ ਧਰਮ ਅਸਥਾਨ ਵੀ ਹੋਇਆ ਕਰਦੇ ਹਨ ਜਿਸ ਤਰ੍ਹਾਂ ਰਤਵਾੜਾ ਸਾਹਿਬ ਵਿਖੇ ਵਿਸ਼ਾਲ ਫਾਰਮ ਵਿਚ ਆਪ ਹੀ ਖੇਤੀ ਕੀਤੀ ਜਾਂਦੀ ਹੈ, ਗੁਡਾਈ ਕਰਨੀ, ਪਾਣੀ ਦੇਣੇ, ਸਪਰੇਅ ਕਰਨੀ, ਹਲ ਚਲਾਉਣੇ, ਅਨੇਕ ਕਿਸਮ ਦੀਆਂ ਸਬਜ਼ੀਆਂ ਪੈਦਾ ਕਰਕੇ ਲੰਗਰ ਵਿਚ ਵਰਤਣੀਆਂ, ਦੁੱਧ ਲਈ ਆਪਣੇ ਪਸ਼ੂ ਰੱਖ ਕੇ ਪੂਰੀ ਤਰ੍ਹਾਂ ਸੰਭਾਲ ਕਰਕੇ ਸ਼ੁਧ ਦੁੱਧ ਲੰਗਰ ਵਿਚ ਭੇਜ ਕੇ ਵਰਤਣਾ। ਰਤਵਾੜਾ ਸਾਹਿਬ ਹਰ ਰੋਜ਼ ਇਕ ਕੁਇੰਟਲ 25 ਕਿਲੋ ਦੁੱਧ ਵਰਤਿਆ ਜਾਂਦਾ ਹੈ। ਪੰਜ ਕਿਲੋ ਦੇਸੀ ਘਿਓ ਹਰ ਰੋਜ਼ ਲੰਗਰ ਵਿਚ ਪੈਂਦਾ ਹੈ, ਅਨੇਕਾਂ ਪ੍ਰੇਮੀ ਪਾਠ ਕਰਾਉਣ

ਲਈ, ਕੀਰਤਨ ਸੁਣਨ ਲਈ ਆਉਂਦੇ ਹਨ। ਅੰਮ੍ਰਿਤ ਵੇਲੇ ਦੋ ਵਜੇ ਉਠਣਾ ਸਭ ਲਈ ਜ਼ਰੂਰੀ ਹੈ ਤਿੰਨ ਵਜੇ ਗੁਰਦੁਆਰਾ ਸਾਹਿਬ ਇਕੱਠੇ ਹੋ ਕੇ ਨਾਮ ਸਿਮਰਨ ਕਰਕੇ ਫੇਰ ਇਕ ਘੰਟਾ ਕੀਰਤਨ ਸਰਵਣ ਕਰਕੇ ਭੋਗ ਪੈਣ ਉਪਰੰਤ ਬਾਹਰ ਦਰੱਖਤਾਂ ਹੇਠਾਂ ਨਦੀ ਕਿਨਾਰੇ ਜਾ ਕੇ ਪੂਰੇ ਦੋ ਘੰਟੇ ਅਖੰਡ ਜਾਪ ਕਰਨਾ। ਸਵੇਰੇ 7 ਤੋਂ 9 ਵਜੇ ਤਕ ਕਾਰਸੇਵਾ ਕਰਨੀ ਅਤੇ ਉਪਰੰਤ ਜੋ ਜੋ ਵੀ ਅਨੇਕ ਕਿਸਮ ਦੀਆਂ ਸੇਵਾਵਾਂ ਦਾ ਹੁਕਮ ਹੁੰਦਾ ਹੈ ਉਹ ਕਰਨਾ, ਰਾਤ ਨੂੰ ਫੇਰ ਰਹਿਰਾਸ ਸਾਹਿਬ ਦਾ ਪਾਠ ਅਤੇ ਪੁਸਤਕ ਵਿਚਾਰ ਕਰਨ ਉਪਰੰਤ ਥੋੜ੍ਹਾ ਅਰਾਮ ਕਰਨਾ ਅਤੇ ਫੇਰ ਅੰਮ੍ਰਿਤ ਵੇਲੇ ਤੋਂ ਉਸੇ ਤਰ੍ਹਾਂ ਹਰ ਰੋਜ਼ ਕਰਨਾ। ਇਹ ਤਪ ਤਾਉ ਕਹਾਉਂਦਾ ਹੈ ਜਿਵੇਂ ਭੱਠੀ ਵਿਚ ਅਗਨ ਬਾਲ ਕੇ ਸੋਨਾ ਢਲਦਾ ਹੈ ਇਸ ਤਰ੍ਹਾਂ ਧੌਂਕਣੀ ਭੱਠੀ ਵਿਚ ਪਏ ਕੋਲਿਆਂ ਨੂੰ ਸੇਕ ਦਿੰਦੀ ਹੈ, ਇਸੇ ਤਰ੍ਹਾਂ ਨਾਲ ਅਦਬ ਸਹਿਤ ਸੇਵਾ ਕਰਨਾ, ਕਰੜੀ ਘਾਲ ਕਮਾਈ ਹੋਇਆ ਕਰਦੀ ਹੈ ਜਿਸ ਕਰਕੇ ਸੇਵਾ ਕਰਦਿਆਂ-ਕਰਦਿਆਂ ਸੁਰਤ ਦਾ ਅੰਤਰਮੁਖ ਹੋ ਜਾਣਾ ਅਤੇ ਹੌਲੀ-ਹੌਲੀ ਮਿਹਨਤ ਕਰਦਿਆਂ ਸ਼ਬਦ ਧੁਨ ਦੀ ਮਦਦ ਨਾਲ ਆਗਿਆ ਚੱਕਰ ਵਿਚ ਸੁਰਤ ਲੰਘਦੀ ਹੋਈ ਤ੍ਰਿਕੁਟੀ ਨੂੰ ਛੇਦਦੀ ਹੈ, ਬਿਰਤੀ ਬ੍ਰਹਮਾਕਾਰ ਹੋ ਕੇ ਦਸਮ ਦੁਆਰ ਵਿਚੋਂ ਅੰਮ੍ਰਿਤ ਦੀ ਧਾਰ ਅਖੰਡ ਨਾਮ ਦੀ ਧੁਨ ਦੇ ਰੂਪ ਵਿਚ ਅਨਹਦ ਸ਼ਬਦਾਂ ਦੀ ਗੁੰਜ਼ਾਰ ਦੇ ਮਹਾਂ ਅਨੰਦ ਮਾਣਦੀ ਹੈ। ਪਿਆਰ ਦਾ ਬਣਾਇਆ ਹੋਇਆ ਭਾਂਡਾ ਵਾਹਿਗੁਰੂ ਜੀ ਨਾਲ ਜੁੜ ਕੇ ਬ੍ਰਹਮਗਿਆਨ ਰੂਪੀ ਅੰਮ੍ਰਿਤ ਦੀ ਢਾਲ ਨੂੰ ਸੰਭਾਲਦਾ ਹੈ। ਸੋ ਇਹ ਕਮਾਈ ਕਰਨ ਸਮੇਂ ਪ੍ਰਭੂ ਨੂੰ ਹਾਜ਼ਰਾ ਹਜ਼ੂਰ ਦੇਖਦਾ ਹੈ ਗੁਰੂ ਦੀ ਪੂਰਨ ਪ੍ਰਤੀਤੀ ਵਿਚ ਆਪਣੇ ਨਿਸ਼ਚੇ ਨੂੰ ਅਡੋਲ ਰਖਦਾ ਹੈ ਅਤੇ ਹਰ ਸਮੇਂ ਮਹਿਸੂਸ ਕਰਦਾ ਹੈ ਕਿ ਵਾਹਿਗੁਰੂ ਜੀ ਅੰਦਰ ਬਾਹਰ ਹਰ ਥਾਂ ਪਰੀਪੂਰਨ ਹਨ, ਇਹ ਇਸ ਗੁਰ ਉਪਦੇਸ਼ ਨੂੰ ਹਿਰਦੇ ਵਿਚ ਧਾਰਦਾ ਹੈ ਇਸ ਨੂੰ ਹੋਰ ਸਪਸ਼ਟ ਕਰਨ ਲਈ ਕਥਾ ਆਉਂਦੀ ਹੈ ਕਿ ਇਕ ਮਹਾਤਮਾ ਦੇ ਬਹੁਤ ਸਾਰੇ ਚੇਲੇ ਸਨ। ਮਹਾਤਮਾ ਜੀ ਨੇ ਆਪਣਾ ਅੰਤ ਸਮਾਂ ਨੇੜੇ ਜਾਣ ਕੇ ਇਕ ਬਹੁਤ ਭਾਰੀ ਇਕੱਠ ਬੁਲਾ ਲਿਆ ਅਤੇ ਚੇਲਿਆਂ ਦੀ ਪਰਖ ਲਈ ਪਰਚਾ ਪਾ ਦਿਤਾ, ਦੋ ਚੇਲੇ ਮੁਖੀ ਸਨ। ਸੰਗਤ ਦੇ ਵਿਚਾਰ ਦੋਹਾਂ ਦੇ ਹੱਕ ਵਿਚ ਸਨ। ਮਹਾਤਮਾ ਨੇ ਕਿਹਾ ਕਿ ਸਾਧਸੰਗਤ ਜੀ! ਅਸੀਂ ਸਰੀਰ ਕਰਕੇ ਅਲੋਪ ਹੋ ਰਹੇ ਹਾਂ ਪਰ ਇਸ ਸਤਿਸੰਗ ਨੂੰ ਜਾਰੀ ਰੱਖਣ ਲਈ ਇਨ੍ਹਾਂ ਦੋਹਾਂ ਮੁਖੀ ਚੇਲਿਆਂ ਵਿਚੋਂ ਇਕ ਨੂੰ ਆਪਣੀ ਥਾਂ ਦੇਣੀ ਚਾਹੁੰਦੇ ਹਾਂ। ਉਨ੍ਹਾਂ ਨੇ ਦੋ ਕਬੂਤਰ ਮੰਗਾਏ ਅਤੇ ਦੋਹਾਂ ਚੇਲਿਆਂ ਨੂੰ ਦੇ ਕੇ ਕਿਹਾ ਕਿ ਇਕ-ਇਕ ਕਬੂਤਰ ਫੜ ਲਓ, ਜਿਥੇ ਕੋਈ ਦੇਖਦਾ ਨਾ ਹੋਵੇ ਉਥੇ ਇਨ੍ਹਾਂ ਨੂੰ ਮਾਰ ਕੇ ਜੋ ਪਹਿਲਾਂ ਆ ਜਾਵੇਗਾ ਉਸ ਨੂੰ ਅਸੀਂ ਆਪਣੀ ਗੱਦੀ ਦੇ ਦੇਵਾਂਗੇ।

ਇਕ ਚੇਲੇ ਨੇ ਕਬੂਤਰ ਫੜਿਆ ਅਤੇ ਮਕਾਨ ਦੇ ਓਹਲੇ ਇਧਰ-ਉਧਰ ਦੇਖਿਆ, ਗਰਦਨ ਮਰੋੜ ਕੇ ਲਿਆ ਕੇ ਕਹਿੰਦਾ ਲਓ ਜੀ। ਦੂਸਰਾ ਚੇਲਾ ਬਹੁਤ ਦੇਰ ਪਿਛੋਂ ਆਇਆ ਅਤੇ ਕਬੂਤਰ ਜਿਉਂਦਾ ਹੀ ਲਿਆ ਕੇ ਰੱਖ ਦਿਤਾ। ਮਹਾਤਮਾ ਨੇ ਕਿਹਾ ਕਿ ਪਿਆਰਿਆ! ਤੂੰ ਦੇਰ ਵੀ ਐਨੀ ਲਾ ਦਿਤੀ ਅਤੇ ਫੇਰ ਕਬੂਤਰ ਜਿਉਂਦਾ ਹੀ ਲੈ ਆਇਆ? ਉਸ ਨੇ ਕਿਹਾ ਕਿ ਮਹਾਰਾਜ! ਮੈਨੂੰ ਕੋਈ ਅਜਿਹਾ ਥਾਂ ਨਹੀਂ ਲੱਭਿਆ ਜਿਥੇ ਕੋਈ ਦੇਖਦਾ ਨਾ ਹੋਵੇ। ਮੈਂ ਫਸਲਾਂ ਵਿਚ ਵੀ ਬੈਠਿਆ, ਗੰਨੇ ਦੇ ਖੇਤ ਵਿਚ ਵੀ ਬੈਠਿਆ, ਨੇੜਲੇ ਜੰਗਲ ਵਿਚ ਵੀ ਗਿਆ ਅਤੇ ਟੋਏ ਵਿਚ ਵੜ ਕੇ ਦੇਖਿਆ, ਮੈਂ ਆਪਣੀਆਂ ਅੱਖਾਂ ਬੰਨ੍ਹ ਲਈਆਂ ਕਿਉਂਕਿ ਇਹ ਮੈਨੂੰ ਦੇਖਦਾ ਸੀ ਅਤੇ ਮੈਂ ਇਸ ਨੂੰ ਦੇਖਦਾ ਸੀ ਪਰ ਇਥੇ ਮੇਰੇ ਆਪ ਦਾ ਸਿਧਾਂਤ ਜੋ ਪੂਰੀ ਤਰ੍ਹਾਂ ਦ੍ਰਿੜ੍ਹ ਸੀ –

*ਧਾਰਨਾ – ਪੇਖਤ ਸੁਨਤ ਸਦਾ ਹੈ ਸੰਗੇ,*
*ਮੈਂ ਮੂਰਖ ਜਾਨਿਆ ਦੂਰੀ ਰੇ*

*ਪੇਖਤ ਸੁਨਤ ਸਦਾ ਹੈ ਸੰਗੇ*
*ਮੈ ਮੂਰਖ ਜਾਨਿਆ ਦੂਰੀ ਰੇ॥*

*ਪੰਨਾ – 612*

*ਏ ਮਨ ਮਤ ਜਾਣਹਿ*
*ਹਰਿ ਦੂਰਿ ਹੈ ਸਦਾ ਵੇਖੁ ਹਦੂਰਿ॥*
*ਸਦ ਸੁਣਦਾ ਸਦ ਵੇਖਦਾ*
*ਸਬਦਿ ਰਹਿਆ ਭਰਪੂਰਿ॥*

*ਪੰਨਾ – 429*

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥*

*ਪੰਨਾ – 294*

ਮਹਾਰਾਜ! ਕੋਈ ਥਾਂ ਐਸੀ ਹੈ ਹੀ ਨਹੀਂ ਜਿਥੇ ਵਾਹਿਗੁਰੂ ਜੀ ਨਾ ਹੋਣ, ਸਾਰੀਆਂ ਅੱਖਾਂ ਰਾਹੀਂ ਉਹ ਦੇਖ ਰਹੇ ਹਨ, ਸਾਰੇ ਕੰਨਾਂ ਰਾਹੀਂ ਉਹ ਸੁਣ ਰਹੇ ਹਨ, ਸਾਰੇ ਹੱਥਾਂ ਰਾਹੀਂ ਆਪ ਹੀ ਕੰਮ ਕਰ ਰਹੇ ਹਨ, ਸਾਰੇ ਪੈਰਾਂ ਰਾਹੀਂ ਉਹ ਹੀ ਚਲ ਰਹੇ ਹਨ ਫੇਰ ਦੱਸੋ ਸਾਰੇ ਬ੍ਰਹਿਮੰਡ ਵਿਚ, ਦੇਖਣ ਵਾਲਾ, ਸੁਣਨ ਵਾਲਾ ਕੋਈ ਕਿਵੇਂ ਨਹੀਂ ਹੋ ਸਕਦਾ। ਸੋ ਮੈਨੂੰ ਗੱਦੀ ਦੀ ਜ਼ਰੂਰਤ ਨਹੀਂ ਤੇ ਮੈਂ ਕਬੂਤਰ ਨਹੀਂ ਮਾਰਿਆ। ਸੰਤਾਂ ਨੇ ਕਿਹਾ ਸਾਧਸੰਗਤ ਜੀ! ਦੇਖੋ, ਇਸ ਦੀ ਨਿਸ਼ਠਾ। ਜਿਸ ਨੂੰ ਹਰ ਥਾਂ ਦੇ ਉਤੇ ਪ੍ਰਭੂ ਦੀ ਹਾਜ਼ਰੀ ਮਹਿਸੂਸ ਹੁੰਦੀ ਹੈ, ਉਹ ਹੀ ਤੁਹਾਨੂੰ ਰੂਹਾਨੀ ਮਾਰਗ ਤੇ ਅੱਗੇ ਲਿਜਾ ਸਕਦਾ ਹੈ। ਇਹ

ਜਿਹੜਾ ਕਬੂਤਰ ਮਾਰ ਕੇ ਇਕ ਦਮ ਲੈ ਆਇਆ ਹੈ, ਇਕ ਮਾਇਆਵੀ ਬੰਦਾ ਹੈ। ਅੰਨ੍ਹਾ ਹੈ, ਅੰਨਾ ਆਗੂ ਜੇ ਬਣ ਜਾਵੇ ਤਾਂ ਉਹ ਸਾਰੇ ਸਾਥ ਨੂੰ ਡੋਬ ਦਿਆ ਕਰਦਾ ਹੈ। ਸੋ ਇਹ ਜੋ ਦੂਜਾ ਪੁਰਸ਼ ਹੈ ਇਸ ਦੀ ਅੱਖ ਖੁਲ੍ਹੀ ਹੋਈ ਹੈ ਜੋ ਸਾਹਿਬ ਨੂੰ ਸਦਾ ਹਜ਼ੂਰ ਦੇਖਦਾ ਹੈ।

ਸਾਧਸੰਗਤ ਜੀ! ਨਿਸ਼ਚੇ ਪੂਰਵਕ ਗੁਰੂ ਦੇ ਸ਼ਬਦ ਨੂੰ ਸਤਿ ਸਮਝ ਕੇ ਹਿਰਦੇ ਵਿਚ ਪੂਰੀ ਤਰ੍ਹਾਂ ਵਸਾ ਲੈਣਾ ਚਾਹੀਦਾ ਹੈ ਕਿਉਂਕਿ ਵਾਹਿਗੁਰੂ ਜੀ ਹਰ ਥਾਂ ਉਪਰ ਪਰੀਪੂਰਨ ਹਨ, ਜਿਸ ਨੇ ਮਤ ਅਹਰਣ ਵਰਗੀ ਬਣਾ ਲਈ ਹੈ, ਉਹ ਅਗਿਆਨੀਆਂ ਦੀਆਂ ਗੱਲਾਂ ਸੁਣ ਕੇ ਨਹੀਂ ਡੋਲਿਆ ਕਰਦਾ। ਗੁਰੂ ਮਹਾਰਾਜ ਜੀ ਦੇ ਸ਼ਬਦ ਦੇ ਪ੍ਰਕਾਸ਼ ਵਿਚ, ਨਿਹਚੇ ਵਿਚ ਪ੍ਰਪੱਕ ਹੋ ਕੇ ਸਦਾ ਸਥਿਰ ਬੁੱਧੀ ਨਾਲ ਤਰੱਕੀ ਕਰਨੀ ਚਾਹੀਦੀ ਹੈ।

*ਧਾਰਨਾ - ਕਿਵੇਂ ਮੁਕਰ ਜਾਵੇਂਗਾ,*
*ਸਭ ਕੁਝ ਸੁਣਦਾ ਵੇਖਦਾ*

*ਸਭ ਕੁਝ ਸੁਣਦਾ ਵੇਖਦਾ*
*ਕਿਉ ਮੁਕਰਿ ਪਇਆ ਜਾਇ॥*
*ਪਾਪੋ ਪਾਪੁ ਕਮਾਵਦੇ*
*ਪਾਪੇ ਪਚਹਿ ਪਚਾਇ॥*
*ਸੋ ਪ੍ਰਭੁ ਨਦਰਿ ਨ ਆਵਈ*
*ਮਨਮੁਖਿ ਬੂਝ ਨ ਪਾਇ॥*
*ਜਿਸੁ ਵੇਖਾਲੇ ਸੋਈ ਵੇਖੈ*
*ਨਾਨਕ ਗੁਰਮੁਖਿ ਪਾਇ॥*

*ਪੰਨਾ - 36*

ਵਾਹਿਗੁਰੂ ਨੂੰ ਵਿਸਾਰ ਕੇ ਜੀਵ ਕਰਮ ਕਰਦਾ ਹੈ, ਉਸ ਦੇ ਪਾਪਾਂ ਦਾ ਫਲ ਦੇਣ ਲਈ ਜਦੋਂ ਸਜ਼ਾ ਮਿਲਦੀ ਹੈ ਫੇਰ ਪੁਕਾਰਾਂ ਕਰਦਾ ਹੈ, ਪਰ ਫੇਰ ਕੋਈ ਸੁਣਦਾ ਨਹੀਂ ਹੈ ਜਿਵੇਂ ਕਿ ਫੁਰਮਾਨ ਹੈ -

*ਧਾਰਨਾ-ਜ਼ਿੰਦੇ ਰੋਵੇਂਗੀ ਤੇ*
*ਰੋ ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ*

*ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ॥*
*ਠਾਕੁਰੁ ਲੇਖਾ ਮਗਨਹਾਰੁ॥*
*ਫੇੜੇ ਕਾ ਦੁਖੁ ਸਹੈ ਜੀਉ॥*
*ਪਾਛੇ ਕਿਸਹਿ ਪੁਕਾਰਹਿ ਪੀਉ ਪੀਉ॥*

*ਪੰਨਾ - 1196*

ਸੋ ਘਾਲ ਕਮਾਈ ਗੁਰਮਤਿ ਵਿਚ ਕਰਨੀ ਹੈ, ਉਸ ਬਾਰੇ ਗੁਰੂ ਮਹਾਰਾਜ ਜੀ ਨੇ ਬਹੁਤ ਹੀ ਕ੍ਰਿਪਾ ਕਰਕੇ ਬਹੁਤ ਹੀ ਸੁਖਾਲਾ ਰਾਹ ਸਾਨੂੰ ਦਸਿਆ ਹੈ ਇਸ ਵਿਚ ਆਪ ਫੁਰਮਾਨ ਕਰਦੇ ਹਨ -

***ਅਬ ਕਲੂ ਆਇਓ ਰੇ॥***
*ਇਕੁ ਨਾਮੁ ਬੋਵਹੁ ਬੋਵਹੁ॥*
*ਅਨ ਰੂਤਿ ਨਾਹੀ ਨਾਹੀ॥*
*ਮਤੁ ਭਰਮਿ ਭੂਲਹੁ ਭੂਲਹੁ॥*

*ਪੰਨਾ - 1185*

ਸੋ ਐਸਾ ਫੁਰਮਾਨ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ*
*ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ*
*ਹਰਿ ਹਰਿ ਸੋ ਗੁਰਸਿਖੁ*
*ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ*
*ਤਿਸੁ ਗੁਰਸਿਖ ਕੀ ਜੋ ਆਪਿ ਜਪੈ*
*ਅਵਰਹ ਨਾਮੁ ਜਪਾਵੈ॥*

*ਪੰਨਾ - 305*

ਥੋੜ੍ਹਾ ਸੌਣਾ, ਥੋੜ੍ਹਾ ਖਾਣਾ, ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਨਾ ਇਹ ਗੁਰਮਤਿ ਵਿਚ ਤਪ ਕਹਾਉਂਦੇ ਹਨ। ਸਾਰੇ ਤਪਾਂ ਦਾ ਸ਼੍ਰੋਮਣੀ ਤਪ ਚਿੱਤ ਦੀ ਇਕਾਗਰਤਾ ਹੋਇਆ ਕਰਦੀ ਹੈ ਇਸ ਤੋਂ ਵੀ ਹੋਰ ਸ੍ਰੇਸ਼ਟ ਤਪ ਇਹ ਹੋਇਆ ਕਰਦਾ ਹੈ ਕਿ ਆਪਣੀ ਸੋਚ ਨੂੰ ਇਕ ਨੁਕਤੇ ਉਤੇ ਬੰਨ੍ਹ ਕੇ ਰਖਣਾ ਅਤੇ ਪੂਰੀ ਤਰ੍ਹਾਂ ਯਾਦ ਰੱਖਣਾ ਕਿ ਇਸ ਸੰਸਾਰ ਵਿਚ ਵਾਹਿਗੁਰੂ ਜੀ ਤੋਂ ਬਿਨਾਂ ਕੋਈ ਹੈ ਹੀ ਨਹੀਂ। ਉਸ ਨੇ ਹੀ ਅਨੇਕਾਂ ਰੂਪ ਧਾਰੇ ਹੋਏ ਹਨ -

*ਏਕ ਮੂਰਤ ਅਨੇਕ ਦਰਸਨ*
*ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ*
*ਅੰਤ ਕੋ ਫਿਰ ਏਕ॥* *ਜਾਪੁ ਸਾਹਿਬ*

ਸੋ ਇਹ ਬਹੁਤ ਵੱਡਾ ਤਪ ਹੈ, ਮਨ ਦੀ ਸੂਈ ਪਰੀਪੂਰਨ ਵਾਹਿਗੁਰੂ ਵਿਚ ਰੱਖ ਕੇ ਦ੍ਵੈਤ ਨੂੰ ਨੇੜੇ ਨਾ ਆਉਣਾ ਦੇਣਾ ਅਤੇ ਨਿਸ਼ਚੇ ਰਖਣਾ -

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*

*ਪੰਨਾ - 1*

ਸੋ ਇਹ ਨਿਸ਼ਚਾ ਰੱਖ ਕੇ ਘਾਲ ਕਮਾਈ ਦੀ ਹਵਾ ਦੇਣੀ, ਇਸ ਤਰ੍ਹਾਂ ਅਗਨ ਤਪ ਤਾਉ ਮਨ ਦੀ ਇਕਾਗਰਤਾ ਅਤੇ ਵਾਹਿਗੁਰੂ ਦੀ ਸਦੀਵੀ ਹਾਜ਼ਰੀ ਨੂੰ ਅਨੁਭਵ ਕਰਨਾ, ਸੇਵਾ ਕਰਨਾ, ਸੇਵਾ ਸਭ ਤੋਂ ਸ਼੍ਰੋਮਣੀ ਤਪ ਹੈ -

*ਧਾਰਨਾ -ਸੇਵਾ ਗੁਰਾਂ ਦੀ ਤਪਾਂ*
*ਸਿਰ ਤਪ ਹੈ,*

**ਕਰ ਲੈ ਸੇਵਾ ਮਾਣ ਛੱਡ ਕੇ**

*ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥*
*ਹਰਿ ਜੀਉ ਮਨਿ ਵਸੈ*
*ਸਭ ਦੂਖ ਵਿਸਾਰਣਹਾਰੁ॥*
*ਦਰਿ ਸਾਚੈ ਦੀਸੈ ਸਚਿਆਰੁ।.*
*ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ॥*
*ਆਪੁ ਪਛਾਣਿ ਹਰਿ ਪਾਵੈ ਸੋਇ॥*
*ਸਾਚੀ ਬਾਣੀ ਮਹਲੁ ਪਰਾਪਤਿ ਹੋਇ॥*

*ਪੰਨਾ - 423*

ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਇਸ ਸੇਵਾ ਤੋਂ ਹੀ ਤ੍ਰਿਕੁਟੀ ਤੋਂ ਲੰਘ ਕੇ ਤ੍ਰਿਭਵਣ ਦੀ ਸੋਝੀ ਹੁੰਦੀ ਹੈ। ਵਾਹਿਗੁਰੂ ਜੀ ਦੀ ਪਛਾਣ ਹੋ ਜਾਇਆ ਕਰਦੀ ਹੈ। ਗੁਰੂ ਦੀ ਸੇਵਾ ਕਰਨ ਦੇ ਨਾਲ ਵਾਹਿਗੁਰੂ ਜੀ ਦਾ ਮਹੱਲ ਜਿਥੇ ਸਾਚ ਤਖਤ ਸੁਲਤਾਨ ਹੈ ਉਹ ਪ੍ਰਾਪਤ ਹੋ ਜਾਂਦਾ ਹੈ -

*ਸਾਚੀ ਬਾਣੀ ਮਹਲੁ ਪਰਾਪਤਿ ਹੋਇ।।*

*ਪੰਨਾ - 423*

ਗੁਰੂ ਦੀ ਸੇਵਾ ਸਾਰੀਆਂ ਕੁਲਾਂ ਦਾ ਉਧਾਰ ਕਰ ਦਿੰਦੀ ਹੈ-

*ਗੁਰ ਸੇਵਾ ਤੇ ਸਭ ਕੁਲ ਉਧਾਰੇ॥*
*ਨਿਰਮਲ ਨਾਮੁ ਰਖੈ ਉਰਿਧਾਰੇ॥*
*ਸਾਚੀ ਸੋਭਾ ਸਾਚਿ ਦੁਆਰੇ।।*
*ਸੇ ਵਡਭਾਗੀ ਜਿ ਗੁਰਿ ਸੇਵਾ ਲਾਏ॥*
*ਅਨਦਿਨੁ ਭਗਤਿ ਸਚੁ ਨਾਮੁ ਦ੍ਰਿੜਾਏ॥*
*ਨਾਮੇ ਉਧਰੇ ਕੁਲ ਸਬਾਏ।।*

*ਪੰਨਾ - 423*

ਸੋ ਇਸ ਤਰ੍ਹਾਂ ਤਪ ਤਾਉ ਜਿਹੜਾ ਹੈ ਇਹ ਕਈ ਕਿਸਮ ਦੇ ਹੋਇਆ ਕਰਦੇ ਹਨ। ਤਾਮਸੀ ਤਪ, ਰਾਜਸੀ ਤਪ ਅਤੇ ਸਾਂਤਕੀ ਤਪ।

**ਤਾਮਸੀ ਤਪ -** ਧੂਣੀਆਂ ਤਾਪਣੀਆਂ, ਜਲ ਧਾਰੇ ਕਰਨੇ, ਭੁੱਖੇ ਰਹਿਣਾ, ਕੰਡਿਆਂ ਤੇ ਸੌਣਾ, ਸਰੀਰ ਨੂੰ ਦੁਖ ਦੇਣਾ ਹੋਇਆ ਕਰਦਾ ਹੈ।

**ਰਾਜਸੀ ਤਪ -** ਇੰਦ੍ਰੀਆਂ ਦਾ ਦਮਨ ਕਰਨਾ, ਇੰਦ੍ਰੀਆਂ ਦੇ ਦਮਨ ਲਈ ਬਹੁਤ ਸਾਰੇ ਸਾਧਨ ਕਰਨੇ ਜ਼ਰੂਰੀ ਹੁੰਦੇ ਹਨ ਜਿਨ੍ਹਾਂ ਵਿਚ ਪ੍ਰਾਣਾਯਾਮ ਮੁਖ ਕਰਮ ਹੈ ਅਤੇ ਉਸ ਦੇ ਨਾਲ ਇੰਦ੍ਰੀਆਂ ਦੇ ਵੇਗ ਨੂੰ ਰੋਕਣ ਲਈ, ਜ਼ਰੂਰੀ ਗੁਣ ਸਹਾਇਤਾ ਕਰਦੇ ਹਨ।

**ਹਿੰਸਾ -** ਇਹ ਕਈ ਕਿਸਮ ਦੀ ਹੁੰਦੀ ਹੈ ਸਭ ਤੋਂ ਪਹਿਲੀ ਹਿੰਸਾ ਸਰੀਰਕ ਤੌਰ ਤੇ ਕਿਸੇ ਨੂੰ ਮਾਰਨਾ, ਕੁਟਣਾ, ਜਾਨ ਤੋਂ ਮਾਰ ਦੇਣਾ, ਸਰੀਰ ਦਾ ਕੋਈ ਅੰਗ ਤੋੜ ਦੇਣਾ ਹੋਇਆ ਕਰਦੀ ਹੈ। ਇਸ ਹਿੰਸਾ ਦੇ ਵਿਪਰੀਤ ਦੂਸਰੇ ਨੂੰ ਅਰਾਮ ਪਹੁੰਚਾਉਣਾ, ਜੇ ਉਸ ਦੇ ਸਰੀਰ ਨੂੰ ਕੋਈ ਤਕਲੀਫ ਹੋਵੇ ਉਸ ਲਈ ਦਵਾ ਦਾਰੂ ਕਰਨੀ, ਇਹ ਸਰੀਰਕ ਅਹਿੰਸਾ ਹੋਇਆ ਕਰਦੀ ਹੈ।

ਦੂਸਰੀ ਹਿੰਸਾ ਬਚਨ ਦੀ ਹਿੰਸਾ ਕਹਾਉਂਦੀ ਹੈ, ਕੌੜੇ ਵਾਕ ਬੋਲਣੇ, ਮੇਹਣੇ ਮਾਰਨੇ, ਦੂਸਰੇ ਨੂੰ ਬੁਰਾ ਕਹਿਣਾ, ਨਿੰਦਿਆ ਕਰਨੀ, ਚੁਗਲੀ ਕਰਕੇ ਦੂਸਰੇ ਦਾ ਨੁਕਸਾਨ ਕਰਨਾ, ਬਚਨ ਕਰਕੇ ਕਿਸੇ ਨੂੰ ਕੁਰਾਹੇ ਪਾ ਦੇਣਾ ਇਹ ਵਾਚਕ ਹਿੰਸਾ ਹੋਇਆ ਕਰਦੀ ਹੈ। ਇਸ ਹਿੰਸਾ ਦੇ ਕਾਰਨ ਬਹੁਤ ਗੰਭੀਰ ਨਤੀਜੇ ਨਿਕਲਿਆ ਕਰਦੇ ਹਨ ਜਿਸ ਵਿਚ ਇਕ ਐਸੀ ਵੱਡੀ ਘਟਨਾ ਆਉਂਦੀ ਹੈ ਕਿ ਤਾਹਨੇ ਮਿਹਣੇ ਦੇਣ ਨਾਲ ਭਾਰਤ ਵਿਚ ਮਹਾਂਭਾਰਤ ਦਾ ਯੁੱਧ ਹੋਣ ਦਾ ਕਾਰਨ ਇਕ ਵਾਚਕ ਹਿੰਸਾ ਵੀ ਸੀ। ਉਹ ਇਸ ਤਰ੍ਹਾਂ ਹੈ ਕਿ ਪਾਂਡਵਾਂ ਨੂੰ ਥੋੜ੍ਹੇ ਜਿਹੇ ਇਲਾਕੇ ਦਾ ਰਾਜ ਦਿਤਾ ਗਿਆ ਅਤੇ ਉਨ੍ਹਾਂ ਨੇ ਬਹੁਤ ਮਿਹਨਤ ਕੀਤੀ ਅਤੇ ਛੋਟਾ ਜਿਹਾ ਇਕ ਮਹੱਲ ਅਜਿਹਾ ਤਿਆਰ ਕਰ ਲਿਆ ਜਿਸ ਨੂੰ ਮਾਇਆ ਮਹੱਲ ਕਿਹਾ ਜਾਂਦਾ ਸੀ। ਇਸ ਵਿਚ ਅਜਿਹੇ ਪੱਥਰ ਲਾਏ ਜਿਨ੍ਹਾਂ ਨੂੰ ਦੇਖ ਕੇ ਪੂਰੀ ਤਰ੍ਹਾਂ ਪਰਤੀਤ ਹੁੰਦਾ ਸੀ ਕਿ ਇਹ ਅੱਗ ਮਚ ਰਹੀ ਹੈ, ਦੂਸਰੇ ਪੱਥਰ ਅਸਮਾਨੀ ਰੰਗ ਦੇ ਐਸੇ ਲਾਏ ਹੋਏ ਸੀ ਜਿਨ੍ਹਾਂ ਨੂੰ ਦੇਖ ਕੇ ਐਉਂ ਲਗਦਾ ਸੀ ਕਿ ਇਹ ਪਾਣੀ ਭਰਿਆ ਹੋਇਆ ਹੈ ਇਸ ਦੇ ਵਿਪਰੀਤ ਨਾਲ ਲਗਦੇ ਪੱਥਰ ਐਉਂ ਲਾਏ ਸਨ ਕਿ ਭਰੇ ਹੋਏ ਪਾਣੀ ਵਿਚ ਐਉਂ ਪ੍ਰਤੀਤ ਦਿੰਦਾ ਸੀ ਕਿ ਇਹ ਸੁੱਕਾ ਹੈ ਅਤੇ ਕੰਧਾਂ ਦੇ ਉਤੇ ਅਜਿਹੇ ਪੱਥਰ ਲਾਏ ਜਿਨ੍ਹਾਂ ਤੋਂ ਖੁਲ੍ਹਾ ਦਰਵਾਜ਼ਾ ਬੰਦ ਲਗਦਾ ਸੀ ਅਤੇ ਬੰਦ ਦਰਵਾਜ਼ਾ ਖੁਲ੍ਹਾ ਲਗਦਾ ਸੀ। ਕੌਰਵਾਂ ਨੂੰ ਇਸ ਦੇ ਉਦਘਾਟਨ ਦੇ ਸਮੇਂ ਨਿਮੰਤਰਣ ਦਿਤਾ ਗਿਆ।

ਦੁਰਯੋਧਨ ਆਪਣੇ ਭਰਾਵਾਂ ਸਮੇਤ ਪ੍ਰੀਤੀ ਭੋਜਨ ਤੇ ਆ ਰਿਹਾ ਸੀ, ਜਦੋਂ ਉਹ ਮਹੱਲ ਦੇ ਨੇੜੇ ਆਇਆ ਤਾਂ ਉਸ ਨੂੰ ਸੁੱਕੇ ਰਸਤੇ ਦਾ ਭੁਲੇਖਾ ਪਿਆ ਕਿ ਇਹ ਪਾਣੀ ਹੈ ਉਹ ਬਚ ਕੇ ਦੂਜੇ ਪਾਸੇ ਨੂੰ ਹੋਇਆ ਇਹ ਸਮਝ ਕੇ ਕਿ ਇਹ ਖੁਸ਼ਕ ਹੈ ਤੇ ਉਹ ਪਾਣੀ ਵਿਚ ਗਿਰ ਗਿਆ। ਵਸਤਰ ਉਸ ਦੇ ਭਿੱਜ ਗਏ, ਉਠ ਕੇ ਜਦੋਂ ਮਹੱਲ ਦੇ ਅੰਦਰ ਵੜਨ ਲੱਗਿਆ ਤਾਂ ਉਸਨੇ ਖੁਲ੍ਹੇ ਦਰਵਾਜ਼ੇ ਨੂੰ ਬੰਦ ਸਮਝਿਆ ਕੇ ਬੰਦ ਦਰਵਾਜ਼ੇ ਨੂੰ ਖੁਲ੍ਹਾ ਜਾਣ ਕੇ ਕੰਧ ਵਿਚ ਮੱਥਾ ਲੱਗਿਆ। ਦਰੋਪਤੀ ਨੇ ਅਟਾਰੀ ਵਿਚ ਬੈਠੀ ਹੋਈ ਨੇ ਇਹ ਸਭ ਦੇਖ ਲਿਆ ਉਸ ਤੋਂ ਰਿਹਾ ਨਾ ਗਿਆ। ਉਸ ਨੇ ਉਚੀ ਅਵਾਜ਼ ਵਿਚ ਕਿਹਾ ਕਿ ਅੰਨੇ ਦਾ ਪੁੱਤਰ ਅੰਨਾ ਹੀ ਰਿਹਾ। ਕਿਉਂਕਿ ਧ੍ਰਿਤਰਾਸ਼ਟਰ ਉਸ ਦਾ ਪਿਤਾ ਸੀ ਜੋ ਜਮਾਂਦਰੂ ਹੀ ਅੰਨਾ ਸੀ। ਇਹ ਇਕ ਐਸੀ ਬੋਲੀ ਸੀ ਜਿਸ ਨੂੰ ਸੁਣ ਕਿ ਦੁਰਯੋਧਨ ਨੇ ਮਨ ਵਿਚ ਫੈਸਲਾ ਕਰ ਲਿਆ ਕਿ ਦਰੋਪਤੀ ਤੋਂ ਉਸ ਦਾ ਬਦਲਾ ਮੈਂ ਉਸ ਨੂੰ ਸਭਾ ਵਿਚ ਨਗਨ ਕਰਕੇ ਲਵਾਂਗਾ। ਫੇਰ ਮੈਂ ਇਸ ਨੂੰ ਪੁਛਾਂਗਾ ਕਿ ਮੈਂ ਅੰਨਾਂ ਹਾਂ ਜਾਂ ਤੇਰੇ ਨੰਗੇਜ਼ ਨੂੰ ਦੇਖ ਰਿਹਾ ਹਾਂ। ਭਾਰਤ ਦੇ ਇਤਿਹਾਸ ਵਿਚ ਇਹ ਬਹੁਤ ਬੁਰੀ ਗੱਲ ਹੈ। ਫਿੱਕੀ ਬੋਲੀ ਮਾਰਨ ਦੇ ਕਾਰਨ ਜੋ ਤਬਾਹੀ ਹੋਈ ਉਹ ਬਹੁਤ ਹੀ ਬੁਰੀ ਘਟਨਾ ਸੀ। ਇਸ ਤਰ੍ਹਾਂ ਬਹੁਤ ਸਾਰੇ

ਰਾਜੇ ਰਾਣਿਆਂ ਦੇ ਯੁੱਧ ਵਾਚਕ ਹਿੰਸਾ ਕਾਰਨ ਹੋਏ।

ਰਾਜ ਨੀਤੀ ਦੀਆਂ ਪੁਸਤਕਾਂ ਵਿਚ ਇਕ ਕਹਾਣੀ ਆਉਂਦੀ ਹੈ ਕਿ ਇਕ ਸ਼ੇਰ ਤੇ ਪੰਡਤ ਦੀ ਮਿਤਰਤਾ ਸੀ। ਉਹ ਸ਼ੇਰ ਬਹੁਤ ਵਾਰੀ ਪੰਡਤ ਦੇ ਘਰ ਆ ਜਾਇਆ ਕਰਦਾ ਸੀ। ਸ਼ੇਰ ਦੇ ਦੰਦਾਂ ਵਿਚ ਮਾਸ ਫਸਿਆ ਰਹਿੰਦਾ ਹੈ ਉਸ ਨੇ ਕੋਈ ਦਾਤਨ ਤਾਂ ਕਰਨੀ ਨਾ ਹੋਈ। ਛੋਟੀਆਂ-ਛੋਟੀਆਂ ਚਿੜੀਆਂ ਸ਼ੇਰ ਦੇ ਮੂੰਹ ਉਪਰ ਬੈਠ ਕੇ ਇਹ ਮਾਸ ਉਸ ਦੇ ਮੂੰਹ ਵਿਚੋਂ ਖਿਚਦੀਆਂ ਹਨ ਅਤੇ ਉਸ ਨੂੰ ਅਰਾਮ ਆਉਂਦਾ ਹੈ ਅਤੇ ਮੂੰਹ ਖੁਲ੍ਹਾ ਰੱਖਿਆ ਕਰਦਾ ਹੈ। ਵੈਸੇ ਉਸ ਦੇ ਮੂੰਹ ਵਿਚੋਂ ਮਰੇ ਹੋਏ ਚੂਹਿਆਂ ਵਰਗੀ ਬਦਬੂ ਆਉਂਦੀ ਹੈ।

ਇਕ ਦਿਨ ਪੰਡਤ ਦੀ ਪਤਨੀ ਕਹਿਣ ਲੱਗੀ ਕਿ ਮਹਾਰਾਜ! ਤੁਹਾਡੀ ਮਿਤਰਤਾ ਕੋਹਝੀ ਹੈ, ਮਿਤਰਤਾ ਦਾ ਅਸੂਲ ਇਹ ਹੋਇਆ ਕਰਦਾ ਹੈ, ਆਸਾ, ਈਸ਼ਟ, ਉਪਾਸ਼ਨਾ, ਖਾਣ, ਪੀਣ, ਪਹਿਨਣ ਇਕੋ ਜਿਹਾ ਹੋਣਾ ਚਾਹੀਦਾ ਹੈ।

> ***ਆਸਾ ਇਸਟ ਉਪਾਸਨਾ***
> ***ਖਾਣ ਪੀਣ ਪਹਿਰਾਣ।***
> ***ਤੁਲਸੀ ਖਟ ਲੱਛਣ ਮਿਲੇ***
> ***ਮਿਤ੍ਰਤਾ ਪਹਿਚਾਣ।***

ਇਹ ਤਾਮਸੀ ਪਸ਼ੂ ਹੈ ਮਾਸ ਬਿਨਾਂ ਇਸ ਦਾ ਗੁਜ਼ਾਰਾ ਨਹੀਂ ਤੇ ਤੁਸੀਂ ਸ਼ੁਧਤਾ ਰੱਖਣ ਵਾਲੇ ਬ੍ਰਾਹਮਣ ਹੋ, ਤੁਹਾਡੀ ਤੇ ਇਸ ਦੀ ਮਿਤਰਤਾ ਕੋਈ ਸੋਭਾ ਨਹੀਂ ਦਿੰਦੀ। ਸ਼ੇਰ ਅਚਾਨਕ ਦਰਵਾਜ਼ੇ ਉਪਰ ਆ ਗਿਆ, ਉਸ ਨੇ ਇਹ ਸਾਰੀਆਂ ਗੱਲਾਂ ਆਪਣੇ ਕੰਨਾਂ ਨਾਲ ਸੁਣ ਲਈਆਂ। ਉਹ ਆਉਂਦਾ ਹੀ ਬ੍ਰਾਹਮਣ ਨੂੰ ਕਹਿਣ ਲੱਗਿਆ ਕਿ ਮਿਤਰਬਰ! ਅੱਜ ਮੇਰੇ ਮਨ ਵਿਚ ਬਹੁਤ ਗੁੱਸਾ ਹੈ, ਤੇਰੀ ਪਤਨੀ ਨੇ ਮੈਨੂੰ ਬਹੁਤ ਵੱਡੀ ਗੱਲ ਕਹੀ ਹੈ ਪਰ ਮੈਂ ਕਿਉਂਕਿ ਤੇਰਾ ਮਿਤਰ ਬਣ ਚੁਕਿਆ ਹਾਂ ਮੈਂ ਤਾਮਸੀ ਸੁਭਾਅ ਹੋਣ ਦੇ ਬਾਵਜੂਦ ਤੁਹਾਨੂੰ ਦੋਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ। ਵਰਨਾ ਮੇਰਾ ਜੀਅ ਕਰਦਾ ਹੈ ਕਿ ਤੁਹਾਨੂੰ ਦੋਹਾਂ ਨੂੰ ਪਾੜ ਕੇ ਖਾ ਜਾਵਾਂ। ਤੂੰ ਇਕ ਕੰਮ ਕਰ। ਇਕ ਕੁਹਾੜਾ ਲਿਆ ਤੇ ਮੇਰੇ ਮੱਥੇ ਵਿਚ ਪੂਰੇ ਜ਼ੋਰ ਨਾਲ ਮਾਰ। ਜੇ ਤੂੰ ਨਹੀਂ ਮਾਰੇਂਗਾ ਤਾਂ ਆਪਣੇ ਇਸ ਕਰਮ ਦਾ ਜ਼ਿੰਮੇਵਾਰ ਹੋਵੇਂਗਾ। ਮਜ਼ਬੂਰਨ ਬ੍ਰਾਹਮਣ ਨੇ ਪੂਰੇ ਜ਼ੋਰ ਨਾਲ ਕੁਹਾੜਾ ਮਾਰਿਆ, ਖੂਨ ਦੀਆਂ ਘਰਾਲਾਂ ਚਲ ਪਈਆਂ, ਸ਼ੇਰ ਸਿਰ ਹਿਲਾਉਂਦਾ-ਹਿਲਾਉਂਦਾ ਜੰਗਲ ਵਿਚ ਚਲਿਆ ਗਿਆ।

ਦੋ ਤਿੰਨ ਮਹੀਨੇ ਬੀਤ ਗਏ, ਉਹ ਪਰਤ ਕੇ ਨਾ ਆਇਆ ਪਰ ਇਕ ਦਿਨ ਅਚਾਨਕ ਬ੍ਰਾਹਮਣ ਨੂੰ ਆ ਕੇ ਕਹਿਣ ਲੱਗਿਆ ਕਿ ਮਿਤਰ ਦੇਖ, ਮੇਰੇ ਸਿਰ ਦਾ ਜ਼ਖਮ ਹਟ ਗਿਆ ਕਿ ਨਹੀਂ? ਤਾਂ ਬ੍ਰਾਹਮਣ ਨੇ ਕਿਹਾ ਕਿ ਜ਼ਖਮ ਵੀ ਹੱਟ ਗਿਆ ਅਤੇ ਉਪਰ ਜੱਤ ਵੀ ਜੰਮ ਆਈ ਹੈ ਹੁਣ ਤਾਂ ਪਤਾ ਹੀ ਨਹੀਂ ਲਗਦਾ ਕਿ ਤੇਰੇ ਕੋਈ ਜ਼ਖਮ ਵੀ ਸੀ। ਸ਼ੇਰ ਕਹਿਣ ਲੱਗਿਆ ਕਿ ਦੇਖ ਕਿੰਨਾਂ ਗਹਿਰਾ ਜ਼ਖਮ ਸੀ ਉਹ ਦੋ ਤਿੰਨ ਮਹੀਨੇ ਦੇ ਸਮੇਂ ਵਿਚ ਮਿਟ ਗਿਆ ਪਰ ਤੇਰੀ ਪਤਨੀ ਦਾ ਕੁਬੋਲ ਮੇਰੇ ਹਿਰਦੇ ਵਿਚੋਂ ਅਜੇ ਤਕ ਮਿਟ ਨਹੀਂ ਸਕਿਆ, ਉਸੇ ਤਰ੍ਹਾਂ ਤਾਜ਼ਾ ਹੈ ਅਤੇ ਮੈਨੂੰ ਅੰਦਰ ਪੀੜਾ ਹੁੰਦੀ ਰਹਿੰਦੀ ਹੈ। ਸੋ ਇਹ ਵਾਚਕ ਹਿੰਸਾ ਬਹੁਤ ਹੀ ਬੁਰੀ ਹੈ ਇਸ ਦੇ ਅਨੇਕ ਪਹਿਲੂ ਹਨ।

ਤੀਸਰੀ ਹਿੰਸਾ ਮਨ ਦੀ ਹੋਇਆ ਕਰਦੀ ਹੈ। ਮਨ ਤੋਂ ਕਿਸੇ ਦਾ ਬੁਰਾ ਮੰਨਣਾ ਅਤੇ ਸੋਚਦੇ ਰਹਿਣਾ ਕਿ ਇਸ ਦਾ ਜੋ ਬੱਚਾ ਪੜ੍ਹ ਰਿਹਾ ਹੈ ਉਹ ਫੇਲ੍ਹ ਹੋ ਜਾਵੇ। ਇਨ੍ਹਾਂ ਨੇ ਨਵੀਂ ਕਾਰ ਲਿਆਂਦੀ ਹੈ ਇਸ ਦਾ ਐਕਸੀਡੈਂਟ ਹੋ ਜਾਵੇ। ਇਸ ਤਰ੍ਹਾਂ ਅਨੇਕ ਅਜਿਹੀਆਂ ਗੱਲਾਂ ਚਿਤਵਦੇ ਰਹਿਣਾ ਇਹ ਮਾਨਸਿਕ ਹਿੰਸਾ ਹੁੰਦੀ ਹੈ। ਇਸ ਵਿਚ ਮਨ ਦੀ ਪ੍ਰੇਰਨਾ ਨਾਲ ਆਦਮੀ ਅਜਿਹਾ ਕੰਮ ਕਰਦਾ ਹੈ ਜਿਸ ਤੋਂ ਦੂਸਰੇ ਦਾ ਨੁਕਸਾਨ ਹੋ ਜਾਵੇ।

ਇਸ ਤਰ੍ਹਾਂ ਦੀ ਇਕ ਘਟਨਾ ਅਸਾਡੇ ਨਾਲ ਵੀ ਵਰਤੀ। ਅਸਾਡਾ ਇਕ ਖੇਤ ਸੜਕ ਦੇ ਨਾਲ ਲਗਦਾ ਸੀ, ਅਸੀਂ ਉਸ ਦੀ ਮਜ਼ਬੂਤ ਕੰਡਿਆਂ ਵਾਲੀ ਵਾੜ ਕਰਦੇ ਹੀ ਰਹਿੰਦੇ ਸੀ। ਇਕ ਖੰਦਕ ਪਾਈ ਹੋਈ ਸੀ, ਉਸ ਨੇ ਚਾਰ-ਪੰਜ ਫੁੱਟ ਦੋ ਪਾਸਿਓਂ ਖੇਤ ਦੀ ਜਗ੍ਹਾਂ ਘੇਰੀ ਹੋਈ ਸੀ। ਉਥੇ ਅਸੀਂ ਮਾਘ ਦੇ ਮਹੀਨੇ 30-40 ਟਾਹਲੀਆਂ ਲਾ ਦਿਤੀਆਂ ਅਤੇ ਉਨ੍ਹਾਂ ਨੂੰ ਪਾਣੀ ਪਾ-ਪਾ ਕੇ ਹਰੀਆਂ ਕਰ ਲਈਆਂ। ਟਾਹਲੀਆਂ ਲਗਰਾਂ ਛੱਡਣ ਲਗ ਗਈਆਂ। ਅਸੀਂ ਉਨ੍ਹਾਂ ਨੂੰ ਹਰ ਰੋਜ਼ ਦੇਖਦੇ ਰਹਿੰਦੇ ਸਾਂ ਅਤੇ ਘਾਹ ਫੂਸ ਜੋ ਕੋਈ ਜੜ੍ਹਾਂ ਵਿਚ ਹੁੰਦਾ ਤਾਂ ਉਸ ਨੂੰ ਸਾਫ ਕਰ ਦਿੰਦੇ। ਪਰ ਅਸਾਡੇ ਹੀ ਪਰਿਵਾਰ ਵਿਚੋਂ ਵੱਖਰੇ ਹੋਏ-ਹੋਏ ਅਸਾਡੇ ਭਰਾ ਨੇ ਜਦੋਂ ਟਾਹਲੀਆਂ ਨੂੰ ਦੇਖਣਾ ਤਾਂ ਹਉਕਾ ਲੈਣਾ, ਉਸ ਨੇ ਮਹਿਸੂਸ ਕਰਨਾ ਕਿ ਇਹ ਟਾਹਲੀਆਂ ਵੱਡੀਆਂ ਹੋ ਜਾਣਗੀਆਂ, ਸੜਕ ਦਾ ਖੇਤ ਹੈ ਫਸਲ ਤਾਂ ਇਨ੍ਹਾਂ ਨੇ ਘੱਟ ਹੀ ਮਾਰਨੀ ਹੈ, ਪਰ ਪੈਸੇ ਬਹੁਤ ਦੇ ਦੇਣਗੀਆਂ।

ਇਕ ਰਾਤ ਨੂੰ ਦਾਤੀ ਹੱਥ ਵਿਚ ਲੈ ਕੇ ਆਇਆ, ਖਿੜ-ਖਿੜ ਕੇ ਇਕ-ਇਕ ਟਾਹਲੀ ਨੂੰ ਪੁੱਟਣ ਲੱਗਿਆ। ਕੁਝ ਤਾਂ ਉਖੜ ਆਈਆਂ ਜੋ ਨਾ ਉਖੜੀਆਂ ਉਨ੍ਹਾਂ ਨੂੰ ਜੜ੍ਹਾਂ ਤੋਂ ਦਾਤੀ ਨਾਲ ਵੱਢ ਦਿਤਾ। ਜਦੋਂ ਦੂਸਰੇ ਦਿਨ ਜਾਂ ਕੇ ਦੇਖਿਆ ਤਾਂ ਟਾਹਲੀਆਂ ਦੀ ਹਰਿਆਵਲ ਵਾੜ ਵਿਚੋਂ ਨਜ਼ਰ ਨਾ ਆਈ। ਖੰਦਕ ਸੁੰਨੀ-ਸੁੰਨੀ ਹੋ ਗਈ। ਨੇੜੇ ਜਾ ਕੇ ਬਹੁਤ ਧਿਆਨ ਨਾਲ ਦੇਖਿਆ ਜਿਨ੍ਹਾਂ ਨੇ ਪੁਟੀਆਂ ਸਨ ਉਨ੍ਹਾਂ ਦੀਆਂ ਪੈੜਾਂ ਸਾਫ ਨਜ਼ਰ ਆ ਰਹੀਆਂ ਸਨ। ਅਸੀਂ ਤਾਂ ਇਸ ਖਿਆਲ ਵਿਚ ਆ ਗਏ ਕਿ ਜਦੋਂ ਲਾਈਆਂ ਹੀ ਨਹੀਂ ਸਨ ਤਾਂ ਵੀ ਗੁਜ਼ਾਰਾ ਹੁੰਦਾ ਹੀ ਸੀ ਪਰ ਉਸ ਪ੍ਰੇਮੀ ਦਾ ਸੁਭਾਅ ਸ਼ੁਰੂ ਤੋਂ ਹੀ ਐਸਾ ਹੀ ਰਿਹਾ। ਜਦੋਂ ਕਿਸੇ ਦੀ ਤਰੱਕੀ ਹੁੰਦੀ ਸੀ ਤਾਂ ਉਸ ਦੇ ਪੇਟ ਵਿਚ ਰੋਟੀ ਪਚਣੀ ਬੰਦ ਹੋ ਜਾਂਦੀ। ਵੈਦਾਂ ਤੋਂ ਦਵਾਈਆਂ ਲੈਂਦਾ ਰਹਿੰਦਾ

ਸੀ। ਸੋ ਇਹ ਵੀ ਇਕ ਤਰ੍ਹਾਂ ਦੀ ਹਿੰਸਾ ਹੋਇਆ ਕਰਦੀ ਹੈ। ਦੂਸਰੇ ਦੀ ਤਰੱਕੀ ਦੇ ਰਾਹ ਵਿਚ ਰੁਕਾਵਟ ਦੇਖ ਕੇ ਆਪਣਾ ਮਨ ਪ੍ਰਸੰਨ ਕਰ ਲੈਣਾ। ਇਸ ਵਿਚ ਦੋ ਭਾਵ ਰਲੇ ਹੋਏ ਹੁੰਦੇ ਹਨ, ਇਕ ਤਾਂ ਈਰਖਾ ਹੁੰਦੀ ਹੈ ਅਤੇ ਦੂਸਰੀ ਕ੍ਰਿਆ ਦੇ ਰੂਪ ਵਿਚ ਹਿੰਸਾ ਹੁੰਦੀ ਹੈ। ਗੁਰੂ ਮਹਾਰਾਜ ਜੀ ਨੇ ਅਸਾਨੂੰ ਇਸ ਹਿੰਸਾ ਤੋਂ ਬਚਾਉਣ ਲਈ ਸਰਬੱਤ ਦੇ ਭਲੇ ਦੀ ਸਿਖਿਆ ਦਿਤੀ ਹੈ ਜਿਸ ਦੀ ਪੂਰਤੀ ਲਈ ਅਸੀਂ ਹਰ ਰੋਜ਼ ਬਾਣੀ ਪੜ੍ਹ ਕੇ ਚਿੱਤ ਦੀ ਇਕਾਗਰਤਾ ਦੇ ਨਾਲ ਵਾਹਿਗੁਰੂ ਜੀ ਪਾਸ ਕਹਿੰਦੇ ਹਾਂ-

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ।*

ਚੌਥੀ ਹਿੰਸਾ ਬੁੱਧੀ ਦੀ ਹੋਇਆ ਕਰਦੀ ਹੈ। ਬੁੱਧੀ ਦੇ ਬਲ ਨਾਲ ਦੂਸਰੇ ਦਾ ਨੁਕਸਾਨ ਕਰਨ ਲਈ ਸ਼ੜਯੰਤਰ ਰਚਣੇ, ਦੂਸਰੇ ਲੋਕਾਂ ਨੂੰ ਚੁੱਕ ਕੇ ਉਸ ਨੂੰ ਨੁਕਸਾਨ ਪਹੁੰਚਾਉਣਾ, ਘਰ ਵਿਚ ਫੁੱਟ ਪਾ ਦੇਣੀ, ਉਸ ਨੂੰ ਮਿਤਰਾਂ ਨਾਲੋਂ ਤੋੜ ਦੇਣਾ ਅਤੇ ਹਰ ਤਰ੍ਹਾਂ ਦੇ ਹਰਬੇ ਵਰਤ ਕੇ ਨੁਕਸਾਨ ਪਹੁੰਚਾਉਣਾ ਉਸ ਨੂੰ ਪੁੱਠੀ ਮਤ ਦੇ ਕੇ ਉਸਦਾ ਨੁਕਸਾਨ ਕਰਾ ਦੇਣਾ, ਉਸ ਦੇ ਬੱਚਿਆਂ ਨੂੰ drug (ਨਸ਼ੀਲੀਆਂ ਦਵਾਈਆਂ) ਖਾਣ ਦੇ ਆਦੀ ਬਣਾ ਦੇਣਾ। ਇਹ ਸਾਰੀ ਹਿੰਸਾ ਬੁੱਧੀ ਦੇ ਬਲ ਨਾਲ ਹੋਇਆ ਕਰਦੀ ਹੈ।

ਪੰਜਵੀਂ ਹਿੰਸਾ ਜੰਤਰਾਂ ਮੰਤਰਾਂ ਦੇ ਕਾਰਨ ਹੋਇਆ ਕਰਦੀ ਹੈ, ਕਿਸੇ ਤਾਂਤਰੀ ਕੋਲ ਜਾ ਕੇ ਤੰਤਰ ਮੰਤਰ ਦੇ ਬਲ ਨਾਲ ਉਸਦਾ ਕਾਰਜ ਬੰਨ੍ਹ ਦੇਣਾ। ਸੋ ਇਨ੍ਹਾਂ ਸਾਰੀਆਂ ਹਿੰਸਾਵਾਂ ਤੋਂ ਬਚ ਕੇ ਅਹਿੰਸਾ ਦਾ ਧਾਰਨੀ ਹੋਣਾ ਇਹ ਇਕ ਰਹਿਤ ਹੈ ਜੋ ਇੰਦ੍ਰੀਆਂ ਦੇ ਦਮਨ ਵਾਸਤੇ ਬਹੁਤ ਹੀ ਆਵਸ਼ਕ ਹੋਇਆ ਕਰਦੀ ਹੈ।

**ਸਤਿ** - ਸਤਿ ਇਕ ਜੀਵਨ ਹੈ ਜੋ ਪੂਰੀ ਤਰ੍ਹਾਂ ਦੰਭ ਰਹਿਤ ਹੈ, ਸਤਿ ਉਹ ਬਚਨ ਹੈ, ਜਿਸ ਵਿਚ ਝੂਠ ਦੀ ਕੋਈ ਗੁੰਜਾਇਸ਼ ਨਾ ਹੋਵੇ, ਸਤਿ ਉਹ ਜੀਵਨ ਹੈ ਜਿਸ ਵਿਚ ਬੁਰੀਆਂ ਗੱਲਾਂ ਨੂੰ ਕੋਈ ਥਾਂ ਨਹੀਂ ਮਿਲਦਾ। ਸਤਿ ਉਹ ਸਵੈ ਅਨੁਸ਼ਾਸ਼ਨ ਹੈ ਜਿਸ ਵਿਚ ਆਦਮੀ ਦ੍ਰਿੜ੍ਹ ਫੈਸਲੇ ਲੈ ਕੇ ਸਦੀਵ ਉਸ ਉਪਰ ਚਲਦਾ ਰਹਿੰਦਾ ਹੈ, ਜਿਸ ਵਿਚ ਇਕ ਸਾਖੀ ਆਉਂਦੀ ਹੈ ਕਿ ਗੁਰੂ ਅਮਰਦਾਸ ਜੀ ਮਹਾਰਾਜ ਗੁਰੂ ਅੰਗਦ ਸਾਹਿਬ ਦੇ ਦਰਬਾਰ ਵਿਚ ਸੇਵਾ ਕਰ ਰਹੇ ਸਨ। ਇਕ ਵਾਰੀ ਗੁਰੂ ਮਹਾਰਾਜ ਦੇ ਨਾਲ ਜਾਂਦਿਆਂ ਆਪ ਦੀ ਲੰਮੀ ਬਾਂਹ ਹੁਲਾਰੇ ਨਾਲ ਅੱਗੇ ਨਿਕਲ ਗਈ। ਉਸ ਵੇਲੇ ਆਪ ਨੇ ਫੈਸਲਾ ਕਰ ਲਿਆ ਕਿ ਇਹ ਮੇਰੇ ਤੋਂ ਵੱਡੀ ਅਵੱਗਿਆ ਹੋਈ ਹੈ। ਆਪ ਨੇ ਉਸੇ ਸਮੇਂ ਤੋਂ ਪ੍ਰਤਿੱਗਿਆ ਕਰ ਲਈ ਕਿ ਬਾਂਹ ਨੂੰ ਛਾਤੀ ਨਾਲ ਲਾ ਕੇ ਚਲਣਾ ਹੈ, ਬਾਂਹ ਦਾ ਹੁਲਾਰਾ ਨਹੀਂ ਮਾਰਨਾ। ਸਤਿ ਪ੍ਰਤੱਗੀ ਜੀਵਨ ਭਾਰਤੀ ਇਤਿਹਾਸ ਵਿਚ ਬਹੁਤ ਹੀ ਮਿਲਦੇ ਹਨ ਜਿਨ੍ਹਾਂ ਨੇ ਇਕ ਵਾਰੀ ਪ੍ਰਤਿੱਗਿਆ ਕਰ ਲਈ ਫੇਰ ਭਾਵੇਂ ਉਨ੍ਹਾਂ ਦੀ ਜਾਨ ਜਾਂਦੀ ਰਹੇ ਉਹ ਆਪਣੀ ਪ੍ਰਤਿੱਗਿਆ ਤੋਂ ਨਹੀਂ ਟਲਿਆ ਕਰਦੇ। ਭੀਸ਼ਮ ਪਿਤਾਮਾ ਨੇ ਪ੍ਰਤਿੱਗਿਆ ਕੀਤੀ ਹੋਈ ਸੀ ਕਿ ਉਹ ਇਸਤ੍ਰੀ ਉਪਰ ਕਦੇ ਵੀ ਵਾਰ ਨਹੀਂ ਕਰਨਗੇ। ਜਦੋਂ ਮਹਾਂਭਾਰਤ ਦੇ ਯੁੱਧ ਸਮੇਂ ਉਨ੍ਹਾਂ ਦਾ ਯੁੱਧ ਅਰਜਨ ਨਾਲ ਹੋ ਰਿਹਾ ਸੀ ਤਾਂ ਉਨ੍ਹਾਂ ਨੇ ਆਪਣੇ ਬਾਣ ਮਾਰਨੇ ਇਕ ਦਮ ਬੰਦ ਕਰ ਦਿਤੇ ਕਿਉਂਕਿ ਰੱਥ ਨੂੰ ਹੱਕਣ ਵਾਲਾ ਸ਼ਿਖੰਡੀ ਸੀ ਜੋ ਪਿਛਲੇ ਜਨਮ ਵਿਚ ਕਾਸ਼ੀ ਵਾਲੇ ਰਾਜੇ ਦੀ ਲੜਕੀ ਸੀ, ਭੀਸ਼ਮ ਪਿਤਾਮਾ ਨੇ ਇਹ ਜਾਣ ਕੇ ਕਿ ਪਿਛਲੇ ਜਨਮ ਵਿਚ ਇਹ ਔਰਤ ਸੀ। ਉਸ ਨੇ ਅਰਜਨ ਦੇ ਬਾਣ ਨਾ ਮਾਰੇ, ਖ਼ੁੱਦ ਐਨੇ ਬਾਣ ਸਰੀਰ ਉਪਰ ਖਾ ਲਏ ਕਿ ਉਨ੍ਹਾਂ ਦੇ ਸਰੀਰ ਨੇ ਧਰਤੀ ਨੂੰ ਨਾ ਛੂਹਿਆ। ਸਗਮਾਂ ਐਉਂ ਲਟਕਦੇ ਰਹੇ ਜਿਵੇਂ ਕੋਈ ਸੇਜਾ ਉਪਰ ਪਿਆ ਹੁੰਦਾ ਹੈ। ਆਪ ਨੇ ਆਪਣਾ ਸਰੀਰ ਤਾਂ ਦੇ ਦਿਤਾ ਪਰ ਪ੍ਰਤਿੱਗਿਆ ਨਾ ਹਾਰੀ।

ਇਸੇ ਤਰ੍ਹਾਂ ਗੁਰੂ ਹਰਿ ਰਾਇ ਜੀ ਬੱਚੇ ਸਨ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਬਾਗ ਵਿਚ ਟਹਿਲ ਰਹੇ ਸਨ। ਉਥੇ ਇਕ ਬਹੁਤ ਵੱਡਾ ਗੁਲਾਬ ਦਾ ਫੁੱਲ ਮਾਲੀ ਨੇ ਤਿਆਰ ਕੀਤਾ ਸੀ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਉਸ ਨੂੰ ਦੇਖ ਕੇ ਬਹੁਤ ਪ੍ਰਸੰਨ ਹੋਏ, ਉਨ੍ਹਾਂ ਦੇ ਪਿਛੇ ਬਾਲਰੂਪ ਵਿਚ ਗੁਰੂ ਹਰਿ ਰਾਏ ਜੀ ਆ ਰਹੇ ਸਨ। ਆਪ ਬਚਪਨ ਤੋਂ ਹੀ ਬਹੁਤ ਵੱਡਾ ਚੋਲਾ ਪਹਿਨਿਆ ਕਰਦੇ ਸੀ ਜੋ ਦੂਰ ਤਕ ਫੈਲਿਆਂ ਰਹਿੰਦਾ ਸੀ। ਹਵਾ ਚਲ ਰਹੀ ਸੀ ਅਤੇ ਆਪ ਦਾ ਚੋਲਾ ਉਡ ਕੇ ਫੁੱਲ ਵਿਚ ਫਸ ਗਿਆ ਅਤੇ ਉਸ ਨੇ ਫੁੱਲ ਤੋੜ ਦਿਤਾ। ਆਪ ਉਥੇ ਹੀ ਬੈਠ ਗਏ ਅਤੇ ਬਹੁਤ ਗਹਿਰੀ ਵਿਚਾਰ ਵਿਚ ਮਸਤ ਹੋ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ਘੁੰਮ ਕੇ ਫੇਰ ਉਸ ਥਾਂ ਆਏ ਤਾਂ ਆਪ ਨੇ ਕਿਹਾ ਕਿ ਕੀ ਗੱਲ ਹੈ? ਉਤਰ ਵਿਚ ਆਪ ਨੇ ਜਵਾਬ ਦਿਤਾ ਕਿ ਸੱਚੇ ਪਾਤਸ਼ਾਹ! ਮੇਰੇ ਚੋਲੇ ਵਿਚ ਫਸ ਕੇ ਇਹ ਫੁੱਲ ਟੁੱਟ ਗਿਆ ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਜੇ ਵੱਡੇ ਚੋਲੇ ਪਾਉਣੇ ਹਨ ਤਾਂ ਸੰਭਾਲ ਕੇ ਚਲੀਦਾ ਹੈ। ਇਤਿਹਾਸ ਵਿਚ ਆਉਂਦਾ ਹੈ ਕਿ ਉਸ ਦਿਨ ਤੋਂ ਪਿਛੋਂ ਗੁਰੂ ਹਰਿ ਰਾਇ ਸਾਹਿਬ ਜਦੋਂ ਚਲਦੇ ਸਨ ਉਸ ਵੇਲੇ ਚੋਲਾ ਇਕੱਠਾ ਕਰਕੇ ਬਾਂਹ ਉਪਰ ਰੱਖ ਲਿਆ ਕਰਦੇ ਸਨ। ਇਹ ਪ੍ਰਤਿੱਗਿਆ ਉਨ੍ਹਾਂ ਨੇ ਸਾਰੀ ਜ਼ਿੰਦਗੀ ਨਿਭਾਹੀ। ਸੋ ਇਹ ਸਾਰੇ ਗੁਣ ਸਤਿ ਦੇ ਘੇਰੇ ਵਿਚ ਆਉਂਦੇ ਹਨ।

ਇਸ ਤੋਂ ਪਿਛੋਂ ਵਾਰੀ ਆਉਂਦੀ ਹੈ ਕਿ ਕਿਸੇ ਤਰ੍ਹਾਂ ਵੀ ਕਿਸੇ ਕਿਸਮ ਦੀ ਚੋਰੀ ਨਾ ਕੀਤੀ ਜਾਵੇ। ਚੋਰੀ ਬਹੁਤ ਕਿਸਮ ਦੀ ਹੈ, ਕਿਸੇ ਦੀ ਚੀਜ਼ ਚੁੱਕ ਲੈਣਾ, ਸੁੱਤੇ ਪਏ ਕਿਸੇ ਦੇ ਘਰ ਪਾੜ ਲਾ ਕੇ ਤਾਲਾ ਤੋੜ ਕੇ ਜਾਂ ਹੋਰ ਕਿਸੇ ਤਰੀਕੇ ਨਾਲ ਚੋਰੀ ਕਰ ਲੈਣੀ, ਇਹ ਸਰੀਰਕ ਚੋਰੀ ਹੋਇਆ ਕਰਦੀ ਹੈ। ਇਸੇ ਤਰ੍ਹਾਂ

ਨਾਲ ਹੋਰ ਵੀ ਬਹੁਤ ਸਾਰੀਆਂ ਚੋਰੀਆਂ ਹਨ, ਕਿਸੇ ਨੇ ਸੋਹਣੀ ਕਵਿਤਾ ਬਣਾਈ ਹੋਵੇ, ਹੂ-ਬ-ਹੂ ਉਸ ਨੂੰ ਆਪਣੀ ਬਣਾ ਕੇ ਲਿਖ ਦੇਣਾ ਇਹ ਕਲਮ ਦੀ ਚੋਰੀ ਹੈ। ਦੂਸਰੇ ਦੇ ਖਿਆਲਾਂ ਨੂੰ ਚੋਰੀ ਕਰਕੇ ਆਪਣੀ ਲਿਖਤ ਅਤੇ ਆਪਣੇ ਖਿਆਲਾਂ ਦਾ ਰੰਗ ਦੇ ਕੇ ਆਪਣੇ ਬਣਾ ਲੈਣੇ ਇਹ ਖਿਆਲਾਂ ਦੀ ਚੋਰੀ ਹੋਇਆ ਕਰਦੀ ਹੈ। ਕਿਸੇ ਦਾ ਕੀਰਤਨ ਸੁਣਿਆ, ਉਸ ਦੀਆਂ ਧਾਰਨਾਂ ਆਪਣੀਆਂ ਬਣਾ ਕੇ ਲੋਕਾਂ ਤੋਂ ਵਾਹਵਾ-ਵਾਹਵਾ ਹਾਸਲ ਕਰਨੀ ਇਹ ਵੀ ਚੋਰੀ ਹੋਇਆ ਕਰਦੀ ਹੈ।

ਅਚਾਰੀਆ ਰਜਨੀਸ਼ ਅਜਿਹੇ ਖਿਆਲਾਂ ਦੇ ਚੋਰਾਂ ਨੂੰ ਤੋਤੇ ਆਖਿਆ ਕਰਦੇ ਸਨ ਜਦੋਂ ਉਨ੍ਹਾਂ ਨੂੰ ਕਿਸੇ ਨੇ ਕਹਿਣਾ ਕਿ ਭਗਵਾਨ! ਤੁਹਾਡਾ ਫਲਾਣਾ ਚੇਲਾ ਬਿਲਕੁਲ ਤੁਹਾਡੇ ਵਾਂਗੂੰ ਹੀ ਲੈਕਚਰ ਕਰਦਾ ਹੈ ਅਤੇ ਉਨ੍ਹਾਂ ਵਿਚੋਂ ਤਾਂ ਫਲਾਣਾ ਬੰਦਾ ਤਾਂ ਐਉਂ ਲਗਦਾ ਹੈ ਕਿ ਹੂ-ਬ-ਹੂ ਤੁਸੀਂ ਹੀ ਬੋਲ ਰਹੇ ਹੋ। ਤਾਂ ਉਨ੍ਹਾਂ ਨੇ ਹੱਸ ਕੇ ਕਹਿਣਾ ਪਿਆਰਿਓ! ਮੇਰੇ ਬੜੇ ਤੋਤੇ ਹਨ ਜਿਸ ਦਾ ਤੁਸੀਂ ਨਾਮ ਲੈਂਦੇ ਹੋ। ਉਹ ਬੜਾ ਸਿਆਣਾ ਤੋਤਾ ਹੈ, ਉਸ ਦੇ ਅੱਖਰ-ਅੱਖਰ ਯਾਦ ਹੋ ਜਾਂਦਾ ਹੈ। ਸੋ ਇਹ ਤੋਤੇ ਵੀ ਇਕ ਕਿਸਮ ਦੇ ਚੋਰ ਹੀ ਹੋਇਆ ਕਰਦੇ ਹਨ। ਆਪਣੀ ਪ੍ਰਸੰਸਾ ਕਰਾਉਂਦੇ ਹਨ, ਆਪਣੇ ਮਹਾਤਮਾ ਦੇ ਬਚਨਾਂ ਨੂੰ ਆਪਣੇ ਬਣਾ ਕੇ ਦੂਸਰਿਆਂ ਨੂੰ ਸੁਣਾਉਂਦੇ ਹਨ, ਇਹ ਚੋਰ ਬਹੁਤ ਵੱਡਾ ਨੁਕਸਾਨ ਕਰ ਦਿੰਦੇ ਹਨ। ਅਜਿਹੇ ਪੁਰਸ਼ਾਂ ਦਾ ਆਪਣਾ ਕੋਈ ਅਨੁਭਵ ਨਹੀਂ ਹੋਇਆ ਕਰਦਾ ਉਨ੍ਹਾਂ ਦੇ ਧੁਅੰਦਰ ਹਨ੍ਹੇਰਾ ਹੋਇਆ ਕਰਦਾ ਹੈ। ਉਹ ਬੇਗਾਨੀ ਲਾਈਟ ਦੇ ਸਹਾਰੇ ਆਪਣਾ ਨਾਮ ਪੈਦਾ ਕਰਦੇ ਹਨ। ਸੋ ਇਹ ਖਿਆਲਾਂ ਦੇ ਚੋਰ ਹੋਇਆ ਕਰਦੇ ਹਨ।

ਤੀਸਰੀ ਕਿਸਮ ਦੇ ਮਨ ਦੇ ਚੋਰ ਹੋਇਆ ਕਰਦੇ ਹਨ। ਉਪਰੋਂ-ਉਪਰੋਂ ਤਾਂ ਬਹੁਤ ਸਾਧੂ ਪ੍ਰਤੀਤ ਦਿਆ ਕਰਦੇ ਹਨ ਪਰ ਅੰਦਰੋਂ ਛੁਪ ਕੇ ਉਨ੍ਹਾਂ ਦਾ ਜੀਵਨ ਹੋਰ ਹੋਇਆ ਕਰਦਾ ਹੈ, ਬਾਹਰੋਂ ਪੈਸੇ ਦੇ ਤਿਆਗੀ ਹੁੰਦੇ ਹਨ ਪਰ ਅੰਦਰੋਂ ਸਦਾ ਹੀ ਲੋਚਦੇ ਹਨ ਕਿ ਪੈਸੇ ਵਾਲੇ ਸੇਵਕਾਂ ਦੇ ਕਥਾ ਕੀਰਤਨ ਕਰਾਂ ਤਾਂ ਉਥੋਂ ਮਾਇਆ ਬਹੁਤ ਮਿਲ ਜਾਵੇਗੀ। ਉਹ ਦੇਸ਼ਾਂ ਪ੍ਰਦੇਸਾਂ ਵਿਚ ਜਾਣਾ ਲੋਚਦੇ ਹਨ ਕਿਉਂਕਿ ਉਥੋਂ ਡਾਲਰ ਤੇ ਪੌਂਡ ਮਿਲ ਜਾਂਦੇ ਹਨ, ਜੋ ਆਪਣੇ ਦੇਸ਼ ਵਿਚ ਆ ਕੇ 36 ਅਤੇ 60 ਗੁਣਾਂ ਵਧ ਹੋ ਜਾਂਦੇ ਹਨ, ਇਸ ਤੋਂ ਇਲਾਵਾ ਬਹੁਤ ਸਾਰੇ ਕੁਕਰਮ ਭੇਖ ਦੀ ਆੜ ਵਿਚ ਕਰ ਲੈਂਦੇ ਹਨ ਪਰ ਕਿਸੇ ਨੂੰ ਵੀ ਭੇਤ ਨਹੀਂ ਲਗਣ ਦਿੰਦੇ। ਕਬੀਰ ਸਾਹਿਬ ਜੀ ਉਨ੍ਹਾਂ ਬਾਰੇ ਫੁਰਮਾਨ ਕਰਦੇ ਹਨ -

*ਕਬੀਰ ਜੇਤੇ ਪਾਪ ਕੀਏ*
*ਰਾਖੇ ਤਲੈ ਦੁਰਾਇ॥*
*ਪਰਗਟ ਭਏ ਨਿਦਾਨ*
*ਸਭ ਜਬ ਪੂਛੇ ਧਰਮ ਰਾਇ॥*

*ਪੰਨਾ - 1370*

ਅਸਲੀ ਚੋਰ ਉਹ ਹਨ ਜੋ ਮਾਨਸ ਜਨਮ ਪ੍ਰਾਪਤ ਕਰਕੇ ਭਜਨ ਬੰਦਗੀ ਨਹੀਂ ਕਰਦੇ ਵਾਹਿਗੁਰੂ ਜੀ ਤੋਂ ਦਾਤਾਂ ਪ੍ਰਾਪਤ ਕਰਕੇ ਖਾਂਦੇ ਪੀਂਦੇ ਪਹਿਨਦੇ ਹਨ, ਚੰਗੀਆਂ ਸਵਾਰੀਆਂ ਦਾ ਅਨੰਦ ਮਾਣਦੇ ਹਨ ਪਰ ਉਸ ਦੇਣ ਵਾਲੇ ਨੂੰ ਸਦਾ ਹੀ ਭੁੱਲੇ ਰਹਿੰਦੇ ਹਨ ਉਨ੍ਹਾਂ ਨੂੰ ਭਜਨ ਸਿਮਰਨ ਦੇ ਚੋਰ ਆਖਿਆ ਜਾਂਦਾ ਹੈ।

*ਤੇ ਤਸਕਰ ਜੋ ਨਾਮੁ ਨ ਲੇਵਹਿ*
*ਵਾਸਹਿ ਕੋਟ ਪੰਚਾਸਾ॥*

*ਪੰਨਾ - 1328*

ਸੋ ਇਸ ਤਰ੍ਹਾਂ ਇਕ ਹੋਰ ਸ਼੍ਰੇਣੀ ਚੋਰਾਂ ਦੀ ਹੈ ਜਿਸਨੂੰ ਕਵਿਤਾ ਦੇ ਚੋਰ ਆਖਿਆ ਜਾਂਦਾ ਹੈ ਜਿਸ ਦੇ ਬਾਰੇ ਐਸਾ ਲਿਖਿਆ ਹੋਇਆ ਹੈ -

*ਏਕ ਕਵੀ ਹੈ ਭਾਰਜਾ*
*ਏਕ ਕਵੀ ਹੈ ਪੂਤ।*
*ਏਕ ਕਵੀ ਹੈ ਮਿਤ੍ਰਬਰ,*
*ਏਕ ਕਵੀ ਅਵਧੂਤ।*
*ਕੌਣ ਕਵੀ ਹੈ ਭਾਰਜਾ,*
*ਕੌਣ ਕਵੀ ਹੈ ਪੂਤ?*
*ਕੌਣ ਕਵੀ ਹੈ ਮਿਤ੍ਰਬਰ,*
*ਕੌਣ ਕਵੀ ਅਵਧੂਤ?*
*ਕਾਵਿ ਚਰਾਏ ਭਾਰਜਾ,*
*ਅਰਥ ਚਰਾਏ ਪੂਤ।*
*ਦ੍ਰਿਸਟਾਂਤ ਚਰਾਏ ਮਿਤ੍ਰਬਰ,*
*ਸੁਤੇ ਰਚੇ ਅਵਧੂਤ।*

ਸੋ ਹਰ ਤਰ੍ਹਾਂ ਦੀ ਚੋਰੀ ਤੋਂ ਬਚਣਾ ਆਤਮ ਮਾਰਗ ਦੀ ਪ੍ਰਾਪਤੀ ਲਈ ਬਹੁਤ ਹੀ ਜ਼ਰੂਰੀ ਹੈ।

ਇਸ ਤੋਂ ਅੱਗੇ ਬ੍ਰਹਮਚਰੀਆ ਅਜਿਹਾ ਗੁਣ ਹੈ ਜਿਸ ਨੂੰ ਧਾਰਨ ਕਰਕੇ ਸਰੀਰ ਮਜ਼ਬੂਤ ਹੁੰਦਾ ਹੈ ਜਿਸ ਦੇ ਬਾਰੇ ਬਹੁਤ ਵਿਸਥਾਰ ਨਾਲ ਪਿਛੇ ਲਿਖਿਆ ਜਾ ਚੁਕਿਆ ਹੈ। ਗੁਰੂ ਘਰ ਵਿਚ ਏਕਾ ਨਾਰ ਵਾਲੇ ਨੂੰ ਜਤੀ ਆਖਿਆ ਗਿਆ ਹੈ।

ਬ੍ਰਹਮਚਰੀਆ ਬਾਰੇ ਇਕ ਪ੍ਰੇਮੀ ਦਾ ਤ੍ਰਿਅ ਚਰਿੱਤਰ ਵਿਚ ਜ਼ਿਕਰ ਆਉਂਦਾ ਹੈ ਜੋ ਇਸ ਤਰ੍ਹਾਂ ਹੈ ਜਹਾਂਗੀਰ ਦੀ ਫੌਜ ਵਿਚ ਇਕ ਸਿਪਾਹੀ ਜਿਸ ਦੇ ਅੰਗ-ਅੰਗ ਦੀ ਸੁੰਦਰਤਾ ਮਨ ਮੋਹਿਤ ਕਰਦੀ ਸੀ। ਜਹਾਂਗੀਰ ਦੀ ਲੜਕੀ ਨੇ ਉਸ ਨੂੰ ਪਹਿਰਾ ਦਿੰਦਿਆਂ ਤੱਕਿਆ ਅਤੇ ਮਨ ਹੀ ਮਨ ਵਿਚ ਫੈਸਲਾ ਕਰ ਲਿਆ ਕਿ ਮੈਂ ਇਸ ਫੌਜੀ ਸਿਪਾਹੀ ਨੂੰ ਹਾਸਲ ਕਰਨਾ ਹੈ, ਦਿਨ ਰਾਤ ਉਸ ਧੁਨ ਵਿਚ ਰਹਿਣ ਲੱਗੀ। ਹੌਲੀ-ਹੌਲੀ ਉਸਦੀ ਮਾਤਾ ਨੂੰ ਸਾਰੇ ਭੇਤ ਮਿਲ ਗਏ, ਉਸ ਨੇ ਸਮਾਂ ਵਿਚਾਰ ਕੇ ਜਹਾਂਗੀਰ ਨਾਲ ਵਿਚਾਰ ਕੀਤੀ ਅਤੇ ਕਿਹਾ ਕਿ ਦੇਖੋ, ਇਹ ਸੰਤ ਰਾਮ ਜਾਤ ਦਾ ਤਾਂ ਹਿੰਦੂ ਹੈ ਪਰ ਜੇ ਇਸ ਨੂੰ ਇਸਲਾਮ ਵਿਚ ਲਿਆਂਦਾ ਜਾਵੇ, ਇਸ ਨੂੰ ਵੱਡੀ ਜਾਗੀਰ ਦੇ ਕੇ ਅਮੀਰ ਬਣਾ ਦਿਤਾ ਜਾਵੇ ਤਾਂ ਆਪਣੀ ਲੜਕੀ ਇਸ ਨਾਲ ਵਿਆਹੁਣ ਵਿਚ ਕੋਈ

ਹਰਜ਼ ਨਹੀਂ ਪ੍ਰਤੀਤ ਦਿੰਦਾ। ਇਸ ਆਸ਼ੇ ਨੂੰ ਮੁੱਖ ਰਖਦੇ ਹੋਏ ਇਸ ਫੌਜੀ ਨੂੰ ਇਸਲਾਮ ਵਿਚ ਲਿਆ ਕੇ ਐਸਾ ਵਿਆਹ ਕਰਨ ਦਾ ਫੈਸਲਾ ਜਹਾਂਗੀਰ ਨੇ ਮੰਨ ਲਿਆ। ਜਹਾਂਗੀਰ ਦਾ ਅੰਗਰਕਸ਼ਕ ਜੋ ਨੇੜੇ ਹੀ ਸੀ ਉਸ ਨੇ ਇਹ ਗੱਲ ਸੁਣ ਲਈ ਅਤੇ ਡਿਊਟੀ ਤੋਂ ਵਿਹਲਾ ਹੋ ਕੇ ਸੰਤ ਰਾਮ ਨੂੰ ਵਧਾਈ ਦੇ ਕੇ ਕਹਿਣ ਲੱਗਿਆ ਕਿ ਜਿਥੇ ਤੂੰ ਅਸਾਡੇ ਵਰਗਾ ਸਿਪਾਹੀ ਹੈਂ, ਬਹੁਤ ਥੋੜ੍ਹੇ ਦਿਨਾਂ ਵਿਚ ਤੂੰ ਵੱਡਾ ਆਦਮੀ ਬਣ ਜਾਣਾ ਹੈ ਅਤੇ ਬਾਦਸ਼ਾਹ ਦੀ ਤੈਨੂੰ ਬਹੁਤ ਵੱਡੇ ਅਹੁਦੇ ਤੇ ਲਾ ਕੇ ਕਿਸੇ ਸੂਬੇ ਦਾ ਸੂਬੇਦਾਰ ਬਣਾਉਣ ਦੀ ਵੀ ਵਿਉਂਤ ਹੈ। ਤੈਨੂੰ ਇਸਲਾਮ ਵਿਚ ਲਿਆ ਕੇ ਆਪਣੀ ਲੜਕੀ ਵਿਆਹ ਦੇਣੀ ਹੈ। ਜਦੋਂ ਉਸ ਨੇ ਇਹ ਗੱਲ ਸੁਣੀ ਤਾਂ ਬਹੁਤ ਹੀ ਫਿਕਰ ਵਿਚ ਹੋ ਗਿਆ। ਰਾਤ ਨੂੰ ਚੋਰੀ ਨੱਠ ਗਿਆ ਇਸ ਇਰਾਦੇ ਨਾਲ ਕਿ ਜਹਾਂਗੀਰ ਦੇ ਰਾਜ ਵਿਚੋਂ ਨਿਕਲ ਕੇ ਜਤ ਸਤ ਨੂੰ ਕਾਇਮ ਰੱਖ ਕੇ ਆਪਣਾ ਜੀਵਨ ਨਿਰਬਾਹ ਕਰੇ। ਉਸ ਨੇ ਜਾਗੀਰਾਂ, ਵੱਡੇ ਅਹੁਦੇ ਦੀ ਪ੍ਰਵਾਹ ਨਾ ਕੀਤੀ। ਉਹ ਕੇਵਲ ਆਪਣਾ ਧਰਮ ਬਚਾਉਣ ਲਈ ਦੂਰ ਨਿਕਲ ਗਿਆ ਪਰ ਜਹਾਂਗੀਰ ਨੂੰ ਜਦੋਂ ਪਤਾ ਲੱਗਿਆ, ਉਸ ਨੇ ਥਾਂ ਪਰ ਥਾਂ ਪੁਲਿਸ ਵਾਲਿਆਂ ਨੂੰ ਸਾਵਧਾਨ ਕਰਾ ਦਿਤਾ, ਉਸ ਦਾ ਹੁਲੀਆ ਦੂਰ-ਦੂਰ ਦੇਸ਼ਾਂ ਵਿਚ ਪਹੁੰਚ ਗਿਆ ਅਤੇ ਕਿਹਾ ਗਿਆ ਕਿ ਉਸ ਨੂੰ ਹਰ ਹਾਲਤ ਵਿਚ ਪੇਸ਼ ਕੀਤਾ ਜਾਵੇ। ਪੇਸ਼ਾਵਰ ਵਿਚ ਇਹ ਗੁਰੂ ਕਾ ਸਿੱਖ ਫੜਿਆ ਗਿਆ। ਜਹਾਂਗੀਰ ਦੇ ਪੇਸ਼ ਕੀਤਾ ਗਿਆ ਉਸ ਨੇ ਇਸ ਨੂੰ ਇਸਲਾਮ ਵਿਚ ਲਿਆਉਣ ਵਾਲੀਆਂ ਗੱਲਾਂ ਕਹੀਆਂ ਅਤੇ ਨਾਲ ਹੀ ਕਿਹਾ ਕਿ ਤੈਨੂੰ ਸੂਬੇਦਾਰ ਬਣਾ ਦਿੰਦੇ ਹਾਂ ਅਤੇ ਬਹੁਤ ਵੱਡੇ ਅਖਤਿਆਰ ਤੈਨੂੰ ਦਿਤੇ ਜਾਣਗੇ। ਫੇਰ ਮੈਂ ਆਪਣੀ ਲੜਕੀ ਦੀ ਸ਼ਾਦੀ ਤੇਰੇ ਨਾਲ ਕਰਾਂਗਾ। ਭਾਈ ਸੰਤ ਰਾਮ ਨੇ ਇਸ ਤਰ੍ਹਾਂ ਦੀ ਕੋਈ ਗੱਲ ਮਨਜ਼ੂਰ ਨਾ ਕੀਤੀ। ਅੰਤ ਉਸ ਨੂੰ ਮੌਤ ਦਾ ਦੰਡ ਦਿਤਾ ਗਿਆ, ਉਸ ਦੀ ਗਰਦਨ ਕੱਟ ਦਿਤੀ। ਜਦੋਂ ਸਹਿਜ਼ਾਦੀ ਨੂੰ ਇਸ ਗੱਲ ਦਾ ਪਤਾ ਲੱਗਿਆ ਉਸ ਨੇ ਬਹੁਤ ਦੁੱਖ ਪ੍ਰਗਟ ਕੀਤਾ ਅਤੇ ਉਸ ਨੇ ਇੱਛਾ ਪ੍ਰਗਟ ਕੀਤੀ ਕਿ ਮੈਂ ਉਸ ਨੂੰ ਦੇਖਣਾ ਚਾਹੁੰਦੀ ਹਾਂ। ਚਾਂਦੀ ਦੇ ਥਾਲ ਵਿਚ ਉਸ ਦਾ ਕੱਟਿਆ ਸੀਸ ਜਹਾਂਗੀਰ ਦੇ ਪੇਸ਼ ਕੀਤਾ ਗਿਆ, ਸ਼ਹਿਜ਼ਾਦੀ ਨੂੰ ਬੁਲਾਇਆ ਗਿਆ। ਉਸ ਨੇ ਜਦੋਂ ਸੀਸ ਨੂੰ ਹੱਥ ਲਾਉਣ ਦਾ ਜਤਨ ਕੀਤਾ ਅਤੇ ਉਹ ਉਸ ਚਾਂਦੀ ਦੀ ਤਸ਼ਤਰੀ ਦੇ ਨੇੜੇ ਆਈ, ਆਪਣੇ ਦੋਵੇਂ ਹੱਥ ਫੈਲਾਏ ਤਾਂ ਸਾਰੇ ਹੈਰਾਨ ਹੋ ਗਏ ਕਿ ਸੀਸ ਉਚਾ ਉਠਣਾ ਸ਼ੁਰੂ ਹੋ ਗਿਆ, ਜਿਥੋਂ ਤਕ ਸਹਿਜ਼ਾਦੀ ਦੇ ਹੱਥ ਉਠ ਸਕਦੇ ਸਨ ਉਸ ਤੋਂ ਸਵਾ ਗਿੱਠ ਉਹ ਸੀਸ ਹੋਰ ਉਚਾ ਉਠ ਗਿਆ। ਜਹਾਂਗੀਰ ਇਹ ਦੇਖ ਕੇ ਹੈਰਾਨ ਹੋ ਗਿਆ ਕਿ ਇਹ ਲੋਕ ਆਪਣੇ ਧਰਮ ਵਿਚ ਕਿੰਨੇ ਪੱਕੇ ਹਨ ਕਿ ਮਰਨ ਤੋਂ ਬਾਦ ਵੀ ਇਸ ਨੇ ਆਪਣੇ ਸਰੀਰ ਨੂੰ ਸਪਰਸ਼ ਨਾ ਕਰਨ ਦਿਤਾ।

***ਸਵਾ ਗਲਿਸ਼ਠ ਸਿਰ ਊਠਿਯੋ***

***ਤਬ ਨ ਕਬੂਲੀ ਨਾਰ॥***

ਸੋ ਇਹ ਜਤ, ਸਤਿ ਦੀ ਹੈਰਾਨ ਕਰਨ ਵਾਲੀ ਮਿਸਾਲ ਹੈ। ਇਸੇ ਤਰ੍ਹਾਂ ਨਾਲ ਧੀਰਜ ਦਾ ਗੁਣ ਹੋਇਆ ਕਰਦਾ ਹੈ ਜਿਸ ਦਾ ਪਹਿਲਾਂ ਜ਼ਿਕਰ ਕੀਤਾ ਜਾ ਚੁਕਿਆ ਹੈ। ਖਿਮਾ, ਦਇਆ, ਕੋਮਲ, ਚਿੱਤ, ਅਲਪ, ਅਹਾਰ ਜ਼ਰੂਰੀ ਗੁਣ ਹਨ। ਦੁਖੀ ਦੇਖ ਕੇ ਉਸ ਦੀ ਸਹਾਇਤਾ ਕਰਨੀ ਇਸ ਨੂੰ ਦਇਆ ਆਖਿਆ ਜਾਂਦਾ ਹੈ। ਔਗੁਣ ਦੇਖ ਕੇ ਮਾਫ ਕਰ ਦੇਵੇ ਚਿਤ ਵਿਚ ਨਾ ਧਾਰਨਾ, ਇਸ ਨੂੰ ਖਿਮਾ ਕਿਹਾ ਜਾਂਦਾ ਹੈ। ਕਿਸੇ ਨੂੰ ਚੰਗਾ ਉਪਦੇਸ਼ ਦੇ ਕੇ ਸਿੱਧੇ ਰਸਤੇ ਪਾ ਦੇਣਾ ਇਹ ਕੋਮਲ ਹਿਰਦੇ ਦੀ ਨਿਸ਼ਾਨੀ ਹੋਇਆ ਕਰਦੀ ਹੈ। ਅਲਪ, ਅਹਾਰ, ਸੁਲਪ ਸੀ ਨਿੰਦ੍ਰਾ ਇਹ ਮਰਿਆਦਾ ਵਾਲੇ ਜੀਵਨ ਵਿਚ ਹੋਇਆ ਕਰਦਾ ਹੈ। ਇਸ ਤਰ੍ਹਾਂ ਇਕ ਹੋਰ ਗੁਣ ਹੈ ਜਿਸ ਨੂੰ ਸੌਚ ਆਖਿਆ ਜਾਂਦਾ ਹੈ ਜਿਸ ਦਾ ਅਰਥ ਪਵਿਤਰਤਾ ਹੈ। ਸਰੀਰ ਨੂੰ ਇਸ਼ਨਾਨ ਕਰਨ ਵੇਲੇ ਪੂਰੀ ਤਰ੍ਹਾਂ ਪਵਿੱਤਰ ਕਰਨਾ, ਸਵੱਛ ਤੋਲੀਏ ਨਾਲ ਸਰੀਰ ਸਾਫ ਕਰਨਾ, ਸਵੱਛ ਵਸਤਰ ਪਹਿਨਣੇ, ਨਹੁੰ ਵਗੈਰਾ ਕੱਟ ਕੇ ਰੱਖਣੇ, ਅੱਖਾਂ, ਕੰਨ ਅਤੇ ਨੱਕ ਨੂੰ ਪੂਰੀ ਤਰ੍ਹਾਂ ਸਾਫ ਰੱਖਣਾ ਅਤੇ ਇਨ੍ਹਾਂ ਨੂੰ ਬਾਰ-ਬਾਰ ਹੱਥ ਨਾ ਲਾਉਣਾ, ਸਿਰ ਵਿਚ ਖੁਰਕ ਨਾ ਕਰਦੇ ਰਹਿਣਾ। ਬਾਰ-ਬਾਰ ਉਬਾਸੀਆਂ ਨਾ ਲੈਣੀਆਂ। ਸੋ ਇਸ ਤਰ੍ਹਾਂ ਆਪਣਾ ਸਰੀਰ ਪੂਰੀ ਤਰ੍ਹਾਂ ਸਵੱਛ ਰੱਖਣਾ ਇਹ ਸੌਚ ਦਾ ਇਕ ਅੰਗ ਹੈ। ਆਪਣੇ ਬਚਨ ਨੂੰ ਝੂਠ ਦਾ ਸਪਰਸ਼ ਨਾ ਹੋਣ ਦੇਣਾ ਅਤੇ ਨਾ ਹੀ ਕੌੜਾ ਬੋਲਣਾ, ਪਿਆਰ ਵਾਲੀ ਬਾਣੀ ਬੋਲਣੀ, ਖਰਵੇਂ ਅਤੇ ਰੁੱਖੇ ਬੋਲਾਂ ਤੋਂ ਸੰਕੋਚ ਕਰਨਾ, ਕਿਸੇ ਨੂੰ ਨਿਰਾਦਰ ਭਰਿਆ ਵਾਕ ਨਾ ਕਹਿਣਾ, ਇਹ ਮੁੱਖ ਦੀ ਪਵਿੱਤਰਤਾ ਹੋਇਆ ਕਰਦੀ ਹੈ। ਮਨ ਨੂੰ ਪਵਿੱਤਰ ਰੱਖਣ ਲਈ ਉਸ ਨੂੰ ਰਾਗ ਦ੍ਵੈਸ਼ ਤੋਂ ਬਰੀ ਰੱਖਣਾ, ਕਿਸੇ ਨਾਲ ਈਰਖਾ ਨਾ ਕਰਨੀ, ਕਿਸੇ ਦਾ ਬੁਰਾ ਨਾ ਸੋਚਣਾ, ਵੈਰ ਭਾਵ ਤੋਂ ਸਦਾ ਹੀ ਸੰਕੋਚ ਰੱਖ ਕੇ ਇਹ ਸਮਝਣਾ।

***ਵਵਾ ਵੈਰੁ ਨ ਕਰੀਐ ਕਾਹੂ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ॥***
***ਪੰਨਾ - 259***

ਜੇ ਕੋਈ ਬੁਰਿਆਈ ਕਰ ਜਾਵੇ ਤਾਂ ਉਸ ਦੇ ਨਾਲ ਪਰਤਵੀਂ ਬੁਰਿਆਈ ਕਰਨ ਬਾਰੇ ਨਾ ਸੋਚਣਾ ਸਗਮਾਂ ਆਪਣੇ ਪਵਿੱਤਰ ਸੁਭਾਅ ਦੇ ਮੁਤਾਬਿਕ ਵਾਹਿਗੁਰੂ ਦੇ ਪਵਿੱਤਰ ਚਰਨਾਂ ਵਿਚ ਅਰਦਾਸ ਕਰਨੀ ਕਿ ਹੇ ਦਾਤਾ! ਇਹ ਪ੍ਰੇਮੀ ਪਾਪਾਂ ਦੇ ਬੋਝ ਕਰਕੇ ਤੇਰੇ ਤੋਂ ਭੁਲਿਆ ਹੋਇਆ ਹੈ ਇਹ ਇਨਸਾਨ ਬਣ ਜਾਵੇ ਅਤੇ ਉਸ ਦਾ ਭਲਾ ਸੋਚਣਾ ਇਹ ਸਭ ਤੋਂ ਉਤਮ ਗੁਣ ਹੈ ਜਿਵੇਂ ਕਿ -

***ਫਰੀਦਾ ਬੁਰੇ ਦਾ ਭਲਾ ਕਰਿ***
***ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ***
***ਪਲੈ ਸਭੁ ਕਿਛੁ ਪਾਇ॥***

ਪੰਨਾ - 1382

ਸਿਆਣਿਆਂ ਦਾ ਅਖਾਣ ਹੈ -

ਭਲੇ ਭਲੇ ਕਰ ਮੰਨੀਅਨਿ
ਬੁਰਿਆਂ ਦੇ ਹਰਿ ਕਾਜ ਸਵਾਰੇ।

ਇਸ ਤਰ੍ਹਾਂ ਵੀ ਹੈ -

ਬੁਰਿਆਂ ਨਾਲ ਬੁਰਿਆਈ ਕਰਦੇ
ਮਾਫ ਕਰਨ ਕਈ ਸਿਆਣੇ,
ਬੁਰਿਆਂ ਨਾਲ ਭਲਿਆਈ ਕਰਨੀ
ਇਹ ਗੁਰੂ ਨਾਨਕ ਜਾਣੇ।

ਇਸ ਤਰ੍ਹਾਂ ਦੀ ਭਾਵਨਾ ਮਨ ਵਿਚ ਰੱਖ ਕੇ ਮਨ ਨੂੰ ਪਵਿੱਤਰ ਰੱਖਣਾ। ਬੁੱਧੀ ਦੀ ਪਵਿੱਤਰਤਾ ਲਈ ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ ਸਤਿਸੰਗ ਵਿਚ ਸੁਣਨੇ, ਕਮਾਉਣੇ, ਗੁਰੂ ਦੇ ਬਚਨ ਸੁਣ ਕੇ ਹਿਰਦੇ ਨੂੰ ਪਵਿੱਤਰ ਰੱਖਣਾ, ਇਸ ਨੂੰ ਸੌਚ ਆਖਦੇ ਹਨ। ਇਸੇ ਤਰ੍ਹਾਂ ਨਾਲ ਇੰਦ੍ਰੀਆਂ ਦੇ ਦਮਨ ਕਰਨ ਲਈ ਹੋਰ ਗੁਣ ਵੀ ਹਨ ਜਿਨ੍ਹਾਂ ਨੂੰ ਤਪ, ਸੰਤੋਖ, ਆਸਤਕ ਬੁੱਧ, ਦਾਨ, ਪੂਜਾ, ਗੁਰ ਸ਼ਬਦ ਦੀ ਕਮਾਈ, ਨੇਮ, ਹੋਮ, ਭਰੋਸਾ ਆਦਿ ਆਖਦੇ ਹਨ।

ਸਾਂਤਕੀ ਤਪ ਬਿਰਤੀ ਨਾਮ ਵਿਚ ਟਿਕਾ ਕੇ ਰੱਖਣ ਨੂੰ ਆਖਦੇ ਹਨ। ਇਸ ਤੋਂ ਅਗਲਾ ਗੁਣ ਸੰਤੋਖ ਹੋਇਆ ਕਰਦਾ ਹੈ, ਜੀਅ ਭਰ ਕੇ ਮਿਹਨਤ ਕਰਨੀ ਉਸ ਦੇ ਬਦਲੇ ਜੋ ਕੁਝ ਪ੍ਰਾਪਤ ਹੁੰਦਾ ਹੈ ਉਸ ਉਪਰ ਸੰਤੁਸ਼ਟ ਰਹਿਣਾ, ਇਸ ਦੇ ਨਾਲ ਤ੍ਰਿਸ਼ਨਾ ਦੀ ਅਗਨ ਬੁੱਝ ਜਾਇਆ ਕਰਦੀ ਹੈ। ਕੱਚਾ ਸੰਤੋਖੀ ਨਾ ਬਣਨਾ, ਕੱਚਾ ਸੰਤੋਖੀ ਉਸ ਨੂੰ ਆਖਦੇ ਹਨ ਕਿ ਪਦਾਰਥ ਤਾਂ ਹੱਥ ਵਿਚ ਨਾ ਆਉਣਾ ਪਰ ਮਨ ਹਰ ਵੇਲੇ ਲੋਚਦਾ ਰਹਿਣਾ। ਤ੍ਰਿਸ਼ਨਾ ਦੀ ਅਗਨ ਮਨ ਵਿਚ ਜਲਦੀ ਰਹਿਣੀ ਅਤੇ ਉਪਰੋਂ-ਉਪਰੋਂ ਕਹਿਣਾ ਕਿ ਮੈਂ ਤਾਂ ਸੰਤੋਖੀ ਹਾਂ।

ਅਗਲਾ ਗੁਣ ਆਸਤਕ ਮਤ ਹੋਇਆ ਕਰਦਾ ਹੈ। ਵਾਹਿਗੁਰੂ ਜੀ ਉਪਰ ਪੂਰਨ ਭਰੋਸਾ ਰਖਣਾ, ਉਸ ਨੂੰ ਹਰ ਥਾਂ ਹਾਜ਼ਰ-ਨਾਜ਼ਰ ਜਾਨਣਾ, ਉਸ ਨਾਲ ਪਿਆਰ ਕਰਨਾ, ਇਹ ਆਸਤਕ ਬੁੱਧੀ ਹੋਇਆ ਕਰਦੀ ਹੈ। ਇਨ੍ਹਾਂ ਤੋਂ ਇਲਾਵਾ ਦਾਨ ਇਕ ਬਹੁਤ ਵੱਡਾ ਗੁਣ ਹੈ, ਪਰ ਇਸ ਦੇ ਵੀ ਤਿੰਨ ਭੇਤ ਹਨ। ਇਕ ਤਾਮਸੀ ਦਾਨ ਹੈ, ਮਨ ਦਾਨ ਕਰਨ ਨੂੰ ਬਿਲਕੁਲ ਨਹੀਂ ਚਾਹੁੰਦਾ ਪਰ ਮਜ਼ਬੂਰ ਕਰਨ ਤੇ ਆਪਣੇ ਵਿਤ ਤੋਂ ਵੱਧ ਦੇਣਾ ਅਤੇ ਦੇ ਕੇ ਕ੍ਰੋਧ ਕਰਨਾ, ਇਹ ਤਾਮਸੀ ਦਾਨ ਹੋਇਆ ਕਰਦਾ ਹੈ। ਇਹ ਲੈਣ ਵਾਲੇ ਨੂੰ ਵੀ ਫਲੀਭੂਤ ਨਹੀਂ ਹੁੰਦਾ ਅਤੇ ਦੇਣ ਵਾਲੇ ਨੂੰ ਵੀ ਨਹੀਂ ਹੋਇਆ ਕਰਦਾ।

**ਰਾਜਸੀ ਦਾਨ** - ਜਿਸ ਵਿਚ ਦਾਨ ਕਰਨ ਵਾਲੇ ਦਾ ਮੰਤਵ ਛੁਪਿਆ ਹੁੰਦਾ ਹੈ ਉਹ ਦਾਨ ਕਰਕੇ ਆਪਣਾ ਜਸ ਚਾਹੁੰਦਾ ਹੈ ਅਤੇ ਪ੍ਰਸੰਸਾ ਪ੍ਰਾਪਤ ਕਰਕੇ ਆਪਣੇ ਕਿਸੇ ਕਾਰਜ ਦੀ ਸਿੱਧੀ ਚਾਹੁੰਦਾ ਹੈ ਇਸ ਦਾ ਦਰਗਾਹ ਵਿਚ ਕੋਈ ਫਲ ਨਹੀਂ ਮਿਲਿਆ ਕਰਦਾ। ਇਹ ਦੁਨੀਆਂ ਵਾਸਤੇ ਹੀ ਹੋਇਆ ਕਰਦਾ ਹੈ। ਦਾਨ ਕਰਕੇ ਪੱਥਰ ਲਵਾ ਦੇਣੇ, ਆਪੇ ਆਪਣੇ ਦਾਨ ਦੀ ਪ੍ਰਸੰਸਾ ਕਰ ਦੇਣੀ ਇਹ ਦਾਨ ਫਲਿਆ ਨਹੀਂ ਕਰਦਾ ਕਿਉਂਕਿ ਪੂਰੀ ਵਿਧੀ ਨਾਲ ਨਹੀਂ ਬੀਜਿਆ ਹੈ।

ਤੀਸਰਾ ਸਾਂਤਕੀ ਦਾਨ ਹੋਇਆ ਕਰਦਾ ਹੈ। ਆਪਣੇ ਪਾਸ ਜੋ ਦੌਲਤ ਹੈ ਉਸ ਨੂੰ ਵਾਹਿਗੁਰੂ ਜੀ ਦੀ ਦਿਤੀ ਹੋਈ ਦਾਤ ਜਾਨਣਾ ਅਤੇ ਉਸ ਵਿਚੋਂ ਨਿਯਤ ਕੀਤਾ ਹੋਇਆ ਦਸਵੰਧ ਧਰਮ ਕਾਰਜਾਂ ਲਈ ਕੱਢਣਾ ਅਤੇ ਦਿਤੇ ਹੋਏ ਦਾਨ ਨੂੰ ਪੂਰੀ ਤਰ੍ਹਾਂ ਗੁਪਤ ਰੱਖਣਾ। ਇਹ ਸਾਂਤਕੀ ਦਾਨ ਹੋਇਆ ਕਰਦਾ ਹੈ। ਇਹ ਇਥੇ ਵੀ ਫਲਦਾ ਹੈ, ਦਰਗਾਹ ਵਿਚ ਵੀ ਫਲਦਾ ਹੈ ਇਸ ਦੇ ਬਾਰੇ ਇਕ ਸਾਵਧਾਨੀ ਵਰਤਣੀ ਪੈਂਦੀ ਹੈ ਉਹ ਇਹ ਹੈ ਕਿ ਅਧਿਕਾਰੀ ਦੇਖ ਕੇ ਦਾਨ ਦੇਵੇ ਜਿਵੇਂ ਕਿ ਫੁਰਮਾਨ ਹੈ -

ਖੇਤੁ ਪਛਾਣੈ ਬੀਜੈ ਦਾਨੁ॥

ਪੰਨਾ - 1411

ਗੁਰੂ ਮਹਾਰਾਜ ਜੀ ਨੇ ਸਾਨੂੰ ਸੋਝੀ ਦਿੰਦਿਆਂ ਹੋਇਆਂ ਦਾਨ ਦੇਣ ਦੀ ਜੁਗਤੀ ਦੱਸੀ ਹੈ -

ਸੇਵ ਕਰੀ ਇਨਹੀ ਕੀ ਭਾਵਤ,
ਅਉਰ ਕੀ ਸੇਵ ਸੁਹਾਤ ਨ ਜੀ ਕੋ।।
ਦਾਨ ਦਯੋ ਇਨਹੀ ਕੋ ਭਲੋ,
ਅਰੁ ਆਨ ਕੋ ਦਾਨ ਨ ਲਾਗਤ ਨੀਕੋ॥
ਆਗੈ ਫਲੈ ਇਨ ਹੀ ਕੋ ਦਯੋ,
ਜਗ ਮੈ ਜਸੁ,
ਅਉਰ ਦਯੋ ਸਭ ਫੀਕੋ॥
ਮੋ ਗ੍ਰਿਹਿ ਮੈ ਤਨ ਤੇ ਮਨ ਤੇ ਸਿਰ ਲਉ,
ਧਨ ਹੈ ਸਭ ਹੀ ਇਨਹੀ ਕੋ॥

ਗਿਆਨ ਪ੍ਰਬੋਧ ਪਾਤਸ਼ਾਹੀ ੧੦

ਸੋ ਬੰਦਗੀ ਕਰਨ ਵਾਲੇ ਮਹਾਂਪੁਰਸ਼ ਰਾਹੀਂ ਦਾਨ ਸਫਲ ਕਰਾਉਣਾ। ਲੱਖਾਂ ਗੁਣਾਂ ਫਲਦਾ ਹੈ। ਆਮ ਤੌਰ ਤੇ ਸਾਧਾਰਣ ਦਾਨ ਦਿਤਾ ਹੋਇਆ ਦੁਨੀਆਂ ਵਿਚ ਦਸ ਗੁਣਾਂ ਅਤੇ ਦਰਗਾਹ ਵਿਚ 70 ਗੁਣਾਂ ਫਲਦਾ ਹੈ। ਇਹ ਖਿਆਲ ਆਮ ਤੌਰ ਉਪਰ ਇਸਲਾਮ ਵਾਲੇ ਜ਼ਿਆਦਾ ਮੰਨਦੇ ਹਨ ਇਸ ਨੂੰ ਪ੍ਰਗਟ ਕਰਦੇ ਇਕ ਸਾਖੀ ਆਉਂਦੀ ਹੈ ਕਿ ਨਾਮਦੇਵ ਜੀ ਦੇਸ਼ ਰਟਨ ਕਰਦੇ-ਕਰਦੇ ਅੱਜ ਦਿੱਲੀ ਵਿਚ ਸੰਗਤਾਂ ਨੂੰ ਤਾਰ ਰਹੇ ਹਨ। ਬਹੁਤ ਸਾਰੀਆਂ ਸੰਗਤਾਂ ਉਨ੍ਹਾਂ ਦੇ ਸਤਿਸੰਗ ਤੇ ਸਤਿ ਬਚਨ ਸੁਣਨ ਵਾਸਤੇ ਇਕੱਠੀਆਂ ਹੁੰਦੀਆਂ ਹਨ। ਆਪ ਦੀ ਕ੍ਰਿਆ ਇਸ ਤਰ੍ਹਾਂ ਸੀ ਕਿ ਆਪ ਅੰਮ੍ਰਿਤ ਵੇਲੇ ਜਮੁਨਾ ਦੇ ਪਵਿੱਤਰ ਜਲ ਵਿਚ ਇਸ਼ਨਾਨ ਕਰਕੇ ਅਤੇ ਨੇੜੇ ਹੀ ਸ਼ੁੱਧ ਥਾਂ ਦੇਖ ਕੇ ਬਰੇਤੀ ਉਪਰ ਹੀ ਸਮਾਧ ਸਥਿਤ ਹੋ ਜਾਇਆ ਕਰਦੇ ਹਨ। ਅੱਜ ਆਪ ਸਹਿਜ ਸਮਾਧ ਵਿਚ ਸਥਿਤ ਬੈਠੇ ਸਨ ਤਾਂ ਆਪ ਦੇ ਪਾਸੋਂ ਇਕ ਮਰੇ ਹੋਏ ਬ੍ਰਾਹਮਣ ਦੇ ਲੜਕੇ ਦੀ ਅਰਥੀ ਉਸ ਦੇ ਰਿਸ਼ਤੇਦਾਰ ਲਈ ਜਾਂਦੇ ਹਨ। ਉਨ੍ਹਾਂ ਜ਼ਮਾਨਿਆਂ ਦੇ ਰਿਵਾਜ਼ ਅਨੁਸਾਰ ਉਸ ਦੀ ਇਸਤ੍ਰੀ ਪੂਰੇ ਗਹਿਣੇ ਪਾ ਕੇ ਜਾ ਰਹੀ ਸੀ, ਸਤੀ ਹੋਣ ਤੋਂ ਪਹਿਲਾਂ ਸ਼ਮਸ਼ਾਨ ਭੂਮੀ ਵਿਚ ਪਾਣੀ ਰੱਖਿਆ ਹੁੰਦਾ ਸੀ। ਉਸ ਵਿਚ ਉਹ ਇਸ਼ਨਾਨ ਕਰਕੇ ਇਕ ਕੱਪੜਾ ਤਨ ਦੇ ਦੁਆਲੇ ਲਪੇਟ ਲੈਂਦੀ ਸੀ ਅਤੇ ਆਪਣੇ ਹੱਥ ਨਾਲ ਸਾਰੇ ਪਾਏ ਹੋਏ ਗਹਿਣੇ ਗਰੀਬਾਂ ਵਿਚ ਵੰਡ ਦਿੰਦੀ ਸੀ। ਉਸ ਪਿਛੋਂ ਉਹ ਚਿਤਾ

ਵਿਚ ਬੈਠ ਜਾਂਦੀ। ਚਿਤਾ ਧਰਤੀ ਉਪਰ ਟੋਆ ਪੁੱਟ ਕੇ ਬਣਾਈ ਹੁੰਦੀ ਸੀ। ਜਿਸ ਵਿਚ ਅਗਨ ਪ੍ਰਜ੍ਵਲਤ ਕਰ ਦਿਤੀ ਜਾਂਦੀ ਸੀ, ਉਸ ਪਿਛੋਂ 8-10 ਬੰਦੇ ਲਕੜੀਆਂ ਉਸ ਚਿਖਾ ਉਪਰ ਸੁੱਟ ਦਿੰਦੇ ਸਨ ਅਤੇ ਪੰਜ ਸੱਤ ਮਜ਼ਬੂਤ ਬੰਦੇ ਅੱਗ ਦਾ ਸੇਕ ਲਗਣ ਤੇ ਸਤੀ ਨੂੰ ਭੁੜਕ ਕੇ ਬਾਹਰ ਆਉਣ ਤੋਂ ਰੋਕਣ ਲਈ ਲੰਮੇ ਬਾਸਾਂ ਨਾਲ ਉਸ ਨੂੰ ਹੇਠਾਂ ਦੱਬ ਦਿੰਦੇ। ਇਹ ਬੜੀ ਦੁੱਖ ਦੀ ਗੱਲ ਹੁੰਦੀ ਸੀ। ਪਤਾ ਨਹੀਂ ਭਾਰਤ ਵਰਸ਼ ਵਿਚ ਇਹ ਕਦੋਂ ਤੇ ਕਿਥੋਂ ਰਿਵਾਜ਼ ਪੈ ਗਿਆ। ਗੁਰੂ ਮਹਾਰਾਜ ਜੀ ਨੇ ਇਸ ਨੂੰ ਪਸੰਦ ਨਹੀਂ ਕੀਤਾ, ਉਨ੍ਹਾਂ ਨੇ ਕਿਹਾ ਕਿ ਅੱਗ ਨਾਲ ਜਲ ਜਾਣ ਵਾਲੀਆਂ ਸਤੀਆਂ ਨਹੀਂ ਹੋਇਆ ਕਰਦੀਆਂ ਜੋ ਬਿਰਹੁ ਦੀ ਚੋਟ ਨਾਲ ਮਰ ਜਾਣ ਉਹ ਸਤੀਆਂ ਕਹੀਆਂ ਜਾਂਦੀਆਂ ਹਨ ਜਾਂ ਪਤੀ ਦੇ ਚੜ੍ਹਾਈ ਕਰ ਜਾਣ ਪਿਛੋਂ ਪਤਨੀ ਜਤ ਦਾ ਜੀਵਨ ਗੁਜ਼ਾਰੇ -

*ਸਤੀਆ ਏਹਿ ਨ ਆਖੀਅਨਿ*
*ਜੋ ਮੜਿਆ ਲਗਿ ਜਲੰਨਿ॥*
*ਨਾਨਕ ਸਤੀਆ ਜਾਣੀਅਨਿ*
*ਜਿ ਬਿਰਹੇ ਚੋਟ ਮਰੰਨਿ॥*
*ਭੀ ਸੋ ਸਤੀਆ ਜਾਣੀਅਨਿ*
*ਸੀਲ ਸੰਤੋਖਿ ਰਹੰਨਿ॥ ਪੰਨਾ - 787*

ਸੋ ਇਹ ਉਸ ਵੇਲੇ ਦੇ ਰਿਵਾਜ਼ ਸੀ। ਇਹ ਤਾਂ ਇਕ ਅੰਗ੍ਰੇਜ਼ ਲਾਰਡ ਵਿਲਿਅਮ ਬੈਂਟਿੰਗ ਹੋਇਆ ਹੈ ਉਸ ਨੇ ਬੰਦ ਕੀਤਾ ਸੀ। ਸੋ ਅਰਥੀ ਦੇ ਨਾਲ ਜੋ ਉਸ ਨੌਜੁਆਨ ਦੀ ਪਤਨੀ ਗਹਿਣੇ ਪਾ ਕੇ ਜਾ ਰਹੀ ਸੀ ਤਾਂ ਉਸ ਦੇ ਮਨ ਵਿਚ ਖਿਆਲ ਆਇਆ ਕਿ ਮੈਂ ਇਕ ਘੜੀ ਨੂੰ ਸਤੀ ਹੋ ਜਾਣਾ ਹੈ ਕਿਉਂ ਨਾ ਮੈਂ ਮਹਾਂਪੁਰਸ਼ਾਂ ਨੂੰ ਨਮਸਕਾਰ ਕਰਦੀ ਜਾਵਾਂ। ਉਸ ਵੇਲੇ ਉਸ ਨੇ ਆ ਕੇ ਨਾਮਦੇਵ ਜੀ ਨੂੰ ਨਮਸ਼ਕਾਰ ਕਰੀ। ਨਾਮਦੇਵ ਜੀ ਸਮਾਧੀ ਸਥਿਤ ਸਨ। ਉਨ੍ਹਾਂ ਨੇ ਗਹਿਣਿਆਂ ਦੀ ਛਣਕਾਰ ਸੁਣ ਕੇ ਬਚਨ ਕਰ ਦਿਤਾ ਕਿ ਬੇਟੀ! ਸੁਹਾਗ ਮਾਣ। ਉਸ ਲੜਕੀ ਨੇ ਬੇਨਤੀ ਕੀਤੀ ਕਿ ਮਹਾਰਾਜ! ਮੇਰਾ ਸੁਹਾਗ ਤਾਂ ਅਰਥੀ ਉਪਰ ਪਿਆ ਹੈ। ਸਾਧੂ ਦਾ ਬਚਨ ਅਟੱਲ ਹੋਇਆ ਕਰਦਾ ਹੈ ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਧਾਰਨਾ- ਭਾਵੇਂ ਚੰਦਰਮਾ ਨਾਸ ਹੋ ਜਾਵੇ,*
*ਸੰਤਾਂ ਦਾ ਬੋਲ ਨਾ ਟਲੇ*

*ਅੰਡ ਬਿਨਾਸੀ ਜੇਰ ਬਿਨਾਸੀ*
*ਉਤਭੁਜ ਸੇਤ ਬਿਨਾਧਾ॥*
*ਚਾਰਿ ਬਿਨਾਸੀ ਖਟਹਿ ਬਿਨਾਸੀ*
*ਇਕਿ ਸਾਧ ਬਚਨ ਨਿਹਚਲਾਧਾ॥*
*ਰਾਜ ਬਿਨਾਸੀ ਤਾਮ ਬਿਨਾਸੀ*
*ਸਾਤਕੁ ਭੀ ਬੇਨਾਧਾ॥*
*ਦ੍ਰਿਸਟਿਮਾਨ ਹੈ ਸਗਲ ਬਿਨਾਸੀ*
*ਇਕਿ ਸਾਧ ਬਚਨ ਆਗਾਧਾ॥*
*ਪੰਨਾ - 1204*

ਨਾਮਦੇਵ ਜੀ ਨੂੰ ਅੰਦਰੋਂ ਪ੍ਰੇਰਨਾ ਹੋਈ ਕਿ ਤੂੰ ਘਬਰਾ ਨਾ, ਰਾਮ ਦੇ ਨਾਮ ਵਿਚ ਅਨੰਤ ਸ਼ਕਤੀਆਂ ਹਨ, ਤੇਰੇ ਬਚਨ ਵਿਚ ਸੱਤਾ ਹੈ, ਰਾਮ ਕਹਿ ਕੇ ਇਸ ਨੂੰ ਮੋਢੇ ਤੋਂ ਫੜ ਕੇ ਖੜ੍ਹਾ ਕਰ ਦੇ ਅਤੇ ਬ੍ਰਾਹਮਣ ਦਾ ਲੜਕਾ ਜਿਉਂਦਾ ਹੋ ਗਿਆ। ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ, ਇਹ ਗੱਲ ਕੱਟੜਾਂ ਨੂੰ ਬਹੁਤ ਹੀ ਬੁਰੀ ਲੱਗੀ। ਉਸ ਵਿਚ ਕੱਟੜ ਮੁਲਾਣੇ ਤੇ ਅਭਿਮਾਨੀ ਪੰਡਤ ਸ਼ਾਮਿਲ ਸਨ। ਇਨ੍ਹਾਂ ਤੋਂ ਇਲਾਵਾ ਨਾਸਤਕ ਬੁੱਧੀ ਵਾਲੇ ਕੁਬੁਧੀਜੀਵੀ ਵੀ ਰਲੇ ਹੋਏ ਸਨ। ਇਕ ਦਿਨ ਐਸਾ ਆਇਆ, ਦਿੱਲੀ ਦੇ ਸੁਲਤਾਨ ਸਲੇਮਸ਼ਾਹ ਜੋ ਦਿੱਲੀ ਵਿਚ ਰਾਜ ਕਰ ਰਹੇ ਸੀ, ਉਨ੍ਹਾਂ ਪਾਸ ਜਾ ਕੇ ਸ਼ਕਾਇਤ ਲਾਈ ਗਈ ਕਿ ਦੇਖੋ, ਨਾਮਦੇਵ ਨੇ ਕਿੰਨਾ ਪਾਖੰਡ ਰਚਿਆ ਹੈ ਕਿ ਇਕ ਬੰਦੇ ਨੂੰ ਮੁਰਦਾ ਬਣਾ ਕੇ ਅਰਥੀ ਤੇ ਪਾ ਕੇ ਸ਼ਮਸ਼ਾਨ ਭੂਮੀ ਲਿਜਾਣ ਦਾ ਢੌਂਗ ਰਚ ਲਿਆ। ਉਸ ਦੀ ਘਰਵਾਲੀ ਜੋ ਸਤੀ ਹੋਣ ਜਾ ਰਹੀ ਸੀ, ਉਹ ਨਾਮਦੇਵ ਜੀ ਦੀ ਪਹਿਲਾਂ ਤੋਂ ਮਿੱਥੀ ਗੱਲ ਦੇ ਮੁਤਾਬਿਕ ਉਨ੍ਹਾਂ ਪਾਸ ਨਮਸ਼ਕਾਰ ਕਰਨ ਗਈ ਤਾਂ ਬ੍ਰਾਹਮਣ ਦੇ ਲੜਕੇ ਨੂੰ ਨਾਮਦੇਵ ਜੀ ਨੇ ਮੋਢਾ ਫੜ ਕੇ ਖੜ੍ਹਾ ਕਰ ਦਿਤਾ। ਸਾਰੀ ਦਿੱਲੀ ਵਿਚ ਲੋਕ ਇਸ ਕਹਾਣੀ ਬਾਰੇ ਸੋਚ ਰਹੇ ਹਨ। ਮਹਾਰਾਜ! ਕਿੱਡਾ ਵੱਡਾ ਪਾਖੰਡ ਹੈ। ਇਹ ਸਾਧੂ ਲੋਕ ਕਿੰਨੀ ਨਿੰਦਨੀ ਹੱਦ ਤਕ ਪਹੁੰਚ ਸਕਦੇ ਹਨ। ਇਸ ਵਿਚ ਪ੍ਰਤੱਖ ਪ੍ਰਮਾਣ ਮੁਰਦੇ ਨੂੰ ਜਿਉਂਦਾ ਕਰਨ ਵਾਲਾ ਹੈ। ਜੇ ਉਹ ਸਚਮੁੱਚ ਮੁਰਦਾ ਜਿਉਂਦਾ ਕਰ ਸਕਦੇ ਹਨ ਤਾਂ ਗਊ ਮਾਰ ਕੇ ਕਹੋ ਕਿ ਇਸ ਨੂੰ ਜਿਉਂਦਾ ਕਰ। ਨਾਮਦੇਵ ਜੀ ਨੂੰ ਬੁਲਾਇਆ ਗਿਆ ਅਤੇ ਬਿਸਮਲ ਕੀਤੀ ਹੋਈ ਗਊ ਜਿਉਂਦੀ ਕਰਨ ਲਈ ਆਖਿਆ। ਇਸ ਦਾ ਵਿਸਥਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਆਉਂਦਾ ਹੈ ਜੋ ਸੰਖੇਪ ਵਿਚ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ -

*ਸੁਲਤਾਨੁ ਪੂਛੈ ਸੁਨੁ ਬੇ ਨਾਮਾ॥*
*ਦੇਖਉ ਰਾਮ ਤੁਮਾਰੇ ਕਾਮਾ॥*
*ਨਾਮਾ ਸੁਲਤਾਨੇ ਬਾਧਿਲਾ॥*
*ਦੇਖਉ ਤੇਰਾ ਹਰਿ ਬੀਠੁਲਾ॥*
*ਬਿਸਮਿਲ ਗਊ ਦੇਹੁ ਜੀਵਾਇ॥*
*ਨਾਤਰੁ ਗਰਦਨਿ ਮਾਰਉ ਠਾਂਇ॥*
*ਪੰਨਾ - 1165*

ਨਾਮਦੇਵ ਜੀ ਤਿੰਨ ਘੰਟੇ ਹਰੀ ਕੀਰਤਨ ਕਰਦੇ ਰਹੇ ਜਿਸ ਕਰਕੇ ਪ੍ਰਭੂ ਨੇ ਪ੍ਰਤੱਖ ਦਰਸ਼ਨ ਦੇ ਕੇ ਕਿਹਾ, ਜਿਸ ਬਾਰੇ ਇਸ ਤਰ੍ਹਾਂ ਜ਼ਿਕਰ ਆਉਂਦਾ ਹੈ -

*ਸਾਤ ਘੜੀ ਜਬ ਬੀਤੀ ਸੁਣੀ॥*
*ਅਜਹੁ ਨ ਆਇਓ ਤ੍ਰਿਭਵਣ ਧਣੀ॥*
*ਪਾਖੰਤਣ ਬਾਜ ਬਜਾਇਲਾ॥*
*ਗਰੁੜ ਚੜੇ ਗੋਬਿੰਦ ਆਇਲਾ॥*
*ਅਪਨੇ ਭਗਤ ਪਰਿ ਕੀ ਪ੍ਰਤਿਪਾਲ॥*
*ਗਰੁੜ ਚੜੇ ਆਏ ਗੋਪਾਲ॥*
*ਕਹਹਿ ਤ ਧਰਣਿ ਇਕੋਡੀ ਕਰਉ॥*
*ਕਹਹਿ ਤ ਲੇ ਕਰਿ ਊਪਰਿ ਧਰਉ॥*
*ਕਹਹਿ ਤ ਮੁਈ ਗਊ ਦੇਉ ਜੀਆਇ॥*
*ਸਭੁ ਕੋਈ ਦੇਖੈ ਪਤੀਆਇ॥*
*ਨਾਮਾ ਪ੍ਰਣਵੈ ਸੇਲ ਮਸੇਲ॥*
*ਗਊ ਦੁਹਾਈ ਬਛਰਾ ਮੇਲਿ॥*
*ਪੰਨਾ - 1166*

ਸੋ ਇਸ ਤਰ੍ਹਾਂ ਬਾਦਸ਼ਾਹ ਸਲੇਮਸ਼ਾਹ ਨੇ ਅੱਖਾਂ

ਨਾਲ ਦੇਖ ਲਿਆ ਕਿ ਪ੍ਰਭੂ ਸੰਤਾਂ ਦੀ ਰਾਖੀ ਕਰਦਾ ਹੈ। ਬਾਦਸ਼ਾਹ ਨਾਮਦੇਵ ਜੀ ਦਾ ਬਹੁਤ ਸ਼ਰਧਾਲੂ ਹੋ ਗਿਆ। ਉਸ ਨੇ ਨਾਮਦੇਵ ਜੀ ਦੀ ਭੇਟਾ ਇਕ ਹੀਰਿਆਂ ਮੋਤੀਆਂ ਨਾਲ ਜੜ੍ਹਤ ਪਲੰਘ ਭੇਟਾ ਕੀਤਾ। ਨਾਮਦੇਵ ਜੀ ਨੇ ਕਿਹਾ ਕਿ ਬਾਦਸ਼ਾਹ! ਐਡੇ ਕੀਮਤੀ ਪਲੰਘ ਦੀ ਮੈਨੂੰ ਕੋਈ ਲੋੜ ਨਹੀਂ ਹੈ। ਅਸੀਂ ਲੋਕ ਤਾਂ ਧਰਤੀ ਤੇ ਪੈ ਕੇ ਵੀ ਉਸ ਪ੍ਰਮੇਸ਼ਰ ਦਾ ਭਜਨ ਕਰਦੇ ਰਹਿੰਦੇ ਹਾਂ। ਅਜਿਹੀਆਂ ਸੁੰਦਰ ਸੇਜਾਂ ਤਾਂ ਰਾਜਿਆਂ ਵਾਸਤੇ ਹੀ ਹੋਇਆ ਕਰਦੀਆਂ ਹਨ ਪਰ ਉਸ ਨੇ ਬਾਰ-ਬਾਰ ਕਹਿ ਕੇ ਸੇਜਾ ਨਾਮਦੇਵ ਜੀ ਦੇ ਹਵਾਲੇ ਕਰ ਦਿਤੀ ਅਤੇ ਉਨ੍ਹਾਂ ਦੇ ਠਹਿਰਣ ਵਾਲੇ ਥਾਂ ਤਕ ਪਹੁੰਚਾਉਣ ਲਈ ਆਪਣਾ ਨੌਕਰ ਭੇਜ ਦਿਤਾ। ਜਦੋਂ ਨਾਮਦੇਵ ਜੀ ਜਮੁਨਾ ਦੇ ਕੰਢੇ ਆਏ ਤਾਂ ਉਨ੍ਹਾਂ ਨੇ ਨੌਕਰਾਂ ਤੋਂ ਸੇਜਾ ਫੜ ਲਈ ਅਤੇ ਸਿਰ ਤੇ ਚੁੱਕ ਜਮੁਨਾ ਦਰਿਆ ਵਿਚ ਵੜ ਗਏ ਅਤੇ ਲੱਕ-ਲੱਕ ਪਾਣੀ ਵਿਚ ਉਹ ਕੀਮਤੀ ਪਲੰਘ ਸੁੱਟ ਦਿਤਾ। ਨੌਕਰਾਂ ਨੇ ਸਾਰੀ ਗੱਲ ਬਾਦਸ਼ਾਹ ਸਲੇਮਸ਼ਾਹ ਨੂੰ ਜਾ ਕੇ ਦੱਸੀ ਤਾਂ ਉਹ ਨਾਮਦੇਵ ਜੀ ਪਾਸ ਆਇਆ ਤਾਂ ਉਸ ਨੇ ਕਿਹਾ ਕਿ ਗਲਤੀ ਨਾਲ ਸਹਿਜ਼ਾਦੇ ਦੀ ਸੇਜਾਂ ਆਪ ਨੂੰ ਦਿਤੀ ਗਈ, ਤੁਸੀਂ ਇਹ ਵਾਪਸ ਕਰ ਦੇਵੋ ਤਾਂ ਕਿ ਮੈਂ ਨਵੀਂ ਸੇਜਾ ਜੋ ਅਜੇ ਤਕ ਕੋਰੀ ਹੈ ਕੋਈ ਵੀ ਉਸ ਉਪਰ ਨਹੀਂ ਪਿਆ ਉਹ ਆਪ ਦੀ ਭੇਟਾ ਕਰ ਦੇਵਾਂ। ਨਾਮਦੇਵ ਜੀ ਸਾਰੀ ਗੱਲ ਜਾਣ ਗਏ ਕਿ ਬਾਦਸ਼ਾਹ ਝੂਠ ਬੋਲਦਾ ਹੈ। ਤਾਂ ਉਸ ਵੇਲੇ ਆਪ ਜਮੁਨਾ ਦੇ ਕੰਢੇ ਖੜ੍ਹੇ ਹੋ ਗਏ। ਦਰਿਆ ਨੂੰ ਹਾਕ ਮਾਰ ਕੇ ਕਿਹਾ ਕਿ ਇਸ ਦੀ ਸੇਜਾ ਪਾਣੀ 'ਚੋਂ ਬਾਹਰ ਕੱਢ ਦੇਵੋ। ਉਸ ਵੇਲੇ ਪਾਣੀ ਵਿਚ ਅਜੀਬ ਕਿਸਮ ਦੀ ਹਿਲਜੁਲ ਹੋਈ ਅਤੇ ਦੇਖਦਿਆਂ-ਦੇਖਦਿਆਂ ਉਸੇ ਤਰ੍ਹਾਂ ਦੇ 72 ਪਲੰਘ ਜਮੁਨਾ ਦੀ ਬਰੇਤੀ ਉਪਰ ਆ ਟਿਕੇ। ਨਾਮਦੇਵ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਆਪਣਾ ਪਲੰਘ ਚੁੱਕ ਲਵੋ। ਬਾਦਸ਼ਾਹ ਹੈਰਾਨ ਸੀ ਉਸ ਨੇ ਕਿਹਾ ਕਿ ਭਗਤ ਜੀ! ਮੈਂ ਤਾਂ ਇਕ ਪਲੰਘ ਹੀ ਆਪ ਦੀ ਸੇਵਾ ਵਿਚ ਭੇਟਾ ਕੀਤਾ ਸੀ, ਇਹ ਤਾਂ 72 ਪਏ ਹਨ। ਉਸ ਵੇਲੇ ਨਾਮਦੇਵ ਜੀ ਨੇ ਇਸ਼ਾਰਾ ਕੀਤਾ, 62 ਪਲੰਘ ਨਦੀ ਵਿਚ ਅਲੋਪ ਹੋ ਗਏ ਅਤੇ 10 ਬਾਹਰ ਰਹਿ ਗਏ। ਨਾਮਦੇਵ ਜੀ ਨੇ ਕਿਹਾ ਕਿ ਬਾਦਸ਼ਾਹ! ਇਕ ਪਲੰਘ ਦਾ ਦਾਨ ਕੀਤਾ ਹੋਇਆ ਤੈਨੂੰ ਦਰਗਾਹ ਵਿਚ ਜਾ ਕੇ 72 ਪਲੰਘ ਮਿਲਣੇ ਸਨ ਕਿਉਂਕਿ ਤੂੰ ਦੁਨੀਆਂ ਵਿਚ ਮੰਗ ਲਏ ਇਸ ਕਰਕੇ ਹੁਣ ਤੂੰ 10 ਪਲੰਘ ਆਪਣੇ ਮਹੱਲਾਂ ਵਿਚ ਲੈ ਜਾ। ਇਸ ਦਾ ਅੰਸ ਮਾਤਰ ਜ਼ਿਕਰ ਕਰਦੇ ਹੋਏ ਬਾਣੀ ਵਿਚ ਫੁਰਮਾਨ ਹੈ -

***ਜਉ ਗੁਰਦੇਉ ਦੇਹੁਰਾ ਫਿਰੈ॥***
***ਜਉ ਗੁਰਦੇਉ ਤ ਛਾਪਰਿ ਛਾਈ॥***
***ਜਉ ਗੁਰਦੇਉ ਸਿਹਜ ਨਿਕਸਾਈ॥***

***ਪੰਨਾ - 1167***

ਸੋ ਇਸ ਤਰ੍ਹਾਂ ਦੇ ਨਾਲ ਖੇਤ ਪਛਾਣ ਕੇ ਬੀਜਿਆ ਹੋਇਆ ਦਾਨ ਫਲਦਾ ਹੈ ਪਰ ਇਹ ਦਾਨ ਸਤੋ ਗੁਣੀ ਹੋਣਾ ਚਾਹੀਦਾ ਹੈ ਜਿਸ ਨੂੰ ਸਾਂਤਕੀ ਦਾਨ ਆਖਿਆ ਜਾਂਦਾ ਹੈ। ਇਸ ਤੋਂ ਹੋਰ ਵਧੇਰੇ ਜੋ ਗੁਣ ਹਨ ਉਨ੍ਹਾਂ ਵਿਚ ਪੂਜਾ, ਅੰਤਰ ਆਤਮੇ ਗੁਰੂ ਦਾ ਧਿਆਨ ਕਰਕੇ ਕਰਨੀ, ਇਸ ਨੂੰ ਅੰਤਰੰਗ ਉਪਾਸ਼ਨਾ ਆਖਿਆ ਜਾਂਦਾ ਹੈ। ਬਾਣੀ ਦਾ ਪਾਠ ਕਰਨਾ, ਨਿਤਨੇਮ ਕਰਨਾ, ਗੁਰਬਾਣੀ ਪੜ੍ਹਨੀ, ਆਪਣੇ ਜੀਵਨ ਵਿਚ ਕਿਸੇ ਤਰ੍ਹਾਂ ਦਾ ਪਾਖੰਡ ਨਾ ਕਰਨਾ, ਸਾਂਤਕੀ ਬਿਰਤੀ ਰਖਦਿਆਂ ਹੋਇਆਂ ਨਿਮਰਤਾ ਸਹਿਤ ਜੀਵਨ ਬਤੀਤ ਕਰਨਾ, ਮਿੱਠਾ ਬੋਲਣਾ, ਪੂਜਾ ਪਾਠ ਕਰਦਿਆਂ ਮਨ ਨੂੰ ਦੌੜਨ ਨਾ ਦੇਣਾ ਅਤੇ ਨਾ ਹੀ ਰਸਨਾ ਦੇ ਨਾਲ ਪਾਠ ਕਰਦੇ ਸਮੇਂ ਗੱਲਾਂ ਬਾਤਾਂ ਕਰਨੀਆਂ। ਬਹੁਤ ਸਾਰੇ ਪ੍ਰੇਮੀ ਇਹ ਸਾਵਧਾਨਤਾ ਨਹੀਂ ਵਰਤਦੇ।

ਕੋਈ 20 ਕੁ ਸਾਲਾਂ ਦੀ ਗੱਲ ਹੈ ਇਕ ਪ੍ਰੇਮੀ ਸੀ, ਉਸ ਬਾਰੇ ਇਹ ਪ੍ਰਸਿੱਧ ਸੀ ਕਿ ਉਹ ਬਹੁਤ ਪਾਠ ਕਰਦਾ ਹੈ। ਜਦੋਂ ਮੈਂ ਉਸ ਦੇ ਘਰ ਪਹੁੰਚਿਆ ਤਾਂ ਉਸ ਦੇ ਹੱਥ ਵਿਚ ਗੁਟਕਾ ਸੀ ਉਸ ਦੇ ਦਰਸ਼ਨ ਕਰਕੇ ਮੈਂ ਬਹਿ ਗਿਆ। ਮੈਂ ਦੇਖਿਆ ਜਿਥੇ ਉਹ ਗੁਟਕਾ ਅਗੂੰਠਾ ਰੱਖ ਕੇ ਖੋਲ੍ਹਦਾ ਹੈ ਉਥੋਂ ਪਤਰੇ ਫਟੇ ਪਏ ਹਨ, ਪਤਰੇ ਥਿੰਦੇ ਪਏ ਹਨ। ਉਹ ਪਾਠ ਕਰ ਰਿਹਾ ਸੀ ਉਸ ਦੇ ਪਾਸ ਇਕ ਗਲਾਸ ਪਿਆ ਸੀ ਜਿਸ ਤੋਂ ਲਗਦਾ ਸੀ ਕਿ ਜਲ ਆਦਿ ਪੀ ਕੇ ਹਟਿਆ ਹੈ। ਉਸ ਸਮੇਂ ਉਸ ਨੇ ਆਪਣੇ ਲੜਕੇ ਨੂੰ ਪੜ੍ਹਨ ਵਾਸਤੇ ਜਾਂ ਕਿਸੇ ਹੋਰ ਗੱਲ ਪਿਛੇ ਅਵਾਜ਼ ਮਾਰੀ। ਉਸ ਨੇ ਇਸ ਦਾ ਕੋਈ ਖਰਾ ਉਤਰ ਨਾ ਦਿਤਾ। ਇਸ ਪ੍ਰੇਮੀ ਨੇ ਖਿਝ ਕੇ ਉਸ ਨੂੰ ਦੋ ਚਾਰ ਮਾਂ-ਭੈਣ ਦੀਆਂ ਗੰਦੀਆਂ ਗਾਲ੍ਹਾਂ ਕੱਢ ਦਿਤੀਆਂ। ਜਦੋਂ ਉਹ ਅੱਗੋਂ ਹੋਰ ਕੁਝ ਬੋਲਿਆਂ ਤਾਂ ਉਸ ਨੇ ਗਲਾਸ ਚੁੱਕ ਕੇ ਮਾਰਿਆ। ਮੈਂ ਉਸ ਦਾ ਹੱਥ ਫੜ ਲਿਆ ਅਤੇ ਕਿਹਾ ਕਿ ਤੁਸੀਂ ਇਸ ਵੇਲੇ ਗੁਰਬਾਣੀ ਦਾ ਪਾਠ ਕਰ ਰਹੇ ਹੋ, ਤੁਹਾਡਾ ਮਨ ਬਾਣੀ ਨਾਲ ਜੁੜਿਆ ਹੋਇਆ ਸੀ ਦੇਖਿਓ, ਕਿਤੇ ਕੋਈ ਦੁਰਬਚਨ ਨਾ ਕਹਿ ਦੇਣਾ। ਸੋ ਇਸ ਤਰ੍ਹਾਂ ਦਾ ਪਾਠ ਇਕ ਤੋਤਾ ਰਟਣੀ ਹੈ। ਅਜਿਹੇ ਪੁਰਸ਼ ਬਿਰਤੀ ਨੂੰ ਅੰਤਰ ਆਤਮੇ ਅੰਦਰ ਨਹੀਂ ਲਿਜਾ ਸਕਿਆ ਕਰਦੇ। ਸੋ ਇਸ ਕਰਕੇ ਪਾਠ ਕਰਨ ਸਮੇਂ ਮਨ ਬੋਲ ਤੋਂ ਅਬੋਲ ਰਹਿਣਾ ਚਾਹੀਦਾ ਹੈ। ਇਸ ਤੋਂ ਅੱਗੇ ਭੁੱਖੇ ਨੂੰ ਅੰਨ, ਜਲ ਆਦਿ ਦੇਣਾ ਇਹ ਬ੍ਰਹਮ ਹੋਮ ਹੋਇਆ ਕਰਦਾ ਹੈ ਇਨ੍ਹਾਂ ਗੁਣਾਂ ਤੋਂ ਇਲਾਵਾ ਕੁਝ ਹੋਰ ਸਾਧਨ ਹਨ ਜਿਨ੍ਹਾਂ ਨੂੰ ਪ੍ਰਾਣਾਯਾਮ ਕਿਹਾ ਜਾਂਦਾ ਹੈ ਤਿੰਨ ਅੰਗ - ਰੇਚਕ, ਪੂਰਕ ਤੇ ਕੁੰਭਕ ਹੋਇਆ ਕਰਦੇ ਹਨ। ਪ੍ਰਤੀਹਾਰ, ਪੰਜ ਵਿਸ਼ਿਆਂ ਤੋਂ ਆਪਣੇ ਮਨ ਨੂੰ ਬਾਰ-ਬਾਰ ਰੋਕ ਕੇ ਸਿਮਰਨ ਵਿਚ ਲਾਉਣਾ, ਗੁਰੂ ਮੂਰਤ ਵਿਚ ਮਨ ਰੋਕ-ਰੋਕ ਕੇ ਲਾਉਣਾ, ਧਿਆਨ ਆਪਣੇ ਧੇਅ ਵਿਚ ਲਾਉਣਾ ਜਿਸ ਨੂੰ -

***ਗੁਰ ਕੀ ਮੂਰਤ ਮਨ ਮਹਿ ਧਿਆਨ॥***

ਆਖਿਆ ਜਾਂਦਾ ਹੈ। ਇਸ ਤੋਂ ਅੱਗੇ ਸਮਾਧੀ ਹੋਇਆ ਕਰਦੀ ਹੈ ਇਹ ਤਿੰਨ ਕਿਸਮ ਦੀ ਹੋਇਆ ਕਰਦੀ ਹੈ। ਇਕ ਸਾ ਵਿਕਲਪ ਸਮਾਧੀ ਹੁੰਦੀ ਹੈ ਜਿਸ ਵਿਚ ਧਿਆਤਾ, ਧਿਆਨ, ਧੇਅ ਦਾ ਗਿਆਨ ਰਹਿੰਦਾ ਹੈ, ਨਿਰਵਿਕਲਪ ਜਿਸ ਵਿਚ ਕੇਵਲ ਬ੍ਰਹਮਭਾਵ ਵਿਚ ਲੀਨਤਾ ਹੋਇਆ ਕਰਦੀ ਹੈ, ਇਸ ਤੋਂ ਅੱਗੇ ਰਾਜਮੇਧ ਸਮਾਧੀ ਹੁੰਦੀ ਹੈ ਜਿਸ ਨਾਲ ਪਰੀਪੂਰਨ ਪ੍ਰਮੇਸ਼ਰ ਵਿਚ ਲੀਨਤਾ ਪ੍ਰਾਪਤ ਹੁੰਦੀ ਹੈ। ਇਹ ਗੁਰੂ ਦੀ ਕ੍ਰਿਪਾ ਨਾਲ ਹੋਇਆ ਕਰਦੀ ਹੈ। ਸੋ ਇਹ ਜਿੰਨਾ ਉਪਰ ਦੱਸਿਆ ਗਿਆ ਹੈ ਇਸ ਨੂੰ ਤਪ ਤਾਓ ਆਖਿਆ ਜਾਂਦਾ ਹੈ।

ਇਹ ਸਾਰਾ ਅਗਨ ਤਪ ਤਾਉ ਦੇ ਘੇਰੇ ਵਿਚ ਆਉਂਦਾ ਹੈ। ਸਾਰੇ ਤਪਾਂ ਨਾਲੋਂ ਸ੍ਰੇਸ਼ਟ ਜੋ ਤਪ ਹੈ ਉਹ ਗੁਰੂ ਸੇਵਾ ਦਾ ਹੋਇਆ ਕਰਦਾ ਹੈ ਜਿਸ ਬਾਰੇ ਪਿਛੇ ਦਸਿਆ ਜਾ ਚੁਕਿਆ ਹੈ। ਧਾਰਨਾ ਇਕ ਵਾਰੀ ਫੇਰ ਪੜ੍ਹ ਲਓ –

*ਧਾਰਨਾ – ਸੇਵਾ ਗੁਰਾਂ ਦੀ ਤਪਾਂ ਸਿਰ*
*ਤਪ ਹੈ, ਕਰ ਲੈ ਸੇਵਾ ਮਾਣ ਛੱਡ ਕੇ*

*ਗੁਰ ਸੇਵਾ ਤਪਾਂ ਸਿਰਿ ਤਪੁ ਸਾਰ॥*
*ਹਰਿ ਜੀਉ ਮਨਿ ਵਸੈ*
*ਸਭ ਦੂਖ ਵਿਸਾਰਣਹਾਰੁ॥*
*ਦਰਿ ਸਾਚੈ ਦੀਸੈ ਸਚਿਆਰੁ॥*
*ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ॥*
*ਆਪੁ ਪਛਾਣਿ ਹਰਿ ਪਾਵੈ ਸੋਇ॥*
*ਸਾਚੀ ਬਾਣੀ ਮਹਲੁ ਪਰਾਪਤਿ ਹੋਇ॥*
*ਪੰਨਾ – 423*

ਇਸੇ ਸੇਵਾ ਨੂੰ ਮਹੱਤਤਾ ਦਿੰਦਿਆਂ ਹੋਇਆਂ ਗੁਰੂ ਮਹਾਰਾਜ ਜੀ ਗੁਰੂ ਦੀ ਆਗਿਆ ਪਾਲਣ ਕਰਨੀ ਬਹੁਤ ਵੱਡੀ ਸੇਵਾ ਦਸਦੇ ਹਨ ਜਿਵੇਂ ਕਿ –

*ਧਾਰਨਾ – ਆਗਿਆ ਸਮ ਨਹੀਂ ਜੀ,*
*ਸਾਹਿਬ ਸੇਵਾ – ਸਾਹਿਬ ਸੇਵਾ*

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥*
*ਗੁਰ ਕੀ ਆਗਿਆ ਮਨ ਮਹਿ ਸਹੈ॥*
*ਆਪਸ ਕਉ ਕਰਿ ਕਛੁ ਨ ਜਨਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥*
*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥*
*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥*
*ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥*
*ਨਾਨਕ ਸੋ ਸੇਵਕੁ*
*ਗੁਰ ਕੀ ਮਤਿ ਲੇਇ॥*
*ਪੰਨਾ – 286*

ਗੁਰੂ ਛੇਵੇਂ ਪਾਤਸ਼ਾਹ ਕਰਤਾਰਪੁਰ ਬੈਠੇ ਸਨ ਆਪ ਨੇ ਸਹਿਜ ਸੁਭਾਅ ਹੀ ਕਿਹਾ ਕਿ ਸੰਗਤਾਂ ਨੇ ਆਉਣਾ ਹੈ, ਦਰਿਆ ਵਿਚੋਂ ਪੱਥਰ ਕੱਢੋ, ਉਸ ਵੇਲੇ ਭਾਈ ਚੂਹੜ ਜੀ ਉਠੇ ਅਤੇ ਪੱਥਰ ਕੱਢਣੇ ਸ਼ੁਰੂ ਕਰ ਦਿਤੇ। ਆਪ ਨਾ ਰਾਤ ਨੂੰ ਸੁੱਤੇ, ਨਾ ਦਿਨ ਨੂੰ, ਨਾ ਆਰਾਮ ਕੀਤਾ, ਪ੍ਰਸ਼ਾਦ ਪਾਣੀ ਵੀ ਤੁਰਿਆਂ ਜਾਂਦਿਆਂ ਨੇ ਛਕਿਆ, ਥੱਕ ਕੇ ਚੂਰ ਹੋ ਗਏ ਪਰ ਪੱਥਰਾਂ ਦਾ ਢੇਰ ਲਾ ਦਿਤਾ। ਗੁਰੂ ਮਹਾਰਾਜ ਜੀ ਨੇ ਦੇਖਿਆ ਕਿ ਇਹ ਇਕੱਲਾ ਹੀ ਗੁਰਸਿੱਖ ਪੱਥਰ ਢੋਹ ਰਿਹਾ ਸੀ, ਮਹਾਰਾਜ ਜੀ ਨੇ ਕਿਹਾ ਕਿ ਭਾਈ ਚੂਹੜ! ਤੂੰ ਹੋਰ ਸਿੱਖ ਨਾਲ ਲਾ ਲੈਣੇ ਸਨ। ਉਸ ਨੇ ਕਿਹਾ ਕਿ ਸੱਚੇ ਪਾਤਸ਼ਾਹ! ਆਪ ਦਾ ਹੁਕਮ ਤਾਂ ਸਭ ਨੇ ਸੁਣਿਆ ਸੀ, ਆਪ ਤੋਂ ਵੱਧ ਮੇਰੀ ਕੀ ਮਜ਼ਾਲ ਹੈ ਕਿ ਅੱਗੋਂ ਮੈਂ ਹੋਰ ਸਿੱਖਾਂ ਨੂੰ ਹੁਕਮ ਦੇਵਾਂ। ਗੁਰੂ ਮਹਾਰਾਜ ਜੀ ਉਸ ਦੀ ਸੇਵਾ ਦੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਬ੍ਰਹਮਗਿਆਨ ਦੀ ਦਾਤ ਬਖਸ਼ ਦਿਤੀ।

ਇਸ ਤਰ੍ਹਾਂ ਭਾਈ ਖੁਸ਼ਹਾਲੀ ਜੀ ਇਕੱਲੇ ਹੀ ਸਰਕੜਾ ਵੱਢ ਕੇ ਲਿਆਉਂਦੇ ਰਹੇ, ਉਹ ਵੀ ਭੁੱਖੇ ਤਿਹਾਏ ਸੇਵਾ ਕਰਦੇ ਰਹਿੰਦੇ। ਗੁਰੂ ਮਹਾਰਾਜ ਛੇਵੇਂ ਪਾਤਸ਼ਾਹ ਜੀ ਕਸ਼ਮੀਰ ਵਿਚ ਗਏ ਹੋਏ ਸਨ, ਉਥੇ ਜੰਗਲ ਵਿਚ ਜਾ ਰਹੇ ਸਨ ਤਾਂ ਸੰਗਤ ਵਿਚ ਕਈ ਸਰੀਰਾਂ ਨੇ ਕਿਹਾ ਕਿ ਮਹਾਰਾਜ! ਅੱਗੇ ਰਸਤਾ ਬੜਾ ਖਤਰਨਾਕ ਹੈ ਇਨ੍ਹਾਂ ਮੋੜਾਂ ਵਿਚ ਉਚੀਆਂ ਟੀਸੀਆਂ ਤੇ ਸ਼ੇਰ ਬੈਠੇ ਰਹਿੰਦੇ ਹਨ। ਜਦੋਂ ਕੋਈ ਰਾਹਗੀਰ ਲੰਘਦਾ ਹੈ ਤਾਂ ਅਚਾਨਕ ਝਪਟਾ ਮਾਰ ਲੈਂਦੇ ਹਨ। ਹਜ਼ੂਰ! ਜੋ ਦੂਸਰਾ ਰਸਤਾ ਹੈ, ਉਹ ਠੀਕ ਹੈ। ਭਾਈ ਨਿਹਾਲਾ ਜੀ ਵੀ ਗੁਰੂ ਮਹਾਰਾਜ ਜੀ ਨਾਲ ਜਾ ਰਹੇ ਸੀ ਜੋ ਕਸ਼ਮੀਰ ਵਿਚ ਕਰਨੀ ਤੇ ਕਮਾਈ ਵਾਲੇ ਸਿੱਖ ਸਨ। ਗੁਰੂ ਮਹਾਰਾਜ ਜੀ ਨੇ ਉਸ ਨੂੰ ਕਿਹਾ ਕਿ ਭਾਈ ਨਿਹਾਲਾ! ਤੂੰ ਸਾਡੇ ਆਉਣ ਤਕ ਇਥੇ ਹੀ ਖੜ੍ਹਾ ਰਹੀਂ। ਗੁਰੂ ਮਹਾਰਾਜ ਜੀ ਦੂਸਰੇ ਰਸਤੇ ਹੁੰਦੇ ਹੋਏ ਆਪਣੇ ਨਿਜ ਅਸਥਾਨ ਤੇ ਪਹੁੰਚ ਗਏ ਪਰ ਭਾਈ ਨਿਹਾਲਾ ਜੀ ਗੁਰੂ ਦੇ ਬਚਨ ਦੇ ਬੰਨ੍ਹੇ ਉਥੇ ਹੀ ਖੜ੍ਹੇ ਰਹੇ। ਨਾ ਕੁਝ ਖਾਧਾ, ਨਾ ਕੁਝ ਪੀਤਾ। ਦੋ ਦਿਨ ਪਿਛੋਂ ਗੁਰੂ ਮਹਾਰਾਜ ਜੀ ਨੇ ਬਚਨ ਕੀਤਾ ਕਿ ਭਾਈ ਨਿਹਾਲਾ ਕਿਥੇ ਹੈ, ਨਜ਼ਰ ਨਹੀਂ ਆਇਆ? ਸਭ ਨੇ ਇਕ ਜ਼ੁਬਾਨ ਹੋ ਕੇ ਕਿਹਾ ਕਿ ਪਾਤਸ਼ਾਹ! ਉਸ ਨੂੰ ਤਾਂ ਆਪ ਹੁਕਮ ਦੇ ਆਏ ਸੀ ਕਿ ਸਾਡੇ ਆਉਣ ਤਕ ਤੂੰ ਇਥੇ ਹੀ ਖੜ੍ਹਾ ਰਹੀਂ। ਐਨੇ ਵਿਚ ਹੀ ਗੁਰੂ ਮਹਾਰਾਜ ਜੀ ਘੋੜੇ ਤੇ ਸਵਾਰ ਹੋ ਕੇ ਉਸ ਥਾਂ ਪਹੁੰਚਦੇ ਹਨ ਤਾਂ ਕੀ ਦੇਖਦੇ ਹਨ ਕਿ ਭਾਈ ਨਿਹਾਲਾ ਉਥੇ ਹੀ ਖੜ੍ਹਾ ਹੈ, ਅਤੇ ਉਸ ਦੇ ਮੁੱਖ ਤੋਂ ਧੀਮੀ ਆਵਾਜ਼ ਆ ਰਹੀ ਹੈ 'ਸਤਿਨਾਮ ਵਾਹਿਗੁਰੂ-'ਸਤਿਨਾਮ ਵਾਹਿਗੁਰ'। ਗੁਰੂ ਮਹਾਰਾਜ ਜੀ ਨੇ ਘੋੜੇ ਤੋਂ ਉਤਰ ਕੇ ਛਾਤੀ ਨਾਲ ਲਾ ਲਿਆ ਅਤੇ ਕਿਹਾ ਗੁਰਸਿਖਾ! ਤੂੰ ਧੰਨ ਹੈਂ, ਤੂੰ ਗੁਰੂ ਦੇ ਬਚਨ ਦੀ ਕਮਾਈ ਕਰ ਰਿਹਾ ਹੈਂ। ਗੁਰੂ ਮਹਾਰਾਜ ਜੀ ਨੇ ਬਜਰ ਕਪਾਟ ਖੋਲ੍ਹ ਦਿਤੇ ਅਤੇ ਅਗਮ ਨਿਗਮ ਦੀ ਸੋਝੀ ਬਖਸ਼ ਕੇ ਬ੍ਰਹਮਗਿਆਨ ਦੀ ਦਾਤ ਦੇ ਦਿਤੀ।

ਇਹ ਗੁਰੂ ਦੀ ਸੇਵਾ ਕਰਨਾ ਤਪ ਤਾਉ ਹੈ। ਪਿਆਰ ਦਾ ਭਾਂਡਾ ਅੰਮ੍ਰਿਤ ਨੂੰ ਸੰਭਾਲਣ ਲਈ ਜ਼ਰੂਰੀ ਹੈ, ਪਿਆਰ ਦੇ ਭਾਂਡੇ ਬਾਰੇ ਫੇਰ ਵਿਚਾਰ ਕਰਾਂਗੇ ਕਿਉਂਕਿ ਹੁਣ ਸਮਾਂ ਇਜ਼ਾਜ਼ਤ ਨਹੀਂ ਦਿੰਦਾ, ਪੂਰੇ ਤਿੰਨ ਘੰਟਿਆਂ ਤੋਂ ਆਪ ਸਾਰੀ ਸੰਗਤ ਕੀਰਤਨ ਵਿਚ ਜੁੜੇ ਬੈਠੇ ਹੋ ਜੋ ਆਪਾਂ ਲੰਬੀ ਚੌੜੀ ਵਿਚਾਰ ਅੱਜ ਦੇ ਦੀਵਾਨ ਸਮੇਤ ਚਾਰ ਦੀਵਾਨਾਂ ਵਿਚ ਕੀਤੀ ਹੈ ਉਹ ਇਹ ਹੈ ਕਿ ਅਸੀਂ ਸਰੀਰ ਨਹੀਂ ਹਾਂ। ਭਾਈ ਤਿਲੋਕਾ ਜੀ ਰਾਜਕੁਮਾਰੀ ਨੂੰ ਬਹੁਤ ਹੀ ਸਰਲ ਬੋਲੀ ਵਿਚ ਬਹੁਤ ਮਿਸਾਲਾਂ ਦੇ ਕੇ ਸਮਝਾਅ ਰਹੇ ਹਨ। ਆਪਾਂ ਇਸ ਨੂੰ ਹੋਰ ਵਿਚਾਰਾਂਗੇ ਜਦੋਂ ਤਕ ਚੰਗੀ ਤਰ੍ਹਾਂ ਸਾਡੀ ਸਮਝ ਵਿਚ ਨਹੀਂ ਆਉਂਦਾ।

ਗੁਰ ਸਤੋਤਰ

ਅਰਦਾਸ

ਹੁਕਮਨਾਮਾ

# ਕਿਵ ਸਚਿਆਰਾ ਹੋਈਐ?

# (ਭਾਗ 3)

## ਦੋ ਸ਼ਬਦ

'ਕਿਵ ਸਚਿਆਰਾ ਹੋਈਐ' ਦੀ ਵਿਆਖਿਆ ਕਰਨ ਤੋਂ ਪਹਿਲਾਂ ਪਿਛਲੀ ਅੱਧੀ ਤੁਕ 'ਕਿਵ ਕੂੜੇ ਤੁਟੈ ਪਾਲਿ' ਰੂਪਮਾਨ ਹੋ ਚੁਕੀ ਸੀ, ਜਿਸ ਵਿਚ ਬਹੁਤ ਹੀ ਉਚ ਕੋਟੀ ਦੇ ਵਿਦਵਾਨ ਪੀਰ ਬੁੱਧੂ ਸ਼ਾਹ ਨੂੰ ਪਿਆ ਹੋਇਆ ਭੁਲੇਖਾ ਦੂਰ ਕਰਨ ਲਈ ਗੁਰੂ ਮਹਾਰਾਜ ਜੀ ਨੇ ਬਹੁਤ ਹੀ ਸੰਖੇਪ ਰੂਪ ਵਿਚ ਉਸ ਦੇ ਅੰਦਰ ਪ੍ਰਕਾਸ਼ ਪੈਦਾ ਕਰਕੇ, ਅਗਿਆਨ ਦਾ ਹਨ੍ਹੇਰਾ ਖਤਮ ਕਰ ਦਿਤਾ ਸੀ ਪਰ ਉਹ ਪੋਥੀ ਆਮ ਸਾਧਾਰਨ ਵਿਅਕਤੀ ਲਈ ਨਹੀਂ ਸੀ, ਉਹ ਬਹੁਤ ਹੀ ਥੋੜ੍ਹੇ ਅੱਖਰਾਂ ਦੇ ਵਿਚ ਪੰਜ ਕੀਰਤਨ ਦੀਵਾਨਾਂ ਦੇ ਆਧਾਰ ਤੇ ਜੋ ਬਚਨ ਸੰਗਤਾਂ ਪ੍ਰਤੀ ਬੋਲੇ ਗਏ ਸਨ, ਉਸੇ ਤਰ੍ਹਾਂ ਸੰਖੇਪ ਰੂਪ ਵਿਚ ਬਿਨਾਂ ਹੋਰ ਵਿਆਖਿਆ ਕਰਨ ਦੇ ਲਿਖ ਦਿਤੇ ਗਏ ਸਨ। 'ਕਿਵ ਸਚਿਆਰਾ ਹੋਈਐ' ਪੰਗਤੀ 'ਕਿਵ ਕੂੜੈ ਤੁਟੈ ਪਾਲਿ' ਤੋਂ ਪਹਿਲਾਂ ਹੋਣ ਕਰਕੇ ਇਸ ਗੰਭੀਰ ਵਿਸ਼ੇ ਤੇ ਵਿਚਾਰ ਕਰਨ ਦੀ ਬਹੁਤ ਹੀ ਲੋੜ ਸੀ। ਅੱਜ ਤੱਕ ਕਈ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ ਪਰ ਕੋਈ ਪੁਸਤਕ ਇਸ ਢੰਗ ਨਾਲ ਨਹੀਂ ਲਿਖੀ ਗਈ ਕਿ ਬਹੁਤ ਸਾਰੀਆਂ ਪੁਸਤਕਾਂ ਸਾਮ੍ਹਣੇ ਰੱਖ ਲਈਆਂ ਜਾਣ ਫੇਰ ਇਨ੍ਹਾਂ ਵਿਚੋਂ ਲੋੜੀਂਦੇ ਅੰਸ਼ ਕੱਢ ਕੇ ਇਕ ਥਾਂ ਇਕੱਠੇ ਕੀਤੇ ਜਾਣ। ਇਹ ਇਕ ਬਹੁਤ ਹੀ ਸੁਧਰੀ ਹੋਈ ਕਿਰਿਆ ਹੋਇਆ ਕਰਦੀ ਹੈ ਅਤੇ ਇਹ ਜੋ ਪੋਥੀਆਂ ਲਿਖੀਆਂ ਗਈਆਂ ਹਨ, ਉਹ ਕੀਰਤਨ ਵਿਚ ਜੋ ਬਚਨ ਉਸ ਸਮੇਂ ਅਨੁਭਵ ਵਿਚ ਆਏ, ਉਨ੍ਹਾਂ ਬਚਨਾਂ ਨੂੰ ਪਿਛੋਂ ਫੇਰ ਸਾਮ੍ਹਣੇ ਰੱਖ ਕੇ ਵਿਚਾਰਿਆ ਗਿਆ। ਬਹੁਤ ਸਾਰੀਆਂ ਤਾਂ ਉਸੇ ਤਰ੍ਹਾਂ ਲਿਖ ਦਿਤੀਆਂ ਗਈਆਂ ਜਿਵੇਂ ਬੋਲਿਆ ਗਿਆ ਸੀ ਪਰ ਬਹੁਤ ਸਾਰੀਆਂ ਵਿਚ ਕਈ ਰਹੱਸ ਕੀਰਤਨ ਵਿਚ ਦੱਸੇ ਨਾ ਜਾਣ ਕਰਕੇ ਦੁਬਾਰਾ ਲਿਖਣ ਵਿਚ ਉਨ੍ਹਾਂ ਦੀ ਵਿਆਖਿਆ ਕੀਤੀ ਗਈ ਪਰ ਜੋ ਬਚਨ ਕੀਰਤਨ ਵਿਚ ਬੋਲੇ ਗਏ, ਉਹ ਅਧਾਰ ਰੂਪ ਵਿਚ ਉਸੇ ਤਰ੍ਹਾਂ ਹੀ ਰੱਖੇ ਗਏ। ਓਹੋ ਧਾਰਨਾ, ਓਹੋ ਬੋਲੀ ਜੋ ਪਿੰਡਾਂ ਦੇ ਅਣਜਾਣ ਤੋਂ ਅਣਜਾਣ ਬੰਦਿਆਂ ਦੀ ਸਮਝ ਵਿਚ ਆ ਜਾਵੇ, ਰੱਖੀ ਗਈ। ਕੋਈ ਵੱਡੇ ਅੱਖਰ ਇਸ ਵਿਚ ਨਹੀਂ ਵਧਾਏ ਗਏ।

'ਕਿਵ ਸਚਿਆਰਾ ਹੋਈਐ' ਦਾ ਸਿਰਲੇਖ ਕੀਰਤਨ ਕਰਨ ਵੇਲੇ ਸਾਮ੍ਹਣੇ ਨਹੀਂ ਸੀ। ਉਸ ਵੇਲੇ ਤਾਂ ਸੰਗਤਾਂ ਦੀ ਸੋਚ ਪੱਧਰ ਨੂੰ ਮੁੱਖ ਰੱਖ ਕੇ ਬੈਰਾਗ 'ਚ ਆ ਕੇ ਰਲ ਮਿਲ ਕੇ ਗੁਰੂ ਨਾਨਕ ਪਾਤਸ਼ਾਹ ਦੀ ਯਾਦ ਵਿਚ ਉਨ੍ਹਾਂ ਦੀ ਜੀਵਨ ਝਾਕੀ ਨੂੰ ਅੱਖਰਾਂ ਵਿਚ ਬੋਲ ਕੇ, ਵੀਡੀਓ ਫਿਲਮਾਂ ਵਿਚ ਅਤੇ ਆਡੀਓ ਕੈਸਟਾਂ ਵਿਚ ਰਿਕਾਰਡ ਕੀਤਾ ਗਿਆ। ਡਾ. ਭਾਈ ਵੀਰ ਸਿੰਘ ਜੀ ਨੇ ਮਹਾਨ ਕ੍ਰਿਪਾ ਕੀਤੀ ਹੈ ਕਿ ਉਨ੍ਹਾਂ ਨੇ ਉਚੇ ਅਨੁਭਵ ਗੁਰੂ ਨਾਨਕ ਚਮਤਕਾਰ ਅਤੇ ਗੁਰੂ ਕਲਗੀਧਰ ਚਮਤਕਾਰ ਵਿਚ ਰੂਪਮਾਨ ਕੀਤੇ ਹਨ। ਉਹ ਐਉਂ ਹੀ ਪ੍ਰਤੀਤ ਦਿੰਦੇ ਹਨ ਜਿਵੇਂ ਅੱਜ ਵੀ ਸਾਡੇ ਸਾਮ੍ਹਣੇ ਉਹ ਸਾਰਾ ਦ੍ਰਿਸ਼ ਗੁਪਤ ਮੰਡਲ ਵਿਚ ਹੋ ਰਿਹਾ ਹੈ। ਇਸ ਵਿਚ ਭਾਈ ਤਿਲੋਕਾ ਜੀ ਅਤੇ ਰਾਜਕੁਮਾਰੀ ਨੂੰ ਮੁੱਖ ਨਾਇਕ ਦੇ ਤੌਰ ਤੇ ਵਿਚਾਰਿਆ ਗਿਆ ਹੈ। ਮੈਂ ਜਦੋਂ ਵੀ ਇਹ ਸਾਖੀ ਗੁਰੂ ਨਾਨਕ ਚਮਤਕਾਰ ਵਿਚ ਪੜ੍ਹਦਾ ਸਾਂ ਤਾਂ ਕਦੇ ਵੀ ਇਕ ਬੈਠਕ ਵਿਚ ਪੂਰਾ ਨਹੀਂ ਪੜ੍ਹ ਸਕਿਆ ਕਿਉਂਕਿ ਭਾਈ ਸਾਹਿਬ ਨੇ ਜੋ ਅਵਿਅਕਤ ਮੰਡਲ ਵਿਚ ਘਟਨਾਵਾਂ ਰੂਪਮਾਨ ਕੀਤੀਆਂ ਉਨ੍ਹਾਂ ਦਾ ਅਸਰ ਮੇਰੇ ਉਤੇ ਬਹੁਤ ਹੀ ਹੋ ਜਾਂਦਾ ਅਤੇ ਮੇਰੇ ਨੇਤਰਾਂ ਵਿਚੋਂ ਜਲ ਚਲਦਾ ਰਹਿੰਦਾ ਸੀ। ਮੈਂ ਕਿਸੇ ਰਸ ਵਿਚ ਲੀਨ ਹੋ ਜਾਇਆ ਕਰਦਾ ਸੀ। ਮੈਂ ਵੀ ਸੋਚਦਾ ਸੀ ਕਿ ਜਿਸ ਤਰ੍ਹਾਂ ਉਸ ਬੀਬਾ ਨੇ ਆਪਣੇ ਧੇਅ ਨੂੰ ਪ੍ਰਾਪਤ ਕਰਨ ਲਈ ਬੜੇ ਹੀ ਦ੍ਰਿੜ੍ਹ ਇਰਾਦੇ ਨਾਲ ਉਸ ਮੱਠ ਵਿਚ ਬੈਠ ਕੇ ਸਾਧਨਾ ਕੀਤੀ ਅਤੇ ਗੁਰੂ ਨਾਨਕ ਪਾਤਸ਼ਾਹ ਨਾਲ ਪਿਆਰ ਦੀਆਂ ਤਰੰਗਾਂ ਸਾਂਝੀਆਂ ਕੀਤੀਆਂ, ਉਸੇ ਤਰ੍ਹਾਂ ਉਸੇ ਬੈਰਾਗ ਦੇ ਵਿਚ ਭਿੱਜ ਕੇ ਗੁਰੂ ਨਾਨਕ ਪਾਤਸ਼ਾਹ, ਜੋ ਘਟ-ਘਟ ਵਿਚ ਵਿਆਪਕ ਹਨ, ਹਰ ਥਾਂ ਜਲਾਂ ਥਲਾਂ ਵਿਚ ਹਾਜ਼ਰ ਹਨ, ਜੋ ਸਦਾ ਹੀ ਪਿਆਰ ਕਰਦੇ ਹਨ, ਪਿਆਰ ਦੇ ਬੰਨ੍ਹੇ ਹੋਏ, ਖਿੱਚੇ ਹੋਏ ਆਪਣੇ ਪਿਆਰਿਆਂ ਦੇ ਪਾਸ ਖੇਚਲਾਂ ਦੀ ਪਰਵਾਹ ਨਾ ਕਰਦੇ ਹੋਏ ਪਹੁੰਚ ਜਾਂਦੇ ਹਨ, ਮੇਰੇ ਲਈ ਅੱਜ ਵੀ ਉਸੇ ਤਰ੍ਹਾਂ ਹਨ। ਮੈਂ ਕਦੇ ਵੀ ਨਹੀਂ ਸੋਚਿਆ ਕਿ ਗੁਰੂ ਨਾਨਕ ਪਾਤਸ਼ਾਹ ਅਲੋਪ ਹੋ ਚੁੱਕੇ ਹਨ। ਉਨ੍ਹਾਂ ਦਾ ਇਕ ਰੂਪ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਪ੍ਰਤੱਖ ਰੂਪ ਹੋ ਕੇ ਮੱਤਾਂ ਦੇ ਰਿਹਾ ਹੈ, ਪ੍ਰਕਾਸ਼ ਦੇ ਰਿਹਾ ਹੈ ਅਤੇ ਅਗਿਆਨ ਦੇ ਹਨ੍ਹੇਰੇ ਨੂੰ ਕੱਟ ਰਿਹਾ ਹੈ। ਦੂਸਰਾ ਸਰੂਪ ਆਪਣੇ ਪਿਆਰ ਕਰਨ ਵਾਲਿਆਂ ਨੂੰ ਖਿੱਚ ਵਿਚ ਲੈ ਰਿਹਾ ਹੈ, ਰਸ ਅਤੇ ਅਨੰਦ ਦੀ ਝੜੀ ਲਾ ਕੇ ਆਪਣੇ ਪਿਆਰ ਦੇ ਵਿਚ ਸਮੋਅ ਰਿਹਾ ਹੈ। ਇਹ ਰੂਪ ਆਪਣੇ ਆਪ ਹੀ ਆਪਣੇ ਪਿਆਰਿਆਂ ਦੇ ਵਿਘਨਾਂ ਨੂੰ ਦੂਰ ਕਰਦਾ ਹੈ। ਸੋ ਇਸ ਸਰੂਪ ਦੇ ਚਿੰਤਨ ਵਿਚ ਘੰਟਿਆਂ ਬੱਧੀ ਬੈਠੇ ਰਹਿਣਾ ਅਤੇ ਆਪਣੇ ਅੰਦਰ ਨਾਮ ਦੀ ਧੁਨ ਦੀ ਗੁੰਜ਼ਾਰ ਸੁਣਨੀ ਮਹਾਨ ਰਸ ਨੂੰ ਅਨੁਭਵ ਕਰਨਾ, ਸਤਿਗੁਰ ਜੋਤੀ ਤੋਂ ਬਾਰ-ਬਾਰ ਕੁਰਬਾਨ ਜਾਣਾ, ਅੰਦਰੋਂ ਹੀ ਅੰਦਰ ਉਨ੍ਹਾਂ ਨਾਲ ਪਿਆਰ ਕਰਨਾ, ਹੱਥ ਬੰਨ੍ਹ ਕੇ ਬੈਠੇ ਰਹਿਣਾ, ਇਹ ਕ੍ਰਿਆ ਉਸ ਸਾਖੀ ਨੂੰ ਪੜ੍ਹ ਕੇ ਹੋ ਜਾਇਆ ਕਰਦੀ ਸੀ। ਜਦੋਂ ਮੈਂ ਕੀਰਤਨ ਵਿਚ ਇਸ ਸਾਖੀ ਨੂੰ ਪ੍ਰਤੀਕ ਬਣਾ ਕੇ ਵਿਚਾਰ ਆਰੰਭ ਕੀਤੀ ਤਾਂ ਇਹ 18 ਘੰਟੇ ਦੇ ਕੀਰਤਨ ਵਿਚ ਬੜੀ ਮੁਸ਼ਕਲ ਨਾਲ ਪੂਰੀ ਹੋਈ। ਮੇਰੇ ਯਾਦ ਹੈ ਕਿ ਇਹ ਕੀਰਤਨ ਵਿਆਖਿਆ ਕਰਦਿਆਂ ਮੇਰੀਆਂ ਅੱਖਾਂ ਦੇ ਹੰਝੂ ਕਦੇ ਵੀ ਨਹੀਂ ਸੀ ਰੁਕੇ। ਇਹੋ ਹਾਲ ਸੰਗਤ ਦਾ ਸੀ। ਉਹ ਵੀ ਕਿਸੇ ਐਸੇ ਰਸ ਵਿਚ ਭਿੱਜ ਜਾਂਦੇ ਸਨ ਜਿਸ ਦੇ ਬਾਰੇ ਉਹ ਆਪ ਹੀ ਜਾਣਦੇ ਹਨ।

ਕੁਦਰਤੀ ਹੀ ਇਹ ਦੀਵਾਨ ਇਕ ਹੀ ਤਾਂ ਮੋਹਾਲੀ ਵਿਚ ਲੱਗੇ। ਹਰ ਸੱਤਵੇਂ ਦਿਨ ਮੋਹਾਲੀ ਕੋਠੀ ਦੇ

ਸਾਮ੍ਹਣੇ ਕੀਰਤਨ ਹੋਇਆ ਕਰਦਾ ਹੈ, ਸੰਗਤਾਂ ਹੁੰਮ-ਹੁੰਮਾ ਕੇ ਸਮੇਂ ਤੋਂ ਪਹਿਲਾਂ ਹੀ ਪਹੁੰਚ ਜਾਂਦੀਆਂ ਸਨ, ਕਈ ਵਾਰੀ ਤਾਂ ਐਸਾ ਹੋਇਆ ਕਿ ਤਿੰਨ ਘੰਟੇ ਕੀਰਤਨ ਕਰਨ ਦੀ ਥਾਂ ਚੌਥਾ ਘੰਟਾ ਵੀ ਕੀਰਤਨ ਹੁੰਦਾ ਰਿਹਾ ਤੇ ਵਿਚਾਰ ਚਲਦੀ ਰਹੀ ਅਤੇ ਮਹਾਨ ਰਸ ਦੀ ਫੁਹਾਰ ਦਾ ਅਨੰਦ ਮਾਣਦੇ ਰਹੇ, ਸਮੇਂ ਦਾ ਪਤਾ ਹੀ ਨਾ ਲੱਗਿਆ। ਜਦੋਂ ਨੇਤਰ ਖੁਲ੍ਹੇ ਤਾਂ ਸੂਰਜ ਦੇਵਤਾ ਆਪਣਾ ਦਿਨ ਭਰ ਦਾ ਸਫਰ ਪੂਰਾ ਕਰਕੇ ਹੇਠਾਂ ਜਾ ਚੁਕਿਆ ਸੀ। ਨਾ ਹੀ ਸੰਗਤ ਨੂੰ ਪਤਾ ਲੱਗਿਆ, ਨਾ ਮੈਨੂੰ ਪਤਾ ਲਗਿਆ, ਜੇ ਪਤਾ ਸੀ ਤਾਂ ਇਕੋ ਸੀ ਕਿ ਕਿਸੇ ਮਹਾਨ ਰਸ ਵਿਚ ਗੁਰੂ ਦੀ ਕ੍ਰਿਪਾ ਨਾਲ ਅਨੰਦ ਮਾਣਨ ਦਾ ਸੁਭਾਗ ਸਾਨੂੰ ਪ੍ਰਾਪਤ ਹੋਇਆ ਹੈ।

'ਕਿਵ ਸਚਿਆਰਾ ਹੋਈਐ' ਦਾ ਵਿਸ਼ਾ ਬਹੁਤ ਹੀ ਗਹਿਨ ਹੈ ਇਸ ਵਿਚ ਆਤਮਾ ਦੀ ਗੱਲ ਕੀਤੀ ਗਈ ਹੈ। ਅਸੀਂ ਜੀਵ ਆਤਮਾ ਨੂੰ ਹੀ ਆਤਮਾ ਕਹਿ ਦਿੰਦੇ ਹਾਂ, ਕਿਉਂਕਿ ਜਿਥੋਂ ਅਸਾਨੂੰ ਪ੍ਰੇਰਨਾ ਮਿਲਦੀ ਹੈ ਉਹ ਗੁਰਦਵਾਰੇ ਹਨ। ਉਨ੍ਹਾਂ ਵਿਚ ਵਿਦਵਾਨਾਂ ਦੀ ਘਾਟ ਹੋਣ ਕਰਕੇ ਅਤੇ ਅਨੁਭਵੀ ਮਹਾਂਪੁਰਸ਼ਾਂ ਦੇ ਪ੍ਰਵਚਨ ਨਾ ਹੋਣ ਕਰਕੇ ਇਨ੍ਹਾਂ ਅਧਿਆਤਮਕ ਵਿਸ਼ਿਆਂ ਦੀ ਸੋਝੀ ਨਹੀਂ ਹੁੰਦੀ। ਇਕ ਤਾਂ ਇਸ ਕਰਕੇ ਕਿ ਸਰੋਤਿਆਂ ਦੀ ਬਿਰਤੀ ਉਸਰੀ ਨਹੀਂ ਹੁੰਦੀ, ਉਹ ਆਮ ਸਾਧਾਰਨ ਰੂਪ ਵਿਚ ਗੁਰਦੁਆਰੇ ਆਉਂਦੇ ਅਤੇ ਜੋ ਕੁਝ ਕਿਸੇ ਨੇ ਸੁਣਾਇਆ ਉਹ ਸੁਣ ਲਿਆ, ਜੋ ਬੁਲਾਰਿਆਂ ਦੇ ਮਨ ਵਿਚ ਆਇਆ ਉਹ ਬੋਲ ਸੁਣ ਲਏ, ਐਨੇ ਗੰਭੀਰ ਵਿਸ਼ਿਆਂ ਤੇ ਘੱਟ ਹੀ ਵਿਚਾਰ ਹੁੰਦੀ ਹੈ। ਇਹ ਤਾਂ ਗੁਰੂ ਮਹਾਰਾਜ ਦੀ ਹੀ ਕ੍ਰਿਪਾ ਹੋਈ ਕਿ ਇਸ ਵਿਸ਼ੇ ਤੇ ਬਹੁਤ ਗਹਿਰੀ ਵਿਚਾਰ ਕੀਤੀ ਗਈ। ਜਦੋਂ ਇਸ ਨੂੰ ਫਿਲਮਾਂ ਦੇ ਆਧਾਰ ਤੇ ਲਿਖਣਾ ਸ਼ੁਰੂ ਕੀਤਾ, ਉਸ ਵੇਲੇ ਦੇਖਿਆ ਕਿ ਬਹੁਤ ਸਾਰੇ ਵਿਸ਼ੇ ਅਣਛੋਹੇ ਪਏ ਰਹਿ ਗਏ ਹਨ। ਉਸ ਵੇਲੇ ਉਨ੍ਹਾਂ ਨੂੰ ਵਿਚਾਰਿਆ ਗਿਆ ਤਾਂ ਕਿ ਇਹ ਗੁਪਤ ਰਹੱਸ ਪ੍ਰਗਟ ਹੋ ਕੇ ਇਸ ਗਹਿਨ ਵਿਸ਼ੇ ਦੀ ਸੋਝੀ ਕਰਾਉਣ ਵਿਚ ਸਹਾਈ ਹੋਣ। ਇਸ ਵਿਸ਼ੇ ਨੂੰ ਪੁਸਤਕ ਦੇ 796 ਪੰਨਿਆਂ ਵਿਚ ਵਿਚਾਰਿਆ ਗਿਆ ਹੈ ਜੋ ਇਕ ਮਹਾਨ ਕਾਰਜ ਸੀ ਕਿਉਂਕਿ ਕਿਸੇ ਪੁਸਤਕ ਤੋਂ ਕੋਈ ਸਹਾਇਤਾ ਨਹੀਂ ਲਈ ਗਈ। ਡਾ. ਭਾਈ ਵੀਰ ਸਿੰਘ ਜੀ ਦੀ ਰਾਣਾ ਸੂਰਤ ਸਿੰਘ ਪੁਸਤਕ ਵਿਚੋਂ ਪੰਜ ਖੰਡਾਂ ਦੀ ਵਿਆਖਿਆ ਉਨ੍ਹਾਂ ਦੇ ਸ਼ਬਦਾਂ ਵਿਚ ਹੀ ਕੀਤੀ ਕਿਉਂਕਿ ਮੈਂ ਉਨ੍ਹਾਂ ਦੇ ਅਨੁਭਵ ਵਿਚ ਕੋਈ ਦਖਲ ਦੇਣਾ ਠੀਕ ਨਹੀਂ ਸਮਝਦਾ। ਸੋ ਉਸੇ ਤਰ੍ਹਾਂ ਰਾਣਾ ਸੂਰਤ ਸਿੰਘ ਪੁਸਤਕ ਵਿਚੋਂ ਇਥੇ ਵਿਆਖਿਆ ਕੀਤੀ ਹੈ। ਬੰਦਗੀ ਕਰਨ ਵਾਲਿਆਂ ਵਾਸਤੇ ਜਿਨ੍ਹਾਂ ਦੇ ਮਨ ਵਿਚ ਦਰਸ਼ਨਾਂ ਦੀ ਤਾਂਘ ਹੈ ਉਨ੍ਹਾਂ ਨੂੰ ਇਹ ਪੁਸਤਕ ਬਹੁਤ ਹੀ ਪ੍ਰੇਰਨਾ ਦੇਣ ਵਾਲੀ ਹੈ ਅਤੇ ਸਾਰੇ ਮਤਾਂ ਦੇ ਰਸਤੇ, ਰੂਹਾਨੀ ਮਾਰਗ ਦੀ ਜਿੰਨੀ ਕੁ ਸੂਝ ਮੈਨੂੰ ਪ੍ਰਾਪਤ ਹੈ ਉਸ ਦੇ ਮੁਤਾਬਿਕ ਹੀ ਦੱਸੇ ਗਏ ਹਨ। ਇਕ ਗੱਲ ਮੈਂ ਦੱਸਣੀ ਚਾਹੁੰਦਾ ਹਾਂ ਕਿ ਇਹ ਸਾਰੇ ਅਨੁਭਵ ਮੈਨੂੰ ਪੁਸਤਕਾਂ ਵਿਚੋਂ ਪ੍ਰਾਪਤ ਨਹੀਂ ਹੋਏ। ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਸਾਹਿਬ ਵਾਲੇ ਜੋ ਇਕ ਮਹਾਨ ਸਤਿ ਪੁਰਸ਼ ਸਨ, ਜਿਨ੍ਹਾਂ ਦੇ ਅੰਦਰ ਗਿਆਨ ਦਾ ਪ੍ਰਵਾਹ ਇਕ ਕੰਢਿਆਂ ਉਪਰ ਹੋ ਕੇ ਵਗਣ ਵਾਲੇ ਦਰਿਆ ਵਾਂਗੂੰ ਚਲ ਰਿਹਾ ਸੀ, ਉਨ੍ਹਾਂ ਦੀ ਸੰਗਤ ਵਿਚੋਂ ਇਹ ਅਨੁਭਵ ਪ੍ਰਾਪਤ ਹੋਏ। ਨਾਮ ਜਪਣ ਤੋਂ ਬਿਨਾਂ ਇਹ ਅਨੁਭਵ ਨਹੀਂ ਸਾਂਭੇ ਜਾ ਸਕਦੇ ਕਿਉਂਕਿ ਮਾਇਆ ਮੰਡਲ ਦੀ ਸਮਝ ਅਧਿਆਤਮਕ ਮੰਡਲ ਦੀ ਸੂਝ ਤੱਕ ਪਹੁੰਚ ਨਹੀਂ ਸਕਦੀ। ਇਹ ਉਨ੍ਹਾਂ ਦੀ ਅਪਾਰ ਕ੍ਰਿਪਾ ਸੀ ਕਿ ਉਨ੍ਹਾਂ ਦੇ ਬਚਨ ਮੇਰੇ ਅੰਦਰ ਉਸੇ ਤਰ੍ਹਾਂ ਪਏ ਹਨ। ਸੋ ਇਹ ਸਾਰੇ ਅਨੁਭਵ ਮਹਾਂਪੁਰਸ਼ਾਂ ਤੋਂ ਪ੍ਰਾਪਤ ਹੋਏ ਹਨ।

ਆਪ ਜੀ ਗੁਰੂ ਦਸ਼ਮੇਸ਼ ਪਿਤਾ ਤੋਂ ਪਿਛੋਂ ਪੰਜ ਪਿਆਰਿਆਂ ਦੇ ਮੁਖੀ ਜਥੇਦਾਰ ਭਾਈ ਦਇਆ ਸਿੰਘ ਜੀ ਜੋ ਯੋਗ ਸਾਧਨਾ, ਨਾਮ ਸਾਧਨਾ ਅਤੇ ਗਿਆਨ ਵਿਚ ਪੂਰਨ ਸਨ ਉਨ੍ਹਾਂ ਤੋਂ ਇਹ ਸੰਪਰਦਾ ਸੀਨੇ-ਬ-ਸੀਨੇ ਚਲਦੀ ਬੰਦਗੀ ਕਰਨ ਵਾਲੇ ਮਹਾਂਪੁਰਸ਼ ਸੰਸਾਰ ਮੰਚ ਉਪਰ ਲਿਆਉਂਦੀ ਰਹੀ ਹੈ। ਅਜੇ ਵੀ ਉਨ੍ਹਾਂ ਦੇ ਜੀਵਨ ਦੀ ਸੋਚ ਅਤੇ ਸੂਝ ਪਿਆਰ ਕਰਨ ਵਾਲਿਆਂ ਦੇ ਜੀਵਨ ਵਿਚ ਉਸੇ ਤਰ੍ਹਾਂ ਚਲ ਰਹੀ ਹੈ। ਉਨ੍ਹਾਂ ਦੇ ਪਿਆਰੇ ਨਾ ਮਾਇਆ ਜਾਲ ਵਿਚ ਫਸਦੇ ਹਨ, ਨਾ ਪ੍ਰਸ਼ੰਸਾ ਦੀ ਲੋੜ ਸਮਝਦੇ ਹਨ, ਨਾ ਹੀ ਸੰਸਾਰਕ ਪ੍ਰਾਪਤੀਆਂ ਨੂੰ ਆਪਣਾ ਧੇਅ ਬਣਾਉਂਦੇ ਹਨ। ਉਨ੍ਹਾਂ ਦੇ ਅੰਦਰ ਮਹਾਂਪੁਰਸ਼ਾਂ ਦੀ ਯਾਦ ਸਮਾਈ ਹੋਣ ਕਰਕੇ ਸੀਨੇ-ਬ-ਸੀਨੇ ਹੀ ਮਹਾਂਪੁਰਸ਼ਾਂ ਦੇ ਬਚਨ ਪ੍ਰਗਟ ਹੋ ਰਹੇ ਹਨ। ਇਸ ਸੰਪਰਦਾ ਵਿਚ ਮਹਾਂਪੁਰਸ਼ ਜਿਨ੍ਹਾਂ ਨੇ ਸੱਚ ਦੀ ਸੇਧ ਲੈ ਕੇ ਆਪਣੇ ਜੀਵਨ ਦਾ ਬਲੀਦਾਨ ਦਿਤਾ ਅਤੇ ਆਪਣਾ ਸਾਰਾ ਸਮਾਂ ਸੇਵਾ ਕਰਨ ਵਿਚ, ਸਿਮਰਨ ਪ੍ਰਚਾਰ ਕਰਨ ਵਿਚ ਲਗਾ ਦਿੰਦੇ ਰਹੇ ਉਨ੍ਹਾਂ ਦੀ ਜਗਾਈ ਹੋਈ ਜੋਤ ਪ੍ਰਚੰਡ ਰੂਪ ਵਿਚ ਉਨ੍ਹਾਂ ਪ੍ਰੇਮੀਆਂ ਦੇ ਹਿਰਦਿਆਂ ਵਿਚ ਲਟਾ ਲਟ ਮਹਾਨ ਪ੍ਰਕਾਸ਼ ਦੇ ਰਹੀ ਹੈ।

ਸੰਤ ਮਹਾਰਾਜ ਜੀ ਦੀ ਨੇੜਤਾ ਮੈਨੂੰ ਕਾਫੀ ਪ੍ਰਾਪਤ ਹੁੰਦੀ ਰਹੀ ਭਾਵੇਂ ਉਨ੍ਹਾਂ ਨੇ ਮੈਨੂੰ ਆਪਣੇ ਡੇਰੇ ਵਿਚ ਨਹੀਂ ਸੀ ਰੱਖਿਆ। ਉਸ ਦੀ ਥਾਂ ਹੁਕਮ ਦਿਤਾ ਸੀ ਕਿ ਤੁਹਾਨੂੰ ਕਰਮ ਯੋਗ ਵਿਚ ਆਉਣਾ ਪੈਣਾ ਹੈ, ਸਤਿ ਦੇ ਮਾਰਗ ਤੇ ਚਲਦਿਆਂ, ਸੰਸਾਰ ਵਿਚ ਕਿਰਤ ਕਰੋ ਅਤੇ ਸੰਸਾਰ ਦੇ ਵਿਚ ਰਹਿ ਕੇ ਜੀਵਨ ਦੇ ਉਥੱਲ-ਪੁਥੱਲ, ਉਚਾ ਨੀਵਾਂ ਹੋਣ ਦੇ ਤਜਰਬੇ ਉਸ ਪਹਿਲਵਾਨ ਵਾਂਗੂੰ ਕਰੋ ਜੋ ਅਖਾੜੇ ਵਿਚ ਵਰਜਿਸ਼ ਕਰਕੇ ਜੇਤੂ ਰਹਿੰਦਾ ਹੈ। ਸੋ ਉਨ੍ਹਾਂ ਦੇ ਹੁਕਮ ਅਨੁਸਾਰ ਫੌਜ ਵਿਚ ਵੀ ਸਰਵਿਸ ਕੀਤੀ, ਉਸ ਪਿਛੋਂ ਪੰਜਾਬ ਸੈਕਟਰੀਏਟ ਅਤੇ ਉਸ ਪਿਛੋਂ ਉਨ੍ਹਾਂ ਦੇ ਹੁਕਮ ਅਨੁਸਾਰ ਯੂ.ਪੀ. ਵਿਚ intensive ਖੇਤੀਬਾੜੀ ਕੀਤੀ। ਜੀਵਨ ਦੇ ਹਰ ਪੱਖ ਨੂੰ ਸੰਘਰਸ਼ ਕਰਦਿਆਂ

ਵਿਚਾਰਿਆ, ਅਨੇਕ-ਅਨੇਕ ਤਜਰਬੇ ਪ੍ਰਾਪਤ ਹੋਏ ਪਰ ਉਨ੍ਹਾਂ ਦੇ ਵਜੂਦ ਨੇ ਮਾਇਆ ਦੇ ਮੰਡਲ ਵਿਚ ਰੁਲਣ ਤੋਂ ਬਚਾ ਲਿਆ। ਉਨ੍ਹਾਂ ਦੇ ਹੁਕਮ ਕਿ 'ਫਿਲਮਾਂ ਬਣਾ ਕੇ ਕੀਰਤਨ ਕਰੋ' ਦਾ ਇਹ ਲਾਭ ਹੋਇਆ ਕਿ ਅੱਜ 900 ਵੀਡੀਓ ਫਿਲਮਾਂ, 2400 ਆਡੀਓ ਕੈਸਟਾਂ ਬਣ ਚੁੱਕੀਆਂ ਹਨ ਅਤੇ ਸੰਸਾਰ ਪ੍ਰਸਿੱਧ 'ਆਤਮ ਮਾਰਗ' ਮੈਗਜ਼ੀਨ ਦੇਸਾਂ ਪ੍ਰਦੇਸਾਂ ਵਿਚ ਅਨੇਕਾਂ ਰੂਹਾਂ ਨੂੰ ਆਤਮਕ ਸੂਝ ਦੇ ਰਿਹਾ ਹੈ।

ਇਸ ਪੁਸਤਕ ਵਿਚ ਜੋ ਅਨੁਭਵ ਦਾਸ ਨੂੰ ਪ੍ਰਾਪਤ ਹੋਏ ਉਨ੍ਹਾਂ ਨੂੰ ਅੱਖਰਾਂ ਵਿਚ ਲਿਆਉਣ ਦਾ ਯਤਨ ਕੀਤਾ ਗਿਆ। ਮਹਾਂਪੁਰਸ਼ਾਂ ਦੇ ਉਪਦੇਸ਼ ਦੇ ਪ੍ਰਕਾਸ਼ ਵਿਚ ਉਨ੍ਹਾਂ ਦੀ ਪਰਖ ਕੀਤੀ ਗਈ ਹੈ ਅਤੇ ਮੈਂ ਇਹ ਬੇਨਤੀ ਕਰ ਸਦਦਾ ਹਾਂ ਕਿ ਜੋ ਵੀ ਇਸ ਮਨ ਚਿਤ ਲਗਾ ਕੇ, ਵਿਚਾਰ ਕੇ ਪੜ੍ਹਦਾ ਉਸ ਦਾ ਚਿੱਤ ਨਾਮ ਵਿਚ ਲਗ ਜਾਵੇਗਾ। ਇਹ ਕੋਈ ਫੋਕਾ ਗਿਆਨ ਨਹੀਂ ਹੈ। ਇਹ ਰਸ ਭਰੇ ਕੀਰਤਨਾਂ ਦਾ ਨਿਚੋੜ ਹੈ। ਜਿਹੜੇ 18 ਘੰਟੇ ਦੇ ਕੀਰਤਨ ਹੋਏ, ਮੇਰੇ ਯਾਦ ਹੈ ਕਿ ਛੇ ਦੀਵਾਨਾਂ ਵਿਚ ਕਦੇ ਵੀ ਨਾ ਮੇਰੀ ਅਤੇ ਨਾ ਸਰੋਤਿਆਂ ਦੀ ਅੱਖ ਸੁੱਕੀ, ਹੰਝੂ ਆਪ ਮੁਹਾਰੇ ਗਿਰਦੇ ਰਹੇ ਅਤੇ **Pin drop silence** (ਮਹਾਨ ਚੁੱਪ) ਦੀਵਾਨਾਂ ਵਿਚ ਛਾਈ ਰਹੀ, ਨਾ ਕੋਈ ਬੱਚਾ ਬੋਲਿਆ ਸੀ, ਨਾ ਕੋਈ ਵੱਡਾ ਆਦਮੀ ਉਤਾਵਲਾ ਹੁੰਦਾ ਸੀ। ਐਉਂ ਲਗਦਾ ਸੀ ਜਿਵੇਂ ਅਸੀਂ ਸਾਰੇ ਹੀ ਗੁਰੂ ਮਹਾਰਾਜ ਦੇ ਕਿਸੇ ਅਨੂਪ ਰਸ ਵਿਚ ਲੀਨ ਹੋਏ ਬੈਠੇ ਸੀ। ਮੈਂ ਉਪਦੇਸ਼ ਨਹੀਂ ਸੀ ਦੇ ਰਿਹਾ, ਮੈਂ ਵੀ ਸਰੋਤਾ ਹੋ ਕੇ ਸੁਣ ਰਿਹਾ ਸੀ। ਸੋ ਨਿਚੋੜ ਅੱਖਰਾਂ ਵਿਚ ਰੂਪਮਾਨ ਹੋ ਕੇ ਆਪ ਦੇ ਹੱਥਾਂ ਵਿਚ ਪੁਸਤਕ ਦੇ ਰੂਪ ਵਿਚ ਪਹੁੰਚ ਰਿਹਾ ਹੈ, ਜਿਸਨੂੰ ਵਿਚਾਰ ਕੇ 'ਆਤਮ ਮਾਰਗ' ਦੀ ਸੋਝੀ ਅਵੱਸ਼ ਹੋਵੇਗੀ।

ਪ੍ਰਾਰਥਕ ਅਤੇ ਪਬਲਿਸ਼ਰ

ਵਰਿਆਮ ਸਿੰਘ

ਬਾਨੀ ਤੇ ਮੁਖੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ।

# ਪ੍ਰਾਕੱਥਨ

ਪੁਸਤਕ 'ਕਿਵ ਸਚਿਆਰਾ ਹੋਈਐ ?'' ਕੁਝ ਲਿਖ ਸਕਣਾ ਮੇਰੀ ਸੀਮਤ ਸੂਝ ਤੋਂ ਬਾਹਰੀ ਹੈ। ਇਹ ਆਤਮਿਕ ਅਨੁਭਵ ਦੀਆਂ ਗਹੁਜ ਗੱਲਾਂ ਹਨ, ਕੇਵਲ ਸੱਚੇ ਅਨੁਭਵ ਵਾਲੇ ਹੀ ਇਨ੍ਹਾਂ ਨੂੰ ਪ੍ਰਗਟ ਕਰ ਸਕਦੇ ਹਨ। ਗੁਰਬਾਣੀ ਦੇ ਸਰਲ ਅਰਥ ਕਰ ਲੈਣੇ, ਜਾਂ ਗੁਰਬਾਣੀ ਵਿਚ ਪ੍ਰਾਪਤ ਸ਼ਬਦਾਂ ਦੇ ਆਧਾਰ ਤੇ ਕਿਸੇ ਵਿਸ਼ੇ ਦੀ ਉਸਾਰੀ ਕਰ ਲੈਣੀ ਐਨੀ ਔਖੀ ਗੱਲ ਨਹੀਂ, ਥੋੜ੍ਹੇ ਅਭਿਆਸ ਨਾਲ, ਗੁਰਬਾਣੀ ਦੇ ਪਠਨ ਪਾਠਨ ਨਾਲ ਇਹ ਸੰਭਵ ਹੋ ਜਾਂਦਾ ਹੈ ਪਰ 'ਅਗੰਮ ਅਗੋਚਰ' ਦੀਆਂ ਬਾਤਾਂ ਅਤੇ ਗੁਰਬਾਣੀ ਦੇ ਗਹੁਜ ਭਾਵਾਂ ਨੂੰ ਕੋਈ ਅਨੁਭਵੀ ਮਹਾਂਪੁਰਸ਼ ਹੀ ਬੁੱਝ ਸਕਦਾ ਹੈ। 'ਪੜ੍ਹਿਆ ਨਾਹੀ ਭੇਦ ਬੁਝਿਆ ਪਾਵਣਾ'' ਇਹ ਮਾਰਗ ਕੇਵਲ ਜਾਨਣ ਦਾ ਮਾਰਗ ਨਹੀਂ, ਜਾਣ ਕੇ ਚਲਣ ਦਾ ਮਾਰਗ ਹੈ। ਇਹ ਮਹਾਂਪੁਰਸ਼ਾਂ ਦੀ ਵਡਿਆਈ ਹੈ ਜੋ ਇਸ ਪੁਸਤਕ ਸਬੰਧੀ ਪ੍ਰਾਕਥਨ ਲਿਖਣ ਦਾ ਮਾਣ ਇਸ ਸੀਮਤ ਸੋਝੀ ਵਾਲੇ ਅਣਜਾਣ ਨੂੰ ਬਖਸ਼ਿਆ ਹੈ।

'ਕਿਵ ਸਚਿਆਰਾ ਹੋਈਐ ?' ਨਾ ਕੇਵਲ ਜਪੁਜੀ ਦਾ ਹੀ ਮੁੱਖ ਪ੍ਰਸ਼ਨ ਹੈ, ਸਗੋਂ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਅਤੇ ਸਰਬ ਮਨੁੱਖਤਾ ਦਾ ਪ੍ਰਮੁੱਖ ਪ੍ਰਸ਼ਨ ਹੈ। ਇਸ ਪ੍ਰਸ਼ਨ ਵਿਚ ਹੀ ਜੀਵਨ ਦਾ ਮੂਲ ਸਿਧਾਂਤ ਅਤੇ ਲਕਸ਼ ਵੀ ਪ੍ਰਾਪਤ ਹੋ ਰਿਹਾ ਹੈ। ਲਕਸ਼ ਹੈ 'ਸਚਿਆਰ' ਅਵਸਥਾ ਨੂੰ ਪ੍ਰਾਪਤ ਕਰਨਾ। 'ਕਿਵ ਸਚਿਆਰਾ ਹੋਈਐ ?' ਪੰਗਤੀ ਵਿਚ ਸਚਿਆਰਾ ਪਦ ਦੀ ਪ੍ਰਾਪਤੀ ਦੇ ਸਾਧਨ ਪੱਖ ਦੀ ਜਗਿਆਸਾ ਵੀ ਪ੍ਰਗਟ ਕੀਤੀ ਗਈ ਹੈ। ਪਹਿਲਾਂ ਲਕਸ਼ ਦੀ ਪਹਿਚਾਣ ਜ਼ਰੂਰੀ ਹੁੰਦੀ ਹੈ, ਫੇਰ ਸਾਧਨ ਪੱਖ ਦੀ ਭਾਲ ਕੀਤੀ ਜਾਂਦੀ ਹੈ। ਜਿਸ ਮਨੁੱਖ ਅੰਦਰ ਜੀਵਨ ਲਕਸ਼ ਦੀ ਪਹਿਚਾਣ ਹੀ ਜਗਿਆਸਾ ਨਹੀਂ, ਉਸ ਨੂੰ ਗੁਰਬਾਣੀ ਵਿਚ ਪਸ਼ੂ, ਮੁਗਧ, ਗੰਵਾਰ ਅਤੇ ਮੁਰਦਾਰ ਤੁਲ ਮੰਨਿਆ ਗਿਆ ਹੈ। ਫੁਰਮਾਨ ਹੈ –

*ਮਾਨੁਖ ਬਿਨੁ ਬੂਝੇ ਬਿਰਥਾ ਆਇਆ॥*
*ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕ ਓਢਾਇਆ॥* ਪੰਨਾ – 712

ਅਰਥਾਤ ਜੀਵਨ ਲਕਸ਼ ਨੂੰ ਸਮਝੇ ਬਿਨਾਂ ਮਨੁੱਖ ਦਾ ਜੀਵਨ ਫਜ਼ੂਲ ਵਿਚ ਨਸ਼ਟ ਹੋ ਜਾਂਦਾ ਹੈ, ਕੇਵਲ ਸਰੀਰ ਨੂੰ ਹੀ ਸਭ ਕੁਝ ਮੰਨ ਲੈਣਾ, ਇਸ ਨੂੰ ਹੀ ਅਨੇਕ ਤਰੀਕਿਆਂ ਨਾਲ ਸੰਵਾਰਨਾ ਸ਼ਿੰਗਾਰਨਾ, ਪਾਲਣਾ, ਪੋਸਣਾ ਇੰਜ ਹੈ ਜਿਵੇਂ ਕੋਈ ਕਾਲਵਾਸ ਹੋਏ ਮਨੁੱਖ ਦੇ ਸਰੀਰ ਉਪਰ ਅਨੇਕ ਭਾਂਤ ਦੀਆਂ ਚੰਦਰਾਂ, ਸ਼ਾਲਾਂ, ਦੋਸ਼ਾਲੇ ਪਾ ਕੇ ਉਸ ਨੂੰ ਪ੍ਰਸੰਨ ਕਰਨਾ ਚਾਹੇ। ਮੁਰਦਾ ਸਰੀਰ ਲਈ ਇਹ ਕਿਰਿਆ ਨਿਰਾਰਥਕ ਹੋਵੇਗੀ ਕਿਉਂਕਿ ਉਸ ਵਿਚੋਂ ਜੀਵਨ ਸੱਤਾ ਨਿਕਲ ਚੁਕੀ ਹੈ। ਸ੍ਵੈ-ਪੜਚੋਲ ਕਰਕੇ ਵੇਖੀਏ, ਕਿਤੇ ਸਾਡਾ ਜੀਵਨ ਵੀ ਲਕਸ਼ ਦੀ ਪਹਿਚਾਣ ਤੋਂ ਵਾਂਝਾ ਤਾਂ ਨਹੀਂ ? ਕਿਤੇ ਅਸੀਂ ਵੀ ਪਸ਼ੂ-ਜੀਵਨ ਦੀ ਸੀਮਾ ਵਿਚ ਤਾਂ ਨਹੀਂ ਵਿਚਰ ਰਹੇ ? ਚਰਮ-ਸੀਮਾ ਵਿਚ ਵਿਚਰਦਿਆਂ ਚਰਮ-ਸਬੰਧਾਂ ਨੂੰ ਪਾਲਦਿਆਂ ਮਨੁੱਖਾਂ ਦੀ ਬਹੁਗਿਣਤੀ ਕੁਦਰਤ ਵਲੋਂ ਮਿਲੀ ਇਸ ਅਮੋਲਕ ਦਾਤ ਨੂੰ ਇਸ ਤਰ੍ਹਾਂ ਗਵਾ ਰਹੀ ਹੈ ਜਿਵੇਂ ਕੋਈ ਅਣਜਾਣ ਚਾਵਲਾਂ ਦੀ ਪ੍ਰਾਪਤੀ ਦੀ ਆਸ ਵਿਚ ਸਾਰਾ ਦਿਨ (ਸਾਰੀ ਉਮਰ) ਮੂਸਲ ਵਿਚ ਫੱਕ ਕੁਟਦਾ ਰਹੇ –

*ਸਾਰੋ ਦਿਨਸੁ ਮਜੂਰੀ ਕਰਤਾ ਤੁਹੁ ਮੂਸਲਹਿ ਛਡਾਇਆ॥* ਪੰਨਾ – 712

ਮਨੁੱਖਾਂ ਦੀ ਐਸੀ ਬਹੁ ਗਿਣਤੀ ਨੂੰ ਸੂਝ ਬਖਸ਼ਣ ਲਈ, ਲਕਸ਼ ਦੀ ਪਛਾਣ ਅਤੇ ਪ੍ਰਾਪਤੀ ਦੇ ਸਾਧਨ ਸਪਸ਼ਟ ਕਰਨ ਲਈ ਪਰਉਪਕਾਰੀ ਮਹਾਂਪੁਰਸ਼ਾਂ ਰਾਹੀਂ ਇਸ ਪੁਸਤਕ 'ਕਿਵ ਸਚਿਆਰਾ ਹੋਈਐ ?' ਦਾ ਨਿਰਮਾਣ ਹੋਇਆ ਹੈ। ਮਨੁੱਖ ਲਕਸ਼ ਦੀ ਪਹਿਚਾਣ ਤੋਂ ਕਿਉਂ ਅਵੇਸਲਾ ਹੈ ? ਬਿਨਾਂ ਕਿਸੇ ਲੰਮੀ ਭੂਮਿਕਾ ਦੇ ਪੁਸਤਕ ਦੇ ਪਹਿਲੇ ਪੰਨੇ ਤੇ ਹੀ ਇਸ ਦਾ ਕਾਰਨ ਸਪਸ਼ਟ ਕਰਦੇ ਆਪ ਜੀ ਲਿਖਦੇ ਹਨ ਕਿ 'ਮਨੁੱਖ ਆਪਣੇ ਆਪ ਨੂੰ ਚੇਤਨ ਪੁਰਖ ਸਮਝਣ ਦੀ ਥਾਂ ਸੱਤਾਂ ਧਾਤਾਂ ਦਾ ਬਣਿਆ ਹੋਇਆ ਪਿਤਾ ਮਾਤਾ ਦੀ ਰਕਤ ਤੇ ਬਿੰਦ ਤੋਂ ਰੂਪਮਾਨ ਹੋਇਆ, ਗੋਰਾ-ਕਾਲਾ, ਰੂਪ-ਕਰੂਪ ਸਰੀਰ ਸਮਝਦਾ ਹੈ। ਸਰੀਰ ਦਾ ਅਧਿਆਸ, ਸਰੀਰ ਨਾਲ ਇਕਰੂਪਤਾ ਅਤੇ ਅਭੇਦਤਾ ਦਾ ਭਾਵ ਐਨਾ ਪਰਪੱਕ ਹੋ ਗਿਆ ਹੈ ਕਿ ਇਸ ਨੇ ਮਨੁੱਖ ਅਤੇ ਪ੍ਰਮਾਤਮਾ ਵਿਚਾਲੇ ਇਕ ਕੂੜੀ ਪਰ ਕਰੜੀ ਦੀਵਾਰ ਖੜ੍ਹੀ ਕਰ ਦਿਤੀ ਹੈ। ਇਸ ਦੀਵਾਰ ਨੂੰ ਤੋੜੇ ਬਿਨਾਂ ਇਹ ਮਿਲਾਪ ਸੰਭਵ ਨਹੀਂ ਹੁੰਦਾ। ਦੀਵਾਰ ਨੂੰ ਕੂੜੀ, ਝੂਠੀ ਜਾਂ ਫਰਜ਼ੀ ਇਸ ਲਈ ਕਿਹਾ ਹੈ ਕਿ ਇਸ ਦੀ ਕੋਈ ਸਥੂਲ ਹੋਂਦ ਨਹੀਂ ਪਰ ਮਨੁੱਖ ਦੀ ਮਾਨਸਕਤਾ ਨੇ ਇਸ ਦੀ ਹੋਂਦ ਐਸੀ ਸਿਰਜ ਲਈ ਹੈ ਕਿ ਧਨ ਅਤੇ ਪਿਰ ਇਕ ਥਾਂ ਵਸਦੇ ਹੋਏ ਵੀ ਇਸ ਸ੍ਵੈ-ਸਿਰਜੀ ਦੀਵਾਰ ਕਾਰਨ ਇਕ ਦੂਜੇ ਤੋਂ ਦੂਰ ਹਨ। ਗੁਰਬਾਣੀ ਦਾ ਫੁਰਮਾਨ ਹੈ–

*ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥* ਪੰਨਾ – 1253

ਕੂੜ ਦੀ ਇਹ ਦੀਵਾਰ ਕਿਵੇਂ ਤੋੜੀ ਜਾਵੇ ਅਤੇ ਮਿਲਾਪ ਕਿਵੇਂ ਪ੍ਰਾਪਤ ਹੋਵੇ ? ਇਸ ਦੀ ਭਰਪੂਰ ਵਿਆਖਿਆ ਅਤੇ ਇਸ ਮਹਾਨ ਸਮਸਿਆ ਦਾ ਸਮਾਧਾਨ, ਇਸ ਪੁਸਤਕ ਦੇ ਰਚਨਹਾਰੇ ਮਹਾਂਪੁਰਸ਼ਾਂ ਦੀ ਪੁਸਤਕ 'ਕਿਵ ਕੂੜੈ ਤੁਟੈ ਪਾਲਿ' ਵਿਚ ਪਹਿਲਾਂ ਵੀ ਕੀਤਾ ਗਿਆ ਹੈ।

'ਸਚਿਆਰਾ' ਬਣਨ ਲਈ ਭਾਰਤਰੀ ਪਰੰਪਰਾ ਵਿਚ ਕਈ ਸਾਧਨ ਪ੍ਰਚਲਤ ਹੋਏ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦਾ ਬਖਾਨ ਕਰਦਿਆਂ ਦਸਿਆ ਹੈ ਕਿ ਇਕ ਸਾਧਨ ਪਵਿੱਤਰ ਤੀਰਥਾਂ ਦੇ ਇਸ਼ਨਾਨ ਮੰਨਿਆ ਗਿਆ। ਬਾਹਰੀ ਇਸ਼ਨਾਨ ਸਰੀਰ ਨੂੰ ਨਿਰਮਲ ਕਰਦਾ ਹੈ ਪਰ ਮਨ ਦੀ ਨਿਰਮਲਤਾ ਲਈ ਅੰਤਰ-ਇਸ਼ਨਾਨ ਦੀ ਲੋੜ ਹੁੰਦੀ ਹੈ ਜਿਸਦਾ ਇਸ਼ਾਰਾ 'ਤੀਰਥ ਨਾਵਣ ਜਾਉ ਤੀਰਥ ਨਾਮ ਹੈ' ਵਿਚ ਕੀਤਾ ਗਿਆ ਹੈ; ਦੂਜਾ ਸਾਧਨ ਚੁੱਪ ਅਰਥਾਤ ਮੋਨ ਧਾਰਨ ਕਰਨਾ ਹੁੰਦਾ ਸੀ। ਮੋਨ ਧਾਰਨ ਕਰਨ ਨਾਲ 'ਮੂੰਹ ਦੇ ਬੋਲ' ਤਾਂ ਰੋਕੇ ਜਾ ਸਕਦੇ ਹਨ ਪਰ ਮਨ ਦੀ ਦੌੜ ਕਿਵੇਂ ਰੋਕੀ ਜਾਵੇ? ਇਸ ਦਾ ਸਮਾਧਾਨ ਵੀ ਰਸਨਾ ਰਾਹੀਂ ਗੁਣ ਗਾਇਨ ਅਤੇ ਸੱਚ ਨਾਮ ਦਾ ਅਜਪਾ ਜਾਪ ਦਸਿਆ ਹੈ, 'ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ।' ਇਸ ਤਰ੍ਹਾਂ ਹੀ ਭੁੱਖੇ ਰਹਿਣਾ, ਸਰੀਰ ਨੂੰ ਕਸ਼ਟ ਦੇਣਾ, ਤਪ ਸਾਧਨਾ ਕਰਨੀ, ਇਹ ਮਾਰਗ ਵੀ ਇਸ ਯੁੱਗ ਵਿਚ ਸਫਲ ਨਹੀਂ ਮੰਨਿਆ ਗਿਆ। ਇਸ ਪੁਸਤਕ ਵਿਚ ਭਾਰਤ ਵਿਚ ਪ੍ਰਚਲਤ ਸਾਰੇ ਮਾਰਗਾਂ ਦੀ ਭਰਪੂਰ ਜਾਣਕਾਰੀ ਦਿਤੀ ਗਈ ਹੈ ਤਾਂ ਕਿ ਜਗਿਆਸੂ ਦਾ ਮਨ ਹੋਰ ਮਾਰਗਾਂ ਵਲ ਭਟਕਦਾ ਨਾ ਰਹੇ ਅਤੇ ਨਾਮ ਮਾਰਗ ਦੀ ਸਰਲਤਾ ਅਤੇ ਸੁਖੈਨਤਾ ਜਗਿਆਸੂ ਨੂੰ ਸਪਸ਼ਟ ਹੋ ਜਾਵੇ।

ਪੁਸਤਕ ਦੇ ਰਚੇਤਾ ਪਾਸ ਗਿਆਨ ਦਾ ਵਿਸ਼ਾਲ ਭੰਡਾਰ ਹੈ। ਇਸ ਰਚਨਾ ਵਿਚ ਹੱਠ ਯੋਗ, ਇੜਾ ਪਿੰਗਲਾ, ਸੁਖਮਨਾ ਅਤੇ ਦਸਮ ਦਵਾਰ ਦਾ ਭਰਪੂਰ ਵਿਸਥਾਰ ਪ੍ਰਾਪਤ ਹੈ। ਇਸ ਤਰ੍ਹਾਂ ਕਰਮ ਯੋਗ ਯਾਨਿ ਕ੍ਰਿਆਯੋਗ ਦੇ ਢੰਗ - ਧੋਤੀ, ਨੇਤੀ, ਬਸਤੀ, ਤ੍ਰਾਟਕ, ਨਿਉਲੀ, ਕਪਾਲਭਾਤੀ ਦਾ ਭਰਪੂਰ ਜ਼ਿਕਰ ਹੈ; ਹੱਠ ਯੋਗ ਦੀਆਂ ਪੰਜ ਮੁਦਰਾ, ਖੇਚਰੀ, ਭੂਚਰੀ, ਚਰਚਰੀ, ਅਗੋਚਰੀ, ਉਨਮਨੀ ਦਾ ਬਿਆਨ ਹੈ, ਅਸ਼ਟਾਂਗ ਯੋਗ ਦੇ ਯਮ, ਨੇਮ, ਇਕਾਂਤ ਦੇਸ਼, ਆਸਨ, ਪ੍ਰਾਣਾਯਾਮ-ਪੂਰਕ, ਕੁੰਭਕ, ਰੇਚਕ, ਧਿਆਨ, ਧਾਰਨਾ, ਸਮਾਧ ਦਾ ਵਿਸਥਾਰ ਸਹਿਤ ਜ਼ਿਕਰ ਹੈ ਅਤੇ ਇਹ ਸਾਰੇ ਮਾਰਗ ਦਸ ਕੇ ਅਖੀਰ 'ਕਲਜੁਗ ਨਾਨਕ ਨਾਮ ਸੁਖਾਲਾ' ਦਾ ਜ਼ਿਕਰ ਕੀਤਾ ਹੈ ਇਸ ਮਾਰਗ ਤੇ ਚਲਣ ਲਈ ਨਾ ਗ੍ਰਿਹਿਸਤ ਛੱਡਣ ਦੀ ਲੋੜ ਹੈ, ਨਾ ਹੀ ਆਪਣਾ ਆਰਾਮ ਤੇ ਸੁਖ ਛੱਡ ਕੇ ਜੰਗਲਾਂ ਵਿਚ ਜਾਣ ਦੀ ਲੋੜ ਹੈ, ਸਿਰਫ ਜੀਵਨ ਨੂੰ ਸੰਜਮ ਵਿਚ ਲਿਆ ਕੇ ਗੁਰਬਾਣੀ ਦੇ ਪ੍ਰਕਾਸ਼ ਵਿਚ ਜੀਵਨ ਬਤੀਤ ਕਰਦਿਆਂ ਪੂਰੇ ਸਤਿਗੁਰੂ ਦੀ ਜੁਗਤਿ ਨੂੰ ਵਰਤਦਿਆਂ ਜੀਵ ਦੀ ਕਲਿਆਣ ਹੋ ਜਾਂਦੀ ਹੈ। (95)

'ਕਿਵ ਸਚਿਆਰਾ ਹੋਈਐ?' ਦੇ ਪ੍ਰਸ਼ਨ ਦਾ ਸਮਾਧਾਨ ਗੁਰੂ ਜੀ ਨੇ 'ਹੁਕਮ ਰਜਾਈ ਚਲਣਾ' ਲਿਖਿਆ ਹੈ। 'ਹੁਕਮਿ' ਕੀ ਹੈ? ਇਸ ਦੀ ਵਿਆਖਿਆ ਕਰਦਿਆਂ ਆਪ ਜੀ ਲਿਖਦੇ ਹਨ - ਇਸ ਸੰਸਾਰ ਵਿਚ ਜੋ ਹੋ ਰਿਹਾ ਹੈ, ਭਾਵੇਂ ਅਰਬਾਂ ਖਰਬਾਂ ਜੀਵਾਂ ਵਜੂਦਾਂ ਆਕਾਰਾਂ ਦੀਆਂ ਉਤਪਤੀਆਂ ਹੋ ਰਹੀਆਂ ਹਨ, ਭਾਵੇਂ ਸਾਰਾ ਕੁਝ ਵਿਨਾਸ਼ ਹੋ ਰਿਹਾ ਹੈ, ਇਹ ਸਾਰਾ ਹੁਕਮ ਦੇ ਅਧੀਨ ਚਲ ਰਿਹਾ ਹੈ।"

ਸਾਰੇ ਆਕਾਰ, ਸਾਰੀ ਸ੍ਰਿਸ਼ਟੀ, ਸਾਰੇ ਜੀਵ ਇਸ ਹੁਕਮ ਅਨੁਸਾਰ ਹੀ ਕਿਰਿਆਸ਼ੀਲ ਹਨ। ਪਰ ਮਨੁੱਖ ਨੇ 'ਹਉਮੈ' ਭਾਵ ਅਧੀਨ ਆਪਣੀ ਵਖਰੀ ਹਸਤੀ ਸਿਰਜ ਲਈ ਹੈ। ਜੇ ਹੁਕਮ ਦੀ ਸੋਝੀ ਹੋ ਜਾਵੇ, ਤਾਂ ਹਉਮੈ ਦੀ ਸੁਰਤਿ ਸਮਾਪਤ ਹੋ ਜਾਂਦੀ ਹੈ -

***ਨਾਨਕ ਹੁਕਮੈ ਜੇ ਬੁਝੈ ਤਾ ਹਉਮੈ ਕਹੈ ਨ ਕੋਇ॥*** ***ਪੰਨਾ - 1***

ਆਪ ਜੀ ਨੇ ਇਸ ਹੁਕਮਿ ਦੀ ਭਰਪੂਰ ਵਿਆਖਿਆ ਕਰਦਿਆਂ ਸਾਡਾ ਧਿਆਨ ਗੁਰੂ ਜੀ ਦੇ ਇਸ ਫੁਰਮਾਨ ਵਲ ਖਿਚਿਆ ਹੈ -

***ਭੋਲਿਆ ਹਉਮੈ ਸੁਰਤਿ ਵਿਸਾਰਿ॥*** ***ਪੰਨਾ - 1168***

'ਹਉਮੈ ਸੁਰਤਿ' ਨੂੰ ਸਪਸ਼ਟ ਕਰਦਿਆਂ ਆਪਜੀ ਲਿਖਦੇ ਹਨ, ਹਉਮੈ ਮੰਡਲ ਵਿਚ ਆਈ ਹੋਈ ਬੇਹੋਸ਼ ਸੁਰਤ ਕਲਪਤ ਸਬੰਧ ਥਾਪ ਰਹੀ ਹੈ......ਸਾਰੇ ਸਨਬੰਧੀ ਮਾਤਾ, ਪਿਤਾ, ਧੀਆਂ, ਪੁਤਰ, ਹਉਮੈ ਮੰਡਲ ਦੇ ਸਰੀਰ ਦੇ ਸਬੰਧ ਹਨ। ਦੁਸ਼ਮਣ ਮਿਤਰ, ਆਪਣੇ ਬਿਗਾਨੇ, ਚੰਗੇ ਮੰਦੇ ਇਹ ਸਭ ਹਉਮੈ ਵਿਚ ਬੇਹੋਸ਼ ਹੋਏ ਜੀਵ ਦੇ ਸਹਜ ਖੇਲ੍ਹ ਦਾ ਪਸਾਰਾ ਹੈ......ਬੇਹੋਸ਼ੀ ਦੀ ਆਖਰੀ ਹਦ ਵਿਚ ਪਹੁੰਚ ਕੇ ਆਪਣੇ ਆਪ ਨੂੰ ਭੁਲਾ ਬੈਠਾ ਹੈ। ਇਸ ਭੁੱਲ ਤੋਂ ਬਾਹਰ ਕੱਢਣ ਦਾ ਉਪਰਾਲਾ ਕਰਦੀ ਇਹ ਪੁਸਤਕ। ਪਾਠਕ ਨੂੰ ਸੁਚੇਤ ਕਰਦੀ ਹੈ ਕਿ ਤੂੰ ਜੀਵ ਆਤਮਾ ਨਹੀਂ ਹੈ, ਤੂੰ ਆਤਮਾ ਹੈਂ, ਤੂੰ ਜੋਤ ਸਰੂਪ ਹੈਂ, ਤੂੰ ਅਗਿਆਨ ਦੇ ਵਸ ਪਿਆ ਹੋਇਆ ਹਉਮੈ ਦਾ ਵੇੜ੍ਹਿਆ ਹੋਇਆ ਜੀਵ ਆਤਮਾ ਆਪਣੇ ਆਪ ਨੂੰ ਨਾ ਸਮਝ, ਤੂੰ ਆਤਮਾ ਹੈਂ ਅਤੇ ਆਪਣੇ ਆਤਮ ਸਰੂਪ ਨੂੰ ਪਛਾਣ। ਤੂੰ ਕਿਤੋਂ ਆਉਂਦਾ ਨਹੀਂ, ਕਿਤੇ ਜਾਂਦਾ ਨਹੀਂ, ਤੂੰ ਕੋਈ ਕਰਮ ਨਹੀਂ ਕਰਦਾ, ਤੇਰੀ ਸਤੱਾ ਦੇ ਨਾਲ ਕਰਮ ਹੁਕਮ ਦੇ ਅਧੀਨ ਆਪਣੇ ਆਪ ਹੀ ਹੋ ਰਹੇ ਹਨ......ਇਸ ਸਰੀਰ ਅੰਦਰ ਜੋ ਆਤਮ ਤੱਤ ਹੈ, ਉਹ ਕੋਈ ਕ੍ਰਿਆ ਖੁਦ ਨਹੀਂ ਕਰਦਾ। ਸਾਰੀਆਂ ਕ੍ਰਿਆਵਾਂ ਉਸ ਚੇਤਨ ਤੱਤ ਦੇ ਪ੍ਰਤੀਬਿੰਬ ਤੋਂ ਹੁਕਮ ਵਿਚ ਆਪ ਹੀ ਹੋ ਰਹੀਆਂ ਹਨ, ਹੁਕਮ ਹੀ ਉਸ ਤੋਂ ਹੋ ਰਹੀ ਕ੍ਰਿਆ ਦਾ ਸਹਜ ਰੂਪ ਹੈ। ਇਹ ਆਪ ਪੂਰਾ ਹੈ, ਇਸ ਦੀ ਹੁਕਮ ਦੀ ਕ੍ਰਿਆ ਭੀ ਪੂਰੀ ਹੈ।

ਪ੍ਰਮਾਤਮਾ ਨੂੰ ਸੱਚ-ਸਰੂਪ ਮੰਨਿਆ ਗਿਆ ਹੈ। ਮੂਲ ਮੰਤਰ ਵਿਚ 'ੴ' ਨੂੰ 'ਸਤਿ' ਕਿਹਾ ਹੈ, 'ਸਤਿ' ਦਾ ਭਾਵ ਹੈ ਹੋਂਦ ਵਾਲਾ **Existent**, ਸਦੀਵ ਹੋਂਦ, ਸੱਚੀ ਹੋਂਦ, ਇਹ ਸੱਚੀ ਹੋਂਦ ਹੀ ਸਾਰੇ ਪਰੀਪੂਰਨ ਹੈ। ਇਸ

ਸੱਚੀ ਹੋਂਦ ਦਾ ਨਿਵਾਸ ਮਨੁੱਖ ਦੇ ਹਿਰਦੇ ਵਿਚ ਵੀ ਹੈ। ਪਰ ਬਹੁਤੀ ਮਨੁੱਖਤਾ ਇਸ ਤੋਂ ਅਣਜਾਣ ਹੈ। ਅਨਜਾਨਤਾ ਜਾਂ ਅਗਿਆਨਤਾ ਕਾਰਨ ਇਸ ਹੋਂਦ ਤੋਂ ਮੁਨਕਰ ਹੋ ਜਾਣਾ ਕਿਥੋਂ ਦੀ ਸਿਆਣਪ ਹੈ। ਗੁਰੂ ਮਹਾਰਾਜ ਸਾਨੂੰ ਇਸ ਦਾ ਅਨੁਭਵ ਬਖਸ਼ਦੇ ਹਨ ਅਤੇ ਕੋਈ ਬਖਸ਼ੀ ਹੋਈ ਰੂਹ ਗੁਰਬਾਣੀ ਦੇ ਚਾਨਣ ਵਿਚ ਇਸ ਦਾ ਗਿਆਨ, ਇਸ ਦੀ ਸੋਝੀ ਅਤੇ ਇਸ ਦੇ ਅਨੁਭਵ ਦਾ ਸਾਧਨ ਦਸਣ ਦੇ ਸਮਰੱਥ ਹੁੰਦੀ ਹੈ। ਸਾਡੀ ਖੁਸ਼ਕਿਸਮਤੀ ਹੈ ਕਿ ਸਾਨੂੰ ਐਸੇ ਅਨੁਭਵੀ ਮਹਾਂਪੁਰਸ਼ਾਂ ਤੋਂ ਇਸ ਗੰਭੀਰ ਵਿਸ਼ੇ ਦੀ ਵਿਆਖਿਆ ਪ੍ਰਾਪਤ ਹੋ ਰਹੀ ਹੈ। ਜਦੋਂ ਅਨੁਭਵ ਸਪਸ਼ਟ ਹੋਵੇ ਤਾਂ ਲਿਖਤ ਵਿਚ ਵੀ ਸਰਲਤਾ ਅਤੇ ਸਪਸ਼ਟਤਾ ਵਿਦਮਾਨ ਹੁੰਦੀ ਹੈ। ਬੜੇ ਸਰਲ ਸ਼ਬਦਾਂ ਵਿਚ ਆਪ ਜੀ ਜੀਵ-ਆਤਮਾ ਅਤੇ ਪਰਮ-ਆਤਮਾ ਦੇ ਸਬੰਧ ਸਪਸ਼ਟ ਕਰਦਿਆਂ ਲਿਖਦੇ ਹਨ, ਮਨੁੱਖਾ ਜਨਮ ਧਰਮ ਕਮਾਉਣ ਵਾਸਤੇ ਮਿਲਿਆ ਹੈ। ਇਸ (ਸਰੀਰ) ਵਿਚ ਵਾਹਿਗੁਰੂ ਨੇ ਆਪਣੀ ਅੰਸ ਸੰਮਿਲਤ ਕੀਤੀ ਹੋਈ ਹੈ। ਅੰਸ ਅਤੇ ਅੰਸੀ ਦਾ ਜਿਨਸੀ ਰੂਪ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਸਤਿ, ਚਿਤ, ਅਨੰਦ ਅਥਾਹ ਸਾਗਰ ਹੈ ਅਤੇ ਅੰਸ ਇਕ ਬੂੰਦ ਹੈ, ਬੂੰਦ ਅਤੇ ਸਾਗਰ ਦਾ ਜਿਨਸੀ ਰੂਪ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਇਸ ਵਿਆਖਿਆ ਤੋਂ ਵੀ ਕਈ ਭੁਲੇਖੇ ਖੜ੍ਹੇ ਹੰਦੇ ਹਨ। ਕੀ ਇਹ ਅੰਸ ਆਤਮਾ ਅਤੇ ਪ੍ਰਮਾਤਮਾ ਅੱਡ-ਅੱਡ ਹਨ? ਆਪ ਜੀ ਇਸ ਭੁਲੇਖੇ ਨੂੰ ਦੂਰ ਕਰਦੇ ਸਪਸ਼ਟ ਕਰਦੇ ਹਨ ਕਿ ਸੱਚ ਇਕ ਹੈ ਜਿਸ ਨੂੰ ਗੁਰੂ ਜੀ ਨੇ 'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਕਹਿ ਕੇ ਜਣਾਇਆ ਹੈ, ਜੋ ਖੰਡਤ ਨਹੀਂ ਹੋ ਸਕਦਾ, ਉਸ ਦੇ ਟੁਕੜੇ ਨਹੀਂ ਕੀਤੇ ਜਾ ਸਕਦੇ, ਉਹ ਹਰ ਹਾਲਤ ਵਿਚ ਆਪ ਹੀ ਆਪ ਹੈ।

ਅਗਲਾ ਮਹਾਨ ਪ੍ਰਸ਼ਨ ਹੈ ਕਿ ਅੰਦਰ ਸਥਿਤ ਜੋਤਿ ਨੂੰ ਸਪਸ਼ਟ ਕਿਵੇਂ ਕੀਤਾ ਜਾਵੇ, ਇਸ ਦਾ ਅਨੁਭਵ ਕਿਵੇਂ ਪ੍ਰਾਪਤ ਹੋਵੇ, ਸਰੀਰ ਘਰ ਵਿਚ ਜੋ ਪ੍ਰਭੂ ਜੋਤਿ ਜੋਤਿ ਹੈ, 'ਰਤਨ ਲਾਲ ਮਾਣਕ' ਭਰੇ ਪਏ ਹਨ, ਜੋ 'ਸਾਈ ਨਾਮੁ ਅਮੋਲੁ' ਪਿਆ ਹੈ, ਜੋ 'ਨਉਨਿਧਿ ਅੰਮ੍ਰਿਤ ਪ੍ਰਭ ਕਾ ਨਾਮ ਭਰਪੂਰ ਹੋ ਰਿਹਾ ਹੈ, ਜਿਸ ਧੁਰ ਅੰਦਰ ਨਾਮ ਸਦਕਾ 'ਅਨਹਤ ਨਾਦ' ਦੇ ਸੰਗੀਤ ਦੀਆਂ ਝਰਨਾਟਾਂ ਛਿੜ ਰਹੀਆਂ ਹਨ, ਉਨ੍ਹਾਂ ਦੀ ਜਾਣ ਪਛਾਣ ਕਿਵੇਂ ਹੋਵੇ, ਉਸ ਦਾ ਮਾਰਗ ਦਰਸ਼ਨ ਕੌਣ ਕਰੇ? ਇਹ ਮਾਰਗ ਹੀ 'ਸਚਿਆਰ' ਹੋਣ ਦਾ ਮਾਰਗ ਹੈ ਜਿਸ ਦੀ ਭਰਪੂਰ ਵਿਆਖਿਆ ਬੜੀ ਸਰਲ ਪਰ ਸਮਰੱਥ ਸ਼ੈਲੀ ਰਾਹੀਂ ਇਸ ਪੁਸਤਕ ਵਿਚ ਹੋਈ ਹੈ। ਸੱਚ ਦਾ ਇਹ ਸਿਧਾਂਤ ਨਿਰਾ ਨੈਤਿਕ ਸੱਚ ਤਕ ਸੀਮਤ ਨਹੀਂ ਜੋ ਸੱਚ ਬੋਲਣ ਜਾਂ ਸੱਚਾ ਆਚਰਣ ਧਾਰਨ ਕਰਨ ਦੀ ਪ੍ਰੇਰਨਾ ਦਿੰਦਾ ਹੈ। ਇਹ ਅਧਿਆਮਕ ਸੱਚ ਹੈ ਜੋ ਸਰਬ ਭਰਪੂਰ ਹੈ, ਜੋ ਅੰਦਰ ਬਾਹਰ ਵਿਆਪਕ ਹੈ, ਜੋ ਬ੍ਰਹਮ ਦਾ ਸਰੂਪ ਹੈ ਅਤੇ ਜੋ ਬ੍ਰਹਮਗਿਆਨੀ ਦਾ ਪ੍ਰਮੁੱਖ ਲੱਛਣ ਹੈ -

*ਮਨ ਸਾਚਾ ਮੁਖ ਸਾਚਾ ਸੋਇ॥*
*ਅਵਰ ਨ ਪੇਖੈ ਏਕਸ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ॥* *ਪੰਨਾ - 272*

ਇਸ ਪੁਸਤਕ ਦੇ ਰਚੇਤਾ ਨੂੰ ਇਹ ਬਖਸ਼ਸ਼ ਪ੍ਰਾਪਤ ਹੈ। ਆਪ ਜੀ ਨੂੰ ਸਤਿਗੁਰੂ ਦੀ ਕਿਰਪਾ ਸਦਕਾ ਵੱਡੇ ਮਹਾਂਪੁਰਸ਼ਾਂ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਨਿਕਟ ਸੰਗਤਿ ਪ੍ਰਾਪਤ ਹੋਈ, ਨਾਮ ਅਭਿਆਸ ਦੀ ਜੁਗਤਿ ਹਾਸਲ ਕਰਕੇ ਆਪ ਨੇ ਸਾਰਾ ਜੀਵਨ ਸਿਮਰਨ ਅਤੇ ਸੇਵਾ ਵਿਚ ਅਰਪਨ ਕਰ ਦਿਤਾ। ਗੁਰਬਾਣੀ ਵਿਚ ਪ੍ਰਾਪਤ ਗੁਰੂ ਦੀ ਸਿਖਿਆ ਨੂੰ ਜੀਵਨ ਵਿਚ ਘਟਾਇਆ, ਗੁਰੂ ਜੀ ਦੀ ਨਦਰ ਪ੍ਰਾਪਤ ਹੋਈ ਅਤੇ 'ਆਪ ਜਪਹਿ ਅਵਰਹ ਨਾਮ ਜਪਾਵੈ' ਦੇ ਆਦੇਸ਼ ਨੂੰ ਆਪਣਾ ਜੀਵਨ ਆਦਰਸ਼ ਬਣਾ ਲਿਆ। ਇਸ ਆਦਰਸ਼ ਅਧੀਨ ਹੀ ਮਿਸ਼ਨ ਦੇ ਸਾਰੇ ਕਾਰਜ ਹੋਏ, ਇਸ ਆਦਰਸ਼ ਅਧੀਨ ਗੁਰਬਾਣੀ ਦੇ ਗੁਹਜ ਭਾਵ ਸਪਸ਼ਟ ਕਰਨ ਲਈ ਆਤਮ ਮਾਰਗ ਅਤੇ 20 ਤੋਂ ਵੱਧ ਪੁਸਤਕਾਂ ਦੀ ਸਿਰਜਨਾ ਹੋਈ ਅਤੇ ਇਹ ਅਮਲ ਨਿਰੰਤਰ ਜਾਰੀ ਹੈ। ਇਸ ਦਾ ਭਾਵ ਇਹ ਹੈ ਕਿ ਐਨਾ ਮਹਾਨ ਅਤੇ ਵਿਸ਼ਾਲ ਕਾਰਜ ਸਤਿਗੁਰੂ ਦੀ ਬਖਸ਼ਿਸ਼ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ। 'ਅਗੰਮ ਅਗੋਚਰ ਦਾ ਮਾਰਗ' ਸਪਸ਼ਟ ਕਰਨਾ, 'ਚਉਥੈ ਪਹਰਿ ਸਬਾਹ ਕੈ' ਦਾ ਚਾਉ ਪੈਦਾ ਕਰਨਾ, 'ਸੁਰਤਿ ਸਬਦਿ ਮਾਰਗ' ਦੀ ਸੋਝੀ ਦੇਣੀ ਐਸਾ ਕਾਰਜ ਕੋਈ ਬਖਸ਼ੀ ਹੋਈ ਰੂਹ ਹੀ ਕਰ ਸਕਦੀ ਹੈ। ਐਸੇ ਮਹਾਨ ਅਨੁਭਵੀ ਮਹਾਂਪੁਰਸ਼ਾਂ ਤੋਂ 'ਕਿਵ ਸਚਿਆਰਾ ਹੋਈਐ' ਵਿਚ ਉਸ ਮਾਰਗ ਦੀ ਵਿਆਖਿਆ ਹੋ ਰਹੀ ਹੈ ਜਿਸ ਤੇ ਚਲ ਕੇ ਮਨੁੱਖ ਸੱਚ ਸਰੂਪ ਹੋ ਜਾਂਦਾ ਹੈ।

ਇਸ ਅਕਥ ਕਥਾ ਨੂੰ ਸਰਲ ਤੇ ਸਪਸ਼ਟ ਕਰਨ ਲਈ ਆਪ ਜੀ ਨੇ ਬਹੁਤ ਸਾਰੇ ਸਾਖੀ ਪਰਮਾਣ ਦਿਤੇ ਹਨ ਵਿਸ਼ੇਸ਼ ਤੌਰ ਤੇ ਭਾਈ ਤਿਲੋਕਾ ਜੀ ਅਤੇ ਰਾਜਕੁਮਾਰੀ ਦੀ ਰੂਹਾਨੀ ਵਿਥਿਆ ਇਕ ਪਾਸੇ ਇਸ ਲੇਖਣੀ ਨੂੰ ਰਸਦਾਇਕ ਬਣਾਉਂਦੀ ਹੈ, ਦੂਜੇ ਬੰਨੇ ਉਨ੍ਹਾਂ ਦੇ ਰੂਹਾਨੀ ਸੰਬਾਦ ਸਰੀਰ ਅਤੇ ਆਤਮਾ ਦੇ ਗੁੱਝੇ ਭੇਦ ਖੋਲ੍ਹਦੇ ਹਨ। ਭਾਈ ਤਿਲੋਕਾ ਗੁਰੂ ਘਰ ਦੇ ਵਰੋਸਾਏ ਪਰਿਵਾਰ ਭਾਈ ਭਗੀਰਥ ਜੀ ਦਾ ਸਪੁੱਤਰ ਹੈ ਜਿਸ ਨੂੰ ਆਤਮਕ ਅਨੁਭਵ ਪ੍ਰਾਪਤ ਹੈ ਪਰ ਰਾਜਕੁਮਾਰੀ ਕੇਵਲ ਸਰੀਰਕ ਹੋਂਦ ਨਾਲ ਅਭੇਦ ਹੈ। ਭਾਈ ਤਿਲੋਕਾ ਕਿਵੇਂ ਸਹਿਜਮਈ ਢੰਗ ਨਾਲ ਰਾਜਕੁਮਾਰੀ ਨੂੰ ਆਪਣੇ ਅਸਲ ਅਸਤਿਤ੍ਵ ਤੋਂ ਜਾਣੂ ਕਰਾਉਂਦੇ ਹਨ ਅਤੇ ਉਹ ਕਿਵੇਂ ਆਤਮ ਮਾਰਗ ਦੀਆਂ ਮੰਜ਼ਲਾਂ ਤਹਿ ਕਰਦੀ ਅਭੇਦਤਾ ਦੀ ਅਵਸਥਾ ਪ੍ਰਾਪਤ ਕਰ ਲੈਂਦੀ ਹੈ। ਇਸ ਦਾ ਬਖਾਨ ਬੜੇ ਹੀ ਪ੍ਰਭਾਵਸ਼ਾਲੀ

ਢੰਗ ਨਾਲ ਕੀਤਾ ਗਿਆ ਹੈ ਅਤੇ ਇਸ ਔਖੇ ਮਜ਼ਮੂਨ ਨੂੰ ਕਾਫੀ ਹਦ ਤਕ ਸੁਖੈਨ ਕਰ ਦਿਤਾ ਹੈ। ਰਾਜਕੁਮਾਰੀ ਦੀ ਅਵਸਥਾ ਨੂੰ ਭਾਈ ਵੀਰ ਸਿੰਘ ਦੀ ਮਹਾਨ ਰਚਨਾ 'ਰਾਣਾ ਸੂਰਤ ਸਿੰਘ' ਵਿਚੋਂ ਰਾਣੀ ਰਾਜ ਕੌਰ ਦੀ ਆਤਮ ਉਡਾਰੀ ਨਾਲ ਜੋੜ ਕੇ ਆਤਮਕ ਮੰਡਲ ਦੇ ਪੰਜ ਖੰਡਾਂ ਦਾ ਸੁੰਦਰ ਦ੍ਰਿਸ਼ ਰੂਪਮਾਨ ਕੀਤਾ ਹੈ ਜਿਸ ਦੀ ਮਿਸਾਲ ਆਧਿਆਤਮਕ ਸਹਿਤ ਵਿਚ ਘੱਟ ਹੀ ਪ੍ਰਾਪਤ ਹੈ। ਰਾਜਕੁਮਾਰੀ ਦੀ ਗੁਰੂ ਨਾਨਕ ਦਰਸ਼ਨਾਂ ਲਈ ਤਾਂਘ ਅਤੇ ਵੈਰਾਗ ਦਾ ਵਰਣਨ ਬੜਾ ਹੀ ਦਿਲ ਖਿਚਵਾਂ ਅਤੇ ਭਾਵਾਤਮਕ ਹੈ। ਪਾਠਕ ਮੁਗਧ ਹੋਇਆ, ਗੁਰੂ ਪਿਆਰ ਵਿਚ ਭਿੱਜਿਆ ਆਪ ਹੀ ਇਕ ਸਾਬਰ ਉਡੀਕਵਾਨ ਦੀ ਤਰ੍ਹਾਂ ਗੁਰੂ ਦਰਸ਼ਨਾਂ ਲਈ ਵਿਆਕੁਲ ਹੋ ਉਠਦਾ ਹੈ। ਗੁਰੂ ਮਹਾਰਾਜ ਦੇ ਦਰਸ਼ਨਾਂ ਦਾ ਅਨੂਪਮ ਦ੍ਰਿਸ਼ ਪਾਠਕ ਨੂੰ ਵੀ ਇਕ ਅਨੂਠਾ ਅਨੁਭਵ ਬਖਸ਼ਣ ਦੀ ਸਮਰੱਥਾ ਰਖਦਾ ਹੈ। ਰਾਜਕੁਮਾਰੀ ਨੇ ਜਦੋਂ ਨੇਤਰ ਖੋਲ੍ਹ ਕੇ ਤਕਿਆ ਤਾਂ ਕੀ ਦੇਖਦੀ ਹੈ ਕਿ ਨਿਰਾ ਨੂਰ ਹੀ ਨੂਰ ਜੋ ਸਾਰੇ ਜੰਗਲ ਵਿਚ ਫੈਲਿਆ ਹੋਇਆ ਹੈ, ਪੱਤਿਆਂ ਵਿਚ ਨਜ਼ਰ ਆ ਰਿਹਾ ਹੈ, ਖਾਲੀ ਥਾਂ ਵਿਚ ਨਜ਼ਰ ਆ ਰਿਹਾ ਹੈ, ਸਭਨਾਂ ਵਿਚ ਵੇਖ ਰਹੀ ਹੈ, ਇਸ ਦਰਸ਼ਨ ਦੀ ਤਾਬ ਨਾ ਲਿਆ ਕੇ ਉਸ ਦੀ ਚੇਤਨ ਸੱਤਾ ਮੱਧਮ ਪੈ ਗਈ......ਧੀਰਜ ਦਾ ਧੀਰਜਪੁਣਾ, ਹੰਕਾਰ ਦਾ ਹੰਕਾਰਪਣਾ, ਮੈਂ ਦਾ ਮੈਂਪੁਣਾ ਜਾਂਦਾ ਰਿਹਾ। ਮਾਇਕ ਪ੍ਰੀਤੀ ਵੀ ਨਾ ਰਹੀ, ਕੇਵਲ ਗੁਰੂ ਪਾਰਬ੍ਰਹਮ ਦੀ ਪ੍ਰੀਤੀ ਵਿਚ ਹੀ ਸੱਚੀ ਸੁੱਚੀ ਮਾਣ ਪ੍ਰਤਿਸ਼ਟਾ ਪ੍ਰਗਟ ਹੋ ਗਈ। ਸਤਿਗੁਰੂ ਦਾ ਦਰਸ਼ਨ ਵਿਸਮਾਦ ਕਰਨ ਵਾਲਾ, ਅਚੰਭੇ ਤੋਂ ਵੀ ਅਚੰਭਤ ਕਰਨ ਵਾਲਾ, ਹੈਰਾਨੀ ਅਸਚਰਜਤਾ ਵਿਚ ਲੀਨ ਕਰਨ ਵਾਲਾ ਸੀ......ਉਸ ਵਿਚੋਂ ਮੈਂ ਭਾਵ ਪੂਰੀ ਤਰ੍ਹਾਂ ਜਾਂਦਾ ਰਿਹਾ, ਉਹ ਸਚਿਆਰ ਹੋ ਗਈ, ਕੀ ਵੇਖਦੀ ਹੈ ਕਿ ਇਸ ਸੰਸਾਰ ਵਿਚ ਕੇਵਲ ਇਕੋ ਹੁਕਮ ਵਰਤ ਰਿਹਾ ਨਜ਼ਰ ਆ ਰਿਹਾ ਹੈ, ਉਸ ਹੁਕਮ ਵਿਚ ਚਲਣ ਵਾਲੇ ਸਚਿਆਰਾ ਹੋ ਜਾਂਦੇ ਹਨ। ਅਗਿਆਨ ਅਤੇ ਕੂੜ ਨੇ ਹਉਮੈ ਦੀ ਕਰਾਰੀ ਭੀਤ ਖੜ੍ਹੀ ਕੀਤੀ ਹੋਈ ਹੈ, ਉਹ ਇਸ ਗਿਆਨ ਦੇ ਉਦੈ ਹੁੰਦੇ ਹੀ ਛਿਨ ਭਿੰਨ ਹੋ ਜਾਂਦੀ ਹੈ। ਦ੍ਵੈਤ ਕਿਤੇ ਵੀ ਨਹੀਂ ਰਹਿੰਦੀ.....ਹਰ ਥਾਂ ਉਪਰ ਤੂੰ ਹੀ ਤੂੰ, ਇਕੋ ਨੂਰ, ਜੋ ਪਿਆਰਾਂ ਦਾ ਭਰਿਆ ਹੋਇਆ ਹੈ, ਗੁਰੂ ਨਾਨਕ ਉਸੇ ਨੂਰ ਦਾ ਪ੍ਰਤੀਕ ਨਜ਼ਰ ਆ ਰਿਹਾ ਹੈ।

ਆਤਮਕ ਅਨੁਭਵ ਦੀ ਸੋਝੀ ਦੇਂਦਿਆਂ ਆਪ ਜੀ ਪਾਠ ਦਾ ਅਨੁਭਵ ਖੋਲ੍ਹਦਿਆਂ ਬਖਸ਼ਸ਼ ਕਰਦੇ ਲਿਖਦੇ ਹਨ, 'ਆਤਮਾ ਸਦਾ ਆਪਣੇ ਆਪ ਨੂੰ ਮਿਲਿਆ ਹੋਇਆ ਹੈ। ਅਗਿਆਨ ਨੇ ਵਿਸ਼ੇਸ਼ ਚੇਤਨ ਵਿਚ ਇਕ ਭਰਮ ਪੈਦਾ ਕਰਕੇ ਵਖਰਾ ਜਣਾ ਦਿਤਾ ਹੈ। ਆਤਮਾ ਦੀ ਸੱਤਾ, ਹਉਮੈ ਮੰਡਲ ਤੇ ਪੈ ਕੇ ਜੀਵ ਭਾਵ ਪੈਦਾ ਕਰਦੀ ਹੈ, ਉਹ ਜੀਵ ਆਪਣੇ ਆਪ ਨੂੰ ਪ੍ਰਭੂ ਤੋਂ ਵਿਛੜਿਆ ਹੋਇਆ ਸਮਝ ਕੇ ਵਖਰਾਪਣ ਮਹਿਸੂਸ ਕਰਦਾ ਹੈ ਪਰ ਜਦੋਂ ਤੱਤ ਗਿਆਨ ਪ੍ਰਤੱਖ ਰੂਪ ਵਿਚ ਹੋ ਜਾਵੇ, ਉਸ ਵੇਲੇ ਆਤਮਾ ਨੇ ਕਿਸ ਨੂੰ ਮਿਲਣਾ ਹੈ, ਆਤਮਾ ਆਪ ਹੀ ਸਤਿ ਹੈ, ੴ ਹੈ, ਨਿਰੰਕਾਰ ਹੈ।

ਇਹ ਪਾਰਬ੍ਰਹਮ ਦਾ ਆਪਣਾ ਹੀ ਰੂਪ ਹੈ, ਇਹ ਆਤਮ ਤੱਤ ਨਾ ਕਦੇ ਬੁੱਢਾ ਹੁੰਦਾ ਹੈ, ਨਾ ਕਦੇ ਬਾਲਕ। ਇਸ ਨੂੰ ਕਿਸੇ ਦਾ ਦੁੱਖ ਨਹੀਂ, ਨਾ ਜਮਾਂ ਦੇ ਜਾਲ ਵਿਚ ਫਸਦਾ ਹੈ, ਨਾ ਕਿਤੋਂ ਆਉਂਦਾ ਹੈ, ਨਾ ਕਿਤੇ ਜਾਂਦਾ ਹੈ, ਪੂਰਨ ਰੂਪ ਵਿਚ ਪਰੀਪੂਰਨ ਹੈ.......ਨਾ ਇਸ ਦਾ ਕੋਈ ਦੁਸ਼ਮਣ ਹੈ ਨਾ ਮਿਤ੍ਰ.....ਇਹ ਆਦਿ ਜੁਗਾਦੀ ਆਪ ਹੀ ਹੈ। (9)

'ਕਿਵ ਸਚਿਆਰਾ ਹੋਈਐ ?' ਦਾ ਸਾਰੰਸ਼ ਦਸਦਿਆਂ ਆਪ ਜੀ ਅਖੀਰਲੇ ਪੰਨਿਆਂ ਵਿਚ ਦ੍ਰਿੜ੍ਹ ਕਰਾਉਂਦੇ ਹਨ ਕਿ 'ਸੱਚ ਨੂੰ ਓਹਲੇ ਕਰਕੇ ਆਪਣੇ ਆਪ ਨੂੰ ਜੀਵ ਸਮਝਣਾ, ਇਹ ਕੂੜ ਦੀ ਦੀਵਾਰ ਹੈ। ਜਦੋਂ ਹੁਕਮ ਨਾਲ ਇਕ ਹੋ ਜਾਂਦਾ ਹੈ ਅਤੇ ਆਪਣੀ ਹਉਮੈ ਨੂੰ ਗਵਾ ਕੇ ਆਪਣੇ ਅੰਦਰ ਇਕ ਪ੍ਰਕਾਸ਼ ਨੂੰ ਤਕਦਾ ਹੈ, ਦੂਜਾ ਦ੍ਰਿਸ਼ਟੀ ਵਿਚ ਨਹੀਂ ਆਉਂਦਾ ਉਸ ਵੇਲੇ ਦਾ ਜੋ ਜੀਵਨ ਹੋਇਆ ਕਰਦਾ ਹੈ, ਉਸ ਨੂੰ ਸਚਿਆਰ ਜੀਵਨ ਕਿਹਾ ਜਾਂਦਾ ਹੈ, ਬ੍ਰਹਮਗਿਆਨੀ ਵੀ ਕਿਹਾ ਜਾਂਦਾ ਹੈ.....ਜਦੋਂ ਅੰਦਰ ਸੱਚ ਆ ਗਿਆ, ਸੱਚਾ ਨਾਮ ਉਸ ਦੇ ਮੁੱਖ ਤੋਂ ਬੋਲਿਆ ਜਾਂਦਾ ਹੈ, ਉਹ ਆਪ ਸੱਚ ਦੇ ਮਾਰਗ ਤੇ ਚਲਦਾ ਹੈ ਅਤੇ ਹੋਰ ਸੰਸਾਰ ਨੂੰ ਵੀ ਚਲਾਉਂਦਾ ਹੈ।' ਪ੍ਰਤੱਖ ਨੂੰ ਪ੍ਰਮਾਣ ਕੀ ? ਆਪ ਨੇ ਸਚਮੁੱਚ ਹੀ ਸੱਚ ਦੇ ਮਾਰਗ ਦੀ ਪਛਾਣ ਕੀਤੀ, ਸੱਚ ਨੂੰ ਜੀਵਨ ਵਿਚ ਧਾਰਨ ਕੀਤਾ ਅਤੇ ਸੱਚ ਦੇ ਮਾਰਗ ਦੀ ਸੋਝੀ ਬਖਸ਼ਣ ਲਈ ਹੀ ਆਪ ਜੀ ਕਿਰਿਆਸ਼ੀਲ ਹਨ। ਸੱਚ ਦੀ ਸੋਝੀ ਤਾਂ ਹੀ ਹੁੰਦੀ ਹੈ ਜਦੋਂ ਸੱਚ ਹਿਰਦੇ ਵਿਚ ਟਿਕ ਜਾਵੇ, ਸੱਚ ਨਾਲ ਧੁਰ ਅੰਦਰੋਂ ਪਿਆਰ ਹੋਵੇ, ਸੱਚ ਦਾ ਨਾਮ ਸੁਣ ਕੇ ਮਨ ਖੁਸ਼ੀ ਵਿਚ ਖਿੜ ਜਾਵੇ ਅਤੇ ਸਦਾ ਲਈ ਆਤਮ-ਤੀਰਥ ਵਾਸੀ ਹੋ ਜਾਵੇ। ਅੰਤ ਤੇ ਆਪ ਜੀ ਦਾ ਸੁਹਿਰਦ ਹਿਰਦਾ ਸਭ ਲਈ ਅਰਦਾਸ ਵਿਚ ਜੁੜਦਾ ਬੇਨਤੀ ਕਰਦਾ ਹੈ, "ਵਾਹਿਗੁਰੂ ਜੀ ਕ੍ਰਿਪਾ ਕਰਨ ਅਤੇ ਅਸਾਨੂੰ ਭੀ ਕੂੜ ਦੀ ਦੀਵਾਰ ਤੋੜ ਕੇ ਸਚਿਆਰ ਬਣਾ ਦੇਣ।" ਗੁਰੂ ਕ੍ਰਿਪਾ ਨਾਲ ਇਸ ਪੁਸਤਕ ਦੀ ਅਰੰਭਤਾ ਹੋਈ, ਸਤਿਗੁਰੂ ਦੀ ਕ੍ਰਿਪਾ ਅਤੇ ਅਰਦਾਸ ਨਾਲ ਸੰਪੰਨ ਸੰਪੂਰਨ। 'ਕਿਵ ਸਚਿਆਰਾ ਹੋਈਐ' ਵਿਚ ਪ੍ਰਾਪਤ ਪ੍ਰਵਚਨ ਪੜ੍ਹਨ ਨਾਲ ਜੋ ਆਤਮਕ ਖੁਸ਼ੀ ਦਾਸ ਨੂੰ ਪ੍ਰਾਪਤ ਹੋਈ ਹੈ, ਮੈਨੂੰ ਪੂਰਨ ਆਸ ਹੈ ਕਿ ਐਸਾ ਹੀ ਅਨੰਦ ਆਪ ਸਭ ਪਾਠਕਾਂ ਨੂੰ ਅਵੱਸ਼ ਪ੍ਰਾਪਤ ਹੋਵੇਗਾ।

*(ਡਾ.) ਜਗਜੀਤ ਸਿੰਘ, ਮੁੱਖ ਸੰਪਾਦਕ*
*ਆਤਮ ਮਾਰਗ*

# ਕਿਵ ਸਚਿਆਰਾ ਹੋਇਐ?

## 5

ਅੱਜ ਦੀਵਾਨ ਵਿਚ ਕਾਫੀ ਸੰਗਤ ਪਹਿਲਾਂ ਦੀਵਾਨ ਸੁਣਨ ਵਾਲੀ ਅਤੇ ਕਾਫੀ ਸੰਗਤ ਨਵੀਂ ਆਈ ਹੈ। ਸੋ ਸਾਰੇ ਪ੍ਰੇਮੀ ਸ਼ਬਦ ਵਿਚ ਬੋਲਣ ਦਾ ਜਤਨ ਕਰੋ ਅਤੇ ਵਿਚਾਰ ਸ੍ਰਵਣ ਕਰਕੇ ਉਸ ਦੀ ਆਪਣੇ ਹਿਰਦੇ ਵਿਚ ਵਿਚਾਰ ਕਰੋ, ਫੇਰ ਆਪਣੇ ਜੀਵਨ ਵਿਚ ਧਾਰਨ ਕਰੋ, ਇਸ ਤਰ੍ਹਾਂ ਕਰਦਿਆਂ ਆਪ ਨੂੰ ਬੇਅੰਤ ਫਲ ਪ੍ਰਾਪਤ ਹੋ ਜਾਵੇਗਾ ਪਰ ਇਹਦੇ ਵਿਚ ਇਕ ਸ਼ਰਤ ਹੈ ਉਹ ਪੂਰੀ ਕਰਨੀ ਜ਼ਰੂਰੀ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ॥ ਪੰਨਾ – 669*

ਇਸ ਤਰ੍ਹਾਂ ਪੂਰੀ ਸ਼ਰਧਾ ਨਾਲ ਸਤਿਸੰਗ ਕਰਦਿਆਂ ਕ੍ਰੋੜਾਂ ਜੱਗਾਂ ਦਾ ਫਲ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ ਜੋ ਕਲਜੁਗ ਵਿਚ ਬਹੁਤ ਵੱਡੀ ਰਿਆਇਤ ਵਾਹਿਗੁਰੂ ਜੀ ਨੇ ਜੀਵ ਨੂੰ ਦਿਤੀ ਹੈ ਕਿ ਕਿਵੇਂ ਪਾਪਾਂ ਵਿਚ ਗੋਤੇ ਖਾਂਦੇ ਜੀਵ ਨੂੰ ਸੁਖ ਸ਼ਾਂਤੀ ਮਿਲੇ। ਸ਼ਬਦ ਵਿਚ ਸਾਰੇ ਬੋਲੋ –

*ਧਾਰਨਾ – ਮਿਹਰਵਾਨ-ਮਿਹਰਵਾਨ-*
*ਮਿਹਰਵਾਨ ਜੀ,*
*ਸਾਹਿਬ ਮੇਰਾ ਮਿਹਰਵਾਨ ਜੀ*

*ਮਿਹਰਵਾਨੁ ਸਾਹਿਬੁ ਮਿਹਰਵਾਨੁ॥*
*ਸਾਹਿਬੁ ਮੇਰਾ ਮਿਹਰਵਾਨੁ॥*
*ਜੀਅ ਸਗਲ ਕਉ ਦੇਇ ਦਾਨੁ॥*
*ਤੂ ਕਾਹੇ ਡੋਲਹਿ ਪ੍ਰਾਣੀਆ*
*ਤੁਧੁ ਰਾਖੈਗਾ ਸਿਰਜਣਹਾਰੁ॥*
*ਜਿਨਿ ਪੈਦਾਇਸਿ ਤੂ ਕੀਆ*
*ਸੋਈ ਦੇਇ ਆਧਾਰੁ॥*
*ਜਿਨਿ ਉਪਾਈ ਮੇਦਨੀ*
*ਸੋਈ ਕਰਦਾ ਸਾਰ॥*
*ਘਟਿ ਘਟਿ ਮਾਲਕੁ ਦਿਲਾ ਕਾ*
*ਸਚਾ ਪਰਵਦਗਾਰੁ॥*
*ਕੁਦਰਤਿ ਕੀਮ ਨ ਜਾਣੀਐ*
*ਵਡਾ ਵੇਪਰਵਾਹੁ॥*
*ਕਰਿ ਬੰਦੇ ਤੂ ਬੰਦਗੀ*
*ਜਿਚਰੁ ਘਟ ਮਹਿ ਸਾਹੁ॥*
*ਤੂ ਸਮਰਥੁ ਅਕਥੁ ਅਗੋਚਰੁ*
*ਜੀਉ ਪਿੰਡੁ ਤੇਰੀ ਰਾਸਿ॥*
*ਰਹਮ ਤੇਰੀ ਸੁਖੁ ਪਾਇਆ*
*ਸਦਾ ਨਾਨਕ ਕੀ ਅਰਦਾਸਿ॥*
*ਪੰਨਾ – 724*

ਵਾਹਿਗੁਰੂ ਜੀ ਸਦਾ ਹੀ ਦਿਆਲ ਹਨ, ਸੁਖਮਨੀ ਸਾਹਿਬ ਵਿਚ ਫੁਰਮਾਨ ਕੀਤਾ ਹੈ –

*ਸਦਾ ਸਦਾ ਸਦਾ ਦਇਆਲ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥*
*ਪੰਨਾ – 275*

ਇਕ ਥਾਂ ਗੁਰੂ ਮਹਾਰਾਜ ਜੀ ਹੋਰ ਫੁਰਮਾਨ ਕਰਦੇ ਹਨ ਕਿ ਮੇਰਾ ਸਾਹਿਬ ਮਿੱਠਬੋਲੜਾ ਹੈ ਉਸ ਨੂੰ ਕੌੜਾ ਬੋਲਣਾ ਆਉਂਦਾ ਹੀ ਨਹੀਂ –

*ਮਿਠ ਬੋਲੜਾ ਜੀ*
*ਹਰਿ ਸਜਣੁ ਸੁਆਮੀ ਮੋਰਾ॥*
*ਹਉ ਸੰਮਲਿ ਥਕੀ ਜੀ*
*ਓਹੁ ਕਦੇ ਨ ਬੋਲੈ ਕਉਰਾ॥*
*ਕਉੜਾ ਬੋਲਿ ਨ ਜਾਨੈ*
*ਪੂਰਨ ਭਗਵਾਨੈ*
*ਅਉਗਣੁ ਕੋ ਨ ਚਿਤਾਰੇ॥*
*ਪਤਿਤ ਪਾਵਨੁ ਹਰਿ ਬਿਰਦੁ ਸਦਾਏ*
*ਇਕੁ ਤਿਲੁ ਨਹੀ ਭੰਨੈ ਘਾਲੇ॥*
*ਘਟ ਘਟ ਵਾਸੀ ਸਰਬ ਨਿਵਾਸੀ*
*ਨੇਰੈ ਹੀ ਤੇ ਨੇਰਾ॥*
*ਨਾਨਕ ਦਾਸੁ ਸਦਾ ਸਰਣਾਗਤਿ*
*ਹਰਿ ਅੰਮ੍ਰਿਤ ਸਜਣੁ ਮੇਰਾ॥*
*ਪੰਨਾ – 784*

ਸੋ ਵਾਹਿਗੁਰੂ ਜੀ ਉਪਰ ਅਸਾਨੂੰ ਪੂਰਨ ਭਰੋਸਾ ਹੋਣਾ ਚਾਹੀਦਾ ਹੈ। ਅਸੀਂ ਸਾਰਾ ਦਿਨ ਡਾਵਾਂਡੋਲ ਰਹਿੰਦੇ ਹਾਂ। ਜੇ ਕੋਈ ਕੰਮ ਪੂਰਾ ਨਾ ਹੋਇਆ ਉਸ ਵੇਲੇ ਅਸੀਂ ਦਿਲ ਛੱਡ ਕੇ ਬੈਠ ਜਾਂਦੇ ਹਾਂ ਅਤੇ ਦੋਸ਼ ਦੇਣ ਲਗ ਜਾਂਦੇ ਹਾਂ ਕਿ ਮੈਂ ਤਾਂ ਸਤਿਸੰਗ ਕਰਦਾ ਹਾਂ, ਹੇ ਵਾਹਿਗੁਰੂ! ਮੇਰਾ ਕੰਮ ਕਿਉਂ ਨਹੀਂ ਹੋਇਆ? ਕਈ ਪ੍ਰੇਮੀ ਮਹਾਂਪੁਰਸ਼ਾਂ ਨੂੰ ਵੀ ਉਲਾਂਭਾ ਦੇ ਦਿੰਦੇ ਹਨ ਕਿ ਮੈਂ ਤੁਹਾਡੇ ਕੋਲ ਐਨੀ ਦੇਰ ਤੋਂ ਸੇਵਾ ਕਰਦਾ ਰਿਹਾ ਹਾਂ ਅਸਾਡੇ ਘਰ ਲੜਕੀ ਕਿਉਂ ਹੋਈ, ਲੜਕਾ ਹੋਣਾ ਚਾਹੀਦਾ ਸੀ। ਇਹ ਅਸਾਡੀਆਂ ਬੇਵਿਚਾਰ ਕੀਤੀਆਂ ਗੱਲਾਂ ਹਨ। ਨਾ ਹੀ ਅਸੀਂ ਵਾਹਿਗੁਰੂ ਜੀ ਨੂੰ ਸਮਝਦੇ ਹਾਂ, ਨਾ ਹੀ ਅਸੀਂ ਆਪਣੇ ਕਰਮਾਂ ਨੂੰ ਸਮਝਦੇ ਹਾਂ। ਵਾਹਿਗੁਰੂ ਜੀ ਮਿਹਰਵਾਨ ਹਨ, ਚੰਗੇ, ਮੰਦੇ ਹਰ ਇਕ ਜੀਵ ਨੂੰ ਆਪਣੀ ਨਿਗ੍ਹਾ ਹੇਠ ਰੱਖ ਕੇ ਪਾਲ ਰਹੇ ਹਨ। ਹਰ ਜੀਵ ਦੀ ਪਰਾਲਬਧ ਪਹਿਲਾਂ ਬਣਦੀ ਹੈ, ਸਰੀਰ ਪਿਛੋਂ ਬਣਿਆ ਕਰਦਾ ਹੈ। ਜਿਹੋ ਜਿਹਾ ਅਸੀਂ ਪਿਛਲੇ ਜਨਮਾਂ ਵਿਚ ਬੀਜ ਕੇ ਆਏ ਹਾਂ ਉਹ ਅਵੱਸ਼ ਹੀ ਅਸਾਨੂੰ ਪ੍ਰਾਪਤ ਹੋਣਾ ਹੈ। ਜਿਹੋ ਜਿਹੇ ਕਿਰਤ ਕਰਮ ਕੀਤੇ ਹਨ ਉਨ੍ਹਾਂ ਦਾ ਫਲ ਅਵੱਸ਼ ਹੀ ਮਿਲਣਾ ਹੈ ਪਰ ਸੰਗਤ ਕਰਨ ਨਾਲ ਉਹ ਫਲ ਘੱਟ ਵੱਧ ਵੀ ਹੋ ਜਾਂਦਾ

ਹੈ, ਸੂਲੀ ਦੀ ਸੂਲ ਬਣ ਜਾਂਦੀ ਹੈ, ਕੇਵਲ ਸੁਪਨੇ ਵਿਚ ਮਾੜੇ ਕਰਮ ਦੁਖਾਂ ਭਰੇ ਸਮੇਂ ਨਾਲ ਭੋਗ ਲਈਦੇ ਹਨ ਪਰ ਇਹ ਕਿਰਤ-ਕਰਮ ਆਦਮੀ ਦੇ ਜੀਵਨ ਵਿਚ ਸਦਾ ਹੀ ਬਣੇ ਰਹਿੰਦੇ ਹਨ। ਇਹੀ ਉਧੇੜ ਬੁਣ ਮਨ ਵਿਚ ਚਲਦੀ ਰਹਿੰਦੀ ਹੈ। ਅਸੀਂ ਵਾਹਿਗੁਰੂ ਜੀ ਵਿਚ ਪੂਰਨ ਰੂਪ ਵਿਚ ਭਰੋਸਾ ਨਹੀਂ ਕਰਦੇ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਉਹ ਮਿਹਰਵਾਨ ਹੈ, ਉਹ ਇਕੱਲੇ-ਇਕੱਲੇ ਜੀਵ ਦੀ ਸੰਭਾਲ ਕਰਦਾ ਹੈ, ਜੀਵ ਦੀਆਂ ਮੰਗਾਂ ਪੂਰੀਆਂ ਕਰਦਾ ਹੀ ਰਹਿੰਦਾ ਹੈ ਪਰ ਇਸ ਜੀਵ ਦੀ ਦੇਹ-ਦੇਹ-ਦੇਹ-ਦੇਹ-ਦੇਹ-ਦੇਹ ਕਦੇ ਵੀ ਨਹੀਂ ਮੁਕਦੀ। ਜੁਗਾਂ ਜੁਗਾਂਤਰਾਂ ਤੋਂ ਵਾਹਿਗੁਰੂ ਜੀ ਦਾਤਾਂ ਦਿੰਦਾ ਹੀ ਆਉਂਦਾ ਹੈ। ਲੈਣ ਵਾਲਾ ਸੰਸਾਰ ਤਾਂ ਥੱਕ ਕੇ ਸੰਸਾਰ ਤੋਂ ਚਲਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਥਾਂ ਹੋਰ ਲੰਬੀ ਲਾਈਨ ਵਧਦੀ ਹੀ ਜਾਂਦੀ ਹੈ। ਇਹ ਕ੍ਰੋੜਾਂ ਸਾਲ ਤੋਂ ਗੀਤ ਚਲੀ ਆ ਰਹੀ ਹੈ। ਲੈਣ ਵਾਲਾ ਸੰਤੁਸ਼ਟ ਨਹੀਂ ਹੁੰਦਾ; ਇਕ ਚੀਜ਼ ਮਿਲ ਗਈ, ਦੂਜੀ ਹੋਰ ਮੰਗ ਲੈਂਦਾ ਹੈ। ਅਖੀਰ ਮੰਗਦਾ-ਮੰਗਦਾ ਥੱਕ ਜਾਂਦਾ ਹੈ, ਬਿਰਧ ਅਵਸਥਾ ਆ ਜਾਂਦੀ ਹੈ, ਅਖੀਰ ਸੰਸਾਰ ਤੋਂ ਅੱਖਾਂ ਮੀਚ ਕੇ ਚਲਿਆ ਜਾਂਦਾ ਹੈ ਪਰ ਦੇਣ ਵਾਲਾ ਕਦੇ ਵੀ ਨਹੀਂ ਥਕਦਾ, ਦਿੰਦਾ ਹੀ ਰਹਿੰਦਾ ਹੈ -

*ਦੇਦਾ ਦੇ ਲੈਦੇ ਥਕਿ ਪਾਹਿ॥*
*ਜੁਗਾ ਜੁਗੰਤਰਿ ਖਾਹੀ ਖਾਹਿ॥*

*ਪੰਨਾ - 2*

ਗੁਰੂ ਮਹਾਰਾਜ ਜੀ ਕਿਸੇ ਹੱਦ ਤਕ ਮੰਗਾਂ ਮੰਗਣ ਦੀ ਮਨਾਹੀ ਨਹੀਂ ਕਰਦੇ। ਉਹ ਕਹਿੰਦੇ ਹਨ ਜੀਵਨ ਜੀਉਣ ਵਾਸਤੇ ਬਹੁਤ ਵਸਤੂਆਂ ਦੀ ਲੋੜ ਹੈ, ਉਹ ਵਸਤੂਆਂ ਮੰਗ ਲੈਣੀਆਂ ਕੋਈ ਗਲਤ ਗੱਲ ਨਹੀਂ ਹੈ, ਕਿਉਂਕਿ ਉਨ੍ਹਾਂ ਤੋਂ ਬਿਨਾਂ ਜੀਵਨ ਨਿਰਬਾਹ ਮੁਸ਼ਕਲ ਹੋ ਜਾਂਦਾ ਹੈ। ਬਾਣੀ ਵਿਚ ਫੁਰਮਾਨ ਆਉਂਦਾ ਹੈ -

*ਆਪਿ ਨ ਦੇਹੁ ਤ ਲੇਵਉ ਮੰਗੇ॥*

*ਪੰਨਾ - 656*

ਭਗਤ ਧੰਨਾ ਜੀ ਆਰਤੀ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਹੇ ਪ੍ਰਭੂ! ਮੈਨੂੰ ਘਰ ਕੀ ਗੇਹਨ, ਜੀਵਨ ਸਾਥਣ ਬਹੁਤ ਚੰਗੀ ਦੇਵੀਂ, ਜਿਹੜੀ ਆਏ ਗਏ ਸਾਧੂਆਂ ਦਾ ਸਤਿਕਾਰ ਕਰੇ ਅਤੇ ਉਨ੍ਹਾਂ ਦੇ ਵਸਤਰ ਧੋਵੇ, ਮਿਠਾ ਬੋਲੇ। ਖਾਣ ਪੀਣ ਵਾਸਤੇ ਸ਼ਰਧਾ ਸਹਿਤ ਦੇਵੇ। ਸੋ ਐਸੀ ਇਸਤ੍ਰੀ ਮੈਂ ਤੇਰੇ ਤੋਂ ਮੰਗਦਾ ਹਾਂ। ਪਰ ਮੰਗਾਂ ਦੀ ਮਹਾਰਾਜ ਜੀ ਨੇ ਇਕ ਸ਼ਰਤ ਵੀ ਰੱਖੀ ਹੈ ਕਿ ਪਿਆਰਿਆ! ਤੈਨੂੰ ਮਿਲ ਤਾਂ ਸਭ ਕੁਝ ਜਾਵੇਗਾ ਪਰ ਤੂੰ ਨਾਮ ਰੂਪੀ ਰਸਾਇਣ ਪ੍ਰਾਪਤ ਕਰ ਲੈ, ਇਸ ਰਸਾਇਣ ਦੇ ਹੱਥ ਆਇਆਂ -

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ॥*

*ਪੰਨਾ - 714*

ਹਰ ਰੋਜ਼ ਦੁਨਿਆਵੀ ਵਸਤੂਆਂ ਮੰਗੀ ਜਾਣੀਆਂ ਮਾਇਆ ਦੇ ਅੰਧਕਾਰ ਵਿਚ ਲੈ ਜਾਂਦੀਆਂ ਹਨ ਅਤੇ ਕਲਿਆਣ ਨਹੀਂ ਹੁੰਦੀ ਕਿਉਂਕਿ ਮੰਗਤਾ ਮਨ ਕੋਈ ਨਾ ਕੋਈ ਵਾਸ਼ਨਾ ਕਰਦਾ ਹੀ ਰਹਿੰਦਾ ਹੈ। ਵਾਹਿਗੁਰੂ ਜੀ ਤਾਂ ਆਪ ਹੀ ਸਾਰਿਆਂ ਦੀ ਪ੍ਰਤਿਪਾਲਨਾ ਕਰਦੇ ਹਨ ਉਪਰੋਕਤ ਸ਼ਬਦ ਵਿਚ ਤੁਸੀਂ ਸੁਣਿਆ ਹੀ ਹੈ -

*ਜੀਅ ਸਗਲ ਕਉ ਦੇਇ ਦਾਨੁ॥*

*ਪੰਨਾ - 724*

ਅਤੇ ਨਾਲ ਤੁਸੀਂ ਸੁਣਿਆ ਹੈ ਕਿ ਹੇ ਪਿਆਰਿਆ! ਤੂੰ ਵਾਹਿਗੁਰੂ ਦੀ ਸਮਰਥਾ ਉਤੇ ਸ਼ੱਕ ਕਰਕੇ ਉਸਦੀ ਪ੍ਰੀਪੂਰਨਤਾ ਨੂੰ ਹੋਂਦ ਰਹਿਤ ਜਾਣ ਕੇ ਡੋਲ ਰਿਹਾ ਹੈਂ। ਉਹ ਸਰਬ ਕਲਾ ਸਮਰੱਥ ਹੈ ਸ੍ਰਿਸ਼ਟੀ ਦਾ ਸਿਰਜਣਹਾਰ ਹੈ, ਪੈਦਾ ਕਰਨ ਵਾਲਾ ਹੈ, ਘੱਟ-ਘੱਟ ਦੇ ਵਿਚ ਹੋ ਰਹੀ ਹਾਲਤ ਨੂੰ ਪੂਰੀ ਤਰ੍ਹਾਂ ਸਮਝਦਾ ਹੈ। ਤੂੰ ਕੁਦਰਤ ਦੀ ਮਹਾਨਤਾ ਨਹੀਂ ਜਾਣਦਾ, ਉਹ ਬਹੁਤ ਬੇਪਰਵਾਹ ਹੈ, ਅਣਮੰਗਿਆ ਨੂੰ ਵੀ ਦਾਨ ਦਿੰਦਾ ਹੈ, ਆਪਣੀ ਸ੍ਰਿਸ਼ਟੀ ਦੀ ਆਪ ਸੰਭਾਲ ਕਰਦਾ ਹੈ -

*ਤੂੰ ਕਾਹੇ ਡੋਲਹਿ ਪ੍ਰਾਣੀਆ*
*ਤੁਧੁ ਰਾਖੈਗਾ ਸਿਰਜਣਹਾਰੁ॥*
*ਜਿਨਿ ਪੈਦਾਇਸਿ ਤੂ ਕੀਆ*
*ਸੋਈ ਦੇਇ ਆਧਾਰੁ॥*
*ਜਿਨਿ ਉਪਾਈ ਮੇਦਨੀ*
*ਸੋਈ ਕਰਦਾ ਸਾਰ॥*
*ਘਟਿ ਘਟਿ ਮਾਲਕੁ ਦਿਲਾ ਕਾ*
*ਸਚਾ ਪਰਵਦਗਾਰੁ॥* *ਪੰਨਾ - 724*

ਇਕ ਕੰਮ ਜੋ ਤੇਰੇ ਕਰਨ ਵਾਲਾ ਹੈ ਉਸ ਨੂੰ ਤੂੰ ਸਦਾ ਹੀ ਭੁੱਲਿਆ ਰਹਿੰਦਾ ਹੈਂ। ਉਹ ਹੈ ਪ੍ਰਮੇਸ਼ਰ ਨਾਲ ਆਪਣਾ ਸਬੰਧ ਸਦਾ ਹੀ ਪਿਆਰ ਸਹਿਤ ਜੋੜਨਾ ਅਤੇ ਉਸਦੇ ਨਾਮ ਨੂੰ ਪ੍ਰਾਪਤ ਕਰਕੇ ਹਉਮੈ ਦੀ ਪਾਈ ਦੁਜਾਇਗੀ ਦੂਰ ਕਰਨੀ, ਆਪਣੇ ਸਰੂਪ ਨੂੰ ਪਛਾਨਣਾ। ਉਸ ਦੇ ਬਾਰੇ ਆਦੇਸ਼ ਹੈ -

*ਕੁਦਰਤਿ ਕੀਮ ਨ ਜਾਣੀਐ*
*ਵਡਾ ਵੇਪਰਵਾਹੁ॥*
*ਕਰਿ ਬੰਦੇ ਤੂ ਬੰਦਗੀ*
*ਜਿਚਰੁ ਘਟ ਮਹਿ ਸਾਹੁ॥*

*ਪੰਨਾ - 724*

ਇਸ ਸਰੀਰ ਵਿਚ ਔਸਤਨ 24000 ਸੁਆਸ ਦਿਨ ਰਾਤ ਵਿਚ ਚਲਦੇ ਹਨ ਘੱਟ ਵੀ ਹੋ ਜਾਂਦੇ ਹਨ, ਵੱਧ ਵੀ ਹੋ ਜਾਂਦੇ ਹਨ। ਹੁਕਮ ਇਹ ਹੈ ਕਿ ਕੋਈ ਸਾਹ ਵੀ ਉਸ ਦੀ ਯਾਦ ਤੋਂ ਬਿਨਾਂ ਬਿਰਥਾ ਨਾ ਜਾਵੇ ਤੈਨੂੰ ਸੁਖਾਂ ਦੀ ਪ੍ਰਾਪਤੀ ਹੋ ਜਾਵੇਗੀ।

ਵਾਹਿਗੁਰੂ ਜੀ ਸਮਰੱਥ ਅਕਥ ਅਗੋਚਰ ਹਨ। ਇਹ ਜਿਹੜਾ ਜੀਵ ਅਤੇ ਪੰਜਾਂ ਤੱਤਾਂ ਦਾ ਬਣਿਆ ਸਰੀਰ ਹੈ ਇਹ ਇਕ ਸੁੰਦਰ ਮੰਦਰ ਹੈ, ਇਹ ਇਸ ਜੀਵ ਨੂੰ ਵਾਹਿਗੁਰੂ ਜੀ ਨੇ ਹੀ ਬਖਸ਼ਿਆ ਹੈ। ਉਸ ਬਖਸ਼ਿਸ਼ ਦੇ ਨਾਲ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ। ਉਹ ਸਭ ਦੀ

ਪ੍ਰਤਿਪਾਲਨਾ ਕਰਦਾ ਹੈ। ਸੰਤਾਂ ਨੂੰ ਉਭਾਰਦਾ ਹੈ। ਦੁਖ ਦੇਣ ਵਾਲਿਆਂ ਨੂੰ ਵੀ ਗਾਲਦਾ ਹੈ, ਪਸ਼ੂਆਂ ਨੂੰ, ਨਾਗਾਂ ਨੂੰ ਰੋਜ਼ੀ ਦੇਣ ਤੋਂ ਨਹੀਂ ਭੁਲਦਾ। ਕੀੜੇ ਮਕੌੜੇ, ਜੰਗਲੀ ਪਸ਼ੂ, ਉਡਣ ਵਾਲੇ ਪੰਛੀ ਸਾਰਿਆਂ ਨੂੰ ਪਾਲਦਾ ਹੈ, ਉਹ ਬਿਸੰਭਰ ਹੈ।

*ਦੀਨਨ ਕੀ ਪ੍ਰਤਿਪਾਲ ਕਰੈ ਨਿਤ,*
*ਸੰਤ ਉਬਾਰ ਗਨੀਮਨ ਗਾਰੈ॥*
*ਪੱਛ ਪਸੂ ਨਗ ਨਾਗ ਨਰਾਧਿਪ,*
*ਸਰਬ ਸਮੈ ਸਭ ਕੋ ਪ੍ਰਤਿਪਾਰੈ॥*
*ਪੋਖਤ ਹੈ ਜਲ ਮੈ ਥਲ ਮੈ ਪਲ ਮੈ,*
*ਕਲਿ ਕੇ ਨਹੀਂ ਕਰਮ ਬਿਚਾਰੈ॥*
*ਦੀਨ ਦਇਆਲ ਦਇਆ ਨਿਧਿ,*
*ਦੋਖਨ ਦੇਖਤ ਹੈ ਪਰ ਦੇਤ ਨ ਹਾਰੈ॥*

*ਅਕਾਲ ਉਸਤਤਿ*

ਵਾਹਿਗੁਰੂ ਜੀ ਨੂੰ ਮਿਲਣ ਲਈ ਬਹੁਤ ਹੀ ਸਾਧਨ ਹਨ। ਪਿਛਲੇ ਸਮਿਆਂ ਵਿਚ ਜੰਗਲਾਂ ਵਿਚ ਜਾ ਕੇ ਘੋਰ ਤਪ ਕੀਤੇ ਜਾਂਦੇ ਸਨ। ਬਾਲਮੀਕ ਨੂੰ ਜਦੋਂ ਮਹਾਂਪੁਰਸ਼ਾਂ ਦਾ ਮਿਲਾਪ ਹੋਇਆ ਉਸ ਵੇਲੇ ਰਾਮ ਦੇ ਨਾਮ ਦਾ ਉਪਦੇਸ਼ ਦਿਤਾ। ਜ਼ਿਕਰ ਆਉਂਦਾ ਹੈ ਕਿ ਉਸ ਨੇ ਇਕ ਟੱਕ ਹੋ ਕੇ ਨਾਮ ਦੀ ਅਰਾਧਨਾ ਕੀਤੀ, ਅਰਾਧਨਾ ਕਰਦਿਆਂ ਮਰਾ-ਮਰਾ ਤੋਂ ਰਾਮ-ਰਾਮ ਬਣ ਗਿਆ ਅਤੇ 14 ਸਾਲ ਦੀ ਕਠਨ ਸਾਧਨਾ ਪਿਛੋਂ ਮਹਾਂਪੁਰਸ਼ਾਂ ਨੇ ਪ੍ਰਮੇਸ਼ਰ ਦੀ ਸੂਝ ਦਿਤੀ। ਆਤਮ ਸ਼ਾਖਸ਼ਾਤਕਾਰ ਕਰਾਇਆ ਉਸ ਸਮੇਂ ਉਸ ਦੇ ਸਰੀਰ ਦੁਆਲੇ ਘਾਹ ਫੂਸ ਉਡ ਕੇ ਮਿਟੀ ਨਾਲ ਰਲ ਕੇ ਹਰਾ ਹੋ ਗਿਆ। ਵਿਸ਼ਵਾਮਿਤਰ ਨੇ 58 ਹਜ਼ਾਰ ਸਾਲ ਤਪ ਕੀਤਾ, ਸਾਰੰਗੀ ਰਿਸ਼ੀ ਨੇ 88 ਹਜ਼ਾਰ ਸਾਲ ਤਪ ਕੀਤਾ, ਹਰਨਾਖਸ਼ ਨੇ ਸੌ ਸਾਲ ਦਾ ਤਪ ਕੀਤਾ, ਇਹ ਤਪਾਂ ਦਾ ਕੋਈ ਆਪਣਾ ਮੁੱਲ ਹੈ ਪਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਬਹੁਤੇ ਤਪ ਕਰਕੇ ਵਰ ਮੰਗ ਲੈਂਦੇ ਹਨ ਜਿਵੇਂ ਹਰਨਾਖਸ਼ ਨੇ ਵਰ ਮੰਗਿਆ, ਰਾਵਣ ਨੇ ਵਰ ਮੰਗਿਆ, ਹੋਰ ਅਨੇਕਾਂ ਨੇ ਵਰ ਮੰਗੇ। ਇਹ ਤਪ ਸਤਿਸੰਗ ਦੇ ਮੁਕਾਬਲੇ ਵਿਚ ਕੁਝ ਵੀ ਮੁੱਲ ਨਹੀਂ ਰਖਦੇ। ਵਿਸ਼ਵਾਮਿਤਰ ਅਤੇ ਵਿਸ਼ਿਸ਼ਟ ਦਾ ਜਦੋਂ ਸੰਵਾਦ ਹੋਇਆ, ਵਿਸ਼ਿਸ਼ਟ ਜੀ ਕਹਿੰਦੇ ਹਨ ਕਿ ਵਿਸ਼ਵਾਮਿਤਰ ਜੀ! ਇਹ ਸੁੰਦਰ ਦੇਹੀ ਪ੍ਰਮੇਸ਼ਰ ਨੇ ਦਿਤੀ ਹੈ, ਇਸ ਨੂੰ ਤਪ ਕਰਕੇ ਖੋਖਲੀ ਨਹੀਂ ਕਰਨੀ ਚਾਹੀਦੀ। ਹਜ਼ਾਰਾਂ ਸਾਲ ਦਾ ਤਪ ਦੋ ਘੜੀ ਕੀਤੇ ਹੋਏ ਸਤਿਸੰਗ ਤੋਂ ਬਹੁਤ ਘੱਟ ਮਹਾਨਤਾ ਰਖਦਾ ਹੈ। ਗੁਰੂ ਦੀ ਸੇਵਾ ਕਰਨੀ, ਗੁਰੂ ਦੇ ਹੁਕਮ ਵਿਚ ਚਲਣਾ, ਆਪਣਾ ਆਪਾ ਭਾਵ ਮੇਟ ਕੇ ਗੁਰੂ ਦੇ ਹੁਕਮ ਦੀ ਪਾਲਣਾ ਕਰਨੀ, ਇਹ ਸਾਰੇ ਤਪਾਂ ਤੋਂ ਸ਼੍ਰੋਮਣੀ ਤਪ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥*

*ਪੰਨਾ - 423*

ਕਿਉਂਕਿ ਇਸ ਸੇਵਾ ਦੇ ਨਾਲ ਗੁਰੂ ਦੀ ਕ੍ਰਿਪਾ ਹੁੰਦੀ ਹੈ ਜਿਸ ਦੇ ਫਲਸਰੂਪ ਵਾਹਿਗੁਰੂ ਜੀ ਮਨ ਵਿਚ ਵਸ ਜਾਇਆ ਕਰਦੇ ਹਨ। ਫੋਕੇ ਤਪ ਅਭਿਮਾਨ ਪੈਦਾ ਕਰਦੇ ਹਨ, ਕ੍ਰੋਧ ਪੈਦਾ ਕਰਦੇ ਹਨ। ਹਉਮੈ ਦੀ ਤਹਿ ਹੋਰ ਮੋਟੀ ਹੋ ਜਾਂਦੀ ਹੈ, ਅੰਤਸ਼ਕਰਣ ਵਿਚ ਹੋਰ ਹਨ੍ਹੇਰਾ ਪਸਰ ਜਾਂਦਾ ਹੈ ਪਰ ਗੁਰੂ ਦੀ ਸੇਵਾ ਕਰਨ ਨਾਲ ਹਿਰਦੇ ਵਿਚ ਪ੍ਰਕਾਸ਼ ਆ ਜਾਂਦਾ ਹੈ, ਵਾਹਿਗੁਰੂ ਜੀ ਹਿਰਦੇ ਵਿਚ ਵਸ ਜਾਂਦੇ ਹਨ ਜਿਵੇਂ ਕਿ-

*ਹਰਿ ਜੀਉ ਮਨਿ ਵਸੈ*
*ਸਭ ਦੂਖ ਵਿਸਾਰਣਹਾਰੁ॥*

*ਪੰਨਾ - 423*

ਸਾਰੇ ਦੁਖਾਂ ਦਾ ਖਾਤਮਾ ਕਰਨ ਵਾਲਾ ਪ੍ਰਭੂ ਦਾ ਨਾਮ ਹੈ। ਤਪ ਕਰਨ ਨਾਲ ਆਪਣੇ ਸਰੀਰ ਨੂੰ ਕਸ਼ਟ ਦਿਤਾ ਜਾਂਦਾ ਹੈ ਪਰ ਇਸ ਦਾ ਦੂਜਿਆਂ ਨੂੰ ਕੋਈ ਫਾਇਦਾ ਨਹੀਂ ਹੋਇਆ ਕਰਦਾ ਪਰ ਜੋ ਗੁਰੂ ਦੀ ਸੇਵਾ ਦਾ ਤਪ ਹੈ ਉਹ ਬਹੁਤ ਫਲੀਭੂਤ ਹੋ ਜਾਇਆ ਕਰਦਾ ਹੈ। ਪ੍ਰੇਮੀ ਲੰਗਰ ਬਣਾਉਂਦੇ ਹਨ, ਤਿਆਰ ਕਰਕੇ ਲੈ ਕੇ ਜਾਂਦੇ ਹਨ, ਭੁੱਖੇ ਤ੍ਰਿਪਤ ਹੁੰਦੇ ਹਨ, ਵਾਹਿਗੁਰੂ ਜੀ ਪ੍ਰਸੰਨ ਹੁੰਦੇ ਹਨ। ਕੋਈ ਜਲ ਢੋਂਦਾ ਹੈ, ਕੋਈ ਹੋਰ ਸੇਵਾ ਕਰਦਾ ਹੈ, ਉਹ ਸਾਰੀਆਂ ਦੂਸਰਿਆਂ ਨੂੰ ਸੁਖ ਪਹੁੰਚਾਉਣ ਲਈ ਹੁੰਦੀਆਂ ਹਨ ਪਰ ਆਪਣੇ ਸਰੀਰ ਨੂੰ ਕਸ਼ਟ ਦੇ ਕੇ ਕਿਸੇ ਹੋਰ ਨੂੰ ਕੋਈ ਸੁਖ ਨਹੀਂ ਪਹੁੰਚਦਾ। ਸੇਵਾ ਦਾ ਫਲ ਬਹੁਤ ਅਧਿਕ ਹੋਇਆ ਕਰਦਾ ਹੈ। ਸੇਵਾ ਕਰਨ ਵਾਲੇ ਦੇ ਪਿਛੇ ਰਿੱਧੀਆਂ-ਸਿੱਧੀਆਂ ਹੱਥ ਬੰਨ੍ਹੀਂ ਫਿਰਦੀਆਂ ਹਨ, ਨਾਮ ਉਸਦੇ ਹਿਰਦੇ ਵਿਚ ਵਸ ਜਾਂਦਾ ਹੈ, ਵੱਡੇ-ਵੱਡੇ ਮਹਾਂਪੁਰਸ਼ਾਂ ਨੇ ਸੇਵਾ ਕਰਕੇ ਹੀ ਵਾਹਿਗੁਰੂ ਦੀ ਪ੍ਰਾਪਤੀ ਕੀਤੀ ਹੈ। ਸੋ ਇਸ ਕਰਕੇ ਦੁਖਾਂ ਦਾ ਖਾਤਮਾ ਕਰਨ ਵਾਲਾ ਜੋ ਪ੍ਰਭੂ ਹੈ ਜੇ ਇਹ ਮਨ ਵਿਚ ਵਸ ਜਾਵੇ ਤਾਂ ਵਾਹਿਗੁਰੂ ਦਾ ਦਰ ਨਜ਼ਰੀ ਆ ਜਾਂਦਾ ਹੈ, ਜੰਮਣ ਮਰਨ ਦਾ ਦੁਖ ਮਿਟ ਜਾਂਦਾ ਹੈ, ਸਚਿਆਰ ਜੀਵਨ ਪ੍ਰਾਪਤ ਹੋ ਜਾਂਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ, ਗੁਰੂ ਦੀ ਸੇਵਾ ਕਰਨ ਨਾਲ ਤਿੰਨਾਂ ਭਵਨਾਂ ਦੀ ਸੋਝੀ ਹੋ ਜਾਂਦੀ ਹੈ। ਭੂਤ ਭਵਿੱਖਤ ਵਰਤਮਾਨ ਸਾਰੇ ਦੀ ਸੋਝੀ ਹੋ ਜਾਂਦੀ ਹੈ।

ਗੁਰੂ ਸਾਹਿਬਾਨ ਦੇ ਜੀਵਨ ਸਮੇਂ ਵਿਚ ਇਤਿਹਾਸ ਵਿਚ ਉਨ੍ਹਾਂ ਦੀਆਂ ਜੀਵਨ ਝਾਕੀਆਂ ਬਹੁਤ ਹੀ ਘੱਟ ਲਿਖੀਆਂ ਗਈਆਂ ਸਨ। ਗੁਰੂ ਦਸ਼ਮੇਸ਼ ਪਿਤਾ ਦੇ ਜੋਤੀ ਜੋਤ ਸਮਾਉਣ ਪਿਛੋਂ ਕਾਫੀ ਸਮਾਂ ਲੰਘ ਜਾਣ ਪਿਛੋਂ ਬਾਬਾ ਬੁੱਢਾ ਜੀ ਦੀ ਵੰਸ ਵਿਚੋਂ ਬ੍ਰਹਮ ਗਿਆਨੀ ਮਹਾਂਪੁਰਸ਼ ਸ੍ਰੀ ਮਾਨ ਭਾਈ ਗੁਰਬਖਸ਼ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ! ਆਪ ਇਤਿਹਾਸ ਦੱਸਣ ਦੀ ਕ੍ਰਿਪਾ ਕਰੋ। ਸਮੇਂ ਦੇ ਲੰਘਣ ਨਾਲ ਯਾਦਾਸ਼ਤਾਂ ਮੱਧਮ ਪੈ ਜਾਂਦੀਆਂ ਹਨ। ਉਸ ਵੇਲੇ ਬਾਬਾ ਜੀ ਨੇ ਸਮਾਧੀ ਲਾ ਕੇ ਭੂਤ ਕਾਲ ਨੂੰ ਸਾਮ੍ਹਣੇ ਲੈ ਆਂਦਾ। ਗੁਰੂ ਮਹਾਰਾਜ ਦੇ ਜੀਵਨ ਨੂੰ ਲਿਖਾਉਣ ਲਈ ਸਾਹਿਬ ਸਿੰਘ ਲਿਖਾਰੀ ਨੂੰ ਲਾਇਆ, ਆਪ ਬੋਲਦੇ ਗਏ ਅਤੇ ਸਾਰਾ

ਇਤਿਹਾਸ ਲਿਖਿਆ ਗਿਆ। ਆਪ ਬਾਬਾ ਬੁੱਢਾ ਜੀ ਦੇ ਪੜੋਤੇ ਸਨ, ਆਪ ਜੀ ਦਾ ਨਾਮ ਰਾਮ ਕੋਇਰ ਜੀ ਸੀ। ਮਹਾਂਪੁਰਸ਼ ਤਿੰਨਾਂ ਭਵਨਾਂ ਅਤੇ ਤਿੰਨਾਂ ਕਾਲਾਂ ਦੀ ਸੋਝੀ ਰਖਦੇ ਸਨ।

ਮਹਾਂਭਾਰਤ ਦਾ ਯੁੱਧ ਹੋ ਹਟਿਆ ਉਸ ਵੇਲੇ ਵੇਦ ਵਿਆਸ ਜੀ ਨੂੰ ਬੇਨਤੀ ਕੀਤੀ ਗਈ ਕਿ ਜੋ ਬਚਨ ਕ੍ਰਿਸ਼ਨ ਮਹਾਰਾਜ ਜੀ ਨੇ ਯੁੱਧ ਦੇ ਮੈਦਾਨ ਵਿਚ ਅਰਜਨ ਨੂੰ ਕਹੇ ਸਨ, ਕ੍ਰਿਪਾ ਕਰਕੇ ਉਹ ਆਪ ਲਿਖਤ ਵਿਚ ਲਿਆਵੋ। ਉਸ ਸਮੇਂ ਵਿਆਸ ਜੀ ਨੇ ਕਿਹਾ ਕਿ ਪ੍ਰੇਮੀਓ! ਜਦੋਂ ਇਹ ਬਚਨ ਕੁਰਕਸ਼ੇਤਰ ਦੇ ਮੈਦਾਨ ਵਿਚ ਹੋਏ ਸਨ, ਉਸ ਵੇਲੇ ਮੈਂ ਉਥੇ ਨਹੀਂ ਸੀ। ਹੁਣ ਕ੍ਰਿਸ਼ਨ ਮਹਾਰਾਜ ਜੀ ਵੀ ਬ੍ਰਹਮਲੀਨ ਹੋ ਚੁੱਕੇ ਹਨ ਤੇ ਅਰਜਨ ਵੀ ਜੋਤੀ ਲੀਨ ਹੋ ਗਿਆ ਹੈ। ਉਸ ਵੇਲੇ ਬੇਨਤੀ ਹੋਈ ਕਿ ਮਹਾਰਾਜ! ਤੁਸੀਂ ਤ੍ਰਿਕਾਲਦਰਸ਼ੀ ਮਹਾਂਪੁਰਸ਼ ਹੋ ਆਪ ਕ੍ਰਿਪਾ ਕਰੋ। ਯੋਗ ਬਲ ਨਾਲ ਵਿਆਸ ਜੀ ਨੇ ਉਹ ਸਮਾਂ ਜੋ ਲੰਘ ਚੁਕਿਆ ਸੀ ਜਿਸ ਨੂੰ ਭੂਤਕਾਲ ਕਹਿੰਦੇ ਹਨ, ਵਾਪਸ ਖਿੱਚ ਲਿਆ ਅਤੇ ਕ੍ਰਿਸ਼ਨ ਮਹਾਰਾਜ ਜੀ ਤੇ ਅਰਜਨ ਨੂੰ ਯੁੱਧ ਦੇ ਮੈਦਾਨ ਵਿਚ ਸਾਖਸ਼ਾਤ ਦੇਖਣ ਲੱਗੇ, ਜੋ ਬਚਨ ਉਨ੍ਹਾਂ ਨੇ ਕਹੇ ਉਹ ਵੇਦ ਵਿਆਸ ਜੀ ਨੇ ਆਪਣੀ ਯੋਗ ਮਾਇਆ ਦੇ ਬਲ ਕਰਕੇ ਪ੍ਰਮ ਪਵਿੱਤਰ ਗਿਆਨ ਦੇ ਭੰਡਾਰ ਗੀਤਾ ਜੀ ਦੇ ਰੂਪ ਵਿਚ ਪ੍ਰਗਟ ਕੀਤੇ। ਤ੍ਰਿਕਾਲਦਰਸ਼ੀ ਮਹਾਂਪੁਰਸ਼ਾਂ ਵਿਚ ਕਾਲ ਦੀ ਦੀਵਾਰ ਖੜ੍ਹੀ ਨਹੀਂ ਹੋਇਆ ਕਰਦੀ, ਉਹ ਹਜ਼ਾਰਾਂ ਸਾਲ ਪਹਿਲਾਂ ਹੋਇਆ ਵੀ ਜਾਣ ਸਕਦੇ ਹਨ ਅਤੇ ਸੈਂਕੜੇ ਸਾਲ ਪਿਛੋਂ ਹੋਣ ਵਾਲੇ ਹਾਲਾਤ ਭੀ ਪਹਿਲਾਂ ਹੀ ਵਰਨਣ ਕਰ ਸਕਦੇ ਹਨ।

ਏਮਨਾਬਾਦ ਦੇ ਯੁੱਧ ਤੋਂ ਪਹਿਲਾਂ ਗੁਰੂ ਮਹਾਰਾਜ ਜੀ ਨੇ ਸ਼ਬਦ ਉਚਾਰਿਆ ਸੀ –

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ॥***
***ਪਾਪ ਕੀ ਜੰਞ ਲੈ ਕਾਬਲਹੁ ਧਾਇਆ***
***ਜੋਰੀ ਮੰਗੈ ਦਾਨੁ ਵੇ ਲਾਲੋ॥***

***ਪੰਨਾ – 722***

ਇਹ ਘਟਨਾ ਵਾਪਰਨ ਤੋਂ 13 ਸਾਲ ਪਹਿਲਾਂ ਸ਼ਬਦ ਦਾ ਉਚਾਰਨ ਹੋਇਆ ਸੀ –

***ਕਾਇਆ ਕਪੜੁ ਟੁਕੁ ਟੁਕੁ ਹੋਸੀ***
***ਹਿੰਦੁਸਤਾਨੁ ਸਮਾਲਸੀ ਬੋਲਾ॥***

***ਪੰਨਾ – 723***

ਗੁਰੂ ਮਹਾਰਾਜ ਜੀ ਦੇ ਸਾਮ੍ਹਣੇ ਉਹ ਸਮਾਂ ਪ੍ਰਤੱਖ ਸੀ। ਮਾਤਾ ਜੀਤੋ ਜੀ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਅਨੰਦਪੁਰ ਸਾਹਿਬ ਦੇ ਕਿਲੇ ਦਾ ਛੱਡਣਾ, ਗੁਰੂ ਦਸ਼ਮੇਸ਼ ਪਿਤਾ ਜੀ ਦਾ ਮਾਛੀਵਾੜੇ ਮੀਂਹ ਨਾਲ ਗਿੱਲੀ ਹੋਈ ਹੋਈ ਧਰਤੀ ਉਪਰ ਬਿਨਾਂ ਵਸਤਰ ਤੋਂ ਪੈਣਾ ਵੇਖ ਲਿਆ ਸੀ। ਮਹਾਂਪੁਰਸ਼ਾਂ ਦੇ ਅੱਗੇ ਸਮਾਂ ਕੋਈ ਚੀਜ਼ ਨਹੀਂ ਹੋਇਆ ਕਰਦਾ ਕਿਉਂਕਿ ਉਨ੍ਹਾਂ ਨੂੰ ਤ੍ਰਿਭਵਣ ਦੀ ਸੋਝੀ ਹੋਇਆ ਕਰਦੀ ਹੈ ਅਤੇ ਮਹਾਂਪੁਰਸ਼ ਭੂਤ ਭਵਿੱਖਤ ਵਰਤਮਾਨ ਦੇ ਪੂਰੀ ਤਰ੍ਹਾਂ ਜਾਣੂ ਹੁੰਦੇ ਹਨ ਕੋਈ ਗੱਲ ਉਨ੍ਹਾਂ ਤੋਂ ਗੁੱਝੀ ਛੁਪੀ ਨਹੀਂ ਰਹਿੰਦੀ।

ਰਤਵਾੜਾ ਸਾਹਿਬ ਦਾ ਆਸ਼ਰਮ ਸ੍ਰੀ ਮਾਨ ਸੰਤ ਬਾਬਾ ਅਜੀਤ ਸਿੰਘ ਨਥਲਪੁਰ ਵਾਲਿਆਂ ਨੇ ਬਣਨ ਤੋਂ 26 ਸਾਲ ਪਹਿਲਾਂ ਵੇਖ ਕੇ ਚਾਹੜ ਮਾਜਰੇ ਦੇ ਮਿਹਰ ਸਿੰਘ ਨੂੰ ਦਸ ਦਿਤਾ ਕਿ ਐਹ ਟਿੱਬਿਆਂ ਦੀ ਥਾਂ ਇਕ ਸੁੰਦਰ ਅਸਥਾਨ ਬਣੇਗਾ ਪਰ ਸਮਾਂ ਦਸਣ ਤੋਂ ਪੂਰਾ ਸੰਕੋਚ ਰੱਖਿਆ। ਰਾੜਾ ਸਾਹਿਬ ਬਾਬਾ ਆਪੇ ਆਪਿ ਜੀ ਨੇ ਛੋਟੇ ਸੰਤ ਮਹਾਰਾਜ ਕਿਸ਼ਨ ਸਿੰਘ ਜੀ ਨੂੰ ਉਚੇ ਟਿੱਬੇ ਤੇ ਖੜ੍ਹੋ ਕੇ ਭਵਿੱਖਤ ਵਿਚ ਬਣਨ ਵਾਲੇ ਸਕੂਲ, ਕਾਲਜ, ਆਬਾਦੀ, ਸੜਕਾਂ, ਕਾਰਾਂ ਬੱਸਾਂ ਬਾਰੇ 1931-32 ਤੋਂ ਪਹਿਲਾਂ ਹੀ ਪੂਰੀ ਤਰ੍ਹਾਂ ਦਸ ਦਿਤਾ ਸੀ।

ਗੁਰੂ ਦਸ਼ਮੇਸ਼ ਪਿਤਾ ਜੀ ਨੇ ਦਮਦਮੇ ਸਾਹਿਬ ਆਪਣੇ ਅਨੁਭਵ ਤੋਂ ਹੀ ਸਾਰਾ ਗੁਰੂ ਗ੍ਰੰਥ ਸਾਹਿਬ ਦੁਬਾਰਾ ਲਿਖਾ ਦਿਤਾ। ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ ਨੂੰ ਲਿਖਾਰੀ ਬਣਾਇਆ, ਜਿੰਨੀ ਬਾਣੀ ਗੁਰੂ ਮਹਾਰਾਜ ਲਿਖਾਉਂਦੇ ਸਨ ਉਸ ਦੀ ਕਥਾ ਵੀ ਨਾਲ ਹੀ ਕਰਦੇ ਗਏ ਅਤੇ ਬਹੁਤ ਪ੍ਰੇਮੀਆਂ ਨੇ ਬ੍ਰਹਮਗਿਆਨ ਦੀ ਦਾਤ ਪ੍ਰਾਪਤ ਕੀਤੀ। ਮੈਂ ਇਥੇ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਵਿਦਿਆ ਦਾ ਜ਼ੋਰ ਹੋਣ ਕਰਕੇ ਪੰਜਾਬੀ ਜਾਨਣ ਵਾਲੇ ਸਿੱਖ ਸੰਪਰਦਾ ਵਿਚ ਬਹੁਤ ਪੜ੍ਹੇ ਲਿਖੇ, ਵੱਡੀਆਂ ਡਿਗਰੀਆਂ ਲੈਣ ਵਾਲੇ ਬਾਣੀ ਅਤੇ ਗੁਰੂਆਂ ਦੇ ਜੀਵਨ ਬਾਰੇ ਲਿਖ ਰਹੇ ਹਨ। ਬਹੁਤ ਸਾਰੇ ਪ੍ਰਚਾਰਕ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਇਹ ਬਾਣੀ ਤਾਂ ਕਬੀਰ ਜੀ ਆਦਿ ਭਗਤਾਂ ਦੀ ਹੈ। ਓਨਾਂ ਦਾ ਸ਼ੰਕਾ ਇਹ ਰਹਿੰਦਾ ਹੈ ਕਿ ਸਤਿਗੁਰੂ ਦੀ ਬਾਣੀ ਪ੍ਰਮਾਣੀਕ ਹੁੰਦੀ ਹੈ ਹੋਰ ਕਿਸੇ ਦੀ ਨਹੀਂ ਹੁੰਦੀ। ਭਗਤਾਂ ਦੀ ਬਾਣੀ ਨੂੰ ਕਹਿਣਗੇ ਕਿ ਉਹ ਵੈਸ਼ਨਵ ਸਨ। ਆਪ ਗੁਰੂ ਪਾਤਸ਼ਾਹ ਤੋਂ ਭੀ ਵੱਡੇ ਬਣ ਬਣ ਬੈਠਦੇ ਹਨ ਅਤੇ ਇਹ ਗੱਲ ਖੁਲ੍ਹਮ ਖੁਲ੍ਹਾ ਕਹਿੰਦੇ ਸੁਣੇ ਗਏ ਹਨ ਕਿ ਭਗਤਾਂ ਦੀ ਬਾਣੀ ਵਿਚ ਭਗਤਾਂ ਦੇ ਆਪਣੇ ਖਿਆਲ ਹਨ। ਉਹ ਮਾਸ ਖਾਣ ਬਾਰੇ ਕਹਿੰਦੇ ਹਨ ਕਿ 'ਹੇਰਾ ਰੋਟੀ ਕਾਰਣੇ ਗਲਾ ਕਟਾਵੈ ਕਉਣ' ਅਸੀਂ ਸ਼ੇਰ ਹਾਂ, ਸ਼ੇਰ ਦਾ ਖਾਜਾ ਮਾਸ ਹੈ। ਮਨੁੱਖ ਦੀ ਉਤਮ ਦੇਹੀ ਦੀ ਮਹਾਨਤਾ ਨੂੰ ਛੱਡ ਕੇ ਤਮੋ ਗੁਣੀ ਸ਼ੇਰ ਬਣ ਕੇ ਖੁਸ਼ ਹਨ। ਉਸ ਦੇ ਮਾਸ ਖਾਣ ਦੇ ਸੁਭਾਓ ਨੂੰ ਲੈ ਕੇ ਗੁਰਮਤਿ ਸਟੇਜਾਂ ਤੇ ਖੁਲਮ-ਖੁਲਾ ਕਹਿ ਰਹੇ ਹਨ ਅਤੇ ਭਗਤਾਂ ਦੀ ਬਾਣੀ ਨੂੰ ਸਤਿਗੁਰੂ ਦੀ ਬਾਣੀ ਨਹੀਂ ਮੰਨਦੇ। ਇਕ ਬੁਲਾਰੇ ਨੂੰ ਮੈਨੂੰ ਕਹਿਣਾ ਪਿਆ ਕਿ ਮਾਸ ਅਹਾਰੀ ਹੋਣ ਲਈ ਬਾਣੀ ਦੇ ਅਰਥਾਂ ਨੂੰ ਅਨਰਥਾਂ ਵਿਚ ਪੇਸ਼ ਕਰਕੇ ਸੰਗਤਾਂ ਨੂੰ ਨਾ ਭੁਲਾਵੋ। ਆਪਣੇ ਕੱਟੜ ਤੇ ਸੌੜੇ ਸੁਭਾਅ ਕਰਕੇ ਅਜਿਹਾ ਪ੍ਰਸ਼ਨ ਉਠਾਉਂਦੇ ਹੀ ਰਹਿੰਦੇ ਹਨ ਕਿ ਜੀ ਇਹ ਤਾਂ ਕਬੀਰ ਜੀ ਦੀ ਬਾਣੀ ਹੈ, ਇਹ ਨਾਮਦੇਵ ਦੀ ਬਾਣੀ ਹੈ। ਪਰ ਇਹ ਭੁੱਲ ਜਾਂਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੇ ਇਕ ਪੰਨੇ ਤੋਂ ਲੈ ਕੇ ਸਮਾਪਤੀ ਤਕ ਸਾਰੀ ਦੀ ਸਾਰੀ ਬਾਣੀ ਗੁਰੂ ਦਸ਼ਮੇਸ਼ ਪਾਤਸ਼ਾਹ ਦੇ ਮੁੱਖ ਤੋਂ ਉਚਾਰਨ ਹੋਈ ਹੈ। ਸੋ ਇਹ ਸਾਰੀ ਹੀ ਗੁਰਬਾਣੀ ਹੈ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਗੁਰੂ ਹਨ ਇਹਦੇ ਵਿਚ ਫਰਕ ਨਹੀਂ ਰਖਣਾ

ਚਾਹੀਦਾ ਕਿ ਕਿਹੜੇ ਗੁਰੂ ਨੇ ਬਾਣੀ ਉਚਾਰੀ ਹੈ, 'ਕਿਹੜੇ ਗੁਰੂ' ਕਹਿਣਾ ਹੀ ਬਹੁਤ ਭਾਰੀ ਭੁੱਲ ਹੈ। ਸਿੱਖ ਸੰਪਰਦਾ ਦਾ ਗੁਰੂ, ਗੁਰੂ ਪ੍ਰਮੇਸ਼ਰ ਇਕੋ ਰੂਪ ਗੁਰੂ ਨਾਨਕ ਜੀ ਹੀ ਹੋਇਆ ਹੈ ਜਿਸ ਨੇ 10 ਜਾਮੇ ਲੋੜ ਅਨੁਸਾਰ ਬਦਲ ਕੇ ਪ੍ਰਭੂ ਰਾਹੀਂ ਪ੍ਰਾਪਤ ਹੋਈ ਹੋਈ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਕੀਤੀ ਹੈ। ਸੋ ਇਸ ਕਰਕੇ ਬਾਣੀ ਵਿਚ ਇਹ ਭੇਦ ਭਾਵ ਪੈਦਾ ਨਹੀਂ ਹੋਣੇ ਚਾਹੀਦੇ। ਸੋ ਮੈਂ ਬੇਨਤੀ ਕਰਦਾ ਸੀ-

*ਦਰਿ ਸਾਚੈ ਦੀਸੈ ਸਚਿਆਰੁ ॥*
*ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ ॥*
*ਆਪੁ ਪਛਾਣਿ ਹਰਿ ਪਾਵੈ ਸੋਇ ॥*
*ਪੰਨਾ - 423*

ਗੁਰੂ ਦੀ ਸੇਵਾ ਕਰਨ ਨਾਲ ਜਿਸ ਨੂੰ ਸ਼੍ਰੋਮਣੀ ਤਪ ਆਖਿਆ ਗਿਆ ਹੈ, ਉਸ ਨਾਲ ਆਪਣੇ ਆਪ ਦੀ ਸੋਝੀ ਹੋ ਕੇ ਪਤਾ ਲੱਗ ਜਾਂਦਾ ਹੈ ਕਿ ਇਥੇ ਤਾਂ ਇਕੋ ਹੀ ਪ੍ਰੀਪੂਰਨ ਜੋਤ ਰਵ ਰਹੀ ਹੈ ਅਤੇ ਜਿਸ ਦੇ ਅੰਦਰ ਇਹ ਅਵਸਥਾ ਪ੍ਰਗਟ ਹੋ ਜਾਂਦੀ ਹੈ ਉਸ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥*
*ਪੰਨਾ - 1076*

ਸਾਨੂੰ ਤਾਂ ਇਹ ਵੀ ਪਤਾ ਨਹੀਂ ਲੱਗਿਆ ਕਿ ਮੈਂ ਕੌਣ ਹਾਂ? ਜਿਵੇਂ ਕਿ ਸਾਨੂੰ ਕੋਈ ਕਹੇ ਕਿ ਤੂੰ ਬਾਦਸ਼ਾਹ ਦਾ ਪੁੱਤਰ ਹੈਂ ਤਾਂ ਅਸੀਂ ਕਹਿੰਦੇ ਹਾਂ ਕਿ ਮੈਂ ਤਾਂ ਬਹੁਤ ਗਰੀਬ ਦਾ ਪੁੱਤਰ ਹਾਂ। ਦਰਅਸਲ ਅਸੀਂ ਆਤਮ ਸਹਿਜ਼ਾਦੇ ਹਾਂ, ਅਸੀਂ ਆਪਣੇ ਆਪ ਨੂੰ ਆਪਣੇ ਪਿਛੋਕੜ ਨੂੰ ਪੂਰੀ ਤਰ੍ਹਾਂ ਭੁੱਲੇ ਬੈਠੇ ਹਾਂ।

ਅਧਿਆਤਮਕ ਇਤਿਹਾਸ ਵਿਚ ਇਕ ਕਥਾ ਆਉਂਦੀ ਹੈ ਕਿ ਇਕ ਰਾਜਾ ਸੰਤਾਨ ਤੋਂ ਵਾਂਝਾ ਸੀ, ਅਨੇਕ ਜਤਨ ਕਰਨ ਉਪਰ ਵੀ ਉਸ ਦੇ ਕੋਈ ਓਲਾਦ ਨਾ ਹੋਈ। ਉਹ ਇਸੇ ਲਗਨ ਵਿਚ ਰਾਜ ਕਾਜ ਦੇ ਕੰਮਾਂ ਨੂੰ ਵੀ ਭੁੱਲ ਗਿਆ ਅਤੇ ਪੁੱਤਰ ਵਾਸ਼ਨਾ ਦੇ ਵਸ ਵਿਚ ਹੋਇਆ ਹੋਇਆ ਰਿਸ਼ੀਆਂ ਮੁਨੀਆਂ ਨੂੰ ਬੁਲਾ-ਬੁਲਾ ਕੇ ਬੇਨਤੀਆਂ ਕਰਦਾ ਰਹਿੰਦਾ ਸੀ। ਅਖੀਰ ਉਸ ਦੇ ਇਕ ਪੁੱਤਰ ਹੋਇਆ, ਉਸ ਵੇਲੇ ਜੋਤਸ਼ੀਆਂ ਨੇ ਕਿਹਾ ਕਿ ਜੇ ਤੂੰ ਇਸ ਪੁੱਤਰ ਦੇ ਮੱਥੇ ਲਗਿਆ ਤਾਂ ਇਹ ਸ਼ੁਭ ਸ਼ਗਨ ਨਹੀਂ ਹੋਵੇਗਾ, ਬਹੁਤ ਵੱਡਾ ਨੁਕਸਾਨ ਸਹਿਣਾ ਪਵੇਗਾ। ਅਸੀਂ ਤੈਨੂੰ ਜੋਤਸ਼ ਦੇ ਬਲ ਨਾਲ ਦਸਦੇ ਹਾਂ ਕਿ ਤੂੰ 18 ਸਾਲ ਇਸ ਲੜਕੇ ਦੇ ਮੱਥੇ ਨਾ ਲੱਗੀਂ।

ਉਸ ਵੇਲੇ ਰਾਜੇ ਨੇ ਬਹੁਤ ਵਿਉਂਤਾਂ ਬਣਾਈਆਂ। ਰਾਜ ਪੰਡਤਾਂ, ਜੋਤਸ਼ੀਆਂ, ਵਜ਼ੀਰਾਂ ਨੇ ਇਕ ਵਿਉਂਤ ਬਣਾਈ ਜਿਸ ਅਨੁਸਾਰ ਇਕ ਬਕਸਾ ਕਿਸ਼ਤੀ ਦੀ ਸ਼ਕਲ ਦਾ ਬਣਾਇਆ ਗਿਆ, ਉਸ ਬਕਸੇ ਵਿਚ ਬੇਅੰਤ ਧਨ ਰੱਖਿਆ ਗਿਆ, ਬੇਅੰਤ ਕਿਸਮ ਦੇ ਗਹਿਣੇ ਰੱਖੇ, ਉਹ ਇਸ ਖਿਆਲ ਨਾਲ ਰੱਖੇ ਗਏ ਕਿ ਜੇ ਕੋਈ ਬਕਸਾ ਖੋਲ੍ਹੇਗਾ ਤਾਂ ਇਸ ਧਨ ਦੇ ਨਾਲ ਬੱਚੇ ਦਾ ਪਾਲਣ ਪੋਸ਼ਣ ਸੋਹਣੇ ਢੰਗ ਨਾਲ ਕਰ ਸਕੇਗਾ। ਇਕ ਲਿਖਤ ਲਿਖੀ ਗਈ ਕਿ ਐ ਬੇਟਾ! ਸ਼ਗਨ ਵਿਚਾਰ ਕੇ ਤੈਨੂੰ ਬਕਸੇ ਵਿਚ ਬੰਦ ਕਰਕੇ ਤੇਰੇ ਪਿਤਾ ਰਾਜੇ ਨੇ ਛੱਡਿਆ ਹੈ, ਕਿਉਂਕਿ 18 ਸਾਲ ਤੇਰੇ ਮੱਥੇ ਲਗਣ ਨਾਲ ਉਸ ਦਾ ਬਹੁਤ ਵੱਡਾ ਨੁਕਸਾਨ ਹੋ ਜਾਣਾ ਸੀ। ਤੂੰ ਇਕ ਰਾਜ ਪੁੱਤਰ ਹੈਂ, ਗੱਦੀ ਦਾ ਵਾਰਸ ਹੈਂ, ਜਦੋਂ ਤੂੰ 18 ਸਾਲ ਦਾ ਹੋ ਜਾਵੇਂਗਾ ਉਸ ਵੇਲੇ ਤੈਨੂੰ ਰਾਜ ਮਹਿਲਾਂ ਵਿਚ ਬੁਲਾ ਕੇ ਤਖਤ ਉਪਰ ਬਿਠਾਇਆ ਜਾਵੇਗਾ। ਇਸ ਚਿੱਠੀ ਨੂੰ ਇਕ ਤਵੀਤ ਦੇ ਵਿਚ ਮੜ੍ਹ ਦਿਤਾ ਅਤੇ ਇਕ ਚਿੱਠੀ ਨਾਲ ਇਹ ਵੀ ਲਿਖ ਦਿਤਾ ਕਿ ਜੋ ਇਸ ਬੱਚੇ ਨੂੰ ਪਾਲੇਗਾ ਉਹ ਇਸ ਸਾਰੇ ਧਨ ਦਾ ਮਾਲਕ ਹੋਵੇਗਾ। ਬਕਸੇ ਨੂੰ ਦਰਿਆ ਵਿਚ ਰੋੜ੍ਹ ਦਿਤਾ, ਉਸ ਦਰਿਆ ਵਿਚ ਬਕਸਾ ਦਿਨੇ ਵੀ ਚਲਦਾ ਸੀ ਅਤੇ ਰਾਤ ਨੂੰ ਵੀ ਚਲਦਾ ਸੀ। ਰਾਜੇ ਨੇ ਗੁਪਤ ਰੂਪ ਵਿਚ ਆਪਣੇ ਗੁਪਤਚਰ ਇਸਦੀ ਨਿਗਰਾਨੀ ਕਰਨ ਲਈ ਦਰਿਆ ਦੇ ਕੰਢੇ ਤੋਰ ਦਿਤੇ ਅਤੇ ਤਾਕੀਦ ਕਰ ਦਿਤੀ ਕਿ ਤੁਸੀਂ ਇਹ ਦੇਖਦੇ ਰਹਿਣਾ ਕਿ ਇਸ ਬਕਸੇ ਨੂੰ ਕੌਣ ਕਢਦਾ ਹੈ। ਦਰਿਆ ਜੰਗਲ ਵਿਚੋਂ ਵਹਿ ਰਿਹਾ ਸੀ। ਕਾਫੀ ਦੂਰ ਜੰਗਲ ਵਿਚ ਭੀਲਾਂ ਦੀ ਬਸਤੀ ਸੀ। ਇਕ ਭੀਲ ਦਰਿਆ ਦੇ ਕੰਢੇ ਆਇਆ, ਉਸ ਨੇ ਕੋਈ ਚੀਜ਼ ਰੁੜ੍ਹੀ ਆਉਂਦੀ ਦੇਖੀ। ਬਕਸਾ ਬੜਾ ਸੁੰਦਰ ਸੀ, ਚਮਕਦਾਰ ਸੀ। ਉਸ ਨੇ ਦਰਿਆ ਵਿਚ ਛਾਲ ਮਾਰੀ ਤੇ ਬਕਸੇ ਨੂੰ ਰੋੜ੍ਹ ਕੇ ਕੰਢੇ ਉਤੇ ਲੈ ਆਇਆ, ਉਸ ਨੇ ਉਸ ਨੂੰ ਉਥੇ ਹੀ ਖੋਲ੍ਹਿਆ ਅਤੇ ਧਨ ਦੇਖ ਕੇ ਬੇਅੰਤ ਖੁਸ਼ ਹੋ ਗਿਆ, ਹੈਰਾਨ ਹੋ ਗਿਆ ਕਿ ਐਨਾ ਧਨ ਇਸ ਵਿਚ ਪਾਇਆ ਗਿਆ ਹੈ ਅਤੇ ਨਾਲ ਹੀ ਬਹੁਤ ਹੀ ਸੁੰਦਰ ਬਾਲ ਅੰਗੂਠਾ ਚੁੰਘਦਾ ਇਸ ਵਿਚ ਲੇਟਿਆ ਹੋਇਆ ਹੈ। ਐਸਾ ਸੰਜੋਗ ਹੋਇਆ ਕਿ ਉਸਦੇ ਘਰ ਓਲਾਦ ਨਹੀਂ ਸੀ, ਉਸ ਨੇ ਧੰਨਵਾਦ ਕੀਤਾ ਕਿ ਹੇ ਪ੍ਰਭੂ! ਤੂੰ ਮੇਰੀਆਂ ਸਾਰੀਆਂ ਇਛਾਵਾਂ ਪੂਰੀਆਂ ਕਰ ਦਿਤੀਆਂ, ਮੇਰੇ ਘਰ ਬਾਲ ਨਹੀਂ ਸੀ ਉਹ ਵੀ ਤੂੰ ਮੈਨੂੰ ਦੇ ਦਿਤਾ ਅਤੇ ਐਨਾ ਧਨ ਦੇ ਦਿਤਾ ਕਿ ਜੋ ਕਈ ਪੁਸ਼ਤਾਂ ਨਹੀਂ ਮੁਕਣਾ। ਗੁਪਤਚਰਾਂ ਨੇ ਸਭ ਕੁਝ ਦੇਖ ਲਿਆ ਸੀ। ਉਸ ਭੀਲ ਦਾ ਪਤਾ ਉਸ ਰਾਜੇ ਨੂੰ ਦੇ ਦਿਤਾ ਅਤੇ ਗੁਪਤ ਰੂਪ ਵਿਚ ਨਿਗਰਾਨੀ ਕਰਦੇ ਰਹੇ।

ਉਸ ਬੱਚੇ ਨੇ ਭੀਲ ਪਾਲਕ ਨੂੰ ਪਿਤਾ ਰੂਪ ਜਾਣ ਕੇ ਪਿਆਰ ਕੀਤਾ ਅਤੇ ਉਸ ਨੇ ਵੀ ਬਹੁਤ ਲਾਡ ਨਾਲ ਇਸ ਨੂੰ ਪਾਲਿਆ। ਬੱਚਾ ਬਹੁਤ ਹੋਣਹਾਰ ਸੀ, ਉਸ ਨੇ ਆਪਣੇ ਪਿਤਾ ਦੇ ਸਾਰੇ ਕੰਮ ਸਿੱਖ ਲਏ ਅਤੇ ਪੂਰੀ ਨਿਪੁੰਨਤਾ ਨਾਲ ਕੰਮ ਕਰਨ ਲੱਗਿਆ। ਸਮਾਂ ਲੰਘਦਾ ਗਿਆ ਅਤੇ 18 ਸਾਲ ਪੂਰੇ ਹੋ ਗਏ। ਉਸ ਨੂੰ ਅਧਿਆਸ ਪੱਕ ਗਿਆ ਕਿ ਮੈਂ ਭੀਲ ਦਾ ਲੜਕਾ ਹਾਂ, ਮੈਂ ਭੀਲ ਕੌਮ ਵਿਚ ਪੈਦਾ ਹੋਇਆ ਹਾਂ।

ਰਾਜੇ ਨੇ 18 ਸਾਲ ਪਿਛੋਂ ਸਿਆਣੇ ਬੰਦੇ ਉਥੇ ਭੇਜ ਦਿਤੇ ਤਾਂ ਕਿ ਉਹ ਭੀਲ ਦੇ ਘਰ ਵਿਚ ਪਲ ਰਹੇ ਰਾਜਕੁਮਾਰ ਨੂੰ ਅਸਲੀਅਤ ਪ੍ਰਗਟ ਕਰਕੇ ਦਸਣ ਕਿ ਉਹ ਰਾਜਕੁਮਾਰ ਹੈ, ਰਾਜਕੁਮਾਰ ਦਾ ਇਹ ਅਧਿਆਸ ਟੁੱਟ ਜਾਵੇ ਕਿ ਮੈਂ ਭੀਲ ਦਾ ਲੜਕਾ ਹਾਂ। ਉਹ ਸੱਜਣ ਉਸ ਨੂੰ ਯਾਦ ਕਰਾਉਂਦੇ ਸਨ ਕਿ ਕਾਕਾ! ਤੂੰ ਭੀਲ ਦਾ ਪੁੱਤਰ ਨਹੀਂ, ਰਾਜਕੁਮਾਰ ਹੈਂ। ਉਹ ਬੱਚਾ ਕਿਸੇ ਤਰ੍ਹਾਂ ਵੀ ਇਹ ਗੱਲ ਮੰਨਣ ਲਈ ਤਿਆਰ ਨਹੀਂ ਸੀ, ਉਹ ਇਕੋ ਗੱਲ ਕਹਿੰਦਾ ਸੀ ਕਿ ਮੈਂ ਆਪਣੇ ਇਸ ਪਿਤਾ ਦਾ ਪੁੱਤਰ ਭੀਲ ਹਾਂ, ਮੈਂ ਰਾਜੇ ਦਾ ਪੁਤਰ ਨਹੀਂ ਹਾਂ। ਉਸ ਸਮੇਂ ਉਹ ਰਾਜੇ ਪਾਸ ਵਾਪਸ ਗਏ ਅਤੇ ਬੇਨਤੀ ਕੀਤੀ ਕਿ ਮਹਾਰਾਜ! ਅਸੀਂ ਉਸ ਨੂੰ ਬਹੁਤ ਯਾਦ ਕਰਾਇਆ ਕਿ ਤੂੰ ਰਾਜੇ ਦਾ ਪੁਤਰ ਹੈਂ ਪਰ ਉਹ ਮੰਨਦਾ ਨਹੀਂ ਹੈ। ਉਸ ਵੇਲੇ ਰਾਜੇ ਨੇ ਉਸ ਭੀਲ ਨੂੰ ਲੜਕੇ ਅਤੇ ਸਾਰੇ ਪਰਿਵਾਰ ਸਮੇਤ ਬੁਲਾ ਲਿਆ। ਭੀਲ ਨੂੰ ਰਾਜੇ ਨੇ ਕਿਹਾ ਕਿ ਤੂੰ ਇਹ ਦੱਸ ਇਹ ਤੇਰਾ ਬੱਚਾ ਹੈ? ਸੱਚ ਬੋਲੀਂ, ਜੇ ਝੂਠ ਬੋਲਿਆ ਅਸੀਂ ਸਖਤ ਸਜ਼ਾ ਦੇਵਾਂਗੇ ਕਿਉਂਕਿ ਸਾਨੂੰ ਹਰ ਗੱਲ ਦਾ ਪਤਾ ਹੈ, ਮੇਰੇ ਗੁਪਤਚਰ ਤੇਰੇ ਤੇ ਹਮੇਸ਼ਾ ਨਿਗ੍ਹਾ ਰਖਦੇ ਸਨ। ਉਸ ਵੇਲੇ ਉਸ ਨੇ ਆਪਣੀ ਵਿਥਿਆ ਦਸਣੀ ਸ਼ੁਰੂ ਕੀਤੀ ਕਿ ਮਹਾਰਾਜ! ਮੈਂ ਬਹੁਤ ਗਰੀਬ ਬੰਦਾ ਹਾਂ। ਮੈਂ ਸ਼ਿਕਾਰ ਖੇਲ੍ਹ ਕੇ ਆਪਣਾ ਗੁਜ਼ਾਰਾ ਕਰਿਆ ਕਰਦਾ ਸੀ ਅਤੇ ਥੋੜ੍ਹੀ ਬਹੁਤ ਫਸਲ ਵੀ ਬੀਜ ਲੈਂਦਾ ਸੀ। ਇਕ ਦਿਨ ਮੈਂ ਸ਼ਿਕਾਰ ਲਈ ਗਿਆ ਅਤੇ ਦਰਿਆ ਵਿਚ ਇਕ ਬਕਸਾ ਰੁੜ੍ਹਦਾ ਆਉਂਦਾ ਦੇਖਿਆ। ਮੈਂ ਤੈਰ ਕੇ ਇਸ ਨੂੰ ਕੰਢੇ ਤੇ ਲੈ ਆਇਆ, ਇਸ ਵਿਚੋਂ ਇਹ ਬੱਚਾ ਨਿਕਲਿਆ ਜੋ 18 ਸਾਲ ਦਾ ਹੋ ਕੇ ਆਪ ਦੇ ਸਾਮ੍ਹਣੇ ਖੜ੍ਹਾ ਹੈ। ਇਸ ਵਿਚੋਂ ਇਕ ਪਤਰਕਾ ਨਿਕਲੀ ਜਿਸ ਵਿਚ ਲਿਖਿਆ ਹੋਇਆ ਸੀ ਇਹ ਤਵੀਤ ਇਸ ਬੱਚੇ ਦੇ ਗਲ ਵਿਚ ਪਾਇਆ ਜਾਵੇ, ਇਹ ਬੱਚੇ ਲਈ ਵੀ ਅਤੇ ਜੋ ਇਸ ਨੂੰ ਪਾਲੇਗਾ ਉਸ ਲਈ ਵੀ ਲਾਹੇਵੰਦ ਹੋਵੇਗਾ। ਸੋ ਜਦੋਂ ਇਹ ਜਵਾਨ ਹੋਇਆ ਮੈਂ ਇਸਦੇ ਗਲ ਵਿਚ ਪਾ ਦਿਤਾ। ਮੈਂ ਬਿਲਕੁਲ ਨਹੀਂ ਜਾਣਦਾ ਕਿ ਇਹ ਕਿਸ ਦਾ ਲੜਕਾ ਹੈ, ਮੈਂ ਤਾਂ ਸਿਰਫ ਪਾਲਣਹਾਰ ਹਾਂ। ਪੁੱਤਰ ਸਮਝ ਕੇ ਮੈਂ ਇਸ ਨੂੰ ਪਾਲਿਆ ਹੈ। ਉਸ ਵੇਲੇ ਲੜਕੇ ਨੂੰ ਕਿਹਾ ਕਿ ਹੁਣ ਤਾਂ ਪਤਾ ਲੱਗ ਗਿਆ ਕਿ ਇਹ ਤੇਰਾ ਪਿਤਾ ਨਹੀਂ। ਉਸ ਵੇਲੇ ਉਸ ਨੇ ਕਿਹਾ ਕਿ ਇਹ ਦੱਸੋ ਫੇਰ ਮੇਰਾ ਪਿਤਾ ਕੌਣ ਹੈ? ਜੋ ਤਵੀਤ ਉਸ ਦੇ ਗਲੇ ਵਿਚ ਪਾਇਆ ਹੋਇਆ ਸੀ, ਗਹਿਣੇ ਬਣਾਉਣ ਵਾਲਿਆਂ ਤੋਂ ਖੁਲ੍ਹਵਾਇਆ ਗਿਆ ਉਸ ਵਿਚੋਂ ਚਿੱਠੀ ਨਿਕਲੀ ਕਿ ਬੇਟਾ! ਤੂੰ ਰਾਜਾ ਹੈਂ ਤੂੰ ਮੇਰਾ ਪੁਤਰ ਹੈਂ, ਜੋਤਸ਼ੀਆਂ ਦੇ ਕਹਿਣ ਮੁਤਾਬਿਕ ਤੈਨੂੰ ਮਹਿਲਾਂ ਤੋਂ, ਰਾਜ ਤੋਂ ਦੂਰ ਰੱਖਿਆ। ਹੁਣ 18 ਸਾਲ ਲੰਘ ਚੁੱਕੇ ਹਨ, ਤੂੰ ਹੁਣ ਪਛਾਣ, ਤੂੰ ਰਾਜੇ ਦਾ ਲੜਕਾ ਹੈਂ। ਐਨਾ ਕੁਝ ਪ੍ਰਤੱਖ ਦਿਖਾਉਣ ਉਪਰੰਤ ਵੀ ਉਸ ਲੜਕੇ ਦਾ ਨਿਸ਼ਚਾ ਡਾਵਾਂਡੋਲ ਰਿਹਾ ਉਹ ਸੋਚਦਾ ਰਿਹਾ ਕਿ ਇਹ ਸਭ ਕੁਝ ਛਲ ਤਾਂ ਨਹੀਂ ਹੈ। ਪਰ ਸਾਰਿਆਂ ਦੇ ਕਹਿਣ ਤੇ ਉਸ ਨੂੰ ਅਮੰਨਾ ਹੋਇਆ ਕਿ ਜਦੋਂ ਉਸ ਦੇ ਪਾਲਕ ਭੀਲ ਤੇ ਉਸਦੀ ਪਤਨੀ ਨੇ ਕਿਹਾ ਕਿ ਬੇਟਾ! ਉਹ ਬਕਸਾ ਆਪਣੇ ਘਰ ਵਿਚ ਪਿਆ ਹੈ, ਤੂੰ ਦੇਖਦਾ ਹੀ ਹੈਂ, ਇਹ ਗੱਲ ਅਸੀਂ ਬਹੁਤ ਗੁਪਤ ਰੱਖੀ। ਤੂੰ ਰਾਜੇ ਦਾ ਪੁੱਤਰ ਹੀ ਹੈਂ। ਅਸੀਂ ਤਾਂ ਤੇਰੇ ਪਾਲਣਹਾਰ ਹਾਂ। ਉਸ ਦਾ ਮਨ ਬਹੁਤ ਮੁਸ਼ਕਲ ਨਾਲ ਮੰਨਿਆ ਕਿਉਂਕਿ ਉਸ ਦਾ ਭੀਲ ਨਾਲ ਪਿਤਾ ਤੇ ਉਸ ਦੀ ਪਤਨੀ ਨਾਲ ਮਾਤਾ ਵਾਲਾ ਪਿਆਰ ਸੀ। ਬਾਵਜੂਦ ਇਸਦੇ ਕਿ ਉਸ ਨੂੰ ਇਹ ਪਤਾ ਲਗ ਗਿਆ ਕਿ ਮੈਂ ਰਾਜੇ ਦਾ ਪੁੱਤਰ ਹਾਂ ਪਰ ਉਸਦਾ ਅਧਿਆਸ ਮੁੜ-ਮੁੜ ਕੇ ਪੁਰਾਣੇ ਸੰਸਕਾਰਾਂ ਵਲ ਹੀ ਧੱਕਾ ਦੇ ਰਿਹਾ ਸੀ।

ਸੋ ਸਾਧਸੰਗਤ ਜੀ! ਇਹ ਕਥਾ ਹੈ ਜਿਸ ਵਿਚ ਇਕ ਬਹੁਤ ਹੀ ਮਹਾਨ ਕੀਮਤੀ ਉਪਦੇਸ਼ ਹੈ, ਉਸ ਉਪਰ ਯਕੀਨ ਕਰੋ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ! ਆਪਣੇ ਆਪ ਨੂੰ ਪਛਾਣੋ ਤਾਂ ਕਿ ਤੁਹਾਨੂੰ ਸੋਝੀ ਹੋ ਜਾਵੇ ਕਿ ਤੁਸੀਂ ਕੌਣ ਹੋ। ਗੁਰੂ ਮਹਾਰਾਜ ਜੀ ਦਸਦੇ ਹਨ ਕਿ ਐ ਮਨੁੱਖ! ਤੂੰ ਪੰਜ ਤੱਤ ਦੀ ਦੇਹ ਨਹੀਂ ਹੈਂ, ਪੰਜ ਤੱਤਾਂ ਵਿਚੋਂ ਕੋਈ ਤੱਤ ਨਹੀਂ ਹੈਂ, ਪੰਜ ਗਿਆਨ ਇੰਦ੍ਰੀਆਂ ਵਿਚੋਂ ਨਾ ਅੱਖ, ਕੰਨ, ਨੱਕ, ਮੂੰਹ ਹੈਂ, ਨਾ ਮਲਮੂਤਰ ਦਾ ਕੋਈ ਇੰਦਰਾ ਹੈਂ, ਇਹ ਸਰੀਰ ਤੈਨੂੰ ਸਫਰ ਕਰਨ ਲਈ ਪ੍ਰਭੂ ਨੇ ਦਿਤਾ ਹੈ। ਇਸ ਵਿਚ ਪੰਜ ਪ੍ਰਾਣ ਚਲਦੇ ਹਨ ਇਨ੍ਹਾਂ ਪੰਜਾਂ ਵਿਚੋਂ ਨਾ ਤੂੰ ਕੋਈ ਪ੍ਰਾਣ - ਪ੍ਰਾਣ, ਉਦਾਨ, ਅਪਾਨ, ਬਿਆਨ, ਸਮਾਨ ਹੈਂ। ਇਹ ਇਸ ਸਰੀਰ ਵਿਚ ਸ਼ਕਤੀਆਂ ਹਨ ਜਿਨ੍ਹਾਂ ਦੇ ਆਸਰੇ ਇਹ ਆਪਣਾ ਸਫਰ ਕਰ ਰਿਹਾ ਹੈ। ਫੁਰਨੇ ਕਰਨ ਵਾਲਾ ਮਨ ਵੀ ਤੂੰ ਨਹੀਂ ਹੈਂ, ਉਨ੍ਹਾਂ ਫੁਰਨਿਆਂ ਦਾ ਨਰੀਖਣ ਕਰਨ ਵਾਲੀ ਬੁੱਧੀ ਵੀ ਤੂੰ ਨਹੀਂ ਹੈਂ, ਤੂੰ ਚਿੱਤ ਵੀ ਨਹੀਂ ਹੈਂ ਤੇ ਜਿਹੜਾ ਕੁਝ ਤੂੰ ਆਪਣੇ ਆਪ ਨੂੰ ਸਮਝਦਾ ਹੈਂ ਉਹ ਵੀ ਤੂੰ ਨਹੀਂ ਹੈਂ। ਜਿਸ ਨੂੰ ਤੂੰ ਆਪਣਾ ਆਪ ਸਮਝਦਾ ਹੈਂ ਉਹ ਸਰੀਰ ਨਾਲ ਸੰਮਿਲਤ ਹੈ। ਉਸ ਨੂੰ ਤੂੰ ਮੈਂ ਕਹਿੰਦਾ ਹੈਂ, ਅਹੰ ਕਹਿੰਦਾ ਹੈਂ, ਇਹ ਅਹੰ ਤੋਂ ਉਤੇ ਜੋ ਕੁਝ ਹੈ ਉਸ ਨੂੰ ਤੂੰ ਨਹੀਂ ਜਾਣਦਾ। ਇਹ ਉਹ ਸ਼ਕਤੀ ਹੈ ਜੋ ਪ੍ਰੀਪੂਰਨ ਹੈ ਅਤੇ ਜੋ ਸਾਰਿਆਂ ਸਰੀਰਾਂ ਨੂੰ ਪਾਲਦੀ ਹੈ, ਜਿਸ ਦੀ ਸਤਾ ਨਾਲ ਇਹ ਸਰੀਰ ਚਲ ਰਹੇ ਹਨ, ਉਹ ਸਦਾ ਅਨੰਦ ਰਹਿਣ ਵਾਲੀ ਅਚਾਹ, ਇਕ ਰਸ, ਦੁਖ ਸੁਖ ਤੋਂ ਉਪਰ, ਭਲੇ ਬੁਰੇ ਤੋਂ ਨਿਆਰੀ ਆਤਮਾ ਹੈ ਪਰ ਗਲਤੀ ਨਾਲ ਜਿਵੇਂ ਰਾਜੇ ਦਾ ਪੁੱਤਰ, ਭੀਲਾਂ ਨਾਲ ਸਬੰਧ ਹੋਣ ਕਰਕੇ ਆਪਣੇ ਆਪ ਨੂੰ ਭੀਲ ਹੀ ਮੰਨਦਾ ਰਿਹਾ, ਇਸੇ ਤਰ੍ਹਾਂ ਤੇਰਾ ਮਾਇਆ ਨਾਲ ਸਬੰਧ ਹੋਣ ਕਰਕੇ ਤੂੰ ਆਪਣੇ ਆਪ ਨੂੰ ਜੋਤੀ ਦੀ ਥਾਂ ਪੰਜ ਤੱਤ ਦੀ ਦੇਹ ਮੰਨ ਰਿਹਾ ਹੈਂ। ਤੂੰ ਆਪਣੇ ਆਪ ਨੂੰ ਪਛਾਣ। ਇਹ ਜੀਵ ਭੀਲ ਵਾਂਗੂੰ ਸਮਝਦਾ ਹੈ ਕਿ ਮੇਰਾ ਸਬੰਧ ਮੇਰੇ ਮਾਂ-ਬਾਪ, ਪੁੱਤਰ, ਮੇਰੀ ਨੌਕਰੀ, ਮੇਰੇ ਘਰ, ਮੇਰੇ ਸਰੀਰ ਨਾਲ ਹੀ ਹੈ। ਇਹ ਕਹਿੰਦੇ ਹਨ ਕਿ ਸਰੀਰ ਮਰ ਜਾਂਦਾ ਹੈ,

ਆਤਮਾ ਅਮਰ ਹੈ ਪਰ ਮੈਂ ਇਹ ਗੱਲ ਨਹੀਂ ਮੰਨਦਾ, ਮੈਂ ਸਰੀਰ ਹਾਂ। ਸਰੀਰ ਦਾ ਸਬੰਧ ਬਾਲ-ਬੱਚਿਆਂ ਨਾਲ ਹੈ, ਮੈਂ ਆਪਣੇ ਆਪ ਨੂੰ ਸਰੀਰ ਹੀ ਮੰਨਦਾ ਹਾਂ। ਸੰਤ ਮਹਾਂਪੁਰਸ਼ ਅਨੇਕ ਤਰੀਕਿਆਂ ਨਾਲ ਸਮਝਾਉਂਦੇ ਹਨ ਪਰ ਇਹ ਮੰਨ ਨਹੀਂ ਰਿਹਾ। ਮਹਾਰਾਜ ਜੀ ਫੁਰਮਾਨ ਕਰਦੇ ਹਨ ਪਿਆਰਿਆ! ਜੇ ਤੂੰ ਗੁਰੂ ਦੀ ਸੱਚੀ ਬਾਣੀ ਨੂੰ ਮੰਨ ਲਵੇਂ ਤਾਂ ਵਾਹਿਗੁਰੂ ਜੀ ਦਾ ਮਹਿਲ ਪ੍ਰਾਪਤ ਹੋ ਜਾਵੇਗਾ।

*ਸਾਚੀ ਬਾਣੀ ਮਹਲੁ ਪਰਾਪਤਿ ਹੋਇ॥*
*ਪੰਨਾ - 423*

ਇਹ ਮਹਲ ਇਸੇ ਸਰੀਰ ਵਿਚ ਹੈ। ਇਸ ਸਰੀਰ ਦੀ ਬਣਤਰ ਨੂੰ ਸਮਝ -

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ*
*ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ*
*ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ*
*ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ॥*
*ਪੰਨਾ - 954*

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥*
*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ ਤੂ*
*ਸਚੁ ਸਚੇ ਸੇਵਾ ਤੇਰੀ ਹੋਤਿ॥*
*ਪੰਨਾ - 309*

ਤੈਨੂੰ ਇਹ ਸੋਝੀ ਗੁਰੂ ਦੀ ਸੇਵਾ ਕਰਨ ਨਾਲ ਪ੍ਰਾਪਤ ਹੋਵੇਗੀ ਇਹ ਜਿਹੜਾ ਅਸਾਨੂੰ ਸਰੀਰ ਮਿਲਿਆ ਹੋਇਆ ਹੈ ਇਸ ਵਿਚ ਸੱਚੀ ਟਕਸਾਲ ਹੈ, ਜਿਥੇ ਸੱਚੀ ਬਾਣੀ ਦੇ ਸ਼ਬਦ ਦੀ ਘਾੜਤ ਹੁੰਦੀ ਹੈ, ਉਹਦੀ ਪ੍ਰਾਪਤੀ ਹੋ ਜਾਂਦੀ ਹੈ ਫੇਰ ਓਹਦਾ ਫਲ ਕਿੰਨਾ ਹੁੰਦਾ ਹੈ -

*ਗੁਰ ਸੇਵਾ ਤੇ ਸਭ ਕੁਲ ਉਧਾਰੇ॥*
*ਨਿਰਮਲ ਨਾਮੁ ਰਖੈ ਉਰਿਧਾਰੇ॥*
*ਪੰਨਾ - 423*

*ਬ੍ਰਹਮਵਿਤ ਮਾਤ੍ਰੇਣ ਏਕੋਤ੍ਰ*
*ਸ਼ਤੰ ਕੁਲਾਂ ਤਾਰਯਤੀ (ਪੇਂਗਲੋਪਨਿਸ਼ਦ)*

*ਕੁਲ ਓਧਾਰਹਿ ਆਪਣਾ,*
*ਧੰਨੁ ਜਣੇਦੀ ਮਾਇ॥ ਪੰਨਾ - 28*

*ਕੁਲਮ ਪਵਿਤ੍ਰਮ ਜਨਨੀ ਕ੍ਰਿਤਾਰਥਾ,*
*ਬਸੁੰਧਰਾ ਪੁਣਜਵਤੀ ਚਤੇਨ*
*ਅਪਾਰ ਸੰਵਿਤ ਸੁਖ ਸਾਗਰੇ,*
*ਅਸਮਿਨ ਲੀਨੰ ਪਰੇ ਬ੍ਰਹਮਣੀ ਯਮਯ*
*ਚੇਤਹ (ਸਕੰਦ ਪੁਰਾਣ)*

*ਪਿਤਾ ਸਾਚ ਚੌਬੀਸ,*

*ਬੀਸ ਮਾਤਾ ਕੇ ਜਾਨੋ।*
*ਖੋੜਸ ਤੁਲਾ ਮਹਾਨ,*
*ਦੁਆਦਸ ਸੁਤਾ ਪਹਿਚਾਨੋ।*
*ਏਕਾਦਸ ਕੁਲ ਭੈਣ ਦਸ ਭੂਆ ਕੇ ਲੇਖੇ।*
*ਮਾਤ ਭੈਣ ਕੁਲ ਆਠ*
*ਸ਼ਤ੍ਰੀ ਸਿੰਮ੍ਰਤੀ ਪੇਖੇ।*
*(ਪੰਨਾ 33, ਕਥਾ ਨਰਾਇਣ ਹਰੀ)*

ਇਕ ਕੁਲ ਨਹੀਂ, 20 ਕੁਲਾਂ ਨਾਨਕਿਆਂ ਦੀਆਂ, 24 ਕੁਲਾਂ ਦਾਦਕਿਆਂ ਦੀਆਂ, 16 ਜਿਥੇ ਵਿਆਹਿਆ ਹੋਵੇ, 12 ਜਿਥੇ ਲੜਕਾ-ਲੜਕੀ ਵਿਆਹੇ ਹੁੰਦੇ ਨੇ, 11 ਜਿਥੇ ਭੈਣ ਵਿਆਹੀ ਹੁੰਦੀ ਹੈ ਤੇ 10 ਜਿਥੇ ਭੂਆ ਹੁੰਦੀ ਹੈ, 8 ਜਿਥੇ ਮਾਸੀ ਹੁੰਦੀ ਹੈ। ਐਨੀਆਂ ਕੁਲਾਂ ਦਾ ਉਧਾਰ ਕਰ ਦਿੰਦੇ ਨੇ-

*ਸਾਚੀ ਸੋਭਾ ਸਾਚਿ ਦੁਆਰੈ॥*
*ਸੇ ਵਡਭਾਗੀ ਜਿ ਗੁਰਿ ਸੇਵਾ ਲਾਏ॥*
*ਪੰਨਾ - 423*

ਐਸੇ ਪ੍ਰੇਮੀ ਦੀ ਸੋਭਾ ਸਾਰੇ ਸੰਸਾਰ ਵਿਚ ਹੁੰਦੀ ਹੈ, ਦਰਗਾਹ ਵਿਚ ਜੈ-ਜੈਕਾਰ ਹੁੰਦੀ ਹੈ, ਦੇਵ ਲੋਕਾਂ ਦੇ ਦੇਵਤੇ ਉਸਦੇ ਬਚਨ ਸੁਣਨ ਆਉਂਦੇ ਹਨ ਜਦੋਂ ਨਿਰਮਲ ਨਾਮ ਹਿਰਦੇ ਵਿਚ ਵਸ ਜਾਂਦਾ ਹੈ। ਪ੍ਰਭੂ ਦੇ ਘਟ-ਘਟ ਵਿਚ ਵਿਆਪਕ ਰਹਿਣ ਦਾ ਵਿਸ਼ਵਾਸ਼ ਮਨ ਵਿਚ ਹੋ ਜਾਵੇ ਤਾਂ ਸੱਚੇ ਦੁਆਰੇ ਵਿਚ ਉਸ ਦੀ ਸੋਭਾ ਹੁੰਦੀ ਹੈ। ਗੁਰੂ ਦੀ ਸੇਵਾ ਕਰਨ ਵਾਲੇ ਬਹੁਤ ਭਾਗਾਂ ਵਾਲੇ ਪੁਰਸ਼ ਹੋਇਆ ਕਰਦੇ ਹਨ। ਭਾਗਾਂ ਤੋਂ ਹੀਣਿਆਂ ਨੂੰ ਗੁਰੂ ਦੀ ਸੇਵਾ ਨਹੀਂ ਮਿਲਿਆ ਕਰਦੀ। ਗੁਰੂ ਦੀ ਸੇਵਾ ਵਿਚ ਰਹਿ ਕੇ, ਨਿਸ਼ਕਾਮ ਸੇਵਾ ਵਿਚ ਰਹਿ ਕੇ ਭਗਤੀ ਕਰਦਾ ਰਹੇ, ਜਿਸ ਦੀ ਸੇਵਾ ਦੇ ਨਾਲ ਨਾਮ ਦ੍ਰਿੜ੍ਹ ਹੋ ਜਾਵੇ ਅਤੇ ਓਹੀ ਨਾਮ ਸਭ ਕੁਲਾਂ ਦਾ ਉਧਾਰ ਕਰ ਦਿੰਦਾ ਹੈ।

*ਅਨਦਿਨੁ ਭਗਤਿ ਸਚੁ ਨਾਮੁ ਦ੍ਰਿੜਾਏ॥*
*ਨਾਮੇ ਉਧਰੇ ਕੁਲ ਸਬਾਏ॥*
*ਪੰਨਾ - 423*

ਨਾਮ ਦੇ ਪ੍ਰਕਾਸ਼ ਨਾਲ ਬੇਅੰਤ ਕੁਲਾਂ ਦਾ ਉਧਾਰ ਹੋ ਜਾਂਦਾ ਹੈ। ਗੁਰੂ ਮਹਾਰਾਜ ਜੀ ਨੇ ਅਸਾਨੂੰ ਸਭ ਤੋਂ ਸ਼੍ਰੋਮਣੀ ਤਪ ਦੀ ਜਾਚ ਦੱਸੀ ਹੈ ਜਿਸ ਤਪ ਰਾਹੀਂ ਜਗਿਆਸੂ ਤਰੱਕੀ ਕਰਦਾ ਕਰਦਾ ਗੁਰੂ ਦੇ ਪਿਆਰ ਵਿਚ ਲੀਨ ਹੋ ਜਾਂਦਾ ਹੈ। ਆਪਾ ਭਾਵ ਗੁਆ ਕੇ ਸੱਚੇ

ਮਹੱਲ ਦੀ ਪ੍ਰਾਪਤੀ ਕਰ ਲੈਂਦਾ ਹੈ। ਤਪ ਬਹੁਤ ਕਿਸਮ ਦੇ ਹਨ ਅਤੇ ਉਨ੍ਹਾਂ ਦੇ ਫਲ ਵੀ ਬਹੁਤ ਕਿਸਮ ਦੇ ਹਨ।

1. ਇਕ ਤਪ ਆਪਣੇ ਸਰੀਰ ਨੂੰ ਦੁਖਾਂ ਵਿਚ ਪਾ ਕੇ ਗਰਮੀ ਸਰਦੀ ਸਰੀਰ ਉਪਰ ਸਹਿਣੀ, ਬੇਅੰਤ ਕਿਸਮ ਦੇ ਕਸ਼ਟ ਸਹਾਰਨੇ, ਮੀਂਹਾਂ ਹਵਾਵਾਂ ਵਿਚ ਨੰਗੇ ਸਰੀਰ ਬੈਠੇ ਰਹਿਣਾ, ਪੁੱਠੇ ਲਟਕਣਾ, ਭੁੱਖੇ ਰਹਿਣਾ, ਬਹੁਤ ਲੰਮੇ-ਲੰਮੇ ਫਾਕੇ ਕਰਨੇ, ਚਿਲੇ ਕੱਟਣੇ, ਠੰਢੇ ਪਾਣੀਆਂ ਵਿਚ ਖੜ੍ਹੇ ਰਹਿਣਾ; ਇਸ ਤਪ ਦੀ ਪ੍ਰਾਪਤੀ ਵਿਚ ਸ਼ਕਤੀਆਂ ਤਾਂ ਆ ਜਾਂਦੀਆਂ ਹਨ ਪਰ ਇਸਦਾ ਗਿਆਨ ਨਾਲ ਬਹੁਤਾ ਸਬੰਧ ਨਹੀਂ ਪੈਂਦਾ। ਤਪੀਆ ਕ੍ਰੋਧਿਤ ਹੋ ਜਾਂਦਾ ਹੈ ਅਤੇ ਆਮ ਤੌਰ ਤੇ ਵਰ ਘਟ ਦਿੰਦਾ ਹੈ, ਸਰਾਪ ਜ਼ਿਆਦਾ ਦਿੰਦਾ ਹੈ ਕਿਉਂਕਿ ਉਸ ਦੇ ਅੰਦਰ ਤਪ ਨੇ ਸ਼ਾਂਤੀ ਪੈਦਾ ਨਹੀਂ ਕੀਤੀ ਅਤੇ ਨਾ ਹੀ ਤਪ ਕਰਨ ਨਾਲ ਆਪਣੇ ਸਰੂਪ ਦਾ ਗਿਆਨ ਹੁੰਦਾ ਹੈ। ਪ੍ਰਭੂ ਨੇ ਇਹ ਮਾਨਸ ਸਰੀਰ ਹੱਦ ਤੋਂ ਜ਼ਿਆਦਾ ਕੀਮਤੀ ਦਿਤਾ ਹੈ, ਇਸ ਦੇ ਸਵੱਸਥ ਰਹਿਣ ਵਾਸਤੇ ਖਾਸ-ਖਾਸ ਨਿਯਮ ਪਾਲਣੇ ਪੈਂਦੇ ਹਨ ਤਾਂ ਕਿ ਆਪਣੇ ਮੰਤਵ ਤਕ ਪਹੁੰਚਿਆ ਜਾ ਸਕੇ। ਪਿਛਲੇ ਧਾਰਮਕ ਪੁਰਸ਼ਾਂ ਦੇ ਇਤਿਹਾਸ ਪੜ੍ਹ ਕੇ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਘਾਲ-ਕਮਾਈਆਂ ਕੀਤੀਆਂ, ਸਖਤ ਦੁਖ ਉਠਾਏ, ਸਰੀਰ ਨੂੰ ਕਸ਼ਟ ਦਿਤੇ ਪਰ ਉਹ ਉਸ ਪਦ ਨੂੰ ਪਹੁੰਚ ਨਾ ਸਕੇ ਜਿਸਨੂੰ ਪ੍ਰਾਪਤ ਕਰਕੇ ਪ੍ਰਮ ਅਨੰਦ, ਪ੍ਰਮ ਨਿਰਵਾਣ ਦੀ ਅਵਸਥਾ ਪ੍ਰਾਪਤ ਹੋਇਆ ਕਰਦੀ ਹੈ। ਬਾਬਾ ਫਰੀਦ ਜੀ ਨੇ 24 ਸਾਲ ਘੋਰ ਤਪ ਕੀਤਾ। ਸਰੀਰ ਨੂੰ ਐਨਾ ਸੁਕਾ ਲਿਆ ਕਿ ਕਾਵਾਂ ਨੇ ਮੁਰਦਾ ਸਮਝ ਕੇ ਮਾਸ ਵਿਚ ਚੁੰਝਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ, ਪੈਰਾਂ ਦੀਆਂ ਤਲੀਆਂ ਦਾ ਮਾਸ ਥਾਂ-ਥਾਂ ਤੋਂ ਕੱਟ ਲਿਆ, ਆਪ ਪੀੜਾ ਸਹਾਰ ਰਹੇ ਹਨ ਪਰ ਹੱਥ ਕੁਝ ਨਹੀਂ ਆ ਰਿਹਾ, ਕੇਵਲ ਵਰ ਤੇ ਸਰਾਪ ਦੇਣ ਦੀ ਸ਼ਕਤੀ ਹੀ ਆਈ, ਇਸੇ ਅਵਸਥਾ ਵਿਚ ਆਪ ਫੁਰਮਾਨ ਕਰ ਰਹੇ ਹਨ-

***ਫਰੀਦਾ ਤਨੁ ਸੁਕਾ ਪਿੰਜਰੁ ਥੀਆ***
***ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਾਹੁੜਿਓ***
***ਦੇਖੁ ਬੰਦੇ ਕੇ ਭਾਗ॥ ਪੰਨਾ - 1382***

***ਕਾਗਾ ਕਰੰਗ ਢਢੋਲਿਆ***
***ਸਗਲਾ ਖਾਇਆ ਮਾਸੁ॥***
***ਏ ਦੁਇ ਨੈਨਾ ਮਤਿ ਛੁਹਉ***
***ਪਿਰ ਦੇਖਨ ਕੀ ਆਸ॥ ਪੰਨਾ - 1382***

ਪ੍ਰਤਿਆਵਾ ਕੀਤਾ ਕਿ ਮੈਨੂੰ ਕੁਝ ਪ੍ਰਾਪਤ ਵੀ ਹੋਇਆ ਹੈ ਕਿ ਨਹੀਂ। ਆਪ ਜੰਗਲ ਵਿਚੋਂ 12 ਸਾਲ ਤਪ ਕਰਨ ਉਪਰੰਤ ਮਾਤਾ ਨੂੰ ਮਿਲਣ ਲਈ ਘਰ ਆ ਰਹੇ ਹਨ। ਰਸਤੇ ਵਿਚ ਇਕ ਦਰਖਤ ਹੇਠਾਂ ਬੈਠ ਕੇ ਆਰਾਮ ਕਰਨ ਲੱਗੇ, ਸਵੇਰ ਦਾ ਵੇਲਾ ਸੀ ਪੰਛੀ ਆਪਣੀ ਮੌਜ ਵਿਚ ਭਾਂਤ-ਭਾਂਤ ਦੀਆਂ ਬੋਲੀਆਂ ਬੋਲ ਕੇ ਆਪਣੇ ਰੰਗ ਵਿਚ ਗਾ ਰਹੇ ਸਨ। ਫਰੀਦ ਜੀ ਕਿਉਂਕਿ ਤਪਾਂ ਦੇ ਥਕਾਏ ਹੋਏ ਸਨ, ਅੰਦਰੋਂ ਖੇੜਾ ਬਿਲਕੁਲ ਜਾਂਦਾ ਰਿਹਾ, ਰਸ ਦੀ ਇਕ ਬੂੰਦ ਵੀ ਅੰਦਰ ਨਹੀਂ ਸੀ, ਜੇ ਸੀ ਤਾਂ ਇਕ ਹਨੋਰਾ (ਉਲਾਂਭਾ) ਸੀ ਕਿ ਐਨਾ ਤਪ ਕਰਨ ਪਿਛੋਂ ਵੀ ਰੱਬ ਦੇ ਦਰਸ਼ਨ ਨਹੀਂ ਹੋਏ। ਪੰਛੀਆਂ ਦਾ ਬੋਲਣਾ ਉਨ੍ਹਾਂ ਨੂੰ ਲੁਭਾਏਮਾਨ ਨਾ ਕਰ ਸਕਿਆ ਅਤੇ ਕ੍ਰੋਧ ਆ ਗਿਆ ਤੇ ਕਹਿ ਦਿਤਾ ਕਿ 'ਪੰਛੀਓ ਮਰ ਜਾਓ'। ਸਾਰੇ ਪੰਛੀ ਮਰ ਗਏ। ਫੇਰ ਖਿਆਲ ਆਇਆ ਕਿ ਮੈਂ ਇਹ ਐਵੇਂ ਹੀ ਮਾਰ ਦਿਤੇ ਇਨ੍ਹਾਂ ਨੇ ਤਾਂ ਮੇਰਾ ਕੁਝ ਵਿਗਾੜਿਆ ਨਹੀਂ ਸੀ। ਇਹ ਜੇ ਆਪਣੇ ਸੁਖ ਵਿਚ ਆ ਕੇ ਗਾ ਰਹੇ ਸਨ ਤਾਂ ਮੈਨੂੰ ਕਿਉਂ ਇਨ੍ਹਾਂ ਤੇ ਕ੍ਰੋਧ ਆਇਆ? ਤਰਸ ਦੇ ਘਰ ਵਿਚ ਆਏ ਤੇ ਕਿਹਾ 'ਪੰਛੀਓ ਉਡ ਵੰਞੋ'। ਪੰਛੀ ਉਡ ਗਏ, ਆਪ ਉਠ ਕੇ ਚਲ ਪਏ। ਤੀਜੇ ਪਹਰ ਦਾ ਸਮਾਂ ਲੰਘ ਗਿਆ, ਜੰਗਲ ਵਿਚ ਪਾਣੀ ਕਿਤੇ ਨਾ ਮਿਲਿਆ, ਜਦੋਂ ਅਬਾਦੀ ਵਿਚ ਪਹੁੰਚੇ ਇਕ ਨਵ ਉਮਰ ਦੀ ਜੁਆਨ ਲੜਕੀ ਖੂਹ ਵਿਚੋਂ ਪਾਣੀ ਭਰਦੀ ਨਜ਼ਰ ਆਈ। ਦੇਖਿਆ ਕਿ ਉਹ ਖੂਹ ਵਿਚੋਂ ਪਾਣੀ ਕੱਢ ਕੇ ਬਾਹਰ ਡੋਲ੍ਹੀ ਜਾਂਦੀ ਹੈ। ਬਹੁਤ ਕਾਹਲੀ ਨਾਲ ਲੱਜ ਫਿਰਾਉਂਦੀ ਹੈ ਅਤੇ ਡੋਲ ਭਰਦੇ ਸਾਰ ਬਹੁਤ ਜ਼ੋਰ ਨਾਲ ਖਿੱਚ ਰਹੀ ਹੈ। ਭਾਰਾ ਡੋਲ ਹੈ, ਬੀਬੀ ਮੁੜ੍ਹਕੋ-ਮੁੜ੍ਹਕੀ ਹੋਈ ਹੋਈ ਹੈ।

ਫਰੀਦ ਜੀ ਨੇ ਜਾ ਕੇ ਦਰਵੇਸੀ ਅੰਦਾਜ਼ ਵਿਚ ਰੋਹਬ ਨਾਲ ਪਾਣੀ ਮੰਗਿਆ ਕਿ ਏ ਲੜਕੀ! ਦਰਵੇਸ ਕੋ ਪਾਣੀ ਪਿਲਾਓ। ਉਸ ਲੜਕੀ ਨੇ ਕੋਈ ਧਿਆਨ ਨਾ ਦਿਤਾ, ਡੋਲ 'ਚ ਪਾਣੀ ਭਰਿਆ ਤੇ ਡੋਲ੍ਹ ਦਿਤਾ। ਇਸ ਨੂੰ ਕ੍ਰੋਧ ਆਇਆ ਤੇ ਇਸ ਨੇ ਫੇਰ ਕਿਹਾ ਕਿ ਹੇ ਲੜਕੀ! ਦਰਵੇਸ਼ ਕੋ ਪਾਣੀ ਪਿਲਾ। ਉਸ ਲੜਕੀ ਨੇ ਸੁਣਿਆ ਅਤੇ ਫੇਰ ਪਾਣੀ ਧਰਤੀ ਤੇ ਹੀ ਡੋਲਦਿਆਂ ਕਿਹਾ ਕਿ ਫਰੀਦਾ! ਇਹ ਚਿੜੀਆਂ ਨਹੀਂ ਜੋ 'ਮਰ ਵੰਞੋ' ਕਹਿਣ ਤੇ ਮਰ ਜਾਣਗੀਆਂ ਅਤੇ 'ਉਡ ਵੰਞੋ' ਕਹਿਣ ਤੇ ਉਡ ਜਾਣਗੀਆਂ। ਤੂੰ ਸ਼ਕਤੀਆਂ ਪ੍ਰਾਪਤ ਕਰਨ ਵਾਲਾ ਰਸ ਤੋਂ ਖਾਲੀ ਦਰਵੇਸ ਲਗਦਾ ਹੈਂ, ਤੂੰ ਨਹੀਂ ਦੇਖ ਰਿਹਾ ਕਿ ਮੈਂ ਪਾਣੀ ਕਿਉਂ ਡੋਲ੍ਹ ਰਹੀ ਹਾਂ। ਬਾਬੇ ਫਰੀਦ ਨੂੰ ਇਕ ਕਾਂਬਾ ਮਹਿਸੂਸ ਹੋਇਆ, ਹੈਰਾਨ ਹੋਇਆ ਕਿ ਇਹ ਇਕ ਰਿਸ਼ਟ-ਪੁਸ਼ਟ ਜਵਾਨ 20-22 ਸਾਲਾਂ ਦੀ ਲੜਕੀ ਹੈ ਇਸ ਨੂੰ ਕਿਵੇਂ ਪਤਾ ਲਗ ਗਿਆ ਕਿ ਮੈਂ ਚਿੜੀਆਂ ਮਾਰ ਕੇ ਜਿਉਂਦੀਆਂ ਕੀਤੀਆਂ ਸਨ। ਮੈਨੂੰ ਕਿਵੇਂ ਨਹੀਂ ਪਤਾ ਲੱਗ ਰਿਹਾ ਕਿ ਇਹ ਪਾਣੀ ਕਿਉਂ ਡੋਲਦੀ ਹੈ। ਜ਼ਰੂਰ ਇਸ ਨੂੰ ਕੋਈ ਹੋਰ ਦ੍ਰਿਸ਼ਟੀ ਪ੍ਰਾਪਤ ਹੋਈ ਹੈ ਮੈਂ ਹੁਣ ਇਸ ਨੂੰ ਇਹ ਪੁਛ ਕੇ ਜਾਵਾਂਗਾ। ਐਨੇ ਚਿਰ ਵਿਚ ਹੋਰ ਪਿਆਸੇ ਆਏ ਤੇ ਉਸ ਲੜਕੀ ਨੇ ਉਨ੍ਹਾਂ ਨੂੰ ਪਾਣੀ ਪਿਲਾ ਦਿਤਾ, ਉਹ ਪੀ ਕੇ ਚਲੇ ਗਏ।

ਲੜਕੀ ਨੇ ਕੰਮ ਸਮਾਪਤ ਕਰਕੇ ਅੱਧੇ ਘੰਟੇ

ਪਿਛੋਂ ਅਵਾਜ਼ ਦਿਤੀ, "ਆਓ ਦਰਵੇਸ ਜੀ! ਜਲ ਛਕੋ।" ਉਸ ਨੇ ਕਿਹਾ ਕਿ ਬੀਬਾ! ਮੈਨੂੰ ਪਿਆਸ ਤਾਂ ਹੁਣ ਰਹੀ ਹੀ ਨਹੀਂ, ਹੁਣ ਤਾਂ ਮੈਨੂੰ ਹੋਰ ਪਿਆਸ ਲੱਗੀ ਹੈ ਪਹਿਲਾਂ ਉਹ ਬੁਝਾ, ਫੇਰ ਮੈਂ ਪਾਣੀ ਪੀਵਾਂਗਾ। ਲੜਕੀ ਨੇ ਕਿਹਾ ਕਿ ਆਖੋ, ਦਰਵੇਸ! ਪੁਛੋ ਕੀ ਪੁਛਣਾ ਚਾਹੁੰਦੇ ਹੋ? ਤੁਹਾਡੀ ਇਹੋ ਪੁਛ ਲਗਦੀ ਹੈ ਕਿ ਮੈਨੂੰ ਕਿਉਂ ਨਾ ਪਾਣੀ ਪਿਲਾਇਆ, ਹੋਰਾਂ ਨੂੰ ਕਿਉਂ ਪਿਲਾਉਂਦੀ ਰਹੀ ਅਤੇ ਮੈਨੂੰ ਇਹ ਪਤਾ ਨਹੀਂ ਲਗਦਾ ਕਿ ਇਹ ਪਾਣੀ ਕਿਉਂ ਧਰਤੀ ਤੇ ਡੋਲ੍ਹ ਰਹੀ ਹੈ ਤੇ ਇਸ ਨੂੰ ਕਿਵੇਂ ਪਤਾ ਲਗ ਗਿਆ ਕਿ ਮੈਂ ਚਿੜੀਆਂ ਮਾਰੀਆਂ ਸਨ? ਬਾਬੇ ਫਰੀਦ ਨੇ ਕਿਹਾ ਕਿ ਭੈਣਾ! ਤੈਨੂੰ ਰੱਬ ਰਾਜ਼ੀ ਰੱਖੇ, ਖਾਵੰਦ ਦਾ ਸਾਥ ਬਣਿਆ ਰਹੇ, ਬਾਲ ਬੱਚਿਆਂ ਦਾ ਸੁਖ ਮਾਣੇਂ। ਪਰ ਬੀਬਾ! ਇਹ ਤਾਂ ਦੱਸ ਇਹ ਸ਼ਕਤੀ ਤੈਨੂੰ ਕਿਥੋਂ ਪ੍ਰਾਪਤ ਹੋਈ? ਲੜਕੀ ਕਹਿਣ ਲੱਗੀ, "ਦਰਵੇਸ ਸਾਂਈ! ਅਸੀਂ ਇਸਤ੍ਰੀਆਂ ਹਾਂ, ਅਸਾਡੀ ਸਭਿਅਤਾ ਅਨੁਸਾਰ ਅਸਾਨੂੰ ਸਤਿ ਧਰਮ ਵਾਲਿਆਂ ਦਾ ਸਖਤ ਹੁਕਮ ਹੈ ਕਿ ਪਤੀਵਰਤਾ ਰਹਿ ਕੇ ਜੀਵਨ ਗੁਜ਼ਾਰਨਾ ਹੈ। ਪਤੀ ਦੀ ਸੇਵਾ ਕਰਨੀ ਹੈ, ਪਤੀ ਦੇ ਹੁਕਮ ਵਿਚ ਰਹਿਣਾ ਹੈ, ਪਤੀ ਨੂੰ ਹੀ ਪ੍ਰਮੇਸ਼ਰ ਕਰਕੇ ਮੰਨਣਾ ਹੈ। ਬਾਬਾ! ਅਸੀਂ ਇਸਤ੍ਰੀਆਂ ਹਾਂ, ਸਾਨੂੰ ਕਿਸੇ ਵੱਖਰੇ ਰੱਬ ਦੀ ਲੋੜ ਨਹੀਂ, ਅਸੀਂ ਸਦਾ ਹੀ ਪਿਆਰ ਦੀਆਂ ਪਿਆਸੀਆਂ ਰਹਿੰਦੀਆਂ ਹਾਂ, ਅਸਾਨੂੰ ਉਸ ਰੱਬ ਦੀ ਲੋੜ ਹੈ ਜਿਹੜਾ ਸਾਨੂੰ ਪਿਆਰ ਕਰ ਸਕੇ, ਸਾਨੂੰ ਦਿਲਾਸਾ ਦੇ ਸਕੇ। ਸਾਡੀ ਇਸਤ੍ਰੀਆਂ ਦੀ ਬਿਰਤੀ ਮੱਛੀਆਂ ਵਰਗੀ ਹੋਇਆ ਕਰਦੀ ਹੈ। ਜਿਵੇਂ ਮੱਛੀ ਪਾਣੀ ਤੋਂ ਬਗੈਰ ਨਹੀਂ ਜੀਅ ਸਕਦੀ ਇਵੇਂ ਅਸੀਂ ਇਸਤ੍ਰੀਆਂ ਪਤੀ ਤੋਂ ਬਗੈਰ ਨਹੀਂ ਜੀਅ ਸਕਦੀਆਂ। ਸਾਡਾ ਪਤੀ ਸਾਡਾ ਪੀਰ ਵੀ ਹੈ, ਸਾਡਾ ਰੱਬ ਵੀ ਹੈ ਅਤੇ ਸਾਡਾ ਸਭ ਕੁਝ ਹੈ। ਜੇ ਸਾਨੂੰ ਉਸ ਦਾ ਪਿਆਰ ਮਿਲ ਗਿਆ, ਅਸੀਂ ਉਸ ਦਾ ਵਿਸ਼ਵਾਸ਼ ਜਿੱਤ ਲਿਆ ਤਾਂ ਸਾਡੇ ਵਿਚ ਸੁਤੇ ਹੀ ਸ਼ਕਤੀਆਂ ਆ ਜਾਂਦੀਆਂ ਹਨ ਕਿਉਂਕਿ ਅਸੀਂ ਪਤੀ ਦੀ ਸੇਵਾ ਕਰਦੀਆਂ ਹਾਂ। ਉਸ ਦੇ ਮਾਂ ਬਾਪ ਦਾ ਸਤਿਕਾਰ ਕਰਦੀਆਂ ਹਾਂ ਕਿਉਂਕਿ ਉਹ ਸਾਡੇ ਪਤੀ ਦੇ ਮਾਂ ਬਾਪ ਹਨ, ਬੱਚਿਆਂ ਨੂੰ ਅਸੀਂ ਸ਼ੁਭ ਤਰੀਕੇ ਨਾਲ ਪਾਲਦੀਆਂ ਹਾਂ। ਮੈਂ ਆਪਣੇ ਪਤੀ ਨੂੰ ਪ੍ਰਮੇਸ਼ਰ ਦਾ ਪ੍ਰਤੀਕ ਕਰਕੇ ਮੰਨਦੀ ਹਾਂ, ਇਸੇ ਦੇ ਧਿਆਨ ਵਿਚ ਰਹਿੰਦੀ ਹਾਂ, ਇਸੇ ਦੇ ਵਿਛੋੜੇ ਨੂੰ ਅਨੁਭਵ ਕਰਦੀ ਹਾਂ, ਇਸੇ ਨਾਲ ਹੀ ਪ੍ਰਮੇਸ਼ਰ ਰੂਪ ਜਾਣ ਕੇ ਲੀਨ ਰਹਿੰਦੀ ਹਾਂ। ਉਹਦੇ ਵਿਚੋਂ ਅਸਾਨੂੰ ਸ਼ਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ। ਅਸੀਂ ਹੀ ਮਾਵਾਂ ਹਾਂ, ਅਸੀਂ ਭੈਣਾਂ ਹਾਂ, ਅਸੀਂ ਹੀ ਧੀਆਂ ਹਾਂ। ਮੈਨੂੰ ਸਹਿਜ ਨਾਲ ਹੀ ਇਹ ਸ਼ਕਤੀ ਪ੍ਰਾਪਤ ਹੈ ਕਿ ਮੈਂ ਦੂਰ ਤਕ ਦ੍ਰਿਸ਼ਟੀ ਰਖਦੀ ਹਾਂ। ਮੇਰੇ ਪਤੀ ਹਰ ਵਕਤ ਪ੍ਰਭੂ ਨਾਲ ਲੀਨ ਰਹਿੰਦੇ ਹਨ। ਉਸ ਦੀ ਸੇਵਾ ਦਾ ਫਲ ਮੈਨੂੰ ਪ੍ਰਾਪਤ ਹੈ। ਬਾਬਾ! ਮੇਰੀ ਭੈਣ ਦਾ ਘਰ ਇਥੋਂ 20 ਮੀਲ ਤੇ ਹੈ, ਉਹ ਸਤਿਸੰਗ ਵਿਚ ਗਈ ਹੋਈ ਸੀ, ਘਰ ਕੋਈ ਨਹੀਂ ਸੀ, ਮੈਂ ਆਪਣੇ ਇਕਾਗਰ ਮਨ ਨਾਲ ਉਸ ਦਾ ਧਿਆਨ ਕੀਤਾ ਤਾਂ ਮੈਂ ਕੀ ਦੇਖਦੀ ਹਾਂ ਕਿ ਚੁਲ੍ਹੇ ਵਿਚ ਅੱਗ ਜਲ ਰਹੀ ਹੈ, ਚੁਲ੍ਹੇ ਤੋਂ ਬਾਹਰ ਜੋ ਘਾਹ ਫੂਸ ਪਿਆ ਸੀ ਉਸ ਨੂੰ ਵੀ ਆ ਕੇ ਅੱਗ ਲੱਗ ਚੁਕੀ ਸੀ, ਉਸ ਦਾ ਘਰ ਜਲ ਜਾਣਾ ਸੀ ਜੇ ਮੈਂ ਉਹ ਫੈਲੀ ਹੋਈ ਅੱਗ ਨਾ ਬੁਝਾਉਂਦੀ। ਇਸ ਕਰਕੇ ਮੈਨੂੰ ਕਾਹਲ ਸੀ ਕਿ ਮੈਂ ਅੱਗ ਬੁਝਾ ਦੇਵਾਂ। ਬਾਬਾ! ਇਕ ਗੱਲ ਮੈਂ ਤੈਨੂੰ ਹੋਰ ਦਸਦੀ ਹਾਂ, ਤੁਸੀਂ ਸਾਂਈ ਲੋਕ ਤਪ ਕਰ ਕਰਕੇ ਖੁਸ਼ਕ ਹੋ ਚੁਕੇ ਹੋ, ਤੁਹਾਡੇ ਰਸ ਦਾ ਭੰਡਾਰ ਮੁਕ ਚੁਕਿਆ ਹੈ, ਤੁਹਾਡਾ ਕੰਵਲ ਟੇਢਾ ਹੋ ਚੁਕਿਆ ਹੈ। ਸੋ ਤੁਸੀਂ ਸ਼ਾਂਤੀ ਨੂੰ ਨਹੀਂ ਅਨੁਭਵ ਕਰ ਸਕਦੇ, ਅਸੀਂ ਪਿਆਰ ਵਿਚ ਪਰੋਤੀਆਂ ਸਦਾ ਹੀ ਸ਼ਾਂਤੀ ਅਨੁਭਵ ਕਰ ਸਕਦੀਆਂ ਹਾਂ। ਅਸਾਡਾ ਤਪ ਸਹਿਜ ਦਾ ਤਪ ਹੈ ਕੋਈ ਆਦਰ ਦੇਵੇ, ਕੋਈ ਨਿਰਾਦਰ ਕਰੇ, ਅਸੀਂ ਪਤੀ ਪਰਿਵਾਰ ਨੂੰ ਬਹੁਤ ਉਚਾ ਦਰਜਾ ਦਿੰਦੀਆਂ ਕ੍ਰੋਧ ਵਿਚ ਨਹੀਂ ਆਉਂਦੀਆਂ। ਆਪਣੀ ਭੁੱਲ ਮੰਨ ਲੈਂਦੀਆਂ ਹਾਂ।" ਬਾਬਾ ਫਰੀਦ ਜੀ ਨੇ ਇਹ ਸਭ ਸੁਣਿਆ ਤੇ ਹੈਰਾਨ ਹੋ ਗਏ ਕਿ ਮੈਨੂੰ ਤਾਂ ਅਜੇ ਕੁਝ ਵੀ ਨਹੀਂ ਮਿਲਿਆ, ਕੇਵਲ ਸ਼ਕਤੀ ਹੀ ਪ੍ਰਾਪਤ ਹੋਈ ਹੈ।

ਇਕ ਵਾਰੀ ਬਾਬਾ ਫਰੀਦ ਕਿਸੇ ਮਹਾਂਪੁਰਸ਼ ਨੂੰ ਮਿਲਣ ਗਏ। ਉਹ ਇਕ ਬਹੁਤ ਉਚ ਕਿਸਮ ਦੇ ਮਹਾਂਪੁਰਸ਼ ਸਨ। ਆਪ ਕੁਰਸੀ ਤੇ ਬੈਠੇ ਸਨ। ਬਾਬਾ ਫਰੀਦ ਜੀ ਸਿਜਦਾ ਕਰਕੇ ਸਾਮ੍ਹਣੇ ਬੈਠ ਗਏ। ਉਨ੍ਹਾਂ ਨੇ ਪੁਛਿਆ ਕਿ ਫਰੀਦ! ਕਿੰਨਾ ਕੁ ਸਫਰ ਤਹਿ ਕਰ ਲਿਆ ਹੈ? ਬਾਬਾ ਫਰੀਦ ਜੀ ਨੇ ਉਤਰ ਤਾਂ ਕੋਈ ਨਹੀਂ ਦਿਤਾ, ਕੁਰਸੀ ਵਲ ਨਿਗ੍ਹਾ ਕਰ ਦਿਤੀ। ਉਹ ਪੀਰ ਜੀ ਸਮੇਤ ਧਰਤੀ ਤੋਂ ਉਚਾ ਉਠਣ ਲੱਗੀ। ਜਦੋਂ ਪੰਜ ਫੁੱਟ ਦੀ ਉਚਾਈ ਤੇ ਉਠੀ ਤਾਂ ਪੀਰ ਜੀ ਨੇ ਕੁਰਸੀ ਤੇ ਹੱਥ ਮਾਰਿਆ ਤੇ ਉਹ ਹੇਠਾਂ ਆ ਗਈ। ਆਪ ਨੇ ਪੁਛਿਆ ਕਿ ਫਰੀਦ! ਬੱਸ ਇਹੀ ਗੱਲ ਹੈ? ਬਾਬਾ ਫਰੀਦ ਕਹਿਣ ਲੱਗੇ, "ਹਾਂ, ਦਰਵੇਸ਼ ਸਾਂਈ! ਮੈਂ ਤਾਂ ਇਥੇ ਹੀ ਪਹੁੰਚਿਆ ਹਾਂ।" ਉਨ੍ਹਾਂ ਨੇ ਕਿਹਾ ਫਰੀਦ! ਤੇਰਾ ਤਪ ਤਾਮਸੀ ਤਪ ਹੈ, ਤੂੰ ਸਰੀਰ ਨੂੰ ਦੁਖ ਦਿੰਦਾ ਹੈਂ, ਤੂੰ ਕਿਸੇ ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਜਾਹ, ਕਿਸੇ ਮੁਰਸ਼ਦ ਦੀ ਸੇਵਾ ਕਰ ਤਾਂ ਤੈਨੂੰ ਕੋਈ ਚੀਜ਼ ਪ੍ਰਾਪਤ ਹੋਵੇਗੀ। ਜਿਵੇਂ ਕਿ -

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ*
*ਵਣਿ ਕੰਡਾ ਮੋੜੇਹਿ॥*
*ਵਸੀ ਰਬੁ ਹਿਆਲੀਐ*
*ਜੰਗਲੁ ਕਿਆ ਢੂਢੇਹਿ॥ ਪੰਨਾ - 1378*

ਸੋ ਇਸ ਸਰੀਰ ਨੂੰ ਦੁਖ ਦੇਣ ਵਾਲੇ ਤਪ ਨੂੰ ਤਾਮਸੀ ਤਪ ਕਿਹਾ ਜਾਂਦਾ ਹੈ। ਜੋ ਕਿਸੇ ਦੇ ਭਲੇ ਵਾਸਤੇ ਨਹੀਂ ਹੋਇਆ ਕਰਦਾ। ਕੇਵਲ ਆਪਣੇ ਭਲੇ ਲਈ ਹੋਇਆ ਕਰਦਾ ਹੈ, ਉਸ ਨਾਲ ਸੰਸਾਰ ਦਾ ਕੋਈ ਭਲਾ ਨਹੀਂ ਹੁੰਦਾ, ਕੇਵਲ ਮਾਨਤਾ ਵਧ ਜਾਂਦੀ ਹੈ। ਇਸ ਤੋਂ ਵੀ ਸਖਤ ਕਿਸਮ ਦੇ ਤਪਾਂ ਦੀਆਂ ਕਥਾਵਾਂ ਗ੍ਰੰਥਾਂ

ਵਿਚ ਆਉਂਦੀਆਂ ਹਨ। ਸੈਂਕੜੇ ਸਾਲ ਤਪ ਕਰਨ ਪਿਛੋਂ ਵਰ ਮੰਗੇ ਜਾਂਦੇ ਹਨ ਪਰ ਉਨ੍ਹਾਂ ਤੋਂ ਪ੍ਰਾਪਤ ਹੋਈ ਸ਼ਕਤੀ ਨੂੰ ਸੰਸਾਰ ਦੇ ਹਿਤ ਅਤੇ ਅਹਿਤ ਲਈ ਪ੍ਰਯੋਗ ਕੀਤਾ ਜਾਂਦਾ ਹੈ। ਇਹ ਨਿਰਾਰਥਕ ਤਪ ਹੈ ਇਹ ਮੰਜ਼ਲ ਤੇ ਪਹੁੰਚਣ ਲਈ ਕੋਈ ਮਹਾਨਤਾ ਨਹੀਂ ਰਖਦਾ। ਇਸ ਕਰਕੇ ਗੁਰੂ ਮਹਾਰਾਜ ਜੀ ਨੇ ਇਨ੍ਹਾਂ ਤਪਾਂ ਨੂੰ ਪ੍ਰਵਾਨ ਨਹੀਂ ਕੀਤਾ।

ਦੂਸਰੀ ਕਿਸਮ ਦੇ ਤਪ ਨੂੰ ਜੋ ਤਾਮਸੀ ਤਪ ਨਾਲੋਂ ਬਹੁਤ ਫਲਦਾਇਕ ਹੈ, ਰਾਜਸੀ ਤਪ ਕਿਹਾ ਜਾਂਦਾ ਹੈ। ਇਸ ਵਿਚ ਸਰੀਰ ਨੂੰ ਕਸ਼ਟ ਦੇਣ, ਕਿਸੇ ਕਿਸਮ ਦੀ ਖੇਚਲ ਕਰਨ ਦੀ ਲੋੜ ਨਹੀਂ ਹੈ, ਆਪਣਾ ਜੀਵਨ ਮਰਿਆਦਾ ਦੇ ਵਿਚ ਲੰਘਾਂਦਿਆਂ ਹੋਇਆਂ, ਸਮੇਂ ਸਿਰ ਸੌਂਦੇ, ਸਮੇਂ ਸਿਰ ਜਾਗਦੇ ਅਤੇ ਸਾਰੀਆਂ ਹੀ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਇਹ ਹੋ ਜਾਇਆ ਕਰਦਾ ਹੈ। ਇਹ ਤਪ ਇਕ ਅੰਦਰਲਾ ਸੰਘਰਸ਼ ਹੈ, ਪਹਿਲਾ ਤਪ ਬਾਹਰਲਾ ਸੰਘਰਸ਼ ਸੀ, ਇਹ ਅੰਦਰਲਾ ਹੈ। ਵਾਹਿਗੁਰੂ ਜੀ ਨੇ ਸਾਨੂੰ ਕਾਰਜ ਸਿੱਧ ਕਰਨ ਲਈ ਇੰਦ੍ਰੀਆਂ ਦਿਤੀਆਂ ਹਨ ਜਿਵੇਂ ਕਿਸੇ ਫਰਨੀਚਰ ਦੇ ਕਾਰੀਗਰ ਨੂੰ ਕੰਮ ਸਿਧ ਕਰਨ ਲਈ ਲੱਕੜੀ ਘੜਣ, ਚੀਰਨ, ਉਹਨੂੰ ਠੀਕ ਕਰਨ ਲਈ ਬਰੋਲੇ, ਆਰੀ ਅਤੇ ਮਸ਼ੀਨ ਦੀ ਲੋੜ ਹੋਇਆ ਕਰਦੀ ਹੈ। ਅੱਖਾਂ ਦੇਖਣ ਵਾਸਤੇ ਦਿਤੀਆਂ ਹਨ, ਕੰਨ ਸੁਣਨ ਵਾਸਤੇ, ਨਾਸਕਾ ਵਾਸ਼ਨਾ ਵਾਸਤੇ ਹੈ, ਜੀਭ ਸੁਆਦ ਦੇਖਣ ਵਾਸਤੇ ਹੈ ਅਤੇ ਸਪਰਸ਼ ਮਹਿਸੂਸ ਕਰਨ ਵਾਸਤੇ ਹੈ। ਹੱਥ, ਪੈਰ ਆਦਿ ਪੰਜ ਕਰਮ ਇੰਦ੍ਰੀਆਂ ਕਾਰਜ ਸਿੱਧ ਕਰਨ ਲਈ ਹਨ। ਇਨ੍ਹਾਂ ਦੇ ਉਪਰ ਮਨ ਰਾਜੇ ਦੀ ਹਕੂਮਤ ਚਲਿਆ ਕਰਦੀ ਹੈ। ਉਹ ਜਿਸ ਤਰ੍ਹਾਂ ਦਾ ਖਿਆਲ ਲਿਆਵੇ, ਉਸੇ ਤਰ੍ਹਾਂ ਇਹ ਇੰਦ੍ਰੀਆਂ ਪੂਰੀ ਤਨ ਦੇਹੀ ਨਾਲ ਬਗੈਰ ਕਿਸੇ ਦੇਰ ਤੋਂ ਕੰਮ ਕਰਦੀਆਂ ਹਨ, ਮਨ ਨੇ ਦੇਖਣ ਦਾ ਹੁਕਮ ਦਿਤਾ, ਸੁਣਨ ਦਾ ਦਿਤਾ, ਇਹ ਇਕ ਦਮ ਪਹਿਲਾਂ ਕੰਮ ਛੱਡ ਕੇ ਦੇਖਣ ਤੇ ਸੁਣਨ ਦਾ ਕੰਮ ਕਰਨਗੀਆਂ। ਜਦੋਂ ਤਕ ਇਨ੍ਹਾਂ ਇੰਦ੍ਰੀਆਂ ਉਪਰ ਕਾਬੂ ਨਹੀਂ ਪੈਂਦਾ, ਓਨੀਂ ਦੇਰ ਤਕ ਅਸੀਂ ਆਤਮਕ ਖੋਜ ਕਰਨ ਦੇ ਸਮਰੱਥ ਨਹੀਂ ਹੋ ਸਕਦੇ, ਇਹ ਅਤਿ ਜ਼ਰੂਰੀ ਹੈ ਕਿਉਂਕਿ ਇਹ ਇੰਦ੍ਰੀਆਂ ਹਰ ਪਲ, ਹਰ ਸੈਕਿੰਡ, ਸੁਣਨ, ਦੇਖਣ, ਸੁੰਘਣ ਆਦਿ ਦੀ ਕ੍ਰਿਆ ਵਿਚ ਲੱਗੀਆਂ ਹੀ ਰਹਿੰਦੀਆਂ ਹਨ। ਬਾਹਰੋਂ ਕੋਈ ਅਵਾਜ਼ ਆਉਣੀ ਹੈ, ਕੰਨ ਨੇ ਜ਼ਰੂਰ ਹੀ ਸੁਣਨਾ ਹੈ, ਅੰਦਾਜ਼ਾ ਲਾਉਣਾ ਹੈ ਕਿ ਇਹ ਅਵਾਜ਼ ਕਿਸ ਦੀ ਹੋ ਸਕਦੀ ਹੈ। ਬੁੱਧੀ ਤੇ ਮਨ ਦੋਵੇਂ ਹੁਕਮ ਦੇਣ ਵਿਚ ਇੱਕਠੇ ਹੁੰਦੇ ਹਨ। ਬੁੱਧੀ ਬਣਾਈ ਤਾਂ ਵਾਹਿਗੁਰੂ ਜੀ ਨੇ ਮਨ ਦੇ ਉਤੇ ਸੀ ਪਰ ਇਸ ਮਨ ਰਾਜੇ ਨੇ ਉਸ ਦੀ ਕਾਬਲੀਅਤ ਨੂੰ ਖਤਮ ਕਰਕੇ ਉਸ ਨੂੰ ਆਪਣੇ ਅਧੀਨ ਕਰ ਲਿਆ। ਉਹ ਵੀ ਮਨ ਦੇ ਨਾਲ ਲੱਗੀ ਰਹਿੰਦੀ ਹੈ। ਮਨ ਤੋਂ ਵਖਰਾ ਹੋ ਕੇ ਕਿਸੇ-ਕਿਸੇ ਦੀ ਹੀ ਬੁੱਧੀ ਹੈ ਜੋ ਕਾਰਜ ਕਰਦੀ ਹੈ। ਆਮ ਸੰਸਾਰ ਦੀ ਬੁੱਧੀ ਮਨ ਦੇ ਅਧੀਨ ਹੋਈ ਹੋਈ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਇੰਦ੍ਰੀਆਂ ਅੰਦਰਲੀ ਖੋਜ ਨਹੀਂ ਕਰਨ ਦਿੰਦੀਆਂ। ਇਹਦੇ ਵਾਸਤੇ ਬੜੇ ਸੰਘਰਸ਼ ਦੀ ਲੋੜ ਹੈ। ਬੇਅੰਤ ਕ੍ਰਿਆਵਾਂ ਮਹਾਤਮਾ ਦਸਦੇ ਹਨ, ਉਨ੍ਹਾਂ ਨੇ ਚਿਤ ਬਿਰਤੀਆਂ ਦੇ ਅੱਡ-ਅੱਡ ਅਸਰਾਂ ਨੂੰ ਲੈ ਕੇ ਦਸਣ ਦਾ ਯਤਨ ਕੀਤਾ ਹੈ।

ਚਿਤ ਤੋਂ ਬੁੱਧੀ ਨੂੰ ਸਤਾ ਮਿਲਦੀ ਹੈ, ਬੁੱਧੀ ਮਨ ਦੇ ਨਾਲ ਸੰਪਰਕ ਕਰਦੀ ਹੈ, ਫੇਰ ਮਨ ਆਪਣੇ ਲੋੜੀਂਦੇ ਦਰਵਾਜ਼ੇ ਰਾਹੀਂ ਉਡਾਰੀ ਮਾਰ ਕੇ ਇੰਦ੍ਰੀਆਂ ਦੀ ਮਦਦ ਨਾਲ ਚੰਗਾ ਮੰਦਾ ਦੇਖਦਾ ਹੈ। ਇਸ ਤਰ੍ਹਾਂ ਦੇ ਨਾਲ ਇਕ ਬਿਰਤੀ ਉਹ ਹੁੰਦੀ ਹੈ ਕਿ ਸਵੇਰ ਤੋਂ ਸ਼ਾਮ ਤਕ, ਬਚਪਨ ਜੁਆਨੀ ਬੁਢੇਪੇ ਤਕ ਅਸੀਂ ਬਹੁਤ ਕੁਝ ਦੇਖਦੇ ਹਾਂ। ਬਹੁਤ ਘਟਨਾਵਾਂ ਚੰਗੀਆਂ ਤੇ ਮੰਦੀਆਂ ਸਾਡੇ ਨਾਲ ਵਰਤ ਚੁਕੀਆਂ ਹਨ। ਵਾਸ਼ਨਾ ਦੇ ਅਧੀਨ, ਆਉਣ ਵਾਲੇ ਸਮੇਂ ਲਈ ਘਾੜਤਾਂ ਘੜੀਆਂ ਜਾਂਦੀਆਂ ਹਨ, ਇਸ ਦੇ ਵਿਚ ਮਨ ਦਾ ਪਰਚਿਆ ਰਹਿਣਾ ਕੁਦਰਤੀ ਹੋਇਆ ਕਰਦਾ ਹੈ। ਇਹ ਪ੍ਰਮਾਣ ਬਿਰਤੀ ਹੈ। ਦੂਸਰਾ ਜਦੋਂ ਇਹ ਸੰਸਾਰ ਬਾਰੇ ਸੋਚਦਾ ਹੈ ਤਾਂ ਖਿਆਲ ਕਰਦਾ ਹੈ ਕਿ ਸੰਸਾਰ ਨੇ ਤਾਂ ਸਦਾ ਹੀ ਰਹਿਣਾ ਹੈ, ਅਸੀਂ ਭਾਵੇਂ ਸਰੀਰ ਛੱਡ ਜਾਈਏ ਫੇਰ ਧਾਰਨ ਕਰ ਲਈਏ, ਅਸੀਂ ਵੀ ਕਿਸੇ ਨਾ ਕਿਸੇ ਰੂਪ ਵਿਚ ਰਹਿਣਾ ਹੀ ਹੈ ਪਰ ਵਾਹਿਗੁਰੂ ਜੀ ਜੋ ਘਟ-ਘਟ ਵਿਚ ਵਿਆਪਕ ਹਨ ਅਤੇ ਅੰਦਰ ਬਾਹਰ ਸਦਾ ਇਸ ਦੇ ਨਾਲ ਹਨ ਉਸਦੀ ਹੋਂਦ ਨੂੰ ਸਤਿ ਨਹੀਂ ਮੰਨਦਾ। ਪਹਿਲਾਂ ਤਾਂ ਇਹਦੇ ਖਿਆਲ ਹੀ ਨਹੀਂ ਆਉਂਦਾ, ਸਦਾ ਭੁੱਲਿਆ ਰਹਿੰਦਾ ਹੈ। ਜੇ ਆ ਵੀ ਗਿਆ ਤਾਂ ਅੰਦਰ ਨਹੀਂ ਜਾਂਦਾ, ਇਹ ਵਿਪਰਜੈ ਅਵਸਥਾ ਹੁੰਦੀ ਹੈ, ਤੱਤ ਰੂਪ ਵਿਚ ਬ੍ਰਹਮ ਨੂੰ ਅਸਤਿ ਤੇ ਸੰਸਾਰ ਨੂੰ ਸਤਿ ਮੰਨਦੀ ਹੁੰਦੀ ਹੈ।

ਤੀਸਰੀ ਬਿਰਤੀ ਅਜਿਹੀ ਹੁੰਦੀ ਹੈ ਭਾਵੇਂ ਕਿੰਨਾ ਹੀ ਚੰਗਾ ਕੋਈ ਸਿਧਾਂਤ ਇਹਦੇ ਫਾਇਦੇ ਲਈ ਗੁਰੂ, ਪੀਰ ਵਖਿਆਨ ਕਰਦੇ ਹੋਣ, ਸ਼ੁਭ ਕਰਮ ਕਰਨ ਦੀ ਪ੍ਰੇਰਨਾ ਦਿੰਦੇ ਹੋਣ। ਇਹ ਗੱਲਾਂ ਕਿਸੇ ਉਤਲੀ ਪੜਤ ਵਿਚ ਹੀ ਸੁਣਦਾ ਹੈ। ਜਿਵੇਂ ਆਦਮੀ ਨਿੰਦਰਾ ਦੇ ਅਧੀਨ ਹੁੰਦਾ ਹੈ, ਕਦੇ ਇਸ ਦੀ ਅੱਖ ਖੁਲ੍ਹ ਗਈ, ਕਦੇ ਫੇਰ ਨੀਂਦ ਦਾ ਝੂਟਾ ਆਉਂਦਾ ਹੈ। ਭਜਨ ਕਰਨ ਵੇਲੇ ਇਸ ਤਰ੍ਹਾਂ ਹੀ ਹੁੰਦਾ ਹੈ, ਧਰਮ ਪੁਸਤਕ ਪੜ੍ਹਦਾ ਵੀ ਅੱਧ-ਸੁਤਾ ਰਹਿੰਦਾ ਹੈ, ਉਬਾਸੀਆਂ ਆਉਂਦੀਆਂ ਹਨ, ਸੁਰਤੀ ਗੁੰਮ ਜਿਹੀ ਹੋਈ ਹੁੰਦੀ ਹੈ। ਇਸ ਨੂੰ ਨਿੰਦਰਾ ਬਿਰਤੀ ਕਹਿੰਦੇ ਹਨ। ਇਸ ਵਿਚ ਸੁਪਨੇ ਅਤੇ ਸਖੋਪਤ ਦੀ ਅਵਸਥਾ ਬਣੀ ਰਹਿੰਦੀ ਹੈ।

ਚੌਥੀ ਬਿਰਤੀ ਚਿੱਤ ਦਾ ਇਕਾਗਰ ਨਾ ਹੋਣਾ, ਬੇਅੰਤ ਵਾਸ਼ਨਾਵਾਂ ਦੀ ਪ੍ਰਾਪਤੀ ਲਈ ਸੁਰਤ ਦਾ ਇਕ ਥਾਂ ਨਾ ਟਿਕਣਾ, ਵਾਸ਼ਨਾ ਦੀ ਪੂਰਤੀ ਲਈ ਫਲ ਮੰਗਦੇ ਰਹਿਣਾ, ਇਹ ਵਿਕਲਪ ਬਿਰਤੀ ਹੋਇਆ ਕਰਦੀ ਹੈ।

ਪੰਜਵੀਂ ਬਿਰਤੀ ਜੀਵਨ ਵਿਚ ਲੰਘ ਗਈਆਂ

ਘਟਨਾਵਾਂ ਮੁੜ-ਮੁੜ ਕੇ ਯਾਦ ਆਉਣੀਆਂ, ਉਸ ਵਿਚ ਯਾਦਾਸ਼ਤ ਦੇ ਬਲ ਤੇ ਭੂਤਕਾਲ ਵਿਚ ਹੋ ਚੁੱਕੇ ਪ੍ਰਾਣੀਆਂ, ਜਿਨ੍ਹਾਂ ਨਾਲ ਸਾਡਾ ਕਦੇ ਵਾਹ ਵੀ ਨਹੀਂ ਪੈਣਾ, ਨਾਲ ਅੰਦਰੋਂ ਹੀ ਲੜਦੇ ਰਹਿਣਾ ਅਤੇ ਦੋਸ਼ ਦਿੰਦੇ ਰਹਿਣਾ ਕਿ ਫਲਾਣੇ ਬੰਦੇ ਨੇ ਮੇਰਾ ਨੁਕਸਾਨ ਕੀਤਾ, ਮੇਰੇ ਨਾਲ ਮਾੜਾ ਕੀਤਾ। ਹੋਰ ਕਾਰ ਵਿਹਾਰ ਯਾਦ ਆਈ ਜਾਣੇ। ਮਨ ਦਾ ਇਕਾਗਰ ਨਾ ਹੋਣਾ ਇਸ ਨੂੰ ਸਿਮ੍ਰਤੀ ਬਿਰਤੀ ਆਖਿਆ ਜਾਂਦਾ ਹੈ। ਗਿਆਨ ਇੰਦ੍ਰੀਆਂ ਰਾਹੀਂ ਮਨ ਬਾਹਰ ਦੌੜਦਾ ਰਹਿੰਦਾ ਹੈ, ਇਸ ਨੂੰ ਕਾਬੂ ਕਰਨ ਲਈ ਗਿਆਨ ਇੰਦ੍ਰੀਆਂ ਅਤੇ ਕਰਮ ਇੰਦ੍ਰੀਆਂ, ਮਨ ਬੁੱਧ ਤੇ ਪੱਕੀ ਰੋਕ ਲਾਉਣੀ ਪੈਂਦੀ ਹੈ। ਬੰਧ ਲਾਉਣਾ ਪੈਂਦਾ ਹੈ। ਜਦੋਂ ਜਨਤਾ ਕਿਸੇ ਗੱਲੋਂ ਸਰਕਾਰ ਤੋਂ ਕਿਸੇ ਮੰਤਵ ਦੀ ਪੂਰਤੀ ਹੁੰਦੀ ਨਾ ਦੇਖ ਕੇ ਬੰਧ ਲਾ ਦਿੰਦੀ ਹੈ ਉਸ ਵੇਲੇ ਸਾਰੀਆਂ ਦੁਕਾਨਾਂ ਬੰਦ ਹੋ ਜਾਂਦੀਆਂ ਹਨ, ਸਾਰੇ ਵਾਹਨ ਸੜਕਾਂ ਤੇ ਬੰਦ ਹੋ ਜਾਂਦੇ ਹਨ, ਆਉਣਾ ਜਾਣਾ ਵੀ ਬੰਦ ਹੋ ਜਾਂਦਾ ਹੈ। ਜੇਕਰ ਕਰਫਿਊ ਲੱਗਿਆ ਹੋਵੇ ਤਾਂ ਕੋਈ ਘਰੋਂ ਬਾਹਰ ਭੀ ਨਹੀਂ ਨਿਕਲਦਾ। ਇਸੇ ਹੀ ਤਰ੍ਹਾਂ ਨਾਲ ਇਨ੍ਹਾਂ ਪੰਜ ਕਰਮ ਇੰਦ੍ਰਿਆਂ, ਗਿਆਨ ਇੰਦ੍ਰਿਆਂ ਤੇ ਮਨ ਉਪਰ ਬੰਧ ਲਾਉਣਾ ਪੈਂਦਾ ਹੈ। ਇਕਾਗਰਤਾ ਰੂਪੀ ਬੰਧ ਦੀ ਸਹਾਇਤਾ ਲਈ ਸਖਤ ਸੰਜਮ ਵਿਚ ਆਉਣਾ ਪੈਂਦਾ ਹੈ ਅਤੇ ਉਹ ਗੁਣ ਧਾਰਨੇ ਪੈਂਦੇ ਹਨ ਜਿਨ੍ਹਾਂ ਦੇ ਧਾਰਨ ਕਰਦਿਆਂ ਮਨ ਦੀਆਂ ਉਡਾਰੀਆਂ ਕਾਬੂ ਵਿਚ ਹੋ ਜਾਣ। ਇਨ੍ਹਾਂ ਨੂੰ ਸਮ ਅਤੇ ਦਮ ਆਖਿਆ ਜਾਂਦਾ ਹੈ, ਜਿਸ ਵਿਚ ਧਰਮ ਦੇ ਗੁਣ ਆ ਜਾਂਦੇ ਹਨ।

*ਖਿਮਾ ਅਹਿੰਸਾ ਦਇਆ*
*ਮ੍ਰਿਦ ਸਤ ਬਚਨ ਤਪ ਦਾਨ*
*ਸੀਲ ਸੌਚ ਤ੍ਰਿਸ਼ਨਾ*
*ਬਿਨਾਂ ਧਰਮ ਲਿੰਗ ਦਸ ਜਾਨ।*

ਇਨ੍ਹਾਂ ਦੀ ਪਾਲਨਾ ਕਰਨੀ ਬਹੁਤ ਹੀ ਜ਼ਰੂਰੀ ਹੁੰਦੀ ਹੈ। ਅਹਿੰਸਾ ਰਖਣੀ, ਮਨ ਤੋਂ, ਜ਼ੁਬਾਨ ਤੋਂ, ਸਰੀਰ ਤੋਂ; ਬੁੱਧੀ ਰਾਹੀਂ ਕਿਸੇ ਦਾ ਨੁਕਸਾਨ ਨਾ ਕਰਨਾ, ਅਹਿੰਸਾ ਹੋਇਆ ਕਰਦੀ ਹੈ। ਝੂਠ ਨਾ ਬੋਲਣਾ, ਚੋਰੀ ਨਾ ਕਰਨੀ, ਜਤ ਰਖਣਾ। ਮਹਾਂਪੁਰਸ਼ਾਂ ਨੇ ਜਤ ਦੇ ਅੱਠ ਅੰਗ ਦੱਸੇ ਹਨ

*ਸ੍ਰਵਣ ਸਿਮਰਨ ਕੀਰਤਨ*
*ਚਿਤਵਣ ਬਾਤ ਇਕੰਤ*
*ਦ੍ਰਿੜ ਸੰਕਲਪ ਪ੍ਰਜਤਨ*
*ਪ੍ਰਾਪਤ ਅਸ਼ਟ ਕਹੰਤ*

ਉਨ੍ਹਾਂ ਦੀ ਪਾਲਣਾ ਕਰਨੀ। ਸਤਿ ਦੀ ਪਾਲਣਾ ਕਰਕੇ ਮਨ ਵਿਕਾਰਾਂ ਵਲ ਨਹੀਂ ਦੌੜਦਾ, ਪਰ-ਇਸਤ੍ਰੀਆਂ ਦੇ ਫੁਰਨੇ ਨਹੀਂ ਕਰਦਾ। ਦੁਖ, ਸੁਖ ਵਿਚ ਸਮ ਬਿਰਤੀ ਰੱਖ ਕੇ, ਵਿਚਾਰ ਕੇ ਕੋਈ ਕੰਮ ਕਰਨਾ, ਧੀਰਜ ਹੋਇਆ ਕਰਦਾ ਹੈ। ਔਗੁਣ ਦੇਖ ਕੇ ਕਿਸੇ ਦਾ ਨੁਕਸਾਨ ਕਰਨ ਦੀ ਪੂਰੀ ਸਮਰਥਾ ਰਖਦਾ ਹੋਇਆ ਭੀ ਉਸ ਨੂੰ ਮਾਫ ਕਰ ਦੇਣਾ, ਅੱਗੇ ਵਾਸਤੇ ਸੁਮੱਤ ਦੇ ਦੇਣੀ ਖਿਮਾ ਹੋਇਆ ਕਰਦੀ ਹੈ। ਦੁਖੀਆਂ ਦਾ ਦੁਖ ਦੇਖ ਕੇ ਉਨ੍ਹਾਂ ਉਤੇ ਦਇਆ ਕਰਨੀ ਅਤੇ ਜਿਥੋਂ ਤਕ ਵਾਹ ਚੱਲੇ ਆਪਣਾ ਬਲ ਵਰਤਦਿਆਂ ਉਸ ਦਾ ਭਲਾ ਕਰਨਾ, ਕਿਸੇ ਨੂੰ ਵੀ ਬੁਰਾ ਉਪਦੇਸ਼ ਨਾ ਦੇਣਾ। ਸਭ ਦੇ ਭਲੇ ਨਮਿਤ ਭਾਵਨਾ ਰੱਖਣੀ। ਮਰਿਆਦਾ ਪਾਲਣ ਕਰਨੀ, ਜਾਗਣ ਦੀ, ਸੌਣ ਦੀ, ਪੜ੍ਹਨ ਦੀ, ਲਿਖਣ ਦੀ, ਖਾਣ ਪੀਣ ਦੀ। ਇਸੇ ਤਰ੍ਹਾਂ ਨਾਲ ਸੰਤੋਖ ਹਿਰਦੇ ਵਿਚ ਧਾਰਨ ਕਰਨਾ, ਦਾਨ ਦੀ ਬਿਰਤੀ ਰਖਣੀ। ਧਰਮ ਕਾਰਜਾਂ ਲਈ ਜਿਥੇ ਸਰਬੱਤ ਦੇ ਭਲੇ ਦੇ ਕਾਰਜ ਚਲਦੇ ਹੋਣ ਉਥੇ ਆਪਣੀ ਕਮਾਈ ਵਿਚੋਂ ਕੁਝ ਹਿੱਸਾ ਭੇਟਾ ਕਰਨਾ, ਬੁਰੀਆਂ ਭਾਵਨਾਵਾਂ ਨੂੰ ਆਪਣੇ ਅੰਦਰ ਦਾਖਲ ਨਾ ਹੋਣ ਦੇਣਾ, ਕਿਸੇ ਕਿਸਮ ਦਾ ਪਾਖੰਡ ਨਾ ਕਰਨਾ, ਅਭਿਮਾਨ ਰਹਿਤ ਜੀਵਨ ਬਤੀਤ ਕਰਨਾ, ਕੌੜਾ ਬੋਲ ਕੇ ਕਿਸੇ ਦਾ ਦਿਲ ਨਾ ਦੁਖਾਉਣਾ, ਪੂਜਾ ਪਾਠ ਕਰਨ ਵੇਲੇ ਮਨ ਅਤੇ ਜ਼ੁਬਾਨ ਨੂੰ ਅਬੋਲ ਰਖਣਾ, ਇਹ ਗੁਣ ਬਹੁਤ ਜ਼ਰੂਰੀ ਹੋਇਆ ਕਰਦੇ ਹਨ। ਮਨ ਦੀਆਂ ਉਡਾਰੀਆਂ ਨੂੰ ਹਰ ਸਮੇਂ ਨਿਅੰਤਰਣ ਵਿਚ ਰਖਣਾ। ਇਹ ਗੁਣ ਜਦੋਂ ਆਦਮੀ ਦੇ ਅੰਦਰ ਸਖਤ ਸੰਘਰਸ਼ ਨਾਲ ਪੈਦਾ ਹੋ ਜਾਂਦੇ ਹਨ, ਇਸ ਨੂੰ ਰਾਜਸੀ ਤਪ ਆਖਿਆ ਜਾਂਦਾ ਹੈ। ਇਹ ਤਾਮਸੀ ਤਪ ਦੀ ਤਰ੍ਹਾਂ ਸਰੀਰ ਨੂੰ ਦੁਖ ਦੇਣ ਵਾਲਾ ਤਾਂ ਨਹੀਂ ਹੈ ਪਰ ਅੰਦਰਲੇ ਵਲਵਲਿਆਂ ਨੂੰ ਸਹਿਜ ਵਿਚ ਰਖਣ ਲਈ ਬਹੁਤ ਸਾਵਧਾਨਤਾ ਵਰਤ ਕੇ ਆਪਣੇ ਨਿਅੰਤਰਣ ਵਿਚ ਕਰਨਾ, ਸ੍ਰੇਸ਼ਟ ਤਪ ਹੈ। ਇਸ ਨੂੰ ਰਾਜਸੀ ਤਪ ਕਿਹਾ ਜਾਂਦਾ ਹੈ।

ਤੀਸਰਾ ਤਪ ਜਿਸ ਨੂੰ ਸਾਂਤਕੀ ਤਪ ਕਿਹਾ ਜਾਂਦਾ ਹੈ ਉਸ ਲਈ ਰਾਜਸੀ ਤਪ ਦੀਆਂ ਸਾਰੀਆਂ ਲੋੜਾਂ ਜ਼ਰੂਰੀ ਹਨ ਕਿਉਂਕਿ ਰਾਜਸੀ ਤਪ ਰਾਹੀਂ ਮਨ ਟਿਕ ਜਾਂਦਾ ਹੈ, ਬੁੱਧੀ ਦੇ ਅਧੀਨ ਹੋ ਜਾਂਦਾ ਹੈ, ਮਨ ਦੀਆਂ ਅਵਾਰਾ ਉਡਾਰੀਆਂ ਨਿਅੰਤਰਣ 'ਚ ਆ ਜਾਂਦੀਆਂ ਹਨ। ਉਸ ਵੇਲੇ ਸਤਿ ਸਾਸ਼ਤਰਾਂ ਦਾ ਅਧਿਐਨ ਕਰਨਾ, ਉਨ੍ਹਾਂ ਦੇ ਸਿਧਾਂਤਾਂ ਨੂੰ ਸੁਣਨਾ ਅਤੇ ਮੰਨਣਾ, ਮੰਨਣ ਦੇ ਮੁਤਾਬਿਕ ਆਪਣਾ ਜੀਵਨ ਢਾਲਣਾ, ਮਨ ਨੂੰ ਨਿਰ ਅਭਿਮਾਨ ਰਖਣਾ, ਚਾਰ ਗੁਣ ਪੂਰੀ ਤਰ੍ਹਾਂ ਧਾਰਨ ਕਰਨਾ, ਜਿਨ੍ਹਾਂ ਦੇ ਕਰਮਵਾਰ ਨਾਮ - ਕਰੁਣਾ, ਮੁਦਤਾ, ਮੈਤਰੀ, ਅਪੇਖਿਆ ਹਨ। ਆਪ ਤੋਂ ਕਮਜ਼ੋਰ ਬੰਦੇ ਲਈ ਹਮਦਰਦੀ, ਜੋ ਆਪ ਦੇ ਬਰਾਬਰ ਵਾਲਾ ਹੋਵੇ ਉਸ ਨਾਲ ਮਿਤਰਤਾ ਅਤੇ ਜੋ ਉਚੇ ਜੀਵਨ ਵਾਲਾ ਹੋਵੇ ਉਸ ਦੀ ਪ੍ਰਸੰਸਾ ਅਤੇ ਕਿਸੇ ਨਾਲ ਵੈਰ ਨਾ ਕਰਨ ਤੋਂ ਬਚਣ ਲਈ ਉਸ ਤੋਂ ਹੌਲੀ-ਹੌਲੀ ਪਿਛੇ ਹਟ ਜਾਣਾ। ਵਾਹਿਗੁਰੂ ਜੀ ਉਪਰ ਪੂਰਾ ਭਰੋਸਾ ਰਖਣਾ, ਉਸ ਨੂੰ ਹਾਜ਼ਰ-ਨਾਜ਼ਰ ਸਮਝਣਾ, ਸਰਬ ਸ਼ਕਤੀਮਾਨ ਜਾਣ ਕੇ ਉਸ ਦੇ ਦਿਆਲੂ ਸੁਭਾਅ ਨੂੰ ਹਿਰਦੇ ਵਿਚ ਧਾਰਨ ਕਰਨਾ ਅਤੇ ਪੂਰਨ ਹਿਰਦੇ ਨਾਲ ਉਨ੍ਹਾਂ ਨਾਲ ਅਪਣਤ ਨਾਲ ਜੁੜਨਾ, ਮਹਾਂਪੁਰਸ਼ਾਂ ਦੇ ਬਚਨਾਂ ਦੇ ਮੁਤਾਬਿਕ ਜੀਵਨ

ਧਾਰਨ ਕਰਨਾ, ਮਨ ਦੀਆਂ ਵਾਸ਼ਨਾਵਾਂ ਨੂੰ ਵਿਚਾਰ ਦੇ ਨਾਲ ਕਾਬੂ ਕਰਨਾ, ਆਤਮ ਵਿਚਾਰ ਕਰਨੀ, ਸਤਿਸੰਗ ਵਿਚ ਜਾਣਾ, ਇਹ ਪਹਿਲੇ ਦੋਹਾਂ ਤਪਾਂ ਨਾਲੋਂ ਸ੍ਰੇਸ਼ਟ ਤਪ ਹੈ। ਇਸ ਦਾ ਫਲ ਵੀ ਬਹੁਤ ਜ਼ਿਆਦਾ ਹੁੰਦਾ ਹੈ। ਇਹ ਸਾਰੇ ਤਪ ਨਿਜ ਨਾਲ ਸਬੰਧ ਰਖਦੇ ਹਨ। ਇਨ੍ਹਾਂ ਤੋਂ ਉਪਰ ਨਿਸ਼ਕਾਮ ਭਾਵ ਵਿਚ ਆਕੇ ਸ੍ਰਿਸ਼ਟੀ ਦੀ ਸੇਵਾ ਕਰਨੀ, ਜਿਸ ਵਿਚ ਆਪਣਾ ਕੋਈ ਵੀ ਹਿਤ ਕੰਮ ਨਾ ਕਰ ਰਿਹਾ ਹੋਵੇ, ਗੁਰੂ ਦੀ ਬਾਣੀ ਨੂੰ ਪੂਰੇ ਇਕਾਗਰ ਚਿੱਤ ਨਾਲ ਵਿਚਾਰ ਕੇ ਉਸ ਦੇ ਸਿਧਾਂਤ ਨੂੰ ਸੁਣਨਾ, ਮੰਨਣਾ ਤੇ ਕਮਾਉਣਾ। ਇਸ ਤੋਂ ਵੀ ਜ਼ਰੂਰੀ ਸਮਰੱਥ ਸਤਿਗੁਰੂ ਦੀ ਸੇਵਾ ਕਰਨੀ, ਆਪਣੀ ਹੋਂਦ ਨੂੰ ਗੁਰੂ ਦੀ ਹੋਂਦ ਵਿਚ ਲੈਅ ਕਰ ਦੇਣਾ, ਸਰੀਰ ਤੋਂ ਆਪਣੀ ਅਪਣੱਤ ਦੂਰ ਕਰ ਲੈਣੀ, ਮਨ, ਬੁੱਧੀ ਵੀ ਗੁਰੂ ਨੂੰ ਅਰਪ ਦੇਣੀ, ਧਨ, ਬਾਲ-ਬੱਚੇ, ਸਭ ਜਾਇਦਾਦਾਂ ਗੁਰੂ ਦੀਆਂ ਜਾਣਨੀਆਂ। ਮਮਤਾ ਭਾਵ ਤੋਂ ਬਿਲਕੁਲ ਬਰੀ ਹੋ ਜਾਣਾ। ਗੁਰੂ ਦੀ ਸੇਵਾ ਵਿਚ ਹਰ ਸਮੇਂ ਤਤਪਰ ਰਹਿਣਾ। ਭਾਵੇਂ ਉਸ ਨੇ ਸਰੀਰਕ ਸੇਵਾ ਬਖਸ਼ੀ ਹੋਈ ਹੈ ਜਾਂ ਕੀਰਤਨ ਕਰਨ ਦੀ, ਜਾਂ ਪੁਸਤਕਾਂ ਲਿਖਣ ਦੀ, ਦੂਰ-ਦੂਰ ਹਨ੍ਹੇਰੀਆਂ ਨੁਕਰਾਂ ਵਿਚ ਜਾ ਕੇ ਪ੍ਰਕਾਸ਼ ਕਰਨ ਦੀ, ਦੁਖੀਆਂ ਨੂੰ ਦਵਾ-ਦਾਰੂ ਦੇਣ ਦੀ, ਮਕਾਨਾਂ ਦਾ ਨਿਰਮਾਣ ਕਰਨ ਦੀ, ਲੰਗਰ ਚਲਾਉਣ ਦੀ, ਪੀੜਤਾਂ ਦੀ ਪੀੜਾ ਹਰਨ ਦੀ; ਅਜਿਹੀਆਂ ਸੇਵਾਵਾਂ ਗੁਰੂ ਨੂੰ ਪ੍ਰਸੰਨ ਕਰਦੀਆਂ ਹਨ ਕਿਉਂਕਿ ਗੁਰੂ ਦੀ ਆਗਿਆ ਮੰਨਣੀ ਹੀ ਸਭ ਤੋਂ ਵੱਡੀ ਸੇਵਾ ਹੈ, ਪਰ ਹੁੰਦਾ ਕੀ ਹੈ? ਬੈਰਾਗ ਵਿਚ ਆ ਕੇ ਜਗਿਆਸੂ ਬਿਰਤੀ ਵਾਲੇ, ਘਰ ਬਾਰ ਤਿਆਗ ਦਿੰਦੇ ਹਨ, ਕਿਸੇ ਮਹਾਂਪੁਰਸ਼ ਦੀ ਸੰਗਤ ਵਿਚ ਚਲੇ ਗਏ, ਕੋਈ ਗੁਣ ਉਨ੍ਹਾਂ ਵਿਚ ਪੈਦਾ ਹੋ ਗਿਆ, ਫੇਰ ਉਹ ਉਸ ਗੁਣ ਨੂੰ ਆਪਣਾ ਜਾਣ ਕੇ ਵਰਤਦੇ ਹਨ। ਗੁਰੂ ਨੂੰ ਅੱਖੋਂ ਓਹਲੇ ਕਰ ਦਿਤਾ ਜਾਂਦਾ ਹੈ। ਸਾਧੂ ਬਣ ਕੇ ਵੱਡੇ-ਵੱਡੇ ਡੇਰੇ ਬਣਾ ਲੈਂਦੇ ਹਨ, ਬਹੁਤ ਮਾਨਤਾ ਪ੍ਰਾਪਤ ਕਰ ਲੈਂਦੇ ਹਨ। ਸੇਵਾ ਤਾਂ ਉਹ ਕਰਦੇ ਹੀ ਹਨ ਪਰ ਇਸ ਵਿਚ ਇਕ ਜ਼ਬਰਦਸਤ ਵਿਘਨ ਹੈ ਕਿ ਉਹ ਗੁਰੂ ਵਲੋਂ ਦਿਤੀ ਗਈ ਸੇਵਾ ਕਰਨ ਦੀ ਥਾਂ ਆਪਣੀ ਹੁਸ਼ਿਆਰੀ ਤੇ ਚਤੁਰਾਈ ਜਾਣ ਕੇ ਆਪਣੇ ਹਿਤ ਲਈ, ਆਪਣੀ ਸ਼ੋਹਰਤ ਲਈ ਕਰਦੇ ਹਨ। ਸੰਸਾਰ ਇਸ ਸੇਵਾ ਦੀ ਵਾਹ-ਵਾਹ ਜ਼ਰੂਰ ਕਰਦਾ ਹੈ ਪਰ ਦਰਗਾਹ ਵਿਚ ਥਾਂ ਨਹੀਂ ਪੈਂਦੀ। ਜਦੋਂ ਤਕ ਸੇਵਾ ਦੇਖ ਕੇ ਮਹਾਂਪੁਰਸ਼ ਜਾਂ ਸਮਰੱਥ ਸਤਿਗੁਰੂ ਦਾ ਮਨ ਪੂਰੀ ਤਰ੍ਹਾਂ ਨਾਲ ਪ੍ਰਸੰਨ ਨਾ ਹੋ ਜਾਵੇ, ਸੇਵਾ ਅਧੂਰੀ ਹੀ ਰਹਿੰਦੀ ਹੈ, ਇਸਦੇ ਵਾਸਤੇ ਜੋ ਰਹਿਤ ਹੈ, ਉਹਦੇ ਬਾਰੇ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ*
*ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ*
*ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ।*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ।।*

*ਭਾਈ ਗੁਰਦਾਸ ਜੀ, ਵਾਰ 3/18*

ਅਜਿਹੀ ਸੇਵਾ ਗੁਰ ਇਤਿਹਾਸ ਵਿਚ ਅਨੇਕ-ਅਨੇਕ ਗੁਰਸਿਖਾਂ ਨੇ ਗੁਰੂਆਂ ਦੇ ਜੀਵਨ ਕਾਲ ਵਿਚ ਜਦੋਂ ਉਹ ਸਰੀਰਧਾਰੀ ਸਨ, ਕਮਾਈ। ਗੁਰੂ ਨੂੰ ਪ੍ਰਸੰਨ ਕਰ ਲਿਆ। ਗੁਰੂ ਨਾਲ ਅਭੇਦ ਹੋ ਗਏ, ਜਿਵੇਂ ਕਿ ਭਾਈ ਮੰਝ ਨੇ ਅਸਾਡੇ ਲਈ ਇਕ ਉਦਾਹਰਣ ਕਾਇਮ ਕਰ ਦਿਤੀ।

ਹੁਣ ਅੱਜ ਦੇ ਸਮੇਂ ਵਿਚ ਗੁਰੂ ਸਰੀਰਧਾਰੀ ਤਾਂ ਹੈ ਨਹੀਂ, ਗੁਰੂ ਸ਼ਬਦ ਰੂਪ ਹੈ, ਜਿਸ ਨੂੰ ਅਸੀਂ ਸ਼ਬਦ ਬ੍ਰਹਮ ਵੀ ਕਹਿ ਸਕਦੇ ਹਾਂ, ਉਹ ਹਰ ਥਾਂ ਪ੍ਰੀਪੂਰਨ ਹੈ, ਅਸਾਡੇ ਅੰਦਰ ਵੀ ਹੈ ਬਾਹਰ ਵੀ ਹੈ। ਗੁਰੂ ਕਦੇ ਵੀ ਅਣਹੋਇਆ ਨਹੀਂ ਹੋਇਆ, ਪ੍ਰਮੇਸ਼ਰ ਤੇ ਗੁਰੂ ਇਕੋ ਰੂਪ ਹੋਇਆ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥*

*ਪੰਨਾ - 442*

ਉਹ ਹਰ ਥਾਂ ਅੰਦਰ ਬਾਹਰ ਹਾਜ਼ਰ ਹੈ, ਦੇਖਦਾ ਹੈ, ਸੁਣਦਾ ਹੈ, ਉਸ ਦੀ ਅਣਹੋਂਦ ਕਦੇ ਵੀ ਨਹੀਂ ਹੁੰਦੀ। ਜਿਹੜੇ ਇਸ ਭਾਵਨਾ ਨਾਲ ਪੂਰਨ ਨਿਸ਼ਕਾਮ ਰੂਪ ਵਿਚ ਸੇਵਾ ਕਰ ਰਹੇ ਹਨ ਇਸ ਨੂੰ ਗੁਰੂ ਸੇਵਾ ਰੂਪੀ ਤਪ ਆਖਿਆ ਜਾਂਦਾ ਹੈ ਜੋ ਸਾਰੇ ਤਪਾਂ ਦਾ ਸ਼੍ਰੋਮਣੀ ਤਪ ਹੈ। ਇਸਦਾ ਫਲ ਇਹ ਹੁੰਦਾ ਹੈ ਕਿ ਅਜਿਹਾ ਸੇਵਦਾਰ ਜਿਸ ਦੇ ਹਿਰਦੇ ਵਿਚੋਂ ਕਦੇ ਵੀ ਸਤਿਗੁਰੂ ਦਾ ਅਭਾਵ ਨਾ ਹੋਵੇ ਅਤੇ ਉਸ ਨੂੰ ਪ੍ਰੀਪੂਰਨ ਜੋਤੀ ਸਮਝ ਕੇ ਹਰ ਵਕਤ ਉਸ ਦੀ ਹਾਜ਼ਰੀ ਮਹਿਸੂਸ ਕਰਦਾ ਹੋਵੇ, ਉਸ ਦੇ ਸਿਮਰਨ ਵਿਚ ਰਹਿੰਦਾ ਹੋਵੇ ਅਤੇ ਇਹ ਵਿਸ਼ਵਾਸ਼ ਰਖਦਾ ਹੋਵੇ ਕਿ ਇਥੇ ਵਾਹਿਗੁਰੂ ਤੋਂ ਬਗੈਰ ਨਾ ਕੋਈ ਹੋਇਆ ਸੀ, ਨਾ ਹੁਣ ਹੋਇਆ ਹੈ, ਨਾ ਕੋਈ ਅੱਗੇ ਨੂੰ ਹੋਵੇਗਾ। ਇਹ ਪ੍ਰਮ ਸਤਿ ਹੈ ਜਿਸ ਦਰਜੇ ਤੇ ਅਸੀਂ ਜੀਵਨ ਮਨੋਰਥ ਦਾ ਫਲ ਪ੍ਰਾਪਤ ਕਰਨਾ ਹੈ, ਹੋਰ ਸੁਖਾਲੇ ਅੱਖਰਾਂ ਵਿਚ ਇਸ ਨੂੰ ਐਉਂ ਕਹਿ ਲਵੋ -

*ਆਦਿ ਸਚੁ ਜੁਗਾਦਿ ਸਚੁ ਹੈਭੀ*
*ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ - 1*

ਇਸ ਉਪਰ ਹਰ ਵਕਤ ਪਹਿਰਾ ਦੇਣਾ ਆਪਣੀ ਹੋਂਦ ਨੂੰ ਪੂਰੀ ਤਰ੍ਹਾਂ ਨਾਲ ਉਸ ਵਿਚ ਸਮਾਈ ਕਰਾ ਦੇਣੀ, ਇਹ ਤਪਾਂ ਸਿਰ ਤਪ ਹੋਇਆ ਕਰਦਾ ਹੈ ਅਤੇ ਇਸ ਦਾ ਦਰਜਾ ਗੁਰੂ ਸਿਧਾਂਤ ਅਨੁਸਾਰ -

*ਹਰਿ ਕਾ ਸੇਵਕੁ ਸੋ ਹਰਿ ਜੇਹਾ॥*
*ਭੇਦੁ ਨ ਜਾਣਹੁ ਮਾਣਸ ਦੇਹਾ॥*
*ਜਿਉ ਜਲ ਤਰੰਗ ਉਠਹਿ*
*ਬਹੁ ਭਾਤੀ ਫਿਰਿ*
*ਸਲਲੈ ਸਲਲ ਸਮਾਇਦਾ॥*

*ਪੰਨਾ - 1076*

ਸਾਧਸੰਗਤ ਜੀ ਤੁਸੀਂ ਲਗਾਤਾਰ ਪਿਛਲੇ ਕਈ ਦਿਨਾਂ ਤੋਂ ਇਕ ਬਹੁਤ ਹੀ ਮਾਰਗ ਦਰਸ਼ਨ ਕਰਦੀ ਇਤਿਹਾਸਕ ਘਟਨਾ ਬਾਰੇ ਵਿਸਥਾਰ ਨਾਲ ਸੁਣਦੇ ਆ ਰਹੇ ਹੋ। ਤੁਹਾਡੀ ਸਿਮ੍ਰਤੀ ਲਈ ਮੈਂ ਸੰਖੇਪ ਰੂਪ ਵਿਚ ਫੇਰ ਦਸਦਾ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਵੇਲੇ ਅਭੇਦ ਅਵਸਥਾ ਦਾ ਗੁਰਸਿੱਖ ਭਾਈ ਤਿਲੋਕਾ, ਭਾਈ ਭਗੀਰਥ ਮਲਸੀਹਾਂ ਵਾਲੇ ਦਾ ਜੁਆਨ ਪੁੱਤਰ, 22 ਸਾਲ ਦੀ ਉਮਰ, ਬਹੁਤ ਹੀ ਸੁੰਦਰ ਆਭਾ ਦੇਣ ਵਾਲਾ ਚਿਹਰਾ ਜਿਸ ਨੂੰ ਦੇਖਦਿਆਂ ਹੀ ਆਦਮੀ ਖਿੱਚ ਖਾ ਜਾਂਦਾ ਹੋਵੇ ਉਹ ਆਪਣੇ ਦੋ ਗੁਰਸਿੱਖਾਂ ਭਾਈ ਫਿਰਨਾ ਅਤੇ ਭਾਈ ਜੋਧ ਜੀ ਦੇ ਦਰਸ਼ਨ ਕਰਨ ਲਈ ਝਨਾਅ ਦਰਿਆ ਦੇ ਕੰਢੇ ਦਾ ਰਸਤਾ ਲੈ ਕੇ ਜਾਂਦੇ ਹਨ। ਜਾਂਦਿਆਂ ਨੇ ਇਕ ਰਮਣੀਕ ਥਾਂ ਦੇਖਿਆ, ਮਨ ਵਿਚ ਸਾਹਿਬ ਨਾਲ ਜੁੜਨ ਦੀ ਖਿੱਚ ਪੈਦਾ ਹੋਈ, ਹਰਾ-ਭਰਾ ਜੰਗਲ ਹੈ, ਨੇੜੇ ਹੀ ਪਾਣੀ ਦੀ ਸ੍ਰੋਤ ਹੈ ਅਤੇ ਉਥੇ ਇਕ ਧਰਤੀ ਨਾਲੋਂ ਉਚਾ ਚੌਂਤਰਾ ਜਿਹਾ ਬਣਿਆ ਹੋਇਆ ਹੈ ਉਸ ਦੇ ਦੁਆਲੇ ਢੱਠੇ ਹੋਏ ਛੋਟੇ ਜਿਹੇ ਮਠ ਦਾ ਮਲਬਾ ਪਿਆ ਹੈ, ਸਮਾਧੀ ਸਥਿਤ ਹੋ ਜਾਂਦੇ ਹਨ, ਸੁਰਤ ਉਚੇ ਮੰਡਲਾਂ ਵਿਚ ਲੀਨ ਹੋ ਗਈ। ਆਲਾ ਦੁਆਲਾ ਭੁੱਲ ਗਿਆ, ਅੰਦਰ ਅਨਹਦ ਸ਼ਬਦ ਗੁੰਜ਼ਾਰ ਰਸ ਦਾ ਫੁਹਾਰਾ ਵਰਸਾ ਰਿਹਾ ਹੈ ਇਸੇ ਦੇਸ਼ ਦੇ ਰਾਜੇ ਦੀ ਇਕ ਸੁੰਦਰ ਰਾਜਕੁਮਾਰੀ ਆਪਣੀਆਂ ਸਹੇਲੀਆਂ ਨਾਲ ਘੋੜਿਆਂ ਤੇ ਚੜ੍ਹ ਕੇ ਆ ਗਈ। ਸੁਭਾਵਿਕ ਤੌਰ ਤੇ ਚਾਅ ਮਲ੍ਹਾਰ ਕਰ ਰਹੀਆਂ ਹਨ। ਦੂਰੋਂ ਸ਼ੇਰ ਦਾ ਭੁਲੇਖਾ ਖਾ ਕੇ ਭਾਈ ਤਿਲੋਕੇ ਦੇ ਬਾਣ ਮਾਰਿਆ, ਨੇੜੇ ਹੋ ਕੇ ਦੇਖਿਆ ਕਿ ਐਨਾ ਸੋਹਣਾ ਮਨੁੱਖ, ਐਨੇ ਸਡੌਲ ਸਰੀਰ ਵਾਲਾ ਮੇਰੇ ਹੱਥੋਂ ਮਾਰਿਆ ਗਿਆ, ਪਹਿਲੀ ਵਾਰੀ ਦੇਖਦੇ ਸਾਰ ਹੀ ਦਿਲ ਵਿਚ ਐਸਾ ਅਸਰ ਹੋਇਆ ਜਿਹੜਾ ਇਸ ਨੇ ਕਦੇ ਵੀ ਮਹਿਸੂਸ ਨਹੀਂ ਸੀ ਕੀਤਾ - ਉਹ ਸੀ ਪਛਤਾਵਾ। ਪਾਪ ਨਾਮ ਦੀ ਚੀਜ਼ ਨੂੰ ਇਹ ਜਾਣਦੀ ਹੀ ਨਹੀਂ ਸੀ ਪਰ ਇਸ ਦੇ ਅੰਦਰ ਕੁਝ ਬਹੁਤ ਗਹਿਰਾ ਸਹਿਮ ਘਰ ਕਰ ਗਿਆ। ਕੁਛ ਅਪਣੱਤਾਂ ਦੀਆਂ ਤਣਾਵਾਂ ਆਪ ਮੁਹਾਰੇ ਹੀ ਪੀਡੀਆਂ ਹੋ ਗਈਆਂ। ਅੱਜ ਪਹਿਲੀ ਵਾਰੀ ਸੋਚਿਆ ਕਿ ਕਿਸੇ ਮਾਂ ਨੇ ਬਹੁਤ ਹੀ ਰੀਝਾਂ ਨਾਲ ਆਪਣਾ ਪੁੱਤਰ ਪਾਲਿਆ ਹੋਣਾ ਹੈ, ਕਿਸੇ ਭੈਣ ਨੇ ਸ਼ਗਨਾਂ ਦੇ ਨਾਲ ਇਸ ਨੂੰ ਵਿਦਾ ਕੀਤਾ ਹੋਣਾ ਹੈ, ਇਹ ਕੌਣ ਹੈ, ਕਿਥੋਂ ਆਇਆ ਹੈ, ਦਸਣ ਵਾਲਾ ਇਸ ਦਾ ਕੋਈ ਸਾਥੀ ਵੀ ਨਹੀਂ ਹੈ। ਸ਼ਾਂਤ ਭਾਵ ਤੱਕ ਕੇ ਮਨ ਵਿਚ ਦ੍ਰਿੜ੍ਹ ਨਿਸ਼ਚਾ ਕਰ ਲਿਆ ਕਿ ਮੈਂ ਇਸ ਦਾ ਇਲਾਜ ਕਰਾਉਣਾ ਹੈ। ਸ਼ਾਹੀ ਹਕੀਮ ਇਲਾਜ ਕਰ ਰਿਹਾ ਹੈ, ਆਪ ਦਿਨ ਰਾਤ ਬੈਠੀ ਸਭ ਚਾਅ ਮਲ੍ਹਾਰ ਭੁੱਲ ਗਈ, ਇਕੋ ਹੀ ਧੁਨ ਲਗ ਗਈ ਕਿ ਇਸ ਸੋਹਣੇ ਮਨੁੱਖ ਨੂੰ ਜ਼ਰੂਰ ਸਵਸਥ ਕਰਾਉਣਾ ਹੈ।

ਭਾਈ ਤਿਲੋਕੇ ਨੂੰ ਸੁਰਤ ਆਈ, ਰਾਜਕੁਮਾਰੀ ਨੇ ਘਭਰਾ ਕੇ ਆਪਣਾ ਕਸੂਰ ਮੰਨਿਆ। ਆਪ ਨੇ ਫੁਰਮਾਇਆ ਬੀਬਾ! ਤੂੰ ਕੁਛ ਨਹੀਂ ਕਰਿਆ, ਜੋ ਕੁਝ ਕੀਤਾ ਹੈ ਮੇਰੇ ਹੀ ਕਰਮਾਂ ਨੇ ਕੀਤਾ ਹੈ। ਹੈਰਾਨ ਹੋ ਗਈ ਕਿ ਐਸਾ ਇਨਸਾਨ ਤਾਂ ਨਾ ਮੈਂ ਕਦੇ ਸੁਣਿਆ ਹੈ, ਨਾ ਦੇਖਿਆ ਹੈ। ਭਾਈ ਤਿਲੋਕੇ ਦੀ ਹਾਲਤ, ਜ਼ਿਆਦਾ ਬੇਹੋਸ਼ੀ ਵਿਚ ਰਹਿੰਦਾ ਸੀ, ਕਦੇ-ਕਦੇ ਨੇਤਰ ਖੋਲ੍ਹਣੇ, ਕੋਈ ਹਾਏ-ਹਾਏ ਦੀ ਅਵਾਜ਼ ਨਹੀਂ ਸੀ, ਉਸ ਦੀ ਥਾਂ ਬੁਲ੍ਹ ਹਿਲਦੇ ਸਨ। ਵਾਹਿਗੁਰੂ-ਵਾਹਿਗੁਰੂ ਧੰਨ ਗੁਰੂ ਨਾਨਕ ਦੀ ਅਵਾਜ਼ ਆਉਂਦੀ ਸੀ। ਭਾਈ ਤਿਲੋਕਾ ਜੀ ਨੇ ਬਹੁਤ ਉਪਦੇਸ਼ ਦਿਤੇ। ਅਖੀਰ ਉਹ ਦਿਨ ਆ ਗਿਆ ਜਦੋਂ ਭਾਈ ਤਿਲੋਕਾ ਜੀ ਨੇ ਕਿਹਾ ਕਿ ਬੀਬਾ! ਤੁਸੀਂ ਬਹੁਤ ਚੰਗੇ ਹੋ, ਮੈਂ ਇਕ ਪ੍ਰਦੇਸੀ ਹਾਂ, ਤੁਸੀਂ ਮੇਰੇ ਨਾਲ ਪਰਿਵਾਰਕ ਮੋਹ ਤੋਂ ਵੀ ਜ਼ਿਆਦਾ ਅਪਣੱਤ ਦਿਖਾਈ ਹੈ। ਮੈਂ ਤੁਹਾਨੂੰ ਬਹੁਤ ਕੁਝ ਦਸਿਆ ਹੈ, ਹੁਣ ਮੈਂ ਸਰੀਰ ਛੱਡ ਜਾਣਾ ਹੈ। ਉਸ ਵੇਲੇ ਰਾਜ ਕੁਮਾਰੀ ਦੇ ਅੱਖਾਂ ਵਿਚ ਅੱਥਰੂ ਆ ਗਏ, ਗਲਾ ਬੰਦ ਹੋ ਗਿਆ, ਕਿਸੇ ਤਰ੍ਹਾਂ ਵੀ ਬੋਲਿਆ ਨਾ ਜਾਵੇ, ਇਕ ਘੁਮੇਰ ਆ ਗਈ, ਧਰਤੀ ਅਤੇ ਅਸਮਾਨ ਦੋਨੋਂ ਹੀ ਘੁੰਮਦੇ ਨਜ਼ਰ ਆਉਣ ਲੱਗੇ, ਸਰੀਰ ਦਾ ਸੰਤੁਲਨ ਦ੍ਰਹਮ-ਬ੍ਰਹਮ ਹੋ ਗਿਆ ਅਤੇ ਉਹ ਗਿਰਦੀ-ਗਿਰਦੀ ਬੜੀ ਮੁਸ਼ਕਲ ਨਾਲ ਸੰਭਲੀ। ਉਸ ਵੇਲੇ ਉਸ ਨੇ ਕਿਹਾ ਕਿ ਹੇ ਸਭ ਤੋਂ ਸ੍ਰੇਸ਼ਟ ਮਨੁੱਖ! ਮੈਂ ਅਜੇ ਤਕ ਨਾ ਤੇਰਾ ਨਾਮ ਪੁਛਿਆ, ਨਾ ਹੀ ਕੋਈ ਹੋਰ ਪਰੀਚਾ ਲਿਆ ਹੈ ਕਿਉਂਕਿ ਤੂੰ ਥੋੜ੍ਹੀ ਦੇਰ ਵਾਸਤੇ ਨੇਤਰ ਖੋਲ੍ਹਦਾ ਹੈਂ, ਫੇਰ ਬੇਹੋਸ਼ੀ ਵਿਚ ਚਲਿਆ ਜਾਂਦਾ ਹੈਂ, ਮੈਂ ਤੈਨੂੰ ਇੰਨਾਂ ਹੀ ਦਸਦੀ ਹਾਂ ਕਿ ਜਦੋਂ ਤੇਰਾ ਸਰੀਰ ਛੁਟੇਗਾ ਤੇ ਮੈਂ ਤੇਰੇ ਨਾਲ ਹੀ ਮਰ ਜਾਵਾਂਗੀ ਤਾਂ ਕਿ ਤੇਰਾ ਤੇ ਮੇਰਾ ਵਿਛੋੜਾ ਨਾ ਹੋਵੇ। ਮੈਂ ਪਾਪ ਕੀਤਾ ਹੈ, ਤੂੰ ਮੈਨੂੰ ਦਸਿਆ ਹੈ ਮਰਨ ਨਾਲ ਬੰਦਾ ਮਰਦਾ ਨਹੀਂ, ਕਿਸੇ ਹੋਰ ਥਾਂ ਤੇ ਚਲਿਆ ਜਾਂਦਾ ਹੈ। ਤੂੰ ਕਿਸੇ ਹੋਰ ਥਾਂ ਚਲਿਆ ਜਾਣਾ ਹੈ, ਸੋ ਜਦੋਂ ਤੇਰਾ ਸਰੀਰ ਮਰ ਗਿਆ, ਮੈਂ ਤੇਰੇ ਨਾਲ ਹੀ ਜਾਵਾਂਗੀ, ਮੈਨੂੰ ਸੰਭਾਲ ਲਈਂ। ਜਿਹੜੇ ਰਸਤੇ ਤੂੰ ਦੱਸੇ ਹਨ ਕਿ ਬਹੁਤ ਹਨ੍ਹੇਰਿਆਂ 'ਚੋਂ, ਤਕਲੀਫਾਂ 'ਚੋਂ ਲੰਘਣਾ ਪੈਣਾ ਹੈ ਉਥੇ ਮੇਰਾ ਕੋਈ ਨਹੀਂ ਹੋਣਾ, ਤੂੰ ਹੀ ਮੈਨੂੰ ਸੰਭਾਲੀਂ। ਜੋ ਮੈਂ ਭੁੱਲ ਕੀਤੀ ਹੈ ਉਥੇ ਮੈਨੂੰ ਇਸ ਦੀ ਸਜ਼ਾ ਵੀ ਮਿਲ ਜਾਵੇਗੀ। ਮੈਨੂੰ ਨਹੀਂ ਸੀ ਪਤਾ ਕਿ ਮਰਨ ਪਿਛੋਂ ਵੀ ਜਿਉਂਦੇ ਰਹੀਦਾ ਹੈ। ਤੂੰ ਮੈਨੂੰ ਬਹੁਤ ਤਰੀਕਿਆਂ ਨਾਲ ਸਮਝਾਇਆ ਹੈ, ਸੋ ਮੈਂ ਤੇਰੇ ਨਾਲ ਹੀ ਚਲਾਂਗੀ। ਸੋ ਭਾਈ ਤਿਲੋਕਾ ਜੀ ਨੇ ਕਿਹਾ ਬੀਬਾ! ਇਸ ਤਰ੍ਹਾਂ ਤਾਂ ਮਿਲਾਪ ਨਹੀਂ ਹੋਣਾ ਕਿਉਂਕਿ ਜਿਸ ਰਸਤੇ ਮੈਂ ਜਾ ਰਿਹਾ ਹਾਂ, ਉਸ ਦਾ ਨਾਮ ਆਤਮ ਮਾਰਗ ਹੈ, ਮੈਂ ਉਸ ਦੇਸ਼ ਵਿਚ ਪਹੁੰਚਣਾ ਹੈ ਜਿਥੇ ਨਾ ਬੁਢਾਪਾ ਹੈ, ਨਾ ਮੋਹ ਹੈ,

ਨਾ ਵਿਛੋੜਾ ਹੈ, ਨਾ ਉਦਾਸੀ ਹੈ, ਨਾ ਕ੍ਰੋਧ ਹੈ; ਖੇੜਾ ਹੀ ਖੇੜਾ ਹੈ, ਸਦਾ ਦਾ ਚਾਓ, ਸਦਾ ਦੀਆਂ ਖੁਸ਼ੀਆਂ ਮਹਾਨ ਅਨੰਦ ਦਾ ਦੇਸ਼ ਹੈ; ਉਥੇ ਗਮ ਕੋਈ ਨਹੀਂ ਹੈ, ਉਥੇ ਰੋਕ ਟੋਕ ਕੋਈ ਨਹੀਂ ਹੈ। ਜਿਸ ਰਸਤੇ ਜਾ ਕੇ ਉਥੇ ਪਹੁੰਚੀਦਾ ਹੈ, ਜਦੋਂ ਤਕ ਤੂੰ ਉਸ ਰਸਤੇ ਤੇ ਤੁਰਨ ਦੀ ਤਿਆਰੀ ਨਹੀਂ ਕਰਦੀ, ਸਰੀਰ ਦਾ ਵਿਛੋੜਾ ਤਾਂ ਹੋਣਾ ਹੀ ਹੋਣਾ ਹੈ, ਰੂਹ ਦਾ ਵਿਛੋੜਾ ਵੀ ਪੈ ਜਾਣਾ ਹੈ। ਤੈਨੂੰ ਅਜੇ ਤਕ ਦ੍ਰਿੜ੍ਹ ਨਹੀਂ ਹੋਇਆ ਕਿ ਤੂੰ ਆਤਮਾ ਹੈਂ, ਤੂੰ ਅਜੇ ਵੀ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਦੇਹ ਮੰਨ ਰਹੀ ਹੈਂ।

ਸਾਧਸੰਗਤ ਜੀ! ਇਹ ਸਾਰੇ ਬਚਨ ਪਿਛਲੇ ਦੀਵਾਨਾਂ ਵਿਚ ਬਹੁਤ ਵਿਸਥਾਰ ਨਾਲ ਆਪ ਸਰਵਣ ਕਰ ਚੁਕੇ ਹੋ, ਉਸ ਨੂੰ ਰਾਜਕੁਮਾਰੀ ਨੇ ਕਿਹਾ ਕਿ ਹੇ ਭਲੇ ਪੁਰਸ਼! ਤੂੰ ਮੈਨੂੰ ਉਸ ਰਸਤੇ ਦੀ ਗਿਆਤ ਕਰਾ ਜਿਸ ਰਸਤੇ ਤੂੰ ਜਾਣਾ ਹੈ; ਇਹ ਸਾਰੇ ਬਚਨ ਪਹਿਲਾਂ ਕਹੇ ਜਾ ਚੁਕੇ ਹਨ। ਸੱਚੇ ਸ਼ਬਦ ਤਕ ਪਹੁੰਚਣ ਦੀ, ਏਕੰਕਾਰ ਜੀ ਦੇ ਦੇਸ਼ ਜਾਣ ਦੀ ਵਿਆਖਿਆ ਪਹਿਲੇ ਦੀਵਾਨਾਂ ਵਿਚ ਕੀਤੀ ਜਾ ਚੁਕੀ ਹੈ, ਉਹ ਰਹਿਤਾਂ ਵੀ ਪਹਿਲੇ ਦੀਵਾਨ ਵਿਚ ਦਸੀਆਂ ਜਾਂ ਚੁਕੀਆਂ ਹਨ, ਉਹ ਅਵਸਥਾਵਾਂ ਵੀ ਵਰਣਨ ਕੀਤੀਆਂ ਸੀ ਜਿਸ ਨਾਲ ਉਸ ਰਸਤੇ ਤੇ ਪਹੁੰਚਿਆ ਜਾਂਦਾ ਹੈ ਜਿਵੇਂ ਕਿ ਫੁਰਮਾਨ ਹੈ –

*ਜਤੁ ਪਹਾਰਾ ਧੀਰਜੁ ਸੁਨਿਆਰੁ॥*
*ਅਹਰਣਿ ਮਤਿ ਵੇਦੁ ਹਥੀਆਰੁ॥*
*ਭਉ ਖਲਾ ਅਗਨਿ ਤਪ ਤਾਉ॥*
*ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥*

*ਪੰਨਾ – 8*

ਇਸ ਤੋਂ ਪਹਿਲਾਂ 'ਭਉ ਖਲਾ ਅਗਨ ਤਪ ਤਾਉ' ਬਾਰੇ ਸੁ-ਵਿਸਥਾਰ ਵਿਚਾਰ ਹੋ ਚੁਕੀ ਹੈ। ਇਸ ਤੋਂ ਅੱਗੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਹ ਸਾਧਨ ਕਰਕੇ ਤੈਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਣੀ ਹੈ। ਬ੍ਰਹਮਗਿਆਨ ਅੰਮ੍ਰਿਤ ਰੂਪੀ ਆਤਮ ਸਾਖਸ਼ਾਤਕਾਰ ਹੋਣਾ ਹੈ, ਇਹ ਅੰਮ੍ਰਿਤ ਹਿਰਦੇ ਰੂਪੀ ਭਾਂਡੇ ਵਿਚ ਸਾਂਭਿਆ ਜਾ ਸਕਦਾ ਹੈ, ਬੁੱਧੀ ਤੇ ਹਿਰਦਾ ਹਰ ਮਨੁੱਖ ਵਿਚ ਵਾਹਿਗੁਰੂ ਜੀ ਵਲੋਂ ਬਖਸ਼ੇ ਹੋਏ ਹਨ, ਬੁੱਧੀ ਵਿਚਾਰ ਕਰਦੀ ਹੈ ਉਸ ਨੇ ਤਰਕ ਕਰਨੀ ਹੈ, ਕੋਈ ਬਚਨ ਬਿਨਾਂ ਪਰਖਣ ਤੋਂ ਉਸ ਨੇ ਮੰਨਣਾ ਨਹੀਂ ਹੈ ਪਰ ਪਿਆਰ ਇਸ ਤੋਂ ਉਲਟ ਚੀਜ਼ ਹੈ। ਪਿਆਰ ਵਾਲੇ ਵਿਚ ਕੋਈ ਤਰਕ ਨਹੀਂ ਹੁੰਦੀ, ਇਹ ਤਾਂ ਪਿਆਰ ਵਿਚ ਆਇਆ ਹੋਇਆ ਬਹੁਤ ਸੰਕਟਮਈ ਹਾਲਤਾਂ ਦੇ ਵਿਚੀਂ ਲੰਘਦਾ ਹੋਇਆ ਵੀ ਪਿਆਰ ਦੇ ਭਾਵ ਵਿਚ ਪਿਆ ਹੋਇਆ, ਸੰਕਟ ਦੇਣ ਵਾਲੇ ਬਾਰੇ ਨਹੀਂ ਸੋਚਦਾ, ਕੋਈ ਬਦਲੇ ਦੀ ਵਿਉਂਤ ਨਹੀਂ ਬਣਾਉਂਦਾ ਕਿਉਂਕਿ ਮਨ ਵਿਚ ਭੈ ਹੁੰਦਾ ਹੈ। ਇਹ ਪਤਾ ਨਹੀਂ ਐਸਾ ਸੁਭਾਅ ਮੈਨੂੰ ਵਾਹਿਗੁਰੂ ਜੀ ਨੇ ਦਿਤਾ ਹੈ ਕਿ ਉਹ ਮੈਨੂੰ ਸੰਕਟ ਵਿਚ ਪਾ ਰਿਹਾ ਹੈ। ਦੂਜਾ ਜਿਥੇ ਪਿਆਰ ਹੋਵੇ ਉਥੇ ਪਿਆਰੇ ਵਲੋਂ ਜੇ ਵੱਡੀ ਤੋਂ ਵੱਡੀ ਖੇਚਲ ਮਿਲ ਜਾਵੇ ਉਸ ਦੇ ਪਿਆਰ ਦੀ ਪੂਰਤੀ ਲਈ ਪਿਆਰ ਵਾਲਾ ਕਦੇ ਉਲਾਂਭਾ ਨਹੀਂ ਦਿੰਦਾ ਸਗਮਾਂ ਉਸ ਨੂੰ ਆਪਣੇ ਪਿਆਰੇ ਵਲੋਂ ਜਾਣ ਕੇ ਪ੍ਰਸੰਨ ਚਿਤ ਹੀ ਰਹਿੰਦਾ ਹੈ।

ਗੁਰੂ ਦਸ਼ਮੇਸ਼ ਪਿਤਾ ਜੀ ਛੇ ਮਹੀਨੇ ਤੋਂ ਵਧ ਸਮੇਂ ਤੋਂ ਅਨੰਦਪੁਰ ਸਾਹਿਬ ਦੇ ਕਿਲੇ ਅੰਦਰ 10 ਲੱਖ ਫੌਜ ਨੇ ਘੇਰੇ ਹੋਏ ਸਨ ਜਿਸ ਨੇ ਪੇਸ਼ਾਵਰ ਤੋਂ ਲੈ ਕੇ ਦਿੱਲੀ ਤਕ ਦੇ ਸਾਰੇ ਰਸਤੇ ਰੋਕੇ ਹੋਏ ਸਨ, ਪਹਾੜੀ ਰਾਜਿਆਂ ਨੂੰ ਆਪਣੇ ਨਾਲ ਰਲਾਇਆ ਹੋਇਆ ਸੀ, ਆਮ ਤੌਰ ਉਪਰ ਕਰਫਿਊ ਵਰਗੀ ਹਾਲਤ ਹੋਈ ਹੋਈ ਸੀ। ਗੁਰੂ ਮਹਾਰਾਜ ਦੇ ਪ੍ਰੇਮੀ ਭਾਰਤ ਵਰਸ਼ ਅਤੇ ਉਸ ਤੋਂ ਬਾਹਰ ਦੂਰ ਤਿੱਬਤ, ਭੁਟਾਨ, ਅਫਗਾਨਿਸਤਾਨ, ਈਰਾਨ, ਈਰਾਕ, ਸਿੰਧ, ਗੁਜਰਾਤ, ਮਹਾਰਾਸ਼ਟਰ, ਬਿਹਾਰ, ਬੰਗਾਲ, ਯੂ.ਪੀ, ਬ੍ਰਹਮਾ ਤੇ ਲੰਕਾ ਤਕ ਵਸਦੇ ਸਨ। ਫੌਜੀ ਜਰਨੈਲਾਂ ਨੇ ਸਾਰੇ ਭਾਰਤ ਵਰਸ਼ ਵਿਚੋਂ ਗੁਰੂ ਮਹਾਰਾਜ ਜੀ ਵਲ ਕੋਈ ਰਾਸ਼ਨ, ਕੋਈ ਹਥਿਆਰ ਅਤੇ ਨਕਦੀ ਲਿਜਾਂਦਿਆਂ ਨੂੰ ਰੋਕਣ ਲਈ ਥਾਂ-ਥਾਂ ਤੇ ਨਾਕੇ ਬੰਦੀ ਕੀਤੀ ਹੋਈ ਸੀ। ਥੋੜ੍ਹੇ ਹੀ ਸਿੰਘ ਗੁਰੂ ਮਹਾਰਾਜ ਜੀ ਦੇ ਨਾਲ ਅਨੰਦਪੁਰ ਸਾਹਿਬ ਦੇ ਚਾਰ ਕਿਲ੍ਹਿਆਂ ਵਿਚ ਸਨ ਜੋ ਢਾਈ ਹਜ਼ਾਰ ਦੀ ਗਿਣਤੀ ਵਿਚ ਹਰੇਕ ਕਿਲੇ ਦੀ ਰਖਸ਼ਾ ਕਰ ਰਹੇ ਸਨ। ਹਮਲੇ ਹੁੰਦਿਆਂ ਨੂੰ ਛੇ ਮਹੀਨੇ ਲੰਘ ਗਏ, ਕਿਲਿਆਂ ਵਿਚ ਰਾਸ਼ਨ ਖਤਮ ਹੋ ਗਿਆ ਪਰ ਉਹ ਸੂਰਮੇ ਪਿਆਰ ਵਿਚ ਪਰੋਤੇ ਹੋਏ ਆਪਣੇ ਬਲੀਦਾਨ ਤੋਂ ਕਦੇ ਵੀ ਕੁਤਾਹੀ ਕਰਨ ਨੂੰ ਤਿਆਰ ਨਹੀਂ ਸਨ ਕਿਉਂਕਿ ਪ੍ਰੇਮ ਦਾ ਪਹਿਲਾ ਅਸੂਲ ਹੀ ਇਹ ਹੈ –

*ਪਹਿਲਾ ਮਰਣੁ ਕਬੂਲਿ*
*ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ*
*ਤਉ ਆਉ ਹਮਾਰੈ ਪਾਸਿ॥*

*ਪੰਨਾ – 1102*

ਆਪਣੇ ਜੀਵਨ ਦੀ ਕੋਈ ਪ੍ਰਵਾਹ ਨਹੀਂ ਸੀ ਕਰ ਰਿਹਾ, ਕੋਈ ਸ਼ਿਕਵਾ ਨਹੀਂ ਸੀ ਕਰ ਰਿਹਾ। ਗੁਰੂ ਮਹਾਰਾਜ ਜੀ ਨੂੰ ਕਦੇ ਵੀ ਇਸ ਬਾਰੇ ਬੇਨਤੀ ਨਹੀਂ ਸੀ ਕੀਤੀ। ਇਨ੍ਹਾਂ ਮਰਜੀਵੜਿਆਂ ਨੇ ਦਰਖਤਾਂ ਦੇ ਪੱਤੇ ਉਬਾਲ-ਉਬਾਲ ਕੇ ਅਤੇ ਛਿੱਲ ਉਬਾਲ ਕੇ ਪੀਸ ਕੇ ਪੀ ਲਈ ਫੇਰ ਵੀ ਪ੍ਰਸੰਨ ਚਿੱਤ ਸਨ ਅਤੇ ਇਹੋ ਚਾਹੁੰਦੇ ਸਨ ਕਿ ਅਸਾਡਾ ਪਿਆਰਾ ਸਤਿਗੁਰੂ ਸਾਨੂੰ ਆਪਣੇ ਪਿਆਰ ਦੀ ਦਾਤ ਬਖਸ਼ੀ ਰਖੇ, ਅਸੀਂ ਉਸ ਉਤੋਂ ਘੋਲ ਘੁਮਾ ਜਾਈਏ। ਮੁਗਲ ਫੌਜ ਤੰਗ ਪੈ ਗਈ, ਮੁਗਲ ਜਰਨੈਲ ਤੰਗ ਪੈ ਗਏ, ਅਖੀਰ ਛਲ ਵਲ ਦਾ ਤਰੀਕਾ ਸੋਚਿਆ। ਔਰੰਗਜ਼ੇਬ ਵਲੋਂ ਚਿੱਠੀ ਪੇਸ਼ ਕੀਤੀ ਜਿਸ ਉਪਰ ਸਰਕਾਰੀ ਮੋਹਰ ਲੱਗੀ ਹੋਈ ਸੀ, ਉਸ ਵਿਚ ਲਿਖਿਆ ਸੀ ਕਿ ਪੀਰ ਜੀ! (ਗੁਰੂ ਗੋਬਿੰਦ ਸਿੰਘ ਜੀ) ਤੁਹਾਡੇ ਨਾਲ ਸਾਡਾ ਕੋਈ ਵੈਰ ਨਹੀਂ, ਤੁਸੀਂ ਕਿਲਾ ਛੱਡ

ਜਾਓ ਅਸੀਂ ਤੁਹਾਨੂੰ ਕੁਝ ਵੀ ਨਹੀਂ ਕਹਾਂਗੇ, ਸੰਸਾਰ ਵਿਚ ਤੁਹਾਡਾ ਜਿਥੇ ਜੀਅ ਕਰਦਾ ਹੈ ਉਥੇ ਮੌਜ ਨਾਲ ਫਿਰੋ। ਕੁਰਾਨ ਸ਼ਰੀਫ ਦੀ ਸੁਗੰਧ ਖਾਧੀ, ਰੁਮਾਲਿਆਂ ਵਿਚ ਵਲੇਟ ਕੇ ਬੜੇ ਆਦਰ ਤੇ ਸਤਿਕਾਰ ਨਾਲ ਕੁਰਾਨ ਸ਼ਰੀਫ ਦੀ ਜਾਮਨੀ ਦਿਤੀ। ਉਧਰ ਪਹਾੜੀ ਰਾਜਿਆਂ ਨੇ ਜੋ ਗਊ ਦੇ ਉਪਾਸ਼ਕ ਸਨ, ਆਟੇ ਦੀ ਗਊ ਬਣਾ ਕੇ ਰੱਖ ਦਿਤੀ ਅਤੇ ਕਿਹਾ ਕਿ ਅਸੀਂ ਵੀ ਸੁਗੰਧ ਖਾਂਦੇ ਹਾਂ ਕਿ ਆਪ ਨੂੰ ਕੋਈ ਨੁਕਸਾਨ ਨਹੀਂ ਪਹੁੰਚੇਗਾ, ਆਪ ਕਿਲਾ ਛੱਡ ਜਾਵੋ। ਗੁਰੂ ਮਹਾਰਾਜ ਜੀ ਇਸ ਛਲ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਉਨ੍ਹਾਂ ਨੇ ਕੁਰਾਨ ਸਰੀਫ ਦੀ ਆਨ ਰੱਖਣ ਵਾਸਤੇ ਕਿਲਾ ਛੱਡ ਦਿਤਾ। ਇਨ੍ਹਾਂ ਭਾਰੀ ਫੌਜਾਂ ਨੇ ਇਕ ਦਮ ਸਿੰਘਾਂ ਤੇ ਹਮਲਾ ਕਰ ਦਿਤਾ। 500 ਸਿੰਘ ਅਨੇਕ-ਅਨੇਕ ਫੱਟ ਸਰੀਰਾਂ ਉਪਰ ਸਹਾਰਦੇ ਹੋਏ ਸ਼ਹੀਦੀਆਂ ਪਾ ਗਏ, ਗੁਰੂ ਮਹਾਰਾਜ ਜੀ ਰਾਤ ਦੇ ਹਨ੍ਹੇਰੇ ਵਿਚ ਸਰਸਾ ਨਦੀ ਦਾ ਪੂਰਾ ਪਟ ਜੋ ਮੀਂਹ ਪੈਣ ਕਰਕੇ ਭਰਿਆ ਹੋਇਆ ਸੀ, ਨੂੰ ਪਾਰ ਕਰ ਗਏ। ਗੁਰੂ ਮਹਾਰਾਜ ਜੀ ਨਾਲ ਸਿਰਫ 40 ਸਿੰਘ ਬਾਕੀ ਬਚੇ, ਉਹ ਚਮਕੌਰ ਸਾਹਿਬ ਦੀ ਗੜ੍ਹੀ ਵਿਚ ਜੋ ਉਥੋਂ ਕੁਝ ਮੀਲਾਂ ਦੀ ਵਿੱਥ ਤੇ ਸੀ, ਚਲੇ ਗਏ। ਫੌਜ ਨੇ ਜੋ ਸਾਰੀਆਂ ਸੁਗੰਧਾਂ ਤੋੜ ਕੇ ਆ ਰਹੀ ਸੀ, ਨੇ ਚਾਰੇ ਪਾਸਿਆਂ ਤੋਂ ਗੜ੍ਹੀ ਨੂੰ ਘੇਰ ਲਿਆ। ਸਾਰਾ ਦਿਨ ਦੇ ਘੋਰ ਸੰਗਰਾਮ ਹੁੰਦਿਆਂ ਹੋਇਆਂ ਭੀ ਗੜ੍ਹੀ ਦਾ ਦਰਵਾਜ਼ਾ ਨਾ ਤੋੜ ਸਕੇ। ਥੋੜ੍ਹੇ-ਥੋੜ੍ਹੇ ਸਿੰਘ ਗੜੀ ਤੋਂ ਬਾਹਰ ਆ ਕੇ ਲੜਦੇ ਰਹੇ। ਸੂਰਜ ਛਿਪ ਗਿਆ। ਪੰਜ ਸਿੰਘ ਬਾਕੀ ਬਚਦੇ ਸਨ ਉਨ੍ਹਾਂ ਵਿਚੋਂ ਤਿੰਨ ਸਿੰਘਾਂ ਨੂੰ ਨਾਲ ਲੈ ਕੇ ਗੁਰੂ ਮਹਾਰਾਜ ਜੀ ਗੜ੍ਹੀ ਵਿਚੋਂ ਅਵਾਜ਼ ਦੇ ਕੇ ਨਿਕਲ ਗਏ ਕਿ ਹਿੰਦ ਦਾ ਪੀਰ ਜਾਂਦਾ ਹੈ, ਜੇ ਹਿੰਮਤ ਹੈ ਤਾਂ ਰੋਕ ਲਵੋ। ਰਾਤ ਅਨ੍ਹੇਰੀ ਸੀ, ਮੁਗਲ ਫੌਜ ਦੀ ਆਪਸ ਵਿਚ ਹੀ ਬਹੁਤ ਕਟਾ ਵਢੀ ਹੋਈ, ਅਤੇ ਬਹੁਤ ਸਿਪਾਹੀ ਅਫਸਰ ਆਪੋ ਵਿਚ ਅਨ੍ਹੇਰੇ ਵਿਚ ਲੜ ਕੇ ਮਾਰੇ ਗਏ।

ਗੁਰੂ ਸਾਹਿਬ ਇਥੋਂ ਨਿਕਲ ਕੇ ਮਾਛੀਵਾੜੇ ਸਾਹਿਬ ਪਹੁੰਚ ਜਾਂਦੇ ਹਨ। ਆਪ ਨੂੰ 96 ਘੰਟੇ ਯੁੱਧ ਕਰਦਿਆਂ ਹੋ ਚੁਕੇ ਸਨ, ਇਕ ਮਿੰਟ ਵਾਸਤੇ ਵੀ ਅਰਾਮ ਨਹੀਂ ਸੀ ਕੀਤਾ, ਨਾ ਹੀ ਕੁਝ ਖਾਣ ਪੀਣ ਦਾ ਬੰਦੋਬਸਤ ਹੋ ਸਕਿਆ ਸੀ, ਮਾਛੀਵਾੜੇ ਜੰਗਲ ਵਿਚ ਇਕ ਖੂਹ ਤੇ ਆ ਕੇ ਹੱਥ ਮੂੰਹ ਧੋਤਾ। ਉਨ੍ਹਾਂ ਦਿਨਾਂ ਵਿਚ ਹਲਟਾਂ ਦੇ ਬੈੜ ਅਤੇ ਚਕਲੇ ਸਖਤ ਕਿਸਮ ਦੀ ਲਕੜੀ ਦੇ ਹੋਇਆ ਕਰਦੇ ਸਨ, ਟਿੰਡਾਂ ਮਿਟੀ ਦੀਆਂ ਹੋਇਆ ਕਰਦੀਆਂ ਸਨ। ਮਹਾਰਾਜ ਜੀ ਨੇ ਇਕ ਟਿੰਡ ਪਾਣੀ ਦੀ ਭਰੀ ਹੋਈ ਲਾਹ ਕੇ ਹੱਥ ਮੂੰਹ ਧੋਤਾ, ਜਲ ਪੀਤਾ। ਵਾਹਿਗੁਰੂ ਜੀ ਦਾ ਸ਼ੁਕਰ ਕਰਦੇ ਗਿੱਲੀ ਧਰਤੀ ਉਪਰ ਬਗੈਰ ਕੁਛ ਹੇਠਾਂ ਬਿਛਾਈ ਕੀਤੀਆਂ ਲੇਟ ਗਏ। ਆਪ ਦੇ ਉਪਰ ਲੈਣ ਨੂੰ ਬਰਫ ਵਰਗੀ ਠੰਢੀ ਹਵਾ ਦੀ ਚਾਦਰ ਹੀ ਸੀ, ਆਪ ਦੇ ਸਾਥੀ ਵਿਛੜ ਚੁਕੇ ਸਨ, ਆਪ ਬਿਲਕੁਲ ਸਰੀਰਕ ਤੌਰ ਤੇ ਇਕੱਲੇ ਹੀ ਸਨ, ਫੌਜ ਆਪ ਦੀ ਭਾਲ ਵਿਚ ਮਾਰੋ ਮਾਰ ਕਰਦੀ ਇਧਰ ਉਧਰ ਫੈਲ ਰਹੀ ਸੀ, ਆਪ ਨੇ ਸਭ ਗੱਲਾਂ ਦੀ ਪ੍ਰਵਾਹ ਨਾ ਕਰਦੇ ਹੋਏ ਕੁਝ ਅਰਾਮ ਕਰਨਾ ਚਾਹਿਆ ਕਿਉਂਕਿ ਪੈਰਾਂ ਵਿਚ ਕੰਡੇ ਚੁਭ-ਚੁਭ ਕੇ ਛਾਲੇ ਪੈ ਗਏ ਸਨ ਅਤੇ ਸਤਿਗੁਰੂ ਜੀ ਨੂੰ ਇਕ ਕਦਮ ਪੁਟਣਾ ਵੀ ਔਖਾ ਹੋ ਗਿਆ ਸੀ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਆਪਣੇ ਪਿਆਰੇ ਵਾਹਿਗੁਰੂ ਜੀ ਨਾਲ ਆਪਣੇ ਦਿਲ ਦੇ ਭਾਵ ਸਾਂਝੇ ਕੀਤੇ। ਆਪ ਨੇ ਇਹ ਨਹੀਂ ਕਿਹਾ ਕਿ ਹੇ ਪ੍ਰਭੂ! ਤੂੰ ਤਾਂ ਮੇਰਾ ਮਿਤਰ ਹੈਂ, ਤੈਨੂੰ ਤਾਂ ਇਹ ਚਾਹੀਦਾ ਸੀ ਕਿ ਤੂੰ ਮੈਨੂੰ ਐਨੀਆਂ ਤਕਲੀਫਾਂ ਨਾ ਦਿੰਦਾ, ਦੁਸ਼ਮਣ ਫੌਜਾਂ ਨੂੰ ਤੂੰ ਰੋਕ ਦੇਣਾ ਸੀ। ਆਪ ਨੇ ਕਿਹਾ ਕਿ ਮੈਂ ਤਾਂ ਇਨ੍ਹਾਂ ਫੌਜਾਂ ਦੇ ਆਕਰਮਣਾਂ ਨੂੰ ਤੇਰੇ ਵਲੋਂ ਹੁੰਦੀ ਦਾਤ ਸਮਝ ਕੇ ਕੋਈ ਵੀ ਦ੍ਵੈਤ ਭਾਵ ਹਿਰਦੇ ਵਿਚ ਪੈਦਾ ਨਹੀਂ ਹੋਣ ਦਿਤਾ ਕਿਉਂਕਿ ਇਹ ਸਾਰੀ ਹਾਲਤ ਤੇਰੀ ਹੀ ਪੈਦਾ ਕੀਤੀ ਹੋਈ ਸੀ। ਐ ਮੇਰੇ ਪਿਆਰੇ ਵਾਹਿਗੁਰੂ! ਮੈਂ ਇਸ ਗੱਲ ਵਿਚ ਖੁਸ਼ ਹਾਂ, ਮੈਨੂੰ ਕੋਈ ਰੰਝ ਨਹੀਂ ਹੈ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਆਪਣਾ ਸੁਨੇਹਾ ਵਾਹਿਗੁਰੂ ਜੀ ਨੂੰ ਦਿਤਾ –

*ਮਿਤ੍ਰ ਪਿਆਰੇ ਨੂੰ*
*ਹਾਲੁ ਮੁਰੀਦਾਂ ਦਾ ਕਹਣਾ॥*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,*
*ਨਾਗ ਨਿਵਾਸਾਂ ਦਾ ਰਹਣਾ॥*
*ਸੂਲ ਸੁਰਾਹੀ ਖੰਜਰ ਪਿਆਲਾ*
*ਬਿੰਗ ਕਸਾਈਆਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸਥਰ ਚੰਗਾ,*
*ਭੱਠ ਖੇੜਿਆਂ ਦਾ ਰਹਣਾ॥*
*ਖਿਆਲ ਪਾਤਸ਼ਾਹੀ ੧੦*

ਵਾਹਿਗੁਰੂ ਜੀ ਵਲੋਂ ਜਿਹੜਾ ਇਹ ਠੰਢਾ ਥਾਂ ਬਿਨਾਂ ਕਪੜੇ ਤੋਂ ਦਿਤਾ ਹੋਇਆ ਸੀ ਇਹ ਸ਼ਾਹੀ ਪਲੰਘਾਂ ਨਾਲੋਂ ਵੀ ਪਿਆਰਾ ਲਗਦਾ ਹੈ ਕਿਉਂਕਿ ਇਹ ਮੈਨੂੰ ਮੇਰਾ ਪਿਆਰਾ ਦੇ ਰਿਹਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜੇ ਪਿਆਰ ਨਾ ਹੁੰਦਾ ਤਾਂ ਬੁੱਧੀ ਨਾਲ ਵਾਹਿਗੁਰੂ ਜੀ ਉਪਰ ਹੀ ਅਨੇਕਾਂ ਤਰਕਾਂ ਕਰਨੀਆਂ ਸਨ ਪਰ ਪਿਆਰ ਵਿਚ ਕੋਈ ਤਰਕ ਨਹੀਂ ਹੁੰਦੀ; ਦੁਖ ਆਵੇ, ਸੁਖ ਆਵੇ, ਆਪਣੇ ਪਿਆਰੇ ਵਲੋਂ ਕੀਤਾ ਹੋਇਆ ਹੀ ਮੰਨ ਕੇ ਪ੍ਰਸੰਨ ਚਿਤ ਰਹੀਦਾ ਹੈ। ਪਿਆਰ ਵਾਲੇ ਹਿਰਦੇ ਦਾ ਜੋ ਭਾਂਡਾ ਹੈ ਇਸ ਵਿਚ ਹੀ ਬ੍ਰਹਮਗਿਆਨ ਰੂਪੀ ਅੰਮ੍ਰਿਤ ਟਿਕ ਸਕਦਾ ਹੈ, ਬੁੱਧੀ ਮੰਡਲ ਦੀ ਤਰਕ ਉਸ ਨੂੰ ਨਹੀਂ ਜਾਣ ਸਕਦੀ, ਬੁੱਧੀ, ਰਸ ਅਤੇ ਜੀਵਨ ਤੋਂ ਹੀਣੀ ਹੈ, ਪਿਆਰ ਨਿਰਾ ਜੀਵਨ ਹੈ ਵਾਹਿਗੁਰੂ ਜੀ ਪਿਆਰ ਹੀ ਤਾਂ ਹਨ। ਸਾਰੇ ਸੰਸਾਰ ਦੇ ਕਣ-ਕਣ ਵਿਚ ਇਸ ਪਿਆਰ ਦੇ ਬੰਨ੍ਹੇ ਹੋਏ ਰਮੇ ਹੋਏ ਹਨ-

*ਜਤ੍ਰ ਤਤ੍ਰ ਦਿਸਾ ਵਿਸਾ*
*ਹੁਇ ਫੈਲਿਓ ਅਨੁਰਾਗ। ਜਾਪੁ ਸਾਹਿਬ*

ਪਿਆਰ ਹੀ ਪ੍ਰਮ ਚੇਤਨਤਾ ਹੈ, ਜੋ ਸਾਰੇ ਸੰਸਾਰ

ਵਿਚ ਇਕ ਰਸ ਪਰੀਪੂਰਨ ਹੈ। ਪਿਆਰ ਹੀ ਜੀਵਨ ਹੈ। ਪਿਆਰ ਤੋਂ ਹੀਣਾ ਜੀਵਨ ਮੁਰਦਾਪੁਣ ਹੈ, ਭਾਵੇਂ ਉਸ ਦਾ ਸਰੀਰ ਦੇਖਣ ਨੂੰ ਕਿੰਨਾ ਹੀ ਸੁੰਦਰ ਕਿਉਂ ਨਾ ਹੋਵੇ, ਕਿੰਨਾ ਹੀ ਧਨੀ ਕਿਉਂ ਨਾ ਹੋਵੇ, ਕਿੱਡੀ ਉਚੀ ਜਾਤ ਨਾਲ ਬੇਸ਼ਕ ਸਬੰਧ ਰੱਖਣ ਵਾਲਾ ਹੋਵੇ ਪਰ ਪਿਆਰ ਤੋਂ ਬਿਨਾਂ ਮੁਰਦਾ ਹੀ ਹੋਇਆ ਕਰਦਾ ਹੈ ਕਿਉਂਕਿ ਉਸ ਵਿਚ ਚੇਤਨਤਾ ਰੁਮਕ ਨਹੀਂ ਰਹੀ। ਅੰਤਰੀਵੀ ਵਿਗਾਸ ਤੋਂ ਹੀਣਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ–

*ਅਤਿ ਸੁੰਦਰ ਕੁਲੀਨ*
*ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ॥*

*ਪੰਨਾ – 253*

ਪ੍ਰੇਮ ਦਾ ਪ੍ਰਗਟਾਵਾ ਕਰਦਿਆਂ ਪ੍ਰਭੂ ਪਿਆਰਿਆਂ ਨੇ ਪ੍ਰੀਤ ਹੀ ਮੰਗੀ ਹੈ, ਨਾ ਉਨ੍ਹਾਂ ਨੇ ਰਾਜ ਦੀ ਲੋੜ ਸਮਝੀ ਹੈ, ਨਾ ਮੁਕਤੀ ਦੀ ਲੋੜ ਸਮਝੀ ਹੈ, ਉਨ੍ਹਾਂ ਨੇ ਤਾਂ ਪ੍ਰੇਮ ਨੂੰ ਸਭ ਤੋਂ ਉਤਮ ਜਾਣਿਆ ਹੈ –

*ਰਾਜੁ ਨ ਚਾਹਉ ਮੁਕਤਿ ਨ ਚਾਹਉ*
*ਮਨਿ ਪ੍ਰੀਤਿ ਚਰਨ ਕਮਲਾਰੇ॥*
*ਬ੍ਰਹਮ ਮਹੇਸ ਸਿਧ ਮੁਨਿ*
*ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ॥*

*ਪੰਨਾ – 534*

ਪਿਆਰ ਵਿਚ ਕੋਈ ਗਰਜ ਨਹੀਂ ਹੋਇਆ ਕਰਦੀ, ਕੋਈ ਆਪਣਾ ਹਿਤ ਨਹੀਂ ਹੋਇਆ ਕਰਦਾ, ਕੁਰਬਾਨੀ ਕਰਨ ਦੀ ਹੀ ਲਗਨ ਹੋਇਆ ਕਰਦੀ ਹੈ, ਆਪਣੇ ਪਿਆਰੇ ਵਾਸਤੇ ਆਪਣਾ ਆਪ ਮਿਟਾਉਣ ਦੀ ਪੂਰੀ ਤਰ੍ਹਾਂ ਇੱਛਾ ਰਹਿੰਦੀ ਹੈ, ਗਰਜ ਨੀਵੇਂ ਦਰਜੇ ਦੀ ਚੀਜ਼ ਹੈ, ਗਰਜ ਵਾਲੇ ਬੰਦੇ ਵਿਚ ਪਿਆਰ ਆ ਹੀ ਨਹੀਂ ਸਕਦਾ।

*ਫਰੀਦਾ ਜਾ ਲਬੁ ਤਾ ਨੇਹੁ*
*ਕਿਆ ਲਬੁ ਤ ਕੂੜਾ ਨੇਹੁ॥*
*ਕਿਚਰੁ ਝਤਿ ਲਘਾਈਐ*
*ਛਪਰਿ ਤੁਟੈ ਮੇਹੁ॥*

*ਪੰਨਾ – 1378*

ਪਿਆਰ ਵਾਲਾ ਸਦਾ ਹੀ ਲੀਨਤਾ ਵਿਚ ਰਹਿੰਦਾ ਹੈ ਕਿ ਮੈਂ ਆਪਣੇ ਪਿਆਰੇ ਵਿਚ ਐਨਾ ਸਮਾਅ ਜਾਵਾਂ ਕਿ ਮੇਰੀ ਹੋਂਦ ਉਸ ਦੀ ਹੋਂਦ ਬਣ ਜਾਵੇ। ਸਭ ਤੋਂ ਉਚਾ ਪਿਆਰ ਵਾਹਿਗੁਰੂ ਜੀ ਦਾ ਪਿਆਰ ਗਿਣਿਆ ਗਿਆ ਹੈ ਕਿਉਂਕਿ ਵਾਹਿਗੁਰੂ ਜੀ ਨਾਲ ਪਿਆਰ ਕਰਕੇ ਹੀ ਆਦਮੀ ਦੇ ਅੰਦਰ ਪਵਿਤਰਤਾ ਆਉਂਦੀ ਹੈ, ਰੋਸ਼ਨੀ ਆਉਂਦੀ ਹੈ। ਆਪਾ ਭਾਵ ਲੀਨ ਹੋਣਾ ਸ਼ੁਰੂ ਹੋ ਜਾਂਦਾ ਹੈ, ਬਾਕੀ ਦੁਨੀਆਂ ਦੀਆਂ ਪ੍ਰੀਤਾਂ ਨੂੰ ਮਹਾਰਾਜ ਜੀ ਨੇ ਝੂਠ ਹੀ ਗਿਣਿਆ ਹੈ ਕਿਉਂਕਿ ਹੋਰ ਪ੍ਰੀਤਾਂ ਮਾਇਆ ਦੇ ਜਜ਼ਬੇ ਦੇ ਅਧੀਨ ਹਨ ਜਿਵੇਂ ਕਿ ਫੁਰਮਾਨ ਹੈ –

*ਹੋਰੁ ਬਿਰਹਾ ਸਭ ਧਾਤੁ ਹੈ*
*ਜਬ ਲਗੁ ਸਾਹਿਬ ਪ੍ਰੀਤਿ ਨ ਹੋਇ॥*
*ਇਹੁ ਮਨੁ ਮਾਇਆ ਮੋਹਿਆ*
*ਵੇਖਣੁ ਸੁਨਣੁ ਨ ਹੋਇ॥*

*ਪੰਨਾ – 83*

ਜਿਹੜੇ ਕੰਮ ਪਿਆਰ ਦੇ ਰਸਤੇ ਵਿਚ ਪਿਆਰ ਤੋਂ ਤੋੜਦੇ ਹਨ, ਮਹਾਰਾਜ ਫੁਰਮਾਨ ਕਰਦੇ ਹਨ ਕਿ ਐਸੀਆਂ ਰੀਤਾਂ, ਐਸੇ ਕੰਮ ਜਾਲ ਦੇਵੋ ਕਿਉਂਕਿ ਉਹ ਸਾਰੀਆਂ ਫੋਕੀਆਂ ਹਨ, ਬੁੱਧੀ ਨਾਲ ਸਬੰਧ ਰੱਖਣ ਵਾਲੀਆਂ ਹਨ –

*ਜਾਲਉ ਐਸੀ ਰੀਤਿ*
*ਜਿਤੁ ਮੈ ਪਿਆਰਾ ਵੀਸਰੈ॥*
*ਨਾਨਕ ਸਾਈ ਭਲੀ ਪਰੀਤਿ*
*ਜਿਤੁ ਸਾਹਿਬ ਸੇਤੀ ਪਤਿ ਰਹੈ॥*

*ਪੰਨਾ – 590*

ਪਿਆਰੇ ਬਿਨਾਂ ਪ੍ਰੇਮੀ ਨੂੰ ਜੀਉਣਾ ਬਹੁਤ ਔਖਾ ਹੋ ਜਾਂਦਾ ਹੈ, ਆਪ ਪਿਆਰ ਦੀਆਂ ਮਿਸਾਲਾਂ ਦਿੰਦੇ ਫੁਰਮਾਨ ਕਰਦੇ ਹਨ ਕਿ ਪਾਣੀ ਮੱਛੀ ਦਾ ਜੀਵਨ ਹੈ। ਉਹ ਪਾਣੀ ਤੋਂ ਬਗੈਰ ਇਕ ਮਿੰਟ ਵੀ ਜਿਉਂਦੀ ਨਹੀਂ ਰਹਿ ਸਕਦੀ। ਚਾਤ੍ਰਿਕ ਦਾ ਸਵਾਂਤੀ ਬੂੰਦ ਨਾਲ ਪਿਆਰ ਹੈ, ਕਿਉਂਕਿ ਉਸ ਦੀ ਤ੍ਰਿਪਤੀ ਸਵਾਂਤੀ ਬੂੰਦ ਨਾਲ ਹੀ ਹੁੰਦੀ ਹੈ, ਉਹ ਆਮ ਮੀਂਹ ਨੂੰ ਨਹੀਂ ਲੋਚਦਾ, ਜਦੋਂ ਸਵਾਂਤੀ ਬੂੰਦ ਮਿਲ ਜਾਂਦੀ ਹੈ ਉਸ ਵੇਲੇ ਦਿਨ ਰਾਤ ਦੀ ਪ੍ਰਿਹੁ-ਪ੍ਰਿਹੁ ਖਤਮ ਹੋ ਜਾਂਦੀ ਹੈ। ਹਿਰਨ ਨੂੰ ਘੰਡੇਹੇੜੇ ਦੇ ਸ਼ਬਦ ਨਾਲ ਬਹੁਤ ਪਿਆਰ ਹੈ, ਸ਼ਿਕਾਰੀ ਸਾਜ ਲੈ ਕੇ ਉਸੇ ਤਰ੍ਹਾਂ ਦੀ ਅਵਾਜ਼ ਕਢਦੇ ਹਨ, ਉਹ ਅਵਾਜ਼ ਕਿਉਂਕਿ ਉਸਨੂੰ ਪਿਆਰੀ ਹੈ ਉਹ ਵਸ ਹੋ ਕੇ ਧਰਤੀ ਤੇ ਲਿਟਣ ਲਗ ਜਾਂਦਾ ਹੈ। ਸ਼ਿਕਾਰੀ ਆ ਕੇ ਉਸ ਨੂੰ ਫੜ ਲੈਂਦਾ ਹੈ। ਇਸੇ ਤਰ੍ਹਾਂ ਨਾਲ ਫੁਲਾਂ ਤੇ ਉਡਣ ਵਾਲਾ ਭੰਵਰਾ ਸੁਗੰਧੀ ਨਾਲ ਪਿਆਰ ਕਰਦਾ ਹੈ, ਵੱਡੇ ਫੁਲ ਤੇ ਬੈਠ ਜਾਂਦਾ ਹੈ, ਫੁੱਲ ਰਾਤ ਨੂੰ ਬੰਦ ਹੋ ਜਾਂਦਾ ਹੈ ਤੇ ਇਹ ਭੰਵਰਾ ਫੁੱਲ ਛੱਡ ਕੇ ਉਡਦਾ ਨਹੀਂ, ਉਥੇ ਹੀ ਪ੍ਰਾਣ ਦੇ ਦਿੰਦਾ ਹੈ। ਮਹਾਰਾਜ ਜੀ ਕਹਿੰਦੇ ਹਨ ਕਿ ਇਸੇ ਤਰ੍ਹਾਂ ਨਾਲ ਸੰਤਾਂ ਨੂੰ ਵੀ ਆਪਣੇ ਪਿਆਰੇ ਨਾਲ ਪਿਆਰ ਹੈ, ਉਹ ਆਪਣੇ ਪਿਆਰੇ ਦੇ ਦਰਸ਼ਨ ਦੇਖੇ ਬਗੈਰ ਪਿਆਸੇ ਹੀ ਰਹਿੰਦੇ ਹਨ। ਕਿਸੇ ਹੋਰ ਚੀਜ਼ ਦੀ ਵਾਸ਼ਨਾ ਐਨੀ ਪ੍ਰਬਲ ਨਹੀਂ ਹੁੰਦੀ ਜਿੰਨੀ ਆਪਣੇ ਪਿਆਰੇ ਦਾ ਪਿਆਰ ਹੁੰਦਾ ਹੈ –

*ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ*
*ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ*
*ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ*
*ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*

**ਦੇਖਿ ਦਰਸੁ ਅਘਾਵੈ॥ ਪੰਨਾ - 708**

ਆਪਣੇ ਪਿਆਰੇ ਦਾ ਦਰਸ਼ਨ ਦੇਖਦੇ ਸਾਰ ਐਸੀ ਹਾਲਤ ਹੁੰਦੀ ਹੈ ਜਿਸ ਦਾ ਵਰਣਨ ਕਰਨਾ ਮੁਸ਼ਕਲ ਹੋ ਜਾਂਦਾ ਹੈ ਕਿਉਂਕਿ ਬੁੱਧੀ ਹੀ ਅਜਿਹੀਆਂ ਗੱਲਾਂ ਦਾ ਨਿਰਣਾ ਕਰ ਸਕਦੀ ਹੈ ਜਾਂ ਬੁੱਧੀ ਦੇ ਉਪਰ ਸੁਧ ਹੁੰਦੀ ਹੈ ਉਹ ਟੋਹਾਂ ਲਾ ਲੈਂਦੀ ਹੈ। ਪਿਆਰੇ ਦੇ ਮਿਲਾਪ ਵਿਚ ਪੂਰਨ ਚੁੱਪ ਹੁੰਦੀ ਹੈ, ਮਨ ਅਫੁਰ ਹੋ ਜਾਂਦਾ ਹੈ, ਕੋਈ ਫੁਰਨਾ ਨਹੀਂ ਰਹਿੰਦਾ, ਸੰਸਾਰ ਭੁੱਲ ਜਾਂਦਾ ਹੈ, ਸਮਾਂ ਭੁੱਲ ਜਾਂਦਾ ਹੈ ਇਕ ਮੇਲ ਦਾ ਅਨੰਦ ਹੀ ਰਹਿ ਜਾਂਦਾ ਹੈ। ਫੁਰਮਾਨ ਹੈ -

*ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ*
*ਮਨ ਆਸਾ ਚਿੰਤ ਵਿਸਾਰਿਆ॥*
*ਮੈ ਅੰਤਰਿ ਵੇਦਨ ਪ੍ਰੇਮ ਕੀ*
*ਗੁਰ ਦੇਖਤ ਮਨੁ ਸਾਧਾਰਿਆ॥*

**ਪੰਨਾ - 776**

ਪਿਆਰ ਵਾਲਾ ਆਪਣੇ ਪਿਆਰੇ ਤੋਂ ਬਿਨਾਂ ਨੀਂਦ ਤੇ ਭੁੱਖ ਵਿਸਾਰ ਬੈਠਦਾ ਹੈ, ਕਪੜਾ ਕੋਈ ਵੀ ਤਨ ਨੂੰ ਸੁਹਾਉਂਦਾ ਨਹੀਂ ਹੈ, ਨੀਂਦ ਆਉਂਦੀ ਨਹੀਂ ਹੈ, ਇੰਤਜ਼ਾਰ ਵਿਚ ਸਮਾਂ ਮੁਸ਼ਕਲ ਨਾਲ ਲੰਘਦਾ ਹੈ। ਇਸ ਅੰਦਰਲੀ ਵੇਦਨਾ ਨੂੰ ਦੂਸਰਾ ਨਹੀਂ ਜਾਣ ਸਕਦਾ ਹੈ ਜਿਵੇਂ ਕਿ -

*ਅਹਿਨਿਸ ਜਾਗੈ ਨੀਦ ਨ ਸੋਵੈ॥*
*ਸੋ ਜਾਣੈ ਜਿਸੁ ਵੇਦਨ ਹੋਵੈ॥*
*ਪ੍ਰੇਮ ਕੇ ਕਾਨ ਲਗੇ ਤਨ ਭੀਤਰਿ*
*ਵੈਦੁ ਕਿ ਜਾਣੈ ਕਾਰੀ ਜੀਉ॥*
*ਜਿਸ ਨੋ ਸਾਚਾ ਸਿਫਤੀ ਲਾਏ॥*
*ਗੁਰਮੁਖਿ ਵਿਰਲੇ ਕਿਸੈ ਬੁਝਾਏ॥*
*ਅੰਮ੍ਰਿਤ ਕੀ ਸਾਰ ਸੋਈ ਜਾਣੈ*
*ਜਿ ਅੰਮ੍ਰਿਤ ਕਾ ਵਾਪਾਰੀ ਜੀਉ॥*

**ਪੰਨਾ - 993**

ਪਿਆਰ ਹਿਰਦੇ ਵਿਚ ਛੇਕ ਪਾ ਦਿੰਦਾ ਹੈ, ਜਿਸ ਤਰ੍ਹਾਂ ਪਿਆਸਾ ਨੀਰ ਦਾ ਇੰਤਜ਼ਾਰ ਕਰਦਾ ਹੈ, ਪ੍ਰੇਮੀ ਆਪਣੇ ਪਿਆਰੇ ਤੋਂ ਬਿਨਾਂ ਤੜਫਦਾ ਰਹਿੰਦਾ ਹੈ, ਆਪਣੀ ਜਾਨ ਦੀ ਪ੍ਰਵਾਹ ਨਹੀਂ ਕਰਦਾ। ਕੁਝ ਪ੍ਰੇਮੀਆਂ ਦੀਆਂ ਮਿਸਾਲਾਂ ਦਿੰਦੇ ਹੋਏ ਭਾਈ ਗੁਰਦਾਸ ਜੀ ਨੇ ਪਿਆਰ ਨੂੰ ਪ੍ਰਤੀਕ ਬਣਾ ਕੇ ਆਪਣੇ ਸਤਿਗੁਰੂ ਨਾਲ ਪਿਆਰ ਕਰਨ ਲਈ ਅੰਕਤ ਕੀਤਾ ਹੈ -

*ਲੇਲੈ ਮਜਨੂੰ ਆਸ਼ਕੀ ਚਹੁ ਚਕੀ ਜਾਤੀ।*
*ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ।*
*ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ।*
*ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ।*
*ਰਾਂਝਾ ਹੀਰ ਵਖਾਣੀਐ*
*ਓਹੁ ਪਿਰਮ ਪਰਾਤੀ।*
*ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ।*

**ਭਾਈ ਗੁਰਦਾਸ ਜੀ, ਵਾਰ 27/1**

ਸੱਸੀ ਦੇ ਪਾਸ ਦੂਰ ਤੋਂ ਆਇਆ ਰਾਹੀ ਜਿਸ ਦਾ ਨਾਮ ਪੁੰਨੂੰ ਸੀ ਆਪਣੇ ਸਾਰੇ ਕਾਰੋਬਾਰ ਭੁਲਾ ਕੇ, ਉਹ ਉਥੇ ਹੀ ਰਹਿਣ ਲਗ ਗਿਆ। ਜਦੋਂ ਉਸ ਦੇ ਭਰਾਵਾਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੇ ਆ ਕੇ ਪੁੰਨੂੰ ਨੂੰ ਰਾਤ ਨੂੰ ਮਦਹੋਸ਼ ਕਰਕੇ ਊਠਾਂ ਤੇ ਬਿਠਾ ਕੇ ਇਕ ਬਹੁਤ ਵੱਡਾ ਮਾਰੂਥਲ ਲੰਘ ਕੇ ਆਪਣੇ ਦੇਸ਼ ਲੈ ਆਂਦਾ। ਸੱਸੀ ਤੜਫ ਰਹੀ ਹੈ ਅਤੇ ਉਸ ਦੀ ਭਾਲ ਵਿਚ ਅੱਗ ਵਰਗੇ ਤਪਦੇ ਮਾਰੂਥਲ ਵਿਚ ਪੁੰਨੂੰ ਨੂੰ ਭਾਲਦੀ ਫਿਰਦੀ ਹੈ ਪਰ ਪੁੰਨੂੰ ਦੀ ਅਵਾਜ਼ ਉਸ ਨੂੰ ਨਹੀਂ ਸੁਣਦੀ। ਉਂਞ ਉਸ ਦੇ ਕੰਨਾਂ ਨੂੰ ਭੁਚੱਕਾ (ਭੁਲੇਖਾ) ਪੈ ਰਿਹਾ ਹੈ ਕਿ ਉਹ ਪਰਤਵੀਂ ਆਵਾਜ਼ ਦੇ ਰਿਹਾ ਹੈ, ਆਪਣੀ ਹੀ ਅਵਾਜ਼ ਉਸ ਨੂੰ ਮੁੜ ਕੇ ਸੁਣਾਈ ਦੇ ਰਹੀ ਹੈ। ਬਹੁਤ ਹੀ ਤੇਜ਼ ਗਰਮੀ ਨਾ ਸਹਾਰਦੀ ਹੋਈ, ਪਿਆਸ ਵਿਚ ਆਪਣੀ ਤ੍ਰਿਖਾ ਬੁਝਾਉਣ ਲਈ ਪਾਣੀ-ਪਾਣੀ ਨਹੀਂ ਕਹਿੰਦੀ, ਪੁੰਨੂੰ-ਪੁੰਨੂੰ ਕਹਿੰਦੀ ਹੈ ਕਿਉਂਕਿ ਉਹ ਉਸ ਦਾ ਜੀਵਨ ਸੀ, ਉਸ ਬਿਨਾਂ ਉਹ ਜਿਉਂਦੀ ਨਹੀਂ ਸੀ ਰਹਿ ਸਕਦੀ। ਉਹ ਤੜਫ-ਤੜਫ ਕੇ ਆਪਣੇ ਪਿਆਰੇ ਨੂੰ ਹਾਕਾਂ ਮਾਰਦੀ ਚੜ੍ਹਾਈ ਕਰ ਗਈ। ਇਹ ਇਕ ਦੁਨਿਆਵੀ ਆਸ਼ਕਾਂ ਦਾ ਹਾਲ ਹੈ ਪਰ ਜੋ ਗੁਰੂ ਦਾ ਸੇਵਕ ਹੈ ਉਸ ਦਾ ਪਿਆਰ ਕਿੰਨਾਂ ਸਵੱਛ ਅਤੇ ਆਕਰਸ਼ਣ ਵਾਲਾ ਹੁੰਦਾ ਹੈ, ਆਪਣੇ ਪਿਆਰੇ ਤੋਂ ਸਦਾ ਹੀ ਕੁਰਬਾਨ ਜਾਂਦੇ ਹਨ ਜਿਵੇਂ ਕਿ ਭਾਈ ਗੁਰਦਾਸ ਜੀ ਨੇ ਫੁਰਮਾਨ ਕੀਤਾ ਹੈ-

*ਭਵਰੈ ਵਾਸੁ ਵਿਣਾਸੁ ਹੈ*
*ਫਿਰਦਾ ਫੁਲਵਾੜੀ।*
*ਜਲੈ ਪਤੰਗੁ ਨਿਸੰਗੁ ਹੋਇ*
*ਕਰਿ ਅਖਿ ਉਘਾੜੀ।*
*ਮਿਰਗ ਨਾਦਿ ਬਿਸਮਾਦੁ ਹੋਇ*
*ਫਿਰਦਾ ਓਜਾੜੀ।*
*ਕੁੰਡੀ ਫਾਥੇ ਮਛ ਜਿਉ*
*ਰਸਿ ਜੀਉ ਵਿਗਾੜੀ।*
*ਹਾਥਣਿ ਹਾਥੀ ਫਾਹਿਆ*
*ਦੁਖ ਸਹੈ ਦਿਹਾੜੀ।*
*ਪੀਰ ਮੁਰੀਦਾ ਪਿਰਹੜੀ*
*ਲਾਇ ਨਿਜ ਘਰਿ ਤਾੜੀ।*

**ਭਾਈ ਗੁਰਦਾਸ ਜੀ, 27/3**

ਅਤੇ ਮੁਰੀਦ ਦੀ ਪ੍ਰੀਤ ਦਾ ਨਕਸ਼ਾ ਖਿਚਦਿਆਂ ਹੋਇਆਂ ਆਪ ਪੰਛੀਆਂ ਦੀਆਂ ਉਦਾਹਰਣਾਂ ਦੇ ਕੇ ਇਸ ਪਿਆਰ ਦੇ ਜਜ਼ਬੇ ਨੂੰ ਹੋਰ ਪ੍ਰਤੱਖ ਕਰਦੇ ਹਨ। ਚਕੋਰ ਦੀ ਚੰਦ ਨਾਲ ਪ੍ਰੀਤ ਹੈ, ਰਾਤ ਹੁੰਦੇ ਹੀ ਉਹ ਚੰਦ ਵਲ ਦੇਖਣਾ ਸ਼ੁਰੂ ਕਰ ਦਿੰਦਾ ਹੈ, ਚੰਦ ਚੜ੍ਹਦੇ ਤੋਂ ਛਿਪਦੇ ਵਲ ਚਲਿਆ ਜਾਂਦਾ ਹੈ ਪਰ ਇਕ ਸਕਿੰਟ ਵੀ ਉਹ ਅੱਖ ਨਹੀਂ ਝਮਕਦਾ ਮਤਾਂ ਅੱਖੋਂ ਓਹਲੇ ਹੋ ਜਾਵੇ। ਉਸ ਦੀ

ਗਰਦਨ ਮੁੜ ਜਾਂਦੀ ਹੈ ਪਰ ਉਹ ਆਪ ਨਹੀਂ ਮੁੜਦਾ। ਚਕਵੀ ਦਿਨ ਵਿਚ ਸੂਰਜ ਵਲ ਦੇਖਦੀ ਰਹਿੰਦੀ ਹੈ, ਕਮਲ ਦਾ ਪਿਆਰ ਪਾਣੀ ਨਾਲ ਹੈ, ਪਾਣੀ ਨਾ ਹੋਵੇ ਤਾਂ ਉਹ ਸੁਕ ਕੇ ਸੜ ਜਾਂਦਾ ਹੈ, ਮੋਰ ਤੇ ਬਬੀਹੇ ਬੱਦਲਾਂ ਨੂੰ ਦੇਖ ਕੇ ਬੋਲਦੇ ਹਨ, ਪਤੀਵਰਤਾ ਇਸਤ੍ਰੀ ਅਤੇ ਪਤੀ ਦਾ ਪਿਆਰ ਬਹੁਤ ਉਚਾ ਹੁੰਦਾ ਹੈ, ਮਾਂ ਦਾ ਪੁੱਤਰ ਨਾਲ ਪਿਆਰ ਹੁੰਦਾ ਹੈ, ਇਸੇ ਤਰ੍ਹਾਂ ਮੁਰੀਦ ਦਾ ਪਿਆਰ ਆਪਣੇ ਗੁਰੂ ਨਾਲ ਸਦਾ ਹੀ ਨਿਭਦਾ ਹੈ ਜਿਵੇਂ ਕਿ –

*ਚੰਦ ਚਕੋਰ ਪਰੀਤ ਹੈ*
*ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ*
*ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ*
*ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ*
*ਸਮ੍ਹਾਲੇ।*
*ਪੀਰ ਮੁਰੀਦਾ ਪਿਰਹੜੀ*
*ਓਹੁ ਨਿਬਹੈ ਨਾਲੇ॥*
*ਭਾਈ ਗੁਰਦਾਸ ਜੀ, ਵਾਰ 27/4*

ਬਾਬਾ ਫਰੀਦ ਜੀ ਅੱਲਾ ਤਾਲਾ ਦੀ ਖੋਜ ਵਿਚ ਆਪਣੇ ਸਰੀਰ ਦੇ ਸੁਖ ਦੁਖ ਸਭ ਭੁੱਲੇ ਹੋਏ ਹਨ, ਹਰ ਸਮੇਂ ਅੱਲਾ ਦੀ ਉਡੀਕ ਵਿਚ ਰਹਿੰਦੇ ਹਨ, ਖਾਣਾ ਪੀਣਾ ਪਹਿਨਣਾ ਸਭ ਭੁੱਲ ਗਏ, ਜਿਥੇ ਪਏ ਹਨ ਉਥੇ ਹੀ ਪਏ ਰਹਿੰਦੇ ਹਨ। ਕਿਤੇ ਖੂਹ ਵਿਚ ਲਮਕੇ ਹੋਏ ਉਡੀਕ ਵਿਚ ਰਹਿੰਦੇ ਹਨ ਕਿ ਮੇਰਾ ਪਿਆਰਾ ਮੈਨੂੰ ਆ ਕੇ ਕੱਢੇ। ਤਨ ਸੁਕ ਗਿਆ, ਹੱਡੀਆਂ ਨਿਕਲ ਆਈਆਂ, ਤਲੀਆਂ ਵਿਚੋਂ ਕਾਵਾਂ ਨੇ ਆ ਕੇ ਮਾਸ ਕੱਢ ਲਿਆ ਪਰ ਪ੍ਰਮੇਸ਼ਰ ਦੇ ਦੀਦਾਰ ਦੀ ਆਸ ਮਨ ਵਿਚ ਲੱਗੀ ਹੋਈ ਹੈ। ਇਕ ਦਿਨ ਆਪ ਦੀ ਨਜ਼ਰ ਕੋਇਲ ਆਈ। ਆਪ ਨੇ ਕਿਹਾ ਕਿ ਕੋਇਲ! ਮੈਂ ਤੇਰੇ ਤੋਂ ਇਕ ਭੇਤ ਦੀ ਗੱਲ ਪੁਛਣੀ ਚਾਹੁੰਦਾ ਹਾਂ। ਕਿਸੇ ਸਮੇਂ ਮੈਂ ਬਹੁਤ ਸੁੰਦਰ ਜਵਾਨ ਹੁੰਦਾ ਸੀ, ਮੇਰੀ ਸੁੰਦਰਤਾ ਅਤੇ ਮੇਰੇ ਗੋਰੇ ਸ਼ੋਹ ਰੰਗ ਨੂੰ ਦੇਖ ਕੇ ਕਈ ਪ੍ਰੇਮੀ ਮਸਤ ਹੁੰਦੇ ਸਨ। ਅੱਜ ਮੈਂ ਤੇਰੇ ਵਰਗਾ ਹੀ ਕਾਲਾ ਹੋ ਗਿਆ ਹਾਂ, ਮੇਰੇ ਜਬਾੜ੍ਹੇ ਅੰਦਰ ਨੂੰ ਵੜ ਗਏ ਹਨ, ਅੱਖਾਂ ਅੰਦਰ ਨੂੰ ਧਸ ਗਈਆਂ ਹਨ, ਪੁੜਪੜੀਆਂ ਵੀ ਅੰਦਰ ਨੂੰ ਹੋ ਗਈਆਂ, ਹੱਥਾਂ ਪੈਰਾਂ ਦੀ ਸ਼ਕਤੀ ਬਿਲਕੁਲ ਘੱਟ ਗਈ ਹੈ। ਮੈਂ ਤੈਨੂੰ ਦੇਖਦਾ ਹਾਂ ਤੇਰਾ ਵੀ ਰੰਗ ਬਹੁਤ ਕਾਲਾ ਹੈ। ਤੇਰੀ ਬੋਲੀ ਵਿਚ ਹੂਕ ਹੈ, ਤੂੰ ਪਿਆਰ ਦੀ ਕੂਕ ਮਾਰਦੀ ਹੈਂ ਜਿਸ ਨੂੰ ਸੁਣ ਕੇ ਮੇਰਾ ਮਨ ਦ੍ਰਵ ਜਾਂਦਾ ਹੈ। ਮੈਨੂੰ ਲਗਦਾ ਹੈ ਕਿ ਤੈਨੂੰ ਵੀ ਕੋਈ ਵਿਛੋੜਾ ਹੈ, ਕੀ ਤੂੰ ਮੈਨੂੰ ਦਸ ਸਕਦੀ ਹੈਂ ਮੈਂ ਇਹ ਭੇਤ ਜਾਨਣਾ ਚਾਹੁੰਦਾ ਹਾਂ? ਉਸ ਵੇਲੇ ਕੋਇਲ ਨੇ ਕਿਹਾ ਕਿ ਫਰੀਦ! ਸੰਸਾਰ ਵਿਚ ਸਭ ਪੰਛੀਆਂ ਦੇ ਪ੍ਰਭੂ ਨੇ ਜੋੜੇ ਬਣਾਏ ਹਨ। ਉਹ ਕਾਲ ਦੇ ਡਰ ਤੋਂ ਵੱਖਰੇ-ਵੱਖਰੇ ਥਾਵਾਂ ਤੇ ਰਾਤ ਨੂੰ ਨਿਵਾਸ ਰਖਦੇ ਹਨ। ਇਸ ਖਿਆਲ ਨਾਲ ਕਿ ਜੇ ਦੋਹਾਂ 'ਚੋਂ ਇਕ ਮਰ ਜਾਵੇ ਤਾਂ ਦੂਜਾ ਬੱਚਿਆਂ ਦਾ ਖਿਆਲ ਰਖ ਸਕੇ। ਪਰ ਉਹ ਰੋਜ਼ ਹੀ ਸਵੇਰ ਦੀ ਪਹਿਲੀ ਕਿਰਨ ਨਾਲ ਹੀ ਆ ਕੇ ਇੱਕਠੇ ਹੋ ਜਾਂਦੇ ਹਨ ਅਤੇ ਖੁਸ਼ੀ ਨਾਲ ਆ ਕੇ ਗਾਉਣ ਲਗ ਜਾਂਦੇ ਹਨ। ਮਾਨੋ ਪ੍ਰਭੂ ਦੀ ਯਾਦ ਵਿਚ ਕੋਈ ਸੰਗੀਤ ਹੁੰਦਾ ਪ੍ਰਤੀਤ ਦਿੰਦਾ ਹੈ ਪਰ ਮੈਂ ਸਦਾ ਹੀ ਇਕੱਲੀ ਰਹਿੰਦੀ ਹਾਂ ਕਿਉਂਕਿ ਮੇਰਾ ਭਰਤਾ ਤੇ ਮੈਂ ਕਦੇ ਵੀ ਇਕੱਠੇ ਹੋ ਕੇ ਨਹੀਂ ਬੈਠੇ। ਇਹ ਕੁਦਰਤ ਵਲੋਂ ਹੀ ਸਾਡੇ ਨਾਲ ਹੋਇਆ ਹੋਇਆ ਹੈ। ਇਸ ਕਰਕੇ ਫਰੀਦ! ਤੈਨੂੰ ਤਾਂ ਆਸ ਹੈ ਕਿ ਤੂੰ ਕਦੇ ਤਾਂ ਆਪਣੇ ਪਿਆਰੇ ਪ੍ਰਭੂ ਨੂੰ ਮਿਲ ਲਵੇਂਗਾ ਪਰ ਮੈਨੂੰ ਤਾਂ ਆਸ ਹੀ ਨਹੀਂ ਹੈ ਕਿ ਮੈਂ ਤੇ ਮੇਰਾ ਪਿਆਰਾ ਇਕੱਠੇ ਹੋ ਕੇ ਕਦੇ ਬੈਠਾਂਗੇ।

*ਕਾਲੀ ਕੋਇਲ ਤੂ ਕਿਤ ਗੁਨ ਕਾਲੀ॥*
*ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥*
*ਪੰਨਾ – 794*

ਗੁਰੂ ਮਹਾਰਾਜ ਜੀ ਇਕ ਤਲਾਬ ਕੋਲੋਂ ਲੰਘ ਰਹੇ ਹਨ ਉਸ ਤਲਾਬ ਵਿਚ ਕਮਲ ਦੇ ਫੁਲ ਖਿੜੇ ਹੋਏ ਹਨ, ਤਲਾਬ ਦੇ ਦੁਆਲੇ ਫੁਲਾਂ ਦੀਆਂ ਕਿਆਰੀਆਂ ਹਨ, ਪੰਛੀ ਖੁਸ਼ੀ ਨਾਲ ਚਹਿਚਹਾ ਰਹੇ ਹਨ। ਜਦੋਂ ਦੁਬਾਰਾ ਆਪ ਉਥੋਂ ਲੰਘੇ ਤਾਂ ਕੀ ਦੇਖਿਆ ਕਿ ਉਥੇ ਨਾ ਕੋਈ ਫੁੱਲ ਹਨ ਅਤੇ ਨਾ ਪੰਛੀ ਚਹਿਚਹਾ ਰਹੇ ਹਨ। ਉਹ ਕਮਲ ਫੁੱਲ ਰੂਪੋਂ ਕਰੂਪ ਹੋ ਕੇ ਸਾਰੇ ਕਾਲੇ ਸਿਆਹ ਹੋਏ ਗਿਰੇ ਪਏ ਹਨ। ਉਸ ਵੇਲੇ ਆਪ ਨੇ ਪੁਛਿਆ ਕਿ ਐ ਫੁਲੋ! ਤੁਹਾਨੂੰ ਕੀ ਹੋ ਗਿਆ? ਉਤਰ ਆਉਂਦਾ ਹੈ ਕਿ ਹੇ ਸਤਿਗੁਰੂ! ਅਸੀਂ ਪਿਆਰੇ ਨਾਲੋਂ ਵਿਛੜ ਗਏ ਹਾਂ। ਮਹਾਰਾਜ ਜੀ ਕਹਿਣ ਲੱਗੇ, "ਪਿਆਰਿਓ! ਤੁਹਾਡਾ ਤਾਂ ਕੰਚਨ ਵਰਗਾ ਰੰਗ ਹੁੰਦਾ ਸੀ, ਤੁਹਾਡੀ ਸੁੰਦਰਤਾ ਉਪਰ ਭਉਰੇ ਗੁੰਜ਼ਾਰਾਂ ਪਾਉਂਦੇ ਸਨ, ਤੁਹਾਨੂੰ ਕੀ ਦੁੱਖ ਲੱਗਿਆ ਹੈ ਜਿਸ ਕਰਕੇ ਤੁਸੀਂ ਇਹ ਹਾਲਤ ਬਣਾ ਲਈ?" ਉਸ ਵੇਲੇ ਅਵਾਜ਼ ਆਈ ਕਿ ਸਾਡਾ ਮਿਤਰ ਸਾਥੋਂ ਵਿਛੜ ਗਿਆ ਹੈ ਜਿਸ ਨੂੰ ਅਸੀਂ ਪਿਆਰ ਕਰਦੇ ਸੀ, ਉਹ ਸਾਡਾ ਜੀਵਨ ਸੀ, ਉਸ ਤੋਂ ਬਿਨਾਂ ਸਾਡਾ ਰੰਗ ਕਾਲਾ ਹੋ ਗਿਆ ਹੈ –

*ਪਬਰ ਤੂੰ ਹਰੀਆਵਲਾ*
*ਕਵਲਾ ਕੰਚਨ ਵੰਨਿ॥*
*ਕੈ ਦੋਖੜੈ ਸੜਿਓਹਿ*
*ਕਾਲੀ ਹੋਈਆ ਦੇਹੁਰੀ*
*ਨਾਨਕ ਮੈ ਤਨਿ ਭੰਗੁ॥*
*ਜਾਣਾ ਪਾਣੀ ਨ ਲਹਾਂ*
*ਜੈ ਸੇਤੀ ਮੇਰਾ ਸੰਗੁ॥*
*ਜਿਤੁ ਡਿਠੈ ਤਨੁ ਪਰਫੁੜੈ*
*ਚੜੈ ਚਵਗਣਿ ਵੰਨੁ॥ ਪੰਨਾ – 1412*

ਅੱਕ ਦੀ ਖਖੜੀ ਜਿੰਨੀ ਦੇਰ ਤਕ ਅੱਕ ਦੇ ਮਿਲਾਪ ਵਿਚ ਰਹਿੰਦੀ ਹੈ ਓਨੀ ਦੇਰ ਤਕ ਦੇਖਣ ਨੂੰ

ਬਹੁਤ ਸੋਹਣੀ ਲਗਦੀ ਹੈ ਪਰ ਜਦੋਂ ਆਪਣੇ ਪ੍ਰੀਤਮ ਨਾਲੋਂ ਵਿਛੜ ਜਾਂਦੀ ਹੈ ਉਸ ਵੇਲੇ ਉਹ ਇਕ-ਇਕ ਰੂੰ ਦਾ ਫੰਭਾ ਹੋ ਕੇ ਉਡ ਜਾਂਦੀ ਹੈ –

*ਖਖੜੀਆ ਸੁਹਾਵੀਆ*
*ਲਗੜੀਆ ਅਕ ਕੰਠਿ॥*
*ਬਿਰਹ ਵਿਛੋੜਾ ਧਣੀ ਸਿਉ*
*ਨਾਨਕ ਸਹਸੈ ਗੰਠਿ॥ ਪੰਨਾ – 319*

ਗੁਰੂ ਮਹਾਰਾਜ ਜੀ ਇਸ ਪ੍ਰੇਮ ਦੀ ਹੋਰ ਘਟਨਾ ਦੇ ਕੇ ਫੁਰਮਾਨ ਕਰਦੇ ਹਨ, ਪ੍ਰੇਮ ਐਡਾ ਪ੍ਰਬਲ ਹੈ ਕਿ ਵਾਹਿਗੁਰੂ ਜੀ ਨੂੰ ਡੋਰੀਆਂ ਪਾ ਕੇ ਬੰਨ੍ਹ ਲੈਂਦਾ ਹੈ ਜਿਵੇਂ ਕਿ –

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥*
*ਤੂ ਭਗਤਾ ਕੈ ਵਸਿ*
*ਭਗਤਾ ਤਾਣੁ ਤੇਰਾ॥ ਪੰਨਾ – 962*

ਸੰਮਨ ਤੇ ਮੂਸਨ ਦੋ ਪ੍ਰੇਮੀ ਸਾਹਬਾਜ਼ਪੁਰ ਦੇ ਵਸਨੀਕ ਸਨ, ਪਰ ਚੋਟੀ ਦੇ ਕਾਰੀਗਰ ਹੋਣ ਕਰਕੇ ਲਾਹੌਰ ਵਿਚ ਕੰਮ ਕਰਦੇ ਸਨ। ਪੂਰੀ ਤਰ੍ਹਾਂ ਸਿਦਕੀ ਸਨ, ਨਾਮ ਦਾਨ ਇਸ਼ਨਾਨ ਇਨ੍ਹਾਂ ਦਾ ਨਿਤਨੇਮ ਸੀ। ਇਹ ਗੁਰੂ ਪੰਜਵੇਂ ਪਾਤਸ਼ਾਹ ਦੇ ਨਾਲ ਬਹੁਤ ਪਿਆਰ ਕਰਦੇ ਸਨ। ਗੁਰੂ ਸਾਹਿਬ ਇਕ ਵਾਰੀ ਲਾਹੌਰ ਗਏ ਤਾਂ ਮੂਸਨ ਨੇ ਕਿਹਾ ਕਿ ਪੁੱਤਰ ਸਮਨ! ਗੁਰੂ ਮਹਾਰਾਜ ਜੀ ਆਏ ਹੋਏ ਹਨ, ਆਪਾਂ ਸੰਗਤਾਂ ਸਮੇਤ ਗੁਰੂ ਮਹਾਰਾਜ ਜੀ ਨੂੰ ਪ੍ਰਸ਼ਾਦਾ ਛਕਣ ਦਾ ਨਿਮੰਤਰਣ ਦੇਣਾ ਹੈ, ਪਰ ਅਸਾਡੇ ਪਾਸ ਧਨ ਦੀ ਬਹੁਤ ਘਾਟ ਹੈ। ਜੇ ਧਨ ਮਿਲ ਜਾਵੇ, ਭਾਵੇਂ ਉਸ ਲਈ ਆਪਣਾ ਆਪ ਵੇਚਣਾ ਹੀ ਕਿਉਂ ਨਾ ਪਵੇ, ਆਪਾਂ ਗੁਰੂ ਮਹਾਰਾਜ ਜੀ ਨੂੰ ਪ੍ਰਸ਼ਾਦਾ ਛਕਾ ਕੇ ਉਨ੍ਹਾਂ ਦੇ ਪਿਆਰ ਦੇ ਪਾਤਰ ਬਣੀਏ। ਪੁੱਤਰ! ਉਨ੍ਹਾਂ ਦਾ ਪਿਆਰ ਅਮੁੱਲ ਹੈ। ਗਰੀਬ ਹੋਣ ਕਰਕੇ ਅਸੀਂ ਵਾਂਝੇ ਰਹਿ ਰਹੇ ਹਾਂ, ਉਸ ਵੇਲੇ ਆਪ ਨੇ ਪੈਸਾ ਲਿਆਉਣ ਦੀਆਂ ਕਈ ਵਿਉਂਤਾਂ ਬਣਾਈਆਂ। 500 ਰੁਪਿਆ ਚਾਹੀਦਾ ਸੀ, ਉਹ ਇਕ ਸ਼ਾਹੂਕਾਰ ਕੋਲ ਗਏ। ਉਸ ਨੂੰ ਸਾਰੀ ਗੱਲ ਦੱਸੀ ਕਿ ਗੁਰੂ ਮਹਾਰਾਜ ਜੀ ਆ ਰਹੇ ਹਨ, ਸਾਨੂੰ ਤੂੰ 500 ਰੁਪਿਆ ਫਲਾਣੇ ਦਿਨ ਦੇਹ ਅਸੀਂ ਸੰਗਤਾਂ ਨੂੰ ਪ੍ਰਸ਼ਾਦਾ ਛਕਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ।

ਇਸ ਸਬੰਧ ਉਪਰ ਕਈ ਤਰ੍ਹਾਂ ਦੀਆਂ ਸਾਖੀਆਂ ਹਨ ਕਿ ਸੇਠ ਨੇ ਨਿਯਤ ਦਿਨ ਤੋਂ ਪੈਸਾ ਦੇਣ ਤੋਂ ਇਨਕਾਰ ਕਰ ਦਿਤਾ ਤੇ ਓਧਰ ਇਹ ਗੁਰੂ ਮਹਾਰਾਜ ਨੂੰ ਨਿਮੰਤਰਣ ਦੇ ਆਏ ਸਨ। ਇਹ ਸੁਣ ਕੇ ਦੋਵੇਂ ਪਿਉ ਪੁੱਤਰ ਬੜੇ ਪਰੇਸ਼ਾਨ ਸਨ। ਸੇਠ ਨੇ ਥੈਲੀ ਵਿਚ ਪੈਸੇ ਪਾ ਕੇ ਰੱਖੇ ਹੋਏ ਸੀ ਪਰ ਕਿਸੇ ਨੇ ਭਾਨੀ ਮਾਰ ਦਿਤੀ ਤੇ ਉਹ ਬਿਲਕੁਲ ਮੁਕਰ ਗਿਆ। ਇਥੇ ਕਈ ਵਿਦਵਾਨ ਕਹਿੰਦੇ ਹਨ ਕਿ ਦੋਹਾਂ ਨੇ ਚੋਰੀ ਦੀ ਸਲਾਹ ਬਣਾਈ ਕਿ ਸੇਠ ਦੇ ਘਰ ਪਾੜ ਲਾ ਕੇ ਪੈਸੇ ਚੁੱਕ ਲਿਆਈਏ। ਪਰ ਇਹ ਗੱਲ ਗੁਰੂ ਦੇ ਸਿਧਾਂਤ ਦੇ ਅਨੁਕੂਲ ਨਹੀਂ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ*
*ਕੀਆ ਚੰਗਾ ਕਿਉ ਹੋਇ॥*
*ਪੰਨਾ – 662*

ਪਰ ਇਕ ਹੋਰ ਕਥਾ ਹੈ ਜੋ ਮਨ ਨੂੰ ਲਗਦੀ ਹੈ ਕਿ ਇਨ੍ਹਾਂ ਨੂੰ ਜਦੋਂ ਪੈਸਾ ਨਾ ਮਿਲਿਆ ਤਾਂ ਸ਼ਹਿਰ ਵਿਚ ਢਿੰਡੋਰਾ ਫਿਰ ਰਿਹਾ ਸੀ ਕਿ ਲਾਹੌਰ ਦੇ ਕਿਲੇ ਦੀ ਇਕ ਬਾਹੀਂ ਮੀਂਹ ਪੈਣ ਕਰਕੇ ਗਿਰ ਗਈ ਹੈ, ਉਹ ਬਾਹੀਂ ਦਾ ਬੁਰਜ ਸੁਰਖਸ਼ਿਤ ਸੀ ਪਰ ਗਿਰਨ ਲਈ ਤਿਆਰ ਸੀ, ਉਸ ਵਿਚ ਬਾਦਸ਼ਾਹ ਦੀਆਂ ਅਤਿ ਕੀਮਤੀ ਵਸਤਾਂ ਪਈਆਂ ਸਨ। ਢਿੰਡੋਰਚੀ ਕਹਿ ਰਿਹਾ ਸੀ ਕਿ ਜੇ ਕੋਈ ਸੂਰਮਾ ਇਸ ਗਿਰਦੀ ਕੰਧ ਦੇ ਉਪਰ ਚੜ੍ਹ ਕੇ ਸ਼ਾਹੀ ਚੀਜ਼ਾਂ ਸੁਰਖਸ਼ਿਤ ਲੈ ਆਵੇ ਤਾਂ ਉਸ ਨੂੰ 500 ਰੁਪਿਆ ਇਨਾਮ ਮਿਲੇਗਾ। ਜਦੋਂ ਮੂਸਨ ਤੇ ਸੰਮਨ ਨੇ ਸੁਣਿਆ ਤਾਂ ਉਸ ਵੇਲੇ ਸੰਮਨ ਨੇ ਕਿਹਾ ਕਿ ਪਿਤਾ ਜੀ ਮੈਨੂੰ ਆਗਿਆ ਦੇਵੋ। ਮੈਂ ਉਹ ਵਸਤਾਂ ਸੁਰਖਸ਼ਤ ਲਾਹ ਲਿਆਵਾਂਗਾ। ਮੈਨੂੰ ਗੁਰੂ ਦੇ ਚਰਨਾਂ ਤੇ ਪੂਰਨ ਭਰੋਸਾ ਹੈ। ਪਿਤਾ ਜੀ! ਆਪਣੀ ਜੋ ਪ੍ਰਤਗਿਆ ਹੈ ਉਹ ਵੀ ਪੂਰੀ ਹੋ ਜਾਵੇਗੀ ਅਤੇ ਗੁਰੂ ਦੀਆਂ ਖੁਸ਼ੀਆਂ ਵੀ ਆਪਾਂ ਪ੍ਰਾਪਤ ਕਰ ਲਵਾਂਗੇ। ਜੇ ਮੈਂ ਸ਼ਹੀਦ ਹੋ ਗਿਆ ਤਾਂ ਤੁਸੀਂ ਗੁਰੂ ਮਹਾਰਾਜ ਜੀ ਨੂੰ ਇਨ੍ਹਾਂ ਪੈਸਿਆਂ ਦਾ ਪ੍ਰਸ਼ਾਦ ਛਕਾਉਣ ਉਪਰੰਤ ਮੇਰਾ ਸਸਕਾਰ ਕਰ ਦੇਣਾ। ਪਿਤਾ ਨੇ ਕਿਹਾ ਕਿ ਬੇਟਾ! ਇਹ ਕੰਮ ਖਤਰਨਾਕ ਹੈ। ਉਸ ਵੇਲੇ ਸੰਮਨ ਨੇ ਕਿਹਾ ਕਿ ਪਿਤਾ ਜੀ! ਗੁਰੂ ਦਾ ਪਿਆਰ ਸਿਰ ਬਦਲੇ ਮਿਲਦਾ ਹੈ।

*ਤਨ ਗੰਦਗੀ ਕੀ ਕੋਠੜੀ*
*ਹਰਿ ਹੀਰਿਆ ਕੀ ਖਾਣ।*
*ਸਿਰ ਦਿਤਿਆਂ ਜੇ ਹਰਿ ਮਿਲੇ*
*ਤਾਂ ਭੀ ਸਸਤਾ ਜਾਣ।*

ਗੁਰਬਾਣੀ ਵਿਚ ਆਉਂਦਾ ਹੈ –

*ਸੰਮਨ ਜਉ ਇਸ ਪ੍ਰੇਮ ਕੀ*
*ਦਮ ਕਿਹੁ ਹੋਤੀ ਸਾਟ॥*
*ਰਾਵਨ ਹੁਤੇ ਸੁ ਰੰਕ ਨਹਿ*
*ਜਿਨਿ ਸਿਰ ਦੀਨੇ ਕਾਟਿ॥*
*ਪੰਨਾ – 1363*

ਇਸੇ ਸਲਾਹ ਨਾਲ ਸੰਮਨ ਕੰਧ ਉਤੇ ਚੜ੍ਹ ਗਿਆ ਅਤੇ ਸਾਰੀਆਂ ਚੀਜ਼ਾਂ ਰੱਸੀ ਰਾਹੀਂ ਸੁਰਖਸ਼ਿਤ ਲਾਹ ਦਿਤੀਆਂ। ਜਦੋਂ ਆਪ ਉਤਰਨ ਲੱਗਿਆ ਤਾਂ ਕੰਧ ਫਟ ਜਾਂਦੀ ਹੈ ਅਤੇ ਇਹ ਗਿਰ ਕੇ ਚੜ੍ਹਾਈ ਕਰ ਜਾਂਦਾ ਹੈ। ਉਹ ਪੁਤਰ ਦੀ ਲਾਸ਼ ਘਰ ਇਕ ਕਮਰੇ ਵਿਚ ਰੱਖ ਕੇ ਕਪੜਾ ਪਾ ਦਿੰਦਾ ਹੈ। ਮੂਸਨ ਗੁਰੂ ਮਹਾਰਾਜ ਜੀ ਦਾ ਭਾਣਾ ਮੰਨ ਕੇ ਪ੍ਰਸ਼ਾਦਾ ਤਿਆਰ ਕਰਦਾ ਹੈ। ਸੰਗਤ ਆ ਗਈ ਅਤੇ ਪਿਆਰ ਨਾਲ ਸ਼ਬਦ ਪੜ੍ਹ ਰਹੀ ਸੀ। ਗੁਰੂ ਮਹਾਰਾਜ ਜੀ ਮੂਸਨ ਦੀ ਕੁਟੀਆ ਨੂੰ ਭਾਗ ਲਾਉਣ

ਲਈ ਆ ਗਏ। ਗੁਰੂ ਮਹਾਰਾਜ ਜੀ ਜਦੋਂ ਇਨ੍ਹਾਂ ਦੇ ਘਰ ਆਏ ਤਾਂ ਮੂਸਨ ਨੂੰ ਦੇਖਿਆ ਕਿ ਇਹ ਆਪੇ ਹੀ ਲਕੜੀਆਂ ਪਾੜ ਰਿਹਾ ਸੀ, ਬਰਤਨ ਮਾਂਜ ਰਿਹਾ ਸੀ, ਸੰਗਤਾਂ ਦੇ ਚਰਨ ਧੋ ਰਿਹਾ ਸੀ। ਤਾਂ ਗੁਰੂ ਮਹਾਰਾਜ ਜੀ ਨੇ ਪੁਛਿਆ ਕਿ ਮੂਸਨ! ਮੇਰਾ ਪਿਆਰਾ ਸਿੱਖ ਪੁੱਤਰ ਸੰਮਨ ਕਿਥੇ ਹੈ? ਉਸ ਨੂੰ ਅਵਾਜ਼ ਮਾਰ ਕੇ ਬੁਲਾ। ਉਸ ਵੇਲੇ ਮੂਸਨ ਨੇ ਕਿਹਾ –

*ਧਾਰਨਾ– ਓਥੇ ਹਾਕ ਨਾ ਪਹੁੰਚਦੀ ਮੇਰੀ,*
*ਜਿਥੇ ਜਾ ਕੇ ਲਾਲ ਸੌਂ ਗਿਆ।*

ਸਿਦਕ ਦੇਖ ਕੇ ਸਤਿਗੁਰੂ ਜੀ ਪੂਰੇ ਜਲਾਲ ਵਿਚ ਆ ਕੇ ਕਹਿਣ ਲੱਗੇ ਕਿ ਫੇਰ ਸਾਡੀ ਆਵਾਜ਼ ਪਹੁੰਚੇਗੀ? ਉਸ ਵੇਲੇ ਗੁਰੂ ਮਹਾਰਾਜ ਜੀ ਨੇ ਅਵਾਜ਼ ਦਿਤੀ ਕਿ ਸੰਮਨ ਪੁੱਤਰ! ਛੇਤੀ ਆ, ਸੰਗਤਾਂ ਉਡੀਕ ਰਹੀਆਂ ਹਨ, ਸਾਡੇ ਹੱਥ ਸੁੱਚੇ ਕਰਾ, ਅਸੀਂ ਪ੍ਰਸ਼ਾਦਾ ਛਕਣਾ ਹੈ ਤਾਂ ਫੇਰ ਸੰਗਤਾਂ ਨੇ ਛਕਣਾ ਹੈ। ਬੇਟਾ! ਦੇਰੀ ਨਾ ਕਰ, ਛੇਤੀ ਆ। ਮੂਸਨ ਕੀ ਦੇਖਦਾ ਹੈ ਅਤੇ ਸੰਗਤਾਂ ਕੀ ਦੇਖਦੀਆਂ ਹਨ ਕਿ ਸੰਮਨ ਗੰਗਾ ਸਾਗਰ ਲੈ ਕੇ ਗੁਰੂ ਮਹਾਰਾਜ ਜੀ ਕੋਲ ਪਹੁੰਚ ਜਾਂਦਾ ਹੈ, ਚਰਨਾਂ ਤੇ ਨਮਸ਼ਕਾਰ ਕਰਕੇ, ਮਹਾਰਾਜ ਜੀ ਦੇ ਹੱਥ ਸੁੱਚੇ ਕਰਾ ਕੇ ਸੰਗਤਾਂ ਦੇ ਹੱਥ ਧੁਆ ਰਿਹਾ ਹੈ।

ਅੱਜ ਪੰਜਵੇਂ ਪਾਤਸ਼ਾਹ ਇਥੇ ਹੀ ਬਿਰਾਜ ਗਏ। ਲੰਗਰ ਦੇ ਕੰਮ ਤੋਂ ਵਿਹਲੇ ਹੋ ਕੇ ਪਿਉ ਪੁਤਰ ਗੁਰੂ ਮਹਾਰਾਜ ਜੀ ਦੇ ਇਕਾਂਤ ਕਮਰੇ ਜਾਂਦੇ ਹਨ।

ਸੋ ਇਸ ਤਰ੍ਹਾਂ ਦੇ ਨਾਲ ਭਾਉ ਦੇ ਭਾਂਡੇ ਦਾ ਜ਼ਿਕਰ ਕਰ ਰਹੇ ਹਾਂ। ਮਹਾਰਾਜ ਜੀ ਪਿਆਰ ਦੀਆਂ ਮਿਸਾਲਾਂ ਦਿੰਦੇ ਹੋਏ ਹੋਰ ਫੁਰਮਾਨ ਕਰਦੇ ਹਨ–

*ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ*
*ਜੈਸੀ ਜਲ ਕਮਲੇਹਿ॥*
*ਲਹਰੀ ਨਾਲਿ ਪਛਾੜੀਐ*
*ਭੀ ਵਿਗਸੈ ਅਸਨੇਹਿ॥*
*ਜਲ ਮਹਿ ਜੀਅ ਉਪਾਇ ਕੈ*
*ਬਿਨੁ ਜਲ ਮਰਣੁ ਤਿਨੇਹਿ॥*
*ਪੰਨਾ – 59*

ਸੋ ਪਿਆਰ ਦਾ ਭਾਂਡਾ ਬਣਾ ਕੇ ਬ੍ਰਹਮਗਿਆਨ ਰੂਪੀ ਅੰਮ੍ਰਿਤ ਪ੍ਰਾਪਤ ਹੁੰਦਾ ਹੈ। ਹਿਰਦੇ ਦਾ ਜਿਹੜਾ ਭਾਂਡਾ ਹੈ ਉਹ ਨਫਰਤ ਦਾ ਭਾਂਡਾ ਨਾ ਹੋਵੇ, ਦ੍ਵੈਤ ਦਾ ਭਾਂਡਾ ਨਾ ਹੋਵੇ, ਉਹ ਪਾਪਾਂ ਦੀ ਮੈਲ ਨਾਲ ਜੰਗਾਲਿਆ ਹੋਇਆ ਬਰਤਨ ਨਾ ਹੋਵੇ; ਉਹ ਸ਼ੁਧ, ਚਮਕਦਾਰ, ਮਨ ਨੂੰ ਮੋਹਣ ਵਾਲਾ ਹੋਵੇ। ਇਹ ਹੈ ਪਿਆਰ ਦਾ ਭਾਂਡਾ। ਇਸ ਭਾਂਡੇ ਵਿਚ ਅੰਮ੍ਰਿਤ ਟਿਕ ਸਕਦਾ ਹੈ, ਉਸ ਬ੍ਰਹਮਗਿਆਨ ਦੀ ਸਮਾਈ ਹੋ ਸਕਦੀ ਹੈ ਜਿਸ ਨੂੰ ਪ੍ਰਾਪਤ ਕਰਕੇ ਸਾਰੇ ਬੰਧਨ ਟੁੱਟ ਜਾਇਆ ਕਰਦੇ ਹਨ। ਗਹਿਣੇ ਬਣਾਉਣ ਵਾਲੇ ਦੀ ਟਕਸਾਲ ਤਾਂ ਬਾਹਰ ਹੋਇਆ ਕਰਦੀ ਹੈ ਪਰ ਸੱਚੇ ਸ਼ਬਦ ਦੀ ਟਕਸਾਲ ਹਰੇਕ ਪ੍ਰਾਣੀ ਦੇ ਅੰਦਰ ਸਥਾਪਤ ਹੈ ਜੇ ਇਸ ਨੂੰ ਨਹੀਂ ਵਰਤਿਆ ਜਾਂਦਾ ਤਾਂ ਪ੍ਰਭੂ ਦਾ ਤਾਂ ਕੋਈ ਕਸੂਰ ਨਹੀਂ, ਇਹ ਆਪਣੇ ਆਪ ਹੀ ਆਪਣੀਆਂ ਗਲਤ ਕਰਨੀਆਂ ਅਤੇ ਸੋਚਾਂ ਕਰਕੇ ਸੱਚੇ ਸਬਦ ਦੀ ਘਾੜਤ ਘੜਨ ਤੋਂ ਵਾਂਝਾ ਰਹਿ ਜਾਂਦਾ ਹੈ। ਪਿਛਲੇ ਦੀਵਾਨਾਂ ਵਿਚ ਮੈਂ ਬੇਨਤੀ ਕੀਤੀ ਸੀ ਕਿ ਇਸ ਘਾੜਤ ਕਰਨ ਵਿਚ ਵੱਡੀਆਂ ਰੁਕਾਵਟਾਂ ਹਨ, ਕੁਝ ਬੰਧਨ ਪਏ ਹੋਏ ਨੇ, ਸੰਗਲ ਪਏ ਹੋਏ ਨੇ ਜਿਵੇਂ ਸੰਗਲ ਨਾਲ ਪਸ਼ੂਆਂ ਨੂੰ ਬੰਨ੍ਹ ਦੇਈਦਾ ਹੈ ਇਸ ਤਰ੍ਹਾਂ ਬੰਧਨ ਰੂਪੀ ਸੰਗਲਾਂ ਨੇ ਇਸ ਜੀਵ ਨੂੰ ਬੰਨ੍ਹਿਆ ਹੋਇਆ ਹੈ। ਪਿਛਲੇ ਦੀਵਾਨ ਵਿਚ ਅਵਿਦਿਆ ਰੂਪੀ ਬੰਧਨ ਦੇ ਬਚਨ ਬਹੁਤ ਵਿਸਥਾਰ ਨਾਲ ਦੱਸੇ ਗਏ ਸਨ।

ਹੁਣ ਮੈਂ ਦੂਸਰੇ ਸੰਗਲ ਦੀ ਗੱਲ ਕਰਦਾਂ ਹਾਂ ਦੂਜਾ ਜੋ ਬੰਧਨ ਹੈ ਉਹ ਇਹ ਹੈ ਕਿ ਅਸੀਂ ਨਿਸ਼ਚੇਪੂਰਵਕ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਦੇਹ ਸਮਝਦੇ ਹਾਂ। ਇਸ ਕਰਕੇ ਬ੍ਰਹਮ ਚਿੰਤਨ, ਬ੍ਰਹਮ ਕਥਨ, ਬ੍ਰਹਮ ਵਿਚਾਰ, ਅਸਾਡੇ ਹਿਰਦੇ ਵਿਚ ਪੈਦਾ ਨਹੀਂ ਹੁੰਦੀ। ਜਦੋਂ ਪਿਆਰ ਦਾ ਭਾਂਡਾ ਹਿਰਦੇ ਨੂੰ ਬਣਾ ਲਿਆ ਉਸ ਵਿਚ ਇਹ ਆਤਮ ਰੂਪੀ ਵਿਚਾਰ ਟਿਕ ਸਕਦੀ ਹੈ, ਪੂਰਨ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਬ੍ਰਹਮ ਵਿਚਾਰ ਦੀ ਘਾੜਤ ਘੜੀ ਜਾਂਦੀ ਹੈ ਪਰ ਇਹ ਸਾਰੀ ਪ੍ਰਾਪਤੀ ਕਿਸੇ ਮਰਿਆਦਾ ਅਨੁਸਾਰ ਹੀ ਹੁੰਦੀ ਹੈ। ਸੋ ਅਸੀਂ ਅਜੇ ਇਸ ਅੰਮ੍ਰਿਤ ਦੀ ਪ੍ਰਾਪਤੀ ਵਾਸਤੇ ਆਪਣੇ ਆਪ ਨੂੰ ਤਿਆਰ ਹੀ ਨਹੀਂ ਕੀਤਾ, ਅਸੀਂ ਮਾਇਆ ਦੇ ਮੰਡਲ ਵਿਚ ਆਪਣਾ ਜੀਵਨ ਗੁਜ਼ਾਰ ਕੇ ਖੁਸ਼ ਹਾਂ ਅਤੇ ਅਸਾਨੂੰ ਆਤਮ ਮੰਡਲ ਦੀ ਸੋਝੀ ਹੀ ਨਹੀਂ ਹੈ। ਬੰਦੇ ਅਨੇਕ ਸੰਪਰਦਾਵਾਂ ਨੂੰ ਧਾਰਨ ਕਰ ਲੈਂਦੇ ਹਨ, ਗੁਰੂ ਤੋਂ ਮੰਤਰ ਵੀ ਲੈ ਲੈਂਦੇ ਹਨ। ਜਾਣੇ ਅਣਜਾਣੇ ਉਸ ਮੰਤਰ ਦਾ ਜਾਪ ਵੀ ਕਰਦੇ ਹਨ ਪਰ ਆਪਣੇ ਨਿਸ਼ਚਿਆਂ ਨੂੰ ਕਿਸੇ ਤਰੀਕੇ ਨਾਲ ਬਦਲਣ ਲਈ ਤਿਆਰ ਨਹੀਂ ਹੁੰਦੇ। ਆਪਣੇ ਆਪ ਨੂੰ ਪੰਜਾਂ ਤੱਤਾਂ ਦਾ ਸਰੀਰ ਨਾ ਮੰਨਣਾ, ਕਿਸੇ ਵਿਰਲੇ-ਵਿਰਲੇ ਸੁਜਾਨ ਪੁਰਖ ਦੇ ਹਿੱਸੇ ਹੀ ਆਇਆ ਕਰਦਾ ਹੈ ਨਹੀਂ ਤਾਂ ਅਸੀਂ ਸੁਤ-ਨਿੰਦਰੇ ਸਮਾਂ ਲੰਘਾ ਰਹੇ ਹਾਂ, ਕਦੇ ਵੀ ਨਹੀਂ ਦੇਖਦੇ ਕਿ ਅਸੀਂ ਹੇਠਾਂ ਨੂੰ ਜਾ ਰਹੇ ਹਾਂ ਅਤੇ ਪਹਿਲੀ ਮੰਜ਼ਲ ਤੋਂ ਹੀ ਹੇਠਾਂ ਗਿਰ ਰਹੇ ਹਾਂ, ਕਦੇ ਵੀ ਇਹ ਖਿਆਲ ਨਹੀਂ ਆਉਂਦਾ ਕਿ ਮੈਂ ਇਕ ਬਹੁਤ ਲੰਮੇਰੇ ਪੰਧ ਦਾ ਰਾਹੀ ਹਾਂ, ਤੁਰਦਿਆਂ-ਤੁਰਦਿਆਂ ਮੈਨੂੰ ਜੁਗ ਹੋ ਗਏ, ਕੋਈ ਮੰਜ਼ਲ ਨਹੀਂ ਮਿਲੀ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ॥ ਪੰਨਾ – 632*

ਹਰੀ ਜਸ ਸ੍ਵਣ ਕਰਦੇ ਹਾਂ, ਸਾਜਾਂ ਦੀ ਗੁੰਜ਼ਾਰ ਤੇ ਗਵਈਏ ਦੀ ਸੁਰ ਤਾਲ ਤੇ ਮਿੱਠੀ ਅਵਾਜ਼ ਵਿਚ ਹੀ ਮਸਤ ਹੋ ਕੇ ਸਮਝਦੇ ਹਾਂ ਕਿ ਅਸਾਨੂੰ ਕੁਝ ਪ੍ਰਾਪਤ

ਹੋ ਰਿਹਾ ਹੈ। ਇਹ ਦਸ਼ਾ ਇਕ ਪ੍ਰਾਰੰਭਤਾ ਹੁੰਦੀ ਹੈ ਪਰ ਇਥੋਂ ਮੰਜ਼ਲ ਬਹੁਤ ਹੀ ਦੂਰ ਹੈ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਤਕ ਸੰਜਮ ਧਾਰ ਕੇ ਰੂਹਾਨੀ ਸਫਰ ਨੂੰ ਤਹਿ ਨਹੀਂ ਕੀਤਾ ਜਾਂਦਾ ਅਤੇ ਆਪਣੀ ਉਨਤੀ ਅਤੇ ਰੁਕਾਵਟ ਨੂੰ ਨਹੀਂ ਵਿਚਾਰਿਆ ਜਾਂਦਾ, ਗੁਰੂ ਦੇ ਸ਼ਬਦ ਦੀ ਕਮਾਈ ਨਹੀਂ ਕੀਤੀ ਜਾਂਦੀ, ਇਹ ਅਭੋਲ ਰਾਹੀ ਆਪਣੀ ਮੰਜ਼ਲ ਤੇ ਕਿਵੇਂ ਪਹੁੰਚੇਗਾ?

*ਪੂਛਤ ਪਥਿਕ ਤਿਹ*
*ਮਾਰਗਿ ਨ ਧਾਰੈ ਪਗਿ*
*ਪ੍ਰੀਤਮ ਕੈ ਦੇਸ ਕੈਸੇ ਬਾਤਨ ਸੇ ਜਾਈਐ।*
*ਪੂਛਤ ਹੈ ਬੈਦ ਖਾਤ*
*ਅਉਖਧਿ ਨ ਸੰਜਮ ਸੈ*
*ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ।*
*ਪੂਛਤਿ ਸੁਹਾਗਨਿ ਹੈ*
*ਕਰਮਿ ਦੁਹਾਗਨਿ ਕੈ*
*ਰਿਦੈ ਬਿਭਚਾਰ ਕਤ*
*ਸਿਹਜਾ ਬੁਲਾਈਐ।*
*ਗਾਇ ਸੁਨੈ ਆਂਖੇ ਮੀਚੈ*
*ਪਾਈਐ ਨ ਪਰਮ ਪਦੁ*
*ਗੁਰ ਉਪਦੇਸ ਗਹਿ ਜੌ ਲੌ*
*ਨ ਕਮਾਈਐ॥*

*ਕਬਿੱਤ ਭਾਈ ਗੁਰਦਾਸ ਜੀ*

ਗੁਰ ਉਪਦੇਸ਼ ਵਿਚਾਰਨ ਵਾਲੀ ਸਿਧਾਂਤ ਰੂਪ ਵਿਚ ਇਕ ਅਮੁੱਲ ਵਸਤੂ ਹੈ ਜਿਸ ਦੀ ਕਮਾਈ ਹਿਰਦੇ ਵਿਚ ਹੁੰਦੀ ਹੈ। ਜਦੋਂ ਤਕ ਅਸਾਨੂੰ ਇਸ ਕਮਾਈ ਨੂੰ ਕਰਨ ਦੀ ਜਾਂਚ ਪ੍ਰਾਪਤ ਨਹੀਂ ਹੁੰਦੀ ਅਸੀਂ ਕਿਸ ਤਰ੍ਹਾਂ ਆਪਣੀ ਮੰਜ਼ਲ ਤੇ ਪਹੁੰਚਾਂਗੇ। ਮਹਾਰਾਜ ਜੀ ਫਿਰਤ-ਫਿਰਤ ਬਹੁਤੇ ਜੁਗਾਂ ਦੀ ਗੱਲ ਸਾਨੂੰ ਕਰ ਰਹੇ ਹਨ। ਜੇ ਥੋੜ੍ਹੀ ਜਿਹੀ ਵਿਚਾਰ ਕਰੀਏ, ਕਲਜੁਗ, ਤ੍ਰੇਤਾ, ਦੁਆਪਰ, ਸਤਿਜੁਗ ਦੀ ਆਯੂ 43 ਲੱਖ 20 ਹਜ਼ਾਰ ਸਾਲ ਮਿਥੀ ਹੈ, ਇਸ ਨੂੰ ਇਕ ਚੌਂਕੜੀ ਆਖਦੇ ਹਨ। ਸੈਂਕੜੇ-ਸੈਂਕੜੇ ਚੌਂਕੜੀਆਂ ਵਿਚ ਅਸੀਂ ਘੁੰਮਦੇ ਫਿਰਦੇ ਹਾਂ, ਕਿਸੇ ਨੂੰ ਵੀ ਪਤਾ ਨਹੀਂ ਕਿ ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਈ। ਕਿਸੇ ਨੂੰ ਵੀ ਪਤਾ ਨਹੀਂ ਕਿ ਸ੍ਰਿਸ਼ਟੀ ਦੀ ਰਚਨਾ ਕ੍ਰੋੜਾਂ ਸਾਲ ਪਹਿਲਾਂ ਹੋਈ ਜਾਂ ਅਰਬਾਂ ਖਰਬਾਂ ਸਾਲ ਪਹਿਲਾਂ ਹੋਈ। ਉਸੇ ਵੇਲੇ ਤੋਂ ਅਸੀਂ ਕਿਸੇ ਨਾ ਕਿਸੇ ਹਾਲਤ ਵਿਚ ਘੁੰਮਦੇ ਰਹੇ ਹਾਂ-

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*

*ਪੰਨਾ - 176*

ਸੋ ਕਿਸੇ ਮੰਜ਼ਲ ਤੇ ਪਹੁੰਚਣ ਵਾਸਤੇ ਜਿਸ ਤਰ੍ਹਾਂ ਕੋਈ ਸਾਇੰਸਦਾਨ ਲੈਬੋਟਰੀ ਵਿਚ ਕੰਮ ਕਰ ਰਿਹਾ ਹੁੰਦਾ ਹੈ ਅਤੇ ਆਪਣੇ ਤਜਰਬਿਆਂ ਦੇ ਅਧਾਰ ਤੇ ਨਵੇਂ ਤੱਥ ਦੁਨੀਆਂ ਵਿਚ ਪੇਸ਼ ਕਰਦਾ ਹੈ ਉਸ ਨੂੰ ਪਤਾ ਹੈ ਕਿ ਮੈਂ ਪ੍ਰਗਤੀ ਵਲ ਜਾ ਰਿਹਾ ਹਾਂ, ਤਜਨਲੀ (ਘਾਟੇ) ਵਿਚ ਨਹੀਂ ਜਾ ਰਿਹਾ। ਇਸੇ ਤਰ੍ਹਾਂ ਨਾਲ ਆਤਮ ਮਾਰਗ ਦੇ ਪਾਂਧੀ ਨੂੰ ਹਰ ਰੋਜ਼ ਵਿਚਾਰ ਕਰਨੀ ਪੈਂਦੀ ਹੈ। ਜੇ ਭਲਾ ਇਹ ਵੀ ਮੰਨ ਲਿਆ ਜਾਵੇ ਕਿ ਮੈਂ ਪਿਛਲੇ ਸੌ ਜਨਮ ਤੋਂ ਮਨੁੱਖ ਹੀ ਬਣ ਰਿਹਾ ਹਾਂ ਪਰ ਇਸ ਨੂੰ ਇਹ ਗਿਆਨ ਤਾਂ ਨਹੀਂ ਹੋ ਸਕਿਆ ਨਾ! ਕਿ ਮੈਂ ਘੁੰਮੇਟਣੀਆਂ ਖਾਣ ਵਾਲੀ ਜੀਵ ਆਤਮਾ ਹਾਂ, ਮੈਂ ਸਰੀਰ ਨਹੀਂ ਹਾਂ। ਸੋ ਦੇਹ ਅਧਿਆਸ ਕਰਕੇ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਦੇਹ ਸਮਝਣਾ ਇਹ ਬਹੁਤ ਵੱਡੀ ਰੁਕਾਵਟ ਹੈ। ਜੋ ਸੈਂਕੜੇ ਜਨਮ ਮਨੁੱਖ ਦੇ ਲੈਣ ਉਪਰੰਤ ਵੀ ਆਤਮ ਮਾਰਗ ਤੇ ਚੱਲਣ ਤੋਂ ਬਗੈਰ ਕਿਸੇ ਤਰ੍ਹਾਂ ਵੀ ਦੂਰ ਨਹੀਂ ਹੋ ਸਕੀ ਕਿਉਂਕਿ ਇਹ intellectual ਬੁੱਧੀ ਦਾ ਵਿਸ਼ਾ ਨਹੀਂ ਹੈ। ਇਹ ਤਾਂ ਅੰਦਰਲੀ ਸੋਝੀ ਨਾਲ ਸਬੰਧ ਰਖਦਾ ਹੈ। ਜਦੋਂ ਅਸੀਂ ਆਪਣੇ ਆਪ ਨੂੰ ਦੇਹ ਮੰਨਦੇ ਹਾਂ ਤਾਂ ਦੇਹ ਦੇ ਦੁਖ ਸੁਖ ਵੀ ਅਸੀਂ ਆਪਣੇ ਆਪ ਨੂੰ ਲੱਗੇ ਹੋਏ ਹੀ ਮੰਨਦੇ ਹਾਂ। ਦੇਹ ਦੇ ਨਾਲ ਸਬੰਧ ਹੁੰਦੇ ਹਨ, ਪੁਤਰਾਂ ਦੇ, ਧੀਆਂ ਦੇ, ਪਰਿਵਾਰ ਦੇ, ਰਿਸ਼ਤੇਦਾਰਾਂ ਦੇ, ਜ਼ਾਤ ਬਰਾਦਰੀਆਂ ਦੇ, ਦੇਸ਼ਾਂ ਦੇ, ਕਾਲੀਆਂ ਗੋਰੀਆਂ ਨਸਲਾਂ ਦੇ; ਜੀਵ ਇਨ੍ਹਾਂ ਵਿਚ ਹੀ ਉਲਝ ਕੇ ਉਮਰ ਗੁਜ਼ਾਰ ਦਿੰਦਾ ਹੈ ਅਤੇ ਦੇਹ ਦੀ ਕ੍ਰਿਆ ਨੂੰ ਹੀ ਰੂਹਾਨੀ ਕ੍ਰਿਆ ਮੰਨਣ ਦੀ ਭੁੱਲ ਕਰ ਲੈਂਦਾ ਹੈ। ਆਤਮ ਮੰਡਲ ਦਾ ਚਲਣ ਹੋਰ ਹੈ ਪਰ ਮ੍ਰਿਤੂ ਮੰਡਲ ਦਾ ਚਲਣ ਅਸੀਂ ਹਰ ਰੋਜ਼ ਦੇਖ ਹੀ ਰਹੇ ਹਾਂ। ਸੋ ਇਹ ਬੰਧਨ ਤੋੜਨਾ ਬਹੁਤ ਹੀ ਮੁਸ਼ਕਲ ਹੈ। ਵਾਹਿਗੁਰੂ ਜੀ ਦੀ ਅਪਾਰ ਕ੍ਰਿਪਾ ਹੋਵੇ ਤਾਂ ਇਸ ਗੱਲ ਦੀ ਸੋਝੀ ਹੁੰਦੀ ਹੈ, ਮਹਾਂਪੁਰਸ਼ਾਂ ਦੀਆਂ ਅਨੇਕ ਸਾਖੀਆਂ ਹਨ ਜੋ ਇਸ ਗੰਭੀਰ ਵਿਸ਼ੇ ਉਪਰ ਪ੍ਰਕਾਸ਼ ਪਾਉਂਦੀਆਂ ਹਨ।

ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ ਉਤਮ ਜਗਿਆਸਾ ਪ੍ਰਾਪਤ ਹੋਣ ਕਰਕੇ ਪ੍ਰਮ ਸੰਤ ਬਾਬਾ ਭਾਗ ਸਿੰਘ ਜੀ ਕੁਰੀ ਵਾਲਿਆਂ ਦੀ ਸੇਵਾ ਵਿਚ ਆਏ, ਜਾ ਕੇ ਨਮਸਕਾਰ ਕੀਤੀ, ਬਹੁਤ ਸ਼ਰਧਾ ਨਾਲ ਡੰਡਉਤ ਬੰਦਨਾ ਕਰਕੇ ਬੈਠ ਗਏ। ਬਾਬਾ ਜੀ ਨੇ ਖਾਸ ਧਿਆਨ ਦਿਤਾ ਅਤੇ ਰਮਜ਼ ਭਰੀ ਬੋਲੀ ਵਿਚ ਪੁਛਿਆ ਕਿ ਪ੍ਰੇਮੀਆ! ਤੇਰਾ ਐਨੀ ਦੂਰ ਆਉਣਾ ਕਿਸ ਤਰ੍ਹਾਂ ਹੋਇਆ, ਤੂੰ ਕਿਥੋਂ ਆਇਆ ਹੈਂ ਅਤੇ ਤੇਰਾ ਮਨੋਰਥ ਕੀ ਹੈ? ਮਹਾਂਪੁਰਸ਼ਾਂ ਦੇ ਪੂਰਬਲੇ ਸੰਸਕਾਰ ਬਹੁਤ ਹੀ ਉਤਮ ਸਨ। ਕਹਿਣ ਲੱਗੇ, "ਬਾਬਾ ਜੀ! ਮੈਂ ਆਪ ਜੀ ਦੀ ਸੇਵਾ ਵਿਚ ਇਸੇ ਕਰਕੇ ਹਾਜ਼ਰ ਹੋਇਆ ਹਾਂ ਕਿ ਮੈਨੂੰ ਪਤਾ ਲੱਗ ਜਾਵੇ ਕਿ ਮੈਂ ਕਿਥੋਂ ਆਇਆ ਹਾਂ ਅਤੇ ਇਹ ਵੀ ਪਤਾ ਲੱਗ ਜਾਵੇ ਕਿ ਮੈਂ ਕੌਣ ਹਾਂ, ਮੈਂ ਕਿਥੇ ਜਾਣਾ ਹੈ, ਇਹੀ ਜਾਨਣ ਵਾਸਤੇ ਆਪ ਜੀ ਦੀ ਪਵਿੱਤਰ ਸੇਵਾ ਵਿਚ ਹਾਜ਼ਰ ਹੋਇਆ ਹਾਂ। ਜੇ ਇਹੀ ਸਵਾਲ ਕਿਸੇ ਹੋਰ

ਨੂੰ ਕੀਤਾ ਹੁੰਦਾ ਤਾਂ ਉਸ ਨੇ ਝੱਟ ਕਹਿ ਦੇਣਾ ਸੀ ਕਿ ਮੈਂ ਨੌਰੰਗਾਬਾਦ ਤੋਂ ਆਇਆ ਹਾਂ। ਜਾਣਾ ਤੂੰ ਕਿਥੇ ਸੀ? ਤਾਂ ਕਹਿ ਦਿੰਦਾ ਕਿ ਬਾਬਾ ਜੀ! ਮੈਂ ਤਾਂ ਆਪ ਜੀ ਪਾਸ ਹੀ ਆਇਆ ਸੀ, ਇਥੇ ਹੀ ਮੈਂ ਆਉਣਾ ਸੀ। ਕੌਣ ਹੈ ਦਾ ਉਤਰ ਅਸੀਂ ਦੇਣਾ ਸੀ ਮੈਂ ਫੌਜੀ ਹਾਂ, ਮਿਲਟਰੀ ਦੀ ਵਰਦੀ ਮੇਰੀ ਪਹਿਨੀ ਹੋਈ ਹੈ, ਮੈਂ ਫਲਾਣਾ ਸਿੰਘ ਹਾਂ। ਪਰ ਬਾਬਾ ਜੀ ਦੀ ਪੁਛ ਆਤਮ ਮੰਡਲ 'ਚੋਂ ਕੀਤੀ ਪੁਛ ਸੀ ਜਿਸ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥*
*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ॥*

*ਪੰਨਾ – 999*

ਜਦੋਂ ਇਹ ਤੁਹਾਡਾ ਦਾਸ ਤਕਰੀਬਨ 17 ਸਾਲ ਦੀ ਉਮਰ ਵਿਚ ਸੀ, ਇਕ ਦਿਨ ਮਾਤਾ ਜੀ ਸੰਤ ਮਹਾਰਾਜ ਜੀ ਰਾੜੇ ਸਾਹਿਬ ਵਾਲਿਆਂ ਦੇ ਦਰਸ਼ਨ ਕਰਾਉਣ ਲਈ ਮੈਨੂੰ ਨਾਲ ਲੈ ਗਏ। ਮਹਾਂਪੁਰਸ਼ਾਂ ਨੂੰ ਜਦੋਂ ਨਮਸਕਾਰ ਕੀਤੀ ਉਸ ਵੇਲੇ ਉਨ੍ਹਾਂ ਨੇ ਵੀ ਇਹੋ ਪ੍ਰਸ਼ਨ ਮੇਰੇ ਤੇ ਕੀਤਾ ਸੀ ਕਿ ਤੂੰ ਕੌਣ ਹੈ? ਕਿਥੋਂ ਆਇਆ ਹੈਂ? ਇਹਦਾ ਸਿੱਧਾ ਉਤਰ ਸੀ ਕਿ ਮੈਂ ਵਰਿਆਮ ਸਿੰਘ ਹਾਂ, ਧਮੋਟ ਤੋਂ ਆਇਆ ਹਾਂ। ਪਰ ਇਹ ਪ੍ਰਸ਼ਨ ਸੁਣ ਕੇ ਮੈਂ ਚੁਪ ਕਰ ਗਿਆ, ਇਕ ਮਿੰਟ ਉਤਰ ਨਾ ਦਿਤਾ, ਤਾਂ ਉਸ ਵੇਲੇ ਸਾਰੀ ਬੈਠੀ ਸੰਗਤ ਨੇ ਬੋਲ ਕੇ ਕਿਹਾ ਕਿ ਭਾਈ! ਤੇਰੇ ਤੋਂ ਮਹਾਂਪੁਰਸ਼ ਪੁਛ ਰਹੇ ਹਨ, ਤੂੰ ਉਨ੍ਹਾਂ ਦੀ ਪੁੱਛ ਦਾ ਉਤਰ ਕਿਉਂ ਨਹੀਂ ਦਿੰਦਾ? ਸੰਤ ਮਹਾਰਾਜ ਜੀ ਨੇ ਵੀ ਆਪਣਾ ਪ੍ਰਸ਼ਨ ਦੁਹਰਾਇਆ। ਤਾਂ ਮੈਂ ਕਿਹਾ ਕਿ ਮਹਾਰਾਜ! ਮੈਂ ਦਸਦਾ ਹਾਂ। ਇਸੇ ਤਰ੍ਹਾਂ ਆਪ ਨੇ ਤੀਜੀ ਵਾਰੀ ਪੁਛਿਆ ਤਾਂ ਮੈਂ ਉਤਰ ਦਿਤਾ ਕਿ ਮਹਾਰਾਜ ਜੀ! ਨਾ ਮੈਨੂੰ ਇਹ ਪਤਾ ਲਗਦਾ ਹੈ ਕਿ ਮੈਂ ਕਿਥੋਂ ਆਇਆ ਹਾਂ ਤੇ ਨਾ ਪਤਾ ਲਗਦਾ ਹੈ ਕਿ ਮੈਂ ਕੌਣ ਹਾਂ। ਇਹ ਸੁਣ ਕੇ ਸਾਰੀ ਸੰਗਤ ਖਿੜਖਿੜਾ ਕੇ ਹੱਸ ਪਈ ਤਾਂ ਮਹਾਰਾਜ ਜੀ ਨੇ ਤਾੜਨਾ ਦੇ ਲਹਿਜੇ ਵਿਚ ਕਿਹਾ ਕਿ 'ਖਾਮੋਸ਼'! ਤੁਹਾਡੇ ਵਿਚੋਂ ਕੋਈ ਵੀ ਇਸ ਪ੍ਰਸ਼ਨ ਨੂੰ ਨਹੀਂ ਸਮਝ ਸਕਿਆ। ਤਿੰਨ ਮਿੰਟ ਪਿਛੋਂ ਮੈਂ ਬੋਲਿਆ ਕਿ ਮੈਂ ਕਿਤੋਂ ਨਾ ਕਿਤੋਂ, ਜ਼ਰੂਰ ਕਿਸੇ ਥਾਂ ਤੋਂ ਆਇਆ ਹਾਂ ਪਰ ਉਸ ਦਾ ਪਤਾ ਨਹੀਂ ਮੈਨੂੰ ਲਗ ਰਿਹਾ ਤੇ ਮੈਂ ਕੌਣ ਹਾਂ। ਜਿਥੋਂ ਤਕ ਪਤਾ ਲਗ ਰਿਹਾ ਹੈ ਮੈਂ ਉਹ ਹਾਂ ਜੋ ਸੰਸਾਰ ਦੀ ਰਚਨਾ ਤੋਂ ਪਹਿਲਾਂ ਇਸ ਜਨਮਾਂ ਦੇ ਸਿਰੇ ਤੋਂ ਹੋਂਦ ਵਿਚ ਆਇਆ। ਸੰਤ ਮਹਾਰਾਜ ਜੀ ਨੇ ਆਪਣੇ ਨੇਤਰ ਬੰਦ ਕਰ ਲਏ 45 ਮਿੰਟ ਸਮਾਧੀ ਸਥਿਤ ਬੈਠੇ ਰਹੇ, ਮੈਂ ਵੀ ਉਥੇ ਖੜ੍ਹਾ ਰਿਹਾ ਜਿਥੋਂ ਮੇਰਾ ਆਦਿ ਹੋਇਆ ਸੀ, ਜਿਥੋਂ ਮੈਂ ਆਇਆ ਸੀ, ਜਿਥੋਂ ਮੇਰਾ ਸਭ ਤੋਂ ਪਹਿਲੇ ਦਿਨ ਸਫਰ ਸ਼ੁਰੂ ਹੋਇਆ ਸੀ, ਮੇਰਾ ਆਦਿ ਹੋਇਆ ਸੀ। 45 ਮਿੰਟ ਪਿਛੋਂ ਮਹਾਂਪੁਰਸ਼ਾਂ ਨੇ ਨੇਤਰ ਖੋਲ੍ਹੇ, ਕਿਹਾ ਕਿ ਸਾਧਸੰਗਤ ਜੀ! ਅੱਜ ਇਕ ਸੁਹਾਗਣ ਨੂੰ ਸੁਹਾਗਣ ਮਿਲੀ ਹੈ; ਅੱਗੇ ਰੰਡੀਆਂ ਨਾਲ ਹੀ ਮਿਲਾਪ ਹੋਇਆ ਹੈ। ਮੈਨੂੰ ਕਹਿਣ ਲੱਗੇ, "ਕਾਕਾ! ਜੇ ਇਹ ਗੱਲ ਬੁੱਝ ਲਵੇਂ ਤਾਂ ਇਉਂ ਸਮਝ ਕਿ ਤੇਰਾ ਸਿਰਫ ਇਕ ਕਦਮ ਰਹਿੰਦਾ ਹੈ ਤਾਂ ਇਹ ਸਫਰ ਖਤਮ ਹੋ ਜਾਵੇਗਾ, ਇਸ ਨੂੰ ਬੁਝਣ ਲਈ ਇਕ ਜਨਮ ਵੀ ਲਗ ਸਕਦਾ ਹੈ, ਕਈ ਜਨਮ ਵੀ ਲਗ ਸਕਦੇ ਹਨ ਕਿਉਂਕਿ ਇਸ ਨੂੰ ਬੁੱਝਣ ਲਈ ਪੂਰਨ ਤੱਤ ਬੇਤੇ ਮਹਾਂਪੁਰਸ਼ ਦੇ ਪ੍ਰਕਾਸ਼ ਵਿਚ ਜੀਵਨ ਬਤੀਤ ਕਰਨਾ ਪੈਂਦਾ ਹੈ ਅਤੇ ਉਸਦੇ ਪ੍ਰਮ ਅਤਿ ਕੀਮਤੀ ਉਪਦੇਸ਼ ਨੂੰ ਕਮਾਉਣ ਲਈ ਕਈ ਕਈ ਜਨਮ ਲਗ ਜਾਂਦੇ ਹਨ ਪਰ ਮੈਂ ਹੁਣ ਤੈਨੂੰ ਦਸਦਾ ਹਾਂ ਕਿ ਐਸ ਵੇਲੇ ਤੂੰ ਜੀਵ ਆਤਮਾ ਹੈਂ। ਤੂੰ ਪ੍ਰਮੇਸ਼ਰ ਵਿਚ ਸੀ, ਉਸ ਵੇਲੇ ਤੇਰੀ ਹੋਂਦ ਨਹੀਂ ਸੀ ਉਥੋਂ ਹੀ ਚੇਤਨ ਕਿਰਨ ਹੋ ਕੇ ਪ੍ਰਕ੍ਰਿਤੀ ਨਾਲ ਰਲ ਕੇ ਤੂੰ ਖੇਲ੍ਹ ਕਰਦਾ ਰਿਹਾ ਹੈਂ। ਜੇ ਆਪਣੀ ਸੋਚ ਦੇ ਆਖਰੀ ਸਿਰੇ ਪਹੁੰਚ ਕੇ ਉਹ ਹੱਦ ਉਲੰਘ ਜਾਵੇਂ ਜਿਥੇ ਤੂੰ ਆਪਣੇ ਆਪ ਨੂੰ ਵੱਖਰਾ ਵੇਖ ਰਿਹਾ ਹੈਂ ਤਾਂ ਉਸ ਨੂੰ ਆਤਮਾ ਆਖਦੇ ਹਨ ਪਰ ਮਾਇਆ ਦੇ ਨਾਲ ਮਿਲਣ ਕਰਕੇ ਉਸੇ ਆਤਮਾ ਦੀ ਸ਼ਕਤੀ ਨੂੰ ਜੀਵ ਆਤਮਾ ਕਿਹਾ ਜਾਂਦਾ ਹੈ। ਜੇ ਆਪਣੇ ਆਪ ਨੂੰ ਆਤਮਾ ਸਮਝ ਲਵੇਂ ਅਤੇ ਆਤਮ ਚਿੰਤਨ ਦਾ ਅਭਿਆਸ ਕਰਕੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਰਹਿ ਕੇ ਉਨਤੀ ਕਰ ਲਵੇਂ ਤਾਂ ਤੂੰ ਆਤਮਾ ਹੀ ਹੈਂ। ਆਤਮਾ ਤੇ ਪ੍ਰਮਾਤਮਾ ਵਿਚ ਕੋਈ ਵੀ ਭੇਦ ਨਹੀਂ ਹੋਇਆ ਕਰਦਾ। ਸਾਰੇ ਬ੍ਰਹਮ ਹੀ ਹੋਇਆ ਕਰਦਾ ਹੈ, ਓਅੰਕਾਰ ਅਤੇ ਏਕੰਕਾਰ ਵਿਚ ਕੋਈ ਭੇਦ ਨਹੀਂ ਹੁੰਦਾ। ਇਸ ਮੇਰੀ ਗੱਲ ਨੂੰ ਤੂੰ ਜੀਵਨ ਵਿਚ ਘਾਲ ਕਮਾਈ ਕਰਕੇ ਸਮਝਣ ਦਾ ਯਤਨ ਕਰੀਂ। ਇਸ਼ਾਰੇ ਮੁਤਾਬਿਕ ਕਹਿ ਦਿਤਾ ਕਿ ਇਥੇ ਪ੍ਰਮੇਸ਼ਰ ਤੋਂ ਬਗੈਰ ਹੋਰ ਕੁਝ ਵੀ ਨਹੀਂ, ਇਸ ਟੀਚੇ ਤੇ ਪਹੁੰਚਣ ਦਾ ਯਤਨ ਕਰ।

ਸੋ ਮੈਂ ਗੱਲ ਕਰ ਰਿਹਾ ਸੀ ਕਿ ਅਸੀਂ ਆਪਣੇ ਆਪ ਨੂੰ ਦੇਹ ਹੀ ਸਮਝਦੇ ਹਾਂ ਪਰ ਜੋ ਇਥੋਂ ਥੋੜ੍ਹੀ ਤਰੱਕੀ ਕਰ ਗਿਆ, ਲਗਾਤਾਰ ਸੰਗਤ ਕਰਦਿਆਂ ਸੋਝੀ ਪੈ ਗਈ ਕਿ ਮੈਂ ਜੀਵ ਹਾਂ, ਮੇਰੀ ਹੋਂਦ ਹੈ, ਬੰਦਾ ਜਨਮਾਂਤਰਾਂ ਵਿਚ ਘੁੰਮਦਾ ਰਹਿੰਦਾ ਹੈ। ਜਦੋਂ ਬਾਰ-ਬਾਰ ਚਿੰਤਨ ਕਰਨ ਨਾਲ ਇਹ ਅੰਦਰ ਪੱਕ ਜਾਵੇ ਅਤੇ ਨਿਸ਼ਚੇ ਵਿਚ ਸਮਾਅ ਜਾਵੇ ਅਤੇ ਪੂਰੀ ਤਰ੍ਹਾਂ ਜਾਣ ਜਾਵੇ ਕਿ ਮੈਂ ਸਰੀਰ ਨਹੀਂ ਹਾਂ, ਸਰੀਰ ਤਾਂ ਮੈਨੂੰ ਕੰਮ ਕਰਨ ਵਾਸਤੇ ਮਿਲਿਆ ਹੋਇਆ ਹੈ ਇਹ ਤਾਂ ਮੇਰਾ ਵਸਤਰ ਹੈ ਸਰੀਰ ਮੈਂ ਨਹੀਂ ਹਾਂ। ਇਸ ਵਿਚ ਬਹੁਤ ਹੀ ਸੁੰਦਰ ਬਚਿਤਰ ਵਸਤਾਂ ਹਨ। ਇਹ ਜੀਵ ਭਾਵਨਾ ਵੀ ਬਹੁਤ ਸਿਮਰਨ ਕਰਨ ਉਪਰੰਤ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਨ ਉਪਰੰਤ ਅਤੇ ਤੱਤ ਸਾਸ਼ਤਰ ਜਿਸ ਵਿਚ ਕੇਵਲ ਸਤਿ ਦੀ ਹੀ ਜਾਣ ਪਛਾਣ ਹੋਵੇ, ਉਸ ਦੀ ਸੰਗਤ ਕਰਨ ਨਾਲ ਨਿਸ਼ਚੇ ਵਿਚ ਆਉਂਦੀ ਹੈ। ਫੇਰ ਪਤਾ ਲਗਦਾ ਹੈ ਕਿ ਸਰੀਰ ਤਾਂ ਮੈਨੂੰ ਮਿਲਿਆ ਸੀ ਪਰ ਮੈਂ ਇਸ ਨੂੰ ਛੱਡ ਜਾਣਾ ਹੈ, ਮੈਂ ਤਾਂ ਇਸ ਵਿਚ

ਵਸਣ ਵਾਲਾ ਪੰਛੀ ਹਾਂ। ਮੈਂ ਜੀਵ ਆਤਮਾ ਹਾਂ। ਗੁਰੂ ਮਹਾਰਾਜ ਬਾਰ-ਬਾਰ ਇਸ ਬਚਨ ਉਪਰ ਜ਼ੋਰ ਦੇ ਕੇ ਕਹਿੰਦੇ ਹਨ ਕਿ ਪਿਆਰਿਆ! ਤੂੰ ਗੁਰੂ ਦੀ ਬਾਣੀ ਸੁਣ ਫੇਰ ਉਸ ਨੂੰ ਮੰਨ, ਫੇਰ ਨਿਧਿਆਸਣ ਕਰ, ਫੇਰ ਤੇਰਾ ਦੇਹ ਅਧਿਆਸ ਟੁੱਟ ਜਾਵੇਗਾ ਅਤੇ ਜੀਵ ਭਾਵ ਵਿਚ ਨਿਸ਼ਚਾ ਪਰਪੱਕ ਹੋ ਜਾਵੇਗਾ। ਹੌਲੀ-ਹੌਲੀ ਤੂੰ ਆਪਣੇ ਆਪ ਨੂੰ ਆਤਮਾਂ ਜਾਣ ਜਾਵੇਂਗਾ - ਆਤਮਾ ਪ੍ਰਮਾਤਮਾ ਇਕ ਹੀ ਹੈ।

ਸਾਧਸੰਗਤ ਜੀ! ਇਥੇ ਸਫਰ ਨਹੀਂ ਮੁਕਦਾ ਇਹ ਤਾਂ ਦੋ ਕਰੜੇ ਸੰਗਲ ਤੋੜੇ ਹਨ। ਪਹਿਲਾ ਅਵਿਦਿਆ ਦਾ, ਦੂਸਰਾ ਦੇਹ ਦਾ। ਇਹ ਜੀਵ ਭਾਵ ਵੀ ਕੂੜ ਹੈ ਇਹ ਸਤਿ ਅਵਸਥਾ ਨਹੀਂ ਹੈ, ਇਹ ਅਵਿਦਿਆ ਦੇ ਸੰਗ ਹੋਣ ਕਰਕੇ ਗਲਤ ਭਾਵਨਾ ਹੈ ਕਿਉਂਕਿ ਜੀਵ ਦੀ ਆਪਣੀ ਕੋਈ ਸੁਤੰਤਰ ਹਸਤੀ ਨਹੀਂ, ਆਤਮ ਸ਼ਕਤੀ ਦਾ ਪ੍ਰਤੀਬਿੰਬ ਜਦੋਂ ਪ੍ਰਕ੍ਰਿਤੀ ਉਪਰ ਪੈਂਦਾ ਹੈ ਤਾਂ ਚਿੱਤ ਵਿਚ ਚੇਤਨਾ ਜਾਗਦੀ ਹੈ ਉਸ ਥਾਂ ਉਪਰ ਇਕ ਕੂੜਾ ਭਾਵ ਅਹੰ ਦਾ ਜਾਗ ਪੈਂਦਾ ਹੈ। ਉਹ ਆਪਣਾ ਚੌਗਿਰਦਾ ਦੇਖਦਾ ਹੈ ਅਤੇ ਆਪਣੇ ਮੈਂ ਦੀ ਹੋਂਦ ਨੂੰ ਪਛਾਣਦਾ ਹੈ, ਪਰ ਹੈ ਇਹ ਪਰਛਾਵਾਂ ਹੀ। ਅਜੇ ਆਪਣੇ ਸਰੂਪ ਨੂੰ ਨਹੀਂ ਜਾਣ ਸਕਿਆ, ਗੁਰੂ ਮਹਾਰਾਜ ਜੀ ਸਾਨੂੰ ਦਸਦੇ ਹਨ ਕਿ ਪਿਆਰਿਆ! ਤੂੰ ਸ਼ੁਧ ਜੋਤ ਹੈਂ, ਨਾ ਤੂੰ ਜੰਮਦਾ ਹੈਂ, ਨਾ ਮਰਦਾ ਹੈਂ, ਨਾ ਤੈਨੂੰ ਕੋਈ ਦੁਖ ਪੋਹ ਸਕਦਾ ਹੈ, ਤੂੰ ਸਦਾ-ਸਦਾ ਸੁਖੀ ਹੈਂ, ਤੂੰ ਸਦੀਵੀ ਹੈਂ, ਸਤਿ ਹੈਂ, ਪ੍ਰਮ ਚੇਤਨ ਹੈਂ, ਤੂੰ ਅਨੰਦ ਹੀ ਅਨੰਦ ਹੈਂ, ਤੇਰੇ ਅੰਦਰ ਪ੍ਰੇਮ ਹੀ ਪ੍ਰੇਮ ਹੈ। ਤੂੰ ਨਾ ਕੁਝ ਕਰ ਰਿਹਾ ਹੈਂ, ਨਾ ਹੀ ਕਰਨ ਦੀ ਕੋਈ ਇਛਿਆ ਹੈ, ਇਹ ਸਾਰੀ ਖੇਲ੍ਹ ਹੁਕਮ ਦੇ ਅੰਦਰ ਹੋ ਰਹੀ ਹੈ, ਕਰਾਰਾ ਹੁਕਮ ਆਪਣੀ ਖੇਲ੍ਹ ਵਰਤਾ ਰਿਹਾ ਹੈ, ਉਹ ਹੁਕਮ ਦੇ ਮੁਤਾਬਿਕ ਸਭ ਕੁਝ ਹੋ ਰਿਹਾ ਹੈ। ਤੂੰ ਆਤਮਾ ਹੈਂ, ਤੇਰੇ ਅਤੇ ਪ੍ਰਮਾਤਮਾ ਵਿਚ ਕੋਈ ਵੀ ਭੇਦ ਨਹੀਂ ਪਰ ਜਦੋਂ ਇਹ ਭਾਵਨਾ ਜਾਗਦੀ ਹੈ ਕਿ ਮੈਂ ਕਰਦਾ ਹਾਂ, ਮੈਂ ਭਜਨ ਕਰਦਾ ਹਾਂ, ਮੈਂ ਪਰਉਪਕਾਰ ਕਰਦਾ ਹਾਂ ਜਦੋਂ ਇਹ ਮਲੀਨ ਭਾਵਨਾ ਜਾਗ ਪੈਂਦੀਆਂ ਹਨ, ਉਸ ਵੇਲੇ ਇਹ ਪਤਿਤ ਹੋ ਕੇ ਜੀਵ ਦੀ ਉਪਾਧੀ ਧਾਰਨ ਕਰਦਾ ਹੈ ਇਥੋਂ ਇਹ ਪੰਜ ਪਉੜੀਆਂ ਤਿਲਕ ਜਾਂਦਾ ਹੈ ਅਤੇ ਪੱਕੇ ਨਿਸ਼ਚੇ ਨਾਲ ਆਪਣੇ ਆਪ ਨੂੰ ਦੇਹ ਮੰਨਣ ਲਗ ਜਾਂਦਾ ਹੈ। ਮੈਂ ਮੂਰਖ ਹਾਂ, ਮੈਂ ਇਸਤ੍ਰੀ ਹਾਂ, ਮੈਂ ਗਰੀਬ ਹਾਂ, ਮੈਂ ਅਮੀਰ ਹਾਂ। ਇਹ ਕੁਝ ਵੀ ਨਹੀਂ ਹੋ ਰਿਹਾ, ਸਾਰੇ ਅਗੰਮੀ ਨਿਰੰਕਾਰੀ ਹੁਕਮ ਦੀ ਖੇਡ ਵਰਤ ਰਹੀ ਹੈ ਉਹ ਆਪ ਹੀ ਖੇਡ ਰਿਹਾ ਹੈ ਜਿਵੇਂ ਕਿ ਫੁਰਮਾਨ ਹੈ -

*ਏਕ ਮੂਰਤ ਅਨੇਕ ਦਰਸਨ*
*ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ*
*ਅੰਤ ਕੋ ਫਿਰ ਏਕ॥*
*ਜਾਪੁ ਸਾਹਿਬ*

ਜੀਵ ਭਾਵ ਕਰਕੇ ਇਹ ਆਪਣੇ ਅਸਲੀ ਸਰੂਪ ਨੂੰ ਨਹੀਂ ਪਛਾਣਦਾ। ਮਹਾਰਾਜ ਜੀ ਫੁਰਮਾਉਂਦੇ ਹਨ ਕਿ ਪਿਆਰਿਆ! ਤੂੰ ਆਪਣੇ ਸਰੂਪ ਨੂੰ ਪਛਾਣ।

*ਧਾਰਨਾ- ਪਛਾਣ ਪਿਆਰਿਆ!*
*ਪਹਿਲਾਂ ਆਪਣੇ ਸਰੂਪ ਨੂੰ*

ਪਛਾਣ ਤੂੰ ਕੌਣ ਹੈਂ, ਮਹਾਰਾਜ ਕਹਿੰਦੇ ਪਛਾਣ ਅਸੀਂ ਦਸ ਦਿੰਦੇ ਹਾਂ-

*ਮਨ ਤੂੰ ਜੋਤਿ ਸਰੂਪੁ ਹੈ*
*ਆਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੈ ਨਾਲਿ ਹੈ*
*ਗੁਰਮਤੀ ਰੰਗੁ ਮਾਣੁ॥ ਪੰਨਾ - 441*

ਅਸੀਂ ਕਹਿੰਦੇ ਹਾਂ ਕਿ ਮਹਾਰਾਜ! ਮੈਂ ਤਾਂ ਆਪਣੇ ਆਪ ਨੂੰ ਪਛਾਣਦਾ ਹਾਂ, ਮੈਂ ਪੀ.ਐਚ.ਡੀ ਕੀਤੀ ਹੋਈ ਹੈ, ਮੈਂ ਡੀ. ਲਿਟ ਹਾਂ। ਮੈਂ ਬਹੁਤ ਪੜ੍ਹਿਆ ਹੋਇਆ ਹਾਂ, ਮੇਰੀਆਂ ਤਾਂ ਕਿਤਾਬਾਂ ਲਿਖੀਆਂ ਹੋਈਆਂ ਨੇ, ਮੈਂ ਤਾਂ ਆਪਣੇ ਆਪ ਨੂੰ ਪਛਾਣ ਰਿਹਾ ਹਾਂ। ਮਹਾਰਾਜ ਜੀ ਕਹਿੰਦੇ ਹਨ ਕਿ ਪਿਆਰਿਆ! ਤੂੰ ਪਛਾਣਿਆ ਨਹੀਂ ਹੈ। ਪਛਾਣਿਆ ਹੋਵੇ ਤਾਂ ਤੇਰੀ ਹਾਲਤ ਬਦਲ ਜਾਵੇ। ਜਿਸਨੇ ਆਪਣੇ ਸਰੂਪ ਨੂੰ ਪਛਾਣ ਲਿਆ ਫੇਰ ਤਾਂ ਉਹ ਜੋਤੀ ਸਰੂਪ ਬਣ ਗਿਆ। ਇਹ ਜਿਹੜੇ ਦੇਹ ਦੇ ਰੋਗ ਨੇ, ਦੇਹ ਦੀ ਖੁਸ਼ੀ ਹੈ, ਦੇਹ ਦੀ ਗਮੀ ਹੈ, ਦੇਹ ਦੀ ਚਿੰਤਾ ਹੈ, ਦੇਹ ਦੀ ਬਿਮਾਰੀ ਹੈ, ਈਰਖਾ, ਨਿੰਦਿਆ, ਚੁਗਲੀ, ਸਾੜਾ ਹੈ, ਮਾਣ ਹੈ, ਅਪਮਾਨ ਹੈ, ਲਾਭ ਹੈ, ਹਾਨ ਹੈ ਇਹ ਸਾਰੀਆਂ ਚੀਜ਼ਾਂ ਤਾਂ ਦੇਹ ਨਾਲ ਸਬੰਧ ਰਖਦੀਆਂ ਨੇ। ਫੇਰ ਪ੍ਰੇਮੀਆਂ! ਤੂੰ ਕਿਉਂ ਔਖਾ ਹੁੰਦਾ ਹੈਂ, ਕਿਉਂ ਉਭੇ ਸਾਹ ਲੈਂਦਾ ਹੈਂ? ਉਹ ਇਸ ਕਰਕੇ ਕਿਉਂਕਿ ਤੂੰ ਅਜੇ ਪੜ੍ਹ ਲਿਖ ਕੇ ਗੱਲ ਜਾਣੀ ਹੈ, ਟੋਹਾਂ ਲਾਈਆਂ ਹਨ, ਆਪਣੇ ਆਪ ਨੂੰ ਦੇਹ ਸਮਝਦਾ ਹੈਂ, ਜੀਵ ਸਮਝਦਾ ਹੈਂ। ਪੜ੍ਹ ਕੇ ਨਹੀਂ ਪਤਾ ਲੱਗਦਾ, ਬੁੱਝ ਕੇ ਪਤਾ ਲਗਦਾ ਹੈ। ਜੇ ਤੂੰ ਆਪਣੇ ਆਪ ਨੂੰ ਪਛਾਣ ਲਿਆ ਤਾਂ ਤੂੰ ਸਾਰੇ ਦੁਖਾਂ ਤੋਂ ਬਰੀ ਹੋ ਜਾਵੇਂ, ਪ੍ਰਭੂ ਦੇ ਹੁਕਮ ਵਿਚ ਜੀਵਨ ਬਤੀਤ ਕਰੇਂ, ਤਾਂ ਜੀਵਨ ਮੁਕਤ ਹੀ ਹੋ ਜਾਵੇਂ। ਜੀਵਨ ਮੁਕਤਾਂ ਦੀ ਅਵਸਥਾ ਉਪਰ ਚਾਨਣਾ ਪਾਉਂਦੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਉਹੁ ਪੁਰਖੁ ਕਹੀਐ*

**ਜੀਵਨ ਮੁਕਤਿ॥ ਪੰਨਾ - 275**

ਜੇ ਤਾਂ ਸਰੂਪ ਦੀ ਪਛਾਣ ਕਰ ਲਈ, ਜੀਵਨ ਮੁਕਤੀ ਉਸੇ ਸਮੇਂ ਪ੍ਰਾਪਤ ਹੋ ਜਾਂਦੀ ਹੈ ਪਰ ਇਹ ਪਛਾਣ ਕਦੇ ਕਿਸੇ ਨੂੰ ਆਪਣੇ ਆਪ ਪ੍ਰਾਪਤ ਨਹੀਂ ਹੋਈ। ਜਦੋਂ ਤਕ ਪ੍ਰਭੂ ਦੀ ਕ੍ਰਿਪਾ ਨਾ ਹੋਵੇ ਉਨੀਂ ਦੇਰ ਤਕ ਪੂਰਨ ਮਹਾਂਪੁਰਸ਼ ਨਹੀਂ ਮਿਲਿਆ ਕਰਦਾ। ਜਦੋਂ ਤਕ ਪੂਰਨ ਮਹਾਂਪੁਰਸ਼ ਦੀ ਕ੍ਰਿਪਾ ਨਹੀਂ ਹੁੰਦੀ ਜੀਵ ਦਾ ਸ਼ੁਭ ਕਰਮਾਂ ਵਿਚ ਪ੍ਰਵੇਸ਼ ਨਹੀਂ ਹੋ ਸਕਦਾ। ਉਪਾਸ਼ਨਾ ਦਾ ਤਾਂ ਉਸਨੂੰ ਪਤਾ ਹੀ ਨਹੀਂ ਕਿ ਕੀ ਹੁੰਦੀ ਹੈ, ਗਿਆਨ ਮੰਡਲ ਵਿਚ ਲੰਘਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ, ਰਸ ਹੀਣ ਜੀਵਨ ਬਤੀਤ ਕਰਦਾ ਹੈ, ਸੋ ਜਿਹਦੇ ਉਤੇ ਗੁਰੂ ਦੀ ਕ੍ਰਿਪਾ ਹੋ ਜਾਵੇ ਉਹ ਆਪਣੀ ਪਛਾਣ ਦੀ ਗੱਲ ਕਰਦਾ ਹੈ ਕਿਉਂਕਿ ਐਸਾ ਫੁਰਮਾਨ ਹੈ -

**ਧਾਰਨਾ- ਜਿਨ ਕਉ ਨਦਰ ਕਰਮ**
**ਤਿਨ ਕਾਰ - 2, 2.**

**ਜਿਨ ਕਉ ਨਦਰਿ ਕਰਮੁ ਤਿਨ ਕਾਰ॥**
**ਪੰਨਾ - 8**

ਨਦਰ ਕਹਿੰਦੇ ਨੇ ਬਖਸ਼ਿਸ਼ ਨੂੰ, ਬਖਸ਼ਿਸ਼ ਦੀ ਨਦਰ ਜਿਸ ਦੇ ਉਤੇ ਹੋ ਗਈ ਉਹ ਜੀਵਨ ਮੁਕਤ ਦੀ ਅਵਸਥਾ ਪ੍ਰਾਪਤ ਕਰ ਸਕਦਾ ਹੈ, ਦੂਸਰੇ ਨੂੰ ਨਹੀਂ ਹੋ ਸਕਦੀ।

**ਨਾਨਕ ਨਦਰੀ ਨਦਰਿ ਨਿਹਾਲ॥**
**ਪੰਨਾ - 8**

ਜਦੋਂ ਨਦਰ ਹੋ ਗਈ ਫੇਰ ਨਦਰ ਦੇ ਨਾਲ ਨਿਹਾਲ ਹੋ ਜਾਂਦਾ ਹੈ। ਸਤਿਗੁਰੂ ਦੀ ਨਿਗ੍ਹਾ ਕ੍ਰੋੜਾਂ ਪਾਪਾਂ ਦਾ ਨਾਸ਼ ਕਰ ਦਿੰਦੀ ਹੈ। ਮਹਾਤਮਾ ਪਿਆਰ ਦੇ ਘਰ 'ਚ ਆ ਕੇ ਇਕ ਵਾਰ ਦ੍ਰਿਸ਼ਟੀ ਕਰ ਦੇਵੇ ਤਾਂ ਕ੍ਰੋੜਾਂ ਪੁੰਨਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਵਿਚ ਇਕ ਸਾਖੀ ਆਉਂਦੀ ਹੈ ਕਿ ਆਪ ਇਕ ਘੋਰ ਬਣ ਵਿਚੋਂ ਭਾਈ ਬਾਲਾ ਜੀ ਤੇ ਮਰਦਾਨਾ ਸਮੇਤ ਲੰਘ ਰਹੇ ਸਨ। ਪਹਿਲਾਂ ਕਈ ਦਿਨਾਂ ਤੋਂ ਤੁਰੇ ਹੋਏ ਸਨ, ਕਿਤੇ ਕੋਈ ਬਸਤੀ ਨਹੀਂ ਆਉਂਦੀ, ਮਰਦਾਨਾ ਦਰਖਤਾਂ ਤੋਂ ਗਿਰੇ ਹੋਏ ਫਲ ਛਕ ਛਕਾ ਕੇ, ਚਲ ਰਹੀਆਂ। ਨਦੀਆਂ ਦਾ ਪਾਣੀ ਪੀ ਕੇ ਆਪਣਾ ਪੇਟ ਭਰ ਲੈਂਦਾ ਸੀ। ਜੰਗਲ ਵਿਚ ਸ਼ੇਰ ਬੁਕ ਰਹੇ ਸਨ, ਬੇਅੰਤ ਸੱਪ ਤੁਰੇ ਫਿਰਦੇ ਸਨ। ਬਰਸਾਤ ਦਾ ਮਹੀਨਾ ਹੈ ਜਿਥੇ ਵੀ ਆਸਣ ਲਾਇਆ ਜਾਂਦਾ ਹੈ ਉਥੇ ਝੱਟ ਹੀ ਕੀੜੇ ਮਕੌੜੇ ਪਹੁੰਚ ਜਾਂਦੇ ਹਨ। ਧੰਨ ਸਨ ਗੁਰੂ ਨਾਨਕ ਪਾਤਸ਼ਾਹ ਜਿਨ੍ਹਾਂ ਨੇ ਅਜਿਹੇ ਬਿਖੜੇ ਹਾਲਾਤਾਂ ਵਿਚ ਪ੍ਰਭੂ ਦੇ ਪਿਆਰ ਨਾਲ ਸੰਸਾਰ ਨੂੰ ਜੋੜਿਆ। ਉਸ ਵੇਲੇ ਮਰਦਾਨੇ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਕਿੰਨੇ ਦਿਨ ਜੰਗਲ ਵਿਚ ਤੁਰਦਿਆਂ ਨੂੰ ਹੋ ਗਏ, ਕੀ ਇਥੇ ਕੋਈ ਬਸਤੀ ਨਹੀਂ ਆਵੇਗੀ, ਜਿਥੇ ਰੁਕ ਕੇ ਚਾਰ ਦਿਨ ਸੁੱਖ ਦੇ ਕੱਢੀਏ, ਵੇਲੇ ਸਿਰ ਖਾਣ ਪੀਣ ਨੂੰ ਮਿਲੇ। ਮੈਂ ਆਪਣੇ ਲਈ ਤਾਂ ਕਹਿੰਦਾ ਨਹੀਂ ਹਾਂ ਪਰ ਜਦੋਂ ਮੈਂ ਆਪ ਵਲ ਦੇਖਦਾ ਹਾਂ ਕਿ ਆਪ ਨਾ ਤਾਂ ਕੁਝ ਅੰਗੀਕਾਰ ਕਰਦੇ ਹੋ, ਨਾ ਕੋਈ ਹੋਰ ਚੀਜ਼ ਦੀ ਲੋੜ ਮਹਿਸੂਸ ਕਰਦੇ ਹੋ, ਆਪ ਆਪਣੇ ਸਰੀਰ ਤੇ ਕਿੰਨੇ ਕਸ਼ਟ ਸਹਾਰਦੇ ਹੋ, ਜੰਗਲੀ ਜਾਨਵਰ ਕਿੰਨੇ ਘੁੰਮ ਰਹੇ ਹਨ ਪਾਤਸ਼ਾਹ! ਤੁਹਾਡੇ ਸੁਖ ਤੇ ਅਰਾਮ ਲਈ ਮੈਂ ਬੇਨਤੀ ਕਰਦਾ ਹਾਂ ਕਿ ਆਪ ਥੋੜ੍ਹਾ ਚਿਰ ਕਿਸੇ ਨਗਰ ਵਿਚ ਟਿਕੋ। ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਮਰਦਾਨਿਆਂ! ਇਕ ਨਗਰ ਆਉਣ ਵਾਲਾ ਹੈ ਜੇ ਕਰਤਾਰ ਨੂੰ ਭਾਇਆ ਤਾਂ ਉਥੇ ਕਾਫੀ ਚਿਰ ਆਪਾਂ ਠਹਿਰਾਂਗੇ। ਮਰਦਾਨੇ ਦੇ ਚਿਤ ਵਿਚ ਬੜੀ ਖੁਸ਼ੀ ਹੋਈ ਕਿ ਨਗਰ ਆਉਣ ਵਾਲਾ ਹੈ।

ਚਲਦੇ-ਚਲਦੇ ਦੁਪਹਿਰਾਂ ਢਲ ਗਈਆਂ, ਦਿਨ ਦਾ ਚੌਥਾ ਪਹਰਿ ਆ ਗਿਆ ਤਾਂ ਸਾਮ੍ਹਣੇ ਇਕ ਨਗਰ ਦੇਖਿਆ, ਆਪ ਨੇ ਉਸ ਤਰਫ ਨੂੰ ਮੋੜੇ ਪਾ ਲਏ, ਪਸ਼ੂਆਂ ਦੀਆਂ ਪਾਈਆਂ ਹੋਈਆਂ ਡੰਡੀਆਂ ਵਿਚੀਂ ਹੁੰਦੇ ਹੋਏ ਨਗਰ ਵਲ ਨੂੰ ਵਧ ਰਹੇ ਹਨ। ਅੱਗੇ ਸਾਰੇ ਨਗਰ ਵਾਲੇ ਇਕ ਉਚੇ ਚੌਂਤਰੇ ਤੇ ਖੜ੍ਹੋਤੇ ਵੇਖ ਰਹੇ ਹਨ ਕਿ ਤਿੰਨ ਬੰਦੇ ਸਾਡੇ ਪਿੰਡ ਵਲ ਨੂੰ ਆ ਰਹੇ ਹਨ, ਖੁਸ਼ ਹੋ ਗਏ ਕਿ ਅੱਜ ਤਿੰਨ ਸ਼ਿਕਾਰ ਮਿਲਣਗੇ। ਉਹ ਪਿੰਡ ਠੱਗਾਂ ਦਾ ਸੀ, ਡਾਕੇ ਮਾਰਨੇ, ਠੱਗੀਆਂ ਮਾਰਨੀਆਂ, ਛਲ ਕਪਟ ਕਰਕੇ ਦੂਸਰੇ ਦਾ ਧਨ ਖੋਹਣਾ, ਫੇਰ ਇਸ ਧਨ ਨੂੰ ਸ਼ਰਾਬਾਂ, ਕਬਾਬਾਂ, ਮਾਸ ਵਿਭਚਾਰ ਵਿਚ ਖਰਚ ਕਰਨਾ ਇਹ ਇਨ੍ਹਾਂ ਦਾ ਕਿੱਤਾ ਸੀ, ਦੇਖਦੇ-ਦੇਖਦੇ ਤਿੰਨੇ ਹੀ ਨੇੜੇ ਆ ਗਏ, ਅੱਜ ਮਰਦਾਨੇ ਦਾ ਚਿਤ ਖਿੜ ਨਹੀਂ ਰਿਹਾ। ਮਹਾਰਾਜ ਕਹਿਣ ਲੱਗੇ, "ਮਰਦਾਨਿਆਂ! ਅੱਜ ਬਸਤੀ ਦੇਖ ਕੇ ਕੋਈ ਬਚਨ ਨਹੀਂ ਕਰ ਰਿਹਾ, ਤੈਨੂੰ ਭੁੱਖ ਨਹੀਂ ਲੱਗੀ ਹੋਈ?" ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਪਤਾ ਨਹੀਂ ਮੈਨੂੰ ਕੀ ਹੋ ਗਿਆ, ਇਨ੍ਹਾਂ ਲੋਕਾਂ ਨੂੰ ਦੇਖ ਕੇ ਮੇਰੇ ਮਨ ਵਿਚ ਖੁਸ਼ੀ ਨਹੀਂ ਆ ਰਹੀ, ਮੇਰੀ ਭੁੱਖ ਵੀ ਪੂਰੀ ਤਰ੍ਹਾਂ ਮਰ ਗਈ ਹੈ।" ਮਹਾਰਾਜ ਜੀ ਕਹਿਣ ਲੱਗੇ, "ਮਰਦਾਨਿਆਂ! ਤੂੰ ਠੀਕ ਹੀ ਕਹਿੰਦਾ ਹੈਂ ਤੈਨੂੰ ਵਾਤਾਵਰਣ ਵਿਚ ਪਸਰ ਰਹੇ ਸੂਖਸ਼ਮ ਖਿਆਲ ਪੜ੍ਹਨ ਦਾ ਅਨੁਭਵ ਹੋ ਗਿਆ ਹੈ। ਦੇਖ ਮਰਦਾਨਿਆਂ ਹਰ ਸਮੇਂ ਹਰ ਬੰਦੇ ਦੇ ਅੰਦਰੋਂ ਖਿਆਲਾਂ ਦੀ ਰੌ ਗੁਪਤ ਰੂਪ ਵਿਚ ਚਲਦੀ ਹੈ ਅਤੇ ਉਹ ਦੂਰ ਤਕ ਫੈਲਦੀ ਜਾਂਦੀ ਹੈ। ਮਹਾਂਪੁਰਸ਼ਾਂ ਦੀਆਂ ਅੰਦਰਲੀਆਂ ਕਿਰਨਾਂ ਸੁਖ ਸ਼ਾਂਤੀ ਦਿੰਦੀਆਂ ਹਨ, ਪਾਪਾਂ ਤੋਂ ਬਚਾ ਲੈਂਦੀਆਂ ਹਨ, ਇਸੇ ਕਰਕੇ ਮਹਾਂਪੁਰਸ਼ਾਂ ਦੇ ਸੰਪਰਕ ਵਿਚ ਜੋ ਆ ਜਾਵੇ ਤਾਂ ਉਸ ਉਤੇ ਸੋਹਣਾ ਅਸਰ ਹੋਣ ਲਗ ਜਾਂਦਾ ਹੈ, ਚਿਤ ਲੱਗ ਜਾਂਦਾ ਹੈ, ਚਿੰਤਾਵਾਂ ਖਤਮ ਹੁੰਦੀਆਂ ਪ੍ਰਤੀਤ ਹੁੰਦੀਆਂ ਹਨ। ਮਰਦਾਨਿਆਂ! ਇਹ ਬਹੁਤ ਬੁਰੀ ਕਿਸਮ ਦੇ ਠੱਗ ਹਨ, ਪਹਿਲਾਂ ਬੰਦੇ ਨੂੰ ਮਾਰਦੇ ਹਨ, ਪਿਛੋਂ ਜੇਬ ਫਰੋਲਦੇ ਹਨ। ਸੱਚੇ ਪਾਤਸ਼ਾਹ! ਆਪ ਫੇਰ ਇਨ੍ਹਾਂ ਵਿਚ ਕਿਉਂ ਫਸ ਗਏ? ਮਹਾਰਾਜ ਕਹਿਣ ਲੱਗੇ,

"ਮਰਦਾਨਿਆਂ! ਦੇਖ ਕਰਤਾਰ ਦੇ ਰੰਗ, ਅਜ ਤਾਰਦੇ ਹਨ ਕਿ ਡੋਬਦੇ ਹਨ।"

ਉਹ ਵੀ ਗੁਰੂ ਮਹਾਰਾਜ ਜੀ ਵਲ ਝਾਕ ਰਹੇ ਹਨ। ਉਨ੍ਹਾਂ ਦੇ ਸੁੰਦਰ ਲਾਲ ਸੁਰਖ ਚਿਹਰੇ, ਮੋਟੇ ਨੈਣ ਅਤੇ ਮਸਤਕ ਅਤਿ ਪ੍ਰਸੰਨ ਦੇਖ ਕੇ ਅੰਦਾਜ਼ੇ ਲਾਉਂਦੇ ਹਨ ਕਿ ਅੱਜ ਕੋਈ ਮਹਾਨ ਧਨੀ ਸਾਡੇ ਕਬਜ਼ੇ ਆਪੇ ਹੀ ਆ ਗਏ ਹਨ। ਇਕ ਦੂਜੇ ਕੋਲ ਗੱਲਾਂ ਕਰਦੇ ਹਨ ਕਿ ਮੈਨੂੰ ਬਹੁਤ ਤਜਰਬਾ ਹੈ ਕਿ ਮੈਂ ਅੱਖਾਂ ਪੜ੍ਹ ਲੈਂਦਾ ਹਾਂ। ਇਨ੍ਹਾਂ ਕੋਲ ਐਨਾ ਧਨ ਹੈ ਕਿ ਜਿਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਦੂਜਾ ਕਹਿਣ ਲੱਗਿਆ, "ਇਨ੍ਹਾਂ ਕੋਲ ਤਾਂ ਇਕ ਰਬਾਬ, ਕੁਮੰਡਲ ਤੇ ਇਕ ਕਪੜਾ ਹੈ ਚਾਦਰ ਹੈ ਜਿਸਦੀ ਗਿਲਟੀ ਮਾਰ ਕੇ ਤਨ ਢਕਦੇ ਹਨ, ਇਕ ਹੇਠਾਂ ਵਿਛਾਣ ਲਈ ਹੈ, ਹੋਰ ਤਾਂ ਇਨ੍ਹਾਂ ਕੋਲ ਕੋਈ ਸਮਾਨ ਨਹੀਂ ਹੈ।" ਉਹ ਕਹਿਣ ਲੱਗੇ, "ਤੈਨੂੰ ਕੀ ਪਤੈ ਅਮੀਰ ਲੋਕਾਂ ਦਾ, ਜਦੋਂ ਇਹ ਚਲਦੇ ਹਨ ਤਾਂ ਬਹੁਤ ਕੀਮਤੀ ਲੱਖਾਂ ਰੁਪਏ ਦੇ ਲਾਲ ਲੈ ਕੇ ਪੱਟ ਦਾ ਮਾਸ ਪਾੜ ਕੇ ਸਿਉਂ ਲੈਂਦੇ ਹਨ ਜਾਂ ਇਨ੍ਹਾਂ ਨੇ ਰਬਾਬ ਦੇ ਵਿਚ ਜੋ ਮੋਮ ਲਾਇਆ ਹੋਇਆ ਹੈ ਉਸਦੇ ਵਿਚ ਛੁਪਾਏ ਹੋਏ ਹਨ। ਇਹ ਵੀ ਹੋ ਸਕਦਾ ਹੈ ਜੋ ਰਬਾਬ ਦਾ ਡੰਡਾ ਹੈ ਜਿਸ ਉਪਰ ਤਾਰਾਂ ਲਪੇਟੀਆਂ ਹੋਈਆਂ ਹਨ ਇਸ ਡੰਡੇ ਵਿਚ ਸੁਰਾਖ ਕਰਕੇ ਛੁਪਾਏ ਹੋਣ। ਉਸੇ ਸਮੇਂ ਆਪਸ ਵਿਚ ਸਲਾਹ ਕੀਤੀ ਕਿ ਅੱਜ ਬਹੁਤ ਧਨੀ ਆਪਣੇ ਕੋਲ ਫਸ ਗਏ, ਆਪਣੇ ਪੀਰ ਦੀ ਸਹੁੰ ਖਾ ਕੇ ਸਾਰੇ ਪ੍ਰਤਗਿਆ ਕਰੋ ਕਿ ਜੋ ਕੁਝ ਇਨ੍ਹਾਂ ਕੋਲੋਂ ਮਿਲੇਗਾ, ਉਹ ਆਪਾਂ ਸਾਰੇ ਰਲ ਕੇ ਵੰਡ ਲਵਾਂਗੇ।

ਗੁਰੂ ਮਹਾਰਾਜ ਜੀ ਨੇੜੇ ਆ ਜਾਂਦੇ ਹਨ ਤਾਂ ਸਾਰੇ ਨਿਵ-ਨਿਵ ਕੇ ਨਮਸਕਾਰਾਂ ਕਰ ਰਹੇ ਹਨ, ਕਹਿੰਦੇ ਨੇ ਕਿ ਧੰਨਭਾਗ ਅਸਾਡੇ ਕਿ ਸਾਨੂੰ ਵੀ ਬਹੁਤ ਵੱਡੇ ਧਨੀਆਂ ਦੇ ਦਰਸ਼ਨ ਹੋਏ, ਸਾਧੂ ਦਾ ਲਿਬਾਸ ਤਾਂ ਆਪ ਨੇ ਚੋਰਾਂ ਚਕਾਰਾਂ ਤੋਂ ਬਚਣ ਲਈ ਪਹਿਨਿਆ ਹੋਇਆ ਹੈ ਪਰ ਸਾਨੂੰ ਲਗਦਾ ਹੈ ਕਿ ਤੁਹਾਡੇ ਕੋਲ ਬਹੁਤ ਧਨ ਹੈ। ਇਕ ਠੱਗ ਨੇ ਬੇਨਤੀ ਕੀਤੀ ਕਿ ਮਹਾਰਾਜ! ਇਹ ਸਾਮ੍ਹਣੇ ਵਾਲਾ ਘਰ ਮੇਰਾ ਹੈ, ਆਪ ਇਥੇ ਨਿਵਾਸ ਕਰੋ। ਮਹਾਰਾਜ ਜੀ ਬੇਨਤੀ ਮੰਨ ਕੇ ਉਸ ਠੱਗ ਦੇ ਘਰ ਪਹੁੰਚ ਜਾਂਦੇ ਹਨ। ਉਹ ਛੇਤੀ ਹੀ ਗਰਮ ਕਰਕੇ ਜਲ ਲੈ ਆਇਆ ਅਤੇ ਬੜੀ ਅਧੀਨਗੀ ਨਾਲ ਬੇਨਤੀ ਕਰਨ ਲੱਗਾ ਕਿ ਮਹਾਰਾਜ! ਆਪ ਪੰਜ ਇਸ਼ਨਾਨਾ ਕਰੋ, ਕੁਰਲਾ ਕਰੋ, ਚਰਨਾਂ ਉਪਰ ਵੀ ਧੂੜ ਪਈ ਹੋਈ ਹੈ। ਮਹਾਰਾਜ ਜੀ ਮਰਦਾਨੇ ਵਲ ਦੇਖਣ ਲੱਗੇ ਕਿ ਕਿਉਂ ਮਰਦਾਨਿਆਂ? ਗੁਰੂ ਮਹਾਰਾਜ ਨੇ ਕਿਹਾ ਕਿ ਭਾਈ ਅਸੀਂ ਬਿਨਾਂ ਚਰਨ ਧੋਤਿਆਂ ਹੀ ਚੰਗੇ ਹਾਂ, ਅਸੀਂ ਤਾਂ ਥੋੜ੍ਹਾ ਚਿਰ ਆਪ ਦੇ ਕੋਲ ਠਹਿਰਣਾ ਹੈ, ਅੰਮ੍ਰਿਤ ਵੇਲੇ ਅਸੀਂ ਕੀਰਤਨ ਕਰਨਾ ਹੈ ਉਸ ਪਿਛੋਂ ਆਪਣੇ ਰਾਹੇ ਪੈ ਜਾਵਾਂਗੇ। ਉਹ ਠੱਗ ਥੋੜ੍ਹੀ ਦੇਰ ਪਿਛੋਂ ਦੁੱਧ ਲੈ ਆਇਆ। ਗੁਰੂ ਮਹਾਰਾਜ ਜੀ ਨੇ ਮਰਦਾਨੇ ਵਲ ਤੱਕਿਆ, ਮਰਦਾਨਾ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਮੈਨੂੰ ਤਾਂ ਅੱਜ ਕਿਸੇ ਚੀਜ਼ ਦੀ ਲੋੜ ਨਹੀਂ। ਐਨੇ ਨੂੰ ਪਲੰਘ ਤਿਆਰ ਕਰਕੇ ਬੇਨਤੀ ਕੀਤੀ ਕਿ ਆਪ ਪਲੰਘਾਂ ਤੇ ਬਿਰਾਜੋ, ਥੱਕੇ ਹੋਏ ਹੋ, ਰਾਤ ਦਾ ਫੇਰ ਪ੍ਰਸ਼ਾਦਾ ਛਕੋ, ਅਸੀਂ ਤਾਂ ਧੰਨਭਾਗੀ ਹਾਂ ਕਿ ਤੁਸੀਂ ਇਸ ਨਗਰ ਵਿਚ ਚਰਨ ਪਾਏ ਹਨ। ਮਹਾਰਾਜ ਜੀ ਨੇ ਕਿਹਾ ਕਿ ਜਿਥੇ ਅਸੀਂ ਬੈਠੇ ਹਾਂ, ਓਹੋ ਹੀ ਠੀਕ ਹੈ। ਸਾਨੂੰ ਪਲੰਘ ਦੀ ਲੋੜ ਨਹੀਂ ਲੰਮੇ ਪੈਂਡਿਆਂ ਦੇ ਰਾਹੀ ਹਾਂ, ਜੋ ਕੁਝ ਕੰਦ ਮੂਲ ਮਿਲਿਆ ਛਕ ਲਿਆ, ਹੱਥਾਂ ਨਾਲ ਨਦੀ ਦਾ ਪਵਿੱਤਰ ਜਲ ਪੀ ਕੇ ਸੰਤੁਸ਼ਟ ਰਹਿੰਦੇ ਹਾਂ। ਅਸਾਨੂੰ ਪਲੰਘਾਂ ਦੀ ਲੋੜ ਨਹੀਂ ਹੈ; ਪ੍ਰਸ਼ਾਦਾ ਵੀ ਮੋੜ ਦਿਤਾ। ਜਦੋਂ ਚਲੇ ਗਏ ਤਾਂ ਮਰਦਾਨੇ ਨੂੰ ਕਿਹਾ ਕਿ ਸਤਿਗੁਰੂ ਜੀ! ਅੱਜ ਮੇਰਾ ਜੀਅ ਕੁਝ ਵੀ ਖਾਣ ਪੀਣ ਨੂੰ ਨਹੀਂ ਕਰਦਾ, ਮੈਨੂੰ ਕੁਝ ਡਰ ਜਿਹਾ ਲਗਦਾ ਹੈ। ਗੁਰੂ ਮਹਾਰਾਜ ਜੀ ਨੇ ਮਰਦਾਨੇ ਨੇ ਕਿਹਾ ਕਿ ਆਪਾਂ ਨਿਰੰਕਾਰ ਦੇ ਚਾਕਰ ਹਾਂ ਜੋ ਹਰ ਸਮੇਂ ਸਾਡੇ ਨਾਲ ਰਹਿੰਦੇ ਹਨ।

*ਜਹ ਜਹ ਪੇਖਉ ਤਹ ਹਜੂਰਿ*
*ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ*
*ਮਨ ਸਦਾ ਧਿਆਈ॥ ਪੰਨਾ - 677*

ਮਹਾਰਾਜ ਜੀ ਨੇ ਕਿਹਾ ਕਿ ਮਰਦਾਨਿਆਂ! ਜਿਸ ਜਲ ਨਾਲ ਇਹ ਹੱਥ ਧੁਆਉਣ ਆਏ ਸੀ ਉਸ ਵਿਚ ਵੀ ਜ਼ਹਿਰ ਸੀ, ਬਹੁਤ ਤੇਜ਼ ਕਿਸਮ ਦੀਆਂ ਜ਼ਹਿਰਾਂ ਇਹ ਲੋਕ ਰੱਖਦੇ ਹਨ। ਇਹ ਪਲੰਘ ਤੇ ਬੈਠਣ ਨੂੰ ਕਹਿੰਦੇ ਸੀ ਉਸ ਉਪਰ ਵੀ ਜ਼ਹਿਰੀਲਾ ਵਿਛੋਣਾ ਵਿਛਾਇਆ ਹੋਇਆ ਸੀ। ਸੋ ਇਥੇ ਸੌਣ ਦਾ ਥਾਂ ਨਹੀਂ ਹੈ, ਸਾਵਧਾਨ ਹੋ ਕੇ ਨਿਰੰਕਾਰ ਦਾ ਭਜਨ ਕਰਨਾ ਹੈ। ਇਧਰ ਇਹ ਸਾਰੇ ਇਕੱਠੇ ਹੋ ਕੇ ਸਲਾਹਾਂ ਕਰਨ ਲੱਗੇ ਕਿ ਇਹ ਤਾਂ ਬਹੁਤ ਹੀ ਚਤੁਰ ਬੰਦੇ ਹਨ ਜਾਂ ਤਾਂ ਸਰਕਾਰ ਦੇ ਸੂਹੀਏ ਹਨ, ਨਹੀਂ ਤਾਂ ਕੌਣ ਹੈ ਜਿਹੜਾ ਪਾਣੀ ਦੇਣ ਤੇ ਹੱਥ ਮੂੰਹ ਨਾ ਧੋਵੇ, ਕੁਰਲਾ ਨਾ ਕਰੇ; ਨਾ ਪਲੰਘ ਤੇ ਬੈਠੇ ਹਨ, ਨਾ ਦੁਧ ਪੀਤਾ ਹੈ, ਨਾ ਰਾਤ ਦਾ ਪ੍ਰਸ਼ਾਦਾ ਛਕਿਆ ਹੈ ਇਹ ਜ਼ਰੂਰ ਕੋਈ ਸਰਕਾਰੀ ਸੂਹੀਏ ਹੋਣਗੇ। ਪਰ ਕੋਈ ਗੱਲ ਨਹੀਂ, ਸੁਣੋ ਸਾਰੇ, ਆਪਾਂ ਨੂੰ ਇਨ੍ਹਾਂ ਕੋਲੋਂ ਧਨ ਇਨ੍ਹਾਂ ਨੂੰ ਮਾਰ ਕੇ ਲੁਟਣਾ ਪਵੇਗਾ। ਹੁਣ ਸਾਰੇ ਸੌਂ ਜਾਓ, ਇਹ ਵੀ ਸੌਂ ਜਾਣ, ਸੁੱਤੇ ਪਿਆਂ ਨੂੰ ਬੰਨ੍ਹ ਲਓ। ਸੋ ਉਹ ਸਾਰੀਆਂ ਵਿਉਂਤਾ ਬਣਾਉਂਦੇ ਰਹੇ, ਮਾਰਨ ਦੇ ਤਰੀਕੇ ਸੋਚਦੇ ਰਹੇ ਲੇਕਿਨ ਅੱਧੀ ਰਾਤ ਤੋਂ ਬਾਦ ਸਭ ਨੂੰ ਨੀਂਦ ਆ ਗਈ। ਰਾਤ ਲੰਘਦੀ ਗਈ, ਅੰਮ੍ਰਿਤ ਵੇਲਾ ਹੋ ਆਇਆ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਮਰਦਾਨਿਆਂ! ਪਿਆਰਿਆ ਅੱਜ ਕੀਰਤਨ ਸੁਣਾ। ਮਰਦਾਨੇ ਨੇ ਰਬਾਬ ਦੀਆਂ ਤਰਬਾਂ ਉਪਰ ਉਂਗਲੀ ਰੱਖੀ, ਸ਼ਬਦ ਪੜ੍ਹਦੇ ਰਹੇ। ਆਸਾ ਜੀ ਦੀ ਵਾਰ ਦਾ ਸਮਾਂ ਹੋ ਗਿਆ। ਭੋਗ ਸਮੇਂ ਮਰਦਾਨੇ ਨੇ ਕਿਹਾ ਕਿ ਮਹਾਰਾਜ!

ਇਕ ਵੀ ਬੰਦਾ ਸੁਣਨ ਵਾਸਤੇ ਨਹੀਂ ਆਇਆ। ਮਹਾਰਾਜ ਨੇ ਕਿਹਾ ਕਿ ਮਰਦਾਨਿਆਂ! ਇਨ੍ਹਾਂ ਮਨੁੱਖਾਂ ਦੇ ਭਾਗ ਬਹੁਤ ਮਾੜੇ ਨੇ, ਬਹੁਤੇ ਮਾੜੇ ਭਾਗ ਹੋਣ ਕਰਕੇ ਇਹ ਸਤਿਸੰਗ 'ਚ ਨਹੀਂ ਆ ਸਕੇ। ਕਿਉਂਕਿ ਸਤਿਸੰਗ ਵਿਚ ਸਿਰਫ ਓਹੀ ਆਉਂਦੇ ਨੇ ਜਿਹਦੇ ਭਾਗ ਜਾਗ ਜਾਣ, ਦੂਜਾ ਨਹੀਂ ਆ ਸਕਦਾ।

*ਧਾਰਨਾ- ਮਾੜਿਆਂ ਭਾਗਾਂ ਵਾਲੇ,*
*ਦਿਤੀਆਂ ਬਾਂਗਾਂ ਤੋਂ*
*ਨਾ ਜਾਗਦੇ*

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ*
*ਸੇ ਕਿਤ ਫੇਰਹਿ ਚਿਤ॥ ਪੰਨਾ - 1378*

ਗੁਰੂ ਮਹਾਰਾਜ ਜੀ ਕਹਿਣ ਲੱਗੇ, "ਮਰਦਾਨਿਆਂ! ਸਤਿਸੰਗ ਬਿਨਾਂ ਭਾਗਾਂ ਤੋਂ ਪ੍ਰਾਪਤ ਨਹੀਂ ਹੁੰਦੀ, ਇਹ ਮੰਦਭਾਗੀ ਪੁਰਸ਼ ਹਨ। ਦਿਨੇ ਮੰਦ ਕਰਮ ਸੋਚਦੇ ਰਹਿੰਦੇ ਹਨ ਅਤੇ ਰਾਤ ਨੂੰ ਥੱਕ ਕੇ ਸੌਂ ਜਾਂਦੇ ਹਨ। ਪਰ ਦੇਖ, ਗੁਪਤ ਮੰਡਲ ਤੋਂ ਕਿੰਨੇ ਦੇਵਤੇ, ਕਿੰਨੀਆਂ ਰੂਹਾਂ, ਕੀਰਤਨ ਸੁਣ ਰਹੀਆਂ ਹਨ। ਪਸ਼ੂ ਪੰਛੀ ਵੀ ਕੀਰਤਨ ਸੁਣ ਰਹੇ ਹਨ।"

*ਹਰਿ ਕੀਰਤ ਸਾਧ ਸੰਗਤਿ ਹੈ ਸਿਰ*
*ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸ ਭਇਓ*
*ਪਰਾਪਤਿ ਜਿਸ ਪੁਰਬ ਲਿਖੇ ਕਾ ਲਹਨਾ॥*
*ਪੰਨਾ - 642*

ਜਿਹਦੇ ਮੱਥੇ ਵਿਚ ਧੁਰੋਂ ਲੇਖ ਲਿਖਿਆ ਹੋਵੇ ਓਹੀ ਸਤਿਸੰਗ 'ਚ ਪਹੁੰਚ ਸਕਦਾ ਹੈ। ਭਾਵੇਂ ਦਿਨ ਰਾਤ ਕੀਰਤਨ ਹੁੰਦੇ ਰਹਿਣ, ਕੋਲ ਬੈਠਾ ਵੀ ਰਹਿ ਜਾਂਦਾ ਹੈ। ਮਹਾਰਾਜ ਕਹਿੰਦੇ, "ਮਰਦਾਨਿਆਂ! ਇਹ ਬਹੁਤ ਮਾੜੇ ਪੁਰਸ਼ ਹਨ। ਕੋਈ ਨਾ, ਤੂੰ ਦੇਖ ਰੰਗ ਕਰਤਾਰ ਦੇ ਪਰ ਤੂੰ ਉਦਾਸ ਨਾ ਹੋ, ਖੋਲ੍ਹ ਦ੍ਰਿਸ਼ਟੀ ਦੇਖ ਕਿੰਨੇ ਦੇਵੀ ਦੇਵਤੇ, ਕਿੰਨੀਆਂ ਰੂਹਾਂ, ਕਿੰਨੀਆਂ ਮੁਕਤ ਆਤਮਾਵਾਂ, ਕਿੰਨੇ ਪੰਛੀ ਇਹ ਸਭ ਆਸਾ ਜੀ ਦੀ ਵਾਰ ਸੁਣ ਰਹੇ ਸੀ ਤੇ ਤੇਰੇ ਕੀਰਤਨ ਦੀ ਜਿਹੜੀ **vibration** ਸੀ, ਉਹ ਕ੍ਰੋੜਾਂ ਬ੍ਰਹਿਮੰਡਾਂ 'ਚ ਜਾ ਕੇ ਉਥੇ ਸੁਖ ਤੇ ਸ਼ਾਂਤੀ ਪੈਦਾ ਕਰ ਰਹੀ ਸੀ। ਕੀਰਤਨ ਕੀਤਾ ਕਦੇ ਵੀ ਬੇ-ਫਲ ਨਹੀਂ ਹੁੰਦਾ। ਇਸ ਵਾਤਾਵਰਣ ਵਿਚ ਬੇਅੰਤ ਗੁਪਤ ਆਤਮਾਵਾਂ ਹਨ। ਜਦੋਂ ਆਦਮੀ ਕੀਰਤਨ ਕਰਦਾ ਹੈ ਉਸ ਦੀਆਂ ਪ੍ਰੀਤ ਤਰਵਾਂ ਗੁਪਤ ਆਤਮਾਵਾਂ ਦੇ ਸਰੀਰ ਨੂੰ ਬਹੁਤ ਆਰਾਮ ਦਿੰਦੀਆਂ ਹਨ। ਇਹ ਮਾੜਿਆਂ ਕਰਮਾਂ ਵਾਲੇ ਸੀ; ਚਲੋ ਚੱਲੀਏ। ਸਮਾਨ ਚੁਕਿਆ, ਗੁਰੂ ਮਹਾਰਾਜ ਜੀ ਸਹਿਜੇ-ਸਹਿਜੇ ਇਕ ਪਾਸੇ ਨੂੰ ਚੱਲ ਪਏ। ਏਧਰ ਜਿਸ-ਜਿਸ ਨੂੰ ਜਾਗ ਆਉਂਦੀ ਹੈ ਉਹ ਸਿੱਧਾ ਉਸ ਘਰ ਵਲ ਦੌੜਿਆ ਜਾਂਦਾ ਹੈ ਅਤੇ ਜਾ ਕੇ ਇਕੋ ਗੱਲ ਪੁਛਦਾ ਹੈ ਕਿ ਕਿੰਨਾਂ ਮਾਲ ਉਨ੍ਹਾਂ ਕੋਲੋਂ ਨਿਕਲਿਆ। ਉਹ ਕਹਿੰਦੇ ਕਿ ਪਤਾ ਨਹੀਂ ਉਸ ਨੇ ਐਸੀ ਕਲਾਮ ਪੜ੍ਹੀ ਕਿ ਸਾਨੂੰ ਸਾਰਿਆਂ ਨੂੰ ਨੀਂਦ ਆ ਗਈ। ਆਪਸ ਵਿਚ ਤੂੰ-ਤੂੰ, ਮੈਂ-ਮੈਂ ਹੋ ਗਈ ਕਿ ਤੁਸੀਂ ਉਨ੍ਹਾਂ ਨੂੰ ਕਿਤੇ ਮਾਰ ਕੇ ਸੁੱਟ ਦਿਤਾ ਹੈ। ਉਸ ਵੇਲੇ ਉਨ੍ਹਾਂ ਨੇ ਠੱਗ ਪੀਰ ਦੀ ਸਹੁੰ ਖਾਧੀ। ਫੈਸਲਾ ਇਹ ਹੋਇਆ ਕਿ ਖੁਰਾ ਦੇਖਿਆ ਜਾਵੇ। 8-10 ਬੰਦੇ ਖੁਰੇ ਦੇਖਦੇ ਸ਼ਸ਼ਤਰ ਲੈ ਕੇ ਪਿਛੇ ਚਲੇ ਗਏ ਅਤੇ ਖੁਰਾ ਕੱਢ ਲਿਆ। ਜਵਾਨ ਲੜਕੇ ਉਧਰ ਨੂੰ ਦੌੜ ਲਏ। ਜਾਂਦਿਆਂ ਹੀ ਗੁਰੂ ਮਹਾਰਾਜ ਜੀ ਨੂੰ ਅਵਾਜ਼ ਦਿਤੀ ਕਿ ਠਹਿਰੋ। ਗੁਰੂ ਮਹਾਰਾਜ ਜੀ ਠਹਿਰ ਗਏ। ਮਰਦਾਨਾ ਕਹਿਣ ਲੱਗਿਆ, "ਮਹਾਰਾਜ! ਮੁਕਾਬਲਾ ਕਰੀਏ, ਸਾਡੇ ਪਾਸ ਵੀ ਤਾਂ ਸ਼ਸ਼ਤਰ ਹਨ ਅਤੇ ਅਸੀਂ ਤਕੜੇ ਵੀ ਹਾਂ ਇਹ ਤਾਂ ਮਾੜੇ-ਮਾੜੇ ਹਨ।" ਮਹਾਰਾਜ ਜੀ ਕਹਿਣ ਲੱਗੇ, "ਮਰਦਾਨਿਆਂ! ਕਰਤਾਰ ਤੇ ਭਰੋਸਾ ਰੱਖ, ਉਸ ਦੇ ਹੁਕਮ ਤੋਂ ਬਗੈਰ ਪੱਤਾ ਵੀ ਨਹੀਂ ਹਿਲਦਾ।"

ਐਨੇ ਨੂੰ ਇਹ ਨੇੜੇ ਆ ਗਏ। ਮਹਾਰਾਜ ਜੀ ਨੇ ਕਿਹਾ ਕਿ ਕੀ ਗੱਲ ਸਾਨੂੰ ਅਵਾਜ਼ ਦੇ ਕੇ ਤੁਸੀਂ ਰੋਕਿਆ ਹੈ। ਕਹਿਣ ਲੱਗੇ, "ਸਾਨੂੰ ਤੁਸੀਂ ਧੋਖਾ ਦਿਤਾ ਹੈ, ਤੁਸੀਂ ਕੋਈ ਐਸਾ ਕਲਾਮ ਪੜ੍ਹਿਆ ਹੈ ਜਿਸ ਨਾਲ ਸਾਨੂੰ ਨੀਂਦ ਆ ਗਈ ਤੇ ਤੁਸੀਂ ਨੱਠ ਰਹੇ ਹੋ। ਅਸੀਂ ਤਾਂ ਪਹਿਲਾਂ ਮਾਰਦੇ ਹਾਂ ਫੇਰ ਧਨ ਲੱਭਦੇ ਹਾਂ। ਜਿੰਨਾਂ ਧਨ ਤੁਹਾਡੇ ਕੋਲ ਹੈ, ਸਿੱਧੀ ਤਰ੍ਹਾਂ ਸਾਡੇ ਹਵਾਲੇ ਕਰ ਦਿਓ। ਤੁਸੀਂ ਪੱਟਾਂ ਵਿਚ ਲਾਲ ਸਿਲਾਏ ਹੋਏ ਹਨ। ਗੁਰੂ ਮਹਾਰਾਜ ਜੀ ਸ਼ਾਂਤ ਤੇ ਗੰਭੀਰ ਹੋ ਕੇ ਕਹਿਣ ਲੱਗੇ, "ਪ੍ਰੇਮੀਓ! ਤੁਸੀਂ ਸਾਨੂੰ ਮਾਰਨਾ ਹੈ ਤਾਂ ਬੜੀ ਖੁਸ਼ੀ ਨਾਲ ਮਾਰ ਲਓ। ਪਰ ਸਾਡੀ ਇਕ ਗੱਲ ਮੰਨ ਲਓ ਕਿ ਸਾਡੇ ਸਰੀਰ ਕਾਓਂ ਕੁੱਤੇ ਘੜੀਸੀ ਫਿਰਨਗੇ, ਤੁਸੀਂ ਸਾਨੂੰ ਮਾਰ ਕੇ ਆਹ ਲੱਕੜੀਆਂ ਦਾ ਢੇਰ ਪਿਆ ਹੈ, ਇਸ ਨਾਲ ਸਸਕਾਰ ਕਰ ਦੇਣਾ। ਇਸ ਨਾਲ ਇਕ ਤਾਂ ਸਾਡਾ ਸਬੂਤ ਖਤਮ ਹੋ ਜਾਵੇਗਾ, ਦੂਜਾ ਸਾਡਾ ਸਸਕਾਰ ਹੋ ਜਾਵੇਗਾ। ਉਹ ਕਹਿਣ ਲੱਗੇ ਕਿ ਬਹੁਤੀਆਂ ਗੱਲਾਂ ਨਾ ਕਰੋ, ਅਸੀਂ ਅੱਗ ਕਿਥੋਂ ਭਾਲਾਂਗੇ? ਇਕ ਕਹਿਣ ਲੱਗਿਆ ਕਿ ਇਨ੍ਹਾਂ ਦੀ ਗੱਲ ਤਾਂ ਸਿਆਣੀ ਹੈ, ਆਪਣਾ ਪਿੰਡ ਤਾਂ ਪਹਿਲਾਂ ਹੀ ਬਦਨਾਮ ਹੈ ਜੇ ਸਰਕਾਰ ਨੂੰ ਪਤਾ ਲੱਗ ਗਿਆ ਫੇਰ ਆਪਾਂ ਮਾਰੇ ਜਾਵਾਂਗੇ। ਕਹਿਣ ਲੱਗੇ, "ਅਸੀਂ ਅੱਗ ਕਿਥੋਂ ਲਿਆਈਏ?" ਉਥੇ ਨੇੜੇ ਹੀ ਸਿਵਾ ਜਲਦਾ ਸੀ, ਮਹਾਰਾਜ ਜੀ ਨੇ ਉਂਗਲੀ ਕਰ ਦਿਤੀ ਕਿ ਓਹ ਸਾਮ੍ਹਣੇ ਸਿਵਾ ਜਲਦਾ ਹੈ ਉਥੋਂ ਅੱਗ ਲੈ ਆਵੋ। ਪੰਜ ਚਾਰ ਜਣੇ ਓਥੇ ਠਹਿਰ ਜਾਂਦੇ ਹਨ, ਦੋ ਜਣੇ ਅੱਗ ਲੈਣ ਚਲੇ ਜਾਂਦੇ ਹਨ। ਕੀ ਦੇਖਦੇ ਹਨ ਕਿ ਸਿਵੇ ਕੋਲ ਕੁਝ ਅਜੀਬ ਕਿਸਮ ਦੇ ਬੰਦੇ ਖੜ੍ਹੇ ਹਨ, ਮਰਨ ਵਾਲੀ ਰੂਹ ਬਿਲਕਦੀ ਹੈ। ਉਹ ਉਸ ਨੂੰ ਬਹੁਤ ਬੁਰੀ ਤਰ੍ਹਾਂ ਮਾਰ ਰਹੇ ਹਨ ਤੇ ਕਹਿ ਰਹੇ ਹਨ ਕਿ ਸੰਸਾਰ ਵਿਚ ਮਾਨਸ ਜਨਮ ਤੈਨੂੰ ਭਜਨ ਕਰਨ ਲਈ ਮਿਲਿਆ ਸੀ ਪਰ ਤੂੰ ਤਾਂ ਲੁਟਾਂ ਮਾਰਾਂ ਕਰਦਾ ਰਿਹਾ। ਸਾਧਸੰਗਤ ਜੀ! ਐਸੀ ਹਾਲਤ

ਵਿਚ ਸਤਿਗੁਰੂ ਹੀ ਮਦਦ ਕਰਦਾ ਹੈ –

*ਓਥੈ ਹਥੁ ਨ ਅਪੜੈ*
*ਕੂਕ ਨ ਸੁਣੀਐ ਪੁਕਾਰ॥*
*ਓਥੈ ਸਤਿਗੁਰੁ ਬੇਲੀ ਹੋਵੈ*
*ਕਢਿ ਲਏ ਅੰਤੀ ਵਾਰ॥*

*ਪੰਨਾ – 1281*

ਉਹ ਕਹਿਣ ਲੱਗੇ ਕਿ ਭਾਈ! ਤੁਸੀਂ ਇਸ ਨੂੰ ਕਿਉਂ ਮਾਰਦੇ ਸੀ ਅਤੇ ਸਾਡੇ ਦੇਖਦੇ-ਦੇਖਦੇ ਹੀ ਕੁਝ ਹੋਰ ਆ ਗਏ। ਉਹ ਇਸ ਬਿਲਕਦੀ ਰੂਹ ਨੂੰ ਛੁਡਾ ਕੇ ਬਵਾਨ ਵਿਚ ਬਿਠਾ ਰਹੇ ਹਨ। ਇਹ ਕੀ ਗੱਲ ਹੈ? ਉਨ੍ਹਾਂ ਜਮਦੂਤਾਂ ਨੇ ਕਿਹਾ ਕਿ ਇਹ ਮਹਾਂਪਾਪੀ ਸੀ। ਇਸ ਨੇ ਨਰਕਾਂ ਵਿਚ ਜਾਣਾ ਸੀ ਪਰ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਦੀ ਦ੍ਰਿਸ਼ਟੀ ਇਸ ਉਪਰ ਪੈ ਗਈ ਅਤੇ ਇਸ ਦੇ ਸਾਰੇ ਪਾਪ ਕੱਟੇ ਗਏ ਤੇ ਹੁਣ ਇਹ ਬੈਕੁੰਠ ਧਾਮ ਨੂੰ ਜਾ ਰਿਹਾ ਹੈ। ਕਹਿਣ ਲੱਗੇ, "ਉਹ ਬੰਦਾ ਕੌਣ ਹੈ ਜਿਸ ਦੀ ਦ੍ਰਿਸ਼ਟੀ ਪੈਂਦਿਆਂ ਹੀ ਸਾਰੇ ਪਾਪ ਕੱਟੇ ਗਏ।" ਉਹ ਕਹਿਣ ਲੱਗੇ ਕਿ ਮੂਰਖੋ! ਜਿਨ੍ਹਾਂ ਨੂੰ ਮਾਰਨ ਵਾਸਤੇ ਤੁਸੀਂ ਬਰਛੇ, ਛਵੀਆਂ ਚੁਕੀਂ ਫਿਰਦੇ ਹੋਂ, ਜਿਨ੍ਹਾਂ ਦੇ ਸਸਕਾਰ ਲਈ ਤੁਸੀਂ ਅੱਗ ਲੈਣ ਆਏ ਹੋ। ਸਾਧਸੰਗਤ ਜੀ! ਦਰਗਾਹ ਵਿਚ ਸਭ ਦੇ ਲੇਖੇ ਪੱਤੇ ਹੋਣੇ ਹਨ, ਬਾਣੀ ਵਿਚ ਆਉਂਦਾ ਹੈ ਕਿ ਅੰਤ ਇਸ ਜੀਵ ਨੂੰ ਪਛਤਾਉਣਾ ਪੈਂਦਾ ਹੈ, ਉਥੇ ਧਰਮਰਾਜ ਨੂੰ ਇਨਸਾਫ ਕਰਨ ਲਈ ਬਿਠਾਇਆ ਹੋਇਆ ਹੈ –

*ਧਰਮਰਾਜ ਨੋ ਹੁਕਮਿ ਹੈ*
*ਬਹਿ ਸਚਾ ਧਰਮ ਬੀਚਾਰ॥*
*ਦੂਜੇ ਭਾਇ ਦੁਸਟ ਆਤਮਾ*
*ਇਹ ਤੇਰੀ ਸਰਕਾਰ॥* *ਪੰਨਾ – 38*

ਜਿਹੜੇ ਮਨਮੁੱਖ ਹੋ ਕੇ ਜੀਵਨ ਗੁਜ਼ਾਰਦੇ ਹਨ ਉਹ ਧਰਮਰਾਜ ਦੇ ਜਾਂਦੇ ਹਨ ਅਤੇ ਉਨ੍ਹਾਂ ਦੇ ਪਾਪਾਂ, ਪੁੰਨਾਂ ਦਾ ਫਲ ਧਰਮਰਾਜ ਭੁਗਤਾਉਂਦਾ ਹੈ। ਬਾਣੀ ਵਿਚ ਆਉਂਦਾ ਹੈ–

*ਬਾਰਿ ਵਿਡਾਨੜੈ ਹੁੰਮਸ ਧੁੰਮਸ*
*ਕੂਕਾ ਪਈਆ ਰਾਹੀ॥*
*ਤਉ ਸਹ ਸੇਤੀ ਲਗੜੀ*
*ਡੋਰੀ ਨਾਨਕ ਅਨਦ ਸੇਤੀ ਬਨੁ ਗਾਹੀ॥*

*ਪੰਨਾ – 520*

ਜਦੋਂ ਲੇਖਾ ਹੁੰਦਾ ਹੈ ਤਾਂ ਨਰਕਾਂ ਵਿਚ ਇਸ ਨੂੰ ਸੁੱਟ ਦਿੰਦੇ ਹਨ ਤਾਂ ਇਹ ਕੂਕਾਂ ਮਾਰਦਾ ਹੈ ਕਿ ਮੈਨੂੰ ਇਕ ਪੈਰ ਰੱਖਣ ਜੋਗਾ ਥਾਂ ਦੇ ਦਿਓ। ਮੈਂ ਭੁੱਲ ਗਿਆ ਸੀ, ਮੈਨੂੰ ਹੁਣ ਬਖ਼ਸ਼ ਦਿਓ –

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥*

*ਪੰਨਾ – 464*

ਪ੍ਰੇਮੀਓ! ਜੀਵ ਸੰਸਾਰ ਤੇ ਆਉਂਦਾ ਹੈ ਅਤੇ ਮਰਨਾ ਭੁੱਲ ਜਾਂਦਾ ਹੈ। ਬੇਇਮਾਨੀਆਂ ਕਰਦਾ ਹੈ, ਧੱਕੇ ਕਰਦਾ ਹੈ, ਜ਼ੋਰ ਕਰਦਾ ਹੈ, ਜਬਰ ਕਰਦਾ ਹੈ, ਗਲਤ ਕੰਮ ਕਰਦਾ ਹੈ, ਸਾਸ਼ਤਰ ਗੁਰੂ, ਪੀਰ, ਸੰਤਾਂ ਦੇ ਉਪਦੇਸ਼ ਨੂੰ ਨਹੀਂ ਮੰਨਦਾ। ਉਹ ਜੀਵ ਜਦੋਂ ਸੰਸਾਰ ਤੋਂ ਜਾਂਦਾ ਹੈ ਤਾਂ ਉਹਦੇ ਜੀਵਨ ਦੇ ਅੰਦਰ ਪਾਪ ਹੀ ਪਾਪ ਹੋਇਆ ਕਰਦੇ ਹਨ, ਉਹਨੂੰ ਫੇਰ ਜਮਦੂਤ ਲੈਣ ਆਉਂਦੇ ਹਨ ਤੇ ਇਥੋਂ ਹੀ ਮਾਰਦੇ ਕੁਟਦੇ ਲੈ ਕੇ ਜਾਂਦੇ ਹਨ।

ਸੋ ਜਮਦੂਤ ਕਹਿਣ ਲੱਗੇ ਉਨ੍ਹਾਂ ਠੱਗਾਂ ਨੂੰ ਕਿ ਇਸ ਜੀਵ ਨੇ ਜ਼ਿੰਦਗੀ ਵਿਚ ਇਕ ਵੀ ਨੇਕ ਕੰਮ ਨਹੀਂ ਕੀਤਾ, ਨਾ ਕਿਸੇ ਸਤਿਪੁਰਸ਼ ਨੂੰ ਇਸ ਨੇ ਕਦੇ ਮਸਤਕ ਨਿਵਾਇਆ ਹੈ, ਨਾ ਹੱਥਾਂ ਨਾਲ ਦਾਨ ਕੀਤਾ ਹੈ, ਨਾ ਅੱਖਾਂ ਨਾਲ ਕਦੇ ਕਿਸੇ ਬੰਦਗੀ ਵਾਲੀ ਰੂਹ ਦੇ ਦਰਸ਼ਨ ਕੀਤੇ ਹਨ, ਨਾ ਇਸ ਨੇ ਕੰਨਾਂ ਨਾਲ ਕਦੇ ਹਰੀ ਦਾ ਜਸ ਸੁਣਿਆ ਹੈ, ਨਾ ਕਦੇ ਸਤਿਸੰਗ 'ਚ ਚੱਲ ਕੇ ਗਿਆ ਹੈ। ਸੋ ਇਹਦਾ ਸਰੀਰ ਤਾਂ ਭ੍ਰਿਸ਼ਟ ਹੋਇਆ ਹੋਇਆ ਹੀ ਸੀ ਪਰ ਇਹਦੇ ਕਰਮ ਵੀ ਭ੍ਰਿਸ਼ਟ ਹੋਣ ਕਰਕੇ ਅਸੀਂ ਇਸ ਨੂੰ ਮਾਰਦੇ ਸੀ। ਓ ਪ੍ਰੇਮੀਓ! ਤੁਹਾਨੂੰ ਪਤਾ ਨਹੀਂ ਤੁਹਾਨੂੰ ਮਸਾਂ ਮਾਨਸ ਦੇਹੀ ਮਿਲੀ ਹੈ, ਮਹਾਤਮਾ ਤੁਹਾਨੂੰ ਅਵਾਜ਼ਾਂ ਮਾਰ-ਮਾਰ ਕੇ ਬਾਰ ਬਾਰ ਦਸਦੇ ਹਨ।

*ਧਾਰਨਾ– ਵਾਰ-ਵਾਰ ਨਾ ਮਿਲਣੀ*
*ਮਾਨਸ ਦੇਹੀ,*

ਬਾਰ-ਬਾਰ ਮਹਾਂਪੁਰਸ਼ ਸਮਝਾਉਂਦੇ ਹਨ ਕਿ ਪ੍ਰੇਮੀਆਂ! ਬੜੀ ਮੁਸ਼ਕਲ ਦੇ ਨਾਲ ਤੇਰੇ ਹੱਥ ਆਈ ਹੈ – ਇਹ ਮਾਨਸ ਦੇਹ। ਅੱਜਕਲ੍ਹ ਦੀ ਮੈਡੀਕਲ ਸਾਇੰਸ ਦਸਦੀ ਹੈ ਕਿ ਕਿਸ ਤਰ੍ਹਾਂ ਇਸ ਦਾ ਮਾਤਾ ਦੇ ਗਰਭ ਵਿਚ ਪੁੱਠੇ ਲਟਕਦੇ ਦਾ ਸਰੀਰ ਬਣਦਾ ਹੈ। ਇਸ ਦੇ ਸਰੀਰ ਵਿਚ ਦੋ ਖਰਬ ਸੈਲ ਹੁੰਦੇ ਹਨ, ਆਦਮੀ ਦੇ **semen** ਵਿਚ ਲੱਖਾਂ ਦੀ ਤਦਾਦ ਵਿਚ ਕੀਟਾਣੂ ਹੁੰਦੇ ਹਨ ਪਰ ਕਿਸੇ ਵਿਰਲੇ ਨੂੰ ਹੀ ਮਾਤਾ ਦੇ ਪੇਟ ਵਿਚ ਪ੍ਰਵੇਸ਼ ਮਿਲਦਾ ਹੈ। ਸੋ ਇਹ ਮਾਨਸ ਦੇਹ ਭਾਗਾਂ ਨਾਲ ਹੀ ਮਿਲਦੀ ਹੈ।

*ਧਾਰਨਾ – ਜਿਹੜੀ ਦੇਹੀ ਨੂੰ ਲੋਚਦੇ*
*ਦੇਵਤੇ, ਜਿਹੜੀ ਦੇਹੀ ਨੂੰ।*

*ਗੁਰ ਸੇਵਾ ਤੇ ਭਗਤਿ ਕਮਾਈ।।*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ॥*
*ਮਾਨਸ ਜਨਮ ਕਾ ਏਹੀ ਲਾਹੁ॥*

*ਪੰਨਾ – 1159*

ਸੋ ਕਹਿਣ ਲੱਗੇ ਕਿ ਪਿਆਰਿਓ! ਇਹ ਪਾਪੀ ਸੀ ਇਸ ਕਰਕੇ ਅਸੀਂ ਇਸ ਨੂੰ ਮਾਰਦੇ ਸੀ। ਠੱਗ ਕਹਿਣ ਲੱਗੇ ਕਿ ਹੁਣ ਕੀ ਹੋਇਆ? ਉਹ ਕਹਿਣ ਲੱਗੇ, "ਹੋਣਾ ਕੀ ਸੀ? ਇਸ ਦੇ ਕ੍ਰੋੜਾਂ ਪਾਪਾਂ ਦਾ ਨਾਸ਼ ਹੋ ਗਿਆ, ਇਹਦੇ ਉਤੇ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਪੈ ਗਈ।"

ਕਹਿਣ ਲੱਗੇ, "ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਦਾ ਕੀ ਫਲ ਹੁੰਦਾ ਹੈ?"

ਉਹ ਕਹਿਣ ਲੱਗੇ, "ਕ੍ਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਇਸ ਦੇ ਹੁਣ ਸਾਰੇ ਪਾਪ ਖਤਮ ਹੋ ਗਏ, ਇਸ ਕਰਕੇ ਇਸ ਨੇ ਹੁਣ ਦੇਵ ਲੋਕ ਨੂੰ ਜਾਣਾ ਹੈ।"

ਕਹਿਣ ਲੱਗੇ, "ਕਿਥੇ ਹੈ ਉਹ ਐਸਾ ਬੰਦਾ ਜਿਸ ਦੀ ਇਕੋ ਦ੍ਰਿਸ਼ਟੀ ਨਾਲ ਸਾਰੇ ਪਾਪ ਖਤਮ ਹੋ ਗਏ?" ਉਹ ਕਹਿਣ ਲੱਗੇ, "ਤੁਹਾਨੂੰ ਦਸਿਆ ਤਾਂ ਹੈ ਕਿ ਜਿਹਨੂੰ ਮਾਰਨ ਵਾਸਤੇ ਤੁਸੀਂ ਅੱਗ ਲੈਣ ਆਏ ਹੋ, ਉਹ ਆਪ ਪ੍ਰਮੇਸ਼ਰ ਹੈ। ਜਾਓ ਉਹਦੇ ਚਰਨ ਫੜ ਲਓ, ਉਹ ਦਿਆਲੂ ਹਨ, ਉਹ ਸੰਸਾਰ ਦਾ ਉਧਾਰ ਕਰਨ ਵਾਸਤੇ ਆਏ ਹੋਏ ਹਨ।"

ਉਸ ਵੇਲੇ ਉਹ ਦੋਨੋਂ ਦੂਰੋਂ ਹੀ ਅਵਾਜ਼ਾਂ ਦਿੰਦੇ ਜਾਂਦੇ ਹਨ ਕਿ ਦੇਖਿਓ ਕੋਈ ਗਲਤ ਕੰਮ ਨਾ ਕਰ ਬੈਠਣਾ। ਜਾਂਦੇ ਹੀ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਤੇ ਢਹਿ ਪਏ। ਕਹਿਣ ਲੱਗੇ, "ਸੱਚੇ ਪਾਤਸ਼ਾਹ! ਸਾਨੂੰ ਬਖਸ਼ ਦਿਓ।" ਜਿਹੜੇ ਉਥੇ ਖੜ੍ਹੇ ਸੀ, ਸੋਢਿਆਂ ਤੇ ਬਰਛੇ, ਛਵੀਆਂ ਰੱਖੀ ਖੜ੍ਹੇ ਸੀ ਉਹ ਕਹਿਣ ਲੱਗੇ ਕਿ ਤੁਹਾਨੂੰ ਕੀ ਹੋ ਗਿਆ? ਉਨ੍ਹਾਂ ਨੇ ਕਿਹਾ ਕਿ ਸੁਣੋ, ਅਸੀਂ ਸਾਰੀਆਂ ਗੱਲਾਂ ਸੁਣ ਕੇ ਆਏ ਹਾਂ, ਤਾਂ ਹੀ ਤਾਂ ਸਾਨੂੰ ਐਨਾ ਚਿਰ ਲੱਗ ਗਿਆ। ਉਨ੍ਹਾਂ ਨੇ ਸੰਖੇਪ ਵਿਚ ਸਾਰੀਆਂ ਗੱਲਾਂ ਦਸ ਕੇ ਕਿਹਾ ਕਿ ਫੜ ਲਓ ਚਰਨ। ਉਨ੍ਹਾਂ ਨੇ ਵੀ ਚਰਨ ਫੜ ਲਏ। ਸਾਰੇ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗੇ, "ਤੁਸੀਂ ਸਾਡੇ ਪਿੰਡ ਚੱਲੋ, ਅਸੀਂ ਜਿੱਡੇ ਵੱਡੇ ਪਾਪੀ ਹਾਂ ਓਡੇ ਵੱਡੇ ਸਾਨੂੰ ਬਖਸ਼ਣ ਵਾਲੇ ਤੁਸੀਂ ਆ ਗਏ।" ਗੁਰੂ ਮਹਾਰਾਜ ਜੀ ਵਾਪਸ ਚਲੇ ਜਾਂਦੇ ਹਨ। ਪਿੰਡ ਜਾ ਕੇ ਉਨ੍ਹਾਂ ਨੇ ਸਾਰੀ ਗੱਲਬਾਤ ਦੱਸੀ। ਕਹਿਣ ਲੱਗੇ, "ਪਿਆਰਿਓ! ਇਹ ਤਾਂ ਰੱਬ ਹੀ ਆਪਣੇ ਪਿੰਡ ਵਿਚ ਆ ਗਿਆ, ਮੰਗੋ ਇਨ੍ਹਾਂ ਤੋਂ ਮਾਫੀਆਂ, ਚਰਨਾਂ ਤੇ ਢਹਿ ਜਾਓ, ਸਾਡੇ ਵਰਗੇ ਸਾਰੇ ਪਾਪੀ ਬਖਸ਼ੇ ਜਾਣਗੇ।

*ਜਿਨ ਕਉ ਨਦਰਿ ਕਰਮੁ ਤਿਨ ਕਾਰ॥*
*ਨਾਨਕ ਨਦਰੀ ਨਦਰਿ ਨਿਹਾਲ॥*
*ਪੰਨਾ - 8*

ਇਹ ਨਦਰ ਜਿਸ ਉਤੇ ਹੋ ਜਾਵੇ ਉਹ ਫੇਰ ਚਾਰ ਗੱਲਾਂ ਕਰਿਆ ਕਰਦਾ ਹੈ। ਪਹਿਲਾਂ ਤਾਂ ਸਤਿਸੰਗ 'ਚ ਜਾਂਦਾ ਹੈ। ਉਥੇ ਜਾ ਕੇ ਬਾਣੀ ਸੁਣ ਕੇ ਉਸ ਨੂੰ ਬੈਰਾਗ ਪੈਦਾ ਹੁੰਦਾ ਹੈ। ਉਸ ਪਿਛੋਂ ਦੁਨੀਆਂ ਨੂੰ ਦੇਖਦਾ ਹੈ ਕਿ ਹਰ ਰੋਜ਼ ਹੀ ਸੰਸਾਰ ਛੱਡ ਛੱਡ ਕੇ ਜਾ ਰਹੇ ਹਨ, ਇਕ ਦਿਨ ਮੈਨੂੰ ਵੀ ਜਾਣਾ ਪਵੇਗਾ।

ਜਦੋਂ ਬੈਰਾਗ ਬਿਰਤੀ ਜਾਗ ਪੈਂਦੀ ਹੈ ਫਿਰ ਉਸ ਦੇ ਮਨ ਵਿਚ ਖਿਆਲ ਆਉਂਦਾ ਹੈ ਕਿ ਮੈਂ ਵੀ ਸੰਸਾਰ ਵਿਚੋਂ ਚਲੇ ਜਾਣਾ ਹੈ, ਕਿਸੇ ਸਮੇਂ ਮੈਂ ਬੱਚਾ ਸੀ, ਮੇਰੇ ਬਚਪਨ ਨੂੰ ਜਵਾਨੀ ਨੇ ਖਾ ਲਿਆ, ਹੁਣ ਜਵਾਨੀ ਪਿਛੋਂ ਮੈਨੂੰ ਬੁਢਾਪਾ ਜ਼ਰੂਰ ਆਉਣਾ ਹੈ, ਉਸ ਤੋਂ ਬਾਦ ਸੰਸਾਰ ਛੱਡ ਕੇ ਜਾਣਾ ਹੀ ਹੈ। ਸਤਿਸੰਗ ਵਿਚੋਂ ਉਸ ਨੂੰ ਪਤਾ ਲਗਦਾ ਹੈ ਕਿ ਇਸ ਜੀਵ ਨੂੰ ਆਪਣੇ ਕੀਤੇ ਕਰਮਾਂ ਦਾ ਚੰਗਾ ਅਤੇ ਮੰਦਾ ਫਲ ਭੋਗਣਾ ਪੈਂਦਾ ਹੈ। ਇਹ ਵੀ ਹੁੰਦਾ ਹੈ ਕਿ ਉਸ ਨੂੰ ਆਪਣੇ ਬੁਰੇ ਕਰਮਾਂ ਦੇ ਅਧੀਨ ਨਖਿੱਧ ਜੂਨੀਆਂ ਦੇ ਵਿਚ ਵੀ ਘੁੰਮਣਾ ਪੈਂਦਾ ਹੈ। ਕਈ ਪ੍ਰੇਮੀ ਸਤਿ ਦੇ ਉਪਦੇਸ਼ ਉਪਰ ਨਿਸ਼ਚਾ ਨਹੀਂ ਲਿਆਉਂਦੇ, ਉਨ੍ਹਾਂ ਦੇ ਅੰਦਰ ਮਾਇਆ ਨੇ ਐਨਾ ਹਨ੍ਹੇਰਾ ਪਾਇਆ ਹੁੰਦਾ ਹੈ ਕਿ ਕਦੇ ਵੀ ਇਸ ਗੱਲ ਦੀ ਸੂਝ ਨਹੀਂ ਪੈਂਦੀ ਕਿ ਮੈਂ ਵੀ ਸੰਸਾਰ ਤੋਂ ਚਲੇ ਜਾਣਾ ਹੈ, ਇਹ ਵੀ ਨਹੀਂ ਸੋਚਦੇ ਕਿ ਸੰਸਾਰ ਤੋਂ ਜਾਣ ਪਿਛੋਂ ਮੇਰਾ ਕੀ ਹਾਲ ਹੋਵੇਗਾ, ਉਹ ਪਾਮਰ ਅਤੇ ਵਿਸ਼ਈ ਮਨੁੱਖਾਂ ਦੀ ਸ਼੍ਰੇਣੀ ਵਿਚ ਹੋਣ ਕਰਕੇ ਇਸ ਸੂਝ ਤੋਂ ਅਣਜਾਣ ਹੀ ਰਹਿੰਦੇ ਹਨ ਅਤੇ ਅੰਧੇ ਹੁੰਦੇ ਹਨ। ਉਨ੍ਹਾਂ ਦਾ ਨਿਸ਼ਚਾ ਇਹ ਹੁੰਦਾ ਹੈ ਕਿ **'Eat drink and be merry'** ਖਾਓ ਪੀਓ ਤੇ ਐਸ਼ ਕਰੋ **'Beg borrow or steal'** ਮੰਗੋ, ਉਧਾਰ ਲਓ, ਚੋਰੀ ਕਰੋ, ਕੋਈ ਪਾਪ ਨਹੀਂ ਹੈ ਅਤੇ ਨਾ ਹੀ ਇਸ ਜਨਮ ਪਿਛੋਂ ਮੁੜ ਸੰਸਾਰ ਵਿਚ ਆਉਣਾ ਹੈ। ਇਹ ਅੰਧਕਾਰਮਈ ਵਿਸ਼ਵਾਸ਼ ਹੈ ਜੋ ਸਤਿ ਤੇ ਪੂਰੀ ਤਰ੍ਹਾਂ ਅਧਾਰਿਤ ਨਹੀਂ ਹੈ। ਅਜਿਹੇ ਲੋਕ ਕਹਿੰਦੇ ਹਨ ਕਿ 'ਇਹ ਜਗ ਮਿੱਠਾ ਅਗਲਾ ਕਿਨ ਡਿੱਠਾ'। ਕਿਹਾ ਜਾਂਦਾ ਹੈ ਕਿ ਕਬੂਤਰ ਨੂੰ ਜਦੋਂ ਆਪਣੇ ਵਲ ਆਉਂਦੀ ਬਿੱਲੀ ਨਜ਼ਰ ਆਉਂਦੀ ਹੈ ਤਾਂ ਉਹ ਉਡਦਾ ਨਹੀਂ, ਉਸੇ ਥਾਂ ਤੇ ਅੱਖਾਂ ਮੀਚ ਕੇ ਅਨੁਭਵ ਕਰਦਾ ਹੈ ਕਿ ਮੈਨੂੰ ਬਿੱਲੀ ਦਿਸਦੀ ਨਹੀਂ ਤੇ ਹੁਣ ਉਹ ਹੈ ਹੀ ਨਹੀਂ। ਇਸੇ ਤਰ੍ਹਾਂ ਦੀ ਇਹ ਬਿਰਤੀ ਅੰਧਵਿਸ਼ਵਾਸ਼ੀ ਦੀ ਹੁੰਦੀ ਹੈ ਇਨ੍ਹਾਂ ਦਾ ਵਿਸ਼ਵਾਸ਼ ਨਾ ਰਿਸ਼ੀਆਂ-ਮੁਨੀਆਂ, ਸਤਿਪੁਰਸ਼ਾਂ, ਗੁਰੂਆਂ, ਪੀਰਾਂ ਤੇ ਹੁੰਦਾ ਹੈ, ਨਾ ਹੀ ਇਹ ਵੇਦ ਸਾਸ਼ਤਰ, ਉਪਨਿਸ਼ਦ, ਗੀਤਾ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਤਾਂ ਉਪਰ ਯਕੀਨ ਕਰਦੇ ਹਨ ਇਨ੍ਹਾਂ ਦੀ ਆਪਣੀ ਹੀ ਸੋਚ ਹੁੰਦੀ ਹੈ ਜੋ ਸਤਿ ਤੇ ਅਧਾਰਿਤ ਨਹੀਂ ਹੁੰਦੀ। ਗੁਰੂ ਮਹਾਰਾਜ ਜੀ ਨੇ ਪ੍ਰਲੋਕ ਸਬੰਧੀ ਭੇਤ ਖੋਲ੍ਹੇ ਹਨ ਜਿਵੇਂ ਕਿ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*

*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ*
*ਤੁਮ ਊਪਰਿ ਛਾਮ।।*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ।।*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥*
*ਪੰਨਾ - 264*

*ਧਰਮਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ*
*ਓਹੁ ਤੇਰੀ ਸਰਕਾਰ॥*
*ਅਧਿਆਤਮੀ ਹਰਿ ਗੁਣ ਤਾਸੁ*
*ਮਨਿ ਜਪਹਿ ਏਕੁ ਮੁਰਾਰਿ॥*
*ਤਿਨ ਕੀ ਸੇਵਾ ਧਰਮਰਾਇ ਕਰੈ*
*ਧੰਨੁ ਸਵਾਰਣਹਾਰੁ॥ ਪੰਨਾ - 38*

ਇਹ ਇਨ੍ਹਾਂ ਗੱਲਾਂ ਉਪਰ ਮਾਇਆ ਅਤੇ ਵਿਸ਼ੇ ਵਿਕਾਰਾਂ ਦੇ ਮੋਹੇ ਹੋਏ ਕੋਈ ਵਿਸ਼ਵਾਸ਼ ਨਹੀਂ ਕਰਦੇ ਅਤੇ ਅੰਤ ਸਰੀਰ ਤਾਂ ਛੁਟ ਹੀ ਜਾਣਾ ਹੈ ਜੀਵ ਆਤਮਾ ਨੇ ਮਰਨਾ ਨਹੀਂ। ਉਸ ਨੇ ਸੂਖਸ਼ਮ ਸਰੀਰ, ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ, ਮਨ, ਚਿਤ, ਬੁਧ, ਪੰਜ ਪ੍ਰਾਣ, 19 ਚੀਜ਼ਾਂ ਲੈ ਕੇ ਪ੍ਰਲੋਕ ਵਿਚ ਕੀਤੇ ਕਰਮਾਂ ਦਾ ਦੁਖ ਸੁਖ ਭੋਗਣ ਚਲੇ ਜਾਣਾ ਹੈ। ਉਸ ਵੇਲੇ ਅਜਿਹੇ ਪੁਰਸ਼ਾਂ ਦਾ ਕੀ ਹਾਲ ਹੁੰਦਾ ਹੈ, ਇਹ ਤਾਂ ਓਹੀ ਜਾਣ ਸਕਣਗੇ। ਗੁਰੂ ਮਹਾਰਾਜ ਜੀ ਨੇ ਤਾਂ ਇਸ ਸਿਧਾਂਤ ਨੂੰ ਪ੍ਰਗਟ ਕਰਕੇ ਦਸ ਹੀ ਦਿਤਾ ਹੈ ਕਿ -

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥*
*ਪੰਨਾ - 464*

ਜੋ ਦੁਨੀਆਂ ਵਿਚ ਮਕਾਨ ਬਣਾਏ, ਬੇਈਮਾਨੀਆਂ ਕਰ ਕਰਕੇ ਧਨ ਜੋੜਿਆ, ਲੋਕਾਂ ਨੂੰ ਨਕਲੀ ਦਵਾਈਆਂ ਦਿਤੀਆਂ, ਧੋਖੇ ਦਿਤੇ, ਪੈਸਾ ਲੈ ਕੇ ਮੁਕਰੇ, ਕਿਸੇ ਦੇ ਕੀਤੇ ਹੋਏ ਉਪਕਾਰ ਨੂੰ ਨਹੀਂ ਗਿਣਿਆ, ਆਪਣੀ ਲੜਕੀ ਨੂੰ ਮਾਰ ਦਿਤਾ; ਗਊ, ਗਰੀਬ ਨੂੰ ਮਾਰ ਦਿਤਾ, ਵਿਸ਼ਵਾਸ਼ ਦੇ ਕੇ ਘਾਤ ਕਰ ਲਿਆ ਉਨ੍ਹਾਂ ਦਾ ਫਲ ਉਨ੍ਹਾਂ ਨੂੰ ਬਹੁਤ ਹੀ ਭਿਅੰਕਰ ਮਿਲਦਾ ਹੈ ਅਤੇ ਉਨ੍ਹਾਂ ਦਾ ਸੂਖਸ਼ਮ ਸਰੀਰ ਜਿਸ ਵਿਚ ਦੁਖ ਸੁਖ ਮੰਨਣ ਦਾ ਅਹਿਸਾਸ (ਸੋਝੀ) ਕਾਇਮ ਰਹਿੰਦਾ ਹੈ, ਉਹ ਦੁਖੀ ਹੋ-ਹੋ ਕੇ ਪੁਕਾਰਾਂ ਕਰਦਾ ਹੈ ਜਿਵੇਂ ਕਿ -

*ਲੈ ਫਾਹੇ ਰਾਤੀ ਤੁਰਹਿ*
*ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ*
*ਲੁਕਿ ਅੰਦਰਿ ਠਾਣੀ॥*
*ਸੰਨੀ ਦੇਨਿ ਵਿਖੰਮ ਥਾਇ*
*ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ।।*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥*
*ਪੰਨਾ - 315*

ਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ ਐਸੇ ਲੋਕ ਜਿਨ੍ਹਾਂ ਨੂੰ ਭਗਤੀ ਤੋਂ ਵਾਂਝਾ ਕਰ ਦਿਤਾ ਗਿਆ ਹੈ ਉਨ੍ਹਾਂ ਤੋਂ ਸਦਾ ਹੀ ਆਪਣਾ ਬਚਾਓ ਕਰਨ ਲਈ ਦੂਰ ਹੀ ਰਹਿਣਾ ਚਾਹੀਦਾ ਹੈ -

*ਐਸੇ ਲੋਗਨ ਸਿਉ ਕਿਆ ਕਹੀਐ॥*
*ਜੋ ਪ੍ਰਭ ਕੀਏ ਭਗਤਿ ਤੇ*
*ਬਾਹਜ ਤਿਨ ਤੇ ਸਦਾ ਡਰਾਨੇ ਰਹੀਐ॥*
*ਪੰਨਾ - 332*

ਥੋੜ੍ਹਾ ਜਿਹਾ ਗਲਤ ਚਲਣ ਨਾਲ ਹੀ ਕਿੰਨੀ ਭਿਆਨਕ ਸਜ਼ਾ ਮਿਲਦੀ ਹੈ ਉਸ ਦੇ ਬਾਰੇ ਬਹੁਤ ਸਾਰੀਆਂ ਕਥਾਵਾਂ ਹਨ।

ਇਕ ਵਾਰੀ ਗੁਰੂ ਨਾਨਕ ਅੰਸ ਵੰਸ ਬ੍ਰਹਮਗਿਆਨੀ ਮਹਾਂਪੁਰਸ਼ ਬਾਬਾ ਸਾਹਿਬ ਸਿੰਘ ਜੀ ਊਨਾ ਸਾਹਿਬ ਵਾਲੇ ਆਪਣੇ ਜਥੇ ਸਮੇਤ ਬੇਅੰਤ ਜੀਵਾਂ ਦਾ ਉਧਾਰ ਕਰਦੇ-ਕਰਦੇ ਸਾਹਨੇਵਾਲ ਪਹੁੰਚਦੇ ਹਨ। ਉਥੇ ਬੇਅੰਤ ਸੰਗਤਾਂ ਇਕੱਠੀਆਂ ਹੋ ਗਈਆਂ, ਬਾਬਾ ਜੀ ਦੇ ਦਰਸ਼ਨ ਕਰਕੇ ਤਨ ਮਨ ਨੂੰ ਸ਼ਾਂਤ ਕਰ ਰਹੀਆਂ ਸਨ ਅਤੇ ਉਨ੍ਹਾਂ ਦੇ ਪ੍ਰਵਚਨ ਸੁਣ ਰਹੀਆਂ ਸਨ। ਉਸ ਸਮੇਂ ਉਸ ਇਲਾਕੇ ਦੇ ਰਾਜਾ ਸੁਧ ਸਿੰਘ ਹਾਥੀ ਤੇ ਬੈਠ ਕੇ ਮਹਾਂਪੁਰਸ਼ਾਂ ਦੇ ਦਰਸ਼ਨ ਨੂੰ ਆ ਗਏ। ਮਹਾਂਪੁਰਸ਼ਾਂ ਨੇ ਦੇਖਿਆ ਕਿ ਇਥੇ ਦਾ ਸਰਦਾਰ ਹਾਥੀ ਤੋਂ ਉਤਰ ਰਿਹਾ ਹੈ, ਆਪ ਤ੍ਰਿਕਾਲਦਰਸ਼ੀ ਸਨ, ਭੂਤ ਭਵਿਖਤ, ਵਰਤਮਾਨ ਆਪ ਦੇ ਅੱਗੇ ਕੋਈ ਦੀਵਾਰ ਨਹੀਂ ਸੀ ਖੜ੍ਹੀ ਕਰ ਸਕਦਾ। ਆਪ ਜੀ ਨੇ ਸਾਰਾ ਭਵਿੱਖ ਵਾਚ ਲਿਆ। ਜਦੋਂ ਸਰਦਾਰ ਸੁਧ ਸਿੰਘ ਜੀ ਜੋ ਇਸ ਇਲਾਕੇ ਦੇ ਮਾਲਕ ਸਨ, ਨੇ ਆ ਕੇ ਨਮਸਕਾਰ ਕੀਤੀ, ਬਾਬਾ ਜੀ ਨੇ ਉਸ ਤੋਂ ਸੁਖ ਸਾਂਦ ਪੁਛੀ। ਉਸ ਨੇ ਬੜੀ ਨਿਮਰਤਾ ਦੇ ਨਾਲ ਸ਼ਰਧਾ ਭਾਵਨਾ ਰਖਦਿਆਂ ਯਥਾ ਯੋਗ ਉਤਰ ਦਿਤੇ। ਬਾਬਾ ਜੀ ਕਹਿਣ ਲੱਗੇ, "ਸੁਧ ਸਿੰਘ! ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ ਹੈ ਕਿ ਜਦੋਂ ਕੋਈ ਜੀਵ ਮਹਾਂਪੁਰਸ਼ਾਂ ਦੇ ਦਰਸ਼ਨ ਸ਼ਰਧਾ ਭਾਵਨਾ ਨਾਲ ਕਰਦਾ ਹੈ ਤਾਂ ਉਸ ਦੇ ਵਿਘਨ ਦੂਰ ਹੋਣੇ ਸ਼ੁਰੂ ਹੋ ਜਾਂਦੇ ਹਨ। ਜੇ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਹੋ ਜਾਵੇ ਤਾਂ ਉਸੇ ਸਮੇਂ ਭਜਨ ਬੰਦਗੀ ਵਿਚ ਲਗ ਜਾਇਆ ਕਰਦਾ ਹੈ ਜਿਵੇਂ ਕਿ ਫੁਰਮਾਨ ਹੈ -

*ਸਾਧ ਕੈ ਸੰਗਿ ਨਹੀ ਕਛੁ ਘਾਲ॥*
*ਦਰਸਨੁ ਭੇਟਤ ਹੋਤ ਨਿਹਾਲ॥*

*ਪੰਨਾ - 272*

ਇਸ ਦਾ ਫਲ ਤਾਂ ਪ੍ਰਾਪਤ ਹੋਇਆ ਕਰਦਾ ਹੈ ਜੇ ਮਹਾਂਪੁਰਸ਼ਾਂ ਦੇ ਬਚਨ ਸੁਣ ਕੇ, ਉਨ੍ਹਾਂ ਦੀ ਆਗਿਆ ਨੂੰ ਸਤਿ-ਸਤਿ ਕਰਕੇ ਮੰਨਦਾ ਹੈ। ਉਨ੍ਹਾਂ ਦੇ ਬਚਨਾਂ ਵਿਚੋਂ ਜੋ ਜੀਵ ਦੇ ਉਧਾਰ ਲਈ ਹੁਕਮ ਹੋਇਆ ਕਰਦੇ ਹਨ, ਉਸ ਉਪਰ ਪਹਿਰਾ ਦੇਵੇ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥*
*ਗਾਵਿਆ ਸੁਣਿਆ ਤਿਨ ਕਾ*
*ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ॥ ਪੰਨਾ - 669*

"ਅਸੀਂ ਤੈਨੂੰ ਇਕ ਭੇਤ ਦੀ ਗੱਲ ਦਸਦੇ ਹਾਂ ਕਿਉਂਕਿ ਤੂੰ ਸਤਿਸੰਗ ਵਿਚ ਆਇਆ ਹੈਂ, ਤੇਰਾ ਭਲਾ ਕਰਨਾ ਅਸਾਡਾ ਫਰਜ਼ ਬਣਦਾ ਹੈ, ਤੂੰ ਇਸ ਹਾਥੀ ਉਪਰ ਨਾ ਚੜ੍ਹਿਆ ਕਰ, ਇਹ ਤੇਰੇ ਪਿਛਲੇ ਜਨਮ ਦਾ ਵੈਰੀ ਹੈ, ਤੇਰੇ ਤੋਂ ਬਦਲਾ ਲੈਣ ਦਾ ਸਦਾ ਹੀ ਮੌਕਾ ਭਾਲਦਾ ਹੈ। ਇਹ ਨਾ ਸਮਝੀਂ ਕਿ ਹਾਥੀ ਨੂੰ ਪਤਾ ਹੈ ਕਿ ਮੈਂ ਇਸ ਤੋਂ ਬਦਲਾ ਲੈਣਾ ਹੈ ਪਰ ਤੇਰਾ ਕੀਤਾ ਹੋਇਆ ਕਰਮ ਇਸ ਦੇ ਅੰਦਰ ਬੁਰੀ ਪ੍ਰੇਰਨਾ ਦੇ ਰਿਹਾ ਹੈ।" ਉਸ ਵੇਲੇ ਸਰਦਾਰ ਸੁਧ ਸਿੰਘ ਨੇ ਬੇਨਤੀ ਕੀਤੀ ਕਿ ਮਹਾਂਪੁਰਸ਼ੋ! ਇਹ ਹਾਥੀ ਤਾਂ ਮੈਂ ਬਾਰਾਂਬਾਂਕੀ ਦੇ ਜੰਗਲਾਂ ਵਿਚੋਂ ਛੋਟਾ ਜਿਹਾ ਬੱਚਾ ਲੈ ਕੇ ਪਾਲਿਆ ਹੈ, ਇਸ ਨੂੰ ਸਿੱਖਿਆ ਦਿਤੀ, ਕਈ ਯੁੱਧ ਦੇ ਦਾਅ ਸਿਖਾਏ, ਇਸ ਉਪਰ ਬੈਠ ਕੇ ਤਾਂ ਮੈਂ ਕਈ ਜੰਗ ਯੁੱਧ ਜਿੱਤੇ ਹਨ, ਜਿਸ ਕਰਕੇ ਮੈਨੂੰ ਇਸ ਇਲਾਕੇ ਦਾ ਰਾਜ ਪ੍ਰਾਪਤ ਹੋਇਆ ਹੈ। ਇਹ ਮੈਨੂੰ ਮਾਰਨ ਲਈ ਕਿਉਂ ਸੋਚ ਰਿਹਾ ਹੈ? ਬਾਬਾ ਜੀ ਕਹਿਣ ਲੱਗੇ ਕਿ ਮਹਾਂਪੁਰਸ਼ਾਂ ਦਾ ਬਚਨ ਹੀ ਹੋਇਆ ਕਰਦਾ ਹੈ ਪਰ ਜਾਣਦੇ ਬੁਝਦੇ ਹੋਏ ਵੀ ਭੇਤ ਗੁਪਤ ਰੱਖਿਆ ਕਰਦੇ ਹਨ। ਉਸ ਨੇ ਫੇਰ ਬੜੀ ਅਧੀਨਗੀ ਨਾਲ ਪੁਛਿਆ ਕਿ ਮਹਾਰਾਜ! ਮੈਨੂੰ ਸੰਸਾ ਵਿਆਪ ਗਿਆ ਹੈ ਕਿ ਜੇ ਮੈਨੂੰ ਇਸ ਹਾਥੀ ਨੇ ਮਾਰਨਾ ਹੁੰਦਾ ਤਾਂ ਪਹਿਲਾਂ ਹੀ ਮਾਰ ਸਕਦਾ ਸੀ ਹੁਣ ਇਹ ਮੈਨੂੰ ਕਿਉਂ ਮਾਰੇਗਾ, ਮੇਰਾ ਮਨ ਇਸ ਸੰਸੇ ਦੇ ਅਧੀਨ ਨਿਸ਼ਚੇ ਦੇ ਘਰ ਵਿਚ ਨਹੀਂ ਪੁਜ ਰਿਹਾ, ਮੈਂ ਦੁਚਿਤਾ ਹੋ ਗਿਆ ਹਾਂ।

ਮਹਾਂਪੁਰਸ਼ ਕਹਿਣ ਲੱਗੇ ਕਿ ਸੁਧ ਸਿੰਘਾ! ਤੈਨੂੰ ਆਪਣੇ ਪਿਛਲੇ ਜਨਮ ਦਾ ਗਿਆਨ ਨਹੀਂ ਹੈ। ਅਸੀਂ ਤੁਹਾਨੂੰ ਦਸਦੇ ਹਾਂ, ਤੂੰ ਗੁਰੂ ਕਲਗੀਧਰ ਪਾਤਸ਼ਾਹ ਦੀਆਂ ਫੌਜਾਂ ਵਿਚ ਹੋ ਕੇ ਅਨੰਦਪੁਰ ਸਾਹਿਬ ਦਾ ਭਿਆਨਕ ਯੁੱਧ ਲੜ ਰਿਹਾ ਸੀ ਪਰ ਗੁਰੂ ਮਹਾਰਾਜ ਜੀ ਤੇ ਤੁਹਾਡਾ ਵਿਸ਼ਵਾਸ਼ ਪਤਲਾ ਪੈ ਗਿਆ ਕਿ ਗੁਰੂ ਮਹਾਰਾਜ ਸਰਬ ਕਲਾ ਸਮਰੱਥ ਹੁੰਦੇ ਹੋਏ ਸ਼ਕਤੀ ਕਿਉਂ ਨਹੀਂ ਦਿਖਾਲ ਰਹੇ, ਇਸ ਤੋਂ ਭੈੜਾ ਮੌਕਾ ਹੋਰ ਕਿਹੜਾ ਆਵੇਗਾ ਜਦੋਂ ਕਿ ਸਿੰਘਾਂ ਦੇ ਖਾਣ ਲਈ ਸਾਰੇ ਰਾਸ਼ਨ ਖਤਮ ਹੋ ਗਏ, ਪੱਤੇ ਵੀ ਉਬਾਲ-ਉਬਾਲ ਕੇ ਪੀ ਲਏ ਅਤੇ ਤੁਹਾਡੇ ਮਨ ਵਿਚ ਐਸੀ ਵੀ ਬੇਵਿਸ਼ਵਾਸ਼ੀ ਹੋਈ ਕਿ ਲੋਕ ਐਵੇਂ ਹੀ ਕਥਾਵਾਂ ਬਣਾ ਲੈਂਦੇ ਹਨ; ਗੁਰੂ ਵਿਚ ਸ਼ਕਤੀ ਹੈ ਹੀ ਨਹੀਂ। ਗੋਰਖਨਾਥ ਵਿਚ ਕਿੰਨੀ ਸ਼ਕਤੀ ਹੈ ਕਿ ਕੋਈ ਉਨ੍ਹਾਂ ਵਲ ਝਾਕ ਵੀ ਨਹੀਂ ਸੀ ਸਕਦਾ। ਕਈ ਪੀਰਾਂ ਫਕੀਰਾਂ ਵਿਚ ਕਿੰਨੀ ਸ਼ਕਤੀ ਹੈ, ਉਹ ਸ਼ਕਤੀਆਂ ਦਿਖਾਉਂਦੇ ਹਨ। ਗੁਰੂ ਨਾਨਕ ਪਾਤਸ਼ਾਹ ਨੇ ਰੀਠਾ ਮਿੱਠਾ ਕੀਤਾ ਤਾਂ ਸ਼ਕਤੀ ਦਿਖਾਈ, ਜੇ ਬਗਦਾਦ ਵਿਚ ਪੱਥਰ ਲੈ ਕੇ ਮਾਰਨ ਲੱਗੇ ਤਾਂ ਸ਼ਕਤੀ ਦਿਖਾਈ, ਕੌਡੇ ਰਾਕਸ਼ ਦਾ ਕੜਾਹਾ ਠੰਢਾ ਕਰ ਦਿਤਾ, ਵਲੀ ਕੰਧਾਰੀ ਦਾ ਸੁਟਿਆ ਭਾਰਾ ਪੱਥਰ ਰੋਕਿਆ ਹੀ ਨਹੀਂ ਸਗੋਂ ਉਸ ਤੇ ਆਪਣੇ ਪੰਜੇ ਦਾ ਨਿਸ਼ਾਨ ਲਾ ਕੇ ਉਸ ਦੇ ਤਲਾਅ ਦਾ ਸਾਰਾ ਪਾਣੀ ਖਿੱਚ ਲਿਆ ਜੋ ਅਜ ਤਕ ਚਲ ਰਿਹਾ ਹੈ। ਪਰ ਨਾ ਹੀ ਗੁਰੂ ਤੇਗ ਬਹਾਦਰ ਜੀ ਨੇ ਔਰੰਗਜ਼ੇਬ ਦੀ ਤਲਵਾਰ ਖੁੰਢੀ ਕੀਤੀ, ਨਾ ਹੀ ਦਸ਼ਮੇਸ਼ ਜੀ ਨੇ ਅਕਾਰਨ ਘੇਰਾ ਪਾ ਰਹੀਆਂ ਫੌਜਾਂ ਦਾ ਸ਼ਕਤੀ ਨਾਲ ਨਾਸ਼ ਕੀਤਾ। ਗੁਰੂ ਅੰਗਦ ਸਾਹਿਬ ਜੀ ਉਪਰ ਹਮਾਯੂੰ ਤਲਵਾਰ ਦਾ ਵਾਰ ਕਰਨ ਲੱਗਿਆ ਤਾਂ ਉਸਦਾ ਹੱਥ ਮਿਆਨ ਵਿਚ ਪਈ ਤਲਵਾਰ ਨਾਲ ਹੀ ਜੁੜ ਗਿਆ। ਇਥੋਂ ਤਕ ਵੀ ਤੁਸੀਂ ਸੋਚਿਆ ਕਿ ਜਦੋਂ ਬਾਲਮੀਕ ਸੰਤਾਂ ਨੂੰ ਮਾਰਨ ਲੱਗਿਆ ਤਾਂ ਉਸ ਦਾ ਕੁਹਾੜਾ ਚਲਿਆ ਹੀ ਨਾ, ਉਹ ਸੁੰਨ-ਮੁੰਨ ਬਣ ਕੇ ਖੜ੍ਹਿਆ ਰਿਹਾ।

ਸੁਧ ਸਿੰਘ! ਤੁਸੀਂ ਗੁਰੂ ਦਸਮੇਸ਼ ਪਿਤਾ ਜੀ ਨੂੰ ਇਕ ਯੋਧਾ ਹੀ ਸਮਝਿਆ। ਤੁਹਾਨੂੰ ਨਹੀਂ ਸੀ ਪਤਾ ਕਿ ਉਹ ਇਕ ਅਜਿਹਾ ਬਚਿੱਤਰ ਨਾਟਕ ਕਰ ਰਹੇ ਸਨ ਜਿਸ ਨੂੰ ਜਾਣ ਕੇ, ਵਿਚਾਰ ਕੇ ਆਉਣ ਵਾਲੀਆਂ ਨਸਲਾਂ ਸਤਿ ਦੀ ਚੜ੍ਹਦੀ ਕਲਾ ਲਈ ਡਟ ਖਲੋਇਆ ਕਰਨਗੀਆਂ। ਤੁਹਾਡੇ ਵਿਚ ਬੇਵਿਸ਼ਵਾਸ਼ੀ ਵਧਦੀ ਗਈ ਅਤੇ ਅੰਤ ਤੁਸੀਂ ਸਾਰਿਆਂ ਨੇ ਇਕੱਠੇ ਹੋ ਕੇ ਕਹਿ ਦਿਤਾ ਕਿ ਗੁਰੂ ਜੀ ਅਸੀਂ ਹੁਣ ਘਰਾਂ ਨੂੰ ਜਾਣਾ ਚਾਹੁੰਦੇ ਹਾਂ, ਸਾਨੂੰ ਛੁਟੀਆਂ ਦੇਵੋ। ਤੁਸੀਂ ਦੁਸ਼ਮਣ ਦੀ ਚਾਲ ਵਿਚ ਆ ਗਏ, ਜੋ ਇਹ ਚਾਹੁੰਦਾ ਸੀ ਕਿ ਗੁਰੂ ਦੇ ਅੰਨਨ ਸਿੱਖਾਂ ਵਿਚ ਵੀ ਫੁਟ ਪਾ ਕੇ ਜਿੱਤ ਪ੍ਰਾਪਤ ਕਰਾਂ। ਤੁਸੀਂ ਸੌ, ਸਵਾ ਸੌ ਸਿੰਘਾਂ ਨੇ ਗੁਰੂ ਨੂੰ ਬੇਦਾਵਾ ਲਿਖ ਕੇ ਦੇ ਦਿਤਾ ਕਿ 'ਅਸੀਂ ਤੇਰੇ ਸਿੱਖ ਨਹੀਂ, ਤੂੰ ਸਾਡਾ ਗੁਰੂ ਨਹੀਂ,' ਧੜਾ-ਧੜ ਦਸਤਖਤ ਕਰਦੇ ਚਲੇ ਗਏ। ਤੁਸੀਂ ਘਰਾਂ ਨੂੰ ਚਲੇ ਗਏ। ਗੁਰੂ ਮਹਾਰਾਜ ਜੀ ਤੋਂ ਅਤਿ ਨਾਜ਼ੁਕ ਸਮੇਂ ਵਿਚ ਪਿੱਠ ਕਰ ਲਈ। ਤੁਸੀਂ ਆਪਣੇ ਜੀਵਨ ਦੀ ਬਾਜ਼ੀ ਹਾਰ ਗਏ ਕਿਉਂਕਿ ਗੁਰੂ ਤੋਂ ਬੇਮੁਖ ਹੋਇਆ ਮਨੁੱਖ ਸਦਾ ਹੀ ਜੂਨੀਆਂ ਵਿਚ ਭਟਕਦਾ ਰਹਿੰਦਾ ਹੈ -

*ਜੇ ਕੋ ਗੁਰ ਤੇ ਵੇਮੁਖੁ ਹੋਵੈ*
*ਬਿਨੁ ਸਤਿਗੁਰ ਮੁਕਤਿ ਨ ਪਾਵੈ॥*
*ਪਾਵੈ ਮੁਕਤਿ ਨ ਹੋਰ ਥੈ ਕੋਈ*
*ਪੁਛਹੁ ਬਿਬੇਕੀਆ ਜਾਏ॥*

***ਅਨੇਕ ਜੂਨੀ ਭਰਮਿ ਆਵੈ***
***ਵਿਣੁ ਸਤਿਗੁਰ ਮੁਕਤਿ ਨ ਪਾਏ॥***
***ਫਿਰਿ ਮੁਕਤਿ ਪਾਏ ਲਾਗਿ ਚਰਣੀ***
***ਸਤਿਗੁਰੂ ਸਬਦੁ ਸੁਣਾਏ॥***
***ਕਹੈ ਨਾਨਕੁ ਵੀਚਾਰਿ ਦੇਖਹੁ***
***ਵਿਣੁ ਸਤਿਗੁਰ ਮੁਕਤਿ ਨ ਪਾਏ।।***

***ਪੰਨਾ - 920***

ਤੁਹਾਡੇ ਵਿਚੋਂ ਬਹੁਤ ਸਾਰੇ ਤਾਂ ਆਪਣੇ ਘਰਾਂ ਵਿਚ ਪੁਜਣ ਵਿਚ ਕਾਮਯਾਬ ਹੋ ਗਏ, ਬਹੁਤ ਸਾਰੇ ਵੈਰੀਆਂ ਨੇ ਮਾਰ ਦਿਤੇ ਸਨ। ਤੇਰਾ ਕਾਰੋਬਾਰ ਬਹੁਤ ਚੰਗਾ ਸੀ, ਪਿਛੇ ਚੰਗੀ ਤਰ੍ਹਾਂ ਸੰਭਾਲਿਆ ਜਾ ਰਿਹਾ ਸੀ ਪਰ ਦੇਵਨੇਤ ਨਾਲ ਤੇਰੇ ਘਰ ਵਿਚ ਚੋਰੀ ਹੋ ਗਈ। ਤੁਸੀਂ ਬਹੁਤ ਢੂੰਡ ਪੜਤਾਲ ਕੀਤੀ ਪਰ ਪਤਾ ਨਾ ਲੱਗ ਸਕਿਆ, ਤੁਹਾਡੇ ਘਰ ਇਕ ਨੌਕਰ ਸੀ ਜੋ ਬਹੁਤ ਵਫਾਦਾਰੀ ਨਾਲ ਤੁਹਾਡਾ ਕੰਮ ਕਰਿਆ ਕਰਦਾ ਸੀ। ਜਦੋਂ ਤੂੰ ਗੁਰੂ ਮਹਾਰਾਜ ਜੀ ਦੀ ਸੇਵਾ ਵਿਚ ਸੀ ਉਸ ਵੇਲੇ ਵੀ ਤੇਰੀ ਗੈਰ ਹਾਜ਼ਰੀ ਵਿਚ ਕੰਮ ਕਰਦਾ ਸੀ ਪਰ ਸ਼ੱਕ ਬਹੁਤ ਬੁਰੀ ਚੀਜ਼ ਹੁੰਦੀ ਹੈ। ਤੁਸੀਂ ਉਸ ਉਤੇ ਸ਼ੱਕ ਕਰਕੇ ਬਿਨਾਂ ਪੁਛ ਪੜਤਾਲ ਕੀਤਿਆਂ ਉਸ ਨੂੰ ਕੁਟਣਾ ਮਾਰਨਾ ਸ਼ੁਰੂ ਕਰ ਦਿਤਾ। ਅਜਿਹੀ ਮਾਰ ਮਾਰੀ ਕਿ ਉਹ ਵਿਚਾਰਾ ਸਰੀਰ ਛੱਡ ਗਿਆ। ਸੁਧ ਸਿੰਘ! ਤੇਰੇ ਤੋਂ ਇਕ ਕਰਮ ਹੋ ਗਿਆ, ਇਸ ਕਰਮ ਦਾ ਫਲ ਅਵੱਸ਼ ਹੀ ਭੋਗਣਾ ਪੈਣਾ ਹੈ। ਜਦੋਂ ਆਦਮੀ ਭੋਗਦਾ ਹੈ, ਦੂਸਰੇ ਨੂੰ ਦੋਸ਼ ਦਿੰਦਾ ਹੈ ਕਿ ਮੇਰੇ ਨਾਲ ਇਸ ਨੇ ਨਜ਼ਾਇਜ਼ ਕੀਤੀ ਪਰ ਉਹ ਆਪਣੇ ਹੀ ਕਰਮਾਂ ਦਾ ਫਲ ਹੋਇਆ ਕਰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਦਦੈ ਦੋਸੁ ਨ ਦੇਊ ਕਿਸੈ***
***ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ॥***

***ਪੰਨਾ - 433***

ਤੁਹਾਨੂੰ ਮਾਈ ਭਾਗੋ ਜੀ ਦੀ ਪ੍ਰੇਰਨਾ ਦੇ ਨਾਲ ਅਤੇ ਪੈ ਰਹੀਆਂ ਘਰ ਵਿਚ ਲਾਹਨਤਾਂ ਨਾਲ ਬਹੁਤ ਗਿਲਾਨੀ ਹੋਈ ਅਤੇ ਤੁਸੀਂ ਗੁਰੂ ਦਸ਼ਮੇਸ਼ ਪਿਤਾ ਜੀ ਦੀ ਸੇਵਾ ਵਿਚ ਖਦਰਾਣੇ (ਮੁਕਤਸਰ) ਯੁੱਧ ਵਿਚ ਪਹੁੰਚ ਗਏ। ਤੂੰ ਪੂਰੀ ਸੂਰਮਤਾਈ ਨਾਲ ਦੁਸ਼ਮਣ ਦੇ ਵਾਰਾਂ ਨੂੰ ਰੋਕਿਆ। ਤੁਸੀਂ ਮਾਤਾ ਭਾਗੋ ਤੋਂ ਬਗੈਰ ਸਾਰੇ ਹੀ ਸ਼ਹੀਦ ਹੋ ਗਏ। ਗੁਰੂ ਜੀ ਨੇ ਤੁਹਾਨੂੰ ਚਾਲੀ ਮੁਕਤਿਆਂ ਦਾ ਨਾਮ ਦਿਤਾ ਅਤੇ ਵਰ ਦਿਤੇ, ਕਿਸੇ ਨੂੰ ਦੱਸ ਹਜ਼ਾਰੀ, ਪੰਜ ਹਜ਼ਾਰੀ। ਉਸੇ ਗੁਰੂ ਬਖਸ਼ਿਸ਼ ਦੇ ਅਧੀਨ ਤੈਨੂੰ ਇਸ ਇਲਾਕੇ ਦਾ ਰਾਜ ਮਿਲਿਆ, ਤੇਰੇ ਕਰਮ ਨੇ ਪਰੇਰ ਕੇ ਤੇਰੇ ਨੌਕਰ ਨੂੰ ਹਾਥੀ ਰੂਪ ਵਿਚ ਤੇਰੇ ਪਾਸ ਲੈ ਆਂਦਾ। ਪਿਆਰਿਆ! ਅਸੂਲ ਤਾਂ ਇਹ ਹੈ ਕਿ ਜਿਹੋ ਜਿਹਾ ਬੀਜਦਾ ਹੈ ਉਸ ਨੂੰ ਅਵੱਸ਼ ਹੀ ਕਟਣਾ ਪੈਂਦਾ ਹੈ, ਆਪਣਾ ਕੀਤਾ ਹੋਇਆ ਆਪੇ ਹੀ ਭੋਗਣਾ ਪੈਂਦਾ ਹੈ ਅਤੇ ਗੁਰੂ ਕ੍ਰਿਪਾ ਤੋਂ ਬਗੈਰ ਕਰਮ ਟਲਿਆ ਨਹੀਂ ਕਰਦਾ। ਸਿਆਣਿਆਂ ਦਾ ਕਥਨ ਹੈ -

***ਭੋਗੇ ਬਿਨ ਭਾਗੇ ਨਹੀ***
***ਕਰਮ ਗਤੀ ਬਲਵਾਨ।***

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਜੇਹਾ ਬੀਜੈ ਸੋ ਲੁਣੈ***
***ਕਰਮਾ ਸੰਦੜਾ ਖੇਤੁ॥*** ***ਪੰਨਾ - 134***

ਕੀਤੇ ਹੋਏ ਕਰਮਾਂ ਦਾ ਫਲ ਤਾਂ ਅਵੱਸ਼ ਹੀ ਭੋਗਣਾ ਪੈਂਦਾ ਹੈ। ਸੋ ਹੁਣ ਉਹ ਸਮਾਂ ਬਹੁਤ ਨੇੜੇ ਆ ਰਿਹਾ ਹੈ ਜਦੋਂ ਤੂੰ ਉਸ ਕਰਮ ਦਾ ਫਲ ਭੋਗੇਂਗਾ, ਇਹ ਹਾਥੀ ਤੈਨੂੰ ਮਾਰ ਦੇਵੇਗਾ। ਹੁਣ ਤੇਰੀ ਮਰਜ਼ੀ ਹੈ ਅਸਾਡਾ ਬਚਨ ਮੰਨ, ਭਾਵੇਂ ਨਾ ਮੰਨ।

ਕਈ ਵਾਰੀ ਐਸਾ ਹੁੰਦਾ ਹੈ ਕਿ ਆਦਮੀ ਦੇ ਅੰਦਰ ਅਜਿਹੇ ਭਾਵ ਹੋਇਆ ਕਰਦੇ ਹਨ ਕਿ ਨਾ ਤਾਂ ਉਹ ਗੁਰੂਆਂ ਦੇ ਬਚਨਾਂ ਤੇ ਭਰੋਸਾ ਲਿਆਉਂਦਾ ਹੈ ਅਤੇ ਨਾ ਹੀ ਸਤਿਪੁਰਸ਼ਾਂ ਦਾ ਕਹਿਣਾ ਸਤਿ ਕਰਕੇ ਮੰਨਦਾ ਹੈ। ਉਸ ਦੇ ਅੰਦਰ ਮਨ ਦੀ ਮਤਿ ਐਨੀ ਪ੍ਰਬਲ ਹੁੰਦੀ ਹੈ ਕਿ ਉਹ ਆਪਣਾ ਹੀ ਸੋਚਿਆ ਹੋਇਆ ਕੰਮ ਕਰਾਉਂਦੀ ਹੈ।

ਦੂਸਰੇ ਦਿਨ ਦੀਵਾਨ ਦੀ ਸਮਾਪਤੀ ਉਪਰੰਤ ਸੁਧ ਸਿੰਘ ਹਾਥੀ ਉਪਰ ਨਹੀਂ ਚੜ੍ਹਿਆ। ਉਸ ਦੇ ਅੰਗਰਕਸ਼ਕਾਂ ਨੇ ਜੋ ਨਾਲ ਤੁਰੇ ਜਾ ਰਹੇ ਸਨ, ਕਿਹਾ ਕਿ ਹਜ਼ੂਰ! ਆਪ ਹਾਥੀ ਉਤੇ ਕਿਉਂ ਨਹੀਂ ਚੜ੍ਹਦੇ? ਸੁਧ ਸਿੰਘ ਨੇ ਕਿਹਾ ਕਿ ਮਹਾਂਪੁਰਸ਼ਾਂ ਨੇ ਕਿਹਾ ਹੈ ਕਿ ਇਹ ਹਾਥੀ ਤੇਰੇ ਤੋਂ ਬਦਲਾ ਲੈ ਕੇ ਤੈਨੂੰ ਮਾਰ ਦੇਵੇਗਾ। ਉਨ੍ਹਾਂ ਵਿਚੋਂ ਜੋ ਮੁਖੀ ਸੀ ਉਸ ਨੇ ਕਿਹਾ ਕਿ ਹਜ਼ੂਰ! ਗੱਲ ਹੋਰ ਤਰ੍ਹਾਂ ਹੈ। ਅਸੀਂ ਸਾਰਿਆਂ ਨੇ ਵਿਚਾਰੀ ਹੈ ਕਿ ਬਾਬਾ ਜੀ ਨੇ ਆਪ ਦਾ ਉਨ੍ਹਾਂ ਦੇ ਸਨਮੁਖ ਹੋ ਕੇ ਹਾਥੀ ਤੋਂ ਉਤਰਨਾ ਅੱਛਾ ਨਾ ਮਨਾਇਆ। ਉਨ੍ਹਾਂ ਨੇ ਢੰਗ ਨਾਲ ਆਪ ਤੋਂ ਹਾਥੀ ਦੀ ਸਵਾਰੀ ਹੀ ਛੁਡਾ ਦਿਤੀ। ਜੇ ਇਸ ਨੇ ਮਾਰਨਾ ਹੁੰਦਾ ਤਾਂ ਕਿਡੇ ਭਿਆਨਕ ਜੰਗ ਆਪਾਂ ਲੜੇ ਹਨ, ਉਸ ਵੇਲੇ ਅਰਾਮ ਨਾਲ ਇਹ ਮਾਰ ਸਕਦਾ ਸੀ। ਨਾਲੇ ਕਿਹੜਾ ਹਾਥੀ ਨੂੰ ਪਤਾ ਹੈ ਕਿ ਪਿਛਲੇ ਜਨਮ ਵਿਚ ਮੇਰੇ ਨਾਲ ਕੀ ਕੀਤਾ ਹੈ। ਇਹ ਤਾਂ ਸਾਧੂਆਂ ਦਾ ਸੁਭਾਅ ਹੋਇਆ ਕਰਦਾ ਹੈ ਕਿ ਉਹ ਲੋਕਾਂ ਨੂੰ ਅਜਿਹੀਆਂ ਗੱਲਾਂ ਕਰਕੇ ਡਰਾ ਦਿੰਦੇ ਹਨ। ਜੋਤਸ਼ੀ ਦਾ ਢੌਂਗ ਕਰਕੇ ਕਈ ਆਉਂਦੇ ਹਨ ਅਤੇ ਮਾਈਆਂ ਨੂੰ ਡਰ ਪਾ ਦਿੰਦੇ ਹਨ ਕਿ ਤੇਰੇ ਪੁਤਰ ਤੇ ਸਿੰਗਾਂ ਵਾਲੇ ਦਾ ਡਰ ਹੈ, ਕਈ ਕਹਿ ਦਿੰਦੇ ਹਨ ਕਿ ਧਰਤੀ ਦੇ ਜਾਨਵਰ ਤੋਂ ਖਤਰਾ ਹੈ, ਬੁਰੀਆਂ ਰੂਹਾਂ ਦਾ ਖਤਰਾ ਹੈ, ਪਾਣੀ ਦੇ ਕੰਢੇ ਨਾ ਜਾਣ ਦੇਵੀਂ, ਇਹਦੀ ਜਾਨ ਨੂੰ ਖਤਰਾ ਹੈ। ਅਜਿਹੀਆਂ ਗੱਲਾਂ ਕਰਕੇ ਮਾਤਾਵਾਂ ਡਰ ਜਾਂਦੀਆਂ ਹਨ ਉਹ ਉਪਾਅ ਪੁਛਦੀਆਂ ਹਨ ਅਤੇ ਉਹ ਦਸਦੇ ਹਨ ਕਿ ਸੱਤ ਕਿਸਮ ਦਾ ਅਨਾਜ ਕਣਕ, ਮੱਕੀ ਆਦਿ ਵਖਰਾ-ਵੱਖਰਾ ਲਿਆਓ ਅਤੇ ਉਨ੍ਹਾਂ ਵਿਚ ਕੋਈ ਪੀਲੀ ਧਾਤ ਪਾਓ। ਮਾਈਆਂ ਦੇ ਕੋਲ ਪੀਲੀ ਧਾਤ ਜਾਂ ਕੰਨਾਂ

ਦੀਆਂ ਵਾਲੀਆਂ, ਹੱਥ ਦੀ ਅੰਗੂਠੀ ਜਾਂ ਚੂੜੀਆਂ ਹੁੰਦੀਆਂ ਹਨ ਉਹ ਕਹਿੰਦੇ ਹਨ ਕਿ ਐਨਾ ਘਿਓ ਤੇਲ, ਅੰਨ ਦੇ ਨਾਲ ਦੇਵੋ, ਨਮਕ, ਮਿਰਚਾਂ, ਹਲਦੀ ਦੇਵੋ, ਅਸੀਂ ਜਾਪ ਕਰਾਂਗੇ ਅਤੇ ਇਨ੍ਹਾਂ ਬਲਾਵਾਂ ਤੋਂ ਪੱਕੀ ਤਰ੍ਹਾਂ ਨਾਲ ਬਚਾਅ ਦੇਵਾਂਗੇ, ਉਹ ਇਸ ਦੇ ਵਲ ਝਾਕ ਵੀ ਨਹੀਂ ਸਕਣਗੀਆਂ। ਮਾਈਆਂ ਖੁਸ਼ ਹੋ ਕੇ ਸੋਨੇ ਦੀ ਚੂੜੀ ਜਾਂ ਅੰਗੂਠੀ ਜਾਂ ਕੰਨ ਦੀਆਂ ਵਾਲੀਆਂ ਉਸ ਅਨਾਜ ਵਿਚ ਰੱਖ ਦਿੰਦੀਆਂ ਹਨ। ਜੇ ਉਨ੍ਹਾਂ ਨੂੰ ਕਪੜੇ ਦੀ ਲੋੜ ਹੋਵੇ ਤਾਂ ਚਾਦਰ, ਦਰੀ, ਖੇਸ ਮੰਗ ਲੈਂਦੇ ਹਨ। ਕਹਿਣ ਲੱਗੇ, "ਹਜ਼ੂਰ! ਇਹ ਗੱਲਾਂ ਸਭ ਐਵੇਂ ਹੋਇਆ ਕਰਦੀਆਂ ਹਨ। ਇਸੇ ਤਰ੍ਹਾਂ ਸੰਤ ਮਹਾਂਪੁਰਸ਼ ਅਜਿਹੀਆਂ ਕਹਾਣੀਆਂ ਬਣਾ ਕੇ ਡਰਾ ਦਿਆ ਕਰਦੇ ਹਨ। ਭਲਾ ਇਸ ਹਾਥੀ ਨੇ ਕੀ ਮਾਰਨਾ ਹੋਇਆ, ਜੇ ਇਹ ਸੱਚ ਵੀ ਹੋਵੇ ਤਾਂ ਇਸ ਨੂੰ ਕੀ ਪਤਾ ਹੈ ਕਿ ਮੇਰੇ ਨਾਲ ਪਿਛਲੇ ਜਨਮ ਵਿਚ ਤੁਸੀਂ ਕੀ ਕਰਿਆ ਸੀ। ਗੱਲ ਤਾਂ ਸਿਰਫ ਐਨੀ ਹੈ ਕਿ ਮਹਾਂਪੁਰਸ਼ਾਂ ਨੂੰ ਤੁਹਾਡਾ ਹਾਥੀ ਤੋਂ ਉਨ੍ਹਾਂ ਦੇ ਸਾਮ੍ਹਣੇ ਉਤਰਨਾ ਚੰਗਾ ਨਹੀਂ ਲੱਗਿਆ।" ਸੁਧ ਸਿੰਘ ਫੇਰ ਹਾਥੀ ਤੇ ਚੜ੍ਹ ਗਿਆ।

ਮਹਾਂਪੁਰਸ਼ ਆਪਣੇ ਪ੍ਰੋਗਰਾਮ ਅਨੁਸਾਰ ਊਨੇ ਸਾਹਿਬ ਪਹੁੰਚ ਗਏ, ਤਿੰਨ ਮਹੀਨੇ ਪਿਛੋਂ ਸੰਗਤ ਅਨੰਦਪੁਰ ਸਾਹਿਬ ਨੂੰ ਹੋਲੇ-ਮਹੱਲੇ ਵਾਸਤੇ ਗਈ। ਉਨ੍ਹਾਂ ਦਿਨਾਂ ਵਿਚ ਸੰਗਤਾਂ ਵਿਚ ਅਥਾਹ ਸ਼ਰਧਾ ਹੋਇਆ ਕਰਦੀ ਸੀ। ਉਹ ਬਾਬਾ ਸਾਹਿਬ ਸਿੰਘ ਜੀ ਨੂੰ ਗੁਰੂ ਨਾਨਕ ਅੰਸ ਜਾਣ ਕੇ ਪੂਰਨ ਮਹਾਤਮਾ ਸਮਝਦੇ ਹੋਏ ਪਹਿਲਾਂ ਊਨਾ ਸਾਹਿਬ ਜਾਂਦੇ ਸਨ ਅਤੇ ਫੇਰ ਅਨੰਦਪੁਰ ਸਾਹਿਬ ਜਾਇਆ ਕਰਦੇ ਸਨ। ਸਾਰੇ ਪੰਜਾਬ ਭਰ ਦੀਆਂ ਸੰਗਤਾਂ ਇਸੇ ਰੀਤ ਨਾਲ ਅਨੰਦਪੁਰ ਸਾਹਿਬ ਜਾਇਆ ਕਰਦੀਆਂ ਸਨ। ਸਾਹਨੇਵਾਲ ਦੀ ਸੰਗਤ ਵੀ ਹੋਲੇ-ਮਹੱਲੇ ਤੇ ਉਥੇ ਪਹੁੰਚੀ। ਸੇਵਾਦਾਰ ਨੇ ਦਸਿਆ ਕਿ ਮਹਾਰਾਜ! ਸਾਹਨੇਵਾਲ ਤੋਂ ਸੰਗਤ ਆਈ ਹੈ, ਆਪ ਦੇ ਦੀਦਾਰ ਦੀ ਲੋਚਾ ਕਰਦੀ ਹੈ, ਆਗਿਆ ਕਰੋ।

ਬਾਬਾ ਸਾਹਿਬ ਸਿੰਘ ਜੀ ਮਹਾਰਾਜ ਐਨੇ ਪ੍ਰਤਾਪਸ਼ਾਲੀ ਸਨ ਕਿ ਉਨ੍ਹਾਂ ਦੇ ਦਰਸ਼ਨ ਕਰਨ ਲਈ ਰਾਜਿਆਂ ਨੂੰ ਵੀ ਮਹੀਨੇ ਬੱਧੀ ਇੰਤਜ਼ਾਰ ਕਰਨਾ ਪੈਂਦਾ ਸੀ। ਫੇਰ ਵੀ ਪਤਾ ਨਹੀਂ ਸੀ ਹੁੰਦਾ ਕਿ ਦਰਸ਼ਨ ਹੋ ਜਾਣ ਜਾਂ ਨਾ ਹੋਣ ਕਿਉਂਕਿ ਗੁਰੂ ਅੰਸ ਹੋਣ ਕਰਕੇ ਪੂਰਨ ਸ਼ਕਤੀਆਂ ਵਾਲੇ ਸਨ। ਮਹਾਰਾਜਾ ਰਣਜੀਤ ਸਿੰਘ ਜੀ ਇਕ-ਇਕ ਹਫਤਾ ਉਨ੍ਹਾਂ ਦੇ ਦਰਸ਼ਨ ਕਰਨ ਲਈ ਇੰਤਜ਼ਾਰ ਕਰਿਆ ਕਰਦੇ ਸੀ ਪਰ ਅੱਜ ਬਾਬਾ ਜੀ ਨੇ ਸਾਹਨੇਵਾਲ ਦੀ ਸੰਗਤ ਨੂੰ ਅਰਜ਼ ਹੁੰਦੇ ਸਾਰ ਬੁਲਾ ਲਿਆ। ਸਾਰੇ ਪੂਰੀ ਸ਼ਰਧਾ ਸਹਿਤ ਸੀਸ ਨਿਵਾ ਕੇ ਬੈਠ ਗਏ। ਉਸ ਵੇਲੇ ਬਾਬਾ ਜੀ ਨੇ ਸਾਰਿਆਂ ਦੀ ਸੁਖ ਸਾਂਦ ਪੁਛੀ, ਰਸਤੇ ਦਾ ਹਾਲ ਪੁਛਿਆ, ਜਲ ਪਾਣੀ ਦਾ ਫੁਰਮਾਨ ਕੀਤਾ ਅਤੇ ਨਾਲ ਦੀ ਨਾਲ ਕਹਿਣ ਲੱਗੇ ਤੁਹਾਡਾ ਜੋ ਰਾਜਾ ਸੁਧ ਸਿੰਘ ਹੈ ਉਸ ਦਾ ਕੀ ਹਾਲ ਹੈ? ਸਾਰੇ ਇਕ ਜ਼ੁਬਾਨ ਹੋ ਕੇ ਬੋਲ ਉਠੇ ਕਿ ਮਹਾਰਾਜ! ਆਪ ਨੇ ਤਾਂ ਉਸ ਨੂੰ ਸਾਰੀ ਹੋਣ ਵਾਲੀ ਘਟਨਾ ਬਾਰੇ ਦਸ ਦਿਤਾ ਸੀ ਪਰ ਉਸ ਦੇ ਮਾੜੇ ਕਰਮਾਂ ਨੇ ਆਪ ਦੇ ਬਚਨ ਨਾ ਮੰਨਣ ਦਿਤੇ। ਆਪ ਨੇ ਹੁਕਮ ਦਿਤਾ ਸੀ ਕਿ ਇਸ ਹਾਥੀ ਨੂੰ ਜਿਥੋਂ ਲੈ ਕੇ ਆਇਆ ਹੈਂ ਉਥੇ ਹੀ ਛੱਡ ਆ, ਇਸੇ ਵਿਚ ਤੇਰਾ ਭਲਾ ਹੈ। ਆਪ ਤਾਂ ਉਸ ਦੇ ਬੁਰੇ ਲੇਖ ਮਿਟਾਉਣਾ ਚਾਹੁੰਦੇ ਸਨ ਪਰ ਭਾਵੀ ਅਧੀਨ ਉਸ ਦੀ ਬੁੱਧੀ ਵਿਚ ਨਿਸ਼ਚਾ ਨਹੀਂ ਹੋ ਸਕਿਆ। ਦੋ ਮਹੀਨੇ ਹੋਏ ਇਕ ਦਿਨ ਉਹ ਇਕੱਲਾ ਹੀ ਹਾਥੀ ਤੇ ਆਪਣੇ ਇਲਾਕੇ ਵਿਚ ਘੁੰਮ ਰਿਹਾ ਸੀ, ਅੰਗਰਕਸ਼ਕ ਕੋਈ ਨਹੀਂ ਸੀ, ਉਹ ਦੂਰ ਜਾ ਰਹੇ ਸਨ। ਉਸ ਹਾਥੀ ਨੇ ਪਤਾ ਨਹੀਂ ਕੀ ਸੋਚਿਆ ਕਿ ਉਸ ਨੇ ਝਟਕਾ ਮਾਰ ਕੇ ਸੁਧ ਸਿੰਘ ਨੂੰ ਆਪਣੀ ਪਿੱਠ ਤੋਂ ਹੇਠਾਂ ਗਿਰਾ ਦਿਤਾ ਅਤੇ ਆਪਣਾ ਪੂਰਾ ਵਜ਼ਨ ਦੇ ਕੇ ਸਭ ਹੱਡੀਆਂ ਤੋੜ ਦਿਤੀਆਂ। ਮਹਾਰਾਜ! ਉਸ ਦੀ ਤਾਂ ਮ੍ਰਿਤੂ ਹੋ ਗਈ ਪਰ ਇਸ ਗੱਲ ਦੀ ਚਰਚਾ ਚਲ ਰਹੀ ਹੈ ਕਿ ਉਸ ਨੇ ਮਹਾਂਪੁਰਸ਼ਾਂ ਦਾ ਬਚਨ ਨਹੀਂ ਮੰਨਿਆ।

ਇਸੇ ਤਰ੍ਹਾਂ ਨਾਲ ਇਤਿਹਾਸ ਵਿਚ ਆਉਂਦਾ ਹੈ ਕਿ ਗੁਰੂ ਛੇਵੇਂ ਪਾਤਸ਼ਾਹ ਜਹਾਂਗੀਰ ਦੇ ਨੇੜੇ ਠਹਿਰੇ ਹੋਏ ਸਨ। ਜਹਾਂਗੀਰ ਗੁਰੂ ਮਹਾਰਾਜ ਜੀ ਦੀ ਮਿਤਰਤਾ ਲੋਚਦਾ ਸੀ। ਉਹ ਗੁਰੂ ਮਹਾਰਾਜ ਜੀ ਨੂੰ ਭਾਵੇਂ ਮਿਤਰਤਾ ਦੇ ਜਜ਼ਬੇ ਅਧੀਨ ਜਾਂ ਕਿਸੇ ਰਾਜਸੀ ਚਾਲ ਅਧੀਨ ਆਪਣੇ ਨੇੜੇ ਹੀ ਰੱਖਿਆ ਕਰਦਾ ਸੀ। ਅੱਜ ਖਬਰ ਆਈ ਕਿ ਇਕ ਬਹੁਤ ਭਿਆਨਕ ਸ਼ੇਰ ਜੰਗਲ ਵਿਚ ਆਇਆ ਹੋਇਆ ਹੈ, ਕੋਈ ਸ਼ਿਕਾਰੀ ਉਸ ਨੂੰ ਮਾਰਨ ਦਾ ਹੀਆ ਨਹੀਂ ਕਰਦਾ ਕਿਉਂਕਿ ਉਸ ਦਾ ਕੱਦ ਬਹੁਤ ਵੱਡਾ ਹੈ। ਉਹ ਅਸਾਡੇ ਪਸ਼ੂ ਖੁਲਮ-ਖੁਲ੍ਹਾ ਬਿਨਾਂ ਕਿਸੇ ਡਰ ਤੋਂ ਚੁੱਕ ਕੇ ਲੈ ਜਾਂਦਾ ਹੈ। ਜਹਾਂਗੀਰ ਪਾਸ ਬੇਨਤੀ ਕੀਤੀ ਕਿ ਬਾਦਸ਼ਾਹ ਸਲਾਮਤ! ਸਾਡੀ ਰਖਸ਼ਾ ਕਰੋ। ਜਹਾਂਗੀਰ ਨੇ ਇਹ ਸੁਣ ਕੇ ਸ਼ੇਰ ਦੇ ਸ਼ਿਕਾਰ ਲਈ ਇਰਾਦਾ ਬਣਾ ਲਿਆ। ਬਹੁਤ ਸਾਰੇ ਸ਼ਿਕਾਰੀ ਤੇ ਯੋਧੇ ਆਪਣੇ ਨਾਲ ਲੈ ਲਏ, ਗੁਰੂ ਮਹਾਰਾਜ ਜੀ ਨੂੰ ਵੀ ਬੇਨਤੀ ਕਰਕੇ ਨਾਲ ਹੀ ਲੈ ਲਿਆ। ਜਹਾਂਗੀਰ ਘੋੜੇ ਉਪਰ ਸਵਾਰ ਸੀ। ਗੁਰੂ ਮਹਾਰਾਜ ਜੀ ਵੀ ਆਪਣੇ ਘੋੜੇ ਤੇ ਸਵਾਰ ਸਨ। ਜਦੋਂ ਜੰਗਲ ਵਿਚ ਪਹੁੰਚੇ, ਜਹਾਂਗੀਰ ਨੇ ਦੇਖਿਆ ਕਿ ਸਾਮ੍ਹਣੇ ਸ਼ੇਰ ਖੜ੍ਹਾ ਹੈ ਅਤੇ ਬਿਲਕੁਲ ਬੇਖੌਫ ਹੈ। ਉਸ ਨੂੰ ਕੋਈ ਪ੍ਰਵਾਹ ਨਹੀਂ ਕਿ ਉਸ ਦੇ ਸਾਮ੍ਹਣੇ ਘੋੜੇ ਅਤੇ ਹਾਥੀਆਂ ਤੇ ਸਵਾਰ ਉਸ ਨੂੰ ਮਾਰਨ ਵਾਲੇ ਆ ਰਹੇ ਹਨ ਪਰ ਥੋੜ੍ਹਾ ਅੱਗੇ ਆ ਕੇ ਜਦੋਂ ਘੋੜੇ ਅਤੇ ਹਾਥੀਆਂ ਨੇ ਉਸ ਸ਼ੇਰ ਨੂੰ ਦੇਖਿਆ ਤਾਂ ਘੋੜੇ ਪੈਰ ਅੜਾ ਕੇ ਖੜ੍ਹੇ ਹੋ ਗਏ ਅਤੇ ਲਿੱਦ ਤੇ ਪਿਸ਼ਾਬ ਕਰਨ ਲੱਗੇ। ਹਾਥੀ ਵੀ ਲਿੱਦ ਕਰਦੇ ਹੋਏ ਪੈਰ ਅੱਗੇ ਨੂੰ ਵਧਾਉਣ ਦੀ ਥਾਂ ਪਿਛੇ ਨੂੰ ਵਧਾਉਣ ਲੱਗ ਗਏ। ਉਸ ਵੇਲੇ ਜਹਾਂਗੀਰ ਨੇ ਗੁਰੂ ਮਹਾਰਾਜ ਜੀ ਨੂੰ ਕਿਹਾ ਕਿ ਮਹਾਰਾਜ! ਸ਼ੇਰ ਬਹੁਤ ਭਿਆਨਕ ਹੈ, ਬਹੁਤ ਬਲੀ ਹੈ,

ਇਹ ਕਿਸੇ ਸੂਰਮੇ ਤੋਂ ਮਾਰਿਆ ਨਹੀਂ ਜਾਣਾ, ਇਸ ਨੂੰ ਮਾਰਨ ਦਾ ਇਕੋ ਤਰੀਕਾ ਹੈ ਕਿ ਘੇਰਾ ਪਾ ਲਿਆ ਜਾਵੇ, ਇਸ ਉਪਰ ਸਾਰੇ ਤੀਰ, ਰਾਈਫਲਾਂ ਇਕੱਠਾ ਵਾਰ ਕਰਨ, ਨਹੀਂ ਤਾਂ ਇਸਨੇ ਬਹੁਤ ਨੁਕਸਾਨ ਕਰ ਦੇਣਾ ਹੈ। ਦੇਖੋ, ਘੋੜੇ ਹਾਥੀ ਸਭ ਡਰ ਰਹੇ ਹਨ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਜਹਾਂਗੀਰ ਤੇਰੇ ਪਾਸ ਐਨੇ ਸੂਰਮੇ ਹਨ ਉਨ੍ਹਾਂ ਵਿਚੋਂ ਕੋਈ ਹੈ ਜੋ ਘੋੜਾ ਜਾਂ ਹਾਥੀ ਛੱਡ ਕੇ ਸਨਮੁਖ ਹੋ ਕੇ ਤਲਵਾਰ ਨਾਲ ਸ਼ੇਰ ਨਾਲ ਯੁੱਧ ਕਰੇ। ਜਹਾਂਗੀਰ ਕਹਿਣ ਲੱਗਿਆ ਕਿ ਮਹਾਰਾਜ ਜੀ! ਆਪ ਸਾਰਿਆਂ ਦੇ ਸੀਨੇ ਤੇ ਹੱਥ ਰੱਖ ਕੇ ਦੇਖੋ, ਸਭ ਦੇ ਦਿਲ ਧਕ-ਧਕ ਕਰ ਰਹੇ ਹਨ। ਕਿਸੇ ਵਿਚ ਇਹ ਹਿੰਮਤ ਨਹੀਂ ਆ ਰਹੀ ਕਿ ਤਲਵਾਰ ਨਾਲ ਇਸ ਨੂੰ ਮਾਰਿਆ ਜਾਵੇ। ਜਹਾਂਗੀਰ ਨੇ ਆਪਣੇ ਜਵਾਨਾਂ ਵਲ ਦੇਖਿਆ ਪਰ ਸਭ ਨੇ ਨਜ਼ਰਾਂ ਨੀਵੀਆਂ ਕਰ ਲਈਆਂ ਜਿਸ ਤੋਂ ਉਹ ਸਮਝ ਗਿਆ ਕਿ ਕੋਈ ਵੀ ਲੜਨ ਲਈ ਤਿਆਰ ਨਹੀਂ ਹੈ। ਉਸ ਨੇ ਫੇਰ ਪਹਿਲਾਂ ਵਾਲੀ ਗੱਲ ਦੁਹਰਾਈ ਕਿ ਸਾਰੇ ਇਕੱਠੇ ਹੋ ਕੇ ਮਾਰ ਦੇਈਏ। ਗੁਰੂ ਮਹਾਰਾਜ ਨੇ ਕਿਹਾ ਕਿ ਇਹ ਸੂਰਮਿਆਂ ਦਾ ਕੰਮ ਨਹੀਂ ਹੁੰਦਾ। ਉਹ ਇਕੱਲਾ ਹੈ, ਉਸ ਦੇ ਕੋਲ ਕੋਈ ਤੀਰ, ਕੋਈ ਤਲਵਾਰ ਨਹੀਂ ਹੈ ਉਸ ਨੇ ਆਪਣੇ ਪੰਜਿਆਂ ਦੇ ਨਾਲ ਲੜਨਾ ਹੈ। ਉਸ ਨਾਲ ਇਕੱਲੇ ਨੂੰ ਹੀ ਲੜਨਾ ਚਾਹੀਦਾ ਹੈ।

ਗੁਰੂ ਮਹਾਰਾਜ ਨੇ ਕਿਹਾ ਕਿ ਤੁਸੀਂ ਰੁਕੋ ਅਸੀਂ ਪੈਦਲ ਹੋ ਕੇ ਸ਼ੇਰ ਨੂੰ ਵੰਗਾਰਦੇ ਹਾਂ। ਜਹਾਂਗੀਰ ਦਾ ਮਨ ਡਰ ਰਿਹਾ ਸੀ ਉਸ ਨੇ ਗੁਰੂ ਮਹਾਰਾਜ ਨੂੰ ਰੋਕਣਾ ਚਾਹਿਆ ਪਰ ਆਪ ਅਜਿੱਤ ਸੂਰਮੇ ਸਨ, ਦੀਨ ਦੁਨੀਆਂ ਦੇ ਮਾਲਕ ਸਨ ਆਪ ਨੇ ਢਾਲ ਤੇ ਤਲਵਾਰ ਲੈ ਕੇ ਸ਼ੇਰ ਨੂੰ ਵੰਗਾਰਿਆ, ਉਸ ਨੇ ਬਹੁਤ ਲੰਮੀ ਛਲਾਂਗ ਲਾ ਕੇ ਹੱਲਾ ਕੀਤਾ। ਗੁਰੂ ਮਹਾਰਾਜ ਜੀ ਨੇ ਪੂਰੇ ਤਾਣ ਨਾਲ ਉਸਦੇ ਪੰਜੇ ਆਪਣੀ ਢਾਲ ਉਪਰ ਲਏ ਅਤੇ ਦੂਸਰੇ ਹੱਥ ਨਾਲ ਸ਼ੇਰ ਦਾ ਕਾਲਜਾ ਕੱਟ ਦਿਤਾ। ਉਸੇ ਵੇਲੇ ਉਹ ਧਰਤੀ ਉਪਰ ਢਹਿ ਢੇਰੀ ਹੋ ਗਿਆ ਪਰ ਸਾਰਿਆਂ ਨੇ ਇਕ ਅਜੀਬ ਗੱਲ ਦੇਖੀ ਕਿ ਉਸ ਵਿਚੋਂ ਇਕ ਕਾਲਾ ਧੂਆਂ ਨਿਕਲਿਆ ਜੋ ਦੇਖਦੇ-ਦੇਖਦੇ ਇਨਸਾਨ ਦੀ ਸ਼ਕਲ ਵਿਚ ਨਜ਼ਰ ਆਉਣ ਲੱਗਾ। ਜਹਾਂਗੀਰ ਨੇੜੇ ਜਾ ਚੁਕਿਆ ਸੀ ਉਸ ਨੇ ਕਿਹਾ ਕਿ ਗੁਰੂ ਮਹਾਰਾਜ! ਇਹ ਕੀ ਕੌਤਕ ਹੈ? ਇਹ ਸ਼ੇਰ ਦੀ ਰੂਹ ਇਨਸਾਨ ਵਰਗੀ ਦਿਸ ਰਹੀ ਹੈ, ਹਜ਼ਾਰਾਂ ਸ਼ੇਰ ਮਾਰੇ ਹਨ ਪਰ ਰੂਹ ਕਿਸੇ ਦੀ ਨਹੀਂ ਦੇਖੀ, ਇਸ ਦੀ ਦਿਸ ਰਹੀ ਹੈ। ਕ੍ਰਿਪਾ ਕਰਕੇ ਇਹ ਭੇਤ ਖੋਲ੍ਹ ਕੇ ਸਾਡਾ ਸੰਸਾ ਨਵਿਰਤ ਕਰੋ। ਆਪ ਨੇ ਕਿਹਾ ਕਿ ਜਹਾਂਗੀਰ! ਇਹ ਤੇਰਾ ਚਾਚਾ ਕਾਸਮ ਬੇਗ ਹੈ, ਤੂੰ ਪੁਛ ਇਸ ਨੂੰ? ਉਸ ਨੇ ਕਿਹਾ ਕਿ ਚੱਚਾ ਜਾਨ! ਅਸੀਂ ਤਾਂ ਇਹ ਵਿਸ਼ਵਾਸ਼ ਨਹੀਂ ਕਰਦੇ ਕਿ ਰੂਹ ਮਰਨ ਪਿਛੋਂ ਕਿਸੇ ਜੂਨੀ ਵਿਚ ਜਾਂਦੀ ਹੈ, ਹਿੰਦੂਆਂ ਵਿਚ ਇਹ ਵਿਸ਼ਵਾਸ਼ ਹੈ, ਮੋਮਨਾਂ ਵਿਚ ਤਾਂ ਹੈ ਨਹੀਂ। ਤੁਸੀਂ ਇਹ ਦਸੋ ਕਿ ਤੁਸੀਂ ਸ਼ੇਰ ਕਿਵੇਂ ਬਣ ਗਏ। ਉਸ ਵੇਲੇ ਰੂਹ ਨੇ ਜਿਸ ਦਾ ਨਾਮ ਕਾਸਮ ਬੇਗ ਸੀ, ਦਸਿਆ ਕਿ ਇਹ ਗੁਰੂ ਮਨੁੱਖ ਨਹੀਂ ਹਨ, ਇਹ ਤਾਂ ਅੱਲਾਹ ਦੇ ਦੇਸ਼ ਤੋਂ ਬਹੁਤ ਵੱਡਿਆਂ ਫਰਿਸ਼ਤਿਆਂ ਨੇ ਮਨੁੱਖ ਦਾ ਜਾਮਾ ਧਾਰਨ ਕੀਤਾ ਹੋਇਆ ਹੈ।

ਉਸ ਨੇ ਦਸਿਆ ਕਿ ਮੈਂ ਤੇ ਤੇਰੇ ਅੱਬਾ ਜਾਨ ਗੋਇੰਦਵਾਲ ਸਾਹਿਬ ਗੁਰੂ ਅਮਰਦਾਸ ਜੀ ਦੇ ਦੀਦਾਰ ਨੂੰ ਗਏ। ਉਨ੍ਹਾਂ ਨੇ ਦਰਸ਼ਨ ਦੇਣ ਉਪਰ ਪਾਬੰਧੀ ਲਾਈ ਹੋਈ ਸੀ, ਪਹਿਲਾਂ ਇਕ ਸ਼ਰਤ ਪੂਰੀ ਕਰਨੀ ਪੈਂਦੀ ਸੀ ਕਿ ਸਾਰਿਆਂ ਵਿਚ ਬੈਠ ਕੇ ਬਾਵਰਚੀ ਖਾਨੇ ਵਿਚੋਂ ਖਾਣਾ ਖਾਓ, ਫੇਰ ਗੁਰੂ ਦੇ ਦਰਸ਼ਨ ਨੂੰ ਜਾਓ। ਤੇਰਾ ਅੱਬਾ ਪੰਗਤ ਵਿਚ ਬੈਠ ਗਿਆ ਪਰ ਮੈਂ ਨਾ ਬੈਠਿਆ। ਤੇਰੇ ਅੱਬਾ ਜਾਨ ਨੇ ਖਾਣਾ ਖਾ ਕੇ ਗੁਰੂ ਅਮਰਦਾਸ ਜੀ ਪਾਸ ਸਿਜਦਾ ਕੀਤਾ ਪਰ ਮੈਂ ਤਰਕ ਕੀਤੀ ਕਿ ਮੇਰੇ ਬਾਈ ਜਾਨ ਇਕ ਹਿੰਦੂ ਦੇ ਅੱਗੇ ਜਿਸ ਨੂੰ ਅਸੀਂ ਕਾਫਰ ਆਖਦੇ ਹਾਂ ਕਿਵੇਂ ਸਿਜਦਾ ਕਰ ਰਹੇ ਹਨ। ਉਸ ਤਰਕ ਦੀ ਮੈਨੂੰ ਛੇਤੀਂ ਹੀ ਸਜ਼ਾ ਮਿਲ ਗਈ। ਜਦੋਂ ਮੈਂ ਰਾਤ ਨੂੰ ਖਾਣਾ ਖਾਣ ਲੱਗਿਆ ਤਾਂ ਗੋਸ਼ਤ ਵਿਚ ਇਕ ਹੱਡੀ ਮੇਰੀ ਸਾਹ ਦੀ ਨਾਲੀ ਨਾਲ ਫਸ ਗਈ ਅਤੇ ਮੈਂ ਦਮ ਘੁੱਟ ਕੇ ਮਰ ਗਿਆ। ਮੈਂ ਦੇਖਿਆ ਕਿ ਦੂਤਾਂ ਨੇ ਮੈਨੂੰ ਅਜ਼ਰਾਈਲ ਦੇ ਫਰਿਸ਼ਤੇ ਅੱਗੇ ਪੇਸ਼ ਕੀਤਾ ਅਤੇ ਮੈਨੂੰ ਕਬਰ ਵਿਚ ਨਹੀਂ ਰਹਿਣ ਦਿਤਾ ਬਲਕਿ ਇਸ ਦੇ ਉਲਟ ਮੈਨੂੰ ਸ਼ੇਰ ਦੀ ਜੂਨੀ ਵਿਚ ਪਾ ਦਿਤਾ। ਸੋ ਮੈਂ ਸ਼ੇਰ ਬਣ ਗਿਆ। ਇਹ ਤਾਂ ਗੁਰੂ ਮਹਾਰਾਜ ਜੀ ਨੇ ਕ੍ਰਿਪਾ ਕੀਤੀ ਹੈ ਕਿ ਮੈਨੂੰ ਜਾਨੋਂ ਮਾਰਿਆ ਅਤੇ ਮੇਰੇ ਗੁਨਾਹਾਂ ਦਾ ਖਾਤਮਾ ਕੀਤਾ।

ਜਹਾਂਗੀਰ ਨੇ ਗੁਰੂ ਮਹਾਰਾਜ ਜੀ ਤੋਂ ਹੋਰ ਵੇਰਵਾ ਮੰਗਿਆ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਤੇਰੇ ਪਿਤਾ ਨੇ ਗੁਰੂ ਮਹਾਰਾਜ ਜੀ ਤੇ ਤਰਕ ਤਾਂ ਕੀਤੀ ਪਰ ਉਸ ਨੂੰ ਦਰਸ਼ਨਾਂ ਦਾ ਸਵਾਬ (ਪੁੰਨ) ਪ੍ਰਾਪਤ ਹੋਇਆ। ਉਹ ਸੀ ਗੁਰੂ ਦਰਸ਼ਨਾਂ ਦਾ ਫਲ ਜਿਸ ਦੇ ਫਲਸਰੂਪ ਇਸਨੇ ਮੇਰੇ ਹੱਥੋਂ ਮਰਨਾ ਸੀ, ਹੁਣ ਅਸਾਡੀ ਤਲਵਾਰ ਦੀ ਛੋਹ ਨੇ ਇਸ ਦੇ ਗੁਨਾਹ ਕੱਟ ਦਿਤੇ, ਹੁਣ ਇਹ ਬਹਿਸ਼ਤ ਨੂੰ ਜਾਵੇਗਾ।

ਅਜਿਹੀਆਂ ਅਨੇਕਾਂ ਹੀ ਮਿਸਾਲਾਂ ਹਨ, ਬਹੁਤ ਸਾਰਿਆਂ ਦੀਆਂ ਹੱਡਬੀਤੀਆਂ ਹਨ ਜਿਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦਾ ਪਿਛਲਾ ਜਨਮ ਕਿਥੇ ਹੋਇਆ ਸੀ। ਅਜਿਹੀਆਂ ਸਤਿ ਘਟਨਾਵਾਂ ਦੇ ਹੁੰਦਿਆਂ ਹੋਇਆਂ ਜੇ ਕੋਈ ਇਹ ਕਹੀ ਜਾਵੇ ਕਿ ਪਾਪਾਂ ਦਾ ਫਲ ਨਹੀਂ ਮਿਲਣਾ ਤਾਂ ਉਸ ਨਾਲੋਂ ਵੱਡਾ ਮੂਰਖ ਹੋਰ ਕੋਈ ਨਹੀਂ ਹੋਇਆ ਕਰਦਾ। ਇਹ ਤਾਂ ਵਾਹਿਗੁਰੂ ਜੀ ਨੇ ਆਪਣਾ ਹੁਕਮ ਵਰਤਾਇਆ ਹੋਇਆ ਹੈ ਜਿਸ ਕਰਕੇ ਜੀਵਾਂ ਨੂੰ ਕਰਮਾਂ ਦਾ ਫਲ ਅਵਸ਼ ਹੀ ਭੋਗਣਾ ਪੈਂਦਾ ਹੈ। ਸੋ ਇਹ

ਖਿਆਲ ਹਨ ਉਨ੍ਹਾਂ ਨਾਸਤਕ ਬੰਦਿਆਂ ਦੇ ਜੋ ਸਤਿ ਸਿਧਾਂਤਾਂ ਨੂੰ ਸੁਣ ਕੇ ਅੱਖਾਂ ਮੀਚ ਛਡਦੇ ਹਨ ਪਰ ਜਦੋਂ ਗੁਰੂ ਦੀ ਕ੍ਰਿਪਾ ਹੁੰਦੀ ਹੈ ਉਸ ਵੇਲੇ ਉਨ੍ਹਾਂ ਦੇ ਨਿਸ਼ਚੇ ਬਦਲ ਜਾਇਆ ਕਰਦੇ ਹਨ। ਉਹ ਸਤਿਸੰਗ ਵਿਚ ਆਉਂਦਾ ਹੈ, ਬਚਨ ਸੁਣਦਾ ਹੈ ਤਾਂ ਉਸ ਨੂੰ ਸੋਝੀ ਪੈਂਦੀ ਹੈ ਕਿ ਮੇਰਾ ਜਨਮ ਗੁਰੂ ਵਾਲਾ ਹੋ ਕੇ ਨਾਮ ਜਪਣ ਲਈ ਪ੍ਰਾਪਤ ਹੋਇਆ ਹੈ। ਉਸ ਨੂੰ ਸੰਸਾਰ ਦੀ ਗਤੀ ਦੇਖ ਕੇ ਕਿ ਇਥੇ ਕੋਈ ਵੀ ਨਹੀਂ ਰਹਿੰਦਾ। ਸਭ ਨੂੰ ਆਪਣੀ ਵਾਰੀ ਆਈ ਤੇ ਜਾਣਾ ਪੈਂਦਾ ਹੈ -

**ਧਾਰਨਾ - ਇਥੇ ਰਿਹਾ ਨ ਜਗਤ**
**ਉਤੇ ਕੋਈ,**
**ਵਾਰੀ ਆਈ ਤੁਰ ਜਾਵਣਾ**

**ਰਹਣੁ ਨ ਪਾਵਹਿ ਸੁਰਿ ਨਰ ਦੇਵਾ॥**
**ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ॥**
**ਜੀਵਤ ਪੇਖੇ ਜਿਨੀ**
**ਹਰਿ ਹਰਿ ਧਿਆਇਆ॥**
**ਸਾਧਸੰਗਿ ਤਿਨੀ ਦਰਸਨੁ ਪਾਇਆ॥**
**ਬਾਦਿਸਾਹ ਸਾਹ ਵਾਪਾਰੀ ਮਰਨਾ॥**
**ਜੋ ਦੀਸੈ ਸੋ ਕਾਲਹਿ ਖਰਨਾ॥**
**ਕੂੜੈ ਮੋਹਿ ਲਪਟਿ ਲਪਟਾਨਾ॥**
**ਛੋਡਿ ਚਲਿਆ ਤਾ ਫਿਰਿ ਪਛੁਤਾਨਾ॥**
**ਕ੍ਰਿਪਾ ਨਿਧਾਨ ਨਾਨਕ ਕਉ**
**ਕਰਹੁ ਦਾਤਿ॥**
**ਨਾਮੁ ਤੇਰਾ ਜਪੀ ਦਿਨੁ ਰਾਤਿ॥**
**ਪੰਨਾ - 740**

ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ ਕਿ ਵੱਡੀਆਂ-ਵੱਡੀਆਂ ਉਮਰਾਂ ਵਾਲੇ, ਵੱਡੀਆਂ-ਵੱਡੀਆਂ ਪਦਵੀਆਂ ਵਾਲੇ ਦੇਵਤਾ, ਪੀਰ, ਪੈਗੰਬਰ, ਅਵਤਾਰ, ਸਭ ਨੂੰ ਸੰਸਾਰ ਤੋਂ ਜਾਣਾ ਪੈਂਦਾ ਹੈ ਜਿਵੇਂ ਕਿ ਆਪ ਦਸਦੇ ਹਨ -

**ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ,**
**ਰਾਮ ਚੰਦ੍ਰ ਕ੍ਰਿਸ਼ਨ ਕੇ**
**ਅਵਤਾਰ ਭੀ ਅਨੇਕ ਹੈਂ।**
**ਬ੍ਰਹਮਾ ਅਰੁ ਬਿਸ਼ਨ ਕੇਤੇ**
**ਬੇਦ ਔ ਪੁਰਾਨ ਕੇਤੇ,**
**ਸਿੰਮ੍ਰਿਤਿ ਸਮੂਹਨ ਕੈ**
**ਹੁਇ ਹੁਇ ਬਿਤਾਏ ਹੈਂ।**
**ਮੋਨਦੀ ਮਦਾਰ ਕੇਤੇ**
**ਅਸੁਨੀ ਕੁਮਾਰ ਕੇਤੇ,**
**ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ।**
**ਪੀਰ ਔ ਪਿਕਾਂਬਰ ਕੇਤੇ**
**ਗਨੇ ਨ ਪਰਤ ਏਤੇ,**
**ਭੂਮ ਹੀ ਤੇ ਹੁਇਕੈ**
**ਫੇਰ ਭੂਮ ਹੀ ਮਿਲਏ ਹੈਂ॥ ਅਕਾਲ ਉਸਤਤਿ**

ਅਜਿਹੇ ਬਚਨਾਂ ਤੇ ਨਿਸ਼ਚਾ ਲਿਆ ਕੇ ਜੀਵ ਦੇ ਮਨ ਵਿਚ ਬੈਰਾਗ ਪੈਦਾ ਹੋਇਆ ਕਰਦਾ ਹੈ। ਰੂਹਾਨੀ ਸਫਰ ਲਈ ਬੈਰਾਗ ਬਹੁਤ ਹੀ ਅਵਸ਼ਕ ਹੈ। ਦੋ ਚੀਜ਼ਾਂ ਹੁੰਦੀਆਂ ਹਨ ਇਕ ਨੂੰ ਰਾਗ ਆਖਿਆ ਜਾਂਦਾ ਹੈ, ਦੂਜੇ ਨੂੰ ਬੈਰਾਗ। ਰਾਗ ਉਹ ਹੁੰਦਾ ਹੈ ਕਿ ਪੁਤਰਾਂ ਧੀਆਂ, ਰਿਸ਼ਤੇਦਾਰਾਂ, ਮਿਤਰਾਂ ਦੇ ਨਾਲ ਮੋਹ ਪੈਦਾ ਹੋਣਾ ਅਤੇ ਜ਼ਮੀਨਾਂ ਜਾਇਦਾਦਾਂ ਦੇ ਨਾਲ ਅਪਣੱਤ ਦੇ ਸੰਗਲ ਨਾਲ ਬੰਨ੍ਹਿਆ ਜਾਣਾ। ਬੈਰਾਗ ਉਹ ਜਜ਼ਬਾ ਹੁੰਦਾ ਹੈ ਜਿਸ ਦੇ ਅਧੀਨ ਆਪਣੇ ਜੀਵਨ ਮਨੋਰਥ ਨੂੰ ਪ੍ਰਾਪਤ ਕਰਨ ਤੋਂ ਬਿਨਾਂ ਹੋਰ ਸਾਰੀਆਂ ਮੋਹ ਲੈਣ ਵਾਲੀਆਂ ਚੀਜ਼ਾਂ, ਵਿਅਕਤੀਆਂ ਨਾਲ ਕਿਸੇ ਤਰ੍ਹਾਂ ਦੇ ਨਾਲ ਬੰਧਾਏਮਾਨ ਨਾ ਹੋਣਾ। ਮਹਾਂਪੁਰਸ਼ਾਂ ਦਾ ਐਸਾ ਬਚਨ ਹੈ ਕਿ -

**ਬ੍ਰਹਮ ਲੋਕ ਲੌਂ ਭੋਗ ਜੋ ਚਹੈ**
**ਸਬਨ ਕੋ ਤਿਆਗ॥**
**ਵੇਦ ਅਰਥ ਗਿਆਤਾ ਮੁਨੀ**
**ਕਹਤ ਤਾਹਿ ਵੈਰਾਗ॥**
**ਵਿਚਾਰ ਸਾਗਰ, ਪੰਨਾ - 5**

ਵਿਵੇਕ ਬੁੱਧੀ ਪ੍ਰਾਪਤ ਹੋ ਜਾਣੀ ਕਿ ਸੰਸਾਰ ਵਿਚ ਸਤਿ ਵਸਤੂ ਕੇਵਲ ਆਤਮਾ ਹੈ ਬਾਕੀ ਸਾਰੀਆਂ ਚੀਜ਼ਾਂ ਅਨਾਤਮ ਹੋਣ ਕਰਕੇ ਵਿਨਾਸ਼ਸ਼ੀਲ ਹਨ, ਉਨ੍ਹਾਂ ਦੀ ਕੋਈ ਹਸਤੀ ਨਹੀਂ ਹੁੰਦੀ, ਕੋਈ ਅੱਜ ਕੋਈ ਕੱਲ ਸਭ ਦਾ ਨਾਸ਼ ਹੋ ਜਾਇਆ ਕਰਦਾ ਹੈ। ਐਸਾ ਹਿਰਦੇ ਵਿਚ ਗਿਆਨ ਹੋ ਜਾਣਾ ਵਿਵੇਕ ਕਹਾਇਆ ਕਰਦਾ ਹੈ। ਜਦੋਂ ਵਿਵੇਕ ਬਿਰਤੀ ਉਦੈ ਹੋ ਜਾਂਦੀ ਹੈ ਤਾਂ ਸਤਿ ਦੀ ਸੋਝੀ ਹੋਣ ਲਗਦੀ ਹੈ ਅਤੇ ਅਸਤਿ ਨਾਲ ਕੋਈ ਵੀ ਲਗਾਓ ਨਹੀਂ ਰਿਹਾ ਕਰਦਾ। ਆਤਮਾ ਅਚੱਲ ਹੈ, ਅਬਿਨਾਸੀ ਹੈ ਪਰ ਸੰਸਾਰ ਨਾਸ਼ਵਾਨ ਹੈ, ਗਤੀਸ਼ੀਲ ਹੈ ਇਸ ਗੱਲ ਦੀ ਸੋਝੀ ਹੋ ਜਾਣੀ ਵਿਵੇਕ ਕਹਾਇਆ ਕਰਦਾ ਹੈ, ਇਹ ਸਾਰੇ ਸਾਧਨਾਂ ਦਾ ਪ੍ਰਭੂ ਪ੍ਰਾਪਤੀ ਵਾਸਤੇ ਮੂਲ ਹੈ। ਐਸਾ ਮਹਾਂਪੁਰਸ਼ ਕਹਿੰਦੇ ਹਨ -

**ਅਬਿਨਾਸੀ ਆਤਮ ਅਚਲ**
**ਜਗ ਜਾਤੈ ਪ੍ਰਤਿਕੂਲ।**
**ਐਸੋ ਗਿਆਨ ਵਿਵੇਕ ਹੈ**
**ਸਭ ਸਾਧਨ ਕੋ ਮੂਲ। ਵਿਚਾਰ ਸਾਗਰ**

ਇਸ ਤੋਂ ਪਿਛੋਂ ਖਟਸਮਤੀ ਦੇ ਸਾਧਨ ਕਰਨੇ ਪਿਆ ਕਰਦੇ ਹਨ, ਜਿਸ ਨੂੰ ਥੋੜ੍ਹੇ ਅੱਖਰਾਂ ਵਿਚ ਦਸਦਿਆਂ ਮਹਾਂਪੁਰਸ਼ ਫੁਰਮਾਨ ਕਰਦੇ ਹਨ -

**ਸ਼ਮ ਦਮ ਸ਼ਰਧਾ**
**ਤੀਸਰੀ ਸਮਾਧਾਨ ਉਪਰਾਮ॥**
**ਛਠੀ ਤਿਤੀਕਸ਼ਾ ਜਾਨਿਏਂ**
**ਭਿੰਨ ਭਿੰਨ ਯਹ ਨਾਮ॥ ਵਿਚਾਰ ਸਾਗਰ**

ਜਗਿਆਸੂ ਨੂੰ ਸਤਿਸੰਗ ਪ੍ਰਾਪਤ ਹੋ ਕੇ ਵਿਵੇਕ ਬਿਰਤੀ ਅਤੇ ਬੈਰਾਗ ਬਿਰਤੀ ਤੋਂ ਲਾਭ ਉਠਾਉਂਦਿਆਂ ਜੀਵਨ ਦੇ ਵਰਤਾਰੇ ਵਿਚ ਪੂਰੀ ਤਰ੍ਹਾਂ ਨਾਲ ਸ਼ੁਧੀ ਲਿਆ ਕੇ 10 ਪ੍ਰਕਾਰ ਦੇ ਯਮ ਅਤੇ 10 ਪ੍ਰਕਾਰ ਦੇ ਨਿਯਮਾਂ

ਦੀ ਪੂਰੀ ਤਰ੍ਹਾਂ ਪਾਲਣਾ ਕਰਨੀ ਪੈਂਦੀ ਹੈ, ਜਿਸ ਦਾ ਵਰਣਨ ਪਹਿਲੇ ਦੀਵਾਨਾਂ ਵਿਚ ਵਿਸਥਾਰ ਨਾਲ ਆ ਚੁਕਿਆ ਹੈ। ਸੰਖੇਪ ਰੂਪ ਵਿਚ ਯਮ 10 ਪ੍ਰਕਾਰ ਦਾ ਹੁੰਦਾ ਹੈ, ਜਿਸ ਵਿਚ ਪਹਿਲਾਂ ਤਿੰਨ ਪ੍ਰਕਾਰ ਦੀ ਅਹਿੰਸਾ ਦਾ ਪਾਲਣ, 2. ਝੂਠ ਨਾ ਬੋਲਣਾ, 3. ਸਰੀਰ ਕਰਕੇ ਮਨ ਕਰਕੇ, ਬੁੱਧੀ ਕਰਕੇ, ਵਾਕ ਰਾਹੀਂ, ਕਿਸੇ ਦੀ ਪ੍ਰਸੰਸਾ ਦੀ, ਕਿਸੇ ਦੀ ਕਵਿਤਾ ਦੀ, ਕਿਸੇ ਦੀ ਵਿਦਵਤਾ ਦੀ ਚੋਰੀ ਨਾ ਕਰਨੀ, 4. ਅੱਠ ਪ੍ਰਕਾਰ ਦਾ ਜਤ ਰਖਣਾ, 5. ਧੀਰਜ, ਖਿਮਾ, ਦਇਆ। ਧੀਰਜ - ਦੁਖ ਸੁਖ ਵਿਚ ਸਮ ਬਿਰਤੀ ਰਖਣੀ; ਖਿਮਾ - ਕਿਸੇ ਦਾ ਔਗੁਣ ਦੇਖ ਕੇ ਸਮਝਾ ਬੁਝਾ ਕੇ ਮਾਫ ਕਰ ਦੇਣਾ; ਦਇਆ - ਕਿਸੇ ਨੂੰ ਦੁਖੀ ਦੇਖ ਕੇ ਉਸਦੀ ਸਹਾਇਤਾ ਕਰਨੀ ਦਇਆ ਕਹਾਉਂਦੀ ਹੈ; ਸਭ ਨੂੰ ਅੱਛੀ ਸਲਾਹ ਦੇਣੀ, ਜਿਸ ਵਿਚ ਉਸ ਨੂੰ ਸੁਖ ਦੀ ਪ੍ਰਾਪਤੀ ਹੋਵੇ ਅਤੇ ਉਹ ਗੁੰਝਲਾਂ ਵਿਚੋਂ ਬਚ ਜਾਵੇ; ਉਸ ਲਈ ਹਿਤ ਰਖਣਾ, ਕੋਮਲ ਹਿਰਦਾ ਰਖਣਾ। ਭੁੱਖ ਰੱਖ ਕੇ ਖਾਣਾ, ਪੇਟ ਭਰ ਕੇ ਨਾ ਖਾਣਾ ਇਹ ਮਰਿਆਦਾ ਕਹਾਉਂਦੀ ਹੈ। ਜਲ ਨਾਲ ਸਰੀਰ ਦੀ ਪਵਿਤਰਤਾ ਰੱਖਣੀ, ਵਸਤਰਾਂ ਦੀ ਪਵਿਤਰਤਾ ਰੱਖਣੀ, ਰਹਿਣ ਵਾਲੇ ਥਾਂ ਨੂੰ ਪਵਿੱਤਰ ਕਰਕੇ ਰਖਣਾ, ਇਰਦ ਗਿਰਦ ਗੰਦਗੀ ਦੇ ਢੇਰ ਨਾ ਲਾ ਕੇ ਰੱਖਣੇ, ਜੇ ਵਾਧੂ ਥਾਂ ਹੋਵੇ ਤਾਂ ਫੁਲ ਆਦਿ ਲਾ ਲੈਣੇ। ਮਨ ਵਿਚ ਰਾਗ, ਦ੍ਵੈਸ਼, ਈਰਖਾ, ਨਿੰਦਿਆ, ਚੁਗਲੀ, ਦੂਸਰੇ ਦਾ ਬੁਰਾ ਚਿਤਵਨਾ, ਵੈਰ ਕਰਨਾ, ਬਦਲਾ ਲੈਣ ਦੇ ਖਿਆਲ ਆਉਣੇ ਇਨ੍ਹਾਂ ਖਿਆਲਾਂ ਦੇ ਉਲਟ ਇਹ ਭਾਵਨਾ ਰੱਖਣੀ -

> ***ਨਾਨਕ ਨਾਮ ਚੜ੍ਹਦੀ ਕਲਾ,***
> ***ਤੇਰੇ ਭਾਣੇ ਸਰਬੱਤ ਕਾ ਭਲਾ।***

ਇਹ ਮਨ ਦੀ ਪਵਿੱਤਰਤਾ ਕਹਾਉਂਦੀ ਹੈ। ਸਤਿ ਸ਼ਾਸਤਰਾਂ ਦੀ ਵਿਚਾਰ ਕਰਨੀ, ਉਸ ਦੇ ਅਰਥਾਂ ਨੂੰ ਹਿਰਦੇ ਵਿਚ ਧਾਰਨ ਕਰਨਾ ਅਤੇ ਯਥਾਸ਼ਕਤ ਸਮਾਂ ਕੱਢ ਕੇ ਦੂਸਰਿਆਂ ਨੂੰ ਉਨ੍ਹਾਂ ਦਾ ਲਾਭ ਪਹੁੰਚਾਉਣਾ ਅਤੇ ਸਦਾ ਹੀ ਸ਼ੁਭ ਮਤ ਦੇਣ ਲਈ ਤਤਪਰ ਰਹਿਣਾ, ਭੁੱਲੜਾਂ, ਨਾਸਤਕਾਂ, ਮਨਮੁਖਾਂ, ਬੇਮੁਖਾਂ ਤੇ ਤਰਸ ਕਰਕੇ ਉਨ੍ਹਾਂ ਨੂੰ ਅਨੇਕ ਦਲੀਲਾਂ ਨਾਲ ਪ੍ਰਮੇਸ਼ਰ ਉਤੇ ਭਾਵਨਾ ਲਿਆਉਣ ਦਾ ਯਤਨ ਕਰਨਾ, ਇਹ ਬੁੱਧੀ ਦੀ ਪਵਿੱਤਰਤਾ ਹੁੰਦੀ ਹੈ। ਜ਼ੁਬਾਨ ਨਾਲ ਕਦੇ ਵੀ ਕੌੜਾ ਨਾ ਬੋਲਣਾ, ਫਿੱਕਾ ਨਾ ਬੋਲਣਾ, ਕਿਸੇ ਗੱਲ ਦਾ ਮੇਹਣਾ ਨਾ ਦੇਣਾ, ਕੋਈ ਬਚਨ ਕਰਕੇ ਦਿਲ ਨਾ ਤੋੜਨਾ, ਇਹ ਵਾਕ ਦੀ ਪਵਿੱਤਰਤਾ ਕਹਾਇਆ ਕਰਦੀ ਹੈ। ਪੰਜਾਂ ਗਿਆਨ ਇੰਦਰਿਆਂ ਨੂੰ ਵਿਕਾਰਾਂ ਤੋਂ ਸਾਫ ਰਖਣਾ, ਅੱਖਾਂ ਨਾਲ ਗੁਰੂ ਦੇ ਦਰਸ਼ਨ ਕਰਨੇ, ਕੰਨਾਂ ਨਾਲ ਗੁਰੂ ਦੀ ਬਾਣੀ ਤੇ ਸਤਿ ਸਾਸ਼ਤਰਾਂ ਦੀ ਵਿਚਾਰ ਕਰਨੀ, ਰਸਨਾ ਦੇ ਨਾਲ ਹਰੀ ਦੇ ਗੁਣ ਗਾਉਣੇ ਆਦਿ ਇਹ ਗਿਆਨ ਇੰਦਰਿਆਂ ਦੀ ਪਵਿਤਰਤਾ ਕਹਾਇਆ ਕਰਦੀ ਹੈ। ਹੱਥਾਂ ਨਾਲ ਕੋਈ ਬੁਰਾ ਕੰਮ ਨਾ ਕਰਨਾ, ਪੈਰਾਂ ਨਾਲ ਬੁਰੇ ਥਾਵਾਂ ਤੇ ਚਲ ਕੇ ਨਾ ਜਾਣ ਤੋਂ ਪੂਰੀ ਤਰ੍ਹਾਂ ਸੰਕੋਚ ਕਰਨਾ, ਕੁਸੰਗਤ ਵਿਚ ਬੈਠ ਕੇ ਨਾਸਤਕਾਂ ਦੀਆਂ ਗੱਲਾਂ ਨਾ ਸੁਣਨਾ, ਨਾ ਹੀ ਫਜ਼ੂਲ ਗੱਲਾਂ ਸਰਵਣ ਕਰਨੀਆਂ, ਟੈਲੀਵੀਜ਼ਨ ਵਿਚ ਨੰਗੇਜ਼ ਨਾ ਤਕਣੇ ਅਤੇ ਮਨ ਦਾ ਵਿਚਲਤ ਹੋਣਾ, ਅਭਿਮਾਨ ਤੋਂ ਰਹਿਤ ਹੋਣਾ, ਸਦਾ ਹੀ ਆਪਣੇ ਮਨ ਨੂੰ ਨੀਵਾਂ ਰਖਣਾ ਇਹ ਗਿਆਨ ਇੰਦਰਿਆਂ, ਕਰਮ ਇੰਦਰਿਆਂ ਦੀ ਪਵਿਤਰਤਾ ਕਹਾਉਂਦੀ ਹੈ। ਇਸ ਤੋਂ ਇਲਾਵਾ ਕੁਝ ਨੇਮ ਵੀ ਜ਼ਰੂਰੀ ਹਨ, ਬਿਰਤੀ ਨੂੰ ਰੋਕ ਕੇ ਨਾਮ ਵਿਚ ਲਾਉਣਾ, ਫੁਰਨੇ ਮਨ ਵਿਚ ਆਉਣ ਨਾ ਦੇਣੇ, ਸੇਵਾ ਕਰਨੀ, ਖੇਚਲ ਸਹਿ ਕੇ ਵੀ ਸਤਿਸੰਗ ਸਰਵਣ ਕਰਨਾ, ਸਤਿਸੰਗ ਦੇ ਸ਼ਾਮਿਆਨੇ ਲਾਉਣੇ, ਦਰੀਆਂ ਵਿਛਾਉਣੀਆਂ, ਜੋੜੇ ਸਾਂਭ ਕੇ ਰਖਣੇ, ਸਾਈਕਲਾਂ, ਮੋਟਰ ਸਾਈਕਲਾਂ, ਕਾਰਾਂ ਦੀ ਨਿਗਰਾਨੀ ਰਖਣੀ, ਸੰਗਤ ਦੇ ਅਰਾਮ ਲਈ ਹਵਾ ਦਾ ਬੰਦੋਬਸਤ ਕਰਨਾ, ਠੰਢੇ ਜਲ ਦਾ ਬੰਦੋਬਸਤ ਕਰਨਾ, ਲੰਗਰ ਆਦਿ ਪਕਾ ਕੇ ਛਕਾਉਣਾ ਇਸ ਨੂੰ ਸ੍ਰੇਸ਼ਟ ਤਪ ਜਾਂ ਸਾਂਤਕੀ ਤਪ ਵੀ ਆਖਿਆ ਜਾਂਦਾ ਹੈ। ਗਿਆਨ ਇੰਦਰਿਆਂ ਦੇ ਉਪਰ ਪੂਰੀ ਤਰ੍ਹਾਂ ਬੰਧ ਲਾ ਕੇ ਸੰਤੋਖ ਧਾਰਨ ਕਰਨਾ, ਨੇਤਰਾਂ ਨਾਲ ਪਰਾਏ ਰੂਪ ਨਾ ਤਕਣੇ, ਕੰਨਾ ਨਾਲ ਨਿੰਦਿਆ, ਚੁਗਲੀ, ਆਦਿ ਨਾ ਸੁਣਨੀ, ਨਾਸਤਕਾਂ ਦੀਆਂ ਕੁਤਰਕਾਂ ਤੋਂ ਦੂਰ ਰਹਿਣਾ, ਰਸਨਾ ਨਾਲ ਪ੍ਰਭੂ ਦਾ ਨਾਮ ਜਪਦੇ ਰਹਿਣਾ, ਬਾਣੀ ਪੜ੍ਹਦੇ ਰਹਿਣਾ, ਹੱਥਾਂ ਪੈਰਾਂ ਨੂੰ ਵਿਕਾਰਾਂ ਤੋਂ ਬਚਾ ਕੇ ਰਸਨਾ ਨੂੰ ਕੁ-ਰਸਾਂ (ਸ਼ਰਾਬ, ਮਾਸ, ਆਂਡੇ) ਤੋਂ ਬਚਾ ਕੇ ਰਖਣਾ। ਸਤੋ ਗੁਣੀ ਭੋਜਨ ਛਕਣਾ ਕਿਉਂਕਿ ਖਾਣ ਦਾ ਮਨ ਉਪਰ ਪੂਰੀ ਤਰ੍ਹਾਂ ਅਸਰ ਹੋ ਜਾਇਆ ਕਰਦਾ ਹੈ, ਰਜੋ ਗੁਣ ਤੇ ਤਮੋ ਗੁਣੀ ਖੁਰਾਕ ਮਨ ਨੂੰ ਭਜਨ ਵਿਚ ਨਹੀਂ ਲਗਣ ਦਿੰਦੀਆਂ, ਮਨ ਮੋਟਾ ਹੋ ਜਾਂਦਾ ਹੈ, ਬੁੱਧੀ ਵਿਚਾਰ ਦੀ ਰਾਹ ਤੋ ਹਟ ਕੇ ਅੰਧਕਾਰ ਵਿਚ ਆ ਜਾਂਦੀ ਹੈ, ਐਸਾ ਰਹਿਤਨਾਮੇ ਵਿਚ ਆਉਂਦਾ ਹੈ -

> ***ਜਾ ਕੀ ਰਹਤ ਨ ਜਾਣੀਐ***
> ***ਗੁਰਬਾਣੀ ਨਹੀ ਗੀਤ।***
> ***ਤਿਸ ਦੇ ਹਥੋਂ ਖਾਧੀਐ***
> ***ਵਿਸਰੇ ਹਰਿ ਕੀ ਪ੍ਰੀਤ। ਰਹਿਤਨਾਮਾ***
>
> ***ਕਬੀਰ ਖੂਬੁ ਖਾਨਾ ਖੀਚਰੀ***
> ***ਜਾ ਮਹਿ ਅੰਮ੍ਰਿਤੁ ਲੋਨੁ॥***
> ***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥***
> ***ਪੰਨਾ - 1374***

ਪਹਿਲਾਂ ਕਿਸੇ ਦਾ ਮਾਸ ਖਾਓ, ਫੇਰ ਆਪਣਾ ਗਲਾ ਕਟਾਓ ਇਹ ਅਗਿਆਨਤਾ ਦੀ ਹੀ ਗੱਲ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਸੰਤੋਖ ਧਾਰਨਾ, ਸੰਤੋਖ ਕਹਾਇਆ ਕਰਦਾ ਹੈ। ਦੂਸਰਾ ਸੰਤੋਖ ਹੋਇਆ ਕਰਦਾ ਹੈ ਕਿ ਮਨ ਵਿਚ ਫੁਰਨੇ ਆਉਣੇ ਕਿ ਜਿੰਨਾਂ ਮਿਲ ਗਿਆ ਇਹ ਤਾਂ ਥੋੜ੍ਹਾ ਹੀ ਹੈ, ਹੋਰ ਮਿਲਣਾ ਚਾਹੀਦਾ ਹੈ, ਹੋਰ-ਹੋਰ ਦੀ ਲਾਲਸਾ ਮਨ ਵਿਚ ਲੱਗੀ ਰਹਿਣੀ,

ਉਸ ਦੀ ਪ੍ਰਾਪਤੀ ਵਾਸਤੇ ਦਿਨ ਰਾਤ ਨੱਠੇ ਫਿਰਨਾ ਅਤੇ ਭਜਨ ਬੰਦਗੀ ਦਾ ਸਾਰਾ ਸਮਾਂ ਤ੍ਰਿਸ਼ਨਾ ਦੇ ਵੇਗ ਵਿਚ ਖਤਮ ਕਰ ਦੇਣਾ। ਇਸ ਤੋਂ ਵਿਪਰੀਤ ਸੰਤੋਖ ਬਿਰਤੀ ਧਾਰਨ ਕਰਕੇ ਰਖਣਾ। ਤ੍ਰਿਸ਼ਨਾ ਇਕ ਅਗਨ ਹੈ, ਇਹ ਮੌਤ ਨੂੰ ਭੁਲਾ ਦਿੰਦੀ ਹੈ, ਮੌਤ ਤੋਂ ਭੁੱਲਿਆ ਆਦਮੀ ਵਿਕਾਰਾਂ ਵਿਚ ਗ੍ਰਸਤ ਹੋ ਜਾਂਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਹਰਿ ਗੁਨ ਕਾਹਿ ਨ ਗਾਵਹੀ*
*ਮੂਰਖ ਅਗਿਆਨਾ॥*
*ਝੂਠੈ ਲਾਲਚਿ ਲਾਗਿ ਕੈ*
*ਨਹਿ ਮਰਨੁ ਪਛਾਨਾ॥ ਪੰਨਾ - 726*

ਸੋ ਇਹ ਭਜਨ ਕਰਨ ਲਈ ਬਹੁਤ ਹੀ ਜ਼ਰੂਰੀ ਰਹਿਤ ਹੈ। ਗੁਰੂ ਦੀ ਬਾਣੀ ਨੂੰ ਪੂਰੀ ਤਰ੍ਹਾਂ ਸੱਚੀ ਮੰਨ ਕੇ ਹਿਰਦੇ ਵਿਚ ਧਾਰਨ ਕਰਨਾ ਅਤੇ ਉਸ ਦੇ ਮੁਤਾਬਿਕ ਚਲਣਾ, ਆਸਤਕ ਭਾਵ ਕਹਾਉਂਦੇ ਹਨ। ਇਸੇ ਤਰ੍ਹਾਂ ਨਾਲ ਦਾਨ ਬਿਰਤੀ ਧਾਰਨ ਕਰਨਾ ਖੁਸ਼ੀ ਵੀ ਦਿੰਦੀ ਹੈ ਅਤੇ ਆਪਣੇ ਫਰਜ਼ ਨੂੰ ਵੀ ਪੂਰਾ ਕਰਦੀ ਹੈ ਕਿਉਂਕਿ ਅਸੀਂ ਸਦੀਵ ਵਾਹਿਗੁਰੂ ਜੀ ਦਾ ਦਿਤਾ ਹੋਇਆ ਹੀ ਖਾਂਦੇ ਹਾਂ। ਜੇ ਅਸੀਂ ਉਸ ਦੇ ਨਮਿਤ ਨਾ ਕੱਢੀਏ ਤਾਂ ਅਸੀਂ ਵਿਕਾਰਾਂ ਵਿਚ ਗ੍ਰਸਤ ਹੋ ਜਾਂਦੇ ਹਾਂ ਕਿਉਂਕਿ ਪ੍ਰਮੇਸ਼ਰ 'ਸਭਨਾ ਜੀਆ ਕਾ ਇਕੁ ਦਾਤਾ' ਭੁੱਲਿਆ ਰਹਿੰਦਾ ਹੈ। ਜਨਮਸਾਖੀ ਵਿਚ ਨਸੀਹਤਨਾਮੇ ਵਿਚ ਗੁਰੂ ਮਹਾਰਾਜ ਜੀ ਵਲੋਂ ਉਪਦੇਸ਼ ਹੋਇਆ। ਦਸਦੇ ਹਨ ਕਿ ਜਿਸ ਅਨੁਸਾਰ ਕਾਰੂੰ ਬਾਦਸ਼ਾਹ ਦੇ ਕੋਲ ਜਾ ਕੇ ਮਹਾਰਾਜ ਜੀ ਨੇ ਉਸ ਨੂੰ ਸਮਝਾਇਆ ਕਿ ਕਾਰੂੰ! ਤ੍ਰਿਸ਼ਨਾ ਦੇ ਅਧੀਨ ਹੋ ਕੇ ਤੂੰ ਬੇਅੰਤ ਧਨ ਜੋੜਿਆ ਹੈ, ਪ੍ਰਜਾ ਤੋਂ ਸਾਰਾ ਧਨ ਖੋਹ ਲਿਆ ਹੈ, ਹੇ ਪਿਆਰਿਆ-

*ਦਮੜਾ ਤਿਸੀ ਕਾ ਜੋ*
*ਖਰਚੈ ਅਰ ਖਾਇ।*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥*
*ਨਸੀਹਤਨਾਮਾ*

ਵਾਹਿਗੁਰੂ ਜੀ ਨੇ ਸਾਨੂੰ ਸਵਸਥ ਸਰੀਰ ਦਿਤਾ ਹੈ, ਸੋਝੀ ਦਿਤੀ ਹੈ, ਪੈਸਾ ਕਮਾਉਣ ਲਈ ਬੁੱਧੀ ਅਤੇ ਬਲ ਦਿਤਾ ਹੈ, ਸਾਡਾ ਫਰਜ਼ ਬਣ ਜਾਂਦਾ ਹੈ ਕਿ ਅਸੀਂ ਉਸ ਦੇ ਦਿਤੇ ਵਿਚੋਂ ਉਸ ਦੇ ਨਮਿੱਤ ਕੁਝ ਭੇਟਾ ਕਰੀਏ। ਦਾਨ ਤਿੰਨ ਕਿਸਮ ਦਾ ਹੁੰਦਾ ਹੈ -

ਜਿਹੜਾ ਦਾਨ ਖਿਝ ਕੇ ਲੋਕਾਂ ਦੇ ਕਹੇ ਕਹਾਏ ਆਪਣੇ ਵਿਤ ਤੋਂ ਵਧ ਕੇ ਦੇਣਾ ਹੈ, ਉਹ ਦਾਨ ਸ਼ਾਂਤੀ ਨਹੀਂ ਦਿਆ ਕਰਦਾ, ਬਿਰਤੀ ਤਮੋ ਗੁਣ ਵਿਚ ਚਲੀ ਜਾਂਦੀ ਹੈ, ਕ੍ਰੋਧ ਆਇਆ ਰਹਿੰਦਾ ਹੈ, ਉਹ ਲੈਣ ਵਾਲੇ ਨੂੰ ਵੀ ਫਲੀਭੂਤ ਨਹੀਂ ਹੁੰਦਾ। ਈਸਾ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਆਦਮੀ ਦਾਨ ਦਿੰਦਾ ਹੈ, ਉਸ ਵੇਲੇ ਸੱਜੇ ਹੱਥ ਦਾ ਦਿਤਾ ਹੋਇਆ ਦਾਨ ਖੱਬੇ ਨੂੰ ਪਤਾ ਨਾ ਲੱਗੇ। ਖਿਝ ਕੇ ਦਿਤਾ ਹੋਇਆ ਦਾਨ, ਕਿਸੇ ਦਬਾਅ ਵਿਚ ਆ ਕੇ ਆਪਣੇ ਵਿਤ ਤੋਂ ਵੱਧ ਦਿਤਾ ਹੋਇਆ ਦਾਨ ਤਮੋ ਗੁਣੀ ਦਾਨ ਹੁੰਦਾ ਹੈ, ਉਸ ਦਾ ਫਲ ਨਹੀਂ ਲਗਦਾ।

ਦੂਸਰੀ ਕਿਸਮ ਦਾ ਦਾਨ - ਆਪਣਾ ਕੋਈ ਬਿਜ਼ਨਸ ਚਲਦਾ ਹੈ, ਕੋਈ ਕਾਰੋਬਾਰ ਕਰ ਰਿਹਾ ਹੈ, ਆਪਣੇ ਹਿਤ ਅਤੇ ਜਸ ਵਾਸਤੇ ਦਿਤਾ ਹੋਇਆ ਦਾਨ, ਦਾਨ ਦੇ ਕੇ ਨਾਮ ਲਿਖਵਾ ਕੇ ਆਪਣੇ ਜਸ ਲਈ ਪੱਥਰ ਲਵਾਉਣੇ, ਸਟੇਜਾਂ ਤੋਂ ਐਲਾਨ ਕਰਾਉਣੇ ਅਤੇ ਪਬਲਿਕ ਤੋਂ ਧੰਨ-ਧੰਨ ਕਰਾਉਣੀ ਇਹ ਰਾਜਸੀ ਦਾਨ ਹੋਇਆ ਕਰਦਾ ਹੈ। ਇਸ ਦਾ ਫਲ ਇੰਨਾ ਹੀ ਹੋਇਆ ਕਰਦਾ ਹੈ ਕਿ ਦੇਣ ਵਾਲੇ ਦਾ ਜਸ ਹੋ ਜਾਂਦਾ ਹੈ।

ਤੀਸਰੀ ਕਿਸਮ ਦਾ ਦਾਨ ਵਾਹਿਗੁਰੂ ਜੀ ਦੇ ਸ਼ੁਕਰਾਨੇ 'ਚ ਰਹਿ ਕੇ ਜੋ ਪਰਾਲਬਧ ਅਨੁਸਾਰ ਭਾਗਾਂ ਵਿਚ ਆ ਕੇ ਮਿਲਦਾ ਹੈ ਉਸਨੂੰ ਵਾਹਿਗੁਰੂ ਜੀ ਦਾ ਹੀ ਜਾਣਨਾ, ਉਸ ਦਾ ਜਾਣ ਕੇ ਆਪਣਾ ਵੀ ਗੁਜ਼ਾਰਾ ਕਰਨਾ ਅਤੇ ਬਚਤ ਦਾ ਦਸਵਾਂ ਹਿੱਸਾ ਗੁਰੂ ਦੇ ਨਮਿਤ ਦੇਣਾ। ਇਹ ਸਤੋ ਗੁਣੀ ਦਾਨ ਹੋਇਆ ਕਰਦਾ ਹੈ, ਇਹ ਸਦਾ ਹੀ ਖੇੜਾ ਅਤੇ ਖੁਸ਼ੀ ਬਖਸ਼ਦਾ ਹੈ। ਹਿਰਦੇ ਨੂੰ ਨਿਰਮਲ ਕਰਦਾ ਹੈ, ਅੰਤਸ਼ਕਰਣ ਨੂੰ ਧੋਂਦਾ ਹੈ ਅਤੇ ਨਾਮ ਵਿਚ ਬਿਰਤੀ ਲਵਾਉਣ ਦੀ ਸਮਰਥਾ ਰਖਦਾ ਹੈ।

ਅੰਤਰ ਆਤਮੇ ਆਪਣੇ ਗੁਰੂ ਦਾ ਧਿਆਨ ਹਿਰਦੇ ਵਿਚ ਧਾਰਨ ਕਰਨਾ ਅਤੇ ਅੰਤਰ ਉਪਾਸ਼ਨਾ ਰਾਹੀਂ ਗੁਰੂ ਦੀ ਪੂਜਾ ਕਰਨੀ, ਆਪਣਾ ਸੀਸ ਗੁਰੂ ਦੇ ਅਰਪਣ ਕਰਨਾ, ਚੌਰ ਝੁਲਾਉਣਾ, ਮੁਠੀ ਚਾਪੀ ਕਰਨੀ, ਅੰਦਰ ਹੀ ਅੰਦਰ ਉਸ ਨਾਲ ਪਿਆਰ ਕਰਨਾ, ਇਹ ਪੂਜਾ ਕਹਾਇਆ ਕਰਦੀ ਹੈ। ਅੰਮ੍ਰਿਤ ਵੇਲੇ ਉਠਣਾ, ਬਾਣੀ ਦਾ ਪਾਠ ਨਿਤਨੇਮ ਅਨੁਸਾਰ ਅਤੇ ਸ਼ਰਧਾ ਤੇ ਪ੍ਰੇਮ ਨਾਲ ਕਰਨਾ ਅਤੇ ਗੁਰੂ ਦੇ ਸਿਧਾਂਤਾਂ ਨੂੰ ਸਮਝ ਕੇ ਹਿਰਦੇ ਵਿਚ ਧਾਰਨ ਕਰਨਾ, ਸਮਾਂ ਮਿਲੇ ਤੇ ਬਾਣੀ ਪੜ੍ਹਨੀ ਅਤੇ ਪੂਰੀ ਸਾਵਧਾਨਤਾ ਵਰਤਣੀ। ਪਾਠ ਕਰਦਿਆਂ ਕਿਸੇ ਨਾਲ ਗੱਲਬਾਤ ਨਾ ਕਰਨੀ, ਇਸ ਨੂੰ ਮੌਨ ਪਾਠ ਆਖਿਆ ਜਾਂਦਾ ਹੈ। ਕਿਸੇ ਕਿਸਮ ਦਾ ਵੀ ਪਾਖੰਡ ਨਾ ਕਰਨਾ ਅਤੇ ਆਪਣੀ ਵਡਿਆਈ ਕਰਾਉਣ ਦੀ ਲੋਚਾ ਨਾ ਰਖਣੀ, ਭਜਨ ਬਾਣੀ ਨੂੰ ਗੁਪਤ ਰਖਣਾ, ਆਪਣੀ ਉਪਮਾ ਆਪ ਨਾ ਕਰਨੀ, ਦੰਭ ਤੋਂ ਸਦਾ ਹੀ ਪਰਹੇਜ਼ ਕਰਨਾ, ਆਪਣੀ ਬਿਰਤੀ ਅਭਿਮਾਨ ਰਹਿਤ ਰਖਣੀ, ਸਦਾ ਹੀ ਮਿੱਠਾ ਬੋਲ ਕੇ ਦੂਸਰੇ ਦਾ ਚਿਤ ਪ੍ਰਸੰਨ ਕਰਨਾ, ਗੁੱਸੇ ਵਿਚ ਆ ਕੇ ਕਦੇ ਵੀ ਦਿਲ ਤੋੜਨ ਵਾਲੇ ਵਾਕ ਨਾ ਬੋਲਣੇ, ਪਾਠ ਕਰਨ ਸਮੇਂ ਮਨ ਨੂੰ ਫੁਰਨਿਆਂ ਤੋਂ ਪੂਰੀ ਤਰ੍ਹਾਂ ਰੋਕਣਾ ਅਤੇ ਗੱਲਾਂ ਕਰਨ ਤੋਂ ਪੂਰੀ ਤਰ੍ਹਾਂ ਸੰਕੋਚ ਕਰਨਾ ਅਤੇ ਨਾ ਹੀ ਪਾਠ ਕਰਦੇ ਹੋਏ ਕਿਸੇ ਦੀਆਂ ਗੱਲਾਂ ਵਿਚ ਧਿਆਨ ਦੇਣਾ, ਭਜਨ ਪਾਠ ਐਸੇ ਇਕਾਂਤ ਥਾਂ ਬੈਠ ਕੇ ਕਰਨਾ ਜਿਥੇ ਕਿਸੇ ਕਿਸਮ ਦਾ ਰੌਲਾ ਗੌਲਾ ਨਾ ਹੋਵੇ ਅਤੇ ਬਿਰਤੀ ਨੂੰ

ਉਚਾਟ ਕਰਨ ਦੇ ਕੋਈ ਸਾਧਨ ਨਾ ਹੋਣ। ਭੁੱਖੇ ਅਤੇ ਪਿਆਸੇ ਦੀ ਅੰਨ, ਜਲ ਅਤੇ ਦੁਧ ਨਾਲ ਸੇਵਾ ਕਰਨੀ, ਅਤਿਥੀ ਨੂੰ ਪ੍ਰਸ਼ਾਦਾ ਦੇਣਾ। ਜੇ ਆਪ ਲੰਗਰ ਨਹੀਂ ਚਲਾ ਸਕਦਾ ਅਤੇ ਧਾਰਮਕ ਅਸਥਾਨਾਂ ਤੇ ਜਿਥੇ ਲੰਗਰ ਚਲ ਰਹੇ ਹਨ ਉਥੇ ਰਾਸ਼ਨ ਵਗੈਰਾ, ਘੀ, ਦੁਧ ਵਗੈਰਾ ਭੇਜਣਾ, ਇਸ ਨੂੰ ਹੋਮ ਆਖਿਆ ਜਾਂਦਾ ਹੈ।

ਖਟਸੰਪਤੀ ਵਿਚ ਤੀਸਰਾ ਸਾਧਨ ਜੋ ਬਹੁਤ ਹੀ ਜ਼ਰੂਰੀ ਹੈ ਉਹ ਹੈ ਕਿ ਗੁਰੂ ਉਤੇ ਪੂਰਨ ਸ਼ਰਧਾ ਰਖਣੀ, ਉਸ ਦੇ ਬਚਨਾਂ ਨੂੰ ਵੇਦ ਵਾਕ ਸਮਝ ਕੇ ਹਿਰਦੇ ਵਿਚ ਧਾਰਨ ਕਰਨਾ, ਸ਼ਰਧਾ ਤੋਂ ਬਗੈਰ ਰੂਹਾਨੀ ਮਾਰਗ ਤੇ ਚਲਣਾ ਔਖਾ ਹੀ ਨਹੀਂ ਅਸੰਭਵ ਭੀ ਹੈ।

ਇਕ ਮਹਾਂਪੁਰਸ਼ ਐਸੀ ਕਥਾ ਸੁਣਾਇਆ ਕਰਦੇ ਹਨ ਕਿ ਕਿਸੇ ਨਗਰ ਦੀ ਧਰਮਸਾਲਾ ਵਿਚ ਇਕ ਬੜੇ ਵਿਦਵਾਨ ਪੁਰਸ਼ ਕਥਾ ਕਰਿਆ ਕਰਦੇ ਸਨ। ਆਪ ਦਾ ਕਥਾ ਦਾ ਤਰੀਕਾ ਬਹੁਤ ਹੀ ਪ੍ਰਸੰਸਾਜਨਕ ਸੀ, ਆਪ ਦੇ ਬੋਲ ਵਿਚ ਮਿਠਾਸ ਸੀ, ਸੰਗਤਾਂ ਦੀ ਰੁਚੀ ਅਨੁਸਾਰ ਪ੍ਰਸੰਗ ਨੂੰ ਮੋੜ ਦੇਣ ਦਾ ਤਰੀਕਾ ਆਉਂਦਾ ਸੀ ਅਤੇ ਉਨ੍ਹਾਂ ਦੇ ਮਨੋਵਿਗਿਆਨੀ ਭਾਵ ਅਨੁਭਵ ਕਰਕੇ ਉਸੇ ਪੱਧਰ ਤੇ ਬੋਲਣ ਦੇ ਉਹ ਪੂਰੇ ਧਨੀ ਸਨ, ਹਰ ਗੱਲ ਨੂੰ ਪੂਰਨ ਤਰੀਕੇ ਨਾਲ ਕਰਦੇ ਸਨ। ਸਾਰੇ ਸ਼ਹਿਰ ਦੇ ਪ੍ਰੇਮੀ ਆਪਣੇ ਕੰਮ ਕਾਰ ਤੋਂ ਵਿਹਲੇ ਹੋ ਕੇ ਨਿਯਤ ਸਮੇਂ ਤੇ ਸਤਿਸੰਗ ਵਿਚ ਪਹੁੰਚ ਜਾਂਦੇ ਸਨ।

ਉਥੇ ਇਕ ਬੀਬੀ ਜੋ ਆਪਣੇ ਪਿੰਡ ਵਿਚੋਂ ਦੂਰ ਤੋਂ ਆਉਂਦੀ ਸੀ, ਦੁਧ ਦੀ ਵਲਟੋਹੀ ਲਿਆ ਕੇ ਸ਼ਹਿਰ ਵਿਚ ਦੁਧ ਵੇਚਿਆ ਕਰਦੀ ਸੀ। ਜਾਤ ਦੀ ਉਹ ਗੁਜਰੀ ਸੀ। ਉਹ ਮਨ ਵਿਚ ਸਦਾ ਸੋਚਦੀ ਸੀ ਕਿ ਇਸ ਥਾਂ ਬੜੇ ਅਮੀਰ ਆਦਮੀ, ਬੱਚੇ, ਬੁੱਢੇ, ਜੁਆਨ, ਸਾਰੇ ਹੀ ਇਕ ਟਕ, ਇਕ ਚਿਤ ਹੋ ਕੇ ਪੰਡਤ ਜੀ ਦੇ ਬਚਨ ਸੁਣਦੇ ਹਨ, ਕਦੇ ਮੈਨੂੰ ਵੀ ਵਿਹਲ ਮਿਲੇ ਤਾਂ ਮੈਂ ਵੀ ਸਤਿਸੰਗ ਵਿਚ ਜਾਵਾਂ।

ਇਕ ਦਿਨ ਇਹ ਛੇਤੀ ਵਿਹਲੀ ਹੋ ਗਈ ਅਤੇ ਸਤਿਸੰਗ ਦੀ ਸਮਾਪਤੀ ਦੇ ਸਮੇਂ ਪਹੁੰਚ ਗਈ, ਉਸ ਸਮੇਂ ਉਥੇ ਬਚਨ ਚਲ ਰਿਹਾ ਸੀ ਕਿ ਰਾਮ ਦੇ ਨਾਮ ਨਾਲ ਭਵਜਲ ਪਾਰ ਹੋ ਜਾਈਦਾ ਹੈ। ਪੰਡਤ ਜੀ ਕਹਿ ਰਹੇ ਸਨ ਕਿ ਉਸ ਭਵਜਲ ਨੂੰ ਅੱਗ ਦਾ ਸਾਗਰ ਕਹਿੰਦੇ ਹਨ, ਉਸ ਵਿਚ ਅਥਾਹ ਲਹਿਰਾਂ ਹਨ ਪਰ ਜੇ ਰਾਮ ਦਾ ਨਾਮ ਜਪਿਆ ਜਾਵੇ ਤਾਂ ਉਹ ਅਥਾਹ ਸਾਗਰ ਸਹਿਜੇ ਹੀ ਪਾਰ ਕਰ ਸਕੀਦਾ ਹੈ। ਇਹ ਬੀਬੀ ਜੋ ਰੋਜ਼ ਹੀ ਦੁੱਧ ਵੇਚਣ ਆਇਆ ਕਰਦੀ ਹੈ, ਇਸ ਦੇ ਰਸਤੇ ਵਿਚ ਇਕ ਨਦੀ ਆਉਂਦੀ ਸੀ ਇਸ ਕਰਕੇ ਇਸ ਨੂੰ ਬਹੁਤ ਹੀ ਲੰਮਾ ਚੱਕਰ ਕੱਟਣਾ ਪੈਂਦਾ ਸੀ, ਦੋ ਢਾਈ ਮੀਲ ਉਪਰ ਨੂੰ ਘੁੰਮ ਕੇ ਪੁਲ ਤੋਂ ਆਇਆ ਕਰਦੀ ਸੀ, ਉਥੋਂ ਸਾਰੇ ਲੋਕ ਨਦੀ ਪਾਰ ਕਰਿਆ ਕਰਦੇ ਸਨ। ਜੇ ਇਹ ਸਿੱਧਾ ਜਾਵੇ ਤਾਂ ਇਸ ਦਾ ਪਿੰਡ ਸ਼ਹਿਰ ਤੋਂ 4 ਕੁ ਮੀਲ ਦੀ ਦੂਰੀ ਤੇ ਸੀ ਪਰ ਜਦੋਂ ਪੁਲ ਵਲੋਂ ਜਾਂਦੀ ਸੀ ਤਾਂ ਇਸ ਨੂੰ ਚਾਰ ਮੀਲ ਦਾ ਹੋਰ ਸਫਰ ਕਟਣਾ ਪੈਂਦਾ ਸੀ। ਇਸ ਦੇ ਮਨ ਵਿਚ ਬੜੀ ਖੁਸ਼ੀ ਹੋਈ ਕਿ ਅੱਜ ਮੈਂ ਪਹਿਲੇ ਦਿਨ ਹੀ ਸਤਿਸੰਗ ਵਿਚ ਆਈ ਹਾਂ ਅਤੇ ਪੰਡਤ ਜੀ ਨੇ ਕਿੰਨੀ ਚੰਗੀ ਗੱਲ ਦੱਸੀ ਹੈ। ਜੇ ਰਾਮ ਦੇ ਨਾਮ ਨਾਲ ਭਵਜਲ ਤਰ ਜਾਈਦਾ ਹੈ ਜੋ ਬਹੁਤ ਬਿਖੜਾ ਹੈ, ਜੋ ਵੱਡੇ-ਵੱਡੇ ਜਹਾਜ਼ਾਂ ਨੂੰ ਲੰਘਣ ਵਿਚ ਵੀ ਰੁਕਾਵਟ ਪਾਉਂਦਾ ਹੈ, ਮੇਰੇ ਰਸਤੇ ਵਿਚ ਜੋ ਨਦੀ ਹੈ ਇਹ ਤਾਂ ਛੋਟੀ ਜਿਹੀ ਹੈ ਉਸ ਵਿਚ ਤਾਂ ਕੋਈ ਲਹਿਰਾਂ ਨਹੀਂ ਉਠਦੀਆਂ ਉਹ ਤਾਂ ਰਾਮ ਦੇ ਨਾਮ ਨਾਲ ਸਹਿਜੇ ਹੀ ਪਾਰ ਹੋ ਜਾਇਆ ਕਰੇਗੀ।

ਸੋ ਇਸ ਨੇ ਇਸੇ ਤਰ੍ਹਾਂ ਕਰਿਆ, ਰਾਮ-ਰਾਮ ਕਹਿੰਦੀ ਨੇ ਨਦੀ ਵਿਚ ਪੈਰ ਰੱਖਿਆ ਅਤੇ ਅਤੇ ਰਾਮ-ਰਾਮ ਕਰਦੀ ਹੀ ਨਦੀ ਪਾਰ ਕਰ ਗਈ ਜਿਥੋਂ ਲੋਕੀ ਤੈਰ ਕੇ ਲੰਘਦੇ ਸਨ, ਜੇ ਪਾਣੀ ਥੋੜ੍ਹਾ ਹੋਵੇ ਤਾਂ ਆਦਮੀ ਤੁਰ ਕੇ ਲੰਘ ਜਾਇਆ ਕਰਦੇ ਸਨ। ਅੱਜ ਜਦੋਂ ਇਹ ਲੰਘੀ ਤਾਂ ਨਦੀ ਭਰੀ ਹੋਈ ਸੀ ਇਸ ਨੇ ਕੋਈ ਗੱਲ ਨਹੀਂ ਸੋਚੀ ਕਿਉਂਕਿ ਇਸ ਦੇ ਮਨ ਵਿਚ ਪੂਰਨ ਭਰੋਸਾ ਸੀ ਕਿ ਰਾਮ-ਰਾਮ ਕਰਕੇ ਨਦੀ ਲੰਘ ਜਾਈਦਾ ਹੈ। ਉਸ ਨੇ ਰਾਮ-ਰਾਮ ਕਹਿ ਕੇ ਬਿਨਾਂ ਕੋਈ ਵਿਚਾਰ ਕੀਤੇ ਪਾਣੀ ਉਤੇ ਪੈਰ ਰੱਖਿਆ ਤੇ ਨਦੀ ਪਾਰ ਕਰ ਗਈ। ਵਾਹਿਗੁਰੂ ਜੀ ਸਰਬ ਕਲਾ ਸਮਰੱਥ ਹਨ ਉਨ੍ਹਾਂ ਨੇ ਪਿਆਰ ਦੇ ਬੰਨ੍ਹੇ ਹੋਏ ਪੱਥਰ 'ਚੋਂ ਪ੍ਰਗਟ ਹੋ ਕੇ ਧੰਨੇ ਦੇ ਮਿਸੇ ਪ੍ਰਸ਼ਾਦੇ ਛਕ ਲਏ ਸਨ। ਇਸ ਨੂੰ ਪੂਰਨ ਵਿਸ਼ਵਾਸ ਸੀ, ਪੰਡਤ ਜੀ ਦੇ ਬਚਨ ਤੇ ਵਿਸ਼ਵਾਸ਼ ਸੀ ਇਹ ਰਾਮ-ਰਾਮ ਕਰਦੀ ਲੰਘ ਗਈ, ਕਹਿਣ ਲੱਗੀ ਕਿ ਹੁਣ ਮੈਂ ਇਕ ਚੱਕਰ ਦੀ ਥਾਂ ਦੋ ਚੱਕਰ ਲਾ ਕੇ ਹੋਰ ਧਨ ਕਮਾਵਾਂਗੀ।

ਕਾਫੀ ਸਮਾਂ ਲੰਘ ਗਿਆ, ਮਨ ਵਿਚ ਖਿਆਲ ਆਇਆ ਕਿ ਜਿਸ ਪੰਡਤ ਜੀ ਨੇ ਇਹ ਜੁਗਤ ਦੱਸੀ ਹੈ ਕਿਉਂ ਨਾ ਮੈਂ ਉਸ ਨੂੰ ਆਪਣੇ ਗ੍ਰਿਹਿ ਵਿਚ ਸੱਦ ਕੇ ਚਰਨ ਪੁਆਵਾਂ ਤੇ ਭੋਜਨ ਛਕਾਵਾਂ, ਧਨ, ਵਸਤਰ ਅਰਪਨ ਕਰਕੇ ਸ਼ੁਕਰਾਨਾ ਕਰਾਂ ਅਤੇ ਮੂੰਹ ਮੰਗੀ ਦੱਛਣਾ ਭੀ ਦੇਵਾਂ ਕਿਉਂਕਿ ਹੁਣ ਮੇਰੇ ਪਾਸ ਦੱਛਣਾ ਦੇਣ ਨੂੰ ਕਮਾਇਆ ਹੋਇਆ ਧਨ ਭੀ ਹੈ। ਇਸ ਆਸ਼ੇ ਨੂੰ ਮੁੱਖ ਰਖਦੀ ਹੋਈ ਪੰਡਤ ਜੀ ਕੋਲ ਪਹੁੰਚਦੀ ਹੈ ਅਤੇ ਕਹਿੰਦੀ ਹੈ ਕਿ ਦੇਵਤਾ ਜੀ! ਤੁਹਾਡੇ ਬਚਨਾਂ ਨੇ ਮੈਨੂੰ ਬਹੁਤ ਸੁਖ ਪਹੁੰਚਾਇਆ ਹੈ। ਆਪ ਮੇਰੇ ਗ੍ਰਿਹਿ ਵਿਚ ਚਰਨ ਪਾਓ, ਭੋਜਨ ਛਕੋ, ਅਤੇ ਮੈਂ ਯਥਾਸ਼ਕਤ ਦੱਛਣਾ ਵੀ ਦੇਣਾ ਚਾਹੁੰਦੀ ਹਾਂ। ਪੰਡਤ ਜੀ ਮੰਨ ਗਏ, ਦਿਨ ਨਿਯਤ ਕਰ ਲਿਆ। ਉਸ ਦਿਨ ਗੁਜਰੀ ਨੇ ਛੇਤੀਂ-ਛੇਤੀਂ ਦੁਧ ਵੇਚ ਕੇ ਪੰਡਤ ਜੀ ਨੂੰ ਘਰ ਲਿਜਾਣਾ ਸੀ ਉਹ ਲੈ ਕੇ ਚਲ ਪਈ। ਸਾਮ੍ਹਣੇ ਨਦੀ ਆ ਗਈ, ਪੰਡਤ ਜੀ ਨੇ ਕਿਹਾ, ਬੀਬੀ! ਨਦੀ ਗਹਿਰੀ ਤਾਂ ਨਹੀਂ, ਐਥੇ ਕੋਈ ਕਿਸ਼ਤੀ ਤਾਂ ਹੈ ਨਹੀਂ ਜਿਸ ਨਾਲ ਨਦੀ ਪਾਰ ਹੋ ਸਕੇ? ਉਸ ਬੀਬੀ ਨੇ ਕਿਹਾ ਕਿ ਪੰਡਤ ਜੀ! ਤੁਸੀਂ ਮੇਰੇ

ਪਿਛੇ-ਪਿਛੇ ਆ ਜਾਓ। ਉਹ ਰਾਮ-ਰਾਮ ਕਰਦੀ ਪਾਣੀ ਉਤੇ ਪੈਰ ਰੱਖ ਕੇ ਲੰਘ ਗਈ। ਪੰਡਤ ਜੀ ਸੋਚਾਂ ਵਿਚ ਪਏ ਹੋਏ ਹਨ ਕਿ ਇਹ ਅਸਚਰਜ ਗੱਲ ਹੈ ਕਿ ਇਹ ਤਾਂ ਇਸ ਤਰ੍ਹਾਂ ਲੰਘ ਗਈ ਜਿਵੇਂ ਧਰਤੀ ਤੇ ਤੁਰੀਦਾ ਹੈ। ਕੋਈ ਕਲਾਵਾਨ ਲੜਕੀ ਲਗਦੀ ਹੈ। ਦੂਜੇ ਪਾਰੋਂ ਲੰਘਣ ਉਪਰੰਤ ਲੜਕੀ ਨੇ ਕਿਹਾ ਕਿ ਪੰਡਤ ਜੀ! ਤੁਸੀਂ ਲੰਘ ਆਓ।

ਪੰਡਤ ਜੀ ਨੇ ਕਿਹਾ ਕਿ ਬੀਬੀ! ਕਿਹੜੇ ਮੰਤਰ ਦੀ ਤੂੰ ਸਾਧਨਾ ਕੀਤੀ ਹੈ ਜਿਸ ਨੂੰ ਪੜ੍ਹ ਕੇ ਤੂੰ ਨਦੀ ਲੰਘ ਗਈ। ਉਸ ਨੇ ਕਿਹਾ ਕਿ ਦਾਦਾ ਜੀ! ਅਸੀਂ ਪਿੰਡਾਂ ਦੇ ਅਣਜਾਣ ਲੋਕ ਹਾਂ, ਅਸੀਂ ਨਾ ਕਿਤਾਬਾਂ ਪੜ੍ਹੀਆਂ ਹਨ, ਨਾ ਕੋਈ ਵੇਦ ਪੜ੍ਹੇ ਹਨ, ਦਿਨ ਰਾਤ ਸਾਡਾ ਕਮਾਉਂਦਿਆਂ ਦਾ ਲੰਘ ਜਾਂਦਾ ਹੈ ਤਾਂ ਜਾ ਕੇ ਸਾਡੇ ਗੁਜ਼ਾਰੇ ਲਈ ਧਨ ਮਸਾਂ ਪੂਰਾ ਹੁੰਦਾ ਹੈ। ਕਪੜੇ ਸੁਆਉਣ ਲਈ ਸਾਡੇ ਕੋਲ ਪੈਸੇ ਹੀ ਨਹੀਂ ਹੁੰਦੇ, ਸਾਡੇ ਕੱਚੇ ਘਰ ਹਨ, ਕੱਚੀਆਂ ਗਲੀਆਂ ਹਨ, ਚਾਨਣ ਦਾ ਕੋਈ ਪ੍ਰਬੰਧ ਨਹੀਂ ਹੁੰਦਾ, ਅਸੀਂ ਸਾਰਾ ਹੀ ਘਰ ਛੱਤ ਦਿੰਦੇ ਹਾਂ, ਅਸੀਂ ਖਿੜਕੀਆਂ ਨਹੀਂ ਰਖਦੇ ਕਿਉਂਕਿ ਚੋਰ ਖਿੜਕੀਆਂ ਪੁੱਟ ਲੈਂਦੇ ਹਨ। ਸੋ ਸਾਡੇ ਕੋਲ ਮੰਤਰਾਂ ਦੇ ਜਾਪ ਕਰਨ ਦਾ ਕਿਹੜਾ ਸਮਾਂ ਹੈ। ਪੂਰੀ ਮਿਹਨਤ ਕਰਦਿਆਂ ਸਾਡੇ ਡੰਗ ਲੰਘਦੇ ਹਨ। ਮੈਂ ਸੁਣਿਆ ਹੈ ਕਿ ਧਨੀ ਉਹ ਹੁੰਦੇ ਹਨ ਜੋ ਸ਼ੁਭ ਕਰਮਾਂ ਲਈ ਕੁਝ ਬੀਜਦੇ ਹਨ। ਉਨ੍ਹਾਂ ਨੂੰ ਅਗਲੇ ਜਨਮ ਵਿਚ ਬਹੁਤ ਮਿਲ ਜਾਂਦਾ ਹੈ। ਜਿਵੇਂ ਸਾਡੇ ਬਜ਼ੁਰਗ ਖੇਤੀ ਕਰਦੇ ਹਨ, ਇਕ ਦਾਣਾ ਧਰਤੀ ਵਿਚ ਸੁਟਦੇ ਹਨ ਉਸ ਦਾਣੇ ਤੋਂ 11-12 ਬੂਟੇ ਨਿਕਲ ਆਉਂਦੇ ਹਨ, 11-12 ਬੱਲੀਆਂ ਉਨ੍ਹਾਂ ਨੂੰ ਲੱਗੀਆਂ ਹੁੰਦੀਆਂ ਅਤੇ ਜੇ ਮੋਟਾ ਜਿਹਾ ਹਿਸਾਬ ਲਾਈਏ ਤਾਂ ਇਕ ਦਾਣੇ ਤੋਂ 700 ਦੇ ਕਰੀਬ ਦਾਣਾ ਹੋ ਜਾਂਦਾ ਹੈ। ਇਵੇਂ ਜਿਵੇਂ ਜੋ ਲੋਕ ਪੁੰਨ ਦਾਨ ਬੀਜਦੇ ਹਨ ਉਨ੍ਹਾਂ ਨੂੰ ਅਗਲੇ ਜਨਮਾਂ ਵਿਚ ਕਈ ਗੁਣਾਂ ਫਲ ਮਿਲਦਾ ਹੈ। ਅਸੀਂ ਤਾਂ ਤਿੰਨ ਜਨਮਾਂ ਦੇ ਕੰਗਾਲ ਹਾਂ, ਪਹਿਲੇ ਜਨਮ ਵਿਚ ਦਾਨ ਨਹੀਂ ਕੀਤਾ ਇਸ ਕਰਕੇ ਹੁਣ ਗਰੀਬ ਹਾਂ, ਹੁਣ ਵੀ ਕੁਝ ਨਹੀਂ ਦਿੰਦੇ ਇਸ ਤਰ੍ਹਾਂ ਅਗਲੇ ਜਨਮ ਵਿਚ ਫੇਰ ਗਰੀਬੀ ਨਾਲ ਘੋਲ ਕਰਦੇ ਰਹਾਂਗੇ। ਸੋ ਸਾਡੇ ਕੋਲ ਕਿਹੜਾ ਸਮਾਂ ਹੈ ਕਿ ਮੰਤਰ ਦਾ ਜਾਪ ਕਰੀਏ। ਤਾਂ ਪੰਡਤ ਜੀ ਨੇ ਪੁਛਿਆ ਕਿ ਫੇਰ ਤੂੰ ਪਾਣੀ ਉਪਰੋਂ ਕਿਵੇਂ ਤੁਰ ਕੇ ਲੰਘ ਗਈ? ਉਸ ਨੇ ਕਿਹਾ ਕਿ ਦਾਦਾ ਜੀ! ਤੁਹਾਡੀ ਸੰਗਤ ਵਿਚ ਬਚਨ ਸੁਣਨ ਦੀ ਮੇਰੀ ਬੜੀ ਲੋਚਾ ਰਹਿੰਦੀ ਸੀ। ਇਕ ਦਿਨ ਮੈਂ ਛੇਤੀ ਵਿਹਲੀ ਹੋ ਗਈ, ਆਪ ਸਮਾਪਤੀ ਦੇ ਬਚਨ ਕਰ ਰਹੇ ਸੀ। ਜਦੋਂ ਮੈਂ ਸਤਿਸੰਗ ਵਿਚ ਪਹੁੰਚੀ, ਤੁਸੀਂ ਕਿਹਾ ਕਿ ਭਵਜਲ ਬੜਾ ਬਿਖੜਾ ਹੈ, ਉਸ ਵਿਚ ਅਥਾਹ ਲਹਿਰਾਂ ਹਨ, ਇਸ ਨੂੰ ਤਰਨ ਦਾ ਇਕ ਤਰੀਕਾ ਹੈ ਕਿ ਰਾਮ ਦੇ ਨਾਮ ਦਾ ਜਾਪ ਕਰਿਆ ਜਾਵੇ। ਮੈਂ ਸੋਚਿਆ ਕਿ ਸਾਡੇ ਘਰ ਪਾਸ ਤਾਂ ਛੋਟੀ ਜਿਹੀ ਨਦੀ ਲੰਘਦੀ ਹੈ ਜੋ ਮਸਾਂ 50-60 ਫੁੱਟ ਚੌੜੀ ਹੈ। ਆਦਮੀ ਦੇ ਗਲ-ਗਲ ਤਕ ਉਸ ਦਾ ਪਾਣੀ ਹੁੰਦਾ ਹੈ, ਉਥੋਂ ਤਾਂ ਰਾਮ ਰਾਮ ਨਾਲ ਸੁਖਾਲਾ ਹੀ ਲੰਘ ਹੋ ਜਾਵੇਗਾ। ਸੋ ਮੈਂ ਤੁਹਾਡਾ ਦਸਿਆ ਹੋਇਆ ਰਾਮ ਰਾਮ ਕਰਕੇ ਨਦੀ ਪਾਰ ਕਰ ਲੈਂਦੀ ਹਾਂ। ਤੁਸੀਂ ਕਿਉਂ ਨਹੀਂ ਕਰਦੇ? ਉਸ ਵੇਲੇ ਉਹ ਬ੍ਰਾਹਮਣ ਦੁਚਿਤੀ ਵਿਚ ਆ ਕੇ ਕੋਈ ਫੈਸਲਾ ਨਾ ਕਰ ਸਕਿਆ ਉਸ ਬੀਬੀ ਨੇ ਫੇਰ ਕਿਹਾ ਕਿ ਪੰਡਤ ਜੀ! ਰਾਮ-ਰਾਮ ਕਰਕੇ ਪਾਰ ਲੰਘ ਆਓ, ਦੇਖੋ ਮੈਂ ਵੀ ਤਾਂ ਲੰਘੀ ਹਾਂ। ਸ਼ਰਮੋ-ਕੁਸ਼ਰਮੀਂ ਪੰਡਤ ਨੇ ਜਦੋਂ ਪਾਣੀ ਉਤੇ ਆਪਣਾ ਵਜ਼ਨ ਦੇ ਕੇ ਪੈਰ ਧਰਿਆ ਤਾਂ ਪਾਣੀ ਵਿਚ ਹੀ ਗੋਤੇ ਖਾਣ ਲਗ ਗਿਆ। ਮਸਾਂ ਹੀ ਤੈਰ ਕੇ ਕੰਢੇ ਨੂੰ ਫੜਿਆ। ਫੇਰ ਵਾਪਸ ਉਸੇ ਹੀ ਕੰਢੇ ਤੇ ਖੜ੍ਹਾ ਹੋ ਗਿਆ। ਉਸ ਬੀਬੀ ਨੇ ਕਿਹਾ ਕਿ ਪੰਡਤ ਜੀ! ਤੁਸੀਂ ਰਾਮ-ਰਾਮ ਨਹੀਂ ਕਿਹਾ? ਤਾਂ ਉਸ ਨੇ ਕਿਹਾ ਕਿ ਬੀਬਾ! ਤੇਰੇ ਵਾਲਾ ਰਾਮ ਹੀ ਨਦੀ ਪਾਰ ਕਰਾਉਂਦਾ ਹੈ, ਮੇਰੇ ਵਾਲਾ ਨਹੀਂ ਕਰਾਉਂਦਾ। ਉਸ ਬੀਬੀ ਨੇ ਇਕ ਅਖਾਣ ਸੁਣਿਆ ਹੋਇਆ ਸੀ ਤਾਂ ਉਸ ਨੇ ਉਚੀ ਅਵਾਜ਼ ਵਿਚ ਕਿਹਾ ਕਿ –

> ***ਪੜ੍ਹਦਾ-ਪੜ੍ਹਦਾ ਪੜ੍ਹ ਗਿਆ***
> ***ਪੜ੍ਹ ਗਿਆ ਚਾਰੇ ਵੇਦ***
> ***ਨਿਹਚਾ ਰਿਦੇ ਨਾ ਆਇਆ***
> ***ਰਿਹਾ ਢੇਡ ਦਾ ਢੇਡ।***

ਇਹ ਸ਼ਰਧਾ ਹੋਇਆ ਕਰਦੀ ਹੈ। ਧੰਨੇ ਨੂੰ, ਨਾਮਦੇਵ ਜੀ ਨੂੰ, ਕਬੀਰ ਜੀ ਨੂੰ ਵਾਹਿਗੁਰੂ ਜੀ ਉਪਰ ਪੂਰਨ ਸ਼ਰਧਾ ਸੀ। ਸ਼ਰਧਾ ਬਿਨਾਂ ਰੂਹਾਨੀ ਮਾਰਗ ਤੇ ਇਕ ਕਦਮ ਪੁਟਣਾ ਵੀ ਮੁਸ਼ਕਲ ਹੈ, ਤਰਕ ਦੇ ਨਾਲ ਵਾਹਿਗੁਰੂ ਦੇ ਦਰ ਤੇ ਨਹੀਂ ਪਹੁੰਚਿਆ ਜਾ ਸਕਦਾ। ਗਿਆਨ ਤਰਕ ਦੇ ਅਧਾਰ ਤੇ ਖੜ੍ਹਾ ਹੈ ਤਾਂ ਇਕ ਜਾਨਣ ਵਾਲੀ ਹੀ ਗੱਲ ਹੁੰਦੀ ਹੈ ਕਿ ਵਾਹਿਗੁਰੂ ਆਪ ਹੀ ਇਕ ਤੋਂ ਅਨੇਕ ਹੋਇਆ ਹੈ। ਜਾਣਿਆ ਹੈ ਬੁੱਝਿਆ ਨਹੀਂ, 'ਬਿਨ ਬੂਝੇ ਪਸੂ ਢੋਰ' ਹੁੰਦਾ ਹੈ। ਉਨਮਨੀ ਮੰਡਲ ਦੀ ਅਵਸਥਾ ਗਿਆਨ ਨੂੰ ਬੁੱਝਣਾ ਹੋਇਆ ਕਰਦਾ ਹੈ, ਜਾਨਣਾ ਬੁੱਧੀ ਮੰਡਲ ਦਾ ਕਾਰਜ ਹੈ ਜਿਸ ਤੋਂ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ।

ਜਿਨ੍ਹਾਂ ਨੂੰ ਨਾਮ ਉਪਰ ਸ਼ਰਧਾ ਆ ਗਈ ਹੈ ਉਨ੍ਹਾਂ ਨੂੰ ਵਾਹਿਗੁਰੂ ਜੀ ਦੇ ਨਾਮ ਤੋਂ ਬਗੈਰ ਕੋਈ ਚੀਜ਼ ਨਹੀਂ ਭਾਇਆ ਕਰਦੀ, ਉਹ ਮਾਇਆ ਵਿਚ ਚਿਤ ਨਹੀਂ ਲਾਉਂਦੇ ਅਤੇ ਨਾ ਹੀ ਆਪਣੇ ਮਨ ਨੂੰ ਗਲਤ ਗੱਲਾਂ ਵਿਚ ਲਾ ਕੇ ਆਪਣਾ ਸਮਾਂ ਨਸ਼ਟ ਕਰਦੇ ਹਨ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਨ੍ਹਾਂ ਨੇ ਸ਼ਰਧਾ ਸਹਿਤ ਰਾਮ ਦੇ ਨਾਮ ਨਾਲ ਪਿਆਰ ਪਾ ਲਿਆ, ਉਹ ਦੂਜੇ ਕਿਸੇ ਨਾਲ ਚਿਤ ਨਹੀਂ ਲਾਉਂਦੇ –

> ***ਜਿਨ ਸਰਧਾ ਰਾਮ ਨਾਮਿ ਲਗੀ ਤਿਨ***
> ***ਦੂਜੈ ਚਿਤੁ ਨ ਲਾਇਆ ਰਾਮ॥***
> ***ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ***
> ***ਨਾਵੈ ਅਵਰੁ ਨ ਭਾਇਆ ਰਾਮ॥***

ਪੰਨਾ - 444

ਇਹ ਸ਼ਰਧਾ ਸੰਗਤ ਵਿਚੋਂ ਉਪਜਦੀ ਹੈ।

ਇਕ ਕਥਾ ਆਉਂਦੀ ਹੈ ਕਿ ਇਕ ਵਾਰੀ ਕੋਈ ਘੋੜ ਸਵਾਰ ਸਫਰ ਕਰਦਾ ਆਪਣੀ ਮੰਜ਼ਲ ਵਲ ਨੂੰ ਜਾ ਰਿਹਾ ਸੀ। ਇਕ ਥਾਂ ਉਸ ਨੇ ਸਤਿਸੰਗ ਹੁੰਦਾ ਦੇਖਿਆ, ਬਹੁਤ ਭੀੜ ਭੜੱਕਾ ਸੀ। ਇਕ ਪ੍ਰੇਮੀ ਨੇ ਕਿਹਾ, ਐ ਘੋੜ ਸਵਾਰ! ਆਹ ਸਤਿਸੰਗ ਹੋ ਰਿਹਾ ਹੈ, ਥੋੜ੍ਹਾ ਰੁਕ ਕੇ ਤੂੰ ਆਪਣਾ ਪੈਂਡਾ ਸ਼ੁਰੂ ਕਰ ਲਈਂ, ਸਤਿਸੰਗ ਕਰ ਲੈ। ਉਸ ਨੇ ਘੋੜਾ ਦਰਖਤ ਨਾਲ ਬੰਨ੍ਹ ਦਿਤਾ ਅਤੇ ਸੰਗਤ ਵਿਚ ਜਾ ਕੇ ਬੈਠ ਗਿਆ। ਕਥਾਕਾਰ ਇਕ ਚੰਗੇ ਵਿਦਵਾਨ ਸਨ, ਆਪ ਨੇ ਦਸਿਆ ਕਿ ਇਹ ਦੇਹੀ ਬਹੁਤ ਅਮੁੱਲ ਹੈ, ਇਹ ਅਸਾਨੂੰ ਬਹੁਤ ਜਨਮ ਘੁੰਮਦਿਆਂ-ਘੁੰਮਦਿਆਂ ਨੂੰ ਪ੍ਰਾਪਤ ਹੋਈ ਹੈ, ਜੇ ਹੁਣ ਨਾਮ ਨਾ ਜਪਿਆ ਤਾਂ ਬਹੁਤ ਸਮੇਂ ਉਪਰੰਤ ਹੱਥ ਆਇਆ ਅਵਸਰ ਹੱਥੋਂ ਨਿਕਲ ਜਾਵੇਗਾ ਜਿਵੇਂ ਕਿ ਫੁਰਮਾਨ ਹੈ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ।।*
*ਕਈ ਜਨਮ ਸੈਲ ਗਿਰਿ ਕਰਿਆ॥*
*ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ॥*

ਪੰਨਾ - 176

ਬਹੁਤ ਮੁਸ਼ਕਲਾਂ ਤੋਂ ਬਾਦ ਇਹ ਦੇਹੀ ਇਸ ਜੀਵ ਨੂੰ ਪ੍ਰਾਪਤ ਹੋਈ ਹੈ। ਇਸ ਨੇ ਆਪਣੇ ਲੰਮੇ ਸਫਰ ਵਿਚ ਬਹੁਤ ਹੀ ਦੁਖ ਭੋਗੇ ਹਨ, ਹੁਣ ਇਸਦੀ ਵਾਰੀ ਪ੍ਰਭੂ ਨੂੰ ਮਿਲਣ ਦੀ ਆ ਚੁਕੀ ਹੈ, ਇਹ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਵਿਚ ਜਾ ਕੇ ਪ੍ਰਭੂ ਪ੍ਰਾਪਤੀ ਲਈ ਜਤਨ ਕਰੇ ਤਾਂ ਇਸ ਦਾ ਆਉਣਾ ਸੰਸਾਰ ਉਪਰ ਸਫਲ ਹੈ ਜੇ ਇਹ ਗਲਤ ਕੰਮਾਂ 'ਚ ਪੈ ਕੇ ਪ੍ਰਭੂ ਨੂੰ ਭੁੱਲਿਆ ਰਿਹਾ ਤਾਂ ਬਾਜ਼ੀ ਹਾਰ ਜਾਵੇਗਾ। ਫੁਰਮਾਨ ਹੈ -

*ਪ੍ਰਾਣੀ ਤੂੰ ਆਇਆ ਲਾਹਾ ਲੈਣਿ॥*
*ਲਗਾ ਕਿਤੁ ਕੁਫਕੜੇ*
*ਸਭ ਮੁਕਦੀ ਚਲੀ ਰੈਣਿ॥*

ਪੰਨਾ - 43

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ॥*

ਪੰਨਾ - 632

ਜਿਉਂ ਜਿਉਂ ਇਹ ਬਚਨ ਸੁਣ ਰਿਹਾ ਸੀ, ਤਿਉਂ-ਤਿਉਂ ਇਸ ਦੇ ਹਿਰਦੇ ਵਿਚ ਬਹੁਤ ਹੀ ਗਹਿਰਾ ਅਸਰ ਹੋ ਰਿਹਾ ਸੀ। ਕਥਾਕਾਰ ਨੇ ਦਸਿਆ ਕਿ ਇਸ ਨੂੰ ਚਾਹੀਦਾ ਹੈ, ਸਾਧੂਆਂ ਨਾਲ ਮਿਲ ਕੇ ਆਪਣਾ ਸਫਰ ਤਹਿ ਕਰੇ ਅਤੇ ਇਥੋ ਲਾਹਾ ਖੱਟ ਕੇ ਜਾਵੇ, ਅੱਗੇ ਜਾ ਕੇ ਬਹੁਤ ਹੀ ਸੁਖਾਲਾ ਰਹੇਗਾ ਜਿਵੇਂ ਕਿ -

*ਕਰਉ ਬੇਨੰਤੀ ਸੁਣਹੁ*
*ਮੇਰੇ ਮੀਤਾ ਸੰਤ ਟਹਲ ਕੀ ਬੇਲਾ॥*
*ਈਹਾ ਖਾਟਿ ਚਲਹੁ ਹਰਿ ਲਾਹਾ*
*ਆਗੈ ਬਸਨੁ ਸੁਹੇਲਾ॥*
*ਅਉਧ ਘਟੈ ਦਿਨਸੁ ਰੈਣਾਰੇ॥*
*ਮਨ ਗੁਰ ਮਿਲਿ ਕਾਜ ਸਵਾਰੇ॥*

ਪੰਨਾ - 13

ਅਤੇ ਉਸ ਨੇ ਇਹ ਵੀ ਸੁਣਿਆ ਕਿ ਜੋ ਪ੍ਰੇਮੀ ਇਥੇ ਮਾਨਸ ਜਨਮ ਧਾਰਨ ਉਪਰੰਤ ਸਵਰਗ ਲੋਕਾਂ ਵਿਚ ਜਾ ਕੇ ਵਾਸਾ ਪ੍ਰਾਪਤ ਕਰਦੇ ਹਨ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਜੇ ਅਸੀਂ ਸੰਤਾਂ ਦੇ ਨਾਲ ਮਿਲ ਕੇ ਜਾਪ ਜਪਿਆ ਹੁੰਦਾ, ਸੇਵਾ ਕੀਤੀ ਹੁੰਦੀ, ਗੁਰੂ ਵਾਲੇ ਬਣੇ ਹੁੰਦੇ ਤਾਂ ਸਾਨੂੰ ਦਰਗਾਹ ਵਿਚ ਥਾਂ ਮਿਲ ਜਾਣੀ ਸੀ ਪਰ ਹੁਣ ਪੁੰਨਾਂ ਦੇ ਖਤਮ ਹੋਣ ਤੇ ਅਸੀਂ ਵਾਪਸ ਚਲੇ ਜਾਣਾ ਹੈ। ਬਾਣੀ ਵਿਚ ਫੁਰਮਾਨ ਆਉਂਦਾ ਹੈ-

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ॥*
*ਮਾਨਸ ਜਨਮ ਕਾ ਏਹੀ ਲਾਹੁ॥*

ਪੰਨਾ - 1159

ਇਸ ਪ੍ਰੇਮੀ ਨੇ ਚਿਤ ਇਕਾਗਰ ਕਰਕੇ ਕਥਾ ਸੁਣਦੇ-ਸੁਣਦੇ ਪੂਰੀ ਸ਼ਰਧਾ ਵਿਚ ਆ ਕੇ ਫੈਸਲਾ ਕਰ ਲਿਆ ਕਿ ਹੁਣ ਮੈਂ ਘਰ ਤਾਂ ਹੀ ਵਾਪਸ ਜਾਵਾਂਗਾ ਜਦੋਂ ਕੁਝ ਪ੍ਰਾਪਤ ਕਰ ਲਿਆ। ਕਥਾ ਉਪਰੰਤ ਉਸ ਨੇ ਇਕਾਂਤ ਵਿਚ ਪੰਡਤ ਜੀ ਨਾਲ ਮਿਲ ਕੇ ਬੇਨਤੀ ਕੀਤੀ ਕਿ ਮਹਾਰਾਜ! ਤੁਸੀਂ ਤਾਂ ਮੈਨੂੰ ਸੁੱਤੇ ਨੂੰ ਜਗਾ ਦਿਤਾ, ਮੈਂ ਤਾਂ ਆਪਣਾ ਜੀਵਨ ਐਵੇਂ ਹੀ ਬਰਬਾਦ ਕਰ ਲਿਆ, ਮੈਨੂੰ ਦਸੋ ਕੋਈ ਪੂਰਨ ਮਹਾਂਪੁਰਸ਼ ਨੇੜੇ ਤੇੜੇ ਰਹਿੰਦਾ ਹੈ? ਉਸ ਨੇ ਕਿਹਾ ਕਿ ਪ੍ਰੇਮੀਆਂ! ਇਹ ਬਹੁਤ ਵੱਡਾ ਜੰਗਲ ਹੈ, ਮੀਲਾਂ ਤਕ ਫੈਲਿਆ ਹੋਇਆ ਹੈ, ਇਸ ਵਿਚ ਇਕ ਤੱਤ ਬੇਤੇ ਮਹਾਂਪੁਰਸ਼ ਦਾ ਆਸ਼ਰਮ ਹੈ ਜਿਥੇ ਜਾ ਕੇ ਜਗਿਆਸੂ ਭਗਤੀ ਕਰਕੇ ਆਪਣੇ ਜਨਮ ਪਦਾਰਥ ਨੂੰ ਪ੍ਰਾਪਤ ਕਰ ਲੈਂਦਾ ਹੈ। ਉਸ ਨੇ ਕਿਹਾ ਪੰਡਤ ਜੀ! ਮੈਂ ਆਪਣਾ ਘੋੜਾ ਤੁਹਾਡੀ ਸੇਵਾ ਵਿਚ ਭੇਟ ਕਰਦਾ ਹਾਂ। ਤੁਸੀਂ ਤਾਂ ਮੇਰੇ ਨੇਤਰ ਖੋਲ੍ਹ ਦਿਤੇ, ਮੈਨੂੰ ਤੁਹਾਡੇ ਇਕ-ਇਕ ਬਚਨ ਉਪਰ ਪੂਰਨ ਭਰੋਸਾ ਹੈ, ਮੇਰੇ ਮਨ ਵਿਚ ਪ੍ਰਤੀਤ ਆ ਗਈ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਸਦੇ ਮਨ ਵਿਚ ਵਾਹਿਗੁਰੂ ਜੀ ਦੇ ਨਾਮ ਦੀ ਪ੍ਰਤੀਤ ਆ ਗਈ ਉਸ ਨੂੰ ਬਹੁਤ ਉਚੀ

ਪਦਵੀ ਪ੍ਰਾਪਤ ਹੋ ਜਾਇਆ ਕਰਦੀ ਹੈ ਜਿਵੇਂ ਕਿ –

*ਪਰਤੀਤਿ ਹੀਐ ਆਈ ਜਿਨ ਜਨ ਕੇ*
*ਤਿਨ ਕਉ ਪਦਵੀ ਉਚ ਭਈ॥*
*ਤਜਿ ਮਾਇਆ ਮੋਹੁ ਲੋਭੁ ਅਰੁ*
*ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ ਗਈ॥*
*ਪੰਨਾ – 1402*

ਗੁਰੂ ਮਹਾਰਾਜ ਜੀ ਹੋਰ ਥਾਂ ਫੁਰਮਾਨ ਕਰਦੇ ਹਨ ਕਿ ਵਾਹਿਗੁਰੂ ਜੀ ਦਾ ਨਾਮ ਸਿਰਫ ਓਹੀ ਪ੍ਰੇਮੀ ਜਪਿਆ ਕਰਦਾ ਹੈ ਜਿਸ ਦੀ ਪੂਰਨ ਸ਼ਰਧਾ ਗੁਰੂ ਉਪਰ ਹੁੰਦੀ ਹੈ।

ਗੁਰੂ ਸ਼ਰਧਾ ਉਪਰ ਇਕ ਕਥਾ ਆਉਂਦੀ ਹੈ ਕਿ ਇਕ ਵਾਰੀ ਗੁਰੂ ਅੰਗਦ ਸਾਹਿਬ ਜੀ ਮਹਾਰਾਜ ਤਖਤ ਉਤੇ ਬਿਰਾਜਮਾਨ ਸਨ, ਸੰਗਤਾਂ ਬੈਠੀਆਂ ਸਨ, ਗੁਰੂ ਅੰਗਦ ਸਾਹਿਬ ਜੀ ਬਚਨ ਕਰ ਰਹੇ ਸਨ। ਆਪ ਨੇ ਭਾਈ ਬਾਲਾ ਜੀ ਵਲ ਦ੍ਰਿਸ਼ਟੀ ਕਰਕੇ ਪੁਛਿਆ ਕਿ ਭਾਈ ਬਾਲਾ ਜੀ! ਆਪ ਨੌਆਂ ਖੰਡਾਂ, ਸੱਤਾਂ ਦੀਪਾਂ, ਜਿਥੋਂ ਤਕ ਸ੍ਰਿਸ਼ਟੀ ਹੈ ਤੁਸੀਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਨਾਲ ਰਹੇ ਅਤੇ ਸਾਰੇ ਕੌਤਕ ਆਪਣੇ ਨੇਤਰਾਂ ਨਾਲ ਡਿੱਠੇ। ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਉਸ ਵੇਲੇ ਭਾਈ ਬਾਲਾ ਜੀ ਨੇ ਦੋਵੇਂ ਹੱਥ ਜੋੜੇ ਕੇ ਬੇਨਤੀ ਕੀਤੀ ਕਿ ਮਹਾਰਾਜ! ਮੈਂ ਗੁਰੂ ਨਾਨਕ ਪਾਤਸ਼ਾਹ ਨੂੰ ਪੂਰਨ ਸੰਤ ਸਮਝਦਾ ਸੀ। ਮਹਾਰਾਜ ਕਹਿਣ ਲੱਗੇ, ਚੰਗਾ ਭਾਈ ਬਾਲਾ ਤੂੰ ਪੂਰਨ ਸੰਤ ਹੋਇਆ। ਨਾਲ ਹੀ ਭਾਈ ਬੁੱਢਾ ਜੀ ਬੈਠੇ ਸੀ ਉਨ੍ਹਾਂ ਨੂੰ ਆਪ ਨੇ ਪੁਛਿਆ ਕਿ ਤੁਸੀਂ ਬਹੁਤ ਛੋਟੀ ਉਮਰ ਤੋਂ ਮਹਾਰਾਜ ਜੀ ਦਾ ਸੰਗ ਕਰਦੇ ਰਹੇ ਹੋ ਅਤੇ ਅਨੇਕਾਂ ਕਥਾਵਾਂ ਆਪਣੇ ਜੀਵਨ ਵਿਚ ਸੁਣੀਆਂ ਹਨ, ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਸੀ? ਆਪ ਨੇ ਕਿਹਾ ਕਿ ਪਾਤਸ਼ਾਹ! ਉਹ ਤਾਂ ਪੂਰਨ ਬ੍ਰਹਮਗਿਆਨੀ ਸਨ। ਆਪ ਨੇ ਕਿਹਾ ਬਾਬਾ ਬੁੱਢਾ ਜੀ ਤੁਸੀਂ ਬ੍ਰਹਮਗਿਆਨੀ ਹੋਏ। ਕਿਸੇ ਗੁਰਸਿਖ ਨੇ ਕਿਹਾ ਗੁਰੂ ਨਾਨਕ ਪਾਤਸ਼ਾਹ ਬਹੁਤ ਚੰਗੇ ਵਿਦਵਾਨ ਬੁਲਾਰੇ ਸਨ, ਉਨ੍ਹਾਂ ਨੇ ਸਿਧਾਂ ਦੀ ਪੇਸ਼ ਨਾ ਜਾਣ ਦਿਤੀ ਅਤੇ ਨਾਨਕ ਨਾਮ ਸੁਖਾਲਾ ਸਿੱਧ ਕਰਕੇ ਦਿਖਾਇਆ, ਉਹ ਬਹੁਤ ਚੰਗੇ ਬੁਲਾਰੇ ਸਨ। ਮਹਾਰਾਜ ਜੀ ਕਹਿਣ ਲੱਗੇ, "ਭਾਈ! ਤੂੰ ਵੀ ਬੁਲਾਰਾ ਬਣਿਆ।" ਸਾਰਿਆਂ ਤੋਂ ਪੁੱਛ ਕੇ ਜਿਸ ਵਕਤ ਆਪ ਖਾਮੋਸ਼ ਹੋ ਗਏ ਤਾਂ ਮੁਖੀ-ਮੁਖੀ ਗੁਰਸਿਖਾਂ ਨੇ ਪ੍ਰਸ਼ਨ ਕੀਤਾ ਕਿ ਪਾਤਸ਼ਾਹ! ਆਪ ਨੇ ਵੀ ਗੁਰੂ ਨਾਨਕ ਪਾਤਸ਼ਾਹ ਦੀ ਸੇਵਾ ਕੀਤੀ ਹੈ, ਭਾਵੇਂ ਥੋੜ੍ਹੇ ਸਮੇਂ ਲਈ ਕੀਤੀ ਹੈ ਪਰ ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝ ਕੇ ਪਾਸ ਆਏ। ਆਪ ਬਹੁਤ ਗੰਭੀਰ ਅਵਸਥਾ ਵਿਚ ਆ ਗਏ ਆਪ ਨੇ ਕਿਹਾ ਕਿ ਅਸੀਂ ਤਾਂ ਗੁਰੂ ਨਾਨਕ ਨੂੰ ਪ੍ਰਮੇਸ਼ਰ ਰੂਪ ਤੱਕਿਆ। ਉਹ ਆਪ ਹੀ ਤਾਂ ਸਾਖਸ਼ਾਤ ਪਾਰਬ੍ਰਹਮ ਪ੍ਰਮੇਸ਼ਰ ਸਨ। ਸਾਧਸੰਗਤ ਜੀ! ਇਸ ਨਿਸ਼ਚੇ ਬਾਰੇ ਬਾਣੀ ਵਿਚ ਆਉਂਦਾ ਹੈ –

*ਗੁਰੁ ਪਰਮੇਸਰੁ ਏਕੋ ਜਾਣੁ॥*
*ਪੰਨਾ – 864*

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥*
*ਪੰਨਾ – 442*

ਮਹਾਰਾਜ ਜੀ ਕਹਿਣ ਲੱਗੇ ਕਿ ਨਿਸ਼ਚੇ ਅੱਡ-ਅੱਡ ਹੋਇਆ ਕਰਦੇ ਹਨ, ਸਤਿਗੁਰੂ ਆਰਸੀ (ਮੂੰਹ ਦੇਖਣ ਵਾਲਾ ਸ਼ੀਸ਼ਾ) ਹੋਇਆ ਕਰਦਾ ਹੈ, ਜਿਹੋ ਜਿਹਾ ਮੂੰਹ ਕਰਕੇ ਕੋਈ ਸ਼ੀਸ਼ੇ ਵਿਚ ਦੇਖਦਾ ਹੈ, ਓਹੋ ਜਿਹਾ ਹੀ ਮੂੰਹ ਦਿਸਦਾ ਹੈ, ਭਾਈ ਗੁਰਦਾਸ ਜੀ ਨੇ ਸਤਿਗੁਰੂ ਬਾਰੇ ਖੋਲ੍ਹ ਕੇ ਲਿਖਿਆ ਹੈ –

*ਸਤਿਗੁਰ ਪੁਰਖੁ ਅਗੰਮੁ ਹੈ*
*ਨਿਰਵੈਰੁ ਨਿਰਾਲਾ॥*
*ਜਾਣਹੁ ਧਰਤੀ ਧਰਮ ਕੀ*
*ਸਚੀ ਧਰਮਸਾਲਾ॥*
*ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮ੍ਹਾਲਾ॥*
*ਜਿਉ ਕਰਿ ਨਿਰਮਲੁ ਆਰਸੀ*
*ਜਗੁ ਵੇਖਣਿ ਵਾਲਾ॥*
*ਸੇਵਕ ਦਰਗਹ ਸੁਰਖਰੂ ਵੇਮੁਖ ਮੁਹਕਾਲਾ॥*
*ਭਾਈ ਗੁਰਦਾਸ ਜੀ, ਵਾਰ 34/1*

ਗੁਰੂ ਉਪਰ ਚਾਰ ਕਿਸਮ ਦੇ ਨਿਸ਼ਚੇ ਹੋਇਆ ਕਰਦੇ ਹਨ –

1. ਮੇਰਾ ਗੁਰੂ ਚੰਗਾ ਸੰਤ ਹੈ, 2. ਮੇਰਾ ਗੁਰੂ ਸਾਰੇ ਸੰਤਾਂ ਨਾਲੋਂ ਚੰਗਾ ਸੰਤ ਹੈ, 3. ਮੇਰਾ ਗੁਰੂ ਪ੍ਰਮੇਸ਼ਰ ਵਰਗਾ ਹੈ, 4. ਮੇਰਾ ਗੁਰੂ ਆਪ ਹੀ ਪ੍ਰਮੇਸ਼ਰ ਹੈ। ਜਿਸ ਦੇ ਮਨ ਵਿਚ ਇਹ ਨਿਸ਼ਚਾ ਆਪਣੇ ਗੁਰੂ ਬਾਰੇ ਹੈ ਉਸ ਵਿਚ ਅਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਹੋਇਆ ਕਰਦਾ। ਉਹ ਇਸ ਭਵਜਲ ਨੂੰ ਸਹਿਜੇ ਹੀ ਤਰ ਜਾਂਦਾ ਹੈ। ਜਿਵੇਂ ਕਿ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ –

*ਸੇਵਕ ਦਰਗਹ ਸੁਰਖਰੂ ਵੇਮੁਖ ਮੁਹਕਾਲਾ॥*
*ਭਾਈ ਗੁਰਦਾਸ ਜੀ, ਵਾਰ 34/1*

ਧੰਨੇ ਭਗਤ ਨੂੰ ਜੇ ਸ਼ਰਧਾ ਸੀ ਤਾਂ ਹੀ ਪ੍ਰਭੂ ਨੇ ਆ ਕੇ ਉਸ ਦੀ ਰੋਟੀ ਖਾ ਲਈ ਅਤੇ ਲੱਸੀ ਪੀ ਲਈ। ਇਹ ਕਥਾ ਆਮ ਸਾਰੇ ਪ੍ਰੇਮੀ ਜਾਣਦੇ ਹਨ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਸੰਖੇਪ ਰੂਪ ਵਿਚ ਅੰਕਿਤ ਕੀਤਾ ਹੈ-

*ਬਾਮ੍ਹਣ ਪੂਜੈ ਦੇਵਤੇ*
*ਧੰਨਾ ਗਊ ਚਰਾਵਣ ਆਵੈ॥*
*ਧੰਨੈ ਡਿਠਾ ਚਲਿਤੁ ਏਹੁ*
*ਪੁਛੈ ਬਾਮ੍ਹਣੁ ਆਖਿ ਸੁਣਾਵੈ॥*
*ਠਾਕੁਰ ਦੀ ਸੇਵਾ ਕਰੈ*
*ਜੋ ਇਛੈ ਸੋਈ ਫਲੁ ਪਾਵੈ॥*

ਧੰਨਾ ਕਰਦਾ ਜੋਦੜੀ
ਮੈ ਭਿ ਦੇਹ ਇਕ ਜੇ ਤੁਧੁ ਭਾਵੈ॥
ਪਥਰੁ ਇਕ ਲਪੇਟਿ ਕਰਿ
ਦੇ ਧੰਨੇ ਨੋ ਗੈਲ ਛੁਡਾਵੈ॥
ਠਾਕੁਰ ਨੋ ਨ੍ਹਾਵਾਲਿਕੈ
ਛਾਹਿ ਰੋਟੀ ਲੈ ਭੋਗੁ ਚੜ੍ਹਾਵੈ॥
ਹਥਿ ਜੋੜਿ ਮਿਨਤਾਂ ਕਰੈ
ਪੈਰੀਂ ਪੈ ਪੈ ਬਹੁਤੁ ਮਨਾਵੈ॥
ਹਉਂ ਭੀ ਮੁਹੁ ਨ ਜੁਠਾਲਸਾਂ
ਤੂ ਰੁਠਾ ਮੈ ਕਿਹੁ ਨ ਸੁਖਾਵੈ॥
ਗੋਸਾਈ ਪਰਤਖਿ ਹੋਇ ਰੋਟੀ
ਖਾਇ ਛਾਹਿ ਮੁਹਿ ਲਾਵੈ॥
ਭੋਲਾ ਭਾਉ ਗੋਬਿੰਦੁ ਮਿਲਾਵੈ॥

ਭਾਈ ਗੁਰਦਾਸ ਜੀ, ਵਾਰ 10/13

ਸੋ ਸ਼ਰਧਾ ਬਹੁਤ ਹੀ ਜ਼ਰੂਰੀ ਹੈ ਮਹਾਰਾਜ ਜੀ ਲਿਖਦੇ ਹਨ–

ਸਤਿਗੁਰ ਕੀ ਪਰਤੀਤਿ ਨ ਆਈਆ
ਸਬਦਿ ਨ ਲਾਗੋ ਭਾਉ॥
ਓਸ ਨੋ ਸੁਖੁ ਨ ਉਪਜੈ
ਭਾਵੈ ਸਉ ਗੇੜਾ ਆਵਉ ਜਾਉ॥

ਪੰਨਾ – 591

ਪ੍ਰਭੂ ਚਿਤ ਤਾਂ ਹੀ ਆਉਂਦਾ ਹੈ ਜੇ ਗੁਰੂ ਉਪਰ ਪ੍ਰਤੀਤ ਹੋਵੇ। ਜਿਸ ਦੇ ਹਿਰਦੇ ਵਿਚ ਵਿਸ਼ਵਾਸ਼ ਹੈ ਕਿ ਵਾਹਿਗੁਰੂ ਜੀ ਸਾਰੇ ਪਰੀਪੂਰਨ ਹਨ ਅਤੇ ਉਹ ਆਪੇ ਹੀ ਆਪ ਹਨ ਉਸ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਕੇ ਦਿਬਯ ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ। ਫੁਰਮਾਨ ਹੈ –

ਧਾਰਨਾ –ਗੁਰ ਕੀ ਪ੍ਰਤੀਤ ਜੀ,
ਜਿਸ ਦੇ ਮਨ ਵਿਚ ਹੈ ਭਾਈ

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥

ਪੰਨਾ – 285

ਜਾ ਕੈ ਮਨਿ ਗੁਰ ਕੀ ਪਰਤੀਤਿ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥

ਪੰਨਾ – 283

ਚੌਥਾ ਸਾਧਨ ਸਮਾਧਾਨ ਹੋਇਆ ਕਰਦਾ ਹੈ। ਰੂਹਾਨੀ ਮਾਰਗ ਤੇ ਚਲਦਿਆਂ ਮਾਇਆ ਦੇ ਪ੍ਰਭਾਵ ਕਰਕੇ ਅਨੇਕਾਂ ਕਿਸਮ ਦੇ ਸ਼ੰਕੇ ਮਨ ਵਿਚ ਉਭਰ ਆਇਆ ਕਰਦੇ ਹਨ, ਆਦਮੀ ਸੋਚਦਾ ਹੈ ਕਿ ਵਾਹਿਗੁਰੂ ਜੀ ਕਿਸ ਤਰ੍ਹਾਂ ਸੰਸਾਰ ਦਾ ਰੂਪ ਧਾਰ ਸਕਦੇ ਹਨ। ਵਾਹਿਗੁਰੂ ਕੋਈ ਹੋਰ ਚੀਜ਼ ਹੈ, ਸੰਸਾਰ ਹੋਰ ਚੀਜ਼ ਹੈ, ਆਤਮਾ ਸਾਰਿਆਂ ਵਿਚ ਇਕ ਕਿਵੇਂ ਹੁੰਦਾ ਹੈ? ਜੇ ਇਕ ਕਿਸੇ ਨੂੰ ਗਿਆਨ ਹੋ ਜਾਵੇ ਤਾਂ ਸਾਰਿਆਂ ਨੂੰ ਗਿਆਨ ਕਿਉਂ ਨਹੀਂ ਹੁੰਦਾ? ਜਿਸ ਦਾ ਰੂਪ ਰੰਗ ਰੇਖ ਭੇਖ ਨਹੀਂ, ਉਹ ਚੀਜ਼ ਕਿਵੇਂ ਹੋਈ? ਹੈ ਵੀ ਕਿ ਨਹੀਂ? ਮੈਂ ਨਾਮ ਜਪੀ ਜਾਂਦਾ ਹਾਂ ਇਸ ਦਾ ਕੀ ਫਾਇਦਾ ਹੈ? ਸੇਵਾ ਕਰਨ ਤੋਂ ਕੀ ਲਾਭ ਪ੍ਰਾਪਤ ਹੁੰਦਾ ਹੈ? ਮੇਰੇ ਨਾਲ ਦੇ ਸਭ ਪੈਸਾ ਕਮਾ ਰਹੇ ਹਨ ਅਤੇ ਮੈਂ ਸੱਚ ਦਾ ਜੀਵਨ ਗੁਜ਼ਾਰ ਕੇ ਤੰਗੀ ਕੱਟ ਰਿਹਾ ਹਾਂ, ਜਿਹੜੇ ਮੇਰੇ ਮਹਾਂਪੁਰਸ਼ ਹਨ ਇਹ ਕਿਤੇ ਅਗਿਆਨ ਵਿਚ ਤਾਂ ਨਹੀਂ ਹਨ, ਮੈਨੂੰ ਗਲਤ ਗੱਲਾਂ ਹੀ ਤਾਂ ਨਹੀਂ ਕਹੀ ਜਾਂਦੇ? ਇਸ ਕਿਸਮ ਦੇ ਅਨੇਕ ਸੰਸੇ ਮਨ ਵਿਚ ਪਏ ਰਹਿੰਦੇ ਹਨ। ਜਦੋਂ ਤਕ ਇਹ ਸ਼ੱਕ ਦੂਰ ਨਹੀਂ ਹੁੰਦਾ ਓਨੀਂ ਦੇਰ ਤਕ ਇਹ ਰੂਹਾਨੀ ਮਾਰਗ ਤੇ ਤਰੱਕੀ ਨਹੀਂ ਕਰ ਸਕਿਆ ਕਰਦਾ। ਸੰਸਿਆਂ ਵਿਚ ਪਿਆ ਭਰਮ, ਪੂਰਨ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਕਰਕੇ ਨਾਸ਼ ਹੋਇਆ ਕਰਦਾ ਹੈ। ਜਦੋਂ ਇਸ ਜੀਵ ਨੂੰ ਗਿਆਨ ਹੋ ਗਿਆ ਅਤੇ ਇਸ ਨੂੰ ਪਤਾ ਲਗ ਗਿਆ ਕਿ ਮੈਂ ਜੀਵ ਨਹੀਂ ਹਾਂ, ਇਹ ਤਾਂ ਇਕੋ ਹੀ ਆਤਮਾ ਹੈ ਜੋ ਸਾਰੇ ਸੰਸਾਰ ਦੀ ਕ੍ਰਿਆ ਨੂੰ ਚਲਾ ਰਹੀ ਹੈ, ਨਾ ਮੈਂ ਪ੍ਰਕ੍ਰਿਤੀ ਦਾ ਕੋਈ ਭਾਗ ਹਾਂ, ਨਾ ਕਿਸੇ ਵਜੂਦ ਵਾਲਾ ਹਾਂ, ਮੈਂ ਰੂਪ, ਰੰਗ, ਰੇਖ ਭੇਖ ਤੋਂ ਨਿਆਰਾ ਹਾਂ, ਮੈਂ ਸਦਾ ਅਨੰਦ ਹਾਂ, ਮੈਨੂੰ ਕੋਈ ਦੁਖ ਆਉਂਦਾ ਹੀ ਨਹੀਂ, ਮੈਂ ਸ੍ਰਿਸ਼ਟੀ ਦਾ ਕਰਤਾ ਧਰਤਾ ਆਤਮਾ ਹਾਂ, ਜਦੋਂ ਇਹ ਗਿਆਨ ਪਰਪੱਕ ਹੋ ਜਾਵੇ ਤਾਂ ਸ਼ੰਕਿਆਂ ਦਾ ਨਾਸ਼ ਹੋ ਜਾਂਦਾ ਹੈ ਨਹੀਂ ਤਾਂ ਇਹ ਸ਼ੰਕੇ ਅੰਤਸ਼ਕਰਣ ਨੂੰ ਪੂਰੀ ਤਰ੍ਹਾਂ ਮੈਲ ਨਾਲ ਭਰ ਦਿੰਦੇ ਹਨ। ਗੁਰੂ ਮਹਾਰਾਜ ਜੀ ਇਸ ਦੇ ਬਾਰੇ ਫੁਰਮਾਨ ਕਰਦੇ ਹਨ ਕਿ ਕਰਮ ਕਰਨ ਨਾਲ ਸਹਸਾ ਦੂਰ ਨਹੀਂ ਹੋਇਆ ਕਰਦਾ, ਦੁਨੀਆਂ ਕਰਮ ਕਰ ਕਰਕੇ ਥੱਕ ਗਈ ਪਰ ਸਹਸਾ ਉਸੇ ਤਰ੍ਹਾਂ ਨਾਲ ਬਣਿਆ ਰਿਹਾ। ਸ਼ੰਕਾ ਹੋਣ ਕਰਕੇ ਅੰਤਸ਼ਕਰਣ ਮਲੀਨ ਹੁੰਦਾ ਹੈ, ਇਹ ਧੋਇਆ ਕਿਵੇਂ ਜਾਵੇ? ਮਹਾਰਾਜ ਜੀ ਕਹਿਣ ਲੱਗੇ ਕਿ ਪਿਆਰਿਓ! ਤੁਸੀਂ ਸ਼ਬਦ ਬ੍ਰਹਮ ਨਾਲ ਆਪਣਾ ਚਿੱਤ ਲਾਓ, ਆਪਣੇ ਧੇਅ ਨੂੰ ਪ੍ਰਾਪਤ ਕਰੋ। ਵਾਹਿਗੁਰੂ ਜੀ ਨਾਲ ਚਿੱਤ ਲਾ ਕੇ ਰੱਖੋ, ਅਧਿਕਾਰੀ ਦੇਖ ਕੇ ਗੁਰੂ ਉਪਦੇਸ਼ ਦਿੰਦਾ ਹੈ ਜਿਵੇਂ ਕਿ ਫੁਰਮਾਨ ਹੈ –

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥

ਪੰਨਾ – 306

ਸੋ ਗੁਰੂ ਦੀ ਕ੍ਰਿਪਾ ਨਾਲ ਸਹਿਜ ਦੀ ਪ੍ਰਾਪਤੀ ਹੁੰਦੀ ਹੈ, ਸਤਿ ਗਿਆਨ ਹਿਰਦੇ ਵਿਚ ਪ੍ਰਗਟ ਹੁੰਦਾ ਹੈ, ਉਸ ਵੇਲੇ ਇਹ ਸਹਸਾ ਦੂਰ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਸਮਾਧਾਨ ਆਤਮ ਮਾਰਗ ਤੇ ਚਲਣ ਲਈ ਬਹੁਤ ਹੀ ਜ਼ਰੂਰੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

ਕਰਮੀ ਸਹਜੁ ਨ ਊਪਜੈ
ਵਿਣੁ ਸਹਜੈ ਸਹਸਾ ਨ ਜਾਇ॥
ਨਹ ਜਾਇ ਸਹਸਾ ਕਿਤੈ
ਸੰਜਮਿ ਰਹੇ ਕਰਮ ਕਮਾਏ॥
ਸਹਸੈ ਜੀਉ ਮਲੀਣੁ ਹੈ
ਕਿਤੁ ਸੰਜਮਿ ਧੋਤਾ ਜਾਏ॥
ਮੰਨੁ ਧੋਵਹੁ ਸਬਦਿ ਲਾਗਹੁ

*ਹਰਿ ਸਿਉ ਰਹਹੁ ਚਿਤੁ ਲਾਇ॥*
*ਕਹੈ ਨਾਨਕੁ ਗੁਰ ਪਰਸਾਦੀ*
*ਸਹਜੁ ਉਪਜੈ ਇਹੁ ਸਹਸਾ ਇਵ ਜਾਇ॥*
*ਪੰਨਾ - 919*

ਇਸ ਤੋਂ ਪਿਛੋਂ ਇਕ ਮਾਨਸਕ ਅਵਸਥਾ ਪੈਦਾ ਹੁੰਦੀ ਹੈ ਜਿਸ ਨੂੰ ਉਪਰਾਮ ਆਖਦੇ ਹਨ। ਮਾਇਆ ਦੇ ਵਿਚ ਚਿੱਤ ਲੱਗਿਆ ਰਹਿਣਾ, ਮਾਇਆ ਦੇ ਅੰਧਕਾਰ ਵਿਚ ਪੈ ਕੇ ਮੋਹ ਦੇ ਜਜ਼ਬੇ ਅਧੀਨ ਆਪਣੇ ਪਰਿਵਾਰ ਦੇ ਜੀਵਾਂ ਨਾਲ ਪਰਚਿਆ ਰਹਿਣਾ, ਇਹ ਭਾਵਨਾਵਾਂ ਗਿਆਨ ਦੇ ਰਸਤੇ ਵਿਚ ਬਹੁਤ ਸਖਤ ਰੁਕਾਵਟਾਂ ਹਨ। ਆਪਣਾ ਫਰਜ਼ ਪੂਰਾ ਕਰਨਾ, ਹੋਰ ਗੱਲ ਹੈ, ਮੋਹ ਦੇ ਅਧੀਨ ਹੋ ਕੇ ਆਪਣੇ ਅੰਤਸ਼ਕਰਣ ਵਿਚ ਬੇਅੰਤ ਭਾਵ ਪੈਦਾ ਕਰ ਲੈਣੇ, ਪਰਿਵਾਰ ਲਈ ਜੀਉਣਾ, ਇਹ ਫਸਾ ਲਿਆ ਕਰਦਾ ਹੈ। ਸੋ ਇਨ੍ਹਾਂ ਤੋਂ ਛੁਟਕਾਰਾ ਪਾ ਕੇ ਸੰਸਾਰ ਦੇ ਸੁਖਾਂ ਨੂੰ ਛਿਨਭੰਗਰ ਜਾਨਣਾ ਅਤੇ ਆਤਮ ਅਨੰਦ ਨੂੰ ਸਭ ਤੋਂ ਸ੍ਰੇਸ਼ਟ ਜਾਨਣਾ, ਆਤਮਾ ਨਾਲ ਪ੍ਰੀਤੀ ਕਰਨੀ ਅਤੇ ਸੰਸਾਰ ਨੂੰ ਨਾਸ਼ਵਾਨ ਜਾਣ ਕੇ ਇਸ ਤੋਂ ਉਦਾਸ ਰਹਿਣਾ ਉਪਰਾਮ ਕਹਾਇਆ ਕਰਦਾ ਹੈ। ਸੰਸਾਰ ਦੇ ਮੋਹ ਵਿਚ ਪਿਆ ਹੋਇਆ ਰੀਤਾਂ ਰਿਵਾਜਾਂ ਦੇ ਵਿਚ ਬੰਨ੍ਹਿਆ ਹੋਇਆ ਆਤਮ ਮਾਰਗ ਤੇ ਨਹੀਂ ਚਲ ਸਕਦਾ।

ਇਸ ਪਉੜੀ ਦਾ ਅਗਲਾ ਡੰਡਾ ਤਤਿਕਸ਼ਾ ਹੋਇਆ ਕਰਦਾ ਹੈ। ਤਤਿਕਸ਼ਾ ਦੋ ਤਰ੍ਹਾਂ ਦੀ ਹੁੰਦੀ ਹੈ ਇਕ ਤਾਂ ਆਪਣੇ ਸਰੀਰ ਨੂੰ ਕਸ਼ਟ ਦੇਣਾ, ਜੰਗਲਾਂ ਵਿਚ ਜਾ ਕੇ ਭੁੱਖੇ ਪਿਆਸੇ ਰਹਿਣਾ, ਅਨੇਕ ਤਰ੍ਹਾਂ ਦੇ ਚਿਲੇ ਕੱਟਣੇ। ਦੂਸਰੀ ਤਤਿਕਸ਼ਾ ਸਹਿਜ ਦੀ ਹੋਇਆ ਕਰਦੀ ਹੈ ਜਿਸ ਰਾਹੀਂ ਫਲ ਬਹੁਤਾ ਪ੍ਰਾਪਤ ਹੁੰਦਾ ਹੈ। ਗੁਰੂ ਕੇ ਲੰਗਰਾਂ ਦੀ ਸੇਵਾ ਕਰਨੀ, ਪ੍ਰਸ਼ਾਦੇ ਪਕਾਉਣੇ, ਵਰਤਾਉਣੇ, ਕੀਰਤਨ ਵਿਚ ਪਹੁੰਚਣਾ, ਕੀਰਤਨ ਕਰਨਾ, ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਨਿਤਨੇਮ ਕਰਨਾ, ਸਿਮਰਨ ਵਿਚ ਬਿਰਤੀ ਨੂੰ ਫੁਰਨਿਆਂ ਤੋਂ ਰੋਕ ਕੇ ਲਾਉਣਾ, ਮਨ ਨੂੰ ਕਿਸੇ ਪਾਸੇ ਨਾ ਜਾਣ ਦੇਣਾ, ਬਾਰ-ਬਾਰ ਮੋੜ ਕੇ ਨਾਮ ਧੁਨ ਤੇ ਕੇਂਦਰਤ ਕਰਨਾ, ਇਹ ਉਤਮ ਤਤਿਕਸ਼ਾ ਹੋਇਆ ਕਰਦੀ ਹੈ। ਦੂਸਰੀ ਕਿਸਮ ਦੀਆਂ ਤਤਿਕਸ਼ਾਵਾਂ ਕਰਨ ਲਈ ਖੇਚਲ ਬਹੁਤੀ ਹੁੰਦੀ ਹੈ ਅਤੇ ਫਲ ਬਹੁਤ ਹੀ ਘੱਟ ਹੋਇਆ ਕਰਦਾ ਹੈ। ਵਿਚਾਰ ਸਾਗਰ ਵਿਚ ਇਨ੍ਹਾਂ ਸਾਧਨਾਂ ਬਾਰੇ ਬਹੁਤ ਹੀ ਸਰਲ ਤੌਰ ਤੇ ਅੰਕਤ ਹੈ ਜਿਵੇਂ ਕਿ ਸਾਧਨ, ਵਿਵੇਕ, ਬੈਰਾਗ, ਖਟਸਮਤੀ, ਸਮਾਧਾਨ, ਉਪਰਾਮ, ਤਤਿਕਸ਼ਾ ਬਾਰੇ ਕ੍ਰਮਵਾਰ ਅੰਕਿਤ ਹੈ -

*ਚਾਰ ਸਾਧਨ*
*ਪ੍ਰਥਮ ਵਿਵੇਕ, ਬੈਰਾਗ ਪੁਨ,*
*ਸਮਾਦਿ ਖਟਸੰਪਤਿ*
*ਕਹੀ ਚਤਰਥ ਮਮੁਕਸ਼ਤਾ,*
*ਯੇ ਚਵ ਸਾਧਨ ਸਤਿ।*

*ਵਿਵੇਕ*
*ਅਵਿਨਾਸ਼ੀ ਆਤਮ ਅਚਲ,*
*ਜਗ ਤਾ ਕੇ ਪ੍ਰਤਿਕੂਲ*
*ਐਸੋ ਗਿਆਨ ਬਿਬੇਕ ਹੈ,*
*ਸਬ ਸਾਧਨ ਕੇ ਮੂਲ*

*ਬੈਰਾਗ*
*ਬ੍ਰਹਮ ਲੋਕ ਲੌਂ ਭੋਗ ਜੋ ਚਹੈ*
*ਸਬਨ ਕੋ ਤਿਆਗ।*
*ਵੇਦ ਅਰਥ ਗਿਆਤਾ*
*ਮੁਨੀ ਕਹਤ ਤਾਹਿ ਵੈਰਾਗ।*

*ਖਟਸੰਪਤੀ*
*ਸ਼ਮ ਦਮ ਸ਼੍ਰਧਾ*
*ਤੀਸਰੀ ਸਮਾਧਾਨ ਉਪਰਾਮ।*
*ਛਠੀ ਤਿਤੀਕਸ਼ਾ ਜਾਨਿਏਂ*
*ਭਿੰਨ ਭਿੰਨ ਯਹ ਨਾਮ।*

*ਸਮ ਦਮ*
*ਮਨ ਵਿਸ਼ਅਨ ਤੇ ਰੋਕਨੋਂ,*
*ਸ਼ਮ ਤਿਹਿ ਕਹਤ ਸੁਧੀਰ।*
*ਇੰਦਰਯਗਣ ਕੋ ਰੋਕਨੋ,*
*ਦਮ ਭਾਖਤ ਬੁਧ ਵੀਰ।*

*ਸ਼ਰਧਾ-ਸਮਾਧਾਨ*
*ਸਤਯ ਵੇਦ ਗੁਰੂ ਵਾਕਯ ਹੈ,*
*ਸ਼ਰਧਾ ਵਿਸ਼ਵਾਸ਼।*
*ਸਮਾਧਾਨ ਤਾ ਕੂੰ ਕਹਤ,*
*ਮਨ ਵਿਛੇਪ ਕੋ ਨਾਸ।*

*ਉਪਰਾਮ*
*ਸਾਧਨ ਸਹਿਤ ਕਰਮ ਸਭ ਤਿਆਗੇ*
*ਲਖ ਵਿਕ (ਵਿਠੁ)*
*ਸਮ ਵਿਸ਼ਅਨ ਤੇ ਭਾਗੇ*
*ਦ੍ਰਿਗਨਾਰੀ ਲਖ ਹ੍ਵੈ ਜਿਯ ਗਿਲਾਨਾ*
*ਯਹ ਲਖਸ਼ਨ ਉਪਰਾਮ ਬਖਾਨਾ*

*ਤਤਿਕਸ਼ਾ*
*ਆਤਮ-ਸ਼ੀਤ-ਕੁ-ਸ਼ੁਧਾ ਤ੍ਰਿਖਾ,*
*ਇਨ ਕੋ ਸਹਿਨ ਸੁਭਾਵ*
*ਤਾਹਿ ਤਤਿਕਸ਼ਾ ਕਤਿ ਹੈ,*
*ਕੋ ਵਿਦ ਮੁਨਿਵਰ ਰਾਵ*

ਇਹ ਸਾਧਨ ਉਹ ਪ੍ਰੇਮੀ ਕਰ ਸਕਿਆ ਕਰਦੇ ਹਨ ਜਿਸ ਉਤੇ ਗੁਰੂ ਦੀ ਕ੍ਰਿਪਾ ਹੋ ਜਾਵੇ, ਸੰਖੇਪ ਦੇ ਵਿਚ ਮੈਂ ਫੇਰ ਦਸਦਾ ਹਾਂ ਕਿ ਪਹਿਲਾਂ ਉਹ ਸਤਿਸੰਗ ਕਰਦਾ ਹੈ, ਉਥੇ ਜਾ ਕੇ ਬਾਣੀ ਸੁਣਦਾ ਹੈ, ਇਸ ਦੇ ਮਨ ਵਿਚ ਬੈਰਾਗ ਪੈਦਾ ਹੁੰਦਾ ਹੈ, ਫੇਰ ਸਤਿ ਤੇ ਅਸਤਿ ਦਾ ਨਿਰਣਾ ਕਰਕੇ ਫੇਰ ਵਿਵੇਕ ਬਿਰਤੀ ਉਦੈ ਹੁੰਦੀ ਹੈ। ਸਤਿ ਦੀ ਪ੍ਰਾਪਤੀ ਵਾਸਤੇ ਸੇਵਾ ਕਰਦਾ ਹੈ, ਬਰਤਨ ਮਾਂਜਦਾ ਹੈ, ਝਾੜੂ ਦਿੰਦਾ ਹੈ, ਦਰੀਆਂ ਝਾੜਦਾ ਹੈ, ਹੋਰ ਅਨੇਕਾਂ ਕਿਸਮ ਦੀ ਸੇਵਾ ਕਰਦਾ ਹੈ। ਸ਼ਰਧਾ ਉਹਦੇ ਮਨ ਵਿਚ ਐਨੀ ਹੁੰਦੀ ਹੈ ਜੋ ਗੁਰੂ ਨੇ ਕਹਿ ਦਿਤਾ

ਉਹੀ ਮੰਨ ਲੈਂਦਾ ਹੈ, ਜੋ ਗੁਰੂ ਨੇ ਕਹਿ ਦਿਤਾ ਉਹਦੇ ਉਤੇ ਹੀ ਫੁੱਲ ਚੜ੍ਹਾਉਂਦਾ ਹੈ। ਫੇਰ ਸਮਾਧਾਨ ਰਾਹੀਂ ਸ਼ੰਕੇ ਦੂਰ ਕਰਦਾ ਹੈ, ਦੁਨੀਆਂ ਵਲੋਂ ਉਪਰਾਮ ਰਹਿੰਦਾ ਹੈ, ਸਤਿਸੰਗ ਵਿਚ ਆਉਣ ਦੀ ਖੇਚਲ ਨਹੀਂ ਮੰਨਦਾ, ਜੇ ਸਵਾਰੀ ਨਹੀਂ ਮਿਲਦੀ ਤਾਂ ਪੈਦਲ ਹੀ ਚਲ ਪੈਂਦਾ ਹੈ। ਜੇ ਅਤਿ ਦੀ ਗਰਮੀ ਪੈਂਦੀ ਹੋਵੇ ਤਾਂ ਵੀ ਸਤਿਸੰਗ ਵਿਚ ਪਹੁੰਚਦਾ ਹੈ, ਪਿਆਸ ਲੱਗੀ ਹੈ ਉਸਦੀ ਪਰਵਾਹ ਨਹੀਂ ਕਰਦਾ, ਧੁੱਪ ਦੀ ਪਰਵਾਹ ਨਹੀਂ ਕਰਦਾ, ਇਹ ਤਤਿਕਸ਼ਾ ਹੋਇਆ ਕਰਦੀ ਹੈ। ਇਸ ਸਾਧਨ ਵਿਚ ਪਿਆਂ ਉਸਦਾ ਇਰਾਦਾ ਦ੍ਰਿੜ੍ਹ ਹੋ ਜਾਇਆ ਕਰਦਾ ਹੈ ਅਤੇ ਦ੍ਰਿੜ੍ਹਤਾ ਦੇ ਨਾਲ ਸੋਚਦਾ ਹੈ ਕਿ ਮੈਂ ਇਸੇ ਜਨਮ ਦੇ ਅੰਦਰ ਜਿਸ ਕਾਰਜ ਨੂੰ ਕਰਨ ਵਾਸਤੇ ਆਇਆ ਹਾਂ, ਉਹ ਪ੍ਰਭੂ ਪ੍ਰਾਪਤੀ ਕਰ ਲੈਣੀ ਹੈ ਭਾਵੇਂ ਮੈਨੂੰ ਕੁਝ ਵੀ ਕਿਉਂ ਨਾ ਕਰਨਾ ਪਵੇ। ਉਸਦੀ ਨੇਸ਼ਟਾ ਪਰਪੱਕ ਹੋ ਜਾਂਦੀ ਹੈ, ਸਤਿਸੰਗ ਵਿਚ 100% ਸਤਿਗੁਰੂ ਦੇ ਭਰੋਸੇ ਵਿਚ ਆ ਕੇ ਬਚਨ ਸੁਣਦਾ ਹੈ, ਕਿੰਤੂ ਨਹੀਂ ਕਰਦਾ। ਜਿਹੜਾ ਕੁਝ ਸੁਣ ਲਿਆ ਉਸ ਨੂੰ ਪੂਰੀ ਤਰ੍ਹਾਂ ਸਤਿ ਮੰਨਦਾ ਹੈ। ਜੇ ਮਹਾਂਪੁਰਸ਼ਾਂ ਨੇ ਕਹਿ ਦਿਤਾ ਕਿ ਪਿਆਰਿਆ! ਤੂੰ ਆਤਮਾ ਹੈਂ ਤਾਂ ਉਸ ਨੇ ਉਸੇ ਵੇਲੇ ਮੰਨ ਜਾਣਾ ਹੈ ਕਿ ਮੈਂ ਆਤਮਾ ਹਾਂ, ਫੇਰ ਉਸ ਨੂੰ ਖੋਜਣ ਦਾ ਯਤਨ ਕਰਦਾ ਹੈ। ਸੋਚਦਾ ਹੈ ਕਿ ਮੈਨੂੰ ਇਹ ਤਾਂ ਨਹੀਂ ਪਤਾ ਕਿ ਆਤਮਾ ਕਿਹੋ ਜਿਹਾ ਹੁੰਦਾ ਹੈ, ਪਰ ਮੈਂ ਮਹਾਂਪੁਰਸ਼ਾਂ ਤੋਂ ਰਸਤਾ ਪੁੱਛ ਕੇ ਅੰਦਰੋਂ ਹੀ ਇਸ ਦੀ ਖੋਜ ਕਰਾਂ। ਜਦੋਂ ਅਸੀਂ ਖੋਜ ਕਰਦੇ ਹਾਂ ਤਾਂ ਜੋ ਉਹ ਲਾਲ ਅਸਾਡੇ ਅੰਦਰ ਪਹਿਲਾਂ ਹੀ ਮੌਜੂਦ ਸੀ ਉਹ ਪ੍ਰਾਪਤ ਹੋ ਜਾਇਆ ਕਰਦਾ ਹੈ। ਇਸ ਦੇਹੀ ਵਿਚੋਂ ਹੀ ਸਭ ਕੁਝ ਮਿਲ ਜਾਂਦਾ ਹੈ -

***ਧਾਰਨਾ -ਲਾਲ ਇਕ ਪਾਇਆ ਜੀ,***
***ਦੇਹੀ ਨੂੰ ਖੋਜ-ਖੋਜ ਕੇ***

ਆਹ ਜਿਹੜਾ ਬਚਨ ਹੈ ਗੁਰੂ ਮਹਾਰਾਜ ਦਾ, ਇਹ ਚਿੱਤ ਤੋਂ ਨਾ ਵਿਸਾਰਨ ਵਾਲਾ ਹੈ, ਸਦਾ ਵਾਸਤੇ ਯਾਦ ਵਿਚ ਵਸਾ ਕੇ ਰਖਣ ਵਾਲਾ ਹੈ।

***ਖੋਜਤ ਖੋਜਤ ਲਾਲੁ ਇਕੁ ਪਾਇਆ***
***ਹਰਿ ਕੀਮਤਿ ਕਹਣੁ ਨ ਜਾਈ ਸੰਤਹੁ॥***

***ਪੰਨਾ - 916***

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਅਸੀਂ ਦੇਹੀ ਨੂੰ ਖੋਜਿਆ, ਅੰਦਰੋਂ ਹੀ ਆਤਮ ਰੂਪੀ ਲਾਲ ਦੀ ਪ੍ਰਾਪਤੀ ਹੋ ਗਈ ਜਾਂ ਐਉਂ ਕਹੋ ਨਾਮ ਦੀ ਪ੍ਰਾਪਤੀ ਹੋ ਗਈ ਜੋ ਇਸ ਸਰੀਰ ਦੇ ਵਿਚ ਹੀ ਵਸਦਾ ਹੈ, ਉਸ ਦੀ ਕੀਮਤ ਕਹਿਣ ਤੋਂ ਬਾਹਰ ਹੈ। ਉਹ ਅਮੁਲਾ ਲਾਲ ਹੈ ਪਰ ਸੰਸਾਰ ਇਸ ਅਮੁੱਲੇ ਲਾਲ ਦੀ ਕੀਮਤ ਨਹੀਂ ਜਾਣਦਾ।

ਇਕ ਵਾਰੀ ਗੁਰੂ ਨਾਨਕ ਪਾਤਸ਼ਾਹ ਜੀ ਸੰਸਾਰ ਦਾ ਉਧਾਰ ਕਰਦੇ-ਕਰਦੇ ਜਾ ਰਹੇ ਹਨ। ਮਰਦਾਨੇ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਆਪ ਨਾਮ ਦੀ ਗੱਲ ਹਰ ਥਾਂ ਕਰਦੇ ਹੋ ਅਤੇ ਇਹ ਵੀ ਦਸਦੇ ਹੋ ਕਿ ਇਹ ਨਾਮ ਅਮੁੱਲ ਹੈ। ਭਾਗਾਂ ਵਾਲੇ ਹਨ ਜਿਨ੍ਹਾਂ ਦੇ ਮੱਥੇ ਵਿਚ ਲੇਖ ਲਿਖੇ ਹੁੰਦੇ ਹਨ ਓਹੀ ਇਸ ਨੂੰ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ ਜਿਵੇਂ ਕਿ -

***ਧਾਰਨਾ- ਨਾਮ ਅਮੋਲਾ ਜੀ ਮੇਰੇ ਸਾਹਿਬ ਦਾ***

***ਸਾਈ ਨਾਮੁ ਅਮੋਲੁ***
***ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ***
***ਸੇ ਨਾਨਕ ਹਰਿ ਰੰਗੁ ਮਾਣਦੋ॥***

***ਪੰਨਾ - 81***

ਪਰ ਮੈਂ ਇਹ ਦੇਖਿਆ ਹੈ ਕਿ ਜਦੋਂ ਆਪ ਬਚਨ ਕਰ ਰਹੇ ਹੁੰਦੇ ਹੋ ਉਸ ਵੇਲੇ ਤਾਂ ਬਹੁਤ ਸਾਰੇ ਪ੍ਰੇਮੀ ਪੂਰੇ ਧਿਆਨ ਨਾਲ ਸ੍ਰਵਣ ਕਰ ਲੈਂਦੇ ਹਨ, ਵਾਹ-ਵਾਹ ਉਨ੍ਹਾਂ ਦੇ ਮੁਖ ਤੋਂ ਨਿਕਲਦਾ ਹੈ, ਪਰ ਸੱਚੇ ਪਾਤਸ਼ਾਹ! ਆਪ ਉਥੋਂ ਚਲੇ ਆਉਂਦੇ ਹੋ ਤਾਂ ਵਿਰਲੇ-ਵਿਰਲੇ ਹੀ ਰਹਿ ਜਾਂਦੇ ਹਨ। ਆਪ ਐਨਾ ਜ਼ੋਰ ਦੇ ਕੇ ਦਸਦੇ ਹੋ, ਲੋਕ ਸੁਣ ਤਾਂ ਲੈਂਦੇ ਹਨ ਪਰ ਨਾਮ ਕੋਈ ਕਿਉਂ ਨਹੀਂ ਜਪਦਾ। ਇਸ ਗੱਲ ਤੇ ਆਪ ਜ਼ੋਰ ਦਿੰਦੇ ਹੋ ਫੇਰ ਇਹ ਸੰਸਾਰ ਨਾਮ ਕਿਉਂ ਨਹੀਂ ਜਪਦਾ? ਮਹਾਰਾਜ ਜੀ ਨੇ ਕਿਹਾ, "ਮਰਦਾਨਿਆਂ! ਕਦਰਦਾਨਾਂ ਤੋਂ ਬਗੈਰ ਕੀਮਤੀ ਚੀਜ਼ ਦੀ ਕਦਰ ਨਹੀਂ ਪਾਈ ਜਾ ਸਕਦੀ।" "ਸੱਚੇ ਪਾਤਸ਼ਾਹ! ਆਪ ਤਾਂ ਸਮਝਾ-ਸਮਝਾ ਕੇ ਦਸਦੇ ਹੋ?" ਮਹਾਰਾਜ ਜੀ ਕਹਿਣ ਲੱਗੇ, "ਮਰਦਾਨਿਆਂ! ਤੈਨੂੰ ਕਿਤੇ ਨਿਰਣਾ ਕਰਕੇ ਦਸਾਂਗੇ।"

ਚਲਦੇ-ਚਲਦੇ ਮਹਾਰਾਜ ਜੀ ਨੇ ਇਸ਼ਾਰਾ ਕੀਤਾ ਕਿ ਮਰਦਾਨਿਆਂ! ਓਹ ਦੇਖ ਸਾਮ੍ਹਣੇ ਸ਼ਹਿਰ ਦੀਆਂ ਗੁੰਮਟੀਆਂ ਨਜ਼ਰ ਆ ਰਹੀਆਂ ਹਨ। ਜਿਵੇਂ ਗੁਰਦੁਆਰੇ ਉਪਰ ਗੁੰਬਦਾਂ, ਮਸਜਿਦ ਉਪਰ ਗੁੰਬਦਾਂ ਬਣੀਆਂ ਹੁੰਦੀਆਂ ਹਨ ਤਾਂ ਅੰਦਾਜ਼ਾ ਲਗ ਜਾਂਦਾ ਹੈ ਕਿ ਸ਼ਹਿਰ ਆ ਗਿਆ। ਆਪਾਂ ਸ਼ਹਿਰ ਵਿਚ ਤਾਂ ਕੀ ਜਾਣਾ ਹੈ, ਭੀੜ ਭੜੱਕੇ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਰਸਤੇ ਵਿਚ ਇਕ ਬਾਗ ਆ ਗਿਆ, ਜਿਸ ਵਿਚ ਬੈਠਣ ਲਈ ਬਹੁਤ ਸੋਹਣਾ ਥਾਂ ਬਣਿਆ ਹੋਇਆ ਸੀ। ਇਕ ਮਕਾਨ ਵੀ ਬਣਿਆ ਹੋਇਆ ਸੀ, ਬਰਾਂਡਾ ਬਣਿਆ ਹੋਇਆ ਸੀ, ਚੌਂਤਰਾ ਬਣਿਆ ਹੋਇਆ ਸੀ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਭਾਈ ਬਾਲਾ! ਇਹ ਥਾਂ ਕੁਝ ਸਵੱਛ ਨਜ਼ਰ ਆਉਂਦੀ ਹੈ ਅਤੇ ਬਸਤੀ ਤੋਂ ਦੂਰ ਹੈ। ਨਾਲੇ ਗੰਦ ਮੰਦ ਨਾ ਹੋਣ ਕਰਕੇ ਸਵੱਛ ਵੀ ਹੈ, ਸੁਗੰਧੀ ਭਰੇ ਫੁੱਲ ਉਗੇ ਹੋਏ ਹਨ, ਆਪਾਂ ਐਥੇ ਬੈਠਦੇ ਹਾਂ। ਮਰਦਾਨੇ ਵਲ ਧਿਆਨ ਦੇ ਕੇ ਕਿਹਾ ਕਿ ਮਰਦਾਨਿਆਂ! ਜਾਹ ਤੂੰ ਪ੍ਰਸ਼ਾਦ ਪਾਣੀ ਛਕ ਆ, ਸ਼ਹਿਰ ਨੇੜੇ ਹੀ ਹੈ। ਉਸ ਵੇਲੇ ਮਰਦਾਨਾ ਹਸ ਪਿਆ, ਮਹਾਰਾਜ ਜੀ ਦਾ ਬਾਲ ਸਖਾਈ ਸੀ, ਭਾਵੇਂ ਉਂਞ ਸ਼ਰਧਾ ਵਿਚ ਰਹਿੰਦਾ ਸੀ ਪਰ ਹਾਸ ਬਿਲਾਸ ਕਰ ਲਿਆ ਕਰਦਾ ਸੀ। ਕਹਿਣ ਲੱਗਿਆ ਕਿ ਮਹਾਰਾਜ! ਤੁਸੀਂ ਤਾਂ ਐਂ ਕਹਿੰਦੇ ਹੋ ਜਿਵੇਂ ਕੋਈ ਮੇਰੇ

ਲਈ ਥਾਲ ਪਰੋਸੀ ਬੈਠਾ ਹੈ। ਮਹਾਰਾਜ ਜੀ ਨੇ ਕਿਹਾ ਕਿ ਮਰਦਾਨਿਆਂ! ਫੇਰ ਕਿਸ ਤਰ੍ਹਾਂ ਪ੍ਰਸ਼ਾਦਾ ਪ੍ਰਾਪਤ ਕਰਦਾ ਹੈਂ। ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਤੁਹਾਡੀ ਪਵਿੱਤਰ ਸੰਗਤ ਵਿਚ ਰਹਿ ਕੇ ਮੈਂ ਇਕ ਸੋਝੀ ਪ੍ਰਾਪਤ ਕੀਤੀ ਹੈ। ਮੈਂ ਮੱਥੇ ਨੂੰ ਦੇਖ ਕੇ ਅਨੁਮਾਨ ਲਾ ਲੈਂਦਾ ਹਾਂ ਕਿ ਇਹ ਪੁਰਸ਼ ਕੈਸਾ ਹੈ। ਮੈਨੂੰ ਹਸੂੰ-ਹਸੂੰ ਕਰਦੇ ਚਿਹਰੇ ਵਾਲਾ ਅਤੇ ਖਿਚਾਂ ਪਾਉਂਦੇ ਨੇਤਰਾਂ ਵਾਲਾ ਜਦੋਂ ਕੋਈ ਪੁਰਸ਼ ਦਿਸਦਾ ਹੈ ਤਾਂ ਮੈਂ ਉਸ ਨੂੰ ਸਤਿ ਕਰਤਾਰ ਦਾ ਆਵਾਜ਼ਾ ਦਿੰਦਾ ਹਾਂ। ਉਹ ਵੀ ਆਪਣੀ ਬੋਲੀ ਵਿਚ ਮੈਨੂੰ ਜ਼ਰੂਰ ਕੁਝ ਆਖਦਾ ਹੈ। ਫੇਰ ਸਹਿਜ ਸੁਭਾਅ ਉਹ ਮੈਨੂੰ ਪੁਛਦਾ ਹੈ ਕਿ ਮਹਾਤਮਾ ਜੀ! ਕਿਥੋਂ ਆਏ ਹੋ, ਕਿਥੇ ਜਾਣਾ ਹੈ, ਸਾਨੂੰ ਵੀ ਕੋਈ ਸੇਵਾ ਦੱਸੋ, ਅਸੀਂ ਵੀ ਜਲ ਪਾਣੀ ਦੀ ਸੇਵਾ ਕਰਕੇ ਆਪਣੀ ਕਿਰਤ ਨੂੰ ਸਫਲਾ ਕਰੀਏ। ਉਸ ਵੇਲੇ ਮੈਂ ਦਸ ਦਿੰਦਾ ਹਾਂ ਕਿ ਗੁਰੂ ਨਾਨਕ ਜੀ ਜੰਗਲ ਵਿਚ ਬੈਠੇ ਹਨ, ਉਹ ਸੰਸਾਰ ਦਾ ਉਧਾਰ ਕਰਨ ਵਾਸਤੇ ਆਏ ਹੋਏ ਹਨ, ਮੈਂ ਉਨ੍ਹਾਂ ਦਾ ਢਾਡੀ ਹਾਂ। ਉਹ ਜਦੋਂ ਪ੍ਰਸ਼ਾਦ ਪਾਣੀ ਦੀ ਗੱਲ ਕਰਦਾ ਹੈ ਤਾਂ ਮੈਂ ਉਸ ਨੂੰ ਕਹਿ ਦਿੰਦਾ ਹਾਂ ਕਿ ਪ੍ਰਸ਼ਾਦਾ ਤਿਆਰ ਕਰਕੇ ਮੇਰੇ ਨਾਲ ਚੱਲੋ। ਗੁਰੂ ਮਹਾਰਾਜ ਉਦਿਆਨ ਵਿਚ ਆਸਣ ਲਾਈਂ ਬੈਠੇ ਹਨ, ਤੁਸੀਂ ਉਨ੍ਹਾਂ ਦੇ ਦਰਸ਼ਨ ਵੀ ਕਰੋ ਅਤੇ ਆਪਣਾ ਜੀਵਨ ਵੀ ਸਫਲਾ ਕਰੋ, ਫਿਰ ਉਸ ਦੇ ਮਨ ਵਿਚ ਸ਼ਰਧਾ ਜਾਗਦੀ ਹੈ। ਸੱਚੇ ਪਾਤਸ਼ਾਹ! ਫੇਰ ਉਹ ਮੇਰੀ ਵੀ ਸੇਵਾ ਕਰਦੇ ਹਨ ਅਤੇ ਆਪ ਲਈ ਵੀ ਪ੍ਰਸ਼ਾਦ ਪਾਣੀ ਲਿਆਉਂਦੇ ਹਨ, ਪੰਜ ਸੱਤ ਸਰੀਰ ਜੁੜ ਕੇ ਆਪ ਪਾਸ ਪਹੁੰਚਦੇ ਹਨ।"

ਮਹਾਰਾਜ ਕਹਿਣ ਲੱਗੇ, "ਮਰਦਾਨਿਆਂ! ਜੇ ਅਜਿਹਾ ਪੁਰਸ਼ ਨਾ ਮਿਲੇ ਤਾਂ ਫੇਰ?" ਮਰਦਾਨਾ ਕਹਿਣ ਲੱਗਿਆ, "ਫੇਰ ਤਾਂ ਮੇਰੇ ਨਾਲ ਓਹੀ ਹੁੰਦੀ ਹੈ ਜੋ ਏਮਨਾਬਾਦ ਵਿਚ ਹੋਈ ਸੀ। ਕਈ ਧੱਕੇ ਵੀ ਮਾਰਦੇ ਹਨ, ਚੋਰ ਚਕਾਰ ਆਖਦੇ ਹਨ, ਮੇਰੇ ਮੂੰਹ ਉਪਰ ਹੀ ਮੇਰੀ ਬੁਰਿਆਈ ਕਰੀ ਜਾਂਦੇ ਹਨ, ਪਰ ਭੁੱਖ ਦਾ ਸਤਾਇਆ ਹੋਇਆ ਮੈਂ ਪ੍ਰਸ਼ਾਦੇ ਦਾ ਬੰਦੋਬਸਤ ਕਰ ਹੀ ਲੈਂਦਾ ਹਾਂ।" ਮਹਾਰਾਜ ਇਹ ਸੁਣ ਕੇ ਗੰਭੀਰਤਾ ਵਿਚ ਆ ਗਏ ਅਤੇ ਆਪਣੀ ਖੜਾਂਵ ਵਿਚੋਂ ਆਪਣਾ ਚਰਨ ਕੱਢਿਆ ਅਤੇ ਜ਼ਮੀਨ ਤੇ ਅੰਗੂਠੇ ਦੇ ਨਾਲ ਮਿੱਟੀ ਦੂਰ ਕਰਕੇ ਕਿਹਾ ਕਿ ਮਰਦਾਨਿਆ! ਦੇਖ ਇਹ ਇਕ ਅਤਿ ਕੀਮਤੀ ਲਾਲ ਹੈ, ਜਿਸਦੀ ਕੀਮਤ ਕੋਈ ਨਹੀਂ ਪਾ ਸਕਦਾ, ਇਸ ਨੂੰ ਚੁਕ ਲੈ, ਸਾਫ ਕਰ ਲੈ। ਸ਼ਹਿਰ ਵਿਚ ਲੈ ਜਾ, ਨਾਲੇ ਪ੍ਰਸ਼ਾਦ ਪਾਣੀ ਵੀ ਛਕ ਆਈਂ ਤੇ ਨਾਲੇ ਇਸ ਲਾਲ ਦੀ ਕੀਮਤ ਵੀ ਪੁੱਛ ਆਈਂ। ਜੋ ਸਾਡੇ ਉਤੇ ਤੂੰ ਪ੍ਰਸ਼ਨ ਕਰਦਾ ਹੈਂ ਉਸ ਦਾ ਸਮਾਧਾਨ ਵੀ ਹੋ ਜਾਵੇਗਾ।

ਮਰਦਾਨਾ ਬਚਨ ਮੰਨ ਕੇ ਸ਼ਹਿਰ ਵਲ ਚਲਿਆ ਜਾਂਦਾ ਹੈ ਅਤੇ ਸੋਚਦਾ ਜਾਂਦਾ ਹੈ ਕਿ ਗੁਰੂ ਮਹਾਰਾਜ ਨੇ ਇਹ ਲਾਲ ਫੜਾਉਂਦਿਆ ਕਿਹਾ ਸੀ ਕਿ ਇਹ ਵੇਚਣਾ ਨਹੀਂ ਹੈ, ਕੀਮਤ ਹੀ ਪੁਛਣੀ ਹੈ। ਉਸ ਨੇ ਜਾਂਦੇ ਜਾਂਦੇ ਫਲਾਂ ਤੇ ਸਬਜ਼ੀਆਂ ਦੀ ਦੁਕਾਨ ਦੇਖੀ। ਉਥੇ ਭੀੜ ਸੀ, ਇਹ ਵੀ ਜਾ ਕੇ ਖੜ੍ਹਾ ਹੋ ਗਿਆ। ਗਾਹਕ ਸਬਜ਼ੀਆਂ, ਫਲਾਂ ਦੀ ਮੰਗ ਕਰ ਰਹੇ ਸੀ। ਸਬਜ਼ੀ ਵਾਲਾ ਸਾਰਿਆਂ ਨੂੰ ਦੇ ਕੇ ਪੈਸੇ ਲੈ ਰਿਹਾ ਸੀ, ਮਰਦਾਨੇ ਵਲ ਦੇਖ ਕੇ ਉਸ ਨੇ ਪੁਛਿਆ ਕਿ ਤੂੰ ਕੋਈ ਪਰਦੇਸੀ ਨਜ਼ਰ ਆਉਂਦਾ ਹੈਂ। ਤੇਰਾ ਲਿਬਾਸ ਵੀ ਸਾਧੂਆਂ ਵਾਲਾ ਹੈ। ਦੱਸ ਤੈਨੂੰ ਕੀ ਚਾਹੀਦਾ ਹੈ? ਤਾਂ ਮਰਦਾਨੇ ਨੇ ਕਿਹਾ ਕਿ ਸ਼ਾਹ ਜੀ! ਮੈਨੂੰ ਖਾਣ ਲਈ ਸਵਾ ਸੇਰ ਫਲ ਚਾਹੀਦੇ ਹਨ। ਇਸ ਨਾਲ ਮੇਰੀ ਭੁੱਖ ਨਵਿਰਤ ਹੋ ਜਾਂਦੀ ਹੈ ਅਤੇ ਨਾਲ ਲਗਦੇ ਹੀ ਮੇਰੇ ਨਾਲ ਇਕ ਗੱਲ ਹੋਰ ਕਰੋ, ਮੇਰੇ ਪਾਸ ਇਕ ਅਤਿ ਕੀਮਤੀ ਪੱਥਰ ਹੈ, ਉਸ ਦਾ ਮੁਲ ਵੀ ਦਸ ਦੇਵੋ। ਉਸ ਨੇ ਲਾਲ ਫੜਿਆ, ਸਾਧਾਰਨ ਨਿਗ੍ਹਾ ਨਾਲ ਦੇਖਿਆ। ਉਸ ਨੇ ਦੇਖਿਆ ਕਿ ਇਕ ਗਾੜ੍ਹੇ ਜਿਹੇ ਰੰਗ ਦੀ ਵੱਟੀ ਹੈ ਇਨ੍ਹਾਂ ਨੂੰ ਰਾਹ ਵਿਚੋਂ ਕਿਤੋਂ ਲੱਭ ਗਈ ਹੋਣੀ ਹੈ, ਇਸਦਾ ਕੀ ਮੁੱਲ ਹੋਣਾ ਹੈ। ਉਸ ਨੇ ਕਿਹਾ ਕਿ ਦੋ ਮੂਲੀਆਂ ਇਸ ਦਾ ਮੁੱਲ ਹੈ, ਦੋ ਮੂਲੀਆਂ ਲੈ ਜਾ। ਉਨ੍ਹਾਂ ਦਿਨਾਂ ਵਿਚ ਇਕ ਪਾਈ ਦੀਆਂ ਦੋ ਮੂਲੀਆਂ ਆਇਆ ਕਰਦੀਆਂ ਸਨ। ਤਿੰਨ ਪਾਈਆਂ ਦਾ ਇਕ ਪੈਸਾ ਹੁੰਦਾ ਸੀ। ਮਰਦਾਨੇ ਨੇ ਕਿਹਾ ਕਿ ਸ਼ਾਹ ਜੀ! ਇਹ ਤਾਂ ਬਹੁਤ ਕੀਮਤੀ ਹੈ, ਤੁਸੀਂ ਦੇਖ ਕੇ ਮੁੱਲ ਦੱਸੋ। ਮੈਂ ਵੇਚਣਾ ਨਹੀਂ ਹੈ ਮੈਂ ਤਾਂ ਮੁੱਲ ਹੀ ਪੁਛਣਾ ਹੈ। ਉਸ ਨੇ ਕਿਹਾ ਕਿ ਮੇਰਾ ਸਮਾਂ ਖਰਾਬ ਨਾ ਕਰ, ਮੈਨੂੰ ਤੂੰ ਸਿਧਾ ਜਿਹਾ ਨਜ਼ਰ ਆਉਂਦਾ ਹੈਂ, ਤੂੰ ਦੋ ਮੂਲੀਆਂ ਲੈ ਜਾ ਤੇ ਇਹ ਵੱਟੀ ਦੇ ਜਾ। ਮਰਦਾਨਾ ਹੈਰਾਨ ਹੋ ਗਿਆ ਕਿ ਗੁਰੂ ਮਹਾਰਾਜ ਜੀ ਨੇ ਤਾਂ ਕਿਹਾ ਸੀ ਕਿ ਇਹ ਤਾਂ ਬਹੁਤ ਕੀਮਤੀ ਹੈ। ਆਪ ਦਾ ਬਚਨ ਤਾਂ ਕਦੇ ਅਣਥਾ ਨਹੀਂ ਜਾਂਦਾ, ਭਾਵੇਂ ਚੰਦਰਮਾ ਨਾਸ਼ ਹੋ ਜਾਵੇ। ਇਸ ਨੇ ਫੇਰ ਇਕ ਦੋ ਵਾਰੀ ਉਸ ਸਬਜ਼ੀ ਵਾਲੇ ਨੂੰ ਕਿਹਾ ਕਿ ਸ਼ਾਹ ਜੀ! ਤੁਸੀਂ ਚੰਗੀ ਤਰ੍ਹਾਂ ਦੇਖੋ। ਪਰ ਉਹ ਬਹੁਤ ਸਖਤ ਹੋ ਕੇ ਬੋਲਿਆ ਕਿ ਸਾਧੂ ਜੀ! ਮੇਰੀ ਦੁਕਾਨ ਛੱਡੋ, ਮੇਰੀ ਗਾਹਕੀ ਨਾ ਖਰਾਬ ਕਰੋ, ਸਾਰੇ ਗਾਹਕਾਂ ਦਾ ਧਿਆਨ ਤੁਹਾਡੇ ਵਲ ਜਾਈ ਜਾਂਦਾ ਹੈ।

ਮਰਦਾਨਾ ਹਲਵਾਈ ਦੀ ਦੁਕਾਨ ਤੇ ਪਹੁੰਚ ਗਿਆ, ਉਥੇ ਜਾ ਕੇ ਲਾਲ ਦਿਖਾ ਕੇ ਕੀਮਤ ਪੁਛੀ ਤਾਂ ਹਲਵਾਈ ਨੇ ਕਿਹਾ ਕਿ ਇਹ ਤਾਂ ਜਿੰਨੀ ਮੇਰੀ ਪਾਸਕੂ ਵਾਲੀ ਤਕੜੀ ਵਿਚ ਵੱਟੀ ਹੈ ਓਨੀਂ ਭਾਰੀ ਇਹ ਵੱਟੀ ਹੈ। ਇਹ ਲੈ ਕੇ ਮੈਂ ਅੱਧ ਸੇਰ ਮਠਿਆਈ ਦੇ ਦੇਵਾਂਗਾ। ਉਸ ਨੇ ਕਿਹਾ ਭਾਈ! ਸਵਾ ਸੇਰ ਮਠਿਆਈ ਤਾਂ ਨਹੀਂ ਮਿਲਣੀ ਪਰ ਅੱਧ ਸੇਰ ਦੇ ਦਿੰਦਾ ਹਾਂ, ਦੇਖਣ ਨੂੰ ਇਹ ਵੱਟੀ ਸੋਹਣੀ ਲਗਦੀ ਹੈ ਇਸ ਨੂੰ ਮੈਂ ਲੀਰ ਵਿਚ ਬੰਨ੍ਹ ਕੇ ਡੰਡੀ ਨਾਲ ਬੰਨ੍ਹ ਲਵਾਂਗਾ। ਮਰਦਾਨੇ ਨੇ ਕਿਹਾ ਕਿ ਸ਼ਾਹ ਜੀ! ਤੁਸੀਂ ਇਸ ਨੂੰ ਧਿਆਨ ਨਾਲ ਦੇਖ ਕੇ ਇਸ ਦਾ ਮੁੱਲ ਦੱਸੋ, ਇਹ ਬਹੁਤ ਕੀਮਤੀ ਹੈ। ਤਾਂ ਉਸ ਨੇ ਕਿਹਾ ਕਿ ਅਜਿਹੀਆਂ ਵੱਟੀਆਂ ਤਾਂ ਸਾਡੇ ਬੱਚੇ ਗੰਗਾ

ਦੇ ਕਿਨਾਰੇ ਇਸ਼ਨਾਨ ਕਰਦੇ ਬਥੇਰੀਆਂ ਲੈ ਆਉਂਦੇ ਹਨ।

ਮਰਦਾਨਾ ਨਿਰਾਸ ਹੋ ਕੇ ਬਜਾਜ ਦੀ ਦੁਕਾਨ ਤੇ ਪਹੁੰਚਦਾ ਹੈ ਉਸ ਨੂੰ ਵੀ ਇਹੋ ਗੱਲ ਕਹੀ। ਬਜਾਜ ਨੇ ਚੰਗੀ ਤਰ੍ਹਾਂ ਇਹ ਲਾਲ ਦੇਖਿਆ ਤਾਂ ਉਸ ਨੇ ਇਸ ਦਾ ਮੁੱਲ ਦੋ ਗਜ਼ ਕਪੜਾ ਪਾ ਦਿਤਾ। ਮਰਦਾਨਾ ਹੈਰਾਨ ਹੋ ਗਿਆ ਕਿ ਮੇਰੇ ਸਤਿਗੁਰੂ ਜੀ ਅਣਥਾ ਬਚਨ ਨਹੀਂ ਕਰਿਆ ਕਰਦੇ, ਜ਼ਰੂਰ ਇਸ ਗੱਲ ਵਿਚ ਕੋਈ ਭਾਰੀ ਭੇਤ ਹੈ। ਉਨ੍ਹਾਂ ਨੇ ਸਿਖਿਆ ਦੇਣੀ ਹੈ। ਇਹ ਲੋਕ ਤਾਂ ਮੈਨੂੰ ਹਿੱਲੇ ਹੋਏ ਦਿਮਾਗ ਵਾਲਾ ਸਮਝ ਰਹੇ ਹਨ। ਇਸ ਉਪਰ ਅਮੰਨਾ ਹੀ ਨਹੀਂ ਲਿਆ ਰਹੇ ਕਿ ਇਹ ਬਹੁਤ ਕੀਮਤੀ ਲਾਲ ਹੈ।

ਫਿਰਦਾ-ਫਿਰਦਾ ਮਰਦਾਨਾ ਇਕ ਜੌਹਰੀ ਦੀ ਦੁਕਾਨ ਤੇ ਚਲਿਆ ਗਿਆ। ਜਦੋਂ ਜੌਹਰੀ ਕੋਲ ਗਿਆ ਤਾਂ ਉਸ ਨੇ ਇਸ ਦੀ ਕੀਮਤ 10 ਰੁਪਏ ਦੱਸੀ। ਉਨ੍ਹਾਂ ਦਿਨਾਂ ਵਿਚ 10 ਰੁਪਏ ਅੱਜ ਦੇ 1500 ਰੁਪਏ ਦੇ ਬਰਾਬਰ ਸੀ। ਮਰਦਾਨਾ ਖੁਸ਼ ਹੋਇਆ ਕਿ ਕਿਥੇ ਦੋ ਮੂਲੀਆਂ, ਕਿਥੇ ਅੱਧ ਸੇਰ ਮਠਿਆਈ, ਕਿਥੇ ਦੋ ਗਜ਼ ਕਪੜਾ ਤੇ ਇਸ ਨੇ ਤਾਂ ਉਨ੍ਹਾਂ ਨਾਲੋਂ ਵਧ ਹੀ ਦਸਿਆ ਹੈ।

ਮਰਦਾਨਾ ਲਾਲ ਵਾਪਸ ਲੈ ਕੇ ਇਕ ਹੋਰ ਜੌਹਰੀ ਕੋਲ ਚਲਿਆ ਗਿਆ। ਤਾਂ ਉਸ ਨੇ ਇਸ ਦਾ ਮੁੱਲ ਸੌ ਰੁਪਏ ਪਾ ਦਿਤਾ ਯਾਨਿ ਅੱਜ ਦੇ ਪੰਦਰਾਂ ਹਜ਼ਾਰ ਪਾ ਦਿਤਾ। ਮਰਦਾਨਾ ਬਹੁਤ ਖੁਸ਼ ਹੋਇਆ ਉਸ ਨੇ ਕਿਹਾ ਕਿ ਜੋ ਇਥੇ ਸਭ ਤੋਂ ਵੱਡਾ ਜੌਹਰੀ ਹੈ ਉਸ ਦਾ ਪਤਾ ਕੱਢਾਂ। ਭੁੱਖ ਤਾਂ ਉਸ ਨੂੰ ਭੁੱਲ ਹੀ ਗਈ ਬਸ ਇਹੀ ਹੈ ਕਿ ਮੈਂ ਇਸ ਦਾ ਮੁੱਲ ਪੁਛਣਾ ਹੈ। ਮੇਰੇ ਸਤਿਗੁਰੂ ਜੀ ਕਹਿੰਦੇ ਸਨ ਕਿ ਇਹ ਬੇਮੁਲਾ ਹੈ।

ਉਸ ਵੇਲੇ ਪੁਛਦਾ ਪੁਛਾਂਦਾ ਮਰਦਾਨਾ ਸਾਲਸਰਾਇ ਦੇ ਮਕਾਨ ਅੱਗੇ ਪਹੁੰਚ ਗਿਆ। ਸੇਠ ਪਹਿਲੀ ਮੰਜ਼ਲ ਤੇ ਨਿਵਾਸ ਰਖਦਾ ਸੀ। ਵੱਡਾ ਮਹੱਲ ਸੀ, ਬਾਹਰਲੇ ਪਾਸੇ ਇਕ ਡੋਰੀ ਬੰਨੀਂ ਹੋਈ ਸੀ ਜਿਸ ਨੂੰ ਖਿੱਚ ਕੇ ਅੰਦਰ ਘੰਟੀ ਵਜਣ ਲਗ ਜਾਂਦੀ ਸੀ ਅਤੇ ਨੌਕਰ ਆ ਕੇ ਸਾਰਾ ਵੇਰਵਾ ਪੁਛ ਕੇ ਸੇਠ ਨੂੰ ਦਸਦਾ ਸੀ, ਜੇ ਸੇਠ ਉਸ ਬੰਦੇ ਨੂੰ ਮਿਲਣਾ ਜ਼ਰੂਰੀ ਸਮਝੇ ਤਾਂ ਮਿਲ ਲੈਂਦਾ ਸੀ, ਨਹੀਂ ਤਾਂ ਕਹਿ ਦਿੰਦਾ ਸੀ ਕਿ ਮੇਰੇ ਪਾਸ ਸਮਾਂ ਨਹੀਂ ਹੈ। ਸੇਠ ਬਹੁਤ ਧਨੀ ਸੀ, ਉਸ ਦੀਆਂ ਹੁੰਡੀਆਂ ਦੇਸਾਂ ਪਰਦੇਸਾਂ ਵਿਚ ਚਲਦੀਆਂ ਸਨ, ਉਂਞ ਭਲਾ ਲੋਕ ਸੀ, ਦਾਨੀ ਸੀ, ਸੰਤਾਂ ਮਹਾਂਪੁਰਸ਼ਾਂ ਦੀ ਸੇਵਾ ਕਰਨ ਵਾਲਾ ਸੀ ਅਤੇ ਮਿਠਬੋਲੜਾ ਵੀ ਸੀ।

ਘੰਟੀ ਦੀ ਅਵਾਜ਼ ਸੁਣ ਕੇ ਪੌੜੀਆਂ ਰਾਹੀਂ ਉਤਰ ਕੇ ਇਕ ਬਹੁਤ ਹੀ ਆਕਰਸ਼ਤ ਪ੍ਰਭਾਵ ਵਾਲਾ ਪ੍ਰੇਮੀ ਮਰਦਾਨੇ ਪਾਸ ਆਇਆ, ਨਮਸ਼ਕਾਰ ਕੀਤੀ, ਪਰੀਚਾ ਲਿਆ। ਮਰਦਾਨੇ ਨੇ ਦਸਿਆ ਕਿ ਮੈਂ ਗੁਰੂ ਨਾਨਕ ਪਾਤਸ਼ਾਹ ਦਾ ਢਾਡੀ ਹਾਂ, ਜੋ ਸੰਸਾਰ ਦਾ ਭ੍ਰਮਣ ਕਰਦੇ ਹੋਏ ਸੰਸਾਰ ਦਾ ਉਧਾਰ ਕਰ ਰਹੇ ਹਨ। ਉਨ੍ਹਾਂ ਨੇ ਵੱਡਿਆਂ-ਵੱਡਿਆਂ ਦਾ ਉਧਾਰ ਕੀਤਾ ਹੈ, ਨੂਰਸ਼ਾਹ ਦਾ ਕੁਫਰ ਮੰਦਰ ਉਨ੍ਹਾਂ ਨੇ ਹੀ ਤੋੜਿਆ ਹੈ। ਉਸ ਨੇ ਜਾਦੂ ਨਾਲ ਅਨੇਕਾਂ ਸਾਧੂ ਵਸ ਕੀਤੇ ਹੋਏ ਸਨ, ਮੇਰੇ ਸਤਿਗੁਰੂ ਜੀ ਨੇ ਸਾਰੇ ਛੁਡਾਏ ਹਨ। ਭੂਮੀਏ ਚੋਰ ਨੂੰ ਸੱਚੀ ਜੀਵਨ ਜਾਚ ਦਸਦੇ ਹੋਏ ਸੱਚੀ ਕਿਰਤ ਕਰਨ ਲਾ ਦਿਤਾ ਅਤੇ ਇਸ ਤਰ੍ਹਾਂ ਅਨੇਕਾਂ ਪੁਰਸ਼ਾਂ ਦਾ ਉਧਾਰ ਕਰਦੇ ਹੋਏ ਆਪ ਦੇ ਸ਼ਹਿਰ ਦੇ ਬਾਹਰ ਬੈਠੇ ਹਨ। ਮੈਨੂੰ ਉਨ੍ਹਾਂ ਨੇ ਭੇਜਿਆ ਹੈ ਕਿ ਆਹ ਜੋ ਲਾਲ ਹੈ ਇਸਦਾ ਮੁੱਲ ਪੁਛ ਕੇ ਆ। ਮੇਰਾ ਨਾਮ ਮਰਦਾਨਾ ਹੈ ਅਤੇ ਅਸੀਂ ਸਪਤਸੰਧੂ ਦੇਸ਼ ਦੇ ਰਹਿਣ ਵਾਲੇ ਹਾਂ। ਉਸ ਪ੍ਰੇਮੀ ਨੇ ਜਿਸ ਦਾ ਨਾਮ ਅਧਰੱਕਾ ਸੀ ਜੋ ਸਾਲਸਰਾਇ ਦਾ ਵਫਾਦਾਰ ਚਾਕਰ ਸੀ, ਉਸ ਨੇ ਹੱਥ ਵਿਚ ਲਾਲ ਲਿਆ ਅਤੇ ਬਹੁਤ ਹੀ ਪ੍ਰਸੰਨ ਹੋਇਆ ਕਿ ਐਸੀ ਚੀਜ਼ ਪਹਿਲਾਂ ਮੈਂ ਕਦੇ ਨਹੀਂ ਦੇਖੀ। ਅਨੁਮਾਨ ਲਾਉਣ ਲਗ ਗਿਆ ਕਿ ਕਿੰਨੇ ਦਾ ਹੋਵੇਗਾ। ਇਸ ਤਰ੍ਹਾਂ ਸੋਚਦਾ ਹੋਇਆ, ਉਹ ਉਪਰ ਪੌੜੀਆਂ ਚੜ੍ਹ ਗਿਆ। ਸੇਠ ਨੂੰ ਸਾਰੀ ਗੱਲ ਦੱਸੀ। ਸੇਠ ਨੇ ਕਿਹਾ ਕਿ ਬੇਟਾ ਅਧਰੱਕਾ? ਤੈਨੂੰ ਮੇਰੇ ਨਾਲ ਕੰਮ ਕਰਦਿਆਂ ਬਹੁਤ ਸਮਾਂ ਹੋ ਚੁਕਿਆ ਹੈ। ਤੂੰ ਦਸ ਤਾਂ ਸਹੀ ਕਿ ਇਸ ਦਾ ਕਿੰਨਾ ਕੁ ਮੁੱਲ ਹੋਣਾ ਹੈ? ਕਿਉਂਕਿ ਇਹ ਪ੍ਰੇਮੀ ਮੁੱਲ ਹੀ ਪੁਛਦਾ ਹੈ। ਉਤਰ ਵਿਚ ਅਧਰੱਕਾ ਕਹਿਣ ਲੱਗਿਆ ਕਿ ਜੋ ਮੈਨੂੰ ਆਪ ਨੇ ਵਿਦਿਆ ਦੀ ਜਾਚ ਦੱਸੀ ਹੈ, ਮੈਂ ਇਸਦਾ ਇਕ ਹਜ਼ਾਰ ਮੁੱਲ ਪਾਉਂਦਾ ਹਾਂ। ਜੋ ਅੱਜ ਦੇ ਡੇਢ ਲੱਖ ਦੇ ਬਰਾਬਰ ਹੈ। ਮਰਦਾਨਾ ਹੈਰਾਨ ਹੋ ਗਿਆ ਕਿ ਕਿਥੇ ਦੋ ਮੂਲੀਆਂ, ਅੱਧ ਸੇਰ ਮਠਿਆਈ, ਦੋ ਗਜ਼ ਕਪੜਾ, ਦੱਸ ਰੁਪਏ, ਸੌ ਰੁਪਏ, ਇਹ ਇਕ ਹਜ਼ਾਰ ਰੁਪਿਆ ਮੁੱਲ ਪਾਉਂਦਾ ਹੈ। ਇਹ ਗੱਲ ਸੁਣ ਕੇ ਸਾਲਸਰਾਇ ਨੇ ਕਿਹਾ ਬੇਟਾ ਅਧਰੱਕਾ! ਮੈਨੂੰ ਵਿਖਾ। ਸਾਲਸਰਾਇ ਨੇ ਲਾਲ ਨੂੰ ਦੇਖਦਿਆਂ ਹੀ ਜਾਣ ਲਿਆ ਕਿ ਇਹ ਅਮੁੱਲ ਹੈ। ਅਸਾਡੇ ਉਸਤਾਦ ਦਸਿਆ ਕਰਦੇ ਸਨ ਕਿ ਅਜਿਹਾ ਲਾਲ ਕਦੇ ਵੇਖਣ ਨੂੰ ਮਿਲ ਜਾਵੇ ਤਾਂ ਸੌ ਰੁਪਈਆ ਉਸ ਦੀ ਦਰਸ਼ਨੀ ਭੇਟ ਅਰਪ ਕੇ ਲਾਲ ਨੂੰ ਮੱਥਾ ਟੇਕੇ। ਉਸ ਨੇ ਕਿਹਾ ਬੇਟਾ ਅਧਰੱਕਾ! ਤਿਜੌਰੀ 'ਚੋਂ ਸੌ ਰੁਪਿਆ ਲਿਆ। ਇਹ ਕਹਿ ਕੇ ਉਹ ਮਰਦਾਨੇ ਵਲ ਦੇਖਣ ਲੱਗਿਆ। ਮਰਦਾਨਾ ਬਹੁਤ ਹੀ ਹੈਰਾਨ ਹੋਈ ਜਾਂਦਾ ਹੈ। ਐਨੇ ਨੂੰ ਅਧਰੱਕਾ ਤਿਜੌਰੀ 'ਚੋਂ ਸੌ ਰੁਪਿਆ ਲੈ ਆਇਆ। ਸਾਲਸਰਾਇ ਨੇ ਲਾਲ ਅੱਗੇ ਸੌ ਰੁਪਿਆ ਰੱਖ ਕੇ ਮੱਥਾ ਟੇਕਿਆ ਅਤੇ ਫੇਰ ਮਰਦਾਨੇ ਵਲ ਮੂੰਹ ਕਰਕੇ ਕਹਿਣ ਲੱਗਿਆ ਮਰਦਾਨਾ ਜੀ! ਇਹ ਲਾਲ ਤੁਹਾਡਾ ਹੈ? ਉਸ ਨੇ ਕਿਹਾ ਕਿ ਨਹੀਂ ਸ਼ਾਹ ਜੀ! ਇਹ ਮੇਰਾ ਨਹੀਂ ਹੈ ਇਹ ਗੁਰੂ ਨਾਨਕ ਪਾਤਸ਼ਾਹ ਦਾ ਹੈ, ਉਨ੍ਹਾਂ ਨੇ ਮੈਨੂੰ ਦੇ ਕੇ ਸ਼ਹਿਰ ਵਿਚ ਭੇਜਿਆ ਹੈ ਕਿ ਇਸ ਦਾ ਮੁੱਲ ਪੁਛ ਕੇ ਆ। ਸੇਠ ਨੇ ਹੋਰ ਵੀ ਖੁਸ਼ੀ ਮਹਿਸੂਸ ਕਰਦਿਆਂ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਓਹੀ ਤਾਂ ਨਹੀਂ ਜੋ ਕਲਜੁਗ ਵਿਚ ਸੰਸਾਰ ਦਾ ਉਧਾਰ ਕਰ ਰਹੇ

ਹਨ। ਜਿਥੋਂ ਤਕ ਸੰਤ, ਪੀਰ, ਪੈਗੰਬਰ, ਠੱਗ, ਚੋਰ, ਪਖੰਡੀ ਹਨ ਉਹ ਸਾਰਿਆਂ ਦਾ ਉਧਾਰ ਕਰ ਰਹੇ ਹਨ। ਕਹਿਣ ਲੱਗਿਆ, ਮਰਦਾਨਾ ਜੀ! ਅਸੀਂ ਤਾਂ ਸੁਣਿਆ ਹੈ ਕਿ ਆਸਾਮ ਵਿਚ ਵਸਦੀ ਨੂਰਸ਼ਾਹ ਦਾ ਕੁਫਰਗੜ੍ਹ ਉਨ੍ਹਾਂ ਨੇ ਹੀ ਤੋੜਿਆ ਅਤੇ ਭੂਮੀਏ ਨੂੰ ਸੰਤ ਬਣਾ ਦਿਤਾ। ਇਹ ਗੱਲਾਂ ਉਡਦੀਆਂ-ਉਡਦੀਆਂ ਉਥੋਂ ਦੇ ਆਏ ਹੋਏ ਰਮਤੇ ਸਾਧੂ ਦਸਦੇ ਹਨ। ਮਰਦਾਨੇ ਨੇ ਕਿਹਾ, "ਠੀਕ ਓਹੀ ਗੁਰੂ ਨਾਨਕ ਪਾਤਸ਼ਾਹ ਹਨ ਜੋ ਸਰਬ ਸ਼ਕਤੀਮਾਨ ਅਕਾਲ ਪੁਰਖ ਦਾ ਹੀ ਰੂਪ ਹਨ।" ਉਸ ਵੇਲੇ ਸਾਲਸਰਾਏ ਨੇ ਕਿਹਾ ਕਿ ਭਾਈ ਮਰਦਾਨਾ ਜੀ! ਇਹ ਲਾਲ ਤੁਸੀਂ ਵੇਚਣਾ ਹੋਇਆ ਤਾਂ ਇਸਦਾ ਕੋਈ ਵੀ ਮੁੱਲ ਨਹੀਂ ਹੈ। ਇਸ ਦਾ ਮੁੱਲ ਥਾਪਿਆ ਜਾਵੇਗਾ, ਇਹ ਅਮੁਲ ਲਾਲ ਹੈ ਅਤੇ ਅਧਰੱਕੇ ਨੂੰ ਉਹ ਕਹਿਣ ਲੱਗਿਆ ਕਿ ਸਾਡੇ ਪੂਰਵਜ ਦਸਿਆ ਕਰਦੇ ਸਨ ਕਿ ਦੁਨੀਆਂ ਵਿਚ ਐਸਾ ਲਾਲ ਹੈ ਜੋ ਨਾਯਾਬ ਹੈ ਪਰ ਕਿਸੇ ਭਾਗਾਂ ਵਾਲੇ ਨੂੰ ਉਸ ਦੇ ਦਰਸ਼ਨ ਹੁੰਦੇ ਹਨ। ਜਦੋਂ ਵੀ ਦਰਸ਼ਨ ਹੋਣ ਤਾਂ ਸੌ ਰੁਪਿਆ ਭੇਟਾ ਰੱਖ ਕੇ ਫੇਰ ਗੱਲ ਕਰੋ। ਇਹ ਕਹਿੰਦਿਆਂ ਸਾਲਸਰਾਇ ਨੇ ਪੁਛਿਆ ਕਿ ਭਾਈ ਮਰਦਾਨਾ! ਤੁਸੀਂ ਪ੍ਰਸ਼ਾਦ ਪਾਣੀ ਛਕ ਲਿਆ? ਜੇ ਨਹੀਂ ਛਕਿਆ ਤਾਂ ਦੱਸੋ ਕਿੰਨੀਆਂ ਕੁ ਮੂਰਤੀਆਂ ਨਾਲ ਹਨ। ਤਾਂ ਉਸ ਨੇ ਕਿਹਾ ਕਿ ਕਦੇ ਤਾਂ ਸੈਂਕੜੇ ਹੀ ਹੋ ਜਾਂਦੇ ਹਾਂ ਪਰ ਅੱਜ ਅਸੀਂ ਤਿੰਨ ਹੀ ਹਾਂ। ਤਾਂ ਸਾਲਸਰਾਇ ਨੇ ਅਧਰੱਕੇ ਨੂੰ ਕਿਹਾ ਕਿ 7-8 ਸਾਧੂਆਂ ਦਾ ਪ੍ਰਸ਼ਾਦਾ ਤਿਆਰ ਕੀਤਾ ਜਾਵੇ ਤੇ ਤੂੰ ਬਾਗ ਵਿਚ ਜਾ ਕੇ ਤਾਜ਼ੇ ਫਲ ਲਿਆ ਅਤੇ ਸ਼ੁਧ ਦੇਸੀ ਘਿਓ ਦੀ ਖੋਪੇ ਵਾਲੀ ਮਠਿਆਈ ਲੈ ਕੇ ਪਹੁੰਚ। ਮਰਦਾਨੇ ਤੋਂ ਸਾਰਾ ਪਤਾ ਪੁਛ ਲਿਆ। ਮਰਦਾਨੇ ਨੂੰ ਕਿਹਾ ਕਿ ਭਾਈ ਤੂੰ ਚਲ, ਅਸੀਂ ਵੀ ਆਉਂਦੇ ਹਾਂ, ਤੂੰ ਸਾਡੇ ਤੇ ਬਹੁਤ ਵੱਡੀ ਕ੍ਰਿਪਾ ਕੀਤੀ ਹੈ ਜਿਸ ਦੇ ਦਰਸ਼ਨ ਕਰਨ ਮਾਤਰ ਨਾਲ ਹੀ -

*ਸਾਧ ਕੈ ਸੰਗਿ ਨਹੀ ਕਛੁ ਘਾਲ॥*
*ਦਰਸਨੁ ਭੇਟਤ ਹੋਤ ਨਿਹਾਲ॥*
*ਪੰਨਾ - 272*

ਸਾਲਸਰਾਇ ਦੇ ਮਨ ਵਿਚ ਸ਼ਰਧਾ ਜਾਗ ਪਈ, ਉਹ ਪ੍ਰਸ਼ਾਦਾ ਅਧਰੱਕੇ ਦੇ ਰਾਹੀਂ ਲੈ ਕੇ ਗੁਰੂ ਨਾਨਕ ਪਾਤਸਾਹ ਵਲ ਨੂੰ ਤੁਰ ਪਿਆ। ਇਧਰ ਮਰਦਾਨਾ ਗੁਰੂ ਨਾਨਕ ਪਾਤਸ਼ਾਹ ਪਾਸ ਜਾ ਕੇ ਸੌ ਰੁਪਿਆ ਵੀ ਤੇ ਲਾਲ ਵੀ ਰੱਖ ਦਿੰਦਾ ਹੈ। ਮਹਾਰਾਜ ਕਹਿਣ ਲੱਗੇ, "ਮਰਦਾਨਿਆਂ! ਨਾਲੇ ਔਹ ਲੈ ਕੇ ਆਇਆ ਹੈਂ, ਨਾਲੇ ਆਹ ਲੈ ਕੇ ਆਇਆ ਹੈਂ; ਆਪ ਨੇ ਪੈਸੇ ਅਤੇ ਲਾਲ ਵਲ ਇਸ਼ਾਰਾ ਕਰਕੇ ਕਿਹਾ। ਮਰਦਾਨੇ ਨੇ ਕਿਹਾ, "ਸੱਚੇ ਪਾਤਸ਼ਾਹ! ਤੇਰੀਆਂ ਤੂੰ ਜਾਣ, ਮੈਂ ਤਾਂ ਹੈਰਾਨ ਹਾਂ ਕਿ ਸਬਜ਼ੀ ਫਿਰੋਸ਼ ਨੇ ਇਸ ਦਾ ਮੁੱਲ ਦੋ ਮੂਲੀਆਂ ਪਾਇਆ, ਹਲਵਾਈ ਨੇ ਅੱਧ ਸੇਰ ਮਠਿਆਈ, ਬਜਾਜ ਨੇ ਦੋ ਗਜ਼ ਕਪੜਾ, ਇਕ ਜੌਹਰੀ ਨੇ ਦਸ ਰੁਪਏ, ਇਕ ਨੇ ਸੌ ਰੁਪਏ ਪਰ ਸੱਚੇ ਪਾਤਸ਼ਾਹ ਜਦੋਂ ਸਾਲਸਰਾਏ ਕੋਲ ਗਿਆ ਤਾਂ ਉਸ ਨੇ ਕਿਹਾ ਇਹ ਅਮੁੱਲਾ ਲਾਲ ਹੈ। ਜੇ ਵੇਚਣਾ ਹੈ ਤਾਂ ਤਿੰਨ-ਚਾਰ ਮਹੀਨੇ ਠਹਿਰਣਾ ਪਵੇਗਾ। ਸੂਰਤ ਵਗੈਰਾ ਤੋਂ ਹੋਰ ਜੌਹਰੀ ਆਉਣਗੇ ਉਹ ਇਕੱਠੇ ਹੋ ਕੇ ਮੁੱਲ ਥਾਪਣਗੇ ਫੇਰ ਵੀ ਇਹ ਮੁੱਲ ਪੂਰਾ ਨਹੀਂ ਹੋਣਾ। ਮਰਦਾਨੇ ਨੇ ਕਿਹਾ ਕਿ ਤੂੰ ਸਬਜ਼ੀ ਫਿਰੋਸ਼ ਨੂੰ, ਹਲਵਾਈ ਨੂੰ, ਕਪੜੇ ਵਾਲੇ ਨੂੰ ਦਸਣਾ ਸੀ ਕਿ ਇਹ ਅਮੁੱਲਾ ਲਾਲ ਹੈ। ਕਹਿੰਦਾ, "ਸੱਚੇ ਪਾਤਸ਼ਾਹ! ਮੈਂ ਤਾਂ ਉਨ੍ਹਾਂ ਨੂੰ ਕਿਹਾ ਸੀ ਪਰ ਜਦੋਂ ਮੈਂ ਚਾਰ ਪੰਜ ਵਾਰੀ ਕਿਹਾ ਕਿ ਇਹ ਬੇਮੁੱਲਾ ਹੈ ਤਾਂ ਉਹ ਬੰਦੇ ਆਪਣੀਆਂ ਪੁੜਪੁੜੀਆਂ ਕੋਲ ਉਂਗਲੀ ਰਾਹੀਂ ਘੇਰਾ ਬਣਾ ਕੇ ਕਹਿਣ ਲੱਗੇ, ਇਹਦੇ ਦਿਮਾਗ ਵਿਚ ਫਰਕ ਹੈ। ਉਨ੍ਹਾਂ ਨੇ ਤਾਂ ਮੈਨੂੰ ਪਾਗਲ ਹੀ ਬਣਾ ਦਿਤਾ। ਜੇ ਮੈਂ ਉਨ੍ਹਾਂ ਨੂੰ ਬਹੁਤਾ ਕਹਿੰਦਾ ਤਾਂ ਮੈਂ ਵਾਪਸ ਤੁਹਾਡੇ ਕੋਲ ਨਹੀਂ ਸੀ ਪਹੁੰਚਣਾ, ਉਨ੍ਹਾਂ ਨੇ ਮੈਨੂੰ ਪਾਗਲ ਸਮਝ ਕੇ ਪਾਗਲਖਾਨੇ ਛੱਡ ਆਉਣਾ ਸੀ, ਫੇਰ ਤੁਸੀਂ ਮੈਨੂੰ ਛੁਡਾਉਂਦੇ ਫਿਰਦੇ। ਭਲਾ ਅਣਜਾਣ ਸਮਝਾਏ ਹੋਏ ਸਮਝਦੇ ਹਨ, ਇਹ ਬਹੁਤ ਮੁਸ਼ਕਲ ਹੈ।" ਮਹਾਰਾਜ ਨੇ ਕਿਹਾ, "ਮਰਦਾਨਿਆਂ! ਅਸੀਂ ਜਿਹੜੀ ਨਾਮ ਦੀ ਗੱਲ ਕਰਦੇ ਹਾਂ ਉਹਨੂੰ ਵੀ ਨਾਮ ਵਾਲੇ ਹੀ ਸਮਝਦੇ ਹਨ। ਜਿਸ ਤਰ੍ਹਾਂ ਦੇ ਨਾਲ ਪੂਰਾ ਜੌਹਰੀ ਲਾਲਾਂ ਦੀ ਕੀਮਤ ਨੂੰ ਜਾਣਦਾ ਹੈ ਉਸੇ ਤਰ੍ਹਾਂ ਨਾਲ ਨਾਮ ਦੀ ਕੀਮਤ ਨੂੰ ਸੰਤ ਹੀ ਜਾਣਦੇ ਹਨ। ਪੜ੍ਹੋ -

*ਧਾਰਨਾ -ਮਹਿਮਾ ਹਰਿ ਨਾਮ ਦੀ,*
*ਸੰਤਾਂ ਦੇ ਹਿਰਦੇ ਵਸਦੀ।*

*ਨਾਮ ਕੀ ਮਹਿਮਾ ਸੰਤ ਰਿਦ ਵਸੈ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥*
*ਸੰਤ ਕਾ ਸੰਗੁ ਵਡਭਾਗੀ ਪਾਈਐ॥*
*ਸੰਤ ਕੀ ਸੇਵਾ ਨਾਮੁ ਧਿਆਈਐ॥*
*ਨਾਮ ਤੁਲਿ ਕਛੁ ਅਵਰੁ ਨ ਹੋਇ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥*
*ਪੰਨਾ - 265*

ਗੁਰੂ ਮਹਾਰਾਜ ਜੀ ਨੇ ਨਾਮ ਨੂੰ ਸਭ ਤੋਂ ਸ੍ਰੇਸ਼ਟ ਦਸਦਿਆਂ ਹੋਇਆਂ ਸੁਖਮਨੀ ਸਾਹਿਬ ਵਿਚ ਦਸਿਆ ਹੈ -

*ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥*
*ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥*
*ਜਾਪ ਤਾਪ ਗਿਆਨ ਸਭਿ ਧਿਆਨ॥*
*ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥*
*ਜੋਗ ਅਭਿਆਸ ਕਰਮ ਧ੍ਰਮ ਕਿਰਿਆ॥*
*ਸਗਲ ਤਿਆਗਿ ਬਨ ਮਧੇ ਫਿਰਿਆ॥*
*ਅਨਿਕ ਪ੍ਰਕਾਰ ਕੀਏ ਬਹੁ ਜਤਨਾ॥*
*ਪੁੰਨ ਦਾਨ ਹੋਮੇ ਬਹੁ ਰਤਨਾ॥*

*ਸਰੀਰੁ ਕਟਾਇ ਹੋਮੈ ਕਰਿ ਰਾਤੀ॥*
*ਵਰਤ ਨੇਮ ਕਰੈ ਬਹੁ ਭਾਤੀ॥*
*ਨਹੀ ਤੁਲਿ ਰਾਮ ਨਾਮ ਬੀਚਾਰ॥*
*ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥* *ਪੰਨਾ - 265*

ਇਸ ਭਾਵ ਦੇ ਬਚਨ ਮਰਦਾਨੇ ਨਾਲ ਗੁਰੂ ਨਾਨਕ ਪਾਤਸ਼ਾਹ ਕਰ ਰਹੇ ਸਨ ਜੋ ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਸੁਖਮਨੀ ਸਾਹਿਬ ਵਿਚ ਅੰਕਿਤ ਕੀਤੇ ਹਨ।

ਐਨੇ ਨੂੰ ਸਾਲਸਰਾਇ ਵੀ ਪਹੁੰਚ ਗਿਆ। ਸਾਲਸਰਾਇ ਨੇ ਪ੍ਰਸ਼ਾਦਾ ਅਧਰੱਕੇ ਦੇ ਸੀਸ ਤੋਂ ਲਾਹ ਕੇ ਗੁਰੂ ਨਾਨਕ ਪਾਤਸ਼ਾਹ ਅੱਗੇ ਰੱਖਿਆ ਅਤੇ ਆਪ ਡੰਡਵਤ ਪ੍ਰਣਾਮ ਕੀਤੀ। ਅਧਰੱਕਾ ਗੁਰੂ ਨਾਨਕ ਪਾਤਸ਼ਾਹ ਨੂੰ ਦੇਖਦੇ ਸਾਰ ਐਸੇ ਰੰਗ ਵਿਚ ਰੰਗਿਆ ਗਿਆ ਕਿ ਉਸਦੇ ਮੁੱਖ ਤੋਂ ਨੂਰ ਝਰਨ ਲਗ ਗਿਆ, ਵਿਸਮਾਦ ਵਿਚ ਆ ਗਿਆ। ਸਾਲਸਰਾਇ ਸਿਆਣਾ ਸੀ ਉਸ ਨੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਮਹਾਰਾਜ ਜੀ! ਜੋ ਲਾਲ ਆਪ ਨੇ ਭੇਜਿਆ ਸੀ, ਉਹ ਬਹੁਤ ਅਮੁਲਾ ਹੈ, ਉਸ ਦਾ ਕੋਈ ਮੁੱਲ ਨਹੀਂ ਹੈ। ਮੇਰੇ ਖਜ਼ਾਨੇ ਵਿਚ ਤਾਂ ਐਨਾ ਪੈਸਾ ਹੀ ਨਹੀਂ ਕਿ ਉਸ ਦਾ ਮੁੱਲ ਦੇ ਸਕਾਂ, ਉਹ ਬਹੁਤ ਅਮੁੱਲਾ ਲਾਲ ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਸਾਲਸਰਾਇ! ਤੇਰੇ ਖਜ਼ਾਨੇ ਵਿਚ ਧਨ ਨਹੀਂ ਹੋਣਾ ਪਰ ਤੇਰੇ ਕੋਲ ਹੋਰ ਬੇਅੰਤ ਅਮੁੱਲ ਚੀਜ਼ਾਂ ਹਨ, ਤੈਨੂੰ ਕਿੰਨਾ ਸੁੰਦਰ ਸਰੀਰ ਮਿਲਿਆ ਹੈ, ਇਸ ਦਾ ਕੋਈ ਮੁਲ ਹੈ? ਸੋਚ ਕੇ ਦੱਸ। ਸੁਆਸਾਂ ਦਾ ਕੋਈ ਮੁੱਲ ਹੋਇਆ ਕਰਦਾ ਹੈ? ਸੁਆਸ ਅਮੁੱਲ ਹੀ ਹਨ। ਸਾਲਸਰਾਇ! ਇਸ ਦੇਹੀ ਵਿਚ ਵਾਹਿਗੁਰੂ ਜੀ ਦਾ ਨਿਵਾਸ ਹੈ ਇਸ ਵਿਚ ਵਾਹਿਗੁਰੂ ਜੀ ਦਾ ਅਮੁੱਲ ਨਾਮ ਸਮਾਇਆ ਹੋਇਆ ਹੈ ਜਿਸ ਦੀ ਕਦਰ ਇਸ ਮਨੁੱਖ ਨੂੰ ਮਾਇਆ ਦੇ ਅੰਧਕਾਰ ਵਿਚ ਅੰਨ੍ਹਾ ਬੋਲਾ ਹੋਣ ਕਰਕੇ ਨਹੀਂ ਹੈ। ਇਹ ਸੋਝੀ ਨਹੀਂ ਹੈ ਕਿ ਇਸ ਦੇਹੀ ਵਿਚ ਅਮੁੱਲ ਵਸਤੂਆਂ ਹਨ। ਤੇਰੇ ਅੰਦਰ ਵਾਹਿਗੁਰੂ ਦਾ ਵਾਸਾ ਹੈ, ਸੰਸਾਰ ਦੇ ਹਰ ਫਰਦੋ ਬਸ਼ਰ ਵਿਚ ਵਾਹਿਗੁਰੂ ਜੀ ਦਾ ਵਾਸਾ ਹੈ ਉਹ ਘਟ-ਘਟ ਵਿਚ ਵਿਆਪਕ ਹੈ, ਤੇਰੇ ਅੰਦਰ ਨਾਮ ਦੀ ਸ਼ਕਤੀ ਪਰੀਪੂਰਨ ਹੈ, ਸਭ ਅੰਦਰ ਪਰੀਪੂਰਨ ਹੈ। ਮਹਾਂਪੁਰਸ਼ ਸੰਸਾਰ ਨੂੰ ਦਸਦੇ ਫਿਰਦੇ ਹਨ ਪਰ ਕਦਰਦਾਨਾਂ ਤੋਂ ਬਿਨਾਂ ਇਸ ਕੀਮਤੀ ਵਸਤੂ ਦੀ ਕਦਰ ਨਹੀਂ ਪਿਆ ਕਰਦੀ।

ਸੋ ਸਾਧਸੰਗਤ ਜੀ! ਗੁਰੂ ਨਾਨਕ ਪਾਤਸ਼ਾਹ ਜੀ ਨੇ ਸਾਲਸਰਾਇ ਨੂੰ ਉਪਦੇਸ਼ ਦੇ ਕੇ ਉਹ ਨੈਣ ਬਖਸ਼ ਦਿਤੇ ਜਿਨ੍ਹਾਂ ਦੇ ਰਾਹੀਂ ਉਸ ਨੇ ਦੇਖਿਆ ਕਿ ਹਰ ਘਟ ਵਿਚ ਵਾਹਿਗੁਰੂ ਜੀ ਆਪ ਹੀ ਵਸਦੇ ਹਨ ਅਤੇ ਉਸ ਦੇ ਮੁਖੋਂ ਐਸਾ ਉਚਾਰਨ ਹੋਇਆ, ਪੜ੍ਹੋ -

*ਧਾਰਨਾ- ਤੂੰ ਹੀ ਤੂੰ ਹੀ ਮੋਹਿਨਾ*
*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ*
*ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥*
*ਪੰਨਾ - 407*

ਸੋ ਵਾਹਿਗੁਰੂ ਜੀ ਦਾ ਨਾਮ ਅਮੁੱਲ ਹੈ, ਉਹ ਇਸ ਸਰੀਰ ਵਿਚ ਰਮਿਆ ਹੋਇਆ ਹੈ ਜਿਵੇਂ ਕਿ ਸੁਖਮਨੀ ਸਾਹਿਬ ਵਿਚ ਆਉਂਦਾ ਹੈ ਕਿ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
*ਪੰਨਾ - 293*

ਸੋ ਆਪਾਂ ਪੜ੍ਹ ਰਹੇ ਸੀ, ਫੇਰ ਪੜ੍ਹੋ -

*ਧਾਰਨਾ -ਲਾਲ ਇਕ ਪਾਇਆ ਜੀ,*
*ਦੇਹੀ ਨੂੰ ਖੋਜ-ਖੋਜ ਕੇ।*
*ਖੋਜਤ ਖੋਜਤ ਲਾਲੁ ਇਕੁ ਪਾਇਆ*
*ਹਰਿ ਕੀਮਤਿ ਕਹਣੁ ਨ ਜਾਈ ਸੰਤਹੁ॥*
*ਪੰਨਾ - 916*

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਸ ਨਾਮ ਦੀ ਕੋਈ ਵੀ ਕੀਮਤ ਨਹੀਂ ਕਹਿ ਸਕਦਾ। ਇਸ ਖੋਜ ਦੇ ਰਾਹੀਂ ਅਸਾਡਾ ਮਨ ਦੁਨੀਆਂ ਤੋਂ ਹਟ ਕੇ ਉਸ ਸਤਿ ਚਿਤ ਅਨੰਦ ਹਸਤੀ ਦੇ ਧਿਆਨ ਵਿਚ ਲਗ ਗਿਆ ਹੈ ਅਤੇ ਉਸ ਸੱਚ ਦੇ ਮੰਡਲ ਵਿਚ ਵਾਸਾ ਹੋ ਗਿਆ ਹੈ। ਗੁਣ ਗਾਉਂਦੇ-ਗਾਉਂਦੇ ਅਸੀਂ ਨਿਹਾਲ ਹੋ ਗਏ ਹਾਂ ਅਤੇ ਨਾਮ ਜਪਦੇ ਹੋਏ ਸਾਰੀਆਂ ਵਾਸ਼ਨਾਵਾਂ ਖਤਮ ਹੋ ਗਈਆਂ ਹਨ, ਤ੍ਰਿਸ਼ਨਾ ਦਾ ਨਾਮ ਨਿਸ਼ਾਨ ਵੀ ਨਹੀਂ ਰਿਹਾ, ਪੰਜੇ ਚੋਰ ਭੱਜ ਗਏ, ਪੰਜ ਵਿਸ਼ਿਆਂ ਦਾ ਕਿਤੇ ਥਹੁ ਪਤਾ ਹੀ ਨਹੀਂ ਲਗਦਾ, ਪੂਰਨ ਰੂਪ ਵਿਚ ਤ੍ਰਿਪਤ ਹੋ ਗਏ ਹਾਂ। ਸਾਰੀਆਂ ਵਾਸ਼ਨਾਵਾਂ ਖਤਮ ਹੋ ਗਈਆਂ, ਪੂਰੀ ਤਰ੍ਹਾਂ ਇਸ ਗੱਲ ਦੀ ਪਰਤੀਤੀ ਹੋ ਗਈ ਕਿ ਇਕੋ ਵਾਹਿਗੁਰੂ ਸਾਰੇ ਰਮਿਆ ਹੋਇਆ ਹੈ, ਉਹ ਨਾ ਹੀ ਕਿਤੋਂ ਆਉਂਦਾ ਹੈ, ਨਾ ਹੀ ਕਿਤੇ ਜਾਂਦਾ ਹੈ, ਉਹ ਆਦਿ ਵਿਚ ਸੀ, ਜੁਗਾਦਿ ਵਿਚ ਵੀ ਓਹੀ ਸੀ, ਹੁਣ ਵੀ ਹੈ ਅਤੇ ਜਦੋਂ ਕੁਝ ਨਹੀਂ ਹੋਵੇਗਾ ਉਸ ਵੇਲੇ ਵੀ ਉਹ ਆਪ ਹੀ ਹੋਵੇਗਾ। ਸੋ ਇਸ ਤਰ੍ਹਾਂ ਦੇ ਨਾਲ ਦੇਹੀ ਦੀ ਖੋਜ ਕੀਤੀ, ਇਸ ਵਿਚੋਂ ਆਤਮ ਵਸਤੂ ਸਾਖਸ਼ਾਤਕਾਰ ਹੋ ਗਈ। ਬਾਣੀ ਵਿਚ ਐਸਾ ਫੁਰਮਾਨ ਆਉਂਦਾ ਹੈ ਕਿ -

*ਖੋਜਤ ਖੋਜਤ ਲਾਲੁ ਇਕੁ ਪਾਇਆ*
*ਹਰਿ ਕੀਮਤਿ ਕਹਣੁ ਨ ਜਾਈ ਸੰਤਹੁ॥*
*ਚਰਨ ਕਮਲ ਸਿਉ ਲਾਗੋ ਧਿਆਨਾ*
*ਸਾਚੈ ਦਰਸਿ ਸਮਾਈ ਸੰਤਹੁ॥*
*ਗੁਣ ਗਾਵਤ ਗਾਵਤ ਭਏ ਨਿਹਾਲਾ*
*ਹਰਿ ਸਿਮਰਤ ਤ੍ਰਿਪਤਿ ਅਘਾਈ ਸੰਤਹੁ।।*
*ਆਤਮ ਰਾਮੁ ਰਵਿਆ ਸਭ ਅੰਤਰਿ*

*ਕਤ ਆਵੈ ਕਤ ਜਾਈ ਸੰਤਹੁ॥*
*ਆਦਿ ਜੁਗਾਦੀ ਹੈ ਭੀ ਹੋਸੀ*
*ਸਭ ਜੀਆ ਕਾ ਸੁਖਦਾਈ ਸੰਤਹੁ॥*
*ਪੰਨਾ - 916*

ਗੁਰੂ ਮਹਾਰਾਜ ਜੀ ਇਕ ਥਾਂ ਫੁਰਮਾਨ ਕਰਦੇ ਹਨ ਕਿ ਇਹ ਸਰੀਰ ਧਰਮ ਕਮਾਉਣ ਵਾਸਤੇ ਮਿਲਿਆ ਹੈ। ਇਸ ਵਿਚ ਵਾਹਿਗੁਰੂ ਜੀ ਦੀ ਜੋਤ ਜਿਸ ਨੂੰ ਆਤਮਾ ਆਖਦੇ ਹਨ ਉਹ ਸਮਾਈ ਹੋਈ ਹੈ, ਗੁਹਜ ਰਤਨ ਇਸ ਦੇਹੀ ਵਿਚ ਲੁਕੇ ਹੋਏ ਹਨ ਜਦੋਂ ਇਸਦੀ ਖੋਤ ਕੀਤੀ ਜਾਂਦੀ ਹੈ ਤਾਂ ਪਤਾ ਲਗ ਜਾਂਦਾ ਹੈ ਕਿ ਰਤਨਾਂ ਦਾ ਭੰਡਾਰ ਇਸ ਵਿਚ ਹੈ।

'ਖੋਤ' ਅੱਖਰ ਨੂੰ ਸਮਝਣ ਲਈ ਇਕ ਮਿਸਾਲ ਦਿਤੀ ਜਾਂਦੀ ਹੈ ਕਿ ਉਡਾਰ ਦੇ ਟਿੱਬੇ ਜਿਸ ਦੀ ਰੇਤ ਉਡਦੀ ਰਹਿੰਦੀ ਹੈ ਉਹ ਕਾਸ਼ਤ ਕਰਨ ਵਾਲੀਆਂ ਫਸਲਾਂ ਨੂੰ ਦਬਾਅ ਲੈਂਦੇ ਹਨ। ਉਪਰ ਹੋਰ ਰੇਤਾ ਜੰਮ ਜਾਂਦਾ ਹੈ। ਫੇਰ ਸਮਾਂ ਲੰਘਣ ਉਪਰੰਤ ਵੀ ਜ਼ਿਮੀਦਾਰ ਨੂੰ ਪਤਾ ਹੁੰਦਾ ਹੈ ਕਿ ਮੇਰੇ ਖੇਤਾਂ ਵਿਚ ਖੂਹ ਸੀ। ਉਹ ਬਾਹਰ ਵਸਣ ਵਾਲੀਆਂ ਕੌਮਾਂ ਵਿਚੋਂ ਜੋ ਓਢ ਕੌਮ ਹੈ ਉਸ ਨੂੰ ਆਖਦੇ ਹਨ ਕਿ ਭਾਈ! ਸਾਡਾ ਖੂਹ ਟੋਲ੍ਹ ਕੇ ਦੇਹ। ਉਹ ਓਢ ਬੱਕਰੀਆਂ ਲੈ ਕੇ ਖੇਤਾਂ ਵਿਚ ਆ ਜਾਂਦੇ ਹਨ। ਬਕਰੀਆਂ ਨੂੰ ਖੇਤ ਵਿਚ ਜੁੜਵੇਂ ਰੱਖ ਕੇ ਘੁੰਮਾਇਆ ਜਾਂਦਾ ਹੈ। ਜਿਥੇ ਖੂਹ ਦਬਿਆ ਹੁੰਦਾ ਹੈ ਉਥੇ ਬਕਰੀਆਂ ਪੈਰ ਨਹੀਂ ਰੱਖਦੀਆਂ, ਗੋਲ ਚੱਕਰ ਬਣਾ ਕੇ ਘੁੰਮ ਕੇ ਲੰਘ ਜਾਂਦੀਆਂ ਹਨ। ਇਸੇ ਤਰ੍ਹਾਂ ਫੇਰ ਇਕ ਵਾਰੀ ਉਨ੍ਹਾਂ ਨੂੰ ਘੁੰਮਾਇਆ ਜਾਂਦਾ ਹੈ। ਉਹ ਫੇਰ ਉਸ ਤਰ੍ਹਾਂ ਹੀ ਗੋਲ ਚਕਰ ਬਣਾ ਕੇ ਲੰਘ ਜਾਂਦੀਆਂ ਹਨ। ਉਸ ਥਾਂ ਉਪਰ ਰੇਤਾ ਹਟਾ ਕੇ ਮੁੜ ਪਾਣੀ ਪ੍ਰਾਪਤ ਹੋ ਜਾਂਦਾ ਹੈ। ਖੇਤ ਸਿੰਜਣੇ ਸ਼ੁਰੂ ਹੋ ਜਾਂਦੇ ਹਨ, ਖੁਸ਼ਹਾਲੀ ਆ ਜਾਂਦੀ ਹੈ। ਇਸ ਤਰ੍ਹਾਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥*
*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ*
*ਤੂ ਸਚੁ ਸਚੇ ਸੇਵਾ ਤੇਰੀ ਹੋਤਿ॥*
*ਪੰਨਾ - 309*

ਹੁਣ ਆਪਣੇ ਸਰੀਰ ਦੀ ਖੋਜ ਕਿਵੇਂ ਕੀਤੀ ਜਾਵੇ, ਇਹ ਮਸਲਾ ਸਾਡੇ ਸਮਝਣ ਵਾਲਾ ਹੈ। ਗੁਰੂ ਦਸਦਾ ਹੈ ਕਿ ਪਿਆਰਿਆ! ਤੂੰ ਸਰੀਰ ਨਹੀਂ ਹੈਂ, ਤੂੰ ਆਤਮਾ ਹੈਂ, ਤੂੰ ਆਪਣੀ ਖੋਜ ਕਰ। ਇਸ ਸ਼ਬਦ ਵਿਚ ਗੁਰੂ ਮਹਾਰਾਜ ਜੀ ਨੇ ਅਸਾਡਾ ਧਿਆਨ ਕਈ ਵਿਸ਼ਿਆਂ ਵਲ ਦਿਵਾਇਆ ਹੈ। ਪਹਿਲਾਂ ਤਾਂ ਹੈ ਖੋਜ ਕਰਨੀ, ਬਾਹਰ ਦੀ ਖੋਜ ਨਹੀਂ ਅੰਦਰ ਦੀ ਖੋਜ ਕਰਨੀ। ਦੂਸਰਾ ਹੈ ਕਿ ਇਕ ਅਤਿ ਕੀਮਤੀ ਲਾਲ ਪ੍ਰਾਪਤ ਹੁੰਦਾ ਹੈ ਜਿਸ ਦੀ ਕੋਈ ਕੀਮਤ ਕਹਿ ਹੀ ਨਹੀਂ ਸਕਦਾ। ਜਿਵੇਂ ਪਹਿਲਾਂ ਦੱਸਿਆ ਜਾ ਚੁਕਿਆ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਸਾਲਸਰਾਇ ਜੌਹਰੀ ਨੂੰ ਦਸਿਆ ਕਿ ਤੇਰੇ ਅੰਦਰ ਨਾਮ ਅਮੁੱਲ ਹੈ ਜਿਸ ਦੀ ਕੋਈ ਕੀਮਤ ਨਹੀਂ ਹੈ। ਫੇਰ ਗੁਰੂ ਪਾਤਸ਼ਾਹ ਜੀ ਨੇ ਧਿਆਨ ਦਾ ਜ਼ਿਕਰ ਕੀਤਾ ਹੈ ਕਿ ਚਰਨਾਂ ਕਮਲਾਂ ਨਾਲ ਪੂਰੀ ਤਰ੍ਹਾਂ ਧਿਆਨ ਲਗਣ ਉਪਰੰਤ ਵਾਹਿਗੁਰੂ ਜੀ ਦੇ ਦਰਸ਼ਨ ਹੁੰਦੇ ਹਨ ਅਤੇ ਉਸ ਦਰਸ਼ਨ ਵਿਚ ਇਸ ਜੀਵ ਦੀ ਆਤਮਕ ਰੂਪ ਵਿਚ ਸਮਾਈ ਹੋ ਜਾਂਦੀ ਹੈ। ਇਸ ਦੇ ਨਾਲ ਹੀ ਗੁਰੂ ਮਹਾਰਾਜ ਜੀ ਹੋਰ ਦਸਦੇ ਹਨ ਕਿ ਉਸ ਮਹਾਨ ਦੇ ਗੁਣ ਗਾਉਂਦਿਆਂ-ਗਾਉਂਦਿਆਂ ਨਿਹਾਲ ਹੋ ਜਾਈਦਾ ਹੈ। ਪ੍ਰੇਮ ਅਨੰਦ ਵਿਚ ਮਖਮੂਰ ਹੋ ਜਾਈਦਾ ਹੈ ਅਤੇ ਸਾਰੀਆਂ ਵਾਸ਼ਨਾਵਾਂ ਖਤਮ ਹੋ ਕੇ ਪੂਰਨ ਤ੍ਰਿਪਤੀ ਹੋ ਕੇ ਰੱਜ ਜਾਈਦਾ ਹੈ। ਇਸ ਤਰ੍ਹਾਂ ਅੰਤਰੀਵੀ ਖੋਜ ਕਰਨ ਨਾਲ ਦਿਬਜ ਦ੍ਰਿਸ਼ਟ ਖੁਲ੍ਹ ਗਈ ਅਤੇ ਦੇਖਿਆ ਕਿ ਹਰ ਥਾਂ ਦੇ ਉਤੇ ਵਾਹਿਗੁਰੂ ਜੀ ਪਰੀਪੂਰਨ ਹਨ, ਹੁਣ ਆਉਣਾ ਜਾਣਾ ਕਿਥੇ ਰਹਿ ਗਿਆ ਕਿਉਂਕਿ ਇਹੀ ਜੀਵ ਪ੍ਰਭੂ ਵਿਚ ਲੀਨ ਹੋ ਕੇ ਉਸ ਦਾ ਰੂਪ ਹੋ ਗਿਆ ਜਦੋਂ ਉਹ ਸਾਰੇ ਹੀ ਪਰੀਪੂਰਨ ਹੈ -

*ਜਿਮੀ ਜਮਾਨ ਕੇ ਬਿਖੈ ਸਮੱਸਤਿ*
*ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ,*
*ਨ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਿਤ*

ਉਹ ਘੱਟ ਵੱਧ ਨਹੀਂ ਹੁੰਦਾ। ਉਹ ਵਾਹਿਗੁਰੂ ਜੀ ਜਦੋਂ ਸੰਸਾਰ ਵਜੂਦ ਵਿਚ ਨਹੀਂ ਆਇਆ ਸੀ, ਉਸ ਵੇਲੇ ਵੀ ਉਹ ਆਪੇ ਹੀ ਆਪ ਸੀ ਜਦੋਂ ਸੰਸਾਰ ਦੀ ਰਚਨਾ ਸ਼ੁਰੂ ਕੀਤੀ, ਕਾਲ ਅਤੇ ਵਸਤੂ ਬਣੀ ਉਸ ਵੇਲੇ ਵੀ ਉਹ ਆਪ ਹੀ ਸੀ। ਹੁਣ ਜੋ ਸੰਸਾਰ ਚਲ ਰਿਹਾ ਹੈ ਉਸ ਵਿਚ ਵੀ ਉਹ ਆਪ ਹੀ ਹੈ, ਜਦੋਂ ਇਹ ਖੇਲ੍ਹ ਸੰਕੋਚ ਲਵੇਗਾ, ਉਸ ਵੇਲੇ ਵੀ ਉਹ ਆਪ ਹੀ ਹੋਵੇਗਾ। ਵਾਹਿਗੁਰੂ ਜੀ ਵਿਚ ਕੋਈ ਵਾਧਾ ਨਹੀਂ ਹੁੰਦਾ, ਕੁਝ ਵੀ ਘੱਟ ਨਹੀਂ ਹੁੰਦਾ।

*ਨਾ ਹਾਨ ਹੈ ਨਾ ਬਾਨ ਹੈ,*
*ਸਮਾਨ ਰੂਪ ਜਾਨੀਐ॥*
*ਮਕੀਨ ਔ ਮਕਾਨ*
*ਅਪ੍ਰਮਾਨ ਤੇਜ ਮਾਨੀਐ॥*
*ਅਕਾਲ ਉਸਤਤਿ*

ਸੰਸਾਰੀ ਖੇਲ੍ਹ ਸਭਨਾਂ ਜੀਆਂ ਨੂੰ ਸੁਖ ਦੇਣ ਵਾਲਾ ਹੈ, ਇਥੇ ਇਕ ਬੜਾ ਜ਼ਬਰਦਸਤ ਭੁਲੇਖਾ ਪੈਂਦਾ ਹੈ, ਜਦੋਂ ਵਾਹਿਗੁਰੂ ਜੀ ਆਪੇ ਹੀ ਆਪ ਹਨ ਫੇਰ ਇਹ

ਦ੍ਵੈਤ ਦੇ ਬਚਨ, ਦ੍ਵੈਤ ਦੇ ਭਾਵ ਕਿਥੋਂ ਆ ਗਏ ਕਿਉਂਕਿ ਗੁਰਬਾਣੀ ਦੇ ਅੰਦਰ ਅਜਿਹੇ ਬਚਨ ਆਮ ਮਿਲਦੇ ਹਨ। ਉਸ ਦੇ ਬਾਰੇ ਧਿਆਨ ਨਾਲ ਸਮਝੋ। ਸਾਧਸੰਗਤ ਜੀ! ਕੁਝ ਉਦਾਹਰਣਾਂ ਮੈਂ ਦਿੰਦਾ ਹਾਂ ਕਿ ਜਦੋਂ ਆਪਾਂ ਸੌਂ ਜਾਂਦੇ ਹਾਂ, ਉਸ ਵੇਲੇ ਅਸੀਂ ਇਕ ਐਸੀ ਦੁਨੀਆਂ ਵਿਚ ਚਲੇ ਜਾਂਦੇ ਹਾਂ ਜਿਸ ਨੂੰ ਸੁਪਨਮਈ ਸੰਸਾਰ ਆਖਿਆ ਜਾਂਦਾ ਹੈ। ਉਸ ਸੰਸਾਰ ਵਿਚ ਅਸਾਨੂੰ ਹਵਾਈ ਜਹਾਜ਼ ਚਲਦੇ ਵੀ ਨਜ਼ਰ ਆਉਂਦੇ ਹਨ, ਸਮੁੰਦਰ ਦੀਆਂ ਅਥਾਹ ਲਹਿਰਾਂ ਵੀ ਨਜ਼ਰ ਆਉਂਦੀਆਂ ਹਨ, ਚੰਗੇ ਜਾਂ ਮੰਦੇ ਮਕਾਨ ਵੀ ਨਜ਼ਰ ਆਉਂਦੇ ਹਨ, ਚੋਰ ਵੀ ਨਜ਼ਰ ਆਉਂਦੇ ਹਨ, ਠੱਗ ਵੀ ਨਜ਼ਰ ਆਉਂਦੇ ਹਨ, ਸਾਧ ਵੀ, ਸੱਪ ਵੀ, ਸ਼ੇਰ ਵੀ ਨਜ਼ਰ ਆਉਂਦੇ ਹਨ। ਕਿਤੇ ਉਚੇ ਪਹਾੜ ਹੁੰਦੇ ਹਨ, ਹਵਾਵਾਂ ਚਲਦੀਆਂ ਹਨ, ਪਾਣੀ ਦੀ ਪਿਆਸ ਲਗਦੀ ਹੈ, ਭੁੱਖ ਲਗਦੀ ਹੈ, ਖਾਣ ਪੀਣ ਮਠਿਆਈ ਮਿਲਦੀ ਹੈ, ਸੁੱਕੀਆਂ ਰੋਟੀਆਂ ਵੀ ਮਿਲਦੀਆਂ ਹਨ, ਕਦੇ ਮੰਗੇ ਤੋਂ ਵੀ ਕੁਝ ਨਹੀਂ ਮਿਲਦਾ, ਕਦੇ ਜ਼ਹਿਰੀਲੇ ਜਾਨਵਰ ਪਿਛੇ ਪੈ ਜਾਂਦੇ ਹਨ, ਕਦੇ ਸ਼ੇਰ ਪਿਛੇ ਪੈ ਜਾਂਦਾ ਹੈ, ਅਸੀਂ ਜਾਨ ਬਚਾਉਣ ਲਈ ਨੱਠਦੇ ਹਾਂ। ਕਦੇ ਆਪਣਾ ਬਾਜ਼ੂ ਕੱਟ ਜਾਂਦਾ ਹੈ, ਕਦੇ ਬਿਮਾਰ ਹੋ ਕੇ ਚੜ੍ਹਾਈ ਕਰ ਜਾਈਦਾ ਹੈ, ਇਸਤ੍ਰੀਆਂ ਨੂੰ ਮਨੁੱਖਾਂ ਦੇ ਸੁਪਨੇ ਆਉਂਦੇ ਹਨ, ਮਨੁੱਖਾਂ ਨੂੰ ਇਸਤ੍ਰੀਆਂ ਦੇ ਸੁਪਨੇ ਆਉਂਦੇ ਹਨ। ਵਿਆਹ ਸ਼ਾਦੀਆਂ ਹੁੰਦੀਆਂ ਹਨ, ਕਾਰਾਂ 'ਚ ਬੈਠ ਕੇ ਸਫਰ ਕੀਤਾ ਜਾਂਦਾ ਹੈ, ਟੁੱਟੀਆਂ ਹੋਈਆਂ ਸੜਕਾਂ ਨਜ਼ਰ ਆਉਂਦੀਆਂ ਹਨ, ਬਹੁਤ ਵਧੀਆ highway ਨਜ਼ਰ ਆਉਂਦੇ ਹਨ, ਕਦੇ ਸਮੁੰਦਰ ਵਿਚ ਤੈਰਦੇ ਹਾਂ, ਕਈ ਵਾਰੀ ਸੁਪਨੇ ਵਿਚ ਮਰ ਜਾਈਦਾ ਹੈ, ਲੋਕ ਰੋਂਦੇ ਨਜ਼ਰ ਆਉਂਦੇ ਹਨ, ਆਪਣੇ ਮਨ ਵਿਚ ਬੜਾ ਅਫਸੋਸ ਹੁੰਦਾ ਹੈ, ਇਹ ਸਭ ਕੀ ਹੋਇਆ? ਇਸ ਸੁਪਨੇ ਦੇ ਅੰਦਰ ਅਸੀਂ ਸੁਪਨੇ ਦੇ ਨਿਯਮ ਪਾਲਦੇ ਹੋਏ, ਤੂੰ ਤੇ ਮੈਂ, ਦ੍ਵੈਤ ਦੀਆਂ ਗੱਲਾਂ ਕਰਦੇ ਹਾਂ। ਵਿਚਾਰ ਕਰਕੇ ਦੇਖੋ, ਦ੍ਵੈਤ ਤਾਂ ਇਸ ਵਿਚ ਕੋਈ ਹੈ ਹੀ ਨਹੀਂ, ਇਹ ਤਾਂ ਜੀਵ ਸੌਂ ਗਿਆ ਉਸ ਨੇ ਆਪਣੀ ਰਚਨਾ ਆਪ ਹੀ ਰਚ ਲਈ, ਹੈ ਕੁਝ ਵੀ ਨਹੀਂ ਪਰ ਪ੍ਰਤੀਤ ਸਤਿ ਦਿੰਦਾ ਹੈ ਉਸ ਸੁਪਨੇ ਦਾ ਅਧਿਆਸ ਹੋ ਜਾਂਦਾ ਹੈ।

ਮਹਾਂਪੁਰਸ਼ ਦਸਿਆ ਕਰਦੇ ਹਨ ਕਿ ਇਕ ਰਾਜਾ ਬਹੁਤ ਬਹਾਦਰ ਸੀ। ਉਸ ਉਪਰ ਕਿਸੇ ਹੋਰ ਰਾਜੇ ਨੇ ਆਕਰਮਣ ਕਰ ਦਿਤਾ, ਫੌਜ ਦੇ ਸਾਰੇ ਜਵਾਨ ਮਾਰੇ ਗਏ, ਬਹੁਤ ਹੀ ਭਿਆਨਕ ਯੁੱਧ ਹੋਇਆ, ਕੋਈ ਸੂਰਮਾ ਪਿਛੇ ਹਟਣ ਦਾ ਨਾਮ ਨਹੀਂ ਲੈਂਦਾ; ਨਾ ਇਹ ਆਕਰਮਣ ਕਰਨ ਵਾਲੇ, ਨਾ ਹੀ ਇਹ ਰਾਜਾ। ਇਸ ਦਾ ਰਾਜਕੁਮਾਰ ਵੀ ਪੂਰੇ ਤਾਣ ਨਾਲ ਲੜ ਰਿਹਾ ਸੀ। ਚਾਰ ਦਿਨ ਚਾਰ ਰਾਤਾਂ ਦੀ ਲੜਾਈ ਉਪਰੰਤ ਇਹ ਰਾਜਾ ਜਿੱਤ ਗਿਆ ਅਤੇ ਬਹੁਤ ਖੁਸ਼ੀਆਂ ਮਨਾਈਆਂ ਗਈਆਂ। ਰਾਜਾ ਕਿਉਂਕਿ ਬਹੁਤ ਥੱਕਿਆ ਹੋਇਆ ਸੀ ਉਸ ਨੇ ਕਿਹਾ ਕਿ ਮੈਂ ਅਰਾਮ ਕਰਨ ਵਾਸਤੇ ਸੌਣ ਲੱਗਿਆ ਹਾਂ ਮੈਨੂੰ ਕਿਸੇ ਨੇ ਨਹੀਂ ਜਗਾਉਣਾ, ਮੈਂ ਆਪਣੀ ਮਰਜ਼ੀ ਨਾਲ ਉਠਣਾ ਹੈ। ਮੈਂ ਐਨਾ ਥੱਕ ਚੁਕਿਆ ਹਾਂ ਕਿ ਮੇਰਾ ਸਰੀਰ ਗਿਰੂੰ-ਗਿਰੂੰ ਕਰਦਾ ਹੈ, ਜੇ ਕੋਈ ਮੈਨੂੰ ਜਗਾਵੇਗਾ ਤਾਂ ਮੈਂ ਉਸ ਨੂੰ ਮੌਤ ਦਾ ਦੰਡ ਦੇਵਾਂਗਾ।

ਰਾਜਾ ਆਪਣੇ ਮਹਿਲ ਵਿਚ ਜਾ ਕੇ ਸੇਜ ਉਪਰ ਸੌਂ ਗਿਆ, ਉਸ ਦੇ ਸੌਣ ਪਿਛੋਂ ਰਾਜਕੁਮਾਰ ਜੋ ਯੁੱਧ ਵਿਚ ਬਹੁਤ ਜ਼ਖਮੀ ਹੋ ਚੁਕਿਆ ਸੀ, ਵੈਦ ਉਸ ਦਾ ਇਲਾਜ ਕਰਦੇ ਕਰਦੇ ਮਹਿਲਾਂ ਵਿਚ ਲੈ ਆਏ ਪਰ ਇਥੇ ਆ ਕੇ ਵੈਦਾਂ ਨੇ ਸਿਰ ਹਿਲਾ ਦਿਤਾ ਕਿ ਭਾਈ! ਪ੍ਰਭੂ ਦਾ ਭਾਣਾ ਵਰਤ ਗਿਆ, ਬਹੁਤ ਬਹਾਦਰੀ ਨਾਲ ਇਹ ਯੁੱਧ ਲੜਿਆ ਸੀ, ਜਿਥੇ ਇਹ ਲੜਦਾ ਸੀ ਉਥੇ ਦੁਸ਼ਮਣ ਦੀਆਂ ਫੌਜਾਂ ਦਾ ਬਹੁਤ ਜ਼ੋਰ ਸੀ ਪਰ ਇਹ ਆਪਣੀ ਜਾਨ ਦੀ ਪਰਵਾਹ ਨਾ ਕਰਦਾ ਹੋਇਆ ਬਹੁਤ ਬਹਾਦਰੀ ਨਾਲ ਲੜਿਆ ਸੀ। ਸੋ ਰਾਜਕੁਮਾਰ ਦੀ ਮੌਤ ਹੋ ਚੁਕੀ ਸੀ, ਸਾਰਿਆਂ ਨੇ ਇਕੱਠੇ ਹੋ ਕੇ ਵਜ਼ੀਰ ਨੂੰ ਕਿਹਾ ਤੁਸੀਂ ਮਹਾਰਾਜੇ ਨੂੰ ਜਗਾਓ। ਰਾਜਕੁਮਾਰ ਕਲ੍ਹ ਦਾ ਮਰਿਆ ਹੋਇਆ ਪਿਆ ਹੈ, ਇਸਦਾ ਸਸਕਾਰ ਕਰਨਾ ਬਹੁਤ ਜ਼ਰੂਰੀ ਹੈ ਪਰ ਇਸ ਦੇ ਪਿਤਾ ਦਾ ਵਿਚ ਹੋਣਾ ਵੀ ਬਹੁਤ ਜ਼ਰੂਰੀ ਹੈ। ਰਾਜੇ ਨੂੰ ਤੀਸਰੇ ਦਿਨ ਵੀ ਜਾਗ ਨਾ ਆਈ, ਚੌਥਾ ਦਿਨ ਵੀ ਆ ਗਿਆ ਪਰ ਅੱਜ ਵੀ ਜਾਗ ਨਾ ਆਈ। ਵਜ਼ੀਰ ਨੂੰ ਐਨਾ ਤਾਂ ਪਤਾ ਲਗ ਗਿਆ ਕਿ ਰਾਜੇ ਦੀ ਘੂਕ ਨੀਂਦ ਟੁੱਟ ਚੁਕੀ ਹੈ ਪਰ ਸੁਪਨਿਆਂ ਦੀ ਦੁਨੀਆਂ ਵਿਚ ਪ੍ਰਵੇਸ਼ ਕਰਕੇ ਉਸ ਨਾਲ ਪਰਚਿਆ ਹੋਇਆ ਹੈ। ਵੱਡੇ ਵਜ਼ੀਰ ਨੇ ਕਿਹਾ ਕਿ ਅੱਜ ਚਾਰ ਦਿਨ ਹੋ ਗਏ, ਰਾਜਕੁਮਾਰ ਦਾ ਸਸਕਾਰ ਨਹੀਂ ਕੀਤਾ, ਮੈਂ ਰਾਜੇ ਨੂੰ ਜਗਾ ਦਿੰਦਾ ਹਾਂ। ਕੋਈ ਗੱਲ ਨਹੀਂ ਜੇ ਕੋਈ ਮੈਨੂੰ ਦੰਡ ਮਿਲੇਗਾ ਤਾਂ ਮੈਂ ਭੁਗਤ ਲਵਾਂਗਾ। ਉਸ ਨੇ ਹੌਲੀ-ਹੌਲੀ ਰਾਜੇ ਦੇ ਚਰਨਾਂ ਤੇ ਹੱਥ ਫੇਰ ਕੇ ਰਾਜੇ ਨੂੰ ਸਾਵਧਾਨ ਕਰ ਲਿਆ। ਰਾਜੇ ਨੇ ਅੱਖ ਖੋਲ੍ਹੀ, ਉਸ ਦੀ ਯਾਦਾਸ਼ਤ ਅਜੇ ਸੁਪਨੇ ਵਿਚ ਹੀ ਸੀ। ਉਸ ਨੂੰ ਇਹ ਪਤਾ ਹੀ ਨਹੀਂ ਲਗ ਸਕਿਆ ਕਿ ਮੈਂ ਹੁਣ ਜਾਗ ਪਿਆ ਹਾਂ। ਉਹ ਰਾਜਾ ਉਚੀ-ਉਚੀ ਰੋਣ ਲਗ ਪਿਆ। ਵਜ਼ੀਰ ਹੈਰਾਨ ਹੋ ਗਿਆ, ਰਾਣੀਆਂ ਹੈਰਾਨ ਹੋ ਗਈਆਂ ਕਿ ਮਹਾਰਾਜੇ ਨੂੰ ਤਾਂ ਕਿਸੇ ਨੇ ਹਾਲੇ ਕੁਝ ਦਸਿਆ ਹੀ ਨਹੀਂ ਇਹ ਐਨੀ ਉਚੀ-ਉਚੀ ਕਿਉਂ ਰੋ ਰਿਹਾ ਹੈ। ਉਸ ਵੇਲੇ ਵੱਡੇ ਵਜ਼ੀਰ ਨੇ ਮਹਾਰਾਜੇ ਦੇ ਕੰਨ ਵਿਚ ਦਸਿਆ ਕਿ ਮਹਾਰਾਜ! ਆਪ ਦੇ ਰਾਜਕੁਮਾਰ ਆਪ ਦੇ ਪਿਛੋਂ ਆਏ ਸਨ, ਬਹੁਤ ਵੱਡੇ ਫੱਟ ਲੱਗੇ ਹੋਏ ਸਨ, ਖੂਨ ਨਿਕਲ ਚੁਕਿਆ ਸੀ ਪਰ ਉਹ ਬਹਾਦਰ ਮਹਿਲਾਂ ਵਿਚ ਪਹੁੰਚਣ ਤੋਂ ਬਾਦ ਹੀ ਸਰੀਰ ਛੱਡ ਗਿਆ। ਮਹਾਰਾਜ! ਵੈਦਾਂ ਨੇ ਇਲਾਜ ਵੀ ਕੀਤਾ, ਫੱਟ ਵੀ ਬੰਨ੍ਹੇ ਪਰ ਰਾਜਕੁਮਾਰ ਨਹੀਂ ਬਚ ਸਕਿਆ। ਇਸ ਵਾਸਤੇ ਖਿਮਾ ਕਰਨਾ ਕਿ ਅਸੀਂ ਹੁਕਮ ਅਦੂਲੀ ਕਰਕੇ

ਆਪ ਨੂੰ ਜਗਾ ਦਿਤਾ ਹੈ। ਰਾਜਾ ਕਹਿਣ ਲੱਗਿਆ ਕਿ ਵਜ਼ੀਰ ਸਾਹਿਬ! ਤੂੰ ਬਹੁਤ ਬੁਰਾ ਕੀਤਾ, ਮੇਰੀਆਂ ਪਦਮਨੀ ਰਾਣੀਆਂ, ਇਕ ਤੋਂ ਇਕ ਸੋਹਣੀ ਜਿਨ੍ਹਾਂ ਦੀ ਸੁੰਦਰਤਾ ਪਰੀਆਂ ਨੂੰ ਵੀ ਮਾਤ ਕਰਦੀ ਸੀ, ਉਹ ਅਤੇ ਮੇਰੇ ਚਾਰ ਲਾਡਲੇ ਪੁਤਰ ਜੋ ਮੇਰੀ ਗੋਦ ਵਿਚ ਬੈਠੇ ਸਨ, ਤੁਸੀਂ ਉਨ੍ਹਾਂ ਤੋਂ ਮੈਨੂੰ ਵਿਛੋੜ ਦਿਤਾ। ਜੇ ਇਕ ਮਰ ਗਿਆ ਸੀ ਤਾਂ ਕੀ ਹੋਇਆ ਤੁਸੀਂ ਤਾਂ ਮੇਰੇ ਚਾਰ ਪੁੱਤਰ ਹੋਰ ਮਾਰ ਦਿਤੇ। ਉਸ ਵੇਲੇ ਵਜ਼ੀਰ ਕਹਿਣ ਲੱਗਿਆ, "ਮਹਾਰਾਜ! ਇਹ ਤਾਂ ਇਕ ਸੁਪਨਾ ਸੀ।" ਰਾਜਾ ਕਹਿਣ ਲੱਗਿਆ, ਵਜ਼ੀਰ! ਜਿਸ ਸੰਸਾਰ ਵਿਚ ਤੂੰ ਰਹਿੰਦਾ ਹੈਂ, ਕੀ ਇਹ ਸਤਿ ਹੈ, ਇਹ ਵੀ ਸੁਪਨਾ ਹੀ ਹੈ -

*ਧਾਰਨਾ - ਲਾ ਲਿਆ ਮੂਰਖਾ ਚਿਤ,*
*ਨਾਲ ਸੁਪਨੇ ਦੇ-2.*

*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥*
*ਬਿਸਰੇ ਰਾਜ ਰਸ ਭੋਗ*
*ਜਾਗਤ ਭਖਲਾਇਆ॥*
*ਆਰਜਾ ਗਈ ਵਿਹਾਇ ਧੰਧੈ ਧਾਇਆ॥*
*ਪੂਰਨ ਭਏ ਨ ਕਾਮ ਮੋਹਿਆ ਮਾਇਆ॥*
*ਕਿਆ ਵੇਚਾਰਾ ਜੰਤੁ*
*ਜਾ ਆਪਿ ਭੁਲਾਇਆ॥ ਪੰਨਾ - 707*

ਇਸੇ ਤਰ੍ਹਾਂ ਨਾਲ ਅਨੇਕਾਂ ਸੁਪਨੇ ਅਸੀਂ ਦੇਖਦੇ ਹਾਂ, ਉਸ ਵੇਲੇ ਦ੍ਵੈਤ ਭਾਵ ਵਿਚ ਪ੍ਰਤੀਤ ਦਿੰਦੇ ਹਨ, ਜਦੋਂ ਅਸਾਨੂੰ ਜਾਗ ਆ ਜਾਂਦੀ ਹੈ, ਉਸ ਵੇਲੇ ਉਹ ਸੁਪਨਿਆਂ ਦਾ ਨਾਮ ਨਿਸ਼ਾਨ ਹੀ ਨਹੀਂ ਰਹਿੰਦਾ।

*ਭਣਤਿ ਨਾਨਕੁ ਜਬ ਖੇਲੁ ਉਝਾਰੈ*
*ਤਬ ਏਕੈ ਏਕੰਕਾਰਾ॥ ਪੰਨਾ - 999*

ਸੋ ਇਸ ਤਰ੍ਹਾਂ ਸਾਧਸੰਗਤ ਜੀ! ਇਹ ਸੰਸਾਰ ਵੀ ਸੁਪਨਾ ਹੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥*
*ਪੰਨਾ - 808*

ਇਹ ਜੋ ਸੰਸਾਰ ਦਾ ਖੇਲੁ ਹੋ ਰਿਹਾ ਹੈ ਇਹ ਸਤਿ ਨਹੀਂ ਹੈ, ਇਹ ਵਾਹਿਗੁਰੂ ਜੀ ਦੀ ਸ਼ਕਤੀ ਕਰਕੇ, ਹੁਕਮ ਕਰਕੇ ਸਭ ਕੁਝ ਸੱਚ ਵਾਂਗੂੰ ਹੀ ਦਿਸ ਰਿਹਾ ਹੈ ਪਰ ਹੈ ਇਹ ਸਭ ਕੁਝ ਅਸੱਤਿ। ਸਤਿ ਅਵਸਥਾ ਇਹ ਹੈ ਕਿ ਇਥੇ ਵਾਹਿਗੁਰੂ ਜੀ ਤੋਂ ਬਗੈਰ ਹੋਰ ਕੋਈ ਹੈ ਹੀ ਨਹੀਂ। ਤੂੰ-ਮੈਂ, ਇਹ-ਉਹ, ਇਥੇ-ਉਥੇ ਆਦਿ ਅੱਖਰ ਅਤੇ ਅਨੇਕਾਂ ਕਿਸਮ ਦੇ ਦ੍ਵੈਤ ਦੇ ਭਾਵ ਸੰਸਾਰ ਵਿਚ ਅਸੀਂ ਦੇਖਦੇ ਹਾਂ ਪਰ ਜਦੋਂ ਸਤਿ ਦੀ ਸੋਝੀ ਹੁੰਦੀ ਹੈ ਤਾਂ ਫੇਰ ਆਪੇ ਹੀ ਆਪ ਨਜ਼ਰੀ ਪਿਆ ਕਰਦਾ ਹੈ। ਖੋਜ ਕਰਨ ਵਾਲਾ ਵੀ ਉਹ ਆਪ ਹੀ ਹੈ, ਖੋਜ ਕੀਤਿਆਂ ਤੋਂ ਲੱਭ ਜਾਣ ਵਾਲਾ ਵੀ ਉਹ ਆਪ ਹੀ ਹੈ। ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਆਦਿ ਜੁਗਾਦੀ ਹੈ ਭੀ ਹੋਸੀ*
*ਸਭ ਜੀਆ ਕਾ ਸੁਖਦਾਈ ਸੰਤਹੁ॥*
*ਪੰਨਾ - 916*

ਉਸ ਵਾਹਿਗੁਰੂ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ ਉਹ ਹਰ ਥਾਂ ਉਪਰ ਆਪ ਹੀ ਹੈ -

*ਜਹ ਜਹ ਪੇਖਉ ਤਹ ਹਜੂਰਿ*
*ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ*
*ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ*
*ਸੋ ਸੰਗੀ ਗਨੀਐ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ॥*
*ਪ੍ਰਤਿਪਾਲੈ ਅਪਿਆਉ ਦੇਇ*
*ਕਛੁ ਊਨ ਨ ਹੋਈ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥*
*ਪੰਨਾ - 677*

ਦਿਬਜ ਅੱਖ ਖੁਲ੍ਹਣ ਦੀ ਦੇਰ ਹੈ ਫੇਰ ਜਦੋਂ ਅਸੀਂ ਸਤਿ ਦੀ ਪਾਲਣਾ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਜਿਸ ਨੂੰ ਅਸੀਂ ਤੂੰ ਕਹਿੰਦੇ ਹਾਂ, ਮੈਂ ਕਹਿੰਦੇ ਹਾਂ, ਉਸ ਦਾ ਅਭਾਵ ਹੋ ਜਾਂਦਾ ਹੈ ਕਿਉਂਕਿ ਝੂਠੀ ਮੈਂ ਤਾਂ ਹੈ ਹੀ ਨਹੀਂ, ਕੇਵਲ ਅਧਿਆਸ ਪਕਿਆ ਹੋਇਆ ਹੈ, ਅਧਿਆਸ ਖਰਬਾਂ ਸਾਲਾਂ ਤੋਂ ਪੱਕਿਆ ਹੋਇਆ ਹੈ, ਕਿਉਂਕਿ ਸਾਡੇ ਦੁਖ ਸੁਖ, ਮੇਲ ਮਿਲਾਪ ਵਖਰੇ ਹਨ ਪਰ ਜਦੋਂ ਦਿਬਜ ਦ੍ਰਿਸ਼ਟੀ ਖੁਲ੍ਹਦੀ ਹੈ ਤਾਂ ਇਥੇ ਵਾਹਿਗੁਰੂ ਜੀ ਤੋਂ ਬਿਨਾਂ ਹੋਰ ਕੋਈ ਨਜ਼ਰ ਹੀ ਨਹੀਂ ਆਉਂਦਾ।

*ਆਪਿ ਬੇਅੰਤੁ ਅੰਤੁ ਨਹੀ*
*ਪਾਈਐ ਪੂਰਿ ਰਹਿਆ ਸਭ ਠਾਈ ਸੰਤਹੁ॥*
*ਪੰਨਾ - 916*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਮੀਤ ਸਾਜਨ ਮਾਲੁ ਜੋਬਨੁ ਸੁਤ ਹਰਿ*
*ਨਾਨਕ ਬਾਪੁ ਮੇਰੀ ਮਾਈ ਸੰਤਹੁ॥*
*ਪੰਨਾ - 916*

ਅਸੀਂ ਹਉਮੈ ਦਾ ਅਧਿਆਸ ਹੋਣ ਕਰਕੇ ਜੀਵ ਉਪਾਧੀ ਪ੍ਰਾਪਤ ਕਰ ਚੁਕੇ ਹਾਂ ਅਤੇ ਅਸਾਨੂੰ ਜੋ ਦਿਸਦਾ ਹੈ, ਸੁਣਦਾ ਹੈ, ਜਿਸ ਨੂੰ ਅਨੁਭਵ ਕਰਦੇ ਹਾਂ, ਉਹ ਸਾਨੂੰ ਸਤਿ ਵਾਂਗੂੰ ਹੀ ਪ੍ਰਤੀਤ ਦਿੰਦਾ ਹੈ ਅਤੇ ਅਸੀਂ ਕਿਸੇ ਤਰ੍ਹਾਂ ਵੀ ਮੰਨਣ ਨੂੰ ਤਿਆਰ ਨਹੀਂ ਹਾਂ ਕਿ ਇਹ ਸਭ ਦ੍ਰਿਸ਼ਟਮਾਨ ਅਸਤਿ ਹੈ।

ਸਾਧਸੰਗਤ ਜੀ! ਜੋ ਦ੍ਰਿਸ਼ਟਮਾਨ ਹੈ ਇਹ ਇਕ ਖੇਲੁ ਹੈ ਇਹ ਸਤਿ ਨਹੀਂ ਹੈ ਪਰ ਪ੍ਰਤੀਤ ਸਤਿ ਦੇ ਰਿਹਾ ਹੈ, ਇਸ ਕਰਕੇ ਇਹ ਜੀਵ ਅਗਿਆਨ ਵਿਚ ਫਸ ਗਿਆ, **ignorance** ਨੇ ਇਸ ਨੂੰ ਚਕਰਾਂ ਵਿਚ ਪਾ ਦਿਤਾ। ਐਨੀ ਭੁੱਲ ਪੈ ਗਈ ਹੈ ਕਿ ਮੈਂ ਤੇ ਤੂੰ ਦੇ ਵਿਚੋਂ ਇਹ ਨਿਕਲਣ ਵਿਚ ਹੀ ਨਹੀਂ ਆਉਂਦਾ, ਇਸੇ ਨੂੰ ਅਗਿਆਨ ਆਖਦੇ ਹਨ। ਹੁਣ ਸਾਡੇ ਮੂਹਰੇ ਪ੍ਰਸ਼ਨ ਇਹ ਹੁੰਦਾ ਹੈ ਕਿ ਅਸੀਂ ਸਤਿ ਅਵਸਥਾ ਨੂੰ ਕਿਵੇਂ ਖੋਜੀਏ,

ਕਿਸ ਤਰ੍ਹਾਂ ਉਹ ਸਾਨੂੰ ਨਾਮ ਰੂਪੀ ਲਾਲ ਹੱਥ ਆ ਸਕਦਾ ਹੈ? ਧਿਆਨ ਨਾਲ ਇਸ ਦੀ ਵਿਚਾਰ ਸਰਵਣ ਕਰੋ।

ਜੀਵ ਭਾਵ ਇਸ ਦਾ ਕੂੜਾ ਹੈ, ਇਹ ਸੱਚੀ ਰੂਹ ਨਹੀਂ ਹੈ ਪਰ ਇਹ ਸੱਚੀ ਰੂਹ ਦਾ ਪ੍ਰਤੀਬਿੰਬ ਹੈ, ਪਰਛਾਵਾਂ ਹੈ। ਸੱਚੀ ਰੂਹ ਆਤਮਾ ਹੈ, ਪਰਛਾਵੇਂ ਦਾ ਨਾਮ ਜੀਵ ਆਤਮਾ ਹੈ, ਜੀਵ ਆਤਮਾ ਦੇ ਰਹਿਣ ਵਾਲੇ ਘਰ ਦਾ ਨਾਮ ਸਰੀਰ ਹੈ, ਆਤਮਾ ਵਾਹਿਗੁਰੂ ਵਿਚ ਹੈ, ਵਾਹਿਗੁਰੂ ਆਤਮਾ ਵਿਚ ਹਨ, ਮੁਕਦੀ ਗੱਲ ਕਿ ਇਥੇ ਕੇਵਲ ਇਕ ਬ੍ਰਹਮ ਹੀ ਹੈ, ਏਕੰਕਾਰ ਹੀ ਹੈ ਜਿਸ ਦਾ ਇਹ ਸਾਰਾ ਪਸਾਰਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਏਕ ਜੋਤਿ ਏਕੋ ਮਨਿ ਵਸਿਆ*
*ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ॥*
*ਆਤਮ ਰਾਮੁ ਸਭ ਏਕੈ ਹੈ*
*ਪਸਰੇ ਸਭ ਚਰਨ ਤਲੇ ਸਿਰੁ ਦੀਜੈ॥*
*ਪੰਨਾ - 1325*

ਖੋਜ ਕਰਨ ਲਈ ਸਭ ਤੋਂ ਪਹਿਲਾਂ ਮੁਰਸ਼ਦੇ-ਏ-ਕਾਮਲ ਦੀ ਸ਼ਰਨ ਵਿਚ ਜਾਣ ਦੀ ਲੋੜ ਹੈ। ਉਸ ਤੋਂ ਨਾਮ ਮੰਤਰ ਰੂਪੀ ਲਾਲ ਦੀ ਪ੍ਰਾਪਤੀ ਵਾਸਤੇ ਤਨ, ਮਨ, ਧਨ ਅਰਪਣ ਕਰਨਾ ਪੈਂਦਾ ਹੈ, ਗੁਰੂ ਤੋਂ ਮੰਤਰ ਪ੍ਰਾਪਤ ਹੋਣ ਤੇ ਉਸ ਦੀ ਸਾਧਨਾ ਕਰਨੀ ਪੈਂਦੀ ਹੈ, ਪਹਿਲਾਂ-ਪਹਿਲਾਂ ਬਾਣੀ ਦਾ ਪਾਠ ਕਰਕੇ ਉਸ ਦਾ ਭਾਵ ਮਨ ਵਿਚ ਵਸਾਉਣਾ ਪੈਂਦਾ ਹੈ। ਬਾਣੀ ਪੜ੍ਹਨ ਲੱਗਿਆਂ ਕਈਆਂ ਦਾ ਮਨ ਨਹੀਂ ਟਿਕਿਆ ਕਰਦਾ, ਉਸ ਦੀ ਜੁਗਤੀ ਇਹ ਹੁੰਦੀ ਹੈ ਕਿ ਅੱਖਰਾਂ ਨੂੰ ਲੱਗੀਆਂ ਹੋਈਆਂ ਲਗਾਂ ਮਾਤਰਾਂ ਦੇਖ ਕੇ ਪੜ੍ਹਦਾ ਜਾਵੇ, ਜਦੋਂ ਇਹ ਪਰਪੱਕ ਹੋ ਜਾਵੇ ਫੇਰ ਅਰਥ ਸਮਝਣ ਦਾ ਯਤਨ ਕਰਦਾ ਹੋਇਆ ਪੜ੍ਹੇ, ਇਸ ਤਰ੍ਹਾਂ ਕਰਨ ਨਾਲ ਬਾਣੀ ਦੇ ਅਰਥ, ਸਰੀਰ ਵਿਚ, ਬੁੱਧੀ ਵਿਚ, ਅੰਤਸ਼ਕਰਣ ਵਿਚ ਆਪਣੀ ਥਾਂ ਬਣਾ ਲੈਣਗੇ ਅਤੇ ਬਾਣੀ ਪਿਆਰੀ ਲਗਣ ਲਗ ਜਾਵੇਗੀ।

ਤੀਸਰੀ ਅਵਸਥਾ ਬਾਣੀ ਦੇ ਭਾਵ ਵਿਚ ਲੀਨ ਹੋ ਕੇ ਬਾਣੀ ਨੂੰ ਪੜ੍ਹੇ ਅਤੇ ਜਦੋਂ ਆਦਮੀ ਲੀਨ ਹੁੰਦਾ ਹੈ ਕਿਸੇ ਗੱਲ ਵਿਚ ਵੀ ਭਾਵੇਂ ਲੀਨ ਹੋਵੇ, ਉਸ ਦਾ ਮਨ ਪੂਰੀ ਤਰ੍ਹਾਂ ਆਪਣੇ ਵਿਸ਼ੇ ਵਿਚ ਰਚਿਆ ਹੁੰਦਾ ਹੈ, ਉਹ ਇਧਰ ਉਧਰ ਨਹੀਂ ਦੌੜਦਾ। ਜਿਹੋ ਜਿਹਾ ਉਹ ਪੜ੍ਹ ਰਿਹਾ ਹੈ ਉਹੋ ਜਿਹਾ ਅਸਰ ਉਸਦੇ ਅੰਦਰ ਸੁਭਾਵਿਕ ਹੀ ਹੁੰਦਾ ਜਾਂਦਾ ਹੈ ਕਿਉਂਕਿ ਇਹ ਬਾਣੀ ਧੁਰ ਤੋਂ ਆਈ ਹੋਈ ਹੈ ਅਤੇ ਇਹ ਮਿੱਠੀ ਹੈ, ਅਤਿ ਮਿੱਠੀ ਹੈ। ਸੋ ਇਹ ਪਿਆਰੀ ਲਗਦੀ ਹੈ। ਇਹ ਪਹਿਲੀ ਸਟੇਜ ਹੋਇਆ ਕਰਦੀ ਹੈ ਜੋ ਹਰ ਸਾਧਕ ਨੂੰ ਕਰਨੀ ਜ਼ਰੂਰੀ ਹੈ।

ਦੂਸਰੀ ਪਉੜੀ ਉਪਰ ਪੈਰ ਰਖਣ ਲਈ ਬਾਣੀ ਤੋਂ ਸੋਝੀ ਪ੍ਰਾਪਤ ਕਰਕੇ ਨਾਮ ਜਪਣ ਦੀ ਤਿਆਰੀ ਕਰਨੀ ਪੈਂਦੀ ਹੈ। ਗੁਰੂ ਨੇ ਮੰਤਰ ਤਾਂ ਦੇ ਦਿਤਾ ਅਤੇ ਪੂਰੇ ਮੁਰਸ਼ਦ ਨੇ ਗੁਰਮੰਤਰ ਰਾਹੀਂ ਪ੍ਰਭੂ ਦਾ ਸਰੂਪ ਵੀ ਦਸ ਦਿਤਾ। ਇਸ ਸਰੂਪ ਨੂੰ ਹਿਰਦੇ 'ਚ ਵਸਾਉਣ ਲਈ ਇਸ ਮੂਲਮੰਤ੍ਰ ਦਾ ਘੱਟ ਤੋਂ ਘੱਟ ਢਾਈ ਘੰਟੇ ਸਮਾਂ ਦੇਣਾ ਜ਼ਰੂਰੀ ਹੈ। ਮੂਲਮੰਤ੍ਰ ਪੜ੍ਹਦਿਆਂ ਸਾਡੇ ਮਨ ਵਿਚ ਵਾਹਿਗੁਰੂ ਜੀ ਦਾ ਪਿਆਰ ਉਪਜੇਗਾ ਅਤੇ ਨਾਮ ਜਪਣ ਦੀ ਰੁਚੀ ਵੀ ਪੈਦਾ ਹੋਵੇਗੀ। ਜਦੋਂ ਚਲਦਿਆਂ ਫਿਰਦਿਆਂ ਮੂਲਮੰਤਰ ਆਪ ਮੁਹਾਰੇ ਰਸਨਾ ਨਾਲ ਜਾਂ ਚੁੱਪ ਕਰਕੇ ਪੜ੍ਹਨ ਦਾ ਸੁਭਾਅ ਪੱਕ ਜਾਵੇ ਫੇਰ ਉਸ ਕੰਮ ਲਈ ਆਪਣੇ ਆਪ ਨੂੰ ਤਿਆਰ ਕਰੇ, ਜਿਸ ਦੀ ਪ੍ਰੇਰਨਾ ਗੁਰਬਾਣੀ ਬਾਰ-ਬਾਰ ਦਿੰਦੀ ਹੈ ਜਿਸ ਤਰ੍ਹਾਂ ਕਿ ਫੁਰਮਾਨ ਹੈ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥*
*ਕਲਿ ਕਲੇਸ ਤਨ ਮਾਹਿ ਮਿਟਾਵਉ॥*
*ਪੰਨਾ - 262*

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥*
*ਪ੍ਰਭੂ ਕੈ ਸਿਮਰਨਿ ਭਉ ਨ ਬਿਆਪੈ॥*
*ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ॥*
*ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ॥*
*ਸਰਬ ਨਿਧਾਨ ਨਾਨਕ ਹਰਿ ਰੰਗਿ॥*
*ਪੰਨਾ - 262*

ਇਸ ਉਪਰੋਕਤ ਸ਼ਬਦ ਵਿਚ ਗੁਰੂ ਮਹਾਰਾਜ ਜੀ ਬਾਰ-ਬਾਰ ਪ੍ਰੇਰਨਾ ਕਰਦੇ ਹਨ ਕਿ ਪਿਆਰਿਆ! ਤੂੰ ਪ੍ਰਭੂ ਦੀ ਯਾਦ ਹਿਰਦੇ ਵਿਚ ਵਸਾ। ਜੇ ਤਾਂ ਉਨ੍ਹਾਂ ਦੀ ਯਾਦ ਹਿਰਦੇ ਵਿਚ ਬੈਠ ਗਈ ਫੇਰ ਸੁਖਮਨੀ ਸਾਹਿਬ ਵਿਚ ਬਹੁਤ ਵਿਸਥਾਰ ਨਾਲ ਲਿਖੇ ਫਲ ਪ੍ਰਾਪਤ ਹੋਣੇ ਅਵਸ਼ਕ ਹਨ। ਹਿਰਦੇ 'ਚ ਵਸਾਉਣ ਲਈ ਸਾਨੂੰ ਵਾਹਿਗੁਰੂ ਮੰਤਰ ਦਾ ਸਭ ਤੋਂ ਪਹਿਲਾਂ ਢਾਈ ਘੰਟੇ ਬੈਠ ਕੇ ਰਸਨਾ ਦੇ ਨਾਲ, ਮਾਲਾ ਦੀ ਮਦਦ ਨਾਲ ਜਾਪ ਕਰਨਾ ਜ਼ਰੂਰੀ ਹੈ। ਉਹਦੇ ਬਾਰੇ ਸਹੀ ਆਸਣ ਲਾਉਣਾ ਜ਼ਰੂਰੀ ਹੁੰਦਾ ਹੈ, ਸੋਹਣਾ ਥਾਂ ਦੇਖ ਕੇ ਜਿਥੇ ਲੱਤਾਂ ਨਾ ਥੱਕਣ ਅਤੇ ਕੋਈ ਵਿਘਨ ਨਾ ਪੈਂਦਾ ਹੋਵੇ ਅਤੇ ਆਵਾਜਾਈ ਨਾ ਹੋਵੇ, ਘਰ ਵਿਚ ਹੀ ਜਾਂ ਕਿਤੇ ਇਕਾਂਤ ਥਾਂ ਤੇ ਜਿਥੇ ਸੁਵਿਧਾ ਹੋਵੇ, ਤਾਜ਼ੀ ਹਵਾ ਲੋੜ ਅਨੁਸਾਰ ਲਗਦੀ ਹੋਵੇ, ਉਥੇ ਆਸਣ ਵਿਛਾ ਕੇ ਚੌਂਕੜਾ ਮਾਰ ਕੇ ਬੈਠੇ, ਰੀੜ੍ਹ ਦੀ ਹੱਡੀ ਨੂੰ 90 ਦਰਜੇ ਤੇ ਸਿੱਧੀ ਰੱਖੇ, ਸਿਰ, ਗਰਦਨ, ਰੀੜ੍ਹ ਦੀ ਹੱਡੀ, ਹੇਠਾਂ ਤੱਕ ਇਕੋ ਲਾਈਨ ਵਿਚ ਹੋਣ। ਫੇਰ ਸਭ ਤੋਂ ਪਹਿਲਾਂ ਸਿਰ ਨੂੰ ਢਿੱਲਾ ਛੱਡੇ, ਖਿਚਾਵਟ (**Tension**) ਕੋਈ ਵੀ ਅੰਦਰ ਨਾ ਰਹਿਣ ਦੇਣੀ, ਕੰਨ, ਨੱਕ, ਅੱਖਾਂ, ਗਲ੍ਹਾਂ, ਮੋਢੇ, ਛਾਤੀ, ਪੇਟ ਦਾ ਖਿਚਾਓ, ਪੱਟ, ਪਿੰਜਣੀਆਂ, ਅਖੀਰ ਪੈਰ ਅਤੇ ਉਸ ਦੀਆਂ ਉਂਗਲੀਆਂ ਢਿੱਲੀਆਂ ਕਰੋ, ਮੋਢੇ ਢਿੱਲੇ ਕਰਕੇ ਬਾਹਵਾਂ ਢਿੱਲੀਆਂ ਕਰਕੇ, ਬਾਹਵਾਂ ਨੂੰ ਸਹਿਜ ਨਾਲ ਗੋਡਿਆਂ ਉਪਰ ਰੱਖ

ਲਵੋ। ਹੱਥ ਗੋਡੇ ਉਪਰ ਟਿਕ ਜਾਣ, ਹਥੇਲੀਆਂ ਉਪਰਲੇ ਪਾਸੇ ਨੂੰ ਰਹਿਣ, ਅੰਗੂਠੇ ਅਤੇ ਨਾਲ ਲਗਦੀ ਉਂਗਲ ਦੇ ਉਪਰਲੇ ਫੁੱਲ ਆਪਸ ਵਿਚ ਛੋਂਹਦੇ ਹੋਣ। ਇਸ ਤਰ੍ਹਾਂ ਬੈਠ ਕੇ ਜੋ ਜੁਗਤੀ ਮਹਾਂਪੁਰਸ਼ਾਂ ਪਾਸੋਂ ਪ੍ਰਾਪਤ ਹੋਈ ਹੈ ਉਸ ਦੇ ਮੁਤਾਬਿਕ ਮੰਤਰ ਦਾ ਜਾਪ ਸ਼ੁਰੂ ਕਰੋ। ਰਸਨਾ ਨਾਲ ਐਨਾ ਨਾਮ ਜਪੋ ਕਿ ਰਸਨਾ ਨੂੰ ਤੁਰਦੇ ਫਿਰਦੇ, ਕੋਈ ਵੀ ਕੰਮ ਕਰਦੇ ਸਮੇਂ ਸੁਭਾਅ ਪੈ ਜਾਵੇ ਕਿ ਉਸ ਮੰਤਰ ਦਾ ਜਾਪ ਕਰਦੇ ਆਪ ਮੁਹਾਰੇ ਬੁਲ੍ਹ ਹਿਲਦੇ ਰਹਿਣ, ਜਦੋਂ ਇਹ ਪੂਰੀ ਤਰ੍ਹਾਂ ਪੱਕ ਜਾਵੇ ਤਾਂ ਦੂਸਰੀ ਜੁਗਤੀ ਉਪਰ ਅਮਲ ਕਰੇ। ਇਸ ਗੱਲ ਵਿਚ ਕਾਹਲੀ ਨਾ ਕਰੇ ਕਿਉਂਕਿ ਅੰਦਰ ਖੋਜ ਕਰਨੀ ਹੈ, ਇਹ ਬਹੁਤ ਸਹਿਜੇ-ਸਹਿਜੇ ਚਲ ਕੇ ਹੁੰਦਾ ਹੈ, ਅਸਾਡਾ ਵਾਤਾਵਰਣ, ਸਾਡੇ ਲਗਾਓ, ਸਾਡੀਆਂ ਵਾਸ਼ਨਾਵਾਂ, ਸਾਡੀਆਂ ਮਜ਼ਬੂਰੀਆਂ, ਸਾਡਾ ਵਰਤ ਵਿਹਾਰ ਇਸ ਨਾਮ ਜਾਪ ਕ੍ਰਿਆ ਵਿਚ ਬਹੁਤ ਹੀ ਵਿਘਨ ਪਾਇਆ ਕਰਦਾ ਹੈ। ਕਈ ਵਾਰੀ ਨਾਮ ਦੇ ਪ੍ਰੋਗਰਾਮ ਨੂੰ ਤੋੜ ਫੋੜ ਦਿੰਦਾ ਹੈ, ਨਾਮ ਜਪਿਆਂ ਵੀ ਜਪ ਨਹੀਂ ਹੁੰਦਾ। ਸੋ ਫੇਰ ਸਾਵਧਾਨੀ ਨਾਲ ਬੈਠੋ, ਇਕ ਗੱਲ ਦਾ ਧਿਆਨ ਰੱਖੋ ਕਿ ਜੇ ਗਰਦਨ ਸੱਜੇ ਪਾਸੇ ਝੁਕੇਗੀ ਤਾਂ ਅਜੀਬ ਕਿਸਮ ਦੇ ਫੁਰਨੇ ਆਉਣੇ ਸ਼ੁਰੂ ਹੋ ਜਾਣਗੇ, ਜੇ ਖੱਬੇ ਪਾਸੇ ਨੂੰ ਝੁਕ ਜਾਵੇ ਤਾਂ ਹੋਰ ਤਰ੍ਹਾਂ ਦੇ ਫੁਰਨੇ ਆਉਣਗੇ, ਜੇ ਹੇਠਾਂ ਨੂੰ ਝੁਕ ਗਿਆ ਤਾਂ ਬਹੁਤ ਹੀ ਵਿਉਂਤਾਂ ਇਸ ਵਿਚ ਚਲ ਪੈਂਦੀਆਂ ਹਨ, ਜੇ ਇਹ ਪੂਰੀ ਸਾਵਧਾਨੀ ਨਾਲ ਸਿੱਧਾ ਬੈਠੇ ਫੇਰ ਇਸ ਨੂੰ ਕੋਈ ਖਿਆਲ ਨਹੀਂ ਆਉਂਦਾ, ਨਾਮ ਸੁਣਨ ਲਗ ਜਾਂਦਾ ਹੈ, ਦੂਸਰੀ ਅਵਸਥਾ ਦਾ ਅਧਿਕਾਰੀ ਬਣ ਜਾਂਦਾ ਹੈ। ਦੂਸਰੀ ਅਵਸਥਾ ਨੂੰ ਸੁਆਸ ਦਾ ਨਾਮ ਆਖਿਆ ਜਾਂਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

**ਸਾਸਿ ਸਾਸਿ ਸਿਮਰਹੁ ਗੋਬਿੰਦ॥**
**ਮਨ ਅੰਤਰ ਕੀ ਉਤਰੈ ਚਿੰਦ॥**
**ਪੰਨਾ - 295**

ਇਸ ਦੀ ਜੁਗਤੀ ਬਿਲਕੁਲ ਇਸੇ ਤਰ੍ਹਾਂ ਨਾਲ ਹੈ ਜਿਵੇਂ ਪਹਿਲਾਂ ਦਸਿਆ ਗਿਆ ਹੈ, ਸਿੱਧੇ ਬੈਠੋ, ਪੂਰੇ ਤਿੰਨ ਮਿੰਟ ਨਾਸਕਾ ਦੇ ਅਗਰ ਭਾਗ ਉਤੇ ਅੰਤਰਮੁਖ ਹੋ ਕੇ ਧਿਆਨ ਰੱਖੋ, ਤੁਸੀਂ ਦੇਖੋਂਗੇ ਕਿ ਸੁਆਸ ਅੰਦਰ ਨੂੰ ਜਾ ਰਿਹਾ ਹੈ, ਬਾਹਰ ਨੂੰ ਜਾ ਰਿਹਾ ਹੈ, ਤਿੰਨ ਮਿੰਟ ਦੇ ਅੰਦਰ ਤੁਹਾਨੂੰ ਪੰਦਰਾਂ ਕੁ ਸੁਆਸ ਆਉਣਗੇ। ਜੋ ਆਮ ਹਾਲਤਾਂ ਵਿਚ 36 ਤਕ ਆਇਆ ਕਰਦੇ ਹਨ। ਇਹ ਇਸ ਕਰਕੇ ਘਟ ਗਏ ਕਿ ਬਿਰਤੀ ਇਕਾਗਰ ਹੋ ਕੇ ਸੁਆਸ ਬਹੁਤ ਧੀਮਾ ਹੋ ਗਿਆ, ਉਸ ਦੀ ਚਾਲ ਅੱਧੀ ਰਹਿ ਗਈ। ਸੋ ਜਦੋਂ ਪੂਰੀ ਤਰ੍ਹਾਂ ਸਮਝ ਪੈ ਜਾਵੇ, ਸਾਵਧਾਨ ਹੋ ਕੇ ਜਾਣ ਲਵੇ ਕਿ ਸੁਆਸ ਅੰਦਰ ਨੂੰ ਜਾ ਰਿਹਾ ਹੈ ਹੁਣ ਬਾਹਰ ਨੂੰ ਜਾ ਰਿਹਾ ਹੈ, ਹੁਣ ਅੰਦਰ ਨੂੰ ਜਾ ਰਿਹਾ ਹੈ। ਤਾਂ ਅੰਦਰ ਨੂੰ ਸੁਆਸ ਜਾਂਦੇ ਨਾਲ ਗੁਰੂ ਤੋਂ ਪ੍ਰਾਪਤ ਕੀਤਾ ਅੱਧਾ ਮੰਤਰ ਧਿਆਨ ਨਾਲ ਜਪੇ ਅਤੇ ਸੁਆਸ ਦੇ ਨਾਲ ਨਾਲ ਹੀ ਉਸ ਦੀ ਹੇਕ ਬਣਾ ਕੇ ਸੁਆਸ ਦੀ ਆਖਰੀ ਹੱਦ ਤੇ ਪਹੁੰਚੇ। ਜਦੋਂ ਉਥੋਂ ਵਾਪਸ ਮੁੜਨ ਲਗੇ ਤਾਂ ਬਾਕੀ ਦਾ ਅੱਧਾ ਮੰਤਰ ਜਪਦਾ ਹੋਇਆ ਸੁਆਸ ਨੂੰ ਸਹਿਜ ਨਾਲ ਹੀ ਬਾਹਰ ਛੱਡੇ। ਫੇਰ ਉਸੇ ਤਰ੍ਹਾਂ ਨਾਲ ਸੁਆਸ ਦੇ ਨਾਲ ਅੰਦਰ ਲਿਜਾਵੇ। ਜੋ ਪੰਜ ਪਿਆਰੇ ਮੰਤਰ ਦਿੰਦੇ ਹਨ ਉਹ ਸਭ ਨੂੰ ਪਤਾ ਹੀ ਹੈ। ਪੁਸਤਕਾਂ ਵਿਚ ਵੀ ਲਿਖਿਆ ਹੈ, ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ -

**ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈ ਖੋਈ॥**
**ਭਾਈ ਗੁਰਦਾਸ ਜੀ, ਵਾਰ - 13/2**

ਇਸ ਵਾਹਿਗੁਰੂ ਮੰਤਰ ਦਾ ਅੱਧਾ ਭਾਗ 'ਵਾਹਿ....' ਦੀ ਲੰਮੀ ਹੇਕ ਨਾਲ ਬਿਨਾਂ ਬੋਲਿਆਂ ਸੁਆਸ ਨਾਲ ਅੰਦਰ ਲੈ ਜਾਵੇ, ਇਸ ਦੀ ਹੇਕ ਟੁਟਣ ਨਾ ਦੇਵੇ, ਮੱਧਮ ਨਾ ਹੋਣ ਦੇਵੇ ਅਤੇ ਇਸ ਨੂੰ ਨਾਭੀ ਤਕ ਲੈ ਜਾਵੋ। ਕੋਸ਼ਿਸ਼ ਕਰੋ, ਹੌਲੀ-ਹੌਲੀ ਇਸ ਨੂੰ ਪੈਰਾਂ ਦੇ ਅੰਗੂਠਿਆਂ ਤਕ ਲੈ ਜਾਵੋ ਅਤੇ ਮਹਿਸੂਸ ਕਰੋ ਕਿ ਮੇਰੇ ਸਾਰੇ ਸਰੀਰ ਵਿਚ ਇਹ ਨਾਮ ਦੀ ਧੁਨ ਗੂੰਜ ਰਹੀ ਹੈ ਅਤੇ ਫਿਰ 'ਗੁਰੂ' ਸਹਿਜ ਨਾਲ ਹੀ ਹੌਲੀ-ਹੌਲੀ ਜਿਥੋਂ ਤਕ ਸੁਆਸ ਜਾਂਦਾ ਹੈ ਉਥੋਂ ਤਕ ਲੈ ਜਾਵੇ। ਜਦੋਂ ਸੁਆਸ ਮੋੜਾ ਖਾਂਦਾ ਹੈ ਉਥੋਂ ਫੇਰ 'ਵਾਹਿ' ਅੰਦਰ ਨੂੰ ਲੈ ਕੇ ਅਤੇ 'ਗੁਰੂ' ਬਾਹਰ ਨੂੰ ਕੱਢੇ। ਪਹਿਲਾਂ ਪਹਿਲਾਂ ਇਸ ਜੁਗਤੀ ਨੂੰ ਸਿੱਧ ਕਰਨ ਲਈ ਮਨ ਬਹੁਤ ਫੁਰਨੇ ਕਰੇਗਾ। ਸੁਰਤ ਨੂੰ ਬਾਹਰ ਲੈ ਜਾਵੇਗਾ। ਕਿਸੇ ਹੋਰ ਗੱਲ ਵਿਚ ਪਰਚਾ ਦੇਵੇਗਾ ਪਰ ਜੋ ਜਗਿਆਸੂ ਪੂਰਨ ਸਾਵਧਾਨ ਹੈ ਉਹ ਸੁਰਤ ਨੂੰ ਸ਼ਬਦ ਦੀ ਧੁਨ ਨਾਲ ਬੰਨ੍ਹ ਕੇ ਰਖੇਗਾ। ਇਸ ਤਰ੍ਹਾਂ ਜਪਦਿਆਂ-ਜਪਦਿਆਂ ਸ਼ਬਦ ਵਿਚ ਜੋ ਐਨਰਜੀ (ਸ਼ਕਤੀ) ਹੈ, ਸੁਆਸ ਵਿਚ ਜੋ ਐਨਰਜੀ (ਸ਼ਕਤੀ) ਹੈ ਉਹ ਆਪਣੇ ਸਰੀਰ ਵਿਚ ਮਹਿਸੂਸ ਕਰਨ ਲਗ ਜਾਵੇਗਾ। ਉਸ ਐਨਰਜੀ ਵਿਚ ਰਸ ਆਵੇਗਾ ਅਤੇ ਸੁਰਤ ਜੁੜ ਜਾਵੇਗੀ। ਘੱਟ-ਘੱਟ ਪੂਰੇ ਢਾਈ ਘੰਟੇ ਸਾਵਧਾਨੀ ਨਾਲ ਆਸਣ ਤੇ ਬੈਠ ਕੇ ਬਿਨਾਂ ਬੋਲਿਆਂ ਹੀ ਇਸ ਦਾ ਜਾਪ ਚਲਦੇ ਰਹਿਣਾ ਚਾਹੀਦਾ ਹੈ।

ਸੋ ਜਿਹੜੀਆਂ ਪਹਿਲੀਆਂ ਅਵਸਥਾਵਾਂ ਹਨ ਉਹ ਵੀ ਬਾਰ-ਬਾਰ **repeat** ਕਰਦੇ ਜਾਵੋ, ਰਸਨਾ ਨਾਲ ਵੀ 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਜਪਦਾ ਜਾਵੇ, ਜੇ ਮਨ ਨਾਮ ਵਿਚ ਨਹੀਂ ਲਗਦਾ ਤਾਂ ਇਸੇ ਨਾਮ ਨੂੰ ਆਪਣਾ ਜਪਿਆ ਹੋਇਆ, ਆਪਣੀ ਹੀ ਅਵਾਜ਼, ਆਪਣੇ ਹੀ ਕੰਨਾਂ ਨਾਲ ਸੁਣੇ ਫੇਰ ਮਨ ਠਹਿਰਣ ਲਗ ਜਾਂਦਾ ਹੈ ਅਤੇ ਅਵਾਰਾ ਪਸ਼ੂ ਵਾਂਗੂੰ, ਨਚਦਾ ਨਹੀਂ। ਸੋ ਸ਼ਬਦ ਦੇ ਨਾਲ ਇਸ ਨੂੰ ਬੰਨ੍ਹ ਕੇ ਰੱਖੋ। ਇਸ ਨਾਮ ਨੂੰ ਚਲਾਉਣ ਲਈ ਬਹੁਤ ਹੀ ਵਿਸਥਾਰ ਨਾਲ ਮੈਂ ਪਿਛੇ ਸਮ ਤੇ ਦਮ ਦੀ ਵਿਆਖਿਆ ਕਰਦਿਆਂ ਸਾਰੀਆਂ ਰਹਿਤਾਂ ਦਸ ਆਇਆ ਹਾਂ, ਉਸ ਵਲ ਧਿਆਨ ਦੇਵੋ ਅਤੇ ਅੰਤਰੀਵ ਸਤਿਸੰਗ ਕਰਕੇ ਇਸ 'ਆਤਮ ਮਾਰਗ' ਦੀ ਸੂਝ ਪ੍ਰਾਪਤ ਕਰਨ ਲਈ

ਉਨ੍ਹਾਂ ਰਹਿਤਾਂ ਦੇ ਨਾਲ ਪੂਰੀ ਤਰ੍ਹਾਂ ਪਰਪੱਕ ਰਹੋ, ਜਿਸ ਨੂੰ ਆਪਾਂ ਪਹਿਲਾਂ ਸਮ ਤੇ ਦਮ ਕਹਿ ਕੇ ਆਏ ਹਾਂ। ਮਨ ਖਰਬਾਂ-ਖਰਬਾਂ ਸਾਲਾਂ ਤੋਂ ਦੌੜਿਆ ਫਿਰਦਾ ਹੈ, ਆਪਾਂ ਨੂੰ ਕੋਈ ਅਨੁਮਾਨ ਨਹੀਂ ਹੈ ਕਿ ਸ੍ਰਿਸ਼ਟੀ ਕਦੋਂ ਸਾਜੀ ਗਈ ਅਤੇ ਅਸਾਡਾ ਮਨ ਕਦੋਂ ਵਾਹਿਗੁਰੂ ਜੀ ਨਾਲੋਂ ਟੁੱਟ ਗਿਆ ਅਤੇ ਅੱਜ ਦੀ ਹਾਲਤ ਵਿਚ ਅਸੀਂ ਪੂਰੀ ਤਰ੍ਹਾਂ ਨਾਲ ਆਪਣੇ ਮਾਲਕ ਨੂੰ ਭੁੱਲ ਗਏ। ਵਾਹਿਗੁਰੂ ਮੰਤ੍ਰ ਦਾ ਕੀਰਤਨ ਵੀ ਕਰਨਾ ਬਹੁਤ ਮਦਦ ਦਿੰਦਾ ਹੈ ਕਿਉਂਕਿ ਕਲਜੁਗ ਵਿਚ ਇਕ ਨਾਮ ਦੀ ਧੁਨ ਪੈਦਾ ਹੁੰਦੀ ਹੈ ਉਸ ਧੁਨ ਨੂੰ ਮਨ ਵਿਚ ਵਸਾਉਣ ਦਾ ਯਤਨ ਕਰੋ -

*ਧਾਰਨਾ - ਵਾਹਿਗੁਰੂ-ਵਾਹਿਗੁਰੂ*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ*
*ਵਾਹਿਗੁਰੂ.......................।*

ਪਤਾ ਨਹੀਂ ਕਿਸ ਸਮੇਂ ਤੋਂ ਅਸੀਂ ਸ੍ਰਿਸ਼ਟੀ ਵਿਚ ਘੁੰਮਦੇ ਆ ਰਹੇ ਹਾਂ ਉਸ ਨੂੰ ਜੇ ਇਕ ਜਨਮ ਵਿਚ ਲਿਆ ਕੇ ਰੋਕਣ ਦਾ ਯਤਨ ਕਰੀਏ ਤਾਂ ਬਿਲਕੁਲ ਨਹੀਂ ਰੁਕਦਾ ਕਿਉਂਕਿ ਮਨ ਬਹੁਤ ਤਰਲ ਹੈ, ਮਨ ਬਹੁਤ ਧੋਖਾ ਦਿੰਦਾ ਹੈ, ਇਸ ਦਾ ਕੋਈ ਵੀ ਇਤਬਾਰ ਨਹੀਂ ਕੀਤਾ ਜਾ ਸਕਦਾ, ਇਹ ਪਤਾ ਨਹੀਂ ਲਗਦਾ ਕਿ ਕਿਹੜੇ ਵੇਲੇ ਭਲੇ ਚੰਗੇ ਆਦਮੀ ਨੂੰ ਭੁੱਲਾਂ ਵਿਚ ਪਾ ਦੇਵੇ, ਇਹ ਤਾਂ ਵਾਹਿਗੁਰੂ ਹੀ ਕ੍ਰਿਪਾ ਕਰਨ ਤਾਂ ਟਿਕ ਸਕਦਾ ਹੈ। ਨਹੀਂ ਤਾਂ ਦੇਖੀਦਾ ਹੈ ਕਿ ਸਤਿਸੰਗ ਸਾਰੇ ਹੀ ਕਰਦੇ ਹਨ, ਉਪਦੇਸ਼ ਵੀ ਸਾਰੇ ਹੀ ਸੁਣਦੇ ਹਨ, ਬਾਣੀ ਵੀ ਪੜ੍ਹਦੇ ਹਨ ਪਰ ਥੋੜ੍ਹੀ ਦੇਰ ਵਾਸਤੇ ਅੱਖਾਂ ਮੀਚ ਕੇ ਦੇਖੋ ਤਾਂ ਸਹੀ, ਮਨ ਟਿਕਦਾ ਹੈ ਜਾਂ ਨਹੀਂ। ਮਨ ਨਹੀਂ ਟਿਕਦਾ ਕਿਉਂਕਿ ਇਹ ਬਹੁਤ ਸ਼ਕਤੀਸ਼ਾਲ ਹੈ, ਇਸ ਨੇ ਬੁੱਧੀ ਨੂੰ ਵੀ ਆਪਣੇ ਅਧੀਨ ਕਰ ਲਿਆ ਹੈ, ਇਸ ਨੇ ਜੀਵ ਨੂੰ ਵੀ ਆਪਣੇ ਕਾਬੂ ਵਿਚ ਕਰ ਲਿਆ। ਮੈਗਜ਼ੀਨ ਆਤਮ ਮਾਰਗ ਵਿਚ ਵੀ ਮੈਂ 'ਮਨ ਮਵਾਸੀ' ਰਾਜੇ ਦਾ ਲੇਖ ਲਿਖਿਆ ਸੀ ਜਾਂ ਉਸ ਮਹੀਨੇ ਦਾ ਮੈਗਜ਼ੀਨ ਲੈ ਕੇ ਪੜ੍ਹ ਲਓ ਜਾਂ ਬਾਤ ਅਗੰਮ ਕੀ ਪੁਸਤਕ ਦੇ ਰੂਪ ਵਿਚ ਵੀ ਇਹ ਛਪਿਆ ਹੋਇਆ ਹੈ, ਉਹ ਲੈ ਸਕਦੇ ਹੋ।

ਮਹਾਂਪੁਰਸ਼ ਇਸ ਬਾਰੇ ਇਕ ਕਥਾ ਦਸਦੇ ਹਨ ਕਿ ਉਚ ਕੋਟੀ ਦੇ ਮਹਾਂਪੁਰਸ਼ ਬਸਤੀ ਵਿਚ ਰਿਹਾ ਕਰਦੇ ਸਨ। ਜਦੋਂ ਕਿਤੇ ਜਾਣਾ ਹੁੰਦਾ ਤਾਂ ਉਨ੍ਹਾਂ ਨੂੰ ਬਜ਼ਾਰ ਵਿਚੋਂ ਲੰਘ ਕੇ ਜਾਣਾ ਪੈਂਦਾ ਸੀ, ਰਸਤੇ ਵਿਚ ਇਕ ਵੇਸਵਾ ਦਾ ਘਰ ਆਇਆ ਕਰਦਾ ਸੀ। ਉਹ ਬਹੁਤ ਹੀ ਚੰਚਲ ਬਿਰਤੀ ਵਾਲੀ ਸੀ। ਜਦੋਂ ਮਹਾਂਪੁਰਸ਼ਾਂ ਨੇ ਲੰਘਣਾ, ਉਸ ਨੇ ਉਪਰੋਂ ਆ ਕੇ ਆਪਣਾ ਕੁੱਤਾ ਲੈ ਕੇ ਬਾਹਰ ਨਿਕਲਣਾ ਅਤੇ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰਨੀ। ਮਹਾਂਪੁਰਸ਼ਾਂ ਨੇ ਅਸ਼ੀਰਵਾਦ ਦੇਣੀ। ਹਮੇਸ਼ਾ ਮਹਾਂਪੁਰਸ਼ਾਂ ਨੂੰ ਉਸ ਨੇ ਇਕ ਗੱਲ ਪੁੱਛਣੀ ਕਿ ਮਹਾਤਮਾ ਜੀ! ਇਹ ਤਾਂ ਦੱਸੋ ਕਿ ਤੁਹਾਡਾ ਦਾਹੜਾ ਜ਼ਿਆਦਾ ਸਫੇਦ ਹੈ, ਜਾਂ ਮੇਰੇ ਕੁੱਤੇ ਦੀ ਪੂੰਛ; ਦੋਹਾਂ ਵਿਚੋਂ ਅੱਛਾ ਕਿਹੜਾ ਹੈ? ਤੁਸੀਂ ਨਿਰਣਾ ਕਰਕੇ ਦੱਸੋ? ਮਹਾਂਪੁਰਸ਼ ਬਹੁਤ ਗੰਭੀਰ ਸੁਭਾਅ ਦੇ ਸਨ, ਉਹ ਜਾਣਦੇ ਸਨ ਕਿ ਇਹ ਕੁਮੱਤ ਵਿਚ ਪਈ ਹੋਈ ਮਹਾਂਪੁਰਸ਼ਾਂ ਦੀ ਮਹਿਮਾ ਨੂੰ ਨਹੀਂ ਜਾਣਦੀ, ਉਨ੍ਹਾਂ ਨਾਲ ਵੀ ਮਸ਼ਕਰੀਆਂ ਕਰਦੀ ਹੈ। ਇਸ ਤਰ੍ਹਾਂ ਨਾਲ ਹਰ ਰੋਜ਼ ਹੀ ਜਦੋਂ ਮਹਾਂਪੁਰਸ਼ਾਂ ਨੇ ਲੰਘਣਾ, ਇਹੋ ਗੱਲ ਪੁਛਦੀ ਰਹਿੰਦੀ ਸੀ। ਬਹੁਤ ਸਮਾਂ ਲੰਘਣ ਪਿਛੋਂ ਮਹਾਂਪੁਰਸ਼ਾਂ ਨੇ ਆਪਣੇ ਸੇਵਕਾਂ ਨੂੰ ਕਿਹਾ ਕਿ ਅਸੀਂ ਸਰੀਰ ਛੱਡਣ ਵਾਲੇ ਹਾਂ, ਬਸ ਥੋੜ੍ਹਾ ਚਿਰ ਹੋਰ ਰਹਿੰਦਾ ਹੈ, ਉਹ ਵੇਸਵਾ ਨੂੰ ਬੁਲਾ ਕੇ ਲਿਆਓ। ਉਸ ਵੇਸਵਾ ਨੂੰ ਬੁਲਾਇਆ ਗਿਆ, ਉਹ ਕੁੱਤਾ ਲੈ ਕੇ ਮਹਾਂਪੁਰਸ਼ਾਂ ਦੇ ਸਾਮ੍ਹਣੇ ਆ ਗਈ। ਮਹਾਂਪੁਰਸ਼ਾਂ ਨੇ ਕਿਹਾ ਕਿ ਜੋ ਪ੍ਰਸ਼ਨ ਤੂੰ ਸਾਨੂੰ ਹਰ ਰੋਜ਼ ਮਿਲ ਕੇ ਅਸਾਡੇ ਉਪਰ ਕਰਦੀ ਸੀ, ਹੁਣ ਫੇਰ ਕਰ। ਉਸ ਨੇ ਪ੍ਰਸ਼ਨ ਕੀਤਾ ਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਬੇਟੀ! ਤੇਰੇ ਕੁੱਤੇ ਦੀ ਪੂੰਛ ਨਾਲੋਂ ਮੇਰਾ ਦਾਹੜਾ ਕਰੋੜਾਂ ਗੁਣਾਂ ਸੁੱਚਾ ਹੈ। ਉਸ ਵੇਲੇ ਉਸ ਵੇਸਵਾ ਨੇ ਕਿਹਾ ਕਿ ਮਹਾਂਪੁਰਸ਼ੋ! ਮੇਰੀ ਭੁੱਲ ਦੀ ਖਿਮਾ ਦੇਵੋ, ਮੈਂ ਤਾਂ ਆਪਣੇ ਚੰਚਲ ਸੁਭਾਅ ਕਰਕੇ ਆਪ ਨੂੰ ਇਹ ਗੱਲ ਕਹਿ ਦਿੰਦੀ ਸੀ ਪਰ ਮੈਂ ਇਹ ਪੁਛਦੀ ਹਾਂ ਕਿ ਇਹ ਗੱਲ ਤੁਸੀਂ ਪਹਿਲੇ ਦਿਨ ਹੀ ਕਿਉਂ ਨਾ ਕੀਤੀ। ਤਾਂ ਆਪ ਨੇ ਕਿਹਾ ਕਿ ਤੂੰ ਮੇਰੇ ਉਪਰ ਬਹੁਤ ਉਪਕਾਰ ਕੀਤਾ ਹੈ। ਜਦੋਂ ਤੂੰ ਮੇਰੇ ਤੇ ਇਹ ਸਵਾਲ ਕਰਦੀ ਸੀ ਤਾਂ ਮੈਂ ਸਾਵਧਾਨ ਹੋ ਜਾਂਦਾ ਸੀ ਕਿ ਮੇਰਾ ਮਨ ਧੋਖਾ ਨਾ ਦੇ ਜਾਵੇ। ਇਸ ਕਰਕੇ ਅੱਜ ਮੇਰਾ ਦਾਹੜਾ ਤੇਰੇ ਕੁੱਤੇ ਦੀ ਪੂੰਛ ਨਾਲੋਂ ਕ੍ਰੋੜਾਂ ਗੁਣਾਂ ਸੁਥਰਾ ਹੈ। ਉਸ ਵੇਸਵਾ ਨੇ ਕਿਹਾ ਕਿ ਬਾਬਾ ਜੀ! ਮੇਰੀ ਬੜੀ ਭੁੱਲ ਹੈ, ਮੈਨੂੰ ਖਿਮਾ ਕਰੋ।

ਸੋ ਇਸ ਤਰ੍ਹਾਂ ਨਾਲ ਮਨ ਦਾ ਕੋਈ ਇਤਬਾਰ ਨਹੀਂ ਹੋਇਆ ਕਰਦਾ, ਮਨ ਨੇ ਵੱਡਿਆਂ-ਵੱਡਿਆਂ ਰਿਸ਼ੀਆਂ ਮੁਨੀਆਂ ਨੂੰ ਆਪਣੇ ਹਿਸਾਬ ਮੁਤਾਬਿਕ ਹੀ ਧੋਖੇ ਦਿਤੇ ਹਨ।

ਜੈਮਨੀ ਰਿਸ਼ੀ ਨੇ ਨਿਆਏ ਸਾਸ਼ਤਰ ਦਾ ਖਰੜਾ ਤਿਆਰ ਕਰਕੇ ਵੇਦ ਵਿਆਸ ਜੀ ਨੂੰ ਦਿਖਾਇਆ, ਉਸ ਵਿਚ ਲਿਖਿਆ ਹੋਇਆ ਸੀ ਕਿ ਗਿਆਨ ਪ੍ਰਾਪਤ ਹੋਣ ਪਿਛੋਂ ਬੰਦਾ ਕਿਸੇ ਤਰ੍ਹਾਂ ਵੀ ਵਾਸ਼ਨਾ ਵਿਚ ਨਹੀਂ ਫਸ ਸਕਦਾ। ਵੇਦ ਵਿਆਸ ਜੀ ਨੇ ਕਿਹਾ ਕਿ ਬੇਟਾ! ਇਹ ਅਭਿਮਾਨ ਦੇ ਅੱਖਰ ਹਨ, ਨਿਰੰਕਾਰ ਜੀ ਬਹੁਤ ਸ਼ਕਤੀਸ਼ਾਲ ਹਨ, ਉਨ੍ਹਾਂ ਦਾ ਪੂਰਨ ਗਿਆਨ ਹੋਣਾ ਤਾਂ ਬਹੁਤ ਮੁਸ਼ਕਲ ਹੈ ਪਰ ਇਸ ਸਰੀਰ ਵਿਚ ਰਹਿੰਦਿਆਂ ਹੋਇਆਂ ਅਜਿਹੀ ਅਭਿਮਾਨ ਭਰੀ ਗੱਲ ਨਹੀਂ ਕਰਨੀ ਚਾਹੀਦੀ। ਜੈਮਨੀ ਰਿਸ਼ੀ ਨੇ ਹਠ ਕੀਤਾ।

ਇਕ ਦਿਨ ਵੇਦ ਵਿਆਸ ਜੀ ਨੇ ਆਪਣੇ ਯੋਗ ਬਲ ਨਾਲ ਮਾਇਆ ਵਰਤਾਅ ਦਿਤੀ। ਇਕ

ਇਸਤ੍ਰੀ ਜੰਗਲ ਵਿਚ ਇਕੱਲੀ ਹੀ ਰੋ ਰਹੀ ਹੈ, ਸੂਰਜ ਛੁਪ ਚੁਕਿਆ ਹੈ, ਜੰਗਲੀ ਜਾਨਵਰ ਬਾਹਰ ਆਪਣੀ ਖ਼ੁਰਾਕ ਦੀ ਤਲਾਸ਼ ਵਿਚ ਸ਼ਿਕਾਰ ਕਰਨ ਲਈ ਇਧਰ ਉਧਰ ਘੁੰਮ ਰਹੇ ਹਨ। ਉਸ ਵੇਲੇ ਉਹ ਔਰਤ ਜੈਮਨੀ ਦੇ ਆਸ਼ਰਮ ਦੇ ਨੇੜੇ ਆ ਗਈ। ਉਹ ਉਸ ਆਸ਼ਰਮ ਵਿਚ ਕਿਸੇ ਹੋਰ ਨੂੰ ਦਾਖਲ ਨਹੀਂ ਸੀ ਹੋਣ ਦਿੰਦੇ। ਚੇਲਿਆਂ ਨੂੰ ਵੀ ਬਹੁਤ ਥੋੜ੍ਹਾ ਹੀ ਰਖਦੇ ਸਨ, ਬਿਲਕੁਲ ਇਕਾਂਤ ਵਾਸ ਵਿਚ ਆਪ ਦਾ ਤਪ ਅਸਥਾਨ ਸੀ। ਉਸ ਬੀਬੀ ਦੇ ਵਿਰਲਾਪ ਨੇ ਉਨ੍ਹਾਂ ਦਾ ਮਨ ਅਸ਼ਾਂਤ ਕਰ ਦਿਤਾ ਅਤੇ ਆਪ ਨੇ ਸੋਚਿਆ ਕਿ ਇਸਦੀ ਮਦਦ ਕੀਤੀ ਜਾਵੇ ਅਤੇ ਕੋਲ ਜਾ ਕੇ ਕਿਹਾ ਕਿ ਐ ਅਬਲਾ! ਤੂੰ ਕਿਉਂ ਰੋ ਰਹੀ ਹੈਂ? ਉਸ ਨੇ ਕਿਹਾ ਕਿ ਮਹਾਤਮਾ ਜੀ! ਮੇਰਾ ਪਤੀ ਮੇਰੇ ਨਾਲ ਸੀ, ਇਨ੍ਹਾਂ ਜੰਗਲ ਵਾਸੀ ਲੋਕਾਂ ਨੇ ਉਸ ਨੂੰ ਮਾਰ ਦਿਤਾ ਹੈ, ਮੈਂ ਬਚ ਕੇ ਆ ਗਈ ਅਤੇ ਹੁਣ ਜੰਗਲ ਵਿਚ ਸ਼ੇਰ ਘੁੰਮ ਰਹੇ ਹਨ, ਤੁਸੀਂ ਮੇਰੀ ਰਖਸ਼ਾ ਕਰੋ। ਜੈਮਨੀ ਦੇ ਮਨ ਵਿਚ ਤਰਸ ਆਇਆ ਅਤੇ ਉਸ ਨੇ ਕਿਹਾ ਕਿ ਬੀਬੀ! ਇਥੇ ਕੇਵਲ ਇਕੋ ਇਕ ਹੀ ਕੁੱਟੀਆ ਹੈ ਜਿਸਦੀਆਂ ਕੰਧਾਂ ਬਣੀਆਂ ਹੋਈਆਂ ਹਨ, ਦਰਵਾਜ਼ਾ ਵੀ ਲੱਗਿਆ ਹੋਇਆ ਹੈ, ਦੂਸਰੀਆਂ ਤਾਂ ਸਰਕੜੇ ਦੀਆਂ ਹਨ ਅਤੇ ਦਰਵਾਜ਼ਾ ਵੀ ਫੂਸ ਦਾ ਲੱਗਿਆ ਹੈ। ਤੂੰ ਇਹਦੇ ਵਿਚ ਰੈਣ ਬਸੇਰਾ ਕਰ ਲੈ। ਇਥੇ ਆਲੇ-ਦੁਆਲੇ ਜੰਗਲੀ ਲੋਕ ਰਹਿੰਦੇ ਹਨ। ਉਨ੍ਹਾਂ ਨੂੰ ਤੂੰ ਦਰਵਾਜ਼ਾ ਨਾ ਖੋਲ੍ਹੀ, ਭਾਵੇਂ ਮੈਂ ਵੀ ਦਰਵਾਜ਼ਾ ਖੋਲ੍ਹਣ ਲਈ ਕਹਾਂ ਮੈਨੂੰ ਵੀ ਨਾ ਖੋਲ੍ਹੀਂ। ਉਹ ਇਸਤ੍ਰੀ ਅੰਦਰ ਚਲੀ ਗਈ। ਥੋੜ੍ਹੀ ਦੇਰ ਪਿਛੋਂ ਉਸ ਨੇ ਵੇਦਾਂ ਦੀਆਂ ਰਿਚਾਂ ਬਹੁਤ ਹੀ ਮਧੁਰ ਅਵਾਜ਼ਾਂ ਨਾਲ ਗਾਉਣੀਆਂ ਸ਼ੁਰੂ ਕਰ ਦਿਤੀਆਂ। ਅਵਾਜ਼ ਐਨੀ ਮਿੱਠੀ ਸੀ ਕਿ ਮਨ ਨੂੰ ਮੋਂਹਦੀ ਜਾ ਰਹੀ ਸੀ, ਜੈਮਨੀ ਨੂੰ ਅਵਾਜ਼ ਬਹੁਤ ਪਸੰਦ ਆਈ। ਮਨ ਵਿਚ ਕੁਝ ਬੁਰੇ ਵਿਚਾਰ ਜਾਗ ਪਏ, ਉਹ ਦਰਵਾਜ਼ਾ ਖੜਕਾਉਣ ਲਗ ਗਿਆ ਪਰ ਉਸ ਬੀਬੀ ਨੇ ਦਰਵਾਜ਼ਾ ਨਾ ਖੋਲ੍ਹਿਆ, ਇਸ ਨੇ ਛੱਤ ਪਾੜ ਕੇ ਮਘੋਰਾ ਕਰ ਲਿਆ ਅਤੇ ਕਾਹਲੀ ਵਿਚ ਉਸ ਦੇ ਵਿਚੋਂ ਲੰਘਣ ਲੱਗਿਆ ਤਾਂ ਉਸ ਦੇ ਦੋਵੇਂ ਮੋਢੇ, ਦੋਵੇਂ ਬਾਹਾਂ ਉਸ ਮਘੋਰੇ ਵਿਚ ਫਸ ਗਈਆਂ। ਉਹ ਸਾਰੀ ਰਾਤ ਉਥੇ ਹੀ ਤੋਰੀ ਵਾਂਗੂ ਲਟਕਦਾ ਰਿਹਾ।

ਸਵੇਰੇ ਵੇਦ ਵਿਆਸ ਜੀ ਨੇ ਆਪਣੀ ਸਾਰੀ ਮਾਇਆ ਸਮੇਟ ਲਈ ਅਤੇ ਬੀਬੀ ਦੀ ਥਾਂ ਆਪ ਬੈਠ ਗਏ ਅਤੇ ਪੁਛਿਆ ਕਿ ਬੇਟਾ ਜੈਮਨੀ! ਤੂੰ ਛੱਤ ਕਿਉਂ ਪਾੜੀ, ਇਸ ਤਰ੍ਹਾਂ ਕਿਉਂ ਲਟਕ ਰਿਹਾ ਹੈਂ? ਉਸ ਪਾਸ ਹੁਣ ਕੋਈ ਜਵਾਬ ਨਹੀਂ ਸੀ। ਉਹ ਬਹੁਤ ਸ਼ਰਮਿੰਦਾ ਹੋਇਆ। ਵਿਆਸ ਜੀ ਨੇ ਕਿਹਾ ਕਿ ਜਦੋਂ ਤਕ ਗੱਲਾਂ ਰਾਹੀਂ ਪ੍ਰਾਪਤ ਬ੍ਰਹਮਗਿਆਨੀ ਬਣ ਕੇ ਇਸ ਸਰੀਰ ਵਿਚ ਹੈ, ਉਸ ਨੂੰ ਕਦੇ ਵੀ ਅਭਿਮਾਨ 'ਚ ਆ ਕੇ ਕਹਿਣਾ ਨਹੀਂ ਚਾਹੀਦਾ ਕਿ ਮੈਂ ਮਨ ਨੂੰ ਜਿੱਤ ਲਿਆ ਹੈ। ਮਨ ਮਰ ਜ਼ਰੂਰ ਜਾਂਦਾ ਹੈ, ਅ-ਮਨ ਜ਼ਰੂਰ ਹੋ ਜਾਂਦਾ ਹੈ ਪਰ ਜਿਵੇਂ ਡੱਡੂ ਬਰਸਾਤ ਪਈ ਤੇ ਫੇਰ ਜਿਉਂਦਾ ਹੋ ਜਾਂਦਾ ਹੈ ਇਸੇ ਤਰ੍ਹਾਂ ਮਨ ਅਨੁਕੂਲ ਵਾਤਾਵਣ ਨੂੰ ਦੇਖ ਕੇ ਫੇਰ ਸਾਵਧਾਨ ਹੋ ਕੇ ਵਾਰ ਕਰ ਦਿੰਦਾ ਹੈ ਇਸ ਦੇ ਯੋਧੇ ਬਹੁਤ ਹੀ ਬਲਵਾਨ ਹਨ, ਉਨ੍ਹਾਂ ਅੱਗੇ ਠਹਿਰਣਾ ਬਹੁਤ ਮੁਸ਼ਕਲ ਹੈ।

ਸੋ ਮੈਂ ਬੇਨਤੀ ਕਰਦਾ ਸੀ ਕਿ ਬੰਦਗੀ ਕਰਨ ਦੇ ਨਾਲ ਜਦੋਂ ਮਨ ਟਿਕ ਜਾਵੇ ਤਾਂ ਅਭਿਮਾਨ ਨਹੀਂ ਕਰਨਾ ਚਾਹੀਦਾ, ਦੂਸਰੇ ਨੂੰ ਨਹੀਂ ਦਸਣਾ ਚਾਹੀਦਾ, ਆਪਣੀ ਉਪਮਾ ਆਪ ਨਹੀਂ ਕਰਨੀ ਚਾਹੀਦੀ, ਕਿਉਂਕਿ ਇਕ ਵਾਰੀ ਦੱਸੀਆਂ ਅਵਸਥਾਵਾਂ ਭੰਗ ਹੋ ਜਾਂਦੀਆਂ ਹਨ।

ਸੋ ਸ੍ਵਾਸ ਨਾਲ ਨਾਮ ਜਪਦਿਆਂ-ਜਪਦਿਆਂ ਤੀਸਰੀ ਅਵਸਥਾ ਪ੍ਰਾਪਤ ਹੁੰਦੀ ਹੈ ਕਿ ਜੋ ਨਾਮ ਦੀ ਧੁਨ ਅਸੀਂ ਸ੍ਵਾਸ ਦੀ ਮਦਦ ਨਾਲ ਬਣਾ ਰਹੇ ਸੀ ਉਹ ਹੁਣ ਸ੍ਵਾਸ ਨੂੰ ਛੱਡ ਗਈ। ਸੁਰਤੀ ਸਾਡੀ ਸ਼ਬਦ ਦੇ ਦੁਆਲੇ ਲਿਪਟ ਗਈ, ਹੁਣ ਅੰਦਰ ਆਪੇ ਹੀ ਧੁਨ ਚਲਦੀ ਹੈ ਅਤੇ ਬਹੁਤ ਗਹਿਰਾਈ ਤਕ ਪਹੁੰਚ ਕੇ ਇਹ ਧੁਨ ਅਤਿ ਰਸੀਲੀ ਹੋ ਜਾਂਦੀ ਹੈ। ਅਨਹਦ ਨਾਦ ਇਸ ਧੁਨ ਨਾਲ ਰਲ ਜਾਂਦੇ ਹਨ, ਉਨ੍ਹਾਂ ਦੀ ਮਦਦ ਨਾਲ ਇਹ ਨਾਮ ਧੁਨ ਅਤਿ ਪਿਆਰੀ ਲਗਦੀ ਹੈ ਅਤੇ ਸਰੀਰ ਦੇ ਕਣ-ਕਣ ਵਿਚ ਐਨਰਜੀ (ਸ਼ਕਤੀ) ਦਾ ਪ੍ਰਵੇਸ਼ ਕਰਾਉਂਦੀ ਹੈ। ਸਰੀਰ ਰਸ ਨਾਲ ਭਰ ਜਾਂਦਾ ਹੈ ਅਤੇ ਨਵਾਂ ਜੀਵਨ, ਨਵਾਂ ਖੇੜਾ, ਨਵੀਂ ਸੋਚ, ਨਵੇਂ ਸੰਸਕਾਰ, ਨਵੀਆਂ ਵਿਚਾਰਾਂ ਪੈਦਾ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਹ ਧੁਨ ਅਛੋਪਲੇ ਹੀ ਮੱਥੇ, ਨੱਕ ਅਤੇ ਅੱਖਾਂ ਦੇ ਵਿਚਕਾਰਲੇ ਥਾਂ ਉਪਰ ਪਹੁੰਚ ਕੇ ਗੂੰਜਦੀ ਹੈ। ਇਥੇ ਮਹਾਂਪੁਰਸ਼ ਦੋ ਤਰੀਕਿਆਂ ਨਾਲ ਜਗਿਆਸੂ ਨੂੰ ਅੱਗੇ ਚਲਾਉਂਦੇ ਹਨ। ਪਹਿਲਾ ਇਹ ਹੈ ਕਿ ਉਸ ਜਗਿਆਸੂ ਵਿਚ ਜੇ ਅਤਿ ਸੂਖਸ਼ਮਤਾ ਪੈਦਾ ਨਹੀਂ ਹੋਈ ਤਾਂ ਉਸ ਨੂੰ ਗੁਰੂ ਦੇ ਸਾਕਾਰ ਧਿਆਨ ਉਤੇ ਸੁਰਤ ਇਕਾਗਰ ਕਰਨ ਲਈ ਜੁਗਤੀ ਦੱਸੀ ਜਾਂਦੀ ਹੈ। ਥੋੜ੍ਹੀ ਮਿਹਨਤ ਕਰਨ ਨਾਲ ਗੁਰੂ ਪ੍ਰਕਾਸ਼ ਰੂਪ ਹੋ ਜਾਂਦਾ ਹੈ, ਨਾਮ ਦੀ ਧੁਨ ਚਲਦੀ ਰਹਿੰਦੀ ਹੈ, ਅਨਹਦ ਨਾਦ ਆਪਣੀ ਗੁੰਜ਼ਾਰ ਪਾਉਂਦੇ ਰਹਿੰਦੇ ਹਨ ਪਰ ਸੁਰਤ ਦਾ ਸਾਰਾ ਧਿਆਨ ਗੁਰ ਮੂਰਤ ਵਲ ਹੋਇਆ ਕਰਦਾ ਹੈ। ਜਦੋਂ ਬਹੁਤ ਇਕਾਗਰਤਾ ਵਧ ਜਾਵੇ ਤਾਂ ਇਹ ਗੁਰ ਮੂਰਤ ਨਿਰਾ ਹੀ ਪ੍ਰਕਾਸ਼ ਨਜ਼ਰੀ ਆਉਂਦਾ ਹੈ, ਮਨ ਪੂਰੀ ਤਰ੍ਹਾਂ ਨਾਲ ਗੁਰ ਧਿਆਨ ਵਿਚ ਲੀਨ ਰਹਿੰਦਾ ਹੈ। ਦੁਨੀਆਂ ਭੁੱਲ ਜਾਂਦੀ ਹੈ, ਸਮਾਂ ਭੁੱਲ ਜਾਂਦਾ ਹੈ ਅਤੇ ਇਹ ਵੀ ਭੁੱਲ ਜਾਂਦਾ ਹੈ ਕਿ ਮੈਂ ਧਿਆਨ ਧਰ ਰਿਹਾ ਹਾਂ। ਆਪਣਾ ਆਪ ਹੀ ਉਸ ਦੇ ਸਰੂਪ ਵਿਚ ਲੈਅ ਹੋ ਜਾਂਦਾ ਹੈ, ਪ੍ਰਤੱਖ ਰੂਪ ਵਿਚ ਦੇਖਦਾ ਹੈ ਕਿ ਮੇਰੇ ਕਣ-ਕਣ ਵਿਚ ਗੁਰੂ ਸਮਾਅ ਗਿਆ ਹੈ, ਆਪਣੇ ਸਰੂਪ ਨੂੰ ਵੀ ਗੁਰੂ ਸਰੂਪ ਵਰਗਾ ਹੀ ਦੇਖਦਾ ਹੈ। ਸੋ ਇਸ ਤਰ੍ਹਾਂ ਨਾਮ

ਜਪਦਿਆਂ ਇਕ ਨਵੇਂ ਜੀਵਨ ਦੀ ਰੌਂ ਰੁਮਕਦੀ ਹੈ, ਇਸ ਵਿਚ ਵਿਗਾਸ ਹੀ ਵਿਗਾਸ ਹੈ, ਅਨੰਦ ਹੀ ਅਨੰਦ ਹੈ। ਜੇ ਕਿਸੇ ਦਿਨ ਸੁਰਤੀ ਨਾ ਲੱਗੇ ਤਾਂ ਤੋੜ ਲਗ ਜਾਂਦੀ ਹੈ, ਜਿਵੇਂ ਅਮਲੀ ਨੂੰ ਅਮਲ ਦੀ ਤੋੜ ਲਗਦੀ ਹੈ, ਸਰੀਰ ਟੁਟਿਆ-ਟੁਟਿਆ ਲਗਦਾ ਹੈ। ਬਾਬਾ ਫਰੀਦ ਜੀ ਨੇ ਇਸ ਅਵਸਥਾ ਨੂੰ ਫੁਰਮਾਨ ਕਰਦਿਆਂ ਦਸਿਆ ਹੈ –

*ਧਾਰਨਾ– ਮੇਰਾ ਅੰਗ ਮੁੜੇ ਮੁੜ ਜਾਏ*
*ਜੀ, ਅੱਜ ਨਾ ਪਿਆਰ*
*ਕੰਤ ਦਾ ਮਾਣਿਆ।*

*ਅਜੁ ਨ ਸੁਤੀ ਕੰਤ ਸਿਉ*
*ਅੰਗੁ ਮੁੜੇ ਮੁੜਿ ਜਾਇ॥*
*ਜਾਇ ਪੁਛਹੁ ਡੋਹਾਗਣੀ*
*ਤੁਮ ਕਿਉ ਰੈਣਿ ਵਿਹਾਇ॥*

*ਪੰਨਾ – 1379*

ਇਸੇ ਅਵਸਥਾ ਨੂੰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਉਹੋ ਹੀ ਜਿਉਂਦਾ ਹੈ ਜਿਸ ਦੇ ਅੰਦਰ ਨਾਮ ਦੀ ਰੌਂ ਰੁਮਕ ਰਹੀ ਹੈ, ਦੂਸਰੇ ਜੋ ਜਿਉਂਦੇ ਨਜ਼ਰ ਆਉਂਦੇ ਹਨ ਉਹ ਤਾਂ ਅੰਨ ਪਾਣੀ ਦੇ ਬਲ ਕਰਕੇ ਸਰੀਰ ਵਿਚ ਖੂਨ ਚਲਦਾ ਹੈ, ਖੂਨ ਦਿਮਾਗ ਵਿਚ ਪਹੁੰਚਦਾ ਹੈ, ਉਸ ਥਾਂ ਉਪਰ **Electronic, Magnetic** (ਬਿਜਲਈ, ਚਮਕ ਪੱਥਰ) ਲਹਿਰਾਂ ਚਲਦੀਆਂ ਹਨ। ਉਹ ਜੀਵਨ ਅਸਲੀ ਜੀਵਨ ਨਹੀਂ ਹੈ, ਉਹ ਤਾਂ ਅੰਨ ਪਾਣੀ ਨਾਲ ਦੇਹ ਹੀ ਚਲਦੀ ਹੈ, ਇਕ ਮੁਰਦਾ ਜੀਵਨ ਹੈ, ਉਸ ਜੀਵਨ ਨੂੰ ਮਹਾਰਾਜ ਜੀ ਨੇ ਪ੍ਰਵਾਨ ਨਹੀਂ ਗਿਣਿਆ –

*ਅਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ॥*

*ਪੰਨਾ – 253*

ਸੋ ਬਿਰਤੀ ਲਗਾਉਣ ਲਈ ਮਹਾਂਪੁਰਸ਼ਾਂ ਕੋਲ ਅਨੇਕਾਂ ਜੁਗਤੀਆਂ ਹੁੰਦੀਆਂ ਹਨ ਉਹ ਦੱਸ ਦਿਆ ਕਰਦੇ ਹਨ ਕਿ ਪਿਆਰਿਆ! ਤੂੰ ਬਾਣੀ ਪੜ੍ਹ, ਬਾਣੀ ਅਰਥਾਂ ਸਮੇਤ ਪੜ੍ਹ, ਬੈਖਰੀ ਬਾਣੀ ਵਿਚ ਵਾਹਿਗੁਰੂ-ਵਾਹਿਗੁਰੂ ਕਰਦਿਆਂ, ਮੂਲਮੰਤ੍ਰ ਦਾ ਜਾਪ ਕਰਦਿਆਂ, ਮਾਲਾ ਦੀ ਮਦਦ ਨਾਲ ਆਪ ਹੀ ਬੋਲ, ਆਪ ਹੀ ਸੁਣਿਆ ਕਰ। ਫੇਰ ਹੌਲੀ-ਹੌਲੀ ਸੁਭਾਅ ਪੈ ਜਾਵੇਗਾ ਫੇਰ ਬੁੱਲ੍ਹ ਹਿਲਦੇ ਹਨ, ਜ਼ੁਬਾਨ ਹਿਲਦੀ ਹੈ ਪਰ ਉਚੀ ਨਹੀਂ ਬੋਲਦਾ।

ਦੂਸਰਾ ਮੋਨ ਜਾਪ ਹੋਇਆ ਕਰਦਾ ਹੈ। ਦਸ ਵਾਰੀ ਮਨ ਦਾ ਮੌਨ ਰੱਖ ਕੇ ਜਪਿਆ ਨਾਮ ਜਦੋਂ ਪਸੰਤੀ ਬਾਣੀ ਵਿਚ ਜਪਿਆ ਜਾਂਦਾ ਹੈ ਤਾਂ ਸੌ ਗੁਣਾਂ ਫਲ ਵਧ ਜਾਂਦਾ ਹੈ। ਜਦੋਂ ਬਿਰਤੀ ਅਤਿ ਗਹਿਰੀ ਧੁਨ ਵਿਚ ਚਲੀ ਜਾਂਦੀ ਹੈ ਤਾਂ ਹਜ਼ਾਰ ਗੁਣਾਂ ਫਲ ਵਧ ਜਾਂਦਾ ਹੈ, ਉਸ ਵੇਲੇ ਨਾਮ ਤੋਂ ਬਗੈਰ ਜਿਉਣਾ ਔਖਾ ਹੋ ਜਾਂਦਾ ਹੈ –

*ਧਾਰਨਾ– ਆਖਾ ਜੀਵਾ ਵਿਸਰੈ ਮਰ ਜਾਵਣਾ*

*ਆਖਾਂ ਜੀਵਾਂ ਵਿਸਰੈ ਮਰਿ ਜਾਉ॥*

*ਪੰਨਾ – 9*

ਇਸ ਅਵਸਥਾ ਨੂੰ ਲਿਵ ਆਖਦੇ ਹਨ, ਲਿਵ ਲਗਾਤਾਰ ਧੁਨ ਹੋਇਆ ਕਰਦੀ ਹੈ, ਜਦੋਂ ਇਸ ਲਿਵ ਤੇ ਧਿਆਨ ਟਿਕ ਜਾਵੇ ਫੇਰ ਆਪਣੇ ਆਪ ਨੂੰ ਪਛਾਣ –

*ਧੁਨ ਮਹਿ ਧਿਆਨੁ ਧਿਆਨ ਮਹਿ*
*ਜਾਨਿਆ ਗੁਰਮੁਖਿ ਅਕਥ ਕਹਾਨੀ॥*

*ਪੰਨਾ – 879*

ਇਹ ਧੁਨ ਜਦੋਂ ਬਰੀਕ ਹੋ ਕੇ ਨਾਭੀ ਵਿਚ ਨਿਵਾਸ ਕਰ ਲੈਂਦੀ ਹੈ ਤਾਂ ਹਜ਼ਾਰ ਗੁਣਾਂ ਫਲ ਵਧ ਜਾਂਦਾ ਹੈ, ਹਜ਼ਾਰ ਵਾਰੀ ਬੋਲ ਕੇ ਅਤੇ ਨਾਭੀ ਵਿਚ ਇਕ ਵਾਰੀ ਬੋਲਣਾ ਹਜ਼ਾਰ ਦੇ ਬਰਾਬਰ ਹੋਇਆ ਕਰਦਾ ਹੈ। ਐਸਾ ਸਾਰੇ ਅਨੁਭਵੀ ਮਹਾਂਪੁਰਸ਼ਾਂ ਦਾ ਮਤ ਹੁੰਦਾ ਹੈ ਕਿਉਂਕਿ ਇਹ ਅਨੁਭਵ, ਪ੍ਰਤੱਖ ਰੂਪ ਵਿਚ ਕਿਸੇ ਤਰ੍ਹਾਂ ਦਿਖਾਏ ਨਹੀਂ ਜਾਂਦੇ। ਜਿਸ ਨੂੰ ਦੇਖਣ ਦਾ ਸ਼ੌਕ ਹੈ ਉਹ ਪੂਰੀ ਇਮਾਨਦਾਰੀ ਨਾਲ ਨਾਮ ਜਪਣਾ ਸ਼ੁਰੂ ਕਰ ਦੇਵੇ। ਇਸੇ ਨਾਮ ਜਾਪ ਦੇ ਕੰਮ ਨੂੰ ਪਹਿਲੀ **category** (ਦਰਜੇ) ਵਿਚ ਰੱਖੇ। ਨਾਮ ਜਪਦੇ ਹੋਏ ਜਦੋਂ ਆਗਿਆ ਚੱਕਰ ਤੋਂ ਉਪਰ ਚੜ੍ਹਾਈ ਕਰਦਾ ਹੈ ਤਾਂ ਤ੍ਰਿਕੁਟੀ ਵਿਚੀਂ ਨਾਮ ਜਪਦਾ ਹੈ, ਫੇਰ ਧਿਆਤਾ, ਧਿਆਨ, ਧੇਅ ਇਕ ਹੋ ਜਾਂਦੇ ਹਨ। ਉਸ ਵੇਲੇ ਜਪਣ ਵਾਲਾ, ਜਪਣ ਵਾਲਾ ਮੰਤਰ ਅਤੇ ਜਿਸ ਨੂੰ ਧੇਅ ਬਣਾ ਕੇ ਜਪਿਆ ਜਾਂਦਾ ਹੈ ਉਹ ਇਕ ਹੀ ਹੋ ਜਾਇਆ ਕਰਦਾ ਹੈ। ਮਿਹਨਤ ਕਰਦਿਆਂ-ਕਰਦਿਆਂ ਦਸਵੇਂ ਦੁਆਰ ਵਿਚ ਨਾਮ ਧੁਨ ਪਹੁੰਚਾ ਦਿਆ ਕਰਦੀ ਹੈ। ਬੰਦਗੀ ਕਰਨ ਵਾਲੇ ਇਕ ਗੱਲ ਦਾ ਧਿਆਨ ਰੱਖਣ ਕਿ ਤ੍ਰਿਕੁਟੀ ਅਤੇ ਦਸਵੇਂ ਦੁਆਰ ਦੇ ਦੁਆਲੇ ਇਕ ਐਸਾ ਮੰਡਲ ਆਉਂਦਾ ਹੈ ਜਿਥੇ ਰਿੱਧੀਆਂ ਸਿੱਧੀਆਂ, ਅਨੇਕਾਂ ਸ਼ਕਤੀਆਂ ਨਿਵਾਸ ਕਰਦੀਆਂ ਹਨ। ਉਥੇ ਰਿਧੀਆਂ ਸਿੱਧੀਆਂ ਜਗਿਆਸੂ ਨੂੰ ਮੋਹ ਲਿਆ ਕਰਦੀਆਂ ਹਨ ਅਤੇ ਆਪਣੇ ਪਿਛੇ ਲਾ ਕੇ ਦੁਨੀਆਂ ਵਿਚ ਜੈ-ਜੈਕਾਰ ਕਰਾਉਂਦੀਆਂ ਹਨ, ਮਾਨਤਾ ਬਹੁਤ ਵਧ ਜਾਂਦੀ ਹੈ ਪਰ ਇਥੋਂ ਤਕ ਤਾਂ ਅਜੇ ਕੁਝ ਵੀ ਸਫਰ ਤਹਿ ਨਹੀਂ ਹੋਇਆ। ਅਸਲੀ ਸਫਰ ਤਾਂ ਇਸ ਤੋਂ ਪਿਛੋਂ ਸ਼ੁਰੂ ਹੁੰਦਾ ਹੈ ਜਦੋਂ ਇਸ ਨੇ ਆਤਮ ਰਾਮ ਦੀ ਪਹਿਚਾਣ ਕਰਨੀ ਹੈ। ਆਪਣੇ ਆਪੇ ਦਾ, ਆਪਣੇ ਵਿਅਕਤੀਤ੍ਵ ਦਾ ਅਭਾਵ ਕਰਕੇ ਇਕੋ ਇਕ ਦੇਖਦਾ ਹੈ ਆਪਣੇ ਅੰਦਰ ਵੀ, ਬਾਹਰ ਵੀ, ਸੰਸਾਰ ਵਿਚ ਵੀ। ਸੁਣੀਆਂ ਸੁਣਾਈਆਂ ਗੱਲਾਂ ਨਾਲ ਨਹੀਂ, ਪ੍ਰਤੱਖ ਰੂਪ ਵਿਚ ਇਥੇ ਅਨੁਭਵ ਕਰਨਾ ਪੈਂਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਆਤਮ ਰਸ ਜਿਹ ਜਾਨਹੀ ਸੋ ਹੈ*

ਖਾਲਸ ਦੇਵ॥
ਪ੍ਰਭ ਮਹਿ ਮੋ ਮਹਿ ਤਾਸ ਮੈ
ਰੰਚਕ ਨਾਹਨ ਭੇਵ॥
ਸਰਬ ਲੋਹ ਗ੍ਰੰਥ 'ਚੋਂ

ਉਹ ਆਤਮ ਰਾਮ ਪ੍ਰਮੇਸ਼ਰ ਜੋ ਸਭ ਦੇ ਅੰਦਰ ਰਮਿਆ ਹੋਇਆ ਹੈ, ਸਭ ਅੰਦਰ ਪਰੀਪੂਰਨ ਹੈ, ਉਹ ਲਾਲ ਖੋਜਦਿਆਂ ਮਿਲਣਾ ਸ਼ੁਰੂ ਹੋ ਜਾਂਦਾ ਹੈ ਜਿਵੇਂ ਆਪਾਂ ਪਹਿਲਾਂ ਪੜ੍ਹ ਆਏ ਹਾਂ –

ਖੋਜਤ ਖੋਜਤ ਲਾਲੁ ਇਕੁ ਪਾਇਆ
ਹਰਿ ਕੀਮਤਿ ਕਹਣੁ ਨ ਜਾਈ ਸੰਤਹੁ॥
ਪੰਨਾ – 879

ਜਿਸ ਨੂੰ ਲੱਭ ਗਿਆ ਉਸ ਦੀ ਮਹਿਮਾ ਕਹੀ ਨਹੀਂ ਜਾਂਦੀ, ਉਸ ਨੂੰ ਸੰਤ ਪਦ ਪ੍ਰਾਪਤ ਹੋ ਜਾਂਦਾ ਹੈ, ਸਾਧ ਪਦ ਮਿਲ ਜਾਂਦਾ ਹੈ। ਗੁਰੂ ਮਹਾਰਾਜ ਉਸ ਦੀ ਮਹਿਮਾ ਬਾਰੇ ਦਸਦੇ ਹਨ ਕਿ ਜਿਸ ਨੂੰ ਆਤਮ ਸਾਖਸ਼ਾਤ ਹੋ ਕੇ ਨਾਮ ਪ੍ਰਾਪਤ ਹੋ ਗਿਆ ਉਸ ਦੀ ਮਹਿਮਾ ਵੇਦ ਵੀ ਨਹੀਂ ਜਾਣਦੇ।

ਸਾਧ ਕੀ ਮਹਿਮਾ ਬੇਦ ਨ ਜਾਨਹਿ॥
ਜੇਤਾ ਸੁਨਹਿ ਤੇਤਾ ਬਖਿਆਨਹਿ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥
ਸਾਧ ਕੀ ਉਪਮਾ ਰਹੀ ਭਰਪੂਰਿ॥
ਸਾਧ ਕੀ ਸੋਭਾ ਕਾ ਨਾਹੀ ਅੰਤ॥
ਸਾਧ ਕੀ ਸੋਭਾ ਸਦਾ ਬੇਅੰਤ॥
ਸਾਧ ਕੀ ਸੋਭਾ ਊਚ ਤੇ ਊਚੀ॥
ਸਾਧ ਕੀ ਸੋਭਾ ਮੂਚ ਤੇ ਮੂਚੀ॥
ਸਾਧ ਕੀ ਸੋਭਾ ਸਾਧ ਬਨਿ ਆਈ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ॥
ਪੰਨਾ – 272

ਉਹ ਵਾਹਿਗੁਰੂ ਦਾ ਹੀ ਰੂਪ ਹੋ ਜਾਇਆ ਕਰਦਾ ਹੈ ਕਿਉਂਕਿ ਉਸ ਦਾ ਧਿਆਨ ਪ੍ਰਭੂ ਚਰਨਾਂ ਨਾਲ ਲੱਗਿਆ ਹੋਇਆ ਸੀ। ਉਹ ਆਪਾ ਭਾਵ ਦੂਰ ਹੋਣ ਤੇ ਪ੍ਰਭੂ ਦਾ ਰੂਪ ਹੀ ਹੋ ਗਿਆ।

ਹੁਣ ਸੱਚੇ ਦਰਸ਼ਨ ਵਿਚ ਸਮਾਈ ਹੋ ਗਈ, ਚਰਨਾਂ ਕਮਲਾਂ ਵਿਚ ਧਿਆਨ ਲੱਗ ਗਿਆ –

ਚਰਨ ਕਮਲ ਸਿਉ ਲਾਗੋ ਧਿਆਨਾ
ਸਾਚੈ ਦਰਸਿ ਸਮਾਈ ਸੰਤਹੁ॥
ਗੁਣ ਗਾਵਤ ਗਾਵਤ ਭਏ ਨਿਹਾਲਾ
ਹਰਿ ਸਿਮਰਤ ਤ੍ਰਿਪਤਿ ਅਘਾਈ ਸੰਤਹੁ॥
ਪੰਨਾ – 916

ਉਸ ਦੇ ਗੁਣ ਗਾਉਂਦੇ-ਗਾਉਂਦੇ ਨਿਹਾਲ ਹੋ ਜਾਂਦਾ ਹਾਂ। ਹੁਣ ਸਾਡੀ ਕੋਈ ਵਾਸ਼ਨਾ ਨਾ ਰਹੀ ਅਸੀਂ ਰੱਜ ਗਏ। ਮਾਇਆ ਪਿਛੇ ਲੱਗੀ ਫਿਰਦੀ ਹੈ–

ਆਦਿ ਜੁਗਾਦੀ ਹੈ ਭੀ ਹੋਸੀ
ਸਭ ਜੀਆ ਕਾ ਸੁਖਦਾਈ ਸੰਤਹੁ॥
ਪੰਨਾ – 916

ਉਹ ਲਾਲ ਲੱਭ ਗਿਆ ਜਿਸ ਨੂੰ ਵਾਹਿਗੁਰੂ ਕਹਿੰਦੇ ਹਨ। ਟੋਲ੍ਹਦੇ ਤਾਂ ਅਸੀਂ ਆਤਮਾ ਨੂੰ ਸੀ, ਆਤਮਾ ਨੂੰ ਟੋਲ੍ਹਦੇ-ਟੋਲ੍ਹਦੇ ਰੱਬ ਲੱਭ ਗਿਆ ਕਿਉਂਕਿ ਆਤਮਾ ਅਤੇ ਪ੍ਰਮੇਸ਼ਰ ਇਕੋ ਹੀ ਹਨ ਇਨ੍ਹਾਂ ਵਿਚ ਕੋਈ ਭੇਦ ਨਹੀਂ ਹੈ। ਅਸੀਂ ਇਨ੍ਹਾਂ ਗੱਲਾਂ ਨੂੰ ਹਰ ਰੋਜ਼ ਪੜ੍ਹਦੇ ਸੁਣਦੇ ਹਾਂ, ਪਰ ਕੀ ਮਜ਼ਾਲ ਕਿ ਸਾਡੇ ਉਪਰ ਇਹ ਅਸਰ ਕਰ ਜਾਣ, ਪਿਆਰ ਨਾਲ ਸਾਰੇ ਪੜ੍ਹੋ –

ਧਾਰਨਾ – ਤੂੰਹੀ ਤੂੰਹੀ ਮੋਹਿਨਾ

ਗੁਰਹਿ ਦਿਖਾਇਓ ਲੋਇਨਾ॥
ਈਤਹਿ ਊਤਹਿ ਘਟਿ ਘਟਿ
ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥
ਪੰਨਾ – 407

ਸੁਖਮਨੀ ਸਾਹਿਬ ਦੇ ਅੰਦਰ ਗੁਰੂ ਮਹਾਰਾਜ ਜੀ ਨੇ ਫੁਰਮਾਇਆ ਹੈ –

ਸੋ ਅੰਤਰਿ ਸੋ ਬਾਹਰਿ ਅਨੰਤ॥
ਪੰਨਾ – 293

ਜਿਹੜਾ ਸਾਨੂੰ ਮਿਲ ਗਿਆ, ਉਹ ਸਾਡੇ ਅੰਦਰ ਵੀ ਹੈ ਅਤੇ ਬਾਹਰ ਵੀ, ਸਾਰੇ ਪਰੀਪੂਰਨ ਹੈ, ਉਹ ਘੱਟ-ਘਟ ਵਿਚ ਵਿਆਪ ਰਿਹਾ ਹੈ –

ਘਟਿ ਘਟਿ ਬਿਆਪਿ ਰਹਿਆ ਭਗਵੰਤ॥
ਪੰਨਾ – 293

ਸਾਰਿਆਂ ਦੇ ਹਿਰਦੇ ਵਿਚ ਬੈਠਾ ਹੈ, ਜਿੰਨਾਂ ਵੀ ਦ੍ਰਿਸ਼ਟੀ ਆਉਂਦਾ ਹੈ, ਜਿੰਨਾਂ ਵੀ ਸੰਸਾਰ ਦਾ ਪਸਾਰਾ ਹੈ ਹਰੇਕ ਵਿਚ ਵਾਹਿਗੁਰੂ ਵਿਆਪਕ ਹੋ ਰਿਹਾ ਹੈ–

ਧਰਨਿ ਮਾਹਿ ਆਕਾਸ ਪਇਆਲ॥
ਸਰਬ ਲੋਕ ਪੂਰਨ ਪ੍ਰਤਿਪਾਲ॥
ਪੰਨਾ – 293

ਇਹ ਨਹੀਂ ਕਿ ਬੰਦਿਆਂ ਵਿਚ ਹੀ ਹੈ, ਧਰਤੀ, ਅਕਾਸ਼, ਪਾਤਾਲ ਵਿਚ ਵੀ ਹੈ, ਸਾਰਿਆਂ ਲੋਕਾਂ ਵਿਚ ਜਿਸ ਦੇ ਬਾਰੇ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ –

ਸਹਸ ਅਠਾਰਹ ਕਹਨਿ ਕਤੇਬਾ
ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ
ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ
ਆਪੇ ਜਾਣੈ ਆਪੁ॥ ਪੰਨਾ – 5

ਸੋ ਹਰ ਥਾਂ ਉਤੇ ਵਾਹਿਗੁਰੂ ਜੀ ਅੰਦਰ ਬਾਹਰ ਬ੍ਰਹਮ ਰੂਪ ਵਿਚ ਵਿਆਪ ਰਹੇ ਹਨ –

ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥
ਜੈਸੀ ਆਗਿਆ ਤੈਸਾ ਕਰਮੁ॥
ਪਉਣ ਪਾਣੀ ਬੈਸੰਤਰ ਮਾਹਿ॥
ਚਾਰਿ ਕੁੰਟ ਦਹਦਿਸੇ ਸਮਾਹਿ॥
ਪੰਨਾ – 294

ਵਣਾਂ, ਪਸ਼ੂਆਂ, ਪੱਥਰਾਂ ਦੇ ਅੰਦਰ ਵੀ ਹੈ, ਕੋਈ ਵੀ ਐਸੀ ਚੀਜ਼ ਨਹੀਂ ਜਿਥੇ ਵਾਹਿਗੁਰੂ ਜੀ ਨਾ ਵਸਦੇ ਹੋਣ, ਫੇਰ ਐਡਾ ਸਮਰੱਥ ਹੈ ਕਿ ਉਸ ਦਾ ਸੰਸਾਰ ਵਿਚ ਕਰਾਰਾ ਹੁਕਮ ਚਲ ਰਿਹਾ ਹੈ; ਕਿਸੇ ਵਿਚ ਤਾਕਤ ਨਹੀਂ ਕਿ ਉਸ ਦੇ ਹੁਕਮ ਤੋਂ ਬਾਹਰ ਚਲ ਸਕੇ –

*ਹੁਕਮੈ ਅੰਦਰਿ ਸਭੁ ਕੋ*
*ਬਾਹਰਿ ਹੁਕਮ ਨ ਕੋਇ॥*
*ਨਾਨਕ ਹੁਕਮੈ ਜੇ ਬੁਝੈ*
*ਤ ਹਉਮੈ ਕਹੈ ਨ ਕੋਇ॥*

*ਪੰਨਾ – 1*

ਸੋ ਉਸ ਦੀ ਆਗਿਆ ਦੇ ਵਿਚ ਸਾਰਾ ਸੰਸਾਰ ਨੱਥਿਆ ਹੋਇਆ ਹੈ, ਵੱਖਰੇ-ਵੱਖਰੇ ਸਰੀਰਾਂ ਦੇ ਅਨੇਕ ਜੀਵ ਜੰਤੂਆਂ, ਦੇਵਤਿਆਂ ਨੂੰ ਉਸ ਦਾ ਹੁਕਮ ਚਲਾਉਂਦਾ ਹੈ। ਸੋ ਇਹ ਜਿਹੜੇ ਗੁਰੂ ਦੇ ਸ਼ਬਦ ਹਨ, ਇਹ ਪ੍ਰਕਾਸ਼ ਕਰਨ ਵਾਲੇ ਚਾਨਣ ਮੁਨਾਰੇ ਹਨ ਅਤੇ ਅੰਦਰ ਵੀ ਪ੍ਰਕਾਸ਼ ਕਰਦੇ ਹਨ। ਜਦੋਂ ਅਸੀਂ ਅਭਿਆਸ ਕਰਦੇ ਹਾਂ ਤਾਂ ਦੇਹ ਹੰਗਤਾ ਪੂਰਨ ਰੂਪ ਵਿਚ ਟੁਟ ਜਾਂਦੀ ਹੈ। ਇਹ ਦੂਸਰਾ ਬੰਧਨ ਸੀ ਜਿਸਦੇ ਬਾਰੇ ਮੈਂ ਬੇਨਤੀ ਕੀਤੀ ਹੈ, ਜਿਸ ਨੂੰ ਜੀਵ ਭਾਵ ਕਹਿੰਦੇ ਹਨ ਉਹ ਟੁੱਟ ਜਾਂਦਾ ਹੈ, ਕਿਉਂਕਿ ਆਤਮ ਸਾਖਸ਼ਾਤਕਾਰ ਹੋ ਗਿਆ, ਜੀਵ ਜੋ ਪਰਛਾਵਾਂ ਸੀ ਉਸ ਦੀ ਕੋਈ ਮਹੱਤਤਾ ਨਹੀਂ ਰਹੀ, ਭਾਵ ਹੁਣ ਆਪਣੇ ਆਪ ਨੂੰ ਜੀਵ ਨਹੀਂ ਸਮਝਦਾ ਹੁਣ ਆਪਣੇ ਆਪ ਨੂੰ ਆਤਮ ਸਰੂਪ ਸਮਝ ਰਿਹਾ ਹੈ। ਆਤਮ ਸਰੂਪ ਸਮਝ ਵੱਖ ਇਕਾਈ ਅਨੁਭਵ ਕਰਨਾ ਪੂਰਨ ਗਿਆਨ ਨਹੀਂ ਹੈ, ਆਤਮਾਂ ਆਪਾ ਭਾਵ ਮੇਟ ਕੇ ਪਹਿਲੀ ਮਾਇਆ ਦੀ ਸੁਰਤ ਨੂੰ ਖਤਮ ਕਰਕੇ ਆਪਣੇ ਵਿਚ ਅਭੇਦ ਕਰਕੇ ਦ੍ਵੈਤ ਪੂਰਨ ਰੂਪ ਵਿਚ ਮਿਟਾ ਦਿੰਦੀ ਹੈ। ਪਹਿਲਾ ਬੰਧਨ ਅਵਿਦਿਆ ਦਾ ਸੀ ਉਸ ਉਪਰ ਬਹੁਤ ਵਿਸਥਾਰ ਨਾਲ ਵਿਚਾਰ ਕੀਤੀ ਗਈ ਹੈ। ਦੂਜਾ ਬੰਧਨ ਜੀਵ ਭਾਵ ਦਾ ਸੀ ਇਹ ਬੰਦਗੀ ਕਰਦਿਆਂ ਟੁੱਟ ਗਿਆ।

ਤੀਸਰਾ ਜੋ ਬੰਧਨ ਹੈ ਇਸ ਨੂੰ **'ਅਹੰਭਾਵ'** ਦਾ ਬੰਧਨ ਕਹਿੰਦੇ ਹਨ। ਇਹ ਹੁੰਦਾ ਹੈ ਕਿ ਮੇਰਾ ਨਾਸ਼ ਨਾ ਹੋਵੇ, ਜੇ ਮੈਂ ਰੱਬ ਦੇ ਦੁਆਰੇ ਪਹੁੰਚਾਂ ਤਾਂ ਵੀ ਮੈਂ ਪ੍ਰਭੂ ਵਿਚ ਅਭੇਦ ਨਾ ਹੋਵਾਂ। ਸੰਸਾਰ ਵਿਚ ਜੇ ਕੋਈ ਉਪਮਾ ਕਰੇ ਤਾਂ ਖੁਸ਼ ਹੁੰਦਾ ਹੈ, ਜੇ ਨਿੰਦਿਆ ਕਰੇ ਤਾਂ ਦੁਖੀ ਵੀ ਬਹੁਤ ਹੁੰਦਾ ਹੈ। ਇਹ ਆਪਣੇ ਅਹੰ ਨੂੰ ਬਚਾਅ ਕੇ ਰਖਣਾ ਚਾਹੁੰਦਾ ਹੈ। ਜਦੋਂ ਤਕ ਆਦਮੀ ਦੇ ਅੰਦਰ ਅਹੰਭਾਵ ਹੈ ਚਾਹੇ ਉਹ ਮੈਲਾ ਭਾਵ ਹੈ ਚਾਹੇ ਉਹ ਨਿਰਮਲ ਅਹੰ ਹੈ, ਵਾਹਿਗੁਰੂ ਤੋਂ ਦੂਰ ਹੀ ਰਹਿਣਾ ਪੈਂਦਾ ਹੈ। ਜੇ ਕਹੇ ਕਿ ਮੈਂ ਰੱਬ ਨੂੰ ਮਿਲਣਾ ਚਾਹੁੰਦਾ ਹਾਂ ਪਰ ਮੈਂ ਉਸ ਦਾ ਰੂਪ ਨਾ ਬਣਾਂ, ਮੈਂ ਵੱਖਰਾ ਹੀ ਰਹਾਂ, ਉਸ ਦੀ ਦਰਗਾਹ ਵਿਚ ਹੀ ਰਹਾਂ, ਮੈਂ ਜਿਥੇ ਚਾਹਾਂ ਉਥੇ ਰਹਾਂ; ਅਜਿਹਾ ਗਿਆਨ ਬੰਦਗੀ ਕਰਨ ਵਿਚ ਬਾਧਾ ਹੈ। ਬ੍ਰਹਮਗਿਆਨ ਦੀ ਅਵਸਥਾ ਜਦੋਂ ਆਉਂਦੀ ਹੈ ਉਸ ਵੇਲੇ ਆਪਣੇ ਆਪ ਨੂੰ ਵੀ ਅਤੇ ਸਾਰੇ ਸੰਸਾਰ ਨੂੰ ਵਾਹਿਗੁਰੂ ਰੂਪ ਹੀ ਦੇਖਦਾ ਹੈ –

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ*
*ਬ੍ਰਹਮ ਗਿਆਨੀ ਹੋਇ॥*

*ਪੰਨਾ – 272*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਹੜਾ ਹਉਂ ਹੈ ਜਿਸ ਨੂੰ ਇਹ ਕਹਿੰਦਾ ਹੈ, 'ਮੈਂ ਹਾਂ' ਇਹ ਭਾਵੇਂ ਨਿਰਮਲ ਹਉਮੈਂ ਹੋਵੇ, ਭਾਵੇਂ ਮੈਲੀ ਹਉਮੈ ਹੋਵੇ, ਦੋਨੋਂ ਹਉਮੈ ਹੀ ਹਨ। ਜੀਵ ਸਮਸ਼ਟ ਵਿਚ ਅਭੇਦ ਨਹੀਂ ਹੋਣਾ ਚਾਹੁੰਦਾ ਉਹ ਵਿਅਸ਼ਟ ਰੂਪ ਵਿਚ ਹੀ ਵਖਰੀ ਹਸਤੀ ਰਖਣਾ ਚਾਹੁੰਦਾ ਹੈ ਅਤੇ ਆਪਣੀ ਇਕਾਈ ਨੂੰ ਸਰਬ ਵਿਚ ਲੀਨ ਨਹੀਂ ਕਰਦਾ। ਇਸ ਦਾ ਅਧਿਆਸ ਜਨਮਾਂ ਜਨਮਾਂਤਰਾਂ ਤੋਂ ਪੱਕਿਆ ਹੋਇਆ ਹੈ। ਹਉਮੈ ਦੇ ਅਧੀਨ ਹੋ ਕੇ ਆਪਣੇ ਆਪ ਨੂੰ ਇਕ ਇਕਾਈ ਮੰਨਦੇ ਰਹਿਣਾ ਅਤੇ ਸਰਬ ਤੋਂ ਵਖਰਾ ਰਹਿਣਾ ਕਦੇ ਵੀ ਜਨਮ ਮਰਨ ਦਾ ਚੱਕਰ ਨਹੀਂ ਕੱਟ ਸਕਿਆ ਕਰਦਾ ਕਿਉਂਕਿ ਹਉਮੈਂ ਪ੍ਰਮੇਸ਼ਰ ਨੇ ਲਾਈ ਹੈ –

*ਧਾਰਨਾ – ਜਿਨ ਰਚਿ ਰਚਿਆ ਪੁਰਖ*
*ਵਿਧਾਤੇ ਨਾਲ ਹਉਮੈਂ ਪਾਈ ਜੀ*

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ॥ ਪੰਨਾ – 999*

*ਹਉਮੈ ਏਹਾ ਜਾਤਿ ਹੈ*
*ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ*
*ਫਿਰਿ ਫਿਰਿ ਜੋਨੀ ਪਾਹਿ॥*

*ਪੰਨਾ – 466*

ਇਹ ਹਉਮੈ ਅੰਧਕਾਰ ਭਰਿਆ ਦੁਖਾਂ ਦਾ ਖੂਹ ਹੈ, ਇਹ ਆਪਣੇ ਆਪ ਨੂੰ ਆਪੇ ਹੀ ਅੰਧਕਾਰ ਰੂਪੀ ਖੂਹ ਵਿਚ ਸੁੱਟ ਲੈਂਦਾ ਹੈ ਜਿਥੇ ਹਨ੍ਹੇਰਾ ਹੀ ਹਨ੍ਹੇਰਾ ਹੈ। ਇਹ ਜੋ ਜੀਵ ਦਾ ਭਾਵ ਹੈ, ਸੋਚ ਹੈ ਕਿ ਮੈਂ ਇਕਾਈ ਦੇ ਰੂਪ ਵਿਚ ਰਹਾਂ, ਇਹ ਕਾਰਨ ਸਰੀਰ, ਸੂਖਸ਼ਮ ਸਰੀਰ ਅਤੇ ਸਥੂਲ ਸਰੀਰ ਵਿਚ ਪੂਰੀ ਤਰ੍ਹਾਂ ਫੈਲਿਆ ਹੋਇਆ ਹੁੰਦਾ ਹੈ। ਇਹ ਜੀਵ ਦੀ ਸ਼ਕਤੀ ਪ੍ਰਕ੍ਰਿਤੀ ਨਾਲ ਮਿਲ ਗਈ, ਇਹ ਪਹਿਲਾਂ ਅਨੰਦ ਦੇ ਚੱਕਰ ਵਿਚ ਫਸੀ, ਫਿਰ ਇਸ ਨੂੰ ਕੁਝ ਵਖਰਾਪੁਣ ਸੁਝਣ ਲੱਗਿਆ, ਇਸ ਵਖਰੇਪੁਣ ਦੇ ਜਜ਼ਬੇ ਵਿਚ ਸੋਝੀ ਅਤੇ ਜੀਵ ਸ਼ਕਤੀ ਫਸੀ, ਫੇਰ ਫੁਰਨਿਆਂ ਦੇ ਦੇਸ਼ ਵਿਚ ਫਸੀ, ਪ੍ਰਾਣ ਦੇ ਦੇਸ਼ ਵਿਚ ਹੋਰ ਪੜਦੇ ਲਿਪਟ ਗਏ, ਅਖੀਰ ਸਥੂਲ ਦੇ ਦੇਸ਼ ਵਿਚ ਪਰਚ ਕੇ ਸਰੀਰ ਨੂੰ ਹੀ ਆਪਣਾ ਰੂਪ ਸਮਝਣ ਲਗ ਗਿਆ। ਸਿਆਣਿਆਂ ਨੇ ਇਸ ਨੂੰ ਪੜਦੇ-ਦਰ-ਪੜਦੇ ਆਖਿਆ ਹੈ, ਅਨੰਦ ਦਾ ਪੜਦਾ, ਬੁੱਧੀ ਦਾ,

ਮਨ ਦਾ, ਪ੍ਰਾਣਾਂ ਦਾ, ਅੰਨ ਦਾ ਪੜਦਾ ਆਖਿਆ ਹੈ। ਇਹ ਪੜਦੇ ਪੈਣ ਤੇ ਇਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਵਖਰਾ ਪ੍ਰਤੀਤ ਕਰਦਾ ਹੈ ਅਤੇ ਅਹੰਭਾਵ ਪੂਰੀ ਤਰ੍ਹਾਂ ਰੁਕਾਵਟ ਪਾਉਂਦਾ ਹੈ। ਇਸ ਕਰਮ ਦੇ ਅਧੀਨ ਸੰਸਕਾਰਾਂ ਨਾਲ ਬੰਨ੍ਹਿਆਂ ਜਾ ਕੇ ਦੁਖੀ ਸੁਖੀ ਹੁੰਦਾ ਜੰਮਦਾ ਮਰਦਾ ਰਹਿੰਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਇਹ ਅਹੰਭਾਵ ਹੀ ਹੈ ਜਿਸ ਨੇ ਸੰਸਾਰ ਵਿਚ ਬੇਚੈਨੀ ਫੈਲਾਈ ਹੋਈ ਹੈ, ਜੀਵ ਆਪ ਵੀ ਦੁਖੀ ਰਹਿੰਦਾ ਹੈ ਅਤੇ ਦੂਸਰਿਆਂ ਨੂੰ ਵੀ ਦੁਖ ਦਿੰਦਾ ਹੈ।

*ਧਾਰਨਾ- ਸਭ ਮਰ ਗਈ ਦੁਨੀਆਂ ਜੀ,*
*ਹਉਂ-ਹਉਂ ਕਰਦੀ ਮੈਂ-ਮੈਂ ਕਰਦੀ।*

*ਹਉ ਹਉ ਕਰਤੀ ਸਭ ਮੁਈ*
*ਸੰਪਉ ਕਿਸੈ ਨ ਨਾਲਿ॥*
*ਦੂਜੈ ਭਾਇ ਦੁਖੁ ਪਾਇਆ*
*ਸਭ ਜੋਹੀ ਜਮਕਾਲਿ॥*
*ਨਾਨਕ ਗੁਰਮੁਖਿ ਉਬਰੇ*
*ਸਾਚਾ ਨਾਮੁ ਸਮਾਲਿ॥ ਪੰਨਾ - 85*

*ਹਉ ਹਉ ਭੀਤਿ ਭਇਓ ਹੈ*
*ਬੀਚੋ ਸੁਨਤ ਦੇਸਿ ਨਿਕਟਾਇਓ॥*
*ਭਾਂਭੀਰੀ ਕੇ ਪਾਤ ਪਰਦੋ*
*ਬਿਨੁ ਪੇਖੇ ਦੂਰਾਇਓ॥ ਪੰਨਾ- 624*

*ਹਉ ਹਉ ਕਰਦੀ ਸਭ ਫਿਰੈ*
*ਬਿਨੁ ਸਬਦੈ ਹਉ ਨ ਜਾਇ॥*
*ਨਾਨਕ ਨਾਮਿ ਰਤੇ*
*ਤਿਨ ਹਉਮੈ ਗਈ ਸਚੈ ਰਹੇ ਸਮਾਇ॥*
*ਪੰਨਾ - 426*

ਅਹੰਭਾਵ ਦਾ ਅਧਿਆਸ ਤਿੰਨਾਂ ਸਰੀਰਾਂ ਵਿਚ ਹੀ ਪੱਕ ਜਾਂਦਾ ਹੈ, ਜਿਸ ਤਰ੍ਹਾਂ ਪਹਿਲਾਂ ਦਸਿਆ ਗਿਆ ਹੈ ਕਿ ਨਾਮ ਜਪਣ ਨਾਲ, ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਕਰਨ ਨਾਲ ਜਦੋਂ ਇਸਦੀ ਵਿਵੇਕ ਬਿਰਤੀ ਜਾਗਦੀ ਹੈ ਤਾਂ ਇਸ ਨੂੰ ਪਤਾ ਲਗਦਾ ਹੈ ਕਿ ਮੈਂ ਵਖਰੀ ਹਸਤੀ ਨਹੀਂ ਹਾਂ, ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਕਰਨ ਨਾਲ ਉਨ੍ਹਾਂ ਦੇ ਤੱਤ ਬਚਨ ਅਹੰਭਾਵ ਦੂਰ ਕਰਨ ਦੀ ਸਮਰੱਥਾ ਰਖਦੇ ਹਨ ਪਰ ਇਹ ਹਉਮੈ ਦਾ ਅਧਿਆਸ ਵੱਡਿਆਂ-ਵੱਡਿਆਂ ਨੂੰ ਹੋਇਆ ਕਰਦਾ ਹੈ।

ਪੀਰ ਬੁੱਧੂ ਸ਼ਾਹ ਗੁਰੂ ਦਸ਼ਮੇਸ਼ ਪਿਤਾ ਜੀ ਪਾਸ ਆਉਂਦਾ ਹੈ ਉਸ ਨੇ ਬੇਨਤੀ ਕੀਤੀ - ਬਾਣੀ ਵਿਚ ਆਉਂਦਾ ਹੈ -

*ਨਾਨਕ ਤਰਵਰੁ ਏਕੁ ਫਲੁ*
*ਦੁਇ ਪੰਖੇਰੂ ਆਹਿ॥*
*ਆਵਤ ਜਾਤ ਨ ਦੀਸਹੀ*
*ਨਾ ਪਰ ਪੰਖੀ ਤਾਹਿ॥ ਪੰਨਾ - 550*

ਪਾਤਸ਼ਾਹ! ਦੋ ਪੰਖੀ ਸਾਖੀ ਚੇਤਨ ਅਤੇ ਜੀਵ ਚੇਤਨ ਬੁੱਧੀ ਬਿਰਖ ਉਪਰ ਇਕੱਠੇ ਰਹਿੰਦੇ ਹਨ ਇਨ੍ਹਾਂ ਵਿਚ ਜੋ ਜੀਵ-ਚੇਤਨ ਰੂਪੀ ਪੰਖੀ ਹੈ ਉਹ ਫਲ ਨੂੰ ਖਾਂਦਾ ਹੈ, ਸੁਖ ਦੁਖ ਅਨੁਭਵ ਕਰਦਾ ਹੈ, ਦੇਸਾਂ ਦੇਸਾਂਤਰਾਂ ਵਿਚ ਘੁੰਮਦਾ ਹੈ, ਹਮੇਸ਼ਾਂ ਸ਼ੌਕਵਾਨ ਰਹਿੰਦਾ ਹੈ। ਦੂਸਰਾ ਸਾਖੀ ਰੂਪ ਪੰਖੀ ਕੋਈ ਫਲ ਨਹੀਂ ਖਾਂਦਾ, ਨਾ ਹੀ ਫਲ ਭੋਗਦਾ ਹੈ, ਨਾ ਕਿਤੇ ਆਉਂਦਾ ਜਾਂਦਾ ਹੈ, ਸਦਾ ਅਨੰਦ ਵਿਚ ਰਹਿੰਦਾ ਹੈ। ਜੀਵ ਰੂਪ ਪੰਖੀ ਨੂੰ ਸਾਖੀ ਰੂਪ ਪੰਖੀ ਸਤੱਾ ਦਿੰਦਾ ਹੈ, ਪ੍ਰਕਾਸ਼ ਦਿੰਦਾ ਹੈ।

*ਸਮਾਨੇ ਬ੍ਰਿਖੇ ਪੁਰੁਸ਼ੋਨਿਮਗਨੋ*
*ਅਨੀਸ਼ਯਾ ਸ਼ੋਚਤਿ ਮਹੁਯਮਾਨ:।*
*ਜੁਸ੍ਟੰ ਯਦਾ ਪਸ੍ਯਤਿ ਅਨਯ*
*ਮੀਸ਼ਮਸਯ ਮਹਿਮਾਨਮਿਤਿ ਵੀਤਸ਼ੋਕ:।*
*(ਤ੍ਰਿਤੀਯ ਮੁੰਡ ਕੇ ਪ੍ਰਥਮ ਖੰਡਮੰ: ੨)*

ਇਸ ਦਾ ਭਾਵ ਹੈ ਉਸੀ ਬੁੱਧੀ ਰੂਪ ਬ੍ਰਿਖ ਵਿਚ ਕਰਤਾ ਪੁਰਖ ਜੀਵ ਜਦੋਂ ਸਾਵਧਾਨ ਹੋ ਕੇ ਜੀਵ ਭਿੰਨ ਸਾਖੀ ਦੇ ਰੂਪ ਨੂੰ ਦੇਖਦਾ ਹੈ ਤਾਂ ਸ਼ੋਕ ਰਹਿਤ ਹੋ ਜਾਂਦਾ ਹੈ। ਪਤਾ ਨਹੀਂ ਲਗਦਾ ਬਹੁਤ ਵਿਚਾਰ ਕਰਨ ਤੋਂ ਵੀ। ਮਹਾਂਪੁਰਸ਼ ਦਸਦੇ ਹਨ ਕਿ ਇਹ ਦੁੱਖ ਸੁਖ ਭੋਗਣ ਵਾਲਾ, ਲੋਕ ਪਰਲੋਕ ਵਿਚ ਆਉਣ ਵਾਲਾ ਆਤਮਾ ਨਹੀਂ ਹੈ, ਅਨਾਤਮ ਹੈ, ਇਸ ਨੂੰ ਰਸਤੇ ਵਿਚੋਂ ਹਟਾ ਦੇਵੋ ਫੇਰ ਸਤਿ ਪ੍ਰਗਟ ਹੋ ਜਾਂਦਾ ਹੈ, ਸੱਚੀ ਰੂਹ ਸਾਖਸ਼ਾਤਕਾਰ ਹੋ ਜਾਂਦੀ ਹੈ। ਪਰ ਜੀਵ ਆਤਮਾ ਐਡਾ ਜ਼ਬਰਦਸਤ ਪੜਦਾ ਹੈ ਇਹ ਟੁਟਿਆ ਨਹੀਂ ਕਰਦਾ ਇਹ ਕੂੜ ਦਾ ਹੀ ਪੜਦਾ ਹੈ।

ਬੁੱਧੂ ਸ਼ਾਹ ਨੂੰ ਗੁਰੂ ਮਹਾਰਾਜ ਜੀ ਨੇ ਬਹੁਤ ਹੀ ਵਿਸਤਾਰਪੂਰਵਕ ਸਮਝਾਇਆ ਕਿ ਇਹ ਪਰਛਾਵਾਂ ਹੈ, ਇਹ ਕੂੜੀ ਮੈਂ ਨੇ ਸੱਚੀ ਮੈਂ ਨੂੰ ਢੱਕਿਆ ਹੋਇਆ ਹੈ, ਸੱਚੀ ਮੈਂ ਅਸੰਗ ਹੈ, ਨਿਰਵਿਕਾਰ ਹੈ, ਪੂਰਨ ਹੈ। ਕੂੜੀ ਮੈਂ ਅਮਰਵੇਲ ਵਾਂਗ ਸੱਚੀ ਮੈਂ ਨੂੰ ਢੱਕ ਕੇ ਕੂੜ ਦੀ ਮੈਂ ਵਿਚ ਨਿਵਾਸ ਕਰਾ ਦਿੰਦੀ ਹੈ। ਦੇਖ, ਹਨ੍ਹੇਰੇ ਵਿਚ ਪਈ ਰੱਸੀ ਸੱਪ ਪ੍ਰਤੀਤ ਦਿੰਦੀ ਹੈ ਪਰ ਚਾਨਣ ਹੋਏ ਤੇ ਪਤਾ ਲਗਦਾ ਹੈ ਕਿ ਇਹ ਤਾਂ ਰੱਸੀ ਸੀ। ਸੱਪ ਕਿਉਂ ਪ੍ਰਤੀਤ ਦਿਤਾ ਕਿਉਂਕਿ ਸੱਪ ਦਾ ਮਨ ਵਿਚ ਅਧਿਆਸ ਹੋਇਆ ਹੋਇਆ ਸੀ। ਅਧਿਆਸ ਹੋ ਜਾਣਾ ਇਕ ਬਿਮਾਰੀ ਵੀ ਕਹੀ ਜਾਂਦੀ ਹੈ।

ਮਹਾਂਪੁਰਸ਼ ਇਕ ਜ਼ਿਕਰ ਕਰਿਆ ਕਰਦੇ ਹਨ ਕਿ ਇਕ ਵਾਰੀ ਕਿਸੇ ਸ਼ਹਿਰ ਵਿਚ ਪੇਂਜਾ ਰਿਹਾ ਕਰਦਾ ਸੀ ਉਸ ਦਾ ਕੰਮ ਬਹੁਤ ਹੀ ਸਾਫ ਸੁਥਰਾ ਹੁੰਦਾ ਸੀ। ਸਾਧੂ ਮਹਾਂਪੁਰਸ਼ ਜਦੋਂ ਆਉਂਦੇ। ਉਥੋਂ ਦਾ ਰਾਜਾ ਸਰਦੀਆਂ ਹੋਣ ਤੇ ਉਨ੍ਹਾਂ ਲਈ ਰਜਾਈਆਂ ਭਰਵਾ ਕੇ ਦਿੰਦਾ ਸੀ। ਇਕ ਦਿਨ ਪੇਂਜਾ ਸੁੱਤਾ ਪਿਆ ਸੀ। ਉਸ ਨੂੰ ਸੁਪਨਾ ਆਇਆ ਕਿ 50 ਗੱਡੇ ਰੂੰ ਦੇ ਭਰੇ ਹੋਏ ਪੇਂਜੇ ਦੇ ਦਰਵਾਜ਼ੇ ਅੱਗੇ ਖੜ੍ਹੇ ਹੋਏ ਹਨ, ਚੋਬਦਾਰ ਜੋ ਨਾਲ ਸਨ ਉਨ੍ਹਾਂ ਨੇ ਪੇਂਜੇ ਨੂੰ ਕਿਹਾ ਕਿ ਏ ਪੇਂਜੇ! ਇਸ ਵਾਰੀ ਰਾਜੇ

ਦੇ ਪਾਸ ਬਹੁਤ ਸਾਧੂ ਆ ਰਹੇ ਹਨ। 50 ਗੱਡੇ ਮਹਾਰਾਜੇ ਨੇ ਤੈਨੂੰ ਰੂੰ ਦੇ ਭੇਜੇ ਹਨ, ਤੂੰ ਇਨ੍ਹਾਂ ਨੂੰ ਪਿੰਜ ਕੇ ਰਜਾਈਆਂ ਬਣਾ ਕੇ ਰਾਜੇ ਨੂੰ ਦੇਹ, ਇਸ ਵਾਰੀ ਤੈਨੂੰ ਕੋਈ ਮੇਹਨਤ ਨਹੀਂ ਦੇਣੀ, ਮੁਫਤ ਸੇਵਾ ਵਿਚ ਕੰਮ ਕਰਾਉਣਾ ਹੈ। ਉਸ ਪੇਂਜੇ ਨੇ ਕਿਹਾ ਕਿ ਮੈਂ ਮੁਫਤ ਨਹੀਂ ਕਰ ਸਕਦਾ, ਨਾਲੇ ਮੈਂ ਇਕੱਲਾ ਹਾਂ, ਮੇਰੇ ਵਿਚ ਤਾਕਤ ਵੀ ਨਹੀਂ ਹੈ ਕਿ ਮੈਂ ਇਕੱਲਾ 50 ਗੱਡੇ ਰੂੰ ਦੇ ਪਿੰਜ ਦੇਵਾਂ, ਮੈਂ ਗਰੀਬ ਆਦਮੀ ਹਾਂ, ਮੈਂ ਰੋਟੀ ਕਿਥੋਂ ਖਾਵਾਂਗਾ। ਉਨ੍ਹਾਂ ਨੇ ਕਿਹਾ ਕਿ ਰਾਜਾ ਨਰਾਜ਼ ਹੋ ਜਾਵੇਗਾ, ਤੈਨੂੰ ਜੇਲ੍ਹ ਵਿਚ ਸੁੱਟ ਦੇਵੇਗਾ, ਉਥੇ ਫੇਰ ਤੂੰ ਚੱਕੀਆਂ ਪੀਹੇਂਗਾ; ਚੰਗਾ ਇਹੀ ਹੈ ਕਿ ਤੂੰ ਰੂੰ ਪਿੰਜ ਕੇ ਰਜਾਈਆਂ ਬਣਾ ਦੇਵੇਂ। ਉਸ ਨੇ ਕਿਹਾ ਕਿ ਮੇਰੇ ਵਿਚ ਤਾਕਤ ਹੀ ਨਹੀਂ ਕਿ ਮੈਂ 50 ਗੱਡੇ ਪਿੰਜ ਸਕਾਂ। ਇਸ ਤਰ੍ਹਾਂ ਨਾਲ ਉਨ੍ਹਾਂ ਸਿਪਾਹੀਆਂ ਨੇ ਪੇਂਜੇ ਨੂੰ ਫੜ ਕੇ ਕੁੱਟਿਆ। ਇਹ ਕਹੀ ਜਾਂਦਾ ਹੈ ਕਿ ਮੇਰੇ ਤੋਂ ਨਹੀਂ ਰੂੰ ਪਿੰਜ ਹੋਣੀ, ਐਨੇ ਨੂੰ ਇਸ ਨੂੰ ਜਾਗ ਆ ਗਈ। ਇਕੋ ਗੱਲ ਕਹੀ ਜਾਂਦਾ ਹੈ ਕਿ ਮੇਰੇ ਤੋਂ ਐਨੀ ਰੂੰ ਨਹੀਂ ਪਿੰਜ ਹੋਣੀ, ਇਹ ਕਹਿੰਦਾ-ਕਹਿੰਦਾ ਜੰਗਲਾਂ ਵਿਚ ਭੱਜ ਗਿਆ। ਕਾਰੋਬਾਰ ਛੱਡ ਦਿਤਾ, ਇਕੋ ਗੱਲ ਦੀ ਰੱਟ ਲਾਈ ਹੋਈ ਹੈ ਕਿ ਮੇਰੇ ਤੋਂ 50 ਗੱਡੇ ਰੂੰ ਦੇ ਨਹੀਂ ਪਿੰਜ ਹੋਣੇ।

ਇਕ ਮਹਾਤਮਾ ਜੋ ਇਸ ਤੋਂ ਹਰ ਸਾਲ ਰਜਾਈ ਭਰਵਾਇਆ ਕਰਦੇ ਸਨ ਤਾਂ ਉਨ੍ਹਾਂ ਨੇ ਲੋਕਾਂ ਤੋਂ ਪੁਛਿਆ ਕਿ ਇਥੇ ਇਕ ਪੇਂਜਾ ਹੁੰਦਾ ਸੀ ਉਹ ਕਿਥੇ ਚਲਿਆ ਗਿਆ? ਤਾਂ ਉਨ੍ਹਾਂ ਨੇ ਦੱਸਿਆ ਕਿ ਮਹਾਰਾਜ! ਉਹ ਤਾਂ ਘਰ ਛੱਡ ਕੇ ਚਲਿਆ ਗਿਆ ਅਤੇ ਇਕੋ ਗੱਲ ਆਖੀ ਜਾਂਦਾ ਹੈ ਕਿ ਮੇਰੇ ਤੋਂ 50 ਗੱਡੇ ਰੂੰ ਦੇ ਨਹੀਂ ਪਿੰਜ ਹੁੰਦੇ। ਮਹਾਤਮਾ ਸਮਝ ਗਏ ਕਿ ਉਸ ਨੂੰ ਕੋਈ ਸੁਪਨਾ ਆਇਆ ਹੈ, ਉਸ ਦਾ ਅਧਿਆਸ ਹੋ ਗਿਆ। ਆਪ ਨੇ ਕਿਹਾ ਕਿ ਉਸ ਨੂੰ ਲੱਭ ਕੇ ਸਾਡੇ ਕੋਲ ਲਿਆਓ।

ਪਿੰਡ ਵਾਲਿਆਂ ਨੇ ਪੇਂਜੇ ਨੂੰ ਟੋਲ੍ਹ ਲਿਆ ਅਤੇ ਸੰਤਾਂ ਕੋਲ ਲੈ ਆਏ। ਉਸ ਨੇ ਸੰਤਾਂ ਨੂੰ ਪਛਾਣ ਲਿਆ ਅਤੇ ਕਹਿਣ ਲੱਗਿਆ ਕਿ ਦੇਖੋ ਮਹਾਰਾਜ! ਮੈਂ ਮੁਫਤ 50 ਗੱਡੇ ਰੂੰ ਦੇ ਪਿੰਜ ਕੇ ਰਜਾਈਆਂ ਕਿਵੇਂ ਭਰ ਸਕਦਾ ਹਾਂ? ਮੈਨੂੰ ਕਹਿੰਦੇ ਹਨ ਕਿ ਤੈਨੂੰ ਜੇਲ੍ਹ ਵਿਚ ਸੁੱਟ ਕੇ ਚੱਕੀਆਂ ਪਿਹਾਉਂਣੀਆਂ ਹਨ। ਉਸ ਵੇਲੇ ਮਹਾਂਪੁਰਸ਼ਾਂ ਨੇ ਕਿਹਾ ਕਿ ਐ ਪੇਂਜੇ! ਤੂੰ ਇਸ ਤੋਂ ਅਗਲੀ ਗੱਲ ਨਹੀਂ ਸੁਣੀ ਜੋ ਇਨ੍ਹਾਂ ਰਜਾਈਆਂ ਦੇ ਸਬੰਧ ਵਿਚ ਹੀ ਸੀ। ਉਹ ਕਹਿਣ ਲੱਗਿਆ ਕਿ ਕੀ ਗੱਲ ਹੈ ਮੈਨੂੰ ਨਹੀਂ ਪਤਾ ਸੰਤ ਕਹਿਣ ਲੱਗੇ, "ਜੋ ਗੱਡੇ ਰੂੰ ਦੇ ਤੇਰੇ ਵਲ ਆ ਰਹੇ ਸਨ ਉਨ੍ਹਾਂ ਗੱਡਿਆਂ ਦੇ ਹੇਠਾਂ ਚਾਨਣਾ ਕੀਤਾ ਹੋਇਆ ਸੀ ਪਰ ਇਕ ਗੱਡੇ ਨੂੰ ਅੱਗ ਲਗ ਗਈ, ਹਵਾ ਬਹੁਤ ਚਲੀ, ਸਾਰੇ ਗੱਡਿਆਂ ਵਾਲੇ ਛਾਲਾਂ ਮਾਰ ਕੇ ਉਤਰ ਗਏ ਅਤੇ ਫਟਾ-ਫਟ ਬਲਦ ਖੋਲ੍ਹ ਲਏ ਤੇ ਸਾਰੇ ਗੱਡੇ ਰੂੰ ਦੇ ਭਰੇ ਹੋਏ ਸੜ ਗਏ। ਹੁਣ ਮਹਾਰਾਜੇ ਨੇ ਖਿਆਲ ਹੀ ਛੱਡ ਦਿਤਾ। ਇੰਨੀ ਗੱਲ ਸੁਣ ਕੇ ਉਸ ਪੇਂਜੇ ਦਾ ਅਧਿਆਸ ਟੁੱਟ ਗਿਆ ਅਤੇ ਉਹ ਹੋਸ਼ ਵਿਚ ਆਇਆ।

ਇਸੇ ਤਰ੍ਹਾਂ ਸਾਨੂੰ ਅਹੰਭਾਵ ਕਰਕੇ ਅਧਿਆਸ ਪੱਕ ਗਿਆ ਕਿ ਮੈਂ ਦੇਹ ਹਾਂ; ਇਹ ਅਧਿਆਸ ਟੁੱਟਦਾ ਨਹੀਂ, ਜਦੋਂ ਤਕ ਤੱਤ ਬੇਤੇ ਮਹਾਂਪੁਰਸ਼ ਦੀ ਕ੍ਰਿਪਾ ਨਾ ਹੋਵੇ।

ਇਸ ਦੇ ਸਬੰਧ ਵਿਚ ਇਕ ਬਹੁਤ ਹੀ ਸੁੰਦਰ ਕਥਾ ਆਉਂਦੀ ਹੈ ਜੋ ਗੁਰੂ ਮਹਾਰਾਜ ਦੇ ਬਾਣੀ ਵਿਚ ਆਏ ਸ਼ਬਦ ਦੇ ਅਧਾਰ ਦੇ ਉਪਰ ਹੀ ਹੈ, ਪੜ੍ਹੋ ਸ਼ਬਦ -

***ਧਾਰਨਾ -ਨਰਪਤ ਏਕ ਸਿੰਘਾਸਨ ਸੋਇਆ,***
***ਸੁਪਨੇ ਭਇਆ ਭਿਖਾਰੀ ਜੀ।***

***ਨਰਪਤਿ ਏਕ ਸਿੰਘਾਸਣ ਸੋਇਆ***
***ਸੁਪਨੇ ਭਇਆ ਭਿਖਾਰੀ॥***
***ਅਛਤ ਰਾਜ ਬਿਛਰਤ ਦੁਖ ਪਾਇਆ***
***ਸੋ ਗਤਿ ਭਈ ਹਮਾਰੀ॥ ਪੰਨਾ- 657***

ਰਾਜਾ ਜਨਕ ਮਿਥਲਾਪੁਰੀ ਵਿਚ ਰਾਜ ਕਰ ਰਿਹਾ ਸੀ, ਬਹੁਤ ਹੀ ਸੁਘੜ ਤੇ ਸੁਸ਼ੀਲ ਵਰਤਾਓ ਉਸ ਦਾ ਆਪਣੀ ਪਰਜਾ ਨਾਲ ਹੋਇਆ ਕਰਦਾ ਸੀ। ਇਕ ਵਾਰੀ ਉਹ ਦਰਬਾਰ ਵਿਚ ਬੈਠਾ ਸੀ, ਆਲੇ ਦੁਆਲੇ ਬਹੁਤ ਗਰਮੀ ਹੋਣ ਕਰਕੇ ਖਸ-ਖਸ ਦੀਆਂ ਚਿਕਾਂ ਲਗਾ ਕੇ, ਦਰਬਾਰ ਹਾਲ ਠੰਢਾ ਬਣਾਇਆ ਹੋਇਆ ਸੀ। ਅਚਾਨਕ ਉਸ ਨੂੰ ਨੀਂਦ ਆ ਗਈ, ਉਸ ਵਿਚ ਉਸ ਨੇ ਇਕ ਸੁਪਨਾ ਦੇਖਿਆ ਤਾਂ ਕੀ ਦੇਖਦਾ ਹੈ ਕਿ ਪੜੌਸੀ ਰਾਜੇ ਨੇ ਹਮਲਾ ਕਰ ਦਿਤਾ ਅਤੇ ਇਸ ਦੀਆਂ ਫੌਜਾਂ ਹਾਰ ਗਈਆਂ। ਉਹ ਪੜੌਸੀ ਰਾਜਾ ਜਿੱਤ ਗਿਆ ਅਤੇ ਉਸ ਨੇ ਇਸ ਦੇ ਸਾਰੇ ਰਾਜ ਤੇ ਆਪਣਾ ਕਬਜ਼ਾ ਕਰਕੇ ਇਸ ਨੂੰ ਗਰਮੀਆਂ ਦੀ ਕੜਕਦੀ ਧੁੱਪ ਵਿਚ ਨੰਗੇ ਪੈਰ ਦੇਸ਼ ਵਿਚੋਂ ਕੱਢ ਦਿਤਾ, ਅਤੇ ਹੁਕਮ ਕਰ ਦਿਤਾ ਕਿ ਕੋਈ ਵੀ ਜੋ ਇਸ ਰਾਜੇ ਨੂੰ ਅੰਨ, ਜਲ, ਵਸਤਰ, ਜੁੱਤੀ ਅਤੇ ਉਸ ਨੂੰ ਪਿਆਰ ਨਾਲ ਬੁਲਾਏਗਾ ਤਾਂ ਉਸ ਨੂੰ ਸਖਤ ਸਜ਼ਾ ਦਿਤੀ ਜਾਵੇਗੀ। ਜਿਹੜਾ ਇਸ ਦਾ ਨਿਰਾਦਰ ਕਰੇਗਾ, ਇੱਟਾਂ ਵੱਟੇ ਮਾਰੇਗਾ ਉਸ ਨੂੰ ਇਨਾਮ ਦਿਤਾ ਜਾਵੇਗਾ।

ਸੋ ਸਾਰੇ ਲੋਕ ਰਾਜੇ ਜਨਕ ਦੇ ਇੱਟਾਂ ਵੱਟੇ ਮਾਰਦੇ ਹਨ, ਇਸ ਦਾ ਤ੍ਰਿਸਕਾਰ ਕਰਦੇ ਹਨ, ਇਹ ਭੁੱਖਾ ਪਿਆਸਾ ਤੁਰਿਆ ਜਾ ਰਿਹਾ ਹੈ, ਸਿਪਾਹੀ ਬਹੁਤ ਸਖਤ ਹਨ ਉਹ ਧੱਕੇ ਮਾਰ-ਮਾਰ ਕੇ ਇਸ ਨੂੰ ਕੱਢ ਰਹੇ ਹਨ। ਇਹ ਇਕ ਜੰਗਲ ਵਿਚ ਪਹੁੰਚ ਗਿਆ, ਹਨ੍ਹੇਰੀ ਰਾਤ ਵਿਚ ਇਹ ਕੰਕਰਾਂ, ਪਥਰਾਂ ਦੀਆਂ ਠੋਕਰਾਂ ਖਾਂਦਾ ਜਾਂਦਾ ਹੈ। ਜੰਗਲ ਬਹੁਤ ਭਿਆਨਕ ਸੀ, ਦਰਖਤ ਤੇ ਚੜ੍ਹ ਕੇ ਇਸ ਨੇ ਰਾਤ ਕੱਟੀ।

ਦੂਜੇ ਦਿਨ ਇਹ ਚੱਲਿਆ ਤਾਂ ਇਹ ਇਕ ਨਗਰ

ਵਲ ਜਾ ਰਿਹਾ ਸੀ, ਉਥੇ ਇਸ ਦੇ ਮਗਰ ਕੁੱਤੇ ਪੈ ਗਏ ਅਤੇ ਕੁੱਤਿਆਂ ਨੇ ਇਸ ਨੂੰ ਫੱਟੜ ਕਰ ਦਿਤਾ। ਇਹ ਉਚੀ-ਉਚੀ ਰੋਂਦਾ ਜਾਂਦਾ ਹੈ। ਰਸਤੇ ਵਿਚ ਇਸ ਨੂੰ ਇਕ ਤੀਰਥ ਯਾਤਰਾ ਤੇ ਜਾਣ ਵਾਲਾ ਸੰਗ ਮਿਲ ਗਿਆ, ਇਸ ਨੇ ਉਨ੍ਹਾਂ ਤੋਂ ਕੁਝ ਖਾਣ ਲਈ ਮੰਗਿਆ। ਉਨ੍ਹਾਂ ਯਾਤਰੂਆਂ ਨੇ ਇਸ ਨੂੰ ਇਕ-ਇਕ ਕੌਡੀ ਦਾਨ ਵਜੋਂ ਦੇ ਦਿਤੀ। ਇਹਦੇ ਕੋਲ 19 ਕੌਡੀਆਂ ਹੋ ਗਈਆਂ। 19 ਕੌਡੀਆਂ ਲੈ ਕੇ ਇਹ ਦੂਸਰੇ ਰਾਜੇ ਦੇ ਰਾਜ ਵਿਚ ਪਹੁੰਚ ਗਿਆ। ਉਥੇ ਇਹ ਸਾਰਿਆਂ ਨੂੰ ਕਹਿੰਦਾ ਹੈ ਕਿ ਮੈਨੂੰ ਬਹੁਤ ਭੁੱਖ ਲੱਗੀ ਹੋਈ ਹੈ, ਕਿਤੇ ਸਦਾ ਵਰਤ ਚਲ ਰਿਹਾ ਹੋਵੇ ਤਾਂ ਮੈਨੂੰ ਦੱਸੋ। ਉਥੇ ਕਿਸੇ ਪ੍ਰੇਮੀ ਨੇ ਇਸ ਤੇ ਦਇਆ ਕਰਕੇ, ਇਸ ਨੂੰ ਦੱਸਿਆ ਕਿ ਓਸ ਥਾਂ ਸਦਾ ਵਰਤ ਚਲ ਰਿਹਾ ਹੈ। ਉਥੇ ਜਾ ਕੇ ਇਹ ਲਾਈਨ ਵਿਚ ਖੜ੍ਹਾ ਹੋ ਗਿਆ। ਜਦੋਂ ਇਸ ਦੀ ਵਾਰੀ ਆਈ ਤਾਂ ਵਰਤਾਉਣ ਵਾਲੇ ਨੇ ਕਿਹਾ ਕਿ ਇਥੇ ਤਾਂ ਖਿਚੜੀ ਵਰਤ ਰਹੀ ਹੈ, ਖਿਚੜੀ ਗਰਮ ਹੈ, ਤੇਰੇ ਕੋਲ ਕੋਈ ਬਰਤਨ ਹੈ ਤਾਂ ਲੈ ਕੇ ਆ। ਇਹ ਘੁਮਿਆਰ ਪਾਸੋਂ ਜਾ ਕੇ 19 ਕੌਡੀਆਂ ਦਾ ਜਦੋਂ ਠੀਕਰਾ ਲੈ ਕੇ ਦੁਬਾਰਾ ਪਹੁੰਚਿਆ ਤਾਂ ਉਥੇ ਬਹੁਤ ਭੀੜ ਹੋ ਗਈ ਸੀ। ਜਦੋਂ ਇਸ ਦੀ ਵਾਰੀ ਆਈ ਤਾਂ ਖਿਚੜੀ ਮੁੱਕ ਗਈ, ਇਸ ਨੇ ਬਰਤਨ ਅੱਗੇ ਕੀਤਾ ਤਾਂ ਵਰਤਾਉਣ ਵਾਲੇ ਨੇ ਇਸ ਦੇ ਠੀਕਰੇ ਵਿਚ ਜਲੀ ਹੋਈ ਖੁਰਚਣ ਇਕੱਠੀ ਕਰਕੇ ਪਾ ਦਿਤੀ ਅਤੇ ਕਿਹਾ ਕਿ ਸਾਮ੍ਹਣੇ ਤੋਂ ਘਿਓ ਪੁਆ ਲੈ, ਇਸ ਤਰ੍ਹਾਂ ਇਹ ਖਾ ਨਹੀਂ ਹੋਣੀ। ਰਾਜੇ ਦਾ ਸਰੀਰ ਭੁੱਖ ਨਾਲ ਕੰਬ ਰਿਹਾ ਸੀ, ਬਹੁਤ ਕਮਜ਼ੋਰ ਹੋ ਚੁਕਿਆ ਸੀ। ਜਦੋਂ ਘਿਓ ਪੁਆਉਣ ਗਿਆ ਤਾਂ ਹੱਥ ਕੰਬ ਕੇ ਘਿਓ ਧਰਤੀ ਉਪਰ ਹੀ ਗਿਰ ਗਿਆ। ਇਸ ਦੇ ਬਾਰ-ਬਾਰ ਕਹਿਣ ਤੇ ਉਸ ਨੇ ਤਰਸ ਕਰਕੇ ਇਸ ਨੂੰ ਫੇਰ ਘੀ ਦੇ ਦੋ ਚਮਚ ਪਾ ਦਿਤੇ। ਇਕ ਪਾਸੇ ਬੈਠ ਕੇ, ਜਦੋਂ ਬੁਰਕੀ ਮੂੰਹ ਵਿਚ ਪਾਉਣ ਲੱਗਿਆ ਤਾਂ ਕੀ ਦੇਖਦਾ ਹੈ ਕਿ ਦੋ ਸਾਂਢ ਆਪਸ ਵਿਚ ਭਿੜ ਰਹੇ ਹਨ। ਭਿੜਦੇ-ਭਿੜਦੇ ਇਕ ਸਾਂਢ ਇਹਦੇ ਵਿਚ ਆ ਕੇ ਲੱਗਿਆ ਅਤੇ ਇਸ ਦਾ ਠੀਕਰਾ ਫੁਟ ਗਿਆ ਅਤੇ ਜਿਹੜੀ ਹੱਥ ਵਿਚ ਬੁਰਕੀ ਸੀ ਉਹ ਵੀ ਗਿਰ ਗਈ। ਝਟਕਾ ਲੱਗਿਆ ਤੇ ਇਸ ਨੂੰ ਜਾਗ ਆ ਗਈ ਤਾਂ ਹੈਰਾਨ ਹੋ ਗਿਆ ਕਿ ਮੈਂ ਤਾਂ ਤਖਤ ਉਤੇ ਬੈਠਾਂ ਹਾਂ।

ਬਾਰ-ਬਾਰ ਸੁਪਨੇ ਦੀ ਸਿਮ੍ਰਤੀ ਯਾਦ ਆ ਰਹੀ ਹੈ ਅਤੇ ਸੁਪਨੇ ਵਾਲਾ ਸਾਰਾ ਹਾਲ ਪੂਰੀ ਤਰ੍ਹਾਂ ਪ੍ਰਤੱਖ ਲਗ ਰਿਹਾ ਹੈ। ਉਸ ਨੂੰ ਸਮਝ ਨਹੀਂ ਆ ਰਿਹਾ ਕਿ ਜੋ ਮੈਂ ਦੇਖਿਆ ਹੈ ਉਹ ਸੁਪਨਾ ਹੈ ਜਾਂ ਮੈਂ ਤਖਤ ਤੇ ਬੈਠਾ ਹਾਂ ਇਹ ਸੁਪਨਾ ਹੈ। ਦਿਮਾਗ ਉਪਰ ਪੂਰੀ ਤਰ੍ਹਾਂ ਸੁਪਨੇ ਦਾ ਅਸਰ ਹੋ ਗਿਆ। ਘੋੜੇ ਤੇ ਚੜ੍ਹ ਕੇ ਸੁਪਨੇ ਵਾਲੀਆਂ ਜਗ੍ਹਾਂ ਦੇਖਣ ਚਲਿਆ ਗਿਆ। ਕੀ ਦੇਖਦਾ ਹੈ ਜਿਥੇ-ਜਿਥੇ ਇਹ ਬੈਠਿਆ ਸੀ, ਜਿਥੇ ਲੋਕਾਂ ਨੇ ਇੱਟਾਂ-ਵੱਟੇ ਮਾਰੇ ਸੀ ਉਹ ਸਭ ਉਥੇ ਉਸੇ ਤਰ੍ਹਾਂ ਪਏ ਹਨ, ਜਿਥੇ ਕੌਡੀਆਂ ਮਿਲੀਆਂ ਸੀ, ਜਿਥੇ ਖਿਚੜੀ ਮਿਲੀ ਸੀ, ਜਿਥੇ ਸਾਂਢ ਇਹਦੇ ਵਿਚ ਟਕਰਾਇਆ ਸੀ ਉਹ ਸਭ ਕੁਝ ਉਸੇ ਤਰ੍ਹਾਂ ਦਿਖਾਈ ਦੇ ਰਿਹਾ ਹੈ। ਹੁਣ ਇਸ ਨੂੰ ਇਹ ਨਹੀਂ ਪਤਾ ਲਗਦਾ ਕਿ ਉਹ ਸੁਪਨਾ ਸੀ ਜਾਂ ਇਹ ਹੁਣ ਵਾਲਾ ਜੋ ਕੁਝ ਹੈ ਉਹ ਸੁਪਨਾ ਹੈ।

ਇਸ ਪ੍ਰਸ਼ਨ ਦਾ ਹੱਲ ਕਰਾਉਣ ਵਾਸਤੇ ਇਸ ਨੇ ਸਾਰੇ ਭਾਰਤ ਵਰਸ਼ ਦੇ ਰਿਸ਼ੀ ਮੁਨੀ ਅਤੇ ਵਿਦਵਾਨ ਰਾਜ ਮਹੱਲ ਵਿਚ ਬੁਲਾ ਲਏ। ਸਾਰਿਆਂ ਨੂੰ ਇਹ ਸਵਾਲ ਕੀਤਾ ਕਿ 'ਇਹ ਸੱਚਾ ਕਿ ਉਹ ਸੱਚਾ'। ਪ੍ਰਸ਼ਨ ਐਸਾ ਸੀ ਕਿ ਕਿਸੇ ਦੀ ਸਮਝ ਵਿਚ ਨਾ ਆਇਆ। 7-8 ਸਾਲ ਤੋਂ ਬਹੁਤ ਸਾਰੇ ਵਿਦਵਾਨ, ਰਿਸ਼ੀ ਮੁਨੀ ਸਵਾਲ ਦਾ ਹੱਲ ਨਾ ਲੱਭਣ ਕਾਰਨ ਇਸ ਦੀ ਕੈਦ ਵਿਚ ਸਨ।

ਅੱਠ ਸਾਲਾਂ ਬਾਦ ਇਕ ਬੱਚਾ ਇਸ ਦੇ ਰਾਜ ਮਹਲਾਂ ਵਿਚ ਜਿਸ ਦਾ ਨਾਮ ਅਸ਼ਟਾਵਕਰ ਸੀ, ਇਸ ਦੇ ਸਵਾਲ ਦਾ ਜਵਾਬ ਦੇਣ ਵਾਸਤੇ ਆਇਆ। ਉਸ ਨੇ ਰਾਜੇ ਨੂੰ ਸਵਾਲ ਪੁਛਿਆ ਤਾਂ ਰਾਜੇ ਨੇ ਕਿਹਾ 'ਇਹ ਸੱਚਾ ਕਿ ਉਹ ਸੱਚਾ'। ਤਾਂ ਅਸ਼ਟਵਕਰ ਨੇ ਕਿਹਾ ਕਿ 'ਏਹ ਵੀ ਝੂਠਾ ਤੇ ਉਹ ਵੀ ਝੂਠਾ।' ਰਾਜਾ ਕਹਿਣ ਲੱਗਿਆ ਕਿ ਮੇਰੀ ਸਮਝ ਵਿਚ ਨਹੀਂ ਆਇਆ। ਤਾਂ ਅਸ਼ਟਾਵਕਰ ਨੇ ਕਿਹਾ ਕਿ ਰਾਜਨ ਜਿਸ ਤਰ੍ਹਾਂ ਤੂੰ ਸਵਾਲ ਕੀਤਾ ਹੈ ਮੈਂ ਉਸੇ ਤਰ੍ਹਾਂ ਉਤਰ ਦਿਤਾ ਹੈ। ਜੇ ਖੋਲ੍ਹ ਕੇ ਸਵਾਲ ਕਰਦਾ ਤਾਂ ਮੈਂ ਜਵਾਬ ਵੀ ਉਸੇ ਤਰ੍ਹਾਂ ਖੋਲ੍ਹ ਕੇ ਦੇਣਾ ਸੀ। ਰਾਜਾ ਜਨਕ ਚੁੱਪ ਸੀ, ਸੁਪਨੇ ਵਾਲਾ ਹਾਲ, ਹੋ ਚੁਕੀ ਬੇਇਜ਼ਤੀ ਦਸਣ ਤੋਂ ਸੰਕੋਚ ਕਰ ਰਿਹਾ ਸੀ। ਅਸ਼ਟਾਵਕਰ ਨੇ ਦੱਸਿਆ ਕਿ ਰਾਜਨ! ਤੂੰ ਸ਼ਰਮ ਦਾ ਮਾਰਿਆ ਨਹੀਂ ਦਸਦਾ ਕਿ ਤੈਨੂੰ ਤਖਤ ਤੇ ਬੈਠੇ ਨੂੰ ਭਿਆਨਕ ਸੁਪਨਾ ਆਇਆ ਹੈ, ਜਿਸ ਦਾ ਤੈਨੂੰ ਅਧਿਆਸ ਹੋ ਗਿਆ। ਅਧਿਆਸ ਪੱਕ ਜਾਣ ਕਰਕੇ ਤੂੰ 7-8 ਸਾਲਾਂ ਤੋਂ ਦੁਖੀ ਹੋ ਰਿਹਾ ਹੈਂ। ਜੇ ਤੂੰ ਖੋਲ੍ਹ ਕੇ ਦਸ ਦਿੰਦਾ ਤਾਂ ਇਹ ਸਾਰੇ ਵਿਦਵਾਨ ਤੇਰੇ ਪ੍ਰਸ਼ਨ ਦਾ ਸਮਾਧਾਨ ਕਰ ਦਿੰਦੇ ਪਰ ਤੂੰ ਦਸ ਨਹੀਂ ਰਿਹਾ। ਸੁਪਨਾ ਤਾਂ ਸੁਪਨਾ ਹੈ ਹੀ ਪਰ ਇਹ ਜੋ ਜਾਗ੍ਰਤ ਅਵਸਥਾ ਹੈ ਇਹ ਭੀ ਸੁਪਨਾ ਹੈ, ਸਤਿ ਅਵਸਥਾ ਤਿੰਨਾਂ ਗੁਣਾਂ ਤੋਂ ਉਪਰ ਹੈ। ਸੋ ਅਸ਼ਟਾਵਕਰ ਨੇ ਇਸ ਸਬੰਧ ਵਿਚ ਬਹੁਤ ਸਾਰੇ ਬਚਨ ਕਰਕੇ, ਰਾਜੇ ਜਨਕ ਦਾ ਅਧਿਆਸ ਤੋੜ ਕੇ ਉਸ ਦੇ ਅੰਦਰ ਗਿਆਨ ਦਾ ਪ੍ਰਕਾਸ਼ ਕਰਾ ਕੇ ਆਤਮ ਸਾਖਸ਼ਾਤ ਕਰਾ ਦਿਤਾ।

ਸੋ ਜਿਸ ਤਰ੍ਹਾਂ ਰਾਜੇ ਜਨਕ ਨੂੰ ਸੁਪਨੇ ਦਾ ਅਧਿਆਸ ਹੋ ਗਿਆ ਸੀ ਕਿ 'ਇਹ ਸੱਚਾ ਕਿ ਉਹ ਸੱਚਾ' ਇਸੇ ਤਰ੍ਹਾਂ ਸਾਨੂੰ ਵੀ ਅਧਿਆਸ ਹੋਇਆ ਹੋਇਆ ਹੈ।

ਉਹ ਪ੍ਰਮੇਸ਼ਰ ਆਪਣੀ ਖੇਲ੍ਹ ਖੇਲ੍ਹ ਰਿਹਾ ਹੈ। ਏਥੇ ਜੀਵ ਨੂੰ ਭੁਲੇਖਾ ਪੈ ਗਿਆ, ਭੁਲੇਖਾ ਪੈ ਕੇ

ਅਧਿਆਸ ਪੱਕ ਗਿਆ ਕਿ ਮੈਂ ਸਰੀਰ ਹਾਂ।

ਸੋ ਪੀਰ ਬੁੱਧੂਸ਼ਾਹ ਨੇ ਵੀ ਦਸਵੇਂ ਪਾਤਸ਼ਾਹ ਨੂੰ ਪੁਛਿਆ ਕਿ ਪਾਤਸ਼ਾਹ! ਜੀਵ ਤੇ ਬ੍ਰਹਮ ਦਾ ਮਿਲਾਪ ਕਿਵੇਂ ਹੋ ਸਕਦਾ ਹੈ? 'ਅੱਲਾਹ ਔਰ ਰੂਹ ਕਾ ਮੇਲ ਕੈਸੇ?

ਮਹਾਰਾਜ ਜੀ ਨੇ ਕਿਹਾ ਕਿ ਰਾਤ ਔਰ ਦਿਨ ਕਾ ਜੈਸੇ।

ਕਹਿਣ ਲੱਗਿਆ, "ਮਹਾਰਾਜ! ਮੈਂ ਸਮਝਿਆ ਨਹੀਂ ਹਾਂ, ਰਾਤ ਤੇ ਦਿਨ ਦਾ ਮਿਲਾਪ ਤਾਂ ਕਦੇ ਹੁੰਦਾ ਹੀ ਨਹੀਂ, ਜੇ ਰਾਤ ਹੁੰਦੀ ਹੈ ਤਾਂ ਦਿਨ ਨਹੀਂ ਹੁੰਦਾ, ਜਦੋਂ ਦਿਨ ਹੁੰਦਾ ਹੈ ਤਾਂ ਰਾਤ ਨਹੀਂ ਹੁੰਦੀ।

ਮਹਾਰਾਜ ਜੀ ਕਹਿਣ ਲੱਗੇ, "ਪੀਰ ਜੀ! ਇਸੇ ਤਰ੍ਹਾਂ ਸੱਚ ਦੇ ਆਇਆਂ ਝੂਠ ਨਹੀਂ ਰਹਿੰਦਾ। ਝੂਠ ਛੱਡ ਦਿਓ, ਸੱਚ ਰਹਿ ਜਾਏਗਾ।

ਪੀਰ ਬੁੱਧੂ ਸ਼ਾਹ ਨੇ ਕਿਹਾ, "ਝੂਠ ਕਿਵੇਂ ਛੁਟੇ?"

ਗੁਰੂ ਮਹਾਰਾਜ ਜੀ ਨੇ ਫੁਰਮਾਇਆ, "ਸਤਿਸੰਗ ਕਰਕੇ।"

ਮਹਾਰਾਜ ਜੀ! ਆਇਆ ਤਾਂ ਹਾਂ ਆਪਦੀ ਸੰਗਤ ਵਿਚ।

ਗੁਰੂ ਮਹਾਰਾਜ ਜੀ ਕਹਿਣ ਲੱਗੇ, "ਆਇਆ ਤਾਂ ਹੈਂ ਪਰ ਝੂਠ ਦਾ ਚੋਲਾ ਪਹਿਨ ਕੇ ਆਇਆ ਹੈਂ। ਜਦੋਂ ਤੂੰ ਘਰ ਤੋਂ ਤੁਰਿਆ ਸੀ ਤਾਂ ਇਹ ਸੋਚ ਕੇ ਤੁਰਿਆ ਸੀ ਕਿ ਮੈਂ ਚਰਨਾਂ ਤੋਂ ਸੀਸ ਉਦੋਂ ਤਕ ਨਹੀਂ ਚੁਕਣਾ ਜਦੋਂ ਤਕ ਆਤਮ ਸਾਖਸ਼ਾਤਕਾਰ ਨਹੀਂ ਹੁੰਦਾ। ਰਸਤੇ 'ਚ ਆ ਕੇ ਤੇਰਾ ਇਰਾਦਾ ਬਦਲ ਗਿਆ, ਤੇਰੇ ਮਨ 'ਚ ਆ ਗਿਆ ਕਿ ਮੇਰੇ ਨਾਲ ਮੇਰੇ ਐਨੇ ਚੇਲੇ ਹਨ ਇਹ ਕੀ ਕਹਿਣਗੇ ਕਿ ਮੈਂ ਐਨੀ ਛੋਟੀ ਉਮਰ ਦੇ ਗੁਰੂ ਅੱਗੇ ਆਪਣਾ ਸੀਸ ਨਿਵਾਇਆ ਹੈ? ਉਸ ਵੇਲੇ ਗੱਲ ਸਮਝ ਵਿਚ ਆ ਗਈ ਅਤੇ ਵਜਦ 'ਚ ਆ ਕੇ ਨੱਚਣਾ ਸ਼ੁਰੂ ਕਰ ਦਿਤਾ ਅਤੇ ਮਹਾਰਾਜ ਦੇ ਅੱਗੇ ਜਾ ਕੇ ਜਦੋਂ ਨਮਸ਼ਕਾਰ ਕੀਤੀ ਤਾਂ ਗੁਰੂ ਮਹਾਰਾਜ ਨੇ ਉਸ ਦਾ ਹੱਥ ਫੜ ਕੇ ਘੁੱਟ ਦਿਤਾ। ਉਸ ਵੇਲੇ ਹਉਮੈ ਦਾ ਪੜਦਾ ਟੁੱਟ ਗਿਆ ਅਤੇ ਇਕੋ ਪਰਮੇਸ਼ਰ ਨਜ਼ਰੀ ਆਉਣ ਲੱਗਾ।

ਬੱਸ ਆਹੀ ਗੱਲ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਹਉ ਹਉ ਭੀਤ ਭਇਓ ਹੈ ਬੀਚੋ*
*ਸੁਨਤ ਦੇਸ ਨਿਕਟਾਇਓ॥*
*ਭਾਂਬੀਰੀ ਕੇ ਪਾਤ ਪਰਦੋ*
*ਬਿਨ ਪੇਖੇ ਦੂਰਾਇਓ॥ ਪੰਨਾ – 624*

ਬੁੱਧੂਸ਼ਾਹ! ਸਾਰਾ ਸੰਸਾਰ ਹਉਂ-ਹਉਂ ਕਰਦਾ ਫਿਰਦਾ ਹੈ। ਇਹ ਪੜਦਾ ਗੁਰੂ ਦੇ ਸ਼ਬਦ ਤੋਂ ਬਗੈਰ ਨਹੀਂ ਟੁਟਿਆ ਕਰਦਾ–

*ਬਿਨ ਸਬਦੇ ਹਉ ਨ ਜਾਇ॥*
*ਪੰਨਾ – 1067*

*ਨਾਨਕ ਨਾਮਿ ਰਤੇ*
*ਤਿਨ ਹਉਮੈ ਗਈ ਸਚੈ ਰਹੇ ਸਮਾਇ॥*
*ਪੰਨਾ – 426*

ਹਉਮੈ ਦਾ ਨਾਸ਼ ਹੋਣ ਤੇ ਅਹੰ ਜੀਵ ਦਾ ਅਧਿਆਸ ਟੁਟ ਜਾਇਆ ਕਰਦਾ ਹੈ ਅਤੇ ਤੱਤ ਵਸਤੂ ਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ, ਸੋ ਗੁਰੂ ਦੇ ਦਿਤੇ ਗਿਆਨ ਤੋਂ ਇਸ ਦਾ ਨਾਸ਼ ਹੋ ਜਾਇਆ ਕਰਦਾ ਹੈ –

*ਨਾਮੁ ਜਪਤ ਸੋਊ ਜਨੁ ਉਧਰੈ*
*ਜਿਸਹਿ ਉਧਾਰਹੁ ਆਪ॥*
*ਬਿਨਸਿ ਜਾਇ ਮੋਹ ਭੈ ਭਰਮਾ*
*ਨਾਨਕ ਸੰਤ ਪ੍ਰਤਾਪ॥ ਪੰਨਾ – 1307*

*ਅਹੰਮੇਵ ਸਿਉ ਮਸਲਤਿ ਛੋਡੀ॥*
*ਗੁਰਿ ਕਹਿਆ ਇਹੁ ਮੂਰਖੁ ਹੋਡੀ॥*
*ਪੰਨਾ – 1347*

ਜਦੋਂ ਮਨ ਵਿਚ ਗੁਰੂ ਦੇ ਸ਼ਬਦ ਦੀ ਪ੍ਰਤੀਤ ਹੋ ਜਾਵੇ, ਸ਼ਬਦ ਉਪਰ ਭਰੋਸਾ ਹੋ ਜਾਵੇ ਤਾਂ ਇਹ ਅਹੰ ਜੀਵ ਦਾ ਬੰਧਨ ਟੁੱਟ ਜਾਇਆ ਕਰਦਾ ਹੈ।

ਸਹਸਾ ਸ਼ੱਕ ਅਤੇ ਭਰਮ ਨੂੰ ਕਿਹਾ ਜਾਂਦਾ ਹੈ, ਗੁਰੂ ਮਹਾਰਾਜ ਜੀ ਨੇ ਇਸ ਨੂੰ ਇਕ ਬਹੁਤ ਹੀ ਮਾਰੂ ਰੋਗ, ਭਿਆਨਕ ਰੋਗ ਗਿਣਿਆ ਹੈ, ਜਿਸ ਦੇ ਨਾਲ ਜੀਵ ਆਤਮਾ ਸਦਾ ਹੀ ਪੀੜਤ ਰਹਿੰਦਾ ਹੈ ਕਿਉਂਕਿ ਇਸ ਨੂੰ ਆਪਣੇ ਸਰੂਪ ਦਾ ਗਿਆਨ ਨਹੀਂ ਰਹਿੰਦਾ, ਇਸ ਕਰਕੇ ਸ਼ੱਕ ਵਿਚ ਪਿਆ ਰਹਿੰਦਾ ਹੈ, ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਸਹਸਾ ਰੋਗੁ ਨ ਛੋਡਈ*
*ਦੂਖ ਹੀ ਮਹਿ ਦੂਖ ਪਾਹਿ॥*
*ਪੰਨਾ – 645*

ਸਹਸੇ ਦਾ ਬੰਨ੍ਹਿਆ ਹੋਇਆ ਮਨ ਇਕ ਥਾਂ ਉਪਰ ਟਿਕਦਾ ਨਹੀਂ, ਉਸ ਨੂੰ ਆਤਮਾ ਉਪਰ ਵਿਸ਼ਵਾਸ਼ ਨਹੀਂ ਆਉਂਦਾ। ਆਪਣੇ ਸਰੂਪ ਵਿਚ ਸਦਾ ਹੀ ਸ਼ੱਕ ਵਿਚ ਪਿਆ ਅਤੇ ਭਰਮ ਦਾ ਬੰਨ੍ਹਿਆ ਹੋਇਆ ਆਪਣੇ ਆਪ ਨੂੰ ਦੇਹ ਹੀ ਸਮਝਦਾ ਹੈ, ਆਤਮ ਸੁੱਖ ਨੂੰ ਪਰਾਲੀ ਵਾਂਗ ਸਮਝਦਾ ਹੈ ਅਤੇ ਬਹੁਤ ਦੁਖ ਪਾਉਂਦਾ ਹੈ। ਜਦੋਂ ਤਕ ਸਤਿਗੁਰੂ ਦੀ ਕ੍ਰਿਪਾ ਨਾ ਹੋ ਜਾਵੇ ਓਨੀ ਦੇਰ ਤਕ ਭਰਮ ਦਾ ਨਾਸ਼ ਨਾ ਹੋਣ ਕਰਕੇ ਇਹ ਜਨਮ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ।

*ਇਸੁ ਮਨਮੰਦਰ ਮਹਿ ਮਨੂਆ ਧਾਵੈ॥*
*ਸੁਖੁ ਪਲਰਿ ਤਿਆਗਿ ਮਹਾ ਦੁਖੁ ਪਾਵੈ॥*
*ਬਿਨ ਸਤਿਗੁਰ ਭੇਟੇ ਠਉਰ ਨ ਪਾਵੈ*
*ਆਪੇ ਖੇਲੁ ਕਰਾਇਦਾ॥ ਪੰਨਾ – 1060*

ਪੂਰੇ ਸਤਿਗੁਰੂ ਦੀ ਪ੍ਰਾਪਤੀ ਤੋਂ ਬਿਨਾਂ ਅਤੇ

ਉਸ ਦੀ ਕ੍ਰਿਪਾ ਤੋਂ ਬਗੈਰ ਇਹ ਸਹਸਾ ਕਦੇ ਵੀ ਨਹੀਂ ਖਤਮ ਹੋਇਆ ਕਰਦਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਐ ਮੇਰੇ ਮਨ! ਤੂੰ ਪੂਰਾ ਸਤਿਗੁਰੂ ਟੋਲ੍ਹ ਲੈ, ਜਿਸ ਨੂੰ ਮਿਲ ਕੇ ਜਨਮ ਮਰਨ ਦਾ ਦੁਖ ਜਾਂਦਾ ਰਹਿੰਦਾ ਹੈ ਅਤੇ ਭਰਮ ਦਾ ਨਾਸ਼ ਹੋ ਜਾਂਦਾ ਹੈ, ਕਿਉਂਕਿ ਪੂਰੇ ਸਤਿਗੁਰੂ ਨੇ ਆਪਣੀ ਕ੍ਰਿਪਾ ਕਰਕੇ ਸ਼ਬਦ ਦੀ ਦਾਤ ਬਖਸ਼ਣੀ ਹੈ। ਜਦੋਂ ਸ਼ਬਦ ਦਾ ਪ੍ਰਕਾਸ਼ ਅੰਦਰ ਹੋ ਗਿਆ ਤਾਂ ਹਉਮੈ ਦਾ ਆਪਣੇ ਆਪ ਹੀ ਨਾਸ਼ ਹੋ ਜਾਇਆ ਕਰਦਾ ਹੈ ਕਿਉਂਕਿ ਗੁਰੂ ਦਾ ਸ਼ਬਦ ਹੰਗਤਾ ਨੂੰ ਸਾੜ ਦਿੰਦਾ ਹੈ ਅਤੇ ਸੰਸੇ ਦਾ ਕਿਤੇ ਨਾਮ ਨਿਸ਼ਾਨ ਵੀ ਨਹੀਂ ਰਹਿੰਦਾ। ਇਸ ਵਿਚ ਜੋ ਝੂਠੀ ਨਕਲੀ 'ਮੈਂ' ਹੈ ਉਸ ਦੀ ਕੰਧ ਟੁੱਟ ਜਾਂਦੀ ਹੈ, ਕੰਧ ਟੁਟਦੇ ਸਾਰ ਜੋ ਵਾਹਿਗੁਰੂ ਜੀ ਇਸ ਦੇ ਅੰਦਰ ਪ੍ਰਕਾਸ਼ ਦੇ ਰਹੇ ਹਨ, ਉਹ ਇਸ ਜੀਵ ਨੂੰ ਮਿਲ ਜਾਇਆ ਕਰਦੇ ਹਨ ਕਿਉਂਕਿ ਹਉਮੈ ਦੀ ਕੰਧ ਹੀ ਵੱਡੀ ਭਾਰੀ ਰੁਕਾਵਟ ਹੈ, ਇਸ ਦਾ ਆਪਣੇ ਆਪ ਨੂੰ 'ਮੈਂ' ਸਮਝਣਾ, ਵਖਰਾ ਸਮਝਣਾ ਆਪਣੇ ਆਪ ਨੂੰ ਸਰਬ ਵਿਚੋਂ ਇਕਾਈ ਸਮਝਣੀ ਇਹ ਕੂੜ ਦੀ ਕੰਧ ਬਣ ਜਾਇਆ ਕਰਦੀ ਹੈ, ਇਹ ਕਿਸੇ ਤਰੀਕੇ ਨਾਲ ਟੁਟਿਆ ਨਹੀਂ ਕਰਦੀ ਪਰ ਜਦੋਂ ਸ਼ਬਦ ਦਾ ਪ੍ਰਕਾਸ਼ ਹੋ ਜਾਵੇ ਤਾਂ ਉਥੇ ਹਉਮੈ ਦਾ ਨਾਮ ਨਿਸ਼ਾਨ ਵੀ ਨਹੀਂ ਰਹਿੰਦਾ ਕਿਉਂਕਿ ਦੋਹਾਂ ਦਾ ਵਿਰੋਧ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ॥***
***ਪੰਨਾ – 560***

ਜਦੋਂ ਸੱਚ ਦਾ ਸੂਰਜ ਅੰਦਰ ਚੜ੍ਹਿਆ, ਉਸ ਵੇਲੇ ਕੂੜ ਦੀ ਰਾਤ ਨੇ ਆਪਣੇ ਆਪ ਹੀ ਖਤਮ ਹੋ ਜਾਣਾ ਹੈ, ਕੂੜ ਦੀ ਪਾਲ ਖਤਮ ਹੁੰਦੇ ਹੀ ਅੰਦਰ ਪ੍ਰਮ ਸ਼ਾਂਤੀ ਹੋ ਕੇ ਜੀਵ ਪ੍ਰਮ ਸੁਖੀ ਹੋ ਜਾਵੇਂਗਾ। ਸੱਚ ਦੇ ਪ੍ਰਕਾਸ਼ ਵਿਚ ਇਹ ਜੀਵ ਆਪਣਾ ਆਪਾ ਭਾਵ ਗੁਆ ਕੇ ਸੱਚ ਵਿਚ ਲੀਨ ਹੋ ਜਾਂਦਾ ਹੈ ਅਤੇ ਇਹ ਸਰੀਰ ਫੇਰ ਵਾਹਿਗੁਰੂ ਜੀ ਦੇ ਹੁਕਮ ਵਿਚ ਕਾਰ ਕਮਾਉਂਦਾ ਹੈ ਪਰ ਇਹ ਵੱਡਿਆਂ ਭਾਗਾਂ ਦੀ ਗੱਲ ਹੈ। ਵਾਹਿਗੁਰੂ ਜੀ ਕ੍ਰਿਪਾ ਕਰਨ ਆਪਣੀ ਰਜ਼ਾ ਵਿਚ ਪੂਰੇ ਸਤਿਗੁਰੂ ਦਾ ਮਿਲਾਪ ਕਰਾਉਣ ਫੇਰ ਇਹ ਸਹਸਾ ਰੋਗ ਖਤਮ ਹੋ ਜਾਂਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ–

***ਏ ਮਨ ਐਸਾ ਸਤਿਗੁਰੁ ਖੋਜਿ ਲਹੁ***
***ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ॥***
***ਸਹਸਾ ਮੂਲਿ ਨ ਹੋਵਈ***
***ਹਉਮੈ ਸਬਦਿ ਜਲਾਇ॥***
***ਕੂੜੈ ਕੀ ਪਾਲਿ ਵਿਚਹੁ ਨਿਕਲੈ***
***ਸਚੁ ਵਸੈ ਮਨਿ ਆਇ॥***
***ਅੰਤਰਿ ਸਾਂਤਿ ਮਨਿ ਸੁਖੁ ਹੋਇ***
***ਸਚ ਸੰਜਮਿ ਕਾਰ ਕਮਾਇ॥***
***ਨਾਨਕ ਪੂਰੈ ਕਰਮਿ ਸਤਿਗੁਰੁ ਮਿਲੈ***
***ਹਰਿ ਜਿਉ ਕਿਰਪਾ ਕਰੇ ਰਜਾਇ॥***
***ਪੰਨਾ – 591***

ਭਰਮ ਕਰਕੇ ਇਹ ਸੰਸਾਰ ਦ੍ਰਿਸ਼ਟੀਗੋਚਰੇ ਹੁੰਦਾ ਹੈ, ਜੀਵ ਮਾਇਆ ਦੇ ਤਿੰਨ ਗੁਣ ਰਜੋ, ਸਤੋ, ਤਮੋ ਗੁਣ ਦੇ ਹਲੋਰਿਆਂ ਵਿਚ ਸੌਂ ਜਾਂਦਾ ਹੈ ਅਤੇ ਸੁੱਤੇ ਦੀ ਉਮਰ ਲੰਘ ਜਾਂਦੀ ਹੈ। ਇਹ ਤਾਂ ਵਾਹਿਗੁਰੂ ਜੀ ਹੀ ਕ੍ਰਿਪਾ ਕਰਨ ਤੇ ਆਪਣੇ ਭਾਣੇ ਵਿਚ ਇਸ ਨੂੰ ਬਚਾ ਲੈਣ –

***ਸੰਸਾ ਇਹੁ ਸੰਸਾਰੁ***
***ਸੁਤਿਆ ਰੈਣਿ ਵਿਹਾਇ॥***
***ਇਕਿ ਆਪਣੈ ਭਾਣੈ ਕਢਿ ਲਇਅਨੁ***
***ਆਪੇ ਲਇਓਨੁ ਮਿਲਾਇ॥ ਪੰਨਾ – 36***

ਜੀਵ ਕਰਮ ਧਰਮ ਦੇ ਵਿਚ ਪੈਂਦਾ ਹੈ, ਧਾਰਮਕ ਗ੍ਰੰਥਾਂ, ਪੁਰਾਣਾਂ ਸ੍ਰਿਮਤੀਆਂ ਵੇਦਾਂ ਨੂੰ ਸੁਣ ਕੇ ਚੰਗੇ ਮੰਦੇ ਕਰਮ ਦੇ ਉਚਾਰਿਆਂ ਮਨ ਵਿਚ ਸ਼ੰਕਾ ਪੈਦਾ ਹੁੰਦਾ ਹੈ ਕਿਉਂਕਿ ਬਾਣੀ ਦਾ ਅਵਸਥਾ ਭੇਦ ਹੋਇਆ ਕਰਦਾ ਹੈ। ਆਮ ਸਾਧਾਰਨ ਜੀਵ ਵਾਸਤੇ ਕਰਮ ਅਤੇ ਬਾਣੀ ਭਿਆਨਕ ਹੋਇਆ ਕਰਦੇ ਹਨ ਅਤੇ ਜਗਿਆਸੂ ਜੋ ਥੋੜ੍ਹੀ ਤਰੱਕੀ ਕਰ ਲਵੇ ਉਸ ਵਾਸਤੇ ਰੋਚਕ ਬਾਣੀ ਹੋਇਆ ਕਰਦੀ ਹੈ। ਜਿਸ ਦੇ ਉਪਰ ਗੁਰੂ ਦੀ ਕ੍ਰਿਪਾ ਹੋ ਜਾਵੇ ਅਤੇ ਉਸ ਨਾਮ ਦਾ ਅਭਿਆਸ ਕਰਕੇ ਹਿਰਦਾ ਨਿਰਮਲ ਹੋ ਜਾਵੇ ਉਸ ਲਈ ਗਿਆਨ ਉਪਦੇਸ਼ ਹੋਇਆ ਕਰਦਾ ਹੈ ਪਰ ਜਦੋਂ ਇਕ ਸਾਧਾਰਣ ਜੀਵ ਸੁਣਦਾ ਹੈ ਤਾਂ ਉਹ ਨਿਰਣਾ ਨਹੀਂ ਕਰ ਸਕਦਾ ਕਿਉਂਕਿ ਉਹ ਆਪਣੇ ਆਪ ਹੀ ਬੁੱਧੀ ਦੇ ਬਲ ਨਾਲ ਜ਼ੋਰ ਲਾ ਰਿਹਾ ਹੈ। ਜਦੋਂ ਤਕ ਪੂਰੇ ਸਤਿਗੁਰੂ ਤੋਂ ਗਿਆਨ ਨਹੀਂ ਹੁੰਦਾ ਓਨੀਂ ਦੇਰ ਤਕ ਸ਼ੰਕਿਆਂ ਵਿਚ ਪਿਆ ਹੋਇਆ ਜੀਵ ਕਿਸੇ ਕਿਨਾਰੇ ਨਹੀਂ ਪਹੁੰਚਿਆ ਕਰਦਾ। ਕਰਮ ਧਰਮ ਕਰਕੇ ਉਸ ਜੀਵ ਨੂੰ ਅਭਿਮਾਨ ਹੋ ਜਾਇਆ ਕਰਦਾ ਹੈ। ਸ਼ਾਸ਼ਤਰਾਂ ਵਿਚ ਬਹੁਤ ਕਿਸਮ ਦੇ ਕਰਮਾਂ ਦਾ ਨਿਰੂਪਣ ਕੀਤਾ ਹੋਇਆ ਹੈ ਅਤੇ ਉਨ੍ਹਾਂ ਕਰਮਾਂ ਨੂੰ ਹਰ ਕੋਈ ਕਰਦਾ ਨਜ਼ਰ ਵੀ ਆਉਂਦਾ ਹੈ, ਪਰ ਕਿਸੇ ਨੂੰ ਵੀ ਨਹੀਂ ਪਤਾ ਕਿ ਉਹ ਕਰਮ ਕਿਹੜਾ ਹੈ ਜਿਸ ਦੇ ਨਾਲ ਸਾਡਾ ਸੰਸਾਰ ਦੇ ਬੰਧਨਾਂ ਤੋਂ ਛੁਟਕਾਰਾ ਹੋ ਜਾਣਾ ਹੈ ਅਤੇ ਜੀਵ ਨੂੰ ਆਤਮ ਸ਼ਾਖਸ਼ਾਤਕਾਰ ਹੋ ਜਾਂਦਾ ਹੈ ਕਿਉਂਕਿ ਵੇਦਾਂ ਦੇ ਕੁੱਲ ਇਕ ਲੱਖ ਸ਼ਲੋਕ ਹਨ ਜਿਸ ਵਿਚੋਂ 80 ਹਜ਼ਾਰ ਸਲੋਕ ਕਰਮਕਾਂਡ ਸਬੰਧੀ ਹਨ। 16 ਹਜ਼ਾਰ ਸ਼ਲੋਕ ਉਪਾਸ਼ਨਾ ਕਾਂਡ ਦੇ ਅਤੇ 4 ਹਜ਼ਾਰ ਸ਼ਲੋਕ ਸਿਧਾਂਤ ਦੇ ਹਨ।

ਜੇਕਰ ਚੰਗੇ ਮੰਦੇ ਕਰਮਾਂ ਦੀ ਵਿਚਾਰ ਕਰਨ ਵਾਸਤੇ ਵੇਦਾਂ, ਪੁਰਾਣਾਂ ਨੂੰ ਸੁਣੀਏ, ਪੜ੍ਹੀਏ ਤਾਂ ਹੋਰ ਵਧੇਰੇ ਸੰਸਾ ਹੁੰਦਾ ਹੈ। ਕਿਉਂਕਿ ਸਾਸ਼ਤਰ ਯੱਗ ਵਲ ਪ੍ਰੇਰਦੇ ਹਨ ਅਤੇ ਅਨੇਕ ਤਰੀਕੇ ਯੱਗ ਕਰਾਉਣ ਦੇ ਦਸਦੇ ਹਨ। ਯੱਗ ਕਰਮ ਕਰਨ ਵਾਲਾ ਆਦਮੀ ਹੱਥ ਵਿਚ ਹਿਰਨ ਦਾ ਸਿੰਗ ਰਖੇ ਅਤੇ ਜਦ ਸਰੀਰ ਤੇ ਕਿਤੇ

ਖੁਰਕ ਹੋਵੇ ਤਾਂ ਹਿਰਨ ਦੇ ਸਿੰਗ ਨਾਲ ਖੁਰਕੇ। ਜੇ ਨਹੁੰ ਨਾਲ ਖੁਰਕਣ ਤੇ ਲਹੂ ਨਿਕਲ ਆਵੇ ਤਾਂ ਯੱਗ ਭ੍ਰਿਸ਼ਟ ਹੋ ਜਾਂਦਾ ਹੈ। ਜੇ ਯੱਗ ਸੰਪੂਰਨ ਹੋ ਜਾਵੇ ਤਾਂ ਮਨ ਅੰਦਰ ਅਭਿਮਾਨ ਹੋ ਜਾਂਦਾ ਹੈ, ਅਭਿਮਾਨ ਹੋਣ ਨਾਲ ਫਲ ਖਤਮ ਹੋ ਜਾਂਦਾ ਹੈ।

*ਤੀਰਥ ਬਰਤ ਅਰੁ ਦਾਨ*
*ਕਰਿ ਮਨ ਮੈ ਧਰੈ ਗੁਮਾਨੁ॥*
*ਨਾਨਕ ਨਿਹਫਲ ਜਾਤ ਤਿਹ*
*ਜਿਉ ਕੁੰਚਰ ਇਸਨਾਨੁ॥*

*ਪੰਨਾ - 1428*

ਜਦੋਂ ਮਨ ਵਿਚ ਸ਼ੰਕਾ ਹੀ ਪਿਆ ਰਿਹਾ ਤਾਂ ਹੰਗਤਾ ਨੂੰ ਕੌਣ ਨਾਸ਼ ਕਰੇਗਾ। ਜਿੰਨਾਂ ਚਿਰ ਅੰਦਰ ਹੰਗਤਾ ਤੇ ਮਮਤਾ ਹੈ ਓਨੀਂ ਦੇਰ ਤਕ ਮੁਕਤ ਅਵਸਥਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜੇ ਇਨ੍ਹਾਂ ਕਰਮਾਂ ਅਨੁਸਾਰ ਤੀਰਥਾਂ ਦੇ ਇਸ਼ਨਾਨ ਕਰਨ ਨੂੰ ਮੁਕਤੀ ਦੀ ਪ੍ਰਾਪਤੀ ਮੰਨ ਲਿਆ, ਤਾਂ ਇਸ ਤਰ੍ਹਾਂ ਮੁਕਤੀ ਨਹੀਂ ਹੋਣੀ। ਬਾਹਰੋਂ ਤਾਂ ਜਲ ਨਾਲ ਸਰੀਰ ਧੋ ਲਵੇਗਾ ਅਤੇ ਜੋ ਅੰਤਸ਼ਕਰਣ ਵਿਚ ਮੈਲਾਂ ਲੱਗੀਆਂ ਹੋਈਆਂ ਹਨ ਉਹ ਕਿਵੇਂ ਧੋਵੇਗਾ -

*ਜਨਮ ਜਨਮ ਕੀ ਇਸੁ ਮਨ ਕਉ ਮਲੁ*
*ਲਾਗੀ ਕਾਲਾ ਹੋਆ ਸਿਆਹੁ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ॥ ਪੰਨਾ - 651*

ਕਰਮਾਂ ਨੇ ਅੰਤਸ਼ਕਰਣ ਦੀ ਮੈਲ ਨੂੰ ਸ਼ੁਧ ਨਹੀਂ ਕਰਨਾ। ਬਾਹਰਲੀ ਸੁੱਚ ਦਾ ਵਿਹਾਰ ਤਾਂ ਹਾਥੀ ਦੇ ਇਸ਼ਨਾਨ ਵਾਂਗ ਹੁੰਦਾ ਹੈ ਜਿਵੇਂ ਉਹ ਤੀਰਥ ਇਸ਼ਨਾਨ ਕਰਕੇ ਆਪਣੇ ਉਪਰ ਆਪ ਹੀ ਮਿਟੀ ਪਾ ਲੈਂਦਾ ਹੈ। ਕਿਸੇ ਦੀ ਨਿੰਦਿਆ, ਚੁਗਲੀ, ਈਰਖਾ, ਬੁਰੇ ਕਰਮ ਕਰ ਲਏ ਤਾਂ ਇਸ ਨਾਲ ਅੰਦਰ ਹੋਰ ਮੈਲ ਲੱਗ ਜਾਵੇਗੀ। ਇਸ ਤਰ੍ਹਾਂ ਇਹ ਜੀਵ ਕਰਮ ਕਰਕੇ ਆਪਣੇ ਉਪਰ ਮਿੱਟੀ ਪਾ ਲੈਂਦਾ ਹੈ ਅਤੇ ਆਪਣੇ ਆਪ ਨੂੰ ਗੰਦਾ ਕਰ ਲੈਂਦਾ ਹੈ। ਜਿੰਨੀ ਦੇਰ ਤਕ ਸੰਸਾ ਨਵਿਰਤ ਨਹੀਂ ਹੁੰਦਾ ਅਤੇ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ ਓਨਾਂ ਚਿਰ ਭਰਮ ਦੀ ਹਨ੍ਹੇਰੀ ਰਾਤ ਖਤਮ ਨਹੀਂ ਹੋਇਆ ਕਰਦੀ। ਇਸੇ ਤਰ੍ਹਾਂ ਨਾਲ ਜਦੋਂ ਤਕ ਸਮਰੱਥ ਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ ਓਨੀਂ ਦੇਰ ਤਕ ਇਹ ਜੀਵ ਸ਼ੁਧ ਨਹੀਂ ਹੋਇਆ ਕਰਦਾ ਜਿਵੇਂ ਜੇ ਪਾਰਸ ਨਾਲ ਤਾਂਬਾ ਛੂਹ ਜਾਵੇ ਤਾਂ ਉਹ ਪਾਰਸ ਬਣ ਜਾਂਦਾ ਹੈ। ਇਸੇ ਤਰ੍ਹਾਂ ਜਗਿਆਸੂ ਜਦੋਂ ਸਮਰੱਥ ਗੁਰੂ ਨਾਲ ਸ਼ਰਧਾਪੂਰਵਕ ਜੁੜ ਗਿਆ, ਉਹ ਵੀ ਸਾਧਾਰਨ ਜੀਵ ਤੋਂ ਆਤਮ ਮੰਡਲ ਵਿਚ ਪ੍ਰਵੇਸ਼ ਕਰ ਜਾਇਆ ਕਰਦਾ ਹੈ। ਗੁਰੂ ਤਾਂ ਮਿਲਦਾ ਹੈ ਜੇ ਮੱਥੇ ਉਪਰ ਧੁਰ ਦਾ ਲੇਖ ਲਿਖਿਆ ਹੋਵੇ। ਪਾਰਸ ਤਾਂ ਤਾਂਬੇ ਨੂੰ ਸੋਨਾ ਬਣਾਉਂਦਾ ਹੈ, ਪਰ ਪਾਰਸ ਨਹੀਂ ਬਣ ਸਕਦਾ ਪਰ ਗੁਰੂ ਜਗਿਆਸੂ ਨੂੰ ਆਪਣਾ ਰੂਪ ਹੀ ਬਣਾ ਲੈਂਦਾ ਹੈ। ਗੁਰੂ ਦੇ ਸ਼ਬਦ ਨੂੰ ਕਮਾ ਕੇ ਜਗਿਆਸੂ ਉਨਮਨੀ ਅਵਸਥਾ ਤੁਰੀਆ ਪਦ ਪ੍ਰਾਪਤ ਕਰ ਲੈਂਦਾ ਹੈ। ਪੰਜਾਂ ਭਰਮਾਂ ਦੇ ਬਜਰ ਕਪਾਟ ਖੁਲ੍ਹ ਜਾਇਆ ਕਰਦੇ ਹਨ ਜਿਸ ਨੇ ਗੁਰ ਉਪਦੇਸ਼ ਨੂੰ ਕਮਾ ਕੇ ਭਗਤੀ ਦੀ ਜੁਗਤੀ ਸਿੱਖ ਕੇ ਸਾਧਨ ਕੀਤੇ ਹਨ, ਉਸਦੇ ਭਰਮ ਅਤੇ ਵਿਸ਼ੇ ਵਿਕਾਰਾਂ ਦੇ ਬੰਧਨ ਕੱਟੇ ਜਾਂਦੇ ਹਨ। ਜਿਨ੍ਹਾਂ ਨੇ ਵਿਸ਼ੇ ਰਸਾਂ ਵਲੋਂ ਮਨ ਮੋੜਿਆ ਹੈ ਅਤੇ ਪ੍ਰੇਮ ਹਿਰਦੇ ਵਿਚ ਵਸਾਇਆ ਹੈ ਓਹੀ ਵਾਹਿਗੁਰੂ ਜੀ ਨਾਲ ਮਿਲੇ ਹੋਏ ਹੋਇਆ ਕਰਦੇ ਹਨ। ਜੋ ਆਤਮਾ ਦੇ ਨਾਲ ਮਿਲੇ ਹਨ ਉਹ ਪ੍ਰਭੂ ਦੀ ਪ੍ਰਾਪਤੀ ਕਰ ਲਿਆ ਕਰਦੇ ਹਨ। ਗੁਰ ਉਪਦੇਸ਼ ਤੋਂ ਬਿਨਾਂ ਹੋਰ ਕਰਮ ਧਰਮ, ਅਨੇਕਾਂ ਜਤਨ, ਇੰਦ੍ਰੀਆਂ ਦਮਨ ਕਰਨ ਨਾਲ ਭਰਮ ਰੂਪੀ ਬੰਧਨ ਕਦੇ ਨਹੀਂ ਕੱਟਿਆ ਜਾ ਸਕਦਾ। ਵਾਹਿਗੁਰੂ ਦਾ ਪ੍ਰੇਮ ਹਿਰਦੇ ਵਿਚ ਪੈਦਾ ਹੋ ਜਾਵੇ ਅਤੇ ਸਮਰੱਥ ਸਤਿਗੁਰੂ ਉਪਰ ਵਿਸ਼ਵਾਸ਼ ਹੋ ਆਵੇ, ਉਸਦੇ ਸਤਿ ਉਪਦੇਸ਼ ਨੂੰ ਕਮਾ ਕੇ ਪ੍ਰਾਪਤੀ ਹੋ ਜਾਇਆ ਕਰਦੀ ਹੈ। ਕਰਮ ਧਰਮ ਆਤਮ ਸਾਖਸ਼ਾਤ ਕਰਾਉਣ ਲਈ ਸਮਰੱਥ ਨਹੀਂ ਹਨ। ਬਾਣੀ ਵਿਚ ਫੁਰਮਾਨ ਹੈ -

*ਪਾਰੁ ਕੈਸੇ ਪਾਇਬੋ ਰੇ॥*
*ਮੋ ਸਉ ਕੋਊ ਨ ਕਹੈ ਸਮਝਾਇ॥*
*ਜਾ ਤੇ ਆਵਾਗਵਨੁ ਬਿਲਾਇ॥*
*ਬਹੁ ਬਿਧਿ ਧਰਮ ਨਿਰੂਪੀਐ*
*ਕਰਤਾ ਦੀਸੈ ਸਭ ਲੋਇ॥*
*ਕਵਨ ਕਰਮ ਤੇ ਛੂਟੀਐ*
*ਜਿਹ ਸਾਧੇ ਸਭ ਸਿਧਿ ਹੋਇ॥*
*ਕਰਮ ਅਕਰਮ ਬੀਚਾਰੀਐ*
*ਸੰਕਾ ਸੁਨਿ ਬੇਦ ਪੁਰਾਨ॥*
*ਸੰਸਾ ਸਦ ਹਿਰਦੈ ਬਸੈ*
*ਕਉਨੁ ਹਿਰੈ ਅਭਿਮਾਨੁ॥*
*ਬਾਹਰੁ ਉਦਕਿ ਪਖਾਰੀਐ*
*ਘਟ ਭੀਤਰਿ ਬਿਬਿਧਿ ਬਿਕਾਰ॥*
*ਸੁਧ ਕਵਨ ਪਰ ਹੋਇਬੋ*
*ਸੁਚ ਕੁੰਚਰ ਬਿਧਿ ਬਿਉਹਾਰ॥*
*ਰਵਿ ਪ੍ਰਗਾਸ ਰਜਨੀ ਜਥਾ*
*ਗਤਿ ਜਾਨਤ ਸਭ ਸੰਸਾਰ॥*
*ਪਾਰਸ ਮਾਨੋ ਤਾਬੋ ਛੁਏ*
*ਕਨਕ ਹੋਤ ਨਹੀ ਬਾਰ॥*
*ਪਰਮ ਪਰਸ ਗੁਰੁ ਭੇਟੀਐ*
*ਪੂਰਬ ਲਿਖਤ ਲਿਲਾਟ॥*
*ਉਨਮਨ ਮਨ ਮਨ ਹੀ ਮਿਲੇ*
*ਛੁਟਕਤ ਬਜਰ ਕਪਾਟ॥*
*ਭਗਤਿ ਜੁਗਤਿ ਮਤਿ ਸਤਿ ਕਰੀ*
*ਭ੍ਰਮ ਬੰਧਨ ਕਾਟਿ ਬਿਕਾਰ॥*
*ਸੋਈ ਬਸਿ ਰਸਿ ਮਨ ਮਿਲੇ*
*ਗੁਨ ਨਿਰਗੁਨ ਏਕ ਬਿਚਾਰ॥*
*ਅਨਿਕ ਜਤਨ ਨਿਗ੍ਰਹ ਕੀਏ*
*ਟਾਰੀ ਨ ਟਰੈ ਭ੍ਰਮ ਫਾਸ॥*
*ਪ੍ਰੇਮ ਭਗਤਿ ਨਹੀ ਊਪਜੈ*

*ਤਾ ਤੇ ਰਵਿਦਾਸ ਉਦਾਸ॥*
*ਪੰਨਾ - 346*

ਸੋ ਇਸ ਤਰ੍ਹਾਂ ਦੇ ਨਾਲ ਵੇਦਾਂ ਪੁਰਾਣਾਂ ਦੇ ਸੁਣਨ ਨਾਲ ਸੰਸਾ ਦੂਰ ਨਹੀਂ ਹੋਇਆ ਕਰਦਾ, ਸਦਾ ਹੀ ਬਣਿਆ ਰਹਿੰਦਾ ਹੈ। ਕੀ ਆਤਮਾ ਕਰਤਾ ਹੈ ਜਾਂ ਅਕਰਤਾ ਹੈ ਜਾਂ ਸਾਖੀ ਰੂਪ ਹੈ? ਜੇ ਉਹ ਸਾਖੀ ਰੂਪ ਹੈ ਤਾਂ ਕੀ ਉਹ ਸਾਖੀ ਬ੍ਰਹਮ ਹੈ ਕਿ ਬ੍ਰਹਮ ਤੋਂ ਭਿੰਨ ਹੈ ਜਾਂ ਬ੍ਰਹਮ ਸਰੂਪ ਹੀ ਹੈ? ਫੇਰ ਅਗਲਾ ਸ਼ੰਕਾ ਹੋ ਜਾਂਦਾ ਹੈ ਕਿ ਅਸੀਂ ਬ੍ਰਹਮ ਨੂੰ ਜਾਣ ਲਿਆ ਕਿ ਨਹੀਂ? ਉਸ ਤੋਂ ਅਗਲਾ ਸ਼ੰਕਾ ਹੋਰ ਹੋ ਜਾਂਦਾ ਹੈ ਕਿ ਕੇਵਲ ਗਿਆਨ ਨਾਲ ਮੁਕਤੀ ਹੋਵੇਗੀ ਕਿ ਨਹੀਂ।

*ਕਰਮੀ ਸਹਜੁ ਨ ਊਪਜੈ*
*ਵਿਣੁ ਸਹਜੈ ਸਹਸਾ ਨ ਜਾਇ॥*
*ਨਹ ਜਾਇ ਸਹਸਾ*
*ਕਿਤੈ ਸੰਜਮਿ ਰਹੇ ਕਰਮ ਕਮਾਏ॥*
*ਸਹਸੈ ਜੀਉ ਮਲੀਣੁ ਹੈ*
*ਕਿਤੁ ਸੰਜਮਿ ਧੋਤਾ ਜਾਏ॥*
*ਪੰਨਾ - 919*

ਜਦੋਂ ਤਕ ਪੂਰਨ ਸਤਿਗੁਰੂ ਦਾ ਮਿਲਾਪ ਨਹੀਂ ਹੁੰਦਾ ਓਨੀਂ ਦੇਰ ਤਕ ਇਹ ਨਿਰਣੇਪੂਰਵਕ ਮੰਨ ਨਹੀਂ ਸਕਦਾ, ਗੁਰੂ ਦੇ ਸ਼ਬਦ ਉਪਰ ਭਰੋਸਾ ਨਹੀਂ ਲਿਆ ਸਕਦਾ। ਓਨੀਂ ਦੇਰ ਤਕ ਇਹ ਸੰਸੇ ਵਿਚ ਹੀ ਪਿਆ ਰਹੇਗਾ ਕਿਉਂਕਿ ਸਤਿਗੁਰੂ ਤੋਂ ਬਿਨਾਂ ਭਰਮ ਚੁਕਾਉਣ ਵਾਲਾ ਹੋਰ ਕੋਈ ਹੈ ਹੀ ਨਹੀਂ। ਸਤਿਗੁਰੂ ਜੀ ਤਾਂ ਪ੍ਰਤੱਖ ਗਿਆਨ ਕਰਾ ਰਹੇ ਹਨ ਪਰ ਇਹ ਜੀਵ ਮਾਇਆ ਅਸਰ ਅਧੀਨ ਸੰਸੇ ਵਿਚ ਪ੍ਰਵਿਰਤ ਗੁਰੂ ਦੇ ਬਚਨ ਨੂੰ ਸਤਿ ਕਰਕੇ ਨਹੀਂ ਮੰਨਦਾ, ਉਹ ਆਪਣੇ ਮਤ ਵਿਚ ਹੀ ਪ੍ਰਵਿਰਤ ਰਹਿੰਦਾ ਹੈ। ਇਸ ਵਿਚ ਸਤਿਗੁਰੂ ਦੀ ਪੂਰੀ ਕ੍ਰਿਪਾ ਦੀ ਅਵਸ਼ਕਤਾ ਹੈ, ਬਚਨ ਤਾਂ ਸਾਫ ਹੀ ਹਨ, ਮੰਨ ਕੇ ਵਿਖਾਓ। ਸੱਚ ਆਚਾਰ ਪੈਦਾ ਨਹੀਂ ਹੋ ਸਕਿਆ ਕਰਦਾ। ਸੰਸਾਰੀ ਬਿਰਤੀ ਵਿਚ ਹੀ ਵਰਤਦਾ ਹੈ, ਫੁਰਮਾਨ ਹੈ -

*ਸਗਲ ਬਨਸਪਤਿ ਮਹਿ ਬੈਸੰਤਰੁ*
*ਸਗਲ ਦੂਧ ਮਹਿ ਘੀਆ॥*
*ਊਚ ਨੀਚ ਮਹਿ ਜੋਤਿ ਸਮਾਣੀ*
*ਘਟਿ ਘਟਿ ਮਾਧਉ ਜੀਆ॥*
*ਪੰਨਾ - 617*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਜਲਿ ਥਲਿ ਮਹੀਅਲਿ ਸੁਆਮੀ ਸੋਈ॥*
*ਅਵਰੁ ਨ ਕਹੀਐ ਦੂਜਾ ਕੋਈ॥*
*ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ*
*ਅਵਰੁ ਨ ਦੀਸੈ ਏਕ ਬਿਨਾ॥*
*ਪੰਨਾ - 1079*

ਇਸ ਨੂੰ ਵਿਸ਼ਵਾਸ਼ ਨਹੀਂ ਹੁੰਦਾ, ਸਦਾ ਹੀ ਸੰਸੇ ਵਿਚ ਜੀਵਨ ਗੁਜ਼ਾਰ ਦਿੰਦਾ ਹੈ, ਨਾ ਤਾਂ ਆਪਣੇ ਹੀ ਸਰੂਪ ਦਾ ਪੂਰਨ ਗਿਆਨ ਹੈ। ਕਿੰਨਾ ਹੀ ਇਸ ਨੂੰ ਸਮਝਾਈ ਜਾਵੇ, ਇਹ ਗੱਲ ਮੰਨਣ ਤੋਂ ਹਟਦਾ ਹੀ ਨਹੀਂ ਕਿ ਮੈਂ ਸਰੀਰ ਹਾਂ, ਸਾਢੇ ਤਿੰਨ ਹੱਥ ਦੇ ਸਰੀਰ ਨੂੰ ਆਪਣਾ ਆਪਾ ਮੰਨਦਾ ਹੈ। ਸੰਸਾਰ ਦੀਆਂ ਵੱਡੀਆਂ-ਵੱਡੀਆਂ ਡਿਗਰੀਆਂ ਲੈ ਲੈਂਦਾ ਹੈ, ਯੂਨੀਵਰਸਿਟੀਆਂ ਵੱਡੇ-ਵੱਡੇ award ਦਿੰਦੀਆਂ ਹਨ, ਬਹੁਤ ਵੱਡੀ ਮਾਨਤਾ ਦਿੰਦੀਆਂ ਹਨ ਪਰ ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਇਸ ਨੂੰ ਆਪਣਾ ਹੀ ਪਤਾ ਨਹੀਂ ਹੈ। ਉਸ ਦਾ ਲਿਖਿਆ ਲੇਖ, ਉਸ ਦੀਆਂ ਲਿਖੀਆਂ ਪੁਸਤਕਾਂ ਪੜ੍ਹ ਕੇ ਜਗਿਆਸੂ ਕਿਸ ਤਰ੍ਹਾਂ ਪਾਰ ਹੋ ਸਕਦਾ ਹੈ। ਜੇ ਲਿਖਦਾ ਹੈ ਤਾਂ ਉਹ ਚੋਰੀ ਕਰਕੇ ਲਿਖਦਾ ਹੈ, ਉਸ ਵਿਚ ਆਪਣਾ ਅਨੁਭਵ ਕੋਈ ਨਹੀਂ ਹੋਇਆ ਕਰਦਾ। ਮਹਾਰਾਜ ਕਹਿੰਦੇ ਹਨ ਕਿ ਪਿਆਰਿਓ! ਭਰਮ ਵਿਚ ਨਾ ਪਓ, ਵਾਹਿਗੁਰੂ ਸੰਸਾਰ ਵਿਚ ਹੈ, ਸੰਸਾਰ ਵਾਹਿਗੁਰੂ ਵਿਚ ਹੈ -

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*
*ਪੰਨਾ - 1*

ਦੂਜੇ ਦੀ ਇਥੇ ਕੋਈ ਥਾਂ ਹੀ ਨਹੀਂ ਹੈ, ਇਹ ਬੰਦਾ ਵੀ ਉਸੇ ਦਾ ਰੂਪ ਹੈ ਕੇਵਲ ਅਹੰਭਾਵ ਕਰਕੇ ਵੱਖ ਰਹਿੰਦਾ ਹੈ ਅਤੇ ਆਪਣੇ ਸਰੂਪ ਤੋਂ ਅਗਿਆਤ ਰਹਿੰਦਾ ਹੈ। ਪੜ੍ਹਦਾ ਹੈ, ਸੁਣਦਾ ਹੈ ਪਰ ਵਿਸ਼ਵਾਸ਼ ਵਿਚ ਨਹੀਂ ਵਰਤਦਾ। ਮਨ ਦੀ ਮਨੌਤ ਨਹੀਂ ਟੁੱਟਦੀ। ਫਰੀਦ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਕੀ ਕਿਹਾ ਜਾਵੇ, ਸਭ ਸਮਝਾ ਰਹੇ ਹਨ ਪਰ ਸ਼ੈਤਾਨ ਦੇ ਵਸ ਆਇਆ ਜੀਵ ਗੁਰੂ ਬਚਨ ਨਹੀਂ ਮੰਨਦਾ-

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ*
*ਸੇ ਕਿਤ ਫੇਰਹਿ ਚਿਤ॥*
*ਪੰਨਾ - 1378*

ਪਰ ਸਤਿ ਅਵਸਥਾ ਬਾਰੇ ਫੁਰਮਾਨ ਹੈ।

*ਤਤੁ ਨਿਰੰਜਨੁ ਜੋਤਿ ਸਬਾਈ*
*ਸੋਹੰ ਭੇਦੁ ਨ ਕੋਈ ਜੀਉ॥*
*ਪੰਨਾ - 599*

ਉਹ ਵਾਹਿਗੁਰੂ ਦੂਰ ਨਹੀਂ ਹੈ, ਉਹ ਤੂੰ ਆਪ ਹੀ ਹੈਂ, ਫੁਰਮਾਨ ਹੈ -

*ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ॥*
*ਪੰਨਾ - 354*

ਐਸਾ ਵੀ ਫੁਰਮਾਨ ਆਉਂਦਾ ਹੈ -

*ਲੋਗਾ ਭਰਮਿ ਨ ਭੂਲਹੁ ਭਾਈ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ*
*ਪੂਰਿ ਰਹਿਓ ਸ੍ਰਬ ਠਾਂਈ॥*

**ਪੰਨਾ - 1350**

ਜਦੋਂ ਉਹ ਆਪੇ ਹੀ ਹਰ ਥਾਂ ਉਪਰ ਹੈ ਫੇਰ ਦੂਜਾ ਕਿਸਨੂੰ ਕਹੀਏ -

*ਆਪੇ ਪਟੀ ਕਲਮ ਆਪਿ*
*ਉਪਰਿ ਲੇਖੁ ਭਿ ਤੂੰ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥*

**ਪੰਨਾ - 1291**

*ਜਲਿ ਥਲਿ ਮਹੀਅਲਿ ਸੁਆਮੀ ਸੋਈ॥*
*ਅਵਰੁ ਨ ਕਹੀਐ ਦੂਜਾ ਕੋਈ॥*
*ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ*
*ਅਵਰੁ ਨ ਦੀਸੈ ਏਕ ਬਿਨਾ॥*

**ਪੰਨਾ - 1079**

ਸੋ ਇਹ ਸੰਸੇ ਦੇ ਬੰਧਨ ਕਰਕੇ ਜੀਵ ਜਨਮਾਂ ਜਨਮਾਂਤਰਾਂ ਦੇ ਵਿਚ ਭਟਕਦਾ ਹੈ। ਇਹ ਸੰਸਾ ਸਭਨਾਂ ਨੂੰ ਪਿਆ ਹੋਇਆ ਹੈ, ਮੈਨੂੰ ਵੀ ਹੈ, ਤੁਸੀਂ ਸਰੋਤੇ ਬੈਠੇ ਹੋਂ, ਆਪ ਦੇ ਵਿਚੋਂ ਸਭ ਨੂੰ ਹੈ; ਕੋਈ ਵਿਰਲਾ ਹੀ ਪੁਰਸ਼ ਹੈ ਜੋ ਇਸ ਤੋਂ ਬਚਿਆ ਹੋਵੇ। ਸੰਸਾ ਸੰਗਲਾਂ ਵਾਂਗੂੰ ਸਰੀਰ ਨੂੰ ਵਲੇਟੀ ਰਖਦਾ ਹੈ। ਸਾਡੀਆਂ ਹੋਰ ਹੀ ਮਨੌਤਾਂ ਹਨ, ਅਸੀਂ ਅਰਥ ਦਾ ਹੋਰ ਹੀ ਅਨਰਥ ਕਢਦੇ ਹਾਂ ਜੋ ਸਾਨੂੰ ਫਿਟ ਬੈਠੇ ਉਹ ਅਰਥ ਬਣਾ ਲੈਂਦੇ ਹਾਂ। ਇਹ ਸੰਸਾ ਨਾ ਤਾਂ ਕਿਤਾਬਾਂ ਪੜ੍ਹਨ ਨਾਲ ਹਟਦਾ ਹੈ, ਨਾ ਲੈਕਚਰ ਸੁਣਨ ਨਾਲ ਹਟਦਾ ਹੈ; ਕਦੇ ਕਿਸੇ ਦਾ ਸੁਣ ਲਿਆ, ਕਦੇ ਕਿਸੇ ਦਾ ਸੁਣ ਲਿਆ ਇਕ ਨੇ ਸੰਸੇ ਹੋਰ ਵਧਾ ਦਿਤੇ, ਦੂਜੇ ਨੇ ਕਰਮਕਾਂਡ ਵਿਚ ਪਾ ਦਿਤਾ, ਤੀਜੇ ਨੇ ਸ਼ਰਾ ਵਿਚ ਪਾ ਦਿਤਾ, ਹੁਣ ਜੀਵ ਲੰਘੇ ਕਿਵੇਂ, ਭਟਕਦਾ ਫਿਰੀ ਜਾਂਦਾ ਹੈ। ਸਾਡਾ ਇਹ ਸੁਭਾਅ ਹੈ ਕਿ ਜਿਸ ਦੀ ਗੱਲ ਸੁਣ ਲਈ ਓਹੀ ਮਨ ਵਿਚ ਵਸਾ ਲਈ। ਵਾਹਿਗੁਰੂ ਦੇ ਮਿਲਣ ਦੇ ਅਨੇਕਾਂ ਰਸਤੇ, ਅਨੇਕਾਂ ਸਾਧਨ ਅਚਾਰੀਆ ਨੇ ਚਲਾਏ ਹਨ। ਕੋਈ ਆਪਣੇ ਸਰੀਰ ਨੂੰ ਕਸ਼ਟ ਦਿੰਦਾ ਹੈ, ਕੋਈ ਸੁਖਾਲਾ ਰਖ ਕੇ ਮਿਲਦਾ ਹੈ।

ਗੁਰੂ ਨਾਨਕ ਪਾਤਸ਼ਾਹ ਜਦੋਂ ਰਾਜਾ ਸ਼ਿਵਨਾਭ ਪਾਸ ਪਹੁੰਚਦੇ ਹਨ ਉਥੇ ਬਹੁਤ ਸਾਰੇ ਤਰੀਕੇ ਗੁਰੂ ਮਹਾਰਾਜ ਜੀ ਨੇ ਰਾਜਾ ਸ਼ਿਵਨਾਭ ਨੂੰ ਪ੍ਰਗਟ ਕੀਤੇ ਸਨ। ਨਾਲ ਹੀ ਇਹ ਦਸ ਦਿਤਾ ਕਿ ਸਾਰਿਆਂ ਨਾਲੋਂ ਸੁਖਾਲਾ ਰਸਤਾ ਸ਼ਬਦ ਸੁਰਤ ਮਾਰਗ ਦਾ ਹੈ, ਗੁਰੂ ਦੀ ਸੇਵਾ ਦਾ ਹੈ। ਰਾਜੇ ਸ਼ਿਵਨਾਭ ਦੇ ਪ੍ਰਸੰਗ ਵਿਚ ਲਗਾਤਾਰ 18 ਘੰਟੇ ਇਨ੍ਹਾਂ ਬਚਨਾਂ ਦੀ ਵਿਆਖਿਆ ਹੋ ਚੁਕੀ ਹੈ, ਤੁਹਾਡੇ ਵਿਚੋਂ ਬਹੁਤ ਸਾਰਿਆਂ ਨੇ ਸ੍ਵਣ ਕੀਤੇ ਹਨ। ਮੁਕਦੀ ਗੱਲ ਤਾਂ ਇਹ ਹੈ ਜਦੋਂ ਤਕ ਪੂਰਨ ਮਹਾਂਪੁਰਸ਼ ਦੀ ਸੰਗਤ ਨਹੀਂ ਕਰਦਾ, ਜਗਿਆਸੂ ਲੰਘ ਨਹੀਂ ਸਕਦਾ ਕਿਉਂਕਿ ਅਨੇਕਾਂ ਵਿਚਾਰਵਾਨਾਂ ਦੇ, ਪ੍ਰਚਾਰਕਾਂ ਦੇ, ਕਥਾਕਾਰਾਂ ਦੇ ਬਚਨ ਅਸੀਂ ਸੁਣਦੇ ਹਾਂ, ਤੱਤ ਦੀ ਬਾਤ ਬਹੁਤ ਹੀ ਘੱਟ ਮਿਲਦੀ ਹੈ, ਜਗਿਆਸੂ ਕਦੇ ਕਿਸੇ ਸਾਧਨ ਦੀ ਟੰਗ ਫੜਦਾ ਹੈ, ਕਦੇ ਕਿਸੇ ਹੋਰ ਸਾਧਨ ਦੀ ਬਾਂਹ ਫੜਦਾ ਹੈ ਉਸ ਵਿਚਾਰੇ ਨੂੰ ਪਤਾ ਹੀ ਨਹੀਂ ਲਗਦਾ ਹੈ ਕਿ ਮੈਂ ਕੀ ਕਰਾਂ; ਕਿਹਦੀ ਮੰਨਾਂ, ਕਿਹਦੀ ਨਾ ਮੰਨਾਂ। ਸਾਡੇ ਪਾਸ ਤਾਂ ਇਕੋ ਰਸਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਨਣੇ ਵਿਚ ਆਪਣਾ ਜੀਵਨ ਬਤੀਤ ਕਰੀਏ। ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਹਨ ਕਿ ਜਿੰਨਾਂ ਚਿਰ ਤੱਕ ਤੂੰ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਵਿਚ ਨਹੀਂ ਜਾਂਦਾ, ਰਸਤਾ ਨਹੀਂ ਮਿਲਣਾ ਕਿਉਂਕਿ ਉਹ ਰਾਹ ਦਾ ਪੂਰਨ ਰੂਪ ਵਿਚ ਗਿਆਤਾ ਹੈ ਅਤੇ ਭਵਰਾਂ ਭਰਪੂਰ ਪਾਣੀ ਦੇ ਪਤਣਾਂ 'ਚੋਂ ਲੰਘਿਆ ਹੋਇਆ ਹੈ। ਜੇ ਤੂੰ ਤਾਰੂ ਵੀ ਹੈਂ ਤਾਂ ਵੀ ਜੋ ਦਰਿਆ ਦੇ ਕਿਨਾਰੇ ਰਹਿੰਦੇ ਹਨ ਉਨ੍ਹਾਂ ਤੋਂ ਪੁਛ ਲੈ। ਇਨ੍ਹਾਂ ਅਨੇਕਾਂ ਮਨੌਤਾਂ ਦੇ ਕਾਰਨ ਜੀਵ ਘਿਰਿਆ ਰਹਿੰਦਾ ਨਿਰਣਾ ਹੀ ਨਹੀਂ ਕਰ ਸਕਿਆ ਕਰਦਾ ਕਿ ਮੈਂ ਕਿਸ ਰਸਤੇ ਚਲਾਂ। ਕਦੇ ਸੋਚਦਾ ਹੈ ਕਿ ਆਤਮਾ ਹੈ ਵੀ ਕਿ ਨਹੀਂ, ਉਹ ਤਾਂ ਦਿਸਦੀ ਵੀ ਨਹੀਂ ਪਰ ਮੇਰਾ ਸਰੀਰ ਤਾਂ ਦਿਸਦਾ ਹੈ। ਇਸ ਕਰਕੇ ਮੈਂ ਸਰੀਰ ਹੀ ਹਾਂ। ਆਤਮਾ ਬਾਰੇ ਤਾਂ ਕਹਿੰਦੇ ਹਨ ਉਸ ਦਾ ਕੋਈ ਰੰਗ, ਰੂਪ, ਰੇਖ, ਭੇਖ ਹੀ ਨਹੀਂ, ਚਕਰ, ਚਿਹਨ ਹੀ ਨਹੀਂ। ਉਹ ਕੱਟ ਨਹੀਂ ਹੁੰਦੀ, ਉਹ ਡੁੱਬਦੀ ਵੀ ਨਹੀਂ, ਨਾ ਕਦੇ ਮਰਦੀ ਹੈ, ਨਾ ਜੰਮਦੀ ਹੈ, ਅਬਿਨਾਸ਼ੀ ਹੈ, ਅਸੰਗ ਹੈ, ਅਚਾਹ ਹੈ, ਫੜੀ ਨਹੀਂ ਜਾਂਦੀ ਫੇਰ ਉਹ ਚੀਜ਼ ਕੀ ਹੋਈ? ਕੁਝ ਵੀ ਨਾ ਹੋਇਆ। ਫੇਰ ਕਹਿੰਦੇ ਹਨ ਕਿ ਇਹ ਕਰਤਾ ਹੈ ਜਾਂ ਅਕਰਤਾ ਹੈ, ਜਾਂ ਕੇਵਲ ਸਾਖੀ ਰੂਪ 'ਚ ਦੇਖਦਾ ਹੈ, ਇਹ ਤਾਂ ਕੁਛ ਕਰਦਾ ਹੀ ਨਹੀਂ ਹੈ। ਜੇ ਸਾਖੀ ਹੈ ਤਾਂ ਕੀ ਇਹ ਵਾਹਿਗੁਰੂ ਤੋਂ ਅੱਡ ਹੈ ਕਿ ਵਾਹਿਗੁਰੂ ਦੇ ਨਾਲ ਰਲਿਆ ਹੋਇਆ ਹੈ, ਜਾਂ ਵਾਹਿਗੁਰੂ ਦਾ ਰੂਪ ਹੀ ਹੈ। ਫੇਰ ਅਸੀਂ ਬ੍ਰਹਮ ਨੂੰ ਜਾਨਣ ਵਾਲੇ ਕੌਣ ਹੋਏ? ਅਸੀਂ ਕੌਣ ਹੋਏ ਤੇ ਬ੍ਰਹਮ ਕੀ ਹੋਇਆ? ਇਕ ਜਾਨਣ ਵਾਲਾ ਹੋ ਗਿਆ ਅਤੇ ਇਕ ਜਿਸਨੂੰ ਜਾਣਿਆ ਜਾਂਦਾ ਹੈ ਉਹ ਹੋ ਗਿਆ ਫੇਰ ਤਾਂ ਅਸੀਂ ਦੋ ਹੋ ਗਏ। ਕੀ ਇਹ ਜਾਨਣ ਨਾਲ ਹੀ ਕਿ ਮੈਂ ਬ੍ਰਹਮ ਹਾਂ, ਮੈਂ ਆਤਮਾ ਹਾਂ ਮੇਰਾ ਛੁਟਕਾਰਾ ਹੋ ਜਾਏਗਾ?

ਇਹਦੇ ਨਾਲ ਨਹੀਂ ਪਿਆਰਿਓ ਮੁਕਤੀ ਹੁੰਦੀ ਕਿਉਂਕਿ ਇਹ ਕੇਵਲ ਜਾਨਣ ਦੇ ਮੰਡਲ ਦੀਆਂ ਗੱਲਾਂ ਹਨ, ਬੁੱਝਣ ਦੇ ਮੰਡਲ ਦੀਆਂ ਗੱਲਾਂ ਨਹੀਂ। ਜਦੋਂ ਤਕ ਬੁੱਝਿਆ ਨਹੀਂ ਓਨੀਂ ਦੇਰ ਤਕ ਜਾਨਣਾ ਇਸ ਤਰ੍ਹਾਂ ਹੈ ਜਿਵੇਂ ਸਟੋਰ ਵਿਚ ਕੋਈ ਹੋਰ ਚੀਜ਼ ਲਿਆ ਕੇ ਰੱਖ ਲਈ। ਉਹ ਤਾਂ ਪਹਿਲਾਂ ਹੀ ਭਰਿਆ ਪਿਆ ਹੈ, ਤਰਕ ਵਿਤਰਕ ਹੋਣ ਕਰਕੇ ਉਸ ਵਿਚ ਥਾਂ ਹੀ ਨਹੀਂ ਕਿ ਉਸ ਵਿਚ ਕੋਈ ਹੋਰ ਉਪਦੇਸ਼ ਸਮਾਅ ਜਾਵੇ।

ਸੋ ਇਸ ਤਰ੍ਹਾਂ ਦੇ ਨਾਲ ਸਹਸੇ ਕਰਕੇ ਇਹ ਜੀਵ ਮਲੀਨ ਹੋਇਆ ਹੋਇਆ ਹੈ। ਜਿੰਨਾਂ ਚਿਰ ਇਹ ਮਲੀਨ ਹੈ ਇਹਦੇ ਵਿਚ ਆਤਮਾ ਦਾ ਪ੍ਰਕਾਸ਼ ਨਹੀਂ ਪਿਆ ਕਰਦਾ। ਜਿਸ ਤਰ੍ਹਾਂ ਨਾਲ ਸ਼ੀਸ਼ਾ ਮੈਲਾ ਹੈ, ਉਹਦੇ ਵਿਚ ਮੂੰਹ ਨਹੀਂ ਦੇਖਿਆ ਜਾ ਸਕਦਾ। ਫੇਰ ਕੀ ਕਰਿਆ

ਜਾਵੇ? ਪੜ੍ਹੋ ਪਿਆਰ ਨਾਲ–

**ਧਾਰਨਾ – ਕਿਤ ਸੰਜਮ ਧੋਈਐ ਜੀ.**
**ਸਹਸੇ ਜੀਉ ਮਲੀਣ ਹੈ,**

ਮਹਾਂਪੁਰਸ਼ ਫੁਰਮਾਨ ਕਰਦੇ ਹਨ ਕਿ ਜਿਸ ਦੇ ਮਨ ਵਿਚ ਸਹਸਾ ਹੈ, ਭਰਮ ਹੈ, ਸੰਸਾ ਹੈ, ਉਹ ਪ੍ਰਮ ਦੁਖੀ ਹੈ ਕਿਉਂਕਿ ਉਸ ਨੂੰ ਕੋਈ ਮਾਰਗ ਨਹੀਂ ਮਿਲਦਾ।

ਇਕ ਵਾਰੀ ਇਕ ਪ੍ਰੇਮੀ ਛੇ ਸਾਸ਼ਤਰ ਪੜ੍ਹ ਕੇ ਜਿਸ ਨੂੰ ਖਟਸਾਸ਼ਤਰੀ ਆਖਿਆ ਜਾਂਦਾ ਹੈ ਘਰ ਆ ਗਿਆ, ਉਸ ਨੇ ਕਿਹਾ ਕਿ ਮੈਂ ਤਾਂ ਪੜ੍ਹ ਆਇਆ ਹਾਂ ਕਿ ਆਤਮਾ ਨੂੰ ਨਾ ਕੋਈ ਪੁੰਨ ਲਗਦਾ ਹੈ, ਨਾ ਕੋਈ ਪਾਪ ਲਗਦਾ ਹੈ ਇਸ ਕਰਕੇ ਕੋਈ ਸੰਸਾ ਨਹੀਂ ਕਰਨਾ ਚਾਹੀਦਾ। ਉਸ ਦਾ ਮਨ ਵਿਕਾਰੀ ਹੋ ਗਿਆ, ਵਿਸ਼ੇ ਭੋਗਾਂ ਵਿਚ ਪ੍ਰਵਿਰਤ ਹੋ ਗਿਆ ਅਤੇ ਇਹੀ ਸਮਝੀ ਜਾਇਆ ਕਰੇ ਕਿ ਮੈਨੂੰ ਕੋਈ ਪਾਪ ਨਹੀਂ ਲਗਦਾ, ਪੁੰਨ ਨਹੀਂ ਲਗਦਾ, ਮੈਂ ਤਾਂ ਨਿਰਲੇਪ ਹਾਂ। ਜਦੋਂ ਕੋਈ ਆਦਮੀ ਇਸ ਤਰ੍ਹਾਂ ਦੇ ਨਾਲ ਸੰਸਾਰਕ ਮਰਿਆਦਾ ਨੂੰ ਤੋੜਦਾ ਹੈ, ਵਿਸ਼ੇ ਭੋਗਾਂ ਵਿਚ ਚਲਾ ਜਾਂਦਾ ਹੈ ਤਾਂ ਉਸਦਾ ਅੰਤਸ਼ਕਰਣ ਮਲੀਨ ਹੋ ਜਾਂਦਾ ਹੈ। ਸਿਆਣਿਆਂ ਨੇ ਮਰਿਆਦਾਵਾਂ ਬੰਨ੍ਹੀਆਂ ਹੋਈਆਂ ਹਨ, ਉਨ੍ਹਾਂ ਮਰਿਆਦਾਵਾਂ ਤੋਂ ਬਾਹਰ ਚਲਣ ਨਾਲ ਭਜਨ ਬੰਦਗੀ ਬਿਲਕੁਲ ਖਤਮ ਹੋ ਜਾਵੇਗੀ। ਸੋ ਇਹ ਸਾਸ਼ਤਰੀ ਵਿਕਾਰਾਂ ਵਿਚ ਪਿਆ ਹੋਇਆ ਇਕ ਗੱਲ ਕਹੀ ਜਾਂਦਾ ਹੈ 'ਅਹੰ ਬ੍ਰਹਮਅਸਵੀ, ਨਿਸੰਗ ਭੋਗ ਲੱਛਮੀ।'

ਮੈਨੂੰ ਪਾਪ ਨਹੀਂ ਲਗਦਾ, ਚਾਹੇ ਕੁਝ ਵੀ ਖਾ ਲਵਾਂ, ਮੈਂ ਤਾਂ ਨਿਰਲੇਪ ਹਾਂ। ਬਿਲਕੁਲ ਨਾਸਤਕ ਹੋ ਗਿਆ ਕਿ ਜਿਹਦਾ ਕੋਈ ਰੂਪ ਰੰਗ, ਰੇਖ, ਭੇਖ ਹੀ ਨਹੀਂ ਉਹ ਵੀ ਕੋਈ ਚੀਜ਼ ਹੋ ਸਕਦੀ ਹੈ? ਇਹ ਤਾਂ ਢਕੋਂਸਲਾ ਬਣਾਇਆ ਹੋਇਆ ਹੈ। ਐਨੇ ਸੰਸਕਾਰ ਪੱਕ ਗਏ। ਸਾਸ਼ਤਰਾਂ ਵਿਚ ਬਹੁਤ ਘੱਟ ਵਿਚਾਰ ਆਉਂਦੀ ਹੈ, ਉਸ ਵਿਚ ਪ੍ਰਮੇਸ਼ਰ ਸਰਬ ਕਲਾ ਸਮਰੱਥ ਨਹੀਂ ਹੈ, ਉਨ੍ਹਾਂ ਵਿਚ ਤਾਂ ਇਹ ਵੀ ਲਿਖਿਆ ਹੋਇਆ ਹੈ ਕਿ ਪ੍ਰਮੇਸ਼ਰ ਆਪ ਸ੍ਰਿਸ਼ਟੀ ਨਹੀਂ ਸਾਜ ਸਕਦਾ, ਸ੍ਰਿਸ਼ਟੀ ਤਾਂ ਈਸ਼ਵਰ ਮਾਇਆ ਦੀ ਮਦਦ ਲੈ ਕੇ ਸਾਜਦਾ ਹੈ ਅਤੇ ਆਪ ਨਿਰਲੇਪ ਰਹਿੰਦਾ ਹੈ ਜੀਵ ਇਸ ਵਿਚ ਫਸ ਜਾਂਦਾ ਹੈ। ਸੋ ਅਜਿਹੇ ਖਿਆਲ ਸੋਚਦੇ-ਸੋਚਦੇ ਉਸ ਨੇ ਕਿਹਾ ਕਿ ਰੱਬ ਤਾਂ ਹੋਣਾ ਹੀ ਨਹੀਂ ਹੈ, ਐਵੇਂ ਢਕੋਂਸਲਾ ਘੜਿਆ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪ੍ਰਮੇਸ਼ਰ ਸਰਬ ਕਲਾ ਸਮਰੱਥ ਕਰਨ ਕਾਰਨ ਹੈ ਜਿਵੇਂ ਕਿ ਫੁਰਮਾਨ ਹੈ –

**ਕਰਨ ਕਾਰਣ ਪ੍ਰਭੁ ਏਕੁ ਹੈ**
**ਦੂਸਰ ਨਾਹੀ ਕੋਇ॥**
**ਨਾਨਕ ਤਿਸੁ ਬਲਿਹਾਰਣੈ**
**ਜਲਿ ਥਲਿ ਮਹੀਅਲਿ ਸੋਇ॥**

*ਪੰਨਾ – 276*

ਪਰ ਇਹ ਪ੍ਰੇਮੀ ਮੰਨਦਾ ਨਹੀਂ ਸੀ, ਉਹ ਇਹੀ ਕਹਿੰਦਾ ਸੀ ਕਿ ਰੱਬ ਤਾਂ ਹੈ ਹੀ ਨਹੀਂ। ਗੁਰੂ ਮਹਾਰਾਜ ਜੀ ਸਾਨੂੰ ਦਸਦੇ ਹਨ ਕਿ ਪਿਆਰਿਆ! ਕਦੇ ਐਸੀ ਗੱਲ ਨਾ ਸੋਚ ਬੈਠੀਂ। ਵਾਹਿਗੁਰੂ ਜੀ ਦਾ ਰੂਪ, ਰੰਗ, ਰੇਖ, ਭੇਖ ਭਾਵੇਂ ਕੋਈ ਨਹੀਂ ਹੈ ਪਰ ਉਹ ਸਦਾ ਸਾਰੇ ਰੂਪਾਂ, ਰੰਗਾਂ ਵਿਚ ਹਨ ਉਹ ਆਪੇ ਹੀ ਆਪ ਆਪਣੀ ਮੌਜ ਵਿਚ ਖੇਲ੍ਹ ਕੇ ਜਗਤ ਦੀ ਉਤਪਤੀ ਕਰ ਲੈਂਦੇ ਹਨ ਅਤੇ ਜਦੋਂ ਖੇਲ੍ਹ ਸੰਕੋਚਦੇ ਹਨ ਤਾਂ ਆਪ ਹੀ ਰਹਿ ਜਾਂਦੇ ਹਨ। ਜਗਤ ਵੀ ਓਹੀ ਵਾਹਿਗੁਰੂ ਹੈ ਅਤੇ ਸੰਕੋਚ ਕੇ ਜਦੋਂ ਆਪੇ ਆਪ ਹੈ ਫਿਰ ਵੀ ਆਪੇ ਆਪ ਇਕ ਹੈ ਅਤੇ ਆਪੇ ਹੀ ਵਿਸਥਾਰ ਕਰਦਾ ਹੈ, ਆਪੇ ਹੀ ਆਪਣੀ ਖੇਲ੍ਹ ਸੰਕੋਚਦਾ ਹੈ ਤਾਂ –

**ਏਕ ਮੂਰਤ ਅਨੇਕ ਦਰਸਨ**
**ਕੀਨ ਰੂਪ ਅਨੇਕ॥**
**ਖੇਲ ਖੇਲ ਅਖੇਲ ਖੇਲਨ**
**ਅੰਤ ਕੋ ਫਿਰ ਏਕ॥** *ਜਾਪੁ ਸਾਹਿਬ*

ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ –

**ਸੂਛਮ ਤੇ ਸੂਛਮ ਕਰ ਚੀਨੇ**
**ਬ੍ਰਿਧਨ ਬ੍ਰਿਧ ਬਤਾਏ॥**
**ਭੂਮ ਅਕਾਸ ਪਤਾਲ ਸਭੈ ਸਜਿ**
**ਏਕ ਅਨੇਕ ਸਦਾਏ॥** *ਪਾਤਸ਼ਾਹੀ ੧੦*

ਇਕ ਹੀ ਅਨੇਕ ਹੋਇਆ ਹੈ, ਓਹਦੀ ਤਾਕਤ ਵਿਚ ਫਰਕ ਨਹੀਂ ਪੈਂਦਾ। ਇਕ ਮਿਸਾਲ ਨਾਲ ਗੱਲ ਸਮਝ ਵਿਚ ਆ ਜਾਵੇਗੀ ਕਿ ਵਿਸ਼ਾਲ ਸਮੁੰਦਰ ਆਪਣੀ ਮਹਿਮਾ ਵਿਚ ਆਪ ਹੀ ਖੇਲ੍ਹ ਰਿਹਾ ਹੈ ਉਸ ਵਿਚੋਂ ਹਵਾ ਦੇ ਵੇਗ ਨਾਲ ਅਨੇਕਾਂ ਲਹਿਰਾਂ ਉਠਦੀਆਂ ਹਨ ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਵੀਹ-ਵੀਹ,ਚਾਲੀ-ਚਾਲੀ ਫੁੱਟ ਉਚੀਆਂ ਉਠਦੀਆਂ ਹਨ। ਲਹਿਰਾਂ ਉਠਣ ਦੇ ਨਾਲ ਸਮੁੰਦਰ ਦਾ ਕਦੇ ਵੀ ਕੁਝ ਨਹੀਂ ਘਟਦਾ ਕਿਉਂਕਿ ਸਮੁੰਦਰ ਆਪ ਹੀ ਲਹਿਰ ਹੈ, ਆਪ ਹੀ ਝੱਗ ਹੈ, ਆਪ ਹੀ ਬੁਲਬਲਾ ਹੈ ਜਿਵੇਂ ਕਿ ਫੁਰਮਾਨ ਹੈ –

**ਜਲ ਤਰੰਗ ਅਰੁ ਫੇਨ ਬੁਦਬੁਦਾ**
**ਜਲ ਤੇ ਭਿੰਨ ਨ ਹੋਈ॥**

*ਪੰਨਾ – 485*

ਇਸੇ ਤਰ੍ਹਾਂ ਨਾਲ ਸੰਸਾਰ ਵਾਹਿਗੁਰੂ ਜੀ ਦੀ ਆਪਣੀ ਹੀ ਮੌਜ ਦੇ ਨਾਲ ਚੇਤਨ ਸਰਗੁਣ ਹੋ ਕੇ ਰੂਪਮਾਨ ਹੋਇਆ ਖੇਲ੍ਹ ਰਿਹਾ ਹੈ, ਇਸ ਦਾ ਇਹ ਮਤਲਬ ਨਹੀਂ ਕਿ ਵਾਹਿਗੁਰੂ ਜੀ ਦਾ ਕੁਝ ਘਟ ਗਿਆ। ਵਾਹਿਗੁਰੂ ਜੀ, ਵਿਚ ਹੁੰਦੇ ਹੋਏ ਵੀ ਨਿਰਲੇਪ ਹਨ। ਸੋ ਇਹ ਪ੍ਰਕ੍ਰਿਤੀ ਅਤੇ ਪੁਰਖ ਦੇ ਸਿਧਾਂਤ ਨੂੰ ਪੜ੍ਹ ਕੇ ਇਹ ਨਿਸ਼ਚਾ ਹੁੰਦਾ ਹੈ ਕਿ ਪ੍ਰਕਿਰਤੀ ਵਿਚ ਬਹੁਤ ਬਲ ਹੈ, ਮਾਇਆ ਹੀ ਅਨੇਕਾਂ ਕੌਤਕ ਕਰਾ ਰਹੀ ਹੈ, ਸਾਰਾ ਦ੍ਰਿਸ਼ਟਮਾਨ ਮਾਇਆ ਹੈ। ਸੋ ਇਹ ਸ਼ਾਸਤਰੀ ਅਜਿਹੇ ਵਿਚਾਰਾਂ ਵਿਚ ਪੂਰੀ ਤਰ੍ਹਾਂ ਨਾਸਤਕ ਹੋ ਗਿਆ ਅਤੇ ਇਹ ਕਹਿਣਾ ਸ਼ੁਰੂ ਕਰ ਦਿਤਾ ਕਿ ਰੱਬ ਤਾਂ ਹੈ ਹੀ ਨਹੀਂ।

ਇਹ ਬਹੁਤ ਬੁਰੀ ਕਿਸਮ ਦਾ ਸੰਸਾ ਹੈ। ਜਿਸ ਆਦਮੀ ਅੰਦਰ ਇਹ ਪੈ ਜਾਵੇ ਉਹ ਮੂਲੋਂ ਹੀ ਭੁੱਲਿਆ ਹੋਇਆ ਬੰਦਾ ਹੁੰਦਾ ਹੈ, ਜੋ ਵੀ ਵਿਦਵਾਨ ਮਿਲਦਾ, ਇਸ ਨੇ ਇਹੀ ਸਵਾਲ ਕਰਨਾ ਕਿ ਜਿਸ ਦਾ ਰੂਪ ਰੰਗ, ਰੇਖ, ਭੇਖ ਹੀ ਨਹੀਂ ਉਹ ਚੀਜ਼ ਵੀ ਹੈ ਨਹੀਂ, ਐਵੇਂ ਵਾਧੂ ਦਾ ਢਕੌਂਸਲਾ ਘੜਿਆ ਹੋਇਆ ਹੈ, ਲੋਕਾਂ ਨੂੰ ਉਲਟੇ ਰਸਤੇ ਪਾਇਆ ਹੋਇਆ ਹੈ।

ਇਕ ਮਹਾਤਮਾ ਦੇ ਕੋਲ ਇਹ ਚਲਿਆ ਗਿਆ ਉਥੇ ਜਾ ਕੇ ਇਸ ਨੇ ਓਹੀ ਸਵਾਲ ਕੀਤਾ। ਮਹਾਂਪੁਰਸ਼ੋ! ਕਿਉਂ ਦੁਨੀਆਂ ਨੂੰ ਧੋਖਾ ਦੇ ਰਹੇ ਹੋ ਮੈਂ ਛੇ ਸਾਸ਼ਤਰ ਪੜ੍ਹਿਆ ਹੋਇਆ ਹਾਂ, ਰੱਬ ਤਾਂ ਹੈ ਹੀ ਨਹੀਂ, ਜਿਸ ਦਾ ਰੂਪ, ਰੰਗ, ਰੇਖ, ਭੇਖ, ਚਕਰ, ਚਿਹਨ ਨਹੀਂ ਉਹ ਚੀਜ਼ ਵੀ ਕਦੇ ਹੋਇਆ ਕਰਦੀ ਹੈ? ਕਈ ਬੰਦੇ ਭੁੱਲੇ ਹੋਏ ਸਾਧਾਰਨ ਪ੍ਰੇਮੀਆਂ ਨਾਲ ਗੱਲਬਾਤ ਕਰਦੇ ਹੋਏ ਇਹੋ ਗੱਲ ਕਹਿੰਦੇ ਹਨ ਜੇ ਰੱਬ ਹੈ ਤਾਂ ਦਿਖਾਓ। ਅਸੀਂ ਕਹਿੰਦੇ ਹਾਂ ਕਿ ਪਹਾੜ ਹੈ, ਸਮੁੰਦਰ ਹੈ, ਤਾਰੇ ਹਨ, ਧੁੱਪ ਹੈ, ਹਨ੍ਹੇਰਾ ਹੈ, ਅਸੀਂ ਦਿਖਾ ਸਕਦੇ ਹਾਂ ਪਰ ਜੇ ਰੱਬ ਹੈ ਤਾਂ ਕੋਈ ਦਿਖਾਵੇ। ਜਿਹੜੀ ਚੀਜ਼ ਦਿਸਦੀ ਹੀ ਨਹੀਂ, ਜਿਸ ਨੂੰ ਅਗੰਮ ਤੇ ਅਗੋਚਰ ਕਹਿੰਦੇ ਹਨ ਉਹ ਚੀਜ਼ ਹੈ ਹੀ ਨਹੀਂ। ਨਾਸਤਕ ਅਤੇ ਘੱਟ ਅਕਲ ਵਾਲੇ ਪੁਰਸ਼ ਐਸੀਆਂ ਗੱਲਾਂ ਆਮ ਹੀ ਕਰਦੇ ਹਨ।

ਇਸ ਸਾਸ਼ਤਰੀ ਨੇ ਵੀ ਮਹਾਂਪੁਰਸ਼ਾਂ ਕੋਲ ਇਹੀ ਸਵਾਲ ਰੱਖੇ। ਮਹਾਂਪੁਰਸ਼ ਬੜੇ ਸਰਲ ਤੇ ਸੰਕੋਚ ਬਿਰਤੀ ਵਿਚ ਰਹਿੰਦੇ ਸਨ। ਉਨ੍ਹਾਂ ਨੇ ਦੇਖਿਆ ਕਿ ਇਹ ਗਾਲ੍ਹੜੀ ਬੰਦਾ ਹੈ, ਇਸ ਨੂੰ ਮੈਂ ਦੂਜੇ ਸੰਤਾਂ ਕੋਲ ਭੇਜ ਦਿੰਦਾ ਹਾਂ, ਉਹ ਪੜ੍ਹੇ ਲਿਖੇ ਵੀ ਹਨ ਅਤੇ ਇਸ ਦਾ ਉਤਰ ਵੀ ਤਰੀਕੇ ਨਾਲ ਦੇ ਦੇਣਗੇ। ਉਨ੍ਹਾਂ ਨੇ ਕਿਹਾ ਕਿ ਮੈਂ ਤਾਂ ਭਾਈ ਅਨਪੜ੍ਹ ਹਾਂ, ਤੂੰ ਇਹੀ ਸਮਝ ਲੈ ਕਿ ਤੇਰਾ ਵਾਹ ਉਨ੍ਹਾਂ ਨਾਲ ਪੈ ਗਿਆ ਜਿਹੜੇ ਪ੍ਰਸ਼ਾਦਾ ਪਾਣੀ ਛਕ ਕੇ ਵਿਹਲੇ ਰਹਿਕੇ ਹੀ ਆਪਣਾ ਟਾਈਮ ਪਾਸ ਕਰ ਲੈਂਦੇ ਹਨ। ਪਰ ਮੈਂ ਤੈਨੂੰ ਇਕ ਮਹਾਤਮਾ ਦੀ ਦਸ ਪਾਉਂਦਾ ਹਾਂ ਉਥੇ ਤੇਰੇ ਵਰਗੇ ਭੇੜੂ ਜਾਇਆ ਕਰਦੇ ਹਨ।

ਉਹ ਪਤਾ ਪੁਛ ਕੇ ਉਸ ਮਹਾਤਮਾ ਪਾਸ ਪਹੁੰਚ ਜਾਂਦਾ ਹੈ। ਉਸ ਨੇ ਜਾ ਕੇ ਕੋਈ ਸ਼ਰਧਾਪੂਰਵਕ ਨਮਸਕਾਰ ਵੀ ਨਾ ਕੀਤੀ ਅਤੇ ਚਾਹਿਆ ਕਿ ਮਹਾਤਮਾ ਉਠ ਕੇ ਮੇਰਾ ਸਤਿਕਾਰ ਕਰਨ ਕਿਉਂਕਿ ਮੈਂ ਛੇ ਸਾਸ਼ਤਰਾਂ ਦਾ ਗਿਆਤਾ ਹਾਂ। ਇਹ ਮਹਾਤਮਾ ਆਮ ਤੌਰ ਤੇ ਅਨਪੜ੍ਹ ਹੀ ਹੋਇਆ ਕਰਦੇ ਹਨ। ਜਾ ਕੇ ਸਾਮ੍ਹਣੇ ਬੈਠ ਗਿਆ। ਮਹਾਤਮਾ ਨੇ ਇਕ ਦਮ ਦੇਖ ਲਿਆ ਕਿ ਕੋਈ ਨਾਸਤਕ ਪੁਰਸ਼ ਆਇਆ ਹੈ ਜਿਸ ਨੂੰ ਸ਼ਿਸ਼ਟਾਚਾਰ ਦਾ ਵੀ ਪਤਾ ਨਹੀਂ ਹੈ ਕਿ ਜਦੋਂ ਕਿਸੇ ਕੋਲ ਜਾਈਏ ਤਾਂ ਰਾਮ-ਰਾਮ, ਸਤਿ ਸ੍ਰੀ ਅਕਾਲ ਜਾਂ ਕੁਝ ਅਦਬ ਦਾ ਵਰਤਾਵਾ ਕਰਕੇ ਮਿਲੀਦਾ ਹੈ। ਮਹਾਤਮਾ ਚੁੱਪ ਰਹੇ। ਉਸ ਨੇ ਕਿਹਾ ਕਿ ਸੰਤ ਜੀ! ਮੈਂ ਤੁਹਾਡੇ ਪਾਸ ਤਿੰਨ ਗੱਲਾਂ ਪੁਛਣ ਵਾਸਤੇ ਆਇਆ ਹਾਂ; ਇਕ ਤਾਂ ਇਹ ਹੈ ਕਿ ਜਿਸ ਦਾ ਰੂਪ, ਰੰਗ, ਰੇਖ, ਭੇਖ ਹੀ ਨਹੀਂ ਹੈ ਉਹ ਚੀਜ਼ ਵੀ ਨਹੀਂ ਹੋਣੀ ਚਾਹੀਦੀ, ਐਵੇਂ ਢਕੌਂਸਲਾ ਹੈ। ਰੱਬ ਦਾ ਕੋਈ ਰੂਪ, ਰੰਗ, ਰੇਖ, ਭੇਖ ਹੈ ਹੀ ਨਹੀਂ ਇਸ ਦੇ ਬਾਰੇ ਤੁਹਾਡਾ ਕੀ ਖਿਆਲ ਹੈ। ਦੂਸਰਾ ਉਸ ਨੇ ਕਿਹਾ ਕਿ ਮੈਂ ਪੜ੍ਹਿਆ ਹੈ ਕਿ ਜੋ ਵਿਸ਼ੇ ਭੋਗਦੇ ਹਨ ਉਨ੍ਹਾਂ ਕਾਮੀ ਪੁਰਸ਼ਾਂ ਨੂੰ ਰੌਰਵ ਨਰਕ ਵਿਚ ਤੱਤੇ ਥੰਮਾਂ ਨਾਲ ਲਾ ਦਿਤਾ ਜਾਂਦਾ ਹੈ; ਤੁਸੀਂ ਦੱਸੋ ਕਾਮ ਤਾਂ ਹੱਦ ਤੋਂ ਜ਼ਿਆਦਾ ਗਰਮ ਹੈ, ਉਹ ਤੱਤੇ ਥੰਮ ਨਾਲੋਂ ਵੀ ਗਰਮ ਹੈ ਇਹ ਸਜ਼ਾ ਹੋਈ ਕਾਮੀ ਪੁਰਸ਼ ਨੂੰ ਜਾਂ ਥੰਮ ਨੂੰ? ਤੀਸਰਾ ਪ੍ਰਸ਼ਨ ਇਹ ਹੈ ਕਿ ਕਰਮ ਕਿਵੇਂ ਕੰਮ ਕਰਦੇ ਹਨ? ਮਹਾਤਮਾ ਚੁੱਪ ਰਹੇ। ਕਹਿਣ ਲੱਗੇ ਕਿ ਤੁਸੀਂ ਮੇਰਾ ਕੋਈ ਵੀ ਉਤਰ ਨਹੀਂ ਦਿੰਦੇ। ਐਵੇਂ ਰੋਟੀ ਪਾਣੀ ਛਕਣ ਵਾਲੇ ਮਹਾਤਮਾ ਲਗਦੇ ਹੋਂ। ਮੈਂ ਤੁਹਾਡੇ ਪਾਸ ਗਲਤੀ ਨਾਲ ਆ ਗਿਆ ਹਾਂ। ਮੈਨੂੰ ਤਾਂ ਇਕ ਸੰਤ ਨੇ ਭੇਜਿਆ ਹੈ। ਮਹਾਤਮਾ ਨੇ ਦੇਖ ਲਿਆ ਕਿ ਅੱਜ ਇਕ ਬਤੰਡਾਵਾਦੀ ਆ ਗਿਆ। ਇਹ ਕੋਈ ਨਵੀਂਓ ਉਪਾਧੀ ਖੜ੍ਹੀ ਕਰੇਗਾ, ਇਹ ਵਿਚਾਰ ਕੇ ਆਪ ਚੁੱਪ ਕਰ ਰਹੇ। ਮਹਾਤਮਾ ਚੁਪ ਕਰਕੇ ਬੈਠੇ ਰਹੇ। ਇਹ ਫੇਰ ਲੋਹਾ ਲਾਖਾ ਹੋ ਕੇ ਬੋਲਿਆ ਕਿ ਮੈਂ ਤੇਰੇ ਕੋਲ ਆਇਆ ਹਾਂ; ਮੈ ਵਿਹਲਾ ਹਾਂ? ਇਹ ਬੜੇ ਕ੍ਰੋਧ ਵਿਚ ਆ ਗਿਆ। ਮਹਾਤਮਾ ਦੇ ਪਾਸ ਇਕ ਰੋੜਾ ਪਿਆ ਸੀ ਮਿੱਟੀ ਦਾ। ਉਨ੍ਹਾਂ ਨੇ ਸਹਿਜ ਨਾਲ ਚੁਕ ਕੇ ਇਹਦੇ ਮਾਰਿਆ। ਰੋੜਾ ਲੱਗਣ ਦੀ ਦੇਰ ਸੀ ਕਿ ਇਹ ਕ੍ਰੋਧਿਤ ਹੋਇਆ ਹੋਇਆ ਗਾਲ੍ਹਾਂ ਕੱਢਣ ਲਗ ਗਿਆ ਅਤੇ ਜਾ ਕੇ ਤਿੰਨ ਚਾਰ ਮੁੱਕੇ ਮਾਰ ਦਿਤੇ। ਮਹਾਤਮਾ ਕਹਿਣ ਲੱਗੇ, "ਕਿਉਂ ਤੂੰ ਇਹ ਗੱਲ ਸਾਡੇ ਨਾਲ ਕਰਦਾ ਹੈਂ? ਕਿਉਂ ਅਸਾਨੂੰ ਮਾਰਦਾ ਹੈਂ?" ਕਹਿਣ ਲੱਗਿਆ ਕਿ ਤੁਸੀਂ ਮੇਰੇ ਰੋੜਾ ਮਾਰਿਆ ਹੈ। ਮਹਾਤਮਾ ਕਹਿੰਦੇ ਪਿਆਰਿਆ! ਅਸੀਂ ਤੇਰੇ ਰੋੜਾ ਨਹੀਂ ਮਾਰਿਆ, ਅਸੀਂ ਤੇਰੇ ਸਾਰੇ ਪ੍ਰਸ਼ਨਾਂ ਦਾ ਉਤਰ ਦਿਤਾ ਹੈ। ਕਹਿਣ ਲੱਗਿਆ ਕਿ ਮੇਰੇ ਪ੍ਰਸ਼ਨਾਂ ਦਾ ਉਤਰ ਦਿਤਾ ਹੈ ਕਿ ਮੇਰੇ ਰੋੜਾ ਮਾਰਿਆ ਹੈ? ਤੁਸੀਂ ਮੇਰੇ ਪ੍ਰਸ਼ਨਾਂ ਦਾ ਉਤਰ ਕਿਵੇਂ ਦਿਤਾ ਹੈ? ਮਹਾਤਮਾ ਕਹਿਣ ਲੱਗੇ ਪ੍ਰੇਮੀਆ! ਐਂ ਦੱਸ ਤੈਨੂੰ ਰੋੜਾ ਲਗਣ ਨਾਲ ਕੀ ਹੋਇਆ, ਤੂੰ ਐਨਾ ਗੁੱਸੇ ਵਿਚ ਆ ਗਿਆ ਅਤੇ ਸਾਨੂੰ ਕੁਟਣ ਲਗ ਗਿਆ। ਕਹਿਣ ਲੱਗਿਆ ਕਿ ਰੋੜਾ ਮਾਰਨ ਨਾਲ ਮੈਨੂੰ ਪੀੜ ਹੋਈ ਹੈ। ਮਹਾਤਮਾ ਕਹਿੰਦੇ ਪ੍ਰੇਮੀਆ! ਕੀ ਤੂੰ ਦਸ ਸਕਦਾ ਹੈਂ ਕਿ ਜਿਹੜਾ ਤੈਨੂੰ ਰੋੜਾ ਲੱਗਣ ਨਾਲ ਪੀੜ ਹੋਈ ਹੈ ਉਸ ਦਾ ਕੋਈ ਰੂਪ, ਰੰਗ, ਰੇਖ, ਭੇਖ ਹੈ? ਕਹਿਣ ਲੱਗਿਆ, "ਉਹ ਗੱਲ ਤਾਂ ਹੈ ਨਹੀਂ, ਪੀੜ ਹੋਈ ਹੈ। ਕਿਵੇਂ ਦਸ ਸਕਦਾ ਹਾਂ, ਮੈਂ ਤਾਂ ਮਹਿਸੂਸ ਕੀਤੀ ਹੈ।" ਮਹਾਤਮਾ ਕਹਿਣ ਲੱਗੇ ਕਿ ਪਿਆਰਿਆ! ਜਿਸ ਤਰ੍ਹਾਂ ਤੂੰ ਪੀੜ ਮਹਿਸੂਸ ਕੀਤੀ ਹੈ ਇਸੇ ਤਰ੍ਹਾਂ ਪ੍ਰਮੇਸ਼ਰ ਨੂੰ ਵੀ ਮਹਿਸੂਸ ਕੀਤਾ ਜਾਂਦਾ ਹੈ ਉਹ ਅਨੁਭਵ ਪ੍ਰਕਾਸ਼ ਹੈ, ਰੂਪ, ਰੰਗ, ਰੇਖ, ਭੇਖ ਤੋਂ ਨਿਆਰਾ ਹੈ। ਜਦੋਂ ਕੋਈ ਕਿਸੇ ਨੂੰ ਕੋਈ ਗਾਲ੍ਹਾਂ ਕੱਢਦਾ ਹੈ ਉਸ ਨੂੰ ਕੋਈ

ਸੱਟ ਤਾਂ ਨਹੀਂ ਲਗਦੀ? ਗਾਲ੍ਹਾਂ ਤਾਂ ਅੱਖਰ ਹੀ ਹਨ, ਤੂੰ ਕਹਿੰਦਾ ਹੈਂ ਜਿਸ ਦਾ ਰੂਪ, ਰੰਗ, ਰੇਖ, ਭੇਖ ਨਹੀਂ ਉਹ ਹੁੰਦਾ ਹੀ ਨਹੀਂ। ਹੁਣ ਗਾਲ੍ਹ ਕੱਢਣ ਤੇ ਤੇਰੇ ਮਨ ਨੂੰ ਪੀੜ ਹੋਈ, ਗਾਲ੍ਹ ਕੱਢਣ ਵਾਲਾ ਦੂਰ ਖੜ੍ਹਾ ਹੈ, ਉਸ ਤੋਂ ਕਾਫੀ ਦੂਰ ਤੂੰ ਖੜ੍ਹਾ ਹੈਂ, ਕੋਈ ਚੀਜ਼ ਤਾਂ ਤੂੰ ਦੇਖੀ ਨਹੀਂ ਜੋ ਤੇਰੇ ਆ ਕੇ ਲੱਗੀ। ਸੋਚ, ਤੈਨੂੰ ਅਸਰ ਹੋਇਆ ਉਸ ਗੱਲ ਦਾ, ਅਸੀਂ ਰੋੜਾ ਮਾਰਿਆ ਤੂੰ ਮਹਿਸੂਸ ਕੀਤਾ। ਪ੍ਰੇਮੀਆਂ! ਇਸੇ ਤਰ੍ਹਾਂ ਪ੍ਰਮੇਸ਼ਰ ਅਨੁਭਵ ਪ੍ਰਕਾਸ਼ ਹੁੰਦਾ ਹੈ –

*ਚਕ੍ਰ ਚਿਹਨ ਅਰੁ ਬਰਨ ਜਾਤ*
*ਅਰੁ ਪਾਤ ਨਹਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ*
*ਕੋਊ ਕਹਿ ਨ ਸਕਤ ਕਿਹ॥*

*ਜਾਪੁ ਸਾਹਿਬ*

ਜਿਸ ਦੇ ਅੰਦਰੋਂ ਆਵਰਣ ਦੀ ਮੈਲ ਹਟ ਜਾਵੇ ਫੇਰ ਉਹ ਪ੍ਰਕਾਸ਼ਤ ਹੋ ਜਾਂਦਾ ਹੈ, ਜਿਵੇਂ ਹਨ੍ਹੇਰੀ ਰਾਤ ਤੋਂ ਬਾਦ ਜਦੋਂ ਸੂਰਜ ਚੜ੍ਹਦਾ ਹੈ ਰਾਤ ਖਤਮ ਹੋ ਜਾਂਦੀ ਹੈ –

*ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ*
*ਸਤਿਗੁਰ ਕੀ ਇਕ ਸਾਖੀ॥*
*ਜਿਸੁ ਧੁਰਿ ਭਾਗ ਹੋਵੈ ਮੁਖਿ ਮਸਤਕਿ*
*ਤਿਨਿ ਜਨਿ ਲੈ ਹਿਰਦੈ ਰਾਖੀ॥*
*ਹਰਿ ਅੰਮ੍ਰਿਤ ਕਥਾ ਸਰੇਸਟ ਊਤਮ*
*ਗੁਰ ਬਚਨੀ ਸਹਜੇ ਚਾਖੀ॥*
*ਤਹ ਭਇਆ ਪ੍ਰਗਾਸੁ ਮਿਟਿਆ*
*ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ॥*
*ਅਦਿਸਟੁ ਅਗੋਚਰੁ ਅਲਖੁ ਨਿਰੰਜਨੁ*
*ਸੋ ਦੇਖਿਆ ਗੁਰਮੁਖਿ ਆਖੀ॥*

*ਪੰਨਾ – 88*

ਮਸਿਆ ਦੀ ਹਨ੍ਹੇਰੀ ਰਾਤ ਹੈ, ਜਦੋਂ ਸੂਰਜ ਦਾ ਚਾਨਣਾ ਹੋ ਗਿਆ ਓਸੇ ਵੇਲੇ ਰਾਤ ਕਿਥੇ ਚਲੀ ਗਈ। ਇਸੇ ਤਰ੍ਹਾਂ ਦੇ ਨਾਲ ਜਦੋਂ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਦੇ ਨਾਲ ਮਹਾਂਪੁਰਸ਼ਾਂ ਦੀ ਸੰਗਤ 'ਚ ਆ ਕੇ ਸਾਧਨਾ ਕਰਦਾ ਹੈ ਉਹ ਅਨੁਭਵ ਦੇ ਅੰਦਰ ਪ੍ਰਗਟ ਹੋ ਜਾਂਦਾ ਹੈ।

ਸੋਚਣ ਲੱਗ ਗਿਆ ਅਤੇ ਫੇਰ ਕਹਿਣ ਲੱਗਿਆ ਕਿ ਦੂਸਰੇ ਪ੍ਰਸ਼ਨ ਦਾ ਉਤਰ ਕੀ ਹੈ?

ਮਹਾਤਮਾ ਨੇ ਕਿਹਾ ਕਿ ਅੱਗ ਨਾਲ ਅੱਗ ਲਗ ਕੇ ਕੀ ਸਜ਼ਾ ਹੋਈ? ਕਾਮ ਵੀ ਅੱਗ ਹੈ, ਥੰਮ ਵੀ ਅੱਗ ਹੈ, ਹੁਣ ਤੂੰ ਦਸ ਜਿਹੜਾ ਅਸੀਂ ਤੇਰੇ ਰੋੜਾ ਮਾਰਿਆ ਹੈ ਉਹ ਮਿੱਟੀ ਸੀ ਨਾ, ਤੇਰਾ ਸਰੀਰ ਜੋ ਬਣਿਆ ਹੈ ਇਹ ਵੀ ਤਾਂ ਮਿਟੀ ਹੈ। ਜੇ ਮਿੱਟੀ ਦੇ ਮਿੱਟੀ ਆ ਕੇ ਲੱਗ ਗਈ ਤਾਂ ਤੈਨੂੰ ਕੀ ਫਰਕ ਪੈ ਗਿਆ, ਤੂੰ ਕਿਉਂ ਐਨਾ ਬੁਰਾ ਮਨਾਇਆ?

ਤੀਸਰਾ ਜਿਹੜਾ ਪ੍ਰਸ਼ਨ ਹੈ ਤੂੰ ਕਿਹਾ ਸੀ ਕਿ ਕਰਮ ਕਿਵੇਂ ਕੰਮ ਕਰਦੇ ਹਨ? ਉਹ ਵੀ ਤੈਨੂੰ ਅਸੀਂ ਇਕੋ ਗੱਲ ਨਾਲ ਸਮਝਾ ਦਿਤਾ। ਅਸੀਂ ਤੇਰੇ ਰੋੜਾ ਮਾਰਿਆ, ਤੂੰ ਪੰਜ ਚਾਰ ਸਾਡੇ ਮੁੱਕੇ ਮਾਰ ਦਿਤੇ। ਅਸੀਂ ਕਰਮ ਕਰਿਆ ਤੇਰੇ ਰੋੜਾ ਮਾਰ ਕੇ, ਫਲ ਭੋਗਿਆ ਮੁੱਕੇ ਖਾਣ ਦਾ। ਸੋ ਪਿਆਰਿਆ! ਸ਼ੰਕੇ ਵਿਚ ਨਹੀਂ ਪਈਦਾ।

*ਕਰਮੀ ਸਹਜੁ ਨ ਊਪਜੈ*
*ਵਿਣੁ ਸਹਜੈ ਸਹਸਾ ਨ ਜਾਇ॥*

*ਪੰਨਾ – 919*

ਇਹ ਸੰਸਾ ਕਰਮਾਂ ਧਰਮਾਂ ਨਾਲ ਨਹੀਂ ਦੂਰ ਹੋਇਆ ਕਰਦਾ। ਜਿੰਨੀ ਦੇਰ ਤਕ ਸਹਿਜ ਅਵਸਥਾ ਦੀ ਪ੍ਰਾਪਤੀ ਨਹੀਂ ਹੁੰਦੀ ਓਨੀਂ ਦੇਰ ਤਕ ਇਹ ਸਹਸਾ ਨਹੀਂ ਜਾਂਦਾ।

*ਨਹ ਜਾਇ ਸਹਸਾ ਕਿਤੈ ਸੰਜਮਿ*
*ਰਹੇ ਕਰਮ ਕਮਾਏ॥ ਪੰਨਾ – 919*

ਚਾਹੇ ਤੀਰਥ ਯਾਤਰਾ ਕਰ ਲਓ, ਉਸ ਨਾਲ ਇਹ ਹੋਰ ਵਧ ਜਾਣਗੇ, ਦਾਨ ਪੁੰਨ ਕਰ ਲਓ ਉਸ ਨਾਲ ਹੋਰ ਵੱਧ ਜਾਣਗੇ। ਇਸ ਤਰ੍ਹਾਂ ਨਹੀਂ ਇਹ ਜਾਂਦਾ –

*ਸਹਸੈ ਜੀਉ ਮਲੀਣੁ ਹੈ...........॥*

*ਪੰਨਾ – 919*

ਜਿੰਨਾਂ ਚਿਰ ਸਹਸਾ ਹੈ, ਸ਼ੰਕਾ ਹੈ, ਜੀਵ ਦਾ ਅੰਤਸ਼ਕਰਣ ਮਲੀਨ ਰਹਿੰਦਾ ਹੈ, ਇਸ ਨੂੰ ਧੋਇਆ ਕਿਵੇਂ ਜਾਵੇ?

*.........ਕਿਤੁ ਸੰਜਮਿ ਧੋਤਾ ਜਾਏ॥*

*ਪੰਨਾ – 919*

ਇਹਦਾ ਇਕੋ ਤਰੀਕਾ ਹੈ ਕਿ ਜੋ ਮਨ ਮੈਲਾ ਹੈ, ਉਸ ਨੂੰ ਧੋਣ ਲਈ ਬੰਦਗੀ ਕਰੋ, ਸੇਵਾ ਸਿਮਰਨ ਕਰੋ, ਉਹਦੇ ਨਾਲ ਹੌਲੀ-ਹੌਲੀ ਇਹ ਨਿਰਮਲ ਹੋਣਾ ਸ਼ੁਰੂ ਹੋ ਜਾਵੇਗਾ –

*ਮੰਨੁ ਧੋਵਹੁ ਸਬਦਿ ਲਾਗਹੁ*
*ਹਰਿ ਸਿਉ ਰਹਹੁ ਚਿਤੁ ਲਾਇ॥*

*ਪੰਨਾ – 919*

*ਜਨਮ ਜਨਮ ਕੀ ਇਸੁ ਮਨ ਕਉ*
*ਮਲੁ ਲਾਗੀ ਕਾਲਾ ਹੋਆ ਸਿਆਹੁ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ॥ ਪੰਨਾ – 651*

ਇਸ ਨੂੰ ਕ੍ਰੋੜਾਂ ਹੀ ਜਨਮਾਂ ਦੀ ਮੈਲ ਲੱਗੀ ਹੋਈ ਹੈ ਤੇ ਮੈਲ ਧੋ ਕਿਵੇਂ ਹੋਵੇ? ਉਹਦੇ ਬਾਰੇ ਜਪੁਜੀ ਸਾਹਿਬ ਵਿਚ ਲਿਖਿਆ ਹੋਇਆ ਹੈ –

*ਧਾਰਨਾ – ਤੇਰੀ ਮਤ ਪਾਪਾਂ ਨਾਲ*
*ਭਰ ਗਈ ਐ,*
*ਨਾਮ ਨਾਲ ਧੋ ਲੈ ਬੰਦਿਆ*

*ਭਰੀਐ ਮਤਿ ਪਾਪਾ ਕੈ ਸੰਗਿ॥*

*ਓਹੁ ਧੋਪੈ ਨਾਵੈ ਕੈ ਰੰਗਿ॥ ਪੰਨਾ - 4*

ਰੰਗ ਕਹਿੰਦੇ ਨੇ ਪਿਆਰ ਨੂੰ। ਜਦੋਂ ਨਾਮ ਦੇ ਪਿਆਰ ਵਿਚ ਆ ਜਾਂਦਾ ਹੈ ਫੇਰ ਇਹ ਮੈਲ ਲਹਿਣੀ ਸ਼ੁਰੂ ਹੋ ਜਾਇਆ ਕਰਦੀ ਹੈ। ਸੋ -

*ਮੰਨੁ ਧੋਵਹੁ ਸਬਦਿ ਲਾਗਹੁ.......॥*
*ਪੰਨਾ - 919*

ਸਰੀਰ ਧੋਣ ਨਾਲ ਇਹ ਮੈਲ ਨਹੀਂ ਜਾਂਦੀ -

*ਮਨ ਮੈਲੇ ਸਭ ਕਿਛ ਮੈਲਾ*
*ਤਨ ਧੋਤੇ ਮਨਿ ਹਛਾ ਨ ਹੋਇ॥*
*ਪੰਨਾ - 558*

ਸੋ ਇਸ ਕਰਕੇ ਮਨ ਨੂੰ ਧੋਣ ਵਾਸਤੇ ਇਸ ਨੂੰ ਸ਼ਬਦ ਨਾਲ ਲਾਉਣਾ ਜ਼ਰੂਰੀ ਹੈ। ਵਾਹਿਗੁਰੂ ਨਾਲ ਚਿੱਤ ਲਾਓ, ਹਰ ਸਮੇਂ ਪ੍ਰਮੇਸ਼ਰ ਨਾਲ ਚਿੱਤ ਲੱਗਿਆ ਰਹੇ।

*ਮਨ ਧੋਵਹੁ ਸਬਦਿ ਲਾਗਹੁ*
*ਹਰਿ ਸਿਉ ਰਹਹੁ ਚਿਤੁ ਲਾਇ॥*
*ਪੰਨਾ - 919*

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

*ਮਿਟੇ ਅੰਦੇਸਿਆ ਹਾਂ॥*
*ਸੰਤ ਉਪਦੇਸਿਆ ਮੇਰੇ ਮਨਾ॥*
*ਪੰਨਾ - 410*

ਅੰਦੇਸੇ ਨੂੰ ਛੱਡ ਕੇ ਸੱਚ ਦੀ ਆਵਾਜ਼ ਸੁਣੋ -

*ਧਾਰਨਾ- ਸੋ ਪ੍ਰਭੁ ਦੂਰ ਨਾਹੀ,*
*ਪ੍ਰਭੁ ਤੂੰ ਹੈਂ*

*ਧਾਰਨਾ- ਤੱਤ ਨਿਰੰਜਨ ਜੋਤ ਸਬਾਈ,*
*ਸੋਹੰ ਭੇਦ ਨਾ ਕੋਈ*

*ਤੱਤ ਨਿਰੰਜਨ ਜੋਤ ਸਬਾਈ*
*ਸੋਹੰ ਭੇਦ ਨ ਕੋਈ ਜੀਉ॥*
*ਅਪਰੰਪਰ ਪਾਰਬ੍ਰਹਮ ਪਰਮੇਸਰ*
*ਨਾਨਕ ਗੁਰ ਮਿਲਿਆ ਸੋਈ ਜੀਉ॥*
*ਪੰਨਾ - 599*

*ਤੂ ਤੂ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂ॥*
*ਜਬ ਆਪਾ ਪਰ ਕਾ ਮਿਟ ਗਿਆ*
*ਜਤ ਦੇਖਾ ਤਤ ਤੂ॥ ਪੰਨਾ - 1375*

ਸੋ ਇਸ ਤਰ੍ਹਾਂ ਸੰਸੇ ਦੀ ਮੈਲ ਲਹਿ ਜਾਂਦੀ ਹੈ, ਵਾਹਿਗੁਰੂ ਦੂਰ ਨਹੀਂ ਹੈ, ਜੋ ਕੁਝ ਵੀ ਨਜ਼ਰ ਆ ਰਿਹਾ ਹੈ, ਇਹ ਸਭ ਵਾਹਿਗੁਰੂ ਹੀ ਹੈ। ਜਦੋਂ ਸ਼ਬਦ ਨੂੰ ਹਿਰਦੇ ਵਿਚ ਵਸਾਉਂਦਾ ਹੈ ਉਸ ਵੇਲੇ ਦ੍ਰਿਸ਼ਟੀ ਖੁਲ੍ਹ ਜਾਂਦੀ ਹੈ ਫੇਰ ਖੁਲ੍ਹੀ ਦ੍ਰਿਸ਼ਟੀ ਨਾਲ ਵੀ ਉਹ ਨਜ਼ਰ ਆਉਂਦਾ ਹੈ -

*ਧਾਰਨਾ - ਸਭ ਘਟ ਵਸਦਾ ਜੀ,*
*ਸੁਆਮੀ ਮੇਰਾ-ਸੁਆਮੀ ਮੇਰਾ*

*ਜਿਮੀ ਜਮਾਨ ਕੇ ਬਿਖੈ ਸਮੱਸਤਿ*
*ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ*
*ਨ ਘਾਟਿ ਬਾਢ ਹੋਤ ਹੈ॥*
*ਨ ਹਾਨ ਹੈ ਨ ਬਾਨ ਹੈ*
*ਸਮਾਨ ਰੂਪ ਜਾਨੀਐ॥*
*ਮਕੀਨ ਔ ਮਕਾਨ*
*ਅਪ੍ਰਮਾਨ ਤੇਜ ਮਾਨੀਐ॥*
*ਦੇਹ ਹੈ ਨ ਗੇਹ ਹੈ,*
*ਨ ਜਾਤਿ ਹੈ ਨ ਪਾਤਿ ਹੈ॥*
*ਨਾ ਮੰਤ੍ਰ ਹੈ ਨ ਮਿਤ੍ਰ ਹੈ*
*ਨ ਤਾਤ ਹੈ ਨ ਮਾਤ ਹੈ॥*
*ਨ ਅੰਗ ਹੈ ਨ ਰੰਗ ਹੈ*
*ਨ ਸੰਗ ਹੈ ਨ ਸਾਥ ਹੈ॥*
*ਅਕਾਲ ਉਸਤਤਿ*

*ਸਗਲ ਬਨਸਪਤਿ ਮਹਿ ਬੈਸੰਤਰੁ*
*ਸਗਲ ਦੂਧ ਮਹਿ ਘੀਆ॥*
*ਊਚ ਨੀਚ ਮਹਿ ਜੋਤਿ ਸਮਾਣੀ*
*ਘਟਿ ਘਟਿ ਮਾਧਉ ਜੀਆ॥*
*ਸੰਤਹੁ ਘਟਿ ਘਟਿ ਰਹਿਆ ਸਮਾਹਿਓ॥*
*ਪੂਰਨ ਪੂਰਿ ਰਹਿਓ ਸਰਬ ਮਹਿ*
*ਜਲਿ ਥਲਿ ਰਮਈਆ ਆਹਿਓ॥*
*ਗੁਣ ਨਿਧਾਨ ਨਾਨਕੁ ਜਸੁ ਗਾਵੈ*
*ਸਤਿਗੁਰਿ ਭਰਮੁ ਚੁਕਾਇਓ॥*
*ਸਰਬ ਨਿਵਾਸੀ ਸਦਾ ਅਲੇਪਾ*
*ਸਭ ਮਹਿ ਰਹਿਆ ਸਮਾਇਓ॥*
*ਪੰਨਾ - 617*

*ਅਕਾਲ ਹੈ ਅਪਾਲ ਹੈ*
*ਖਿਆਲ ਹੈ ਅਖੰਡ ਹੈ॥*
*ਨ ਰੋਗ ਹੈ ਨ ਸੋਗ ਹੈ*
*ਨ ਭੇਦ ਹੈ ਨ ਭੰਡ ਹੈ॥*
*ਨ ਅੰਗ ਹੈ ਨ ਰੰਗ ਹੈ*
*ਨ ਸੰਗ ਹੈ ਨ ਸਾਥ ਹੈ॥*
*ਪ੍ਰਿਆ ਹੈ ਪਵਿਤ੍ਰ ਹੈ*
*ਪੁਨੀਤ ਹੈ ਪ੍ਰਮਾਥ ਹੈ॥ ਅਕਾਲ ਉਸਤਤਿ*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਸੰਸੇ ਛੱਡ ਕੇ ਸਰਬ ਰਮੇ ਆਤਮ ਰੂਪ ਨੂੰ ਪਛਾਣ, ਗੁਰੂ ਦੀ ਕ੍ਰਿਪਾ ਨਾਲ ਸ਼ਬਦ ਨੂੰ ਕਮਾ ਕੇ ਪੰਜਾਂ ਭਰਮਾਂ ਦਾ ਨਾਸ਼ ਹੋ ਜਾਇਆ ਕਰਦਾ ਹੈ -

*ਧਾਰਨਾ -ਸੰਸਾ ਮੇਰਾ ਓ ਉਤਰ ਗਿਆ*
*ਪਿਆਰੇ ਜਬ ਤੇ ਦਰਸ਼ਨ ਪਾਇਆ*

*ਠਾਕੁਰ ਤੁਮ ਸਰਣਾਈ ਆਇਆ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ॥*
*ਅਨਬੋਲਤ ਮੇਰੀ ਬਿਰਥਾ ਜਾਨੀ*
*ਅਪਨਾ ਨਾਮੁ ਜਪਾਇਆ।।*
*ਦੁਖ ਨਾਠੇ ਸੁਖ ਸਹਜਿ ਸਮਾਏ*

ਅਨਦ ਅਨਦ ਗੁਣ ਗਾਇਆ॥
ਬਾਹ ਪਕਰਿ ਕਢਿ ਲੀਨੇ ਅਪੁਨੇ
ਗ੍ਰਿਹ ਅੰਧ ਕੂਪ ਤੇ ਮਾਇਆ॥
ਕਹੁ ਨਾਨਕ ਗੁਰਿ ਬੰਧਨ ਕਾਟੇ
ਬਿਛੁਰਤ ਆਨਿ ਮਿਲਾਇਆ॥

ਪੰਨਾ - 1218

ਸੋ ਜਦੋਂ ਦਰਸ਼ਨ ਹੋ ਗਿਆ, ਅੰਦਰੋਂ ਸੰਸਾ ਖਤਮ ਹੋ ਗਿਆ, ਮਨ ਦੀ ਮੈਲ ਦੂਰ ਹੋ ਗਈ ਉਸ ਵੇਲੇ ਇਹ ਅਵਸਥਾ ਹੋ ਗਈ -

ਜੀਵਨ ਮੈ ਜਲ ਮੈ ਥਲ ਮੈ,
ਸਭ ਰੂਪਨ ਮੈ ਸਭ ਭੂਪਨ ਮਾਹੀਂ॥
ਸੂਰਜ ਮੈ ਸਸਿ ਮੈ, ਨਭ ਮੈ,
ਜਹ ਹੇਰੋ ਤਹਾਂ ਚਿਤ ਲਾਇ ਤਹਾ ਹੀ॥
ਪਾਵਕ ਮੈ ਅਰੁ ਪੌਨ ਹੂੰ ਮੈ,
ਪ੍ਰਿਥਵੀ ਤਲ ਮੈਂ ਸੁ ਕਹਾ ਨਹਿ ਜਾਂਹੀ॥
ਬਯਾਪਕ ਹੈ ਸਭ ਹੀ ਕੇ ਬਿਖੈ,
ਕਛੁ ਪਾਹਨ ਮੇ ਪਰਮੇਸ੍ਵਰ ਨਾਹੀ॥

ਤ੍ਰਿਆ ਚਰਿਤ੍ਰ

ਪੰਜ ਭਰਮਾਂ ਦਾ ਸੰਸਾ ਮਿਟ ਗਿਆ। ਭਰਮ ਪੰਜ ਕਿਸਮ ਦੇ ਹੋਇਆ ਕਰਦੇ ਹਨ।

ਪਹਿਲੇ ਭਰਮ ਦਾ ਨਾਮ 'ਭੇਦ ਭਰਮ' ਹੈ ਜਿਸ ਤਰ੍ਹਾਂ ਨਾਲ ਸੂਰਜ ਦਾ ਪ੍ਰਤੀਬਿੰਬ ਪਾਣੀ ਦੇ ਬੇਅੰਤ ਭਰੇ ਹੋਏ ਬਰਤਨਾਂ ਵਿਚ ਪੈਂਦਾ ਹੈ। ਜਦੋਂ ਅਸੀਂ ਸੂਰਜ ਦੇਖਦੇ ਹਾਂ ਸਭ ਦੇ ਵਿਚ ਸੂਰਜ ਨਜ਼ਰ ਆਉਂਦਾ ਹੈ। ਇਹ ਅਸਲੀ ਸੂਰਜ ਨਹੀਂ, ਉਸ ਦਾ ਪਰਛਾਵਾਂ ਹੈ, ਪੂਰਾ ਸੂਰਜ ਨਜ਼ਰ ਆਉਂਦਾ ਹੈ। ਜੇ ਛੋਟੀ ਜਿਹੀ ਠੂਠੀ ਰੱਖ ਦਿਓ ਉਸ ਵਿਚ ਵੀ ਪੂਰਾ ਸੂਰਜ ਨਜ਼ਰ ਆਵੇਗਾ।

ਇਸ ਤੋਂ ਵੀ ਛੋਟੇ ਚੂੰਘੜੇ ਵਿਚ ਵੀ ਨਜ਼ਰ ਆਉਂਦਾ ਹੈ। ਫੇਰ ਸਰੋਵਰ ਦੇ ਅੰਦਰ ਵੀ ਇਕੋ ਹੀ ਸੂਰਜ ਨਜ਼ਰ ਆਵੇਗਾ। ਭੁਲੇਖਾ ਪੈ ਗਿਆ ਕਿ ਸੂਰਜ ਅੱਡ-ਅੱਡ ਹਨ ਪਰ ਹੈ ਇਹ ਇਕੋ ਹੀ। ਜਦੋਂ ਬੰਦਗੀ ਕਰਦਾ ਹੈ ਤਾਂ ਉਹ ਬਚਨ ਕਰਕੇ ਦਸ ਦਿੰਦੇ ਹਨ ਕਿ ਇਹ ਤਾਂ ਸੂਰਜ ਦਾ ਪ੍ਰਤਿਬਿੰਬ ਹੈ, ਬਿੰਬ ਸੂਰਜ ਹੈ ਜੋ ਦੂਰ ਚਮਕ ਰਿਹਾ ਹੈ। ਇਸੇ ਤਰ੍ਹਾਂ ਸਾਰਿਆਂ ਚਿਤਾਂ ਦੇ ਅੰਦਰ ਵਾਹਿਗੁਰੂ ਜੀ ਦਾ ਪ੍ਰਤੀਬਿੰਬ ਪੈ ਰਿਹਾ ਹੈ, ਸੋ ਉਸ ਨੂੰ ਵਖਰਾ ਮੰਨਣਾ ਭੁਲੇਖੇ ਵਿਚ ਪਾਉਂਦਾ ਹੈ। ਸੂਰਜ ਦੇ ਪ੍ਰਤੀਬਿੰਬ ਅਤੇ ਵਾਹਿਗੁਰੂ ਜੀ ਦੇ ਪ੍ਰਤੀਬਿੰਬ ਵਿਚ ਫਰਕ ਹੈ ਵਾਹਿਗੁਰੂ ਜੀ ਆਪ ਹੀ ਪ੍ਰਕ੍ਰਿਤੀ ਰੂਪ ਹੋ ਕੇ ਵਰਤ ਰਹੇ ਹਨ, ਆਪ ਹੀ ਚੇਤਨ ਤੇ ਪ੍ਰਿਅ ਰੂਪ ਹੋ ਕੇ ਵਰਤ ਰਹੇ ਹਨ ਆਪ ਸਭ ਵਿਚ ਸਮਾਏ ਹੋਏ ਹਨ, ਆਪ ਹੀ ਨਿਰਲੇਪ ਹਨ ਜਿਵੇਂ ਕਿ -

ਆਪੀਨੈ ਆਪੁ ਸਾਜਿਓ
ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ
ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ
ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ
ਦੇ ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥

ਪੰਨਾ - 463

ਹਿਲਦਾ ਪਾਣੀ ਹੈ, ਲਗਦਾ ਇਸ ਤਰ੍ਹਾਂ ਹੈ ਜਿਵੇਂ ਸੂਰਜ ਹਿਲਦਾ ਹੈ। ਉਹ ਅਚੱਲ ਹੈ, ਉਸ ਨੂੰ ਕਿਸੇ ਦੁਖ-ਸੁਖ ਦਾ ਲੇਪ ਨਹੀਂ ਹੈ। ਜਿਸ ਤਰ੍ਹਾਂ ਸੂਰਜ ਆਪਣੇ ਥਾਂ ਉਪਰ ਅਸਥਿਤ ਹੈ, ਸੂਰਜ ਦਾ ਪਰਛਾਵਾਂ ਘੜੇ ਦੇ ਪਾਣੀ ਵਿਚ ਪੈਂਦਾ ਹੈ, ਹਵਾ ਦੀ ਉਪਾਧੀ ਕਰਕੇ ਹਿਲਦਾ ਜੁਲਦਾ ਭਾਸਦਾ ਹੈ ਪਰ ਸੂਰਜ ਆਪਣੀ ਜਗ੍ਹਾ ਤੇ ਅਸਥਿਤ ਹੈ, ਇਸੇ ਤਰ੍ਹਾਂ ਅਵਿਦਿਆ ਦੀ ਉਪਾਧੀ ਕਰਕੇ ਆਤਮਾ ਜੀਵ ਭਾਸਦੀ ਹੈ। ਅਸਲ ਵਿਚ ਆਤਮਾ ਹੀ ਹੈ। ਆਤਮਾ ਅਤੇ ਪਰਮੇਸ਼ਰ ਵਿਚ ਕੋਈ ਫਰਕ ਨਹੀਂ ਹੈ। ਇਸੇ ਤਰ੍ਹਾਂ ਜੋ ਜੀਵ ਹੈ ਕੇਵਲ ਪ੍ਰਤੀਬਿੰਬ ਮਾਤਰ ਹੈ, ਇਹ ਸੱਚ ਨਹੀਂ ਹੈ। ਇਹ ਸੱਚੀ ਮੈਂ ਦਾ ਪਰਛਾਵਾਂ ਹੈ। ਸੋ ਸਾਰਿਆਂ ਦੇ ਅੰਦਰ ਇਕੋ ਵਾਹਿਗੁਰੂ ਹੈ, ਬਾਕੀ ਪ੍ਰਤੀਬਿੰਬ ਨੂੰ ਅਸੀਂ ਮੈਂ-ਮੈਂ ਕਰਦੇ ਫਿਰਦੇ ਹਾਂ ਉਹਦਾ ਹੀ ਸਾਨੂੰ ਭੁਲੇਖਾ ਪਿਆ ਹੋਇਆ ਹੈ। ਗੁਰੂ ਦੀ ਕ੍ਰਿਪਾ ਦੇ ਨਾਲ ਗੁਰੂ ਦਾ ਸ਼ਬਦ ਕਮਾਵੇ ਫੇਰ ਇਸ ਭਰਮ ਦਾ ਨਾਸ਼ ਹੋ ਜਾਂਦਾ ਹੈ। ਬਿੰਬ ਤਾਂ ਵਾਹਿਗੁਰੂ ਜੀ ਹਨ ਹੀ। ਪ੍ਰਤੀਬਿੰਬ ਭੀ ਆਪ ਹਨ, ਉਹ ਇਕ ਹੁੰਦਾ ਭੀ ਅਨੇਕ ਹੈ, ਅਨੇਕਤਾ ਅਗਿਆਨ ਕਰਕੇ ਪ੍ਰਤੀਤ ਦਿੰਦੀ ਹੈ ਪਰ ਉਹ ਇਕ ਹੀ ਆਪੇ ਆਪਣੀ ਖੇਲ੍ਹ ਕਰ ਰਿਹਾ ਹੈ, ਨਾ ਕਿਛੁ ਤੂੰ ਹੈ, ਨਾ ਕਿਛੁ ਮੈਂ ਹੈ, ਟੁੱਟ ਜਾਂਦਾ ਹੈ।

ਏਕ ਹੈ ਅਨੇਕ ਹੈ
ਅਨੇਕ ਹੈ ਫਿਰ ਏਕ ਹੈ॥ ਜਾਪੁ ਸਾਹਿਬ

ਦੂਸਰਾ ਕਰਤਿਤ੍ਵ ਭਰਮ ਹੈ, ਆਤਮਾ ਦੀ ਸਤੱਾ ਬੁੱਧੀ ਨੂੰ ਮਿਲਦੀ ਹੈ। ਇਹ ਗੱਲ ਸਮਝਣ ਵਾਲੀ ਹੈ ਜਿਹੜਾ ਸਾਡਾ **brain** (ਦਿਮਾਗ) ਹੈ ਨਾ, ਜੇ ਇਹ ਆਪਣਾ ਕੰਮ ਨਾ ਕਰੇ ਤਾਂ ਪਾਗਲ ਹੋ ਜਾਂਦਾ ਹੈ। ਆਦਮੀ ਤਾਂ ਓਹੀ ਹੁੰਦਾ ਹੈ ਜੇ ਉਸ ਦਾ **brain** (ਦਿਮਾਗ) ਕਾਇਮ ਹੋਵੇ ਤਾਂ ਉਸ ਦੀ ਪੁਛ ਪ੍ਰਤੀਤ ਹੁੰਦੀ ਹੈ, ਉਸ ਦੀ ਸੁਸਾਇਟੀ ਵਿਚ ਕਦਰ ਹੁੰਦੀ ਹੈ, ਉਸ ਦੀ ਅਮੀਰੀ ਗਰੀਬੀ ਦੇਖ ਕੇ ਉਸ ਨੂੰ ਥਾਂ ਦਿੰਦੇ ਹਨ, ਵਰਤ ਵਿਹਾਰ ਕਰਦੇ ਹਨ। ਜੇ ਓਹੀ ਆਦਮੀ ਪਾਗਲ ਹੋ ਜਾਵੇ ਤਾਂ ਕੋਈ ਵੀ ਆਦਮੀ ਆਪਣੇ ਘਰ ਰੱਖਣ ਨੂੰ ਉਸਨੂੰ ਤਿਆਰ ਨਹੀਂ ਹੁੰਦਾ। ਉਸ ਨੂੰ ਪਾਗਲਖਾਨੇ ਛਡ ਆਉਂਦੇ ਹਨ ਇਸ ਕਰਕੇ ਕਿਉਂਕਿ ਇਹ ਕਿਸੇ ਕੰਮ ਦਾ ਨਹੀਂ ਰਿਹਾ। ਸਾਡਾ ਜੋ **brain** ਹੈ ਇਹਦੇ ਵਿਚ ਸਿਆਣਿਆਂ ਦੇ ਕਥਨ ਮੁਤਾਬਿਕ 15 ਅਰਬ ਸੈਲ ਲੱਗੇ ਹੋਏ ਹਨ, ਸਾਡੇ ਸਰੀਰ ਅੰਦਰ ਦੋ ਖਰਬ 15 ਅਰਬ ਸੈਲ ਲੱਗੇ ਹੋਏ ਹਨ, ਇਹ ਜੋ ਦਿਮਾਗ ਦੇ ਸੈਲ ਹਨ ਇਨ੍ਹਾਂ ਵਿਚ ਕਿਤੇ ਤਾਂ ਯਾਦਾਸ਼ਤ ਦਾ ਖਾਨਾ ਹੈ, ਕਿਤੇ ਦੁਖ ਮੰਨਣ ਦਾ ਖਾਨਾ ਹੈ, ਕਿਤੇ ਖੁਸ਼ੀ ਮੰਨਦਾ ਹੈ, ਕਿਸੇ ਥਾਂ

ਬਾਲ ਬਚਿਆਂ ਨੂੰ ਪਿਆਰ ਕਰਦਾ ਹੈ, ਕਿਸੇ ਥਾਂ ਪੁਰਾਣੀਆਂ ਲੰਘ ਚੁਕੀਆਂ ਗੱਲਾਂ ਯਾਦ ਵਿਚ ਸੰਭਾਲੀ ਬੈਠਾ ਹੈ, ਕਿਤੇ ਕ੍ਰੋਧ, ਈਰਖਾ ਦਾ ਵਾਸਾ ਹੈ, ਵੱਖਰੇ-ਵੱਖਰੇ ਖਾਨਿਆਂ ਵਿਚ ਵੱਖਰੀ ਵੱਖਰੀ ਗੱਲ ਹੋ ਰਹੀ ਹੈ। ਇਹ ਸਾਡਾ ਜੋ ਦਿਮਾਗ ਹੈ ਇਹ **chemical action** (ਰਸਾਇਣਕ ਕਿਰਿਆ) ਨਾਲ ਚਲਦਾ ਹੈ। ਜਦੋਂ ਮੈਗਨੈਟਿਕ ਤੇ ਇਲੈਕਟ੍ਰਿਕ ਲਹਿਰਾਂ ਉਠਦੀਆਂ ਹਨ ਤਾਂ ਉਨ੍ਹਾਂ ਦੇ ਅਧੀਨ **brain** (ਦਿਮਾਗ) ਦੀ ਸਤੱਾ ਕੰਮ ਕਰਦੀ ਹੈ। ਸਰੀਰ ਲਿਖਦਾ ਹੈ, ਪੜ੍ਹਦਾ ਹੈ, ਹੋਰ ਕੰਮ ਕਰਦਾ ਹੈ ਪਰ ਇਹ ਜੋ ਲਹਿਰਾਂ ਹਨ ਉਹ ਆਪਣੇ ਆਪ ਕਿਰਿਆ ਦੇ ਵਿਚ ਨਹੀਂ ਆਇਆ ਕਰਦੀਆਂ। ਪ੍ਰਭੂ ਦੀ ਜੋਤ ਸਾਰੇ ਪਰੀਪੂਰਨ ਹੈ, ਉਸਦੀ ਸੱਤਾ **brain** ਉਤੇ ਪੈਂਦੀ ਹੈ ਫੇਰ ਸਾਨੂੰ ਹੋਸ਼ ਆ ਜਾਇਆ ਕਰਦੀ ਹੈ, ਹੋਸ਼ ਆਉਂਦੇ ਹੀ ਅਸੀਂ ਆਪਣੇ ਆਪ ਨੂੰ ਵਾਹਿਗੁਰੂ ਤੋਂ ਵਖਰਾ ਗਿਣ ਲੈਂਦੇ ਹਾਂ। ਜਦੋਂ ਵਾਹਿਗੁਰੂ ਜੀ ਇਸ ਜੋਤ ਨੂੰ ਖਿੱਚ ਲੈਂਦੇ ਹਨ ਉਸ ਵੇਲੇ **brain** ਹੁੰਦਿਆਂ ਸੁੰਦਿਆਂ ਲਹਿਰਾਂ ਮੁਰਦਾ ਪਈਆਂ ਰਹਿੰਦੀਆਂ ਹਨ। ਜਦੋਂ ਜੋਤ ਦਾ ਪ੍ਰਕਾਸ਼ ਇਹਦੇ ਉਤੇ ਪੈਂਦਾ ਹੈ ਤਾਂ ਇਹ ਲਹਿਰਾਂ ਕਿਰਿਆ 'ਚ ਆ ਜਾਂਦੀਆਂ ਹਨ ਅਤੇ ਇਨ੍ਹਾਂ ਲਹਿਰਾਂ ਨਾਲ ਜੋ ਸਾਡੇ ਵਿਚ ਹੋਸ਼ ਉਪਜਦੀ ਹੈ ਇਸ ਨੂੰ ਅਸੀਂ ਆਪਣਾ ਆਪ ਸਮਝਦੇ ਹਾਂ। 'ਮੈਂ' ਕਹਿਣ ਨਾਲ ਫੇਰ ਇਸਦਾ ਸਾਰਾ ਸਿਸਟਮ ਵਿਗੜ ਜਾਂਦਾ ਹੈ। ਫੇਰ ਇਹ ਆਪਣੇ ਆਪ ਨੂੰ ਦੁਖੀ ਮੰਨਦਾ ਹੈ, ਸੁਖੀ ਮੰਨਦਾ ਹੈ, ਬੁੱਧੀ ਦੀ ਆਤਮ ਸਮੀਪਤਾ ਕਰਕੇ ਇਹ ਸਾਰਾ ਰੌਲਾ ਹੈ। ਇਸ ਦੇ ਹੋਰ ਸਮਝਣ ਲਈ ਇਸ ਤਰ੍ਹਾਂ ਸਮਝੋ ਕਿ ਸਫਟਕ ਮਣੀ ਜਿਸ ਦਾ ਕੋਈ ਰੰਗ ਨਹੀਂ ਹੁੰਦਾ, ਨਾ ਉਹ ਚਿੱਟੀ ਹੈ, ਨਾ ਕਾਲੀ ਹੈ, ਨਾ ਲਾਲ ਹੈ, ਨਾ ਹਰੀ ਹੈ, ਉਸ ਦਾ ਇਹ ਸੁਭਾਅ ਹੈ ਕਿ ਜੋ ਨੇੜੇ ਰੰਗ ਪਿਆ ਹੋਵੇਗਾ ਉਸ ਨੂੰ ਆਪਣੇ ਨਾਲ ਰਲਾ ਕੇ ਉਹੋ ਜਿਹੇ ਰੰਗ ਵਿਚ ਨਜ਼ਰ ਆਉਂਦੀ ਹੈ। ਗੁਲਾਬ ਦਾ ਫੁੱਲ ਰੱਖ ਦੇਵੋ, ਉਸੇ ਰੰਗ ਦੀ ਨਜ਼ਰ ਆਵੇਗੀ। ਪਰ ਅਸਲ ਇਹ ਹੈ ਕਿ ਫੁਲ ਦੀ ਨੇੜਤਾ ਕਰਕੇ ਇਹ ਲਾਲ ਪ੍ਰਤੀਤ ਦਿੰਦੀ ਹੈ। ਇਸੇ ਤਰ੍ਹਾਂ ਦੇ ਨਾਲ ਜਦੋਂ ਆਤਮਾ ਬੁੱਧੀ ਨੂੰ ਸਤੱਾ ਦਿੰਦੀ ਹੈ ਤਾਂ ਇਸ ਬੁੱਧੀ ਵਿਚ ਦੁਖ-ਸੁਖ, ਕਰਤਾ, ਭੋਗਤਾਪੁਣਾ ਅਜਿਹੇ ਜਜ਼ਬੇ ਪੈਦਾ ਹੋ ਜਾਇਆ ਕਰਦੇ ਹਨ। ਬੁੱਧੀ ਦੀ ਆਤਮ ਸਮੀਪਤਾ ਕਰਕੇ ਇਹ ਚੀਜ਼ਾਂ ਆਤਮਾ ਵਿਚ ਭਾਸਦੀਆਂ ਹਨ ਪਰ ਆਤਮਾ ਸਤਿ ਚਿਤ ਅਨੰਦ ਹੈ। ਬੁੱਧੀ ਦੁਖ-ਸੁਖ ਮਹਿਸੂਸ ਕਰਦੀ ਹੈ ਜਾਂ ਐਂ ਕਹਿ ਲਓ ਚਿੱਤ ਦੁਖ ਮਹਿਸੂਸ ਕਰਦਾ ਹੈ। ਇਸ ਨੂੰ ਕਰਤਤ੍ਵ ਭਰਮ ਕਹਿੰਦੇ ਹਨ।

ਜਦੋਂ ਬੰਦਗੀ ਕਰਕੇ, ਅਭਿਆਸ ਕਰਕੇ ਬੁੱਧੀ ਬਦਲ ਜਾਵੇ ਤਾਂ ਇਸ ਨੂੰ ਉਹ ਬੁੱਧੀ ਪ੍ਰਾਪਤ ਹੁੰਦੀ ਹੈ ਜੋ ਪ੍ਰਮੇਸ਼ਰ ਨੂੰ ਅਨੁਭਵ ਕਰ ਸਕਦੀ ਹੈ -

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ॥*
*ਪੰਨਾ - 339*

*ਅਬ ਮਨੁ ਉਲਟਿ ਸਨਾਤਨੁ ਹੂਆ॥*
*ਤਬ ਜਾਨਿਆ ਜਬ ਜੀਵਤ ਮੂਆ॥*
*ਕਹੁ ਕਬੀਰ ਸੁਖਿ ਸਹਜਿ ਸਮਾਵਉ॥*
*ਆਪਿ ਨ ਡਰਉ ਨ ਅਵਰੁ ਡਰਾਵਉ॥*
*ਪੰਨਾ - 327*

ਉਸ ਵੇਲੇ ਅਸਲੀ ਗੱਲ ਸਮਝ ਵਿਚ ਆ ਜਾਂਦੀ ਹੈ, ਆਪਣੇ ਸਰੂਪ ਨੂੰ ਪਛਾਣ ਲੈਂਦਾ ਹੈ ਕਿ ਮੈਂ ਬੁੱਧੀ ਨਹੀਂ, ਬੁੱਧੀ ਨੂੰ ਸਤੱਾ ਦੇਣ ਵਾਲੀ ਆਤਮਾ ਹਾਂ। ਇਹ ਸਰੀਰ ਦੇ ਵਿਚ ਜਿੰਨੀ ਵੀ ਹਿਲਜੁਲ ਸੀ ਇਹ ਮੇਰੀ ਸਤੱਾ ਕਰਕੇ ਹੀ ਸੀ, ਜਦੋਂ ਮੈਂ ਆਪਣੀ ਸਤੱਾ ਇਸ ਸਰੀਰ ਤੋਂ ਅੱਡ ਕਰ ਲੈਂਦਾ ਹਾਂ ਉਸ ਵੇਲੇ ਸਾਰੀ ਹਿਲਜੁਲ ਖਤਮ ਹੋ ਜਾਂਦੀ ਹੈ। ਸੋ ਇਸ ਨਿਸ਼ਚੇ ਵਿਚ ਆਉਣਾ ਕਿ ਮੇਰਾ ਸਰੂਪ ਆਤਮਾ ਸਤਿ ਚਿਤ ਅਨੰਦ ਹੈ ਅਤੇ ਮੈਂ ਬੁੱਧੀ ਦਾ ਸੁਭਾਅ ਆਪਣੇ ਵਿਚ ਲੈ ਰਿਹਾ ਹਾਂ। ਇਹ ਦੁਖ ਸੁਖ ਮੇਰੀ ਸਤੱਾ ਕਰਕੇ ਮੰਨੇ ਜਾਂਦੇ ਹਨ, ਇਸ ਭਰਮ ਨੂੰ ਕਰਤਿਤ੍ਵ ਭਰਮ ਕਹਿੰਦੇ ਹਨ।

ਤੀਸਰੇ ਦਾ ਨਾਮ 'ਸੰਗ ਭਰਮ' ਹੈ। ਦੇਹ ਨੂੰ ਆਪਣੇ ਨਾਲ ਅਭੇਦ ਮੰਨ ਕੇ ਜਾਤ, ਰੰਗ, ਵਰਣ, ਮੋਹ, ਗ੍ਰਹਿਸਤੀ, ਬਹਿੰਗਮ, ਜੰਮਣ ਮਰਨ ਵਾਲਾ, ਜੋ ਦੇਹ ਦੇ ਧਰਮ ਹਨ ਇਨ੍ਹਾਂ ਨੂੰ ਆਤਮਾ ਵਿਚ ਮੰਨ ਕੇ ਆਪਣੇ ਆਪ ਨੂੰ ਸਿੱਖ ਹਿੰਦੂ, ਈਸਾਈ, ਮੁਸਲਮਾਨ, ਬੋਧੀ ਜੈਨੀ, ਆਸਤਕ, ਨਾਸਤਕ ਮੰਨਦਾ ਹੈ। ਇਸ ਭਰਮ ਨੂੰ ਸੰਗ ਭਰਮ ਆਖਿਆ ਜਾਂਦਾ ਹੈ। ਅਕਾਸ਼ ਜਿਸ ਤਰ੍ਹਾਂ ਕਿਤੇ ਘੜੇ ਵਿਚ ਘਟਾ ਅਕਾਸ਼, ਮਕਾਨ ਵਿਚ ਮਠਾ ਅਕਾਸ਼, ਜੇ ਬਦਲ ਹੋਏ ਹੋਣ ਤਾਂ ਮੇਘਾ ਅਕਾਸ਼, ਜੇ ਅਕਾਸ਼ ਵਿਚ ਬੱਦਲ ਨਾ ਹੋਣ ਤਾਂ ਉਸ ਨੂੰ ਮਹਾਂ ਅਕਾਸ਼ ਆਖਦੇ ਹਨ ਪਰ ਯਥਾਰਥ ਰੂਪ ਵਿਚ ਅਕਾਸ਼ ਇਕੋ ਹੀ ਹੈ। ਉਹ ਵਸਤੂਆਂ ਦੀ ਭਿੰਨਤਾ ਕਰਕੇ ਅੱਡ-ਅੱਡ ਨਜ਼ਰ ਆਉਂਦਾ ਹੈ। ਮਕਾਨ ਦੀਆਂ ਕੰਧਾਂ ਵਿਚ ਲੰਬਾਈ, ਚੌੜਾਈ ਵਿਚ, ਘੜੇ ਦੀ ਗੋਲਾਈ ਵਿਚ ਗੋਲ ਨਜ਼ਰ ਆਉਂਦਾ ਹੈ ਪਰ ਹੈ ਅਸਲ ਵਿਚ ਇਕੋ ਹੀ ਅਕਾਸ਼। ਘੜੇ ਅਤੇ ਮਕਾਨ ਦੇ ਨਾਸ਼ ਹੋਣ ਨਾਲ ਅਕਾਸ਼ ਵਿਚ ਕੋਈ ਫਰਕ ਨਹੀਂ ਪੈਂਦਾ। ਉਹ ਨਾ ਕਿਤੋਂ ਆਉਂਦਾ ਹੈ ਅਤੇ ਨਾ ਕਿਤੇ ਜਾਂਦਾ ਹੈ। ਅਕਾਸ਼ ਪਹਿਲਾਂ ਵੀ ਘੜੇ ਅਤੇ ਮਕਾਨ ਦੇ ਬਣਨ ਅਤੇ ਨਾਸ਼ ਹੋਣ ਕਰਕੇ ਇਕ ਰਸ ਹੀ ਵਿਆਪਕ ਸੀ। ਇਨ੍ਹਾਂ ਚੀਜ਼ਾਂ ਦੇ ਟੁੱਟਣ ਤੋਂ ਬਾਦ ਵੀ ਉਸੇ ਤਰ੍ਹਾਂ ਅਕਾਸ਼ ਵਿਆਪਕ ਰਹਿੰਦਾ ਹੈ। ਇਸ ਤਰ੍ਹਾਂ ਹਰ ਜੀਵ ਜੰਤੂ ਵਿਚ ਵਾਹਿਗੁਰੂ ਇਕ ਰਸ ਪਰੀਪੂਰਨ ਹਨ, ਅਖੰਡ ਹਨ, ਵੱਖਰੇ-ਵੱਖਰੇ ਨਹੀਂ ਹਨ, ਇਹ ਨਿਸ਼ਚਾ ਕਰਕੇ ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਭਰਮ ਦਾ ਨਾਸ਼ ਹੁੰਦਾ ਹੈ। ਇਵੇਂ ਜਿਵੇਂ ਦੇਹ ਦੇ ਨਾਸ਼ ਹੋਣ ਨਾਲ ਆਤਮਾ ਨਾਸ਼ ਹੋਇਆ ਲਗਦਾ ਹੈ ਪਰ ਆਤਮਾ ਨਾਸ਼ ਨਹੀਂ ਹੋਇਆ ਕਰਦਾ, ਉਹ ਸਦੀਵ ਰਹਿੰਦਾ ਹੈ ਭਰਮ ਕਰਕੇ ਜੰਮਦਾ ਮਰਦਾ ਪ੍ਰਤੀਤ ਦਿੰਦਾ ਹੈ। ਆਤਮਾ ਜਨਮ ਮਰਨ ਵਿਚ ਨਹੀਂ ਆਉਂਦਾ। ਇਹ ਤਾਂ ਕੇਵਲ ਜੀਵ ਹੀ ਕਰਮਾਂ ਦਾ ਬੰਨ੍ਹਿਆ ਹੋਇਆ

ਜੰਮਦਾ ਮਰਦਾ ਨਜ਼ਰ ਆਉਂਦਾ ਹੈ। ਅਸੀਂ ਨਾ ਕਦੇ ਜੰਮਦੇ ਹਾਂ ਨਾ ਕਦੇ ਮਰਦੇ ਹਾਂ ਆਪਣੀ ਅਵਸਥਾ ਤੋਂ ਹੇਠਾਂ ਉਤਰ ਕੇ ਸਾਨੂੰ ਭਰਮ ਹੁੰਦਾ ਹੈ ਕਿ ਅਸੀਂ ਜੰਮਦੇ ਮਰਦੇ ਹਾਂ। ਜੰਮਦੀ ਮਰਦੀ ਹਉਮੈ ਵਾਲੀ ਸੁਰਤ ਹੈ।

ਚੌਥਾ 'ਵਿਕਾਰ ਭਰਮ' ਹੁੰਦਾ ਹੈ ਇਸ ਵਿਚ ਇਹ ਭਰਮ ਪੈਂਦਾ ਹੈ ਕਿ ਵਾਹਿਗੁਰੂ ਜੀ ਤੋਂ ਜਗਤ ਦੀ ਉਤਪਤੀ ਹੁੰਦੀ ਹੈ। ਵਾਹਿਗੁਰੂ ਜੀ ਹੋਰ ਹਨ, ਜਗਤ ਹੋਰ ਹੈ। ਜਗਤ ਅਤੇ ਬ੍ਰਹਮ ਨੂੰ ਵੱਖੋ-ਵੱਖ ਜਾਨਣਾ ਵਿਕਾਰ ਭਰਮ ਕਹਾਉਂਦਾ ਹੈ. ਵਾਹਿਗੁਰੂ ਜੀ ਵਿਚ ਸੰਸਾਰ ਦਾ ਨਾਮ ਨਿਸ਼ਾਨ ਹੀ ਨਹੀਂ ਹੈ, ਨਾ ਕਦੇ ਸੰਸਾਰ ਉਪਜਿਆ ਹੈ ਨਾ ਕਦੇ ਸੰਸਾਰ ਖਤਮ ਹੁੰਦਾ ਹੈ। ਇਹ ਕੇਵਲ ਅਗਿਆਨਤਾ ਕਰਕੇ, ਅਵਿਦਿਆ ਕਰਕੇ ਪ੍ਰਤੀਤ ਦਿੰਦਾ ਹੈ ਅਤੇ ਆਪਣਾ ਆਪ ਵੀ ਅਵਿਦਿਆ ਕਰਕੇ ਪ੍ਰਤੀਤ ਦਿੰਦਾ ਹੈ ਜਿਸ ਤਰ੍ਹਾਂ ਦੇ ਨਾਲ ਹਨ੍ਹੇਰੇ ਵਿਚ ਮੋਟੀ ਰੱਸੀ ਪਈ ਹੋਵੇ ਉਹਨੂੰ ਦੇਖ ਕੇ ਇਕ ਦਮ ਅਧਿਆਸ ਹੋ ਜਾਂਦਾ ਹੈ ਕਿ ਸੱਪ ਪਿਆ ਹੈ, ਉਸ ਦਾ ਅਸਰ ਸਾਰੇ ਸਰੀਰ ਉਤੇ ਹੋ ਜਾਂਦਾ ਹੈ, ਮਨ ਵਿਚ ਹੋ ਜਾਂਦਾ ਹੈ, ਬੁੱਧੀ ਵਿਚ ਹੋ ਜਾਂਦਾ ਹੈ ਅਤੇ ਆਦਮੀ ਸਾਰੀ ਰਾਤ ਡਰਦਾ ਮੰਜੇ ਤੋਂ ਪੈਰ ਵੀ ਹੇਠਾਂ ਨਹੀਂ ਲਾਹੁੰਦਾ ਕਿ ਕਿਤੇ ਸੱਪ ਡੰਗ ਨਾ ਮਾਰੇ। ਇਹ ਅਣਹੋਈ ਚੀਜ਼, ਹੋਈ (ਹੋਂਦ ਵਾਲੀ) ਪ੍ਰਤੀਤ ਦਿੰਦੀ ਹੈ ਪਰ ਜਦੋਂ ਪ੍ਰਕਾਸ਼ ਹੋ ਜਾਂਦਾ ਹੈ, ਦਿਨ ਚੜ੍ਹ ਗਿਆ ਤਾਂ ਸਤਿ ਦਾ ਗਿਆਨ ਹੁੰਦਾ ਹੈ ਕਿ ਇਹ ਤਾਂ ਇਕ ਮੋਟਾ ਰੱਸਾ ਹੀ ਵਲ ਖਾ ਕੇ ਪਿਆ ਸੀ। ਇਸ ਵਿਚ ਤਾਂ ਸੱਪ ਆ ਹੀ ਨਹੀਂ ਸਕਦਾ। ਸੋ ਇਹ ਇਕ ਨਿਰਾਰਥਕ ਕਲਪਨਾ ਰਹੀ ਰੱਸੀ ਨੂੰ ਸੱਪ ਸਮਝਣ ਦੀ। ਇਸੇ ਤਰ੍ਹਾਂ ਵਾਹਿਗੁਰੂ ਜੀ ਵਿਚ ਸੰਸਾਰ ਰੂਪੀ ਕੋਈ ਚੀਜ਼ ਨਹੀਂ ਹੈ ਇਹ ਤਾਂ ਜਦੋਂ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਉਸ ਵੇਲੇ ਪਤਾ ਲਗਦਾ ਹੈ ਕਿ ਇਹ ਤਾਂ ਵਾਹਿਗੁਰੂ ਜੀ ਆਪ ਹੀ ਆਪਣੇ ਸਹਿਜ ਵਿਚ ਅਨੇਕ ਰੂਪ ਧਾਰ ਕੇ ਖੇਲ੍ਹ ਕਰ ਰਹੇ ਹਨ। ਇਥੇ ਦੂਸਰਾ ਕੋਈ ਨਹੀਂ ਹੁੰਦਾ। ਜਿਨ੍ਹਾਂ ਦੇ ਦਿਬਯ ਨੇਤਰ ਖੁਲ੍ਹ ਜਾਂਦੇ ਹਨ ਉਨ੍ਹਾਂ ਨੂੰ ਇਕੋ ਹੀ ਬ੍ਰਹਮ ਪ੍ਰਕਾਸ਼ ਹੁੰਦਾ ਹੈ-

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ*
*ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥*
*ਪੰਨਾ - 846*

ਹਰ ਸਰੀਰ ਦੇ ਅੰਦਰ ਉਨ੍ਹਾਂ ਨੂੰ ਪ੍ਰਮੇਸ਼ਰ ਹੀ ਨਜ਼ਰ ਆਉਂਦਾ ਹੈ ਜਿਵੇਂ ਕਿ -

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ ਕੋਈ*
*ਗੁਰਮੁਖਿ ਸੇਵਕੁ ਕਢੈ ਖੋਤਿ॥*
*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ ਤੂ*
*ਸਚੁ ਸਚੇ ਸੇਵਾ ਤੇਰੀ ਹੋਤਿ॥*
*ਪੰਨਾ - 309*

ਸੋ ਇਸ ਭਰਮ ਨੂੰ ਦੂਰ ਕਰਨ ਵਾਸਤੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ! ਅਸੀਂ ਇਹ ਸੰਸਾਰ ਦੇਖਿਆ ਤਾਂ ਸਾਨੂੰ ਕੀ ਨਜ਼ਰ ਆਇਆ? ਇਹ ਤਾਂ ਪ੍ਰਮੇਸ਼ਰ ਆਪ ਹੀ ਹੈ ਹੋਰ ਕੋਈ ਨਹੀਂ ਹੈ -

*ਧਾਰਨਾ -ਹਰਿ ਬਿਨ, ਅਵਰ,*
*ਨਾ ਦੇਖਉ ਕੋਈ - 2,2.*

*ਏ ਨੇਤ੍ਰਹੁ ਮੇਰਿਹੋ*
*ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥*
*ਪੰਨਾ - 922*

*ਏਕ ਹੈ ਅਨੇਕ ਹੈ*
*ਅਨੇਕ ਹੈ ਫਿਰ ਏਕ ਹੈ॥*
*ਖੇਲ ਖੇਲ ਅਖੇਲ ਖੇਲਨ*
*ਅੰਤ ਕੋ ਫਿਰਿ ਏਕ॥ ਜਾਪੁ ਸਾਹਿਬ*

ਆਪੇ ਹੀ ਸਾਰੇ ਰੰਗਾਂ 'ਚ ਖੇਲ੍ਹਦਾ ਹੈ। ਸੋ ਏਸੇ ਤਰ੍ਹਾਂ ਜਿਵੇਂ ਸੋਨੇ ਦੇ ਬੇਅੰਤ ਗਹਿਣੇ ਬਣੇ ਹੁੰਦੇ ਨੇ, ਜਾ ਕੇ ਪੁਛੋ ਸੁਨਿਆਰ ਨੂੰ, ਉਹ ਕਹੇਗਾ, 22 ਕੈਰਟ ਦਾ ਸੋਨਾ ਹੈ, 24 ਕੈਰਟ ਦਾ ਸੋਨਾ ਹੈ। ਉਹ ਗਹਿਣਿਆਂ ਨੂੰ ਨਹੀਂ ਗਿਣਦਾ, ਉਹ ਤਾਂ ਸੋਨੇ ਨੂੰ ਗਿਣਦਾ ਹੈ। ਏਸੇ ਤਰ੍ਹਾਂ ਜਿਹੜੇ ਤੱਤ ਬੇਤੇ ਮਹਾਂਪੁਰਸ਼ ਹੁੰਦੇ ਨੇ ਸਭ ਦੇ ਵਿਚ ਇਕੋ ਆਤਮਾ ਦੇਖਦੇ ਹਨ।

ਬਾਬਾ ਭਾਗ ਸਿੰਘ ਜੀ, ਬਾਬਾ ਬੀਰ ਸਿੰਘ ਜੀ ਹੋਰਾਂ ਤੋਂ ਪਹਿਲਾਂ ਅਤੇ ਬਾਬਾ ਸਾਹਿਬ ਸਿੰਘ ਜੀ ਊਨੇ ਵਾਲਿਆਂ ਤੋਂ ਬਾਅਦ ਹੋਏ ਹਨ। ਆਪ ਹਜ਼ੂਰ ਸਾਹਿਬ ਨੂੰ ਪੈਦਲ ਹੀ ਜਾ ਰਹੇ ਸੀ। ਉਨ੍ਹਾਂ ਦਿਨਾਂ 'ਚ ਸਵਾਰੀਆਂ ਨਹੀਂ ਸੀ ਹੁੰਦੀਆਂ, ਪੈਦਲ ਜਾਇਆ ਕਰਦੇ ਸੀ। ਧੰਨ ਸੀ ਉਹ ਗੁਰਸਿੱਖ ਜਿਹੜੇ ਉਨ੍ਹਾਂ ਦਿਨਾਂ ਵਿਚ ਹਜ਼ੂਰ ਸਾਹਿਬ ਪਹੁੰਚਿਆ ਕਰਦੇ ਸਨ। ਹੁਣ ਤਾਂ ਸਵਾਰੀਆਂ ਨੇ, ਕੋਈ ਔਖ ਨਹੀਂ ਹੈ, ਅਰਾਮ ਨਾਲ ਜਾਣਾ ਹੁੰਦਾ ਹੈ, ਅਰਾਮ ਨਾਲ ਮੁੜ ਆਉਣਾ ਹੁੰਦਾ ਹੈ।

ਜਦ ਆਪ ਵਿੰਧਿਆਚਲ ਪਰਬਤ ਨੂੰ ਪਾਰ ਕਰ ਰਹੇ ਸੀ, ਇਕ ਥਾਂ ਗਏ ਓਥੇ **man eater** (ਮਾਨਸ

ਖਾਣਾ) ਸ਼ੇਰ ਰਹਿੰਦਾ ਸੀ, ਬਹੁਤ ਬੰਦੇ ਉਸ ਨੇ ਮਾਰ ਕੇ ਖਾ ਲਏ ਸੀ। ਉਜਾੜ ਪੈ ਗਿਆ ਸੀ, ਰੋਹੀ ਦੇ ਅੰਦਰ ਇਕ ਮੰਦਰ ਸੀ ਓਹਦੇ ਕੰਢੇ ਸਰੋਵਰ ਸੀ, ਆਪ ਉਥੇ ਬੈਠ ਗਏ। ਜਦੋਂ ਉਸ ਪਿੰਡ ਦੇ ਬੰਦੇ ਉਸ ਥਾਂ ਤੋਂ ਲੰਘੇ ਤਾਂ ਉਨ੍ਹਾਂ ਨੇ ਦੇਖਿਆ ਕਿ ਕੋਈ ਸਾਧੂ ਬੈਠਾ ਹੈ। ਉਹ ਕੋਲ ਆ ਗਏ ਤਾਂ ਆ ਕੇ ਕਹਿਣ ਲੱਗੇ ਕਿ ਬਾਲ ਯੋਗੀ ਜੀ! ਇਥੇ ਰਾਤ ਨੂੰ ਸ਼ੇਰ ਆ ਜਾਂਦੇ ਹਨ, ਬੜੇ ਬੰਦੇ ਇਸ ਮੰਦਰ ਕੋਲ ਖਾ ਲਏ ਹਨ, ਤੁਸੀਂ ਸਾਡੇ ਨਾਲ ਪਿੰਡ ਵਿਚ ਚੱਲੋ। ਅਸੀਂ ਤਾਂ ਕੁੰਡੇ ਲਾ ਕੇ ਸੌਂਦੇ ਹਾਂ, ਚਾਹੇ ਕਿੰਨੀ ਗਰਮੀ ਕਿਉਂ ਨਾ ਪੈਂਦੀ ਹੋਵੇ। ਇਹ ਸ਼ੇਰ ਤਾਂ ਪਿੰਡ ਦੀਆਂ ਗਲੀਆਂ ਵਿਚ ਵੀ ਘੁੰਮ ਲੈਂਦੇ ਨੇ, ਤਖਤਿਆਂ ਨੂੰ ਪਉਂਚੇ ਮਾਰਦੇ ਹਨ।

ਬਾਬਾ ਜੀ ਕਹਿਣ ਲੱਗੇ, "ਤੁਸੀਂ ਸਾਡਾ ਫਿਕਰ ਨਾ ਕਰੋ, ਤੁਸੀਂ ਜਾਓ, ਸਾਨੂੰ ਕੁਛ ਨਹੀਂ ਕਹਿੰਦੇ ਕਿਉਂਕਿ ਨਿਰੰਕਾਰ ਸਾਡੇ ਨਾਲ ਹੈ। ਅੰਦਰ ਵੀ ਓਹੀ ਹੈ ਅਤੇ ਬਾਹਰ ਵੀ ਓਹੀ ਹੈ, ਤੁਸੀਂ ਜਾਓ ਸਾਡਾ ਫਿਕਰ ਨਾ ਕਰੋ।

ਬਾਬਾ ਜੀ ਉਥੇ ਹੀ ਬੈਠੇ ਰਹੇ। ਸਵੇਰਾ ਹੋਇਆ ਤਾਂ ਪਿੰਡ ਵਾਲੇ ਇਕੱਠੇ ਹੋ ਕੇ ਆ ਗਏ ਕਿ ਦੇਖੀਏ ਤਾਂ ਸਹੀ ਕਿ ਸਾਧੂ ਬੈਠਾ ਹੈ ਜਾਂ ਨਹੀਂ। ਜਦੋਂ ਆ ਕੇ ਦੇਖਿਆ ਤਾਂ ਬਾਬਾ ਜੀ ਉਸੇ ਤਰ੍ਹਾਂ ਸਮਾਧੀ ਸਥਿਤ ਬੈਠੇ ਸਨ। ਆਲੇ ਦੁਆਲੇ ਪਰਖ ਵਾਲਿਆਂ ਨੇ ਦੇਖਿਆ ਕਿ ਸ਼ੇਰਾਂ ਦੀਆਂ ਪੈੜਾਂ ਦੇ ਨਿਸ਼ਾਨ ਹਨ, ਸ਼ੇਰਾਂ ਨੇ ਉਨ੍ਹਾਂ ਨੂੰ ਸੁੰਘਿਆ ਹੋਇਆ ਹੈ।

ਬਾਬਾ ਜੀ ਨੂੰ ਨਮਸ਼ਕਾਰ ਕਰਕੇ ਪੁਛਣ ਲੱਗੇ ਕਿ ਬਾਬਾ ਜੀ! ਇਕ ਗੱਲ ਸਾਡੀ ਸਮਝ 'ਚ ਨਹੀਂ ਆਈ ਕਿ ਆਹ ਸ਼ੇਰਾਂ ਦੀਆਂ ਪੈੜਾਂ ਤੁਹਾਡੇ ਦੁਆਲੇ ਘੁੰਮੀਆਂ ਹੋਈਆਂ ਨੇ ਤੁਹਾਨੂੰ ਸ਼ੇਰਾਂ ਨੇ ਖਾਧਾ ਕਿਉਂ ਨਹੀਂ ਹੈ? ਕੋਈ ਮੰਤਰ ਹੈ ਤੁਹਾਡੇ ਕੋਲ?

ਬਾਬਾ ਜੀ ਨੇ ਕਿਹਾ, ਨਹੀਂ, ਸਾਡੇ ਕੋਲ ਕੋਈ ਮੰਤਰ ਨਹੀਂ ਹੈ, ਉਹ ਅੱਖ ਹੈ ਸਾਡੇ ਕੋਲ ਜਿਹਦੇ ਨਾਲ ਸ਼ੇਰ ਦੇ ਅੰਦਰ ਵੀ ਅਸੀਂ ਆਪਣਾ ਆਪ ਤਕਦੇ ਹਾਂ। ਇਕੋ ਆਤਮਾ ਦੇਖਦੇ ਹਾਂ, ਦੂਜਾ ਨਹੀਂ ਦੇਖਦੇ, ਉਹ ਸਾਡੇ ਗੁਰੂ ਨੇ ਅੱਖ ਖੋਲ੍ਹ ਦਿਤੀ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ -ਗੁਰਾਂ ਨੇ ਮੇਰੇ ਓ ਨੈਣ ਖੋਲ੍ਹ ਤੇ*
*ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ*

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ*
*ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥*
*ਪੰਨਾ - 407*

ਬਾਬਾ ਜੀ ਕਹਿਣ ਲੱਗੇ, ਪ੍ਰੇਮੀਓ! ਸਾਡੀ ਗੁਰੂ ਨਾਨਕ ਨੇ ਅੱਖ ਖੋਲ੍ਹ ਦਿਤੀ, ਸਾਨੂੰ ਸਾਰੀਆਂ ਘਟਾਂ 'ਚ ਇਕੋ ਨਜ਼ਰ ਆਉਂਦਾ ਹੈ। ਸ਼ੇਰ ਵੀ ਸਾਨੂੰ ਆਪਣਾ ਹੀ ਸਰੂਪ ਨਜ਼ਰ ਆਉਂਦਾ ਹੈ। ਤੁਸੀਂ ਇਕ ਗੱਲ ਦੱਸੋ ਕਿ ਕਦੇ ਕਿਸੇ ਨੇ ਆਪਣਾ ਆਪ ਵੀ ਖਾਧਾ ਹੈ? ਸ਼ੇਰ ਵੀ ਮੇਰਾ ਆਪਣਾ ਆਪ ਸੀ, ਫੇਰ ਉਹ ਮੈਨੂੰ ਕਿਵੇਂ ਖਾ ਸਕਦਾ ਹੈ।

**ਸੋ ਇਹ ਭਰਮ ਹੋਇਆ ਕਰਦਾ ਹੈ ਸੋਨੇ ਦਾ ਤੇ ਸੋਨੇ ਦੇ ਗਹਿਣਿਆ ਦਾ। ਸੋਨੇ ਦੇ ਗਹਿਣੇ ਦੇਖਣ ਨੂੰ ਅੱਡ-ਅੱਡ ਲਗਦੇ ਨੇ ਲੇਕਿਨ ਹੈ ਸਾਰਾ ਸੋਨਾ।**

ਬ੍ਰਹਮ ਅਤੇ ਸੰਸਾਰ ਦੋਹਾਂ ਨੂੰ ਵੱਖਰੇ-ਵੱਖਰੇ ਜਾਣ ਕੇ ਸਤਿ ਮੰਨਣ ਦਾ ਭਰਮ ਇਹ ਪੰਜਵਾਂ ਭਰਮ ਹੈ ਜਿਸ ਵਿਚ ਸੰਸਾਰ ਦੇ ਅਧਿਕਤਰ ਵਿਦਵਾਨ ਉਲਝੇ ਪਏ ਹਨ ਕਿਉਂਕਿ ਸੰਸਾਰ ਦੀ ਉਤਪਤੀ ਮਾਇਆ ਤੋਂ ਹੋਣ ਕਰਕੇ ਪ੍ਰਕ੍ਰਿਤੀ ਇਕ ਸੁਤੰਤਰ ਤਤ ਮੰਨਿਆ ਜਾਂਦਾ ਹੈ। ਕਈ ਵਿਚਾਰਵਾਨ ਜੀਵ ਨੂੰ ਵੀ ਸੁਤੰਤਰ ਮੰਨਦੇ ਹਨ, ਵਾਹਿਗੁਰੂ ਜੀ ਤਾਂ ਸੁਤੰਤਰ ਹਨ ਹੀ ਪਰ ਉਹ ਜੀਵ ਨੂੰ ਪ੍ਰਕ੍ਰਿਤੀ ਨਾਲ ਨਹੀਂ ਜੋੜਦੇ, ਉਨ੍ਹਾਂ ਦਾ ਵਿਚਾਰ ਹੈ ਕਿ ਜੀਵ ਪ੍ਰਮੇਸ਼ਰ ਦੀ ਅੰਸ ਹੈ ਉਹ ਇਸ ਖਿਆਲ ਵਿਚ ਦ੍ਰਿੜ ਹਨ ਕਿ ਜਦੋਂ ਵਾਹਿਗੁਰੂ ਜੀ ਸਤਿ ਹਨ, ਏਕੰਕਾਰ ਜੀ ਸਤਿ ਸਰੂਪ ਹਨ ਤਾਂ ਉਨ੍ਹਾਂ ਦੀ ਅੰਸ ਵੀ ਸਤਿ ਸਰੂਪ ਹੈ। ਇਸ ਤਰ੍ਹਾਂ ਦੇ ਨਾਲ ਇਕ **Trinity** (ਤ੍ਰੈਪੱਖੀ) ਗੱਲ ਵਿਚਾਰ ਅਧੀਨ ਰਹਿੰਦੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਪ੍ਰਕ੍ਰਿਤੀ ਅਨਾਦੀ ਤੱਤ ਹੈ ਤਾਂ ਇਸ ਅਨਾਦੀ ਤੱਤ ਨਾਲ ਜੀਵ ਸਤੱਾ ਰਲ ਕੇ ਚੇਤਨਾ ਪ੍ਰਗਟ ਕਰ ਰਹੀ ਹੈ। ਭਾਵੇਂ ਜੀਵ ਕਿਸੇ ਵੀ ਜੂਨ ਵਿਚ ਕਿਉਂ ਨਾ ਹੋਵੇ ਉਹ ਏਕੰਕਾਰ ਜੀ ਦੀ ਅੰਸ ਹੈ ਇਸ ਕਰਕੇ ਜੀਵ ਅਤੇ ਪ੍ਰਕ੍ਰਿਤੀ ਦਾ ਮਸਲਾ ਸਾਮ੍ਹਣੇ ਹੈ ਕਿਉਂਕਿ ਪ੍ਰਕ੍ਰਿਤੀ ਵਿਚ ਸੁੱਖ ਨਾਮ ਦੀ ਚੀਜ਼ ਨਹੀਂ ਹੈ। ਇਹ ਜੜ੍ਹ ਹੈ, ਮੂੜ੍ਹ ਹੈ ਅਤੇ ਦੁਖ ਦਾ ਕਾਰਨ ਹੈ, ਛਿਨਭੰਗਰ ਹੈ, ਇਕ ਸ਼ਕਲ ਵਿਚ ਇਹ ਕਦੇ ਵੀ ਥਿਰ ਨਹੀਂ ਰਹਿੰਦੀ, ਇਹ ਸਕਿੰਟ ਦੇ ਹਜ਼ਾਰਵੇਂ ਹਿੱਸੇ ਵਿਚ ਵੀ ਪਰਿਵਰਤਨਸ਼ੀਲ ਹੈ। ਛਿਨ-ਛਿਨ ਕਰਕੇ ਇਹ ਤਬਦੀਲ ਹੁੰਦੀ ਰਹਿੰਦੀ ਹੈ, ਕਦੇ ਘਟਦੀ ਹੈ, ਕਦੇ ਵਧਦੀ ਹੈ, ਕਦੇ ਨਾਸ਼ ਹੋ ਜਾਂਦੀ ਹੈ ਪਰ ਇਸ ਦੀ ਜੋ ਸਮੁੱਚੀ ਮਿਕਦਾਰ ਹੈ, ਉਹ ਵਿਨਾਸ਼ ਹੋਣ ਨਾਲ ਘਟਦੀ ਨਹੀਂ, ਪੈਦਾ ਹੋਣ ਨਾਲ ਵਧਦੀ ਨਹੀਂ। ਜਿੰਨੀ ਸੰਸਾਰ ਵਿਚ ਹਵਾ ਹੈ ਓਹ ਓਨੀਂ ਹੀ ਰਹਿਣੀ ਹੈ, ਜਿੰਨਾਂ ਪਾਣੀ ਹੈ ਪਾਣੀ ਵੀ ਉਤਨਾ ਹੀ ਰਹਿਣਾ ਹੈ। ਹੋਰ ਜਿਹੜੀਆਂ ਗੈਸਾਂ ਹਨ ਉਹ ਵੀ ਭਾਵੇਂ ਦੂਜਿਆਂ ਤੱਤਾਂ ਨਾਲ ਰਲ ਕੇ ਖੇਲ੍ਹ ਕਰਨ ਪਰ ਜਦੋਂ ਦੂਜੇ ਤੱਤਾਂ ਦਾ ਵਿਨਾਸ਼ ਹੁੰਦਾ ਹੈ ਤਾਂ ਇਹ ਆਪਣੇ ਤੱਤਾਂ ਵਿਚ ਮੁੜ ਕੇ ਆ ਜਾਂਦੀ ਹੈ। ਇਹ ਗੱਲਾਂ ਸਾਇੰਸ ਨੇ ਪੂਰੀ ਤਰ੍ਹਾਂ ਨਾਲ ਸਿੱਧ ਕੀਤੀਆਂ ਹੋਈਆਂ ਹਨ, ਦੂਜੇ ਪਾਸੇ ਪ੍ਰਮ ਚੇਤਨ ਸ਼ਕਤੀ ਏਕੰਕਾਰ ਜੀ ਉਹ ਸੰਸਾਰ ਦਾ ਰੂਪ ਧਾਰਨ ਕਰਕੇ ਕਦੇ ਵਧਦੇ ਨਹੀਂ ਹਨ, ਕਦੇ ਘਟਦੇ ਨਹੀਂ ਹਨ। ਫੁਰਮਾਨ ਹੈ ਕਿ -

*ਜਿਮੀ ਜਮਾਨ ਕੇ ਬਿਖੈ*

*ਸਮਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨਾ ਬਾਢ ਹੈ*
*ਬਾਢ ਘਾਟ ਹੋਤ ਹੈ॥ ਅਕਾਲ ਉਸਤਤਿ*

ਇਸ ਜੀਵ ਦੇ ਬਾਰੇ ਬਹੁਤੀ ਵਿਚਾਰ ਖੁਲ੍ਹ ਕੇ ਨਹੀਂ ਮਿਲਦੀ, ਇਹ ਘਟਦਾ ਹੈ ਕਿ ਵਧਦਾ ਹੈ ਇਸ ਸਬੰਧ ਵਿਚ ਐਨਾ ਹੀ ਕਿਹਾ ਜਾਂਦਾ ਹੈ ਕਿ ਜੀਵ ਹਉਮੈ ਦੇ ਅਧੀਨ ਹੋਇਆ ਹੋਇਆ ਜੰਮਣ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਇਹ ਨਾ ਅੱਗ ਨਾਲ ਜਲਦਾ ਹੈ, ਨਾ ਪਾਣੀ ਵਿਚ ਡੁਬਦਾ ਹੈ, ਨਾ ਸ਼ਸਤਰ ਨਾਲ ਕੱਟਿਆ ਜਾ ਸਕਦਾ ਹੈ, ਕੇਵਲ ਪ੍ਰਕ੍ਰਿਤੀ ਨਾਲ ਰਲ ਕੇ ਆਪਣੇ ਕਰਮਾਂ ਦੇ ਹਿਸਾਬ ਨਾਲ ਖੇਲ੍ਹ ਰਿਹਾ ਹੈ। ਸੋ ਇਹ ਵੱਖਰੇ-ਵੱਖਰੇ ਨਿਸ਼ਚੇ ਹਨ। ਜੀਵ ਨੂੰ ਚਾਹੇ ਸੰਸਾਰ ਨਾਲ ਰਲਾ ਲਵੋ ਭਾਵੇਂ ਸਤਿ ਚਿਤ ਚੇਤਨ ਤੱਤ ਨਾਲ ਰਲਾ ਲਓ ਇਹ ਦੋਵੇਂ ਪਾਸੇ ਰਲਣ ਦੀ ਸਮਰਥਾ ਰਖਦਾ ਹੈ। ਜਿੰਨੀ ਦੇਰ ਤਕ ਇਹ ਹਉਮੈ ਦੇ ਅਧੀਨ ਹੈ ਇਸ ਨੇ ਜਨਮ ਮਰਨ ਦਾ ਚੱਕਰ ਕੱਟਦੇ ਰਹਿਣਾ ਹੈ, ਕੋਈ ਨਹੀਂ ਕਹਿ ਸਕਦਾ ਕਿ ਜੀਵ ਨੇ ਖਰਬ-ਖਰਬ ਸਾਲ ਦਾ ਚੱਕਰ ਕੱਟ ਲਿਆ, ਇਹ ਕਹਿਣਾ ਮੁਸ਼ਕਲ ਹੈ ਕਿਉਂਕਿ ਸੰਸਾਰ ਦੀ ਉਤਪਤੀ ਬਾਰੇ ਕੋਈ ਅਨੁਮਾਨ ਨਹੀਂ ਲਾਇਆ ਜਾ ਸਕਦਾ। ਕਈ ਪ੍ਰੇਮੀ ਮੈਂ ਕਹਿੰਦੇ ਸੁਣੇ ਹਨ ਕਿ ਸੰਸਾਰ 36 ਜੁਗਾਂ ਦਾ ਸਮਾਂ ਲੰਘਣ ਉਪਰੰਤ ਉਤਪੰਨ ਹੋਇਆ ਹੈ। ਜਦੋਂ ਅਸੀਂ ਹਿਸਾਬ ਦੇਖਦੇ ਹਾਂ, ਵਿਸ਼ੇਸ਼ਕ ਸ਼ਾਸਤਰ ਵਗੈਰਾ, ਕਈ ਸ਼ਾਸਤਰਾਂ ਵਿਚ ਇਹ ਅਨੁਮਾਨ ਲਾਇਆ ਗਿਆ ਹੈ ਕਿ ਜਦੋਂ ਸਤਿਜੁਗ, ਤ੍ਰੇਤੇ ਦੁਆਪਰ ਵਿਚ ਕਲਜੁੱਗ 43 ਲੱਖ 20 ਹਜ਼ਾਰ ਦਾ ਸਮਾਂ ਲਗਾ ਕੇ ਮੁੜ ਕੇ ਸਤਿਜੁਗ ਵਿਚ ਪ੍ਰਗਟ ਹੋ ਗਿਆ ਉਸ ਸਮੇਂ ਨੂੰ ਇਕ ਚੌਂਕੜੀ ਆਖਦੇ ਹਨ, 71 ਚੌਂਕੜੀਆਂ ਲੰਘਣ ਤੇ ਜਾਂ 31 ਕਰੋੜ 14 ਲੱਖ 48 ਹਜ਼ਾਰ ਸਾਲ ਲੰਘਣ ਉਪਰੰਤ ਇਕ ਮਨੰਤਰ ਹੋਇਆ ਕਰਦਾ ਹੈ। ਕਈ ਗ੍ਰੰਥਾਂ ਵਿਚ ਮਨੰਤਰ ਦਾ ਸਮਾਂ 43 ਲੱਖ 20 ਹਜ਼ਾਰ ਸਾਲ ਹੀ ਦਿਤਾ ਹੋਇਆ ਹੈ ਜੋ ਦੇਵਤਿਆਂ ਦੇ 12000 ਸਾਲਾਂ ਦੇ ਤੁੱਲ ਹੈ। ਜਦੋਂ ਇਕ ਹਜ਼ਾਰ ਚੌਂਕੜੀ ਲੰਘ ਜਾਵੇ ਉਸ ਵੇਲੇ ਇਕ ਕਲਪ ਹੋਇਆ ਕਰਦਾ ਹੈ। ਪੁਰਾਣਾਂ ਅਨੁਸਾਰ ਬ੍ਰਹਮਾ ਦਾ ਇਕ ਦਿਨ 4 ਅਰਬ 32 ਲੱਖ ਸਾਲ ਦਾ ਹੁੰਦਾ ਹੈ, ਬ੍ਰਹਮਾ ਦੀ ਉਮਰ ਇਸ ਵੱਡੇ ਇਕ ਦਿਨ ਦੇ ਹਿਸਾਬ ਨਾਲ ਸੌ ਸਾਲ ਦੀ ਹੁੰਦੀ ਹੈ ਜੋ 16 ਲੱਖ ਖਰਬ ਸਾਲ ਦੀ ਹੋਇਆ ਕਰਦੀ ਹੈ। ਜਦੋਂ ਇਕ ਬ੍ਰਹਮਾ ਖਤਮ ਹੋ ਜਾਂਦਾ ਹੈ ਤਾਂ ਸ਼ਿਵ ਜੀ ਦਾ ਇਕ ਦਿਨ ਹੋਇਆ ਕਰਦਾ ਹੈ। ਇਸੇ ਤਰ੍ਹਾਂ ਉਸ ਦੀ ਸੌ ਸਾਲ ਦੀ ਉਮਰ ਹੁੰਦੀ ਹੈ। ਇਸ ਤਰ੍ਹਾਂ ਵੀ ਦਸਦੇ ਹਨ ਕਿ ਕਲਪ ਬ੍ਰਿਛ ਦਾ ਜਦੋਂ ਇਕ ਪੱਤਾ ਝੜ ਜਾਂਦਾ ਹੈ ਤਾਂ ਉਸ ਸਮੇਂ ਨੂੰ ਕਲਪ ਆਖਦੇ ਹਨ। ਜਦੋਂ ਉਸ ਦੇ ਲੱਖਾਂ ਪੱਤੇ ਝੜ ਜਾਣ ਤਾਂ ਮਹਾਂਕਲਪ ਆਖਦੇ ਹਨ। ਉਸ ਸਮੇਂ ਸੰਸਾਰ ਵਿਚ ਪਰਲੋਂ ਆਉਂਦੀ ਹੈ। ਗੁਰੂ ਮਹਾਰਾਜ ਜੀ ਵੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

*ਕਈ ਬਾਰ ਪਸਰਿਓ ਪਾਸਾਰ॥*
*ਸਦਾ ਸਦਾ ਇਕੁ ਏਕੰਕਾਰ॥*
*ਪੰਨਾ - 276*

ਸੋ ਸੰਸਾਰ ਦੀ ਐਨੀ ਲੰਮੀ ਉਮਰ ਹੈ ਜੋ ਖਰਬਾਂ-ਖਰਬਾਂ ਸਾਲਾਂ ਵਿਚ ਹੈ ਇਸ ਨੂੰ ਸਤਿ ਮੰਨ ਲਿਆ ਗਿਆ ਹੈ ਅਤੇ ਪ੍ਰਮੇਸ਼ਰ ਤੋਂ ਬਿਲਕੁਲ ਵੱਖਰਾ ਮੰਨਿਆ ਗਿਆ ਹੈ। ਗੁਰਮਤਿ ਦਾ ਸਿਧਾਂਤ ਇਹ ਦਸਦਾ ਹੈ ਕਿ ਇਥੇ ਵਾਹਿਗੁਰੂ ਜੀ ਆਪ ਹੀ ਸੰਸਾਰ ਰੂਪ ਹੋ ਕੇ ਖੇਲ੍ਹਦੇ ਹਨ ਇਸ ਨੂੰ ਸਤਿ ਇਸ ਕਰਕੇ ਕਿਹਾ ਜਾਂਦਾ ਹੈ ਕਿ ਇਹ ਸਤਿ ਤੋਂ ਉਤਪਤਿ ਹੋਇਆ ਸਤਿ ਹੀ ਇਕ ਖੇਲ੍ਹ ਹੈ -

*ਆਪਿ ਸਤਿ ਕੀਆ ਸਭ ਸਤਿ॥*
*ਤਿਸੁ ਪ੍ਰਭ ਤੇ ਸਗਲੀ ਉਤਪਤਿ॥*
*ਤਿਸੁ ਭਾਵੈ ਤਾ ਕਰੇ ਬਿਸਥਾਰੁ॥*
*ਤਿਸੁ ਭਾਵੈ ਤਾ ਏਕੰਕਾਰੁ॥*
*ਅਨਿਕ ਕਲਾ ਲਖੀ ਨਹ ਜਾਇ॥*
*ਜਿਸੁ ਭਾਵੈ ਤਿਸੁ ਲਏ ਮਿਲਾਇ॥*
*ਕਵਨ ਨਿਕਟਿ ਕਵਨ ਕਹੀਐ ਦੂਰਿ॥*
*ਆਪੇ ਆਪਿ ਆਪ ਭਰਪੂਰਿ॥*
*ਅੰਤਰਗਤਿ ਜਿਸੁ ਆਪਿ ਜਨਾਏ॥*
*ਨਾਨਕ ਤਿਸੁ ਜਨ ਆਪਿ ਬੁਝਾਏ॥*
*ਪੰਨਾ - 294*

ਗੁਰੂ ਮਹਾਰਾਜ ਜੀ ਇਸੇ ਆਸ਼ੇ ਨਾਲ 'ਸਚੇ ਤੇਰੇ ਖੰਡ ਸਚੇ ਬ੍ਰਹਿਮੰਡ॥' ਫੁਰਮਾਨ ਕਰਦੇ ਹਨ ਇਸ ਦਾ ਮਤਲਬ ਇਹ ਹੈ ਕਿ ਵਾਹਿਗੁਰੂ ਜੀ ਕਿਉਂਕਿ ਆਪ ਹੀ ਅਨੰਤ ਰੂਪ ਹੋਇਆ ਹੈ, ਖੰਡ ਵੀ ਬ੍ਰਹਿਮੰਡ ਵੀ ਉਸ ਦਾ ਹੀ ਇਕ ਚਮਤਕਾਰ ਹਨ ਇਥੇ ਮਾਇਆ ਮਾਖੀ ਵਗੈਰਾ ਕੋਈ ਚੀਜ਼ ਨਹੀਂ ਹੈ, ਉਹ ਆਪ ਹੀ ਸੰਸਾਰ ਨੂੰ ਰਚ ਲੈਂਦਾ ਹੈ -

*ਕਰਣ ਕਾਰਣ ਪ੍ਰਭੁ ਏਕੁ ਹੈ*
*ਦੂਸਰ ਨਾਹੀ ਕੋਇ॥*
*ਨਾਨਕ ਤਿਸੁ ਬਲਿਹਾਰਣੈ*
*ਜਲਿ ਥਲਿ ਮਹੀਅਲਿ ਸੋਇ॥*
*ਪੰਨਾ - 276*

ਗੁਰਮਤਿ ਸਿਧਾਂਤ ਅਨੁਸਾਰ ਇਹ ਮਨੌਤ ਜੋ ਸੰਸਾਰ ਨੂੰ ਅਤੇ ਵਾਹਿਗੁਰੂ ਜੀ ਨੂੰ ਵਖਰਾ-ਵੱਖਰਾ ਮੰਨਦੀ ਹੈ ਨਹੀਂ ਰਹਿੰਦੀ, ਗੁਰੂ ਮਹਾਰਾਜ ਜੀ ਇਸ ਨੂੰ ਪ੍ਰਭੂ ਦੀ ਖੇਲ੍ਹ ਦਸਦੇ ਹਨ -

*ਜਬ ਉਦਕਰਖ ਕਰਾ ਕਰਤਾਰਾ॥*
*ਪ੍ਰਜਾ ਧਰਤ ਤਬ ਦੇਹ ਅਪਾਰਾ॥*
*ਜਬ ਆਕਰਖ ਕਰਤ ਹੋ ਕਬਹੂੰ॥*
*ਤੁਮ ਮੈ ਮਿਲਤ ਦੇਹ ਧਰ ਸਬਹੂੰ॥*
*ਕਬਜੋ ਵਾਚ ਬੇਨਤੀ ਚੌਪਈ*

ਜਦੋਂ ਸੰਸਾਰ ਦੀ ਖੇਲ੍ਹ ਉਜਾੜ ਦਿੰਦੇ ਹਨ, ਉਸ ਵੇਲੇ ਸਾਰਾ ਸੰਸਾਰ ਹੀ ਵਾਹਿਗੁਰੂ ਵਿਚ ਲੀਨ ਹੋ ਜਾਂਦਾ ਹੈ, ਵੱਖਰਾ ਨਹੀਂ ਰਹਿੰਦਾ। ਮੱਕੜੀ, ਜਾਲਾ ਆਪਣੇ

ਵਿਚੋਂ ਤਣਦੀ ਹੈ ਪਰ ਉਹ ਜਾਲੇ ਵਿਚ ਘਟ-ਘਟ ਵਿਚ ਵਿਆਪਕ ਨਹੀਂ ਹੈ, ਤੰਦ-ਤੰਦ ਵਿਚ ਵਿਆਪਕ ਨਹੀਂ ਹੈ। ਉਹ ਜਾਲੇ ਦੇ ਇਕ ਪਾਸੇ ਹੋ ਕੇ ਬੈਠ ਜਾਂਦੀ ਹੈ ਪਰ ਇਸ ਦੇ ਵਿਪਰੀਤ ਵਾਹਿਗੁਰੂ ਜੀ ਸੰਸਾਰ ਆਪ ਰਚਦੇ ਹਨ, ਰਚ ਕੇ ਇਸ ਦੇ ਕਣ-ਕਣ ਵਿਚ ਰਮੇ ਰਹਿੰਦੇ ਹਨ ਪਰ ਉਨ੍ਹਾਂ ਦੀ ਆਪਣੀ ਸੁਤੰਤਰ ਹਸਤੀ ਸੰਸਾਰ ਵਿਚ **desolve** (ਰਲ ਕੇ ਖਤਮ) ਨਹੀਂ ਹੁੰਦੀ। ਉਨ੍ਹਾਂ ਦੀ 'ਬੈਠਾ ਵੇਖੈ ਵਖ ਇਕੇਲਾ' ਸਥਿਤੀ ਬਣੀ ਰਹਿੰਦੀ ਹੈ, ਸੰਸਾਰ ਉਨ੍ਹਾਂ ਦਾ ਰੂਪ ਹੁੰਦਿਆਂ ਹੋਇਆਂ ਵੀ ਉਨ੍ਹਾਂ ਨੂੰ ਆਪਣੇ ਵਿਚ ਲੈਅ ਨਹੀਂ ਕਰ ਸਕਦਾ, ਵਾਹਿਗੁਰੂ ਜੀ ਸੰਸਾਰ ਨੂੰ ਆਪਣੇ ਵਿਚ ਲੈਅ ਕਰ ਲੈਂਦੇ ਹਨ ਅਤੇ ਸੰਸਾਰ ਉਨ੍ਹਾਂ ਤੋਂ ਕਿਸੇ ਤਰ੍ਹਾਂ ਵੀ ਵੱਖ ਨਹੀਂ ਹੋਇਆ ਕਰਦਾ, ਇਹ ਹਰੀ ਦਾ ਰੂਪ ਹੀ ਹੋਇਆ ਕਰਦਾ ਹੈ ਜਿਵੇਂ ਕਿ -

*ਇਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥*

*ਪੰਨਾ - 922*

ਵਾਹਿਗੁਰੂ ਜੀ ਦੀ ਮੌਜ ਹੈ ਉਹ ਚਾਹੇ ਸਰਗੁਣ ਹੋਣ, ਚਾਹੇ ਨਿਰਗੁਣ ਹੋਣ, ਚਾਹੇ ਉਹ ਨਿਰੰਕਾਰ ਹੋਣ, ਚਾਹੇ ਸੁੰਨ ਸਮਾਧੀ ਹੋਣ ਉਹ ਆਪੇ ਹੀ ਆਪ ਹਨ। ਜਦੋਂ ਸੰਸਾਰ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ ਤਾਂ ਵੀ ਉਹ ਆਪ ਹਨ ਜਦੋਂ ਸੰਸਾਰ ਸਥਿਤ ਹੁੰਦਾ ਹੈ ਤਾਂ ਵੀ ਉਹ ਆਪ ਹੀ ਹੁੰਦੇ ਹਨ ਜਦੋਂ ਸੰਸਾਰ ਨਹੀਂ ਰਹਿੰਦਾ ਉਸ ਵੇਲੇ ਵੀ ਉਹ ਆਪ ਹੀ ਰਹਿੰਦੇ ਹਨ। ਇਸ ਨੂੰ ਬਹੁਤ ਸਾਰੇ ਸਿਆਣੇ ਇਹ ਆਖਦੇ ਹਨ ਕਿ ਇਹ ਸੰਸਾਰ ਵਾਹਿਗੁਰੂ ਜੀ ਦਾ ਫੁਰਨਾ ਹੈ। ਅਸੀਂ ਅਲਪੱਗ ਹਾਂ, ਉਹ ਸਰਬੱਗ ਹੈ, ਫੁਰਨੇ ਤਾਂ ਅਸੀਂ ਵੀ ਕਰਦੇ ਹਾਂ ਪਰ ਅਲਪੱਗ ਹੋਣ ਕਰਕੇ ਸਾਡਾ ਫੁਰਨਾ ਸਾਕਾਰ ਨਹੀਂ ਹੁੰਦਾ। ਸਾਡੇ ਵਿਚ ਸੱਤਾ ਤਾਂ ਹੈ ਕਿ ਅਸੀਂ ਫੁਰਨੇ ਨਾਲ ਰਚਨਾ ਰਚ ਸਕੀਏ ਪਰ ਉਹ ਜਾਗ੍ਰਤ ਅਵਸਥਾ ਵਿਚ ਨਹੀਂ ਰਹਿੰਦਾ। ਸੁਰਤ ਵਾਲੀ ਸੁਪਨ ਅਵਸਥਾ ਵਿਚ ਜੋ ਅਸੀਂ ਰਚਨਾ ਰਚ ਰਖਦੇ ਹਾਂ ਸਾਡੀ ਹੋਂਦ ਉਸੇ ਤਰ੍ਹਾਂ ਕਾਇਮ ਰਹਿੰਦੀ ਹੈ ਪਰ ਇਹ ਫੁਰਨੇ ਅਨੇਕਾਂ ਰੂਪ, ਅਨੇਕਾਂ ਰੰਗ, ਅਨੇਕਾਂ ਜੰਤ੍ਰ, ਰੇਲਾਂ, ਨਦੀ, ਨਾਲੇ, ਤੋਪਾਂ, ਫਸਲਾਂ, ਅਨੇਕਾਂ ਜੂਨਾਂ ਨੂੰ ਸੁਪਨੇ ਵਿਚ ਦੇਖਦੀ ਹੈ। ਅਸੀਂ ਉਸੇ ਤਰ੍ਹਾਂ ਰਹਿੰਦੇ ਹਾਂ, ਸਾਡਾ ਕੁਝ ਘਟਦਾ ਵਧਦਾ ਨਹੀਂ ਹੈ ਅਤੇ ਜਦੋਂ ਸੁਪਨਾ ਖਤਮ ਹੋ ਜਾਂਦਾ ਹੈ ਤਾਂ ਕੋਈ ਚੀਜ਼ ਬਕਾਇਆ ਨਹੀਂ ਰਹਿੰਦੀ। ਸਿਰਫ ਸਾਡੀ ਯਾਦਾਸ਼ਤ ਪ੍ਰਕ੍ਰਿਤੀ ਦੀ ਹੋਣ ਕਰਕੇ ਉਹਦੇ ਵਿਚ ਯਾਦ ਦੀਆਂ ਲਕੀਰਾਂ ਪੈ ਜਾਂਦੀਆਂ ਹਨ। ਪ੍ਰਮੇਸ਼ਰ ਵਿਚ ਇਹ ਚੀਜ਼ ਨਹੀਂ। ਉਸ ਦਾ ਸੁਤੇ ਫੁਰਨਾ ਜਿਸਨੂੰ ਸਾਸ਼ਤਰਾਂ ਵਿਚ ਕਿਹਾ ਗਿਆ ਹੈ 'ਅਹੰ ਬਹੁਸਿਆਮਾ' ਮੈਂ ਇਕ ਤੋਂ ਅਨੇਕ ਹੋ ਜਾਵਾਂ। ਇਸ ਨਾਲ ਹੀ ਪੂਰੀ ਸਾਇੰਸ ਦੀ ਉਤਪਤੀ ਹੁੰਦੀ ਹੈ, ਪੂਰਨ ਹੁਕਮ ਦੀ ਉਤਪਤੀ ਹੁੰਦੀ ਹੈ ਜਿਸ ਵਿਚ ਕਿਸੇ ਪਾਸੇ ਵੀ ਕੋਈ ਅਧੂਰਾਪਨ ਕੋਈ ਤ੍ਰੁਪੀ ਨਹੀਂ ਹੁੰਦਾ ਉਸੇ ਵਿਚ ਸੰਸਾਰ ਜਿਸ ਵਿਚ ਅਸੀਂ ਦੇਖਦੇ ਹਾਂ ਪ੍ਰਗਟ ਹੋ ਜਾਂਦਾ ਹੈ -

*ਏਕ ਕਵਾਵੈ ਤੇ ਸਭਿ ਹੋਆ॥*

*ਪੰਨਾ - 1003*

ਸੋ ਇਸ ਕਰਕੇ ਸੰਸਾਰ ਅਤੇ ਵਾਹਿਗੁਰੂ ਜੀ ਨੂੰ ਵੱਖੋ-ਵੱਖ ਦੇਖਣਾ ਇਕ ਬਹੁਤ ਵੱਡਾ ਭਰਮ ਹੈ, ਵੱਡੇ-ਵੱਡੇ ਵਿਚਾਰਵਾਨ ਇਸ ਗੱਲ ਵਿਚ ਉਲਝੇ ਪਏ ਹਨ ਅਤੇ ਬ੍ਰਹਮਗਿਆਨ ਦਾ ਅਨੁਭਵ ਨਹੀਂ ਹੋ ਸਕਦਾ ਕਿਉਂਕਿ ਬ੍ਰਹਮਗਿਆਨ ਦਾ ਜੋ ਅਨੁਭਵ ਹੈ -

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ*
*ਬ੍ਰਹਮਗਿਆਨੀ ਹੋਇ॥ ਪੰਨਾ - 272*

ਇਸ ਉਪਰ ਦੁਨੀਆਂ ਦੇ ਵਿਚ ਵਰਤ ਰਿਹਾ ਉਦਾਹਰਣ ਦੇ ਕੇ ਹੋਰ ਸਪਸ਼ਟ ਕਰਦੇ ਹਾਂ, ਉਹ ਇਹ ਹੈ ਕਿ ਸੈਂਕੜੇ ਕੁਇੰਟਲ ਸੋਨੇ ਨੂੰ ਢਾਲ ਕੇ ਹਜ਼ਾਰਾਂ ਕਾਰੀਗਰ ਅਨੇਕ ਕਿਸਮ ਦੇ ਗਹਿਣੇ ਬਣਾ ਰਹੇ ਹਨ। ਗਹਿਣੇ ਦੇਖਣ ਵਿਚ ਬਿਲਕੁਲ ਵਖਰੇ-ਵਖਰੇ ਲਗ ਰਹੇ ਹਨ। ਮਨ ਨੂੰ ਮੋਂਹਦੇ ਹਨ ਗਹਿਣਿਆਂ ਦੀਆਂ ਅਨੇਕਾਂ-ਅਨੇਕਾਂ ਸ਼ਕਲਾਂ ਹਨ। ਸਾਰੇ ਵੱਖਰੇ-ਵੱਖਰੇ ਨਜ਼ਰ ਆ ਰਹੇ ਹਨ ਪਰ ਜਦੋਂ ਪਾਰਖੂ ਦੀ ਦ੍ਰਿਸ਼ਟੀ ਵਿਚ ਪੈਂਦੇ ਹਨ ਤਾਂ ਉਹ ਗਹਿਣਿਆਂ ਦੀਆਂ ਸ਼ਕਲਾਂ ਨਹੀਂ ਦੇਖਦਾ, ਉਹ ਕਸਵੱਟੀ ਤੇ ਲਾ ਕੇ ਦੇਖਦਾ ਹੈ ਇਹ ਕਿੰਨੇ ਵੰਨੀ (ਕੈਰਟ) ਦਾ ਸੋਨਾ ਹੈ। ਸਾਰੇ ਗਹਿਣੇ ਅਸਲ ਵਿਚ ਕੀ ਹਨ, ਸੋਨਾ ਹੀ ਹਨ। ਇਸੇ ਤਰ੍ਹਾਂ ਨਾਲ ਸੰਸਾਰ ਦੇ ਸਾਰੇ ਰੂਪ, ਰੰਗ ਜੋ ਕੁਝ ਦ੍ਰਿਸ਼ਟੀ ਵਿਚ ਆ ਰਹੇ ਹਨ, ਚਾਹੇ ਗੁਪਤ ਹੈ, ਪ੍ਰਗਟ ਹੈ, ਚਾਹੇ ਉਹ ਕੋਈ ਸ਼ਕਤੀ ਹੈ ਇਹ ਸਭ ਕੁਝ ਪ੍ਰਮੇਸ਼ਰ ਹੀ ਹੈ। ਇਸ ਵਿਚ ਇਕ ਬੜਾ ਫਰਕ ਪੈਂਦਾ ਹੈ ਜੇ ਹਰ ਚੀਜ਼ ਪ੍ਰਮੇਸ਼ਰ ਹੈ ਤਾਂ ਉਸ ਵਿਚ ਪ੍ਰਮੇਸ਼ਰ ਦੀ ਸ਼ਕਤੀ ਹੋਣੀ ਚਾਹੀਦੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ! ਸਿਧਾਂਤ ਇਹ ਹੈ ਕਿ -

*ਜੈਸੀ ਮਤਿ ਦੇਇ ਤੈਸਾ ਪਰਗਾਸ॥*
*ਪਾਰਬ੍ਰਹਮੁ ਕਰਤਾ ਅਬਿਨਾਸ॥*

*ਪੰਨਾ - 275*

ਤੁਸੀਂ ਹਰ ਰੋਜ਼ ਦੇਖਦੇ ਹੋ ਕਿ ਖੇਤਾਂ ਵਿਚੋਂ ਉਚਿਆਂ ਖੰਭਿਆਂ ਉਪਰੋਂ ਬਿਜਲੀ ਦੀਆਂ ਤਾਰਾਂ ਗੁੰਜ਼ਾਰ ਪਾਉਂਦੀਆਂ ਲੰਘ ਰਹੀਆਂ ਹਨ, ਉਨ੍ਹਾਂ ਵਿਚ 11 ਹਜ਼ਾਰ ਵਾਟ ਦੀ ਸ਼ਕਤੀ ਹੁੰਦੀ ਹੈ ਜੋ ਨੇੜੇ ਆਈ ਚੀਜ਼ ਨੂੰ ਖਿਚ ਲੈਂਦੀਆਂ ਹਨ ਅਤੇ ਸਾੜ ਦਿੰਦੀਆਂ ਹਨ। ਜਦੋਂ ਇਸ ਨੂੰ ਅਸੀਂ ਟਰਾਂਸਫਾਰਮਾਂ ਰਾਹੀਂ ਘਟਾ ਕੇ 110 ਜਾਂ ਹੋਰ ਘੱਟ ਕਰਦੇ ਹਾਂ ਤਾਂ ਓਹੀ ਬਿਜਲੀ ਡਾਕਟਰ ਵਰਤਦੇ ਹਨ। ਜਿਸਦਾ ਦਿਮਾਗ ਸਹੀ ਕੰਮ ਨਾ ਕਰਦਾ ਹੋਵੇ, ਉਸ ਨੂੰ ਡਾਕਟਰ ਝਟਕੇ ਦਿੰਦੇ ਹਨ ਉਹ ਬਹੁਤ ਥੋੜ੍ਹੀ

ਸ਼ਕਤੀ ਦੀ ਹੁੰਦੀ ਹੈ। ਇਸੇ ਤਰ੍ਹਾਂ ਜੇ ਕੋਈ ਬਲਬ ਬਣਾ ਲਿਆ ਜਾਵੇ ਉਹ ਲੱਖ ਵਾਟ ਦਾ ਹੋਵੇ, ਉਹ ਸੇਕ ਨਾਲ ਨਾ ਟੁੱਟੇ ਇਹ ਹੋ ਸਕਦਾ ਹੈ, ਪਰ ਇਹੀ ਬਲਬ ਜਦੋਂ ਜ਼ੀਰੋ ਵਾਟ ਦਾ ਬਣ ਜਾਂਦਾ ਹੈ ਤਾਂ ਉਸ ਦੀ ਰੋਸ਼ਨੀ ਬਹੁਤ ਘੱਟ ਜਾਂਦੀ ਹੈ। ਇਸ ਤੋਂ ਵੀ ਥੱਲੇ ਰੋਸ਼ਨੀ ਨੂੰ ਘਟਾਇਆ ਜਾ ਸਕਦਾ ਹੈ। ਹੈ ਤਾਂ ਸਾਰੀ ਬਿਜਲੀ ਪਰ ਉਹ ਟਰਾਂਸਫਾਰਮਾਂ ਰਾਹੀਂ ਘਟ ਕੀਤੀ ਹੋਈ ਟਿਊਬਵੈਲ ਚਲਾਉਂਦੀ ਹੈ। ਹੋਰ ਅਨੇਕਾਂ ਕਾਰਜ ਚਲਾਉਂਦੀ ਹੈ। ਇਹ ਨਹੀਂ ਕਿ ਸਾਰੀ ਬਿਜਲੀ ਇਕੋ ਤਾਕਤ ਦੀ ਹੋਵੇ, ਇਸੇ ਤਰ੍ਹਾਂ ਨਾਲ ਪ੍ਰਮ ਚੇਤਨ ਪ੍ਰਕ੍ਰਿਤੀ ਦੇ ਅਨੇਕਾਂ ਸਰੀਰਾਂ ਵਿਚ ਖੇਲ੍ਹ ਕਰਦੀ ਹੈ, ਜਿਹੋ ਜਿਹੀ ਸਰੀਰ ਦੀ ਬਣਤਰ ਹੁੰਦੀ ਹੈ, ਉਤਨੀ ਹੀ ਤਾਕਤ ਉਸ ਵਿਚ ਹੋਇਆ ਕਰਦੀ ਹੈ ਇਸ ਕਰਕੇ ਇਹ ਕਹਿਣਾ ਕਿ ਇਹ ਵੀ ਰੱਬ ਹੈ, ਉਹ ਵੀ ਰੱਬ ਹੈ ਤਾਂ ਰੱਬ ਵਰਗੀ ਤਾਕਤ ਵੀ ਆਉਣੀ ਚਾਹੀਦੀ ਹੈ। ਜੇ ਅਸੀਂ ਹੋਰ ਅੱਗੇ ਵਧ ਕੇ ਵਿਚਾਰ ਕਰੀਏ, ਦੇਖੋ, ਇਹ ਜੀਵ ਪ੍ਰਮੇਸ਼ਰ ਦੀ ਅੰਸ ਹੈ ਉਸ ਦੀ ਇਕ ਨੂਰੀ ਕਿਰਨ ਹੈ ਪਰ ਜਦੋਂ ਪ੍ਰਕ੍ਰਿਤੀ ਵਿਚ ਰਲ ਕੇ ਆਪਣੇ ਆਪ ਨੂੰ ਜੋਤ ਦੀ ਥਾਂ ਸਰੀਰ ਸਮਝਦੀ ਹੈ ਉਸ ਵੇਲੇ ਇਹ ਪੂਰਨ ਰੂਪ ਵਿਚ ਭੁੱਲ ਜਾਂਦਾ ਹੈ ਕਿ ਮੈਂ ਤਾਂ ਉਸ ਵਾਹਿਗੁਰੂ ਦੀ ਜੋਤ ਹਾਂ ਜਿਸ ਨੂੰ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ –

**ਧਾਰਨਾ – ਮਨ ਤੂੰ ਜੋਤ ਸਰੂਪ ਹੈ,**
**ਆਪਣਾ ਮੂਲ ਪਛਾਣ।**
**ਆਪਣਾ ਮੂਲ ਪਛਾਣ**

**ਮਨ ਤੂੰ ਜੋਤਿ ਸਰੂਪੁ ਹੈ**
**ਆਪਣਾ ਮੂਲੁ ਪਛਾਣੁ॥**
**ਮਨ ਹਰਿ ਜੀ ਤੇਰੈ ਨਾਲਿ ਹੈ**
**ਗੁਰਮਤੀ ਰੰਗੁ ਮਾਣੁ॥ ਪੰਨਾ – 441**

ਸੋ ਸਾਰੀ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਸੰਸਾਰ ਤੇ ਵਾਹਿਗੁਰੂ ਨੂੰ ਅੱਡ-ਅੱਡ ਸਮਝਣਾ ਇਕ ਭਰਮ ਮਾਤਰ ਹੈ, ਮਾਇਆ ਦਾ ਅਸਰ ਹੈ, ਅਗਿਆਨਤਾ ਹੈ ਪਰ ਜਦੋਂ ਪੂਰਨ ਮਹਾਂਪੁਰਸ਼, ਪੂਰਨ ਸਤਿਗੁਰੂ ਇਸ ਨੂੰ ਸਰੀਰ ਰੂਪੀ ਘਰ ਵਿਚ, ਵਾਹਿਗੁਰੂ ਜੀ ਦਾ ਘਰ ਦਿਖਾ ਦੇਵੇ ਤਾਂ ਇਹ ਵਖਰਾ ਹੋਇਆ ਹੋਇਆ ਜੀਵ ਜਾਣ ਜਾਂਦਾ ਹੈ ਕਿ ਮੈਂ ਉਸ ਪ੍ਰਭੂ ਤੋਂ ਵੱਖ ਨਹੀਂ ਹਾਂ, 100% ਮੈਂ ਓਹੋ ਜਿਹਾ ਹੀ ਹਾਂ, ਪਰ ਮੈਂ ਲਘੂ ਹਾਂ ਉਹ ਮਹਾਨ ਹੈ; ਮੈਂ ਛੋਟਾ ਹਾਂ ਉਹ ਸੰਪੂਰਨ ਹੈ, ਹਾਂ ਮੈਂ ਉਸੇ ਦਾ ਰੂਪ, ਮੇਰੀ ਵੱਖਰੀ ਹਸਤੀ ਕੋਈ ਨਹੀਂ ਹੈ, ਕੇਵਲ ਹਉਮੈਂ ਕਰਕੇ ਮੈਨੂੰ ਵਖਰਾਪਣ ਭਾਸਦਾ ਹੈ। ਸੋ ਇਹ ਭਰਮ ਸਤਿਗੁਰੂ ਦੂਰ ਕਰਦਾ ਹੈ। ਇਸ ਭਰਮ ਨੂੰ ਸੰਸਾਰ ਅਤੇ ਬ੍ਰਹਮ ਨੂੰ ਵੱਖੋ-ਵੱਖਰਾ ਜਾਨਣਾ ਕਹਿੰਦੇ ਹਨ ਪਰ ਜਦੋਂ ਗੁਰੂ ਗਿਆਨ ਦਾ ਸੁਰਮਾ ਨੇਤਰਾਂ ਵਿਚ ਪਾ ਦਿੰਦਾ ਹੈ ਤਾਂ ਦਿਬਯ ਨੇਤਰ ਖੁਲ੍ਹ ਜਾਂਦੇ ਹਨ ਜਿਵੇਂ ਕਿ ਸਾਰੇ ਬੋਲ ਕੇ ਪੜ੍ਹੋ –

**ਧਾਰਨਾ – ਗੁਰਾਂ ਨੇ ਮੇਰੇ ਓ ਨੈਣ ਖੋਲ੍ਹ ਤੇ,**
**ਮੈਨੂੰ ਸਾਰਿਆਂ ਘਟਾਂ ਦੇ**
**ਵਿਚ ਦਿਸਿਆ**

**ਗੁਰਹਿ ਦਿਖਾਇਓ ਲੋਇਨਾ॥**
**ਈਤਹਿ ਊਤਹਿ ਘਟਿ ਘਟਿ**
**ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥**
**ਪੰਨਾ – 407**

ਸੋ ਇਸੇ ਤਰ੍ਹਾਂ ਨਾਲ ਇਸ ਜੀਵ ਨੂੰ ਇਹ ਭਰਮ ਪਏ ਹੋਏ ਹਨ ਜੋ ਇਸ ਜੀਵ ਨੂੰ ਬੇਹਿਸ ਕਰ ਰਹੇ ਹਨ। ਸਾਰੇ ਸੰਸਾਰ ਨੂੰ ਵੱਖਰਾ-ਵੱਖਰਾ ਕੀਤਾ ਪਿਆ ਹੈ ਕਿਉਂਕਿ ਸਾਰੇ ਮਜ਼੍ਹਬਾਂ ਦੀ ਸ਼ਰਾ ਇਕ ਨਹੀਂ ਹੋ ਸਕਦੀ, ਉਨ੍ਹਾਂ ਦੇ ਆਪਣੀਆਂ-ਆਪਣੀਆਂ ਪ੍ਰਸਥਿਤੀਆਂ ਦੇ ਮੁਤਾਬਿਕ ਕਰਮ ਹੋਇਆ ਕਰਦੇ ਹਨ –

**ਧਾਰਨਾ- ਬੰਧਨ ਦਾ ਮੂਲ ਨੇ,**
**ਕਰਮ ਤੇ ਧਰਮ ਦੋਵੇਂ**

**ਤੀਰਥ ਨਾਇ ਕਹਾ ਸੁਚਿ ਸੈਲੁ॥**
**ਮਨ ਕਉ ਵਿਆਪੈ ਹਉਮੈ ਮੈਲੁ॥**
**ਕੋਟਿ ਕਰਮ ਬੰਧਨ ਕਾ ਮੂਲੁ॥**
**ਹਰਿ ਕੇ ਭਜਨ ਬਿਨੁ ਬਿਰਥਾ ਪੂਲੁ॥**
**ਪੰਨਾ – 1149**

ਆਦਮੀ ਅਨੇਕ ਕਿਸਮ ਦੇ ਕਰਮ ਕਰਦਾ ਹੈ, ਕਰਮ ਦੋ ਤਰ੍ਹਾਂ ਦੇ ਹੁੰਦੇ ਹਨ – ਇਕ ਨੂੰ ਸਾਕਾਮ ਦੂਜੇ ਨੂੰ ਨਿਸ਼ਕਾਮ ਕਰਮ ਕਿਹਾ ਜਾਂਦਾ ਹੈ। ਇਕ ਕਰਮਾਂ ਦਾ ਹੋਰ ਵੀ ਵਰਗ ਹੈ ਜਿਸ ਨੂੰ ਨਖਿੱਧ ਕਰਮ ਕਿਹਾ ਜਾਂਦਾ ਹੈ। ਸੋ ਅਸੀਂ ਜੋ ਜ਼ਿਕਰ ਕਰਦੇ ਹਾਂ ਇਹ ਸਾਕਾਮ ਤੇ ਨਿਸ਼ਕਾਮ ਦਾ ਕਰਦੇ ਹਾਂ। ਕਰਮ ਕਰਨ ਤੋਂ ਪਿਛੋਂ ਉਸ ਦਾ ਫਲ ਮੰਗਿਆ ਜਾਂਦਾ ਹੈ, ਦੁਨੀਆਂ ਦੀਆਂ ਪ੍ਰਾਪਤੀਆਂ ਵਾਸਤੇ ਵੀ ਕਰਮ ਕਰਦੇ ਹਨ ਜਿਵੇਂ ਅੱਜਕਲ੍ਹ ਬਹੁਤ ਸਾਰੇ ਪ੍ਰੇਮੀ ਕਰਮ ਦਾ ਫਲ ਮੁਖ ਰੱਖ ਕੇ ਅਖੰਡਪਾਠ ਕਰਾਉਂਦੇ ਹਨ, ਦਾਨ ਕਰਦੇ ਹਨ, ਲੰਗਰ ਚਲਾਉਂਦੇ ਹਨ, ਬੱਝਵੀਂ ਸੇਵਾ ਕਰਦੇ ਹਨ ਕਿ ਮੈਂ ਐਨੀ ਵਾਰੀ ਹਜ਼ੂਰ ਸਾਹਿਬ, ਹੇਮਕੁੰਟ ਸਾਹਿਬ, ਕਾਹਬੇ ਜਾਂ ਕਾਂਸ਼ੀ ਜਾਵਾਂਗਾ ਇਹ ਕਰਮ ਕਿਸੇ ਫਲ ਦੀ ਪ੍ਰਾਪਤੀ ਵਾਸਤੇ ਕੀਤੇ ਜਾਂਦੇ ਹਨ।

ਕਈ ਕਰਮ ਐਸੇ ਹਨ ਜਿਨ੍ਹਾਂ ਦੇ ਕਰਨ ਨਾਲ ਪਾਪ ਲਗਦਾ ਹੈ ਜਿਵੇਂ ਪਸ਼ੂਆਂ ਜਾਂ ਆਦਮੀ ਦੀ ਬਲੀ ਦੇਣੀ, ਜਾਂ ਹੋਰ ਨਖਿੱਧ ਕਰਮ ਕਰਕੇ ਫਲ ਭਾਲਣਾ। ਕਰਮ ਕਰਨ ਨਾਲ ਸਵਰਗ ਵੀ ਮਿਲ ਜਾਂਦਾ ਹੈ, ਨਰਕ ਵੀ ਮਿਲ ਜਾਂਦਾ ਹੈ, ਧਨ ਵੀ ਮਿਲ ਜਾਂਦਾ ਹੈ, ਸੁਖ ਵੀ ਮਿਲ ਜਾਂਦਾ ਹੈ, ਵਿਸ਼ਿਆਂ ਦੀ ਪ੍ਰਾਪਤੀ ਵੀ ਹੋ ਜਾਂਦੀ ਹੈ ਪਰ ਮੁਕਤੀ ਕਿਸੇ ਤਰ੍ਹਾਂ ਵੀ ਪ੍ਰਾਪਤ ਨਹੀਂ ਹੁੰਦੀ ਕਿਉਂਕਿ ਮੁਕਤੀ ਕੇਵਲ ਗਿਆਨ ਪ੍ਰਾਪਤ ਹੋਣ ਨਾਲ ਹੁੰਦੀ ਹੈ। ਅੰਤਸ਼ਕਰਣ ਵਿਚ ਤਿੰਨ ਕਿਸਮ ਦੀਆਂ ਮੈਲਾਂ ਹਨ – ਮਲ, ਵਿਖਸ਼ੇਪ ਅਤੇ ਆਵਰਣ। ਮਲ ਰੂਪ ਮੈਲ ਹੋਣ ਕਰਕੇ ਆਦਮੀ ਦੇ ਮਨ ਵਿਚ ਅਨੇਕ ਕਿਸਮ

ਦੇ ਵਿਸ਼ਿਆਂ ਦੀ ਤ੍ਰਿਸ਼ਨਾ ਬਣੀ ਰਹਿੰਦੀ ਹੈ। ਇਸ ਤਰ੍ਹਾਂ ਸਮਝ ਲਓ ਕਿ ਕਿਸੇ ਖੇਤ ਵਿਚ ਬੇਅੰਤ ਘਾਹ ਖੜ੍ਹਾ ਹੈ, ਅਨੇਕ ਕਿਸਮ ਦੀਆਂ ਮਾਰੂ ਬੂਟੀਆਂ ਪੈਦਾ ਹੋਈਆਂ ਹਨ ਜੋ ਫਸਲ ਨੂੰ ਕਿਸੇ ਤਰ੍ਹਾਂ ਵੀ ਵਧਣ ਫੁਲਣ ਨਹੀਂ ਦਿੰਦੀਆਂ। ਅਸੀਂ ਟਰੈਕਟਰ ਲੈ ਕੇ ਉਸ ਜ਼ਮੀਨ ਨੂੰ ਵਾਹ ਦਿੰਦੇ ਹਾਂ ਅਤੇ ਧੁੱਪ ਲੁਆ ਕੇ ਉਸ ਦੀਆਂ ਜੜ੍ਹਾਂ ਸੁਕਾ ਲੈਂਦੇ ਹਾਂ, ਫੇਰ ਫਸਲ ਬੀਜੀ ਜਾ ਸਕਦੀ ਹੈ। ਇਸੇ ਤਰ੍ਹਾਂ ਅੰਤਸ਼ਕਰਣ ਦੀ ਮਲ ਦੂਰ ਕਰਨ ਲਈ ਜਗਿਆਸੂ ਨੂੰ ਨਿਸ਼ਕਾਮ ਕਰਮ ਕਰਨੇ ਪੈਂਦੇ ਹਨ - ਮੰਦਰ ਜਾਣਾ, ਗੁਰਦੁਆਰੇ ਜਾਣਾ, ਗਿਰਜੇ ਜਾਣਾ, ਮਸਜਿਦ ਵਿਚ ਨਮਾਜ਼ ਪੜ੍ਹਨ ਲਈ ਜਾਣਾ, ਜਾ ਕੇ ਸਫਾਈ ਕਰਨੀ, ਜੋੜਿਆਂ ਦੀ ਸੰਭਾਲ ਕਰਨੀ, ਸ਼ਾਮਿਆਨੇ ਲਾਉਣੇ, ਸਤਿਸੰਗ ਵਿਚ ਦਰੀਆਂ ਝਾੜਨੀਆਂ, ਬਰਤਨ ਮਾਂਜਣੇ, ਝਾੜੂ ਦੇਣਾ। ਇਹ ਨਿਸ਼ਕਾਮ ਕਰਮ ਹੋਰ ਥਾਵਾਂ ਤੇ ਵੀ ਹੋ ਜਾਇਆ ਕਰਦੇ ਹਨ ਜਿਵੇਂ ਹਸਪਤਾਲ ਬਣਾ ਕੇ ਮਰੀਜ਼ਾਂ ਨੂੰ ਸਾਂਭਣਾ, ਦੁਖੀਆਂ ਦੀ ਸੇਵਾ ਕਰਨੀ ਜਾਂ ਕੋਈ ਬੱਚਾ ਗਰੀਬ ਹੈ ਉਸ ਦੀ ਪੜ੍ਹਾਈ ਲਈ ਉਸ ਨੂੰ ਪੁਸਤਕਾਂ ਲੈ ਦੇਣੀਆਂ ਤੇ ਫੀਸ ਭਰ ਦੇਣੀ। ਇਸੇ ਤਰ੍ਹਾਂ ਨਾਲ ਕਿਸੇ ਦੇ ਮਨਾਂ ਵਿਚ ਪਈਆਂ ਗਲਤਫਹਿਮੀਆਂ ਨੂੰ ਦੂਰ ਕਰਾ ਕੇ ਮੇਲ ਕਰਾ ਦੇਣਾ ਅਤੇ ਟੁਟਿਆਂ ਨੂੰ ਮਿਲਾ ਦੇਣਾ, ਰਸਤੇ ਸਾਫ ਕਰਾ ਦੇਣੇ, ਰਸਤੇ ਤੇ ਲੱਗੇ ਬ੍ਰਿਛਾਂ ਦੀ ਰਾਖੀ ਕਰਨੀ। ਮਿਸਾਲ ਦੇ ਤੌਰ ਤੇ ਟਰੱਕ ਵਾਲੇ ਟਰੱਕ ਦੀ ਮੁਰੰਮਤ ਕਰਾ ਕੇ ਉਥੇ ਹੀ ਪੱਥਰ ਰੋੜੇ ਛੱਡ ਜਾਂਦੇ ਹਨ। ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਹੁੰਦੀ ਕਿ ਕੋਈ ਗਿਰ ਜਾਵੇਗਾ। ਉਨ੍ਹਾਂ ਨੂੰ ਤਾਂ ਇਹ ਹੁੰਦਾ ਹੈ ਕਿ ਮੇਰਾ ਕੰਮ ਤਾਂ ਹੋ ਗਿਆ, ਮੈਂ ਕਿਉਂ ਇਹ ਪੱਥਰ ਚੁਕਾਂ। ਇਹ ਪਾਪ ਕਰਮ ਹੈ ਜੋ ਇਥੇ ਵੀ ਤੇ ਦਰਗਾਹ ਵਿਚ ਵੀ ਭੁਗਤਣਾ ਪੈਂਦਾ ਹੈ। ਦੂਜਾ ਪ੍ਰੇਮੀ ਸੋਚਦਾ ਹੈ ਕਿ ਮੈਂ ਇਹ ਪੱਥਰ ਚੁਕ ਦੇਵਾਂ, ਰਸਤੇ ਵਿਚੋਂ ਕਾਰਾਂ ਲੰਘਣਗੀਆਂ ਕਾਰਾਂ ਦੇ ਨੀਚੇ ਰੇਡੀਏਟਰ ਅਤੇ ਪੈਟਰੋਲ ਟੈਂਕ ਟੁੱਟ ਜਾਣਗੇ। ਮੋਟਰਸਾਈਕਲ ਵਾਲਾ ਜੇ ਪੱਥਰ ਵਿਚ ਲੱਗ ਕੇ ਗਿਰ ਜਾਵੇ ਤਾਂ ਗਿਰ ਕੇ ਮਰ ਵੀ ਸਕਦਾ ਹੈ। ਤਾਂ ਇਹ ਦੋਸ਼ ਉਸ ਉਪਰ ਆਉਂਦਾ ਹੈ ਜਿਸ ਨੇ ਰੋੜੇ ਖਿੰਡੇ ਹੋਏ ਛੱਡ ਦਿਤੇ, ਜਿਸ ਨੇ ਚੁੱਕ ਦਿਤੇ ਉਹ ਨਿਸ਼ਕਾਮ ਕਰਮ ਕਰਦਾ ਹੈ।

ਫਰਵਰੀ 98 ਵਿਚ ਇਕ ਮਿਨੀ ਬੱਸ ਸ਼ਾਦੀ ਪਿਛੋਂ ਬੱਚਿਆਂ ਨੂੰ ਲਿਆ ਰਹੀ ਸੀ, ਪੁਲ ਉਪਰ ਕਿਸੇ ਟਰੱਕ ਵਾਲੇ ਨੇ ਪੱਥਰ ਰੱਖ ਕੇ ਆਪਣੇ ਟਰੱਕ ਦੀ ਮੁਰੰਮਤ ਕਰਾਈ ਸੀ ਪਰ ਮੁਰੰਮਤ ਕਰਾਉਣ ਪਿਛੋਂ ਖੁਦਗਰਜ਼ੀ ਦੇ ਭਾਵ ਅੰਦਰ ਪੱਥਰ ਨਾ ਚੁੱਕੇ। ਪੁਲ ਲੰਘ ਰਹੀ ਬਸ ਪੱਥਰਾਂ ਨਾਲ ਟਕਰਾ ਗਈ ਅਤੇ ਬੇਕਾਬੂ ਹੋ ਕੇ ਦਰਿਆ ਵਿਚ ਗਿਰ ਗਈ, ਸਾਰੇ ਬੱਚੇ ਮਰ ਗਏ।

ਦੁਨੀਆਂ ਵਿਚ ਭੁਚਾਲ ਆਉਂਦੇ ਹਨ, ਅੱਗਾਂ ਲਗ ਜਾਂਦੀਆਂ ਹਨ, ਪਾਣੀ ਵਿਚ ਘਿਰ ਜਾਂਦੇ ਹਨ, ਅੱਗ ਲਗਣ ਨਾਲ ਸਭ ਕੁਝ ਸੜ ਜਾਂਦਾ ਹੈ, ਜੀਵ ਦੁਖੀ ਹੁੰਦੇ ਹਨ। ਕੁਝ ਪੁਰਸ਼ ਵਾਹਿਗੁਰੂ ਦੀ ਦਿਤੀ ਹੋਈ ਦਾਤ ਵਿਚੋਂ ਉਨ੍ਹਾਂ ਪੀੜਤਾਂ ਦੀ ਸਹਾਇਤਾ ਕਰਦੇ ਹਨ ਅਤੇ ਹਮਦਰਦੀ ਨਾਲ ਉਨ੍ਹਾਂ ਦਾ ਦਿਲ ਵਧਾਉਂਦੇ ਹਨ। ਇਸ ਤਰ੍ਹਾਂ ਦੇ ਸੈਂਕੜੇ ਕਰਮ ਚਾਹੇ ਤੁਸੀਂ ਪੰਛੀਆਂ ਦੀ ਮਦਦ ਕਰ ਰਹੇ ਹੋ, ਪੰਛੀਆਂ ਨੂੰ ਚੋਗਾ ਪਾ ਰਹੇ ਹੋ, ਭੁੱਖੇ ਪਸ਼ੂਆਂ ਨੂੰ ਚਾਰਾ ਪਾ ਰਹੇ ਹੋ, ਇਹ ਦਇਆ ਦੇ ਕੀਤੇ ਕਰਮ ਦਰਗਾਹ ਵਿਚ ਫਲਦੇ ਹਨ ਅਤੇ ਅੰਤਸ਼ਕਰਣ ਦੀ ਮੈਲ ਲਾਹੁਣ ਦੀ ਸਮਰਥਾ ਰਖਦੇ ਹਨ ਪਰ ਇਹ ਕਰਮ ਵਾਹਿਗੁਰੂ ਦੀ ਬਖਸ਼ਿਸ਼ ਸਮਝ ਕੇ ਕੀਤੇ ਜਾਣ, ਕਿ ਹੇ ਵਾਹਿਗੁਰੂ! ਤੂੰ ਮੇਰੇ ਤੋਂ ਇਹ ਸੇਵਾ ਲੈ ਰਿਹਾ ਹੈਂ, ਮੈਂ ਤੇਰਾ ਰਿਣੀ ਹਾਂ ਤਾਂ ਇਹ ਕਰਮ ਫਲ ਦਿੰਦੇ ਹਨ। ਜੇ ਕਹੇ ਮੈਂ ਧਨੀ ਹਾਂ, ਮੈਂ ਹੀ ਇਹ ਸਭ ਕੁਝ ਕਰ ਸਕਦਾ ਹਾਂ, ਲੋਕ ਮੇਰੀ ਪ੍ਰਸੰਸਾ ਕਿਉਂ ਨਹੀਂ ਕਰ ਰਹੇ, ਫੇਰ ਇਹ ਕਰਮ ਅਭਿਮਾਨ ਦੇ ਖੇਤਰ ਵਿਚ ਆਉਣ ਕਰਕੇ ਬੇਫਲ ਹੋ ਜਾਂਦੇ ਹਨ। ਮਹਾਰਾਜ ਜੀ ਕਹਿੰਦੇ ਹਨ ਕਿ ਹਉਮੈ ਵਿਚ ਕੀਤੀ ਹੋਈ ਸੇਵਾ ਥਾਂ ਨਹੀਂ ਪਿਆ ਕਰਦੀ।

*ਗਣਤੈ ਸੇਵ ਨ ਹੋਵਈ*
*ਕੀਤਾ ਥਾਇ ਨ ਪਾਇ॥*
*ਸਬਦੈ ਸਾਦੁ ਨ ਆਇਓ*
*ਸਚਿ ਨ ਲਗੋ ਭਾਉ॥ ਪੰਨਾ - 1246*

*ਵਿਚਿ ਹਉਮੈ ਸੇਵਾ ਥਾਇ ਨ ਪਾਏ॥*
*ਜਨਮਿ ਮਰੈ ਫਿਰਿ ਆਵੈ ਜਾਏ॥*
*ਸੋ ਤਪੁ ਪੂਰਾ ਸਾਈ ਸੇਵਾ*
*ਜੋ ਹਰਿ ਮੇਰੇ ਮਨਿ ਭਾਣੀ ਹੇ॥*
*ਪੰਨਾ - 1071*

ਸੋ ਇਸ ਤਰ੍ਹਾਂ ਨਾਲ ਕਰਮ ਧਰਮ ਜਦੋਂ ਅਸੀਂ ਸਾਕਾਮ ਬਿਰਤੀ ਨਾਲ ਕਰਦੇ ਹਾਂ ਤਾਂ ਇਹ ਬੰਧਨ ਹੋ ਜਾਇਆ ਕਰਦੇ ਹਨ।

*ਬੇਦ ਸਾਸਤ੍ਰ ਜਨ ਧਿਆਵਹਿ*
*ਤਰਣ ਕਉ ਸੰਸਾਰੁ॥*
*ਕਰਮ ਧਰਮ ਅਨੇਕ ਕਿਰਿਆ*
*ਸਭ ਊਪਰਿ ਨਾਮੁ ਅਚਾਰੁ॥*
*ਪੰਨਾ - 405*

ਅੰਤਸ਼ਕਰਣ ਦੀ ਮੈਲ ਦੂਰ ਕਰਨ ਵਾਸਤੇ ਨਿਸ਼ਕਾਮ ਕਰਮ ਸਮਰੱਥ ਹਨ। ਵਿਖਸ਼ੇਪਤਾ ਦੂਰ ਕਰਨ ਵਾਸਤੇ ਸਾਨੂੰ ਉਪਾਸ਼ਨਾ ਕਰਨੀ ਪੈਂਦੀ ਹੈ। ਉਪਾਸ਼ਨਾ ਦੇ ਅਨੇਕਾਂ-ਅਨੇਕਾਂ ਤਰੀਕੇ ਹਨ ਜੋ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਵਿਚੋਂ ਸੁਖੈਨ ਹੀ ਲੱਭ ਜਾਂਦੇ ਹਨ। ਫੇਰ ਇਕ ਦੋਸ਼ ਰਹਿ ਜਾਂਦਾ ਹੈ ਜਿਸ ਨੂੰ ਆਵਰਨ ਦਾ ਪੜਦਾ ਆਖਦੇ ਹਨ, ਫੇਰ ਗੁਰੂ ਜਦੋਂ ਦੇਖਦਾ ਹੈ ਇਹ ਅਧਿਕਾਰੀ ਹੈ ਤਾਂ ਉਸ ਨੂੰ ਉਪਦੇਸ਼ ਦੇ ਕੇ ਗਿਆਨ ਕਰਾ ਦਿੰਦਾ ਹੈ ਫੁਰਮਾਨ ਹੈ -

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*

*ਪੰਨਾ - 306*

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ॥*
*ਹਰਿ ਕਿਰਪਾ ਤੇ ਸੰਤ ਭੇਟਿਆ*
*ਨਾਨਕ ਮਨਿ ਪਰਗਾਸੁ॥ ਪੰਨਾ - 293*

ਗਿਆਨਵਾਨ ਜੋ ਸੇਵਾ ਕਰਦਾ ਹੈ ਉਹ ਸ਼ੁਭ ਕਰਮ, ਹੁਕਮ ਅਧੀਨ ਹੋਇਆ ਕਰਦੇ ਹਨ ਅਤੇ ਉਸ ਨੂੰ ਪੁੰਨ ਪਾਪ ਕੋਈ ਨਹੀਂ ਲੱਗਿਆ ਕਰਦਾ, ਪੁੰਨ ਪਾਪ ਤੋਂ ਨਿਰਲੇਪ ਹੋ ਜਾਇਆ ਕਰਦਾ ਹੈ ਕਿਉਂਕਿ ਉਸ ਵਿਚ ਕੁਝ ਕਰਨ ਦਾ ਫੁਰਨਾ ਨਹੀਂ ਹੁੰਦਾ ਉਸ ਦਾ ਮਨ ਅ-ਮਨ ਹੋ ਚੁਕਿਆ ਹੁੰਦਾ ਹੈ, ਉਹ ਉਨਮਨ ਵਿਚ ਪ੍ਰਵੇਸ਼ ਕਰ ਜਾਂਦਾ ਹੈ ਜਿਸ ਨੂੰ ਆਤਮ ਮੰਡਲ ਆਖਿਆ ਜਾਂਦਾ ਹੈ ਉਥੇ ਪ੍ਰਤੱਖ ਰੂਪ ਵਿਚ -

*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ॥*

*ਪੰਨਾ - 1*

ਜੀਵ ਦੀ ਕ੍ਰਿਆ ਆਮ ਤੌਰ ਤੇ ਹਉਮੈ ਅਧੀਨ ਹੋਇਆ ਕਰਦੀ ਹੈ। ਸੋ ਕਰਮ ਧਰਮ ਬੰਧਨ ਹੋਇਆ ਕਰਦੇ ਹਨ -

*ਰਾਜੇ ਧਰਮੁ ਕਰਹਿ ਪਰਥਾਏ॥*
*ਆਸਾ ਬੰਧੇ ਦਾਨੁ ਕਰਾਏ॥*
*ਰਾਮ ਨਾਮ ਬਿਨੁ ਮੁਕਤਿ ਨ ਹੋਈ*
*ਥਾਕੇ ਕਰਮ ਕਮਾਈ ਹੇ॥*
*ਕਰਮ ਧਰਮ ਕਰਿ ਮੁਕਤਿ ਮੰਗਾਹੀ॥*
*ਮੁਕਤਿ ਪਦਾਰਥੁ ਸਬਦਿ ਸਲਾਹੀ॥*
*ਬਿਨੁ ਗੁਰ ਸਬਦੈ ਮੁਕਤਿ ਨ ਹੋਈ*
*ਪਰਪੰਚੁ ਕਰਿ ਭਰਮਾਈ ਹੇ॥*

*ਪੰਨਾ - 1024*

ਛੇਵਾਂ ਬੰਧਨ ਜੋ ਇਸ ਜੀਵ ਦੇ ਰਸਤੇ ਵਿਚ ਬਹੁਤ ਭਾਰੀ ਰੁਕਾਵਟ ਹੈ ਉਹ ਇਸ ਦੀਆਂ ਅਨੇਕਾਂ-ਅਨੇਕਾਂ ਕਦੇ ਵੀ ਖਤਮ ਨਾ ਹੋਣ ਵਾਲੀਆਂ ਵਾਸ਼ਨਾਵਾਂ ਹਨ। ਜਨਮ ਲੰਘ ਜਾਂਦੇ ਹਨ ਪਰ ਵਾਸ਼ਨਾ ਨਹੀਂ ਮਰਿਆ ਕਰਦੀ। ਭਾਵੇਂ ਮਨੁੱਖ ਸਰੀਰ ਵਿਚੋਂ ਨਖਿੱਧ ਜੂਨੀਆਂ ਵਿਚ ਚਲਿਆ ਜਾਵੇ ਤਾਂ ਵੀ ਵਾਸ਼ਨਾ ਖਤਮ ਨਹੀਂ ਹੋਇਆ ਕਰਦੀ। ਇਨ੍ਹਾਂ ਵਾਸ਼ਨਾਵਾਂ ਬਾਰੇ ਪਹਿਲਾਂ ਲੱਗੇ ਦੀਵਾਨਾਂ ਵਿਚ ਬਹੁਤ ਹੀ ਵਿਸਥਾਰ ਨਾਲ ਦਸਿਆ ਜਾ ਚੁਕਿਆ ਹੈ ਅਤੇ 'ਅਗੰਮ ਅਗੋਚਰ ਦਾ ਮਾਰਗ' ਪੁਸਤਕ ਵਿਚ ਬਹੁਤ ਹੀ ਵਿਸਥਾਰ ਨਾਲ ਦਰਜ ਹੈ, ਸ਼ੌਕ ਵਾਲੇ ਜਗਿਆਸੂ ਉਸ ਥਾਂ ਤੋਂ ਪੜ੍ਹ ਕੇ ਵਿਚਾਰ ਕਰ ਸਕਦੇ ਹਨ।

ਗੁਰੂ ਦਸ਼ਮੇਸ਼ ਪਿਤਾ ਜੀ ਦੇ ਜੀਵਨ ਵਿਚ ਇਕ ਕਥਾ ਆਉਂਦੀ ਹੈ ਕਿ ਆਪ ਸਿੰਘਾਂ ਦੇ ਨਾਲ ਆਪਣੇ ਘੋੜੇ ਤੇ ਸਵਾਰ ਹੌਲੀ-ਹੌਲੀ ਚਲ ਰਹੇ ਸਨ। ਅੱਗੇ ਕੋਈ ਬਹੁਤ ਵੱਡਾ ਖੇਤ ਆ ਗਿਆ ਜਦੋਂ ਉਥੋਂ ਲੰਘਣ ਲੱਗੇ ਤਾਂ ਇਕ ਤਿਤਰ ਬਹੁਤ ਜ਼ੋਰ-ਜ਼ੋਰ ਦੀ ਬੋਲ ਰਿਹਾ ਸੀ। ਗੁਰੂ ਮਹਾਰਾਜ ਜੀ ਨੇ ਜਦੋਂ ਉਸ ਤਿਤਰ ਦੀ ਅਵਾਜ਼ ਸੁਣੀ ਤਾਂ ਆਪ ਨੇ ਇਕ ਸ਼ਬਦ ਪੜ੍ਹਿਆ-

*ਧਾਰਨਾ - ਭੂਮੀਆ ਭੂਮ ਉਪਰ ਨਿਤ ਲੁਝੈ,*
*ਛੋਡ ਚਲੇ ਤ੍ਰਿਸ਼ਨਾ ਨਹੀਂ ਬੁਝੇ*

ਨਾਲ ਜਾਣ ਵਾਲੇ ਸਿੰਘ ਨੇ ਕਿਹਾ ਕਿ ਪਾਤਸ਼ਾਹ! ਸਾਨੂੰ ਵੀ ਇਸ ਸ਼ਬਦ ਦਾ ਰਹੱਸ ਦੱਸਣ ਦੀ ਕ੍ਰਿਪਾ ਕਰੋ ਕਿ ਆਪ ਨੇ ਇਸ ਮੌਕੇ ਤੇ ਇਹ ਸ਼ਬਦ ਕਿਉਂ ਪੜ੍ਹਿਆ? ਤਾਂ ਮਹਾਰਾਜ ਜੀ ਨੇ ਕਿਹਾ ਕਿ ਦੇਖੋ, ਇਹ ਤਿਤਰ ਕਿੰਨੇ ਜ਼ੋਰ ਨਾਲ ਬੋਲਦਾ ਹੈ, ਇਹ ਤਿੱਤਰ ਇਸ ਧਰਤੀ ਦਾ ਮਾਲਕ ਸੀ ਜਿਥੇ ਆਪਾਂ ਜਾ ਰਹੇ ਹਾਂ। ਭਾਵੇਂ ਇਹ ਥੇਹ ਬਣ ਗਿਆ, ਲੋਕ ਉਜੜ, ਪੁਜੜ ਗਏ ਹਨ ਪਰ ਇਹ ਤਿਤਰ ਇਸ ਥਾਂ ਨੂੰ ਨਹੀਂ ਛਡਦਾ। ਇਹਦੀ ਇਕ ਅੱਖ ਕਾਣੀ ਹੈ। ਤੁਸੀਂ ਐਂ ਕਰੋ ਸਾਰੇ ਘੇਰਾ ਪਾ ਲਓ ਅਤੇ ਇਸ ਨੂੰ ਜਿਉਂਦਾ ਫੜ ਕੇ ਸਾਡੇ ਸਾਮ੍ਹਣੇ ਲਿਆਓ। ਸਿੰਘਾਂ ਨੇ ਇਸ ਨੂੰ ਘੇਰਾ ਪਾ ਲਿਆ, ਇਹ ਛੁਪਦਾ ਫਿਰਦਾ ਹੈ, ਨਠਾ-ਨਠਾ ਕੇ ਥਕਾ ਦਿਤਾ ਕਿਉਂਕਿ ਤਿੱਤਰ ਤੇ ਮੋਰ ਦੀ ਉਡਾਰੀ ਬਹੁਤ ਘੱਟ ਹੋਇਆ ਕਰਦੀ ਹੈ। ਇਹ ਲੰਮੀ ਉਡਾਰੀ ਨਹੀਂ ਮਾਰ ਸਕਦੇ। ਜਦੋਂ ਗੁਰੂ ਮਹਾਰਾਜ ਜੀ ਦੇ ਪਾਸ ਲਿਆਂਦਾ ਗਿਆ ਤਾਂ ਸਿੰਘਾਂ ਨੇ ਦੇਖਿਆ ਕਿ ਇਹ ਤਾਂ ਸਚਮੁਚ ਹੀ ਇਕ ਅੱਖ ਤੋਂ ਕਾਣਾ ਹੈ, ਸਾਰਿਆਂ ਨੇ ਗੁਰੂ ਮਹਾਰਾਜ ਨੂੰ ਧੰਨ-ਧੰਨ ਕਰਕੇ ਨਮਸ਼ਕਾਰ ਕੀਤੀ। ਗੁਰੂ ਮਹਾਰਾਜ ਜੀ ਨੂੰ ਪੁਛਿਆ ਕਿ ਸੱਚੇ ਪਾਤਸ਼ਾਹ! ਇਹ ਤਾਂ ਕੋਈ ਕ੍ਰਿਪਾ ਹੀ ਹੋਈ ਹੈ ਕਿ ਇਹ ਤਿੱਤਰ ਆਪ ਨੇ ਮੰਗਵਾਇਆ ਹੈ, ਇਹ ਕੋਈ ਭਾਗਾਂ ਵਾਲਾ ਹੀ ਹੈ ਜਿਸ ਦਾ ਮੇਲ ਆਪ ਦੇ ਪਵਿੱਤਰ ਦਰਸ਼ਨ ਕਰਨ ਦਾ ਹੋਇਆ। ਆਪ ਹੀ ਜਾਣਦੇ ਹੋ ਇਸ ਗੱਲ ਨੂੰ, ਆਪ ਨਾਲ ਮੇਲ ਕਿਉਂ ਹੋਇਆ ਹੈ। ਉਸ ਵੇਲੇ ਗੁਰੂ ਮਹਾਰਾਜ ਜੀ ਕਹਿਣ ਲੱਗੇ, "ਪਿਆਰਿਓ! ਇਹ ਇਸ ਥਾਂ ਦਾ ਰਾਜਾ ਸੀ, ਬਹੁਤ ਸਮਾਂ ਹੋਇਆ, ਉਸ ਵੇਲੇ ਇਹ ਇਥੇ ਰਾਜ ਕਰਿਆ ਕਰਦਾ ਸੀ ਇਸ ਨੇ ਮਰ-ਮਰ ਕੇ ਬਹੁਤ ਸਾਰੇ ਸਰੀਰ ਧਾਰਨ ਕੀਤੇ ਪਰ ਇਹ ਕਿਸੇ ਹਾਲਤ ਵਿਚ ਆਪਣੀ ਰਾਜਧਾਨੀ ਨੂੰ ਨਹੀਂ ਛਡਦਾ, ਇਹ ਮੋਹ ਦਾ ਬੰਨ੍ਹਿਆ ਹੋਇਆ ਵਾਸ਼ਨਾ ਦੇ ਅਧੀਨ ਹੋਇਆ ਹੋਇਆ ਹੈ, ਹੁਣ ਇਸ ਨੇ ਦਰਸ਼ਨ ਕੀਤੇ ਹਨ ਇਹਦੇ ਇਹ ਭਾਗ ਹਨ। ਹੁਣ ਇਸ ਦੇ ਜੰਮਣ ਮਰਨ ਦਾ ਚੱਕਰ ਜੋ ਸੀ ਕੱਟਿਆ ਗਿਆ। ਇਸ ਤਰ੍ਹਾਂ ਮਹਾਰਾਜ ਜੀ ਨੇ ਉਸ ਤਿੱਤਰ ਦਾ ਉਧਾਰ ਕੀਤਾ। ਆਪ ਨੇ ਫੁਰਮਾਨ ਕੀਤਾ ਕਿ ਵਾਸ਼ਨਾ ਕਿੰਨੇ-ਕਿੰਨੇ ਜਨਮ ਆਦਮੀ ਦੇ ਅੰਦਰੋਂ ਜਾਂਦੀ ਨਹੀਂ।

ਇਸੇ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਇਕ ਹੋਰ ਨਗਰ ਵਿਚ ਜਾ ਰਹੇ ਸਨ, ਬਹੁਤ ਸਾਰੇ ਸਿੰਘ ਆਪ ਦੇ ਨਾਲ ਸਨ। ਗੁਰੂ ਮਹਾਰਾਜ ਜੀ ਮਾਲਵੇ ਵਿਚ ਅਲਪਾਣੇ

ਪਿੰਡ ਪਹੁੰਚਦੇ ਹਨ, ਇਥੇ ਗੁਰੂ ਮਹਾਰਾਜ ਜੀ ਘੋੜਿਆਂ ਤੋਂ ਉਤਰੇ, ਸਾਥੀ ਸਿੰਘਾਂ ਨੇ ਜਲ ਪਾਣੀ ਛਕਿਆ। ਆਪ ਟਹਿਲਦੇ-ਟਹਿਲਦੇ ਇਕ ਥੇਹ ਉਪਰ ਚਲੇ ਗਏ। ਉਥੇ ਇਕ ਸੁੱਕੇ ਦਰਖਤ ਦੇ ਟਾਹਣੇ ਤੇ ਇਕ ਮੋਟਾ ਘੋਗੜ ਬੈਠਾ ਸੀ। ਗੁਰੂ ਮਹਾਰਾਜ ਜੀ ਨੇ ਤੀਰ ਮਾਰ ਕੇ ਉਸ ਨੂੰ ਮਾਰ ਦਿਤਾ। ਸਿੰਘਾਂ ਨੂੰ ਸੰਸਾ ਪੈ ਗਿਆ ਕਿ ਗੁਰੂ ਮਹਾਰਾਜ ਨੇ ਘੋਗੜ ਕਿਉਂ ਮਾਰ ਦਿਤਾ। ਸਾਰਿਆਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਆਪ ਨੇ ਘੋਗੜ ਨੂੰ ਕਿਉਂ ਮਾਰ ਦਿਤਾ? ਤਾਂ ਆਪ ਨੇ ਕਿਹਾ ਕਿ ਬਹੁਤ ਸਮਾਂ ਹੋਇਆ ਇਹ ਇਕ ਜਨਮ ਵਿਚ ਫੌਜਾਂ ਦਾ ਮਾਲਕ ਰਾਜਾ ਸੀ, ਇਹ ਗੁਰੂ ਘਰ ਦਾ ਸ਼ਰਧਾਲੂ ਸਿੱਖ ਸੀ। ਇਸ ਨਗਰ ਵਿਚ ਇਕ ਹੋਰ ਪ੍ਰੇਮੀ ਸਿੱਖ ਵਸਦਾ ਸੀ, ਉਸ ਨੇ ਗੁਰਸਿਖਾਂ ਨੂੰ ਪ੍ਰਸ਼ਾਦਾ ਵਰਜਿਆ ਅਤੇ ਬਹੁਤ ਹੀ ਪ੍ਰੇਮ ਨਾਲ ਪੂਰੀ ਸ਼ਰਧਾ ਨਾਲ ਛਕਾਇਆ। ਜਦੋਂ ਅਰਦਾਸ ਹੋਈ ਤਾਂ ਤ੍ਰਿਪਤੀ ਦੀ ਭੇਟਾ ਗੁਰੂ ਨੂੰ ਪ੍ਰਾਪਤ ਹੁੰਦੀ ਹੈ ਇਸ ਨੇ ਰਾਜੇ ਨੂੰ ਭੀ ਬੁਲਾਇਆ ਸੀ। ਸੰਗਤ ਪੰਗਤ ਵਿਚ ਬੈਠੇ ਰਾਜੇ ਦੀ ਨਜ਼ਰ ਵਿਕਾਰੀ ਹੋ ਗਈ ਅਤੇ ਉਸ ਨੇ ਇਸ ਪ੍ਰੇਮੀ ਦੀ ਲੜਕੀ ਨੂੰ ਆਪਣੇ ਘਰ ਵਸਾਉਣ ਨੂੰ ਕਿਹਾ। ਪਰ ਸੁਸ਼ੀਲ ਕੰਨਿਆਂ ਨੇ ਆਪਣੇ ਧਰਮ ਨੂੰ ਪਛਾਣਿਆ ਅਤੇ ਸਾਰੀ ਗੱਲ ਵਿਚਾਰੀ ਕਿ ਜੇ ਮੈਂ ਇਸ ਰਾਜੇ ਨੂੰ ਨਾਂਹ ਕਰਦੀ ਹਾਂ ਤਾਂ ਇਹ ਰਾਜਾ ਹੋ ਸਕਦਾ ਹੈ ਮੇਰੇ ਮਾਤਾ ਪਿਤਾ ਨੂੰ ਕੋਈ ਦੰਡ ਦੇਵੇ ਅਤੇ ਮੈਨੂੰ ਜ਼ਬਰਦਸਤੀ ਹੀ ਚੁਕ ਕੇ ਲੈ ਜਾਵੇ। ਉਸ ਨੇ ਕਿਹਾ ਕਿ ਮੈਂ ਤੇਰੇ ਆਵਾਂਗੀ ਜ਼ਰੂਰ ਪਰ ਕਲ੍ਹ ਨੂੰ ਆਵਾਂਗੀ। ਉਸ ਨੇ ਸਾਰੀ ਗੱਲ ਵਿਚਾਰੀ, ਉਹ ਦੂਸਰੇ ਦਿਨ ਉਸ ਰਾਜੇ ਦੇ ਪਾਸ ਚਲੀ ਜਾਂਦੀ ਹੈ ਅਤੇ ਉਸ ਨੂੰ ਬਹੁਤ ਤਰੀਕਿਆਂ ਨਾਲ ਵਰਜਦੀ ਹੈ ਕਿ ਪਰਾਈਆਂ ਇਸਤ੍ਰੀਆਂ ਨੂੰ ਧੱਕੇ ਨਾਲ ਆਪਣੀ ਕਾਮ ਵਾਸ਼ਨਾ ਦਾ ਸ਼ਿਕਾਰ ਬਣਾਉਣਾ ਬਹੁਤ ਹੀ ਬੁਰੀ ਗੱਲ ਹੈ, ਦੇਖ ਰਾਜਨ ਤੂੰ ਗੁਰੂ ਦਾ ਸਿੱਖ ਹੈਂ। ਗੁਰੂ ਮਹਾਰਾਜ ਦਾ ਫੁਰਮਾਨ ਹੈ –

*ਏਕਾ ਨਾਰੀ ਜਤੀ ਹੋਇ*
*ਪਰ ਨਾਰੀ ਧੀ ਭੈਣ ਵਖਾਣੈ॥*
*ਭਾਈ ਗੁਰਦਾਸ ਜੀ, ਵਾਰ 6/8*

*ਦੇਖਿ ਪਰਾਈਆਂ ਚੰਗੀਆਂ*
*ਮਾਵਾਂ ਭੈਣਾਂ ਧੀਆਂ ਜਾਣੈ॥*
*ਭਾਈ ਗੁਰਦਾਸ ਜੀ, ਵਾਰ 29/11*

ਗੁਰੂ ਕਦੇ ਵੀ ਇਸ ਗੱਲ ਦੀ ਆਗਿਆ ਨਹੀਂ ਦਿੰਦਾ ਕਿ ਬੇਗਾਨੀਆਂ ਲੜਕੀਆਂ ਦੀ ਪੱਤ ਲਾਹੀ ਜਾਵੇ। ਜਦੋਂ ਰਾਜਾ ਨਾ ਸਮਝਿਆ ਉਸ ਵੇਲੇ ਇਸ ਲੜਕੀ ਨੇ ਜ਼ਹਿਰ ਖਾ ਲਈ ਅਤੇ ਰਾਜੇ ਨੂੰ ਸਰਾਪ ਦੇ ਦਿਤਾ ਅਤੇ ਕਿਹਾ ਕਿ ਦੇਖ ਰਾਜਨ! ਰਾਜਾ ਪਿਤਾ ਸਮਾਨ, ਦੂਜੀਆਂ ਲੜਕੀਆਂ ਦੀ ਪਤਿ ਦਾ ਰਾਖਾ ਹੁੰਦਾ ਹੈ। ਮੈਂ ਤੇਰੇ ਤੋਂ ਆਪਣਾ ਸਤਿ ਬਚਾਉਣ ਲਈ ਜ਼ਹਿਰ ਖਾਧੀ ਹੈ, ਤੂੰ ਐਸੀ ਦੁਸ਼ਟ ਭਾਵਨਾ ਰੱਖਦਾ ਹੈਂ, ਤੂੰ ਕਾਮ ਵਾਸ਼ਨਾ ਵਿਚ ਅੰਨ੍ਹਾ ਹੋਇਆ ਹੋਇਆ ਵਿਸ਼ੇ ਰੂਪ ਗੰਦ ਖਾਣ ਦੀ ਵਾਸ਼ਨਾ ਦੇ ਅਧੀਨ ਹੋਇਆ ਮੇਰਾ ਸਤਿ ਤੋੜਨਾ ਚਾਹੁੰਦਾ ਹੈਂ, ਤੂੰ ਜਨਮਾਂ ਜਨਮਾਤਰਾਂ ਤਾਂਈ ਗੰਦ ਮੰਦ ਮਲੇਛ ਭੱਖੀ ਹੋਵੇਂ। ਜਾਹ, ਤੈਨੂੰ ਰੱਬ ਘੋਗੜ ਕਾਂ ਬਣਾਵੇ ਤਾਂ ਕਿ ਤੂੰ ਫੇਰ ਐਸਾ ਕਰਮ ਨਾ ਕਰੇਂ। ਗੁਰੂ ਮਹਾਰਾਜ ਨੇ ਸਿੰਘਾਂ ਨੂੰ ਦਸਿਆ ਕਿ ਉਸ ਕੁਮਾਰੀ ਕੰਨਿਆਂ (ਦੇਵੀ ਰੂਪ) ਦਾ ਸਰਾਪ ਲੱਗਿਆ, ਛੇਤੀਂ ਹੀ ਇਹ ਮਰ ਗਿਆ ਅਤੇ ਸੈਂਕੜੇ ਵਾਰ ਘੋਗੜ ਕਾਂ ਬਣ ਚੁਕਿਆ ਹੈ ਅਤੇ ਗੰਦ ਖਾਂਦਾ ਹੈ। ਕਿਉਂਕਿ ਗੁਰੂ ਪਿਆਰ ਵਿਚ ਰੱਤੇ ਹੋਏ ਗੁਰਸਿੱਖ ਦਾ ਬਚਨ ਕਦੇ ਵੀ ਅਣਥਾ ਨਹੀਂ ਹੁੰਦਾ ਉਹ ਜ਼ਰੂਰ ਫਲ ਦਿੰਦਾ ਹੈ –

*ਧਾਰਨਾ– ਭਾਵੇਂ ਚੰਦਰਮਾ ਨਾਸ਼ ਹੋ ਜਾਵੇ,*
*ਸੰਤਾਂ ਦਾ ਬੋਲ ਨਾ ਟਲੇ।*

*ਮਾਈ ਸਤਿ ਸਤਿ ਸਤਿ ਹਰਿ ਸਾਧਾ*
*ਸਤਿ ਸਤਿ ਸਤਿ ਸਾਧਾ॥*
*ਬਚਨੁ ਗੁਰੂ ਜੋ ਪੂਰੈ ਕਹਿਓ*
*ਮੈ ਛੀਕਿ ਗਾਂਠਰੀ ਬਾਧਾ॥*
*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ*
*ਰਵਿ ਸਸੀਅਰ ਬੇਨਾਧਾ॥*
*ਗਿਰਿ ਬਸੁਧਾ ਜਲ ਪਵਨ ਜਾਇਗੋ*
*ਇਕਿ ਸਾਧ ਬਚਨ ਅਟਲਾਧਾ॥*
*ਅੰਡ ਬਿਨਾਸੀ ਜੇਰ ਬਿਨਾਸੀ*
*ਉਤਭੁਜ ਸੇਤ ਬਿਨਾਧਾ॥*
*ਚਾਰਿ ਬਿਨਾਸੀ ਖਟਹਿ ਬਿਨਾਸੀ*
*ਇਕਿ ਸਾਧ ਬਚਨ ਨਿਹਚਲਾਧਾ॥*
*ਰਾਜ ਬਿਨਾਸੀ ਤਾਮ ਬਿਨਾਸੀ*
*ਸਾਤਕੁ ਭੀ ਬੇਨਾਧਾ॥*
*ਦ੍ਰਿਸਟਿਮਾਨ ਹੈ ਸਗਲ ਬਿਨਾਸੀ*
*ਇਕਿ ਸਾਧ ਬਚਨ ਆਗਾਧਾ॥*
*ਆਪੇ ਆਪਿ ਆਪ ਹੀ ਆਪੇ*
*ਸਭੁ ਆਪਨ ਖੇਲੁ ਦਿਖਾਧਾ॥*
*ਪਾਇਓ ਨ ਜਾਈ ਕਹੀ ਭਾਂਤਿ ਰੇ*
*ਪ੍ਰਭੁ ਨਾਨਕ ਗੁਰ ਮਿਲਿ ਲਾਧਾ॥*
*ਪੰਨਾ – 1204*

ਕਿਉਂਕਿ ਇਹ ਗੁਰੂ ਦਾ ਸਿੱਖ ਰਿਹਾ ਸੀ, ਇਸ ਨੇ ਜਦੋਂ ਸਾਡੇ ਦਰਸ਼ਨ ਕੀਤੇ ਤਾਂ ਇਹ ਪਛਤਾਵੇ ਦੇ ਬੋਲ ਬੋਲਿਆ ਅਤੇ ਇਸ ਨੂੰ ਗਿਆਨ ਹੋਇਆ ਕਿ ਗੁਰੂ ਆਏ ਹਨ। ਸੋ ਇਸ ਘੋਗੜ ਨੇ ਹੁਣ ਬਹੁਤ ਸਜ਼ਾ ਪਾ ਲਈ, ਹੁਣ ਅਸੀਂ ਇਸ ਨੂੰ ਬੀਬੀ ਦੇ ਬਚਨ ਤੋਂ ਬਰੀ ਕਰ ਦਿਤਾ ਹੈ। ਹੁਣ ਇਹ ਜਨਮ ਪ੍ਰਾਪਤ ਕਰਕੇ ਨੇਕੀ ਕਰਕੇ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਦੇ ਸਾਧਨ ਕਰਕੇ ਦਰਜਾ-ਬ-ਦਰਜਾ ਮੁਕਤੀ ਤਕ ਪਹੁੰਚ ਜਾਵੇਗਾ। ਐਸੇ ਬਚਨ ਸੁਣ ਕੇ ਸਾਰੇ ਗੁਰਸਿੱਖ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕਰਨ ਲੱਗੇ ਕਿ ਜਿਵੇਂ ਤੁਸੀਂ ਭਾਈ ਜੋਗਾ ਸਿੰਘ ਨੂੰ ਬਚਾਇਆ ਹੈ ਇਸ ਤਰ੍ਹਾਂ ਪਾਤਸ਼ਾਹ! ਤੁਸੀਂ ਸਾਡੀ ਵੀ ਰਾਖੀ ਕਰੋ ਸਾਡਾ ਮਨ

ਭੀ ਵਿਸ਼ਿਆਂ ਵਿਚ ਨਾ ਪਵੇ।

ਸੋ ਇਸ ਤਰ੍ਹਾਂ ਦੇ ਨਾਲ ਵਾਸ਼ਨਾ ਬਹੁਤ ਦੇਰ ਤਕ ਚਲਦੀ ਹੈ, ਬੜਾ ਭਾਰੀ ਬੰਧਨ ਹੈ।

*ਧਾਰਨਾ- ਆਸਾ ਨਾ ਮਰਦੀ ਜੀ,*
*ਆਸਾ ਵਿਚ ਜੰਮ-ਜੰਮ ਮਰਦੈ*

*ਆਸਾ ਕਰਤਾ ਜਗੁ ਮੁਆ*
*ਆਸਾ ਮਰੈ ਨ ਜਾਇ॥ ਪੰਨਾ - 517*
*ਆਸਾ ਮਨਸਾ ਏਹੁ ਸਰੀਰੁ ਹੈ*
*ਅੰਤਰਿ ਜੋਤਿ ਜਗਾਏ॥*
*ਨਾਨਕ ਮਨਮੁਖਿ ਬੰਧੁ ਹੈ*
*ਗੁਰਮੁਖਿ ਮੁਕਤਿ ਕਰਾਏ॥*
*ਪੰਨਾ - 559*

*ਧਾਰਨਾ - ਆਸਾ ਅੰਦਰ ਸਭ ਕੋ,*
*ਕੋਇ ਨਿਰਾਸਾ ਹੋਇ।*

*ਆਸਾ ਅੰਦਰਿ ਸਭੁ ਕੋ*
*ਕੋਇ ਨਿਰਾਸਾ ਹੋਇ।।*
*ਨਾਨਕ ਜੋ ਮਰਿ ਜੀਵਿਆ*
*ਸਹਿਲਾ ਆਇਆ ਸੋਇ॥*
*ਪੰਨਾ - 956*

*ਆਸਾ ਅੰਦਰਿ ਜੰਮਿਆ*
*ਆਸਾ ਰਸ ਕਸ ਖਾਇ॥*
*ਆਸਾ ਬੰਧਿ ਚਲਾਈਐ*
*ਮੁਹੇ ਮੁਹਿ ਚੋਟਾ ਖਾਇ॥*
*ਪੰਨਾ - 61*
*ਜਬ ਲਗ ਮਨੁ ਬੈਕੁੰਠ ਕੀ ਆਸ॥*
*ਤਬ ਲਗ ਹੋਇ ਨਹੀ ਚਰਨ ਨਿਵਾਸ॥*
*ਪੰਨਾ - 1161*

ਸੋ ਇਸ ਦਾ ਇਲਾਜ ਸਮਰੱਥ ਗੁਰੂ ਤੋਂ ਸ਼ਬਦ ਪ੍ਰਾਪਤ ਹੋ ਕੇ ਜਦੋਂ ਪੂਰੀਆਂ ਮਾਨਸਿਕ ਅਤੇ ਸਰੀਰਕ ਰਹਿਤਾਂ ਰੱਖ ਕੇ ਕਮਾਈ ਕਰਦਾ ਹੈ, ਗੁਰੂ ਦੀ ਕ੍ਰਿਪਾ ਨਾਲ ਇਸ ਨੂੰ ਸਰੂਪ ਦਾ ਗਿਆਨ ਹੁੰਦਾ ਹੈ ਤਾਂ ਉਸ ਵੇਲੇ ਆਸਾ, ਮਨਸਾ, ਕਰਮ, ਧਰਮ ਸਾਰੀਆਂ ਅਗਿਆਨ ਦੇ ਪਲੜੇ ਪਈਆਂ ਨਿਰਾਰਥਕ ਵਸਤੂਆਂ ਦਿਸਦੀਆਂ ਹਨ। ਪੜ੍ਹੋ -

*ਧਾਰਨਾ- ਸ਼ਬਦ ਜਲਾਉਂਦਾ ਹੈ,*
*ਆਸਾ ਤੇ ਮਨਸਾ ਤਾਈਂ*
*ਕਿਤੁ ਬਿਧਿ ਪੁਰਖਾ ਜਨਮੁ ਵਟਾਇਆ॥*
*ਕਾਹੇ ਕਉ ਤੁਝੁ ਇਹੁ ਮਨੁ ਲਾਇਆ॥*
*ਕਿਤੁ ਬਿਧਿ ਆਸਾ ਮਨਸਾ ਖਾਈ॥*
*ਕਿਤੁ ਬਿਧਿ ਜੋਤਿ ਨਿਰੰਤਰਿ ਪਾਈ॥*
*ਬਿਨੁ ਦੰਤਾ ਕਿਉ ਖਾਈਐ ਸਾਰੁ॥*
*ਨਾਨਕ ਸਾਚਾ ਕਰਹੁ ਬੀਚਾਰੁ॥*
*ਪੰਨਾ - 940*

ਜਦੋਂ ਪੂਰਨ ਗਿਆਨ ਹੋ ਜਾਂਦਾ ਹੈ ਉਸ ਵੇਲੇ ਮਨੁੱਖ ਸਾਰੀਆਂ ਆਸ਼ਾਵਾਂ ਵਿਚੋਂ ਨਿਕਲ ਜਾਇਆ ਕਰਦਾ ਹੈ। ਮਾਇਆ ਐਨੀ ਪ੍ਰਬਲ ਹੈ ਕਿ ਜਨਮਾਂ ਜਨਮਾਂਤਰਾਂ ਤਕ ਵੀ ਇਸ ਦਾ ਨਾਸ਼ ਨਹੀਂ ਹੋਇਆ ਕਰਦਾ।

*ਧਾਰਨਾ -ਆਸਾ ਨਾ ਮਰਦੀ ਜੀ,*
*ਆਸਾ ਵਿਚ ਜੰਮਦਾ ਮਰਦੈ*

ਆਸ਼ਾਵਾਂ, ਵਾਸ਼ਨਾਵਾਂ ਕਿੰਨੀਆਂ ਪ੍ਰਬਲ ਹੁੰਦੀਆਂ ਹਨ ਇਕ ਸਾਖੀ ਨਾਲ ਪਤਾ ਲਗ ਜਾਏਗਾ।

ਸ੍ਰੀ ਰਾਮ ਚੰਦਰ ਜੀ ਮਹਾਰਾਜ, ਵਸ਼ਿਸ਼ਟ ਜੀ, ਵਿਸ਼ਵਾਮਿਤਰ ਤੇ ਹੋਰ ਮਹਾਂਰਿਸ਼ੀ ਸਤਿਸੰਗ ਵਿਚ ਬੈਠੇ ਹਨ, ਬਚਨ ਬਿਲਾਸ ਹੋ ਰਹੇ ਹਨ। ਅਚਾਨਕ ਸ੍ਰੀ ਰਾਮ ਚੰਦਰ ਜੀ ਤਾੜੀ ਮਾਰ ਕੇ ਉਚੀ ਉਚੀ ਹੱਸਣ ਲਗ ਗਏ। ਸਭ ਦਾ ਧਿਆਨ ਉਧਰ ਆਕਰਸ਼ਿਤ ਹੋ ਗਿਆ। ਉਸ ਵੇਲੇ ਵਸ਼ਿਸ਼ਟ ਜੀ ਨੇ ਪੁਛਿਆ ਹੇ ਰਾਮ ਜੀ! ਆਪ ਐਨੇ ਜ਼ੋਰ ਦੀ ਹੱਸੇ ਓਂ, ਕਾਰਨ ਕੀ ਹੈ? ਅਸੀਂ ਆਲਾ ਦੁਆਲਾ ਦੇਖਿਆ ਹੈ ਕੋਈ ਕਾਰਨ ਸਾਨੂੰ ਤਾਂ ਨਜ਼ਰ ਨਹੀਂ ਆਇਆ?

ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ ਕਿ ਵਸ਼ਿਸ਼ਟ ਜੀ ਅਸੀਂ ਤਾਂ ਇਸ ਕੀੜੇ ਨੂੰ ਦੇਖ ਕੇ ਹੱਸੇ ਹਾਂ। ਧਿਆਨ ਨਾਲ ਦੇਖਿਆ ਉਸ ਕੀੜੇ ਦੀਆਂ ਪਿਛਲੀਆਂ ਦੋ ਲੱਤਾਂ ਟੁਟੀਆਂ ਹੋਈਆਂ ਸੀ। ਪੇਟ ਦੇ ਭਾਰ ਦੀਵਾਰ ਦੇ ਉਪਰ ਚੜ੍ਹਨ ਦਾ ਯਤਨ ਕਰਦਾ ਹੈ, ਥੋੜ੍ਹਾ ਉਚਾ ਜਾਂਦਾ ਹੈ ਫੇਰ ਹੇਠਾਂ ਗਿਰ ਜਾਂਦਾ ਹੈ।

ਵਸ਼ਿਸ਼ਟ ਜੀ ਨੇ ਕਿਹਾ ਕਿ ਮਹਾਰਾਜ! ਇਹ ਤਾਂ ਕੋਈ ਹਸਣ ਦਾ ਕਾਰਨ ਨਹੀਂ ਹੋ ਸਕਦਾ ਕਿਉਂਕਿ ਇਸ ਕੀੜੇ ਦੀਆਂ ਲੱਤਾਂ ਟੁੱਟੀਆਂ ਹੋਈਆਂ ਨੇ ਇਸ ਕਰਕੇ ਇਹ ਦੀਵਾਰ ਤੇ ਚੜ੍ਹ ਨਹੀਂ ਸਕਦਾ ਤੇ ਗਿਰ ਜਾਂਦਾ ਹੈ। ਆਪ ਕ੍ਰਿਪਾ ਕਰਕੇ ਸਾਰਾ ਭੇਤ ਖੋਲ੍ਹ ਕੇ ਦੱਸੋ।

ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ, "ਵਸ਼ਿਸ਼ਟ ਜੀ! ਇਹ ਜੋ ਕੀੜਾ ਹੈ, ਇਹ ਅੱਜ ਤੋਂ ਪਹਿਲਾਂ 14 ਵਾਰੀ ਸਵਰਗ ਦੇ ਰਾਜਾ ਇੰਦਰ ਦੇ ਤਖਤ ਤੇ ਇੰਦਰਲੋਕ ਦਾ ਰਾਜਾ ਬਣ ਚੁਕਿਆ ਹੈ। ਭੋਗ ਦੀ ਵਾਸ਼ਨਾ ਇਸ ਨੂੰ 84 ਲੱਖ ਜੂਨਾਂ ਦੇ ਚੱਕਰ ਵਿਚ ਸੁੱਟ ਦਿੰਦੀ ਹੈ ਫੇਰ ਮੁੜ ਕੇ 84 ਲੱਖ ਜੂਨੀਆਂ 'ਚੋਂ ਘੁੰਮਦਾ ਹੋਇਆ ਮਾਨਸ ਦੇਹੀ ਪ੍ਰਾਪਤ ਕਰਦਾ ਹੈ, ਫੇਰ ਮੁੜ ਕੇ ਤਪ ਕਰਦਾ ਹੈ, ਯੱਗ ਕਰਦਾ ਹੈ, ਯੱਗ ਕਰਕੇ ਫੇਰ ਇੰਦਰ ਦੇ ਤਖਤ ਤੇ ਬੈਠਦਾ ਹੈ, ਮੁੜ ਕੇ ਫੇਰ ਥੱਲੇ ਨੂੰ ਚਲ ਪੈਂਦਾ ਹੈ। ਅਸੀਂ ਇਸ ਮੂਰਖ ਦੀ ਮਤਿ ਦੇਖ ਕੇ ਹੱਸੇ ਹਾਂ ਕਿ ਪਰਮਪਦ ਦੀ ਪ੍ਰਾਪਤੀ ਕਰਕੇ ਸਾਰੇ ਦੁਖਾਂ ਤੋਂ ਸਦਾ ਲਈ ਬਰੀ ਹੋਣ ਵਾਲੀ ਅਵਸਥਾ ਦੀ ਪ੍ਰਾਪਤੀ ਕਰਨ ਬਾਰੇ ਨਹੀਂ ਸੋਚਦਾ।

ਵਾਸ਼ਨਾ ਦਾ ਬੰਨ੍ਹਿਆ ਹੋਇਆ ਜੀਵ ਜੰਮਦਾ ਹੈ

ਤੇ ਮਰਦਾ ਹੈ। ਹਰੇਕ ਬੰਦੇ ਨੂੰ ਧਨ ਦੀ ਵਾਸ਼ਨਾ ਲੱਗੀ ਹੋਈ ਹੈ ਕਿ ਮੇਰੇ ਕੋਲ ਬਹੁਤਾ ਧਨ ਹੋ ਜਾਵੇ। ਜਿਹਨੇ ਕੋਠੀ ਪਾ ਲਈ ਉਹ ਕਹਿੰਦਾ ਹੈ ਮੇਰੇ ਕੋਲ ਸਵਾਰੀ ਹੋ ਜਾਏ, ਸਵਾਰੀ ਹੋ ਗਈ ਫੇਰ ਕਹਿੰਦਾ ਹੈ ਮੇਰੀ ਫੈਕਟਰੀ ਲੱਗ ਜਾਏ, ਫੈਕਟਰੀ ਲਗ ਗਈ ਕਹਿੰਦਾ ਹੈ ਮੈਂ ਵੱਡਿਆਂ ਸ਼ਹਿਰਾਂ ਵਿਚ ਜਾ ਕੇ ਕੋਠੀਆਂ ਖਰੀਦ ਲਵਾਂ, ਇਸ ਤਰ੍ਹਾਂ ਇਹ ਵਾਸ਼ਨਾ ਵਧਦੀ ਹੀ ਜਾਂਦੀ ਹੈ –

*ਭੁਖਿਆ ਭੁਖ ਨ ਉਤਰੀ ਜੇ*
*ਬੰਨਾ ਪੁਰੀਆ ਭਾਰ॥ ਪੰਨਾ – 1*

*ਬਿਨਾ ਸੰਤੋਖ ਨਹੀ ਕੋਊ ਰਾਜੈ॥*

*ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥*
*ਪੰਨਾ – 279*

ਸੋ ਦੂਸਰੀ ਵਾਸ਼ਨਾ ਹੋਇਆ ਕਰਦੀ ਹੈ ਪੁਤਰ ਦੀ। ਕਹਿੰਦਾ ਹੈ ਪੁੱਤਰ ਹੋ ਜਾਵੇ, ਪੁਤਰ ਹੋ ਜਾਵੇ, ਉਹਦੇ ਲਈ ਵੱਡੇ-ਵੱਡੇ ਕਰਮ ਕਰਦਾ ਹੈ।

ਤੀਸਰੀ ਹੋਇਆ ਕਰਦੀ ਹੈ ਦੇਹ ਵਾਸ਼ਨਾ – ਦੇਹ ਨੂੰ ਸ਼ਿੰਗਾਰਦਾ ਰਹਿੰਦਾ ਹੈ, ਦੇਹ ਨੂੰ ਮੈਂ ਮੰਨ ਕੇ ਆਪਣਾ ਆਪ ਆਤਮ ਸਰੂਪ ਭੁੱਲ ਕੇ ਇਸ ਵਾਸ਼ਨਾ ਵਿਚ ਪਿਆ ਰਹਿੰਦਾ ਹੈ, ਭੋਗਾਂ ਵਿਚ ਪਿਆ ਰਹਿੰਦਾ ਹੈ। ਇਸੇ ਤਰ੍ਹਾਂ ਚੌਥੀ ਸਾਸ਼ਤਰ ਵਾਸ਼ਨਾ, ਪੰਜਵੀਂ ਲੋਕ ਲਾਜ ਵਾਸ਼ਨਾ ਹੋਇਆ ਕਰਦੀ ਹੈ। ਸਾਸ਼ਤਰ ਵਾਸ਼ਨਾ 'ਚ ਕਿਤਾਬਾਂ ਪੜ੍ਹੀ ਜਾਂਦਾ ਹੈ। ਲੋਕ ਵਾਸ਼ਨਾ 'ਚ ਕੋਈ ਕੰਮ ਕਰਕੇ ਚਾਹੁੰਦਾ ਹੈ ਕਿ ਲੋਕ ਮੇਰੀ ਪ੍ਰਸੰਸਾ ਕਰਨ, ਮੈਨੂੰ ਬਹੁਤ ਚੰਗਾ ਕਹਿਣ। ਇਸ ਨੇ ਬਹੁਤ ਵਧੀਆ ਵਿਆਹ ਕੀਤਾ ਹੈ, ਬਹੁਤ ਵਧੀਆ ਇਸ ਦੀ ਕੋਠੀ ਹੈ। ਸੋ ਵਾਸ਼ਨਾ ਦੇ ਅਧੀਨ ਹੋਇਆ ਹੋਇਆ ਇਹ ਜੂਨੀਆਂ 'ਚ ਘੁੰਮਦਾ ਰਹਿੰਦਾ ਹੈ। ਕਾਰੋਬਾਰ ਦੀ ਵਾਸ਼ਨਾ, ਪੜ੍ਹਾਈ ਦੀ ਵਾਸ਼ਨਾ, ਅਨੁਸ਼ਠਾਨ ਵਾਸ਼ਨਾ। ਵਾਸ਼ਨਾਵਾਂ ਦਾ ਕੋਈ ਅੰਤ ਨਹੀਂ, ਬੇਅੰਤ ਵਾਸ਼ਨਾਵਾਂ ਨੇ; ਬੈਕੁੰਠ ਦੀ ਵਾਸ਼ਨਾ ਹੈ, ਸਵਰਗ ਦੀ ਵਾਸ਼ਨਾ ਹੈ –

*ਜਬ ਲਗ ਮਨ ਬੈਕੁੰਠ ਕੀ ਆਸ॥*
*ਤਬ ਲਗ ਹੋਇ ਨਹੀਂ ਚਰਨ ਨਿਵਾਸ॥*
*ਪੰਨਾ – 1161*

ਸੋ –

*ਆਸਾ ਅੰਦਰਿ ਜੰਮਿਆ*
*ਆਸਾ ਰਸ ਰਸ ਖਾਇ॥*
*ਆਸਾ ਬੰਧਿ ਚਲਾਇਐ*
*ਮੁਹੇ ਮੁਹਿ ਚੋਟਾ ਖਾਇ॥ ਪੰਨਾ–61*

ਸੋ ਇਹ ਆਸਾ ਬੜਾ ਭਾਰੀ ਸੰਗਲ ਹੈ, ਜਿਹੜਾ ਗਿਆਨ ਨਹੀਂ ਹੋਣ ਦਿੰਦਾ। ਆਸਾ ਦਾ ਇਲਾਜ ਕੀ ਹੈ। ਉਹਦਾ ਇਲਾਜ ਮਹਾਰਾਜ ਜੀ ਦਸਦੇ ਹਨ –

*ਧਾਰਨਾ – ਸ਼ਬਦ ਜਲਾਉਂਦਾ ਹੈ,*

*ਆਸਾ ਤੇ ਮਨਸਾ ਤਾਂਈ*

ਸੋ ਸ਼ਬਦ ਦੀ ਪ੍ਰਾਪਤੀ ਤੋਂ ਬਿਨਾਂ ਇਹ ਵਾਸ਼ਨਾਵਾਂ ਜਲਿਆ ਨਹੀਂ ਕਰਦੀਆਂ। ਸਮਰੱਥ ਗੁਰੂ ਤੋਂ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਪਹਿਲਾਂ ਦੱਸੀਆਂ ਹੋਈਆਂ ਰਹਿਤਾਂ ਦੇ ਮੁਤਾਬਿਕ ਇਹ ਸ਼ਬਦ ਦੀ ਕਮਾਈ ਕਰਦਾ ਹੈ, ਤਾਂ ਅੰਦਰਲਾ ਸ਼ਬਦ ਪ੍ਰਗਟ ਹੋ ਜਾਂਦਾ ਹੈ ਇਸ ਸ਼ਬਦ ਨੂੰ 'ਸੋ ਸ਼ਬਦ' ਵੀ ਆਖਿਆ ਜਾਂਦਾ ਹੈ। ਕਈ ਮਹਾਂਪੁਰਸ਼ ਇਸ ਨੂੰ 'ਸੋਹੰ ਹੰਸਾ' ਵੀ ਆਖਦੇ ਹਨ, ਕਈ ਯੋਗੀਰਾਜ ਇਸ ਨੂੰ ਓਅੰਕਾਰ ਦੀ ਧੁਨ ਆਖਦੇ ਹਨ।

ਗੁਰੂ ਨਾਨਕ ਪਾਤਸ਼ਾਹ ਸੁਮੇਰ ਪਰਬਤ ਉਪਰ ਜਾ ਕੇ ਸਿਧਾਂ ਨੂੰ ਮਿਲੇ, ਉਸ ਵੇਲੇ ਗੋਰਖਨਾਥ ਨੇ, ਉਸ ਦੇ ਅਨੁਆਈਆਂ ਨੇ ਬਹੁਤ ਪ੍ਰਸ਼ਨ ਕੀਤੇ ਜੋ ਸਿੱਧ ਗੋਸ਼ਟ ਵਿਚੋਂ ਵਿਚਾਰੇ ਜਾ ਸਕਦੇ ਹਨ, ਉਸ ਵਿਚ ਇਕ ਪ੍ਰਸ਼ਨ ਕੀਤਾ ਕਿ ਹੇ ਨਾਨਕ! ਇਹ ਤਾਂ ਦਸ –

*ਸੋ ਸ਼ਬਦ ਕਾ ਕਹਾ ਬਾਸੁ*
*ਕਥੀਅਲੇ..............॥*

ਕਹਿਣ ਲੱਗੇ, "ਹੇ ਨਾਨਕ! ਉਹ ਸ਼ਬਦ ਕਿਥੇ ਵਸਦਾ ਹੈ ਜਿਸ ਨੇ ਸਾਰੇ ਸੰਸਾਰ ਨੂੰ ਧਾਰਿਆ ਹੋਇਆ ਹੈ, ਸਾਰੇ ਸੰਸਾਰ ਨੂੰ ਥੰਮਿਆ ਹੋਇਆ ਹੈ, ਉਹ ਓਅੰਕਾਰ ਕਿਥੇ ਰਹਿੰਦਾ ਹੈ? ਗੁਰੂ ਮਹਾਰਾਜ ਜੀ ਨੇ ਕਿਹਾ ਕਿ ਉਹ ਸ਼ਬਦ ਸੁੰਨ (ਏਕੰਕਾਰ) ਵਿਚ ਰਹਿੰਦਾ ਹੈ। ਉਨ੍ਹਾਂ ਨੇ ਫੇਰ ਪੁਛਿਆ ਕਿ ਜਦੋਂ ਏਕੰਕਾਰ ਵੀ ਨਹੀਂ ਸੀ ਉਸ ਵੇਲੇ ਉਹ ਸ਼ਬਦ ਕਿਥੇ ਰਹਿੰਦਾ ਸੀ? ਮਹਾਰਾਜ ਜੀ ਕਹਿਣ ਲੱਗੇ ਕਿ ਉਸ ਵੇਲੇ ਨਿਰੰਕਾਰ ਜੀ ਅਫੁਰ ਅਵਸਥਾ ਵਿਚ ਸੀ। ਭਾਈ ਗੁਰਦਾਸ ਜੀ ਸਪਸ਼ਟ ਕਰਦਿਆਂ ਫੁਰਮਾਨ ਕਰਦੇ ਹਨ –

*ਨਿਰੰਕਾਰ ਆਕਾਰ ਹੋਇ*
*ਏਕੰਕਾਰ ਉਪਾਰ ਸਦਾਇਆ।*
*ਏਕੰਕਾਰਹੁੰ ਸਬਦ ਧੁਨ*
*ਓਅੰਕਾਰ ਅਕਾਰ ਬਣਾਇਆ।*
*ਭਾਈ ਗੁਰਦਾਸ ਜੀ, ਵਾਰ 26/2*

ਇਹੋ ਸ਼ਬਦ ਇਸ ਮਨੁੱਖ ਦੇ ਦਸਮ ਦੁਆਰ ਵਿਚ ਪਰਤੱਖ ਹੁੰਦਾ ਹੈ। ਇਸ ਨੂੰ ਅਫੁਰ ਅਵਸਥਾ ਪ੍ਰਾਪਤ ਹੋ ਜਾਇਆ ਕਰਦੀ ਹੈ ਫੁਰਮਾਨ ਹੈ –

*ਧਾਵਤੁ ਥੰਮਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ॥*
*ਤਿਥੈ ਅੰਮ੍ਰਿਤ ਭੋਜਨੁ*
*ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮਿ ਰਹਾਇਆ॥*
*ਤਹ ਅਨੇਕ ਵਾਜੇ ਸਦਾ ਅਨਦੁ ਹੈ*
*ਸਚੇ ਰਹਿਆ ਸਮਾਏ॥*
*ਇਉ ਕਹੈ ਨਾਨਕੁ ਸਤਿਗੁਰਿ ਮਿਲਿਐ*

*ਧਾਵਤੁ ਥੰਮਿਆ*
*ਨਿਜ ਘਰਿ ਵਸਿਆ ਆਏ॥*
**ਪੰਨਾ - 441**

ਉਸੇ ਥਾਂ ਉਪਰ ਨਾਮ ਦਾ ਵਾਸਾ ਵੀ ਆਖਦੇ ਹਨ -

*ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
**ਪੰਨਾ - 293**

ਦਸਵੇਂ ਵਿਚ ਵਾਹਿਗੁਰੂ ਜੀ ਦਾ ਵਾਸਾ ਹੈ, ਉਥੇ ਹੀ ਇਸ ਸ਼ਬਦ ਦਾ ਵਾਸਾ ਹੈ -

*ਜਗਤੁ ਉਪਾਇ ਖੇਲੁ ਰਚਾਇਆ॥*
*ਪਵਣੈ ਪਾਣੀ ਅਗਨੀ ਜੀਉ ਪਾਇਆ॥*
*ਦੇਹੀ ਨਗਰੀ ਨਉ ਦਰਵਾਜੇ*
*ਸੋ ਦਸਵਾ ਗੁਪਤੁ ਰਹਾਤਾ ਹੇ॥*
**ਪੰਨਾ - 1031**

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਨਿਰੰਕਾਰ ਆਪਣੇ ਸਰੂਪ ਵਿਚ ਸਥਿਤ ਸੀ ਉਸ ਵੇਲੇ ਨਿਰੰਕਾਰ ਨੇ ਏਕੰਕਾਰ ਜੀ ਦਾ ਰੂਪ ਧਾਰਿਆ ਅਤੇ ਏਕੰਕਾਰ ਤੋਂ ਸ਼ਬਦ ਹੋਇਆ, ਉਸ ਸ਼ਬਦ ਦਾ ਅਸੀਂ ਜ਼ਿਕਰ ਕਰਦੇ ਹਾਂ ਕਿ ਜਦੋਂ ਉਹ ਸ਼ਬਦ ਸਾਧਨਾ ਕਰਕੇ ਪ੍ਰਗਟ ਹੋ ਜਾਂਦਾ ਹੈ, ਉਸ ਵੇਲੇ ਵਾਸ਼ਨਾਵਾਂ ਸੜ ਜਾਇਆ ਕਰਦੀਆਂ ਹਨ। ਮਨ ਅ-ਮਨ ਹੋ ਜਾਂਦਾ ਹੈ, ਵਾਸ਼ਨਾ ਖੈ੍ ਹੋ ਜਾਂਦੀ ਹੈ, ਤਤ੍ਵ ਗਿਆਨ ਪ੍ਰਗਟ ਹੋ ਜਾਂਦਾ ਹੈ, ਇਥੇ ਕੋਈ ਫੁਰਨਾ ਨਹੀਂ ਹੁੰਦਾ, ਅਖੰਡ ਸਮਾਧੀ ਲਗਦੀ ਹੈ।

*ਗੁਰਮੁਖਿ ਅੰਤਰ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ॥*
*ਤਿਥੈ ਊਂਘ ਨ ਭੁਖ ਹੈ*
*ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ॥*
**ਪੰਨਾ - 1414**

ਗੁਰਸਿੱਖ ਪਿਆਰੇ ਕਿਉਂਕਿ ਗ੍ਰਿਹਸਤੀ ਹਨ ਇਹ ਲੰਮੀਆਂ ਸਮਾਧੀਆਂ ਲਾ ਕੇ ਨਹੀਂ ਬੈਠਦੇ, ਇਨ੍ਹਾਂ ਨੇ ਬੇਅੰਤ ਕਾਰਜ ਹੁਕਮ ਵਿਚ ਕਰਨੇ ਹੁੰਦੇ ਹਨ। ਵਾਹਿਗੁਰੂ ਜੀ ਨੇ ਅੰਦਰ ਐਸੀ ਘੜੀ ਦਿਤੀ ਹੈ ਇਕ ਮਿੰਟ ਤੇ ਸਕਿੰਟ ਦਾ ਵੀ ਫਰਕ ਨਹੀਂ ਪੈਂਦਾ, ਇਹ ਪ੍ਰਤਿਆ ਕੇ ਦੇਖਿਆ ਹੈ।

ਇਕ ਵਾਰੀ ਮੈਂ ਕੈਵਲਰੀ (ਰਸਾਲੇ) ਵਿਚ ਨੌਕਰੀ ਕਰਦਾ ਸੀ ਤਾਂ ਉਸ ਵੇਲੇ ਮੈਨੂੰ ਦੋ ਵਜੇ ਆਪਣੇ ਕਮਾਂਡਰ ਦੇ ਘਰ ਅਖੰਡਪਾਠ ਵਿਚ ਜਾਣਾ ਸੀ। ਢਾਈ ਮੀਲ ਤੇ ਉਨ੍ਹਾਂ ਦੀ ਕੋਠੀ ਸੀ। ਰਾਤ ਨੂੰ ਫੁਰਨਾ ਕਰ ਲੈਂਦਾ ਸੀ ਕਿ ਐਨੇ ਵਜੇ ਉਠਣਾ ਹੈ। ਠੀਕ ਉਸੇ ਸਮੇਂ ਮੇਰੀ ਸਵੇਰੇ ਜਾਗ ਖੁਲ੍ਹ ਜਾਣੀ। ਮੈਂ ਉਸੇ ਵੇਲੇ ਉਠ ਕੇ ਇਸ਼ਨਾਨ ਕਰਕੇ, ਸਾਇਕਲ ਉਪਰ ਚਲ ਪੈਂਦਾ ਸੀ। ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਜਾ ਕੇ ਸੀਸ ਨਿਵਾਉਣਾ ਤਾਂ ਉਪਰ ਲੱਗੀ ਘੜੀ ਵਲ ਦੇਖਣਾ ਠੀਕ 2 ਵੱਜੇ ਹੁੰਦੇ ਸੀ। ਸਾਰੇ ਹੈਰਾਨ ਸਨ ਕਿ ਇਹ ਕਿਵੇਂ ਟਾਈਮ ਤੇ ਆ ਜਾਂਦਾ ਹੈ। ਇਸ ਪਾਸ ਤਾਂ ਘੜੀ ਵੀ ਨਹੀਂ ਹੈ।

ਸੋ ਕੋਈ ਵੀ ਆਦਮੀ ਸ਼ੁਭ ਚਿਤ ਨਾਲ ਰਾਤ ਨੂੰ ਸੋਚ ਕੇ ਪੈ ਜਾਵੇ ਤਾਂ ਉਸੇ ਸਮੇਂ ਜਾਗ ਆ ਜਾਂਦੀ ਹਨੈ। ਬਾਕੀ ਉਠਣਾ ਨਾ ਉਠਣਾ ਉਸ ਦੀ ਆਪਣੀ ਮਰਜ਼ੀ ਹੁੰਦੀ ਹੈ। ਭਾਵੇਂ ਉਸੇ ਵੇਲੇ ਉਠ ਕੇ ਇਸ਼ਨਾਨ ਕਰ ਲਵੇ, ਭਾਵੇਂ ਸੁਸਤੀ ਕਰਕੇ ਪਿਆ ਰਹੇ ਇਹ ਤਾਂ ਆਪਣੀ ਮਰਜ਼ੀ ਹੈ। ਇਸੇ ਤਰ੍ਹਾਂ ਗੁਰਮੁਖ ਪਿਆਰੇ ਆਪਣੇ ਅੰਦਰ ਹੀ ਅਲਾਰਮ ਲਾ ਲੈਂਦੇ ਹਨ ਅਤੇ ਹੁਕਮ ਦੇ ਅੰਦਰ ਆਪਣੇ ਕਾਰਜ ਕਰਦੇ ਹਨ। ਸੋ ਉਸ ਸ਼ਬਦ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਨਿਰੰਕਾਰੁ ਆਕਾਰੁ ਹੋਇ*
*ਏਕੰਕਾਰੁ ਅਪਾਰੁ ਸਦਾਇਆ॥*
*ਏਕੰਕਾਰਹੁੰ ਸਬਦ ਧੁਨਿ*
*ਓਅੰਕਾਰ ਅਕਾਰੁ ਬਣਾਇਆ॥*
**ਭਾਈ ਗੁਰਦਾਸ ਜੀ, ਵਾਰ 26/2**

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋਹ ਰਹਾ।*
**ਦਸਮ ਗ੍ਰੰਥ**

ਓਅੰਕਾਰ ਦੀ ਧੁਨ ਅਮਰ ਹੈ ਅਤੇ ਉਹ ਸਾਰੀ ਕੁਦਰਤ ਵਿਚ ਰਮੀ ਹੋਈ ਹੈ। ਬਹੁਤ ਜ਼ਿਆਦਾ ਸਾਧਨ ਕਰਨ ਉਪਰੰਤ ਉਹ ਧੁਨ ਦਰਖਤਾਂ ਵਿਚੋਂ, ਪਸ਼ੂਆਂ ਵਿਚੋਂ, ਬੰਦਿਆਂ ਵਿਚੋਂ ਆਮ ਸੁਣੀ ਜਾਂਦੀ ਹੈ। ਮਹਾਂਪੁਰਸ਼ਾਂ ਵਿਚ ਤਾਂ ਉਹ ਧੁਨ ਪੂਰੇ ਜ਼ੋਰ ਨਾਲ ਗਜਦੀ ਰਹਿੰਦੀ ਹੈ। ਉਸ ਦਾ ਕਿਸੇ ਵੀ ਸਰੀਰ ਤੋਂ ਅਭਾਵ ਨਹੀਂ ਹੋਇਆ ਕਰਦਾ। ਏਕੰਕਾਰ ਤੋਂ ਸ਼ਬਦ ਧੁਨ ਹੋਈ ਉਸ ਨੂੰ ਓਅੰਕਾਰ ਕਿਹਾ ਗਿਆ। ਪਹਿਲੇ ਅਚਾਰੀਆ ਉਸ ਨੂੰ 'ਓਅੰ' ਜਾਂ 'ਓਂ' ਕਹਿੰਦੇ ਸਨ ਜਿਸ ਤੋਂ ਸਾਰੇ ਆਕਾਰ ਬਣਾਏ ਗਏ। ਇਸ ਸ਼ਬਦ ਧੁਨ ਤੋਂ ਸਾਰੀ ਸ੍ਰਿਸ਼ਟੀ ਰਚੀ ਗਈ ਇਹ ਅਤਿ ਸੂਖਸ਼ਮ ਧੁਨ ਹਰ ਫਰਦੋ ਬਸ਼ਰ ਹਰ ਜੀਵ ਵਿਚ ਅਖੰਡ ਚਲ ਰਹੀ ਹੈ ਪਰ ਇਸ ਨੂੰ ਸੁਣਨ ਲਈ ਬਿਰਤੀ ਨੂੰ ਅਤਿ ਸੂਖਸ਼ਮ ਕਰਨਾ ਪੈਂਦਾ ਹੈ। ਅਨਹਦ ਸ਼ਬਦ ਨਾਲ ਜਦੋਂ ਨਾਮ ਦੀ ਅਰਾਧਨਾ ਕਰਦੇ ਹਾਂ ਉਸ ਵੇਲੇ ਸੂਖਸ਼ਮਤਾਈ ਬਹੁਤ ਗਹਿਰੀ ਹੋ ਜਾਂਦੀ ਹੈ ਜਦੋਂ ਸਾਡੀ ਬਿਰਤੀ ਇਸੇ ਸਰੀਰ ਵਿਚ ਗਹਿਰੀ ਚਲੀ ਜਾਂਦੀ ਹੈ ਤਾਂ ਓਅੰਕਾਰ ਦੀ ਧੁਨ ਲਗਾਤਾਰ ਸੁਣਦੀ ਹੈ।

*ਧੁਨਿ ਮਹਿ ਧਿਆਨੁ ਧਿਆਨ ਮਹਿ*
*ਜਾਨਿਆ ਗੁਰਮੁਖਿ ਅਕਥ ਕਹਾਨੀ॥*
**ਪੰਨਾ - 879**

ਜਦੋਂ ਉਹ ਧੁਨ ਪੈਦਾ ਹੋ ਜਾਂਦੀ ਹੈ, ਉਸ ਵੇਲੇ ਇਹ ਜਿਹੜੀਆਂ ਨਿਰਾਰਥਕ ਚੀਜ਼ਾਂ ਨੇ ਆਸਾ, ਮਨਸਾ, ਕਰਮ, ਧਰਮ ਸਭ ਅਗਿਆਨ ਦੇ ਪਲੜੇ ਵਿਚ ਮਾਨੋ ਨਿਰਾਰਥਕ ਵਸਤੂਆਂ ਦੇ ਵੱਟੇ ਪਾਏ ਹੋਏ ਹਨ। ਆਤਮਾ ਨਿਰਚਾਹ ਹੈ, ਉਸ ਨੂੰ ਕੋਈ ਵਾਸ਼ਨਾ ਨਹੀਂ ਹੈ। ਮੈਲੀਆਂ ਤੇ ਸ਼ੁਭ ਵਾਸ਼ਨਾਵਾਂ ਦੋਵੇਂ ਛੱਡੀਆਂ ਜਾਂਦੀਆਂ ਹਨ, ਆਤਮਾ ਨੂੰ ਕਿਸੇ ਦੀ ਵੀ ਲੋੜ ਨਹੀਂ ਹੈ। ਅੰਦਰ ਸ਼ਬਦ ਰੂਪੀ ਦੀਪਕ ਉਜਿਆਰਾ ਹੋ ਜਾਂਦਾ ਹੈ, ਅੰਦਰ ਗਿਆਨ ਦਾ ਪ੍ਰਕਾਸ਼ ਹੀ ਪ੍ਰਕਾਸ਼ ਹੋ ਜਾਂਦਾ ਹੈ। ਅਨੂਪ ਵਸਤੂ ਤਤ੍ਵ-ਤੂੰ ਦੀ ਪ੍ਰਾਪਤੀ ਹੋ ਜਾਂਦੀ ਹੈ ਫੇਰ ਉਸ ਨੂੰ ਆਪਣਾ ਆਪਾ ਹੀ ਨਜ਼ਰ ਆਉਂਦਾ ਹੈ, ਆਸਾ ਤੇ ਵਾਸ਼ਨਾਵਾਂ ਸਭ ਵਿਚ ਹੀ ਭਸਮ ਹੋ ਜਾਂਦੀਆਂ ਹਨ।

ਸੰਤ ਮਹਾਰਾਜ ਬਾਬਾ ਆਇਆ ਸਿੰਘ ਜੀ, ਬਾਬਾ ਕਰਮ ਸਿੰਘ ਜੀ ਮਹਾਰਾਜ ਤੋਂ ਬਾਦ ਹੋਏ ਹਨ। ਹੋਤੀ ਮਰਦਾਨ ਦੇ ਡੇਰੇ ਵਿਚ ਬਹੁਤ ਚੰਗੀਆਂ-ਚੰਗੀਆਂ ਗਊਆਂ ਸ਼ਰਧਾਲੂ ਭੇਟਾ ਕਰ ਜਾਇਆ ਕਰਦੇ ਸਨ ਅਤੇ ਉਨ੍ਹਾਂ ਦਾ ਦੁੱਧ ਘੀ ਦਰਸ਼ਨ ਕਰਨ ਵਾਲੀਆਂ ਸੰਗਤਾਂ ਨੂੰ ਲੰਗਰ ਵਿਚ ਵਰਤਾਇਆ ਜਾਂਦਾ ਸੀ। ਸਿੰਧ ਦਰਿਆ ਤੋਂ ਪਾਰ ਬਿਲੋਚਸਤਾਨ ਵਿਚ ਬਲੋਚ ਕੌਮ ਵਸਦੀ ਹੈ ਜਿਨ੍ਹਾਂ ਨੂੰ ਅਸੀਂ ਪਠਾਣ ਕਹਿ ਦਿੰਦੇ ਹਾਂ। ਉਹ ਰਾਤ ਨੂੰ ਆਏ ਤੇ ਗਊਆਂ ਖੋਲ੍ਹ ਕੇ ਲੈ ਗਏ। ਬਛੜੇ ਇਥੇ ਰਹਿ ਗਏ, ਸਵੇਰੇ ਇਹ ਆਪਣੀਆਂ ਮਾਵਾਂ ਨੂੰ ਰੰਭਣ ਲੱਗੇ। ਬਾਬਾ ਜੀ ਜਦੋਂ ਸਮਾਧੀ ਤੋਂ ਉਥਾਨ ਹੋਏ ਤਾਂ ਬਾਬਾ ਜੀ ਨੇ ਪੁਛਿਆ ਇਹ ਬਛੜੇ ਕਿਉਂ ਰੰਭਦੇ ਹਨ? ਉਸ ਵੇਲੇ ਸੇਵਾਦਾਰਾਂ ਨੇ ਕਿਹਾ ਕਿ ਬਾਬਾ ਜੀ! ਗਊਆਂ ਤਾਂ ਬਿਲੋਚ ਲੈ ਗਏ। ਬਾਬਾ ਜੀ ਕਹਿਣ ਲੱਗੇ, "ਪ੍ਰੇਮੀਓ! ਐਂ ਕਰੋ ਇਹ ਬਛਰੂ ਆਪਣੀਆਂ ਮਾਵਾਂ ਨੂੰ ਮਿਲਣਾ ਲੋਚਦੇ ਹਨ ਇਥੇ ਇਕੱਲੇ ਕੀ ਕਰਨਗੇ, ਪਿਛੇ-ਪਿਛੇ ਪੈੜਾਂ ਦੇਖਦੇ ਚਲੇ ਜਾਓ ਅਤੇ ਇਨ੍ਹਾਂ ਨੂੰ ਇਨ੍ਹਾਂ ਦੀਆਂ ਮਾਵਾਂ ਕੋਲ ਛੱਡ ਆਓ। ਉਹ ਗਰੀਬ ਆਦਮੀ ਹਨ, ਦੁੱਧ ਦੀ ਉਨ੍ਹਾਂ ਨੂੰ ਲੋੜ ਹੈ, ਉਹ ਲੈ ਗਏ, ਆਪਾਂ ਵੀ ਦੁਧ ਸੰਗਤਾਂ ਨੂੰ ਹੀ ਪਿਲਾਉਂਦੇ ਹਾਂ।

ਜਦੋਂ ਬਲੋਚ ਗਊਆਂ ਨੂੰ ਲਈਂ ਜਾ ਰਹੇ ਸਨ ਤਾਂ ਭਾਰਤ ਦੀ ਸਰਹੱਦ ਪਾਰ ਕਰਨ ਲੱਗੇ ਤਾਂ ਥਾਂ-ਥਾਂ ਤੇ ਫੌਜੀ ਚੌਂਕੀਆਂ ਸਨ, ਉਨ੍ਹਾਂ ਵਿਚ ਬਹੁਤ ਸਾਰੇ ਫੌਜੀ ਜਵਾਨ, ਆਫੀਸਰ ਹੋਤੀ ਮਰਦਾਨ ਆਇਆ ਕਰਦੇ ਸਨ। ਇਥੇ ਉਨ੍ਹਾਂ ਨੇ ਗਊਆਂ ਪਛਾਣ ਲਈਆਂ ਤੇ ਕਹਿਣ ਲੱਗੇ ਇਹ ਤਾਂ ਹੋਤੀ ਮਰਦਾਨ ਡੇਰੇ ਦੀਆਂ ਗਊਆਂ ਹਨ। ਉਨ੍ਹਾਂ ਨੇ ਬਲੋਚਾਂ ਨੂੰ ਫੜ ਲਿਆ ਅਤੇ ਗਊਆਂ ਸਮੇਤ ਡੇਰੇ ਲੈ ਗਏ। ਪੁਲਿਸ ਨੂੰ ਇਤਲਾਹ ਦਿਤੀ। ਪੁਲਿਸ ਡੇਰੇ ਆ ਗਈ, ਬਛਰੂ ਸਾਰੇ ਮਾਵਾਂ ਨੂੰ ਮਿਲ ਗਏ, ਦੁੱਧ ਕੱਢ ਲਿਆ ਅਤੇ ਲੰਗਰ ਵਿਚ ਵਰਤਾਉਣ ਲਈ ਭੇਜ ਦਿਤਾ। ਐਨੇ ਨੂੰ ਪੁਲਿਸ ਇੰਸਪੈਕਟਰ ਪਹੁੰਚ ਜਾਂਦੇ ਹਨ ਤਾਂ ਬਾਬਾ ਜੀ ਨੂੰ ਪੁਛਿਆ ਕਿ ਤੁਹਾਡੀਆਂ ਹਨ ਗਊਆਂ? ਤਾਂ ਆਪ ਨੇ ਕਿਹਾ ਕਿ ਨਹੀਂ ਸਾਡੀਆਂ ਨਹੀਂ ਹਨ।

"ਫੇਰ ਇਹ ਕਿਸਦੀਆਂ ਹਨ?"

ਬਾਬਾ ਜੀ ਕਹਿਣ ਲੱਗੇ, "ਪਿਆਰਿਓ! ਸੰਗਤ ਨੂੰ ਪੁਛ ਲਓ, ਉਹ ਦਸ ਦੇਣਗੇ ਕਿ ਇਨ੍ਹਾਂ ਦਾ ਮਾਲਕ ਕੌਣ-ਕੌਣ ਸੀ। ਸਾਡੇ ਇਥੇ ਕਿੱਲਿਆਂ ਤੇ ਪ੍ਰੇਮੀ ਬੰਨ੍ਹ ਜਾਂਦੇ ਹਨ ਅਤੇ ਸਾਡੇ ਪ੍ਰੇਮੀ ਸੇਵਾ ਕਰਦੇ ਹਨ, ਚਾਰਾ ਪਾਉਂਦੇ ਹਨ ਅਤੇ ਦੁਧ ਕੱਢ ਕੇ ਸੰਗਤਾਂ ਨੂੰ ਹੀ ਵਰਤਾ ਦਿੰਦੇ ਹਨ। ਇਹ ਲੋੜਵੰਦ ਸੀ, ਵਿਚਾਰੇ ਆਏ ਤੇ ਆ ਕੇ ਲੈ ਗਏ। ਸੋ ਇੰਸਪੈਕਟਰ ਜੀ! ਜਿਨ੍ਹਾਂ ਕੋਲ ਵਾਧੂ ਸਨ ਉਹ ਖੁਰਲੀਆਂ ਤੇ ਬੰਨ੍ਹ ਗਏ, ਜਿਨ੍ਹਾਂ ਨੂੰ ਲੋੜ ਸੀ ਉਹ ਖੋਲ੍ਹ ਕੇ ਲੈ ਗਏ। ਇਸ ਵਿਚ ਸਾਡਾ ਕੁਝ ਵੀ ਨਹੀਂ ਲਗਦਾ।"

ਬਾਬਾ ਜੀ! ਅਸੀਂ ਤਾਂ ਇਸ ਉਪਰ ਕੇਸ ਬਣਾਉਣਾ ਹੈ, ਅਸੀਂ ਕਿਵੇਂ ਬਣਾਈਏ? ਬਾਬਾ ਜੀ ਕਹਿਣ ਲੱਗੇ, ਕਾਹਨੂੰ ਖੇਚਲ ਕਰਦੇ ਹੋ ਇਹ ਬਛਰੂ ਸਾਰੇ ਖੋਲ੍ਹ ਕੇ ਇਨ੍ਹਾਂ ਨੂੰ ਦੇ ਦੇਵੋ, ਇਹ ਲੈ ਜਾਣਗੇ। ਤੁਸੀਂ ਫੌਜ ਵਾਲਿਆਂ ਨੂੰ ਕਹਿ ਦਿਓ ਕਿ ਬਾਬਾ ਜੀ ਨੇ ਖੁਸ਼ੀ ਨਾਲ ਇਨ੍ਹਾਂ ਨੂੰ ਭੇਜਿਆ ਹੈ ਇਸ ਕਰਕੇ ਤੁਸੀਂ ਸਰਹੱਦ ਤੋਂ ਇਨ੍ਹਾਂ ਨੂੰ ਲੰਘ ਜਾਣ ਦਿਓ। ਪੁਲਿਸ ਵਾਲੇ ਚੁੱਪ ਕਰ ਰਹੇ ਕਿ ਇਥੇ ਤਾਂ ਕੋਈ ਮਾਲਕ ਹੀ ਨਹੀਂ ਹੈ।

ਇਹ ਜਿਹੜੇ ਬਲੋਚ ਸੀ ਫੇਰ ਵੀ ਇਨ੍ਹਾਂ ਦੇ ਅੰਦਰ ਆਤਮਾ ਤਾਂ ਸੀ ਹੀ ਨਾ। ਇਨ੍ਹਾਂ ਨੇ ਬਾਬਾ ਜੀ ਦੀ ਮੇਹਰਬਾਨੀ ਦੇਖ ਕੇ ਕਿਹਾ ਕਿ ਮਹਾਰਾਜ! ਸਾਡੀ ਭੁੱਲ ਦੀ ਖਿਮਾ ਕਰੋ। ਸੋ ਅਸੀਂ ਰੱਬ ਦੇ ਭੁਲਾਏ ਹੋਏ ਇਨ੍ਹਾਂ ਨੂੰ ਲੈ ਗਏ, ਹੁਣ ਤੁਸੀਂ ਗਊਆਂ ਇਥੇ ਹੀ ਰੱਖੋ। ਬਾਬਾ ਜੀ ਨੇ ਕਿਹਾ ਕਿ ਹੁਣ ਤੁਹਾਡੀ ਰਜ਼ਾ। ਬਾਬਾ ਜੀ ਨੇ ਕਿਹਾ ਕਿ ਪਿਆਰਿਓ! ਇਨ੍ਹਾਂ ਨੂੰ 20-20 ਸੇਰ ਪੱਕੇ ਚੌਲ ਤੋਲ ਕੇ ਦਿਓ।

ਸੋ ਇਹ ਦ੍ਰਿਸ਼ਟੀ ਹੁੰਦੀ ਹੈ ਉਨ੍ਹਾਂ ਨੇਤਰਾਂ ਦੀ ਜਿਨ੍ਹਾਂ ਦਾ ਮੋਤੀਆ ਬਿੰਦ ਉਤਰ ਜਾਂਦਾ ਹੈ। ਉਹ ਦੂਜਾ ਨਹੀਂ ਦੇਖਦੇ ਉਨ੍ਹਾਂ ਅੰਦਰ ਸ਼ਬਦ ਦੇ ਦੀਪਕ ਦਾ ਪ੍ਰਕਾਸ਼ ਹੋ ਜਾਂਦਾ ਹੈ।

*ਧਾਰਨਾ - ਰਹਿੰਦਾ ਹਨ੍ਹੇਰਾ ਹੈ*
*ਸ਼ਬਦ ਦੇ ਬਾਝੋਂ ਅੰਦਰ*

*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰਿ ਹਥਿ ਕੁੰਜੀ*
*ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ॥*
*ਪੰਨਾ - 821*

ਗੁਰੂ ਨਾਨਕ ਪਾਤਸ਼ਾਹ ਜਦੋਂ ਸਿੱਧਾਂ ਨੂੰ ਕੈਲਾਸ਼ ਪਰਬਤ ਤੇ ਮਿਲੇ ਤਾਂ ਉਨ੍ਹਾਂ ਸਿੱਧਾਂ ਨੇ ਸਵਾਲ ਕੀਤਾ

ਕਿ ਹੇ ਨਾਨਕ! ਤੂੰ ਕਹਿੰਦਾ ਹੈਂ ਕਿ ਗ੍ਰਹਿਸਤੀਆਂ ਨੂੰ ਮੈਂ ਪਾਰ ਉਤਾਰ ਦੇਵਾਂਗਾ; ਗ੍ਰਹਿਸਤੀਆਂ ਦੀਆਂ ਤਾਂ ਆਸ਼ਾਵਾਂ ਹੀ ਖਤਮ ਨਹੀਂ ਹੁੰਦੀਆਂ।

ਸਿਧਾਂਤ ਇਹ ਹੈ ਕਿ ਜਿਸ ਦੇ ਅੰਦਰੋਂ ਵਾਸ਼ਨਾਵਾਂ ਖਤਮ ਨਾ ਹੋਣ, ਆਸ਼ਾਵਾਂ ਦਾ ਠਾਠਾਂ ਮਾਰਦਾ ਦਰਿਆ ਖਤਮ ਨਾ ਹੋਵੇ ਉਹ ਕਿਸੇ ਤਰ੍ਹਾਂ ਨਾਲ ਵੀ ਭਿਆਨਕ ਸਾਗਰ ਨੂੰ ਪਾਰ ਨਹੀਂ ਕਰ ਸਕਿਆ ਕਰਦਾ। ਗ੍ਰਹਿਸਤੀਆਂ ਦੀਆਂ ਆਸ਼ਾਵਾਂ ਦੇਖੋ, ਪਹਿਲਾਂ ਕਹਿੰਦਾ ਹੈ ਕਿ ਮੇਰੇ ਪੁੱਤਰ ਨਹੀਂ ਹੋਇਆ, ਜੇ ਪੁੱਤਰ ਹੋ ਗਿਆ, ਫੇਰ ਕਹਿੰਦਾ ਹੈ ਕਿ ਇਹ ਬਿਮਾਰ ਨਾ ਹੋਵੇ, ਫੇਰ ਇਹਨੂੰ ਸਾਰੇ ਪਿਆਰ ਕਰਨ, ਇਹ ਪੜ੍ਹੇ ਬਹੁਤ ਵਧੀਆ, ਫੇਰ ਇਹਦੀ ਸਿਹਤ ਬਹੁਤ ਵਧੀਆ ਰਹੇ, ਇਸ ਦਾ ਵਿਆਹ ਚੰਗੇ ਅਮੀਰ ਘਰ ਵਿਚ ਹੋਵੇ, ਫੇਰ ਇਹਦੇ ਵੀ ਪੁੱਤਰ ਹੋ ਜਾਵੇ, ਫੇਰ ਉਹ ਵੀ ਇਹੀ ਕੰਮ ਕਰੇ; ਮੁਕਦਾ ਹੈ ਇਹ ਸਿਲਸਿਲਾ ਕਿਤੇ?

ਹੇ ਨਾਨਕ ਜੀ! ਅਜਿਹੀਆਂ ਵਾਸ਼ਨਾਵਾਂ ਵਾਲਿਆਂ ਨੂੰ ਤੁਸੀਂ ਕਿਸ ਤਰ੍ਹਾਂ ਪਾਰ ਉਤਾਰੋਗੇ? ਜਦੋਂ ਤਕ ਤਿਆਗ ਨਹੀਂ ਹੁੰਦਾ ਉਦੋਂ ਤਕ ਕਿਸ ਤਰ੍ਹਾਂ ਤਾਰੋਂਗੇ? ਗੁਰੂ ਮਹਾਰਾਜ ਜੀ ਕਹਿਣ ਲੱਗੇ, "ਸਿਧੋ! ਠੀਕ ਹੈ ਤੁਹਾਡੀ ਗੱਲ, ਪਰ ਮੈਂ ਆਪਣੇ ਗੁਰਸਿਖਾਂ ਨੂੰ ਤਾਰਨ ਲਈ ਸ਼ਬਦ ਦਾ ਪ੍ਰਕਾਸ਼ ਕੀਤਾ ਹੈ। ਸ਼ਬਦ ਦੇ ਨਾਲ ਇਹ ਵਾਸ਼ਨਾਵਾਂ ਜਲ ਜਾਣਗੀਆਂ ਫੇਰ ਇਨ੍ਹਾਂ ਦਾ ਜੋ ਜੀਵਨ ਹੋਵੇਗਾ ਉਹ ਪਰਾਲਬਧ ਤੇ ਸ਼ਾਕਰ ਰਹਿ ਕੇ ਹੁਕਮ ਮੁਤਾਬਿਕ ਹੋਵੇਗਾ। ਦੇਖੋ, ਜਿਵੇਂ ਸੱਪ ਦੀ ਕੁੰਜ ਬਾੜ ਤੇ ਪਾਈ ਹੋਵੇ ਉਹ ਹਵਾ ਦੇ ਵੇਗ ਨਾਲ ਹਿਲਦੀ ਰਹਿੰਦੀ ਹੈ ਇਵੇਂ ਇਨ੍ਹਾਂ ਵਿਚ ਵਾਸ਼ਨਾ ਕੋਈ ਨਹੀਂ ਹੋਵੇਗੀ ਪਰ ਇਹ ਪਰਾਲਬਧ ਦੇ ਵੇਗ ਨਾਲ ਸਾਰੇ ਕਾਰਜ ਹੁਕਮ ਵਿਚ ਕਰਨਗੇ।" ਸੋ ਅਸਲੀ ਸਵਾਲ ਜਵਾਬ ਇਸ ਤਰ੍ਹਾਂ ਹੈ –

***ਆਸਾ ਮਨਸਾ ਦੋਊ ਬਿਨਾਸਤ***
***ਤ੍ਰਿਹੁ ਗੁਣ ਆਸ ਨਿਰਾਸ ਭਈ॥***
***ਤੁਰੀਆਵਸਥਾ ਗੁਰਮੁਖਿ ਪਾਈਐ***
***ਸੰਤ ਸਭਾ ਕੀ ਓਟ ਲਹੀ॥***

***ਪੰਨਾ – 356***

ਹੇ ਨਾਨਕ! ਆਹ ਜਨਮ ਤੂੰ ਕਿਵੇਂ ਵਟਾ ਦਿਤਾ, ਗ੍ਰਹਿਸਤੀਆਂ ਨੂੰ ਕਿਵੇਂ ਬਦਲ ਦਿਤਾ? ਤੇਰਾ ਜਨਮ ਕਿਸ ਤਰ੍ਹਾਂ ਨਾਲ ਵਟ ਗਿਆ, ਤੂੰ ਕਿਹੜੀ ਚੀਜ਼ ਨਾਲ ਮਨ ਲਾਇਆ ਹੈ? ਆਸਾ ਤੇ ਮਨਸਾ ਨੂੰ ਕਿਵੇਂ ਤੂੰ ਖਾ ਲਿਆ? ਇਹ ਤਾਂ ਖਾਧੀ ਨਹੀਂ ਜਾਂਦੀ। ਸਿੱਧਾਂ ਨੇ ਵੱਡੀਆਂ-ਵੱਡੀਆਂ ਸਮਾਧੀਆਂ ਲਾਈਆਂ ਹਨ ਬਹੁਤ ਸਾਧਨਾਵਾਂ ਕੀਤੀਆਂ ਹਨ ਇਨ੍ਹਾਂ ਤੋਂ ਵੀ ਵਾਸ਼ਨਾ ਨਹੀਂ ਖਾਈ ਗਈ, ਤੂੰ ਤਾਂ ਗ੍ਰਹਿਸਤੀ ਹੈਂ ਕਿਹੜੇ ਵੇਲੇ ਤੂੰ ਸਾਧਨ ਕੀਤੇ?

***ਕਿਤ ਬਿਧਿ ਆਸਾ ਮਨਸਾ ਖਾਈ॥***
***ਕਿਤੁ ਬਿਧਿ ਜੋਤਿ ਨਿਰੰਤਰਿ ਪਾਈ॥***
***ਬਿਨੁ ਦੰਤਾ ਕਿਉ ਖਾਈਐ ਸਾਰੁ॥***

***ਪੰਨਾ – 940***

ਹੇ ਨਾਨਕ! ਜਿਹੜੇ ਬਚਨ ਅਸੀਂ ਕਹੇ ਹਨ ਇਹ ਸਮਝ ਕਿ ਇਹ ਕਰੜਾ ਫੌਲਾਦ ਹੈ, ਇਹ ਕਦੇ ਦੰਦਾਂ ਤੋਂ ਵੀ ਨਹੀਂ ਖਾਇਆ ਜਾ ਸਕਦਾ ਹੈ ਇਹ ਤਾਂ ਭਾਰੀ ਲੋਹਾ ਹਨ –

***ਨਾਨਕ ਸਾਚਾ ਕਰਹੁ ਬੀਚਾਰੁ॥***

***ਪੰਨਾ – 940***

ਹੇ ਨਾਨਕ! ਤੂੰ ਸੱਚੀ ਗੱਲ ਦੱਸ।

ਮਹਾਰਾਜ ਜੀ ਕਹਿਣ ਲੱਗੇ ਸਾਡਾ ਗੁਰੂ ਨਿਰੰਕਾਰ ਹੈ, ਅਸੀਂ ਦੁਨੀਆਦਾਰੀ ਦਾ ਆਪਣਾ ਜਨਮ ਖਤਮ ਕਰਕੇ ਵਾਹਿਗੁਰੂ ਦੇ ਘਰ ਵਿਚ ਬਦਲ ਲਿਆ ਹੈ –

***ਸਤਿਗੁਰ ਕੈ ਜਨਮੈ ਗਵਨੁ ਮਿਟਾਇਆ॥***
***ਅਨਹਦਿ ਰਾਤੇ ਇਹੁ ਮਨੁ ਲਾਇਆ॥***

***ਪੰਨਾ – 1188***

ਅਸੀਂ ਉਸ ਅਵਸਥਾ ਵਿਚ ਜਿਸ ਨੂੰ ਅਨਹਦ ਅਵਸਥਾ ਕਹਿੰਦੇ ਹਨ ਜੋ ਪ੍ਰਮ ਸੁੰਨ ਹੈ ਤੁਹਾਡੇ ਵਰਗੀ ਸੁੰਨ ਨਹੀਂ, ਸਾਡਾ ਸੁੰਨ ਜੋ ਮੈਂ ਕਹਿ ਰਿਹਾ ਹਾਂ ਉਹ ਸਤਿ ਚਿਤ ਅਨੰਦ ਹੈ, ਹੋਂਦ ਹੈ, being ਹੈ, ਉਹ 'ਨਹੀਂ' ਨਹੀਂ ਹੈ, ਅਸੀਂ ਉਸ ਪਰਮ ਸਤਾ ਉਤੇ ਆਪਣਾ ਮਨ ਲਾਇਆ ਹੋਇਆ ਹੈ। ਉਸ ਅਵਸਥਾ ਬਾਰੇ ਫੁਰਮਾਨ ਹੈ –

***ਅਨਹਦ ਸੁੰਨ ਰਤੇ ਸੇ ਕੈਸੇ॥***
***ਜਿਸ ਤੇ ਉਪਜੇ ਤਿਸ ਹੀ ਜੈਸੇ॥***

***ਪੰਨਾ – 943***

ਅਸੀਂ ਉਸ ਨਿਰੰਕਾਰ ਵਿਚ ਆਪਣਾ ਮਨ ਲਾਇਆ ਹੋਇਆ ਹੈ ਜੋ ਨਿਰੋਲ ਅਦ੍ਵੈਤ ਹੈ ਹੋਰ ਦੂਜਾ ਕੋਈ ਨਹੀਂ ਹੈ, ਉਹ ਆਪੇ ਆਪ ਹੈ। ਅਸੀਂ ਉਸ ਵਿਚ ਰਹਿੰਦੇ ਹਾਂ, ਇਹ ਆਸਾ ਤੇ ਮਨਸਾ ਸ਼ਬਦ ਨੇ ਖਤਮ ਕਰ ਦਿਤੀਆਂ। ਉਸ ਨਿਰੰਕਾਰ ਨੇ ਸਾਡੇ ਅੰਦਰ ਪੂਰਨ ਗਿਆਨ ਦੀ ਜੋਤ ਜਲਾ ਦਿਤੀ ਹੈ।

***ਮਨਸਾ ਆਸਾ ਸਬਦਿ ਜਲਾਈ॥***

***ਪੰਨਾ – 940***

ਉਸ ਜੋਤ ਨੇ ਤਿੰਨਾਂ ਗੁਣਾਂ ਨੂੰ ਖਤਮ ਕਰ ਦਿਤਾ। ਇਸ ਤਰ੍ਹਾਂ ਇਹ ਕਰੜਾ ਫੌਲਾਦ ਖਾ ਲਿਆ–

***ਤ੍ਰੈ ਗੁਣ ਮੇਟੇ ਖਾਈਐ ਸਾਰੁ॥***
***ਨਾਨਕ ਤਾਰੇ ਤਾਰਣਹਾਰੁ॥***

***ਪੰਨਾ – 940***

ਇਸ ਤਰ੍ਹਾਂ ਇਹ ਜੋ ਬੰਧਨ ਹੈ ਜਿਸ ਨੂੰ ਵਾਸ਼ਨਾਵਾਂ ਦਾ ਬੰਧਨ ਕਿਹਾ ਹੈ ਇਹਦਾ ਇਲਾਜ ਗੁਰੂ

ਦਾ ਸ਼ਬਦ ਹੈ। ਸਾਰੀਆਂ ਆਸ਼ਾਵਾਂ ਬਿਨਾਂ ਆਸਾ ਕੀਤੇ ਗੁਰੂ ਦੇ ਸ਼ਬਦ ਨਾਲ ਪੂਰੀਆਂ ਹੋ ਜਾਂਦੀਆਂ ਹਨ ਅਤੇ ਵਾਸ਼ਨਾਵਾਂ ਖਤਮ ਹੋ ਜਾਂਦੀਆਂ ਹਨ, ਕਿਉਂਕਿ ਵਾਸ਼ਨਾਵਾਂ ਦੀ ਮੰਗ ਕਦੇ ਖਤਮ ਨਹੀਂ ਹੁੰਦੀ -

*ਭੁਖਿਆ ਭੁਖ ਨ ਉਤਰੀ*
*ਜੇ ਬੰਨਾ ਪੁਰੀਆ ਭਾਰ॥ ਪੰਨਾ - 1*

ਸੋ ਇਸ ਤਰੀਕੇ ਨਾਲ ਅਸੀਂ ਗੁਰਸਿੱਖਾਂ ਨੂੰ ਰਸਤਾ ਦਿਖਾ ਦਿਤਾ ਹੈ ਕਿ ਗ੍ਰਹਿਸਤ ਵਿਚ ਰਹਿੰਦਿਆਂ, ਨੌਕਰੀਆਂ ਚਾਕਰੀਆਂ ਕਰਦਿਆਂ, ਹੋਰ ਧੰਧੇ ਨਿਭਾਉਂਦਿਆਂ ਕਿਸ ਤਰ੍ਹਾਂ ਵਾਸ਼ਨਾਵਾਂ 'ਚੋਂ ਨਿਕਲਿਆ ਜਾਂਦਾ ਹੈ।

ਇਹ ਜੀਵ ਆਤਮਾ ਨੂੰ ਛੇਵਾਂ ਬੰਧਨ ਆਸ਼ਾਵਾਂ ਤੇ ਵਾਸ਼ਨਾਵਾਂ ਦਾ ਹੈ ਇਸ ਦਾ ਇਲਾਜ ਗੁਰੂ ਦਾ ਸ਼ਬਦ ਹੈ। ਸੋ ਇਸ ਤੋਂ ਪਿਛੋਂ ਹੋਰ ਦੋ ਸੰਗਲ ਸਾਨੂੰ ਪਏ ਹੋਏ ਹਨ। ਪਹਿਲਾ ਹੈ ਜੰਮਣ ਮਰਨ ਦਾ। ਜਿੰਨੇ ਵੀ ਆਪਾਂ ਸਤਿਸੰਗ ਵਿਚ ਬੈਠੇ ਹਾਂ, ਕ੍ਰੋੜਾਂ ਖਰਬਾਂ ਸਾਲਾਂ ਤੋਂ ਚਲਦੇ ਹੀ ਆ ਰਹੇ ਹਾਂ, ਜੰਮ ਪੈਂਦੇ ਹਾਂ, ਮਰ ਜਾਂਦੇ ਹਾਂ, ਫੇਰ ਜੰਮ ਪੈਂਦੇ ਹਾਂ, ਇਸ ਦੁਖ ਨੂੰ ਕੋਈ ਕੱਟਣ ਵਾਲਾ ਨਹੀਂ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਹਨ -

*ਧਾਰਨਾ- ਜਨਮ ਮਰਨ ਦਾ ਭਾਰੀ*
*ਦੁਖ ਲੱਗਿਆ,*
*ਕੱਟੇ ਕਿਹੜਾ ਵੈਦ ਪਿਆਰਿਓ!*

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*
*ਕਈ ਜਨਮ ਸੈਲ ਗਿਰਿ ਕਰਿਆ॥*
*ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ॥*
*ਪੰਨਾ - 176*

*ਕੇਤੇ ਰੁਖ ਬਿਰਖ ਹਮ ਚੀਨੇ*
*ਕੇਤੇ ਪਸੂ ਉਪਾਏ॥*
*ਕੇਤੇ ਨਾਗ ਕੁਲੀ ਮਹਿ ਆਏ*
*ਕੇਤੇ ਪੰਖ ਉਡਾਏ॥ ਪੰਨਾ - 156*

ਕਿੰਨੇ ਜਨਮ 84 ਲੱਖ ਜੂਨਾਂ ਦੇ ਭੋਗ-ਭੋਗ ਕੇ ਚੱਕਰ ਖਾ ਕੇ ਅਸੀਂ ਤੁਰੇ ਜਾਂਦੇ ਹਾਂ -

*ਘਰ ਦਰ ਫਿਰਿ ਥਾਕੀ ਬਹੁਤੇਰੇ॥*
*ਜਾਤਿ ਅਸੰਖ ਅੰਤ ਨਹੀ ਮੇਰੇ॥*
*ਕੇਤੇ ਮਾਤ ਪਿਤਾ ਸੁਤ ਧੀਆ॥*
*ਕੇਤੇ ਗੁਰ ਚੇਲੇ ਫੁਨਿ ਹੂਆ॥*
*ਕਾਚੇ ਗੁਰ ਤੇ ਮੁਕਤਿ ਨ ਹੂਆ॥*
*ਪੰਨਾ - 932*

ਪ੍ਰਸ਼ਨ ਆਉਂਦਾ ਹੈ ਕਿ ਆਉਣਾ ਜਾਣਾ ਕਿਵੇਂ ਖਤਮ ਹੋਵੇ ਅਤੇ ਪ੍ਰਭੂ ਦਾ ਮੇਲਾ ਕਿਵੇਂ ਹੋਵੇ, ਜਨਮ ਮਰਨ ਦਾ ਬਹੁਤ ਦੁਖ ਇਸ ਜੀਵ ਦੇ ਗਲ ਪਿਆ ਹੋਇਆ ਹੈ। -

*ਆਵਣ ਜਾਣਾ ਕਿਉ ਰਹੈ*
*ਕਿਉ ਮੇਲਾ ਹੋਈ॥*
*ਜਨਮ ਮਰਣ ਕਾ ਦੁਖੁ ਘਣੋ*
*ਨਿਤ ਸਹਸਾ ਦੋਈ॥ ਪੰਨਾ - 422*

ਆਉਣ ਜਾਣ ਦਾ ਜੋ ਦੁਖ ਹੈ ਉਹ ਬਹੁਤ ਹੀ ਬੁਰਾ ਹੈ। ਆਦਮੀ ਦੇ ਗਲ ਤੋਂ ਲਹਿੰਦਾ ਨਹੀਂ ਹੈ, ਇਹ ਜਨਮ ਧਾਰਦਾ ਹੈ, ਆਪਣੀ ਦੁਨੀਆਂ ਬਣਾਉਂਦਾ ਹੈ। ਸੋਹਣੇ ਦਿਨ ਕੱਟਣ ਲਗਦਾ ਹੈ, ਐਨੇ ਨੂੰ ਕਾਲ ਆ ਜਾਂਦਾ ਹੈ ਫੇਰ ਕਿਸੇ ਗਰਭ ਵਿਚ ਬਸੇਰਾ ਮਿਲ ਜਾਂਦਾ ਹੈ -

*ਧਾਰਨਾ - ਕਾਟੋ ਮੇਰਾ*
*ਇਕ ਦੁਖ ਰਾਮਰਾਇ*

*ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ॥*
*ਅਗਨਿ ਦਹੈ ਅਰੁ ਗਰਭ ਬਸੇਰਾ॥*
*ਪੰਨਾ - 329*

ਜਿਵੇਂ ਹਲਟ ਦੀਆਂ ਟਿੰਡਾਂ ਘੁੰਮਦੀਆਂ ਹਨ ਇਸੇ ਤਰ੍ਹਾਂ ਨਾਲ ਅਸੀਂ ਕਦੇ ਸਵਰਗ ਵਿਚ ਜਾਂਦੇ ਹਾਂ ਕਦੇ ਨਰਕ ਵਿਚ ਜਾਂਦੇ ਹਾਂ, ਮਹਾਰਾਜ ਜੀ ਕਹਿੰਦੇ ਹਨ ਇਸ ਦਾ ਇਲਾਜ ਹੈ ਪਿਆਰਿਆ!

*ਧਾਰਨਾ- ਪਿਆਰੇ ਜੇ ਤੈਂ ਭਵਜਲ ਲੰਘਣਾ*
*ਗਾ ਲੈ ਗੁਣ ਹਰੀ ਦੇ*

*ਸਰਨ ਸਮਰਥ ਏਕ ਕੇਰੀ*
*ਦੂਜਾ ਨਾਹੀ ਠਾਉ॥*
*ਮਹਾ ਭਵਜਲ ਲੰਘੀਐ*
*ਸਦਾ ਹਰਿ ਕੇ ਗੁਣ ਗਾਉ॥*
*ਪੰਨਾ - 405*

ਸਦਾ ਗੁਣ ਗਾ ਪ੍ਰਮੇਸ਼ਰ ਦੇ, ਵਾਹਿਗੁਰੂ ਦਾ ਨਾਮ ਜਪ ਕੇ ਸੁਣਨ, ਮੰਨਣ, ਨਿਧਿਆਸਣ ਰਾਹੀਂ ਸਰੂਪ ਦੀ ਪ੍ਰਾਪਤੀ ਹੁੰਦੀ ਹੈ, ਜਨਮ ਮਰਨ ਦਾ ਚੱਕਰ ਕੱਟ ਹੋ ਜਾਂਦਾ ਹੈ। ਬਾਣੀ ਗਾਵੋ, ਬਾਣੀ ਸੁਣੋ, ਬਾਣੀ ਮੰਨੋ, ਬਾਣੀ ਕਮਾਓ, ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਕਰੋ, ਉਨ੍ਹਾਂ ਦੀ ਮਿਹਰ ਦੇ ਨਾਲ ਆਪਣੇ ਸਰੂਪ ਦਾ ਗਿਆਨ ਹੋ ਜਾਇਆ ਕਰਦਾ ਹੈ। ਫੇਰ ਪ੍ਰਭੂ ਦੀ ਨਦਰ ਹੋ ਜਾਇਆ ਕਰਦੀ ਹੈ। ਇਹ ਚੱਕਰ ਕੇਵਲ ਇਸ ਕਰਕੇ ਹੈ ਕਿ ਇਹ ਜੀਵ ਹਉਮੈ ਦੀ ਬਿਮਾਰੀ ਤੋਂ ਸਵਸਥ ਨਹੀਂ ਹੁੰਦਾ। ਮਹਾਰਾਜ ਜੀ ਕਹਿੰਦੇ ਹਨ ਕਿ ਪਹਿਲਾਂ ਸਰੀਰ ਨੂੰ ਸਮਝ। ਸੋ ਇਹ ਜਿਹੜਾ ਸੰਗਲ ਹੈ ਉਹ ਇਸ ਤਰੀਕੇ ਨਾਲ ਕੱਟ

ਹੁੰਦਾ ਹੈ -

ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ
ਬਿਨੁ ਹਰਿ ਫੋਕਟ ਗਿਆਨੁ ॥
ਜਨਮ ਮਰਨ ਸੰਕਟ ਤੇ ਛੂਟੈ
ਜਗਦੀਸ ਭਜਨ ਸੁਖ ਧਿਆਨ ॥

ਪੰਨਾ - 940

ਮਨਿ ਤਨਿ ਹਿਰਦੈ ਰਵਿ ਰਹਿਆ
ਹਰਿ ਹੀਰਾ ਹੀਰੁ ॥
ਜਨਮ ਮਰਣ ਕਾ ਦੁਖੁ ਗਇਆ
ਫਿਰਿ ਪਵੈ ਨ ਫੀਰੁ ॥

ਪੰਨਾ - 789

ਜਦੋਂ ਵਾਹਿਗੁਰੂ ਹਿਰਦੇ ਵਿਚ ਸਮਾਅ ਗਿਆ ਉਸ ਵੇਲੇ ਇਸ ਨਾਮ ਦਾ ਹਉਮੈ ਨਾਲ ਵਿਰੋਧ ਕਰਕੇ ਹਉਮੈ ਨਹੀਂ ਰਿਹਾ ਕਰਦੀ। ਜਦੋਂ ਹਉਮੈ ਹਟ ਗਈ ਫੇਰ ਇਹ ਪ੍ਰਮੇਸ਼ਰ ਨਾਲ ਇਕਮਿਕ ਹੋ ਜਾਂਦਾ ਹੈ, ਆਪਣੇ ਸਰੂਪ ਵਿਚ ਵਾਸਾ ਹੋ ਜਾਂਦਾ ਹੈ। ਇਹ ਜੋ ਸਰੀਰ ਹੈ ਇਹ ਇਕ ਬਹੁਤ ਵੱਡਾ ਭਾਰੀ ਬੰਧਨ ਹੈ। ਗੁਰੂ ਮਹਾਰਾਜ ਜੀ ਇਸ ਦੇ ਬਾਰੇ ਫੁਰਮਾਨ ਕਰਦੇ ਹਨ -

ਧਾਰਨਾ- ਪੁਤਰੀ ਤੇਰੀ ਜੀ,
ਬਿਧ ਕਰ ਥਾਟੀ

ਸੋ ਸਰੀਰ ਦੇ ਬੰਧਨ ਨੂੰ ਵੀ ਖੰਡਤ ਕਰ ਦੇ, ਪਹਿਲਾਂ ਤਾਂ ਅੱਠ ਬੰਧਨ ਖਤਮ ਕਰ ਦਿਤੇ ਹਨ।

ਕਿਉਂਕਿ ਜਿੰਨੀ ਦੇਰ ਤਕ ਦੇਹ ਅਧਿਆਸ ਨਹੀਂ ਟੁੱਟਦਾ ਓਨੀਂ ਦੇਰ ਤਕ ਆਤਮ ਸ਼ਾਖਸ਼ਾਤਕਾਰ ਨਹੀਂ ਹੁੰਦਾ। ਆਤਮ ਦਰਸ਼ਨ ਵਿਚ ਇਹ ਸਰੀਰ ਬੰਧਨ ਹੁੰਦਾ ਹੈ। ਇਹ ਦੇਹ ਰੂਪੀ ਬੰਧਨ ਦਾ ਵੀ ਖੰਡਨ ਕਰੋ -

ਅਠੀ ਪਹਰੀ ਅਠ ਖੰਡ
ਨਾਵਾ ਖੰਡੁ ਸਰੀਰੁ ॥
ਤਿਸੁ ਵਿਚਿ ਨਉ ਨਿਧਿ ਨਾਮੁ ਏਕੁ
ਭਾਲਹਿ ਗੁਣੀ ਗਹੀਰੁ ॥
ਕਰਮਵੰਤੀ ਸਾਲਾਹਿਆ
ਨਾਨਕ ਕਰਿ ਗੁਰ ਪੀਰੁ ॥
ਚਉਥੈ ਪਹਰਿ ਸਬਾਹ ਕੈ
ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ
ਮਨਿ ਮੁਖਿ ਸਚਾ ਨਾਉ ॥
ਓਥੈ ਅੰਮ੍ਰਿਤੁ ਵੰਡੀਐ
ਕਰਮੀ ਹੋਇ ਪਸਾਉ ॥
ਕੰਚਨ ਕਾਇਆ ਕਸੀਐ
ਵੰਨੀ ਚੜੈ ਚੜਾਉ ॥
ਜੇ ਹੋਵੈ ਨਦਰਿ ਸਰਾਫ ਕੀ
ਬਹੁੜਿ ਨ ਪਾਈ ਤਾਉ ॥
ਸਤੀ ਪਹਰੀ ਸਤੁ ਭਲਾ
ਬਹੀਐ ਪੜਿਆ ਪਾਸਿ ॥
ਓਥੈ ਪਾਪੁ ਪੁੰਨੁ ਬੀਚਾਰੀਐ
ਕੂੜੈ ਘਟੈ ਰਾਸਿ ॥
ਓਥੈ ਖੋਟੇ ਸਟੀਅਹਿ
ਖਰੇ ਕੀਚਹਿ ਸਾਬਾਸਿ ॥
ਬੋਲਣੁ ਫਾਦਲੁ ਨਾਨਕਾ
ਦੁਖੁ ਸੁਖੁ ਖਸਮੈ ਪਾਸਿ ॥

ਪੰਨਾ - 146

ਪੁਤਰੀ ਤੇਰੀ ਬਿਧਿ ਕਰਿ ਥਾਟੀ ॥
ਜਾਨੁ ਸਤਿ ਕਰਿ ਹੋਇਗੀ ਮਾਟੀ ॥

ਪੰਨਾ - 374

ਆਹ ਜਿਹੜਾ ਸਰੂਰ ਰੂਪੀ ਪੁਤਲਾ ਹੈ ਇਹ ਪੰਜਾਂ ਤੱਤਾਂ ਦਾ **mixture** (ਮਿਲਵਾਂ ਰੂਪ) ਹੈ ਕਈ ਚੀਜ਼ਾਂ ਦਾ। ਇਹ ਅਕਾਸ਼, ਹਵਾ, ਮਿੱਟੀ, ਪਾਣੀ ਨੂੰ ਮਿਲਾ ਕੇ ਬਣਾਇਆ ਹੋਇਆ ਹੈ ਇਸ ਨੂੰ ਪੰਜਾਂ ਤੱਤਾਂ ਦਾ ਸਰੀਰ ਆਖਿਆ ਜਾਂਦਾ ਹੈ। ਇਸ ਵਿਚ ਜੋ ਪੰਜ ਗਿਆਨ ਇੰਦਰੇ ਹਨ ਇਨ੍ਹਾਂ ਵਿਚ 25 ਪ੍ਰਕ੍ਰਿਤੀਆਂ ਦਾ ਸੁਮੇਲ ਹੈ। ਅੱਖ ਵਿਚ ਅੱਧਾ ਤੱਤ ਅਗਨ ਦਾ ਹੈ ਅਤੇ 1/8,1/8 ਬਾਕੀ ਚਾਰ ਤੱਤ ਹਨ, ਇਸੇ ਤਰ੍ਹਾਂ ਕੰਨ ਵਿਚ ਅੱਧਾ ਤੱਤ ਅਕਾਸ਼ ਦਾ ਹੈ ਬਾਕੀ ਦੇ 1/8,1/8 ਹਨ, ਰਸਨਾ ਵਿਚ ਅੱਧਾ ਤੱਤ ਪਾਣੀ ਦਾ ਹੈ ਅਤੇ ਉਸ ਤਰ੍ਹਾਂ ਨਾਲ ਬਾਕੀ ਤੱਤ ਹਨ। ਸਪਰਸ਼ ਵਿਚ ਅੱਧਾ ਤੱਤ ਹਵਾ ਦਾ ਹੈ ਬਾਕੀ ਪਹਿਲਾਂ ਵਾਂਗੂੰ ਹਨ। ਨਾਸਕਾ ਵਿਚ ਜਿਸਨੂੰ ਸੁੰਘਣ ਸ਼ਕਤੀ ਆਖਦੇ ਹਨ ਉਸ ਵਿਚ ਸੁੰਘਣ ਤੱਤ ਮਿੱਟੀ ਦਾ ਹੈ ਬਾਕੀ ਉਸੇ ਤਰ੍ਹਾਂ ਹਨ। ਇਸੇ ਤਰ੍ਹਾਂ 25 ਪ੍ਰਕ੍ਰਿਤੀਆਂ ਨਾਲ ਇਹ ਗਿਆਨ ਇੰਦ੍ਰੇ ਹੋਂਦ ਵਿਚ ਆਏ। ਇਸ ਸਰੀਰ ਦੇ ਬਣਾਉਣ ਲਈ ਸਿਆਣਿਆਂ ਦੇ ਮਤ ਅਨੁਸਾਰ 2 ਖਰਬ 15 ਅਰਬ ਸੈਲ ਲੱਗੇ ਹੋਏ ਹਨ। ਜਿਵੇਂ ਆਪਾਂ ਕੋਈ ਬਹੁਤ ਵੱਡਾ ਮਕਾਨ ਬਣਾਉਣਾ ਹੋਵੇ, ਉਹ ਮੀਲਾਂ ਵਿਚ ਹੋਣ ਕਰਕੇ ਉਸ ਵਿਚ ਕਿੰਨੀਆਂ ਹੀ ਇੱਟਾਂ ਲੱਗਿਆ ਕਰਦੀਆਂ ਹਨ। ਇਸੇ ਤਰ੍ਹਾਂ ਇਸ ਵਿਚ 2 ਖਰਬ 15 ਅਰਬ ਸੈਲ ਲੱਗੇ ਹੋਏ ਹਨ ਅਤੇ 9 ਦਰਵਾਜ਼ੇ ਲੱਗੇ ਹੋਏ ਹਨ ਜਿਹੜੇ ਪ੍ਰਗਟ ਹਨ, ਇਨ੍ਹਾਂ ਵਿਚੋਂ ਮਨ ਉਡਾਰੀਆਂ ਲਾਉਂਦਾ ਹੈ। ਸੰਸਾਰ ਦਾ ਕਾਰਜ ਵੀ ਇਨ੍ਹਾਂ ਦਰਵਾਜ਼ਿਆਂ ਰਾਹੀਂ ਹੁੰਦਾ ਹੈ, ਇਸ ਵਿਚ ਜਿਹੜਾ ਇਹ ਮਨ ਬੁੱਧੀ ਵਾਸ਼ਨਾਵਾਂ ਤੇ ਵਿਸ਼ਿਆਂ ਨਾਲ ਰਲ ਕੇ ਆਪਣੇ ਆਪ ਨੂੰ ਭੁੱਲ ਜਾਂਦਾ ਹੈ ਅਤੇ ਆਪਣੇ ਘਰ ਨੂੰ ਵੀ ਭੁੱਲ ਜਾਂਦਾ ਹੈ ਅਤੇ ਬਾਹਰ ਹੀ ਬਾਹਰ ਘੁੰਮਦਾ ਰਹਿੰਦਾ ਹੈ। ਆਤਮ ਵਸਤੂ ਜੋ ਉਪਮਾ ਤੋਂ ਰਹਿਤ ਹੈ ਉਸ ਨੂੰ ਇਹ ਪ੍ਰਾਪਤ ਨਹੀਂ ਕਰ ਸਕਦਾ-

ਧਾਰਨਾ- ਨਉ ਘਰ ਦੇਖਿ ਜੁ ਕਾਮਨਿ
ਭੂਲੀ ਵਸਤ ਅਨੂਪ ਨ ਪਾਈ

ਨਉ ਘਰ ਦੇਖਿ ਜੁ ਕਾਮਨਿ ਭੂਲੀ

*ਬਸਤੁ ਅਨੂਪ ਨ ਪਾਈ॥*
*ਕਹਤੁ ਕਬੀਰ ਨਵੈ ਘਰ ਮੂਸੇ*
*ਦਸਵੈਂ ਤਤੁ ਸਮਾਈ॥ ਪੰਨਾ - 339*

ਸੋ ਇਸ ਤਰ੍ਹਾਂ ਦੇ ਨਾਲ ਯੋਗ ਮਤ ਵਾਲੇ ਦਸਦੇ ਹਨ ਕਿ ਇਸ ਵਿਚ 72 ਕ੍ਰੋੜ, 72 ਲੱਖ, 72 ਹਜ਼ਾਰ 210 ਅਤਿ ਸੂਖਸ਼ਮ **blood channel** ਹਨ ਜਿਨ੍ਹਾਂ ਰਾਹੀਂ ਖੂਨ ਘੁੰਮਦਾ ਹੈ। ਸਾਢੇ ਤਿੰਨ ਕਰੋੜ ਮਸਾਮ ਹਨ, ਜਿਨ੍ਹਾਂ ਰਾਹੀਂ ਮੈਲ ਪਸੀਨੇ ਨਾਲ ਇਸ ਸਰੀਰ ਵਿਚੋਂ ਨਿਕਲਦੀ ਹੈ। ਇਸ ਸਰੀਰ ਵਿਚੋਂ ਦਸਵੇਂ ਦੁਆਰ ਰਾਹੀਂ ਪ੍ਰਾਪਤ ਹੋਣ ਵਾਲਾ ਨਿਜ ਘਰ ਹੈ ਜਿਸ ਨੂੰ ਸੱਚਾ ਮਹਿਲ ਆਖਿਆ ਜਾਂਦਾ ਹੈ। ਜੋ ਬ੍ਰਹਿਮੰਡ ਵਿਚ ਹੈ ਉਹ ਸਾਰਾ ਇਸ ਵਿਚ ਹੈ, ਸਾਰੇ ਬ੍ਰਹਿਮੰਡ ਵਿਚ ਵਾਹਿਗੁਰੂ ਜੀ ਇਕ ਰਸ ਪਰੀਪੂਰਨ ਹਨ, ਇਸ ਸਰੀਰ ਵਿਚ ਵੀ ਹਨ-

*ਪੁਤਰੀ ਤੇਰੀ ਬਿਧਿ ਕਰਿ ਥਾਟੀ॥*
*ਜਾਨੁ ਸਤਿ ਕਰਿ ਹੋਇਗੀ ਮਾਟੀ॥*
*ਪੰਨਾ - 374*

ਮਹਾਰਾਜ ਕਹਿੰਦੇ ਹਨ ਕਿ ਪਿਆਰਿਆ! ਇਹ ਗੱਲ ਤੂੰ ਹਿਰਦੇ ਵਿਚ ਧਾਰਨ ਕਰ ਲੈ, ਇਹ ਤੇਰਾ ਸਰੀਰ ਹੈ ਇਹਨੇ ਮਿੱਟੀ ਬਣ ਜਾਣਾ ਹੈ, ਇਸ ਕਰਕੇ ਤੂੰ ਮੂਲ ਨੂੰ ਸੰਭਾਲ, ਇਸ ਤੋਂ ਅਚੇਤ ਨਾ ਰਹਿ -

*ਮੂਲੁ ਸਮਾਲਹੁ ਅਚੇਤ ਗਵਾਰਾ॥*
*ਪੰਨਾ - 374*

ਇਹਦੇ ਵਿਚ ਜਿਹੜਾ ਮੂਲ ਹੈ - ਪ੍ਰਮੇਸ਼ਰ ਦਾ ਨਾਮ, ਓਹਦੀ ਸੰਭਾਲ ਕਰ।

*ਇਤਨੇ ਕਉ ਤੁਮ ਕਿਆ ਗਰਬੇ॥*
*ਪੰਨਾ - 374*

ਤੂੰ ਇਹਦਾ ਹੀ ਹੰਕਾਰ ਕਰੀ ਜਾਂਦਾ ਹੈਂ ਕਿ ਓਹਦੀ ਗੋਰੀ ਮਿੱਟੀ ਹੈ, ਕਾਲੀ ਮਿੱਟੀ ਹੈ। ਪਿਆਰਿਆ! ਮਿੱਟੀ ਭਾਵੇਂ ਕਿਹੋ ਜਿਹੀ ਹੋਵੇ -

*ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥*
*ਅਵਰ ਵਸਤੁ ਤੁਝ ਪਾਹਿ ਅਮਾਨ॥*
*ਪੰਨਾ - 374*

ਇਸਦੀ ਖੁਰਾਕ ਐਨੀ ਹੈ, ਤੂੰ ਮਹਿਮਾਨ ਵਾਂਗੂੰ ਇਸ ਸੰਸਾਰ ਵਿਚ ਰਹਿੰਦਾ ਹੈਂ, ਬੇਇਮਾਨੀਆਂ ਕਰਕੇ, ਇਸ ਦੇਹ ਲਈ ਤੂੰ ਧੋਖੇ ਕਰਕੇ ਚੀਜ਼ਾਂ ਇਕੱਠੀਆਂ ਕਰ ਲੈਂਦਾ ਹੈਂ, ਬੈਂਕਾਂ ਵਿਚ ਇਕੱਠਾ ਕੀਤਾ ਪੈਸਾ ਇਥੇ ਹੀ ਰਹਿ ਜਾਣਾ ਹੈ। ਇਹ ਕੱਚੀ ਦੇਹੀ ਹੈ -

*ਬਿਸਟਾ ਅਸਤ ਰਕਤੁ ਪਰੇਟੇ ਚਾਮ॥*
*ਇਸੁ ਊਪਰਿ ਲੇ ਰਾਖਿਓ ਗੁਮਾਨ॥*
*ਪੰਨਾ - 374*

ਇਹ ਤਾਂ garbage bag (ਕੂੜੇ ਦਾ ਥੈਲਾ) ਇਸ ਵਿਚ ਵਿਸ਼ਟਾ ਪਿਆ ਹੈ, ਹੱਡੀਆਂ ਪਈਆਂ ਨੇ, ਲਹੂ ਪਿਆ ਹੈ, ਮਿੱਝ ਪਈ ਹੈ, ਮਲ-ਮੂਤਰ ਪਿਆ ਹੈ। ਪਿਆਰਿਆ! ਇਹਦੇ ਵਿਚੋਂ ਜੇ ਤੂੰ ਆਤਮਾ ਨੂੰ ਨਹੀਂ ਪਛਾਣ ਸਕਿਆ ਤਾਂ ਇਹ ਸਦਾ ਨਾਪਾਕ ਦੇਹੀ ਹੈ -

*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥*
*ਬਿਨੁ ਬੂਝੇ ਤੂੰ ਸਦਾ ਨਾਪਾਕ॥*
*ਕਹੁ ਨਾਨਕ ਗੁਰ ਕਉ ਕੁਰਬਾਨੁ॥*
*ਜਿਸ ਤੇ ਪਾਈਐ ਹਰਿ ਪੁਰਖੁ ਗੁਮਾਨ॥*
*ਪੰਨਾ - 374*

ਜਿਵੇਂ ਕਿ ਫੁਰਮਾਨ ਆਉਂਦਾ ਹੈ -

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥*
*ਸਭੁ ਆਤਮ ਰਾਮੁ ਪਛਾਣਿਆ ਤਾਂ*
*ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ*
*ਇਕ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ ਤੂ*
*ਸਚੁ ਸਚੇ ਸੇਵਾ ਤੇਰੀ ਹੋਤਿ॥*
***ਪੰਨਾ - 309***

ਕੁਰਬਾਨ ਜਾਂਦੇ ਹਾਂ ਉਸ ਗੁਰੂ ਤੋਂ ਜਿਸ ਨੇ ਇਸ ਦੇਹੀ ਵਿਚ ਉਹ ਘਰ ਦਿਖਾ ਦਿਤਾ ਜਿਸ ਵਿਚ ਇਹ ਸੱਚਾ ਮਹੱਲ ਹੈ ਅਤੇ ਵਾਹਿਗੁਰੂ ਜੀ ਦਾ ਵਾਸਾ ਹੈ ਕਿਉਂਕਿ ਗੁਰੂ ਨੇ ਉਹ ਘਰ ਦਿਖਾਉਣਾ ਹੀ ਹੈ।

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਪੰਨਾ - 1291*

ਉਸ ਘਰ ਦੀਆਂ ਨਿਸ਼ਾਨੀਆਂ ਹਨ ਪੰਜ ਸ਼ਬਦਾਂ ਦੀਆਂ ਧੁਨਕਾਰਾਂ ਉਥੇ ਹੁੰਦੀਆਂ ਹਨ; ਇਹ ਨਿਸ਼ਾਨੀ ਹੈ ਉਸ ਥਾਂ ਦੀ, ਉਸ ਥਾਂ ਵਿਸਮਾਦ ਹੀ ਵਿਸਮਾਦ ਹੈ। ਵਾਹਿਗੁਰੂ ਦੇ ਦਰ ਉਪਰ ਨਿਰੰਤਰ ਕੀਰਤਨ ਦੀਆਂ ਧੁਨਾਂ ਹੋ ਰਹੀਆਂ ਹਨ ਜਿਸ ਦੇ ਬਾਰੇ ਆਪ ਫੁਰਮਾਨ ਕਰਦੇ ਹਨ -

*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ*
*ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ*
*ਸਾਚਿ ਤਖਤਿ ਸੁਲਤਾਨੁ॥*
*ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ*
*ਮਨਸਾ ਮਨਹਿ ਸਮਾਇ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ*

*ਇਹੁ ਮਨੁ ਕਤਹੁ ਨ ਜਾਇ॥*
*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ॥*
*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ॥ ਪੰਨਾ - 1291*

ਸੋ ਮਹਾਰਾਜ ਜੀ ਕਹਿੰਦੇ ਹਨ ਕਿ ਜੇ ਤੂੰ ਇਹ ਗੱਲ ਬੁੱਝ ਲਵੇਂ ਤਾਂ ਤੂੰ ਪਾਕ ਹੈਂ।

ਇਹ ਸਰੀਰ ਕੀ ਹੈ -

*ਕਾਚ ਕੋਟੰ ਰਚੰਤਿ ਤੋਯੰ*
*ਲੇਪਨੰ ਰਕਤ ਚਰਮਣਹ॥ ਪੰਨਾ - 1354*

ਪਾਣੀ ਦੇ ਨਾਲ ਕੱਚਾ ਕਿਲਾ ਬਣਾਇਆ ਹੋਇਆ ਹੈ ਇਹਦੇ ਉਤੇ ਚੰਮ ਦੇ ਨਾਲ ਤੇ ਲਹੂ ਦੇ ਨਾਲ ਲੇਪ ਕੀਤਾ ਹੋਇਆ ਹੈ -

*ਨਵੰਤ ਦੁਆਰੰ ਭੀਤ ਰਹਿਤੰ*
*ਬਾਇ ਰੂਪੰ ਅਸਥੰਭਨਹ॥*
*ਪੰਨਾ - 1354*

ਹਵਾ ਨੇ ਇਸ ਨੂੰ ਥੰਮਿਆ ਹੋਇਆ ਹੈ, ਇਹਦੇ ਵਿਚ 9 ਦੁਆਰਿਆਂ ਦੀ ਕੰਧ ਕੀਤੀ ਹੋਈ ਹੈ -

*ਗੋਬਿੰਦ ਨਾਮੰ ਨਹ ਸਿਮਰੰਤਿ*
*ਅਗਿਆਨੀ ਜਾਨੰਤਿ ਅਸਥਿਰੰ॥*
*ਦੁਰਲਭ ਦੇਹ ਉਧਰੰਤ*
*ਸਾਧ ਸਰਣ ਨਾਨਕ॥*
*ਹਰਿ ਹਰਿ ਹਰਿ ਹਰਿ ਹਰਿ ਹਰੇ ਜਪੰਤਿ॥*
*ਪੰਨਾ - 1354*

ਅਗਿਆਨੀ ਪੁਰਸ਼ ਇਸ ਨੂੰ ਸਦੀਵੀ ਰਹਿਣ ਵਾਲਾ ਜਾਣ ਕੇ ਪ੍ਰਮੇਸ਼ਰ ਦਾ ਭਜਨ ਨਹੀਂ ਕਰਦਾ ਅਤੇ ਜਨਮ ਮਰਨ ਦੇ ਚੱਕਰਾਂ ਵਿਚ ਪੈ ਕੇ ਨਰਕਾਂ ਨੂੰ ਭੋਗਦਾ ਹੈ। ਆਪਾਂ ਇਸ ਦੀਵਾਨ ਵਿਚ ਬਹੁਤ ਲੰਮੀ ਵਿਚਾਰ ਕੀਤੀ ਹੈ। ਇਸ ਨੂੰ ਫੇਰ ਵਿਚਾਰੋ, ਨਹੀਂ ਤਾਂ ਇਹ ਯਾਦਾਸ਼ਤ ਵਿਚੋਂ ਲਹਿ ਜਾਵੇਗੀ। ਇਹ ਐਨੀ ਲੰਮੀ ਚੌੜੀ ਵਿਚਾਰ ਇਸ ਕਰਕੇ ਕੀਤੀ ਹੈ ਕਿ ਸਾਨੂੰ ਵੀ ਆਤਮ ਪਦ ਦੀ ਪ੍ਰਾਪਤੀ ਹੋ ਜਾਵੇ ਅਤੇ ਸਚਿਆਰੇ ਹੋ ਜਾਈਏ। ਸਾਨੂੰ ਵੀ ਪਤਾ ਲਗ ਜਾਵੇ ਕਿ ਆਤਮਾ ਕੀ ਹੈ। ਸੋ ਸਾਡਾ ਜੋ ਸਰੂਪ ਹੈ ਉਸ ਨੂੰ ਸਮਝੋ, ਸਾਧਸੰਗਤ ਜੀ!

*ਧਾਰਨਾ - ਆਤਮ ਤੇਰਾ ਰੂਪ ਹੈ,*
*ਦੇਹੀ ਕਿਉਂ ਮੰਨਦੈ ਆਪ ਨੂੰ*

*ਮਨ ਤੂੰ ਜੋਤਿ ਸਰੂਪੁ ਹੈ*
*ਅਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੈ ਨਾਲਿ ਹੈ*
*ਗੁਰਮਤੀ ਰੰਗੁ ਮਾਣੁ॥ ਪੰਨਾ - 441*

*ਨਾਨਕ ਤਰਵਰੁ ਏਕੁ ਫਲੁ*
*ਦੁਇ ਪੰਖੇਰੂ ਆਹਿ॥*
*ਆਵਤ ਜਾਤ ਨ ਦੀਸਹੀ*
*ਨ ਪਰ ਪੰਖੀ ਤਾਹਿ॥ ਪੰਨਾ - 550*
*ਪੰਚ ਤਤੁ ਮਿਲਿ ਕਾਇਆ ਕੀਨੀ॥*
*ਤਿਸ ਮਹਿ ਰਾਮ ਰਤਨੁ ਲੈ ਚੀਨੀ॥*
*ਆਤਮ ਰਾਮੁ ਰਾਮੁ ਹੈ ਆਤਮ*
*ਹਰਿ ਪਾਈਐ ਸਬਦਿ ਵੀਚਾਰਾ ਹੇ॥*
*ਪੰਨਾ - 1030*

ਸੋ ਸਾਡਾ ਅਸਲੀ ਸਰੂਪ ਆਤਮਾ ਹੈ, ਅਸੀਂ ਭੁੱਲ ਕੇ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨ ਕੇ ਦੁਖੀ ਹੁੰਦੇ ਹਾਂ। ਜਨਮ ਮਰਨ ਦੇ ਚੱਕਰ ਕੱਟਦੇ ਹਾਂ। ਮਹਾਤਮਾ ਇਹਨੂੰ ਦਸਦੇ ਹਨ ਕਿ ਜਿਵੇਂ ਸਰੀਰ ਦੀ ਛਾਇਆ ਸੂਰਜ ਦੇ ਨਾਲ ਹੁੰਦੀ ਹੈ, ਪਰ ਉਸ ਛਾਇਆ ਵਿਚ ਕੋਈ ਅਹੰਬੁੱਧੀ ਨਹੀਂ ਧਾਰਦਾ। ਸ਼ੀਸ਼ੇ ਦੇ ਸਾਮ੍ਹਣੇ ਖੜ੍ਹੇ ਹੁੰਦੇ ਹਾਂ ਆਪਣਾ ਹੀ ਪਰਛਾਵਾਂ ਨਜ਼ਰ ਆਉਂਦਾ ਹੈ ਅਤੇ ਆਪਣੇ ਸਰੂਪ ਨੂੰ ਕੋਈ ਨਹੀਂ ਕਹਿੰਦਾ ਕਿ ਮੈਂ ਹਾਂ। ਪਰ ਐਡੇ ਮੂਰਖ ਹਾਂ ਅਸੀਂ ਕਿ ਇਹ ਸਰੀਰ ਮਾਤਾ ਪਿਤਾ ਦੀ ਸੱਤਾਂ ਧਾਤਾਂ ਤੋਂ ਬਣਿਆ ਹੈ ਇਹਦੇ ਵਿਚ ਅਸੀਂ ਅਹੰ ਬੁੱਧੀ ਧਾਰਨ ਕਰਦੇ ਹਾਂ। ਮਨ ਬੁੱਧੀ ਵਾਲਾ ਪੁਰਸ਼ ਕਹਿੰਦਾ ਹੈ ਕਿ ਮੈਂ ਹਾਂ। ਉਹਨੂੰ ਲੱਖ ਸਮਝਾਈਏ ਪਰ ਉਸ ਦਾ ਦੇਹ ਅਧਿਆਸ ਨਹੀਂ ਟੁਟਦਾ।

ਪਿਆਰੀ ਸਾਧਸੰਗਤ ਜੀ! ਆਪਾਂ ਬਹੁਤ ਦਿਨਾਂ ਤੋਂ ਭਾਈ ਤਿਲੋਕਾ ਤੇ ਰਾਜਕੁਮਾਰੀ ਦਾ ਪ੍ਰਸੰਗ ਸੁਣ ਰਹੇ ਹਾਂ। ਇਹ ਜੋ ਵਿਚਾਰਾਂ ਸਾਰੀਆਂ ਹੋਈਆਂ ਹਨ ਇਹ ਸੰਖੇਪ ਰੂਪ ਵਿਚ ਭਾਈ ਤਿਲੋਕਾ ਜੀ ਨੇ ਰਾਜਕੁਮਾਰੀ ਨੂੰ ਸਮਝਾਈਆਂ ਤਾਂ ਕਿ ਉਸ ਨੂੰ ਪਤਾ ਲਗ ਜਾਵੇ ਕਿ ਮੇਰਾ ਸਰੂਪ ਕੀ ਹੈ। ਪਹਿਲਾਂ ਪਹਿਲਾਂ ਉਸ ਨੇ ਜਦੋਂ ਕਿਹਾ ਸੀ ਕਿ ਤੂੰ ਆਤਮਾ ਹੈਂ ਤਾਂ ਰਾਜਕੁਮਾਰੀ ਚੀਕਾਂ ਮਾਰ-ਮਾਰ ਕੇ ਰੋਈ ਸੀ ਕਿ ਨਹੀਂ ਮੇਰੇ ਤਾਂ ਮਾਤਾ-ਪਿਤਾ, ਸਹੇਲੀਆਂ ਸਭ ਹਨ, ਮੈਂ ਆਤਮਾ ਨਹੀਂ ਬਣਨਾ। ਪਰ ਗੁਰਮੁਖ ਪਿਆਰੇ ਨੇ ਉਸ ਨੂੰ ਬਹੁਤ ਤਰੀਕਿਆਂ ਨਾਲ ਸਮਝਾ ਕੇ ਇਹ ਗੱਲ ਨਿਰਣੇ ਕਰਾ ਦਿਤੀ ਕਿ ਮੈਂ ਸਰੀਰ ਨਹੀਂ ਹਾਂ ਅਤੇ ਇਹ ਵੀ ਨਿਰਣੇ ਕਰਾ ਦਿਤਾ ਕਿ ਜੇ ਤੂੰ ਮੇਰੇ ਨਾਲ ਮਰ ਗਈ ਤਾਂ ਤੇਰਾ ਤੇ ਮੇਰਾ ਮੇਲ ਬਿਲਕੁਲ ਨਹੀਂ ਹੋਣਾ ਕਿਉਂਕਿ ਮੈਂ ਹੋਰ ਦੇਸ਼ ਦਾ ਵਾਸੀ ਹਾਂ, ਤੂੰ ਮਾਇਆ ਮੰਡਲ ਦੀ ਵਸਨੀਕ ਹੈਂ। ਸੋ ਅਗਲੀ ਵਿਚਾਰ ਅਗਲੇ ਦੀਵਾਨ ਵਿਚ ਕੀਤੀ ਜਾਵੇਗੀ।

## ਕਿਵ ਸਚਿਆਰਾ ਹੋਈਐ ?

## 6

ਪਿਛੇ ਬਹੁਤ ਵਿਸਥਾਰ ਦੇ ਨਾਲ ਵਿਚਾਰ ਹੋ ਚੁਕੀ ਹੈ ਕਿ ਇਸ ਸੰਸਾਰ ਦਾ ਅੰਤਮ ਸੱਚ ਕੀ ਹੈ? ਜੀਵ ਨੂੰ ਕਿਵੇਂ ਭੁਲੇਖਾ ਪੈ ਗਿਆ, ਇਥੋਂ ਤਕ ਬੇਹੋਸ਼ ਹੋ ਗਿਆ ਕਿ ਆਪਣੇ ਆਪ ਨੂੰ ਚੇਤਨ ਪੁਰਖ ਸਮਝਣ ਦੀ ਥਾਂ ਸੱਤਾਂ ਧਾਤਾਂ ਦਾ ਬਣਿਆ ਹੋਇਆ, ਪਿਤਾ ਮਾਤਾ ਤੇ ਰਕਤ ਤੇ ਬਿੰਦ ਤੋਂ ਰੂਪਮਾਨ ਹੋਇਆ, ਦੁਰਗੰਧ ਨਾਲ ਲਿਪਤ ਹੋਇਆ, ਗੋਰਾ-ਕਾਲਾ, ਰੂਪ-ਕਰੂਪ ਸਰੀਰ ਸਮਝਦਾ ਹੈ। ਵਾਹਿਗੁਰੂ ਜੀ ਨੇ ਜਦੋਂ ਆਪਣੇ ਆਪ ਤੋਂ ਆਪ ਹੀ ਰਚਨਾ ਰਚੀ ਉਸ ਵੇਲੇ ਸੰਸਾਰਕ ਖੇਲ੍ਹ ਕਰਨ ਵਾਸਤੇ ਆਪ ਨੇ ਮਾਇਆ ਦਾ ਪਸਾਰਾ ਕੀਤਾ। ਮਾਇਆ ਨੂੰ ਤਿੰਨ ਗੁਣਾਂ ਵਾਲੀ ਪ੍ਰਕ੍ਰਿਤੀ ਵੀ ਆਖਦੇ ਹਨ, ਵਾਹਿਗੁਰੂ ਜੀ ਵਿਚ ਦੁਖ ਨਾਮ ਦੀ ਕੋਈ ਚੀਜ਼ ਹੈ ਨਹੀਂ, ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਉਹ ਸਦੀਵ-ਸਦੀਵ ਇਕ ਰਸ ਰਹਿਣ ਵਾਲਾ ਪਰਮ ਤੱਤ ਹੈ ਇਸ ਦੇ ਵਿਪਰੀਤ ਮਾਇਆ ਦੇ ਤਿੰਨ ਗੁਣ - ਰਜੋ ਗੁਣ, ਤਮੋ ਗੁਣ, ਸਤੋ ਗੁਣ ਸਦਾ ਹੀ ਛਿਨ-ਛਿਨ ਪਿਛੋਂ ਇਸ ਵਿਚ ਪਰਿਵਰਤਨ ਲਿਆਉਂਦੇ ਹਨ। ਇਹ ਥਿਰ ਰਹਿਣ ਵਾਲੀ ਚੀਜ਼ ਨਹੀਂ ਹੈ ਅਸਾਡਾ ਰੁਖ ਆਪਣੇ ਅਸਲੀ ਆਪੇ ਨੂੰ ਛੱਡ ਕੇ ਦ੍ਰਿਸ਼ਟਮਾਨ ਦੇਹ ਵਲ ਹੋ ਗਿਆ ਹੈ ਅਤੇ ਲੱਖ ਜਤਨ ਕਰਨ ਤੇ ਵੀ ਅਸਾਡਾ ਮਨ ਨਹੀਂ ਮੰਨਦਾ ਕਿ ਮੈਂ ਚੇਤਨ ਵਿਸ਼ੇਸ਼ ਹਾਂ, ਚੇਤਨ ਵਿਸ਼ੇਸ਼ ਨੂੰ ਜੀਵ ਆਖਿਆ ਜਾਂਦਾ ਹੈ, ਇਹ ਜੀਵ ਸਮਝਣਾ ਵੀ ਇਕ ਭੁਲਾਵਾ ਹੈ, ਅਸਾਡਾ ਅਸਲ ਸਰੂਪ ਸਾਖੀ ਚੇਤਨ ਹੈ, ਜੋ ਬਿਲਕੁਲ ਇਕ ਰਸ ਰਹਿੰਦਾ ਹੋਇਆ ਸਾਰੀ ਪ੍ਰਕ੍ਰਿਤੀ ਨੂੰ ਕਿਰਿਆਸ਼ੀਲ ਕਰਕੇ ਇਕ ਖੇਲ੍ਹ, ਸਾਖੀ ਰੂਪ ਵਿਚ ਦੇਖ ਰਿਹਾ ਹੈ, ਉਸ ਨੂੰ ਹੀ ਆਤਮਾ ਕਿਹਾ ਜਾਂਦਾ ਹੈ।

ਕਈ ਮਤਾਂ ਦਾ ਖਿਆਲ ਹੈ ਕਿ ਹਰ ਬੰਦੇ ਦੀ ਆਤਮਾ ਵਖਰੀ ਹੈ ਅਤੇ ਇਸ ਸੰਸਾਰ ਵਿਚ ਅਰਬਾਂ ਖਰਬਾਂ ਅਣਗਿਣਤ ਆਤਮਾਵਾਂ ਹਨ। ਜਿਸ ਬੰਦੇ ਨੂੰ ਥੋੜ੍ਹਾ ਜਿਹਾ ਵੀ ਸਵੈ ਗਿਆਨ ਪ੍ਰਾਪਤ ਹੁੰਦਾ ਹੈ ਉਹ ਆਪਣੇ ਆਪ ਨੂੰ ਇਹੋ ਜਿਹਾ ਹੀ ਆਤਮਾ ਸਮਝਦਾ ਹੈ ਜੋ ਗੁਰਮਤਿ ਦੇ ਪ੍ਰਤੀਕੂਲ ਹੈ। ਗੁਰਮਤਿ ਸਪਸ਼ਟ ਰੂਪ ਵਿਚ ਦਸਦੀ ਹੈ ਜਿਸ ਤਰ੍ਹਾਂ ਕਿ ਪਹਿਲਾਂ ਦਸਿਆ ਜਾ ਚੁਕਿਆ ਹੈ ਕਿ ਇਹ ਸਰੀਰ ਧਰਮ ਕਮਾਉਣ ਵਾਸਤੇ ਮਿਲਿਆ ਹੈ ਇਸ ਵਿਚ ਵਾਹਿਗੁਰੂ ਜੀ ਨੇ ਆਪਣੀ ਅੰਸ ਸੰਮਿਲਤ ਕੀਤੀ ਹੋਈ ਹੈ। ਅੰਸ ਅਤੇ ਅੰਸੀ ਦਾ ਜਿਨਸੀ ਰੂਪ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਅੰਸੀ ਚੇਤਨਤਾ ਦਾ ਵਿਸ਼ਾ ਹੈ। ਸਤਿ, ਚਿਤ, ਅਨੰਦ ਦੇ ਰੂਪ ਵਿਚ ਅਥਾਹ ਸਾਗਰ ਹੈ ਅਤੇ ਅੰਸ ਇਕ ਬੂੰਦ ਹੈ, ਬੂੰਦ ਅਤੇ ਸਾਗਰ ਦਾ ਜਿਨਸੀ ਰੂਪ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਕਿਉਂਕਿ ਸਰੀਰ ਵਿਚ ਸ਼ਕਤੀ ਨਹੀਂ ਹੈ ਕਿ ਉਹ ਪਾਰਬ੍ਰਹਮ ਪ੍ਰਮੇਸ਼ਰ ਦੇ ਅਮਿਤ ਓਜ ਨੂੰ ਆਪਣੇ ਵਿਚ ਸਮਾਅ ਸਕੇ। ਜਿਵੇਂ 100 ਵਾਟ ਦਾ ਬਲਬ ਆਪਣੀ ਸਮਰਥਾ ਤੋਂ ਵੱਧ 1000 ਵਾਟ ਦੀ ਬਿਜਲੀ ਦੀ ਸ਼ਕਤੀ ਨਹੀਂ ਸਹਾਰ ਸਕਦਾ, ਇਸ ਦੀ ਤਾਰ ਉਸੇ ਸਮੇਂ ਜਲ ਜਾਂਦੀ ਹੈ ਅਤੇ ਗਰਮੀ ਨਾਲ ਬਲਬ ਧਮਾਕਾ ਕਰਦਾ ਹੋਇਆ ਫਟ ਜਾਂਦਾ ਹੈ। ਸਰੀਰ ਸਿਰਫ ਅੰਸ ਮਾਤਰ ਚੇਤਨਤਾ ਦੀ ਸ਼ਕਤੀ ਨਾਲ ਕਿਰਿਆਸ਼ੀਲ ਹੁੰਦਾ ਹੈ। ਉਸ ਜੋਤ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸਰੀਰ ਵਿਚ ਸੱਚੇ ਦੀ ਜੋਤ ਹੈ। ਇਥੇ ਇਕ ਬਹੁਤ ਵੱਡਾ ਭੁਲੇਖਾ ਪੈਂਦਾ ਹੈ ਕਿ ਕੀ ਇਹ ਜੋਤ ਤੇ ਵਾਹਿਗੁਰੂ ਜੀ ਅੱਡ-ਅੱਡ ਹਨ? ਜੇ ਅੱਡ-ਅੱਡ ਮੰਨ ਲਈਏ ਤਾਂ ਜਿਹੜੇ ਮਹਾਂਚਿੰਤਕਾਂ ਦਾ ਇਹ ਮਤ ਹੈ ਕਿ ਆਤਮਾਵਾਂ ਵਖਰੀਆਂ-ਵਖਰੀਆਂ ਹਨ ਤਾਂ ਇਸ ਸਿਧਾਂਤ ਨੂੰ ਮੰਨਣਾ ਪਵੇਗਾ। ਪਰ ਗੁਰੂ ਮਹਾਰਾਜ ਜੀ ਇਸ ਸਿਧਾਂਤ ਨੂੰ ਨਹੀਂ ਮੰਨਦੇ। ਆਪ ਦਾ ਫੁਰਮਾਨ ਹੈ ਕਿ ਕੇਵਲ ਇਕੋ ਸਤਿ ਜਾਂ ਸੱਚ ਜਿਸ ਨੂੰ ਆਪ ਜੀ ਨੇ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*
*ਪੰਨਾ - 1*

ਕਹਿ ਕੇ ਅਸਾਨੂੰ ਜਣਾਇਆ ਹੈ ਉਹ ਖੰਡਤ ਨਹੀਂ ਹੋ ਸਕਦਾ, ਉਹ ਅਖੰਡ ਹੈ, ਉਸ ਦੇ ਕੋਈ ਟੁਕੜੇ ਨਹੀਂ ਕੀਤੇ ਜਾ ਸਕਦੇ। ਕੋਈ ਅੰਸ ਉਸਦੀ ਵਖਰੀ ਕੱਢ ਕੇ ਵਖਰੇਪਣ ਦੀ ਹੋਂਦ ਵਿਚ ਨਹੀਂ ਰਹਿ ਸਕਦੀ। ਉਹ ਹਰ ਹਾਲ ਵਿਚ ਆਪੇ ਹੀ ਆਪ ਹੈ ਜਿਵੇਂ ਕਿ ਇਸੇ ਸ਼ਬਦ ਦੇ ਅੰਦਰ ਗੁਰੂ ਮਹਾਰਾਜ ਜੀ ਨੇ ਅਸਾਨੂੰ ਪੂਰਨ ਨਿਸ਼ਚਾ ਦਿਵਾਉਣ ਵਾਸਤੇ ਬਹੁਤ ਹੀ ਗੁੰਝਲ ਰਹਿਤ ਸ਼ਬਦਾਂ ਵਿਚ ਫੁਰਮਾਨ ਕੀਤਾ ਹੈ ਕਿ ਇਸ ਜੋਤ ਨੂੰ ਕੋਈ ਪ੍ਰੇਮੀ ਗੁਰਮੁਖ ਦੀ ਮਦਦ ਨਾਲ ਪ੍ਰਾਪਤ ਕਰ ਸਕਦਾ ਹੈ ਜਿਵੇਂ ਰੇਤੇ ਦੇ ਢੇਰਾਂ ਥੱਲੇ ਆਇਆ ਹੋਇਆ ਖੂਹ ਖੋਤਿ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਵੇਂ ਕਿ ਫੁਰਮਾਨ ਹੈ -

*ਗੁਹਜ ਰਤਨ ਵਿਚਿ ਲੁਕਿ ਰਹੇ ਕੋਈ*
*ਗੁਰਮੁਖਿ ਸੇਵਕੁ ਕਢੈ ਖੋਤਿ ॥*
*ਪੰਨਾ - 309*

ਇਥੇ ਮਹਾਰਾਜ ਜੀ ਨੇ ਖੋਤਿ ਸ਼ਬਦ ਦੀ ਵਰਤੋਂ ਕੀਤੀ ਹੈ ਜਿਸਦੇ ਬਾਰੇ ਦਸਣਾ ਜ਼ਰੂਰੀ ਹੈ। ਖੋਤਿ ਇਕ ਕ੍ਰਿਆ ਹੁੰਦੀ ਹੈ ਜਿਸ ਦੇ ਬਾਰੇ ਇਸ ਤਰ੍ਹਾਂ ਹੈ ਕਿ ਇਕ ਜਾਤੀ ਹੈ ਜਿਸਨੂੰ ਓਡ ਆਖਦੇ ਹਨ। ਉਹ ਆਮ ਤੌਰ ਤੇ ਭੇਡਾਂ ਬਕਰੀਆਂ ਰਖ ਲਿਆ ਕਰਦੇ ਹਨ ਅਤੇ ਪਿੰਡਾਂ ਤੋਂ ਬਾਹਰ ਰਹਿੰਦੇ ਹਨ। ਉਹ ਧਰਤੀ ਦੇ ਅੰਦਰਲੇ ਭੇਤ ਜਾਣਦੇ ਹਨ। ਇਹ ਲੋਕ ਆਮ ਤੌਰ ਤੇ ਰੋੜੇ ਵੱਟੇ ਆਦਿਕ ਪੁੱਟ ਕੇ (ਖਣ) ਕੱਢਦੇ ਹਨ ਤੇ ਖੂਹ ਲਾਉਂਦੇ ਹਨ ਅਤੇ ਤਜਰਬੇ ਤੋਂ ਅੰਦਾਜ਼ਾ ਲਾ ਕੇ ਦਸ ਸਕਦੇ ਹਨ

ਕਿ ਖਾਰਾ ਅਥਵਾ ਮਿੱਠਾ ਜਲ ਕਿਸ ਤਰ੍ਹਾਂ ਦੀ ਜ਼ਮੀਨ ਹੇਠੋਂ ਨਿਕਲਦਾ ਹੈ। ਲੋਕੀ ਇਨ੍ਹਾਂ ਦੀ ਮਦਦ ਪੁਰਾਣੇ (ਦੱਬੇ ਹੋਏ) ਖੂਹਾਂ ਨੂੰ ਲੱਭਣ ਵਿਚ ਭੀ ਬਹੁਤ ਲੈਂਦੇ ਹਨ। ਉਹ ਇਸ ਤਰ੍ਹਾਂ ਕਰਦੇ ਹਨ ਕਿ ਜਦੋਂ ਓਡਾਰ ਦਾ ਰੇਤਾ ਆ ਕੇ ਖੂਹ ਵਾਲੇ ਖੇਤਾਂ ਨੂੰ ਢਕ ਲੈਂਦਾ ਹੈ ਤਾਂ 20-30 ਸਾਲ ਉਥੇ ਟਿੱਬੇ ਲੱਗੇ ਰਹਿੰਦੇ ਹਨ। ਜਦੋਂ ਤੇਜ਼ ਹਵਾਵਾਂ ਨਾਲ ਟਿੱਬਾ ਅੱਗੇ ਚਲਦਾ ਹੈ ਤਾਂ ਪੂਰੀ ਤਰ੍ਹਾਂ ਨਾਲ ਕਰੜੀ ਧਰਤੀ ਨਹੀਂ ਨਿਕਲਿਆ ਕਰਦੀ। ਰੇਤੇ ਦੇ ਖੇਤ ਵਿਚ ਛੋਟੇ-ਛੋਟੇ ਢੇਰ ਲਗੇ ਰਹਿੰਦੇ ਹਨ। ਲੋਕੀ ਇਨ੍ਹਾਂ ਪਾਸ ਜਾਂਦੇ ਹਨ ਅਤੇ ਆਖਦੇ ਹਨ ਕਿ ਤੁਸੀਂ ਦੇਖੋ ਕਿ ਸਾਡੇ ਖੇਤ ਵਿਚ ਕੋਈ ਖੂਹ ਤਾਂ ਨਹੀਂ ਲੱਗਿਆ ਹੋਇਆ? ਉਸ ਵੇਲੇ ਇਹ ਬਕਰੀਆਂ ਲੈ ਕੇ ਉਨ੍ਹਾਂ ਨੂੰ ਬਿਲਕੁਲ ਸੰਘਣੀਆਂ ਕਰਕੇ ਤੋਰਦੇ ਹਨ। ਜਿਥੇ ਖੂਹ ਲੱਗਿਆ ਹੁੰਦਾ ਹੈ ਉਸ ਥਾਂ ਬੱਕਰੀ ਪੈਰ ਨਹੀਂ ਰਖਦੀ। ਬੱਕਰੀ ਨੂੰ ਇਸ ਗੱਲ ਦਾ ਗਿਆਨ ਹੈ ਕਿ ਹੇਠਾਂ ਤਕ ਧਰਤੀ ਇਕੋ ਜਿਹੀ ਨਹੀਂ ਹੈ। ਇਥੇ ਧਰਤੀ ਪੁਟ ਕੇ ਫੇਰ ਦੁਬਾਰਾ ਭਰੀ ਹੋਈ ਹੈ। ਬਕਰੀਆਂ ਉਸ ਥਾਂ ਤੇ ਗੋਲ ਘੇਰਾ ਬਣਾ ਕੇ ਲੰਘ ਜਾਂਦੀਆਂ ਹਨ। ਪੰਜ-ਚਾਰ ਵਾਰ ਇਸ ਤਰ੍ਹਾਂ ਕਰਨ ਨਾਲ ਪਤਾ ਲਗ ਜਾਂਦਾ ਹੈ ਕਿ ਐਨੇ ਥਾਂ ਪੈਰ ਨਹੀਂ ਰੱਖੇ ਹਨ। ਉਸ ਵੇਲੇ ਉਹ ਕਿਸਾਨਾਂ ਨੂੰ ਦਸ ਦਿੰਦੇ ਹਨ ਕਿ ਇਸ ਥਾਂ ਖੂਹ ਹੈ। ਆਮ ਤੌਰ ਤੇ ਲੋਕ ਉਨ੍ਹਾਂ ਨੂੰ ਹੀ ਕਹਿ ਦਿੰਦੇ ਹਨ ਕਿ ਤੁਸੀਂ ਮਜ਼ੂਰੀ ਲੈ ਲਵੋ ਜਾਂ ਠੇਕਾ ਲੈ ਲਵੋ, ਸਾਡਾ ਖੂਹ ਕੱਢ ਦੇਵੋ। ਤਾਂ ਉਹ ਪੂਰੇ ਨਿਸ਼ਚੇ ਨਾਲ ਥਾਂ ਪੁੱਟ ਕੇ ਖੂਹ ਕੱਢ ਕੇ ਨਿਰਮਲ ਜਲ ਉਨ੍ਹਾਂ ਦੇ ਖੇਤਾਂ ਵਿਚ ਦੇਣ ਲਈ ਦਿਖਾ ਦਿਆ ਕਰਦੇ ਸਨ। ਸੋ ਇਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਕੋਈ ਮਹਾਂਪੁਰਸ਼ਾਂ ਦਾ ਪਿਆਰਾ ਮਹਾਂਪੁਰਸ਼ਾਂ ਦੀ ਮਦਦ ਲੈ ਕੇ ਆਪਣੇ ਅੰਦਰੋਂ ਜੋ ਪ੍ਰਭੂ ਦੀ ਜੋਤ ਛੁਪੀ ਹੋਈ ਹੈ ਉਸ ਨੂੰ ਕੱਢ ਲਿਆ ਕਰਦਾ ਹੈ। ਬਾਣੀ ਵਿਚ ਫੁਰਮਾਨ ਆਉਂਦਾ ਹੈ –

*ਘਰਿ ਰਤਨ ਲਾਲ ਬਹੁ ਮਾਣਕ ਲਾਦੇ*
*ਮਨੁ ਭ੍ਰਮਿਆ ਲਹਿ ਨ ਸਕਾਈਐ ॥*
*ਪੰਨਾ – 1179*

ਇਸ ਸਰੀਰ ਵਿਚ ਨਾਮ ਰੂਪੀ ਰਤਨ ਸ਼ੁਭ ਗੁਣਾਂ ਰੂਪੀ ਲਾਲ ਅਤੇ ਅਤਿ ਉਤਮ ਵਿਚਾਰ ਦੇ ਮਾਣਕ ਭਰੇ ਪਏ ਹਨ ਪਰ ਮਨ ਭਟਕ ਰਿਹਾ ਹੈ, ਬਾਹਰੋਂ ਸ਼ਾਂਤੀ ਭਾਲ ਰਿਹਾ ਹੈ। ਉਸ ਨੂੰ ਪਤਾ ਨਹੀਂ ਹੈ ਕਿ ਜਿਸ ਚੀਜ਼ ਦੀ ਮੈਂ ਤਲਾਸ਼ ਕਰ ਰਿਹਾ ਹਾਂ ਉਹ ਚੀਜ਼ ਮੇਰੇ ਅੰਦਰ ਹੀ ਹੈ। ਸੋ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਇਹ ਜੀਵ ਭਟਕਦਾ ਹੋਇਆ ਸਤਿਗੁਰੂ ਦੀ ਸੰਗਤ ਵਿਚ ਜਾਂਦਾ ਹੈ, ਉਸ ਵੇਲੇ ਆਪਣੇ ਅੰਦਰਲੀਆਂ ਅਮੁੱਲ ਵਸਤਾਂ ਜਿਨ੍ਹਾਂ ਦਾ ਕੋਈ ਮੁੱਲ ਨਹੀਂ ਹੈ ਜਿਵੇਂ ਕਿ –

*ਸਾਈ ਨਾਮੁ ਅਮੋਲੁ*
*ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ*
*ਨਾਨਕ ਹਰਿ ਰੰਗੁ ਮਾਣਦੋ ॥*
*ਪੰਨਾ – 81*

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ*
*ਨ ਜਾਈ ਅਚਰਜ ਬਿਸਮਾਦ ॥*
*ਪੰਨਾ – 293*

ਲੱਭ ਲਿਆ ਕਰਦਾ ਹੈ ਜਿਸ ਤਰ੍ਹਾਂ ਦੇ ਨਾਲ ਓਡ (ਬਾਹਰ ਵਸਣ ਵਾਲੀ ਖੂਹ ਲਾਉਣ ਵਾਲੀ ਜਾਤੀ) ਛੁਪਿਆ ਹੋਇਆ ਖੂਹ ਕੱਢ ਦਿੰਦੇ ਹਨ –

*ਜਿਉ ਓਡਾ ਕੂਪੁ ਗੁਹਜ ਖਿਨ ਕਾਢੈ*
*ਤਿਉ ਸਤਿਗੁਰਿ ਵਸਤੁ ਲਹਾਈਐ ॥*
*ਪੰਨਾ – 1179*

ਮਹਾਰਾਜ ਜੀ ਕਹਿੰਦੇ ਹਨ ਜਿਸ ਨੂੰ ਮਾਨਸ ਜਨਮ ਪ੍ਰਾਪਤ ਕਰਕੇ ਇਸ ਤਰ੍ਹਾਂ ਦਾ ਸਤਿਗੁਰੂ ਨਹੀਂ ਮਿਲਿਆ ਜਿਹੜਾ ਘਰ ਵਿਚ ਘਰ ਦਿਖਾ ਦੇਵੇ ਅਤੇ ਪੰਚ ਸ਼ਬਦ ਦੀ ਧੁਨ ਸੁਣਵਾ ਦੇਵੇ, ਉਸ ਦਾ ਜਨਮ ਬ੍ਰਿਥਾ ਜਾ ਰਿਹਾ ਹੈ, ਜਿਉਂਣ ਤੇ ਧਿਰਕਾਰ ਹੈ। ਧਿਰਕਾਰ, ਜੇ ਸੌ ਵਾਰੀ ਫਿੱਟੇ ਮੂੰਹ ਕਹਿ ਦਿਓ ਤਾਂ ਇਕ ਵਾਰ ਧਿਰਕਾਰ ਕਹਿਣ ਦੇ ਬਰਾਬਰ ਹੈ। ਜੇ ਸੌ ਵਾਰੀ ਧ੍ਰਿਗ-ਧ੍ਰਿਗ ਕਹਿਣ ਦੀ ਥਾਂ ਇਕ ਵਾਰੀ ਬੁਜਾ ਕਹਿ ਦੇਈਏ ਤਾਂ ਸੌ ਵਾਰੀ ਧ੍ਰਿਗ-ਧ੍ਰਿਗ ਦੇ ਬਰਾਬਰ ਹੋਇਆ ਕਰਦਾ ਹੈ। ਸਿੰਧ ਵਿਚ ਜਦੋਂ ਕਿਸੇ ਨੂੰ ਬਹੁਤ ਭੈੜੀ ਗਾਲੀ ਦੇਣੀ ਹੁੰਦੀ ਤਾਂ ਪਿੱਠ ਕਰਕੇ ਪਿਛੇ ਨੂੰ ਹੱਥ ਮਰੋੜ ਕੇ ਬੁਜਾ ਕਹਿੰਦੇ ਸਨ। ਮਹਾਰਾਜ ਜੀ ਨੇ ਧਿਰਕਾਰ ਕਿਹਾ ਹੈ ਉਸ ਪ੍ਰਾਣੀ ਨੂੰ ਜਿਸ ਨੂੰ ਘਰ ਵਿਚ ਘਰ ਦਿਖਾ ਦੇਣ ਵਾਲਾ ਸਤਿਗੁਰੂ ਦਾ ਮਿਲਾਪ ਨਹੀਂ ਹੋਇਆ। ਜੋ ਪੰਚ ਸ਼ਬਦ ਧੁਨਕਾਰ ਸੁਣਾਉਣ ਦੀ ਸਮਰਥਾ ਰਖਦਾ ਹੈ। ਭਾਈ ਗੁਰਦਾਸ ਜੀ ਨੇ ਪੰਚ ਸ਼ਬਦ ੧ਓ ਨੂੰ ਆਖਿਆ ਹੈ ਕਿਉਂਕਿ ਇਹੀ ਸ਼ਬਦ ਆਦਿ ਸ਼ਬਦ ਹੈ ਇਹੀ ਸਰਬ ਦਾ ਗਿਆਨ ਹੈ।

*ਬੀਜ ਮੰਤ੍ਰ ਸਰਬ ਕੋ ਗਿਆਨੁ ॥*
*ਪੰਨਾ – 274*

ਇਸੇ ਤੋਂ ਪਸਾਰਾ ਹੋਇਆ ਹੈ। ਸਾਰੇ ਪਸਾਰੇ ਨੇ ਸਮੇਂ ਸਿਰ ਇਸ ਸ਼ਬਦ ਦੀ ਧੁਨ ਵਿਚ ਹੀ ਸਮਾਅ ਜਾਣਾ ਹੈ ਜਿਥੇ ਬਾਰ-ਬਾਰ ਸ਼ਬਦ ਦਾ ਜ਼ਿਕਰ ਆਉਂਦਾ ਹੈ। ਇਹ ੧ਓ ਪੰਚ ਸ਼ਬਦ ਵਲ ਹੀ ਸੰਕੇਤ ਹੋਇਆ ਕਰਦਾ ਹੈ। ਇਥੇ ਪੰਚ ਗਿਣਤੀ ਦੇ ਪੰਜ ਨੂੰ ਨਹੀਂ ਆਖਿਆ ਗਿਆ। ਇਥੇ ਪੰਚ ਸ਼੍ਰੋਮਣੀ ਸ਼ਬਦ ਨੂੰ ਆਖਿਆ ਗਿਆ ਹੈ। ਸੋ ਫੁਰਮਾਨ ਹੈ –

*ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ*
*ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥*
*ਜਨਮੁ ਪਦਾਰਥੁ ਪੁੰਨਿ ਫਲੁ ਪਾਇਆ*

**ਕਉਡੀ ਬਦਲੈ ਜਾਈਐ॥ ਪੰਨਾ-1179**

ਇਹ ਮਨੁੱਖਾ ਜਨਮ ਬਹੁਤ ਮੁਸ਼ਕਲ ਨਾਲ ਪ੍ਰਾਪਤ ਹੋਇਆ ਹੈ ਜਿਸ ਦੀ ਇਸ ਪ੍ਰਾਣੀ ਨੇ ਕੋਈ ਕਦਰ ਨਹੀਂ ਪਾਈ। ਖਾਣ-ਪੀਣ, ਪਹਿਨਣ, ਸਬੰਧੀਆਂ ਦੇ ਮੋਹ ਵਿਚ ਲਿਪਤ, ਖੁਸ਼ੀ ਗਮੀ ਮਹਿਸੂਸ ਕਰਦਿਆਂ, ਅੰਧਕਾਰ ਵਿਚ ਜਨਮ ਗਵਾ ਦਿੰਦਾ ਹੈ। ਮਹਾਰਾਜ ਜੀ ਕਹਿੰਦੇ ਹਨ ਇਹ ਤਾਂ ਬੜੇ ਪੁੰਨਾਂ ਦੇ ਫਲ ਬਦਲੇ ਪ੍ਰਾਪਤ ਹੋਇਆ ਹੈ ਇਉਂ ਸਮਝ ਲਓ ਕਿ ਕਰੋੜਾਂ ਦਾ ਹੀਰਾ ਤੂੰ ਕਉਡੀ ਬਦਲੇ ਵੇਚ ਦਿਤਾ।

ਸੰਪਰਦਾਈ ਮਹਾਂਪੁਰਸ਼ ਇਕ ਕਥਾ ਸੁਣਾਇਆ ਕਰਦੇ ਹਨ ਕਿ ਇਕ ਪ੍ਰੇਮੀ ਤੀਰਥ ਯਾਤਰਾ ਨੂੰ ਗਿਆ। ਉਸ ਨੇ ਇਕ ਲਾਲ ਆਪਣੇ ਉਪਰ ਲੈਣ ਵਾਲੇ ਕਪੜੇ ਵਿਚ ਬਹੁਤ ਮਜ਼ਬੂਤੀ ਨਾਲ ਸਿਉਂ ਲਿਆ ਕਿ ਔਖੇ ਵੇਲੇ ਇਸ ਲੱਖਾਂ ਦੇ ਲਾਲ ਨੂੰ ਵੇਚ ਕੇ ਔਖਿਆਈ ਵਿਚੋਂ ਲੰਘ ਜਾਵੇਗਾ। ਉਸ ਦਾ ਧਿਆਨ ਹਮੇਸ਼ਾ ਸਦਾ ਹੀ ਉਪਰ ਲੈਣ ਵਾਲੇ ਕਪੜੇ ਵਿਚ ਰਹਿੰਦਾ ਸੀ ਜਿਸ ਨੂੰ ਗੋਦੜੀ ਆਖਦੇ ਹਨ। ਆਮ ਤੌਰ ਤੇ ਗੋਦੜੀ ਉਸ ਨੂੰ ਆਖਿਆ ਜਾਂਦਾ ਹੈ ਜਿਸ ਵਿਚ ਵੱਖ-ਵੱਖ ਪੁਰਾਣੇ ਕਪੜਿਆਂ ਦੀਆਂ ਟਾਕੀਆਂ ਲੱਗੀਆਂ ਹੋਣ, ਇਹ ਦਰਵੇਸ਼ਾਂ ਦੇ ਤਿਆਗ ਦੀ ਨਿਸ਼ਾਨੀ ਹੈ ਪਰ ਗੁਰੂ ਮਹਾਰਾਜ ਜੀ ਨੇ ਸਾਨੂੰ ਗੋਦੜੀਆਂ ਦੀ ਵਰਤੋਂ ਕਰਨ ਲਈ ਨਹੀਂ ਕਿਹਾ। ਉਨ੍ਹਾਂ ਨੇ ਫੁਰਮਾਇਆ ਹੈ ਕਿ ਪਿਆਰਿਆ! ਤੂੰ ਉਦਮ ਕਰ, ਲੱਛਮੀ ਕਮਾ, ਭੁੰਚ, ਚੰਦਨ ਦੀਆਂ ਸੁਗੰਧੀਆਂ ਮਾਣ ਪਰ ਦੇਖੀਂ ਨਾਮ ਦੀ ਧੁਨ ਜੋ ਤੇਰੇ ਅੰਦਰ ਚਲ ਰਹੀ ਹੈ, ਨਾਮ ਦੀ ਪ੍ਰਚੰਡ ਜੋਤ ਜੋ ਤੇਰੇ ਅੰਦਰ ਪ੍ਰਜ੍ਵਲਤ ਹੈ ਅਤੇ ਰੋਸ਼ਨੀ ਦੇ ਰਹੀ ਹੈ, ਉਸ ਨੂੰ ਨਾ ਭੁੱਲ ਜਾਈਂ ਕਿਉਂਕਿ ਉਸ ਦੇ ਮੁਕਾਬਲੇ ਉਪਰ ਸਾਰੀ ਦੁਨੀਆਂ ਦੀਆਂ ਦੌਲਤਾਂ ਇਕ ਖੋਟੇ ਪੈਸੇ ਜਿੰਨੀ ਵੀ ਮਹਾਨਤਾ ਨਹੀਂ ਰਖਦੀਆਂ -

**ਮੋਤੀ ਤ ਮੰਦਰ ਊਸਰਹਿ**
**ਰਤਨੀ ਤ ਹੋਹਿ ਜੜਾਉ॥**
**ਕਸਤੂਰਿ ਕੁੰਗੂ ਅਗਰਿ ਚੰਦਨਿ**
**ਲੀਪਿ ਆਵੈ ਚਾਉ॥**
**ਮਤੁ ਦੇਖਿ ਭੂਲਾ ਵੀਸਰੈ**
**ਤੇਰਾ ਚਿਤਿ ਨ ਆਵੈ ਨਾਉ॥**
**ਪੰਨਾ - 14**

ਉਹ ਦਰਵੇਸ਼ ਤੀਰਥ ਯਾਤਰਾ ਤੋਂ ਮੁੜਿਆ ਤਾਂ ਇਕ ਠੱਗ ਟੋਲਾ ਭਾਂਪ ਗਿਆ ਕਿ ਇਸ ਦੀ ਗੋਦੜੀ ਵਿਚ ਕੋਈ ਕੀਮਤੀ ਚੀਜ਼ ਹੈ ਪਰ ਉਹ ਦਰਵੇਸ਼ ਕਦੇ ਭੀ ਗੋਦੜੀ ਵੱਖਰੀ ਨਹੀਂ ਸੀ ਹੋਣ ਦਿੰਦਾ। ਇਕ ਵਾਰੀ ਠੱਗਾਂ ਨੇ ਮਾਇਆ ਦੇ ਕੇ ਉਸਨੂੰ ਰਾਸ਼ਨ ਲੈਣ ਲਈ ਭੇਜਿਆ। ਜਦੋਂ ਜਾ ਕੇ ਹਿਸਾਬ ਜੋੜਿਆ ਤਾਂ ਇਕ ਕਉਡੀ ਦਾ ਫਰਕ ਨਿਕਲਿਆ। ਉਸ ਦਰਵੇਸ਼ ਨੂੰ ਕਉਡੀ ਲਿਆਉਣ ਲਈ ਕਿਹਾ। ਉਹ ਕਾਹਲੀ ਵਿਚ ਗੋਦੜੀ ਦਾ ਖਿਆਲ ਭੁੱਲ ਕੇ ਕਉਡੀ ਪ੍ਰਾਪਤ ਕਰਨ ਲਈ ਲੱਗਿਆ ਝਗੜਾ ਕਰਨ। ਦੁਬਾਰਾ ਹਿਸਾਬ ਜੋੜਿਆ ਗਿਆ ਅਤੇ ਕਉਡੀ ਲੈ ਕੇ ਬਹੁਤ ਖੁਸ਼ ਹੋਇਆ। ਜਦੋਂ ਆਪਣੇ ਠਹਿਰਨ ਵਾਲੀ ਥਾਂ ਗਿਆ ਤਾਂ ਕੀ ਦੇਖਦਾ ਹੈ ਮੇਰੀ ਗੋਦੜੀ ਜਿਸ ਵਿਚ ਅਤਿ ਕੀਮਤੀ ਹੀਰਾ ਗੁਪਤ ਸਿਉਂਤਾ ਹੋਇਆ ਸੀ ਉਹ ਤਾਂ ਠੱਗ ਲੋਕ ਲੈ ਕੇ ਭੱਜ ਗਏ। ਹੁਣ ਕਿੰਨਾ ਕੁ ਪਛਤਾਵਾ ਹੋ ਰਿਹਾ ਹੋਣਾ ਹੈ ਇਸ ਦਾ ਕੋਈ ਅੰਦਾਜ਼ਾ ਨਹੀਂ। ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਹ ਭੁੱਲੜ ਜੀਵ ਕਉਡੀ ਬਦਲੇ ਰਤਨ ਤਿਆਗ ਰਿਹਾ ਹੈ ਜਿਵੇਂ ਕਿ ਫੁਰਮਾਨ ਹੈ -

**ਕਉਡੀ ਬਦਲੈ ਤਿਆਗੈ ਰਤਨੁ॥**
**ਪੰਨਾ - 892**

ਕਿਉਂਕਿ ਜੀਵ ਦੇ ਅੰਦਰ ਜੋ ਟਹਿਕ ਹੈ, ਮਹਿਕ ਹੈ ਖੇੜਿਆਂ ਦੀ ਫੁਹਾਰ ਹੈ ਜਿਸ ਦੇ ਆਸਰੇ ਇਸ ਦਾ ਕਮਲ ਫੁੱਲ ਸਿੱਧਾ ਹੋ ਕੇ ਆਤਮ ਰਸ ਮਾਣ ਰਿਹਾ ਹੈ, ਉਹ ਕੇਵਲ ਨਾਮ ਦੀ ਹੋਂਦ ਕਰਕੇ ਹੈ, ਇਸ ਆਤਮਕ ਜੋਤੀ ਕਰਕੇ ਹੈ, ਪੰਚ ਸ਼ਬਦ ਦੀ ਸੰਗੀਤਕ ਧੁਨ ਕਰਕੇ ਹੈ ਪਰ ਜਦੋਂ ਇਹ ਜੀਵ ਖੋਟੀਆਂ ਚੀਜ਼ਾਂ ਦੀ ਚਮਕ ਦਮਕ ਦੇਖ ਕੇ ਭਰਮ ਜਾਂਦਾ ਹੈ ਜਿਸ ਵਿਚ ਮੋਤੀਆਂ ਦੇ ਮੰਦਰ ਰਤਨਾਂ ਨਾਲ ਜੜੇ ਹੋਏ, ਕਸਤੂਰੀ ਦੀਆਂ ਮਹਿਕਾਂ ਦਿੰਦੇ ਹੀਰੇ ਲਾਲਾਂ ਨਾਲ ਜੜ੍ਹੇ ਹੋਏ ਘਰ ਅਤੇ ਮਣੀਆਂ ਨਾਲ ਇਸਤ੍ਰੀਆਂ ਦੇ ਰੂਪ ਵਿਚ ਦਗ-ਦਗ ਕਰਦੇ ਹੁਸਨ ਵੇਖ ਕੇ, ਮੋਤੀਆਂ ਨਾਲ ਜੜ੍ਹੇ ਹੋਏ ਪਲੰਘ ਰਿੱਧੀਆਂ ਸਿੱਧੀਆਂ ਸ਼ਕਤੀਆਂ, ਤੰਤਰ, ਮੰਤਰ, ਜੰਤਰ ਦੀ ਸਿੱਧੀ ਵੇਖ ਕੇ ਅਤੇ ਰਾਜਸੀ ਸ਼ਕਤੀ ਪ੍ਰਾਪਤ ਕਰਕੇ ਉਸ ਜੋਤ ਨੂੰ ਆਪਣੇ ਅੰਦਰੋਂ ਗੁਆ ਬੈਠਦਾ ਹੈ ਉਹ ਦ੍ਰਿਸ਼ਟੀ ਆਉਣ ਤੋਂ ਹਟ ਜਾਂਦੀ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਤੂੰ ਬਿਲਕੁਲ ਹੀ ਖੋਟੀ ਰਾਸ ਪ੍ਰਾਪਤ ਕਰਦਾ ਹੈਂ ਕਿਉਂਕਿ ਉਸ ਪ੍ਰਭੂ ਦੇ ਨਾਮ ਦੀ ਜੋਤ ਜਿਸ ਹਿਰਦੇ ਵਿਚ ਜਲਦੀ ਹੈ, ਲੱਖਾਂ ਖੁਸ਼ੀਆਂ ਦਾ ਅੰਮ੍ਰਿਤ ਉਸ ਦੇ ਅੰਦਰ ਝਰਦਾ ਹੈ। ਪਰ ਜਦੋਂ ਜੋਤੀ ਗਾਇਬ ਹੋ ਜਾਂਦੀ ਹੈ, ਨਾਮ ਧੁਨ ਬੰਦ ਹੋ ਜਾਂਦੀ ਹੈ ਤਾਂ ਇਹੀ ਕਮਲ ਫੁੱਲ ਹਿਰਦੇ ਦਾ ਖੇੜਾ ਬਖਸ਼ਣ ਦੀ ਥਾਂ ਜਲ ਕੇ ਸੁਆਹ ਬਣ ਜਾਂਦਾ ਹੈ। ਫੁਰਮਾਨ ਹੈ -

**ਹਰਿ ਬਿਨੁ ਜੀਉ ਜਲਿ ਬਲਿ ਜਾਉ॥**
**ਮੈ ਆਪਣਾ ਗੁਰੁ ਪੂਛਿ ਦੇਖਿਆ**
**ਅਵਰੁ ਨਾਹੀ ਥਾਉ॥ ਪੰਨਾ - 14**

ਇਥੇ ਸਾਰੇ ਸ਼ਬਦ ਦੀ ਵਿਚਾਰ ਕਰੋ। ਫੇਰ ਪਤਾ ਲਗ ਜਾਵੇਗਾ ਕਿ ਅਸਾਡੇ ਅੰਦਰ ਕਿੰਨੀਆਂ ਕੀਮਤੀ ਵਸਤਾਂ ਰਖੀਆਂ ਗਈਆਂ ਹਨ। ਇਸੇ ਕਰਕੇ ਮਹਾਰਾਜ ਜੀ ਨੇ ਦੋ ਵਾਰੀ ਕਿਹਾ ਕਿ ਤੇਰਾ ਜਨਮ ਧਿਰਕਾਰ-ਧਿਰਕਾਰ ਹੈ, ਤੂੰ ਕੌਡੀ ਬਦਲੇ ਐਡਾ ਕੀਮਤੀ ਜਨਮ ਗਵਾਈ ਬੈਠਾ ਹੈਂ। ਤੈਨੂੰ ਤਾਂ ਸਤਿਗੁਰੂ ਦੀ ਨਦਰ ਕਰਕੇ ਨਿਰਵਾਣ ਪਦ ਦੀ ਪ੍ਰਾਪਤੀ ਹੋਣੀ ਸੀ, ਸਾਰੇ ਦੁਖਾਂ ਦਾ ਖਾਤਮਾ ਹੋ ਜਾਣਾ ਸੀ, ਜਨਮ ਮਰਨ ਦਾ ਦੁਖ ਖਤਮ

ਹੋ ਜਾਣਾ ਸੀ, ਆਪਣੇ ਸਰੋਤ ਵਿਚੋਂ ਜਿਥੋਂ ਵਿਛੜ ਕੇ ਤੂੰ ਘੁੰਮੇਟਣੀਆਂ ਖਾ ਰਿਹਾ ਹੈਂ ਉਸ ਵਿਚ ਸੰਮਿਲਤ ਹੋ ਜਾਣਾ ਸੀ ਪਰ ਤੂੰ ਐਡਾ ਮੂਰਖ ਨਿਕਲਿਆ ਕਿ ਤੂੰ ਉਹ ਸਮਾਂ ਹੱਥੋਂ ਗੁਆ ਲਿਆ।

ਆਪ-ਹੁਦਰੇ ਮਨੁੱਖ ਦੀ ਦੇਹ ਨਾਮ ਤੋਂ ਸਖਣੀ ਹੋਣ ਕਰਕੇ ਉਸ ਦਾ ਜੀਵਨ ਜੋ ਹੋਇਆ ਕਰਦਾ ਹੈ, ਉਹ ਉਦਾਸ, ਢਹਿੰਦੀ ਕਲਾ ਵਾਲਾ, ਕਦੇ ਖੁਸ਼ੀ ਨਾ ਮਾਨਣ ਵਾਲਾ, ਸੁੰਨਾ ਹੋਇਆ ਕਰਦਾ ਹੈ। ਉਹ ਨਸ਼ਿਆਂ ਦੀ ਮਦਦ ਨਾਲ ਬੇਹੋਸ਼ ਹੋ ਕੇ ਉਸ ਰਸ ਦੀ ਤਲਾਸ਼ ਕਰਦਾ ਹੈ ਪਰ ਉਸ ਨੂੰ ਨਹੀਂ ਪਤਾ ਕਿ ਨਸ਼ੇ ਨੂੰ ਮੈਂ ਨਹੀਂ ਭੋਗ ਰਿਹਾ ਨਸ਼ਾ ਮੈਨੂੰ ਭੋਗ ਜਾਵੇਗਾ। ਪ੍ਰਮੇਸ਼ਰ ਵਲ ਕਦੇ ਧਿਆਨ ਨਹੀਂ ਦਿੰਦਾ। ਮਹਾਰਾਜ ਜੀ ਕਹਿੰਦੇ ਹਨ ਪਿਆਰਿਆ! ਪੜ੍ਹਿਆ ਲਿਖਿਆ ਬਹੁਤ ਗੱਲਾਂ ਕਰਨ ਵਾਲਾ ਹੋ ਕੇ ਵੀ ਤੈਨੂੰ ਜਮਦੂਤਾਂ ਦੀ ਸਖਤ ਮਾਰ ਦਾ ਸਾਮ੍ਹਣਾ ਕਰਨਾ ਪੈਣਾ ਹੈ। ਉਸ ਵੇਲੇ ਮਾਤਾ, ਪਿਤਾ, ਦੋਸਤ, ਸਬੰਧੀ, ਰਿਸ਼ਤੇਦਾਰ ਕਿਸੇ ਨੇ ਸਾਥ ਨਹੀਂ ਦੇਣਾ -

***ਆਵਣ ਜਾਣੁ ਭਇਆ ਦੁਖੁ ਬਿਖਿਆ***
***ਦੇਹ ਮਨਮੁਖ ਸੁੰਞੀ ਸੁੰਞੁ॥***
***ਰਾਮ ਨਾਮੁ ਖਿਨੁ ਪਲੁ ਨਹੀ ਚੇਤਿਆ***
***ਜਮਿ ਪਕਰੇ ਕਾਲਿ ਸਲੁੰਞੁ॥***
***ਪੰਨਾ - 1179***

ਇਸ ਪ੍ਰਾਣੀ ਨੂੰ, ਇਸ ਜੀਵ ਨੂੰ ਵਿਸ਼ਵਾਸ਼ ਪੂਰਵਕ ਇਹ ਨਹੀਂ ਪਤਾ ਲਗਦਾ ਕਿ ਮੈਂ ਕੌਣ ਹਾਂ। ਇਸ ਬਿਰਤੀ ਨੂੰ ਅਸਿਮਿਤਾ ਕਲੇਸ਼ ਦੇ ਅਧੀਨ ਹੋਈ ਹੋਈ ਬਿਰਤੀ ਕਿਹਾ ਜਾਂਦਾ ਹੈ। ਅਸਿਮਿਤਾ ਕਲੇਸ਼ ਹੋਣ ਕਰਕੇ ਪੁਰਸ਼ ਆਪਣੇ ਆਪ ਨੂੰ ਸਰੀਰ ਮੰਨਦਾ ਹੈ। ਅਹੰਭਾਵ, ਹੰਗਤਾ ਤੇ ਮਮਤਾ ਦੇ ਵਿਚ ਲਿਪਤ ਹੋਇਆ ਹੋਇਆ ਆਪਣੇ ਅਸਲੀ ਸਰੂਪ ਨੂੰ ਨਹੀਂ ਮੰਨਦਾ ਭਾਵੇਂ ਉਹ ਕੋਈ ਆਪ ਕਥਾਕਾਰ ਹੈ, ਗਿਆਨੀ ਹੈ, ਭਾਵੇਂ ਪਰ ਸੰਤ ਕਹਾਉਂਦਾ ਹੈ, ਉਹ ਹੋਵੇ ਭਾਵੇਂ ਕੁਝ ਵੀ ਪਰ ਜਿਸ ਨੇ ਹੰਗਤਾ ਤੇ ਮਮਤਾ ਦੀ ਕੰਧ ਨਹੀਂ ਤੋੜੀ ਜੋ ਆਪਣੇ ਆਪ ਨੂੰ ਦੇਹ ਮੰਨਦਾ ਹੈ, ਗਿਆਨ ਦੀਆਂ ਸਾਰੀਆਂ ਪੁਸਤਕਾਂ ਪੜ੍ਹਦਾ ਹੈ ਅਤੇ ਵਿਦਿਆ ਅਧੀਨ ਮੂੰਹ ਤੋਂ ਕਹਿੰਦਾ ਹੈ ਕਿ ਮੈਂ ਆਤਮਾ ਹਾਂ ਅਤੇ ਦੇਹ ਦੇ ਸਬੰਧੀਆਂ ਨੂੰ ਆਪਣੇ ਸਬੰਧੀ ਮੰਨਦਾ ਹੈ, ਉਸ ਦੇ ਗਿਆਨ ਦੇ ਕਪਾਟ ਕਦੇ ਨਹੀਂ ਖੁਲ੍ਹਿਆ ਕਰਦੇ। ਸਾਧਨਾ ਹੀਣ ਹੋਣ ਕਰਕੇ ਉਸ ਦੇ ਅੰਦਰ ਇਹ ਨਿਸ਼ਚਾ ਹੀ ਨਹੀਂ ਆ ਸਕਿਆ ਕਰਦਾ ਕਿ ਮੈਂ ਦੇਹ ਨਹੀਂ ਹਾਂ। ਗੁਰਬਾਣੀ ਦੇ ਅਨੁਸਾਰ ਫੁਰਮਾਨ ਆਉਂਦਾ ਹੈ ਕਿ-

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਪਰਿ ਗਈ ਭੂਮਿ ਬਿਕਾਰ॥***
***ਬਿਨੁ ਸੰਗਤਿ ਇਉ ਮਾਂਨਈਂ***
***ਹੋਇ ਗਈ ਭਠ ਛਾਰ॥ ਪੰਨਾ - 1375***

ਪ੍ਰਕ੍ਰਿਤੀ ਦੇ ਨਾਲ ਇਹ ਚੇਤਨ ਕਿਰਨ ਰਲ ਕੇ ਆਪਣੇ ਆਪ ਨੂੰ ਭੁੱਲ ਗਈ ਕਿ ਮੈਂ ਕੌਣ ਹਾਂ, ਇਹ ਆਪਣੇ ਅਤਿ ਉਤਮ ਆਤਮ ਪਦ ਤੋਂ ਪਤਿਤ ਹੋ ਕੇ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਵਿਕਾਰਾਂ ਭਰੀ ਦੇਹ ਮੰਨਣ ਲਗ ਗਿਆ। ਇਸੇ ਕਰਕੇ ਹੀ ਫੁਰਮਾਨ ਹੈ -

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਲੀਨੀ ਭੂਮਿ ਮਿਲਾਇ॥***
***ਅਨਿਕ ਸਿਆਨੇ ਪਚ ਗਏ***
***ਨਾ ਨਿਰਵਾਰੀ ਜਾਇ॥ ਪੰਨਾ - 1375***

ਬੇਅੰਤ ਫਿਲੋਸਫੀਆਂ ਆਈਆਂ, ਬੇਅੰਤ ਵਿਚਾਰ ਕਰਨ ਵਾਲੇ ਚਿੰਤਕ ਹੋਏ, ਗੱਲਾਂ ਨਾਲ ਉਨ੍ਹਾਂ ਨੇ ਅਸਮਾਨਾਂ ਦੇ ਭੇਤਾਂ ਨੂੰ ਜਾਨਣ ਦੀ ਕੋਸ਼ਿਸ਼ ਕੀਤੀ। ਵੱਡੇ-ਵੱਡੇ ਤਪੀਏ ਆਏ ਜਿਨ੍ਹਾਂ ਦੇ ਤਪ ਦੀਆਂ ਕਥਾਵਾਂ ਪ੍ਰਚਲਤ ਹਨ। ਰਾਵਣ ਵਰਗੇ ਜਿਨ੍ਹਾਂ ਨੇ ਸੀਸ ਕੱਟ-ਕੱਟ ਕੇ ਭੇਟ ਕੀਤੇ ਪਰ ਉਨ੍ਹਾਂ ਨੇ ਆਪਣੇ ਤਨ ਵਿਚ ਮਨ ਵਿਚ ਵਸਦੀ ਜੋਤ ਦਾ ਨਿਰੀਖਣ ਨਾ ਕੀਤਾ, ਆਪਣੇ ਆਪ ਨੂੰ ਸਰੀਰ ਹੀ ਸਮਝਦੇ ਚਲ ਗਏ। ਵੱਡੇ-ਵੱਡੇ ਤਪੀਏ ਦੇਹ ਅਧਿਆਸ ਨੂੰ ਤੋੜ ਨਾ ਸਕੇ। ਛੋਟੀਆਂ-ਛੋਟੀਆਂ ਗੱਲਾਂ ਤੋਂ ਨਰਾਜ਼ ਹੋ ਕੇ ਉਨ੍ਹਾਂ ਨੇ ਸਰਾਪ ਦਿਤੇ, ਵੱਖਰੇਪੁਣ ਰੱਖੇ, ਜਾਤੀ ਦਾ ਅਭਿਮਾਨ ਕੀਤਾ ਉਹ ਨਿਸ਼ਚੇਪੂਰਵਕ ਜਾਣਦੇ ਸਨ ਕਿ ਸੰਸਾਰ ਅੰਦਰ ਸਿਰਫ ਦੋ ਤੱਤ ਹਨ ਇਕ ਤੱਤ ਛਿਨ ਭੰਗਰ ਹੈ ਜਿਸ ਦਾ ਆਦਿ ਹੈ ਅਤੇ ਅੰਤ ਹੈ ਉਹ ਉਸੇ ਪ੍ਰਭੂ ਜੋਤ ਵਿਚੋਂ ਰੂਪਮਾਨ ਹੋਇਆ ਹੈ ਅਤੇ ਇਹ ਵੀ ਜਾਣਦੇ ਸਨ ਕਿ ਪ੍ਰਮੇਸ਼ਰ ਆਪ ਅਨੇਕ ਰੂਪ ਧਾਰ ਕੇ ਕਿਰਿਆ ਕਰ ਰਿਹਾ ਹੈ। ਜਾਣਦੇ ਤਾਂ ਸਨ ਪਰ ਬੁੱਝ ਨਹੀਂ ਸਕੇ, ਜਾਨਣ ਤੇ ਬੁਝਣ ਵਿਚ ਬਹੁਤ ਫਰਕ ਹੈ। ਜਾਨਣਾ ਬੁੱਧੀ ਮੰਡਲ ਦੀ ਗੱਲ ਹੈ ਅਤੇ ਬੁਝਣਾ ਆਤਮ ਮੰਡਲ ਦੀ ਅਨੁਭਵੀ ਸੂਝ ਹੈ। ਫੁਰਮਾਨ ਹੈ -

***ਸਨਕਾਦਿਕ ਨਾਰਦ ਮੁਨਿ ਸੇਖਾ॥***
***ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥***
***ਪੰਨਾ - 330***

ਇਥੇ ਗੁਰੂ ਮਹਾਰਾਜ ਨੇ ਸਨਕ, ਸਨੰਦਨ, ਸਨਾਤਨ, ਸਨਤਕੁਮਾਰ ਜੋ ਬ੍ਰਹਮਾ ਦੇ ਪੁੱਤਰ ਸਨ ਜੋ ਆਪਣੇ ਸਰੀਰ ਨੂੰ ਕਾਲ ਦੇ ਅਧੀਨ ਨਹੀਂ ਆਉਣ ਦਿੰਦੇ ਸਨ ਅਤੇ ਸਦਾ ਹੀ ਛੋਟੇ ਬੱਚੇ ਬਣ ਕੇ ਵਿਚਰਦੇ ਸਨ ਉਨ੍ਹਾਂ ਨੂੰ ਸਨਕਾਦਿਕ ਕਿਹਾ ਹੈ। ਨਾਰਦਮੁਨੀ ਜੋ ਵਿਸ਼ਨੂੰ ਭਗਵਾਨ ਦਾ ਪੁੱਤਰ ਸੀ ਅਤੇ ਸ਼ੇਸ਼ ਨਾਗ ਜੋ ਵਿਸ਼ਨੂੰ ਭਗਵਾਨ ਦੀ ਸੇਜਾ ਵਜੋਂ ਅੱਠੇ ਪਹਿਰ ਸੇਵਾ ਕਰਦੇ ਅਤੇ ਦੋ ਹਜ਼ਾਰ ਰਾਮ ਦੇ ਨਵੇਂ ਨਾਮ ਉਚਾਰਦਾ ਹੈ, ਉਨ੍ਹਾਂ ਬਾਰੇ ਦਸਦੇ ਹਨ ਕਿ ਉਨ੍ਹਾਂ ਨੇ ਵੀ ਅੰਦਰ ਧਿਆਨ ਨਹੀਂ ਲਾਇਆ, ਬਾਹਰੋਂ ਆਪਣੇ ਸਰੂਪ ਨੂੰ ਦੇਖਦੇ ਸਨ ਪਰ ਆਪਣੇ ਆਤਮ ਸਰੂਪ ਨੂੰ ਨਹੀਂ ਜਾਣਿਆ, ਕੇਵਲ ਦੇਹ ਅਧਿਆਸ ਵਿਚ ਫਿਰਦੇ ਰਹੇ। ਇਸ ਮਨ ਦੀ ਖੋਜ ਕੀਤੇ ਤੋ ਹੀ ਆਪਣੇ ਸਰੂਪ ਦਾ ਗਿਆਨ ਹੁੰਦਾ ਹੈ, ਨਹੀਂ ਤਾਂ ਇਹ ਹੀ ਪਤਾ ਨਹੀਂ ਲਗਦਾ ਕਿ ਜਦੋਂ ਤਨ ਛੁਟ ਜਾਂਦਾ ਹੈ ਤਾਂ ਇਹ ਜੋਤ ਕਿਥੇ ਚਲੀ ਜਾਂਦੀ ਹੈ ਜਿਸ ਨੂੰ ਸ਼ਬਦ

ਕਹਿ ਕੇ ਸੰਬੋਧਨ ਕੀਤਾ ਹੈ –

ਸਨਕਾਦਿਕ ਨਾਰਦ ਮੁਨਿ ਸੇਖਾ॥
ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥
ਇਸੁ ਮਨ ਕਉ ਕੋਈ ਖੋਜਹੁ ਭਾਈ॥
ਤਨ ਛੂਟੇ ਮਨੁ ਕਹਾ ਸਮਾਈ॥
ਪੰਨਾ – 330

ਜਿਸ ਦਾ ਗੁਰੂ ਦੀ ਕ੍ਰਿਪਾ ਨਾਲ ਭਰਮ ਦਾ ਨਾਸ਼ ਹੋ ਗਿਆ ਹੈ ਉਸ ਨੇ ਆਪਣੇ ਆਤਮ ਸਰੂਪ ਦਾ ਸਾਖਸ਼ਾਤ ਕਰਕੇ ਇਹ ਜਾਣ ਲਿਆ ਹੈ ਕਿ ਇਥੇ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਹੈ ਨਹੀਂ। ਉਸ ਸਤਿ ਨੇ ਅਨੇਕ ਰੂਪ ਧਾਰੇ ਹਨ, ਵੇਦਾਂ ਵਿਚ ਵਾਹਿਗੁਰੂ ਜੀ ਨੂੰ ਸਤਿ ਰੂਪ ਕਿਹਾ ਹੈ। ਉਪਨਿਸ਼ਦਾਂ ਵਿਚ ਇਸੇ ਸਤਿ ਨੂੰ ਬ੍ਰਹਮ ਆਖਦੇ ਹਨ ਅਤੇ ਇਥੇ ਬ੍ਰਹਮਾ ਨੂੰ ਆਤਮਾ ਕਹਿ ਕੇ ਵਿਆਖਿਆ ਕੀਤੀ ਗਈ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਨਿਰਮਲ ਬੂੰਦ ਹੈ। ਇਸ ਨੇ ਆਪਣੀ ਹੋਂਦ ਨਹੀਂ ਗਵਾਈ ਪਰ ਇਸ ਤੋਂ ਜੋ ਸਤਾ ਪ੍ਰਕ੍ਰਿਤੀ ਨੂੰ ਮਿਲੀ, ਪ੍ਰਕ੍ਰਿਤੀ ਵਿਚੋਂ ਜੋ ਹੰਗਤਾ ਤੇ ਮਮਤਾ ਵਾਲੀ ਬੁੱਧੀ ਨੂੰ ਚੇਤਨਤਾ ਮਿਲੀ, ਉਸ ਨੇ ਇਸ ਨੂੰ ਜੋਤ ਜਾਨਣ ਦੀ ਥਾਂ ਪੰਜਾਂ ਤੱਤਾਂ ਦੀ ਦੇਹ ਮੰਨ ਲਿਆ। ਗਿਆਨ ਦੇਣੇ, ਲੈਕਚਰ ਕਰਨੇ ਹੋਰ ਚੀਜ਼ ਹੈ ਪਰ ਆਤਮ ਤੱਤ ਨੂੰ ਬੁੱਝ ਲੈਣਾ ਵਿਸ਼ੇਸ਼ ਅਵਸਥਾ ਹੋਇਆ ਕਰਦੀ ਹੈ। ਅਸੀਂ ਸਦਾ ਹੀ ਭੁੱਲੇ ਰਹਿੰਦੇ ਹਾਂ। ਮੈਂ ਦੇਖਿਆ ਹੈ ਕਿ ਮਹਾਂਪੁਰਸ਼ ਉਂਞ ਤਾਂ ਕਾਫੀ ਉਚੀ ਅਵਸਥਾ ਰਖਦੇ ਹਨ ਪਰ ਕਈ ਵਾਰੀ ਐਸਾ ਬਚਨ ਕਹਿ ਦਿੰਦੇ ਹਨ ਕਿ ਮੈਂ ਪ੍ਰਮੇਸ਼ਰ ਨੂੰ ਮਿਲ ਕੇ ਫੇਰ ਹੀ ਕੋਈ ਬਚਨ ਕਰਾਂਗਾ, ਉਹ ਇਸ ਵਾਸਤੇ ਕਿਹਾ ਜਾਂਦਾ ਹੈ ਕਿ ਉਹ ਅਜੇ ਆਪਣੇ ਅੰਦਰੋਂ ਆਪਣੇ ਆਪ ਨੂੰ ਦੇਹ ਮੰਨਦੇ ਹਨ ਜਾਂ ਜੀਵ ਭਾਵ ਦੇ ਵਿਚ ਰਹਿੰਦੇ ਹਨ। ਜਿਸ ਨੂੰ ਆਤਮ ਗਿਆਨ ਹੋ ਗਿਆ, ਜਿਸ ਨੇ ਤੱਥ ਨੂੰ ਬੁੱਝ ਲਿਆ ਉਸ ਦੇ ਵਾਸਤੇ ਮਿਲਣਾ ਤੇ ਵਿਛੁੜਨਾ ਕੋਈ ਵੀ ਗੁੰਝਲ ਨਹੀਂ ਹੋਇਆ ਕਰਦੀ। ਕਿਉਂਕਿ ਆਤਮਾ ਸਦਾ ਆਪਣੇ ਆਪ ਨੂੰ ਮਿਲਿਆ ਹੋਇਆ ਹੈ। ਅਗਿਆਨ ਨੇ ਵਿਸ਼ੇਸ਼ ਚੇਤਨ ਵਿਚ ਇਕ ਭਰਮ ਪੈਦਾ ਕਰਕੇ ਵਖਰਾ ਜਣਾ ਦਿਤਾ ਹੈ। ਹੋਰ ਸੁਖਾਲੇ ਅਖਰਾਂ ਵਿਚ ਇਸ ਤਰ੍ਹਾਂ ਸਮਝ ਲਓ ਕਿ ਆਤਮਾ ਦੀ ਸਤਾ ਜੋ ਹਉਮੈ ਮੰਡਲ ਤੇ ਪੈ ਕੇ ਜੀਵ ਭਾਵ ਪੈਦਾ ਕਰਦੀ ਹੈ, ਉਹ ਜੀਵ ਆਪਣੇ ਆਪ ਨੂੰ ਪ੍ਰਭੂ ਤੋਂ ਵਿਛੁੜਿਆ ਹੋਇਆ ਸਮਝ ਕੇ ਵਖਰਾਪੁਣ ਮਹਿਸੂਸ ਕਰਦਾ ਹੈ ਪਰ ਜਦੋਂ ਤੱਤ ਗਿਆਨ ਪ੍ਰਤੱਖ ਰੂਪ ਵਿਚ ਹੋ ਜਾਵੇ ਉਸ ਵੇਲੇ ਆਤਮਾ ਨੇ ਕਿਸਨੂੰ ਮਿਲਣਾ ਹੈ, ਆਤਮਾ ਆਪ ਹੀ ਸਤਿ ਹੈ, ੧ਓ ਹੈ, ਨਿਰੰਕਾਰ ਹੈ ਜਿਵੇਂ ਕਿ ਫੁਰਮਾਨ ਹੈ –

ਸਰਗੁਨ ਨਿਰਗੁਨ ਨਿਰੰਕਾਰ
ਸੁੰਨ ਸਮਾਧੀ ਆਪਿ॥
ਆਪਨ ਕੀਆ ਨਾਨਕਾ
ਆਪੇ ਹੀ ਫਿਰਿ ਜਾਪਿ॥ ਪੰਨਾ – 290

ਜਦੋਂ ਤੀਕਰ ਅਸੀਂ ਆਤਮ ਮੰਡਲ ਵਿਚ ਸਹੀ ਅਰਥਾਂ ਵਿਚ ਪ੍ਰਵੇਸ਼ ਨਹੀਂ ਕਰਦੇ ਉਨਾਂ ਚਿਰ ਸਾਨੂੰ ਆਪਣੇ ਆਪ ਨੂੰ ਧੋਖਾ ਦੇਣਾ ਨਹੀਂ ਚਾਹੀਦਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਤਕ ਇਸ ਵਿਚ ਮੇਰਾ ਹੈ, ਮੈਂ ਕਰਦਾ ਹਾਂ, ਮੇਰਾ ਪਰਿਵਾਰ ਹੈ, ਮੇਰੀ ਜਾਇਦਾਦ ਹੈ, ਮੇਰਾ ਡੇਰਾ ਹੈ, ਮੇਰੇ ਚੇਲੇ ਹਨ, ਮੇਰੀ ਬਹੁਤ ਇਜ਼ਤ ਹੈ, ਮੈਨੂੰ ਸਾਰੇ ਮੰਨਦੇ ਹਨ, ਮੈਂ ਬਹੁਤ ਅੱਛਾ ਬੋਲ ਸਕਦਾ ਹਾਂ, ਮੈਂ ਬਹੁਤ ਉਚਾ ਹਾਂ, ਮੈਂ ਬਹੁਤ ਵੱਡਾ ਤਿਆਗੀ ਹਾਂ, ਮੈਨੂੰ ਆਤਮ ਸਾਖਸ਼ਾਤਕਾਰ ਹੋ ਚੁਕਿਆ ਹੈ, ਐਉਂ ਸਮਝੋ ਕਿ ਅਜੇ ਤਕ ਉਸ ਨੂੰ ਕੁਝ ਵੀ ਪ੍ਰਾਪਤ ਨਹੀਂ ਹੋਇਆ। ਉਹ ਇਕ ਸਾਧਕ ਹੈ, ਮਾਰਗ ਤੇ ਚਲ ਰਿਹਾ ਹੈ, ਉਸ ਨੂੰ ਸਮਰਥ ਤੱਤ ਬੇਤੇ ਮਹਾਂਪੁਰਸ਼ ਦੀ ਮਦਦ ਦੀ ਲੋੜ ਹੈ। ਸਾਡੀ 'ਮੇਰੀ' ਜਦੋਂ ਫੈਲਦੀ ਹੈ ਇਹ ਜੜ੍ਹ ਚੀਜ਼ਾਂ ਨਾਲ ਲਿਪਤ ਹੋ ਜਾਂਦੀ ਹੈ, ਲਿਪਟ ਜਾਂਦੀ ਹੈ। ਉਦਾਹਰਣ ਦੇ ਤੌਰ ਤੇ ਇਕ ਬੰਦਾ ਇਹ ਕਹਿੰਦਾ ਹੈ ਕਿ ਮੈਂ ਆਤਮ ਤਤ ਨੂੰ ਪਛਾਣ ਕੇ ਆਤਮ ਸਰੂਪ ਹਾਂ, ਪਰ ਜੇ ਕੋਈ ਉਸ ਦੀ 'ਮੇਰੀ' ਦੇ circle ਵਿਚ ਵਿਘਨ ਪਾਵੇ ਤਾਂ ਉਸ ਦੇ ਮਨ ਵਿਚ ਦ੍ਵੈਤ ਦੀ ਲਹਿਰ ਉਤਪੰਨ ਹੋ ਜਾਂਦੀ ਹੈ ਕਿਉਂਕਿ ਅਜੇ ਉਹ ਅੰਦਰੋਂ ਰਾਗ ਦੀ ਭਾਵਨਾ ਖਤਮ ਨਹੀਂ ਕਰ ਸਕਿਆ। ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਉਸ ਦੇ ਜੀਵਨ ਵਿਚ ਜੋ ਅਧਿਕਾਰ ਹਨ ਉਨ੍ਹਾਂ ਤੋਂ ਮੂੰਹ ਫੇਰ ਲਵੇ, ਇਹ ਗਲਤ ਹੈ। ਇਸ ਜੀਵਨ ਵਿਚ ਦੋ ਪੱਖ ਹਨ ਇਕ ਅਧਿਆਤਮਵਾਦ ਦਾ ਪੱਖ ਹੈ ਜੋ ਮਹਾਨ ਉਚਾ ਤੇ ਨਿਰਮਲ ਹੈ ਦੂਸਰਾ ਵਿਵਹਾਰ ਦਾ ਪੱਖ ਹੈ ਜਿਸ ਨੂੰ ਭਲੀਭਾਂਤ ਨੇਪਰੇ ਚਾੜ੍ਹ ਕੇ ਆਪ ਵੀ ਸੁਖੀ ਰਿਹਾ ਜਾ ਸਕਦਾ ਹੈ ਅਤੇ ਸੰਸਾਰ ਨੂੰ ਵੀ ਸੁੱਖ ਪਹੁੰਚਦਾ ਹੈ ਇਸੇ ਲਈ ਫੁਰਮਾਨ ਹੈ –

ਸਚਹੁ ਓਰੈ ਸਭੁ ਕੋ
ਉਪਰਿ ਸਚੁ ਆਚਾਰੁ॥ ਪੰਨਾ – 62

ਪਰ ਵਿਵਹਾਰ ਪੱਖ ਵਿਚ ਜੇ ਪ੍ਰਾਣੀ ਆਪਣੇ ਸਰੂਪ ਤੋਂ ਗਿਰਦਾ ਹੈ ਤਾਂ ਉਹ ਵਿਵਹਾਰ ਧਿਰਕਾਰ ਹੈ। ਜੇ ਉਹ ਇਕ ਨਾਟਕਕਾਰ ਵਾਂਗੂੰ ਆਪਣੀ ਕਲਾ ਨੂੰ ਫਲੀਭੂਤ ਪ੍ਰਗਟ ਕਰਨ ਲਈ ਨਾਟ ਕਰਦਾ ਹੈ ਅਤੇ ਆਪ ਅਲਿਪਤ ਰਹਿੰਦਾ ਹੈ ਤਾਂ ਉਸ ਦੀ ਪੱਕੀ ਅਵਸਥਾ ਹੈ, ਉਹ ਧੰਨ ਹੈ।

ਗੁਰੂ ਦਸ਼ਮੇਸ਼ ਪਿਤਾ ਜੀ ਨੂੰ ਪੀਰ ਬੁੱਧੂ ਸ਼ਾਹ ਨੇ ਪੁਛਿਆ ਕਿ ਪਾਤਸ਼ਾਹ! ਆਪ ਦੇ ਮੈਂ ਉਪਦੇਸ਼ ਸੁਣੇ ਹਨ ਜਿਸ ਤੋਂ ਮੇਰੇ ਮਨ ਵਿਚ ਇਕ ਸ਼ੰਕਾ ਪੈਦਾ ਹੋ ਗਿਆ ਹੈ ਕਿ ਆਪ ਪਰਮ ਬ੍ਰਹਮ ਹੁੰਦੇ ਹੋਏ ਆਪਣੇ ਸਿੰਘਾਂ ਨੂੰ ਲੜਾਈ ਦੀਆਂ ਮਸ਼ਕਾਂ ਕਰਾ ਰਹੇ ਹੋ। ਸ਼ਸਤਰ ਬਣ ਰਹੇ ਹਨ, ਆਪ ਨਰੋਏ ਸਰੀਰਾਂ ਵਾਲਿਆਂ ਨੂੰ ਉਤਸ਼ਾਹਤ ਕਰ ਰਹੇ ਹੋ, ਯੁੱਧ ਦੇ ਢੰਗ ਦਸ ਰਹੇ ਹੋ। ਇਹ ਸਾਰੀ ਕ੍ਰਿਆ ਤਾਂ ਦ੍ਵੈਤ ਦੇ ਮੰਡਲ ਵਿਚ ਹੋਣੀ

ਸੰਭਵ ਹੈ, ਅਦ੍ਵੈਤ ਵਿਚ ਤਾਂ ਵੈਰੀ-ਮਿਤਰ, ਆਪਣੇ-ਬਿਗਾਨੇ ਦਾ ਵਜੂਦ ਵੀ ਨਹੀਂ ਹੋਣਾ ਚਾਹੀਦਾ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਬੁੱਧੂ ਸ਼ਾਹ! ਤੂੰ ਠੀਕ ਕਹਿ ਰਿਹਾ ਹੈਂ ਕਿਉਂਕਿ ਤੈਨੂੰ ਆਤਮ ਗਿਆਨ ਤਾਂ ਹੋ ਗਿਆ ਪਰ ਹੁਕਮ ਦੀ ਕ੍ਰਿਆ ਦੀ ਸੋਝੀ ਨਹੀਂ ਪਈ। ਇਸ ਸੰਸਾਰ ਵਿਚ ਜੋ ਕੁਝ ਵੀ ਹੋ ਰਿਹਾ ਹੈ ਭਾਵੇਂ ਅਰਬਾਂ ਖਰਬਾਂ ਜੀਵਾਂ, ਵਜੂਦਾਂ, ਅਕਾਰਾਂ ਦੀਆਂ ਉਤਪਤੀਆਂ ਹੋ ਰਹੀਆਂ ਹਨ, ਭਾਵੇਂ ਸਾਰਾ ਕੁਝ ਹੀ ਵਿਨਾਸ਼ ਹੋ ਰਿਹਾ ਹੈ ਇਹ ਸਾਰਾ ਹੁਕਮ ਦੇ ਅਧੀਨ ਚਲ ਰਿਹਾ ਹੈ। ਇਸੇ ਕਰਕੇ ਬਾਣੀ ਵਿਚ ਫੁਰਮਾਨ ਹੈ -

*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ॥ ਪੰਨਾ - 1*

ਦੂਸਰੀ ਗੱਲ ਹੋਰ ਸਪਸ਼ਟ ਤੌਰ ਤੇ ਸਮਝਣ ਲਈ ਇਸ ਤਰ੍ਹਾਂ ਹੈ ਕਿ ਇਸ ਸੰਸਾਰ ਵਿਚ ਪਰਮ ਤੱਤ ਤਾਂ ਵਾਹਿਗੁਰੂ ਜੀ ਆਤਮ ਸਰੂਪ ਵਿਚ ਆਪ ਹੀ ਹਨ। ਪ੍ਰਕ੍ਰਿਤੀ ਜਿਸਨੂੰ ਮਾਇਆ ਆਖਦੇ ਹਨ ਇਹ ਜੜ੍ਹ ਤਤ੍ਵ ਹੈ। ਇਸ ਵਿਚ ਰਾਗ, ਦ੍ਵੈਸ਼, ਵੈਰ ਤੇ ਮਿਤ੍ਰ ਭਾਵ ਆਪਣੇ ਬਿਗਾਨੇ ਦਾ ਅਨੁਭਵ ਹਉਮੈ ਸ਼ਕਤੀ ਕਰਕੇ ਪ੍ਰਕ੍ਰਿਤੀ ਵਿਚ ਹੈ। ਪ੍ਰਕ੍ਰਿਤੀ ਦੇ ਤਿੰਨ ਗੁਣ, ਰਜੋ ਗੁਣ, ਤਮੋ ਗੁਣ ਅਤੇ ਸਤੋ ਗੁਣ ਉਥੱਲ ਪੁਥੱਲ ਕਰ ਰਹੇ ਹਨ। ਸਾਖੀ ਚੇਤਨ ਦਾ ਪ੍ਰਤੀਬਿੰਬ ਇਸ ਤ੍ਰਿਗੁਣੀ ਮਾਇਆ ਤੇ ਪੈਂਦਾ ਹੈ ਅਤੇ ਗੁਣਾਂ ਦਾ ਸੰਤੁਲਨ ਵਿਚ ਨਾ ਰਹਿਣਾ ਪ੍ਰਕ੍ਰਿਤੀ ਵਿਚ ਹਿਲਜੁਲ ਪੈਦਾ ਕਰਦਾ ਹੈ। ਤਿੰਨਾਂ ਗੁਣਾਂ ਦੇ ਅਸਰ ਅਧੀਨ ਸਭ ਜੀਵਾਂ ਦਾ ਸੁਭਾਵ ਬਣਦਾ ਹੈ ਸੁਭਾਵ ਵਖੋ ਵਖਰੇ ਹਨ, ਕਿਸੇ ਵਿਚ ਤਮੋ ਗੁਣ ਵੱਧ ਹੈ ਤੇ ਕਿਸੇ ਵਿਚ ਸਤੋ ਗੁਣ ਵੱਧ ਹੈ, ਤਿੰਨਾਂ ਗੁਣਾਂ ਅਧੀਨ ਵੱਖੋ-ਵੱਖਰੇ ਸੁਭਾਵ ਜੀਵ ਦੇ ਹਨ। ਇਹ ਸੁਭਾਵ ਆਪਸ ਵਿਚ ਨਹੀਂ ਮਿਲਦੇ, ਇਸ ਕਰਕੇ ਸਾਰੀ ਹਿਲਜੁਲ ਗੁਣਾਂ ਅਧੀਨ ਹੈ ਸੋ ਪੀਰ ਜੀ, ਅਸੀਂ ਦ੍ਰਿਸ਼ਟਾ ਰੂਪ ਵਿਚ ਤੱਕਣਹਾਰ ਹਾਂ, ਕਲੇਸ਼ਾਂ ਵਿਚ ਪੈਣ ਵਾਲੇ ਜੀਵ ਨਹੀਂ ਹਾਂ। ਸੋ ਇਹ ਸਾਰੇ ਮਾਇਆ ਦੇ ਕਾਰਜ ਤੱਤਾਂ ਤੋਂ ਪ੍ਰਾਪਤ ਸੁਭਾਵ ਅਧੀਨ ਆਪੇ ਹੀ ਹੋ ਰਹੇ ਹਨ।

ਅਸੀਂ ਕੁਝ ਨਹੀਂ ਕਰ ਰਹੇ, ਜਿਵੇਂ ਤੂੰ ਦੇਖ ਰਿਹਾ ਹੈ, ਇਸ ਤਰ੍ਹਾਂ ਅਸੀਂ ਦੇਖ ਰਹੇ ਹਾਂ ਜੋ ਹੁਕਮ ਦੀ ਕ੍ਰਿਆ ਸਾਡੇ ਅੰਦਰ ਵੀ ਚਲ ਰਹੀ ਹੈ, ਤੇਰੇ ਅੰਦਰ ਵੀ ਚਲ ਰਹੀ ਹੈ, ਇਨ੍ਹਾਂ ਸਿੰਘਾਂ ਅੰਦਰ ਵੀ ਚਲ ਰਹੀ ਹੈ। ਅਸੀਂ ਉਸ ਨੂੰ ਦ੍ਰਿਸ਼ਟਾ ਰੂਪ ਵਿਚ ਦੇਖ ਰਹੇ ਹਾਂ। ਕਿਸੇ ਵੀ ਚੀਜ਼ ਵਿਚ ਹਾਰ- ਜਿੱਤ, ਪ੍ਰਾਪਤੀ-ਅਪ੍ਰਾਪਤੀ, ਹਾਣ-ਲਾਭ, ਘਾਟੇ-ਵਾਧੇ ਦਾ ਅਸਾਨੂੰ ਕੋਈ ਲੇਪ ਨਹੀਂ ਹੈ। ਅਗਿਆਨੀ ਪੁਰਸ਼ ਅਸਾਡੀ ਅਵਸਥਾ ਨੂੰ ਨਾ ਸਮਝਦੇ ਹੋਏ ਇਸ ਸਾਰੀ ਹੋ ਰਹੀ ਕ੍ਰਿਆ ਨੂੰ ਆਪਣੇ ਬੁੱਧੀ ਮੰਡਲ ਵਿਚ ਖਿੱਚ ਕੇ ਅਸਾਡੇ ਤੱਤ ਸਰੂਪ ਵਿਚ ਲਿਪਤ ਕਰ ਰਹੇ ਹਨ, ਅਸੀਂ ਨਿਰਲੇਪ ਹਾਂ ਅਤੇ ਇਹ ਸਮਝ ਰਹੇ ਹਨ ਕਿ ਅਸੀਂ ਅਗਿਆਨੀਆਂ ਵਾਂਗੂੰ ਸਕੀਮਾਂ ਬਣਾ ਬਣਾ ਕਰ ਰਹੇ ਹਾਂ।

ਸੋ ਜੋ ਉਪਰਲੀ ਵਿਚਾਰ ਹੈ ਉਸ ਨੂੰ ਧਿਆਨ ਦੇ ਨਾਲ ਸਮਝੋ। ਜਿਸ ਵਿਸ਼ੇ ਬਾਰੇ ਆਪਾਂ ਵਿਚਾਰ ਕਰ ਰਹੇ ਹਾਂ ਉਹ ਬਹੁਤ ਹੀ ਗਹਿਨ ਵਿਸ਼ਾ ਹੈ। ਇਹ ਅਧਿਆਤਮਕ ਅਨੁਭਵ ਵਿਦਿਆ ਦੀਆਂ ਪ੍ਰਾਪਤੀਆਂ ਤੋਂ ਨਹੀਂ ਆਇਆ ਕਰਦੀ, ਇਸ ਦੇ ਵਾਸਤੇ ਯੋਗ ਘਾਲ ਕਮਾਈ ਦੀ ਅਤਿਅੰਤ ਲੋੜ ਹੈ। ਯੋਗ ਚਿੱਤ ਬਿਰਤੀਆਂ ਦੇ ਨਿਰੋਧ ਨੂੰ ਆਖਦੇ ਹਨ। ਉਸ ਪ੍ਰਮ ਸ਼ਾਂਤ ਅਵਸਥਾ ਨੂੰ ਆਖਦੇ ਹਨ ਜਿਥੇ ਅੰਤਸ਼ਕਰਣ ਗੰਗਾ ਦੇ ਨੀਰ ਵਰਗਾ ਨਿਰਮਲ ਹੋ ਜਾਂਦਾ ਹੈ ਅਤੇ ਅਤਿ ਉਚੇ ਆਤਮ ਤੱਤ ਬ੍ਰਹਮ, ਸਤਿ, ਏਕੰਕਾਰ ਦੀ ਸੋਝੀ ਉਸਦੇ ਅੰਦਰ ਉਤਪੰਨ ਹੁੰਦੀ ਹੈ। ਇਹ ਇੰਦ੍ਰੀਆਂ ਦਾ ਵਿਸ਼ਾ ਨਹੀਂ ਹੈ। ਜੋ ਸਾਨੂੰ ਦਿਮਾਗ ਮਿਲਿਆ ਹੈ ਇਸ ਦੀ ਅੰਤਮ ਹਦ ਬੁੱਧੀ ਮੰਡਲ ਵਿਚ ਸਮਾਪਤ ਹੋ ਜਾਂਦੀ ਹੈ। ਬੁੱਧੀ ਜੜ੍ਹ ਹੈ। ਜਦੋਂ ਤਕ ਇਹ ਬੁੱਧੀ ਬਦਲ ਕੇ ਸਿੱਧ ਤੇ ਸੁਧ ਦੀ ਅਵਸਥਾ ਪ੍ਰਾਪਤ ਨਹੀਂ ਕਰ ਲੈਂਦੀ। ਉਸ ਵੇਲੇ ਤਕ ਆਤਮ ਤਤ ਦੀ ਬੂਝ ਨਹੀਂ ਹੋ ਸਕਦੀ। ਉਸ ਵਾਸਤੇ ਸਮਰੱਥ ਗੁਰੂ, ਬ੍ਰਹਮ ਨੇਸ਼ਟੀ, ਬ੍ਰਹਮ ਬਕਤਾ, ਬ੍ਰਹਮ ਸ੍ਰੋਤਰੀ ਮਹਾਂਪੁਰਸ਼ ਦੀ ਸੰਗਤ ਦੀ ਹਰ ਸਮੇਂ ਲੋੜ ਹੈ। ਜਿਸ ਅਵਸਥਾ ਵਿਚੋਂ ਅਸੀਂ ਲੋਕ ਲੰਘ ਰਹੇ ਹਾਂ, ਇਹ ਇਕ ਮੂਰਛਤ ਅਵਸਥਾ ਹੈ, ਤੱਤ ਅਵਸਥਾ ਨਹੀਂ ਹੈ। ਇਹ ਅਵਿਦਿਆ ਦਾ ਭੁਲਾਵਾ ਹੈ ਜਾਂ ਐਉਂ ਕਹੋ ਅਗਿਆਨ ਦਾ ਨਸ਼ਾ ਜਾਂ ਹਉਮੈ ਦਾ ਅੰਧਕਾਰ ਹੈ।

*ਮਾਇਆ ਭੁਇਅੰਗਮੁ ਸਰਪੁ ਹੈ*
*ਜਗੁ ਘੇਰਿਆ ਬਿਖੁ ਮਾਇ॥*
*ਬਿਖੁ ਕਾ ਮਾਰਣੁ ਹਰਿ ਨਾਮੁ ਹੈ*
*ਗੁਰ ਗਰੁੜ ਸਬਦੁ ਮੁਖਿ ਪਾਇ॥*
*ਪੰਨਾ - 1415*

ਮਾਇਆ ਦੇ ਸਰਪ ਨੇ ਇਸ ਜੀਵ ਨੂੰ ਡੰਗ ਮਾਰਿਆ ਹੋਇਆ ਹੈ। ਇਹ ਸਾਖੀ ਚੇਤਨ ਤੋਂ ਜੀਵ ਚੇਤਨ, ਇਥੋਂ ਵੀ ਪਤਿਤ ਹੋ ਕੇ ਆਪਣੇ ਆਪ ਨੂੰ ਦੇਹ ਮੰਨ ਰਿਹਾ ਹੈ। ਸਰੀਰ ਦੇ ਕਰਮਾਂ ਨੂੰ ਪੱਕੀ ਤਰ੍ਹਾਂ ਆਪਣੇ ਨਾਲ ਕਰਤਾ ਭਾਵ ਧਾਰ ਕੇ ਚੰਬੇੜੀ ਬੈਠਾ ਹੈ, ਇਸ ਅਵਸਥਾ ਤੋਂ ਉਪਰ ਨਹੀਂ ਉਠਦਾ। ਇਸ ਅੰਧਕਾਰ ਨੂੰ ਦੂਰ ਕਰਨ ਵਾਸਤੇ ਸੰਸਾਰ ਵਿਚ ਪੀਰ, ਪੈਗੰਬਰ, ਔਲੀਏ, ਰਿਸ਼ੀ ਮੁਨੀ ਅਨੇਕ ਤੱਤ ਬੇਤੇ ਮਹਾਂਪੁਰਸ਼ ਆਏ ਪਰ ਇਹ ਭੁੱਲਿਆ ਹੋਇਆ ਜੀਵ ਆਪਣੇ ਅਤਿ ਪਤਿਤ ਹੋਏ ਅੰਧਕਾਰਮਈ ਵਾਤਾਵਰਨ ਵਿਚੋਂ ਨਿਕਲਣਾ ਨਹੀਂ ਚਾਹੁੰਦਾ। ਇਸ ਦੀ ਸੁਰਤੀ ਮਾਇਆ ਵਿਚੋਂ ਨਿਕਲ ਹੀ ਨਹੀਂ ਸਕਦੀ। ਅੱਜ ਦਾ ਜੋ ਯੁੱਗ ਚਲ ਰਿਹਾ ਹੈ ਇਸ ਵਿਚੋਂ ਅਭਿਆਸ ਤੋਂ ਹੀਣੇ ਕੇਵਲ ਪੁਸਤਕਾਂ ਪੜ੍ਹੇ ਹੋਏ ਆਪਣੇ ਅਧੂਰੇ ਵਿਚਾਰ ਕਾਗਜ਼ਾਂ ਦੀ ਚਿਟਿਆਈ ਉਤੇ ਕਾਲੇ ਅੱਖਰਾਂ ਦੇ ਰੂਪ ਵਿਚ ਲਿਖ-ਲਿਖ ਕੇ ਅੰਧਕਾਰ ਦੀਆਂ ਫੁਹਾਰਾਂ ਵਾਂਗੂੰ ਸੰਸਾਰ ਨੂੰ ਦੂਸ਼ਿਤ ਕਰ ਰਹੇ ਹਨ। ਇਹ ਅਜੀਬ ਰਿਵਾਜ ਚਲ ਪਿਆ ਹੈ ਕਿ ਜਿਹੜੀਆਂ ਪੁਸਤਕਾਂ ਪਹਿਲਾਂ ਲਿਖੀਆਂ ਜਾ ਚੁਕੀਆਂ ਹਨ ਉਨ੍ਹਾਂ ਦੇ ਹਵਾਲੇ ਦੇ ਦੇ ਕੇ ਇਕ ਆਪਣੀ ਪੁਸਤਕ ਦਾ ਗੰਧਲ

ਪਹਿਲੇ ਪੁਸਤਕ ਗੰਧਲ ਵਿਚ ਹੋਰ ਜਮ੍ਹਾਂ ਕਰ ਦਿੰਦੇ ਹਨ। ਇਸ ਤਰ੍ਹਾਂ ਤੱਤ ਅਲੋਪ ਹੁੰਦਾ ਜਾ ਰਿਹਾ ਹੈ। ਇਹ ਜੀਵ ਤੱਤ ਬੇਤੇ ਮਹਾਂਪੁਰਸ਼ ਦੀ ਅਣਹੋਂਦ ਕਾਰਨ ਮਾਇਆ ਦੀਆਂ ਘੁੰਮੇਟਣੀਆਂ ਦੇ ਵਿਚ ਭੁੱਲ ਰਿਹਾ ਹੈ। ਇਸ ਨੂੰ ਕੋਈ ਸੋਝੀ ਨਹੀਂ ਆ ਰਹੀ ਕਿ ਮੈਂ ਕੀ ਕਰਾਂ ਤੇ ਕੀ ਨਾ ਕਰਾਂ ਕਿਉਂਕਿ ਇਸ ਦੇ ਵਿਚ ਸ਼ਰਧਾ ਦੀ ਅਤਿਅੰਤ ਘਾਟ ਹੈ। ਬੈਰਾਗ ਨੇੜੇ ਤੇੜੇ ਨਹੀਂ, ਪੂਰੀ ਤਰ੍ਹਾਂ ਨਾਲ ਕਊਆ ਰੂਪ ਧਾਰ ਕੇ ਚੁੰਚ ਗਿਆਨ ਦਾ ਪਸਾਰਾ ਪਸਾਰ ਰਿਹਾ ਹੈ ਜਿਵੇਂ ਕਿ –

*ਜਗੁ ਕਊਆ ਮੁਖਿ ਚੁੰਚ ਗਿਆਨੁ ॥*
*ਅੰਤਰਿ ਲੋਭੁ ਝੂਠੁ ਅਭਿਮਾਨੁ ॥*
*ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥*
*ਪੰਨਾ – 832*

ਆਤਮ ਵਿਚਾਰ ਇਸ ਦੇ ਅੰਦਰ ਪ੍ਰਵੇਸ਼ ਹੀ ਨਹੀਂ ਕਰ ਸਕਦੀ। ਫੇਰ ਇਹ ਸਾਧਨ ਸੰਪੰਨ ਕਿਵੇਂ ਬਣੇਗਾ ? ਇਹ ਬਹੁਤ ਹੀ ਅਣਹੋਣੀ ਗੱਲ ਹੈ। ਵਾਹਿਗੁਰੂ ਜੀ ਕ੍ਰਿਪਾ ਕਰਨ, ਅਸਾਨੂੰ ਮੇਲ ਕਰਾਉਣ ਉਸ ਗੁਰਮੁਖ ਦਾ ਜਿਸ ਨੇ ਆਪ ਅੰਦਰੋਂ ਤੱਤ ਨੂੰ ਪਛਾਣ ਲਿਆ ਹੈ ਅਤੇ ਆਪ ਬ੍ਰਹਮ ਰੂਪ ਹੋ ਚੁਕਿਆ ਹੈ ਅਤੇ ਸਰਬਤ੍ਰ ਦਾ ਰੂਪ ਹੋ ਕੇ ਇਸ ਭਾਵ ਵਿਚ ਆਏ ਹੋਏ ਜਗਿਆਸੂ ਦਾ ਕ੍ਰਿਪਾ ਕਰਕੇ ਉਧਾਰ ਕਰੇ।

ਇਸੇ ਲੜੀ ਵਿਚ ਪਿਛੇ ਆਪਾਂ ਵਿਚਾਰ ਕਰ ਆਏ ਹਾਂ। ਇਹ ਜੀਵ ਆਪਣੇ ਆਪ ਨੂੰ ਜੀਵ ਸਮਝਣ ਤੋਂ ਅਸਮਰਥ ਹੋਇਆ ਹੋਇਆ ਆਪਣੇ ਆਪ ਨੂੰ ਪੰਜਾਂ ਤੱਤਾਂ ਦਾ ਬਣਿਆ ਹੋਇਆ ਸਰੀਰ ਸਮਝਦਾ ਹੈ। ਇਹ ਐਡੀ ਵੱਡੀ ਹੀ ਗਲਤੀ ਹੈ ਜਿਵੇਂ ਕੋਈ ਬਹੁਤ ਸੋਹਣੀ ਕੋਠੀ ਵਿਚ ਬੈਠਾ ਹੋਇਆ ਵਾਸੀ ਆਪਣੇ ਆਪ ਨੂੰ ਸਮੁੱਚੀ ਕੋਠੀ ਸਮਝਦਾ ਹੋਵੇ ਅਤੇ ਆਪਣਾ ਪਰੀਚਾ ਦੇਣ ਦੀ ਥਾਂ ਆਪਣੀ ਕੋਠੀ ਦਾ ਹੀ ਪਰੀਚਾ ਦੇਵੇ। ਕੋਠੀ ਦਾ ਰੰਗ ਰੂਪ ਦੇਖ ਕੇ ਆਪਣੇ ਨਾਲ ਜੋੜੇ, ਕੋਠੀ ਦਾ ਨੰਬਰ ਆਪਣੇ ਨਾਲ ਜੋੜ ਕੇ ਕਹੇ ਕਿ ਮੈਂ ਐਨਾ ਨੰਬਰ ਹਾਂ। ਇਹ ਗੱਲ ਬਿਲਕੁਲ ਸਾਧਾਰਣ ਹੈ, ਸੁਣਨ ਵਾਲੇ ਹਸ ਪੈਣਗੇ। ਇਸ ਬੰਦੇ ਨੂੰ ਪਤਾ ਨਹੀਂ ਕਿ ਮੈਂ ਕੋਠੀ ਦਾ ਨੰਬਰ ਨਹੀਂ ਹਾਂ। ਮੈਂ ਇਸਦਾ ਵਾਸੀ ਹਾਂ, ਮਕੀਂਅ ਹਾਂ।

ਇਸ ਤਰ੍ਹਾਂ ਕੋਈ ਬੰਦਾ ਸੜਕ ਉਪਰ ਆਪਣੀ ਬਹੁਤ ਸੋਹਣੀ ਕਾਰ ਵਿਚ ਜਾ ਰਿਹਾ ਹੈ। ਜਦੋਂ ਕੋਈ ਉਸ ਨੂੰ ਪੁਛੇ ਕਿ ਤੂੰ ਕੌਣ ਹੈਂ ਅਤੇ ਉਹ ਇਹ ਗੱਲ ਕਹੇ ਮੈਂ ਮਰਸਡੀਜ਼ ਹਾਂ, ਮੈਂ ਅਪੋਲੋ ਹਾਂ, ਮੈਂ ਸੀਲੋ ਹਾਂ, ਮੈਂ ਫੀਏਟ ਹਾਂ ਮੈਂ ਅੰਬੈਸਡਰ ਹਾਂ, ਮੈਂ ਜੀਪ ਹਾਂ, ਮੈਂ ਸੂਮੋ ਹਾਂ। ਕਿੰਨੀ ਹਾਸੋਹੀਣੀ ਅਣਜਾਣਤਾ ਦੀ ਗੱਲ ਹੈ ਕਿ ਆਪਣੇ ਆਪ ਦਾ ਪਰੀਚਾ ਦੇਣ ਦੀ ਥਾਂ ਆਪਣੀ ਸਵਾਰੀ ਦਾ ਪਰੀਚਾ ਦੇ ਰਿਹਾ ਹੈ। ਇਸੇ ਤਰ੍ਹਾਂ ਨਾਲ ਜੇ ਕੋਈ ਹਾਥੀ ਜਾਂ ਘੋੜੇ, ਬੈਲਗੱਡੀ ਤੇ ਚੜ੍ਹ ਕੇ ਸਫਰ ਕਰ ਰਿਹਾ ਹੈ ਤਾਂ ਪੁਛਣ ਤੇ ਆਪਣਾ ਪਰੀਚਾ ਦੇਵੇ ਕਿ ਮੈਂ ਬੈਲਗੱਡੀ ਹਾਂ, ਮੈਂ ਊਠ ਹਾਂ, ਮੈਂ ਘੋੜਾ ਹਾਂ, ਐਨੀ ਹੀ ਅਗਿਆਨਤਾ ਇਸ ਜੀਵ ਵਿਚ ਆਈ ਹੋਈ ਹੈ। ਇਸ ਤਰ੍ਹਾਂ ਦੇ ਨਾਲ ਇਹ ਪੜ੍ਹਿਆ ਲਿਖਿਆ ਵੱਡੀਆਂ-ਵੱਡੀਆਂ ਡਿਗਰੀਆਂ ਪ੍ਰਾਪਤ ਕਰਦਾ ਹੋਇਆ ਜਦੋਂ ਵੀ ਆਪਣਾ ਪਰੀਚਾ ਦੇਵੇਗਾ ਤਾਂ ਆਪਣੇ ਸਰੀਰ ਦਾ ਹੀ ਪਰੀਚਾ ਦੇਵੇਗਾ। ਸਰੀਰ ਪੰਜਾਂ ਤੱਤਾਂ ਦਾ ਬਣਿਆ ਹੋਇਆ ਇਕ ਬਹੁਤ ਹੀ ਕੁਦਰਤ ਦਾ ਅਜੂਬਾ ਹੈ ਜਿਸ ਵਿਚ ਪੱਚੀ ਪ੍ਰਕ੍ਰਿਤੀਆਂ ਤੋਂ ਬਣੀਆਂ ਹੋਈਆਂ, ਪੰਜ ਗਿਆਨ ਇੰਦ੍ਰੀਆਂ, ਪੰਜ ਕਰਮ ਇੰਦ੍ਰੀਆਂ, ਪੰਜ ਪ੍ਰਾਣ, ਬੇਅੰਤ ਰਕਤ ਚਲਣ ਦੀਆਂ ਨਾੜੀਆਂ ਇਸ ਖ਼ੂਬਸੂਰਤ ਦੇਹੀ ਨੂੰ ਜੀਵਤ ਰਖ ਰਹੀਆਂ ਹਨ ਅਤੇ ਸਮੁੱਚਾ ਪੰਜਾਂ ਤੱਤਾਂ ਦਾ ਸਰੀਰ ਬਣ ਕੇ ਇਕ ਬਹੁਤ ਹੀ ਸੁੰਦਰ ਵਜੂਦ ਬਣ ਜਾਇਆ ਕਰਦਾ ਹੈ। ਇਸ ਵਿਚ ਰਹਿਣ ਵਾਲਾ ਜੀਵ ਜਦੋਂ ਅਗਿਆਨ ਵਸ ਹੋ ਕੇ ਆਪਣੀ ਸੁਰਤੀ ਦੇ ਪਤਨ ਹੋਣ ਕਾਰਨ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਮਲਮੂਤਰ ਅਨੇਕ ਕਿਸਮ ਦੀਆਂ ਜ਼ਹਿਰਾਂ ਨਾਲ ਭਰੀ ਹੋਈ ਦਿਸ ਰਹੀ ਸੁੰਦਰ ਦੇਹ ਮੰਨਦਾ ਹੈ ਤਾਂ ਉਸ ਸਮੇਂ ਇਸ ਦੇ ਅਣਜਾਣਪੁਣੇ ਦੀ ਹਦ ਹੀ ਹੋ ਜਾਂਦੀ ਹੈ, ਇਹ ਸਮਝਾਇਆ ਹੋਇਆ ਸਮਝਦਾ ਨਹੀਂ ਹੈ। ਦੇਹ ਦੇ ਧਰਮਾਂ ਨੂੰ ਆਪਣੇ ਆਤਮ ਸਰੂਪ ਦੇ ਧਰਮ ਮੰਨਣਾ ਸ਼ੁਰੂ ਕਰ ਦਿੰਦਾ ਹੈ। ਦੇਹ ਮਰਦੀ ਹੈ, ਜੰਮਦੀ ਹੈ ਇਹ ਜੀਵ ਵੀ ਕਹਿੰਦਾ ਹੈ ਕਿ ਮੇਰਾ ਜਨਮ ਜੂਨ ਦੇ ਮਹੀਨੇ 25 ਜੂਨ 1920 ਨੂੰ ਹੋਇਆ ਹੈ, ਜਾਂ ਦਸੰਬਰ 1950 ਨੂੰ ਹੋਇਆ ਹੈ, ਬਰਸੀਆਂ ਦੀਆਂ ਤਰੀਕਾਂ ਮਿਥੀਆਂ ਜਾਂਦੀਆਂ ਹਨ। ਮਰਣਹਾਰ ਤੇ ਨਾਸ਼ਵਾਨ ਦੇਹ ਨੂੰ ਜੰਮਣ ਮਰਨ ਵਾਲੀ ਦੇਹ ਨੂੰ ਆਪਾ ਗਿਣਦਾ ਹੈ। ਉਹ ਵੀ ਐਡੀ ਹੀ ਭੁੱਲ ਕਰਦਾ ਹੈ, ਦੇਹ ਦੀ ਬਣਤਰ ਮਾਤਾ ਦੇ ਗਰਭ ਵਿਚ ਬਣਦੀ ਹੈ ਅਤੇ ਇਕ ਸੁੰਦਰ ਘਾੜਤ ਘੜੀ ਜਾਂਦੀ ਹੈ, ਜੀਵ ਦਾ ਇਸ ਵਿਚ ਪ੍ਰਵੇਸ਼ ਹੋ ਕੇ ਇਹ ਜਿਉਂਦੀ ਕਹਾਉਂਦੀ ਹੈ। ਗਰਭ ਤੋਂ ਬਾਹਰ ਆ ਕੇ ਇਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਭੁੱਲ ਜਾਂਦਾ ਹੈ ਅਤੇ ਸਦਾ ਹੀ ਆਪਣੇ ਆਪ ਨੂੰ ਮਲਮੂਤਰ ਰੂਪੀ ਦੁਰਗੰਧ ਭਰੀ ਦੇਹ ਹੀ ਸਮਝਦਾ ਹੈ। ਜੀਵ ਆਤਮਾ ਨਾ ਕਦੇ ਬੱਚਾ ਹੁੰਦਾ ਹੈ, ਨਾ ਕਦੇ ਜੁਆਨ ਹੁੰਦਾ ਹੈ, ਨਾ ਹੀ ਕਦੇ ਬੁੱਢਾ ਹੁੰਦਾ ਹੈ, ਇਹ ਜੀਵ ਸਰੀਰ ਧਾਰਨ ਕਰਕੇ ਚੰਗੇ ਮੰਦੇ ਕਰਮ ਕਰਦਾ ਹੈ ਅਤੇ ਇਨ੍ਹਾਂ ਕਰਮਾਂ ਦਾ ਫਲ ਭੋਗਣ ਲਈ ਅਨੰਤ ਕਾਲ ਤੋਂ ਇਸ ਜੀਵ ਦਾ ਸਫਰ ਸ਼ੁਰੂ ਹੋਇਆ ਹੋਇਆ ਹੈ। ਇਹ ਜੀਵ ਮਰਦਾ ਨਹੀਂ ਹੈ ਮਰਦਾ ਤਾਂ ਸਰੀਰ ਹੈ। ਦੇਹ ਦੀਆਂ ਤਿੰਨਾਂ ਅਵਸਥਾਵਾਂ ਬਾਲਕ, ਜੁਆਨੀ ਅਤੇ ਬਿਰਧ ਜੀਵ ਆਪਣੇ ਵਿਚ ਸਮਝਦਾ ਹੈ। ਜਦੋਂ ਵੀ ਕਹੇਗਾ ਕਿ ਮੈਂ ਹੁਣ ਜਵਾਨ ਹੋ ਗਿਆ, ਮੈਂ ਬੱਚਾ ਨਹੀਂ ਹਾਂ। ਮੈਂ ਹੁਣ ਬੁੱਢਾ ਹੋ ਗਿਆ ਹਾਂ, ਮੈਂ ਜਵਾਨ ਨਹੀਂ ਹਾਂ ਕਿ ਮੈਂ ਜਵਾਨਾਂ ਵਾਲੇ ਕੰਮ ਕਰਾਂ। ਦੇਹ ਦੇ ਧਰਮਾਂ ਨੂੰ ਆਪਣੇ ਮੰਨ ਕੇ ਕਹਿੰਦਾ ਹੈ ਕਿ ਮੈਂ ਦੁਖੀ ਹਾਂ, ਮੈਂ ਸੁਖੀ ਹਾਂ, ਮੈਂ ਕਾਲਾ ਹਾਂ, ਮੈਂ ਗੋਰਾ ਹਾਂ, ਮੈਂ ਸਿੱਖ ਹਾਂ, ਮੈਂ ਹਿੰਦੂ ਹਾਂ, ਮੈਂ ਈਸਾਈ ਹਾਂ, ਮੈਂ ਜੈਨੀ ਹਾਂ, ਮੈਂ ਬੋਧੀ ਹਾਂ, ਮੈਂ ਮੁਸਲਮਾਨ ਹਾਂ ਅਤੇ ਹੋਰ ਅਨੇਕਾਂ

ਕਿਸਮਾਂ ਦੇ ਅਧਿਆਸ ਇਸ ਦੇ ਰੋਮ-ਰੋਮ ਵਿਚ ਸਮਾਅ ਜਾਇਆ ਕਰਦੇ ਹਨ। ਇਨ੍ਹਾਂ ਅਸਰਾਂ ਦੇ ਅਧੀਨ ਆਈ ਹੋਈ ਸੁਰਤ ਪੂਰੀ ਤਰ੍ਹਾਂ ਬੇਹੋਸ਼ ਸੁਰਤ ਹੋਇਆ ਕਰਦੀ ਹੈ। ਗੁਰੂ ਮਹਾਰਾਜ ਜੀ ਨੇ ਤਾਂ ਇਸ ਨੂੰ ਹਉਮੈ ਦੀ ਸੁਰਤ ਕਹਿ ਕੇ ਸੰਖੇਪ ਰੂਪ ਵਿਚ ਦਰਸਾਅ ਦਿਤਾ ਅਤੇ ਨਾਲ ਹੀ ਫੁਰਮਾਨ ਕਰਦਿਆਂ ਕਿਹਾ ਹੈ -

**ਭੋਲਿਆ ਹਉਮੈ ਸੁਰਤਿ ਵਿਸਾਰਿ॥**

**ਪੰਨਾ - 1168**

ਤੇਰਾ ਕੋਈ ਸਬੰਧੀ ਨਹੀਂ ਹੈ, ਤੇਰਾ ਕੋਈ ਪੁਤਰ ਨਹੀਂ ਹੈ, ਕੋਈ ਧੀ ਨਹੀਂ ਹੈ, ਕੁਝ ਵੀ ਨਹੀਂ, ਇਹ ਇਕ ਹਉਮੈ ਮੰਡਲ ਵਿਚ ਆਈ ਹੋਈ ਬੇਹੋਸ਼ ਸੁਰਤ ਕਲਪਤ ਸਬੰਧ ਥਾਪ ਰਹੀ ਹੈ। ਸਰੀਰ ਦੇ ਤਾਂ ਇਹ ਸਾਰੇ ਸਬੰਧੀ ਹਨ ਹੀ, ਸਰੀਰ ਮਾਤਾ ਪਿਤਾ ਦੇ ਰਕਤ ਬਿੰਦ ਤੋਂ ਪੈਦਾ ਹੋਇਆ ਉਸੇ ਵਰਗ ਤੋਂ ਪੈਦਾ ਹੋਏ ਭਾਈ, ਭਰਾ, ਇਸ ਹਉਮੈ ਦੇ ਮੰਡਲ ਵਿਚ ਸਰੀਰ ਦੇ ਸਬੰਧੀ ਹਨ। ਦੁਸ਼ਮਣ, ਮਿਤਰ, ਆਪਣੇ ਬੇਗਾਨੇ, ਚੰਗੇ ਮੰਦੇ ਇਹ ਸਭ ਹਉਮੈ ਵਿਚ ਬੇਹੋਸ਼ ਹੋਏ ਜੀਵ ਦੇ ਸਹਜ ਖੇਲ੍ਹ ਦਾ ਪਸਾਰਾ ਹੈ ਜਿਸ ਖੇਲ੍ਹ ਦੇ ਵਿਚ ਇਹ ਜੀਵ ਪੂਰੀ ਤਰ੍ਹਾਂ ਨਾਲ ਬੇਹੋਸ਼ੀ ਦੀ ਆਖਰੀ ਹਦ ਵਿਚ ਪਹੁੰਚ ਕੇ ਆਪਣੇ ਆਪ ਨੂੰ ਭੁਲਾ ਬੈਠਾ ਹੈ। ਇਸ ਨੇ ਆਪਣੇ ਅਸਲੀ ਸਰੂਪ ਨੂੰ ਜਾਨਣਾ ਹੀ ਕੀ ਹੈ? ਇਹ ਤਾਂ ਆਪਣੇ ਆਪ ਨੂੰ ਜੇ ਇਹ ਵੀ ਸਮਝ ਲਵੇ ਕਿ ਮੈਂ ਜੀਵ ਆਤਮਾ ਹਾਂ ਤਾਂ ਵੀ ਬਹੁਤ ਦੂਰ ਦੀ ਗੱਲ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਭੋਲਿਆ! ਤੂੰ ਜੀਵ ਆਤਮਾ ਨਹੀਂ ਹੈਂ, ਤੂੰ ਆਤਮਾ ਹੈਂ, ਤੂੰ ਜੋਤ ਸਰੂਪ ਹੈਂ, ਤੂੰ ਅਗਿਆਨ ਦੇ ਵਸ ਪਿਆ ਹੋਇਆ ਹਉਮੈ ਦਾ ਵੇੜਿਆ ਹੋਇਆ ਜੀਵ ਆਤਮਾ ਆਪਣੇ ਆਪ ਨੂੰ ਨਾ ਸਮਝ, ਤੂੰ ਆਤਮਾ ਹੈਂ ਅਤੇ ਆਪਣੇ ਆਤਮ ਰੂਪ ਨੂੰ ਪਛਾਣ। ਤੂੰ ਕਿਤੋਂ ਆਉਂਦਾ ਨਹੀਂ, ਕਿਤੇ ਜਾਂਦਾ ਨਹੀਂ, ਤੂੰ ਕੋਈ ਕਰਮ ਨਹੀਂ ਕਰਦਾ, ਤੇਰੀ ਸਤੱਾ ਦੇ ਨਾਲ ਕਰਮ ਹੁਕਮ ਦੇ ਅਧੀਨ ਆਪਣੇ ਆਪ ਹੀ ਹੋ ਰਹੇ ਹਨ। ਪਰ ਜਦੋਂ ਇਕ ਨਵੀਂ ਸੂਝ ਇਸ ਪ੍ਰਮ ਉਚ ਅਵਸਥਾ ਤੋਂ ਪਤਿਤ ਹੋ ਕੇ ਆਪਣੇ ਆਪ ਨੂੰ ਵਖਰਾ ਸਮਝਦੀ ਹੈ ਤਾਂ ਆਪਣੀ ਹੋਂਦ ਦਾ ਅਧਿਆਸ ਪੱਕ ਜਾਣ ਕਰਕੇ ਆਪਣੇ ਆਪ ਨੂੰ ਉਸ ਆਤਮ ਤੱਤ ਨਾਲੋਂ ਪੂਰੀ ਤਰ੍ਹਾਂ ਨਿਆਰਾ ਸਮਝਦਾ ਹੈ। ਆਪਣੇ ਆਪ ਨੂੰ ਜੀਵ ਆਤਮਾ ਕਹਿੰਦਾ ਹੈ। ਜੀਵ ਆਤਮਾ ਦੀ ਕਿਉਂਕਿ ਆਪਣੀ ਕਲਪਤ ਦੁਨੀਆਂ ਦੀ ਹੋਂਦ ਪ੍ਰਤੀਤ ਦੇਣ ਲਗ ਜਾਂਦੀ ਹੈ ਉਹ ਇਸ ਕਲਪਤ ਹੋਂਦ ਵਾਸਤੇ ਉਡਾਰੀਆਂ ਮਾਰਦਾ ਹੈ। ਦੁਖ ਸੁਖ ਦੇ ਫਲ ਖਾਂਦਾ ਹੈ। ਜਨਮ ਮਰਨ ਦੇ ਚੱਕਰ ਵਿਚ ਘੁੰਮੇਟਣੀਆਂ ਖਾਂਦਾ ਹੈ, ਸੰਜੋਗ ਤੇ ਵਿਜੋਗ ਦੇ ਦੁੱਖ ਭੋਗਦਾ ਹੈ, ਆਤਮਾ ਪਰਮ ਅਨੰਦ ਹੈ ਸੰਸਾਰ ਦੀ ਸਾਰੀ ਖੇਲ੍ਹ ਹੁਕਮ ਵਿਚ ਹੋ ਰਹੀ ਹੈ। ਆਤਮਾ ਕੇਵਲ ਸੱਤਾ ਦੇ ਰਹੀ ਹੈ। ਮਾਇਕ ਸੰਸਾਰ ਦੀ ਹੋਂਦ ਇਸ ਆਤਮ ਤੱਤ ਦੀ ਪ੍ਰਤੀਬਿੰਬਕ ਸੱਤਾ ਨਾਲ ਹੀ ਕਾਇਮ ਹੈ। ਗੁਰੂ ਮਹਾਰਾਜ ਜੀ ਇਸ ਜੀਵ ਆਤਮਾ ਬਾਰੇ ਫੁਰਮਾਨ ਕਰਦੇ ਹਨ ਕਿ -

**ਪੰਖੀ ਬਿਰਖ ਸੁਹਾਵੜੇ**
**ਊਡਹਿ ਚਹੁ ਦਿਸਿ ਜਾਹਿ॥**
**ਜੇਤਾ ਊਡਹਿ ਦੂਖ ਘਣੇ**
**ਨਿਤ ਦਾਝਹਿ ਤੈ ਬਿਲਲਾਹਿ॥**

**ਪੰਨਾ - 66**

ਇਸ ਤਰ੍ਹਾਂ ਵੀ ਫੁਰਮਾਨ ਹੈ -

**ਨਾਨਕੁ ਤਰਵਰੁ ਏਕੁ ਫਲੁ**
**ਦੁਇ ਪੰਖੇਰੂ ਆਹਿ॥**
**ਆਵਤ ਜਾਤ ਨ ਦੀਸਹੀ**
**ਨਾ ਪਰ ਪੰਖੀ ਤਾਹਿ॥ ਪੰਨਾ - 550**

ਇਸ ਸਰੀਰ ਅੰਦਰ ਜੋ ਆਤਮ ਤੱਤ ਹੈ ਉਹ ਕੋਈ ਕ੍ਰਿਆ ਖੁਦ ਨਹੀਂ ਕਰਦਾ। ਸਾਰੀਆਂ ਕ੍ਰਿਆਵਾਂ ਉਸ ਚੇਤਨ ਤੱਤ ਦੇ ਪ੍ਰਤੀਬਿੰਬ ਤੋਂ ਹੁਕਮ ਵਿਚ ਆਪ ਹੀ ਹੋ ਰਹੀਆਂ ਹਨ, ਹੁਕਮ ਭੀ ਉਸ ਤੋਂ ਹੋ ਰਹੀ ਕ੍ਰਿਆ ਦਾ ਸਹਜ ਰੂਪ ਹੈ। ਇਹ ਆਪ ਪੂਰਾ ਹੈ ਇਸ ਦੀ ਹੁਕਮ ਕ੍ਰਿਆ ਭੀ ਪੂਰੀ ਹੈ। ਉਸ ਨੂੰ ਕਿਸੇ ਕ੍ਰਿਆ ਦਾ ਲਗਾਓ ਨਹੀਂ ਹੈ ਪਰ ਇਹ ਜਿਹੜਾ ਜੀਵ ਆਤਮਾ ਰੂਪੀ ਪੰਖੀ ਪੰਖੇਰੂ ਦੇ ਰੂਪ ਵਿਚ ਆਪਣੇ ਆਪ ਨੂੰ ਆਤਮ ਤੱਤ ਦੀ ਸਤਾ ਦੇ ਆਧਾਰ ਤੇ ਵਖਰਾ ਸਮਝ ਕੇ ਕ੍ਰਿਆਸ਼ੀਲ ਹੁੰਦਾ ਹੈ, ਉਹ ਪ੍ਰਕ੍ਰਿਤੀ ਜੋ ਜੜ੍ਹ ਰੂਪ ਹੈ, ਦੁਖ ਰੂਪ ਹੈ, ਨਾਸ਼ ਰੂਪ ਹੈ, ਛਿਨ ਭੰਗਰ ਹੈ, ਸਤਿ ਨਹੀਂ ਹੈ, ਉਸ ਨਾਲ ਮਿਲ ਕੇ ਸਾਰੀ ਕ੍ਰਿਆ ਨੂੰ ਆਪਣੇ ਨਾਲ ਸਬੰਧਿਤ ਕਰ ਲੈਂਦਾ ਹੈ ਕਿ ਇਹ ਕੰਮ ਮੈਂ ਕਰਦਾ ਹਾਂ। ਕਰਮਾਂ ਦਾ ਫਲ ਭੋਗਣ ਲਈ ਉਸ ਨੂੰ ਬਾਰ-ਬਾਰ ਜੰਮਣਾ ਮਰਨਾ ਪੈਂਦਾ ਹੈ, ਫੇਰ ਉਹ ਦੁਖੀ ਹੁੰਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੋ ਆਤਮਾ ਪੰਖੀ ਇਸ ਸਰੀਰ ਵਿਚ ਅਤੇ ਸਾਰੇ ਸਰੀਰਾਂ ਵਿਚ, ਸਾਰੀਆਂ ਸ੍ਰਿਸ਼ਟੀਆਂ ਵਿਚ ਹਰ ਘਟ ਵਿਚ ਵਿਆਪਕ ਹੈ ਉਹ ਸਮਸ਼ਟੀ (**Whole**) ਹੈ, ਵਿਅਸ਼ਟੀ (**Separate**) ਨਹੀਂ ਹੈ। ਇਸ ਵਿਅਸ਼ਟੀ ਹੋਣ ਦਾ ਭੁਲੇਖਾ ਮਾਇਆ ਅਤੇ ਹਉਮੈ ਦੇ ਪ੍ਰਭਾਵ ਕਰਕੇ ਪ੍ਰਤੀਤ ਦੇ ਰਿਹਾ ਹੈ ਅਤੇ ਇਹੀ ਇਕੋ ਸਾਖੀ ਚੇਤਨ ਦੇਹੀ ਅੰਦਰ ਪ੍ਰਤੀਬਿੰਬਤ ਹੋ ਕੇ ਜੀਵ ਭਾਵ ਵਿਚ ਪੱਕੇ ਤੌਰ ਤੇ ਆਪਣੀ ਹੋਂਦ ਕਾਇਮ ਕਰਕੇ ਕਰਮ ਫਲ ਭੋਗਣ ਲਈ ਉਡਾਰੀਆਂ ਮਾਰਦਾ ਹੈ। ਆਤਮਾ ਸਦਾ ਹੀ ਸਤਿ ਚਿਤ ਅਨੰਦ ਆਪਣੇ ਪੂਰਨ ਗਿਆਨ ਆਪਣੇ ਆਦਿ ਰੂਪ ਵਿਚ ਸਥਿਤ ਰਹਿੰਦੀ ਹੈ, ਆਤਮਾ ਹੀ ਬ੍ਰਹਮ ਹੈ, ਆਤਮਾ ਹੀ ਵਾਹਿਗੁਰੂ ਹੈ, ਆਤਮਾ ਹੀ ਸਤਿ ਹੈ, ਨਾਉਂ ਵਖਰੇ-ਵਖਰੇ ਹੋਣ ਕਰਕੇ ਭੁਲੇਖਾ ਲਗ ਜਾਂਦਾ ਹੈ। ਸੋ ਗੁਰੂ ਮਹਾਰਾਜ ਜੀ ਦਸਦੇ ਹਨ ਕਿ ਤੂੰ ਆਪਣੇ ਸਰੂਪ ਦੀ ਪਛਾਣ ਕਰ -

**ਪੰਚ ਤਤੁ ਮਿਲਿ ਕਾਇਆ ਕੀਨੀ॥**
**ਤਿਸ ਮਹਿ ਰਾਮ ਰਤਨੁ ਲੈ ਚੀਨੀ॥**
**ਆਤਮ ਰਾਮੁ ਰਾਮੁ ਹੈ ਆਤਮ**

*ਹਰਿ ਪਾਈਐ ਸਬਦਿ ਵੀਚਾਰਾ ਹੇ॥*
*ਪੰਨਾ - 1030*

ਮਹਾਤਮਾ ਦਸਦੇ ਹਨ ਕਿ ਸਰੀਰ ਦੀ ਛਾਇਆ ਵਿਚ, ਸਰੀਰ ਪ੍ਰਤੀਬਿੰਬ ਵਿਚ ਇਹ ਆਤਮ ਸਤਾ ਤੋਂ ਪ੍ਰਕਿਰਤੀ ਦੇ ਸੰਜੋਗ ਨਾਲ ਭਾਸਦੀ ਚੇਤਨ ਸਤਾ ਆਪਣਾ ਰੂਪ ਦੇਖਣ ਲਈ ਅਹੰਬੁਧ ਧਾਰਨ ਕਰਦਾ ਹੈ। ਮਹਾਂਪੁਰਸ਼ ਕਹਿੰਦੇ ਹਨ ਕਿ ਤੇਰੀ ਅਹੰਬੁੱਧੀ ਨੇ ਜੋ ਇਕ ਕਲਪਤ ਅਧਿਆਸ ਤੇਰੇ ਵਿਚ, ਜੀਵ ਰੂਪ ਵਿਚ, ਪੱਕੀ ਤਰ੍ਹਾਂ ਦਿਖਾ ਦਿਤਾ ਹੈ, ਉਹ ਮਹਾਂਅਗਿਆਨ ਹੈ, ਦੁਖਾਂ ਨੂੰ ਪੈਦਾ ਕਰਨ ਵਾਲਾ ਹੈ। ਮਹਾਂਪੁਰਸ਼ ਇਸ ਨੂੰ ਸੰਬੋਧਨ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਹੇ ਜੀਵ! ਤੂੰ ਆਪਣੇ ਜੀਵ ਭਾਵ ਨੂੰ ਤਿਆਗ ਕੇ ਸਤਿ ਅਵਸਥਾ ਜੋ ਆਤਮ ਹੋਂਦ ਹੈ ਉਸ ਨੂੰ ਤੂੰ ਆਪਣੀ ਹੋਂਦ ਸਮਝ। ਤੂੰ ਨਿਰਵਿਕਲਪ ਹੈਂ, ਤੂੰ ਬ੍ਰਹਮ ਹੈਂ, ਤੂੰ ਸਤਿ ਹੈਂ।

ਮਹਾਂਪੁਰਸ਼ਾਂ ਦੀ ਸੰਗਤ ਕਰਕੇ ਆਪਣੇ ਆਪ ਦੀ ਸੋਝੀ ਵਿਚ ਆ ਕਿਉਂਕਿ ਗੁਰੂ ਮਹਾਰਾਜ ਜੀ ਤਾਂ ਬਾਰ-ਬਾਰ ਉਚੀਆਂ ਅਵਾਜ਼ਾਂ ਦੇ ਕੇ ਇਸ ਤੱਤ ਨੂੰ ਜਿਸ ਨੂੰ ਸੱਚ ਆਖਿਆ ਜਾਂਦਾ ਹੈ ਜਿਸਨੂੰ 'ਆਦਿ ਸਚੁ ਜੁਗਾਦਿ ਸਚੁ' ਵੀ ਕਿਹਾ ਜਾਂਦਾ ਹੈ ਉਹ ਇਸ ਸਰੀਰ ਵਿਚ ਹੈ ਜਿਵੇਂ ਕਿ ਫੁਰਮਾਨ ਹੋਇਆ ਹੈ -

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥*
*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ ਤੂ*
*ਸਚੁ ਸਚੇ ਸੇਵਾ ਤੇਰੀ ਹੋਤਿ॥*
*ਪੰਨਾ - 309*

ਇਸ ਸਰੀਰ ਵਿਚ ਰਾਮ ਰਤਨ ਰੂਪੀ ਆਤਮਾ ਦੀ ਪਰੀਪੂਰਨ ਸੱਤਾ ਹੋਣ ਕਰਕੇ ਪ੍ਰਕ੍ਰਿਤੀ ਕ੍ਰਿਆਸ਼ੀਲ ਹੋ ਰਹੀ ਹੈ। ਇਸ ਤੱਥ ਨੂੰ ਹੋਰ ਸੁਖਾਲੇ ਤਰੀਕੇ ਨਾਲ ਸਮਝਾਉਣ ਵਾਸਤੇ ਐਂ ਸਮਝ ਲਵੋ ਜਿਵੇਂ ਸੂਰਜ ਦੀ ਕਿਰਨ ਕਿਸੇ ਕਮਰੇ ਵਿਚੋਂ ਸ਼ੀਸ਼ ਰਾਹੀਂ ਦਾਖਲ ਹੁੰਦੀ ਪ੍ਰਤੀਤ ਦੇਵੇ ਅਤੇ ਕਮਰੇ ਵਿਚ ਆ ਕੇ ਆਪਣਾ ਪਛੋਕੜ ਭੁੱਲ ਜਾਵੇ। ਉਸ ਦੀ ਸ਼ਕਤੀ ਵਖਰਾਪੁਣ ਧਾਰਨ ਕਰਕੇ ਕ੍ਰਿਆਸ਼ੀਲ ਹੋ ਜਾਵੇ ਤਾਂ ਉਹ ਸੂਰਜ ਨਾਲੋਂ ਵਖਰੀ ਹੋਈ ਹੋਈ ਪ੍ਰਤੀਤ ਦਿੰਦੀ ਹੈ। ਇਹ ਇਕ ਪ੍ਰਕ੍ਰਿਤਕ ਉਦਾਹਰਣ ਹੈ, ਇਹ ਆਤਮ ਮੰਡਲ ਵਿਚ ਪੂਰੀ ਤਰ੍ਹਾਂ ਕਹੀ ਨਹੀਂ ਜਾ ਸਕਦੀ। ਪਰ ਜਿਥੇ ਤਕ ਆਪਣੇ ਵਿਸ਼ੇ ਦਾ ਸਬੰਧ ਹੈ, ਉਹ ਇਹ ਹੈ ਕਿ ਪ੍ਰਕ੍ਰਿਤੀ ਨਾਲ ਸਾਖੀ ਚੇਤਨ ਦੀ ਸਤਾ ਮਿਲ ਕੇ ਚੇਤਨ ਜੀਵ ਕਹਾਉਂਦੀ ਹੈ ਜਾਂ ਜੀਵ ਆਤਮਾ ਕਹਾਉਂਦੀ ਹੈ, ਜੀਵ ਆਤਮਾ ਆਪਣੇ ਅਸਲੀ ਘਰ ਵਲ ਨੂੰ ਜਾਣ ਦੀ ਥਾਂ ਹੇਠਾਂ ਤਿਲਕਣਾ ਸ਼ੁਰੂ ਕਰ ਦਿੰਦੀ ਹੈ। ਪਹਿਲਾ ਅਨੁਭਵ ਇਸ ਨੂੰ ਅਨੰਦ ਦਾ ਆਇਆ ਕਰਦਾ ਹੈ। ਇਹ ਤਾਂ ਆਪ ਹੀ ਅਨੰਦ ਸਰੂਪ ਸੀ ਪਰ ਪ੍ਰਕ੍ਰਿਤੀ ਨਾਲ ਮਿਲ ਕੇ ਇਸ ਨੂੰ ਇਹ ਮਹਿਸੂਸ ਹੋਇਆ ਕਿ ਅਨੰਦ ਪ੍ਰਕ੍ਰਿਤੀ ਵਿਚੋਂ ਆ ਰਿਹਾ ਹੈ ਜਿਵੇਂ ਇਸ ਸਰੀਰ ਵਿਚ ਭੋਗ ਅਨੁਭਵ ਤਾਂ ਪਹਿਲਾਂ ਹੀ ਹੈ ਪਰ ਜਦੋਂ ਕਿਸੇ ਵਿਸ਼ੇ ਨੂੰ ਭੋਗਦਾ ਹੈ ਤਾਂ ਉਸ ਨੂੰ ਇਸ ਤਰ੍ਹਾਂ ਪ੍ਰਤੀਤ ਦਿੰਦਾ ਹੈ ਕਿ ਇਸ ਵਿਸ਼ੇ ਵਿਚੋਂ ਅਨੰਦ ਆ ਰਿਹਾ ਹੈ। ਇਕ ਹੋਰ ਤਰੀਕੇ ਨਾਲ ਮਹਾਂਪੁਰਸ਼ ਫੁਰਮਾਇਆ ਕਰਦੇ ਹਨ ਕਿ ਕੋਈ ਕੁੱਤਾ ਹੱਡਾ ਰੋੜੀ ਵਿਚੋਂ ਕਿਸੇ ਪਸ਼ੂ ਦੀ ਹੱਡੀ ਚੁੱਕ ਲਿਆਇਆ। ਉਸ ਨੂੰ ਦੰਦਾਂ ਨਾਲ ਜ਼ੋਰ ਲਾ ਲਾ ਕੇ ਤੋੜਨ ਦਾ ਯਤਨ ਕਰਦਾ ਹੈ ਜਿਸ ਨਾਲ ਉਸ ਦੇ ਦੰਦਾਂ ਵਿਚੋਂ ਖੂਨ ਨਿਕਲ ਕੇ ਉਸ ਦੀ ਜੀਭ ਨੂੰ ਲੱਗਦਾ ਹੈ। ਉਹ ਹੱਡੀ ਚੱਬੀ ਜਾਂਦਾ ਹੈ ਉਸ ਨੂੰ ਝੂਠਾ ਹੀ ਅਨੁਭਵ ਹੋ ਰਿਹਾ ਹੈ ਕਿ ਖੂਨ ਦਾ ਸੁਆਦ ਉਸਨੂੰ ਹੱਡੀ ਵਿਚੋਂ ਆ ਰਿਹਾ ਹੈ ਜਦੋਂ ਕਿ ਇਹ ਖੂਨ ਉਸ ਦੇ ਆਪਣੇ ਹੀ ਦੰਦਾਂ ਵਿਚੋਂ ਨਿਕਲ ਰਿਹਾ ਸੀ। ਇਸੇ ਤਰ੍ਹਾਂ ਭੋਗਾਂ ਦੀ ਦੁਨੀਆਂ ਵਿਚ ਜੀਵ ਅਨੇਕ ਵਿਸ਼ਿਆਂ ਨੂੰ ਭੋਗਦਾ ਹੈ ਕਿਉਂਕਿ ਇਸ ਦੀ ਅਸਲੀ ਹੋਂਦ ਆਤਮਾ ਸਤਿ ਚਿਤ ਅਨੰਦ ਹੈ। ਉਹ ਅਨੰਦ ਇਸੇ ਤਰ੍ਹਾਂ ਨਾਲ ਇਸ ਜੀਵ ਨੂੰ ਪ੍ਰਕ੍ਰਿਤੀ ਦੇ ਨਾਲ ਸਬੰਧਤ ਹੋਣ ਨਾਲ ਮਹਿਸੂਸ ਹੋਇਆ। ਇਸ **circle** ਵਿਚੋਂ, ਇਸ ਅਵਸਥਾ ਵਿਚੋਂ ਇਸ ਦਾ ਪਤਨ ਹੋ ਗਿਆ ਅਤੇ ਇਸ ਜੀਵ ਚੇਤਨ ਉਪਰ ਅਨੰਦ ਦਾ ਪੜਦਾ ਪੈ ਗਿਆ। ਬੁੱਧੀ ਦੀ ਇਕੱਲਤਾ ਵਿਚ ਫੁਰਨੇ ਉਠਣ ਲੱਗੇ ਅਤੇ ਫੁਰਨਿਆਂ ਦਾ ਪੜਦਾ ਪੈ ਕੇ ਹੋਰ ਹੇਠਾਂ ਉਤਰ ਗਿਆ, ਫੁਰਨਿਆਂ ਤੋਂ ਅੱਗੇ ਪ੍ਰਾਣ ਸੱਤਾ ਨੇ ਇਸ ਵਿਚ ਹਿਲਜੁਲ ਸ਼ੁਰੂ ਕੀਤੀ। ਇਸ ਆਤਮ ਤੱਤ ਰੂਪੀ ਜੀਵ ਭਾਵ ਨੇ ਆਪਣੇ ਆਪ ਨੂੰ ਛੱਡ ਕੇ ਪ੍ਰਾਣਾਂ ਦੇ ਮੰਡਲ ਵਿਚ ਪ੍ਰਾਣ ਹੀ ਸਮਝਿਆ। ਪ੍ਰਾਣਾਂ ਤੋਂ ਅੱਗੇ ਹੋਰ ਹੇਠਾਂ ਤਿਲਕਿਆ ਅਤੇ ਪ੍ਰਕਿਰਤੀ ਦੇ ਹਨ੍ਹੇਰ ਘੁੱਪ ਵਿਚ ਘਿਰਿਆ ਹੋਇਆ ਚੇਤਨ ਸਤਾ ਰੂਪੀ ਪ੍ਰਕਾਸ਼ ਆਪਣੀ ਸੂਝ ਗੁਆ ਬੈਠਾ ਅਤੇ ਹੁਣ ਸਰੀਰ ਨਾਲ ਸੰਮਿਲਤ ਹੋ ਕੇ ਇਸ ਨੇ ਆਪਣੇ ਆਪ ਨੂੰ ਪੰਜ ਤੱਤਾਂ ਦੀ ਦੇਹ ਹੀ ਸਮਝ ਕੇ ਪੱਕੇ ਤੌਰ ਤੇ ਸਰੀਰ ਹੀ ਸਮਝ ਲਿਆ। ਹੁਣ ਲੱਖਾਂ ਹੀ ਮਹਾਤਮਾ, ਪੀਰ, ਪੈਗੰਬਰ, ਔਲੀਏ ਇਸ ਨੂੰ ਬਾਣੀ ਰਾਹੀਂ ਦਸ ਰਹੇ ਹਨ ਕਿ ਐ ਜੀਵ! ਤੂੰ ਤਾਂ ਐਨਾ ਹੇਠਾਂ ਉਤਰ ਆਇਆ ਹੈਂ ਕਿ ਤੂੰ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਬਣੀ ਦੇਹ ਸਮਝਣਾ ਸ਼ੁਰੂ ਕਰ ਦਿਤਾ। ਤੂੰ ਪੰਜਾਂ ਤੱਤਾਂ ਦੀ ਦੇਹ ਨਹੀਂ ਹੈਂ। ਤੂੰ ਪ੍ਰਾਣ ਨਹੀਂ ਹੈਂ ਤੂੰ ਫੁਰਨੇ ਕਰਨ ਵਾਲਾ ਮਨ ਨਹੀਂ ਹੈ ਇਹ ਅੰਨ ਤੋਂ ਬਣਿਆ ਸਰੀਰ ਹੈਂ, ਤੂੰ ਫੁਰਨੇ ਕਰਨ ਵਾਲਾ ਮਨ ਨਹੀਂ ਹੈ ਇਹ ਅਨੰਦ ਤੋਂ ਬਣਿਆ ਸਰੀਰ ਫਿਰ ਪ੍ਰਾਣ ਅਤੇ ਫੁਰਨੇ ਰੂਪੀ ਮਨ ਤੇਰੇ ਸਰੂਪ ਉਪਰ ਪਰਦੇ ਪਏ ਹੋਏ ਹਨ 'ਤੇਰੀ' ਭੀ ਪਰਦਾ ਹੈ, ਤੇਰਾ ਵਿਸ਼ੇ ਆਨੰਦ ਭੀ ਪਰਦਾ ਹੈ, ਤੂੰ ਚਿਤਵਨੀ

ਕਰਨ ਵਾਲਾ ਚਿਤ ਨਹੀਂ ਹੈ, ਤੂੰ ਹੰਗਤਾ ਮਮਤਾ ਵਿਚ ਭੁੱਲਿਆ ਜੀਵ ਆਤਮਾ ਨਹੀਂ ਹੈਂ। ਜੀਵ ਆਤਮਾ ਤੋਂ ਪਹਿਲਾਂ ਤੂੰ ਨਿਰੋਲ ਆਤਮਾ ਹੈਂ। ਤੂੰ ਆਪਣੇ ਮੂਲ ਨੂੰ ਪਛਾਣ। ਅਸਲੀ ਸਰੂਪ ਪ੍ਰਮਾਤਮ ਸਰੂਪ ਹੈ ਜਿਸ ਤਰ੍ਹਾਂ ਕਿ ਵਖਰਾ-ਵਖਰਾ ਸਮਝਾਉਣ ਲਈ ਬਾਣੀ ਵਿਚ ਫੁਰਮਾਇਆ ਹੋਇਆ ਹੈ-

*ਮਨ ਤੂੰ ਜੋਤਿ ਸਰੂਪੁ ਹੈ*
*ਆਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੈ ਨਾਲਿ ਹੈ*
*ਗੁਰਮਤੀ ਰੰਗੁ ਮਾਣੁ॥ ਪੰਨਾ - 441*

ਇਥੇ ਵਖਰੇ ਭਾਵ ਦੇ ਸ਼ਬਦ ਜਿਸ ਨੂੰ ਭੇਦਵਾਦੀ ਸ਼ਬਦ ਜਾਂ ਭੇਦਵਾਦੀ ਬਚਨ ਆਖਿਆ ਜਾਂਦਾ ਹੈ ਇਸ ਕਰਕੇ ਕਹੇ ਜਾਂਦੇ ਹਨ ਕਿ ਇਹ ਹੰਗਤਾ ਮਮਤਾ ਦੇ ਵਖਰੇ ਭਾਵ ਵਿਚ ਆਇਆ ਜੀਵ ਆਤਮਾ ਅਜੇ ਅਭੇਦਵਾਦੀ ਬਚਨ ਸੁਣਨ, ਮੰਨਣ ਤੋਂ ਅਸਮਰਥ ਹੈ। ਇਹ ਆਪਣੇ ਆਪ ਨੂੰ ਆਤਮਾ ਸਮਝਣ, ਮੰਨਣ ਦੇ ਸਮਰੱਥ ਨਹੀਂ ਹੋਇਆ। ਅਵਸਥਾ ਨੂੰ ਸਮਝਾਉਣ ਲਈ ਭੇਦਵਾਦੀ ਬਚਨ ਕਹੇ ਜਾਂਦੇ ਹਨ। ਜਿਸ ਦੇ ਅੰਦਰੋਂ ਅਗਿਆਨ ਦੂਰ ਹੋ ਕੇ ਆਤਮ ਸਾਖਸ਼ਾਤਕਾਰ ਹੋ ਗਿਆ ਉਸ ਨੂੰ ਨਾ ਕਿਸੇ ਹੋਰ ਉਪਦੇਸ਼ ਦੀ ਲੋੜ ਹੈ, ਨਾ ਉਹਦੇ ਵਾਸਤੇ ਕੋਈ ਕਰਮ ਹੀ ਬਾਕੀ ਰਹਿੰਦਾ ਹੈ। ਜੇ ਕੁਝ ਕਰਦਾ ਹੈ ਤਾਂ ਉਹ ਕਰਦਾ ਹੋਇਆ ਵੀ ਕੁਝ ਨਹੀਂ ਕਰ ਰਿਹਾ ਹੁੰਦਾ। ਉਹ ਦ੍ਰਿਸ਼ਟਾ ਰੂਪ ਦੇ ਅੰਦਰ ਸਾਖੀ ਚੇਤਨ ਦੇ ਰੂਪ ਵਿਚ ਇਸ ਹੋ ਰਹੀ ਕ੍ਰਿਆ ਨੂੰ ਤਕ ਰਿਹਾ ਹੈ ਆਪ ਕੁਝ ਨਹੀਂ ਕਰ ਰਿਹਾ। ਸੋ ਅਭੇਦ ਅਵਸਥਾ ਦੇ ਮੰਡਲ ਵਿਚ ਭੇਦਵਾਦੀ ਬਚਨ ਭੁਲੇਖਾ ਪਾਉਂਦੇ ਹਨ। ਜੀਵਨ ਦੇ ਦੋ ਪੱਖ ਹਨ, ਇਕ ਆਤਮ ਮੰਡਲ ਦੇ ਕਾਰਜ ਹਨ, ਦੂਸਰੇ ਇਸੇ ਆਤਮ ਮੰਡਲ ਦੇ ਪ੍ਰਕਾਸ਼ ਵਿਚ ਵਿਵਹਾਰਕ ਮੰਡਲ ਦੀ ਕ੍ਰਿਆ ਹੈ। ਵਿਵਹਾਰ ਆਪਣੀ ਥਾਂ ਉਪਰ ਭੇਦਵਾਦੀ ਹੋਂਦ ਰਖਦਾ ਹੈ ਪਰ ਗਿਆਨਵਾਨ ਨੂੰ ਪਤਾ ਹੈ ਕਿ ਉਹ ਭੇਦਵਾਦੀ ਦ੍ਰਿਸ਼ ਦੇਖ ਕੇ ਭੀ ਆਪਣੀ ਅਦ੍ਵੈਤ ਅਵਸਥਾ ਨੂੰ ਤਜਿਆ ਨਹੀਂ ਕਰਦਾ।

ਤੱਤ ਸ਼ਬਦ ਦੀ ਵਿਚਾਰ ਕਰਕੇ ਇਸ ਪਤਨ ਹੋਏ ਹੋਏ ਜੀਵ ਉਪਰ ਇਹ ਸਤਿ ਅਵਸਥਾ ਦੇ ਭੇਦ ਤੱਤ ਬੇਤੇ ਮਹਾਂਪੁਰਸ਼ ਦੀ ਕ੍ਰਿਪਾ ਹੋਣ ਉਪਰੰਤ ਖੁਲ੍ਹਦੇ ਹਨ। ਗੁਰੂ ਮਹਾਰਾਜ ਜੀ ਇਸ ਬਾਰੇ ਫੁਰਮਾਨ ਕਰਦੇ ਹਨ ਕਿ ਇਹ ਕਥਾ ਬਹੁਤ ਹੀ ਉਪਮਾ ਸਹਿਤ ਹੈ ਅਤੇ ਅਨੂਪ ਹੈ। ਇਹ ਜੋ ਜੀਵ ਹੈ ਜਿਸ ਨੂੰ ਪਰਾਤਮਾ ਕਹਿ ਕੇ ਸੰਬੋਧਨ ਕੀਤਾ ਗਿਆ ਹੈ ਉਹ ਦਰਅਸਲ ਪਾਰਬ੍ਰਹਮ ਦਾ ਆਪਣਾ ਹੀ ਰੂਪ ਹੈ, ਇਹ ਆਤਮ ਤੱਤ ਨਾ ਕਦੇ ਬੁੱਢਾ ਹੁੰਦਾ ਹੈ, ਨਾ ਕਦੇ ਬਾਲਕ ਹੈ। ਇਸ ਨੂੰ ਕਿਸੇ ਕਿਸਮ ਦਾ ਦੁਖ ਨਹੀਂ ਹੈ, ਨਾ ਜਮਾਂ ਦੇ ਜਾਲ ਵਿਚ ਫਸਦਾ ਹੈ, ਨਾ ਕਿਤੋਂ ਆਉਂਦਾ ਹੈ, ਨਾ ਕਿਤੇ ਜਾਂਦਾ ਹੈ, ਪੂਰਨ ਰੂਪ ਵਿਚ ਪਰੀਪੂਰਨ ਹੈ। ਸਮੇਂ ਤੋਂ ਪਹਿਲਾਂ ਵੀ ਸੀ, ਜਦੋਂ ਦੇਸ਼ ਕਾਲ ਵਸਤੂ ਦਾ ਪ੍ਰਕਾਸ਼ ਹੋਇਆ, ਉਸ ਵੇਲੇ ਵੀ ਆਪ ਹੀ ਸੀ, ਹੁਣ ਵੀ ਇਹ ਆਪ ਹੀ ਹੈ, ਜਦੋਂ ਦ੍ਰਿਸ਼ਟਮਾਨ ਅਲੋਪ ਹੋ ਜਾਵੇਗਾ, ਫੇਰ ਵੀ ਉਹ ਆਪ ਹੀ ਹੋਵੇਗਾ। ਇਸ ਨੂੰ ਨਾ ਸਰਦੀ ਲਗਦੀ ਹੈ, ਨਾ ਗਰਮੀ ਲਗਦੀ ਹੈ, ਇਸ ਦਾ ਨਾ ਕੋਈ ਦੁਸ਼ਮਣ ਹੈ, ਨਾ ਮਿਤ੍ਰ ਹੈ, ਕਿਉਂਕਿ ਇਹ ਆਪੇ ਹੀ ਆਪ ਹੈ ਦੂਸਰਾ ਕੋਈ ਨਹੀਂ ਹੈ ਜਿਸ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਬਿਨਾਂ ਸੰਕੋਚ ਕੀਤਿਆਂ ਪ੍ਰਗਟ ਕੀਤਾ ਹੈ -

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*
*ਪੰਨਾ - 1*

ਇਹ ਤੱਤ ਨਾ ਕਦੇ ਖੁਸ਼ੀ ਦੇ ਹੰਡੋਲਿਆਂ ਉਪਰ ਝੂਟੇ ਲੈਂਦਾ ਹੈ, ਨਾ ਕਦੇ ਗਮੀ ਦੇ ਗਹਿਰੇ ਟੋਏ ਵਿਚ ਗਿਰਦਾ ਹੈ ਕਿਉਂਕਿ ਇਹ ਆਪ ਹੀ ਹੈ। ਆਪ ਹੀ ਇਸ ਨੇ ਆਪਣੀ ਖੇਲ੍ਹ ਰਚਾਈ ਹੈ, ਇਸ ਦਾ ਕੋਈ ਮਾਂ ਬਾਪ ਨਹੀਂ ਹੈ। ਇਹ ਆਦਿ ਜੁਗਾਦੀ ਆਪ ਹੀ ਹੈ। ਇਹ ਆਦਿ ਤੋਂ ਵੀ ਪਹਿਲਾਂ ਜੇ ਕੋਈ ਹੋਰ ਸਮਾਂ ਹੋਵੇ ਉਸ ਤੋਂ ਪਹਿਲਾਂ ਵੀ ਆਪ ਹੀ ਸੀ। ਇਸ ਕਰਕੇ ਆਦਿ ਅੱਖਰ ਕਹਿਣਾ ਵੀ ਬਹੁਤ ਸੰਕਟ ਵਿਚ ਪਾਉਂਦਾ ਹੈ ਕਿਉਂਕਿ ਇਸ ਵਿਚ ਆਦਿ, ਜੁਗਾਦਿ, ਭੂਤ, ਭਵਿਖਤ, ਵਰਤਮਾਨ ਕਲਪਤ ਕਰਨੇ ਕੇਵਲ ਪ੍ਰਕ੍ਰਿਤਕ ਮੰਡਲ ਦੀਆਂ ਗੱਲਾਂ ਹਨ। ਆਤਮ ਮੰਡਲ ਵਿਚ ਕੋਈ ਸਮਾਂ ਨਹੀਂ ਹੋਇਆ ਕਰਦਾ ਕਿਉਂਕਿ ਇਸਦੀ ਹਸਤੀ ਅਕਾਲ ਹੈ, ਇਸੇ ਕਰਕੇ ਇਹ ਕਥਾ ਅਸਚਰਜ ਹੈ ਅਤੇ ਅਨੂਪ ਹੈ, ਅਗੰਮ ਹੈ, ਅਗੋਚਰ ਹੈ। ਕੋਈ ਪਾਪ ਪੁੰਨ ਦਾ ਲੇਪ ਇਸ ਸਤਿ ਨੂੰ ਲੱਗਿਆ ਨਹੀਂ ਕਰਦਾ। ਅਗਿਆਨਤਾ ਦੇ ਕਾਰਨ ਮਨੁੱਖ ਦੁਖ ਸੁਖ ਉਠਾਉਂਦਾ ਹੈ ਪਰ ਆਤਮਾ ਨਿਰੋਲ ਰੂਪ ਵਿਚ ਪਾਪ ਪੁੰਨ ਦੇ ਅਸਰਾਂ ਤੋਂ ਉਤੇ ਰਹਿੰਦਾ ਹੈ ਅਤੇ ਹਰ ਇਕ ਦੇ ਸਰੀਰ ਅੰਦਰ ਸਦਾ ਚੇਤੰਨ ਰੂਪ ਵਿਚ ਰਹਿੰਦਾ ਹੈ। ਤਿੰਨ ਗੁਣੀ ਮਾਇਆ ਨੂੰ ਇਸੇ ਨੇ ਅਵਿਦਿਆ ਦੇ ਕਾਰਨ ਪੈਦਾ ਕੀਤਾ ਹੈ। ਅਗਿਆਨਤਾ ਦੇ ਕਾਰਨ ਮਹਾ ਮਾਇਆ ਇਸੇ ਦਾ ਪ੍ਰਤੀਬਿੰਬ ਹੈ। ਪ੍ਰਕ੍ਰਿਤਕ ਸ਼ਕਤੀ ਆਪਣੇ ਸੁਭਾਅ ਦੇ ਮੁਤਾਬਿਕ ਵਰਤ ਰਹੀ ਹੈ ਪਰ ਆਤਮ ਤੱਤ ਕਿਸੇ ਤੋਂ ਛਲਿਆ ਨਹੀਂ ਜਾਂਦਾ। ਇਹ ਤੱਤ ਅਬਿਨਾਸ਼ੀ ਹੈ ਜਿਸਦੇ ਭੇਤ ਨੂੰ ਜਾਨਣਾ ਅਸੰਭਵ ਹੈ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਨਹੀਂ ਜਾਨ ਜਾਈ ਕਛੂ ਰੂਪ ਰੇਖੰ॥*
*ਕਹਾਂ ਬਾਸੁ ਤਾਂ ਕੋ, ਫਿਰਿ ਕਉਨ ਭੇਖੰ॥*
*ਕਹਾ ਨਾਮ ਤਾਂ ਕੈ ਕਹਾਂ ਕੈ ਕਹਾਵੈ॥*
*ਕਹਾ ਕੈ ਬਖਾਨੋ ਕਹੇ ਮੋ ਨ ਆਵੈ॥*
*ਅਕਾਲ ਉਸਤਤਿ*

ਇਹ ਅਭੇਦ ਹੈ ਅਤੇ ਸਦਾ ਹੀ ਇਸ ਦਾ ਸੁਭਾਅ ਦਿਆਲੂ ਹੈ, ਇਸ ਦੀ ਅਵਸਥਾ ਬਾਰੇ ਕੋਈ ਵੀ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਗੁਰੂ ਮਹਾਰਾਜ ਜੀ

ਫੁਰਮਾਨ ਕਰਦੇ ਹਨ ਕਿ ਅਸੀਂ ਤਾਂ ਬਲਿਹਾਰ ਜਾਂਦੇ ਹਾਂ, ਇਸ ਪਸਾਰੇ ਨੂੰ ਦੇਖ ਕੇ। ਇਸ ਤੱਤ ਦੇ ਸਬੰਧ ਵਿਚ ਅਨੁਭਵ ਇਸ ਤਰ੍ਹਾਂ ਹੈ -

ਅਚਰਜ ਕਥਾ ਮਹਾ ਅਨੂਪ॥
ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥
ਨਾ ਇਹੁ ਬੂਢਾ ਨਾ ਇਹੁ ਬਾਲਾ॥
ਨਾ ਇਸੁ ਦੂਖੁ ਨਹੀ ਜਮ ਜਾਲਾ॥
ਨਾ ਇਹੁ ਬਿਨਸੈ ਨਾ ਇਹੁ ਜਾਇ।।
ਆਦਿ ਜੁਗਾਦੀ ਰਹਿਆ ਸਮਾਇ॥
ਨਾ ਇਸੁ ਉਸਨੁ ਨਹੀ ਇਸੁ ਸੀਤੁ॥
ਨਾ ਇਸੁ ਦੁਸਮਨੁ ਨਾ ਇਸੁ ਮੀਤੁ॥
ਨਾ ਇਸੁ ਹਰਖੁ ਨਹੀ ਇਸੁ ਸੋਗੁ॥
ਸਭ ਕਿਛੁ ਇਸ ਕਾ ਇਹੁ ਕਰਨੈ ਜੋਗੁ॥
ਨਾ ਇਸੁ ਬਾਪੁ ਨਹੀ ਇਸੁ ਮਾਇਆ॥
ਇਹੁ ਅਪਰੰਪਰੁ ਹੋਤਾ ਆਇਆ॥
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥
ਘਟ ਘਟ ਅੰਤਰਿ ਸਦ ਹੀ ਜਾਗੈ॥
ਤੀਨਿ ਗੁਣਾ ਇਕ ਸਕਤਿ ਉਪਾਇਆ॥
ਮਹਾ ਮਾਇਆ ਤਾ ਕੀ ਹੈ ਛਾਇਆ॥
ਅਛਲ ਅਛੇਦ ਅਭੇਦ ਦਇਆਲ॥
ਦੀਨ ਦਇਆਲ ਸਦਾ ਕਿਰਪਾਲ॥
ਤਾ ਕੀ ਗਤਿ ਮਿਤਿ ਕਛੂ ਨ ਪਾਇ॥
ਨਾਨਕ ਤਾ ਕੈ ਬਲਿ ਬਲਿ ਜਾਇ॥
ਪੰਨਾ - 868

ਦ੍ਵੈਤ ਭਾਵ ਵਿਚ ਆਇਆ ਹੋਇਆ ਜੀਵ ਜਦੋਂ ਮਹਾਂਪੁਰਸ਼ਾਂ ਦੀ ਸੰਗਤ ਕਰਦਾ ਹੈ ਉਨ੍ਹਾਂ ਦੇ ਤੱਤ ਬਚਨ ਸੁਣ ਕੇ, ਸਾਧਨ ਸਾਧਦਾ ਹੋਇਆ ਆਤਮ ਤੱਤ ਨੂੰ ਸਾਖਸ਼ਾਤ ਕਰ ਲੈਂਦਾ ਹੈ ਤਾਂ ਉਸ ਦੇ ਵਿਚ ਜੋ ਵਖਰਾਪੁਣ ਹੋਣ ਕਰਕੇ ਮਿਥਿਆ ਜੀਵ ਭਾਵ ਪ੍ਰਗਟ ਹੋਇਆ ਪ੍ਰਤੀਤ ਦਿੰਦਾ ਸੀ ਉਹ ਪੂਰਨ ਰੂਪ ਵਿਚ ਖਤਮ ਹੋ ਜਾਇਆ ਕਰਦਾ ਹੈ। ਹੁਣ ਦੋ ਨਹੀਂ ਰਹੇ ਇਕ ਹੀ ਹੋ ਗਿਆ, ਆਪੇ ਆਪ ਹੀ ਹੋ ਗਿਆ ਅਤੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

ਜਿਨੀ ਆਤਮੁ ਚੀਨਿਆ
ਪਰਮਾਤਮੁ ਸੋਈ॥
ਏਕੋ ਅੰਮ੍ਰਿਤ ਬਿਰਖੁ ਹੈ
ਫਲੁ ਅੰਮ੍ਰਿਤੁ ਹੋਈ॥ ਪੰਨਾ - 421

ਇਹ ਅੰਮ੍ਰਿਤ ਬਿਰਖ ਬ੍ਰਹਮ ਆਪ ਹੀ ਸੀ ਜਾਂ ਐਉਂ ਕਹੋ ਕਿ ਆਦਿ ਸਚੁ ਆਪ ਹੀ ਸੀ ਇਸ ਨੂੰ ਫਲ ਵੀ ਸਤਿ ਦਾ ਲਗਦਾ ਹੈ। ਸੋ ਇਸ ਕਰਕੇ ਜਿਸ ਦੇ ਅੰਦਰੋਂ ਦ੍ਵੈਤ ਭਾਵ ਖਤਮ ਹੋ ਗਿਆ, ਉਹ ਪਰਮਾਤਮਾ ਦਾ ਹੀ ਰੂਪ ਹੋ ਕੇ ਵਾਹਿਗੁਰੂ ਵਿਚ ਸਮਾਅ ਗਿਆ। ਇਹ ਕਹਿਣ ਸੁਣਨ ਵਾਸਤੇ ਜੋ ਲਿਖਿਆ ਪੜ੍ਹਿਆ ਜਾਂਦਾ ਹੈ ਇਸ ਵਿਚ ਦ੍ਵੈਤ ਦੀ ਬੁੱਧੀ, ਦ੍ਵੈਤ ਦੇ ਅੱਖਰ, ਦ੍ਵੈਤ ਦੀ ਬੋਲੀ ਕੰਮ ਕਰ ਰਹੀ ਹੁੰਦੀ ਹੈ ਪਰ ਉਹ ਅਦ੍ਵੈਤ ਦੀਆਂ ਟੋਹਾਂ ਲਾ ਕੇ ਅਨੁਭਵ ਵਿਚ ਅਵਸਥਾ ਪ੍ਰਗਟ ਕਰਨ ਦਾ ਯਤਨ ਕਰ ਰਹੀ ਹੁੰਦੀ ਹੈ ਵੈਸੇ ਇਕੋ ਆਤਮਾ ਪਰੀਪੂਰਨ ਹੈ। ਆਤਮ ਮੰਡਲ ਦੀ ਬੋਲੀ ਵਿਚ ਨਾ ਕੋਈ ਗਿਆਨ ਹੈ, ਨਾ ਅਗਿਆਨ ਹੈ ਸੁਤੇ ਹੀ ਇਕ ਕਾਰਜ ਹੋ ਰਿਹਾ ਪ੍ਰਤੀਤ ਦਿੰਦਾ ਹੈ ਉਹ ਸਹਿਜ ਅਵਸਥਾ ਹੈ। ਜਿਨ੍ਹਾਂ ਦੇ ਅਗਿਆਨ ਦਾ ਨਾਸ਼ ਹੋ ਗਿਆ ਉਨ੍ਹਾਂ ਨੂੰ ਨਾ ਕੋਈ ਗਿਆਨੀ ਦਿਸਦਾ ਹੈ ਨਾ ਅਗਿਆਨੀ ਦਿਸਦਾ ਹੈ ਜਿਵੇਂ ਕਿ-

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥
ਤਿਸ ਕੈ ਭਾਣੈ ਕੋਇ ਨ ਭੂਲਾ
ਜਿਨਿ ਸਗਲੋ ਬ੍ਰਹਮੁ ਪਛਾਤਾ॥
ਪੰਨਾ - 610

ਗੁਰੂ ਮਹਾਰਾਜ ਜੀ ਨੇ ਜੋ ਇਸ ਸਬੰਧ ਵਿਚ ਫੁਰਮਾਨ ਕੀਤਾ ਹੈ ਉਹ ਹੈ -

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥
ਏਕੋ ਅੰਮ੍ਰਿਤ ਬਿਰਖੁ ਹੈ
ਫਲੁ ਅੰਮ੍ਰਿਤੁ ਹੋਈ॥
ਅੰਮ੍ਰਿਤ ਫਲੁ ਜਿਨੀ ਚਾਖਿਆ
ਸਚਿ ਰਹੇ ਅਘਾਈ॥
ਤਿੰਨਾ ਭਰਮੁ ਨ ਭੇਦੁ ਹੈ
ਹਰਿ ਰਸਨ ਰਸਾਈ॥ ਪੰਨਾ - 421

ਇਥੇ ਹੁਕਮ ਦੀ ਖੇਡ ਹੁੰਦੀ ਪ੍ਰਤੀਤ ਹੋ ਰਹੀ ਹੈ ਜਿਵੇਂ ਕਿ -

ਹੁਕਮਿ ਸੰਜੋਗੀ ਆਇਆ
ਚਲੁ ਸਦਾ ਰਜਾਈ॥
ਅਉਗਣਿਆਰੇ ਕਉ ਗੁਣੁ
ਨਾਨਕੈ ਸਚੁ ਮਿਲੈ ਵਡਾਈ॥
ਪੰਨਾ - 421

ਧਾਰਨਾ ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਪ੍ਰਮਾਤਮ ਸੋਈ ਜੀ
ਜਿਨੀ ਆਤਮ ਚੀਨਿਆ

ਆਤਮ ਰਾਮੁ ਸਰਬ ਮਹਿ ਪੇਖੁ॥
ਪੂਰਨ ਪੂਰਿ ਰਹਿਆ ਪ੍ਰਭ ਏਕੁ॥
ਰਤਨੁ ਅਮੋਲੁ ਰਿਦੇ ਮਹਿ ਜਾਨੁ॥
ਅਪਨੀ ਵਸਤੁ ਤੂ ਆਪਿ ਪਛਾਨੁ॥
ਪੰਨਾ - 892

ਸਭ ਵਿਚ ਰਮੇ ਹੋਏ ਵਾਹਿਗੁਰੂ ਨੂੰ ਦੇਖ ਕਿਉਂਕਿ ਉਹ ਸਭ ਵਿਚ ਰਮਿਆ ਹੋਇਆ ਆਪ ਹੀ ਅਨੇਕ ਰੂਪ ਧਾਰ ਕੇ ਖੇਲ੍ਹ ਕਰ ਰਿਹਾ ਹੈ। ਇਸ ਸਰੀਰ ਅੰਦਰ ਨਾਮ ਰੂਪ ਹੋ ਕੇ ਰਮ ਰਿਹਾ ਹੈ। ਇਸ ਭੇਤ ਨੂੰ ਮਹਾਂਪੁਰਸ਼ਾਂ ਨੂੰ ਮਿਲ ਕੇ ਉਨ੍ਹਾਂ ਦੀ ਕ੍ਰਿਪਾ ਦਾ ਪਾਤਰ ਹੋ ਕੇ ਪਛਾਣ, ਵੱਡੇ ਭਾਗ ਹੋਣ ਤਾਂ ਐਸੇ ਤੱਤ ਬੇਤੇ ਮਹਾਂਪੁਰਸ਼ ਦਾ ਮਿਲਾਪ ਹੁੰਦਾ ਹੈ ਪਰ ਇਸ ਆਦਮੀ ਦਾ ਐਸਾ ਸੁਭਾਅ ਹੈ ਕਿ ਚਾਰੇ ਵੇਦ, ਛੇ ਸ਼ਾਸਤਰ, ਕੁਰਾਨ ਸਰੀਫ, ਬਾਈਬਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਨੇਕਾਂ

ਆਤਮ ਮੰਡਲ ਦੇ ਗ੍ਰੰਥ ਸੁਣ ਕੇ ਵੀ ਇਹ ਕੰਨਾਂ ਤੋਂ ਬੋਲਾ ਹੀ ਰਹਿੰਦਾ ਹੈ। ਤੱਤ ਬੇਤੇ ਮਹਾਂਪੁਰਸ਼ ਦੇ ਬਚਨਾਂ ਦਾ ਪ੍ਰਕਾਸ਼ ਹੋਣ ਦੇ ਬਾਵਜੂਦ ਵੀ ਇਸ ਨੂੰ ਸੰਸਾਰ ਵਿਚ ਹਨ੍ਹੇਰਾ ਹੀ ਦਿਸਦਾ ਹੈ, ਇਹ ਆਤਮ ਤੱਤ ਰੂਪ ਰਤਨਾਂ ਦੀ ਥਾਂ ਤੇ ਵਿਸ਼ੇ ਵਿਕਾਰਾਂ ਰੂਪੀ ਘਾਹ ਫੂਸ ਵਿਚ ਪਰਚਿਆ ਰਹਿੰਦਾ ਹੈ।

ਆਤਮ ਰਾਮੁ ਸਰਬ ਮਹਿ ਪੇਖੁ॥
ਪੂਰਨ ਪੂਰਿ ਰਹਿਆ ਪ੍ਰਭ ਏਕੁ॥
ਰਤਨੁ ਅਮੋਲੁ ਰਿਦੇ ਮਹਿ ਜਾਨੁ॥
ਅਪਨੀ ਵਸਤੁ ਤੂ ਆਪਿ ਪਛਾਨੁ॥
ਪੀ ਅੰਮ੍ਰਿਤੁ ਸੰਤਨ ਪਰਸਾਦਿ॥
ਵਡੇ ਭਾਗ ਹੋਵਹਿ ਤਉ ਪਾਈਐ
ਬਿਨੁ ਜਿਹਵਾ ਕਿਆ ਜਾਨੈ ਸੁਆਦੁ॥
ਅਠ ਦਸ ਬੇਦ ਸੁਨੇ ਕਹ ਡੋਰਾ॥
ਕੋਟਿ ਪ੍ਰਗਾਸ ਨ ਦਿਸੈ ਅੰਧੇਰਾ॥
ਪਸੂ ਪਰੀਤਿ ਘਾਸ ਸੰਗਿ ਰਚੈ॥
ਜਿਸੁ ਨਹੀ ਬੁਝਾਵੈ
ਸੋ ਕਿਤੁ ਬਿਧਿ ਬੁਝੈ॥
ਜਾਨਣਹਾਰੁ ਰਹਿਆ ਪ੍ਰਭੁ ਜਾਨਿ॥
ਓਤਿ ਪੋਤਿ ਭਗਤਨ ਸੰਗਾਨਿ॥
ਬਿਗਸਿ ਬਿਗਸਿ ਅਪੁਨਾ ਪ੍ਰਭੁ ਗਾਵਹਿ॥
ਨਾਨਕ ਤਿਨ ਜਮ ਨੇੜਿ ਨ ਆਵਹਿ॥
ਪੰਨਾ - 892

ਧਾਰਨਾ- ਜਲ ਥਲ ਮਹੀਅਲਿ ਪੂਰਿਆ,
ਸੁਆਮੀ ਸਿਰਜਨਹਾਰ

ਜਲਿ ਥਲਿ ਮਹੀਅਲਿ ਪੂਰਿਆ
ਸੁਆਮੀ ਸਿਰਜਨਹਾਰੁ॥
ਅਨਿਕ ਭਾਂਤਿ ਹੋਇ ਪਸਰਿਆ
ਨਾਨਕ ਏਕੰਕਾਰੁ॥ ਪੰਨਾ - 296

ਕਾਫੀ ਦੇਰ ਤੋਂ ਆਪ ਬਹੁਤ ਗੂੜ੍ਹ ਤੱਤ ਦੀ ਵਿਆਖਿਆ ਸਰਵਣ ਕਰ ਰਹੇ ਹੋ ਜਿਸ ਕਥਾ ਨੂੰ ਅਕਥ ਕਥਾ ਕਿਹਾ ਗਿਆ ਹੈ। ਉਧਰ ਧਿਆਨ ਦੇਵੋ ਭਾਈ ਤਿਲੋਕਾ ਜੀ ਰਾਜਕੁਮਾਰੀ ਨੂੰ ਕਹਿ ਰਹੇ ਹਨ ਕਿ ਵਾਹਿਗੁਰੂ ਜੀ ਹਰ ਥਾਂ ਉਤੇ ਪਰੀਪੂਰਨ ਹਨ। ਤੇਰਾ ਸਰੂਪ ਸਰੀਰ ਨਹੀਂ ਇਹ ਇਕ ਤੇਰੇ ਅਸਲੀ ਸਰੂਪ ਉਪਰ ਪੜਦਾ ਹੈ। ਤੂੰ ਜੀਵ ਆਤਮਾ ਵੀ ਨਹੀਂ ਹੈਂ, ਪਰ ਤੂੰ ਐਨਾ ਕਰ ਕਿ ਆਪਣੇ ਆਪ ਨੂੰ ਸਰੀਰ ਮੰਨਣ ਦੀ ਥਾਂ ਇਸ ਵਿਚ ਰਹਿਣ ਵਾਲੀ ਮੰਨ ਲੈ ਇਸ ਨੂੰ ਹੀ ਜੀਵ ਆਤਮਾ ਕਹਿੰਦੇ ਹਨ। ਇਹ ਗੱਲ ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿ ਤੈਨੂੰ ਅਜੇ ਆਤਮ ਸੂਝ ਦੀ ਗਿਆਤ ਨਹੀਂ ਹੈ, ਤੂੰ ਆਪਣੇ ਆਪ ਨੂੰ ਆਤਮ ਸਰੂਪ ਮੰਨਣ ਦੀ ਥਾਂ ਜੀਵ ਆਤਮਾ ਹੀ ਮੰਨਦੀ ਰਹਿ। ਮੇਰਾ ਸਰੀਰ ਚਲਿਆ ਜਾਣਾ ਹੈ, ਤੂੰ ਰੋਣਾ ਨਹੀਂ, ਆਪਣਾ ਘਾਤ ਨਹੀਂ ਕਰਨਾ ਕਿਉਂਕਿ ਇਸ ਤਰ੍ਹਾਂ ਤੇਰੇ ਅੰਦਰ ਅਗਿਆਨ ਦਾ ਹਨ੍ਹੇਰਾ ਛਾ ਜਾਵੇਗਾ। ਆਤਮ ਘਾਤ ਕਰਕੇ ਤੂੰ ਮੈਨੂੰ ਮਿਲ ਨਹੀਂ ਸਕੇਂਗੀ ਕਿਉਂਕਿ ਤੂੰ ਇਸ ਗੱਲ ਦੇ ਉਪਰ ਬਹੁਤ ਦ੍ਰਿੜ੍ਹ ਹੈਂ ਕਿ ਮੈਨੂੰ ਤੁਸੀਂ ਆਪਣੇ ਨਾਲ ਲੈ ਚਲੋ। ਮੈਂ ਤੈਨੂੰ ਤੇਰੀ ਬੋਲੀ ਵਿਚ ਦਸਣ ਦਾ ਯਤਨ ਕਰ ਰਿਹਾ ਹਾਂ ਕਿ ਮੇਰਾ ਦੇਸ਼ ਪ੍ਰਮਾਤਮ ਮੰਡਲ ਹੈ। ਅਜੇ ਤੂੰ ਸਮਝ ਨਹੀਂ ਸਕੇਂਗੀ। ਜੇ ਮੈਂ ਇਹ ਗੱਲ ਕਹਿ ਦੇਵਾਂ ਕਿ ਉਸ ਦੇਸ਼ ਵਿਚ ਦੋ ਨਹੀਂ ਰਹਿ ਸਕਿਆ ਕਰਦੇ, ਇਕੋ ਹੀ ਰਹਿ ਸਕਦਾ ਹੈ। ਉਸ ਨੂੰ ਪ੍ਰਮਾਤਮਾ ਕਹਿੰਦੇ ਹਨ। ਇਸ ਜੀਵ ਦਾ ਜਦੋਂ ਅਗਿਆਨ ਨਾਸ਼ ਹੋ ਜਾਂਦਾ ਹੈ ਤਾਂ ਇਸ ਨੂੰ ਪਤਾ ਲਗ ਜਾਂਦਾ ਹੈ ਕਿ ਮੈਂ ਵਖਰਾਂ ਨਹੀਂ ਹਾਂ, ਇਹ ਤਾਂ ਪ੍ਰਮਾਤਮਾ ਵਾਹਿਗੁਰੂ ਜੀ ਆਪ ਹੀ ਹਨ ਜੋ ਸਾਰੀਆਂ ਘਟਾਂ ਵਿਚ ਰਮੇਂ ਹੋਏ ਹਨ ਅਤੇ ਇਹ ਸਿਰਜਣਹਾਰ ਸੁਆਮੀ ਜਲਾਂ ਵਿਚ, ਥਲਾਂ ਵਿਚ, ਅਸਮਾਨ ਵਿਚ, ਅਸਮਾਨ ਤੇ ਧਰਤੀ ਦੇ ਵਿਚਾਲੇ ਖਾਲੀ ਥਾਂ, ਕੋਈ ਐਸੀ ਥਾਂ ਨਹੀਂ ਹੈ ਜਿਥੇ ਵਾਹਿਗੁਰੂ ਜੀ ਨਾ ਹੋਣ। ਇਸ ਕਰਕੇ ਮੈਂ ਇਹ ਗੱਲ ਤੈਨੂੰ ਪ੍ਰਗਟ ਨਹੀਂ ਕਰ ਰਿਹਾ ਕਿ ਮੇਰਾ ਅਸਲੀ ਰੂਪ ਕੀ ਹੈ। ਇਸ ਗੱਲ ਦਾ ਗਿਆਨ ਤੈਨੂੰ ਉਸ ਵੇਲੇ ਪ੍ਰਗਟ ਹੋਵੇਗਾ ਜਦੋਂ ਤੂੰ ਮੇਰੇ ਦੱਸੇ ਰਸਤੇ ਉਪਰ ਚਲੇਂਗੀ ਜੋ ਮੇਰੇ ਸਤਿਗੁਰੂ ਨੇ ਮੇਰੇ ਤੋਂ ਕਰਾਇਆ ਹੈ। ਉਸ ਵੇਲੇ ਉਹ ਆਪ ਹੀ ਤੈਨੂੰ ਇਸ ਭੇਤ ਤੋਂ ਜਾਣੂੰ ਕਰਾਉਣਗੇ ਫੇਰ ਤੇਰਾ ਤੇ ਮੇਰਾ ਸਦੀਵੀ ਮੇਲ ਹੋ ਜਾਵੇਗਾ। ਹੁਣ ਤੂੰ ਐਨਾ ਹੀ ਸਮਝ ਕਿ ਤੂੰ ਪੰਜ ਤੱਤ ਦੀ ਬਣੀ ਹੋਈ ਦੇਹ ਨਹੀਂ ਹੈਂ। ਜੇ ਮੈਂ ਤੈਨੂੰ ਇਕ ਗੱਲ ਸਮਝਾਉਣ ਦਾ ਯਤਨ ਕਰਾਂ ਤਾਂ ਮੈਨੂੰ ਉਮੀਦ ਹੈ ਕਿ ਤੇਰੀ ਬੁੱਧੀ ਬਹੁਤ ਗਹਿਰਾ ਸੋਚਣ ਲਗ ਗਈ ਹੈ ਤੂੰ ਮੇਰੀ ਗੱਲ ਸਮਝ ਜਾਵੇਂਗੀ। ਤੂੰ ਮੈਨੂੰ ਇਕ ਗੱਲ ਦਸ, ਆਹ ਸਾਮ੍ਹਣੇ ਜੋ ਮਿੱਟੀ ਦਾ ਬਰਤਨ ਪਿਆ ਹੈ ਇਹ ਕੀ ਹੈ? ਰਾਜਕੁਮਾਰੀ ਨੇ ਕਿਹਾ ਕਿ ਇਹ ਇਕ ਘੜਾ ਹੈ। ਉਹ ਕਹਿਣ ਲੱਗੇ, "ਇਹ ਅੰਦਰ ਜਿਹੜੀ ਖਾਲੀ ਥਾਂ ਹੈ ਉਸ ਦਾ ਤੈਨੂੰ ਪਤਾ ਲਗਦਾ ਹੈ?" ਝੱਟ ਹੀ ਕਹਿਣ ਲੱਗੀ, "ਇਹ ਤਾਂ ਕੋਈ ਔਖੀ ਗੱਲ ਹੀ ਨਹੀਂ, ਇਹ ਖਾਲੀ ਥਾਂ ਤਾਂ ਸਭ ਨੂੰ ਦਿਸਦਾ ਹੈ।" ਆਪ ਕਹਿਣ ਲੱਗੇ, "ਸ਼ਾਬਾਸ਼! ਹੁਣ ਤੂੰ ਐਂ ਦਸ ਜਿਸ ਕਮਰੇ ਵਿਚ ਮੈਂ ਪਿਆ ਹਾਂ, ਤੂੰ ਬੈਠੀ ਹੈਂ ਇਸ ਵਿਚ ਕੋਈ ਖਾਲੀ ਥਾਂ ਦਿਸਦੀ ਹੈ?" ਝੱਟ ਹੀ ਫੇਰ ਬੋਲ ਪਈ ਕਿ ਇਹ ਵੀ ਕੋਈ ਪੁਛਣ ਵਾਲੀਆਂ ਗੱਲਾਂ ਹਨ? ਕਹਿਣ ਲੱਗੇ, "ਬੀਬਾ! ਮੇਰੀ ਗੱਲ ਸਮਝ, ਇਹ ਮੈਂ ਦੋ ਖਾਲੀ ਥਾਵਾਂ ਦੀ ਗੱਲ ਕੀਤੀ ਹੈ ਇਸ ਨੂੰ ਆਕਾਸ਼ ਆਖਦੇ ਹਨ। ਹੁਣ ਤੂੰ ਮੈਨੂੰ ਦਸ ਕਿ ਘੜੇ ਵਿਚ ਅਕਾਸ਼ ਹੈ, ਮਕਾਨ ਦੀ ਖਾਲੀ ਥਾਂ ਵਿਚ ਅਕਾਸ਼ ਹੈ?" ਕਹਿਣ ਲੱਗੀ, "ਭਲੇ ਪੁਰਸ਼! ਇਹ ਤਾਂ ਬੱਚਿਆਂ ਨਾਲ ਕਰਨ ਵਾਲੀਆਂ ਗੱਲਾਂ ਹਨ। ਇਹ ਤਾਂ ਦਿਸਦਾ ਹੀ ਹੈ ਕਿ ਘੜੇ ਵਿਚ ਅਕਾਸ਼ ਹੈ, ਮਕਾਨ ਵਿਚ ਅਕਾਸ਼ ਹੈ।" ਕਹਿਣ ਲੱਗੇ, "ਬੀਬਾ! ਬਾਹਰ ਦੇਖਿਆ ਹੋਣਾ ਹੈ ਕਿ ਬੱਦਲ ਹੋਏ ਹੋਏ ਹਨ। ਬੱਦਲਾਂ ਦੇ ਹੇਠਾਂ ਜਿਹੜੀ ਖਾਲੀ ਥਾਂ ਹੈ ਉਹ ਵੀ ਅਕਾਸ਼ ਹੀ ਹੈ ਨਾ।" ਕਹਿਣ ਲੱਗੀ ਹਾਂ, ਬਿਲਕੁਲ ਠੀਕ। ਤਿਲੋਕਾ ਜੀ ਨੇ ਕਿਹਾ,

"ਰਾਜਕੁਮਾਰੀ ਜੀ! ਬੱਦਲ ਹਟ ਜਾਣ ਤਾਂ ਵੀ ਸਾਰਾ ਹੀ ਅਕਾਸ਼ ਨਜ਼ਰ ਆਵੇਗਾ?" ਨਾਲ ਹੀ ਕਹਿਣ ਲੱਗੀ ਕਿ ਇਹ ਤਾਂ ਕੋਈ ਗੱਲ ਕਰਨ ਵਾਲੀ ਹੀ ਨਹੀਂ, ਇਹ ਤਾਂ ਪਤਾ ਹੀ ਹੈ। ਉਹ ਕਹਿਣ ਲੱਗੇ ਕਿ ਇਹ ਅੱਡ-ਅੱਡ ਹਨ ਜਾਂ ਅਕਾਸ਼ ਹੀ ਹੈ। ਫੇਰ ਕਹਿਣ ਲੱਗੇ ਜੇ ਘੜਾ ਤੋੜ ਦੇਈਏ, ਮਕਾਨ ਦੀ ਛੱਤ ਤੇ ਕੰਧਾਂ ਢਹਿ ਜਾਣ, ਬੱਦਲ ਦੂਰ ਚਲੇ ਜਾਣ ਫੇਰ ਕੀ ਕਹੇਂਗੀ? ਰਾਜਕੁਮਾਰੀ ਥੋੜ੍ਹਾ ਸੋਚਣ ਲੱਗੀ ਫੇਰ ਕਹਿਣ ਲੱਗੀ, "ਮਹਾਂਪੁਰਸ਼ੋ! ਕਹਿਣਾ ਕੀ ਹੈ ਜਦੋਂ ਇਹ ਸਾਰਾ ਹੈ ਹੀ ਅਕਾਸ਼ ਘੜੇ ਵਿਚ ਵੀ ਖਾਲੀ ਥਾਂ ਹੈ, ਅਸਮਾਨ ਵਿਚ ਵੀ ਖਾਲੀ ਥਾਂ ਹੈ, ਕਮਰੇ ਵਿਚ ਖਾਲੀ ਥਾਂ ਹੈ ਇਹ ਤਾਂ ਸਾਰਾ ਅਕਾਸ਼ ਹੀ ਹੋਇਆ।" ਉਸ ਵੇਲੇ ਭਾਈ ਤਿਲੋਕਾ ਜੀ ਨੇ ਕਿਹਾ ਕਿ ਬੀਬਾ! ਹੁਣ ਮੈਂ ਤੇਰੇ ਨਾਲ ਇਕ ਗੱਲ ਕਰਦਾ ਹਾਂ ਕਿ ਜਿਸ ਤਰ੍ਹਾਂ ਦੇ ਨਾਲ ਇਹ ਖਾਲੀ ਥਾਂ ਅਕਾਸ਼ ਪਰੀਪੂਰਨ ਹੈ, ਰਮਿਆ ਹੋਇਆ ਹੈ, ਜਿਸ ਨੂੰ ਮੈਂ ਵਾਹਿਗੁਰੂ ਕਹਿੰਦਾ ਹੈ, ਪਰਮੇਸ਼ਰ ਕਹਿੰਦਾ ਹਾਂ ਉਹ ਇਸ ਅਕਾਸ਼ ਵਾਂਗੂੰ ਸਾਰਿਆਂ ਦੇ ਅੰਦਰ ਬਾਹਰ ਰਮਿਆ ਹੋਇਆ ਹੈ। ਉਹ ਜਿਉਂਦੀ ਜਾਗਦੀ, ਪਿਆਰ ਕਰਨ ਵਾਲੀ ਹਸਤੀ ਹੈ। ਉਸੇ ਨੂੰ ਹੀ ਮੈਂ ਆਤਮਾ-ਆਤਮਾ ਕਹਿ ਕੇ ਸਮਝਾਉਂਦਾ ਰਹਿੰਦਾ ਹਾਂ ਕਿਉਂਕਿ ਤੇਰੀ ਬੁੱਧੀ ਨੇ ਇਹ ਸ਼ਬਦ ਦਾ ਬੋਝ ਚੁੱਕ ਨਹੀਂ ਸੀ ਸਕਣਾ, ਜੇ ਪਹਿਲਾਂ ਹੀ ਮੈਂ ਤੈਨੂੰ ਇਹ ਗੱਲ ਕਹਿੰਦਾ। ਹੁਣ ਤੂੰ ਮੇਰੀ ਗੱਲ ਦਾ ਯਕੀਨ ਕਰੇਂਗੀ? ਕਹਿਣ ਲੱਗੀ, "ਹੇ ਸ੍ਰੇਸ਼ਟ ਪੁਰਸ਼! ਮੈਂ ਜਦੋਂ ਤੋਂ ਤੈਨੂੰ ਮਿਲੀ ਹਾਂ, ਮੇਰੀ ਤਾਂ ਕੋਈ ਸੋਚ ਵਖਰੀ ਰਹੀ ਹੀ ਨਹੀਂ। ਮੈਂ ਤਾਂ ਜੋ ਤੂੰ ਕਹਿੰਦਾ ਹੈਂ ਸੱਚ ਹੀ ਮੰਨ ਰਹੀ ਹਾਂ ਕਿਉਂਕਿ ਮੈਨੂੰ ਇਹ ਭਰੋਸਾ ਹੋ ਗਿਆ ਹੈ ਕਿ ਤੂੰ ਕੋਈ ਆਮ ਬੰਦਾ ਨਹੀਂ ਹੈਂ, ਤੂੰ ਕੋਈ ਅਕਾਸ਼ਾਂ ਵਿਚੋਂ ਉਤਰਿਆ ਹੋਇਆ ਦੇਵਤਾ ਹੈਂ ਜਿਨ੍ਹਾਂ ਬਾਰੇ ਪੰਡਤ ਜੀ ਕਥਾ ਵਿਚ ਦੇਵਤਿਆਂ ਦੀਆਂ ਸਾਖੀਆਂ ਸੁਣਾਇਆ ਕਰਦੇ ਸਨ। ਤੂੰ ਤਾਂ ਨਿਰਾ ਹੀ ਪਿਆਰ ਦਾ ਵਜੂਦ ਹੈਂ, ਤੈਨੂੰ ਤੱਕ ਕੇ ਤੇਰੇ ਚਿਹਰੇ ਦੀ ਮੁਸਕਾਨ ਦੇਖ ਕੇ ਬਹੁਤ ਪਿਆਰਾ ਵਜੂਦ ਲਗ ਰਿਹਾ ਹੈ। ਤੂੰ ਜੋ ਕੁਝ ਵੀ ਕਹਿੰਦਾ ਹੈਂ, ਉਹ ਬਿਲਕੁਲ ਸੱਚ ਬੋਲ ਰਿਹਾ ਹੈਂ, ਮੈਨੂੰ ਅਣਜਾਣ ਨੂੰ ਨਹੀਂ ਪਤਾ ਕਿਉਂਕਿ ਮੈਂ ਮਾਂ ਬਾਪ ਦੇ ਪਿਆਰ ਵਿਚ ਹੀ ਰੱਤੀ ਰਹੀ ਜਾਂ ਘੋੜਿਆਂ ਤੇ ਸਹੇਲੀਆਂ ਨੂੰ ਲੈ ਕੇ ਜੰਗਲਾਂ ਵਿਚ ਚੀਤਾ ਮਾਰ ਲਿਆ, ਸ਼ੇਰ ਮਾਰ ਲਿਆ ਜਾਂ ਸਹੇਲੀਆਂ ਨਾਲ ਨਦੀ ਵਿਚ ਇਸ਼ਨਾਨ ਕਰ ਲਿਆ ਜਾਂ ਪੰਡਤ ਜੀ ਜਦੋਂ ਕਥਾ ਕਰਦੇ ਹੋਣ ਤਾਂ ਪਿਤਾ ਜੀ ਨੇ ਕਹਿਣਾ ਕਿ ਬੇਟੀ ਕਥਾ ਸੁਣ ਤਾਂ ਮੈਂ ਸੁਣ ਲਿਆ ਕਰਦੀ ਹਾਂ। ਉਹ ਕਦੇ ਦੇਵਤਿਆਂ ਦੀਆਂ ਗੱਲਾਂ ਕਰਦੇ ਹਨ, ਕਦੇ ਰਾਜਿਆਂ ਰਾਣਿਆਂ ਦੀਆਂ ਵੀ ਗੱਲਾਂ ਸੁਣਾਉਂਦੇ ਹਨ। ਹੋਰ ਕੁਝ ਮੈਨੂੰ ਪਤਾ ਹੀ ਨਹੀਂ ਸੀ। ਜਿਹੜੇ ਬਚਨ ਮੈਂ ਤੇਰੇ ਤੋਂ ਸੁਣੇ ਹਨ ਉਹ ਤਾਂ ਮੈਂ ਕਦੇ ਖਿਆਲ ਵਿਚ ਹੀ ਨਹੀਂ ਲਿਆਂਦੇ। ਹੁਣ ਤੇਰੇ ਬਚਨ ਸੁਣ ਕੇ ਮੈਨੂੰ ਇਹ ਪਤਾ ਲਗ ਗਿਆ ਕਿ ਜਿਸ ਸਰੀਰ ਨੂੰ ਆਪਣਾ ਆਪ ਸਮਝਦੀ ਰਹੀ ਉਹ ਸਰੀਰ ਮੇਰਾ ਵਾਹਨ ਸੀ, ਜਿਸ ਤਰ੍ਹਾਂ ਮੈਂ ਬੱਘੀ ਤੇ ਚੜ੍ਹ ਕੇ ਸੈਰ ਲਈ ਜਾਇਆ ਕਰਦੀ ਹਾਂ ਜਾਂ ਘੋੜੇ ਤੇ ਚੜ੍ਹ ਕੇ ਮੈਂ ਜੰਗਲਾਂ ਵਿਚ, ਬੇਲਿਆਂ ਵਿਚ, ਰੋਹੀਆਂ ਵਿਚ ਘੁੰਮਦੀ ਹਾਂ। ਮੈਂ ਆਪਣੇ ਆਪ ਨੂੰ ਵਖਰਾ ਜਾਣ ਲਿਆ ਕਿ ਮੈਂ ਇਹੋ ਜਿਹੀ ਚੀਜ਼ ਹਾਂ ਜੋ ਨਾ ਕਦੇ ਮਰਦੀ ਹੈ, ਨਾ ਜੰਮਦੀ ਹੈ। ਮੈਂ ਵਿਸ਼ਵਾਸ਼ ਕਰਦੀ ਹਾਂ ਕਿ ਜੋ ਤੂੰ ਕਹਿੰਦਾ ਹੈਂ ਉਹ ਬਿਲਕੁਲ ਸਹੀ ਗੱਲ ਕਹਿੰਦਾ ਹੈਂ। ਉਸ ਵੇਲੇ ਭਾਈ ਤਿਲੋਕਾ ਜੀ ਨੇ ਕਿਹਾ, "ਰਾਜਕੁਮਾਰੀ! ਤੁਸੀਂ ਮੇਰੀ ਅਕਾਸ਼ ਵਾਲੀ ਗੱਲ ਤਾਂ ਸਮਝ ਗਏ ਨਾ। ਹੁਣ ਮੈਂ ਤੁਹਾਨੂੰ ਦਸਦਾ ਹਾਂ ਕਿ ਸਾਰੀ ਸ੍ਰਿਸ਼ਟੀ ਨੂੰ ਬਣਾਉਣ ਵਾਲਾ ਪ੍ਰਮੇਸ਼ਰ ਹੈ, ਜਿਸ ਨੂੰ ਬ੍ਰਹਮ ਵੀ ਕਹਿੰਦੇ ਹਨ। ਉਸ ਨੂੰ ਹੀ ਆਤਮਾ ਕਹਿੰਦੇ ਹਨ, ਉਹ ਕਿਸੇ ਵਿਚ ਗਲਿਆ ਨਹੀਂ ਕਰਦਾ, ਕਿਸੇ ਘੇਰੇ ਵਿਚ ਨਹੀਂ ਆਉਂਦਾ, ਉਸ ਨੂੰ ਕੋਈ ਡੁਬੋ ਨਹੀਂ ਸਕਦਾ, ਮਾਰ ਨਹੀਂ ਸਕਦਾ, ਟੁਕੜੇ-ਟੁਕੜੇ ਨਹੀਂ ਕਰ ਸਕਦਾ ਉਹ ਸਦਾ ਇਕ ਰਸ ਪਰੀਪੂਰਨ ਰਹਿੰਦੇ ਹਨ, ਉਨ੍ਹਾਂ ਦੀ ਆਪਣੀ ਸ਼ਕਤੀ ਰਾਹੀਂ ਆਪੇ ਰਚੀ ਖੇਲ੍ਹ ਕਰਕੇ ਵਖਰੇ-ਵਖਰੇ ਵਜੂਦ ਨਜ਼ਰ ਆ ਰਹੇ ਹਨ। ਪਰ ਇਹ ਹਰਕਤ ਤਾਂ ਹੀ ਕਰਦੇ ਹਨ ਜਦੋਂ ਉਸ ਸ਼ਕਤੀ ਜਿਸ ਨੂੰ ਪ੍ਰਮਾਤਮਾ ਕਹਿੰਦੇ ਹਨ ਦਾ ਸੰਜੋਗ ਹੁੰਦਾ ਹੈ। ਉਸ ਸ਼ਕਤੀ ਨੂੰ ਤੂੰ ਅਕਾਸ਼ ਸਮਝ ਲੈ। ਪਰ ਇਹ ਗਲਤੀ ਨਾ ਕਰੀ ਅਕਾਸ਼ ਤਾਂ ਨਿਰਜਿੰਦ ਹੈ, ਉਹ ਸ਼ਕਤੀ ਜਿੰਦ ਹੈ। ਉਹ ਸਤਿ ਹੈ, ਚੇਤਨ ਹੈ ਅਤੇ ਪੂਰੀ ਤਰ੍ਹਾਂ ਅਨੰਦ ਹੈ। ਉਹ ਨਿਰਾ ਹੀ ਪਿਆਰ ਹੈ। ਝੱਟ ਹੀ ਬੋਲ ਉਠੀ ਕਿ ਐ ਭਲੇ ਪੁਰਸ਼! ਕਿਤੇ ਉਹ ਇਹੀ ਪਿਆਰ ਤਾਂ ਨਹੀਂ ਹੈ ਜਿਸ ਨੂੰ ਮੇਰੇ ਮਾਂ ਬਾਪ ਕਹਿ ਰਹੇ ਹਨ ਕਿ ਤੈਨੂੰ ਉਸ ਪ੍ਰਦੇਸੀ ਨਾਲ ਪਿਆਰ ਹੋ ਗਿਆ। ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਰਾਜਕੁਮਾਰੀ! ਤੂੰ ਜੋ ਆਪਣੇ ਮਾਂ ਬਾਪ ਦੀ ਗੱਲ ਕਰਦੀ ਹੈਂ, ਇਸ ਪਿਆਰ ਵਿਚ ਗਰਜ ਛੁਪੀ ਹੁੰਦੀ ਹੈ ਇਸ ਵਿਚ ਲਾਭ ਤੇ ਹਿਤ ਛੁਪੇ ਹੋਏ ਹੁੰਦੇ ਹਨ ਜਿਨ੍ਹਾਂ ਦਾ ਪਤਾ ਨਹੀਂ ਲਗਦਾ। ਇਹ ਹੈ ਤਾਂ ਪਿਆਰ ਹੀ, ਪਰ ਪਿਆਰ ਦਾ ਸਭ ਤੋਂ ਹੇਠਲਾ ਡੰਡਾ ਹੈ ਜਿਸਨੂੰ ਅਸੀਂ ਮੋਹ ਕਹਿੰਦੇ ਹਾਂ। ਜਿਸ ਪਿਆਰ ਦੀ ਤੂੰ ਗੱਲ ਕਰਦੀ ਹੈਂ ਇਹ ਸਚਮੁਚ ਹੀ ਪਿਆਰ ਹੈ ਕਿਉਂਕਿ ਮੈਂ ਇਕ ਗਰੀਬ ਬੰਦਾ, ਜ਼ਖਮੀ ਹਾਲਤ ਵਿਚ ਜਿਸ ਦਾ ਮਾਇਕ ਤੌਰ ਤੇ ਤੁਹਾਡੇ ਨਾਲ ਕੋਈ ਮੁਕਾਬਲਾ ਨਹੀਂ, ਤੁਹਾਡੇ ਘਰ ਵਿਚ ਕਿੰਨੇ ਦਿਨਾਂ ਤੋਂ ਪਿਆ ਹਾਂ। ਫੇਰ ਤੂੰ ਮੇਰੀ ਸੇਵਾ ਕਰਦੀ ਹੈਂ ਅਤੇ ਸੇਵਾ ਕਰਦੇ ਕਰਦੇ ਕਈ ਵਾਰੀ ਤੇਰੇ ਨੇਤਰਾਂ ਵਿਚੋਂ ਜਲ ਆ ਜਾਂਦਾ ਹੈ। ਇਹ ਅਫਸੋਸ ਦੇ ਹੰਝੂ ਨਹੀਂ ਹੋਇਆ ਕਰਦੇ ਇਹ ਉਨ੍ਹਾਂ ਤੋਂ ਵਖਰੇ ਹੋਇਆ ਕਰਦੇ ਹਨ। ਇਹ ਇਕ ਪਿਆਰ ਦਾ ਰੂਪ ਹੈ। ਸੋ ਇਹੀ ਪਿਆਰ ਸਾਰੇ ਸੰਸਾਰ ਵਿਚ ਫੈਲਿਆ ਹੋਇਆ ਹੈ। ਉਹ ਪਿਆਰ ਰੂਪ ਹੋ ਕੇ ਹੀ ਜੀਵਾਂ ਨੂੰ ਸੰਭਾਲ ਰਿਹਾ ਹੈ। ਮੈਂ ਵੀ ਉਸ ਦੇ ਪਿਆਰ ਵਿਚ ਬੱਝਿਆ ਹੋਇਆ ਹਾਂ। ਮੈਂ ਇਸ ਪਿਆਰ ਰੂਪ ਵਾਹਿਗੁਰੂ ਦੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਜੋ ਸੰਸਾਰ ਦਾ

ਉਧਾਰ ਕਰ ਰਹੇ ਹਨ, ਨੂੰ ਪਿਆਰ ਕਰਦਾ ਹਾਂ। ਜੇ ਤੂੰ ਉਨ੍ਹਾਂ ਨੂੰ ਪਿਆਰ ਨਾਲ ਖਿਚੇਂ ਤਾਂ ਤੈਨੂੰ ਪਤਾ ਲਗੇ ਕਿ ਉਹ ਤਾਂ ਨਿਰਾ ਹੀ ਪਿਆਰ ਹਨ, ਮੇਰਾ ਪਿਆਰ ਤਾਂ ਕੁਝ ਵੀ ਨਹੀਂ, ਉਹ ਵਜੂਦ ਹੀ ਪਿਆਰ ਦਾ ਹਨ। ਤੈਨੂੰ ਮੈਥੋਂ ਭੀ ਵਧ ਪਿਆਰੇ ਲਗਣਗੇ। ਉਹ ਨਿਰਾ ਪਿਆਰ ਹੀ ਹਨ।

ਹੁਣ ਮੈਂ ਅਸਲੀ ਗੱਲ ਕਹਿੰਦਾ ਹਾਂ ਕਿ ਮੈਂ ਜਿਹੜੀ ਤੈਨੂੰ ਅਕਾਸ਼ ਦੀ ਗੱਲ ਕਹੀ ਸੀ, ਹੈ ਤਾਂ ਅਕਾਸ਼ ਹੀ ਨਾ ਪਰ ਘੜੇ ਦੀ ਬਿਆਧੀ ਹੋਣ ਕਰਕੇ ਘੜੇ ਦਾ ਅਕਾਸ਼, ਮਕਾਨ ਦੀ ਛੱਤ ਤੇ ਕੰਧਾਂ ਹੋਣ ਕਰਕੇ ਮਠਾ ਅਕਾਸ਼, ਬੱਦਲ ਹੋਏ ਹੋਣ ਕਰਕੇ ਮੇਘਾ ਅਕਾਸ਼ ਅਤੇ ਜਦੋਂ ਬੱਦਲ ਹੱਟ ਕੇ ਮਹਾਂ ਅਕਾਸ਼ ਦੇਖਿਆ, ਬਿਆਧੀਆਂ ਦੂਰ ਹੋ ਗਈਆਂ ਇਸ ਅਕਾਸ਼ ਵਾਂਗੂੰ ਹੀ ਸਭ ਕਿਛੁ ਜਾਨਣਹਾਰ ਨਿਰੀ ਪਿਆਰ ਦੀ ਮੂਰਤਿ ਆਤਮਾ ਹੀ ਹੈ। ਇਸੇ ਤਰ੍ਹਾਂ ਉਹ ਪ੍ਰਮਾਤਮਾ ਜਲਾ-ਥਲਾਂ, ਖਾਲੀ ਤੇ ਭਰੀਆਂ ਥਾਵਾਂ ਵਿਚ ਆਪ ਹੀ ਪਸਰਿਆ ਹੋਇਆ ਹੈ। ਇਸ ਨੂੰ ਅਸੀਂ ਏਕੰਕਾਰ ਜੀ ਆਖਦੇ ਹਾਂ। ਉਹ ਨਿਰੀ ਜਿੰਦ ਹਨ, ਤੇਰੀ ਜਿੰਦ ਵੀ ਓਹੀ ਹਨ, ਮੇਰੀ ਵੀ ਤੇ ਸੰਸਾਰ ਦੀ ਜਿੰਦ ਵੀ ਓਹੀ ਹਨ। ਜਿਹੜੇ ਤੂੰ ਜੰਗਲਾਂ ਵਿਚ ਜਾਨਵਰਾਂ ਨੂੰ ਦੇਖਦੀ ਸੀ, ਮਾਰਦੀ ਸੀ ਉਨ੍ਹਾਂ ਸਭ ਦੀ ਜਿੰਦ ਵੀ ਓਹੀ ਹਨ। ਉਹ ਬਹੁਤ ਹੀ ਪਿਆਰੇ ਹਨ, ਮੈਂ ਵੀ ਉਨ੍ਹਾਂ ਕੋਲ ਹੀ ਜਾਣਾ ਹੈ। ਪਰ ਮੈਂ ਉਥੇ ਜਾ ਕੇ ਵਖਰਾ ਨਹੀਂ ਰਹਿਣਾ। ਉਨ੍ਹਾਂ ਦਾ ਹੀ ਰੂਪ ਹੋ ਜਾਣਾ ਹੈ। ਤੈਨੂੰ ਖੁਸ਼ ਹੋਣਾ ਚਾਹੀਦਾ ਹੈ ਕਿ ਮੈਂ ਜੋ ਨਿਰਾ ਪਿਆਰ ਹੈ ਉਸ ਵਿਚ ਸਮਾਅ ਜਾਣਾ ਹੈ। ਇਹ ਗੱਲ ਤੇਰੇ ਸਮਝ ਵਿਚ ਨਹੀਂ ਆਉਣੀ, ਪਰ ਜਦੋਂ ਤੂੰ ਬਾਰ-ਬਾਰ ਅਭਿਆਸ ਕਰੇਗੀ ਉਸ ਵੇਲੇ ਸਭ ਕੁਝ ਤੇਰੇ ਅੰਦਰੋਂ ਹੀ ਪ੍ਰਗਟ ਹੋ ਜਾਵੇਗਾ। ਮੈਂ ਤੈਨੂੰ ਉਹ ਰਸਤਾ ਦਸਾਂਗਾ ਜਿਸ ਨੂੰ ਆਤਮ ਮਾਰਗ ਕਹਿੰਦੇ ਹਨ ਜਿਸਤੇ ਚਲ ਕੇ ਤੂੰ ਮੈਨੂੰ ਮਿਲ ਜਾਵੇਂਗੀ। ਹੁਣ ਮੈਂ ਤੈਨੂੰ ਗੱਲ ਸਮਝਾਉਂਦਾ ਹਾਂ, ਤੂੰ ਧਿਆਨ ਦੇ ਨਾਲ ਸੁਣ। ਮੇਰੇ ਤੋਂ ਹੁਣ ਪੂਰੇ ਜ਼ੋਰ ਨਾਲ ਬੋਲ ਨਹੀਂ ਹੁੰਦਾ। ਮੈਨੂੰ ਪਤਾ ਹੈ ਕਿ ਸਰੀਰ ਦੀਆਂ ਸ਼ਕਤੀਆਂ ਦਿਨੋ ਦਿਨ ਘਟ ਹੋ ਰਹੀਆਂ ਹਨ। ਇਕ ਦਿਨ ਇਸ ਨੇ ਗੱਲ ਵੀ ਨਹੀਂ ਕਰਨੀ। ਇਹ ਸਰੀਰ ਅਤੇ ਇਸ ਵਿਚ ਜੋ ਆਤਮ ਤੱਤ ਹੈ ਇਹ ਕਰਮਾਂ ਦੇ ਸੰਜੋਗ ਨਾਲ ਇਕੱਠੇ ਹੋਏ ਹਨ।

**ਧਾਰਨਾ- ਕਿਰਤ ਸੰਜੋਗੀ ਭਏ ਇਕਤ੍ਰਾ**
**ਕਰਤੇ ਭੋਗ ਬਿਲਾਸਾ ਹੇ**

*ਸੰਗੀ ਜੋਗੀ ਨਾਰਿ ਲਪਟਾਣੀ॥*
*ਉਰਝਿ ਰਹੀ ਰੰਗ ਰਸ ਮਾਣੀ॥*
*ਕਿਰਤ ਸੰਜੋਗੀ ਭਏ ਇਕਤ੍ਰਾ*
*ਕਰਤੇ ਭੋਗ ਬਿਲਾਸਾ ਹੇ॥*
*ਜੋ ਪਿਰੁ ਕਰੈ ਸੁ ਧਨ ਤਤੁ ਮਾਨੈ॥*
*ਪਿਰੁ ਧਨਹਿ ਸੀਗਾਰਿ ਰਖੈ ਸੰਗਾਨੈ॥*
*ਮਿਲਿ ਏਕਤ੍ਰ ਵਸਹਿ ਦਿਨੁ ਰਾਤੀ*
*ਪ੍ਰਿਉ ਦੇ ਧਨਹਿ ਦਿਲਾਸਾ ਹੇ॥*
*ਧਨ ਮਾਗੈ ਪ੍ਰਿਉ ਬਹੁ ਬਿਧਿ ਧਾਵੈ॥*
*ਜੋ ਪਾਵੈ ਸੋ ਆਣਿ ਦਿਖਾਵੈ॥*
*ਏਕ ਵਸਤੁ ਕਉ ਪਹੁਚਿ ਨ ਸਾਕੈ*
*ਧਨ ਰਹਤੀ ਭੂਖ ਪਿਆਸਾ ਹੇ॥*
*ਪੰਨਾ - 1072*

ਜੀਵ ਅਤੇ ਦੇਹ ਦਾ ਸਬੰਧ ਕਰਮ ਅਤੇ ਕਿਰਤ, ਸੰਜੋਗ ਅਤੇ ਵਿਜੋਗ ਦੇ ਅਟੱਲ ਹੁਕਮ ਰਾਹੀਂ ਹੋਇਆ ਕਰਦਾ ਹੈ। ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਰਾਜਕੁਮਾਰੀ ਜੀ! ਮੈਂ ਬਹੁਤ ਦਿਨਾਂ ਤੋਂ ਇਕੋ ਬਚਨ ਕਰ ਰਿਹਾ ਹਾਂ ਜਿਸ ਨੂੰ ਤੁਸੀਂ ਸਤਿ ਕਰਕੇ ਮੰਨ ਲਿਆ ਤਾਂ ਇਸ ਦੇ ਫਲਸਰੂਪ ਸਾਰੇ ਦੁਖਾਂ ਦਾ ਖਾਤਮਾ ਹੋ ਜਾਵੇਗਾ। ਮੈਂ ਤੁਹਾਨੂੰ ਸਮਝਾਉਣ ਦਾ ਯਤਨ ਕਰਦਾ ਹਾਂ ਕਿ ਤੁਸੀਂ ਪੰਜ ਤੱਤ ਦਾ ਸਰੀਰ ਨਹੀਂ ਹੋ। ਮੈਂ ਸਮਝਦਾ ਹਾਂ ਕਿ ਤੁਹਾਨੂੰ ਹੁਣ ਤਾਂ ਪੂਰੀ ਤਰ੍ਹਾਂ ਸਮਝ ਆ ਗਿਆ ਹੋਣਾ ਹੈ ਕਿ ਤੂੰ ਆਤਮਾ ਹੈਂ? ਰਾਜਕੁਮਾਰੀ ਝੱਟ ਹੀ ਕਹਿਣ ਲੱਗੀ, "ਭਲੇ ਪੁਰਸ਼ੋ! ਮੈਨੂੰ ਤਾਂ ਕੁਝ ਵੀ ਸਮਝ ਵਿਚ ਨਹੀਂ ਆਇਆ ਪਰ ਮੈਂ ਆਤਮਾ ਦਾ ਅੱਖਰ ਜ਼ਰੂਰ ਸਿੱਖ ਲਿਆ ਹੈ। ਪਹਿਲਾਂ ਮੈਂ ਆਪਣਾ ਨਾਮ ਦਸਿਆ ਕਰਦੀ ਸੀ, ਹੁਣ ਮੈਂ ਕਹਿ ਦਿਆ ਕਰਾਂਗੀ ਕਿ ਮੈਂ ਆਤਮਾ ਹਾਂ। ਪਰ ਮੈਂ ਸੱਚ ਆਖਦੀ ਹਾਂ ਕਿ ਮੈਨੂੰ ਨਹੀਂ ਸਮਝ ਵਿਚ ਆਇਆ ਕਿ ਮੈਂ ਕੀ ਹਾਂ? ਪਰ ਮੈਨੂੰ ਕੁਝ ਚਾਨਣਾ ਜਿਹਾ ਹੋ ਗਿਆ ਹੈ, ਹੁਣ ਮੈਂ ਆਪਣੇ ਆਪ ਨੂੰ ਇਹ ਰਾਜਕੁਮਾਰੀ ਨਹੀਂ ਸਮਝਦੀ, ਹੁਣ ਮੈਂ ਵਸਤਰਾਂ ਸਮੇਤ ਆਪਣੇ ਵਜੂਦ ਨੂੰ ਆਤਮਾ ਹੀ ਮੰਨਦੀ ਹਾਂ। ਜਦੋਂ ਮੈਂ ਸ਼ੀਸ਼ੇ ਦੇ ਸਾਮ੍ਹਣੇ ਖੜ੍ਹੀ ਹੁੰਦੀ ਹਾਂ ਮੈਨੂੰ ਬੜੀ ਖੁਸ਼ੀ ਹੁੰਦੀ ਹੈ ਕਿ ਮੈਨੂੰ ਪਤਾ ਲਗ ਗਿਆ ਹੈ ਕਿ ਮੈਂ ਰਾਜਕੁਮਾਰੀ ਨਹੀਂ, ਆਤਮਾ ਹਾਂ। ਇਸ ਤੋਂ ਅੱਗੇ ਮੈਨੂੰ ਸਮਝਣ ਦੀ ਲੋੜ ਹੀ ਨਹੀਂ।

ਹੇ ਸ੍ਰੇਸ਼ਟ ਪੁਰਸ਼! ਮੈਨੂੰ ਤਾਂ ਜੇ ਕੋਈ ਗੱਲ ਸਮਝ ਵਿਚ ਆਈ ਹੈ ਉਹ ਇਹ ਹੈ ਕਿ ਮੈਂ ਪਿਆਰ ਚਾਹੁੰਦੀ ਹਾਂ, ਇਸ ਤੋਂ ਅੱਗੇ ਹੋਰ ਮੈਨੂੰ ਕੋਈ ਸਮਝਣ ਦੀ ਲੋੜ ਨਹੀਂ। ਮੈਂ ਤਾਂ ਹੁਣ ਪਿਆਰ ਬਿਨਾਂ ਜਿਉਂ ਨਹੀਂ ਸਕਦੀ। ਤੂੰ ਮੈਨੂੰ ਇਕੱਲੀ ਛੱਡ ਕੇ ਨਾ ਜਾਈਂ। ਹੁਣ ਵੈਦ ਕਹਿੰਦੇ ਹਨ ਕਿ ਜ਼ਖਮ ਠੀਕ ਹੋ ਰਿਹਾ ਹੈ। ਮੈਨੂੰ ਬਹੁਤ ਖੁਸ਼ੀ ਹੋ ਰਹੀ ਹੈ ਅਤੇ ਮੈਂ ਅੰਦਰੋਂ ਅਰਦਾਸ ਕਰਦੀ ਹਾਂ ਕਿ ਐ ਪ੍ਰਦੇਸੀ ਜੀ! ਤੁਸੀਂ ਰਾਜ਼ੀ ਹੋ ਕੇ ਚਲੇ ਨਾ ਜਾਣਾ। ਮੈਂ ਤੁਹਾਨੂੰ ਆਪਣੇ ਅੰਦਰਲੀਆਂ ਭਾਵਨਾ ਦਸਦੀ ਹਾਂ ਕਿ ਤੁਸੀਂ ਛੇਤੀ-ਛੇਤੀ ਰਾਜ਼ੀ ਹੋ ਜਾਵੋਂ, ਮੈਂ ਤੁਹਾਨੂੰ ਸ਼ਾਹੀ ਵਸਤਰ ਪਹਿਨਾ ਕੇ ਇਕ ਪਾਸੇ ਤਲਵਾਰ ਪਹਿਨਾਵਾਂ ਅਤੇ ਦੂਜੇ ਪਾਸੇ ਤੀਰਾਂ ਦੇ ਭੱਥਿਆਂ ਸਮੇਤ ਕਮਾਨ ਲਟਕਾਵਾਂ। ਜੋ ਸਾਡੇ ਤਬੇਲੇ ਵਿਚ ਸਭ ਤੋਂ ਚੰਗਾ ਘੋੜਾ ਹੈ ਉਸ ਦੇ ਸੋਨੇ ਵਾਲੀ ਕਾਠੀ ਪੁਆ ਕੇ, ਚਾਂਦੀ ਦੀਆਂ ਛਣ-ਛਣ ਕਰਦੀਆਂ ਝਾਜਰਾਂ ਪਹਿਨਾ ਕੇ

ਤੁਹਾਨੂੰ ਉਸ ਉਪਰ ਬਿਠਾਵਾਂ। ਫੇਰ ਆਪਾਂ ਜੰਗਲ ਵਿਚ ਚੱਲੀਏ, ਤੁਹਾਨੂੰ ਸਾਰਾ ਜੰਗਲ ਦਿਖਾਵਾਂ, ਤੁਸੀਂ ਸ਼ੇਰ, ਚੀਤੇ ਦੇਖੋ, ਜੰਗਲ ਦੀ ਖੂਬਸੂਰਤੀ ਦੇਖੋ। ਫੇਰ ਮੈਂ ਤੁਹਾਨੂੰ ਬਹੁਤ ਹੀ ਸ਼ਰਮਿੰਦੀ ਹੋਈ-ਹੋਈ ਉਥੇ ਲੈ ਕੇ ਜਾਵਾਂ ਜਿਥੇ ਮੈਂ ਤੁਹਾਨੂੰ ਸ਼ੇਰ ਸਮਝ ਕੇ ਬਾਣ ਮਾਰਿਆ ਸੀ। ਮੇਰੇ ਤੋਂ ਉਹ ਖੁਸ਼ੀਆਂ ਸਾਂਭੀਆਂ ਨਹੀਂ ਜਾਂਦੀਆਂ ਜੋ ਮੇਰੇ ਸਾਮ੍ਹਣੇ ਆ ਰਹੀਆਂ ਹਨ। ਮੈਂ ਕੀ ਦਸਾਂ, ਮੈਨੂੰ ਕੁਝ ਵੀ ਪਤਾ ਹੀ ਨਹੀਂ ਲਗ ਰਿਹਾ। ਮੈਨੂੰ ਐਉਂ ਲਗਦਾ ਹੈ ਕਿ ਤੇਰੇ ਤੋਂ ਵਿਛੁੜ ਕੇ ਸ਼ਾਇਦ ਜਿਉਂਦੀ ਨਾ ਰਹਾਂ। ਮੇਰੇ ਅੰਦਰ ਇਕ ਹੌਲ ਪੈ ਜਾਂਦਾ ਹੈ ਕਿ ਇਹ ਪ੍ਰਦੇਸੀ ਰਾਜ਼ੀ ਹੋ ਕੇ ਆਪਣੇ ਘਰ ਨੂੰ ਨਾ ਚਲਿਆ ਜਾਵੇ। ਮੈਨੂੰ ਕੁਝ ਵੀ ਨਹੀਂ ਸਮਝ ਆ ਰਹੀ ਮੈਂ ਕੀ ਕਰਾਂ। ਪਹਿਲਾਂ ਮੈਨੂੰ ਮਾਂ ਬਾਪ ਨਾਲ ਬਹੁਤ ਪਿਆਰ ਸੀ, ਮੈਂ ਨੱਠ-ਨੱਠ ਕੇ ਉਨ੍ਹਾਂ ਦੀ ਗੋਦੀ ਵਿਚ ਬੈਠਦੀ ਸੀ। ਪਰ ਮੈਨੂੰ ਤੂੰ ਐਨੇ ਉਚੇ ਪਿਆਰ ਦੇ ਮੰਡਲ ਵਿਚ ਪਹੁੰਚਾ ਦਿਤਾ ਹੈ, ਮੈਨੂੰ ਲਗਦਾ ਹੈ ਕਿ ਸਾਰੇ ਸੰਸਾਰ ਵਿਚ ਪਿਆਰ ਹੀ ਪਿਆਰ ਹੈ। ਜੰਗਲੀ ਬੂਟਿਆਂ, ਫੁਲਾਂ, ਆਬਸ਼ਾਰਾਂ, ਮਾਂ-ਬਾਪ, ਘੋੜੇ-ਘੋੜੀਆਂ, ਹਾਥੀ ਹੋਰ ਸਾਰੇ ਜੀਵ ਮੈਂ ਹੀ ਹਾਂ। ਮੈਨੂੰ ਆਪਣਾ ਆਪ ਲਗਦੇ ਹਨ। ਹੁਣ ਮੇਰੀ ਸੁਰਤ ਉਸ ਤਰ੍ਹਾਂ ਦੀ ਨਹੀਂ ਰਹੀ ਜਿਹੋ ਜਿਹੀ ਪਹਿਲਾਂ ਸੀ। ਮੈਂ ਇਕ ਬੇਨਤੀ ਕਰਦੀ ਹਾਂ ਕਿ ਮੈਂ ਤੇਰਾ ਦਰਸ਼ਨ ਦੇਖ ਕੇ ਹੀ ਜਿਉਂਦੀ ਹਾਂ। ਜਦੋਂ ਤੂੰ ਬੇਹੋਸ਼ ਹੋ ਜਾਂਦਾ ਹੈਂ, ਮੈਂ ਟਿਕਟਕੀ ਲਗਾ ਕੇ ਇਸ ਗੱਲ ਦੀ ਪ੍ਰਤੀਤ ਕਰਦੀ ਹਾਂ ਕਿ ਤੂੰ ਹੁਣ ਅੱਖ ਝਪਕੇਂਗਾ, ਹੁਣ ਨੇਤਰ ਖੋਲ੍ਹੇਂਗਾ ਅਤੇ ਚਿਹਰੇ ਤੇ ਮੁਸਕਰਾਹਟ ਆ ਕੇ ਮੁਖ ਤੋਂ ਵਾਹਿ.......ਗੁਰੂ......., ਕਹੇਂਗਾ। ਉਹ ਸਮਾਂ ਮੈਨੂੰ ਕਿੰਨਾ ਚੰਗਾ ਲਗਦਾ ਹੈ ਜਿਸ ਦੇ ਬਾਰੇ ਮੈਨੂੰ ਦਸਣਾ ਨਹੀਂ ਆਉਂਦਾ। ਮੇਰੇ ਅੰਦਰ ਮੱਲੋ-ਮੱਲੀ ਇਹ ਭਾਵਨਾ ਪੈਦਾ ਹੁੰਦੀ ਹੈ ਕਿ ਤੁਸੀਂ ਛੇਤੀ ਤੋਂ ਛੇਤੀ ਤੰਦਰੁਸਤ ਹੋਵੋਂ। ਮੈਂ ਇਕ ਬੇਨਤੀ ਕਰਦੀ ਹਾਂ ਕਿ ਦੇਖੀਂ ਕਿਤੇ ਮੈਨੂੰ ਛੱਡ ਕੇ ਨਾ ਚਲੇ ਜਾਣਾ। ਛੱਡ ਕੇ ਜਾਣ ਨਾਲੋਂ ਕਿਤੇ ਚੰਗਾ ਹੈ ਕਿ ਮੈਨੂੰ ਤੁਸੀਂ ਆਪਣੇ ਹੱਥੀ ਹੀ ਖਤਮ ਕਰ ਦੇਵੋਂ। ਮੈਨੂੰ ਆਪਣੇ ਦੋਸ਼ ਦੀ ਸਜ਼ਾ ਭੀ ਮਿਲ ਜਾਵੇਗੀ ਤੇ ਮਰ ਕੇ ਵਿਛੋੜੇ ਦੇ ਸਲ੍ਹ ਸਹਿਣ ਤੋਂ ਭੀ ਬਚ ਜਾਵਾਂਗੀ। ਮੈਂ ਤੇਰੇ ਸਾਮ੍ਹਣੇ ਰਾਜਕੁਮਾਰੀ ਨਹੀਂ, ਮੈਂ ਇਕ ਦਾਸੀ ਹਾਂ ਜਿਸ ਨੇ ਇਕ ਬਹੁਤ ਭਾਰੀ ਗੁਨਾਹ ਕੀਤਾ, ਤੈਨੂੰ ਬਾਣ ਮਾਰ ਕੇ ਕਿੰਨੇ ਦੁਖ ਵਿਚ ਪਾਇਆ। ਮੈਂ ਪੂਰੀ ਤਰ੍ਹਾਂ ਨਿਰਮਾਣ ਹੋ ਗਈ ਹਾਂ, ਮੇਰੇ ਮਨ ਵਿਚ ਕਿੰਨਾ ਚਾਓ ਹੈ ਕਿ ਮੈਂ ਤੇਰੀ ਚਾਕਰ ਬਣ ਕੇ ਕਾਰ ਕਮਾਵਾਂ। ਮੇਰੇ ਮਾਤਾ ਪਿਤਾ ਤੈਨੂੰ ਦੇਖ ਕੇ ਕਿੰਨੇ ਖੁਸ਼ ਹੋਣਗੇ। ਜਦੋਂ ਇਨ੍ਹਾਂ ਚਾਵਾਂ ਮਲ੍ਹਾਰਾਂ ਵਿਚ ਝਰਨ੍ਹਾਟਾਂ ਖਾਂਦੀ ਤਾਂ ਮੇਰੇ ਅੰਦਰ ਇਕ ਡਬੋ ਜਿਹਾ ਭੀ ਪੈ ਜਾਂਦਾ ਹੈ ਅਤੇ ਸਹਿਮ ਨਾਲ ਮੈਂ ਸੁੰਘੜ ਜਾਂਦੀ ਹਾਂ ਕਿ ਜੇ ਇਹ ਪ੍ਰਦੇਸੀ ਰਾਜ਼ੀ ਹੋ ਕੇ ਚਲਿਆ ਗਿਆ ਫਿਰ ਮੇਰਾ ਕੀ ਹਾਲ ਹੋਵੇਗਾ, ਮੈਂ ਤਾਂ ਉਸੇ ਸਮੇਂ ਇਸ ਬ੍ਰਿਹੋਂ ਸੱਟ ਨਾਲ ਮਰ ਜਾਵਾਂਗੀ।

ਹੇ ਭਲੇ ਪੁਰਸ਼! ਮੈਂ ਤੇਰੀ ਬੇਹੋਸ਼ੀ ਵਿਚ ਪਹਿਰਾਂ ਬੱਧੀ ਤੇਰੀ ਚਾਰਪਾਈ ਪਾਸ ਬੈਠੀ ਰਹਿੰਦੀ ਹਾਂ ਮੇਰੇ ਮਾਂ ਬਾਪ ਆਉਂਦੇ ਹਨ ਉਹ ਦੇਖਦੇ ਹਨ। ਮੈਂ ਸੁਣਿਆ ਹੈ ਕਿ ਮੇਰੇ ਰਾਠ ਪਿਤਾ ਜੀ ਮੇਰੀ ਮਾਤਾ ਨੂੰ ਕਹਿ ਰਹੇ ਸੀ ਕਿ ਕਾਕੀ ਨੂੰ ਇਸ ਪ੍ਰਦੇਸੀ ਨਾਲ ਪਿਆਰ ਹੋ ਗਿਆ ਹੈ। ਇਸ ਨੇ ਬਹੁਤ ਦੁਖ ਮੰਨਣਾ ਹੈ ਜੇ ਇਹ ਸਰੀਰ ਛੱਡ ਗਿਆ। ਮੈਂ ਵੈਦ ਜੀ ਨੂੰ ਕਿਹਾ ਹੈ ਕਿ ਮਹਿੰਗੇ ਤੋਂ ਮਹਿੰਗਾ ਕੁਸ਼ਤਾ ਲਿਆ ਕੇ ਇਸ ਨੂੰ ਦਿਓ, ਇਹ ਤੁਰਨ ਫਿਰਨ ਲਗ ਜਾਵੇ।

ਭਾਈ ਤਿਲੋਕਾ ਜੀ ਨੇ ਸਾਰੇ ਬਚਨ ਸੁਣੇ ਅਤੇ ਸਮਝ ਗਏ ਕਿ ਇਸ ਭੋਲੀ ਲੜਕੀ ਨੂੰ ਮੇਰੇ ਵਜੂਦ ਨਾਲ ਪਿਆਰ ਹੋ ਗਿਆ। ਇਹ ਮੈਨੂੰ ਸਮਝ ਨਹੀਂ ਸਕੀ ਪਰ ਸ਼ੁਕਰ ਹੈ ਕਿ ਇਸਦੇ ਪਿਆਰ ਵਿਚ ਪਵਿਤਰਤਾ ਹੈ, ਸ਼ੁਧਤਾ ਹੈ, ਉਚ ਆਚਰਣਤਾ ਹੈ, ਇਹੀ ਪਿਆਰ ਜਦੋਂ ਨਾਮ ਸਿਮਰਨ ਵਲ ਪਲਮੇਗਾ ਤਾਂ ਪਿਆਰ ਦੇ ਖਿਚੇ ਹੋਏ ਗੁਰੂ ਨਾਨਕ ਪਾਤਸ਼ਾਹ ਇਥੇ ਜ਼ਰੂਰ ਆਉਣਗੇ। ਭਾਈ ਤਿਲੋਕਾ ਜੀ ਬੋਲੇ ਕਿ ਬੀਬਾ! ਤੇਰੀਆਂ ਮੈਂ ਸਾਰੀਆਂ ਭਾਵਨਾਵਾਂ ਸਮਝੀਆਂ ਹਨ ਪਰ ਤੂੰ ਜੋ ਮੇਰੇ ਤੋਂ ਬਚਨ ਲੈਂਦੀ ਹੈਂ ਕਿ ਤੂੰ ਮੈਨੂੰ ਛੱਡ ਕੇ ਨਾ ਜਾਈਂ, ਬੀਬਾ! ਮੈਂ ਤਾਂ ਹੁਕਮੀ ਬੰਦਾ ਹਾਂ। ਮੇਰੇ ਸਤਿਗੁਰੂ ਦਾ ਬਚਨ ਮੇਰੇ ਸੰਸਾਰ ਤੋਂ ਜਾਣ ਦਾ ਹੈ। ਇਕ ਗੱਲ ਯਾਦ ਰੱਖੀਂ, ਮੈਂ ਸਰੀਰ ਛੱਡ ਕੇ ਵੀ ਜਿਉਂਦਾ ਰਹਿਣਾ ਹੈ ਪਰ ਜੋ ਅੱਖ ਤੇਰੇ ਕੋਲ ਹੈ ਇਨ੍ਹਾਂ ਨਾਲ ਮੈਂ ਤੈਨੂੰ ਨਜ਼ਰ ਨਹੀਂ ਆਉਣਾ। ਮੈਂ ਤੇਰੇ ਅੰਦਰ ਵੀ ਹੋਵਾਂਗਾ ਅਤੇ ਬਾਹਰ ਵੀ ਹੋਵਾਂਗਾ ਪਰ ਜੇ ਤੂੰ ਮੈਨੂੰ ਮਿਲਣਾ ਹੈ ਤਾਂ ਮੈਂ ਤੈਨੂੰ ਦਸਦਾ ਹਾਂ ਕਿ ਨਾ ਹੀ ਮੈਂ ਸਰੀਰ ਵਿਚ ਰਲਿਆ ਹੋਇਆ ਪਾਣੀ ਹਾਂ, ਨਾ ਹੀ ਮੈਂ ਤੱਤਾਂ ਵਿਚੋਂ ਅਗਨੀ ਤੱਤ ਹਾਂ, ਨਾ ਹੀ ਮੈਂ ਹਵਾ ਹਾਂ, ਮੈਂ ਤਾਂ ਜੋਤ ਸਰੂਪ ਹਾਂ, ਮੇਰਾ ਨਾਸ਼ ਕਦੇ ਨਹੀਂ ਹੋਣਾ। ਮੈਂ ਸਦੀਵ-ਸਦੀਵ ਹਾਂ ਪਰ ਇਕ ਗੱਲ ਯਾਦ ਰੱਖ, ਇਸ ਦੇਹ ਵਾਲੇ ਸਰੀਰ ਜਿਸ ਵਿਚ ਤੂੰ ਐਨਾ ਪਿਆਰ ਪਾ ਬੈਠੀ ਹੈਂ ਇਸ ਨੇ ਬਿਨਸ ਜਾਣਾ ਹੈ। ਇਸ ਵਿਚੋਂ ਹੁਕਮ ਦੇ ਨਾਲ ਮੈਂ ਨਿਕਲ ਜਾਣਾ ਹੈ। ਮੈਂ ਨਿਰੋਲ ਜੋਤ ਹਾਂ, ਮੈਂ ਪਰਮ ਜਿੰਦ ਨਾਲ ਰਲਿਆ ਹੋਇਆ ਪਰਮ ਆਪਾ ਹਾਂ। ਜੋਤ ਸਦੀਵੀ ਹੋਂਦ ਹੋਇਆ ਕਰਦੀ ਹੈ, ਇਹ ਸਦਾ ਕਾਇਮ ਰਹਿੰਦੀ ਹੈ, ਇਕ ਰਸ ਰਹਿੰਦੀ ਹੈ, ਸਤਿ ਹੈ, ਚੇਤਨ ਹੈ, ਪੂਰਨ ਅਨੰਦ ਹੈ। ਜਿਹੜੇ ਪਿਆਰ ਦਾ ਅਨੁਭਵ ਤੂੰ ਕਰ ਰਹੀ ਹੈਂ, ਇਹ ਤੇਰੇ ਅੰਦਰ ਜੋ ਆਤਮਾ ਹੈ ਉਸਦਾ ਪ੍ਰਕਾਸ਼ ਛੇਤੀ ਹੀ ਹੋਣ ਵਾਲਾ ਹੈ। ਤੈਨੂੰ ਉਹ ਅੱਖ ਮਿਲ ਜਾਣੀ ਹੈ, ਉਹ ਪਿਆਰ ਜਿਸ ਨੂੰ ਤੂੰ ਦਰਖਤਾਂ ਦੇ ਪਤਿਆ ਵਿਚ, ਪਾਣੀਆਂ ਦੀਆਂ ਆਬਸ਼ਾਰਾਂ ਵਿਚ, ਬੁਲਬੁਲ ਦੇ ਗੀਤਾਂ ਵਿਚ, ਕੋਇਲ ਦੇ ਪਿਆਰ ਭਰੇ ਗੀਤਾਂ ਵਿਚ, ਹਰ ਚੀਜ਼ ਵਿਚ ਅਨੁਭਵ ਕਰ ਸਕੇਗੀ। ਜਦੋਂ ਉਹ ਅੱਖ ਤੈਨੂੰ ਮਿਲ ਗਈ, ਉਹ ਕੰਨ ਤੈਨੂੰ ਮਿਲ ਗਏ ਉਸ ਵੇਲੇ ਤੂੰ ਉਥੇ ਹੀ ਆ ਜਾਵੇਂਗੀ ਜਿਥੇ ਜਾ ਕੇ ਮੈਂ ਰਹਿਣਾ

ਹੈ। ਉਥੇ ਦ੍ਵੈਸ਼ ਨਹੀਂ ਹੈ, ਝੂਠ ਕੋਈ ਨਹੀਂ ਹੈ। ਉਥੇ ਜਾ ਕੇ ਇਕ ਹੋ ਜਾਣਾ ਹੈ। ਤੂੰ ਮੈਨੂੰ ਸਰੀਰ ਕਰਕੇ ਨਾ ਦੇਖ, ਮੈਂ ਇਹਦੇ ਵਿਚ ਰਹਿੰਦਾ ਹਾਂ, ਉਸਨੂੰ ਪਛਾਣ। ਤੂੰ ਵੀ ਆਪਣਾ ਆਪ ਸਰੀਰ ਕਰਕੇ ਨਾ ਦੇਖ, ਤੂੰ ਇਸ ਵਿਚ ਰਹਿਣ ਵਾਲੀ ਹੈਂ। ਤੂੰ ਮੇਰਾ ਬਚਨ ਮੰਨੀ ਜਿਸ ਰਸਤੇ ਰਾਹੀਂ ਮੈਂ ਇਥੇ ਪਹੁੰਚਿਆ ਹਾਂ, ਉਹ ਮੈਂ ਤੈਨੂੰ ਦਸਾਂਗਾ। ਉਸ ਰਸਤੇ ਤੇ ਦ੍ਰਿੜ੍ਹਤਾ ਨਾਲ ਚੱਲੀਂ।

ਪਰ ਅਜੀਬ ਗੱਲ ਹੋ ਰਹੀ ਹੈ। ਉਹ ਬਾਰ-ਬਾਰ ਕਹਿ ਰਹੀ ਹੈ ਕਿ ਮੈਨੂੰ ਛੱਡ ਕੇ ਨਾ ਜਾਈਂ, ਭਾਈ ਤਿਲੋਕਾ ਜੀ ਗਿਆਨ ਦ੍ਰਿਸ਼ਟੀ ਨਾਲ ਉਸ ਨੂੰ ਸਮਝਾਉਣ ਦਾ ਯਤਨ ਕਰ ਰਹੇ ਹਨ।

ਉਸ ਵੇਲੇ ਆਪ ਨੇ ਸਮਝਾਉਣ ਲਈ ਕਿਹਾ ਕਿ ਇਹ ਜੋ ਸਰੀਰ ਹੈ ਇਹ ਪੰਜ ਤੱਤਾਂ ਦਾ ਬਣਿਆ ਹੋਇਆ ਹੈ। ਜਦੋਂ ਇਸ ਵਿਚ ਰੂਹ ਦਾਖਲ ਹੋ ਜਾਂਦੀ ਹੈ ਜਿਸਨੂੰ ਅਸੀਂ ਜੀਵ ਆਤਮਾ ਆਖਦੇ ਹਾਂ, ਇਹ ਸਰੀਰ, ਇਹ ਦੇਹ ਉਸਦੇ ਦੁਆਲੇ ਲਿਪਟ ਜਾਂਦੀ ਹੈ। ਦੋ ਰੂਪ ਤੋਂ ਇਕ ਰੂਪ ਹੋ ਜਾਂਦੇ ਹਨ ਉਸ ਜੀਵ ਨੂੰ ਉਸ ਦੀ ਸੱਤਾ ਰਾਹੀਂ ਦੇਹ ਵਿਚ ਆਉਣ ਵਾਲੇ ਭੋਗਾਂ ਬਿਲਾਸਾਂ ਦੇ ਅਨੰਦ ਦੀ ਖਿੱਚ ਪ੍ਰਗਟ ਕਰਦੀ ਹੈ। ਉਸ ਨੂੰ ਕਹਿੰਦੀ ਹੈ ਕਿ ਤੈਨੂੰ ਦਿਸਦਾ ਨਹੀਂ ਹੈ ਪਰ ਦੇਖ ਤੂੰ ਮੇਰਾ ਸਾਥੀ ਬਣਿਆ ਹੈਂ ਤੇ ਮੈਂ ਤੈਨੂੰ ਅੱਖਾਂ ਰਾਹੀਂ ਕਿੰਨੇ ਦ੍ਰਿਸ਼ ਦਿਖਾ ਰਹੀ ਹਾਂ, ਕਿੰਨੀਆਂ ਖੂਬਸੂਰਤ ਵਾਦੀਆਂ ਦਿਖਾ ਰਹੀ ਹਾਂ, ਕੰਨਾਂ ਰਾਹੀਂ ਕਿੰਨੇ ਮਿੱਠੇ ਗੀਤ ਸੁਣਾ ਰਹੀ ਹਾਂ, ਰਸਨਾ ਰਾਹੀਂ ਕਿੰਨੇ ਸੋਹਣੇ-ਸੋਹਣੇ ਸੁਆਦੂ ਭੋਜਨਾਂ ਦਾ ਅਨੁਭਵ ਕਰਾ ਰਹੀ ਹਾਂ। ਨਾਸਕਾ ਰਾਹੀਂ ਕਿੰਨੀਆਂ ਸੁਗੰਧੀਆਂ ਦਾ ਅਨੁਭਵ ਕਰਾ ਰਹੀ ਹਾਂ, ਆਪਣੇ ਸਪਰਸ਼ ਰਾਹੀਂ ਤੈਨੂੰ ਕਿੰਨੇ ਅਨੰਦ ਵਿਚ, ਮਧੁਰਤਾ ਵਿਚ ਲਿਜਾ ਰਹੀ ਹਾਂ। ਮੇਰੇ ਵਿਚ ਕਿੰਨੇ ਭੋਗ ਹਨ, ਹਰ ਤਰ੍ਹਾਂ ਨਾਲ ਮੈਂ ਤੇਰੀ ਸੇਵਾ ਕਰ ਰਹੀ ਹਾਂ ਪਰ ਇਕ ਗੱਲ ਤੂੰ ਮੇਰੀ ਮੰਨ ਕਿ ਮੇਰੀਆਂ ਇਨ੍ਹਾਂ ਸੇਵਾਵਾਂ ਦੀ ਕਦਰ ਕਰ, ਮੈਂ ਤੇਰੇ ਉਤੋਂ ਘੋਲ ਘੁਮਾਈ ਹੋ ਰਹੀ ਹਾਂ, ਮੈਂ ਤੈਨੂੰ ਆਪਣਾ ਸਰੂਪ ਹੀ ਬਣਾ ਲਿਆ ਹੈ। ਮੈਨੂੰ ਬਹੁਤ ਖੁਸ਼ੀ ਹੁੰਦੀ ਹੈ ਜਦੋਂ ਮੈਂ ਤੈਨੂੰ ਦੇਖਦੀ ਹਾਂ ਕਿ ਤੂੰ ਮੇਰੇ ਨਾਲ ਘੁਲ ਮਿਲ ਗਿਆ ਹੈਂ। ਮੈਨੂੰ ਕਿੰਨੀ ਪ੍ਰਸੰਨਤਾ ਹੁੰਦੀ ਹੈ ਜਦੋਂ ਤੂੰ ਕਹਿੰਦਾ ਹੈ ਕਿ ਮੈਂ ਦੇਹ ਹਾਂ। ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੁੰਦੀ ਹੈ ਕਿ ਮੇਰੇ ਤੇ ਤੇਰੇ ਵਿਚ ਫਰਕ ਨਹੀਂ ਹੈ। ਪਰ ਮੇਰੇ ਅੰਦਰ ਇਕ ਡਰ ਚਲ ਰਿਹਾ ਹੈ ਕਿ ਤੂੰ ਮੈਨੂੰ ਛੱਡ ਕੇ ਚਲਿਆ ਜਾਵੇਂਗਾ। ਮੈਨੂੰ ਛੱਡ ਕੇ ਨਾ ਜਾਈਂ ਮੈਂ ਤੇਰੀ ਬਾਂਦੀ ਹਾਂ, ਜੋ ਕਹੇਗਾ ਉਹ ਮੈਂ ਕਾਰ ਕਰਨ ਨੂੰ ਤਿਆਰ ਹਾਂ।

ਪਰ ਉਹ ਜੀਵ ਕਦੇ-ਕਦੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਜਾ ਕੇ ਆਪਣੇ ਆਪ ਨੂੰ ਦੇਹ ਤੋਂ ਵਖਰਾ ਵਜੂਦ ਮੰਨ ਲੈਂਦਾ ਹੈ ਅਤੇ ਇਹ ਵੀ ਜਾਣ ਜਾਂਦਾ ਹੈ ਕਿ ਮੈਂ ਕਰਮ ਅਤੇ ਕਿਰਤ ਦਾ ਬੰਨ੍ਹਿਆ ਹਾਂ, ਸੰਜੋਗ ਤੇ ਵਿਜੋਗ ਦੇ ਨਿਯਮ ਅਧੀਨ ਹੁਕਮ ਵਿਚ ਆਉਂਦਾ ਹਾਂ ਅਤੇ ਹੁਕਮ ਵਿਚ ਚਲਿਆ ਜਾਂਦਾ ਹਾਂ। ਭਾਵ ਮੈਂ ਦੇਹ ਦੇ ਭੋਗਾਂ ਦੇ ਵਿਚ ਲਿਪਤ ਹੋਇਆ ਹੋਇਆ ਆਪਣੇ ਆਪ ਨੂੰ ਇਹ ਵੀ ਕਹਿ ਦਿੰਦਾ ਹਾਂ ਕਿ ਮੈਂ ਮਰ ਜਾਣਾ ਹੈ, ਮੈਂ ਦੇਹ ਛੱਡ ਜਾਣੀ ਹੈ ਅਤੇ ਇਹ ਵੀ ਮੈਂ ਤਾਂ ਕਹਿੰਦਾ ਹਾਂ ਜੇ ਕੋਈ ਤੱਤ ਬੇਤਾ ਮਹਾਂਪੁਰਸ਼ ਮੈਨੂੰ ਦੇਹਵਾਦ ਤੋਂ ਛੁਡਾ ਕੇ ਮੇਰੇ ਅਸਲੀ ਸਰੂਪ ਦਾ ਗਿਆਨ ਕਰਾ ਦੇਵੇ। ਸੋ ਇਹ ਜੀਵ ਦੇਹ ਦੀਆਂ ਕੀਤੀਆਂ ਬੇਨਤੀਆਂ ਸੁਣ ਕੇ ਹਸ ਪੈਂਦਾ ਹੈ। ਇਹ ਜਾਣਦਾ ਹੈ ਕਿ ਮੈਂ ਚਲੇ ਜਾਣਾ ਹੈ, ਦੇਹੀ ਨੂੰ ਇਸ ਗੱਲ ਦਾ ਭੇਤ ਨਹੀਂ ਦਿੰਦਾ। ਜਦੋਂ ਹੁਕਮ ਵਿਚ ਬੁਲਾ ਲਿਆ ਜਾਂਦਾ ਹੈ, ਉਸ ਵੇਲੇ ਇਹ ਦੇਹ ਨੂੰ ਛੱਡਣ ਦੀ ਤਿਆਰੀ ਕਰਦਾ ਹੈ। ਇਹ ਸੁੰਦਰ ਦੇਹ ਬੇਨਤੀਆਂ ਕਰਦੀ ਹੈ ਕਿ ਮੈਂ ਤੇਰੇ ਵਾਸਤੇ ਸਾਰੀ ਜ਼ਿੰਦਗੀ ਕੁਰਬਾਨ ਕਰ ਦਿਤੀ, ਕਿੰਨੇ ਵਿਸ਼ਿਆਂ ਦੇ ਅਨੰਦ ਭੋਗਾਏ, ਅੱਖੀਆਂ ਰਾਹੀਂ ਕਿੰਨਾ ਕੁਝ ਦਿਖਾਇਆ, ਕੰਨਾਂ ਰਾਹੀਂ ਕਿੰਨੇ ਸੋਹਣੇ ਗੀਤ ਸੁਣਾਏ, ਜਿਹਭਾ ਰਾਹੀਂ ਤਰ੍ਹਾਂ-ਤਰ੍ਹਾਂ ਦੇ ਸੁਆਦ ਚਖਾਏ, ਨਾਸਕਾ ਰਾਹੀਂ ਕਿੰਨੀ ਸੁਗੰਧੀ ਅਤੇ ਸਪਰਸ਼ ਰਾਹੀਂ ਕਿੱਡੇ ਵੱਡੇ ਭੋਗਾਂ ਵਿਚ ਤੈਨੂੰ ਅਨੰਦ ਕਰਾਇਆ। ਪਰ ਤੂੰ ਮੇਰੀ ਕਦਰ ਨਹੀਂ ਜਾਣੀ। ਤੂੰ ਮੈਨੂੰ ਕਦੇ ਭਰੋਸਾ ਨਹੀਂ ਦਿਵਾਇਆ ਕਿ ਮੈਂ ਤੈਨੂੰ ਛੱਡ ਕੇ ਨਹੀਂ ਜਾਵਾਂਗਾ। ਉਸ ਵੇਲੇ ਜੀਵ ਹਸਦਾ ਹੈ ਕਿ ਮੈਂ ਤਾਂ ਕਈ ਦੇਹਾਂ ਵਿਚ ਅਨੰਦ ਮਾਣਦਾ ਫਿਰਿਆ ਹਾਂ। ਦੁਖ ਭੀ ਦੇਖੇ ਹਨ, ਸੁਖਾਂ ਦੇ ਝੂਟੇ ਭੀ ਲਏ ਹਨ। ਉਹ ਦੇਹ ਕਹਿੰਦੀ ਹੈ ਕਿ ਤੇਰੇ ਆਸਰੇ ਹੀ ਮੇਰੀਆਂ ਅੱਖਾਂ ਦੇਖਦੀਆਂ ਹਨ, ਤੇਰੇ ਆਸਰੇ ਹੀ ਮੈਂ ਸਰੀਰਕ ਭੋਗ ਭੋਗਦੀ ਹਾਂ, ਤੇਰੇ ਆਸਰੇ ਹੀ ਮੇਰਾ ਮਾਣ ਹੈ, ਮੇਰੀ ਕੀਮਤ ਹੈ, ਜੇ ਤੂੰ ਹੈਂ ਤਾਂ ਮੇਰੇ ਸਾਰੇ ਅੰਗ ਅਮੁੱਲ ਹਨ, ਤੇਰੇ ਬਿਨਾਂ ਨਾ ਮੇਰੀਆਂ ਅੱਖਾਂ ਨੇ ਵੇਖਣਾ ਹੈ, ਨਾ ਕੰਨਾਂ ਨੇ ਸੁਣਨਾ ਹੈ, ਮੇਰੀ ਸੁੰਦਰਤਾ ਖਿਨ ਵਿਚ ਮੁਰਝਾ ਜਾਣੀ ਹੈ, ਮੈਨੂੰ ਛੇਤੀ ਤੋਂ ਛੇਤੀ ਮੇਰੇ ਨਾਲ ਪਿਆਰ ਕਰਨ ਵਾਲੇ ਸਬੰਧੀਆਂ ਨੇ ਘਰੋਂ ਕੱਢ ਕੇ ਮਸਾਣਾਂ ਵਿਚ ਲੈ ਜਾਣਾ ਹੈ। ਦੇਖ ਪਿਆਰਿਆ! ਤੇਰੇ ਬਿਨਾਂ ਮੈਂ ਮਿਟੀ ਬਣ ਜਾਣਾ ਹੈ, ਮੈਨੂੰ ਕਿਸੇ ਨੇ ਜਲਾ ਦੇਣਾ ਹੈ, ਕਿਸੇ ਨੇ ਪਾਣੀ ਵਿਚ ਰੋੜ੍ਹ ਦੇਣਾ ਹੈ ਅਤੇ ਕਿਸੇ ਨੇ ਕਾਵਾਂ ਕੁਤਿਆਂ ਦੇ ਖਾਣ ਨੂੰ ਸੁੱਟ ਦੇਣਾ ਹੈ। ਮੇਰਾ ਬੁਰਾ ਹਾਲ ਹੋ ਜਾਵੇਗਾ, ਤੂੰ ਮੇਰੇ ਪਰਉਪਕਾਰਾਂ ਨੂੰ ਕਦੇ ਤਾਂ ਯਾਦ ਰੱਖ ਤੇ ਕਦੇ ਤਾਂ ਕਹਿ ਕਿ ਮੈਂ ਤੈਨੂੰ ਛੱਡ ਕੇ ਨਹੀਂ ਜਾਂਦਾ।

ਉਸ ਵੇਲੇ ਜੀਵ ਹਸਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਮੈਂ ਇਸ ਦੇਹ ਵਿਚ ਸਦਾ ਨਹੀਂ ਰਹਿਣਾ। ਮੈਂ ਚਲਿਆ ਜਾਣਾ ਹੈ, ਇਸ ਦੇਹ ਨੂੰ ਨਾ ਹੀ ਆਤਮ ਵਸਤੂ ਦਾ ਗਿਆਨ ਹੈ, ਨਾ ਹੀ ਇਹ ਜੀਵ ਆਤਮਾ ਵਸਤੂ ਤਕ ਪਹੁੰਚ ਸਕਦਾ ਹੈ। ਉਹ ਵੀ ਦੇਹ ਛੱਡ ਕੇ ਭਟਕਦਾ ਫਿਰਦਾ ਹੈ, ਕਦੇ ਕੋਈ ਦੇਹ ਧਾਰਦਾ ਹੈ, ਕਦੇ ਕੋਈ। ਇਸ ਨੂੰ ਦੇਹੀ ਵਿਚ ਸਮਾਏ ਹੋਏ ਨਾਮ ਦਾ ਪਤਾ ਨਹੀਂ ਚਲਦਾ ਅਤੇ ਵਾਸ਼ਨਾਵਾਂ ਦੀਆਂ ਪੈਦਾ ਕੀਤੀਆਂ ਭੁੱਖਾਂ ਅਤੇ ਪਿਆਸਾਂ ਨਾਲ ਪੀੜਤ ਹੈ। ਇਹ

ਦੇਹ ਬਚਪਨ ਤੋਂ ਜੁਆਨੀ ਵਿਚ ਆਈ, ਜੁਆਨੀ ਤੋਂ ਬੁਢੇਪੇ ਵਿਚ ਚਲੀ ਗਈ। ਇਸ ਦੇ ਸਾਥੀ ਇਸ ਨੂੰ ਛੱਡਣ ਲਗ ਗਏ। ਕੰਨਾਂ ਤੋਂ ਘੱਟ ਸੁਣਨ ਲਗ ਗਿਆ। ਜੀਭਾ ਤੋਂ ਥਥਲਾ ਕੇ ਬੋਲਣ ਲਗ ਗਿਆ। ਹੱਥ ਪੈਰ ਕੰਬਣ ਲਗ ਗਏ, ਇਸ ਦੇਹੀ ਨੂੰ ਪਤਾ ਲਗ ਗਿਆ ਕਿ ਮੇਰੀ ਬੇਬਸੀ ਦੇਖ ਕੇ ਇਹ ਜੀਵ ਭੀ ਮੈਨੂੰ ਛੱਡ ਕੇ ਚਲਿਆ ਜਾਵੇਗਾ। ਇਸਤ੍ਰੀ ਰੂਪ ਦੇਹੀ ਬੇਨਤੀ ਕਰਦੀ ਹੈ ਕਿ ਮੇਰੇ ਵਿਚ ਨਾਮ ਸਮਾਇਆ ਹੋਇਆ ਹੈ, ਤੂੰ ਉਸ ਦਾ ਅਨੰਦ ਮਾਣ ਫੇਰ ਤੈਨੂੰ ਬਹੁਤੀਆਂ ਦੇਹਾਂ ਵਿਚ ਜਾਣ ਦੀ ਲੋੜ ਨਹੀਂ ਰਹੇਗੀ। ਮੈਂ ਤੈਨੂੰ ਸਤਿਸੰਗ ਵਿਚ ਲੈ ਜਾਂਦੀ ਹਾਂ, ਉਥੇ ਤੂੰ ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ ਸੁਣ ਕੇ ਆਤਮ ਵਸਤੂ ਨੂੰ ਪ੍ਰਾਪਤ ਕਰ। ਮੈਂ ਤੈਨੂੰ ਵਿਸ਼ਿਆਂ ਵਿਚ ਲਾ ਛੱਡਿਆ, ਇਹ ਮੇਰੀ ਬੜੀ ਭਾਰੀ ਭੁੱਲ ਸੀ, ਹੁਣ ਮੇਰੇ ਸਾਥੀ ਮੈਨੂੰ ਛੱਡ ਗਏ। ਕੀ ਕਰਾਂ ਬੇਵਸ ਹਾਂ।

*ਚਬਣ ਚਲਨ ਰਤੰਨ ਸੇ*
*ਸੁਣੀਅਰ ਬਹਿ ਗਏ॥*
*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ॥*
*ਪੰਨਾ – 1381*

ਹੁਣ ਮੈਨੂੰ ਲਗਦਾ ਹੈ ਕਿ ਤੂੰ ਵੀ ਮੈਨੂੰ ਛੱਡ ਜਾਵੇਂਗਾ ਮੈਨੂੰ ਅਫਸੋਸ ਵੀ ਹੈ ਕਿ ਮੈਂ ਤੈਨੂੰ ਦੁਨੀਆਂ ਦੇ ਅਜੂਬੇ ਦਿਖਾਉਣ ਵਿਚ ਲਾ ਛੱਡਿਆ। ਤੇਰੇ ਕੰਨਾਂ ਨੂੰ ਗੀਤ ਸੁਣਨ ਵਿਚ ਲਾ ਛੱਡਿਆ। ਤੈਨੂੰ ਭੋਗਾਂ ਵਿਚ ਲਾ ਛੱਡਿਆ, ਪਰ ਮੈਂ ਹੁਣ ਕੀ ਕਰਾਂ? ਤੇਰੇ ਤੋਂ ਬਗੈਰ ਮੈਂ ਮਿਟੀ ਦੀ ਢੇਰੀ ਹਾਂ। ਮੇਰੇ ਵਿਚ ਬਹੁਤ ਕੀਮਤੀ ਚੀਜ਼ਾਂ ਨਾਮ ਵਰਗੀਆਂ ਸਨ, ਤੂੰ ਉਹ ਪ੍ਰਾਪਤ ਕਰਨੀਆਂ ਸਨ।

*ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
*ਪੰਨਾ–293*

ਉਸ ਜੀਵ ਨੇ ਕਿਹਾ ਕਿ ਸੱਚੀ ਗੱਲ ਮੈਂ ਤੈਨੂੰ ਦਸਾਂ ਮੈਂ ਰਸਾਂ ਵਿਚ ਲਿਪਤ ਹੋ ਗਿਆ, ਮੈਂ ਖੁੰਝ ਗਿਆ, ਜੋ ਚੀਜ਼ ਮੈਂ ਲੈਣ ਆਇਆ ਸੀ ਉਸ ਤੋਂ ਮੈਂ ਵਾਂਝਾ ਰਹਿ ਗਿਆ ਪਰ ਹੁਣ ਮੈਂ ਚਲੇ ਜਾਣਾ ਹੈ। ਮੈਂ ਹੁਕਮੀ ਬੰਦਾ ਹਾਂ ਜਿਸ ਠਾਕੁਰ ਦਾ ਮੈਂ ਚਾਕਰ ਹਾਂ ਉਹ ਬੇਮੁਹਤਾਜ ਹੈ, ਉਸ ਨੇ ਜਿੰਨੇ ਦਿਨ ਤੇਰੇ ਨਾਲ ਰਖਣਾ ਹੈ ਮੈਂ ਰਹਾਂਗਾ, ਜਦੋਂ ਸੱਦ ਲਿਆ ਮੈਂ ਉਠ ਕੇ ਚਲਿਆ ਜਾਵਾਂਗਾ।

ਦੇਹੀ ਨੂੰ ਇਨ੍ਹਾਂ ਸੱਚੇ ਬਚਨਾਂ ਦੀ ਸਮਝ ਨਹੀਂ ਆਉਂਦੀ। ਉਹ ਫੇਰ ਬਾਰ-ਬਾਰ ਇਸ ਨੂੰ ਆਪਣੇ ਨਾਲ ਰਹਿਣ ਲਈ ਕਹਿੰਦੀ ਹੈ ਪਰ ਜੀਵ ਹਾਸਾ ਕਰਕੇ ਗਿਣਦਾ ਹੈ। ਇਸ ਤਰ੍ਹਾਂ ਕਰਦੇ ਕਰਦੇ ਜੀਵ ਨੂੰ ਹੁਕਮ ਆ ਗਿਆ, ਜੀਵ ਨੇ ਦੇਹੀ ਨੂੰ ਦਸਿਆ ਵੀ ਨਹੀਂ ਕਿ ਤੂੰ ਪਿਛੋਂ ਉਦਾਸ ਨਹੀਂ ਹੋਣਾ। ਉਸ ਨੂੰ ਪਤਾ ਹੈ ਕਿ ਮੇਰੇ ਜਾਂਦਿਆਂ ਹੀ ਇਸ ਨੇ ਮਿਟੀ ਦੀ, ਸੁਆਹ ਦੀ ਢੇਰੀ ਬਣ ਜਾਣਾ ਹੈ। ਸੋ ਜੀਵ ਛੱਡ ਕੇ ਚਲਿਆ ਜਾਂਦਾ ਹੈ ਇਹ ਮਿੱਟੀ ਬਣ ਜਾਂਦੀ ਹੈ।

ਉਸ ਵੇਲੇ ਭਾਈ ਤਿਲੋਕਾ ਜੀ ਨੇ ਕਿਹਾ ਕਿ ਰਾਜਕੁਮਾਰੀ ਜੀ! ਤੁਸੀਂ ਅਸਲੀਅਤ ਨੂੰ ਸਮਝੋ ਮੈਂ ਤੁਹਾਨੂੰ ਦੇਹੀ, ਰੂਹ ਦੇ ਸੰਜੋਗ ਅਤੇ ਵਿਜੋਗ ਦਾ ਪ੍ਰਸੰਗ ਦਸਿਆ ਹੈ। ਅਸਾਨੂੰ ਇਹ ਜਨਮ ਸਤਿਗੁਰੂ ਦੀ ਸੇਵਾ ਕਰਨ ਵਾਸਤੇ ਪ੍ਰਾਪਤ ਹੋਇਆ ਹੈ। ਮਨਮੁਖ ਤਾਂ ਦੁਖ ਦਾ ਖੇਤ ਹੋਇਆ ਕਰਦਾ ਹੈ, ਮੈਂ ਬਲਿਹਾਰ ਜਾਂਦਾ ਹਾਂ ਆਪਣੇ ਸਤਿਗੁਰੂ ਤੋਂ, ਉਹ ਸੁਖਾਂ ਦਾ ਦਾਤਾ ਇਥੇ ਵੀ ਬਹੁੜੇਗਾ, ਤੂੰ ਬਚਨ ਦੀ ਕਮਾਈ ਕਰ। ਮੇਰੇ ਸਤਿਗੁਰੂ ਜੀ ਘਟ-ਘਟ ਵਿਚ ਵਿਆਪਕ ਪ੍ਰਭੂ ਦਾ ਰੂਪ ਹਨ ਉਹ ਤੈਨੂੰ ਉਥੇ ਹੀ ਪਹੁੰਚਾ ਦੇਣਗੇ ਜਿਥੇ ਜਾ ਕੇ ਮੈਂ ਰਹਿਣਾ ਵਸਣਾ ਹੈ। ਫੁਰਮਾਨ ਹੈ –

*ਏਕ ਵਸਤੁ ਕਉ ਪਹੁਚਿ ਨ ਸਾਕੈ*
*ਧਨ ਰਹਤੀ ਭੂਖ ਪਿਆਸਾ ਹੇ॥*
*ਧਨ ਕਰੈ ਬਿਨਉ ਦੋਊ ਕਰ ਜੋਰੈ॥*
*ਪ੍ਰਿਅ ਪਰਦੇਸਿ ਨ ਜਾਹੁ*
*ਵਸਹੁ ਘਰਿ ਮੋਰੈ॥*
*ਐਸਾ ਬਣਜੁ ਕਰਹੁ ਗ੍ਰਿਹ ਭੀਤਰਿ*
*ਜਿਤੁ ਉਤਰੈ ਭੂਖ ਪਿਆਸਾ ਹੇ॥*
*ਸਗਲੇ ਕਰਮ ਧਰਮ ਜੁਗ ਸਾਧਾ॥*
*ਬਿਨੁ ਹਰਿ ਰਸ ਸੁਖੁ ਤਿਲੁ ਨਹੀ ਲਾਧਾ॥*
*ਭਈ ਕ੍ਰਿਪਾ ਨਾਨਕ ਸਤਸੰਗੇ*
*ਤਉ ਧਨ ਪਿਰ ਅਨੰਦ ਉਲਾਸਾ ਹੇ॥*
*ਧਨ ਅੰਧੀ ਪਿਰੁ ਚਪਲੁ ਸਿਆਨਾ॥*
*ਪੰਚ ਤਤੁ ਕਾ ਰਚਨ ਰਚਾਨਾ॥*
*ਜਿਸੁ ਵਖਰ ਕਉ ਤੁਮ ਆਏ ਹਹੁ*
*ਸੋ ਪਾਇਓ ਸਤਿਗੁਰ ਪਾਸਾ ਹੇ॥*
*ਧਨ ਕਹੈ ਤੂ ਵਸੁ ਮੈ ਨਾਲੇ॥*
*ਪ੍ਰਿਅ ਸੁਖਵਾਸੀ ਬਾਲ ਗੁਪਾਲੇ॥*
*ਤੁਝੈ ਬਿਨਾ ਹਉ ਕਿਤ ਹੀ ਨ ਲੇਖੈ*
*ਵਚਨੁ ਦੇਹਿ ਛੋਡਿ ਨ ਜਾਸਾ ਹੇ॥*
*ਪਿਰਿ ਕਹਿਆ ਹਉ ਹੁਕਮੀ ਬੰਦਾ॥*
*ਓਹੁ ਭਾਰੋ ਠਾਕੁਰੁ*
*ਜਿਸੁ ਕਾਣਿ ਨ ਛੰਦਾ॥*
*ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ*
*ਜਾ ਸਦੇ ਤ ਊਠਿ ਸਿਧਾਸਾ ਹੇ॥*
*ਜਉ ਪ੍ਰਿਅ ਬਚਨ ਕਹੇ ਧਨ ਸਾਚੇ॥*
*ਧਨ ਕਛੂ ਨ ਸਮਝੈ ਚੰਚਲਿ ਕਾਚੇ॥*
*ਬਹੁਰਿ ਬਹੁਰਿ ਪਿਰ ਹੀ ਸੰਗੁ ਮਾਗੈ*
*ਓਹੁ ਬਾਤ ਜਾਨੈ ਕਰਿ ਹਾਸਾ ਹੇ॥*
*ਆਈ ਆਗਿਆ ਪਿਰਹੁ ਬੁਲਾਇਆ॥*
*ਨਾ ਧਨ ਪੁਛੀ ਨ ਮਤਾ ਪਕਾਇਆ॥*
*ਊਠਿ ਸਿਧਾਇਓ ਛੂਟਰਿ ਮਾਟੀ*

*ਦੇਖੁ ਨਾਨਕ ਮਿਥਨ ਮੋਹਾਸਾ ਹੇ।।*
*ਰੇ ਮਨ ਲੋਭੀ ਸੁਣਿ ਮਨ ਮੇਰੇ॥*
*ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ॥*
*ਬਿਨੁ ਸਤਿਗੁਰ ਪਚਿ ਮੂਏ ਸਾਕਤ ਨਿਗੁਰੇ*
*ਗਲਿ ਜਮ ਫਾਸਾ ਹੇ॥*
*ਮਨਮੁਖਿ ਆਵੈ ਮਨਮੁਖਿ ਜਾਵੈ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ*
*ਗੁਰਮੁਖਿ ਲੇਪੁ ਨ ਮਾਸਾ ਹੇ॥*
*ਗੁਰਮੁਖਿ ਸੋਇ ਜਿ ਹਰਿ ਜੀਉ ਭਾਇਆ॥*
*ਤਿਸੁ ਕਉਣੁ ਮਿਟਾਵੈ*
*ਜਿ ਪ੍ਰਭਿ ਪਹਿਰਾਇਆ।।*
*ਸਦਾ ਅਨੰਦੁ ਕਰੇ ਆਨੰਦੀ ਜਿਸੁ*
*ਸਿਰਪਾਉ ਪਇਆ ਗਲਿ ਖਾਸਾ ਹੇ॥*
*ਹਉ ਬਲਿਹਾਰੀ ਸਤਿਗੁਰ ਪੂਰੇ॥*
*ਸਰਣਿ ਕੇ ਦਾਤੇ ਬਚਨ ਕੇ ਸੂਰੇ॥*
*ਐਸਾ ਪ੍ਰਭੁ ਮਿਲਿਆ ਸੁਖਦਾਤਾ*
*ਵਿਛੁੜਿ ਨ ਕਤ ਹੀ ਜਾਸਾ ਹੇ॥*
*ਗੁਣ ਨਿਧਾਨ ਕਿਛੁ ਕੀਮ ਨ ਪਾਈ॥*
*ਘਟਿ ਘਟਿ ਪੂਰਿ ਰਹਿਓ ਸਭ ਠਾਈ॥*
*ਨਾਨਕ ਸਰਣਿ ਦੀਨ ਦੁਖ ਭੰਜਨ*
*ਹਉ ਰੇਣ ਤੇਰੇ ਜੋ ਦਾਸਾ ਹੇ॥*
*ਪੰਨਾ - 1073*

ਸਾਧਸੰਗਤ ਜੀ! ਆਪ ਨੇ ਗੁਰਬਾਣੀ ਅਨੁਸਾਰ ਦੇਹ ਅਤੇ ਜੀਵ ਆਤਮਾ ਦੇ ਸਬੰਧ ਬਾਰੇ ਗੁਰੂ ਮਹਾਰਾਜ ਦੀ ਬਾਣੀ ਰਾਹੀਂ ਸਰਵਣ ਕੀਤਾ ਕਿ ਰੂਹ ਅਤੇ ਜੀਵ ਦਾ ਮਿਲਾਪ ਕਿਰਤ ਤੇ ਸੰਜੋਗ ਨਾਲ ਹੁੰਦਾ ਹੈ। ਕਿਹੋ ਜਿਹਾ ਸਰੀਰ ਕਿਸ ਰੂਹ ਨੂੰ ਮਿਲਣਾ ਹੈ ਇਹ ਇਕ ਗੁੰਝਲ ਹੈ। ਜੀਵ ਸਰੀਰ ਛੱਡ ਕੇ ਕਿਥੇ ਚਲਿਆ ਜਾਂਦਾ ਹੈ, ਕਿਥੇ ਰਹਿੰਦਾ ਹੈ, ਕਿਥੋਂ ਆਉਂਦਾ ਹੈ ਇਹ ਕਹਿਣਾ ਬਹੁਤ ਮੁਸ਼ਕਲ ਹੈ -

*ਕਿਥਹੁ ਉਪਜੈ ਕਹ ਰਹੈ*
*ਕਹ ਮਾਹਿ ਸਮਾਵੈ॥*
*ਜੀਅ ਜੰਤ ਸਭਿ ਖਸਮ ਕੇ*
*ਕਉਣੁ ਕੀਮਤਿ ਪਾਵੈ॥ ਪੰਨਾ - 1193*

ਇਕ ਸਰੀਰ 'ਚੋਂ ਨਿਕਲ ਕੇ ਦੂਜਾ ਸਰੀਰ ਕਿਹੋ ਜਿਹਾ ਮਿਲਦਾ ਹੈ ਇਹ ਸਾਡੇ ਵਾਸਤੇ ਬੁਝਾਰਤਾਂ ਹੀ ਹਨ। ਪਰ ਜਦੋਂ ਅਸੀਂ ਗੁਰ ਇਤਿਹਾਸ ਨੂੰ ਵਾਚਦੇ ਹਾਂ ਤਾਂ ਸਾਨੂੰ ਕੁਝ ਸੰਕੇਤ ਮਿਲਦੇ ਹਨ ਜਿਨ੍ਹਾਂ ਰਾਹੀਂ ਸਾਨੂੰ ਨਿਰਣੇਪੂਰਵਕ ਸੋਝੀ ਹੁੰਦੀ ਹੈ ਕਿ ਇਹ ਜੀਵ ਸਰੀਰ ਰਾਹੀਂ ਕਰਮ ਬੀਜਦਾ ਹੈ, ਹਉਮੈ ਦੇ ਅਧੀਨ ਕਰਮ ਕਰਦਾ ਹੈ, ਕੁਝ ਚੰਗੇ ਕਰਮ ਵੀ ਕਰਦਾ ਹੈ ਅਤੇ ਕੁਝ ਮਾੜੇ ਕਰਮ ਵੀ ਕਰਦਾ ਹੈ। ਜਿਹੜੇ ਕਰਮ ਇਹ ਕਰ ਰਿਹਾ ਹੁੰਦਾ ਹੈ ਉਨ੍ਹਾਂ ਨੂੰ ਕ੍ਰਿਆਮਾਨ ਕਰਮ ਆਖਦੇ ਹਨ। ਕ੍ਰਿਆਮਾਨ ਕਰਮਾਂ ਦੀ ਗੱਠੜੀ ਬੰਨ੍ਹ ਕੇ ਇਹ ਪਰਲੋਕ ਨੂੰ ਜਾਂਦਾ ਹੈ -

*ਨਾਨਕ ਸੁਤੀ ਪੇਈਐ*
*ਜਾਣੁ ਵਿਰਤੀ ਸੰਨਿ॥*
*ਗੁਣਾ ਗਵਾਈ ਗੰਠੜੀ*
*ਅਵਗਣ ਚਲੀ ਬੰਨਿ॥ ਪੰਨਾ - 23*

ਉਹ ਕਰਮ ਉਸਦੇ ਲੇਖੇ ਪੱਤੇ ਵਿਚ ਜਮ੍ਹਾਂ ਹੋ ਜਾਇਆ ਕਰਦੇ ਹਨ। ਉਨ੍ਹਾਂ ਦਾ ਨਾਮ ਕ੍ਰਿਆਮਾਨ ਕਰਮਾਂ ਦੀ ਥਾਂ ਤੇ ਸਟੋਰ ਵਿਚ ਜਮ੍ਹਾਂ ਪਏ ਕਰਮ ਹੁੰਦਾ ਹੈ ਜਿਸਨੂੰ ਸੰਚਿਤ ਕਰਮ ਕਹਿੰਦੇ ਹਨ। ਉਸ ਤੋਂ ਬਾਅਦ ਉਸ ਦੀ ਕਿਰਤ ਦੇ ਮੁਤਾਬਿਕ ਕਰਮਾਂ ਦਾ ਫਲ ਭੁਗਤਾਉਣ ਲਈ ਨਵੇਂ ਸਰੀਰ ਵਿਚ ਭੇਜਿਆ ਜਾਂਦਾ ਹੈ। ਜੋ ਕਰਮ ਨਾਲ ਭੇਜੇ ਜਾਂਦੇ ਹਨ ਉਨ੍ਹਾਂ ਨੂੰ ਪਰਾਲਬਧ ਕਰਮ ਕਿਹਾ ਜਾਂਦਾ ਹੈ। ਕਰਮ ਕਰਨੇ ਤਾਂ ਆਦਮੀ ਦੇ ਹੱਥ ਵਿਚ ਹਨ ਕਿਉਂਕਿ ਹਉਮੈ ਮੰਡਲ ਵਿਚ ਹੋਣ ਕਰਕੇ ਇਹ ਹੁਕਮ ਦੀ ਸੋਝੀ ਤੋਂ ਅਗਿਆਤ ਹੁੰਦਾ ਹੈ ਅਤੇ ਮੰਨਦਾ ਹੈ ਕਿ ਮੈਂ ਕਰਮ ਕਰਦਾ ਹਾਂ, ਇਹ ਕਰਮਾਂ ਦਾ ਫਲ ਆਪਣੇ ਕੋਲ ਰੱਖ ਲੈਂਦਾ ਹੈ। ਜਦੋਂ ਕਰਮਾਂ ਦਾ ਫਲ ਜੀਵ ਦੇ ਨਾਲ ਨਵੀਂ ਦੇਹ ਵਿਚ ਪ੍ਰਵੇਸ਼ ਕਰਕੇ ਮਿਲਦਾ ਹੈ ਉਸ ਨੂੰ ਪ੍ਰਾਲਬਧ ਕਰਮ ਕਹਿੰਦੇ ਹਨ। ਉਹ ਸਭ ਇਸ ਨੂੰ ਭੋਗਣੇ ਪੈਂਦੇ ਹਨ।

*ਭੋਗੇ ਬਿਨ ਭਾਗੇ ਨਹੀ*
*ਕਰਮ ਗਤੀ ਬਲਵਾਨ।*

ਗੁਰੂ ਪਾਤਸ਼ਾਹ ਵੀ ਐਸਾ ਹੀ ਫੁਰਮਾਨ ਕਰਦੇ ਹਨ ਕਿ ਇਹ ਜੀਵ ਜਿਹੋ ਜਿਹੇ ਕਰਮ ਕਰਦਾ ਹੈ, ਓਨਾਂ ਚੰਗਾ ਮੰਦਾ ਫਲ ਵੱਢਣਾ ਪੈਂਦਾ ਹੈ। ਆਪਣੇ ਕਰਮਾਂ ਦੀ ਸਜ਼ਾ ਭੁਗਤਣ ਸਮੇਂ ਦੂਜਿਆਂ ਨੂੰ ਦੋਸ਼ ਦਿੰਦਾ ਹੈ।

*ਦਦੈ ਦੋਸੁ ਨ ਦੇਊ*
*ਕਿਸੈ ਦੋਸੁ ਕਰੰਮਾ ਆਪਣਿਆ॥*
*ਜੋ ਮੈ ਕੀਆ ਸੋ ਮੈ ਪਾਇਆ*
*ਦੋਸੁ ਨ ਦੀਜੈ ਅਵਰ ਜਨਾ॥*
*ਪੰਨਾ - 433*

ਇਥੇ ਮੈਂ ਆਪ ਦੀ ਗਿਆਤ ਵਾਸਤੇ ਗੁਰ ਇਤਿਹਾਸ ਅਤੇ ਗੁਰਬਾਣੀ ਰਾਹੀਂ ਜੋ ਸੰਕੇਤ ਜੀਵ ਦੇ ਸਫਰ ਬਾਰੇ ਕਿਤੇ-ਕਿਤੇ ਪ੍ਰਗਟ ਹੋਏ ਹਨ ਉਹ ਮੈਂ ਬੇਨਤੀ ਕਰਦਾ ਹਾਂ।

ਗੁਰ ਇਤਿਹਾਸ ਦੇ ਅੰਦਰ ਕਿਤੇ ਕਿਤੇ ਐਸੀਆਂ ਸਾਖੀਆਂ ਆਉਂਦੀਆਂ ਹਨ ਜਿਨ੍ਹਾਂ ਤੋਂ ਇਸ ਗੋਹਝ ਵਿਸ਼ੇ ਦੇ ਗੁਪਤ ਵਰਤਾਰੇ ਤੋਂ ਪੜਦਾ ਉਠਿਆ ਹੋਇਆ ਹੁੰਦਾ ਹੈ ਜਿਵੇਂ ਕਿ ਗੁਰੂ ਨਾਨਕ ਪਾਤਸ਼ਾਹ ਦੇ ਸਬੰਧ ਵਿਚ ਇਕ ਕਥਾ ਆਉਂਦੀ ਹੈ।

ਗੁਰੂ ਮਹਾਰਾਜ ਜੀ (ਗੁਰੂ ਨਾਨਕ ਪਾਤਸ਼ਾਹ ਜੀ) ਲਾਹੌਰ ਦੇ ਨੇੜੇ ਹੀ ਰਾਵੀ ਦੇ ਕੰਢੇ ਇਕ ਹਰਿਆਵਲੇ ਸੁਹਾਵਣੇ ਤੇ ਸੁਥਰੇ ਥਾਂ ਤੇ ਸੰਗਤਾਂ ਦਾ ਉਧਾਰ ਕਰ ਰਹੇ ਸਨ, ਲਾਹੌਰ ਵਿਚ ਸੰਗਤਾਂ ਨੂੰ ਪਤਾ ਚਲਿਆ ਤਾਂ ਉਹ ਆਪਣੇ ਕਲਿਆਣ ਹਿਤ ਅੰਮ੍ਰਿਤ ਵੇਲੇ ਉਠ ਕੇ ਗੁਰੂ

ਮਹਾਰਾਜ ਜੀ ਦੀ ਚਰਨ ਸ਼ਰਨ ਆ ਜਾਂਦੇ ਸਨ। ਪਹਿਲਾਂ ਆਪ ਦੇ ਪਵਿੱਤਰ ਮੁਖਾਰਬਿੰਦ ਤੋਂ ਕੀਰਤਨ ਸਰਵਣ ਕਰਦੇ ਸਨ ਉਸ ਪਿਛੋਂ ਗੁਰੂ ਜੀ ਸਤਿ ਬਚਨ ਤੱਤ ਗਿਆਨ ਦੇ ਭੰਡਾਰੇ ਬਖਸ਼ਦੇ ਸਨ। ਆਪ ਦੀ ਕੀਰਤੀ ਅਤੇ ਸੋਭਾ ਦਿਨੋ ਦਿਨ ਫੈਲਦੀ ਗਈ ਉਸੇ ਸ਼ਹਿਰ ਦੇ ਅੰਦਰ ਇਕ ਬਹੁਤ ਵੱਡਾ ਕਰੋੜੀਆ (ਕਰੋੜਾਂ ਪਤੀ) ਰਹਿੰਦਾ ਸੀ। ਉਸ ਨੇ ਆਪਣੇ ਮਹਿਲ ਦੇ ਉਤੇ ਸੱਤ ਧ੍ਵਜਾ (ਝੰਡੇ) ਲਾਏ ਹੋਏ ਸਨ ਜੋ ਇਹ ਦਸਦੇ ਸਨ ਕਿ ਸੱਤ ਕਰੋੜ ਜਾਇਦਾਦ ਦਾ ਮਾਲਕ ਹੈ। ਪਿਛਲੇ ਸਮਿਆਂ ਵਿਚ ਇਹ ਗੱਲਾਂ ਆਮ ਹੀ ਹੋਇਆ ਕਰਦੀਆਂ ਸੀ। ਆਪਣੀ ਅਮੀਰੀ ਦਾ ਪ੍ਰਗਟਾਅ ਕਰਨ ਲਈ ਮਕਾਨਾਂ ਉਪਰ ਖਾਸ ਰੰਗ ਦੇ ਝੰਡੇ ਲਾ ਲਿਆ ਕਰਦੇ ਸਨ ਕੁਝ ਝੰਡੇ ਦਸ ਦਿਆ ਕਰਦੇ ਸਨ ਕਿ ਇਹ ਹਜ਼ਾਰੀ ਹੈ, ਲੱਖੀ ਹੈ, ਕਰੋੜੀ ਹੈ। ਕਰੋੜਾਂ ਰੁਪਿਆ ਵਾਲਿਆਂ ਦੀਆਂ ਹੁੰਡੀਆਂ ਦੇਸ਼ਾਂ ਵਿਦੇਸ਼ਾਂ ਵਿਚ ਚਲਿਆ ਕਰਦੀਆਂ ਸਨ। ਸਾਰਾ ਪੈਸਾ ਵਣਜ ਵਪਾਰ ਵਿਚ ਲਗਿਆ ਕਰਦਾ ਸੀ। ਉਸ ਨੇ ਵੀ ਗੁਰੂ ਨਾਨਕ ਪਾਤਸ਼ਾਹ ਬਾਰੇ ਸੁਣਿਆ। ਉਹ ਆਪਣੇ ਨੌਕਰ ਨੂੰ ਨਾਲ ਲੈ ਕੇ ਅੰਮ੍ਰਿਤ ਵੇਲੇ ਰਾਵੀ ਕੰਢੇ ਗੁਰ ਦਰਬਾਰ ਵਿਚ ਪਹੁੰਚਿਆ, ਅਮੀਰ ਸੀ, ਉਥੇ ਪਹੁੰਚਣ ਲਈ ਬੱਘੀ ਲੈ ਕੇ ਪਹੁੰਚਿਆ। ਬੜੇ ਪਿਆਰ ਦੇ ਨਾਲ ਗੁਰੂ ਮਹਾਰਾਜ ਦੇ ਪਵਿੱਤਰ ਮੁਖਾਰਬਿੰਦ ਤੋਂ ਕੀਰਤਨ ਸਰਵਣ ਕਰਿਆ ਅਤੇ ਫੇਰ ਪ੍ਰਵਚਨ ਸ੍ਰਵਣ ਕੀਤੇ। ਉਸ ਦੇ ਮਨ ਵਿਚ ਐਨਾ ਪਿਆਰ ਜਾਗਿਆ ਕਿ ਉਹ ਗੁਰੂ ਦਾ ਹੋ ਕੇ ਹੀ ਰਹਿ ਗਿਆ। ਸੰਗਤਾਂ ਗੁਰੂ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਆਗਿਆ ਲੈ ਕੇ ਆਪਣੇ ਘਰਾਂ ਨੂੰ ਪਰਤ ਰਹੀਆਂ ਸਨ। ਇਹ ਦੁਨੀਚੰਦ ਸੇਠ ਉਥੇ ਕਾਫੀ ਦੇਰ ਬੈਠਾ ਰਿਹਾ। ਜਦੋਂ ਭੀੜਾਂ ਘਟੀਆਂ ਤਾਂ ਇਸ ਨੇ ਬੜੀ ਅਧੀਨਗੀ ਨਾਲ ਬੇਨਤੀ ਕੀਤੀ ਕਿ ਪਾਤਸ਼ਾਹ! ਮੇਰੇ ਪਿਤਾ ਦਾ ਸ਼ਰਾਧ ਹੈ। ਆਪ ਉਸ ਵਿਚ ਸ਼ਾਮਲ ਹੋਵੋ ਤਾਂ ਕਿ ਮੇਰੇ ਪਿਤਾ ਦੀ ਕਲਿਆਣ ਹੋਵੇ। ਆਪ ਜਾਣਦੇ ਹੀ ਹੋ ਕਿ ਲਾਇਕ ਪੁਤਰਾਂ ਦੇ ਸਿਰ ਪਿਤਰ ਦੰਡ ਹੋਇਆ ਕਰਦਾ ਹੈ ਜੋ ਪੁਤਰਾਂ ਨੂੰ ਦੇਣਾ ਹੀ ਪੈਂਦਾ ਹੈ, ਉਸ ਦੀ ਕਲਿਆਣ ਲਈ ਸ਼ਰਾਧ ਕੀਤੇ ਜਾਂਦੇ ਹਨ। ਕਲ੍ਹ ਨੂੰ ਆਪ ਦਾਸ ਦੇ ਘਰ ਪਧਾਰੋ, ਹੁਕਮ ਹੋਵੇ ਤਾਂ ਮੈਂ ਆਪ ਜੀ ਦੀ ਸਵਾਰੀ ਲਈ ਬੱਘੀ ਭੇਜ ਦੇਵਾਂ ਜਾਂ ਮੈਂ ਖੁਦ ਹਾਜ਼ਰ ਹੋ ਜਾਵਾਂ। ਗੁਰੂ ਮਹਾਰਾਜ ਜੀ ਸੁਣ ਕੇ ਕਹਿਣ ਲੱਗੇ ਭਾਈ ਦੁਨੀਚੰਦ ਜੀ! ਕੋਈ ਗੱਲ ਨਹੀਂ ਅਸੀਂ ਬਲਿਹਾਰੀ ਕੁਦਰਤ ਵਸਿਆ ਦੇ ਦਰਸ਼ਨ ਕਰਦੇ ਰਾਵੀ ਦੇ ਕੰਢੇ ਟਹਿਲਦੇ ਆਪ ਹੀ ਪਹੁੰਚ ਜਾਵਾਂਗੇ, ਤੂੰ ਫਿਕਰ ਨਾ ਕਰ ਇਹ ਜੋ ਤੂੰ ਆਪਣੇ ਪਿਤਾ ਦੀ ਕਲਿਆਣ ਵਾਸਤੇ ਗੱਲ ਕਰੀ ਹੈ ਇਹ ਲਾਇਕ ਪੁੱਤਰਾਂ ਦਾ ਫਰਜ਼ ਹੋਇਆ ਕਰਦਾ ਹੈ ਕਿ ਆਪਣੇ ਪਿਤਾ ਦਾ, ਦਾਦੇ ਦਾ ਦਾਨ ਕਰਕੇ ਉਧਾਰ ਕਰੇ। ਭਾਈ ਦੁਨੀਚੰਦ! ਇਥੋਂ ਤਕ ਵਾਹਿਗੁਰੂ ਜੀ ਨੇ ਜੀਵ ਦੇ ਭਲੇ ਦੀ ਰਿਆਇਤ ਦਿਤੀ ਹੋਈ ਹੈ ਕਿ ਜਿਸ ਕੁਲ ਵਿਚ ਇਕ ਬ੍ਰਹਮਗਿਆਨੀ ਪ੍ਰਗਟ ਹੋ ਜਾਵੇ ਉਸ ਕੁਲ ਦੀਆਂ ਇਕ ਸੌ ਇਕ ਕੁਲਾਂ ਤਰ ਜਾਇਆ ਕਰਦੀਆਂ ਹਨ।

ਸਾਧਸੰਗਤ ਜੀ! ਇਨ੍ਹਾਂ ਕੁਲਾਂ ਬਾਰੇ ਪਹਿਲਾਂ ਵੀ ਕਈ ਵਾਰੀ ਦਸਿਆ ਜਾ ਚੁਕਿਆ ਹੈ ਉਹ ਇਸ ਤਰ੍ਹਾਂ ਹੈ –

ਕੁਲਮ ਪਵਿਤ੍ਰਮ ਜਨਨੀ ਕ੍ਰਿਤਾਰਥਾ
ਬਸੁੰਧਰਾ ਪੁਣਯਵਤੀ ਚ ਤੇਨ।
ਅਪਾਰ ਸੰਵਿਤ ਸੁਖ ਸਾਗਰੇ ਅਸਮਿਨ
ਲੀਨੰ ਪਰੇ ਬ੍ਰਹਮਣੀ ਯਸਜ ਚੇਤਹ।
(ਸਕੰਦ ਪੁਰਾਣ)

ਉਸ ਨਾਮ ਜਪਣ ਵਾਲੇ ਪੁਰਸ਼ ਦੀ ਕੁਲ ਪਵਿੱਤਰ ਤੇ ਮਾਤਾ ਕ੍ਰਿਤ-ਕ੍ਰਿਤ ਹੋ ਜਾਂਦੀ ਹੈ। ਜਿਥੇ ਉਸ ਦਾ ਜਨਮ ਹੁੰਦਾ ਹੈ, ਜਿਥੇ ਜਾ ਕੇ ਉਹ ਵਸਦਾ ਹੈ, ਉਹ ਧਰਤੀ ਵੀ ਬੜੇ ਭਾਗਾਂ ਵਾਲੀ ਹੁੰਦੀ ਹੈ ਐਸਾ ਵੀ ਦਸਦੇ ਹਨ –

ਬ੍ਰਹਮਵਿਤ ਮਾਤ੍ਰੇਣ ਏਕੋਤ੍ਰ
ਸ਼ਤੰ ਕੁਲੰ ਤਾਰਯਤੀ।
(ਪੈਂਗਲੋ ਉਪਨਿਸ਼ਦ)

ਅਨੁਭਵੀ ਤੱਤ ਬੇਤੇ ਮਹਾਂਪੁਰਸ਼ਾਂ ਨੇ ਇਸ ਤਰ੍ਹਾਂ ਵੀ ਲਿਖਿਆ ਹੈ –

ਪਿਤਾ ਸਾਚ ਚੌਬੀਸ ਬੀਸ
ਮਾਤਾ ਕੇ ਜਾਨੋ।
ਖੋੜਸ ਤੁਲਾ ਮਹਾਨ
ਦੁਆਦਸ ਸੁਤਾ ਪਛਾਨੋ।
ਏਕਾਦਸ ਕੁਲ ਭੈਣ ਦਸ ਭੂਆ ਕੇ ਲੇਖੇ।
ਮਾਤ ਭੈਣ ਕੁਲ ਆਠ
ਸ਼ਤ੍ਰੀ ਸਿੰਮ੍ਰਤੀ ਪੇਖੇ।

ਸੋ ਮਾਤਾ ਪਿਤਾ ਦੀ ਸਹਾਇਤਾ ਲਈ ਪ੍ਰਲੋਕ ਵਾਸਤੇ ਅਸਾਡੀ ਪੁਰਾਤਨ ਸਭਿਅਤਾ ਵਿਚ ਅਜਿਹੀਆਂ ਰੀਤਾਂ ਆਮ ਹੋਇਆ ਕਰਦੀਆਂ ਸਨ। ਇਹ ਗੱਲ ਵਖਰੀ ਹੈ ਕਿ ਸਮੇਂ ਲੰਘਣ ਨਾਲ ਸ਼ਰਾਧ ਵਗੈਰਾ ਇਕ ਰਸਮ ਬਣ ਗਈ, ਜਿਨ੍ਹਾਂ ਦਾ ਫਲ ਮਿਲਣਾ ਮੁਸ਼ਕਲ ਹੋ ਗਿਆ ਸੀ ਇਸੇ ਕਰਕੇ ਕਬੀਰ ਜੀ ਨੇ ਫੁਰਮਾਨ ਕੀਤਾ ਹੈ –

ਜੀਵਤ ਪਿਤਰ ਨ ਮਾਨੈ ਕੋਊ
ਮੂਏਂ ਸਿਰਾਧ ਕਰਾਹੀ॥
ਪਿਤਰ ਭੀ ਬਪੁਰੇ ਕਹੁ
ਕਿਉ ਪਾਵਹਿ ਕਊਆ ਕੂਕਰ ਖਾਹੀ॥
ਪੰਨਾ – 332

ਅਤੇ ਰਸਮੀ ਤੌਰ ਤੇ ਸ਼ਰਾਧ ਮਨਾਉਣ ਵਾਸਤੇ ਕਈ ਤਰ੍ਹਾਂ ਦੇ ਬਚਨ ਹਨ –

ਜੇ ਮੋਹਾਕਾ ਘਰੁ ਮੁਹੈ
ਘਰੁ ਮੁਹਿ ਪਿਤਰੀ ਦੇਇ॥
ਅਗੈ ਵਸਤੁ ਸਿਞਾਣੀਐ
ਪਿਤਰੀ ਚੋਰ ਕਰੇਇ॥

*ਵਢੀਅਹਿ ਹਥ ਦਲਾਲ ਕੇ*
*ਮੁਸਫੀ ਏਹ ਕਰੇਇ॥*
*ਨਾਨਕ ਅਗੈ ਸੋ ਮਿਲੈ*
*ਜਿ ਖਟੇ ਘਾਲੇ ਦੇਇ॥ ਪੰਨਾ - 472*

ਮਾਂ ਬਾਪ, ਮਹਾਂਪੁਰਸ਼ਾਂ ਦੀ ਯਾਦ ਵਿਚ ਅਸੀਂ ਵੀ ਕੀਰਤਨ ਸਮਾਗਮ, ਅਖੰਡਪਾਠ ਕਰਾਉਂਦੇ ਹਾਂ ਅਤੇ ਸੰਗਤ ਅਰਦਾਸ ਕਰਦੀ ਹੈ ਕਿ ਇਸ ਦਾ ਫਲ ਵਿਛੜੀ ਹੋਈ ਰੂਹ ਨੂੰ ਜਿਥੇ ਕਿਤੇ ਵੀ ਉਹ ਹੈ ਉਸ ਨੂੰ ਮਿਲ ਜਾਵੇ। ਇਹ ਨਿਰਾਰਥਕ ਗੱਲ ਨਹੀਂ ਹੋਇਆ ਕਰਦੀ ਜੇ ਪੂਰੀ ਵਿਧੀ ਤੇ ਸੱਚ ਨੂੰ ਸਾਮ੍ਹਣੇ ਰੱਖ ਕੇ ਕੀਤੀ ਜਾਵੇ।

ਇਸੇ ਸਬੰਧ ਵਿਚ ਇਕ ਵਾਰਤਾ **Readers Digest** ਨਾਮਕ ਮੈਗਜ਼ੀਨ ਵਿਚ 1951 ਵਿਚ ਛਪੀ ਸੀ ਜੋ ਲੰਡਨ ਦੇ ਇਕ ਅੰਗਰੇਜ਼ ਵਲੋਂ ਸੀ। ਉਸਨੇ ਲਿਖਿਆ ਕਿ ਮੇਰੇ ਪਿਤਾ ਜੀ ਚੜ੍ਹਾਈ ਕਰ ਗਏ ਸਨ, ਉਹ ਚੰਗੇ ਅਮੀਰ ਸਨ। ਮੈਨੂੰ ਬਹੁਤ ਵੱਡੀ ਜਾਇਦਾਦ ਦਾ ਮਾਲਕ ਆਪਣੀ **will** ਕਰਕੇ ਬਣਾ ਗਏ। ਮ੍ਰਿਤੂ ਤੋਂ ਪੂਰੇ ਦੋ ਮਹੀਨੇ ਪਿਛੋਂ ਉਹ ਮੇਰੇ ਸੁਪਨੇ ਵਿਚ ਆਏ ਅਤੇ ਉਨ੍ਹਾਂ ਨੇ ਮੇਰੇ ਨਾਲ ਗੱਲਬਾਤ ਕਰਨੀ ਸ਼ੁਰੂ ਕਰ ਦਿਤੀ। ਮੈਨੂੰ ਨਾ ਤਾਂ ਪੂਰੀ ਤਰ੍ਹਾਂ ਸੁਪਨਾ ਹੀ ਆ ਰਿਹਾ ਸੀ ਨਾ ਮੈਂ ਪੂਰੀ ਤਰ੍ਹਾਂ ਜਾਗ ਰਿਹਾ ਸੀ ਪਰ ਜੋ ਕੁਝ ਹੋ ਰਿਹਾ ਸੀ ਉਹ ਮੈਨੂੰ ਪੂਰੀ ਤਰ੍ਹਾਂ ਨਾਲ ਸੁਣ ਰਿਹਾ ਸੀ। ਇਹ ਭੀ ਸਰੀਰਕ ਚੇਤਨਤਾ ਦੀ ਕੋਈ ਅਵਸਥਾ ਹੀ ਸੀ ਜੋ ਪਹਿਲਾਂ ਕਦੇ ਮੇਰੇ ਤਜਰਬੇ ਵਿਚ ਨਹੀਂ ਆਈ ਸੀ। ਆਪ ਕਹਿਣ ਲੱਗੇ ਕਿ ਬੇਟਾ! ਮੈਂ ਤੈਨੂੰ ਬਹੁਤ ਵੱਡੀ ਜਾਇਦਾਦ ਦਾ ਮਾਲਕ ਬਣਾਇਆ ਹੈ। ਮੈਂ ਹਾਂ ਵਿਚ ਉਤਰ ਦਿੰਦੇ ਨੇ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ, "ਬੇਟਾ! ਮੈਂ ਤੇਰੇ ਤੋਂ ਕੁਝ ਮਦਦ ਲੈਣੀ ਚਾਹੁੰਦਾ ਹਾਂ, ਗੱਲ ਇਸ ਤਰ੍ਹਾਂ ਹੈ ਕਿ ਮੈਂ ਮਰਨ ਪਿਛੋਂ ਇਕ ਅਜਿਹੇ ਸਵਰਗ ਵਿਚ ਪਹੁੰਚ ਗਿਆ ਹਾਂ ਜਿਥੇ ਸੁਖ ਤਾਂ ਬਹੁਤ ਹੈ ਪਰ ਹਨ੍ਹੇਰ ਘੁਪ ਹੈ। ਮੇਰੇ ਤੋਂ ਦੂਰ ਇਕ ਹੋਰ ਰੂਹ ਸਵਰਗ ਵਿਚ ਰਹਿੰਦੀ ਹੈ। ਉਸ ਦੇ ਕੋਲ ਪ੍ਰਕਾਸ਼ ਹੈ, ਮੈਂ ਉਸ ਦੇ ਪਾਸ ਗਿਆ, ਉਸ ਨੂੰ ਮੈਂ ਕਿਹਾ ਕਿ ਮੇਰੇ ਕੋਲ ਪ੍ਰਕਾਸ਼ ਕਿਉਂ ਨਹੀਂ ਹੈ? ਉਸ ਨੇ ਉਤਰ ਦਿੰਦਿਆ ਕਿਹਾ ਕਿ ਤੂੰ ਸੰਸਾਰ ਵਿਚ ਦਾਨ ਤਾਂ ਕੀਤਾ ਹੈ ਜਿਸ ਦੇ ਫਲਸਰੂਪ ਤੈਨੂੰ ਅਜਿਹੀ ਥਾਂ ਮਿਲ ਗਈ ਪਰ ਤੂੰ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ ਕਿਉਂਕਿ ਇਸ ਲੋਕ ਵਿਚ ਸੂਰਜ ਤੋਂ ਚਾਨਣਾ ਨਹੀਂ ਮਿਲਦਾ, ਚੰਦਰਮਾ ਤਾਰਿਆਂ ਤੋਂ ਚਾਨਣਾ ਨਹੀਂ ਮਿਲਦਾ, ਬਿਜਲੀ ਤੋਂ ਚਾਨਣਾ ਨਹੀਂ ਮਿਲਦਾ ਜੇ ਚਾਨਣਾ ਮਿਲਦਾ ਹੈ ਤਾਂ ਉਹ ਪ੍ਰਭੂ ਦੇ ਨਾਮ ਤੋਂ ਪ੍ਰਾਪਤ ਹੁੰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜਿਆਰਾ॥*
*ਪੰਨਾ - 264*

ਹੁਣ ਤਾਂ ਤੈਨੂੰ ਸਮਾਂ ਹਨ੍ਹੇਰੇ ਵਿਚ ਹੀ ਕੱਟਣਾ ਪਵੇਗਾ ਪਰ ਇਕ ਗੱਲ ਜੇ ਤੂੰ ਕਰਾ ਲਵੇਂ ਤਾਂ ਤੇਰੀ ਮਦਦ ਵੀ ਹੋ ਸਕਦੀ ਹੈ। ਉਹ ਇਸ ਤਰ੍ਹਾਂ ਹੈ ਕਿ ਕੋਈ ਤੇਰਾ ਪੁੱਤਰ, ਸਬੰਧੀ ਤੇਰੇ ਨਮਿਤ ਦੋ ਮਹੀਨੇ ਲਗਾਤਾਰ ਇਕ ਚਿਤ ਹੋ ਕੇ ਨਾਮ ਜਪੇ ਅਤੇ ਉਸਦਾ ਫਲ ਤੈਨੂੰ ਅਰਪ ਦੇਵੇ ਤਾਂ ਪ੍ਰਕਾਸ਼ ਹੋ ਸਕਦਾ ਹੈ।

ਮੇਰਾ ਪਿਤਾ ਕਹਿਣ ਲੱਗਿਆ ਕਿ ਬੇਟਾ! ਕੀ ਤੂੰ ਮੇਰੀ ਮਦਦ ਕਰ ਸਕਦਾ ਹੈਂ? ਪਿਤਾ ਦੀ ਗੱਲ ਸੁਣ ਕੇ ਮੈਨੂੰ ਬਹੁਤ ਅਸਚਰਜਤਾ ਹੋਈ ਕਿ ਮੇਰਾ ਪਿਤਾ ਹਨ੍ਹੇਰੇ ਵਿਚ ਰਹਿੰਦਾ ਹੈ, ਦੁਖ ਪਾ ਰਿਹਾ ਹੈ। ਮੈਂ ਕਿਹਾ, "ਪਿਤਾ ਜੀ! ਮੈਂ ਅੱਜ ਹੀ ਛੁੱਟੀ ਲਵਾਂਗਾ ਅਤੇ ਕਿਸੇ ਇਕਾਂਤ ਥਾਂ ਬੈਠ ਕੇ ਬਾਈਬਲ ਦੇ ਅਨੁਸਾਰ ਪਾਦਰੀ ਤੋਂ ਪੁਛ ਕੇ ਭਜਨ ਬੰਦਗੀ ਕਰਾਂਗਾ। ਮੈਂ ਦੋ ਮਹੀਨੇ ਦੀ ਛੁਟੀ ਲੈ ਲਈ। ਮੈਂ ਦੋ ਮਹੀਨੇ ਟਿਕ ਕੇ ਭਗਤੀ ਕੀਤੀ, ਇਬਾਦਤ ਕੀਤੀ ਉਪਰੰਤ ਮੈਂ ਇਸਦਾ ਫਲ ਆਪਣੇ ਪਿਤਾ ਨੂੰ ਅਰਪ ਦਿਤਾ। ਰਾਤ ਨੂੰ ਮੇਰੇ ਪਿਤਾ ਜੀ ਫੇਰ ਸੁਪਨੇ ਵਿਚ ਆਏ। ਮੇਰੇ ਚੰਗੀ ਤਰ੍ਹਾਂ ਯਾਦ ਹੈ ਉਹ ਨਾ ਤਾਂ ਸੁਪਨਾ ਸੀ ਨਾ ਜਾਗਦਾ ਸੀ, ਜਾਗਣ ਅਤੇ ਸੌਣ ਦੇ ਵਿਚ ਵਿਚਾਲੇ ਜੋ ਮੇਰੀ ਹਾਲਤ ਸੀ ਉਸ ਵਿਚ ਆਏ ਉਨ੍ਹਾਂ ਨੇ ਕਿਹਾ ਬੇਟਾ! ਤੇਰਾ ਮੈਂ ਅਹਿਸਾਨ ਕਦੇ ਨਹੀਂ ਭੁਲਾਂਗਾ ਕਿਉਂਕਿ ਮੇਰੇ ਪਾਸ ਪ੍ਰਕਾਸ਼ ਆ ਗਿਆ ਹੈ, ਮੈਂ ਬਹੁਤ ਹੀ ਸੁਖ ਆਰਾਮ ਮਹਿਸੂਸ ਕਰ ਰਿਹਾ ਹਾਂ। ਹੁਣ ਮੈਂ ਤੈਨੂੰ ਇਕ ਗੱਲ ਦਸਦਾ ਹਾਂ, ਅਸੀਂ ਲੋਕ ਜਾਣਦੇ ਹਾਂ ਤੁਹਾਡੇ ਲੋਕਾਂ ਨੂੰ ਨਹੀਂ ਪਤਾ ਲਗਦਾ ਕਿ ਜੋ ਕਦਮ ਪੁਟਿਆ ਹੈ ਉਸ ਤੋਂ ਅਗਲਾ ਕਦਮ ਪੁੱਟਣ ਤੇ ਕੀ ਵਰਤਣ ਵਾਲਾ ਹੈ। ਹੁਣ ਤੂੰ ਜੋ ਕੰਮ ਕਰਨਾ ਹੈ ਤਾਂ ਤੂੰ ਮੈਨੂੰ ਯਾਦ ਕਰੀ ਤਾਂ ਮੈਂ ਦਸ ਦਿਆ ਕਰਾਂਗਾ। ਸਾਨੂੰ ਸੋਝੀ ਵੀ ਤੁਹਾਡੇ ਨਾਲੋਂ ਜ਼ਿਆਦਾ ਹੁੰਦੀ ਹੈ। ਇਸ ਤਰ੍ਹਾਂ ਹੀ ਮੈਂ ਕਰਦਾ ਰਿਹਾ ਮੇਰੇ ਸਾਰੇ ਕੰਮਾਂ ਵਿਚ ਮੇਰੇ ਪਿਤਾ ਜੀ ਮਾਰਗ ਦਰਸ਼ਨ ਕਰਦੇ ਰਹੇ।

ਇਕ ਵਾਰੀ ਮੈਂ ਕਾਰ ਖਰੀਦਣੀ ਸੀ। ਪਿਤਾ ਨੂੰ ਯਾਦ ਕਰਿਆ। ਉਨ੍ਹਾਂ ਨੇ ਕਿਹਾ ਕਿ ਜੋ ਕਾਰ ਤੂੰ ਲੈਣੀ ਹੈ ਉਸ ਵਿਚ ਨੁਕਸ ਹੈ। ਮੈਂ ਉਹ ਕਾਰ ਕੰਪਨੀ ਵਾਲਿਆਂ ਨੂੰ ਫੋਨ ਕਰਕੇ ਵਾਪਸ ਕਰ ਦਿਤੀ ਅਤੇ ਮੈਂ ਦੂਜੇ ਦਿਨ ਹੋਰ ਕਾਰ ਖਰੀਦ ਲਈ। ਮੈਂ ਘਰ ਆ ਗਿਆ, ਦੋ ਤਿੰਨ ਘੰਟੇ ਬਾਅਦ ਮੈਨੂੰ ਕੰਪਨੀ ਤੋਂ ਫੋਨ ਆਇਆ ਕਿ ਮਿਸਟਰ ਤੂੰ ਬਹੁਤ ਖੁਸ਼ ਕਿਸਮਤ ਹੈਂ ਕਿਉਂਕਿ ਜੋ ਕਾਰ ਤੂੰ ਪਹਿਲਾਂ ਲੈ ਰਿਹਾ ਸੀ, ਉਸ ਦੇ ਬਰੇਕਾਂ ਵਿਚ ਕੋਈ ਬੁਨਿਆਦੀ ਨੁਕਸ ਹੋਣ ਕਰਕੇ ਉਸ ਦਾ ਐਕਸੀਡੈਂਟ ਹੋ ਗਿਆ ਹੈ।

ਮੈਂ ਇਹ ਲੇਖ ਇਸ ਕਰਕੇ ਦੇ ਰਿਹਾ ਹਾਂ ਕਿ ਸੰਸਾਰ ਨੂੰ ਇਹ ਪਤਾ ਲਗ ਜਾਵੇ ਕਿ ਜਿਸ ਦੁਨੀਆਂ ਵਿਚ ਅਸੀਂ ਰਹਿ ਰਹੇ ਹਾਂ, ਜਿਸ **Earth planet** ਤੇ ਅਸੀਂ ਰਹਿ ਰਹੇ ਹਾਂ, ਸੰਸਾਰ ਇਥੇ ਹੀ ਬਸ ਨਹੀਂ ਹੁੰਦਾ ਉਸ ਦੀ ਵਿਸ਼ਾਲਤਾ ਬਾਰੇ ਜਾਨਣਾ ਬਹੁਤ ਮੁਸ਼ਕਲ ਹੈ।

**Heavens** ਵੀ ਹਨ, **Hells** ਵੀ ਹਨ। ਸੋ ਮੈਂ ਜੋ ਗੱਲ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਇਬਾਦਤ ਕਰਨੀ ਚਾਹੀਦੀ ਹੈ। ਇਹ ਘਟਨਾ ਦਸਣ ਤੋਂ ਮੇਰਾ ਮਤਲਬ ਹੈ ਕਿ ਜਿਨ੍ਹਾਂ ਦੇ ਮਨ ਵਿਚ ਇਹ ਸ਼ੰਕੇ ਹਨ ਕਿ 'ਆਹ ਜਗ ਮਿੱਠਾ ਅਗਲਾ ਕਿਨ ਡਿੱਠਾ' ਉਹ ਇਕ ਅਣਜਾਣਪੁਣੇ ਵਿਚ ਰਹਿ ਰਹੇ ਹਨ ਅਤੇ ਆਪਣੀ ਹੱਠ ਧਰਮੀ ਕਰਕੇ ਆਪਣੇ ਅਧੂਰੇ ਗਿਆਨ ਦੇ ਹਨ੍ਹੇਰੇ ਉਤੇ ਵਿਸ਼ਵਾਸ਼ ਕਰੀ ਬੈਠੇ ਹਨ। ਇਸ ਤਰ੍ਹਾਂ ਜੋ ਭੀ ਪ੍ਰਾਣੀ ਮਾਤ੍ਰ ਆਪਣੇ ਜਾਣੇ ਹੋਏ ਅਧੂਰੇ ਗਿਆਨ ਤੋਂ ਅੱਗੇ ਹੋਰ ਜਾਨਣਾ ਨਹੀਂ ਚਾਹੁੰਦਾ, ਉਸ ਨੂੰ ਲੋਕੀ ਨਾਸਤਕ ਦੀ ਸੰਗਿਆ ਦਿੰਦੇ ਹਨ ਪਰ ਮੈਂ ਤਾਂ ਉਸ ਹੱਠ ਧਰਮੀ ਦਾ ਇਛੁੱਕ ਹੀ ਨਹੀਂ ਹਾਂ।

ਸੋ ਮੈਂ ਦਸ ਰਿਹਾ ਸੀ ਕਿ ਗੁਰੂ ਨਾਨਕ ਪਾਤਸ਼ਾਹ ਨੂੰ ਦੁਨੀਚੰਦ ਨੇ ਸ਼ਰਾਧ ਵਿਚ ਸ਼ਾਮਲ ਹੋ ਕੇ ਪ੍ਰਸ਼ਾਦਾ ਛਕਣ ਦੀ ਬੇਨਤੀ ਕੀਤੀ। ਦੂਸਰੇ ਦਿਨ ਬਹੁਤ ਵੱਡੀ ਗਿਣਤੀ ਵਿਚ ਸਾਰੇ ਭੇਖਾਂ ਦੇ ਸਾਧੂ, ਪੰਡਤ ਅਤੇ ਹੋਰ ਵਰਣਾਂ ਦੇ ਲੋਕ ਆਏ ਹੋਏ ਸਨ, ਗੁਰੂ ਨਾਨਕ ਪਾਤਸ਼ਾਹ ਵੀ ਪਹੁੰਚ ਗਏ। ਦੁਨੀਚੰਦ ਜੀ ਨੇ ਉਨ੍ਹਾਂ ਦਾ ਪੂਰਾ ਆਦਰ ਸਤਿਕਾਰ ਕਰਕੇ ਇਕ ਵਖਰੇ ਕਮਰੇ ਵਿਚ ਆਸਣ ਲਵਾਇਆ ਅਤੇ ਥਾਲ ਪਰੋਸ ਕੇ ਗੁਰੂ ਮਹਾਰਾਜ ਜੀ ਦੇ ਪਾਸ ਲਿਆਇਆ ਅਤੇ ਪ੍ਰਸ਼ਾਦਾ ਛਕਣ ਲਈ ਬੇਨਤੀ ਕੀਤੀ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਕਿਹਾ, "ਦੁਨੀਚੰਦ! ਅਸੀਂ ਤਾਂ ਪ੍ਰਸ਼ਾਦਾ ਛਕ ਲਵਾਂਗੇ ਪਰ ਇਹ ਜੋ ਸਾਧੂ ਸੰਤ ਆਏ ਹਨ ਉਨ੍ਹਾਂ ਨੂੰ ਪ੍ਰਸ਼ਾਦਾ ਛਕਾ ਜਿਵੇਂ ਤੂੰ ਅੱਗੇ ਯੱਗ ਕਰਦਾ ਹੈਂ ਉਸੇ ਤਰ੍ਹਾਂ ਪੂਰੀ ਸਾਵਧਾਨਤਾ ਨਾਲ ਇਨ੍ਹਾਂ ਨੂੰ ਪ੍ਰਸ਼ਾਦਾ ਛਕਾ, ਅਸੀਂ ਤੇਰੇ ਪਿਤਾ ਨੂੰ ਛਕਾ ਕੇ ਫੇਰ ਛਕਾਂਗੇ। ਇਹ ਰਮਜ਼ ਦੁਨੀਚੰਦ ਦੀ ਸਮਝ ਵਿਚ ਤਾਂ ਨਾ ਆਈ ਪਰ ਕੁਝ ਠਠੰਬਰ ਗਿਆ ਕਿਉਂਕਿ ਸਾਰੇ ਸਾਧੂਆਂ, ਪੰਡਤਾਂ ਵਿਚੋਂ ਕਿਸੇ ਨੇ ਵੀ ਇਹ ਗੱਲ ਨਹੀਂ ਸੀ ਆਖੀ, ਸਾਰੇ ਧੰਨ-ਧੰਨ ਆਖ ਰਹੇ ਸਨ। ਕਿਸੇ ਨੂੰ ਇਹ ਖਿਆਲ ਹੀ ਨਹੀਂ ਸੀ ਕਿ ਇਸ ਦੇ ਪਿਤਾ ਨੂੰ ਪ੍ਰਸ਼ਾਦਾ ਛਕਾਇਆ ਜਾਵੇ, ਐਉਂ ਲਗਦਾ ਸੀ ਸਾਰੇ ਖਾਣ ਦੇ ਲਾਲਾਚ ਵਿਚ ਆਏ ਹੋਏ ਰੂਹਾਨੀ ਨੇਤਰਾਂ ਤੋਂ ਅੰਨ੍ਹੇ ਪੇਟ ਪਾਲਣ ਵਾਲੇ ਹੀ ਸਨ। ਸ਼ਰਾਧ ਛਕਾ ਦਿਤਾ ਗਿਆ, ਬ੍ਰਾਹਮਣਾਂ ਨੇ ਵੇਦ ਮੰਤਰ ਪੜ੍ਹ ਕੇ ਵੇਦਨਾ ਕੀਤੀ ਕਿ ਇਸ ਸ਼ਰਾਧ ਦਾ ਫਲ ਦੁਨੀਚੰਦ ਦੇ ਪਿਤਾ ਨੂੰ ਪਹੁੰਚ ਜਾਵੇ।

ਸਾਰੇ ਕੰਮ ਤੋਂ ਵਿਹਲਾ ਹੋ ਕੇ ਦੁਨੀਚੰਦ ਗੁਰੂ ਮਹਾਰਾਜ ਜੀ ਪਾਸ ਆਇਆ ਅਤੇ ਪ੍ਰਸ਼ਾਦਾ ਛਕਣ ਲਈ ਫੇਰ ਬੇਨਤੀ ਕੀਤੀ। ਗੁਰੂ ਮਹਾਰਾਜ ਜੀ ਨੇ ਫੇਰ ਕਿਹਾ ਕਿ ਦੁਨੀਚੰਦ! ਇਨ੍ਹਾਂ ਪੰਡਤਾਂ ਤੇ ਸਾਧੂਆਂ ਨੇ ਯੱਗ ਦੀ ਸੰਪੂਰਨਤਾ ਦੀ ਅਰਦਾਸ ਕੀਤੀ ਹੈ ਹੁਣ ਤਾਂ ਤੇਰੇ ਪਿਤਾ ਨੂੰ ਪ੍ਰਸ਼ਾਦਾ ਪਹੁੰਚ ਚੁਕਿਆ ਹੋਣਾ। ਦੁਨੀਚੰਦ ਨੇ ਕਿਹਾ, "ਸੱਚੇ ਪਾਤਸ਼ਾਹ! ਅਸੀਂ ਤਾਂ ਦੁਨੀਆਦਾਰ ਲੋਕ ਹਾਂ, ਲਕੀਰ ਦੇ ਫਰੀਕ ਹਾਂ। ਰਸਮਾਂ ਵਡੇ ਵਡੇਰਿਆਂ ਤੋਂ ਚਲੀਆਂ ਆ ਰਹੀਆਂ ਹਨ। ਅਸੀਂ ਯਥਾਸ਼ਕਤ ਉਨ੍ਹਾਂ ਨੂੰ ਨਿਭਾਉਂਦੇ ਹਾਂ, ਸਾਨੂੰ ਇਹ ਨਹੀਂ ਪਤਾ ਕਿ ਇਨ੍ਹਾਂ ਦਾ ਫਲ ਮਿਲਦਾ ਹੈ ਜਾਂ ਨਹੀਂ ਮਿਲਦਾ। ਸਾਡਾ ਕੰਮ ਤਾਂ ਇਨ੍ਹਾਂ ਨੂੰ ਸ਼ਰਾਧ ਛਕਾਇਆ ਤੇ ਮੁਕ ਗਿਆ। ਪਰ ਸੱਚੇ ਪਾਤਸ਼ਾਹ! ਇਕ ਗੱਲ ਤੋਂ ਸਾਨੂੰ ਵੀ ਸ਼ੱਕ ਪੈ ਜਾਂਦਾ ਹੈ ਕਿ ਇਹ ਬ੍ਰਾਹਮਣ ਲੋਕ ਸ਼ਰਾਧ ਵਿਚੋਂ ਕੁਝ ਅੰਸ ਕੱਢ ਕੇ ਮਕਾਨ ਦੀ ਛੱਤ ਉਪਰ ਸੁੱਟ ਦਿੰਦੇ ਹਨ, ਕੁਝ ਕੁੱਤਿਆ ਨੂੰ ਪਾ ਦਿੰਦੇ ਹਨ। ਕਈ ਇਸ ਤਰ੍ਹਾਂ ਕਹਿੰਦੇ ਹਨ ਕਿ ਸਵਰਗਾਂ ਵਿਚ ਵਸ ਰਹੇ ਬਜ਼ੁਰਗ ਕਾਵਾਂ ਜਾਂ ਕੁੱਤਿਆਂ ਦਾ ਰੂਪ ਧਾਰ ਕੇ ਸ਼ਰਾਧ ਛਕ ਜਾਣਗੇ। ਇਹ ਗੱਲ ਸਾਨੂੰ ਬਹੁਤ ਚੁਭਦੀ ਹੈ ਕਿ ਕੀ ਸਾਡੇ ਬਜ਼ੁਰਗ ਕਾਂ ਕੁੱਤੇ ਹੀ ਬਣ ਕੇ ਆਉਂਦੇ ਹਨ।

ਮਹਾਰਾਜ ਜੀ ਕਹਿਣ ਲੱਗੇ, "ਦੁਨੀਚੰਦ! ਜੋ ਗੱਲ ਪਹਿਲਾਂ ਪਹਿਲਾਂ ਸ਼ੁਰੂ ਹੁੰਦੀ ਹੈ ਉਸ ਵਿਚ ਕੁਝ ਸਚਾਈ ਹੁੰਦੀ ਹੈ। ਪਰ ਸਮਾਂ ਲੰਘਣ ਨਾਲ ਇਹ ਗੱਲਾਂ ਨਿਰਾਰਥਕ ਹੋ ਜਾਂਦੀਆਂ ਹੈ। ਆਉਣ ਵਾਲੇ ਲੋਕ ਲਕੀਰ ਨੂੰ ਗਿਣਦੇ ਹਨ। ਉਹ ਐਨਾ ਜਾਣਦੇ ਹਨ ਕਿ ਸਾਡੇ ਪਰੋਹਤ ਸਾਨੂੰ ਇਹ ਗੱਲ ਕਰਨ ਲਈ ਕਹਿੰਦੇ ਹਨ। ਸਾਨੂੰ ਹੋਰ ਕੁਝ ਵੀ ਪਤਾ ਨਹੀਂ ਲਗਦਾ। ਆਪ ਪ੍ਰਮੇਸ਼ਰ ਸਰੂਪ ਅੱਜ ਸਾਡੀ ਚੰਗੀ ਕਿਸਮਤ ਦੇ ਸਦਕੇ ਘਰ ਵਿਚ ਬਿਰਾਜਮਾਨ ਹੋ। ਆਪ ਸ਼ਰਾਧ ਦਾ ਪ੍ਰਸ਼ਾਦ ਛਕੋ, ਫੇਰ ਮੈਂ ਸਮਝਾਂਗਾ ਕਿ ਸ਼ਰਾਧ ਸੰਪੂਰਨ ਹੋ ਗਿਆ ਹੈ।

ਗੁਰੂ ਮਹਾਰਾਜ ਜੀ ਕਹਿਣ ਲੱਗੇ, "ਦੁਨੀਚੰਦ! ਅਸੀਂ ਪ੍ਰਸ਼ਾਦਾ ਤਾਂ ਛਕਾਂਗੇ ਪਰ ਅਸੀਂ ਬਚਨ ਕੀਤਾ ਹੈ ਤੇਰੇ ਪਿਤਾ ਨੂੰ ਛਕਾ ਕੇ ਛਕਾਂਗੇ।

ਮਹਾਰਾਜ ਜੀ! "ਮੇਰਾ ਪਿਤਾ ਕਿਥੇ ਹੈ ? ਕੀ ਮੈਨੂੰ ਆਪਣੇ ਪਿਤਾ ਦੇ ਦਰਸ਼ਨ ਹੋ ਜਾਣਗੇ ?"

ਮਹਾਰਾਜ ਜੀ ਨੇ ਕਿਹਾ, "ਹਾਂ, ਤੈਨੂੰ ਦਰਸ਼ਨ ਵੀ ਹੋਣਗੇ, ਉਹ ਤੇਰੇ ਨਾਲ ਬਚਨ ਵੀ ਕਰਨਗੇ। ਤੂੰ ਪ੍ਰਸ਼ਾਦ ਦਾ ਥਾਲ ਲਿਆ ਤੇ ਰਾਵੀ ਦੇ ਕੰਢੇ-ਕੰਢੇ ਜਿਧਰ ਨੂੰ ਪਾਣੀ ਜਾ ਰਿਹਾ ਹੈ ਚਲਿਆ ਜਾਹ। ਅੱਗੇ ਜਾ ਕੇ ਇਕ ਘਣਾ ਜੰਗਲ ਆਵੇਗਾ ਉਥੇ ਇਕ ਥਾਂ ਕੰਡੇਦਾਰ ਦਰਖਤ ਬਹੁਤ ਸੰਘਣੇ ਹੋਣਗੇ। ਉਥੇ ਗਹੁ ਨਾਲ ਦੇਖੀਂ ਤੇਰਾ ਪਿਤਾ ਬਘਿਆੜ ਦਾ ਸਰੀਰ ਧਾਰਨ ਕਰਕੇ ਸੱਤ ਦਿਨਾਂ ਦਾ ਭੁੱਖਾ ਪਿਆਸਾ ਪਿਆ ਹੋਵੇਗਾ। ਉਸ ਨੂੰ ਤੂੰ ਅਵਾਜ਼ ਦੇਵੀਂ। ਉਹ ਤੇਰੇ ਪਾਸ ਆ ਜਾਵੇਗਾ ਅਤੇ ਸ਼ਰਾਧ ਵੀ ਛਕ ਜਾਵੇਗਾ ਅਤੇ ਤੈਨੂੰ ਅਗਲੇ ਲੋਕ ਦੇ ਵਰਤ ਵਰਤਾਰੇ ਬਾਰੇ ਵੀ ਜਾਣੂੰ ਕਰਾ ਦੇਵੇਗਾ।

ਹੁਕਮ ਮੰਨ ਕੇ ਦੁਨੀਚੰਦ ਜੰਗਲ ਵਿਚ ਚਲਿਆ ਗਿਆ ਅਤੇ ਉਹ ਥਾਂ ਭਾਲ ਲਿਆ ਜਿਥੇ ਉਸ ਦਾ ਪਿਤਾ ਬਘਿਆੜ ਬਣਿਆ ਹੋਇਆ ਸੀ। ਉਹ ਬਘਿਆੜ ਪੇਟ ਤੋਂ ਭੁੱਖਾ ਲੱਕਾ ਲੱਗਿਆ ਹੋਇਆ ਪਾਸ ਆ ਗਿਆ। ਇਸ ਨੇ ਥਾਲ ਰੱਖ ਦਿਤਾ। ਦੁਨੀਚੰਦ

ਹੈਰਾਨ ਹੋ ਗਿਆ ਕਿ ਇਹ ਕੀ ਗੱਲ ਹੋਈ ਕਿ ਮੇਰਾ ਪਿਤਾ ਤਾਂ ਕਰਮ ਧਰਮ ਕਰਨ ਵਾਲਾ ਨੇਕ ਬੰਦਾ ਸੀ, ਸਾਧੂਆਂ ਦੇ ਸੇਵਾ ਕਰਦਾ ਸੀ। ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਦਾ ਸੀ, ਅਨਾਥ ਲੜਕੀਆਂ ਦੀਆਂ ਸ਼ਾਦੀਆਂ ਆਪਣੇ ਪੱਲਿਓਂ ਧਨ ਖਰਚ ਕੇ ਕਰਦਾ ਸੀ ਅਤੇ ਅਨੇਕ ਨੇਕੀ ਦੇ ਕੰਮ, ਰਾਹੀਆਂ ਵਾਸਤੇ ਸਰਾਂਵਾਂ ਬਣਵਾਈਆਂ, ਡੰਗਰਾਂ ਵਾਸਤੇ ਪਾਣੀ ਪੀਣ ਲਈ ਖੇਲ੍ਹਾਂ ਬਣਾਈਆਂ, ਖੂਹ ਲਵਾਏ ਅਤੇ ਬੇਅੰਤ ਨੇਕ ਕੰਮ ਕੀਤੇ। ਇਹ ਕੀ ਗੱਲ ਹੋਈ ਕਿ ਇਹ ਬਘਿਆੜ ਬਣ ਗਿਆ? ਇਸ ਤੋਂ ਵੀ ਵੱਧ ਹੈਰਾਨ ਹੋ ਗਿਆ ਜਦੋਂ ਉਸ ਬਘਿਆੜ ਨੇ ਗੁਰੂ ਨਾਨਕ ਪਾਤਸ਼ਾਹ ਦੇ ਦ੍ਰਿਸ਼ਟੀ ਭੋਗ ਨਾਲ ਪਵਿੱਤਰ ਹੋਏ ਭੋਜਨ ਦੀ ਗਰਾਹੀ ਖਾਧੀ, ਉਸ ਦੇ ਕਪਾਟ ਖੁਲ੍ਹ ਗਏ, ਉਸ ਦਾ ਸਰੀਰ ਮ੍ਰਿਤੂ ਹੋ ਗਿਆ। ਉਸ ਵਿਚੋਂ ਇਕ ਰੂਹ ਨਿਕਲ ਕੇ ਸਾਖਸ਼ਾਤ ਉਸ ਤਰ੍ਹਾਂ ਆਪਣੇ ਪੁੱਤਰ ਨੂੰ ਦਰਸ਼ਨ ਦੇ ਰਹੀ ਹੈ ਜਿਸ ਤਰ੍ਹਾਂ ਉਹ ਆਪਣੇ ਜਿਉਂਦੇ ਜੀਅ ਦਿਆ ਕਰਦਾ ਸੀ। ਦੁਨੀਚੰਦ ਹੈਰਾਨ ਹੋ ਗਿਆ ਤੇ ਕਹਿਣ ਲੱਗਿਆ ਕਿ ਪਿਤਾ ਜੀ! ਕੀ ਇਹ ਸਤਿ ਹੈ ਜੋ ਕੁਝ ਮੈਂ ਦੇਖ ਰਿਹਾ ਹਾਂ ਕਿ ਕਿਤੇ ਮੇਰੇ ਨੇਤਰਾਂ ਨੂੰ ਧੋਖਾ ਤਾਂ ਨਹੀਂ ਹੋ ਰਿਹਾ, ਮੈਂ ਜਾਦੂ ਦੇ ਪ੍ਰਭਾਵ ਹੇਠ ਤਾਂ ਨਹੀਂ ਆ ਗਿਆ। ਪਿਤਾ ਜੀ ਮੇਰੀ ਸਹਾਇਤਾ ਕਰੋ। ਮੈਂ ਤਾਂ ਤੁਹਾਡਾ ਹਰ ਵਾਰੀ ਸ਼ਰਾਧ ਕਰਾਉਂਦਾ ਹਾਂ। ਕੀ ਤੁਹਾਨੂੰ ਕਦੇ ਵੀ ਨਹੀਂ ਮਿਲਿਆ? ਕਹਿਣ ਲੱਗੇ, "ਬੇਟਾ! ਕਲਜੁਗ ਆ ਗਿਆ ਹੈ, ਇਸ ਵਿਚ ਧਰਮ ਫੰਘ ਲਾ ਕੇ ਉਡ ਚੁਕਿਆ ਹੈ। ਪਾਖੰਡ ਦਾ ਬੋਲਬਾਲਾ ਹੈ, ਨਿਰਾਰਥਕ ਰਸਮਾਂ ਰਹਿ ਗਈਆਂ ਹਨ। ਧਰਮ ਨੂੰ ਚਲਾਉਣ ਵਾਲੇ ਦਿਸ਼ਾਹੀਣ ਹੋਣ ਕਰਕੇ ਚਿੰਨਾਂ ਦੀ ਸਹਾਇਤਾ ਨਾਲ ਚਲਦੇ ਹਨ। ਇਹ ਕਿਸੇ ਨੂੰ ਮਾਰਗ ਦਰਸ਼ਨ ਨਹੀਂ ਕਰਾ ਸਕਦੇ। ਉਹ ਆਪ ਹੀ ਅੰਨੇ ਹਨ ਇਕ ਤਰ੍ਹਾਂ ਨਾਲ ਅੰਨ੍ਹਾ ਅੰਨੇ ਨੂੰ ਖੂਹ ਵਿਚ ਧਕੇਲ ਰਿਹਾ ਹੈ –

***ਅੰਧੀ ਅੰਧੇ ਖੂਹੇ ਠੇਲੇ॥***
***ਭਾਈ ਗੁਰਦਾਸ ਜੀ, ਵਾਰ 1/26***

ਧਰਮ ਦੇ ਚਾਲਕ ਆਪਣਾ ਪੇਟ ਪਾਲਦੇ ਹਨ ਅਤੇ ਵਲ ਛਲ ਕਰਕੇ ਧੋਖੇ ਦਿੰਦੇ ਹਨ। ਧੋਖੇ ਨਾਲ ਲੋਕਾਂ ਤੋਂ ਨਿਰਾਰਥਕ ਕਰਮ ਕਰਾ ਕੇ ਉਨ੍ਹਾਂ ਦੀ ਕਮਾਈ ਲੁਟਦੇ ਹਨ, ਚਰਿਤਰਹੀਣੇ ਹਨ। ਬੇਟਾ! ਜੇ ਕੋਈ ਸੱਚਾ ਅਭਿਆਗਤ ਹੁੰਦਾ ਤਾਂ ਉਸ ਨੂੰ ਦਿਤੇ ਦਾ ਫਲ ਮੈਨੂੰ ਪਹੁੰਚ ਜਾਣਾ ਸੀ। ਮੇਰੀ ਬਘਿਆੜ ਦੇਹੀ ਛੁਟ ਜਾਣੀ ਸੀ। ਹੁਣ ਗੁਰੂ ਨਾਨਕ ਪਾਤਸ਼ਾਹ ਮੈਨੂੰ ਸੋਝੀ ਦੇ ਰਹੇ ਸਨ, ਉਹ ਮੈਨੂੰ ਸਾਰਾ ਪਰਲੋਕ ਦਿਖਾ ਰਹੇ ਹਨ ਕਿ ਕਿਸ ਤਰ੍ਹਾਂ ਪਰਲੋਕਾਂ ਵਿਚ ਵਰਤਾਰਾ ਹੋ ਰਿਹਾ ਹੈ। ਇਕ ਗੱਲ ਮੈਂ ਤੈਨੂੰ ਦਸਦਾ ਹਾਂ ਕਿ ਤੇਰੇ ਘਰ ਆਪ ਪ੍ਰਮੇਸ਼ਰ ਆਇਆ ਹੈ, ਤੂੰ ਮਾਇਆ ਦੇ ਚੱਕਰ ਵਿਚ ਨਾ ਪਈ, ਆਪਣੀ ਕਲਿਆਣ ਦਾ ਸਾਧਨ ਪੁਛੀਂ, ਇਹ ਮੋਹ ਮਾਇਆ ਜੀਵ ਨੂੰ ਫਸਾ ਦਿੰਦੀ ਹੈ। ਤੂੰ ਇਹ ਪੁਛਦਾ ਹੈਂ ਕਿ ਮੈਨੂੰ ਇਹ ਜੂਨ ਕਿਉਂ ਮਿਲੀ। ਉਸ ਬਾਰੇ ਮੈਂ ਦਸਦਾ ਹਾਂ ਕਿ ਜਦੋਂ ਮੇਰਾ ਅੰਤ ਸਮਾਂ ਆਇਆ ਤਾਂ ਪੜੋਸ ਵਿਚ ਕੋਈ ਮਾਸ ਨੂੰ ਆਪਣੇ ਘਰ ਵਿਚ ਰਾੜ੍ਹਾ ਲਾ ਰਿਹਾ ਸੀ। ਉਥੋਂ ਜੋ ਵਾਸ਼ਨਾ ਮੇਰੇ ਤਕ ਪਹੁੰਚੀ ਉਸ ਨੂੰ ਪਛਾਣ ਕੇ ਮੇਰੇ ਮਨ ਵਿਚ ਆ ਗਿਆ ਕਿ ਸਾਰੀ ਜ਼ਿੰਦਗੀ ਮਾਸ ਹੀ ਨਹੀਂ ਖਾਧਾ। ਐਨੀ ਗੱਲ ਸੋਚ ਕੇ ਮੇਰੇ ਪ੍ਰਾਣਾਂ ਦਾ ਅੰਤ ਹੋ ਗਿਆ। ਸੋ ਅੰਤ ਸਮੇਂ ਜੋ ਵਾਸ਼ਨਾ ਹੋਇਆ ਕਰਦੀ ਹੈ ਉਸੇ ਤਰ੍ਹਾਂ ਦੀ ਗਤੀ ਹੋ ਜਾਇਆ ਕਰਦੀ ਹੈ। ਸੋ ਮੈਂ ਬਘਿਆੜ ਬਣ ਗਿਆ। ਅਪਾਰ ਕ੍ਰਿਪਾ ਗੁਰੂ ਨਾਨਕ ਪਾਤਸ਼ਾਹ ਦੀ ਹੋਈ ਜਿਨ੍ਹਾਂ ਨੇ ਮੈਨੂੰ ਇਸ ਨਖਿੱਧ ਜੂਨੀ ਵਿਚੋਂ ਕੱਢ ਕੇ ਉਚੇ ਲੋਕਾਂ ਦਾ ਵਾਸੀ ਬਣਾ ਦਿਤਾ।

ਸਾਡੇ ਨਾਲ ਕਥਾ ਇਥੋਂ ਤਕ ਹੀ ਸਬੰਧ ਰਖਦੀ ਹੈ ਕਿ ਆਦਮੀ ਦੀ ਸੁਰਤੀ ਅੰਤ ਸਮੇਂ ਜਿਸ ਵਿਚ ਹੋਵੇ ਉਹ ਗਤੀ ਹੋਇਆ ਕਰਦੀ ਹੈ। ਭਗਤ ਤ੍ਰਿਲੋਚਨ ਜੀ ਦੀ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਹੈ ਉਸ ਵਿਚ ਆਉਂਦਾ ਹੈ ਕਿ ਜੇ ਅੰਤ ਸਮੇਂ ਸੁਰਤੀ ਧਨ ਵਿਚ ਰਹਿ ਜਾਵੇ ਤਾਂ ਉਸ ਨੂੰ ਸੱਪ ਦੀ ਜੂਨੀ ਮਿਲਦੀ ਹੈ, ਜਿਸ ਦੀ ਸੁਰਤੀ ਅੰਤ ਸਮੇਂ ਇਸਤ੍ਰੀ ਪੁਰਸ਼ ਦੇ ਭੋਗਾਂ ਵਿਚ ਰਹਿ ਜਾਵੇ ਤਾਂ ਵੇਸ਼ਵਾ ਦੀ ਜੂਨੀ ਪ੍ਰਾਪਤ ਹੁੰਦੀ ਹੈ। ਜੇ ਸੁਰਤੀ ਪੁੱਤਰਾਂ ਵਿਚ ਰਹਿ ਜਾਵੇ ਤਾਂ ਸੂਰ ਦੀ ਜੂਨੀ ਅਤੇ ਜੇ ਜਾਇਦਾਦ ਵਿਚ ਰਹਿ ਜਾਵੇ ਤਾਂ ਪ੍ਰੇਤ ਬਣਦਾ ਹੈ। ਜੇ ਅੰਤ ਦੇ ਸਮੇਂ ਪ੍ਰਮੇਸ਼ਰ ਵਲ ਸੁਰਤ ਚਲੀ ਜਾਵੇ ਤਾਂ ਉਹ ਸਚਖੰਡ ਵਿਚ ਚਲਿਆ ਜਾਂਦਾ ਹੈ। ਇਸੇ ਤਰ੍ਹਾਂ ਬਾਣੀ ਵਿਚ ਹੋਰ ਵੀ ਸੰਕੇਤ ਆਉਂਦੇ ਹਨ ਜਿਵੇਂ ਕਿ –

***ਜਿਸ ਕੈ ਅੰਤਰਿ ਰਾਜ ਅਭਿਮਾਨੁ॥***
***ਸੋ ਨਰਕਪਾਤੀ ਹੋਵਤ ਸੁਆਨੁ॥***
***ਪੰਨਾ – 278***

ਰਾਜ ਅਭਿਮਾਨ ਨਾਲ ਪਹਿਲਾਂ ਨਰਕਾਂ ਵਿਚ ਜਾਂਦਾ ਹੈ ਫੇਰ ਕੁੱਤੇ ਦੀ ਜੂਨੀ ਮਿਲਦੀ ਹੈ। ਜੋ ਸੰਤਾਂ ਦੀ ਨਿੰਦਿਆ ਕਰਦੇ ਹਨ ਉਹ ਕੁੱਤਿਆਂ ਦੇ ਸਿਰ ਵਿਚ ਪੈਣ ਵਾਲੇ ਕੀੜੇ ਬਣਦੇ ਹਨ। ਫੁਰਮਾਨ ਹੈ –

***ਸੰਤ ਕੈ ਦੂਖਨਿ ਤ੍ਰਿਗਦ***
***ਜੋਨਿ ਕਿਰਮਾਇ॥ ਪੰਨਾ – 279***

ਸੋ ਇਸ ਤਰ੍ਹਾਂ ਦੇ ਨਾਲ ਭਾਈ ਤਿਲੋਕਾ ਜੀ ਕਹਿਣ ਲੱਗੇ, "ਬੀਬਾ! ਇਹ ਵਾਹਿਗੁਰੂ ਜੀ ਦਾ ਪਸਾਰਾ ਬੇਅੰਤ ਹੈ ਇਸ ਵਿਚ ਕੌਣ ਕਿਥੇ ਜਾਂਦਾ ਹੈ, ਇਹ ਵਾਹਿਗੁਰੂ ਜੀ ਹੀ ਜਾਣਦੇ ਹਨ। ਦੇਹੀ ਬਾਰ-ਬਾਰ ਬੇਨਤੀਆਂ ਕਰਦੀ ਹੈ ਕਿ ਮੈਨੂੰ ਛੱਡ ਕੇ ਪਰਦੇਸ ਨਾ ਜਾਇਓ ਪਰ ਜੀਵ ਕਹਿੰਦਾ ਹੈ ਕਿ ਮੈਂ ਹੁਕਮੀ ਬੰਦਾ ਹਾਂ। ਧਾਰਨਾ ਪੜ੍ਹੋ –

***ਧਾਰਨਾ – ਮੈਨੂੰ ਛੱਡ ਕੇ ਪਰਲੋਕ ਨਾ***
***ਜਾਣਾ, ਇਹੋ ਮੇਰੀ ਮੰਨ ਬੇਨਤੀ।***

*ਧਨ ਕਰੈ ਬਿਨਉ ਦੋਊ ਕਰ ਜੋਰੈ॥*
*ਪ੍ਰਿਅ ਪਰਦੇਸਿ ਨ ਜਾਹੁ*
*ਵਸਹੁ ਘਰਿ ਮੋਰੈ॥ ਪੰਨਾ - 1072*

ਭਾਈ ਤਿਲੋਕਾ ਜੀ ਨੇ ਕਿਹਾ ਕਿ ਬੀਬਾ! ਮੈਂ ਹੁਣ ਸਰੀਰ ਛੱਡ ਕੇ ਚਲੇ ਜਾਣਾ ਹੈ। ਰਾਜਕੁਮਾਰੀ ਨੇ ਭਾਈ ਤਿਲੋਕਾ ਜੀ ਦਾ ਨਾਮ ਪੁਛ ਲਿਆ ਸੀ। ਉਸ ਨੂੰ ਇਹ ਵੀ ਪਤਾ ਲਗ ਗਿਆ ਸੀ ਕਿ ਇਹ ਮੇਰੇ ਪਿਤਾ ਜੀ ਦੇ ਰਾਜ ਦੇ ਨੇੜੇ ਹੀ ਭਾਈ ਜੋਧ ਜੀ ਭਾਈ ਫਿਰਨੇ ਨੂੰ ਮਿਲਣ ਲਈ ਜਾ ਰਹੇ ਸਨ। ਪਿੰਡ ਮਲਸੀਹਾਂ ਦਾ ਵੀ ਪਤਾ ਲਗ ਗਿਆ ਸੀ। ਉਨ੍ਹਾਂ ਦਿਨਾਂ ਵਿਚ ਹਰ ਕਿਸੇ ਨੂੰ ਭੂਗੋਲਿਕ ਸੂਝ ਨਹੀਂ ਸੀ। ਆਪਣੇ ਇਲਾਕੇ ਤੋਂ ਥੋੜ੍ਹੀ ਜਿਹੀ ਹੀ ਦੂਰ ਪਤਾ ਨਹੀਂ ਸੀ ਲਗਿਆ ਕਰਦਾ ਕਿ ਦੁਨੀਆਂ ਕਿਸ ਤਰ੍ਹਾਂ ਰਹਿ ਰਹੀ ਹੈ। ਇਥੋਂ ਤਕ ਵੀ ਪੜ੍ਹਿਆ ਹੈ ਕਿ ਕਈ ਪਹਾੜੀ ਰਾਜਿਆਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਦਿੱਲੀ ਵਿਚ ਕੌਣ ਰਾਜ ਕਰ ਰਿਹਾ ਹੈ। ਆਪਣੇ ਨੇੜੇ ਤੇੜੇ ਦੇ ਇਲਾਕਿਆਂ ਨੂੰ ਹੀ ਜਾਣਿਆ ਕਰਦੇ ਸਨ ਜਾਂ ਜਿਹੜੇ ਹਿੰਮਤ ਕਰਕੇ ਸਮੁੱਚੇ ਭਾਰਤ ਵਿਚ ਤੀਰਥ ਯਾਤਰਾ ਕਰਿਆ ਕਰਦੇ ਸਨ ਉਨ੍ਹਾਂ ਨੂੰ ਭੂਗੋਲਿਕ ਗਿਆਨ ਹੋ ਜਾਇਆ ਕਰਦਾ ਸੀ। ਉਸ ਸਮੇਂ ਵਿਦੇਸ਼ੀ ਰਾਜੇ ਪੱਛਮ ਵਲੋਂ ਭਾਰਤ ਵਿਚ ਆਪਣੇ ਰਾਜ ਸਥਾਪਤ ਕਰਦੇ ਸਨ। ਇਕੱਲਾ ਦੁਕੱਲਾ ਕੋਈ ਵੀ ਮਨੁੱਖ ਸਫਰ ਨਹੀਂ ਸੀ ਕਰਿਆ ਕਰਦਾ। ਕਈ ਥਾਵਾਂ ਉਪਰ ਮਨੁੱਖ ਦੀ ਬਲੀ ਦੇਣ ਦਾ ਵੀ ਰਿਵਾਜ਼ ਸੀ। ਉਹ ਇਕੱਲੇ-ਦੁਕੱਲੇ ਨੂੰ ਫੜ ਲਿਆ ਕਰਦੇ ਸਨ। ਉਸ ਵੇਲੇ ਗੁਲਾਮਾਂ ਦਾ ਵੀ ਰਿਵਾਜ਼ ਸੀ। ਰਾਜੇ ਯੁੱਧ ਪਿਛੋਂ ਹਜ਼ਾਰਾਂ ਬੰਦਿਆਂ, ਬੀਬੀਆਂ, ਬੱਚਿਆਂ ਨੂੰ ਫੜ ਕੇ ਲੈ ਜਾਇਆ ਕਰਦੇ ਸਨ ਅਤੇ ਬਹੁਤ ਸਸਤੇ ਮੁੱਲ ਤੇ ਵੇਚ ਦਿਆ ਕਰਦੇ ਸਨ। ਇਸੇ ਤਰ੍ਹਾਂ ਨਾਲ ਇਕੱਲੇ-ਦੁਕੱਲੇ ਮਨੁੱਖ ਨੂੰ ਫੜ ਕੇ ਛੋਟੇ-ਛੋਟੇ ਜਾਗੀਰਦਾਰ ਭੀ ਵੇਚ ਦਿਆ ਕਰਦੇ ਸਨ। ਇਸ ਕਰਕੇ ਸਫਰ ਘੱਟ ਕੀਤਾ ਜਾਂਦਾ ਸੀ। ਵੱਡੇ-ਵੱਡੇ ਕਾਫਲੇ ਬਣਾ ਕੇ ਸਫਰ ਕਰਿਆ ਕਰਦੇ ਸਨ। ਸੋ ਆਮ ਬੰਦੇ ਨੂੰ ਭੂਗੋਲਿਕ ਜਾਣਕਾਰੀ ਘੱਟ ਹੀ ਹੋਇਆ ਕਰਦੀ ਸੀ। ਭਾਰਤ ਵਰਸ਼ ਦੇ ਹਿੰਦੂ ਰਾਜੇ ਤਾਂ ਆਮ ਤੌਰ ਤੇ ਸਮੁੰਦਰ ਪਾਰ ਨਹੀਂ ਕਰਿਆ ਕਰਦੇ ਸਨ ਅਤੇ ਦੂਰ ਦੇ ਦੇਸ਼ਾਂ ਵਿਚ ਵੀ ਨਹੀਂ ਜਾਇਆ ਕਰਦੇ ਸਨ ਕਿਉਂਕਿ ਉਹ ਇਹ ਸਮਝਿਆ ਕਰਦੇ ਸਨ ਕਿ ਜਿਸ ਦੇਸ਼ ਵਿਚ ਮੋਰ ਨਾ ਬੋਲਦਾ ਹੋਵੇ, ਹਿਰਨਾਂ ਦੀਆਂ ਡਾਰਾਂ ਨਾ ਫਿਰਦੀਆਂ ਹੋਣ, ਉਹ ਦੇਸ਼ ਮਲੇਛ ਦੇਸ ਹੋਇਆ ਕਰਦਾ ਹੈ, ਉਸ ਦੇਸ ਦੇ ਪ੍ਰਭਾਵ ਚੰਗੇ ਨਹੀਂ ਸੀ ਮੰਨੇ ਜਾਂਦੇ। ਕੇਵਲ ਭਾਰਤ ਵਰਸ਼ ਨੂੰ ਹੀ ਕਰਮ ਭੂਮੀ ਮੰਨਿਆ ਜਾਂਦਾ ਸੀ ਅਤੇ ਇਸ ਨੂੰ ਪਵਿੱਤਰ ਭੂਮੀ ਮੰਨਿਆ ਜਾਂਦਾ ਸੀ। ਇਹੀ ਕਾਰਨ ਹੈ ਕਿ ਭਾਰਤ ਦੇ ਰਾਜੇ ਬਾਹਰਲੇ ਟਾਪੂਆਂ ਉਪਰ ਖੋਜ ਕਰਨ ਦਾ ਪ੍ਰਬੰਧ ਵੀ ਨਾ ਕਰ ਸਕੇ, ਆਪ ਤਾਂ ਉਨ੍ਹਾਂ ਨੇ ਜਾਣਾ ਹੀ ਕੀ ਸੀ।

ਜਦੋਂ ਅੰਗਰੇਜ਼ਾਂ ਦਾ ਰਾਜ ਇਥੇ ਹੋ ਗਿਆ ਤਾਂ 1910 ਦੇ ਕਰੀਬ ਇੰਗਲੈਂਡ ਦੇ ਬਾਦਸ਼ਾਹ ਦੀ ਤਾਜਪੋਸ਼ੀ ਸਮੇਂ ਭਾਰਤ ਦੇ ਰਾਜਿਆਂ ਨੂੰ ਵੀ ਬੁਲਾਇਆ ਗਿਆ ਸੀ। ਜੈਪੁਰ ਦਾ ਰਾਜਾ ਵੀ ਗਿਆ। ਉਸ ਲਈ ਸਮੱਸਿਆ ਇਹ ਸੀ ਕਿ ਉਹ ਮਲੇਛ ਦੇਸ਼ ਦਾ ਨਾ ਅੰਨ੍ਹ ਖਾਂਦਾ ਸੀ, ਨਾ ਪਾਣੀ ਪੀਂਦਾ ਸੀ। ਉਸ ਨੇ ਬਹੁਤ ਵੱਡਾ ਬਰਤਨ ਬਣਵਾਇਆ ਜਿਸ ਵਿਚ ਉਸ ਨੇ 100 ਕੁਇੰਟਲ ਪਾਣੀ ਗੰਗਾ ਜਲ ਪਾਇਆ। ਜਿੰਨੀ ਦੇਰ ਉਹ ਲੰਡਨ ਰਿਹਾ ਉਥੇ ਆਪਣਾ ਹੀ ਪਾਣੀ ਪੀਂਦਾ ਰਿਹਾ, ਆਪਣਾ ਹੀ ਅੰਨ ਖਾਂਦਾ ਰਿਹਾ, ਉਸ ਦੇਸ਼ ਦੀ ਕੋਈ ਵੀ ਚੀਜ਼ ਉਸ ਨੇ ਮੂੰਹ ਵਿਚ ਨਹੀਂ ਪਾਈ। ਐਸੀਆਂ ਗੱਲਾਂ ਨੂੰ ਭਿੱਟ ਦੀ ਥਾਂ ਧਰਮ ਨਾਲ ਜੋੜ ਦਿਤਾ ਜਾਂਦਾ ਸੀ। ਗੁਰੂ ਨਾਨਕ ਪਾਤਸ਼ਾਹ ਨੇ ਹਰ ਥਾਂ ਸਾਰੀ ਸ੍ਰਿਸ਼ਟੀ ਵਿਚ ਭਰਮਣ ਕਰਕੇ ਅਜਿਹੀਆਂ ਗੱਲਾਂ ਅਤੇ ਅਜਿਹੇ ਵਿਸ਼ਵਾਸ਼ਾਂ ਨੂੰ ਵਿਗਿਆਨਕ ਢੰਗ ਨਾਲ ਵਹਿਮਪ੍ਰਸਤੀ ਤੋਂ ਬਾਹਰ ਕੱਢਿਆ। ਇਹ ਕੁਝ ਕਾਰਨ ਸਨ ਕਿ ਆਮ ਬੰਦਿਆਂ ਨੂੰ ਪਤਾ ਹੀ ਨਹੀਂ ਸੀ ਹੁੰਦਾ ਕਿ ਭਾਰਤ ਕੀ ਹੈ, ਪੰਜਾਬ ਕੀ ਹੈ?

ਸੋ ਰਾਜਕੁਮਾਰੀ ਨੂੰ ਪਤਾ ਤਾਂ ਲਗ ਗਿਆ ਕਿ ਭਾਈ ਤਿਲੋਕਾ ਕਿਸ ਥਾਂ ਦੇ ਰਹਿਣ ਵਾਲੇ ਹਨ ਪਰ ਉਂਞ ਕੁਝ ਵੀ ਨਹੀਂ ਪਤਾ ਲੱਗਿਆ ਕਿ ਮਲਸੀਹਾਂ ਕਿਧਰ ਹੈ। ਛਿਪਦੇ ਵਿਚ ਹੈ ਜਾਂ ਚੜ੍ਹਦੇ ਵਿਚ ਹੈ।

ਰਾਜਕੁਮਾਰੀ ਨੇ ਭਾਈ ਤਿਲੋਕਾ ਜੀ ਨੂੰ ਕਿਹਾ ਕਿ ਹੇ ਚੰਗੇ ਮਨੁੱਖ ਤਿਲੋਕਾ ਜੀ! ਮੈਨੂੰ ਇਕ ਗੱਲ ਦੀ ਸਮਝ ਨਹੀਂ ਆ ਰਹੀ ਕਿ ਤੁਸੀਂ ਬਾਰ-ਬਾਰ ਮੈਨੂੰ ਕਹਿ ਰਹੇ ਹੋ ਕਿ ਮੈਂ ਸਰੀਰ ਛੱਡ ਕੇ ਚਲਿਆ ਜਾਣਾ ਹੈ। ਪਹਿਲਾਂ ਤਾਂ ਮੈਨੂੰ ਸਮਝ ਹੀ ਨਹੀਂ ਸੀ ਆ ਰਿਹਾ। ਪਹਿਲਾਂ ਮੈਂ ਇਹੀ ਸੋਚਦੀ ਸੀ ਕਿ ਤੁਸੀਂ ਤੰਦਰੁਸਤ ਹੋ ਕੇ ਚਲੇ ਜਾਣਾ ਹੈ। ਮੌਤ ਤਾਂ ਬੜੀ ਬੁਰੀ ਚੀਜ਼ ਹੈ ਕੀ ਤੁਹਾਨੂੰ ਇਸ ਤੋਂ ਡਰ ਨਹੀਂ ਲਗਦਾ? ਤੁਹਾਡਾ ਇਹੋ ਜਿਹੀ ਦਿਲ ਖਿੱਚਣ ਵਾਲੀ ਰੰਗੀਲੀ ਅਤੇ ਸੁਹਾਵੇ ਬਾਗਾਂ ਵਾਲੀ ਦੁਨੀਆਂ ਨੂੰ ਛੱਡ ਕੇ ਜਾਣ ਨੂੰ ਕਿਉਂ ਜੀਅ ਕਰਦਾ ਹੈ? ਮੈਂ ਤਾਂ ਕਈ ਬੰਦੇ ਮਰਦੇ ਦੇਖੇ ਹਨ, ਉਹ ਹੱਥ ਜੋੜ ਕੇ ਬੇਨਤੀਆਂ ਕਰਦੇ ਹਨ ਕਿ ਮੈਨੂੰ ਹੋਰ ਰੱਖ ਲਓ। ਕੋਈ ਅਜਿਹੀ ਦਵਾਈ ਦਿਓ ਕਿ ਮੈਂ ਮਰਾਂ ਨਾ। ਜੇ ਮੇਰੇ ਪਿਤਾ ਜੀ ਵੀ ਕਿਸੇ ਨੂੰ ਮੌਤ ਦਾ ਦੰਡ ਦਿੰਦੇ ਹਨ ਤਾਂ ਮੈਂ ਦੇਖਿਆ ਹੈ ਕਿ ਉਹ ਬਹੁਤ ਤਰਲੇ ਲੈਂਦਾ ਹੈ ਅਤੇ ਜਿਉਂਣ ਵਾਸਤੇ ਬਹੁਤ ਲੇਲ੍ਹੜੀਆਂ ਕਢ-ਕਢ ਕੇ ਬੇਨਤੀਆਂ ਕਰਦਾ ਹੈ ਪਰ ਤੁਸੀਂ ਤਾਂ ਝੱਟ ਹੀ ਕਹਿ ਦਿੰਦੇ ਹੋ ਕਿ ਮੈਂ ਚਲੇ ਜਾਣਾ ਹੈ ਤੇ ਮੈਂ ਹੈਰਾਨ ਹੁੰਦੀ ਹਾਂ।

ਉਸ ਵੇਲੇ ਭਾਈ ਤਿਲੋਕਾ ਜੀ ਨੇ ਕਿਹਾ ਕਿ ਬੀਬਾ! ਤੇਰੀ ਗੱਲ ਬਿਲਕੁਲ ਠੀਕ ਹੈ। ਮੌਤ ਤੋਂ ਉਹ ਲੋਕ ਡਰਦੇ ਹਨ ਜਿਨ੍ਹਾਂ ਨੇ ਮੌਤ ਨੂੰ ਨਹੀਂ ਬੁੱਝਿਆ। ਮੈਂ

ਸੰਖੇਪ ਵਿਚ ਤੈਨੂੰ ਦਸਦਾ ਹਾਂ ਕਿ ਇਹ ਜੋ ਸਰੀਰ ਹੈ ਇਹ ਇਕ ਕਪੜੇ ਵਾਂਗੂੰ ਹੈ ਜਿਵੇਂ ਸਰੀਰ ਕਪੜੇ ਪਹਿਨਦਾ ਹੈ। ਜਦੋਂ ਤਕ ਕਪੜੇ ਪੁਰਾਣੇ ਨਹੀਂ ਹੁੰਦੇ ਇਹ ਪਹਿਨਦਾ ਰਹਿੰਦਾ ਹੈ ਪਰ ਜਦੋਂ ਕਪੜਾ ਪੁਰਾਣਾ ਹੋ ਗਿਆ, ਉਸ ਵੇਲੇ ਉਤਾਰ ਕੇ ਹੋਰ ਕਪੜੇ ਪਹਿਨਣੇ ਹੀ ਹੁੰਦੇ ਹਨ। ਤੈਨੂੰ ਪਤਾ ਹੀ ਹੈ ਨਾ ਕਿ ਤੇਰੇ ਪਾਸ ਕਿੰਨੇ ਸੂਟ ਹਨ ਅਤੇ ਤੂੰ ਸਮੇਂ-ਸਮੇਂ ਸਿਰ ਬਦਲਦੀ ਰਹਿੰਦੀ ਹੈਂ। ਮੈਨੂੰ ਐਂ ਦਸ ਕਿ ਬਸਤਰ ਉਤਾਰਨ ਵੇਲੇ ਤੈਨੂੰ ਕੋਈ ਡਰ ਲਗਦਾ ਹੈ ਅਤੇ ਨਵਾਂ ਪੈਨ੍ਹਣ ਵੇਲੇ ਕੋਈ ਅਫਸੋਸ ਹੁੰਦਾ ਹੈ।

ਉਸ ਨੇ ਕਿਹਾ ਕਿ ਬਸਤਰ ਪਹਿਨਣ ਤੇ ਉਤਾਰਨ ਦਾ ਕੀ ਡਰ ਹੁੰਦਾ ਹੈ ਕਿਉਂਕਿ ਉਹ ਬਸਤਰ ਮੈਲੇ ਹੋ ਜਾਂਦੇ ਹਨ। ਸਮੇਂ ਸਿਰ ਅਤੇ ਮੌਸਮ ਦੇ ਹਿਸਾਬ ਨਾਲ ਵਸਤਰ ਪਹਿਨੇ ਜਾਂਦੇ ਹਨ। ਸੋ ਇਸ ਕਰਕੇ ਉਨ੍ਹਾਂ ਦੇ ਪਹਿਨਣ ਤੇ ਉਤਾਰਨ ਦਾ ਕੋਈ ਅਸਰ ਮਨ ਉਤੇ ਹੋਇਆ ਹੀ ਨਹੀਂ ਕਰਦਾ।

ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਬੀਬਾ! ਜਿਨ੍ਹਾਂ ਲੋਕਾਂ ਨੂੰ ਇਹ ਗਿਆਨ ਨਹੀਂ ਹੈ ਕਿ ਮੈਂ ਕੌਣ ਹਾਂ ਉਹ ਲੋਕ ਪੰਜਾਂ ਤੱਤਾਂ ਦੇ ਬਣੇ ਹੋਏ ਆਪਣੇ ਸਰੀਰ ਨੂੰ ਹੀ ਆਪਣਾ ਰੂਪ ਸਮਝਦੇ ਹਨ ਅਤੇ ਸਰੀਰ ਛੱਡਣ ਨੂੰ ਹੀ ਮਰਨਾ ਕਹਿੰਦੇ ਹਨ। ਮੈਂ ਤੈਨੂੰ ਥੋੜ੍ਹਾ ਹੋਰ ਦਸਦਾ ਹਾਂ ਕਿ ਇਹ ਜੀਵ ਸੰਸਾਰ ਵਿਚ ਕਰਮਾਂ ਦਾ ਬੰਨ੍ਹਿਆ ਹੋਇਆ ਭੇਜਿਆ ਜਾਂਦਾ ਹੈ ਅਤੇ ਆਪਣੇ ਕੀਤੇ ਹੋਏ ਕਰਮਾਂ ਅਨੁਸਾਰ ਦੁਖ ਤੇ ਸੁਖ ਭੋਗਦਾ ਹੈ ਅਤੇ ਨਵੇਂ ਕਰਮ ਹੋਰ ਕਰਦਾ ਹੈ। ਉਨ੍ਹਾਂ ਵਿਚੋਂ ਕੁਝ ਚੰਗੇ ਹੁੰਦੇ ਹਨ ਕੁਝ ਮਾੜੇ ਹੁੰਦੇ ਹਨ। ਜਦੋਂ ਇਹ ਹੁਕਮ ਵਿਚ ਸਰੀਰ ਛੱਡ ਦਿੰਦਾ ਹੈ ਉਸ ਵੇਲੇ ਇਸ ਨੂੰ ਆਪਣੇ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ।

ਸਾਧਸੰਗਤ ਜੀ! ਕਰਮ ਕਰਨ ਵੇਲੇ ਤਾਂ ਇਹ ਸੋਚਦਾ ਨਹੀਂ ਕਿ ਉਸ ਦਾ ਕੀ ਫਲ ਮੈਨੂੰ ਪ੍ਰਾਪਤ ਹੋਵੇਗਾ। ਗੁਰੂ ਮਹਾਰਾਜ ਜੀ ਬਾਰ-ਬਾਰ ਜੀਵ ਨੂੰ ਸਮਝਾਉਂਦੇ ਹਨ ਕਿ ਅਜਿਹਾ ਕੰਮ ਨਾ ਕਰੀਂ ਜਿਸ ਦੇ ਕਰਨ ਨਾਲ ਤੈਨੂੰ ਕਰਮਾਂ ਦੇ ਹਿਸਾਬ ਕਿਤਾਬ ਸਮੇਂ ਪਛਤਾਉਣਾ ਪੈ ਜਾਵੇ। ਫੁਰਮਾਨ ਕਰਦੇ ਹਨ –

*ਐਸਾ ਕੰਮੁ ਮੂਲੇ ਨ ਕੀਚੈ*
*ਜਿਤੁ ਅੰਤਿ ਪਛੋਤਾਈਐ॥*

*ਪੰਨਾ – 918*

ਕੀਤੇ ਹੋਏ ਕਰਮਾਂ ਦਾ ਲੇਖਾ ਸਾਰਿਆਂ ਨੂੰ ਦੇਣਾ ਪੈਂਦਾ ਹੈ। ਚੰਗੇ ਕਰਮ ਕੀਤੇ ਹੋਣ ਤਾਂ ਦਰਗਹ ਵਿਚ ਥਾਂ ਮਿਲਦਾ ਹੈ, ਮਾੜੇ ਕਰਮ ਕੀਤੇ ਹੋਣ ਤਾਂ ਦਰਗਾਹ ਵਿਚ ਪੈਰ ਰੱਖਣ ਨੂੰ ਵੀ ਥਾਂ ਨਹੀਂ ਮਿਲਿਆ ਕਰਦੀ। ਮਹਾਰਾਜ ਜੀ ਫੁਰਮਾਨ ਕਰਦੇ ਹਨ, ਪੜ੍ਹੋ –

*ਧਾਰਨਾ – ਜਿੰਦੇ ਰੋਵੇਂਗੀ ਤੇ*
*ਰੋ ਰੋ ਪਛੋਤਾਵੇਂਗੀ*
*ਫੇਰ ਤੇਰਾ ਕੋਈ ਨਾ ਬਣੇ।*

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥*

*ਪੰਨਾ – 464*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ! ਪ੍ਰਮੇਸ਼ਰ ਨੇ ਲੇਖਾ ਸਭ ਤੋਂ ਲੈਣਾ ਹੈ ਜਿਵੇਂ ਕਿ –

*ਨਾਨਕੁ ਆਖੈ ਰੇ ਮਨਾ*
*ਸੁਣੀਐ ਸਿਖ ਸਹੀ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥*
*ਤਲਬਾ ਪਉਸਨਿ ਆਕੀਆ*
*ਬਾਕੀ ਜਿਨਾ ਰਹੀ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ॥*
*ਆਵਣੁ ਜਾਣੁ ਨ ਸੁਝਈ*
*ਭੀੜੀ ਗਲੀ ਫਹੀ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥*

*ਪੰਨਾ – 953*

ਅਤੇ ਫੁਰਮਾਨ ਹੈ –

*ਕਰਿ ਕਰਿ ਕਰਣਾ ਲਿਖਿ ਲੈ ਜਾਹੁ॥*
*ਆਪੇ ਬੀਜਿ ਆਪੇ ਹੀ ਖਾਹੁ॥*

*ਪੰਨਾ – 4*

ਬਹੁਤ ਸਖਤ ਸਜ਼ਾਵਾਂ ਉਨ੍ਹਾਂ ਨੂੰ ਮਿਲਦੀਆਂ ਹਨ ਜਿਨ੍ਹਾਂ ਨੇ ਮਨਮੁਖ ਰਹਿ ਕੇ ਮਨਮਰਜ਼ੀਆਂ ਕੀਤੀਆਂ ਹਨ, ਦੁਨੀਆਂ ਨੂੰ ਦੁਖੀ ਕੀਤਾ ਹੈ। ਜਦੋਂ ਫੇਰ ਜੀਵ ਜਾ ਕੇ ਲੇਖਾ ਦਿੰਦਾ ਹੈ ਫੇਰ ਰੋਂਦਾ ਹੈ, ਕਲਪਦਾ ਹੈ ਜਿਵੇਂ ਕਿ –

*ਧਾਰਨਾ – ਘਾਣੀ ਪੀੜਨੀ ਨਿਮਾਣੀ*
*ਤੇਰੀ ਜਿੰਦੜੀ*
*ਦਰਗਹ ਵਿਚ ਧਰਮਰਾਜ ਨੇ।*

*ਲੈ ਫਾਹੇ ਰਾਤੀ ਤੁਰਹਿ*
*ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ*
*ਲੁਕਿ ਅੰਦਰਿ ਠਾਣੀ॥*
*ਸੰਨੀ ਦੇਨਿ ਵਿਖੰਮ ਥਾਇ*
*ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥*

*ਪੰਨਾ – 315*

ਇਸ ਕਰਮ ਧਰਤੀ ਵਿਚ ਜੋ ਕੁਝ ਬੀਜਿਆ

ਜਾਂਦਾ ਹੈ ਉਹ ਆਪ ਹੀ ਖਾਣਾ ਪੈਂਦਾ ਹੈ –

**ਕਰਮ ਧਰਤੀ ਸਰੀਰੁ ਜੁਗ**
**ਅੰਤਰਿ ਜੋ ਬੋਵੈ ਸੋ ਖਾਤਿ॥**
**ਪੰਨਾ – 78**

ਆਪਣਾ ਮੰਦਾ ਚੰਗਾ ਕੀਤਾ ਹੋਇਆ ਆਪ ਹੀ ਭੋਗਣਾ ਪੈਂਦਾ ਹੈ। ਜਿਹੋ ਜਿਹੀ ਕਾਰ ਕੋਈ ਕਰੇਗਾ ਉਹੋ ਹੀ ਫਲ ਮਿਲਦਾ ਹੈ –

**ਮੰਦਾ ਚੰਗਾ ਆਪਣਾ**
**ਆਪੇ ਹੀ ਕੀਤਾ ਪਾਵਣਾ॥**
**ਪੰਨਾ – 471**

**ਫਲੁ ਤੇਵੇਹੋ ਪਾਈਐ**
**ਜੇਵੇਹੀ ਕਾਰ ਕਮਾਈਐ॥**
**ਪੰਨਾ – 468**

ਇਕਨਾਂ ਨੂੰ ਇਹ ਬਚਨ ਸੁਣ ਕੇ ਸੋਝੀ ਹੋ ਜਾਂਦੀ ਹੈ ਇਕ ਬੇਪਰਵਾਹ ਹਨ। ਜਦੋਂ ਉਨ੍ਹਾਂ ਤੋਂ ਲੇਖਾ ਮੰਗਿਆ ਜਾਂਦਾ ਹੈ ਫਿਰ ਉਹ ਪਛਤਾਉਂਦੇ ਹਨ।

**ਧਾਰਨਾ– ਇਕਨਾ ਨੂੰ ਸੋਝੀ ਆ ਗਈ ਐ,**
**ਇਕ ਫਿਰਦੇ ਬੇਪਰਵਾਹ**

**ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ**
**ਜਿਉ ਦਰੀਆਵੈ ਢਾਹਾ॥**
**ਅਗੈ ਦੋਜਕੁ ਤਪਿਆ ਸੁਣੀਐ**
**ਹੂਲ ਪਵੈ ਕਾਹਾਹਾ॥**
**ਇਕਨਾ ਨੋ ਸਭ ਸੋਝੀ**
**ਆਈ ਇਕਿ ਫਿਰਦੇ ਵੇਪਰਵਾਹਾ॥**
**ਪੰਨਾ – 1383**

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੋ ਮਨਮੁਖ ਬੰਦੇ ਪ੍ਰਮੇਸ਼ਰ ਨੂੰ ਭੁੱਲ ਕੇ ਆਪਣਾ ਜਨਮ ਬਿਰਥਾ ਗੁਆ ਦਿੰਦੇ ਹਨ ਉਨ੍ਹਾਂ ਨੂੰ ਨਰਕਾਂ ਵਿਚ ਜਾ ਕੇ ਸਜ਼ਾਵਾਂ ਭੋਗਣੀਆਂ ਪੈਂਦੀਆਂ ਹਨ। ਅਜਕਲ੍ਹ ਦੇ ਕਈ ਪੜ੍ਹੇ ਲਿਖੇ ਬੰਦੇ ਝੱਟ ਹੀ ਇਹ ਕਹਿ ਦਿੰਦੇ ਹਨ ਕਿ ਗੁਰੂ ਮਹਾਰਾਜ ਤਾਂ ਨਰਕ ਸੁਰਗ ਨੂੰ ਮੰਨਦੇ ਹੀ ਨਹੀਂ ਹਨ। ਇਹ ਤਾਂ ਐਵੇਂ ਡਰਾਉਣ ਵਾਸਤੇ, ਸਹੀ ਰਸਤੇ ਚਲਾਉਣ ਵਾਸਤੇ ਗੱਲ ਹੋਇਆ ਕਰਦੀ ਹੈ। ਜਿਵੇਂ ਮਾਂ ਆਪਣੇ ਬੱਚੇ ਨੂੰ ਖਤਰਿਆਂ ਤੋਂ ਬਚਾਉਣ ਲਈ ਝੂਠਾ ਮੂਠਾ ਹੀ ਕਹਿ ਦਿੰਦੀ ਹੈ ਹਨ੍ਹੇਰੇ ਵਿਚ ਅੰਦਰ ਨਾ ਜਾਈਂ, ਅੰਦਰ ਭੂਤ ਹੈ, ਮਾਊਂ ਹੈ। ਦੁਪਹਿਰ ਵੇਲੇ ਧੁੱਪ ਵਿਚ ਬੱਚੇ ਨੂੰ ਗਰਮੀ ਤੋਂ ਬਚਾਉਣ ਲਈ ਕਹਿ ਦਿੰਦੀ ਹੈ ਕਿ ਦੁਪਹਿਰੇ ਰੋਹੀਆਂ ਵਿਚ ਭੂਤ ਨਚਦੇ ਹਨ। ਵਾਵਰੋਲੇ ਵਿਚ ਭੂਤ ਹੁੰਦੇ ਹਨ ਪਰ ਉਹ ਭੁੱਲ ਜਾਂਦੇ ਹਨ ਕਿ ਗੁਰੂ ਮਹਾਰਾਜ ਜੀ ਨੇ ਧਰਮਰਾਜ ਦੀ ਸਥਾਪਨਾ ਅਤੇ ਧਰਮਰਾਜ ਦਾ ਕਾਰਜ ਖੇਤਰ ਵੀ ਲਿਖਿਆ ਹੈ ਜਿਵੇਂ ਕਿ ਫੁਰਮਾਨ ਹੈ –

**ਨਾਨਕ ਜੀਅ ਉਪਾਇ ਕੈ**
**ਲਿਖਿ ਨਾਵੈ ਧਰਮੁ ਬਹਾਲਿਆ॥**
**ਓਥੈ ਸਚੇ ਹੀ ਸਚਿ ਨਿਬੜੈ**
**ਚੁਣਿ ਵਖਿ ਕਢੇ ਜਜਮਾਲਿਆ॥**
**ਥਾਉ ਨ ਪਾਇਨਿ ਕੂੜਿਆਰ**
**ਮੁਹ ਕਾਲੈ ਦੋਜਕਿ ਚਾਲਿਆ।।**
**ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ**
**ਗਏ ਸਿ ਠਗਣ ਵਾਲਿਆ।।**
**ਲਿਖਿ ਨਾਵੈ ਧਰਮੁ ਬਹਾਲਿਆ।।**
**ਪੰਨਾ – 463**

ਧਰਮਰਾਜ ਦਾ ਕਾਰਜ ਖੇਤਰ ਲਿਖਦੇ ਹੋਏ ਫੁਰਮਾਨ ਕਰਦੇ ਹਨ –

**ਧਰਮ ਰਾਇ ਨੋ ਹੁਕਮੁ ਹੈ**
**ਬਹਿ ਸਚਾ ਧਰਮੁ ਬੀਚਾਰਿ॥**
**ਦੂਜੈ ਭਾਇ ਦੁਸਟੁ ਆਤਮਾ**
**ਓਹੁ ਤੇਰੀ ਸਰਕਾਰ॥ ਪੰਨਾ – 38**

ਇਨ੍ਹਾਂ ਦੁਸ਼ਟ ਆਤਮਾਵਾਂ ਵਿਚ ਮਨਮੁਖ ਭੀ ਆਉਂਦੇ ਹਨ ਜਿਨ੍ਹਾਂ ਬਾਰੇ ਫੁਰਮਾਨ ਹੈ –

**ਮਨਮੁਖਿ ਆਵੈ ਮਨਮੁਖਿ ਜਾਵੈ॥**
**ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥**
**ਜਿਤਨੇ ਨਰਕ ਸੇ ਮਨਮੁਖਿ ਭੋਗੈ**
**ਗੁਰਮੁਖਿ ਲੇਪੁ ਨ ਮਾਸਾ ਹੇ॥**
**ਪੰਨਾ – 1073**

ਕਈ ਵੱਡੇ-ਵੱਡੇ ਨਰਕ ਅਠਾਰ੍ਹਾਂ ਗਿਣਦੇ ਹਨ, ਕਈ ਮਹਾਂਪੁਰਸ਼ ਛੋਟੇ ਵੱਡੇ ਨਰਕ 84 ਗਿਣਦੇ ਹਨ। ਗੁਰੂ ਮਹਾਰਾਜ ਜੀ ਇਸ ਗਿਣਤੀ ਵਿਚ ਨਾ ਪੈਂਦੇ ਹੋਏ ਫੁਰਮਾਨ ਕਰਦੇ ਹਨ ਕਿ ਜਿੰਨੇ ਵੀ ਨਰਕ ਹਨ ਉਹ ਸਾਰੇ ਦੇ ਸਾਰੇ ਮਨਮੁਖ ਨੂੰ ਭੋਗਣੇ ਪੈਂਦੇ ਹਨ। ਧਰਮਰਾਜ ਦਾ ਕਾਰਜ ਖੇਤਰ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਜਿਨ੍ਹਾਂ ਨੇ ਸੰਸਾਰ ਵਿਚ ਆ ਕੇ ਨਿਸ਼ਕਾਮ ਕਰਮ ਕੀਤੇ, ਪ੍ਰਮੇਸ਼ਰ ਦਾ ਨਾਮ ਜਪਿਆ ਉਨ੍ਹਾਂ ਦੀ ਸੇਵਾ ਧਰਮਰਾਜ ਕਰਦਾ ਹੈ ਜਿਸ ਤਰ੍ਹਾਂ ਕਿ –

**ਅਧਿਆਤਮੀ ਹਰਿ ਗੁਣ ਤਾਸੁ**
**ਮਨਿ ਜਪਹਿ ਏਕੁ ਮੁਰਾਰਿ॥**
**ਤਿਨ ਕੀ ਸੇਵਾ ਧਰਮ ਰਾਇ ਕਰੈ**
**ਧੰਨੁ ਸਵਾਰਣਹਾਰੁ॥ ਪੰਨਾ – 38**

ਬੰਦਗੀ ਕਰਨ ਵਾਲੇ ਧਰਮਰਾਜ ਦੇ ਨਹੀਂ ਜਾਇਆ ਕਰਦੇ। ਜਿਨ੍ਹਾਂ ਨੇ ਸਮਰੱਥ ਗੁਰੂ ਤੋਂ ਨਾਮ ਪ੍ਰਾਪਤ ਕਰਕੇ ਕਮਾਈ ਕੀਤੀ ਅਤੇ ਗਿਆਨ ਪ੍ਰਾਪਤ ਕਰ ਲਿਆ ਉਨ੍ਹਾਂ ਦੇ ਸਾਰੇ ਲੇਖੇ ਪੱਤੇ ਧਰਮਰਾਜ ਦੀ ਦਰਗਾਹ ਵਿਚ ਪਾੜ ਦਿਤੇ ਜਾਇਆ ਕਰਦੇ ਹਨ। ਜਿਵੇਂ ਕਿ ਫੁਰਮਾਨ ਹੈ –

**ਜਿਨ ਕਉ ਕ੍ਰਿਪਾ ਕਰੀ ਜਗਜੀਵਨਿ**
**ਹਰਿ ਉਰਿ ਧਾਰਿਓ ਮਨ ਮਾਝਾ॥**
**ਧਰਮ ਰਾਇ ਦਰਿ ਕਾਗਦ ਫਾਰੇ**
**ਜਨ ਨਾਨਕ ਲੇਖਾ ਸਮਝਾ॥**
**ਪੰਨਾ – 698**

ਹਠ ਧਰਮੀ ਛੱਡ ਕੇ, ਅਗਰ, ਮਗਰ, ਮਤਲਬ ਕੇ, ਵਰਗੇ ਸ਼ਬਦ ਛੱਡ ਕੇ ਗੁਰਬਾਣੀ ਨੂੰ ਸਤ-ਸਤ ਕਰਕੇ ਮੰਨ ਲਵੋਂ। ਲੇਖੇ ਹੁੰਦੇ ਹਨ। ਕਿਵੇਂ ਲੇਖਾ ਲਿਆ ਜਾਂਦਾ ਹੈ ਉਸ ਬਾਰੇ ਸੋਚੋ -

*ਚਉਰਾਸੀਹ ਨਰਕ ਸਾਕਤੁ ਭੋਗਾਈਐ॥*
*ਜੈਸਾ ਕੀਚੈ ਤੈਸੋ ਪਾਈਐ॥*
*ਸਤਿਗੁਰ ਬਾਝਹੁ ਮੁਕਤਿ ਨ ਹੋਈ*
*ਕਿਰਤਿ ਬਾਧਾ ਗ੍ਰਸਿ ਦੀਨਾ ਹੇ॥*
*ਖੰਡੇ ਧਾਰ ਗਲੀ ਅਤਿ ਭੀੜੀ॥*
*ਲੇਖਾ ਲੀਜੈ ਤਿਲ ਜਿਉ ਪੀੜੀ॥*
*ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ*
*ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ॥*
*ਪੰਨਾ - 1028*

ਸੋ ਭਾਈ ਤਿਲੋਕਾ ਜੀ ਰਾਜਕੁਮਾਰੀ ਨੂੰ ਸਮਝਾਉਣ ਲੱਗੇ ਕਿ ਬੀਬਾ! ਬੰਦਗੀ ਕਰਨ ਵਾਲੇ ਜਦੋਂ ਸੰਸਾਰ ਤੋਂ ਜਾਂਦੇ ਹਨ ਦਰਗਾਹ ਵਿਚ ਉਨ੍ਹਾਂ ਦੀ ਜੈ ਜੈਕਾਰ ਹੁੰਦੀ ਹੈ ਅਤੇ ਧੰਨ-ਧੰਨ ਕਹਿ ਕੇ ਸਤਿਕਾਰ ਕੀਤਾ ਜਾਂਦਾ ਹੈ ਜਿਵੇਂ ਕਿ -

*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥*
*ਪੰਨਾ - 283*

ਹੁਣ ਤੂੰ ਆਪ ਹੀ ਦਸ ਮੌਤ ਤੋਂ ਕੌਣ ਡਰਦਾ ਹੈ, ਕੌਣ ਹੈ ਜਿਸਨੂੰ ਮੌਤ ਤੋਂ ਡਰ ਨਹੀਂ ਲਗਦਾ ਜਿਨ੍ਹਾਂ ਨੇ ਇਸ ਸੰਸਾਰ ਵਿਚ ਆ ਕੇ ਪਾਪ ਕਮਾਏ ਹਨ, ਦੁਨੀਆਂ ਨੂੰ ਦੁਖੀ ਕੀਤਾ ਹੈ, ਨਿੰਦਿਆ, ਚੁਗਲੀ, ਈਰਖਾ, ਬਖੀਲੀ, ਵਿਸ਼ੇ ਭੋਗਾਂ ਵਿਚ ਜੀਵਨ ਬਿਤਾਇਆ ਹੈ, ਦੂਜਿਆਂ ਦਾ ਹੱਕ ਮਾਰ-ਮਾਰ ਕੇ ਪੈਸੇ ਜੋੜੇ ਹਨ, ਜਾਇਦਾਦਾਂ ਬਣਾਈਆਂ ਹਨ, ਉਹ ਜਦੋਂ ਸੰਸਾਰ ਤੋਂ ਜਾਂਦੇ ਹਨ ਤਾਂ ਰੋਂਦੇ ਜਾਂਦੇ ਹਨ। ਉਨ੍ਹਾਂ ਨੂੰ ਮੌਤ ਤੋਂ ਡਰ ਲਗਦਾ ਹੈ ਕਿਉਂਕਿ ਅੱਗੇ ਜਾ ਕੇ ਉਨ੍ਹਾਂ ਨੂੰ ਨਰਕਾਂ ਦੇ ਦੁਖ ਸਹਿਣੇ ਬਹੁਤ ਔਖੇ ਹੋ ਜਾਂਦੇ ਹਨ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*
*ਨਾਨਕ ਜਿਉ ਮਥਨਿ ਮਧਾਣੀਆ*
*ਤਿਉ ਮਥੇ ਧ੍ਰਮ ਰਾਇ॥ ਪੰਨਾ - 1425*

ਜਿਵੇਂ ਮਧਾਣੀਆਂ ਰਿੜਕ ਦਿੰਦੀਆਂ ਹਨ ਇਸੇ ਤਰ੍ਹਾਂ ਨਾਲ ਪਾਪ ਕਰਨ ਵਾਲਿਆਂ ਨਾਲ ਦਰਗਾਹ ਵਿਚ ਵਰਤਾਰਾ ਹੁੰਦਾ ਹੈ ਜਿਨ੍ਹਾਂ ਨੇ ਨਾਮ ਜਪਿਆ ਹੈ ਅਤੇ ਨਾਮ ਦਾ ਧਨ ਜੋੜਿਆ ਹੈ ਉਨ੍ਹਾਂ ਦੀ ਦਰਗਾਹ ਵਿਚ ਧੰਨ-ਧੰਨ ਹੁੰਦੀ ਹੈ।

ਸੋ ਜਿਨ੍ਹਾਂ ਨੂੰ ਦਰਗਾਹ ਵਿਚ ਜਾ ਕੇ ਮਾਣ ਪ੍ਰਾਪਤ ਹੋਣਾ ਹੈ ਆਦਰ ਮਿਲਣਾ ਹੈ ਉਨ੍ਹਾਂ ਨੂੰ ਮੌਤ ਤੋਂ ਡਰ ਨਹੀਂ ਲਗਿਆ ਕਰਦਾ ਜਿਵੇਂ ਕਿ ਫੁਰਮਾਨ ਹੈ -

*ਧਾਰਨਾ- ਜਿਹੜੀ ਮੌਤ ਤੋਂ ਡਰੇ*
*ਜਗ ਸਾਰਾ,*
*ਮੇਰੇ ਮਨ ਆਨੰਦ ਹੈ ਪਿਆਰਿਓ!*

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥*
*ਪੰਨਾ - 1365*

ਸੋ ਐਸੇ ਮਹਾਂਪੁਰਸ਼ਾਂ ਦੇ ਜਾਣ ਤੇ ਸੰਸਾਰ ਨੂੰ ਰੋਣਾ ਨਹੀਂ ਚਾਹੀਦਾ ਕਿਉਂਕਿ ਦਰਗਾਹ ਵਿਚ ਜਾ ਕੇ ਉਨ੍ਹਾਂ ਨੂੰ ਉਚੀਆਂ ਪਦਵੀਆਂ, ਵਡਿਆਈਆਂ ਮਿਲਦੀਆਂ ਹਨ। ਜਦੋਂ ਆਪਣੇ ਪ੍ਰੇਮੀ ਨੂੰ ਦਰਗਾਹ ਵਿਚ ਵਡਿਆਈਆਂ ਮਿਲਦੀਆਂ ਹਨ ਤਾਂ ਰੋਣਾ ਨਹੀਂ ਚਾਹੀਦਾ। ਉਨ੍ਹਾਂ ਮੂਰਖਾਂ ਦੇ ਜਾਣ ਤੇ ਰੋਣਾ ਚਾਹੀਦਾ ਹੈ ਜਿਨ੍ਹਾਂ ਨੇ ਸੰਸਾਰ ਤੇ ਆ ਕੇ ਆਪਣਾ ਅਮੁਲਾ ਜੀਵਨ ਬਰਬਾਦ ਕਰ ਦਿਤਾ ਹੈ, ਜਿਨ੍ਹਾਂ ਨੇ ਸ਼ਰਾਬਾਂ ਕਬਾਬਾਂ ਵਿਚ ਲਿਪਤ ਹੋ ਕੇ ਆਪਣੇ ਆਪ ਨੂੰ ਨਰਕਾਂ ਦੇ ਭਾਗੀ ਬਣਾ ਲਿਆ ਹੈ ਜਿਨ੍ਹਾਂ ਬੰਦਗੀ ਕਰਨ ਵਾਲੇ ਮਹਾਂਪੁਰਖਾਂ ਗੁਰਮੁਖਾਂ ਸੰਤਾਂ ਦੀ ਨਿੰਦਿਆਂ ਕਰ ਕਰਕੇ, ਲੋਕਾਂ ਨੂੰ ਗੁਮਰਾਹ ਕਰਕੇ ਈਰਖਾ ਭਰੇ ਅੱਗ ਲਾਉਂਦੇ ਬਚਨ ਕਹਿ ਕੇ ਸ਼ਰਧਾ ਤੋੜੀ ਹੈ। ਉਨ੍ਹਾਂ ਨੂੰ ਰੋਣਾ ਚਾਹੀਦਾ ਹੈ ਜਿਹੜੇ ਆਪਣਾ ਸਮਾਂ ਖਰਾਬ ਕਰਕੇ ਨਖਿੱਧ ਜੂਨੀਆਂ ਵਿਚ ਪ੍ਰਵੇਸ਼ ਕਰ ਲਿਆ ਕਰਦੇ ਹਨ।

*ਧਾਰਨਾ - ਰੋਵਹੁ ਰੋਵਹੁ*
*ਬਈ ਸਾਕਤ ਬਪੁਰੇ ਨੂੰ*
*ਜਿਹੜਾ ਹਾਟੋ ਹਾਟ ਵਿਕਾਇ*
*ਕਬੀਰ ਸੰਤ ਮੂਏ ਕਿਆ ਰੋਈਐ*
*ਜੋ ਅਪੁਨੇ ਗ੍ਰਿਹਿ ਜਾਇ॥*
*ਰੋਵਹੁ ਸਾਕਤ ਬਾਪੁਰੇ*
*ਜੁ ਹਾਟੈ ਹਾਟ ਬਿਕਾਇ॥*
*ਪੰਨਾ - 1365*

ਇਸੇ ਤਰ੍ਹਾਂ ਨਾਲ ਜਿਨ੍ਹਾਂ ਨੇ ਸੰਸਾਰ ਵਿਚ ਰਹਿ ਕੇ ਪ੍ਰਮੇਸ਼ਰ ਦੀ ਅਰਾਧਨਾ ਕੀਤੀ ਹੈ, ਨੇਤਰਾਂ ਦੇ ਨਾਲ ਮਹਾਂਪੁਰਸ਼ਾਂ ਦੇ ਦਰਸ਼ਨ ਕੀਤੇ ਹਨ, ਕੰਨਾਂ ਦੇ ਨਾਲ ਮਹਾਂਪੁਰਸ਼ਾਂ ਦੇ ਬਚਨ ਸੁਣੇ ਅਤੇ ਕਮਾਏ ਹਨ, ਰਸਨਾ ਦੇ ਨਾਲ ਨਾਮ ਜਪਿਆ ਹੈ, ਚੁਗਲੀਆਂ ਨਹੀਂ ਕੀਤੀਆਂ, ਨਿੰਦਿਆ ਨਹੀਂ ਕੀਤੀ; ਕੇਵਲ ਨਾਮ ਜਪਿਆ ਹੈ। ਨੇਤਰ ਪਵਿੱਤਰ ਕੀਤੇ ਹਨ ਸੰਗਤ ਦੇ, ਗੁਰੂ ਪੀਰਾਂ ਦੇ ਦਰਸ਼ਨ ਕਰਕੇ ਬੰਦਗੀ ਵਾਲਿਆਂ ਦੇ ਦਰਸ਼ਨ ਕੀਤੇ ਹਨ ਅਤੇ ਜਿਨ੍ਹਾਂ ਨੇ ਆਪਣੇ ਪ੍ਰਭੂ ਨਾਲ ਪਿਆਰ ਕੀਤਾ ਹੈ, ਆਪਣੇ ਗੁਰੂ ਨੂੰ ਪ੍ਰਮੇਸ਼ਰ ਦਾ ਰੂਪ ਜਾਣ ਕੇ ਪਿਆਰ ਕੀਤਾ ਹੈ, ਉਨ੍ਹਾਂ ਨੂੰ ਦਰਗਾਹ ਵਿਚ ਥਾਂ ਮਿਲਿਆ ਕਰਦਾ ਹੈ ਜਿਵੇਂ ਇਥੇ ਸਰੋਪੇ ਮਿਲਦੇ ਹਨ, ਬੜੇ ਮਾਣ ਤੇ ਸਤਿਕਾਰ ਕੀਤੇ ਜਾਂਦੇ ਹਨ, ਪਬਲਿਕ ਜੈ ਜੈਕਾਰ ਕਰਦੀ ਹੈ ਉਸੇ ਤਰ੍ਹਾਂ ਨਾਲ ਦਰਗਾਹ ਦੇ ਵਿਚ ਜੈ ਜੈਕਾਰ ਹੁੰਦੀ ਹੈ। ਸਾਧਸੰਗਤ ਜੀ! ਇਸ ਬਾਰੇ ਗੁਰਬਾਣੀ ਵਿਚ ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਦਰਗਹ ਮਿਲਦੈ ਥਾਉਂ*

### ਗੁਰਾਂ ਨਾਲ ਰੱਤਿਆ

ਅੰਤਰਿ ਗੁਰੁ ਆਰਾਧਣਾ
ਜਿਹਵਾ ਜਪਿ ਗੁਰ ਨਾਉ॥
ਨੇਤ੍ਰੀ ਸਤਿਗੁਰੁ ਪੇਖਣਾ
ਸ੍ਰਵਣੀ ਸੁਨਣਾ ਗੁਰ ਨਾਉ॥
ਸਤਿਗੁਰ ਸੇਤੀ ਰਤਿਆ
ਦਰਗਹ ਪਾਈਐ ਠਾਉ॥ ਪੰਨਾ-517

ਭਾਈ ਤਿਲੋਕਾ ਜੀ ਰਾਜਕੁਮਾਰੀ ਨੂੰ ਦਸ ਰਹੇ ਹਨ ਕਿ ਬੀਬਾ! ਤੂੰ ਆਪ ਹੀ ਸੋਚ, ਤੇਰੇ ਦਾਦਿਆਂ, ਪੜਦਾਦਿਆਂ ਜਿਨ੍ਹਾਂ ਨੇ ਇਸ ਰਾਜ ਨੂੰ ਹਾਸਲ ਕੀਤਾ, ਇਸ ਤੁਹਾਡੇ ਪਿੰਡ ਦੀ ਮੋਹੜੀ ਗੰਢੀ ਉਹ ਅੱਜ ਕਿਥੇ ਹਨ। ਇਸੇ ਤਰ੍ਹਾਂ ਨਾਲ ਇਸ ਧਰਤੀ ਦੇ ਉਤੇ ਵੱਡੇ-ਵੱਡੇ ਰਾਜੇ ਮਹਾਰਾਜੇ, ਸ਼ਕਤੀਆਂ ਵਾਲੇ ਪੀਰ ਪੈਗੰਬਰ, ਔਲੀਏ ਆਏ, ਆਪਣੇ-ਆਪਣੇ ਰਾਹ ਚਲਾਏ, ਅੱਜ ਉਨ੍ਹਾਂ ਵਿਚੋਂ ਕੋਈ ਵੀ ਨਜ਼ਰ ਨਹੀਂ ਆ ਰਿਹਾ।

ਧਾਰਨਾ - ਕਿਥੇ ਗਏ ਨੇ
ਪੈਗੰਬਰ ਪੀਰ ਔਲੀਏ
ਦਿਸਦਾ ਨਾ ਕੋਈ ਜਗ ਤੇ

ਏਕ ਸ਼ਿਵ ਭਏ ਏਕ ਗਏ
ਏਕ ਫੇਰ ਭਏ ਰਾਮ ਚੰਦ੍ਰ ਕ੍ਰਿਸ਼ਨ ਕੇ
ਅਵਤਾਰ ਭੀ ਅਨੇਕ ਹੈਂ॥
ਬ੍ਰਹਮਾ ਅਰੁ ਬਿਸ਼ਨ ਕੇਤੇ
ਬੇਦ ਔ ਪੁਰਾਨ ਕੇਤੇ,
ਸਿੰਮ੍ਰਿਤਿ ਸਮੂਹਨ ਕੈ
ਹੁਇ ਹੁਇ ਬਿਤਾਏ ਹੈਂ॥
ਮੋਨਦੀ ਮਦਾਰ ਕੇਤੇ
ਅਸੁਨੀ ਕੁਮਾਰ ਕੇਤੇ,
ਅੰਸਾ ਅਵਤਾਰ ਕੇਤੇ
ਕਾਲ ਬਸ ਭਏ ਹੈਂ॥
ਪੀਰ ਔ ਪਿਕਾਂਬਰ ਕੇਤੇ
ਗਨੇ ਨ ਪਰਤ ਏਤੇ
ਭੂਮ ਹੀ ਤੇ ਹੁਇਕੈ
ਫੇਰ ਭੂਮ ਹੀ ਮਿਲਏ ਹੈਂ॥
ਅਕਾਲ ਉਸਤਤਿ

ਸੋ ਇਹ ਦੁਨੀਆਂ ਰਹਿਣ ਦਾ ਥਾਂ ਨਹੀਂ ਹੈ, ਜੀਵ ਕਰਮ ਭੂਮੀ ਵਿਚ ਮਾਨਸ ਸਰੀਰ ਧਾਰ ਕੇ ਆਉਂਦਾ ਹੈ, ਇਥੇ ਆ ਕੇ ਗੁਰੂ ਧਾਰਨ ਕਰਕੇ ਜੇ ਨਾਮ ਜਪ ਲਿਆ ਤਾਂ ਜਨਮ ਮਰਨ ਦਾ ਦੁਖ, ਜੋ ਇਸ ਦੇ ਗਲ ਪਿਆ ਹੋਇਆ ਹੈ, ਉਹ ਸਾਰਾ ਦੂਰ ਹੋ ਜਾਂਦਾ ਹੈ। ਸੋ ਇਸ ਕਰਕੇ ਜਿਨ੍ਹਾਂ ਨੇ ਆਪਣੇ ਪਰਲੋਕ ਨੂੰ ਠੀਕ ਕਰ ਲਿਆ ਹੈ ਉਨ੍ਹਾਂ ਨੂੰ ਨਾ ਤਾਂ ਮੌਤ ਤੋਂ ਡਰ ਲਗਦਾ ਹੈ। ਉਨ੍ਹਾਂ ਦਾ ਨਾ ਹੀ ਕੋਈ ਸਰੀਰ ਨਾਲ ਮੋਹ ਹੈ। ਜਦੋਂ ਭੇਜੇ ਜਾਂਦੇ ਹਨ ਸਰੀਰ ਧਾਰਨ ਕਰ ਲੈਂਦੇ ਹਨ ਜਦੋਂ ਬੁਲਾ ਲਿਆ ਜਾਂਦਾ ਹੈ ਉਸ ਵੇਲੇ ਸਰੀਰ ਛੱਡਣ ਵਿਚ ਕੋਈ ਦੁਖ ਨਹੀਂ ਮਹਿਸੂਸ ਕਰਿਆ ਕਰਦੇ। ਉਹ ਸਰੀਰ ਨੂੰ ਆਪਣਾ ਸਮਝਣ ਦੀ ਥਾਂ ਪ੍ਰਭੂ ਦੀ ਅਮਾਨਤ ਸਮਝਦੇ ਹਨ।

ਇਹ ਸੰਸਾਰ ਰਹਿਣ ਦਾ ਥਾਂ ਨਹੀਂ ਹੈ ਇਥੇ ਜੋ ਵੀ ਆਇਆ ਹੈ ਉਸ ਨੇ ਆਪਣਾ ਸਮਾਂ ਪੂਰਾ ਕਰਕੇ ਕਰਮ ਭੋਗ ਕੇ, ਨਵੇਂ ਕਰਮ ਬੀਜ ਕੇ ਇਸ ਸੰਸਾਰ ਤੋਂ ਜਾਣਾ ਹੀ ਜਾਣਾ ਹੈ। ਇਥੇ ਨਾ ਛੋਟੇ ਨੇ ਰਹਿਣਾ ਹੈ, ਨਾ ਵੱਡੇ ਨੇ ਰਹਿਣਾ ਹੈ।

ਧਾਰਨਾ - ਸਭਨਾਂ ਨੇ ਮਰਨਾ ਹੈ,
ਵਿਛੋੜਾ ਵੀ ਹੋਣੈ ਸਭ ਦਾ।

ਸਭਨਾ ਮਰਣਾ ਆਇਆ ਵੇਛੋੜਾ ਸਭਨਾਹ॥
ਪੁਛਹੁ ਜਾਇ ਸਿਆਣਿਆ
ਆਗੈ ਮਿਲਣੁ ਕਿਨਾਹ॥ ਪੰਨਾ - 595

ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ
ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈਂ॥
ਬਡੇ ਬਡੇ ਰਾਜਨ ਕੇ ਦਾਬਤ ਫਿਰਤਿ ਦੇਸ,
ਬਡੇ ਬਡੇ ਭੂਪਨ ਕੇ ਦ੍ਰਪ ਕੋ ਦਲਤੁ ਹੈਂ॥
ਮਾਨ ਸੇ ਮਹੀਪ ਔ ਦਿਲੀਪ ਕੈ ਸੇ ਛਤ੍ਰਧਾਰੀ
ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ॥
ਦਾਰਾ ਸੇ ਦਿਲੀਸਰ ਦ੍ਰਯੋਧਨ ਸੇ ਮਾਨਧਾਰੀ,
ਭੋਗ ਭੋਗ ਭੂਮ ਅੰਤ ਭੂੰਮ ਮੈ ਮਿਲਤ॥
ਅਕਾਲ ਉਸਤਤਿ

ਜੀਵ ਕਿਥੇ ਚਲੇ ਜਾਂਦੇ ਹਨ, ਇਸ ਗੱਲ ਦਾ ਨਿਰਣਾ ਕਾਫੀ ਵਿਸਥਾਰ ਨਾਲ ਆਪ ਨੇ ਸਰਵਣ ਕਰ ਲਿਆ ਹੈ ਪਰ ਫੇਰ ਵੀ ਮਹਾਂਪੁਰਸ਼ਾਂ ਨੇ ਕਿਹਾ ਹੈ। ਪਿਛੇ ਮੈਂ ਦਸ ਰਿਹਾ ਸੀ ਕਿ ਸਾਰੇ ਪੜ੍ਹੇ ਲਿਖੇ, ਪੁਸਤਕਾਂ ਲਿਖਣ ਵਾਲੇ ਸਾਡੇ ਬੁੱਧੀਜੀਵੀ ਜਾਂ ਕੁਬੁੱਧੀਜੀਵੀ ਇਕ ਦਮ ਨਿਰਣਾ ਲੈ ਲੈਂਦੇ ਹਨ ਕਿ ਗੁਰੂ ਮਹਾਰਾਜ ਨੇ ਜੋ ਨਰਕ ਤੇ ਸੁਰਗ ਦੇ ਬਚਨ ਲਿਖੇ ਹਨ ਉਹ ਸਾਰੇ ਇਸ ਜੀਵ ਨੂੰ ਮਾੜੇ ਕੰਮਾਂ ਤੋਂ ਰੋਕਣ ਲਈ ਅੰਕਿਤ ਕੀਤੇ ਹਨ ਤਾਂ ਕਿ ਜੀਵ ਇਨ੍ਹਾਂ ਨੂੰ ਪੜ੍ਹ ਕੇ ਡਰ ਜਾਵੇ ਕਿ ਅੱਗੇ ਕੋਈ ਨਰਕ ਵੀ ਹੈ ਜਿਥੇ ਜਾ ਕੇ ਲੇਖੇ ਹੁੰਦੇ ਹਨ। ਉਥੇ ਕੀਤੇ ਹੋਏ ਕਰਮਾਂ ਦੇ ਮੁਤਾਬਿਕ 18 ਨਰਕਾਂ ਵਿਚ ਸਜ਼ਾਵਾਂ ਮਿਲਦੀਆਂ ਹਨ। ਉਹ ਸਥੂਲ ਮੰਡਲਾਂ ਤੋਂ ਅੱਗੇ ਸੂਖਸ਼ਮ ਮੰਡਲਾਂ ਵਿਚ ਵਿਸ਼ਵਾਸ਼ ਨਹੀਂ ਰਖਦੇ ਅਤੇ ਇਹੀ ਕਹਿੰਦੇ ਹਨ ਕਿ ਸਾਇੰਸਦਾਨਾਂ ਨੇ ਦੂਰ-ਦੂਰ ਤਕ ਤਾਰੇ ਸਤਾਰੇ ਦੇਖ ਲਏ ਉਨ੍ਹਾਂ ਨੂੰ ਨਾ ਕਿਸੇ ਥਾਂ ਤੇ ਨਰਕ ਨਜ਼ਰ ਆਇਆ ਹੈ, ਨਾ ਸੁਰਗ ਨਜ਼ਰ ਆਇਆ ਹੈ, ਨਾ ਕੋਈ ਧਰਮਰਾਜ ਦਿਸਿਆ ਹੈ, ਨਾ ਕੋਈ ਸਵਰਗਾਂ ਦੇ ਦੇਵਤਾ ਦਿਸੇ ਹਨ, ਨਾ ਜਮਦੂਤ ਦਿਸੇ ਹਨ। ਆਦਮੀ ਦੀ ਮੌਤ ਆ ਜਾਂਦੀ ਹੈ ਜਿਸ ਤਰ੍ਹਾਂ ਦੀਵੇ ਵਿਚੋਂ ਤੇਲ ਮੁਕ ਜਾਂਦਾ ਹੈ, ਬੱਤੀ ਥੋੜ੍ਹੀ ਦੇਰ ਤਕ ਜਲਦੀ ਹੈ ਉਸ ਤੋਂ ਬਾਅਦ ਦੀਵਾ ਬੁਝ ਜਾਂਦਾ ਹੈ। ਇਸੇ ਤਰ੍ਹਾਂ ਨਾਲ ਜੀਵ ਆਉਂਦਾ ਹੈ ਉਹ ਆਪਣਾ ਜੀਵਨ ਭੋਗਦਾ ਹੈ, ਜਦੋਂ ਸਰੀਰ ਵਿਚ ਕੋਈ ਨੁਕਸ ਪੈ ਗਿਆ ਤਾਂ ਉਹ ਮਰ ਜਾਂਦਾ ਹੈ। ਉਸ ਨੇ ਜਾਣਾ ਆਉਣਾ ਕਿਥੇ ਹੈ, ਫੁੱਲ

ਖਿੜਿਆ ਸੀ, ਆਪਣਾ ਸਮਾਂ ਪੂਰਾ ਕਰਕੇ ਉਥੇ ਹੀ ਝੜ ਗਿਆ। ਇਹ ਵਿਸ਼ਵਾਸ਼ ਗੁਰਮਤਿ ਤੇ ਆਧਾਰਿਤ ਨਹੀਂ ਹਨ। ਇਹ ਆਦਮੀ ਦਾ ਅਣਜਾਣਪੁਣਾ ਪ੍ਰਗਟ ਕਰਦੇ ਹਨ। ਇਸਨੂੰ ਪਤਾ ਨਹੀਂ ਹੈ ਕਿ ਵਾਹਿਗੁਰੂ ਜੀ ਦੀ ਕੁਦਰਤ ਬਹੁਤ ਵਿਸ਼ਾਲ ਹੈ ਜਿਸਦਾ ਕਿਤੇ ਵੀ ਅੰਤ ਨਹੀਂ ਹੈ, ਕਿੰਨੇ ਕਿਸਮ ਦੇ ਜੀਵ ਹਨ, ਕਿੰਨੇ ਤੱਤਾਂ ਦੀਆਂ ਦੁਨੀਆਂ ਹਨ ਇਹਦਾ ਵੀ ਕੋਈ ਅੰਤ ਨਹੀਂ ਹੈ। ਉਨ੍ਹਾਂ ਦਾ ਇਹ ਕਹਿ ਦੇਣਾ ਕਿ ਜੋ ਡਰਾਉਣ ਵਾਲੀ ਬਾਣੀ ਭਿਆਨਕ ਕਹਾਉਂਦੀ ਹੈ ਜਿਵੇਂ ਕਿ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹੋਇ॥*
*ਨਾਨਕ ਜਿਉ ਮਥਨਿ ਮਧਾਣੀਆ*
*ਤਿਉ ਮਥੇ ਧ੍ਰਮ ਰਾਇ॥ਪੰਨਾ - 1425*

ਇਹ ਡਰ ਪੈਦਾ ਕਰਨ ਵਾਲੀ ਹੈ, ਦਾਵਾ ਕਰਦੇ ਹਨ ਕਿ ਗੁਰੂ ਸਾਹਿਬ ਤਾਂ ਕਿਸੇ ਨੂੰ ਡਰਾਉਂਦੇ ਹੀ ਨਹੀਂ ਸਨ। ਇਹ ਆਪੋ ਆਪਣੇ ਵਿਕਲੋਤਰੇ ਖਿਆਲ ਹਨ ਪਰ ਜੋ ਅਨੁਭਵੀ ਮਹਾਂਪੁਰਸ਼ਾਂ ਦਾ ਮਤ ਹੈ, ਵੇਦਾਂ ਸਾਸ਼ਤਰਾਂ ਦਾ ਮਤ ਹੈ, ਕੁਰਾਨ ਸਰੀਫ, ਬਾਈਬਲ ਦਾ ਮਤ ਹੈ, ਉਸ ਵਿਚ ਜਿੰਨਾਂ-ਜਿੰਨਾਂ ਕਿਸੇ ਨੇ ਦੇਖਿਆ ਉਨਾਂ-ਉਨਾਂ ਹੀ ਉਸ ਨੇ ਲਿਖ ਦਿਤਾ ਜਿਸ ਤਰ੍ਹਾਂ ਕਿ ਫੁਰਮਾਨ ਹੈ -

*ਆਪੁ ਆਪੁਨੀ ਬੁਧਿ ਹੈ ਜੇਤੀ॥*
*ਬਰਨਤ ਭਿੰਨ ਭਿੰਨ ਤੁਹਿ ਤੇਤੀ॥*
*ਤੁਮਰਾ ਲਖਾ ਨ ਜਾਇ ਪਸਾਰਾ॥*
*ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥*

**ਚੌਪਈ**

ਪਰ ਜਦੋਂ ਅਸੀਂ ਤੱਥਾਂ ਨੂੰ ਵਿਚਾਰ ਦੀ ਕਸਵੱਟੀ ਤੇ ਪਰਖਦੇ ਹਾਂ ਤਾਂ ਬਹੁਤ ਗੁਪਤ ਗੱਲਾਂ ਸਾਮ੍ਹਣੇ ਆ ਜਾਇਆ ਕਰਦੀਆਂ ਹਨ ਜਿਵੇਂ ਕਿ ਇਸਲਾਮ ਵਾਲੇ ਆਵਾਗੌਣ ਨੂੰ ਨਹੀਂ ਮੰਨਦੇ। ਉਨ੍ਹਾਂ ਦਾ ਖਿਆਲ ਹੈ ਕਿ ਰੂਹਾਂ ਕਬਰਾਂ ਵਿਚ ਹੀ ਪਈਆਂ ਰਹਿੰਦੀਆਂ ਹਨ, ਕਿਆਮਤ ਵਾਲੇ ਦਿਨ ਇਕ ਨਰਸਿੰਗਾ (ਤੁਰੀ) ਵਜੇਗਾ। ਉਸ ਵੇਲੇ ਮਿੱਟੀ ਵਿਚੋਂ ਸਰੀਰ ਮੁੜ ਕੇ ਸੁਰਜੀਤ ਹੋ ਜਾਣਗੇ। ਫੇਰ ਉਹ ਰੂਹਾਂ ਖੁਦਾ ਪਾਸ ਹਾਜ਼ਰ ਹੋਣਗੀਆਂ, ਪਾਪੀਆਂ ਨੂੰ ਨਰਕਾਂ ਵਿਚ ਸੁੱਟ ਦਿਤਾ ਜਾਵੇਗਾ ਅਤੇ ਜਿਨ੍ਹਾਂ ਨੇ ਨੇਕ ਕੰਮ ਕੀਤੇ ਹਨ ਉਨ੍ਹਾਂ ਨੂੰ ਬਹਿਸ਼ਤਾਂ ਵਿਚ ਥਾਂ ਮਿਲੇਗਾ, ਇਹ ਆਮ ਮਤ ਹੈ। ਜਦੋਂ ਗੁਰੂ ਨਾਨਕ ਪਾਤਸ਼ਾਹ ਬਗਦਾਦ ਵਿਚ ਗਏ ਤਾਂ ਉਸ ਵੇਲੇ ਆਪ ਨੇ ਜਪੁਜੀ ਸਾਹਿਬ ਅਨੁਸਾਰ ਬੋਲਿਆ -

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥*
*ਓੜਕ ਓੜਕ ਭਾਲਿ ਥਕੇ*
*ਵੇਦ ਕਹਨਿ ਇਕ ਵਾਤ॥ ਪੰਨਾ - 5*

ਉਸ ਵੇਲੇ ਬਗਦਾਦ ਦਾ ਪੀਰ ਦਸਤਗੀਰ ਜੋ ਬਹੁਤ ਹੀ ਸ਼ਕਤੀਆਂ ਵਾਲਾ ਤੇ ਕਰਾਮਾਤਾਂ ਵਾਲਾ ਸੀ, ਉਸ ਤੋਂ ਸਾਰੇ ਡਰਦੇ ਸਨ, ਉਸ ਦੇ ਇਕ ਮੁਰੀਦ ਨੇ ਜਾ ਕੇ ਕਿਹਾ ਕਿ ਪੀਰ ਜੀ, ਇਕ ਹਿੰਦੀ ਪੀਰ ਦਰਿਆ ਦੇ ਕੰਢੇ ਬੈਠਾ ਹੈ, ਮੈਂ ਵੀ ਦਰਿਆ ਵਿਚ ਗੁਸਲ (ਇਸ਼ਨਾਨ) ਕੀਤਾ ਉਸ ਨੇ ਵੀ ਦਰਿਆ ਵਿਚ ਗੁਸਲ (ਇਸ਼ਨਾਨ) ਕੀਤਾ। ਉਸ ਨੇ ਕੁਫਰ ਦੀਆਂ ਕਲਾਮਾਂ ਪੜ੍ਹੀਆਂ। ਉਸ ਨੇ ਕਿਹਾ ਹੈ ਨਾ ਪਾਤਾਲਾਂ ਦਾ ਕੋਈ ਅੰਤ ਹੈ, ਨਾ ਦੁਨੀਆਂ ਦਾ ਕੋਈ ਅੰਤ ਹੈ। ਆਪਣੇ ਮਤ ਵਿਚ ਹੈ ਕਿ ਸੱਤ ਪਾਤਾਲ, ਸੱਤ ਆਕਾਸ਼ ਹਨ। ਪੀਰ ਦਸਤਗੀਰ ਸੁਣਦੇ ਸਾਰ ਕ੍ਰੋਧਿਤ ਹੋ ਗਿਆ। ਉਸ ਨੇ ਬਗਦਾਦ ਦੇ ਸਾਰੇ ਧਾਰਮਕ ਆਗੂ ਬੁਲਾ ਲਏ ਅਤੇ ਉਸ ਨੇ ਕਿਹਾ ਕਿ ਅੱਜ ਬਗਦਾਦ ਸ਼ਹਿਰ ਵਿਚ ਕੁਫਰ ਦੀ ਅਵਾਜ਼ ਬੁਲੰਦ ਹੋਈ ਹੈ। ਕੋਈ ਹਿੰਦੀ ਪੀਰ ਜੋ ਇਸਲਾਮ ਦਾ ਅਨੁਆਈ ਨਹੀਂ ਲਗਦਾ, ਕੁਫਰ ਬੋਲ ਕੇ ਕਹਿ ਰਿਹਾ ਹੈ ਕਿ ਨਾ ਪਾਤਾਲਾਂ ਦਾ ਅੰਤ ਹੈ, ਨਾ ਅਕਾਸ਼ਾਂ ਦਾ ਕੋਈ ਅੰਤ ਹੈ। ਵੇਦ ਕਤੇਬ ਸਭ ਭਾਲ ਕੇ ਥੱਕ ਗਏ ਉਸ ਦਾ ਅੰਤ ਕਿਸੇ ਨੇ ਨਹੀਂ ਪਾਇਆ। ਮੈਂ ਫਤਵਾ ਦਿੰਦਾ ਹਾਂ ਕਿ ਇਸ ਫਕੀਰ ਨੂੰ ਸਾਥੀ ਸਮੇਤ ਸੰਗਸਾਰ ਕਰਕੇ (ਪੱਥਰ ਮਾਰ ਕੇ) ਪੱਥਰਾਂ ਹੇਠ ਦੱਬ ਦੇਵੋ। ਸਾਰੇ ਸ਼ਹਿਰ ਨੂੰ ਮਜ਼ਹਬੀ ਹੁਕਮ ਹੋ ਗਿਆ। ਹੁਣ ਪਿਛੇ ਕੋਈ ਰਹਿ ਹੀ ਨਹੀਂ ਸੀ ਸਕਦਾ। ਸਾਰਾ ਸ਼ਹਿਰ ਹੱਥਾਂ ਵਿਚ ਪੱਥਰ ਚੁਕੀਂ ਉਸ ਥਾਂ ਨੂੰ ਚਲਿਆ ਆ ਰਿਹਾ ਹੈ ਜਿਥੇ ਗੁਰੂ ਨਾਨਕ ਪਾਤਸ਼ਾਹ ਤੇ ਮਰਦਾਨਾ ਬੈਠੇ ਹੋਏ ਹਨ। ਮਰਦਾਨਾ ਕੀਰਤਨ ਕਰ ਰਿਹਾ ਹੈ ਅਤੇ ਗੁਰੂ ਨਾਨਕ ਪਾਤਸ਼ਾਹ ਆਪਣੀ ਸਹਿਜ ਸਮਾਧ ਵਿਚ ਲੀਨ ਹਨ। ਮਰਦਾਨੇ ਦੀ ਨਿਗ੍ਹਾ ਉਨ੍ਹਾਂ ਪੱਥਰ ਮਾਰਨ ਵਾਲਿਆਂ ਵਲ ਪੈ ਗਈ। ਉਹ ਕਾਹਲੀ ਨਾਲ ਅੱਗੇ ਵਧ ਰਹੇ ਸਨ। ਕਈ ਤਾਂ ਨੱਠ-ਨੱਠ ਕੇ ਆ ਰਹੇ ਸਨ। ਬੜਾ ਭਿਆਨਕ ਰੂਪ ਧਾਰਿਆ ਹੋਇਆ ਸੀ। ਜਦੋਂ ਮਜ਼ਹਬੀ ਬੰਦੇ ਨੂੰ ਮਜ਼ਹਬ ਦੇ ਅਧਾਰ ਤੇ ਕ੍ਰੋਧ ਆ ਜਾਵੇ ਤਾਂ ਉਹ ਵੱਡੇ ਤੋਂ ਵੱਡਾ ਗੁਨਾਹ ਭਰਿਆ ਕਰਮ ਕ੍ਰੋਧ ਵਿਚ ਆ ਕੇ ਕਰ ਦਿੰਦਾ ਹੈ। ਮਹਾਂ ਭਿਆਨਕ ਪਾਪ ਨੂੰ ਮਜ਼ਹਬ ਦੇ ਨਾਮ ਤੇ ਪੁੰਨ ਕਰਮ ਕਹਿੰਦਾ ਹੈ। ਇਹ ਸਾਰੇ ਮਜ਼ਹਬਾਂ ਵਿਚ ਆਮ ਗੱਲ ਹੈ। ਮਰਦਾਨੇ ਨੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਪਾਤਸ਼ਾਹ! ਬਗਦਾਦ ਸ਼ਹਿਰ ਵਲੋਂ ਲੋਕ ਬਹੁਤ ਵੱਡੀ ਗਿਣਤੀ ਵਿਚ ਆ ਰਹੇ ਹਨ ਅਤੇ ਉਨ੍ਹਾਂ ਦੇ ਹੱਥਾਂ ਵਿਚ ਚੁੱਕੇ ਹੋਏ ਪੱਥਰ ਮੈਨੂੰ ਸਾਫ ਨਜ਼ਰ ਆ ਰਹੇ ਹਨ। ਮੈਨੂੰ ਲਗਦਾ ਹੈ ਕੋਈ ਸੰਕਟ ਖੜ੍ਹਾ ਕਰਨਗੇ। ਆਪਾਂ ਨੂੰ ਵੀ ਕੋਈ ਬਚਾਓ ਦਾ ਸਾਧਨ ਸੋਚਣਾ ਚਾਹੀਦਾ ਹੈ। ਉਸ ਵੇਲੇ ਗੁਰੂ ਮਹਾਰਾਜ ਨੇ ਉਸ ਆ ਰਹੇ ਇਕੱਠ ਨੂੰ ਦੇਖਿਆ, ਜਦੋਂ ਨੇੜੇ ਆ ਗਿਆ ਤਾਂ ਗੁਰੂ ਮਹਾਰਾਜ ਨੇ ਖੜ੍ਹੇ ਹੋ ਕੇ ਉਚੀ ਅਵਾਜ਼ ਵਿਚ 'ਸਤਿ ਸ੍ਰੀ ਅਕਾਲ ਗੁਰਬਰ ਅਕਾਲ' ਦੀ ਬਾਂਗ ਦਿਤੀ। ਬੋਲ ਵਿਚ ਐਨਾ ਜ਼ੋਰ ਸੀ ਕਿ ਜਿਸ ਦੇ ਵੀ ਕੰਨਾਂ ਰਾਹੀਂ ਹੋ ਕੇ ਦਿਮਾਗ ਵਿਚ ਪਹੁੰਚਿਆ, ਉਹ ਜੜ੍ਹ ਬਣ ਗਿਆ, ਪੀਰ ਦਸਤਗੀਰ ਵੀ ਆ ਗਿਆ। ਉਹ ਕਰਾਮਾਤੀ ਮਸ਼ਹੂਰ ਪੀਰ ਸੀ। ਉਸ ਨੇ ਆਪਣੀਆਂ ਕਰਾਮਾਤੀ ਸ਼ਕਤੀਆਂ ਵਰਤ ਕੇ ਜੜ੍ਹਤਾ ਨੂੰ ਦੂਰ ਕਰਨ ਦਾ ਯਤਨ ਕੀਤਾ। ਪਰ

ਉਸ ਤੋਂ ਕੁਝ ਵੀ ਨਾ ਬਣ ਸਕਿਆ। ਜਦੋਂ ਸ਼ਕਤੀਆਂ ਦੇ ਮਾਮਲੇ ਵਿਚ ਹਾਰ ਗਿਆ ਉਸ ਵੇਲੇ ਮਨ ਵਿਚ ਆਈ ਕਿ ਹੁਣ ਇਸ ਦਰਵੇਸ਼ ਦੇ ਕੋਲ ਰਹਿਮ ਕਰਨ ਦੀ ਦੁਆ ਤੋਂ ਬਿਨਾਂ ਕੋਈ ਚਾਰਾ ਨਹੀਂ। ਸਾਰਾ ਸ਼ਹਿਰ ਜੜ੍ਹ ਹੋ ਕੇ ਇਥੇ ਹੀ ਖੜ੍ਹਾ ਸੁਕ ਜਾਵੇਗਾ। ਉਸ ਵੇਲੇ ਸਾਰੀਆਂ ਸ਼ਕਤੀਆਂ ਦੇ ਗੁਬਾਰ ਦਾ ਉਬਾਲਾ ਉਤਰ ਗਿਆ। ਗੁਰੂ ਨਾਨਕ ਦੇ ਚਰਨਾਂ ਤੇ ਸਿਜਦਾ ਕੀਤਾ ਅਤੇ ਕਿਹਾ ਕਿ ਵਲੀ ਅੱਲਾਹ! ਬੜੀ ਗੁਸਤਾਖੀ ਹੋਈ ਹੈ ਆਪ ਨੂੰ ਨਾ ਪਹਿਚਾਨਦੇ ਹੋਏ ਮੈਂ ਹੀ ਹੁਕਮ ਦਿਤਾ ਸੀ ਕਿ ਇਨ੍ਹਾਂ ਕੁਫਰ ਗੋ (ਝੂਠ ਬੋਲਣ ਵਾਲੇ) ਦਰਵੇਸਾਂ ਨੂੰ ਸੰਗਸਾਰ ਕਰਕੇ ਮਾਰ ਦੇਵੋ। ਮੇਰੇ ਤੋਂ ਬਹੁਤ ਵੱਡੀ ਭੁੱਲ ਹੋਈ ਹੈ ਆਪ ਰਹਿਮ ਦੇ ਘਰ ਵਿਚ ਆਵੋ; ਇਨ੍ਹਾਂ ਦੀ ਜੜ੍ਹਤਾ ਦੂਰ ਕਰੋ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਪੀਰ ਜੀ! ਜੇ ਖਿਆਲਾਂ ਦੀ ਵਿਰੋਧਤਾ ਹੋਵੇ ਤਾਂ ਉਹ ਵਿਰੋਧਤਾ ਪ੍ਰਸਪਰ ਗੱਲਬਾਤ, ਪ੍ਰਸਪਰ ਵਿਚਾਰ ਨਾਲ ਦੂਰ ਹੋ ਸਕਦੀ ਹੈ ਪਰ ਤੁਸੀਂ ਤਾਂ ਅਭਿਮਾਨ ਦੇ ਭਰੇ ਹੋਏ ਹੋਣ ਕਰਕੇ ਇਕ ਦਮ ਐਨੇ ਕ੍ਰੋਧ ਵਿਚ ਆ ਗਏ ਕਿ ਬਗੈਰ ਕੋਈ ਗੱਲ ਕੀਤਿਆਂ ਤੇ ਕਹਿ ਦਿਤਾ ਕਿ ਇਨ੍ਹਾਂ ਨੂੰ ਮਾਰ ਦਿਤਾ ਜਾਵੇ। ਤੁਸੀਂ ਬੈਠੋ, ਇਨ੍ਹਾਂ ਨੂੰ ਵੀ ਕਹੋ, ਸਾਰੇ ਬੈਠ ਜਾਣ। ਹੁਣ ਬਚਨ ਕਰੋ, ਕਿਸ ਗੱਲ ਤੋਂ ਆਪ ਐਨੇ ਨਿਰਾਸ਼ ਹੋਏ ਅਤੇ ਸ਼ੈਤਾਨ ਦੇ ਗਲਬੇ ਵਿਚ ਆਏ?

ਉਸ ਵੇਲੇ ਉਸ ਨੇ ਕਿਹਾ ਕਿ ਹੇ ਨਾਨਕ ਪੀਰ! ਇਸਲਾਮ ਵਿਚ ਸੱਤ ਪਾਤਾਲ, ਸੱਤ ਅਕਾਸ਼ ਯਾਨੀ ਚੌਦਾਂ ਤਬਕ ਮੰਨੇ ਹੋਏ ਹਨ। ਹਿੰਦੂ ਵੀ ਇਸੇ ਤਰ੍ਹਾਂ ਨਾਲ ਆਖਦੇ ਹਨ, ਈਸਾਈ ਵੀ ਇਸੇ ਤਰ੍ਹਾਂ ਕਹਿੰਦੇ ਹਨ। ਪਰ ਆਪ ਨੇ ਜੋ ਲੱਖਾਂ ਪਾਤਾਲਾਂ, ਲੱਖਾਂ ਅਕਾਸ਼ਾਂ ਦੀ ਖਬਰ ਦਿਤੀ ਹੈ ਉਸ ਦਾ ਅਧਾਰ ਕੀ ਹੈ? ਆਪ ਨੇ ਕਿਹਾ, "ਪੀਰ ਜੀ! ਅੱਲਾਹ ਤਾਲਾਹ ਦੀ ਰਹਿਮਤ ਬੇਅੰਤ ਹੈ, ਉਸ ਦੀ ਰਹਿਮਤ ਦੀ ਕੋਈ ਕੀਮਤ ਨਹੀਂ ਪਾ ਸਕਦਾ। ਇਕਨਾਂ ਨੂੰ ਉਸ ਨੇ ਲੱਖਾਂ ਪਾਤਾਲ ਦੇਖਣ ਦੀ ਸਮਰਥਾ ਦਿਤੀ ਹੈ, ਇਕਨਾਂ ਨੂੰ 14 ਤਬਕ ਹੀ ਦੇਖਣ ਦੀ ਸਮਰਥਾ ਦਿਤੀ ਹੈ। 14 ਤਬਕਾਂ ਦੀ ਖਬਰ ਦੇਣ ਵਾਲਿਆਂ ਨੂੰ ਅਸੀਂ ਬੁਰਾ ਨਹੀਂ ਮੰਨਦੇ ਪਰ ਉਹ ਉਨ੍ਹਾਂ ਨੇ ਜਿੰਨਾਂ ਜਾਣਿਆ ਹੈ ਉਸ ਉਪਰ ਅਕੀਦਾ (ਭਰੋਸਾ) ਕਰਕੇ ਮੰਨੀ ਜਾ ਰਹੇ ਹਨ। ਜੇ ਉਨ੍ਹਾਂ ਨੂੰ ਇਸ ਤੋਂ ਉਪਰ ਨਿਗ੍ਹਾ ਮਿਲੀ ਹੁੰਦੀ ਤਾਂ ਉਹ ਜ਼ਰੂਰ ਇਸ ਤੋਂ ਉਪਰਲੀ ਗਿਣਤੀ ਨੂੰ ਸਵੀਕਾਰ ਕਰਦੇ।" ਪੀਰ ਨੇ ਕਿਹਾ ਕਿ ਹੇ ਨਾਨਕ ਜੀ! ਅਸਾਡਾ ਮਨ ਇਸ ਪ੍ਰਚਲਤ ਹੋਈ ਗੱਲ ਤੋਂ ਉਪਰ ਉਠ ਕੇ ਤਾਂ ਹੀ ਮੰਨ ਸਕਦਾ ਹੈ ਜੇ ਤੁਸੀਂ ਸਾਨੂੰ ਲੱਖਾਂ ਪਾਤਾਲ ਤੇ ਅਕਾਸ਼ ਦਿਖਾ ਦੇਵੋਂ। ਉਸ ਸਮੇਂ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, "ਪੀਰ ਜੀ! ਆਓ ਸਾਡੇ ਨਾਲ ਤੁਹਾਨੂੰ ਵਿਸ਼ਾਲ ਕੁਦਰਤ ਦਾ ਅਨੁਭਵ ਕਰਾਈਏ। ਪੀਰ ਨੇ ਕਿਹਾ, ਮੈਂ ਤਾਂ ਬੁੱਢਾ ਹੋ ਚੁੱਕਿਆ ਹਾਂ, ਮੇਰਾ ਲੜਕਾ ਬਹਿਲੋਲ ਹਰ ਤਰ੍ਹਾਂ ਕਾਬਲ ਹੈ ਜੋ ਕਦੇ ਵੀ ਕੁਫਰ ਨਹੀਂ ਬੋਲਦਾ। ਉਸ ਨੂੰ ਤੁਸੀਂ ਨਾਲ ਲਿਜਾ ਸਕਦੇ ਹੋਂ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਉਸ ਨੂੰ ਆਪਣੇ ਨਾਲ ਲਿਆ ਜਿਵੇਂ ਕਿ ਭਾਈ ਗੁਰਦਾਸ ਜੀ ਨੇ ਲਿਖਿਆ ਹੈ –

*ਫਿਰਿ ਬਾਬਾ ਗਇਆ ਬਗਦਾਦ ਨੋ*
*ਬਾਹਰ ਜਾਇ ਕੀਆ ਅਸਥਾਨਾ।*
*ਇਕ ਬਾਬਾ ਅਕਾਲ ਰੂਪੁ*
*ਦੂਜਾ ਰਬਾਬੀ ਮਰਦਾਨਾ।*
*ਦਿਤੀ ਬਾਂਗਿ ਨਿਵਾਜਿ ਕਰਿ*
*ਸੁੰਨਿ ਸਮਾਨਿ ਹੋਆ ਜਹਾਨਾ।*
*ਸੁੰਨ ਮੁੰਨਿ ਨਗਰੀ ਭਈ*
*ਦੇਖਿ ਪੀਰ ਭਇਆ ਹੈਰਾਨਾ।*
*ਵੇਖੈ ਧਿਆਨੁ ਲਗਾਇ ਕਰਿ*
*ਇਕੁ ਫਕੀਰੁ ਵਡਾ ਮਸਤਾਨਾ।*
*ਪੁਛਿਆ ਫਿਰਿਕੈ ਦਸਤਗੀਰ*
*ਕਉਣ ਫਕੀਰੁ ਕਿਸਕਾ ਘਰਿਹਾਨਾ?*
*ਨਾਨਕ ਕਲਿ ਵਿਚਿ ਆਇਆ*
*ਰਬੁ ਫਕੀਰੁ ਇਕੋ ਪਹਿਚਾਨਾ।*
*ਧਰਤਿ ਆਕਾਸ ਚਹੂਦਿਸ ਜਾਨਾ॥*

*ਭਾਈ ਗੁਰਦਾਸ ਜੀ, ਵਾਰ 1/35*

ਗੁਰੂ ਨਾਨਕ ਪਾਤਸ਼ਾਹ ਜੀ ਨੇ ਜੋ ਲੱਖਾਂ ਪਾਤਾਲ, ਲੱਖਾਂ ਅਕਾਸ਼ ਅੱਖ ਫਰਕਣ ਜਿੰਨੇ ਚਿਰ ਵਿਚ ਦਿਖਾ ਦਿਤੇ, ਉਸ ਦੇ ਬਾਰੇ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ –

*ਪੁਛੇ ਪੀਰ ਤਕਰਾਰ ਕਰਿ*
*ਏਹ ਫਕੀਰ ਵਡਾ ਅਤਾਈ।*
*ਏਥੇ ਵਿਚਿ ਬਗਦਾਦ ਦੇ*
*ਵਡੀ ਕਰਾਮਾਤਿ ਦਿਖਲਾਈ।*
*ਪਾਤਾਲਾ ਆਕਾਸ ਲਖ*
*ਓੜਕਿ ਭਾਲੀ ਖਬਰੁ ਸੁਣਾਈ।*
*ਫੇਰਿ ਦੁਰਾਇਣ ਦਸਤਗੀਰ*
*ਅਸੀ ਭਿ ਵੇਖਾ ਜੋ ਤੁਹਿ ਪਾਈ।*
*ਨਾਲਿ ਲੀਤਾ ਬੇਟਾ ਪੀਰ ਦਾ*
*ਅਖੀ ਮੀਟਿ ਗਇਆ ਹਾਵਾਈ।*
*ਲਖ ਆਕਾਸ ਪਤਾਲ ਲਖ*
*ਅਖਿ ਫੁਰੰਕ ਵਿਚਿ ਸਭਿ ਦਿਖਲਾਈ।*
*ਭਰਿ ਕਚਕੌਲ ਪ੍ਰਸਾਦਿ ਦਾ*
*ਧੁਰੋ ਪਤਾਲੋ ਲਈ ਕੜਾਹੀ।*
*ਜਾਹਰ ਕਲਾ ਨ ਛਪੈ ਛਪਾਈ।*

*ਭਾਈ ਗੁਰਦਾਸ ਜੀ, ਵਾਰ 1/36*

ਇਸ ਤਰ੍ਹਾਂ ਦੇ ਨਾਲ ਪੀਰ ਨੂੰ ਲੱਖਾਂ ਪਾਤਾਲਾਂ ਤੇ ਲੱਖਾਂ ਅਕਾਸ਼ਾਂ ਦੀ ਖਬਰ ਦਿਤੀ।

ਸੋ ਇਸ ਤਰ੍ਹਾਂ ਜਿੰਨਾਂ ਕੁ ਕਿਸੇ ਨੇ ਜਾਣਿਆ ਹੈ ਉਨੀਂ ਕੁ ਸਚਾਈ ਨੂੰ ਪ੍ਰਗਟ ਕਰ ਦਿਤਾ ਹੈ। ਜੇ ਇਸਲਾਮ ਵਿਚ ਕਿਹਾ ਜਾਂਦਾ ਹੈ ਕਿ ਰੂਹਾਂ ਕਬਰਾਂ ਵਿਚ

ਬੈਠ ਜਾਂਦੀਆਂ ਹਨ, ਉਥੋਂ ਤਕ ਇਹ ਸਤਿ ਹੈ ਪਰ ਜਿਨ੍ਹਾਂ ਨੇ ਅੱਗੇ ਦੇਖਿਆ ਹੈ ਉਨ੍ਹਾਂ ਨੇ ਅਗਲੀ ਗੱਲ ਖੋਲ੍ਹ ਕੇ ਸੁਣਾ ਦਿਤੀ ਕਿ ਜੀਵ ਦੇ ਨਾਲ ਕੀ ਵਰਤਦਾ ਹੈ, ਰੂਹ ਕਿਥੇ ਜਾਂਦੀ ਹੈ, ਉਹ ਕਿਸ ਤਰ੍ਹਾਂ ਚੱਕਰ ਖਾਂਦੀ ਹੈ, ਕਿਸ ਤਰ੍ਹਾਂ ਨਖਿੱਧ ਜੂਨੀਆਂ ਦੇ ਸਰੀਰ ਧਾਰਨ ਕਰਦੀ ਹੈ।

ਬਹੁਤ ਸਾਰੀਆਂ ਉਦਾਹਰਣਾਂ ਹਨ ਜਿਥੇ ਬੱਚਿਆਂ ਨੇ ਆਪਣੇ ਪੁਰਾਣਿਆਂ ਜਨਮਾਂ ਦੀਆਂ ਖਬਰਾਂ ਦੇ ਕੇ ਉਹ ਥਾਂ ਦਸ ਦਿਤੇ। ਉਸ ਥਾਂ ਲਿਜਾ ਕੇ ਉਹ ਗੱਲ ਸਾਬਤ ਕਰ ਦਿਤੀ। ਇਥੇ ਮੈਂ ਆਪ ਨੂੰ ਉਹ ਗੱਲਾਂ ਨਹੀਂ ਦਸ ਰਿਹਾ ਕਿਉਂਕਿ ਸਮੇਂ ਦਾ ਧਿਆਨ ਕਰਨਾ ਪੈਂਦਾ ਹੈ।

ਆਖਰੀ ਦੀਵਾਨ ਹੋਣ ਕਰਕੇ ਸਮੇਂ ਦਾ ਵੀ ਧਿਆਨ ਰਖਣਾ ਹੈ ਪਰ ਇਹੀ ਬਚਨ ਹੋਰ ਦੀਵਾਨਾਂ ਵਿਚ ਖੋਲ੍ਹ ਕੇ ਦੱਸੇ ਹਨ ਜਿਸ ਤਰ੍ਹਾਂ **cold drinks** ਦੇ ਵੱਡੇ ਵਪਾਰੀ ਮੋਹਨ ਲਾਲ ਦੇ ਬਾਰੇ ਦਸਿਆ ਗਿਆ ਸੀ 1958 ਵਿਚ ਉਹ ਮਰਨ ਉਪਰੰਤ ਬਦਾਇਊਂ ਇਕ ਮਾਸਟਰ ਜੀ ਦੇ ਘਰ ਪੈਦਾ ਹੋਇਆ। ਮਾਸਟਰ ਜੀ ਝੌਂਪੜੀ ਵਿਚ ਰਿਹਾ ਕਰਦੇ ਸਨ, ਗਰੀਬ ਸਨ। ਉਸ ਬੱਚੇ ਨੇ ਕਹਿਣਾ ਕਿ ਮੈਂ ਤਾਂ ਮੁਰਾਦਾਬਾਦ ਰਹਿੰਦਾ ਸੀ, ਇਥੇ ਮੈਨੂੰ ਇਹ ਕਿਉਂ ਲੈ ਆਏ। ਅਖੀਰ ਉਸ ਨੂੰ ਮੁਰਾਦਾਬਾਦ ਲੈ ਆਏ ਉਥੇ ਉਸ ਨੇ ਆਪਣੇ ਪਿਛਲੇ ਜਨਮ ਦੇ ਸਾਰੇ ਮਿਤਰਾਂ ਨਾਲ ਮਿਲਾਪ ਕੀਤਾ ਅਤੇ ਫੇਰ ਆਪਣੇ ਘਰ ਜਾ ਕੇ ਆਪਣੇ ਪਰਿਵਾਰ ਨੂੰ ਮਿਲਿਆ। ਦੂਸਰੇ ਦਿਨ ਟਾਊਨ ਹਾਲ ਵਿਚ ਬਹੁਤ ਵੱਡਾ ਇਕੱਠ ਹੋਇਆ ਅਤੇ ਉਸ ਬੱਚੇ ਨੇ ਆਪਣੇ ਪਿਛਲੇ ਜਨਮ ਦੀਆਂ ਸਾਰੀਆਂ ਗੱਲਾਂ ਦਸ ਦਿਤੀਆਂ। ਸੋ ਇਸ ਤਰ੍ਹਾਂ ਨਾਲ ਬਹੁਤ ਸਾਰੀਆਂ ਘਟਨਾਵਾਂ ਵਾਪਰਦੀਆਂ ਹਨ ਜਿਸ ਤੋਂ ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਜਿਵੇਂ ਦੀਵਾ ਤੇਲ ਮੁਕਣ ਤੇ ਬੁਝ ਜਾਂਦਾ ਹੈ, ਉਹ ਜਾਂਦਾ ਆਉਂਦਾ ਕਿਤੇ ਨਹੀਂ ਇਹ ਗਲਤ ਅਨੁਭਵ ਹੈ। ਜੀਵ ਆਪਣੇ ਕਰਮਾਂ ਦੇ ਅਨੁਸਾਰ 84 ਲੱਖ ਜੂਨਾਂ ਦੇ ਚੱਕਰ ਵਿਚ ਘੁੰਮਦਾ ਰਹਿੰਦਾ ਹੈ। ਅਨੁਭਵੀ ਮਹਾਂਪੁਰਸ਼ਾਂ ਦੇ ਐਸੇ ਵਿਚਾਰ ਆਉਂਦੇ ਹਨ ਕਿ ਸੰਸਾਰ ਵਿਚ ਆਮ ਤੌਰ ਉਤੇ ਜੋ ਪੁਰਸ਼ ਆਉਂਦੇ ਹਨ ਉਨ੍ਹਾਂ ਨੂੰ ਛੇ ਵਖਰੇ-ਵਖਰੇ ਹਿਸਿਆਂ ਵਿਚ ਮੰਨਿਆ ਜਾ ਸਕਦਾ ਹੈ ਅਤੇ ਉਹ ਆਪਣੇ-ਆਪਣੇ ਕਿਰਦਾਰ (ਕੀਤੇ ਹੋਏ ਕਰਮਾਂ) ਦੇ ਮੁਤਾਬਿਕ ਸੰਸਾਰ ਤੋਂ ਨਰਕਾਂ ਸੁਰਗਾਂ ਵਿਚ ਜਾ ਕੇ ਦੁਖ ਤੇ ਸੁਖ ਪ੍ਰਾਪਤ ਕਰਦੇ ਹਨ। ਕਈ ਪ੍ਰੇਮੀ ਇਹ ਕਹਿ ਦਿੰਦੇ ਹਨ ਕਿ ਗੁਰੂ ਮਹਾਰਾਜ ਜੀ ਨੇ ਤਿੰਨ ਤਰ੍ਹਾਂ ਦੀ ਬਾਣੀ ਰਚੀ ਹੈ - ਭਿਆਨਕ, ਰੌਚਕ ਤੇ ਯਥਾਰਥ। ਉਹ ਗਲਤੀ ਨਾਲ ਇਹ ਕਹਿੰਦੇ ਹਨ ਕਿ ਭਿਆਨਕ ਤੇ ਰੌਚਕ ਬਾਣੀ ਯਥਾਰਥ ਨਹੀਂ ਹੈ ਸਿਰਫ ਤੱਤ ਬਾਣੀ ਹੀ ਯਥਾਰਥ ਹੈ ਪਰ ਇਸ ਤਰ੍ਹਾਂ ਨਹੀਂ, ਬਾਣੀ ਅਵਸਥਾ ਭੇਦ ਨਾਲ ਸਭ ਨੂੰ ਰੋਸ਼ਨੀ ਦਿੰਦੀ ਹੈ। ਪਹਿਲੀ ਕਿਸਮ ਦੇ ਆਦਮੀ ਜਿਨ੍ਹਾਂ ਨੂੰ ਪਾਮਰ ਅਤੇ ਵਿਸ਼ਈ ਆਖਿਆ ਜਾਂਦਾ ਹੈ ਜਿਨ੍ਹਾਂ ਨੂੰ ਵਾਹਿਗੁਰੂ ਜੀ ਦੀ ਕੋਈ ਸੋਝੀ ਨਹੀਂ ਹੁੰਦੀ ਅਤੇ ਜਿਨ੍ਹਾਂ ਦਾ ਧੇਯ ਹੁੰਦਾ ਹੈ ਕਿ **Eat drink and be merry for we shall have to die**. ਖਾਓ ਪੀਓ ਐਸ਼ ਕਰੋ ਕਿਉਂਕਿ 'ਬਾਬਰ ਆਲਮ ਦੋਬਾਰਾ ਨੇਸਤ' ਉਹ ਬੰਦੇ ਆਪਣੇ ਜੀਵਨ ਵਿਚ ਪਾਪ ਨੂੰ ਪਿਆਰਾ ਜਾਣਦੇ ਹਨ ਜਿਸ ਤਰ੍ਹਾਂ ਕਿ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਪਾਪੁ ਬੁਰਾ ਪਾਪੀ ਕਉ ਪਿਆਰਾ॥*
*ਪਾਪਿ ਲਦੇ ਪਾਪੇ ਪਾਸਾਰਾ॥*

*ਪੰਨਾ - 935*

ਉਹ ਨਾ ਕਿਸੇ ਵੇਦ ਸ਼ਾਸ਼ਤਰ ਦੀ ਗੱਲ ਸੁਣਦੇ ਹਨ, ਨਾ ਕਿਸੇ ਗੁਰੂ ਦੀ ਸਤਿ ਬਾਣੀ ਤੇ ਯਕੀਨ ਲਿਆਉਂਦੇ ਹਨ ਅਤੇ ਮਨ ਵਿਚ ਇਹ ਨਿਰਾਰਥਕ ਨਿਸ਼ਚਾ ਧਾਰ ਕੇ ਆਪਣਾ ਜੀਵਨ ਬਰਬਾਦ ਕਰ ਲੈਂਦੇ ਹਨ। ਜਦੋਂ ਉਹ ਸੰਸਾਰ ਤੋਂ ਜਾਂਦੇ ਹਨ ਉਸ ਵੇਲੇ ਉਨ੍ਹਾਂ ਦੇ ਪਾਪਾਂ ਕਰਕੇ ਭਿਆਨਕ ਜਮਦੂਤ ਉਨ੍ਹਾਂ ਦੀ ਰੂਹ ਨੂੰ ਲੈਣ ਵਾਸਤੇ ਆਇਆ ਕਰਦੇ ਹਨ। ਇਥੇ ਵੀ ਕਈ ਪ੍ਰੇਮੀਆਂ ਦੇ ਮਨਾਂ ਵਿਚ ਖਿਆਲ ਆਉਂਦਾ ਹੈ ਕਿ ਸਰੀਰ ਤਾਂ ਮਰ ਗਿਆ, ਸ਼ਮਸ਼ਾਨ ਭੂਮੀ ਵਿਚ ਲਿਜਾ ਕੇ ਸਸਕਾਰ ਕਰ ਦਿਤਾ, ਬਾਕੀ ਕੀ ਰਹਿ ਗਿਆ ਜਿਸਨੂੰ ਜਮਦੂਤ ਫੜ ਕੇ ਲੈ ਜਾਂਦੇ ਹਨ? ਉਸ ਬਾਰੇ ਬੇਨਤੀ ਹੈ ਕਿ ਰੂਹ ਨੂੰ ਤਿੰਨ ਕਿਸਮ ਦੇ ਸਰੀਰ ਮਿਲੇ ਹਨ। ਜਿਸ ਤਰ੍ਹਾਂ ਅਸੀਂ ਸਭ ਤੋਂ ਪਹਿਲਾਂ ਬਨੈਨ ਪਹਿਨਦੇ ਹਾਂ, ਫੇਰ ਕਮੀਜ਼ ਪਹਿਨਦੇ ਹਾਂ, ਮੌਸਮ ਦੇ ਹਿਸਾਬ ਨਾਲ ਕੋਟ ਅਤੇ ਉਪਰ ਕੋਈ ਕਪੜਾ ਵੀ ਲੈ ਲੈਂਦੇ ਹਾਂ। ਇਸੇ ਤਰ੍ਹਾਂ ਜੀਵ ਨੂੰ ਸਭ ਤੋਂ ਪਹਿਲਾਂ ਕਾਰਨ ਸਰੀਰ ਮਿਲਿਆ ਹੋਇਆ ਹੈ। ਦੂਸਰਾ ਸਰੀਰ ਸੂਖਸ਼ਮ ਸਰੀਰ (**astral Body**) ਹੈ, ਜਿਸ ਨੂੰ ਅੰਗ੍ਰੇਜ਼ੀ ਵਿਚ **Etherical body** ਕਹਿੰਦੇ ਹਨ। ਇਸ ਵਿਚ ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦਰੇ, ਪੰਜ ਪ੍ਰਾਣ, ਮਨ, ਚਿਤ, ਬੁੱਧੀ, ਅਹੰਭਾਵ 19 ਚੀਜ਼ਾਂ ਹੋਇਆ ਕਰਦੀਆਂ ਹਨ। ਦੁਖ-ਸੁਖ, ਪਾਪ-ਪੁੰਨਾਂ ਦਾ ਫਲ ਇਹੋ ਸਰੀਰ ਭੋਗਦਾ ਹੈ। ਸੋ ਪਾਪ ਕਰਨ ਵਾਲੇ ਬੰਦਿਆਂ ਨੂੰ ਜਮਦੂਤ ਲੈਣ ਵਾਸਤੇ ਆਇਆ ਕਰਦੇ ਹਨ ਅਤੇ ਮਾਰਦੇ ਕੁਟਦੇ ਧਰਮਰਾਜ ਦੇ ਪੇਸ਼ ਕਰਦੇ ਹਨ। ਉਥੇ ਇਸ ਦੇ ਕਿਰਦਾਰ ਨੂੰ ਪ੍ਰਗਟ ਕੀਤਾ ਜਾਂਦਾ ਹੈ ਜਿਵੇਂ ਕਿ ਵੀਡੀਓ ਫਿਲਮ ਨਾਲ ਰਿਕਾਰਡ ਕੀਤੀ ਹੋਈ ਫਿਲਮ ਵਿਖਾਈ ਜਾਇਆ ਕਰਦੀ ਹੈ। ਉਸ ਜੀਵ ਨੂੰ ਆਪਣੇ ਕਰਮਾਂ ਦੇ ਹਿਸਾਬ ਨਾਲ ਨਰਕਾਂ ਵਿਚ ਜਾ ਕੇ ਸਜ਼ਾਵਾਂ ਭੁਗਤਣੀਆਂ ਪੈਂਦੀਆਂ ਹਨ ਅਤੇ ਜਿਸ ਤਰ੍ਹਾਂ ਕਿ ਫੁਰਮਾਨ ਆਉਂਦਾ ਹੈ -

*ਦੇਇ ਕਿਵਾੜ ਅਨਿਕ ਪੜਦੇ ਮਹਿ*
*ਪਰ ਦਾਰਾ ਸੰਗਿ ਫਾਕੈ॥*
*ਚਿਤ੍ਰ ਗੁਪਤੁ ਜਬ ਲੇਖਾ ਮਾਗਹਿ*
*ਤਬ ਕਉਣੁ ਪੜਦਾ ਤੇਰਾ ਛਾਕੈ॥*

ਪੰਨਾ - 616

ਦੂਸਰੇ ਕਿਸਮ ਦੇ ਉਹ ਪ੍ਰਾਣੀ ਹੁੰਦੇ ਹਨ ਜੋ ਇਸ ਸੰਸਾਰ ਵਿਚ ਆ ਕੇ ਨੇਕ ਕਿਰਤ ਕਰਿਆ ਕਰਦੇ ਹਨ, ਪਾਪਾਂ ਤੋਂ ਡਰਦੇ ਹਨ, ਕਿਸੇ ਦਾ ਹੱਕ ਨਹੀਂ ਖੋਂਹਦੇ, ਰਿਸ਼ਵਤਾਂ ਨਹੀਂ ਲੈਂਦੇ, ਚੋਰੀਆਂ ਨਹੀਂ ਕਰਦੇ, ਡਾਕੇ ਨਹੀਂ ਮਾਰਦੇ ਆਪਣੇ ਦਸਾਂ ਨੌਹਾਂ ਦੀ ਕਿਰਤ ਉਪਰ ਸੰਤੋਖ ਧਾਰ ਕੇ ਜੀਵਨ ਨਿਰਵਾਹ ਕਰਦੇ ਹਨ, ਪਰਉਪਕਾਰ ਦੇ ਕੰਮਾਂ ਵਿਚ ਹਿੱਸਾ ਲੈਂਦੇ ਹਨ ਅਤੇ ਪੁੰਨ ਦਾਨ ਬੀਜਦੇ ਹਨ ਉਹ ਸਰੀਰ ਛੱਡਣ ਪਿਛੋਂ ਇੱਜ਼ਤ ਨਾਲ ਲਿਜਾਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਪੁੰਨਾਂ ਦੇ ਹਿਸਾਬ ਨਾਲ ਦਰਗਾਹ ਵਿਚ ਵੀ ਸੁਖ ਭੋਗਾਏ ਜਾਂਦੇ ਹਨ ਅਤੇ ਇਸ ਸੰਸਾਰ ਵਿਚ ਵੀ ਉਨ੍ਹਾਂ ਨੂੰ ਸੁੱਖ ਪ੍ਰਾਪਤ ਹੁੰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਪੁੰਨ ਦਾਨੁ ਜੋ ਬੀਜਦੇ*
*ਸਭ ਧਰਮ ਰਾਇ ਕੈ ਜਾਈ॥*

ਪੰਨਾ - 1414

ਤੀਸਰੀ ਕਿਸਮ ਦੇ ਉਹ ਪ੍ਰੇਮੀ ਹੋਇਆ ਕਰਦੇ ਹਨ ਜਿਨ੍ਹਾਂ ਨੇ ਪਿਛਲੇ ਕਈ ਜਨਮਾਂ ਤੋਂ ਪ੍ਰਮੇਸ਼ਰ ਪ੍ਰਾਪਤੀ ਵਾਸਤੇ ਗੁਰੂ ਧਾਰਨ ਕੀਤਾ, ਉਨ੍ਹਾਂ ਤੋਂ ਮੰਤਰ ਲਏ ਅਤੇ ਕਮਾਈ ਕਰਦੇ ਰਹੇ। ਆਪਣੇ ਜੀਵਨ ਨੂੰ ਬੇਦਾਗ ਰੱਖਿਆ, ਪਾਪਾਂ ਤੋਂ ਅਛੋਹ ਰੱਖਿਆ। ਉਨ੍ਹਾਂ ਦੇ ਮਨ ਵਿਚ ਪ੍ਰਭੂ ਮਿਲਾਪ ਦੀ ਖਿੱਚ ਲੱਗੀ ਰਹੀ ਪਰ ਆਪਣੇ ਜੀਵਨ ਵਿਚ ਅਨੇਕ ਮਜ਼ਬੂਰੀਆਂ ਹੋਣ ਕਰਕੇ ਪ੍ਰਭੂ ਪ੍ਰਾਪਤੀ ਤਕ ਪਹੁੰਚ ਨਾ ਸਕੇ ਅਤੇ ਇਸ ਗੱਲ ਦਾ ਪਛਤਾਵਾ ਕਰਦੇ ਹਨ ਕਿ ਮੇਰਾ ਜਨਮ ਐਵੇਂ ਬਿਰਥਾ ਹੀ ਚਲਿਆ ਗਿਆ, ਮੈਂ ਪ੍ਰਭੂ ਦਾ ਦਰਸ਼ਨ ਨਾ ਕਰ ਸਕਿਆ। ਅਜਿਹੇ ਪੁਰਸ਼ ਜਦੋਂ ਸੰਸਾਰ ਤੋਂ ਲਿਜਾਏ ਜਾਂਦੇ ਹਨ ਤਾਂ ਇਨ੍ਹਾਂ ਨੂੰ ਬਿਬਾਨਾਂ ਵਿਚ ਬਿਠਾਇਆ ਜਾਂਦਾ ਹੈ। ਪੁੰਨਾਂ ਦੇ ਅਨੁਸਾਰ ਜੇ ਉਨ੍ਹਾਂ ਨੇ ਆਪਣੀ ਅਧਿਆਤਮਕ ਕਮਾਈ ਲੈਣ ਦੀ ਇੱਛਾ ਕੀਤੀ ਹੋਵੇ ਤਾਂ ਉਨ੍ਹਾਂ ਨੂੰ ਬ੍ਰਹਮ ਲੋਕ ਬਹੁਤ ਸੁਖਾਂ ਵਿਚ ਭੇਜ ਦਿਤਾ ਜਾਂਦਾ ਹੈ। ਸੁੱਖ ਭੋਗਣ ਉਪਰੰਤ ਉਹ ਫੇਰ ਧਰਤੀ ਤੇ ਆ ਜਾਂਦੇ ਹਨ ਅਤੇ ਆਪਣਾ ਬਕਾਇਆ ਰਿਹਾ ਹੋਇਆ ਪ੍ਰਭੂ ਨੂੰ ਪ੍ਰਾਪਤ ਕਰਨ ਦਾ ਸੰਕਲਪ ਆਤਮ ਮਾਰਗ ਤੇ ਚਲ ਕੇ ਪੂਰਾ ਕਰਦੇ ਹਨ। ਜੇ ਉਨ੍ਹਾਂ ਦੇ ਮਨ ਵਿਚ ਫਲ ਪ੍ਰਾਪਤ ਕਰਨ ਦਾ ਫੁਰਨਾ ਨਾ ਆਵੇ ਅਤੇ ਇਹੀ ਸੋਚਣ ਕਿ ਆਹ ਜਨਮ ਤਾਂ ਲੰਘ ਗਿਆ, ਅਗਲੇ ਜਨਮ ਵਿਚ ਮੰਜ਼ਿਲ ਤੇ ਪਹੁੰਚਣਾ ਹੈ। ਉਨ੍ਹਾਂ ਨੂੰ ਦੁਬਾਰਾ ਮਨੁੱਖ ਜਨਮ ਮਿਲ ਜਾਂਦਾ ਹੈ ਅਤੇ ਉਨ੍ਹਾਂ ਨੂੰ ਬਚਪਨ ਵਿਚ ਹੀ ਮਹਾਂਪੁਰਸ਼ ਮਿਲ ਜਾਂਦੇ ਹਨ ਜੋ ਉਸ ਨੂੰ ਪ੍ਰਮੇਸ਼ਰ ਦੇ ਮਿਲਾਪ ਵਿਚ ਸਹਾਈ ਹੁੰਦੇ ਹਨ। ਅਜਿਹੇ ਲੋਕ ਨੌਂ ਤਰ੍ਹਾਂ ਦੀ ਭਗਤੀ ਵਿਚ ਵਿਸ਼ਵਾਸ਼ ਰਖਦੇ ਹਨ, ਧਰਮ ਗ੍ਰੰਥ ਪੜ੍ਹਦੇ ਹਨ ਅਤੇ ਬਹੁਤ-ਬਹੁਤ ਚਿਰ ਤਕ ਨਾਮ ਸਿਮਰਨ ਕਰਦੇ ਹਨ। ਗੁਰੂ ਨਾਲ ਪਿਆਰ ਵਿਚ ਰੱਤੇ ਰਹਿੰਦੇ ਹਨ ਅਤੇ ਕੋਈ ਵੀ ਗੰਦਾ ਫੁਰਨਾ ਮਨ ਵਿਚ ਨਹੀਂ ਆਉਣ ਦਿੰਦੇ। ਜਦੋਂ ਉਹ ਸਰੀਰ ਛੱਡਦੇ ਹਨ ਤਾਂ ਬਹੁਤ ਹੀ ਮਾਣ ਤੇ ਸਤਿਕਾਰ ਨਾਲ ਬਿਬਾਨਾਂ ਵਿਚ ਬਿਠਾ ਕੇ ਉਨ੍ਹਾਂ ਨੂੰ ਪ੍ਰਭੂ ਦਰ ਤਕ ਪਹੁੰਚਾਇਆ ਜਾਂਦਾ ਹੈ। ਉਹ ਧਰਮਰਾਜ ਦੇ ਨਹੀਂ ਜਾਂਦੇ, ਉਹ ਸਿੱਧੇ ਸਚਖੰਡ ਵਿਚ ਪਹੁੰਚਦੇ ਹਨ। ਉਥੇ ਉਨ੍ਹਾਂ ਨੂੰ ਮੁਕਤ ਅਵਸਥਾ ਪ੍ਰਾਪਤ ਹੁੰਦੀ ਹੈ। ਚਾਰ ਤਰ੍ਹਾਂ ਦੀ ਮੁਕਤੀ ਹੋਇਆ ਕਰਦੀ ਹੈ। ਇਕ ਨੂੰ ਸਮੀਪ ਆਖਿਆ ਜਾਂਦਾ ਹੈ, ਪ੍ਰਭੂ ਲੋਕ ਦੇ ਨੇੜੇ ਰਹਿਣਾ। ਦੂਜੀ ਨੂੰ ਸਾਲੋਕ ਕਿਹਾ ਜਾਂਦਾ ਹੈ - ਪ੍ਰਭੂ ਲੋਕ ਵਿਚ ਰਹਿਣਾ, ਤੀਸਰੀ ਨੂੰ ਸਾਰੂਪ ਕਿਹਾ ਜਾਂਦਾ ਹੈ, ਪ੍ਰਭ ਵਰਗਾ ਹੀ ਸਰੂਪ ਪ੍ਰਾਪਤ ਹੋ ਜਾਣਾ। ਚੌਥੀ ਨੂੰ ਸਾਜ਼ੁਜ਼ ਕਿਹਾ ਜਾਂਦਾ ਹੈ, ਪ੍ਰਭੂ ਵਿਚ ਹੀ ਅਭੇਦ ਹੋ ਜਾਣਾ ਅਤੇ ਕੋਈ ਫਰਕ ਨਾ ਰਹਿਣਾ। ਇਸ ਗਤੀ ਨੂੰ ਭਗਤਾਂ ਦੀ ਗਤੀ ਆਖਿਆ ਜਾਂਦਾ ਹੈ। ਫੇਰ ਸਾਰੇ ਧਾਰਨਾ ਪੜ੍ਹੋ -

*ਧਾਰਨਾ - ਦਰਗਹ ਮਿਲਦੈ ਥਾਓਂ*
*ਗੁਰਾਂ ਨਾਲ ਰੱਤਿਆਂ*

ਬਹੁਤ ਥੋੜ੍ਹੀ ਗਿਣਤੀ ਦੇ ਵਿਚ ਉਹ ਪੁਰਸ਼ ਸੰਸਾਰ ਵਿਚ ਭੇਜੇ ਜਾਂਦੇ ਹਨ ਜਿਨ੍ਹਾਂ ਉਤੇ ਕਰਮਾਂ ਦੀ ਕੋਈ ਬੰਧਸ਼ ਨਹੀਂ ਹੋਇਆ ਕਰਦੀ। ਨਾ ਹੀ ਕੋਈ ਪਰਾਲਬਧ ਕਰਮ ਭੋਗਣੇ ਬਕਾਇਆ ਹੁੰਦੇ ਹਨ। ਉਹ ਪ੍ਰਭੂ ਹੁਕਮ ਵਿਚ ਆਉਂਦੇ ਹਨ ਅਤੇ ਉਨ੍ਹਾਂ ਦਾ ਕਾਰਜ ਖੇਤਰ ਇਹ ਹੋਇਆ ਕਰਦਾ ਹੈ ਕਿ ਉਹ ਸੰਸਾਰ ਨੂੰ ਪ੍ਰਭੂ ਦਾ ਰਾਹ ਦਸਦੇ ਹਨ, ਉਨ੍ਹਾਂ ਨੂੰ ਰੂਹਾਨੀ ਮਦਦ ਦਿੰਦੇ ਹਨ। ਉਨ੍ਹਾਂ ਦੇ ਅਗਿਆਨ ਦੇ ਬੰਦ ਕੀਤੇ ਨੇਤਰ ਗਿਆਨ ਅੰਜਨ ਪਾ ਕੇ ਖੋਲ੍ਹਦੇ ਹਨ ਅਤੇ ਉਨ੍ਹਾਂ ਨੂੰ ਮਾਇਆ ਦੇ ਮੰਡਲ ਵਿਚੋਂ ਕੱਢ ਕੇ ਅਕਾਲ ਮੰਡਲ ਵਿਚ ਪ੍ਰਵੇਸ਼ ਕਰਾਉਂਦੇ ਹਨ। ਜਦੋਂ ਵਾਪਸ ਬੁਲਾਏ ਜਾਂਦੇ ਹਨ ਤਾਂ ਚਲੇ ਜਾਂਦੇ ਹਨ। ਕਿਸੇ ਕਰਮ ਦਾ ਫਲ ਉਨ੍ਹਾਂ ਨੂੰ ਨਹੀਂ ਮਿਲਿਆ ਕਰਦਾ ਕਿਉਂਕਿ ਉਹ ਕਰਮ ਆਪ ਨਹੀਂ ਕਰਦੇ, ਸਾਰੀ ਖੇਲ੍ਹ ਹੁਕਮ ਵਿਚ ਹੋ ਰਹੀ ਪਰਪੱਕ ਤੌਰ ਤੇ ਜਾਣਿਆ ਕਰਦੇ ਹਨ। ਉਨ੍ਹਾਂ ਨੂੰ ਖੁਲ੍ਹ ਹੁੰਦੀ ਹੈ ਕਿ ਉਹ ਆਪਣੀ ਮਰਜ਼ੀ ਨਾਲ ਆ ਜਾਣ ਅਤੇ ਜਦੋਂ ਜੀਅ ਕਰੇ ਚਲੇ ਜਾਣ। ਇਸ ਬਾਰੇ ਜੋ ਫੁਰਮਾਨ ਹੈ ਪੜ੍ਹੋ -

*ਧਾਰਨਾ - ਆਵੇ ਜਾਏ ਨਿਸੰਗ*
*ਗੁਰਮੁਖ ਪਿਆਰਾ, ਗੁਰਮੁਖ*
*ਪਿਆਰਾ*

*ਗੁਰਮੁਖਿ ਆਵੈ ਜਾਇ ਨਿਸੰਗੁ॥*

ਪੰਨਾ - 932

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥*

ਪੰਨਾ - 749

ਇਨ੍ਹਾਂ ਨੂੰ ਕਾਰਕ ਆਖਿਆ ਜਾਂਦਾ ਹੈ। ਇਨ੍ਹਾਂ

ਤੋਂ ਇਲਾਵਾ ਬ੍ਰਹਮ ਗਿਆਨੀ ਹੋਇਆ ਕਰਦੇ ਹਨ ਜਿਨ੍ਹਾਂ ਨੇ ਤੱਤ ਦੀ ਪਹਿਚਾਣ ਕਰਕੇ ਆਪਣੇ ਆਪ ਨੂੰ ਪ੍ਰਭੂ ਰੂਪ ਵਿਚ ਅਤੇ ਸਾਰੇ ਸੰਸਾਰ ਨੂੰ ਪ੍ਰਭੂ ਰੂਪ ਵਿਚ ਵੇਖ ਕੇ ਆਪਣੇ ਭਰਮ ਦਾ ਨਾਸ਼ ਕਰ ਦਿਤਾ। ਉਹ ਸਾਰੇ ਸੰਸਾਰ ਵਿਚ ਵਾਹਿਗੁਰੂ ਜੀ ਵਾਂਗੂੰ ਹੀ ਪਰੀਪੂਰਨ ਹੋ ਜਾਇਆ ਕਰਦੇ ਹਨ। ਉਹ ਨਾ ਕਦੇ ਜੰਮਦੇ ਹਨ ਅਤੇ ਨਾ ਹੀ ਕਦੇ ਮਰਦੇ ਹਨ, ਉਹ ਪ੍ਰਭੂ ਦਾ ਰੂਪ ਹੋ ਹੋਇਆ ਕਰਦੇ ਹਨ ਕਿਉਂਕਿ ਦ੍ਵੈਤ ਕਰਕੇ ਹੀ ਪ੍ਰਭੂ ਤੋਂ ਵਖਰਾ ਭਾਸ ਹੋਇਆ ਕਰਦਾ ਹੈ ਜਦੋਂ ਤੱਤ ਨੂੰ ਪਹਿਚਾਣ ਲਿਆ ਉਸ ਵੇਲੇ ਇਕੋ ਪ੍ਰਭੂ ਤੋਂ ਬਗੈਰ ਦਿਸਦਾ ਹੀ ਨਹੀਂ। ਇਹ ਸਤਿ ਅਵਸਥਾ ਪ੍ਰਾਪਤ ਕਰਕੇ ਉਹ ਪ੍ਰਭੂ ਰੂਪ ਹੀ ਹੋ ਜਾਇਆ ਕਰਦੇ ਹਨ ਜਿਵੇਂ ਕਿ -

*ਧਾਰਨਾ - ਬ੍ਰਹਮ ਗਿਆਨੀ ਜੀ,*
*ਆਪ ਪ੍ਰਮੇਸ਼ਰ - ਆਪ ਪ੍ਰਮੇਸ਼ਰ*

*ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮਗਿਆਨੀ ਆਪਿ ਪਰਮੇਸੁਰ॥*
*ਪੰਨਾ - 273*

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*
*ਪੰਨਾ - 397*

*ਹਰਿ ਕਾ ਸੇਵਕੁ ਸੋ ਹਰਿ ਜੇਹਾ॥*
*ਭੇਦੁ ਨ ਜਾਣਹੁ ਮਾਣਸ ਦੇਹਾ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ॥*
*ਪੰਨਾ - 1076*

ਭਾਈ ਤਿਲੋਕਾ ਜੀ ਨੇ ਰਾਜਕੁਮਾਰੀ ਨੂੰ ਬਹੁਤ ਵਿਸਥਾਰ ਨਾਲ ਸਮਝਾਇਆ ਕਿ ਇਸ ਸੰਸਾਰ ਤੋਂ ਅੱਗੇ ਬਹੁਤ ਹੋਰ ਸੰਸਾਰ ਹਨ, ਇਹ ਧਰਤੀ ਅਤੇ ਅਨੇਕਾਂ ਹੋਰ ਧਰਤੀਆਂ ਜੋ ਬ੍ਰਹਿਮੰਡ ਵਿਚ ਅਰਬਾਂ ਖਰਬਾਂ ਦੀ ਗਿਣਤੀ ਵਿਚ ਹਨ ਅਤੇ ਜਿਨ੍ਹਾਂ ਉਪਰ ਇਸ ਮਨੁੱਖ ਵਰਗੀਆਂ ਅਤੇ ਇਸ ਤੋਂ ਵਧੀਆ ਰੂਹਾਂ ਨਿਵਾਸ ਕਰ ਰਹੀਆਂ ਹਨ। ਪ੍ਰਾਣੀ ਇਸ ਧਰਤੀ ਉਪਰ ਆ ਕੇ ਗਰਬ ਕਰਦਾ ਹੈ ਅਤੇ ਆਪਣੇ ਕਰਮਾਂ ਦੇ ਅਨੁਸਾਰ ਜਿਸਨੂੰ ਪ੍ਰਲੋਕ ਆਖਦੇ ਹਨ ਉਸ ਵਲ ਨੂੰ ਸੂਖਸ਼ਮ ਸਰੀਰ ਧਾਰਨ ਕਰਦਾ ਹੋਇਆ ਚਲ ਪੈਂਦਾ ਹੈ। ਉਨ੍ਹਾਂ ਵਿਚੋਂ ਪਾਪੀ ਰੋਂਦੇ ਜਾਂਦੇ ਹਨ, ਉਨ੍ਹਾਂ ਨੂੰ ਵਿਛੋੜਿਆਂ ਦਾ ਅਫਸੋਸ ਹੈ। ਧਰਤੀ ਉਤੇ ਆ ਕੇ ਬੇਅੰਤ ਜਾਇਦਾਦ, ਕਰੋੜਾਂ ਰੁਪਏ ਬੈਂਕਾਂ ਵਿਚ ਜਮ੍ਹਾਂ ਕਰਾਏ, ਸੋਨਾ ਖਰੀਦਿਆ, ਸ਼ਹਿਰਾਂ ਵਿਚ ਬਜ਼ਾਰ ਬਣਾਏ, ਵੱਡੇ-ਵੱਡੇ ਕਾਰਖਾਨੇ ਲਾਏ, ਬਾਲ ਬੱਚਿਆਂ ਦੇ ਮੋਹ ਵਿਚ ਮਸਤ ਰਹੇ, ਇਸਤ੍ਰੀਆਂ ਦੇ ਭੋਗਾਂ ਵਿਚ ਲਿਪਤ ਰਹੇ ਅਤੇ ਕਦੇ ਭੁੱਲ ਕੇ ਵੀ ਪ੍ਰਮੇਸ਼ਰ ਚਿਤ ਨਾ ਆਇਆ। ਜਦੋਂ ਕਾਲ ਨੇ ਆ ਕੇ ਦਬੋਚ ਲਿਆ, ਇਕ ਰੱਤੀ ਜਿੰਨਾਂ ਵੀ ਸਮਾਂ ਨਾ ਦਿਤਾ ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਇਕ ਰਤੀ ਬਿਲਮ ਨ ਦੇਵਨੀ*
*ਵਣਜਾਰਿਆ ਮਿਤ੍ਰਾ ਓਨੀ*
*ਤਕੜੇ ਪਾਏ ਹਾਥ॥ ਪੰਨਾ - 78*

ਇਹ ਭੇਤ ਨਾ ਦੇ ਸਕੇ, ਦੱਸ ਨਾ ਸਕੇ ਕਿ ਸਾਨੂੰ ਲੈਣ ਵਾਸਤੇ ਕੌਣ ਆਇਆ ਅਤੇ ਅਸੀਂ ਕਿਥੇ ਜਾ ਰਹੇ ਹਾਂ। ਸਭ ਗੱਲਾਂ ਮਨ ਦੀਆਂ ਮਨ ਵਿਚ ਰਹਿ ਗਈਆਂ ਜਿਵੇਂ ਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਮਨ ਕੀ ਮਨ ਹੀ ਮਾਹਿ ਰਹੀ॥*
*ਨਾ ਹਰਿ ਭਜੇ ਨ ਤੀਰਥ ਸੇਵੇ*
*ਚੋਟੀ ਕਾਲਿ ਗਹੀ॥ ਪੰਨਾ - 631*

ਜਮਾਂ ਦੀ ਮਾਰ ਪੈਂਦੀ ਹੈ, ਜੀਵ ਬੇਹੋਸ਼ ਹੋ ਜਾਂਦਾ ਹੈ, ਉਹ ਐਨਾ ਭੈ ਭੀਤ ਹੋ ਜਾਂਦਾ ਹੈ ਕਿ ਉਸ ਨੂੰ ਕੁਝ ਵੀ ਨਹੀਂ ਸੁਝਦਾ। ਇਸ ਮਾਰ ਬਾਰੇ ਮਹਾਂਪੁਰਸ਼ਾਂ ਨੇ ਫੁਰਮਾਨ ਕੀਤਾ ਹੈ-

*ਕਬੀਰ ਜਮੁ ਕਾ ਠੇਂਗਾ ਬੁਰਾ ਹੈ*
*ਓਹੁ ਨਹੀ ਸਹਿਆ ਜਾਇ॥*
*ਪੰਨਾ - 1368*

ਅਨੁਭਵੀ ਮਹਾਂਪੁਰਸ਼ ਦਸਦੇ ਹਨ ਕਿ ਜਮ ਦਾ ਜੋ ਹੰਟਰ ਹੈ ਉਸ ਦੀ ਪੀੜ 400 ਬਿੱਛੂ ਦੇ ਡੰਗ ਮਾਰਨ ਜਿੰਨੀ ਹੋਇਆ ਕਰਦੀ ਹੈ ਅਤੇ ਇਕੋ ਫੱਟ ਉਪਰ ਇਕ ਹਜ਼ਾਰ ਤਲਵਾਰ ਮਾਰਨ ਨਾਲ ਜਿੰਨਾਂ ਦੁਖ ਹੁੰਦਾ ਹੈ, ਉਤਨਾ ਹੀ ਦੁੱਖ ਜਮ ਦੇ ਹੰਟਰ ਨਾਲ ਹੋਇਆ ਕਰਦਾ ਹੈ। ਵੱਡੇ ਤੋਂ ਵੱਡਾ ਆਕੜਖਾਨ ਪੁਰਸ਼ ਬਲੀ ਯੋਧਾ ਉਸ ਦੇ ਅੱਗੇ ਢਹਿ ਢੇਰੀ ਹੋ ਜਾਂਦਾ ਹੈ ਕਿਉਂਕਿ ਕਾਲ ਮਹਾਂਬਲੀ ਹੈ। ਮਨੁੱਖ ਦਾ ਬਲ ਉਸ ਦੇ ਸਾਮ੍ਹਣੇ ਕੁਝ ਵੀ ਨਹੀਂ ਹੈ। ਸੋ ਇਸ ਹਾਲਤ ਵਿਚ ਜੋ ਸੰਸਾਰ ਵਿਚ ਆ ਕੇ ਪ੍ਰਾਪਤੀਆਂ ਕੀਤੀਆਂ, ਵਿਸ਼ੇ ਭੋਗੇ ਸਭ ਕੁਝ ਭੁੱਲ ਜਾਂਦਾ ਹੈ ਉਸ ਵੇਲੇ ਉਹ ਰੂਹ ਰੋਂਦੀ ਕੁਰਲਾਂਦੀ ਪਰਲੋਕ ਨੂੰ ਜਾਂਦੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਾਪੀ ਰੂਹਾਂ ਸ਼ਾਂਤੀ ਨਾਲ ਨਹੀਂ ਜਾਇਆ ਕਰਦੀਆਂ। ਉਨ੍ਹਾਂ ਬਾਰੇ ਫੁਰਮਾਨ ਹੈ-

*ਬਾਰਿ ਵਿਡਾਨੜੈ ਹੁੰਮਸ ਧੁੰਮਸ*
*ਕੂਕਾ ਪਈਆ ਰਾਹੀ॥*
*ਤਉ ਸਹ ਸੇਤੀ ਲਗੜੀ ਡੋਰੀ*
*ਨਾਨਕ ਅਨਦ ਸੇਤੀ ਬਨੁ ਗਾਹੀ॥*
*ਪੰਨਾ - 520*

ਸੋ ਕੂਕਾਂ ਮਾਰਦੇ ਜਾਂਦੇ ਹਨ, ਉਸ ਤੋਂ ਅੱਗੇ ਜੋ ਭਿਆਨਕ ਰਸਤਾ ਆਉਂਦਾ ਹੈ ਉਸ ਦਾ ਵਿਸਤਾਰਪੂਰਵਕ ਵਰਣਨ ਗਰੜ ਪੁਰਾਣ ਵਿਚ ਕੀਤਾ ਗਿਆ ਹੈ। ਉਸ ਵਿਚ ਸਾਰੇ ਰਸਤੇ ਦਾ ਵੇਰਵਾ ਦਿਤਾ ਹੋਇਆ ਹੈ ਕਿ ਮਹਾਂ ਅੰਧ ਗੁਬਾਰ ਵਿਚੋਂ ਰੂਹ ਨੂੰ ਲੰਘਣਾ ਪੈਂਦਾ ਹੈ, ਸੰਗਲ ਇਸ ਦੇ ਗਲ ਵਿਚ ਪਿਆ ਹੁੰਦਾ ਹੈ ਜਿਵੇਂ ਕਿ ਫੁਰਮਾਨ ਹੈ -

*ਵਡਾ ਹੋਆ ਦੁਨੀਦਾਰੁ*

*ਗਲਿ ਸੰਗਲੁ ਘਤਿ ਚਲਾਇਆ॥*

*ਪੰਨਾ - 464*

ਮਹਾਂ ਅੰਧਕਾਰ ਦੇ ਰਸਤੇ ਵਿਚੋਂ ਜਦੋਂ ਲੰਘਦਾ ਹੈ, ਉਸ ਵੇਲੇ ਕੁਝ ਵੀ ਨਹੀਂ ਬਣਦਾ ਜਿਵੇਂ ਮਰੇ ਹੋਏ ਕੁੱਤੇ ਨੂੰ ਰੱਸੀ ਪਾ ਕੇ ਘਸੀਟ ਕੇ ਦੂਰ ਬਾਹਰ ਖੁਡੇ ਵਿਚ ਸੁੱਟ ਕੇ ਮਿਟੀ ਪਾ ਦਿਤੀ ਜਾਂਦੀ ਹੈ, ਇਸ ਤਰ੍ਹਾਂ ਜੀਵ ਨੂੰ ਘਸੀਟਿਆ ਜਾਂਦਾ ਹੈ ਇਸਨੂੰ ਅਤਿ ਦੀ ਪਿਆਸ ਲਗਦੀ ਹੈ ਪਰ ਪਾਣੀ ਨਹੀਂ ਮਿਲਦਾ। ਅਤਿ ਦੀ ਗਰਮੀ ਲਗਦੀ ਹੈ, ਕੋਈ ਛਾਂ ਨਹੀਂ ਮਿਲਦੀ। ਗੁਰੂ ਮਹਾਰਾਜ ਨੇ ਸੰਖੇਪ ਵਿਚ ਇਸ ਦਾ ਵਰਣਨ ਕਰਦਿਆਂ ਸਾਰੇ ਜੀਵਾਂ ਦੇ ਕਲਿਆਣ ਵਾਸਤੇ ਕੁਝ ਚਾਨਣਾ ਪਾਇਆ ਹੈ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*
*ਜਹ ਮਹਾ ਭਇਆਨ ਦੂਤ ਜਮ ਦਲੈ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥*
*ਜਹ ਮੁਸਕਲ ਹੋਵੈ ਅਤਿ ਭਾਰੀ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥*
*ਅਨਿਕ ਪੁਨਹਚਰਨ ਕਰਤ ਨਹੀ ਤਰੈ॥*
*ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥*
*ਗੁਰਮੁਖਿ ਨਾਮੁ ਜਪਹੁ ਮਨ ਮੇਰੇ।।*
*ਨਾਨਕ ਪਾਵਹੁ ਸੂਖ ਘਨੇਰੇ॥*

*ਪੰਨਾ - 464*

ਉਸ ਰਸਤੇ ਬਾਰੇ ਦਸਦਿਆਂ ਫੁਰਮਾਨ ਕਰਦੇ ਹਨ ਕਿ ਉਹ ਐਨਾ ਲੰਬਾ ਹੈ ਕਿ ਉਸਨੂੰ ਨਾਪਿਆ ਨਹੀਂ ਜਾ ਸਕਦਾ, ਕਿੰਨੀ ਦੂਰ ਜਾਣਾ ਪੈਂਦਾ ਹੈ ਜਿਵੇਂ ਕਿ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥ ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥ ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥*

*ਪੰਨਾ - 264*

ਇਕ ਇਸਲਾਮ ਦਾ ਅਨੁਆਈ ਪ੍ਰੇਤ ਬਣ ਗਿਆ ਜਿਸ ਦਾ ਨਾਮ ਸੁਲੇਮਾਨ ਸੀ। ਉਹ ਇਕ ਪ੍ਰੇਮੀ ਦੇ ਸਰੀਰ ਵਿਚ ਆ ਕੇ ਉਸ ਨੂੰ ਬਹੁਤ ਹੀ ਤੰਗ ਕਰਿਆ ਕਰਦਾ ਸੀ। ਸੰਤ ਮਹਾਰਾਜ ਜੀ ਉਨ੍ਹਾਂ ਦਿਨਾਂ ਵਿਚ ਹਾਪੜ ਆਏ ਹੋਏ ਸਨ। ਮੈਂ ਆਪਣੇ ਫਾਰਮ ਤੋਂ ਤਕਰੀਬਨ ਹਰ ਰੋਜ਼ ਹੀ ਸ਼ਾਮ ਵੇਲੇ ਆ ਜਾਇਆ ਕਰਦਾ ਸੀ। ਦੀਵਾਨ ਸੁਣ ਕੇ ਅੰਮ੍ਰਿਤ ਵੇਲੇ ਚਲਿਆ ਜਾਇਆ ਕਰਦਾ ਸੀ। ਉਥੋਂ 30 ਕੁ ਕਿਲੋਮੀਟਰ ਤੇ ਮੇਰਾ ਫਾਰਮ ਸੀ। ਕਈ ਵਾਰੀ ਮੈਂ ਆ ਕੇ ਕਈ ਕਈ ਦਿਨ ਠਹਿਰ ਜਾਂਦਾ ਸੀ। ਅੱਜ ਜਦੋਂ ਮੈਂ ਬਿਲਾਸਪੁਰ (ਜ਼ਿਲਾ ਰਾਮਪੁਰ) ਤੋਂ ਚੱਲ ਕੇ ਹਾਪੜ ਪਹੁੰਚਿਆ ਤਾਂ ਬੱਸ ਤੋਂ ਉਤਰ ਕੇ ਸੰਤ ਮਹਾਰਾਜ ਜੀ ਦੇ ਨਿਵਾਸ ਅਸਥਾਨ ਵਲ ਨੂੰ ਚਲ ਪਿਆ। ਛੇਤੀ ਹੀ ਮੈਂ ਉਥੇ ਪਹੁੰਚਿਆ। ਉਥੇ ਮੇਰੀ ਨਜ਼ਰੀ ਪਿਆ ਕਿ ਬਹੁਤ ਸਾਰੇ ਸੰਗਤ ਦੇ ਲੋਕ ਗੋਲ ਘੇਰਾ ਬਣਾਈ ਕੁਝ ਬੋਲ ਰਹੇ ਹਨ। ਉਸ ਘੇਰੇ ਦੇ ਵਿਚਾਲਿਓਂ ਕੋਈ ਅਵਾਜ਼ ਆ ਰਹੀ ਸੀ। ਮੈਂ ਵੀ ਉਥੇ ਚਲਿਆ ਗਿਆ ਅਤੇ ਪੁਛਿਆ ਕਿ ਇਹ ਸਿੰਘ ਕੇਸਾਂ ਸਮੇਤ ਸਿਰ ਕਿਉਂ ਘੁੰਮਾ ਰਿਹਾ ਹੈ ਅਤੇ ਕੀ ਬੋਲ ਰਿਹਾ ਹੈ? ਮੈਨੂੰ ਸਾਰੇ ਜਾਣਦੇ ਹੀ ਸਨ ਉਨ੍ਹਾਂ ਨੇ ਦਸਿਆ ਕਿ ਇਸ ਸਿੰਘ ਦਾ ਨਾਮ ਮੋਹਨ ਸਿੰਘ ਹੈ, ਇਹ ਇਕ ਟਰੱਕ ਡਰਾਈਵਰ ਹੈ ਇਸ ਵਿਚ ਕੋਈ ਰੂਹ ਪ੍ਰਵੇਸ਼ ਕੀਤੀ ਹੋਈ ਹੈ ਉਹ ਬੋਲ ਰਹੀ ਹੈ। ਮੈਂ ਹੋਰ ਵੇਰਵਾ ਪੁਛਿਆ ਤਾਂ ਉਨ੍ਹਾਂ ਨੇ ਦਸਿਆ ਕਿ ਸਹਾਰਨਪੁਰ ਤੋਂ ਨੇੜੇ ਹੀ ਹਸਨਪੁਰ ਦੀ ਤਹਿਸੀਲ ਹੈ, ਉਥੇ ਕੁਝ ਮੀਲਾਂ ਦੇ ਫਾਸਲੇ ਤੇ ਇਕ ਕਬਰ ਹੈ, ਉਥੇ ਦਾ ਰਹਿਣ ਵਾਲਾ ਇਕ ਪੜ੍ਹਿਆ ਲਿਖਿਆ ਮੁਲਾਂ ਜੀ ਪ੍ਰੇਤ ਬਣ ਕੇ ਇਸ ਨੂੰ ਤੰਗ ਕਰ ਰਿਹਾ ਹੈ। ਮੈਂ ਸਾਰੀ ਗੱਲ ਸੁਣੀ, ਵਿਚਾਰੀ ਅਤੇ ਮੇਰੇ ਮਨ ਵਿਚ ਪਹਿਲਾਂ ਖਿਆਲ ਆਇਆ ਕਿ ਇਸ ਮੋਹਨ ਸਿੰਘ ਦੇ ਦਿਮਾਗ ਵਿਚ ਕੋਈ ਬਿਮਾਰੀ ਹੈ ਜਿਸ ਕਰਕੇ ਉਸ ਦਾ ਬੇਹੋਸ਼ ਕੀਤਾ ਹੋਇਆ ਇਹ ਅੰਟ ਸੰਟ ਬੋਲੀ ਜਾਂਦਾ ਹੈ। ਜਦੋਂ ਇਹ ਗੱਲ ਮੈਂ ਉਚੀ ਬੋਲ ਕੇ ਕਹੀ ਤਾਂ ਉਥੇ ਖੜ੍ਹੇ ਕਈ ਸਿੰਘ ਮੇਰੇ ਨਾਲ ਸਹਿਮਤ ਨਹੀਂ ਸਨ, ਕਹਿਣ ਲੱਗੇ ਪ੍ਰਤੱਖ ਨੂੰ ਕੀ ਪ੍ਰਮਾਣ ਹੈ। ਤੁਸੀਂ ਖੁਦ ਗੱਲ ਕਰ ਲਓ ਅਤੇ ਸਾਰੇ ਜਾਣਦੇ ਹੀ ਸਨ ਕਿ ਸੰਤ ਮਹਾਰਾਜ ਜੀ ਦੀ ਕ੍ਰਿਪਾ ਨਾਲ ਮੈਂ ਉਨ੍ਹਾਂ ਦੇ ਨਜ਼ਦੀਕ ਪਹੁੰਚਿਆ ਹੋਇਆ ਸੀ। ਬਹੁਤ ਸਾਰੇ ਬਚਨ ਕੁਰਸੀ ਦੇ ਸਮੇਂ ਮੇਰੇ ਨਾਲ ਹੋਇਆ ਕਰਦੇ ਸਨ ਕਿਉਂਕਿ ਮੈਂ ਅਧਿਆਤਮਵਾਦ ਦੇ ਪ੍ਰਸ਼ਨ ਕਰਿਆ ਕਰਦਾ ਸੀ ਅਤੇ ਸੰਗਤਾਂ ਦੇ ਭਲੇ ਲਈ ਮਹਾਰਾਜ ਜੀ ਬਹੁਤ ਵਿਆਖਿਆ ਸਹਿਤ ਉਨ੍ਹਾਂ ਦੇ ਉਤਰ ਦਿਆ ਕਰਦੇ ਸਨ। ਇਸ ਕਰਕੇ ਸੰਗਤ ਵਿਚੋਂ ਮੈਨੂੰ ਬਹੁਤ ਸਾਰੇ ਸਰੀਰ ਜਾਣਦੇ ਸਨ। ਉਨ੍ਹਾਂ ਨੇ ਮੈਨੂੰ ਕਿਹਾ ਕਿ ਤੁਸੀਂ ਖੁਦ ਗੱਲ ਕਰ ਲਓ।

ਮੈਂ ਜਦੋਂ ਅੱਗੇ ਵਧਿਆ, ਉਸ ਸਿੰਘ ਨੇ ਜਿਸ ਨਾਲ ਉਹ ਗੱਲ ਕਰ ਰਿਹਾ ਸੀ, ਉਸ ਨੇ ਕਿਹਾ ਕਿ ਸੁਲੇਮਾਨ! ਤੂੰ ਵਰਿਆਮ ਸਿੰਘ ਨਾਲ ਗੱਲ ਕਰ। ਉਹ ਬੜਾ ਹੀ ਰੁੱਖਾ ਬੋਲਿਆ। ਉਸ ਨੇ ਝੱਟ ਹੀ ਕਹਿ ਦਿਤਾ ਕਿ ਮੈਂ ਇਸ ਤੋਂ ਮੁਰੱਬੇ ਲੈਣੇ ਹਨ? ਮੈਂ ਕਿਉਂ ਗੱਲ ਕਰਾਂ? ਮੈਂ ਉਸ ਨੂੰ ਕਿਹਾ ਕਿ ਮੈਂ ਤੇਰੀ ਮੁਲਾਕਾਤ ਸੰਤ ਮਹਾਰਾਜ ਜੀ ਨਾਲ ਕਰਾ ਦੇਵਾਂਗਾ। ਫੇਰ ਉਹ ਮੇਰੇ ਨਾਲ ਗੱਲ ਕਰਨ ਲਗ ਗਿਆ। ਇਸ ਦੇ ਮਾਂ ਬਾਪ ਵੀ ਆਏ ਹੋਏ ਸਨ। ਸੰਤ ਮਹਾਰਾਜ ਜੀ ਨਾਲ ਬਚਨ ਕਰਨਾ ਲੋਚਦੇ ਸਨ ਪਰ ਮਹਾਰਾਜ ਜੀ ਵਲੋਂ ਆਗਿਆ

ਨਹੀਂ ਮਿਲੀ ਸੀ। ਸੋ ਸਮਾਂ ਨਾ ਮਿਲਣ ਕਰਕੇ ਕੋਈ ਗੱਲ ਨਹੀਂ ਹੁੰਦੀ ਸੀ। ਮੈਂ ਉਸ ਨਾਲ ਸੰਖੇਪ ਜਿਹੀ ਗੱਲ ਕੀਤੀ। ਉਸ ਉਪਰੰਤ ਸੰਤ ਮਹਾਰਾਜ ਜੀ ਨੂੰ ਸਮਾਂ ਵਿਚਾਰ ਕੇ ਬੇਨਤੀ ਕੀਤੀ ਅਤੇ ਕਿਹਾ ਕਿ ਮਹਾਰਾਜ ਜੀ! ਇਕ ਮੋਹਨ ਸਿੰਘ ਨਾਮ ਦਾ ਨੌਜਵਾਨ ਬਾਹਰ ਆਇਆ ਹੋਇਆ ਹੈ, ਉਸ ਵਿਚ ਕੋਈ ਰੂਹ ਬੋਲਦੀ ਹੈ। ਮੈਂ ਵੀ ਬੇਨਤੀ ਕਰੀ ਕਿ ਮਹਾਰਾਜ ਜੀ! ਮੇਰੇ ਮਨ ਵਿਚ ਵਿਸ਼ਵਾਸ਼ ਨਹੀਂ ਆ ਰਿਹਾ ਕਿ ਰੂਹਾਂ ਇਸ ਤਰ੍ਹਾਂ ਦੇ ਨਾਲ ਬੰਦਿਆਂ ਨੂੰ ਫੜ ਲੈਂਦੀਆਂ ਹਨ। ਮੇਰੇ ਸਮਝ ਵਿਚ ਹੀ ਨਹੀਂ ਆ ਰਿਹਾ ਕਿ ਮੋਹਨ ਸਿੰਘ ਅਜਿਹੀਆਂ ਗੱਲਾਂ ਕਿਉਂ ਕਰ ਰਿਹਾ ਹੈ। ਮੈਂ ਤਾਂ ਇਹ ਸਮਝਦਾ ਹਾਂ ਕਿ ਕੋਈ ਮਾਨਸਿਕ ਉਲਝਣ ਹੈ ਜਿਸ ਕਰਕੇ ਉਹ ਆਪਣੀ ਬੇਹੋਸ਼ੀ ਵਿਚੋਂ ਅਜਿਹੇ ਬਚਨ ਕੱਢੀ ਜਾਂਦਾ ਹੈ। ਸੰਤ ਮਹਾਰਾਜ ਜੀ ਕਹਿਣ ਲੱਗੇ, "ਹਾਂ, ਇਸ ਤਰ੍ਹਾਂ ਵੀ ਹੋ ਜਾਇਆ ਕਰਦਾ ਹੈ। ਜਿਸ ਤਰ੍ਹਾਂ ਬੀਬੀਆਂ ਹਿਸਟੇਰੀਏ ਦੀ ਬਿਮਾਰੀ ਦੇ ਅਧੀਨ ਆਈਆਂ ਰਿਸ਼ਤੇਦਾਰਾਂ, ਆਂਢੀਆਂ ਗੁਆਂਢੀਆਂ, ਭੈਣਾਂ ਭਰਾਵਾਂ ਜੋ ਸੰਸਾਰ ਤੋਂ ਜਾ ਚੁੱਕੇ ਹਨ ਉਨ੍ਹਾਂ ਦੇ ਨਾਮ ਲੈ ਲੈ ਕੇ ਬੋਲਦੀਆਂ ਹਨ, ਆਪ ਵੀ ਦੁਖੀ ਹੁੰਦੀਆਂ ਹਨ ਅਤੇ ਘਰਵਾਲਿਆਂ ਨੂੰ ਵੀ ਪਰੇਸ਼ਾਨੀ ਹੁੰਦੀ ਹੈ।" ਮੈਂ ਕਿਹਾ, "ਮਹਾਰਾਜ ਜੀ! ਆਪ ਸਮਾਂ ਬਖਸ਼ੋ ਤਾਂ ਉਹ ਆਪ ਦੇ ਚਰਨਾਂ ਵਿਚ ਆ ਜਾਵੇ। ਜੇ ਆਪ ਦੋ ਚਾਰ ਮਿੰਟ ਲਈ ਸਮਾਂ ਬਖਸ਼ ਦੇਵੋਂ ਤਾਂ ਦੋ ਚਾਰ ਮਿੰਟ ਵਿਚ ਗੱਲ ਕਰ ਲੈਣਗੇ। ਜੇ ਉਸ ਨੇ ਲੰਮੀ ਗੱਲ ਕਰਨੀ ਹੋਈ ਤਾਂ ਆਪ ਦੀ ਆਗਿਆ ਅਨੁਸਾਰ ਸਾਰੀ ਗੱਲ ਅਸੀਂ ਕਰ ਲਵਾਂਗੇ।" ਸੰਤ ਮਹਾਰਾਜ ਜੀ ਨੇ ਕਿਹਾ ਕਲ੍ਹ ਨੂੰ ਉਹ ਸਾਨੂੰ ਕੁਰਸੀ ਦੇ ਸਮੇਂ ਮਿਲ ਲਵੇ।

ਬਾਹਰ ਆ ਕੇ ਮੈਂ ਸਾਰੀ ਗੱਲ ਕੀਤੀ। ਉਸ ਰੂਹ ਨੂੰ ਵੀ ਬਹੁਤ ਖੁਸ਼ੀ ਹੋਈ ਅਤੇ ਕਹਿਣ ਲੱਗੀ ਕਿ ਆਖਰਕਾਰ ਮੁਝੇ ਪੀਰ ਜੀ ਕੇ ਦਰਸ਼ਨ ਹੋ ਹੀ ਜਾਏਂਗੇ ਔਰ ਮੇਰੀ ਕਲਿਆਣ ਹੋ ਹੀ ਜਾਏਗੀ। ਮੈਂ ਫਾਰਮ ਵਿਚ ਜ਼ਰੂਰੀ ਕੰਮ ਕਰਨ ਲਈ ਵਾਪਸ ਆਉਣਾ ਸੀ। ਇਸ ਲਈ ਦੂਸਰੇ ਦਿਨ ਜੋ ਉਸ ਦੀ ਪੇਸ਼ੀ ਸੀ ਉਸ ਤੋਂ ਮੈਂ ਵਾਂਝਾ ਰਹਿ ਗਿਆ ਪਰ ਤੀਸਰੇ ਦਿਨ ਜਦੋਂ ਮੈਂ ਗਿਆ ਸਿੰਘਾਂ ਨੇ ਸਾਰੀਆਂ ਗੱਲਾਂ ਦਸ ਦਿਤੀਆਂ।

ਇਹ ਵਾਰਤਾ ਬਹੁਤ ਲੰਮੀ ਹੈ। ਮੈਂ ਇਥੇ ਹੀ ਇਸ ਨੂੰ ਛਡਦਾ ਹਾਂ ਕਿਉਂਕਿ ਗਿਆਨੀ ਮੋਹਨ ਸਿੰਘ ਜੀ ਅਜ਼ਾਦ ਸਵਰਗਵਾਸੀ ਨੇ ਬਹੁਤ ਵਿਸਥਾਰ ਨਾਲ ਇਹ ਗੱਲਾਂ ਮੇਰੇ ਤੋਂ ਸੁਣ ਕੇ ਮਹਾਰਾਜ ਜੀ ਦੇ ਜੀਵਨ ਵਿਚ ਲਿਖ ਦਿਤੀਆਂ ਹਨ। ਸੋ ਉਨ੍ਹਾਂ ਨੂੰ ਮੈਂ ਇਥੇ ਦੁਹਰਾਉਣਾ ਨਹੀਂ ਚਾਹੁੰਦਾ। ਪਰਲੋਕ ਦੇ ਸਬੰਧ ਵਿਚ ਮੇਰੇ ਨਾਲ ਜੋ ਗੱਲਾਂ ਹੋਈਆਂ ਉਹ ਮੈਂ ਦਸਣਾ ਚਾਹੁੰਦਾ ਹਾਂ।

ਇਧਰ ਮੈਂ ਉਸ ਨੂੰ ਪੁਛਿਆ ਕਿ ਸੁਲੇਮਾਨ! ਤੇਰੀ ਯਾਦਦਾਸ਼ਤ ਬਹੁਤ ਹੈ। ਕੀ ਤੂੰ ਦਸ ਸਕਦਾ ਹੈਂ ਜਦੋਂ ਇਸ ਲੋਕ ਵਿਚੋਂ ਤੈਨੂੰ ਅਜ਼ਰਾਈਲ ਫਰੇਸਤਾ ਦੇ ਦੂਤ ਲੈਣ ਆਏ ਤਾਂ ਤੇਰੇ ਨਾਲ ਕਿਵੇਂ ਵਰਤਿਆ ਅਤੇ ਰਸਤਾ ਕਿਹੋ ਜਿਹਾ ਸੀ? ਇਹ ਗੱਲ ਮੈਂ ਉਸ ਨਾਲ ਉਸ ਸਮੇਂ ਕੀਤੀ ਜਦੋਂ ਸੰਤ ਮਹਾਰਾਜ ਜੀ ਹਾਪੜ ਤੋਂ ਮੁਰਾਦਬਾਦ ਆਏ ਹੋਏ ਸਨ, ਜਥਾ ਇਕ ਸਰਾਏਂ ਵਿਚ ਠਹਿਰਿਆ ਹੋਇਆ ਸੀ। ਸੰਤ ਮਹਾਰਾਜ ਜੀ ਰੇਲਵੇ ਕਲੋਨੀ ਵਿਚ ਰਿਹਾਇਸ਼ ਰਖਦੇ ਸਨ, ਮੈਂ ਸਰਾਏਂ ਦੀ ਉਪਰਲੀ ਛੱਤ ਉਤੇ ਆਪਣੇ ਧਿਆਨ ਵਿਚ ਮਗਨ ਬੈਠਾ ਸੀ। ਮੋਹਨ ਸਿੰਘ ਜਿਸ ਵਿਚ ਸੁਲੇਮਾਨ ਆਇਆ ਕਰਦਾ ਸੀ, ਉਸ ਨੂੰ ਮੇਰੇ ਕੋਲ ਪਰੇਰ ਕੇ ਲੈ ਆਇਆ ਅਤੇ ਬੈਠਦੇ ਸਾਰ ਹੀ 'ਸੁਭ੍ਹਾਨ ਅੱਲਾਹ-ਸੁਭ੍ਹਾਨ ਅੱਲਾਹ' ਦੀ ਰੱਟ ਲਾ ਕੇ ਸਿਰ ਘੁੰਮਾਉਣ ਲਗ ਗਿਆ। ਮੈਂ ਕਿਹਾ, "ਸੁਲੇਮਾਨ! ਮੈਂ ਤਾਂ ਰਹਿਰਾਸ ਸਾਹਿਬ ਦਾ ਪਾਠ ਕਰਨ ਲੱਗਿਆ ਸੀ, ਫੇਰ ਦੀਵਾਨ ਸੁਣਨ ਜਾਣਾ ਹੈ ਤੂੰ ਇਥੇ ਵੀ ਆ ਗਿਆ।" ਕਹਿਣ ਲੱਗਿਆ, "ਮੈਂ ਇਕ ਬਹੁਤ ਹੀ ਜ਼ਰੂਰੀ ਗੱਲ ਕਰਨ ਆਇਆ ਹਾਂ ਜੋ ਮੇਰੇ ਮਨ ਵਿਚ ਹੈ।" ਕਹਿਣ ਲੱਗਿਆ, "ਮੈਂ ਆਪਣੇ ਜੀਵਨ ਵਿਚ ਦੋ ਇਸਤਰੀਆਂ ਨਾਲ ਸ਼ੈਤਾਨ ਦੇ ਵਸ ਆ ਕੇ, ਤੰਤ੍ਰ ਵਿਦਿਆ ਦੇ ਵਸ ਅਧੀਨ ਬਹੁਤ ਮੰਦ ਕੰਮ ਕਰਿਆ ਜਿਸ ਦੇ ਫਲਸਰੂਪ ਮੈਨੂੰ ਦਸਿਆ ਗਿਆ ਕਿ ਦੋਜਕ ਵਿਚ ਇਸਤ੍ਰੀਆਂ ਲੋਹੇ ਦੇ ਰੂਪ ਵਿਚ ਅੱਗ ਵਾਂਗੂੰ ਤਪਾ ਕੇ ਤੇਰੇ ਨਾਲ ਲਾਈਆਂ ਜਾਣਗੀਆਂ। ਮੈਂ ਬਹੁਤ ਡਰ ਗਿਆ। ਮੇਰੇ ਹੁਣ ਤਕ ਯਾਦ ਹੈ ਤੁਸੀਂ ਸੰਤ ਮਹਾਰਾਜ ਜੀ ਨੂੰ ਕਹਿ ਕੇ ਮੇਰੇ ਇਸ ਪਾਪ ਦੀ ਨਵਿਰਤੀ ਕਰਾ ਦੇਵੋ।" ਉਸ ਦੀ ਗੱਲ ਸੁਣ ਕੇ ਮੈਂ ਉਤਰ ਤਾਂ ਦਿਤਾ ਨਾ ਕਿਉਂਕਿ ਮੈਂ ਚੰਗੀ ਤਰ੍ਹਾਂ ਜਾਣਦਾ ਸੀ ਕਿ ਸੰਤ ਮਹਾਰਾਜ ਜੀ ਨੇ ਮਨੁੱਖ ਦੀ ਜੂਨੀ ਤਾਂ ਇਸ ਨੂੰ ਬਖਸ਼ ਹੀ ਦਿਤੀ ਹੈ ਤਾਂ ਇਹ ਮਨੁੱਖ ਜਾਮੇ ਵਿਚ ਆਪਣੇ ਗੁਨਾਹ ਬੰਦਗੀ ਕਰਕੇ ਆਪ ਹੀ ਠੀਕ ਕਰ ਲਵੇਗਾ। ਉਸ ਵੇਲੇ ਮੈਂ ਫੇਰ ਪਰਲੋਕ ਦੀ ਗੱਲ ਪੁਛੀ, ਉਹ ਰੋਣ ਲਗ ਗਿਆ। ਕਹਿਣ ਲੱਗਿਆ 999 ਸਾਲ ਲੰਘ ਚੁੱਕੇ ਹਨ ਪਰ ਜੋ ਮੈਂ ਤਸੀਹੇ ਝੱਲੇ, ਉਹ ਮੈਂ ਹੁਣ ਤਕ ਨਹੀਂ ਭੁੱਲ ਸਕਿਆ। ਦੁਨੀਆਂ ਤਾਂ ਮੂਰਖ ਹੈ ਜੋ ਗੁਰੂਆਂ, ਪੀਰਾਂ ਦੇ ਕਲਾਮਾਂ ਉਪਰ ਵਿਸ਼ਵਾਸ਼ ਨਹੀਂ ਕਰਦੀ। ਕਰੇ ਵੀ ਕਿਵੇਂ ਕਿਉਂਕਿ ਉਨ੍ਹਾਂ ਨੂੰ ਨਿਸ਼ਚੇ ਪੂਰਵਕ ਕੋਈ ਦਸਣ ਵਾਲਾ ਵੀ ਨਹੀਂ ਹੈ। ਦੂਸਰਾ ਉਹ ਯਕੀਨ ਵੀ ਨਹੀਂ ਕਰਦੇ ਕਿਉਂਕਿ ਉਸ ਦੇ ਅੰਗ-ਅੰਗ ਉਤੇ ਸ਼ੈਤਾਨ ਹਾਵੀ ਹੋਇਆ ਕਰਦਾ ਹੈ ਪਰ ਪਤਾ ਉਦੋਂ ਲਗਦਾ ਹੈ ਜਦੋਂ ਮੇਰੇ ਵਾਂਗੂੰ ਗਲ ਵਿਚ ਸੰਗਲ ਪਾ ਕੇ ਜਮਦੂਤ ਘਸੀਟਦੇ ਹਨ। ਮੈਂ ਕਿਹਾ ਕਿ ਤੁਹਾਡੀ ਬੋਲੀ ਵਿਚ ਤਾਂ ਜਮਦੂਤਾਂ ਨੂੰ ਹੋਰ ਕੁਝ ਕਹਿੰਦੇ ਹਨ। ਕਹਿਣ ਲੱਗਿਆ ਮੈਂ ਰੋਜ਼ ਦੀਵਾਨ ਸੁਣਦਾ ਹਾਂ, ਸਾਖੀਆਂ ਸੁਣਦਾ ਹਾਂ ਮੈਨੂੰ ਬਹੁਤ ਕੁਝ ਪਤਾ ਲੱਗ ਗਿਆ ਹੈ, ਮੈਂ ਉਨ੍ਹਾਂ ਨੂੰ ਜਮਦੂਤ ਨਾ ਕਹਾਂ ਤਾਂ ਹੋਰ ਕੀ ਕਹਾਂ। ਉਨ੍ਹਾਂ ਨੇ ਮੇਰੇ ਗਲ ਵਿਚ ਸੰਗਲ ਪਾ ਲਏ, ਹਨ੍ਹੇਰਾ ਹੀ ਹਨ੍ਹੇਰਾ ਆ ਗਿਆ, ਮੈਂ ਗਿਰ ਗਿਆ ਜਿਵੇਂ ਮਰੇ ਕੁੱਤੇ ਨੂੰ ਘਸੀਟਦੇ

ਹਨ ਇਵੇਂ ਮੈਨੂੰ ਉਹ ਘਸੀਟਦੇ ਸੀ, ਉਹ ਸੰਤਾਪ ਮੇਰੇ ਸੂਖਸ਼ਮ ਸਰੀਰ ਤੋਂ ਸਹਿ ਨਾ ਹੋਇਆ, ਮੈਂ ਬੇਨਤੀਆਂ ਕੀਤੀਆਂ, ਮਿੰਨਤਾਂ ਕੀਤੀਆਂ ਕਿ ਮੈਨੂੰ ਬਖ਼ਸ਼ ਦੇਵੋ, ਚਾਨਣਾ ਕਰ ਦੇਵੋ। ਉਹ ਕਹਿਣ ਲੱਗੇ ਜੇ ਚਾਨਣਾ ਕਰਾਉਣਾ ਸੀ ਤਾਂ ਇਬਾਦਤ ਕਰਨੀ ਸੀ। ਮੈਂ ਝੱਟ ਹੀ ਪੁਛਿਆ ਕਿ ਕੀ ਤੂੰ ਇਬਾਦਤ ਨਹੀਂ ਕਰਦਾ ਸੀ? ਕਹਿਣ ਲੱਗਿਆ, "ਗਿੱਲ ਸਾਹਿਬ! ਮੇਰੀਆਂ ਤਾਂ ਅੱਖਾਂ ਬੰਦ ਹੀ ਰਹੀਆਂ, ਮੈਂ ਕੱਟੜ ਮਜ਼ਹਬੀ ਸੀ, ਜੇ ਮੈਂ ਰੋਜ਼ੇ ਰਖਦਾ ਸੀ ਤਾਂ ਉਹ ਦਿਖਾਵੇ ਵਾਸਤੇ ਰਖਦਾ ਸੀ, ਅੱਲਾਹ ਨੂੰ ਪਿਆਰ ਨਹੀਂ ਸੀ ਕਰਦਾ। ਉਸ ਦੀ ਥਾਂ ਤੇ ਮੈਂ ਤੰਤਰਾਂ ਮੰਤਰਾਂ ਰਾਹੀਂ ਕਰਾਮਾਤਾਂ, ਜਾਦੂ ਟੂਣੇ ਕਰਿਆ ਕਰਦਾ ਸੀ। ਮੇਰੇ ਤੋਂ ਸਭ ਲੋਕ ਡਰਦੇ ਸਨ, ਬਹੁਤ ਕਰਾਮਾਤਾਂ ਮੇਰੇ ਕੋਲ ਸਨ।"

ਇਥੇ ਹੀ ਇਕ ਗੱਲ ਮੈਂ ਹੋਰ ਦਸਣੀ ਚਾਹੁੰਦਾ ਹਾਂ ਕਿ ਇਕ ਵਾਰੀ ਉਸ ਨੇ ਕਿਹਾ ਕਿ ਮੈਂ ਤੁਹਾਨੂੰ ਉਹ ਕਾਲੇ ਮੰਤਰ ਦਸਣੇ ਚਾਹੁੰਦਾ ਹਾਂ ਜੋ ਮੈਂ ਕਰਿਆ ਕਰਦਾ ਸੀ, ਇਹ ਇਕ ਵਿਦਿਆ ਹੈ ਇਹ ਅਲੋਪ ਹੋ ਜਾਵੇਗੀ। ਤੁਹਾਡੇ ਤੋਂ ਚੰਗਾ ਮੈਨੂੰ ਕੋਈ ਨਹੀਂ ਮਿਲਿਆ ਇਸ ਕਰਕੇ ਮੈਂ ਤੁਹਾਨੂੰ ਦਸਣੇ ਚਾਹੁੰਦਾ ਹਾਂ। ਤੁਸੀਂ ਕਾਗਜ਼ ਪੈਨਸ਼ਲ ਲਿਆਓ ਮੈਂ ਤੁਹਾਨੂੰ ਲਿਖਾ ਦਿੰਦਾ ਹਾਂ। ਮੈਂ ਕਾਗਜ਼ ਪੈਨਸ਼ਲ ਤਾਂ ਨਾ ਲਿਆਇਆ ਕਿਉਂਕਿ ਉਸ ਦੀਆਂ ਅੱਖਾਂ ਬੰਦ ਸੀ ਤੇ ਉਹ ਬੋਲ ਰਿਹਾ ਸੀ। ਉਸ ਨੇ ਕਿਹਾ ਜੇਠ ਦਾ ਮਹੀਨਾ ਹੋਵੇ, ਰੋਹੀ ਦੀ ਕਾਲੀ ਕਿੱਕਰ ਜਿਥੇ ਕੋਈ ਨਾ ਆਵੇ ਜਾਵੇ ਉਤੇ 15 ਦਿਨ ਟੋਆ ਪੁੱਟ ਕੇ ਟੱਟੀ ਵਗੈਰਾ ਕਰੇ, ਉਸ ਨੂੰ ਢੱਕ ਕੇ 15 ਦਿਨਾਂ ਬਾਅਦ ਲੇਪਨ ਕਰੇ। ਉਸ ਉਪਰ ਇਸ ਮੰਤਰ, ਕਲਾਮ ਦਾ ਜਾਪ ਕਰੇ। ਮੈਂ ਕੰਨ ਬੰਦ ਕਰ ਲਏ ਸਨ ਪਰ ਉਹ ਐਨਾ ਉਚੀ ਬੋਲਦਾ ਸੀ ਕਿ ਕੰਨ ਬੰਦ ਨਾਲ ਵੀ ਸੁਣਦਾ ਸੀ। ਉਸ ਨੇ ਅਚਾਨਕ ਹੀ ਅੱਖਾਂ ਖੋਲ੍ਹੀਆਂ ਤਾਂ ਕਹਿਣ ਲੱਗਿਆ ਕਿ ਮੈਂ ਤੁਹਾਨੂੰ ਕੀ ਦਸਾਂ ਮੈਂ ਤਾਂ ਤੁਹਾਨੂੰ ਲਿਖਾਉਣਾ ਸੀ ਪਰ ਤੁਸੀਂ ਤਾਂ ਕੰਨ ਬੰਦ ਕਰਕੇ ਬੈਠੇ ਹੋ। ਮੈਂ ਕਿਹਾ, "ਸੁਲੇਮਾਨ! ਤੂੰ ਇਨ੍ਹਾਂ ਜੰਤਰਾਂ ਮੰਤਰਾਂ ਕਰਕੇ ਹੀ ਅੱਜ ਐਨਾ ਦੁਖ ਪਾ ਰਿਹਾ ਹੈਂ। ਇਹ ਦਸ ਤੇਰੀਆਂ ਸ਼ਕਤੀਆਂ ਕਿਸੇ ਕੰਮ ਆਈਆਂ? ਤੂੰ ਮੈਨੂੰ ਦੱਸ ਕੀ ਤੂੰ ਮੈਨੂੰ ਵੀ ਪ੍ਰੇਤ ਬਣਾਉਣਾ ਚਾਹੁੰਦਾ ਹੈਂ?" ਇਹ ਗੱਲ ਸੁਣ ਕੇ ਉਹ ਚੁੱਪ ਕਰ ਗਿਆ। ਕਹਿਣ ਲੱਗਿਆ, "ਗਿੱਲ ਸਾਹਿਬ! ਤੁਹਾਨੂੰ ਰੂਹਾਨੀ ਸੂਝ ਬਹੁਤ ਹੈ, ਮੈਂ ਤਾਂ ਭੁੱਲਿਆ ਹੀ ਰਿਹਾ।"

ਮੈਨੂੰ ਉਹ ਦਸ ਰਿਹਾ ਸੀ ਕਿ ਹਨ੍ਹੇਰਾ ਗੁਬਾਰ ਆ ਗਿਆ। ਮੈਂ ਵੀ ਸੋਚਿਆ ਕਿ ਮਹਾਰਾਜ ਜੀ ਕਹਿੰਦੇ ਹਨ –

***ਜਿਹ ਪੈਡੇ ਮਹਾ ਅੰਧ ਗੁਬਾਰਾ॥***
***ਪੰਨਾ – 264***

ਉਸ ਦੀ ਗੱਲ ਕਰ ਰਿਹਾ ਹੈ। ਬਹੁਤ ਮੁਸ਼ਕਲ ਨਾਲ ਇਹ ਰਸਤਾ ਮੁਕਿਆ, ਫੇਰ ਇਕ ਐਸੇ ਜੰਗਲ ਵਿਚ ਪਹੁੰਚ ਗਿਆ ਜਿਸ ਦੇ ਪੱਤੇ ਤਲਵਾਰਾਂ ਜਿੱਡੇ ਤਿੱਖੇ ਸਨ, ਬਹੁਤ ਪੱਤੇ ਝੜ ਰਹੇ ਸਨ, ਉਹ ਤਲਵਾਰਾਂ ਦੀਆਂ ਨੋਕਾਂ ਵਾਂਗੂੰ ਮੇਰੇ ਸਿਰ ਵਿਚ ਧੱਸ ਜਾਂਦੇ ਸਨ, ਮੈਂ ਚੀਕਾਂ ਮਾਰਦਾ ਸੀ, ਫੇਰ ਅੱਗੇ ਅਜਿਹੀ ਗਰਮ ਧਰਤੀ ਆਈ ਜੋ ਕਦੇ ਸੁਣੀ ਵੇਖੀ ਨਹੀਂ। ਕਿਉਂਕਿ ਮੇਰਾ ਸੂਖਸ਼ਮ ਸਰੀਰ ਸੀ, ਨਾ ਇਹ ਮਰਦਾ ਸੀ ਪਰ ਦੁਖ ਮਹਿਸੂਸ ਕਰਦਾ ਸੀ। ਇਥੇ ਮੈਂ ਬਹੁਤ ਦੁਹਾਈ ਮਚਾਈ ਪਰ ਕਿਸੇ ਨੇ ਮੇਰੀ ਨਾ ਸੁਣੀ ਕਿਉਂਕਿ ਮੈਂ ਜਿਉਂਦੇ ਜਿਉਂਦੇ ਇਸ ਰਸਤੇ ਨੂੰ ਲੰਘਣ ਦੀ ਤਿਆਰੀ ਨਹੀਂ ਸੀ ਕੀਤੀ। ਗੁਰੂ ਮਹਾਰਾਜ ਜੀ ਵੀ ਦਸਦੇ ਹਨ –

***ਜਹ ਮਹਾ ਭਇਆਨ ਤਪਤਿ ਬਹੁ ਘਾਮ॥***
***ਤਹ ਹਰਿ ਕੇ ਨਾਮ ਕੀ***
***ਤੁਮ ਊਪਰਿ ਛਾਮ॥ ਪੰਨਾ – 264***

ਉਸ ਤੋਂ ਅੱਗੇ ਮੈਨੂੰ ਬਹੁਤ ਹੀ ਭੁੱਖ ਪਿਆਸ ਲੱਗੀ ਪਰ ਕੁਝ ਵੀ ਖਾਣ ਨੂੰ ਨਾ ਮਿਲਿਆ। ਗਿੱਲ ਸਾਹਿਬ! ਮੈਂ ਕੀ ਦਸਾਂ, ਮੇਰੇ ਤੋਂ ਨਾ ਪੁਛੋ ਤਾਂ ਚੰਗਾ ਹੀ ਹੈ ਕਿਉਂਕਿ ਮੈਂ ਬਹੁਤ ਬਹੁਤ ਦਿਨ ਤਕ ਇਹ ਭੋਗਿਆ ਹੋਇਆ ਸੰਕਟ ਯਾਦ ਕਰਕੇ ਰੋਂਦਾ ਹੀ ਰਹਿੰਦਾ ਹਾਂ। ਵੈਸੇ ਤਾਂ ਸਾਡੇ ਪ੍ਰੇਤ ਜਨਮ ਵੀ ਅੱਗ ਵਰਗਾ ਹੀ ਹੈ। ਜਿਸ ਵਿਚ ਅਸੀਂ ਹਮੇਸ਼ਾ ਜਲਦੇ ਰਹਿੰਦੇ ਹਾਂ। ਭੁੱਖ ਸਾਨੂੰ ਲਗਦੀ ਹੈ ਤਾਂ ਐਨੀ ਲਗਦੀ ਹੈ ਕਿ ਰਜਦੇ ਨਹੀਂ ਹਾਂ। ਮੂੰਹ ਸਾਡਾ ਐਨਾ ਛੋਟਾ ਹੈ ਕਿ ਜੇ 24 ਘੰਟੇ ਖਾਈਏ ਤਾਂ ਵੀ ਪੇਟ ਨਹੀਂ ਭਰਦਾ। ਮੈਂ ਉਸ ਨੂੰ ਪੁਛਿਆ ਕਿ ਤੁਸੀਂ ਕੀ ਖਾਂਦੇ ਹੋ? ਤਾਂ ਕਹਿਣ ਲੱਗਿਆ, "ਤੁਸੀਂ ਅਜਿਹਾ ਭੇਤ ਨਾ ਪੁਛੋ ਤਾਂ ਚੰਗਾ ਹੀ ਹੈ ਤੁਸੀਂ ਮੇਰੇ ਤੋਂ ਬਹੁਤ ਨਫਰਤ ਕਰਨ ਲਗੋਂਗੇ।"

ਮੇਰੇ ਬਾਰ-ਬਾਰ ਜ਼ੋਰ ਦੇਣ ਤੇ ਉਸ ਨੇ ਕਿਹਾ ਕਿ ਅਸੀਂ ਕੋਲੇ ਵਿਚੋਂ ਨਿਕਲੀ ਗੈਸ ਖਾਂਦੇ ਹਾਂ। ਮੈਂ ਤਾਂ ਫੇਰ ਵੀ ਚੰਗਾ ਹਾਂ ਕਈ ਤੁਹਾਡੇ ਵਿਸ਼ਟੇ ਦੀ ਗੈਸ ਨਾਲ ਆਪਣਾ ਪੇਟ ਭਰਨਾ ਚਾਹੁੰਦੇ ਹਨ। ਜਦੋਂ ਮੈਂ ਅਜ਼ਰਾਈਲ ਫਰੇਸ਼ਤਾ ਦੇ ਪਹੁੰਚਿਆ ਤਾਂ ਉਸ ਨੇ ਇਕ ਦਮ ਕਿਹਾ ਕਿ ਆਦਮ ਜਾਤ ਵਿਚ ਤੈਨੂੰ ਸਮਾਂ ਮਿਲਿਆ ਸੀ ਪਰ ਤੂੰ ਉਹ ਸਮਾਂ ਬਰਬਾਦ ਕਰਕੇ ਆਇਆ ਹੈਂ। ਜਾਹ ਸਭ ਤੋਂ ਪਹਿਲਾਂ ਤੈਨੂੰ ਬਦ ਰੂਹ ਬਣਾਉਂਦੇ ਹਾਂ। ਉਸ ਦਿਨ ਤੋਂ ਮੈਂ ਆਪਣੀ ਕਬਰ ਉਪਰ ਹੀ ਰਹਿ ਰਿਹਾ ਸੀ ਕਿ ਅਚਾਨਕ ਮਨਮੋਹਨ ਸਿੰਘ ਉਥੋਂ ਦੀ ਟਰੱਕ ਲੈ ਕੇ ਜਾ ਰਿਹਾ ਸੀ ਕਿ ਉਸ ਨੇ ਪਿਸ਼ਾਬ ਕਰ ਦਿਤਾ। ਮੇਰੇ ਨਾਲ ਅੱਠ ਹੋਰ ਪ੍ਰੇਤ ਬੈਠੇ ਸਨ। ਉਨ੍ਹਾਂ ਨੇ ਤਾਂ ਕੁਝ ਨਾ ਕਿਹਾ ਪਰ ਮੈਂ ਪਹਿਚਾਣ ਲਿਆ ਕਿ ਇਹ ਤਾਂ ਓਹੀ ਬੈਰਾਗੀ ਸਾਧ ਹੈ ਜੋ ਮੇਰੀ ਲੜਕੀ ਨੂੰ ਜ਼ਬਰਦਸਤੀ ਚੁਕ ਲਿਆਇਆ ਸੀ। ਇਸ ਤੋਂ ਬਦਲਾ ਲੈਣ ਦਾ ਸਮਾਂ ਆ ਗਿਆ ਅਤੇ ਮੈਂ ਇਸ ਨੂੰ ਫੜ ਲਿਆ, ਬਹੁਤ ਦੁਖੀ ਕੀਤਾ। (ਇਸ ਤੋਂ ਅੱਗੇ ਅਸਾਡੇ ਲੇਖ ਨਾਲ ਕੋਈ ਸਬੰਧ ਨਾ ਹੋਣ ਕਰਕੇ ਮੈਂ ਹੋਰ ਗੱਲਾਂ ਨਹੀਂ ਲਿਖਦਾ।)

ਪਰਲੋਕ ਦਾ ਰਸਤਾ ਮੈਂ ਸੁਣ ਤਾਂ ਲਿਆ ਅਤੇ

ਸੋਚਦਾ ਰਿਹਾ ਕਿ ਇਹ ਰਸਤਾ ਕਿੰਨਾ ਭਿਆਨਕ ਹੈ ਜਿਸ ਵਿਚੋਂ ਪਾਪ ਕਰਨ ਵਾਲਿਆਂ ਨੂੰ ਲੰਘਣਾ ਪੈਂਦਾ ਹੈ। ਇਸੇ ਤਰ੍ਹਾਂ ਨਾਲ ਇਸ ਰਸਤੇ ਬਾਰੇ ਖੋਲ੍ਹ ਕੇ ਜੇ ਕੁਝ ਵਾਕਫੀਅਤ ਹਾਸਲ ਕਰਨੀ ਹੋਵੇ ਤਾਂ ਜਮ ਮਾਰਗ ਨੂੰ ਚੰਗੀ ਤਰ੍ਹਾਂ ਜਾਨਣ ਲਈ ਗਰੜ ਪੁਰਾਣ ਤੋਂ ਵਾਕਫੀ ਹਾਸਲ ਕੀਤੀ ਜਾ ਸਕਦੀ ਹੈ।

ਰਸਤੇ ਵਿਚ 16 ਪੁਰੀਆਂ ਆਉਂਦੀਆਂ ਹਨ ਅਤੇ ਕਈ 21 ਪੁਰੀਆਂ ਦਾ ਜ਼ਿਕਰ ਕਰਦੇ ਹਨ। ਜਿਨ੍ਹਾਂ ਦੇ ਨਾਮ – 1. ਸੋਮ ਪੁਰ, 2. ਸੌਰੀ ਪੁਰ 3. ਨਗੇਂਦਰ ਭਵਨ, 4. ਗੰਧਰਬ, 5. ਦੌਲਾਗਮ, 6. ਕ੍ਰੌਂਚ, 7. ਕ੍ਰੂਰ ਪੁਰ 8. ਵਿਚਿਤਰ ਭਵਨ 9. ਵਹਵਾ ਪਦ, 10. ਦੁੱਖਦ 11. ਨਾਨਾ ਕ੍ਰੰਦ ਪੁਰ 12. ਸੁਤਪਤ ਭਵਨ, 13. ਰੌਦ੍ਰ ਪੁਰ, 14. ਯਯੋ ਵਰਖਨ, 15. ਸੀਤਾਡਯ, 16. ਬਹੁਭੀਤ ਅਤੇ ਸਤਾਰ੍ਹਵੀਂ ਜਮਪੁਰੀ ਹੋਇਆ ਕਰਦੀ ਹੈ ਜਿਥੇ ਜਾ ਕੇ ਜਮਦੂਤ ਪਾਪੀ ਜੀਵ ਦੀਆਂ ਬੇੜੀਆਂ ਤੇ ਹਥਕੜੀਆਂ ਲਾਹ ਕੇ ਅਗਲੇ ਦੁਖ ਭੋਗਣ ਲਈ ਛੱਡ ਦਿੰਦੇ ਹਨ। ਇਸ ਰਸਤੇ ਵਿਚ ਇਕ ਨਦੀ ਆਉਂਦੀ ਹੈ ਜਿਸ ਨੂੰ ਵੈਤਰਨੀ ਨਦੀ ਆਖਦੇ ਹਨ ਜਿਸ ਦਾ ਪੁਲ ਵਾਲ ਤੋਂ ਵੀ ਪਤਲਾ ਅਤੇ ਖੰਡੇ ਤੋਂ ਵੀ ਤਿੱਖਾ ਹੈ। ਇਥੋਂ ਦੀ ਜਦੋਂ ਜੀਵ ਲੰਘਦਾ ਹੈ, ਕੱਟ-ਕੱਟ ਕੇ ਵੈਤਰਨੀ ਨਦੀ ਵਿਚ ਗਿਰਦਾ ਹੈ। ਬਹੁਤ ਪੁਕਾਰਾਂ ਕਰਦਾ ਹੈ, ਖੂਨ ਦੀ ਨਦੀ ਹੈ, ਬਹੁਤ ਸਜ਼ਾ ਭੁਗਤਣ ਤੋਂ ਬਾਅਦ ਪਾਰ ਲੰਘਦਾ ਹੈ, ਉਥੇ ਸੂਖਸ਼ਮ ਮਲਾਹ ਇਨ੍ਹਾਂ ਜੀਵਾਂ ਨੂੰ ਆਖਦੇ ਹਨ ਕਿ ਅਸੀਂ ਬੇੜੀ ਲੈ ਆਉਂਦੇ ਹਾਂ ਪਰ ਉਸ ਦੇ ਬਦਲੇ ਪੁੰਨ ਦੇਣੇ ਪੈਣਗੇ। ਇਹ ਨਦੀ ਕੀਤੇ ਹੋਏ ਪੁੰਨ ਦਾਨ ਨਾਲ ਹੀ ਜੀਵ ਪਾਰ ਕਰ ਸਕਿਆ ਕਰਦਾ ਹੈ। ਪਾਪੀ ਲੋਕ ਜਦੋਂ ਇਸ ਦੇ ਕੰਢੇ ਪਹੁੰਚਦੇ ਹਨ, ਰੋਂਦੇ ਹਨ ਤਾਂ ਨਦੀ ਗਰਜਣ ਲਗ ਜਾਂਦੀ ਹੈ। ਮਹਾਰਾਜ ਜੀ ਬਾਣੀ ਵਿਚ ਫੁਰਮਾਨ ਕਰਦੇ ਹਨ –

***ਪੁਰਸ ਲਾਤ ਕਾ ਪੰਥ ਦੁਹੇਲਾ॥***
***ਸੰਗਿ ਨ ਸਾਥੀ ਗਵਨੁ ਇਕੇਲਾ॥***
***ਪੰਨਾ – 793***

ਅੱਗੇ ਜੋ ਨਰਕਾਂ ਦੇ ਦੁਖ ਹਨ ਉਹ ਸਹਿਣੇ ਬਹੁਤ ਔਖੇ ਹਨ, ਆਮ ਤੌਰ ਉਪਰ 21 ਨਰਕ ਗਿਣੇ ਜਾਂਦੇ ਹਨ, ਸਭ ਤੋਂ ਦੁਖਦਾਇਕ ਨਰਕ ਕੁੰਭੀ ਨਰਕ ਹੋਇਆ ਕਰਦਾ ਹੈ। ਪਿਛਲੇ ਸ਼ਾਸ਼ਤਰਾਂ ਵਿਚ ਨਰਕਾਂ ਦੇ ਵੀ ਨਾਮ ਦੱਸੇ ਗਏ ਹਨ।

1. ਤਾਮਿਸਰ, 2. ਲੋਹ ਸ਼ੰਕੂ, 3. ਮਹਾ ਰੌਰਵ, 4. ਸ਼ਾਲਮਲੀ, 5. ਰੌਰਵ, 6. ਕੁਡਮਲ, 7. ਕਾਲ ਸੂਤਰਕ, 8. ਪੂਤੀ ਮ੍ਰਿੰਤਕ, 9. ਸੰਘਾਤ, 10. ਲੋਹਿਤੋਦ, 11. ਸਵਿਖ, 12, ਸੰਪ੍ਰਤਾਪਨ, 13. ਮਗਨਿਰਯ, 14. ਕਾਕੋਲ, 15. ਸੰਜੀਵਨ, 16. ਮਹਾ ਪਥ, 17. ਅਬੀਚਿ, 18. ਅੰਧ ਤਾਮਿਸਰ, 19. ਕੁੰਭੀ ਪਾਕ, 20. ਸੰਪ੍ਰਤਾਪਨ ਨਾਮ 21. ਤਪਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੀਵ ਐਨਾ ਦੁਖ ਪਾਉਂਦਾ ਹੈ ਜੋ ਕਹਿਣ ਸੁਣਨ ਤੋਂ ਬਾਹਰ ਹੈ।

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥***
***ਨਾਨਕ ਜਿਉ ਮਥਨਿ ਮਾਧਾਣੀਆ***
***ਤਿਉ ਮਥੇ ਧ੍ਰਮ ਰਾਇ॥ਪੰਨਾ – 1425***

ਪਹਿਲੇ ਸਮਿਆਂ ਵਿਚ ਲੋਕਾਂ ਦੇ ਸੁਭਾਅ ਬਹੁਤ ਠੰਢੇ ਸਨ ਉਹ ਡੇਰਿਆਂ ਵਿਚ ਬੈਠ ਕੇ ਅਜਿਹੀਆਂ ਕਥਾਵਾਂ ਸੁਣਿਆ ਕਰਦੇ ਸਨ ਜਿਨ੍ਹਾਂ ਦਾ ਅਸਰ ਸੋਸਾਇਟੀ ਉਤੇ ਬਹੁਤ ਅਸਰ ਹੋਇਆ ਕਰਦਾ ਹੈ। ਲੋਕ ਕਿਰਤ ਕਰਦੇ ਸਨ, ਅਮਨ ਨਾਲ ਰਹਿੰਦੇ ਸਨ। ਪਾਪ ਬਹੁਤ ਘੱਟ ਹੋਇਆ ਕਰਦੇ ਸਨ ਪਰ ਹੁਣ ਤਾਂ ਪੜ੍ਹੇ ਲਿਖੇ ਨਾਸਤਕ ਵੱਡੀਆਂ-ਵੱਡੀਆਂ ਡਿਗਰੀਆਂ ਲੈ ਕੇ ਕਹਿ ਦਿੰਦੇ ਹਨ ਨਾ ਕੋਈ ਨਰਕ ਹੈ, ਨਾ ਸਵਰਗ ਹੈ ਇਹ ਸਭ ਗੱਲਾਂ ਡਰਾਉਣ ਵਾਸਤੇ ਹਨ। ਪਿਛੇ ਦਸਿਆ ਜਾ ਚੁਕਿਆ ਹੈ ਕਿ –

***ਨਾਨਕ ਜੀਅ ਉਪਾਇ ਕੈ***
***ਲਿਖਿ ਨਾਵੈ ਧਰਮੁ ਬਹਾਲਿਆ॥***
***ਓਥੈ ਸਚੇ ਹੀ ਸਚਿ ਨਿਬੜੈ***
***ਚੁਣਿ ਵਖਿ ਕਢੇ ਜਜਮਾਲਿਆ॥***
***ਥਾਉ ਨ ਪਾਇਨਿ ਕੂੜਿਆਰ***
***ਮੁਹ ਕਾਲੈ ਦੋਜਕਿ ਚਾਲਿਆ॥***
***ਤੇਰੈ ਨਾਇ ਰਤੇ ਸੇ ਜਿਣਿ ਗਏ***
***ਹਾਰਿ ਗਏ ਸਿ ਠਗਣ ਵਾਲਿਆ॥***
***ਲਿਖਿ ਨਾਵੈ ਧਰਮੁ ਬਹਾਲਿਆ॥***
***ਪੰਨਾ – 463***

***ਧਰਮਰਾਇ ਨੋ ਹੁਕਮੁ ਹੈ***
***ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ***
***ਓਹੁ ਤੇਰੀ ਸਰਕਾਰ॥ ਪੰਨਾ – 38***

ਧਰਮਰਾਜ ਨੂੰ ਇਹ ਵੀ ਹੁਕਮ ਹੈ ਕਿ ਜੇ ਬੰਦਗੀ ਕਰਨ ਵਾਲਾ ਆ ਜਾਵੇ ਤਾਂ ਉਨ੍ਹਾਂ ਦੀ ਸੇਵਾ ਕਰੇ –

***ਅਧਿਆਤਮੀ ਹਰਿ ਗੁਣ ਤਾਸੁ***
***ਮਨਿ ਜਪਹਿ ਏਕੁ ਮੁਰਾਰਿ॥***
***ਤਿਨ ਕੀ ਸੇਵਾ ਧਰਮ ਰਾਇ ਕਰੈ***
***ਧੰਨੁ ਸਵਾਰਣਹਾਰੁ॥ ਪੰਨਾ – 38***

ਸੋ ਇਸ ਤਰ੍ਹਾਂ ਦੇ ਨਾਲ ਜੀਵ ਨੂੰ ਬਹੁਤ ਭਿਆਨਕ ਦੁੱਖ ਸਹਿਣੇ ਪੈਂਦੇ ਹਨ ਪਰ ਕੁਝ ਕਥਾਵਾਂ ਐਸੀਆਂ ਆਉਂਦੀਆਂ ਹਨ ਕਿ ਜਿਹੜਾ ਪੁਰਸ਼ ਆਪਣੇ ਜੀਵਨ ਵਿਚ ਮਹਾਂਪੁਰਸ਼ਾਂ ਦਾ ਸਤਿਕਾਰ ਕਰਦਾ ਹੈ ਅਤੇ ਉਨ੍ਹਾਂ ਨੂੰ ਜੀਉ ਜੀਉ ਕਹਿ ਕੇ ਬੜੇ ਸਤਿਕਾਰ ਨਾਲ ਬੁਲਾਉਂਦਾ ਹੈ ਉਨ੍ਹਾਂ ਨੂੰ ਜਮਦੂਤ ਮਾਰ ਨਹੀਂ ਸਕਿਆ ਕਰਦੇ।

ਇਕ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਦਾ ਨਾਮ 'ਜਲ੍ਹਣ' ਜੀ ਸੀ। ਆਪ ਗੁਰੂ ਛੇਵੇਂ ਪਾਤਸ਼ਾਹ ਦੇ ਸਮੇਂ ਲਾਹੌਰ ਵਿਚ ਰਹਿੰਦੇ ਸਨ। ਜੱਟ ਜਾਤੀ ਨਾਲ ਸਬੰਧ

ਰਖਦੇ ਸਨ ਪਰ ਕਰਨੀ ਕਮਾਈ ਵਿਚ ਪੂਰੇ ਸਨ। ਗੁਰੂ ਛੇਵੇਂ ਪਾਤਸ਼ਾਹ ਵੇਲੇ ਆਪ ਉਨ੍ਹਾਂ ਦੇ ਦਰਸ਼ਨ ਕਰਨ ਆਏ ਤਾਂ ਆਪ ਨੂੰ ਮਹਾਰਾਜ ਜੀ ਨੇ ਪੁਛਿਆ, ਭਗਤ ਜੀ! ਤੁਸੀਂ ਤਾਂ ਅਰਾਮ ਨਾਲ ਰਹਿੰਦੇ ਹੋ, ਸਾਡੇ ਪਿਛੇ ਮੁਗਲ ਪਏ ਰਹਿੰਦੇ ਹਨ। ਕਾਰਨ ਕੀ ਹੈ?' ਤਾਂ ਜੱਟ ਭਗਤ ਨੇ ਜਟਕੀ ਬੋਲੀ ਵਿਚ ਹੀ ਉਤਰ ਦਿਤਾ ਕਿ ਮਹਾਰਾਜ ਜੀ! ਤੁਸੀਂ ਮਾਇਆ ਰੂਪੀ ਕੁੱਤੀ ਮੰਜੇ ਦੇ ਪਾਵੇ ਨਾਲ ਬੰਨ੍ਹੀ ਹੋਈ ਹੈ, ਕੁੱਤੇ ਉਸ ਕਰਕੇ ਆਉਂਦੇ ਹਨ। ਕੁੱਤੀ ਨੂੰ ਛੱਡ ਦੇਵੋ ਆਪੇ ਹਟ ਜਾਣਗੇ। ਆਪ ਨੇ ਕਿਹਾ 'ਜਲ੍ਹਣ' ਜੀ ਅਸੀਂ ਤਾਂ ਹੁਣ ਕੁੱਤਿਆ ਦੇ ਸਿਰ ਭੰਨਾਂਗੇ, ਮਾਇਆ ਰੂਪ ਕੁੱਤੀ ਤੋਂ ਪਰਉਪਕਾਰ ਦੇ ਕੰਮ ਲਵਾਂਗੇ।

ਭਗਤ ਜਲ੍ਹਣ ਜੀ ਦੀ ਮਾਨਤਾ ਬਹੁਤ ਵਧ ਗਈ ਅਤੇ ਇਹ ਇਸ ਮਾਨਤਾ ਤੋਂ ਤੰਗ ਆ ਕੇ ਲਾਹੌਰ ਤੋਂ ਕਾਫੀ ਦੂਰ ਉਸ ਥਾਂ ਚਲੇ ਗਏ ਜਿਥੇ ਇਨ੍ਹਾਂ ਨੂੰ ਕੋਈ ਜਾਣਦਾ ਨਹੀਂ ਸੀ। ਉਥੇ ਜਾ ਕੇ ਆਪ ਨੇ ਇਹ ਮਰਿਆਦਾ ਧਾਰਨ ਕੀਤੀ ਕਿ ਮਜ਼ਦੂਰੀ ਦਾ ਕੰਮ ਕਰਨਾ ਸ਼ੁਰੂ ਕਰ ਦਿਤਾ। ਇਕ ਸੇਠ ਦਾ ਕੰਮ ਜੋ ਕਈ ਮਹੀਨੇ ਚਲਣਾ ਸੀ ਉਥੇ ਆਪ ਨੇ ਨੌਕਰੀ ਕਰ ਲਈ। ਹਫਤੇ ਬਾਅਦ ਉਥੇ ਮਜ਼ਦੂਰੀ ਦਾ ਹਿਸਾਬ ਹੋਇਆ ਕਰਦਾ ਸੀ। ਪਰ ਉਥੇ ਦਾ ਜੋ ਮੁਨਸ਼ੀ ਸੀ ਉਹ ਪੈਸੇ ਟਕੇ ਦੇ ਹਿਸਾਬ ਵਿਚ ਬਹੁਤ ਚਲਾਕ ਸੀ। ਮਜ਼ਦੂਰਾਂ ਦੀ ਮਜ਼ਦੂਰੀ ਦੀ ਰਕਮ ਪੂਰੀ ਨਹੀਂ ਸੀ ਉਨ੍ਹਾਂ ਨੂੰ ਦਿੰਦਾ। ਮਜ਼ਦੂਰ ਬਹੁਤ ਦੁਖੀ ਹੁੰਦੇ ਸੀ। ਇਹ ਇਕ ਤਰ੍ਹਾਂ ਨਾਲ ਮਜ਼ਦੂਰਾਂ ਦਾ ਖ਼ੂਨ ਪੀਂਦਾ ਸੀ। ਮੁਨਸ਼ੀ ਨੂੰ ਕੋਈ ਨਹੀਂ ਪਤਾ ਸੀ ਕਿ ਦਰਗਾਹ ਦਾ ਲੇਖਾ ਪੱਤਾ ਵੀ ਹੁੰਦਾ ਹੈ, ਉਹ ਮਾਇਆ ਦਾ ਮੋਤੀਆਬਿੰਦ ਪਿਆ ਹੋਣ ਕਰਕੇ ਅੰਨ੍ਹਾ ਸੀ। ਉਸ ਦੇ ਮਨ ਵਿਚ ਸੀ ਕਿ ਇਹ ਸਾਧੂ ਸੰਤਾਂ ਨੇ ਢਕੌਂਸਲਾ ਬਣਾਇਆ ਹੋਇਆ ਹੈ ਰੱਬ ਹੋਵੇ ਤਾਂ ਦਿਸੇ ਨਾ? ਨਾ ਕਦੇ ਉਸ ਨੇ ਕਿਸੇ ਸਾਧੂ ਸੰਤ ਕੋਲ ਜਾਣਾ ਤਾਂ ਹੀ ਅਜਿਹੇ ਘਟੀਆ ਖਿਆਲ ਬਣਦੇ ਹਨ। ਜਦੋਂ ਆਪ ਉਸ ਕੋਲ ਗਏ ਤਾਂ ਆਪ ਨੇ ਕਿਹਾ ਕਿ ਮੇਰਾ ਨਾਮ 'ਜਲਣ ਜੀ' ਹੈ। ਉਨ੍ਹਾਂ ਨੇ 'ਜੀ' ਅੱਖਰ ਵਾਧੂ ਲਿਖਾ ਦਿਤਾ। ਜਦੋਂ ਉਹ ਮੁਨਸ਼ੀ ਹਾਜ਼ਰੀ ਲਗਾਇਆ ਕਰੇ ਤਾਂ ਜਲ੍ਹਣ 'ਜੀ' ਕਰਕੇ ਬੁਲਾਇਆ ਕਰਦੇ। ਜਦੋਂ ਮਜ਼ਦੂਰੀ ਵੰਡਿਆ ਕਰਦਾ ਸੀ ਤਾਂ ਭਗਤ ਜੀ ਨੇ ਪ੍ਰਭੂ ਦੀ ਯਾਦ ਵਿਚ ਇਕ ਪਾਸੇ ਬੈਠ ਜਾਣਾ ਅਤੇ ਜਦੋਂ ਉਸ ਨੇ ਸਾਰਿਆਂ ਨੂੰ ਪੈਸੇ ਦੇ ਚੁਕਣੇ ਤਾਂ ਕਹਿਣਾ ਕਿ ਜਲ੍ਹਣ ਜੀ ਆਓ, ਭਗਤ ਜੀ ਆਪਣੀ ਮਜ਼ਦੂਰੀ ਲੈ ਲਓ। ਆਪ ਨੇ ਕਦੇ ਨਾ ਪੁਛਣਾ, ਨਾ ਦੇਖਣਾ ਕਿ ਕਿੰਨੇ ਪੈਸੇ ਦਿਤੇ ਹਨ। ਆਪ ਨੇ ਉਨ੍ਹਾਂ ਪੈਸਿਆਂ ਦਾ ਸੀਧਾ ਲਿਆ ਕੇ ਛਕ ਲੈਣਾ। ਇਸ ਤਰ੍ਹਾਂ ਕਰਦੇ ਦੋ ਮਹੀਨੇ ਲੰਘ ਗਏ। ਇਕ ਦਿਨ ਜਲ੍ਹਣ ਜੀ ਆਪਣੀ ਸੁਰਤ ਵਿਚ ਲੀਨ ਹੋਏ, ਧਰਮਖੰਡ ਦੇ ਮੰਡਲ ਵਿਚ ਪਹੁੰਚਦੇ ਹਨ ਤਾਂ ਇਸ ਸੂਖਸ਼ਮ ਮੰਡਲ ਵਿਚ ਹੀ ਕੂਕਾਂ ਮਾਰਦੀ ਰੂਹ ਲੰਘ ਰਹੀ ਸੀ ਅਤੇ ਵਾਸਤੇ ਪਾ ਰਹੀ ਸੀ ਕਿ ਮੈਨੂੰ ਨਾ ਮਾਰੋ, ਮੈਨੂੰ ਬਖਸ਼ ਦਿਓ। ਕਿਉਂਕਿ ਬਹੁਤ ਸਾਰੇ ਪ੍ਰੇਮੀ ਇਨ੍ਹਾਂ ਖਿਆਲਾਂ ਦੇ ਹਨ ਕਿ ਅੱਗੇ ਕੁਝ ਨਹੀਂ ਹੈ ਉਨ੍ਹਾਂ ਦਾ ਵਿਸ਼ਵਾਸ਼ ਤਾਂ ਇਹ ਹੈ ਕਿ 'ਆਹ ਜਗ ਮਿੱਠਾ ਅਗਲਾ ਕਿਨ ਡਿੱਠਾ' ਪਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ ਅਸੀਂ ਫੇਰ ਦਸਦੇ ਹਾਂ ਜਿਵੇਂ ਪਹਿਲਾਂ ਭੀ ਦਸਿਆ ਸੀ ਕਿ -

*ਨਾਨਕੁ ਆਖੈ ਰੇ ਮਨਾ*
*ਸੁਣੀਐ ਸਿਖ ਸਹੀ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥*
*ਤਲਬਾ ਪਉਸਨਿ ਆਕੀਆ*
*ਬਾਕੀ ਜਿਨਾ ਰਹੀ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ॥*
*ਆਵਣੁ ਜਾਣੁ ਨ ਸੁਝਈ*
*ਭੀੜੀ ਗਲੀ ਫਹੀ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥*

*ਪੰਨਾ - 953*

ਉਸ ਵੇਲੇ ਪੈਰ ਧਰਨ ਨੂੰ ਵੀ ਥਾਂ ਨਹੀਂ ਮਿਲਦਾ। ਫੇਰ ਇਹ ਜੀਵ ਰੋਂਦਾ ਹੈ, ਕੁਰਲਾਉਂਦਾ ਹੈ ਫੇਰ ਤਾਂ ਕੁਝ ਵੀ ਨਹੀਂ ਬਣ ਸਕਿਆ ਕਰਦਾ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ॥*
*ਆਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥*

*ਪੰਨਾ - 464*

ਜਲ੍ਹਣ ਜੀ ਨੇ ਨੇੜੇ ਹੋ ਕੇ ਦੇਖਿਆ ਕਿ ਇਹ ਤਾਂ ਸਾਡਾ ਮੁਨਸ਼ੀ ਹੈ। ਇਹ ਸਾਨੂੰ 'ਜੀ' ਕਹਿ ਕੇ ਬੁਲਾਇਆ ਕਰਦਾ ਸੀ ਉਸ ਵੇਲੇ ਉਨ੍ਹਾਂ ਨੇ ਮਨ ਵਿਚ ਸੋਚਿਆ ਕਿ ਗੁਰੂ ਨਾਨਕ ਪਾਤਸ਼ਾਹ ਦਾ ਤਾਂ ਹੁਕਮ ਹੈ ਕਿ ਜੇ ਕੋਈ ਪ੍ਰਮੇਸ਼ਰ ਦੇ ਪਿਆਰਿਆਂ ਨੂੰ ਜੀ ਕਹਿ ਕੇ ਬੁਲਾਉਂਦੇ ਹੋਵੇ ਤਾਂ ਉਸ ਨੂੰ ਜਮਦੂਤਾਂ ਦੀ ਤਲਬ ਨਹੀਂ ਹੁੰਦੀ, ਜਮਦੂਤ ਉਸ ਦੇ ਨੇੜੇ ਨਹੀਂ ਜਾ ਸਕਦਾ। ਮਨ ਵਿਚ ਕਹਿਣ ਲੱਗੇ ਕਿ ਭਾਵੇਂ ਮੈਂ ਸੰਤ ਤਾਂ ਨਹੀਂ ਹਾਂ ਪਰ ਸਾਰੇ ਪ੍ਰੇਮੀ ਮੈਨੂੰ ਸੰਤ ਕਹਿੰਦੇ ਹਨ ਜਿਸ ਬਾਰੇ ਗੁਰੂ ਦਾ ਹੁਕਮ ਹੈ -

*ਤੁਧੁ ਸਾਲਾਹਨਿ ਤਿਨ ਧਨੁ ਪਲੈ*
*ਨਾਨਕ ਕਾ ਧਨੁ ਸੋਈ॥*
*ਜੇ ਕੋ ਜੀਉ ਕਹੈ ਓਨਾ ਕਉ*
*ਜਮ ਕੀ ਤਲਬ ਨ ਹੋਈ॥*

*ਪੰਨਾ - 1328*

ਉਹ ਨੇੜੇ ਆਏ ਭਗਤ ਜੀ ਨੇ ਆ ਕੇ

ਪਹਿਚਾਣ ਲਿਆ ਕਿ ਇਹ ਤਾਂ ਸਾਡਾ ਮੁਨਸ਼ੀ ਹੈ। ਉਨ੍ਹਾਂ ਨੇ ਜਮਦੂਤਾਂ ਨੂੰ ਕਿਹਾ ਕਿ ਤੁਸੀਂ ਇਸ ਨੂੰ ਕਿਉਂ ਮਾਰ ਰਹੇ ਹੋਂ। ਉਨ੍ਹਾਂ ਨੇ ਕਿਹਾ ਕਿ ਭਗਤ ਜੀ! ਇਹ ਮਹਾਂਪਾਪੀ ਹੈ ਇਸ ਕਰਕੇ ਇਸ ਨੇ ਆਪਣਾ ਜੀਵਨ ਬੁਰਿਆਂ ਕੰਮਾਂ ਵਿਚ ਨਸ਼ਟ ਕਰ ਦਿਤਾ। ਇਨ੍ਹਾਂ ਪਾਪੀਆਂ ਨੂੰ ਰਸਤੇ ਦੇ ਬੇਅੰਤ ਕਸ਼ਟ ਸਹਿਣੇ ਪੈਂਦੇ ਹਨ। ਹੰਟਰਾਂ ਦਾ ਦੁਖ ਵੀ ਸਾਰੇ ਰਸਤੇ ਸਹਿਣਾ ਪੈਂਦਾ ਹੈ। ਭਗਤ ਜੀ ਕਹਿਣ ਲੱਗੇ ਕਿ ਸੰਸਾਰ ਨੂੰ ਤਾਂ ਇਨ੍ਹਾਂ ਗੱਲਾਂ ਦਾ ਪਤਾ ਹੀ ਨਹੀਂ ਲਗਦਾ। ਵਾਹਿਗੁਰੂ ਜੀ ਆਪਣੇ ਸਾਧਾਂ ਸੰਤਾਂ ਨੂੰ ਪੂਰਨ ਗਿਆਨ ਦੇ ਕੇ ਭੇਜਦੇ ਹਨ। ਉਨ੍ਹਾਂ ਦਾ ਕੰਮ ਇਹੋ ਹੋਇਆ ਕਰਦਾ ਹੈ ਕਿ ਬੁਰਿਆਂ ਕੰਮਾਂ ਦੇ ਫਲ ਅਤੇ ਰਸਤੇ ਦੀਆਂ ਤਕਲੀਫਾਂ ਸੰਸਾਰ ਵਿਚ ਦਸਣ। ਫੁਰਮਾਨ ਹੈ -

***ਕਬੀਰ ਸੇਵਾ ਕਉ ਦੁਇ ਭਲੇ***
***ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ***
***ਸੰਤੁ ਜਪਾਵੈ ਨਾਮੁ॥ ਪੰਨਾ - 1373***

ਇਹ ਸਾਨੂੰ ਜੀਅ ਕਹਿ ਕੇ ਬੁਲਾਉਂਦਾ ਰਿਹਾ। ਇਸ ਨੂੰ ਨਾ ਮਾਰੋ, ਜਮਦੂਤ ਮਾਰਨ ਤੋਂ ਹਟ ਗਏ।

ਇਸੇ ਤਰ੍ਹਾਂ ਨਾਲ ਹੋਰ ਬਹੁਤ ਸਾਰੀਆਂ ਕਥਾਵਾਂ ਸੁਣਨ ਦੇਖਣ ਵਿਚ ਆਈਆਂ ਹਨ, ਜੋ ਪਰਲੋਕ ਦੀ ਗੱਲ ਕਰਦੇ ਹਨ ਉਹ ਪੂਰੀ ਤਰ੍ਹਾਂ ਪਰਲੋਕ ਦੀ ਗੱਲ ਤਾਂ ਨਹੀਂ ਦਸ ਸਕਦੇ ਕਿਉਂਕਿ ਜੀਵ ਨੂੰ ਮਰਨ ਪਿਛੋਂ ਇਕ ਦਮ ਧਰਮਰਾਜ ਦੇ ਲਿਜਾਇਆ ਜਾਂਦਾ ਹੈ ਅਤੇ ਉਥੇ ਨਿਰਣਾ ਕਰਕੇ ਫੇਰ ਉਸ ਨੂੰ ਇਥੇ ਸੰਸਾਰ ਵਿਚ ਫੇਰਿਆ ਜਾਂਦਾ ਹੈ ਕਿ ਉਹ ਦੇਖ ਲਵੇ ਕਿ ਮੈਂ ਕਿਥੇ-ਕਿਥੇ ਕੀ ਕਰਦਾ ਸੀ, ਕੀ ਪਰਿਵਾਰ ਸੀ, ਹੁਣ ਮੈਂ ਸਭ ਕੁਝ ਛੱਡ ਕੇ ਜਾ ਰਿਹਾ ਹਾਂ, ਇਕਨਾਂ ਨੂੰ ਲੈਣ ਤਾਂ ਜਮਦੂਤ ਆਉਂਦੇ ਹਨ, ਇਕਨਾਂ ਨੂੰ ਲੈਣ ਵਾਸਤੇ ਭਲੀਆਂ ਰੂਹਾਂ ਵੀ ਆਇਆ ਕਰਦੀਆਂ ਹਨ, ਜੇ ਬਹੁਤ ਉਚੇ ਕੰਮ ਕੀਤੇ ਹੋਣ ਤਾਂ ਉਨ੍ਹਾਂ ਦੀ ਸਵਾਰੀ ਵਾਸਤੇ ਬਬਾਨ ਵੀ ਆਇਆ ਕਰਦੇ ਹਨ। ਭਾਈ ਗੁਰਦਾਸ ਜੀ ਗਨਕਾ ਵਾਲੀ ਸਾਖੀ ਵਿਚ ਲਿਖਦੇ ਹਨ-

***ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉ***
***ਨਰਾਇਣੁ ਛੋਤਿ ਅਛੋਤਾ॥***
***ਥਾਉ ਨਿਥਾਵੈ ਮਾਣੁ ਮਣੋਤਾ॥***
***ਭਾਈ ਗੁਰਦਾਸ ਜੀ, ਵਾਰ 10/21***

ਇਕ ਸਾਡੀ ਰਿਸ਼ਤੇਦਾਰ ਬੀਬੀ ਸੀ ਜਿਸ ਦਾ ਨਾਮ ਸੁਰਜੀਤ ਕੌਰ ਸੀ ਅਤੇ ਉਸ ਦੇ ਪਤੀ ਦਾ ਨਾਮ ਹਜ਼ਾਰਾ ਸਿੰਘ ਸੀ। ਜਦੋਂ ਮੈਂ ਯੂ.ਪੀ. ਵਿਚ ਫਾਰਮਿੰਗ ਕਰਦਾ ਸੀ ਤਾਂ ਸਤਿਸੰਗ ਬਗੈਰ ਨਾਗੇ ਤੋਂ ਕਰਿਆ ਕਰਦਾ ਸੀ। ਸਤਿਸੰਗ ਦੂਰ ਹੋਵੇ, ਨੇੜੇ ਹੋਵੇ ਉਹ ਤੇ ਉਸਦਾ ਪਤੀ ਜ਼ਰੂਰੀ ਆਇਆ ਕਰਦੇ ਸਨ। ਉਹ ਸਾਡੇ ਤੋਂ 10-12 ਮੀਲ ਦੂਰ ਇਕ ਬਹੁਤ ਪਛੜੇ ਜਿਹੇ ਪਿੰਡ ਵਿਚ ਖੇਤੀ ਕਰਿਆ ਕਰਦੇ ਸਨ। ਇਕ ਦਿਨ ਮੈਂ ਸਹਿਜ ਨਾਲ ਪੁਛਿਆ ਕਿ ਬੀਬੀ! (ਉਹ ਸਾਡੇ ਚਾਚੇ ਦੇ ਪੁਤਰ ਦੀ ਕੁੜਮਣੀ ਲਗਦੀ ਸੀ) ਤੁਹਾਨੂੰ ਬਹੁਤ ਲਗਨ ਲੱਗੀ ਹੋਈ ਹੈ, ਤੁਸੀਂ ਦੂਰ-ਦੂਰ ਪਹੁੰਚ ਕੇ ਵੀ ਸਤਿਸੰਗ ਸੁਣਦੇ ਹੋਂ, ਕੀ ਕਾਰਨ ਹੈ ਤੁਹਾਨੂੰ ਐਨੀ ਲਗਨ ਕਿਥੋਂ ਲੱਗੀ? ਮੈਨੂੰ ਆਮ ਸੰਗਤ ਭਾ ਜੀ, ਵੀਰ ਜੀ ਹੀ ਕਿਹਾ ਕਰਦੀ ਸੀ ਸੰਤ ਕੋਈ ਨਹੀਂ ਸੀ ਕਿਹਾ ਕਰਦਾ। ਇਹ ਤਾਂ ਚੰਡੀਗੜ੍ਹ ਵਾਲਿਆਂ ਤੇ ਰੋਪੜ ਵਾਲਿਆਂ ਨੇ ਹੀ ਨਾਮ ਪਾ ਦਿਤਾ ਹੈ, ਪਹਿਲਾਂ-ਪਹਿਲਾਂ ਤਾਂ ਇਹ ਅਲ੍ਹ ਮੈਨੂੰ ਓਪਰੀ ਜਿਹੀ ਲੱਗਦੀ ਰਹੀ। ਜਦੋਂ ਸਾਰੇ ਹੀ ਕਹਿਣ ਲਗ ਗਏ ਫੇਰ ਮੈਂ ਚੁੱਪ ਕਰ ਰਿਹਾ ਇਹ ਸਮਝ ਕੇ ਵੀ, ਕਿ ਪ੍ਰੇਮੀਆਂ ਦਾ ਕੀ ਹੈ, ਇਹ ਤਾਂ ਭਗਵਾਨ, ਸੱਚੇ ਪਾਤਸ਼ਾਹ, ਹਜ਼ੂਰ, ਗੁਰੂ ਆਦਿ ਬੇਅੰਤ ਵਿਸ਼ੇਸ਼ਣ ਦਿਆ ਕਰਦੇ ਹਨ। ਸੰਤ ਕੋਈ ਮਾੜਾ ਅੱਖਰ ਨਹੀਂ, ਕਹਿ ਲੈਣ। ਬੀਬੀ ਸੁਰਜੀਤ ਕੌਰ ਕਹਿਣ ਲੱਗੀ ਕਿ ਭਾਅ ਜੀ! ਮੈਂ ਆਪਣੀ ਵਿਥਿਆ ਦਸਦੀ ਹਾਂ। ਜਦੋਂ ਮੈਂ ਮਾਠਖੇੜੇ ਦੇ ਨੇੜੇ ਸਵਾਰ ਨੂੰ ਜਾਂਦੀ ਸੜਕ ਤੇ ਆਪਣੇ ਛੋਟੇ ਜਿਹੇ ਫਾਰਮ ਵਿਚ ਰਹਿੰਦੀ ਸੀ ਤਾਂ ਮੈਂ ਚੜ੍ਹਾਈ ਕਰ ਗਈ। ਮੈਨੂੰ ਲੈਣ ਵਾਸਤੇ ਜਮਦੂਤ ਤਾਂ ਨਾ ਆਏ ਪਰ ਇਕ ਬਹੁਤ ਭਲਾ ਪੁਰਸ਼ ਆਇਆ। ਉਹ ਮੈਨੂੰ ਇਕ ਦਮ ਇਕ ਨਦੀ ਦੇ ਕੰਢੇ ਲੈ ਗਿਆ। ਉਹ ਨਦੀ ਬਹੁਤ ਹੀ ਭਿਆਨਕ ਸੀ, ਉਛਾਲੇ ਮਾਰ ਰਹੀ ਸੀ। ਉਸ ਵਿਚੋਂ ਗਰਜਣ ਦੀ ਅਵਾਜ਼ ਆ ਰਹੀ ਸੀ। ਉਸ ਨੇ ਕਿਹਾ ਕਿ ਇਸਨੂੰ ਪਾਰ ਲੰਘਣਾ ਹੈ, ਪੁਲ ਵਲ ਉਸ ਨੇ ਉਂਗਲੀ ਕਰ ਦਿਤੀ ਜੋ ਬਹੁਤ ਭਿਆਨਕ ਸੀ। ਇਥੇ ਹੀ ਉਸ ਨੇ ਕਿਹਾ ਕਿ ਜੇ ਕੋਈ ਪੁੰਨ ਕੀਤਾ ਹੈ, ਉਹ ਦੇ ਦਿਓ, ਤੁਹਾਨੂੰ ਨਦੀ ਲੰਘਾਉਣ ਵਾਲੇ ਆ ਜਾਣਗੇ। ਮੈਂ ਅਜੇ ਸੋਚਦੀ ਹੀ ਸੀ, ਮੈਨੂੰ ਕੋਈ ਪੁੰਨ ਯਾਦ ਨਹੀਂ ਆ ਰਿਹਾ ਸੀ। ਕੀ ਦੇਖਦੀ ਹਾਂ ਕਿ ਇਕ ਬੀਬੀ ਛੋਟੀ ਜਿਹੀ ਕਿਸ਼ਤੀ ਲੈ ਕੇ ਆ ਗਈ ਅਤੇ ਮੈਨੂੰ ਉਸ ਭਿਆਨਕ ਨਦੀ ਵਿਚੋਂ ਪਾਰ ਲੈ ਗਈ। ਮੈ ਕਿਹਾ ਭੈਣ! ਤੂੰ ਬਹੁਤ ਚੰਗੀ ਹੈਂ ਕਿ ਮੈਨੂੰ ਵੀ ਆਪਣੇ ਨਾਲ ਪਾਰ ਲੰਘਾ ਦਿਤਾ। ਉਸ ਨੇ ਕਿਹਾ ਕਿ ਇਸ ਨਦੀ ਵਿਚੋਂ ਉਹ ਪਾਰ ਲੰਘ ਸਕਦਾ ਹੈ ਜਿਸ ਨੇ ਪੁੰਨ ਕੀਤੇ ਹੋਣ, ਮੈਂ ਤੇਰਾ ਪੁੰਨ ਹਾਂ, ਬਹੁਤ ਵੱਡਾ ਪੁੰਨ ਕਿਉਂਕਿ ਜਿਹੋ ਜਿਹੀ ਇਹ ਭਿਆਨਕ ਨਦੀ ਹੈ ਓਡਾ ਹੀ ਪੁੰਨ ਦੇਣਾ ਪੈਂਦਾ ਹੈ। ਮੈਂ ਕਿਹਾ ਕਿ ਮੈਂ ਤਾਂ ਕੋਈ ਪੁੰਨ ਨਹੀਂ ਕੀਤਾ, ਅਸੀਂ ਤਾਂ ਸਾਧਾਰਣ ਲੋਕ ਖੇਤੀ ਕਰਦੇ ਹਾਂ, ਹਰ ਛੇ ਮਹੀਨੇ ਪਿਛੋਂ ਦਸਵੰਧ ਦੇ ਦਾਣੇ ਲੰਗਰ ਵਿਚ ਪਾ ਦਿੰਦੇ ਹਾਂ, ਜਾਂ ਜਦੋਂ ਕਾਰਸੇਵਾ ਵਾਲੇ ਆਉਂਦੇ ਹਨ ਤਾਂ ਕੁਝ ਦੇ ਦੇਈਦਾ ਹੈ, ਥੋੜ੍ਹੀ ਜ਼ਮੀਨ ਹੈ; ਮੈਂ ਕਿਹੜਾ ਪੁੰਨ ਕਰ ਦਿਤਾ? ਕਹਿਣ ਲੱਗੀ ਕਿ ਤੇਰੇ ਯਾਦ ਨਹੀਂ ਆ ਰਿਹਾ ਇਹ ਵੀ ਚੰਗਾ ਹੈ ਕਿਉਂਕਿ ਕੀਤੇ ਪੁੰਨ ਜੇ ਯਾਦ ਆ ਜਾਣ ਤਾਂ ਫਲ ਘਟ ਜਾਇਆ ਕਰਦਾ ਹੈ।

***ਤੀਰਥ ਬਰਤ ਅਰੁ ਦਾਨ ਕਰਿ***
***ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ***

**ਜਿਉ ਕੁੰਚਰ ਇਸਨਾਨੁ ॥**

**ਪੰਨਾ - 1428**

ਕਹਿਣ ਲੱਗੀ, ਤੂੰ ਝਾੜੂ ਦੇ ਰਹੀ ਸੀ, ਤੁਹਾਡੇ ਵਿਹੜੇ ਵਿਚ ਬੇਰੀ ਸੀ ਜਦੋਂ ਬੇਰੀ ਦੇ ਥੱਲੇ ਤੂੰ ਝਾੜੂ ਦੇਣ ਲਗੀ ਤਾਂ ਉਪਰੋਂ ਚਿੜੀ ਦੀ ਚੀਂ-ਚੀਂ ਦੀ ਅਵਾਜ਼ ਆ ਰਹੀ ਸੀ, ਕਿਉਂਕਿ ਉਸ ਦੇ ਪੌਂਚੇ ਵਿਚ ਧਾਗਾ ਪੱਕੀ ਤਰ੍ਹਾਂ ਨਾਲ ਬੰਨ੍ਹਿਆ ਹੋਇਆ ਸੀ ਅਤੇ ਉਹ ਬੇਰੀ ਵਿਚੋਂ ਨਿਕਲ ਨਹੀਂ ਸਕਦੀ ਸੀ। ਤੇਰੇ ਮਨ ਵਿਚ ਦਇਆ ਆਈ। ਤੂੰ ਸਟੂਲ ਲਿਆ ਅਤੇ ਚਿੜੀ ਦੇ ਪੈਰਾਂ ਵਿਚੋਂ ਉਹ ਧਾਗਾ ਕੱਟ ਦਿਤਾ ਅਤੇ ਉਹ ਉਡ ਗਈ। ਚਿੜੀ ਦੀ ਅਸੀਸ ਦਾ ਪੁੰਨ ਬਹੁਤ ਵੱਡਾ ਲੱਗਿਆ। ਜਿਵੇਂ ਫੁਰਮਾਨ ਹੈ -

**ਅਠਸਠਿ ਤੀਰਥ ਸਗਲ ਪੁੰਨ**
**ਜੀਅ ਦਇਆ ਪਰਵਾਨੁ ॥**

**ਪੰਨਾ - 136**

ਜੀਵ ਤੇ ਕੀਤੀ ਦਇਆ ਪ੍ਰਭੂ ਨੂੰ ਪ੍ਰਸੰਨ ਕਰ ਲਿਆ ਕਰਦੀ ਹੈ। ਸੋ ਤੂੰ ਇਹ ਪੁੰਨ ਸਹਿਜ ਸੁਭਾ ਕੀਤਾ ਸੀ। ਕਹਿਣ ਲੱਗੀ ਜਦੋਂ ਧਰਮਰਾਜ ਦੇ ਮੈਨੂੰ ਲੈ ਕੇ ਗਏ ਤਾਂ ਧਰਮਰਾਜ ਨੇ ਚਿਤ੍ਰਗੁਪਤਾਂ ਨੂੰ ਮੇਰਾ ਹਿਸਾਬ ਕਰਨ ਲਈ ਕਿਹਾ ਤਾਂ ਉਨ੍ਹਾਂ ਨੇ ਕਿਹਾ ਕਿ ਸੁਰਜੀਤ ਕੌਰ ਦੀ ਆਯੂ ਤਾਂ ਅਜੇ ਰਹਿੰਦੀ ਹੈ, ਇਸ ਦੇ ਨਾਲ ਲਗਦੇ ਖੇਤਾਂ ਵਿਚ ਹੋਰ ਸੁਰਜੀਤ ਕੌਰ ਰਹਿੰਦੀ ਹੈ, ਉਸ ਨੂੰ ਲਿਆਓ। ਕਹਿਣ ਲੱਗੀ, "ਭਾਅ ਜੀ! ਮੁੜਦੀ ਹੋਈ ਤਾਂ ਮੈਂ ਕਿੰਨੀ ਛੇਤੀ ਆਈ, ਮੈਨੂੰ ਕੁਝ ਨਹੀਂ ਪਤਾ। ਜਦੋਂ ਮੈਂ ਇਥੇ ਪਹੁੰਚੀ ਤਾਂ ਇਨ੍ਹਾਂ ਨੇ ਮੈਨੂੰ ਅਰਥੀ ਤੇ ਪਾਇਆ ਹੋਇਆ ਸੀ। ਮੈਂ ਵਾਹਿਗੁਰੂ-ਵਾਹਿਗੁਰੂ ਕਰਦੀ ਉਠ ਗਈ। ਉਸ ਵੇਲੇ ਤੋਂ ਮੈਂ ਨਾ ਕਦੇ ਵਾਹਿਗੁਰੂ-ਵਾਹਿਗੁਰੂ ਕਹਿਣਾ ਛੱਡਿਆ ਹੈ ਅਤੇ ਨਸ਼ਹਿਰੇ ਵਾਲੇ ਸੰਤਾਂ ਦੇ ਚਰਨਾਂ ਵਿਚ ਰਹਿ ਕੇ ਅੰਮ੍ਰਿਤ ਛੱਕ ਲਿਆ। ਉਸ ਵੇਲੇ ਤੋਂ ਅਸੀਂ ਆਹ ਨੀਲਾ ਵਸਤਰ ਲੱਕ ਦੁਆਲੇ ਬੰਨ੍ਹਦੇ ਹਾਂ ਜੋ ਸਦਾ ਹੀ ਯਾਦ ਕਰਾ ਕੇ ਰਖਦਾ ਹੈ ਕਿ ਇਹ ਨੀਲਾ ਕਮਰ ਕਸਾ ਨਾਮ ਜਪਣ ਲਈ ਕੀਤਾ ਹੋਇਆ ਹੈ। ਅਸੀਂ ਗੁਰਮੰਤ੍ਰ ਦਾ ਜਾਪ ਹਰ ਸਮੇਂ ਕਰਦੇ ਰਹਿੰਦੇ ਹਾਂ ਅਤੇ ਉਸੇ ਸਮੇਂ ਤੋਂ ਮੈਂ ਤੇ ਮੇਰਾ ਪਤੀ ਤੁਹਾਡਾ ਕੋਈ ਭੀ ਸਤਿਸੰਗ ਨਹੀਂ ਜਿਹੜਾ ਅਸੀਂ ਨਾ ਸੁਣੀਏ। ਇਹ ਸੰਸਾਰ ਵਿਚ ਗੁਪਤ ਵਰਤ ਰਹੀਆਂ ਘਟਨਾਵਾਂ ਹਨ।

ਸਾਨੂੰ ਗੁਰਬਾਣੀ ਦੀ ਵਿਚਾਰ ਕਰਨੀ ਚਾਹੀਦੀ ਹੈ ਤੇ ਸਾਨੂੰ ਮਾੜੇ ਨਿਸ਼ਚੇ ਹਟਾ ਦੇਣੇ ਚਾਹੀਦੇ ਹਨ ਅਤੇ ਪਰਲੋਕ ਦੇ ਦੁਖਾਂ ਨੂੰ ਸਾਮ੍ਹਣੇ ਰਖਦੇ ਹੋਏ ਬੰਦਗੀ ਕਰਨੀ ਚਾਹੀਦੀ ਹੈ।

ਐਸੀਆਂ ਘਟਨਾਵਾਂ ਨੂੰ ਸੁਣ ਕੇ ਛੋਟੇ ਤਜਰਬੇ ਵਾਲੇ ਹਠ ਧਰਮੀ ਬੰਦੇ ਕਹਿ ਦਿੰਦੇ ਹਨ ਕਿ ਇਹ ਗੱਲਾਂ ਆਪਣੇ ਪੱਖ ਨੂੰ ਸਿੱਧ ਕਰਨ ਵਾਸਤੇ ਕੀਤੀਆਂ ਜਾਂਦੀਆਂ ਹਨ। ਅਸੀਂ ਇਸ ਤਰ੍ਹਾਂ ਨਹੀਂ ਮੰਨਦੇ ਅਤੇ ਇਕ ਵਾਰੀ ਦੀ ਗੱਲ ਮੈਨੂੰ ਯਾਦ ਆ ਗਈ ਕਿ ਇਕ ਨਿਹੰਗ ਸਿੰਘ ਯੂ.ਪੀ. ਵਿਚ ਈਟਾ ਸ਼ਹਿਰ ਦੇ ਗੁਰਦੁਆਰੇ ਰਿਹਾ ਕਰਦਾ ਸੀ। ਉਸਦਾ ਨਾਮ ਸਾਧੂ ਸਿੰਘ ਸੀ। 110 ਸਾਲ ਦੀ ਆਯੂ ਸੀ। ਸ਼ਹਿਰ ਵਾਲੇ ਉਸਦਾ ਬਹੁਤ ਸਤਿਕਾਰ ਕਰਿਆ ਕਰਦੇ ਸਨ ਅਤੇ ਇਕ ਗੁਰਸਿੱਖ ਪਰਿਵਾਰ ਉਨ੍ਹਾਂ ਦੇ ਖਾਣ ਪੀਣ ਦਾ ਪੂਰਾ ਧਿਆਨ ਰੱਖਿਆ ਕਰਦਾ ਸੀ। ਜਦੋਂ ਉਨ੍ਹਾਂ ਦਾ ਅੰਤ ਸਮਾਂ ਆਇਆ ਤਾਂ ਅੱਠ ਵਜੇ ਸਵੇਰੇ ਉਸ ਪਰਿਵਾਰ ਦਾ ਪੜ੍ਹਨ ਜਾਣ ਵਾਲਾ ਲੜਕਾ ਇਨ੍ਹਾਂ ਲਈ ਛਕਣ ਲਈ ਕੁਝ ਦੇ ਕੇ ਮੁੜ ਗਿਆ ਅਤੇ ਕਾਹਲੀ ਨਾਲ ਘਰ ਨੂੰ ਮੁੜ ਗਿਆ। ਥੋੜ੍ਹੇ ਸਮੇਂ ਬਾਦ ਜਦੋਂ ਜੂਠੇ ਬਰਤਨ ਲੈਣ ਵਾਸਤੇ ਆਇਆ ਤਾਂ ਕੀ ਦੇਖਦਾ ਹੈ ਕਿ ਬਾਬਾ ਜੀ ਸਫ ਉਤੇ ਚੌਂਕੜਾ ਮਾਰੀ ਬੈਠੇ ਹਨ ਉਨ੍ਹਾਂ ਦੇ ਅੰਦਰੋਂ ਇਕ ਅੱਗ ਦੀ ਲਾਟ ਨਿਕਲ ਰਹੀ ਹੈ ਅਤੇ ਹੌਲੀ-ਹੌਲੀ ਜਿਸ ਤਰ੍ਹਾਂ ਦੀਵੇ ਵਿਚ ਪਿਆ ਤੇਲ ਜਲਿਆ ਕਰਦਾ ਹੈ, ਤੇਲ ਬੱਤੀ ਰਾਹੀਂ ਉਪਰ ਚੜ੍ਹੀ ਜਾਂਦਾ ਹੈ ਅਤੇ ਜੋਤ ਜਗਦੀ ਰਹਿੰਦੀ ਹੈ ਇਸੇ ਤਰ੍ਹਾਂ ਨਾਲ ਉਹ ਲਾਟ ਧੁਨੀ ਵਿਚੋਂ ਨਿਕਲ ਕੇ ਜਲ ਰਹੀ ਸੀ। ਨਾ ਤਾਂ ਉਹ ਕਪੜਾ ਹੀ ਜਲਾ ਰਹੀ ਸੀ, ਨਾ ਸਫ ਜਿਸ ਉਪਰ ਆਪ ਬੈਠੇ ਸਨ, ਜਲ ਰਹੀ ਸੀ। ਕੇਵਲ ਸਰੀਰ ਜਲ ਰਿਹਾ ਸੀ। ਸਰੀਰ ਜਲਣ ਦੀ ਦੁਰਗੰਧੀ ਵੀ ਨਹੀਂ ਸੀ ਆ ਰਹੀ। ਉਸ ਬੱਚੇ ਨੇ ਆਪਣੇ ਮਾਤਾ ਪਿਤਾ ਨੂੰ ਦਸਿਆ ਕਿ ਪਤਾ ਨਹੀਂ ਕੀ ਹੋ ਗਿਆ ਬਾਬਾ ਜੀ ਦੇ ਅੰਦਰੋਂ ਇਕ ਲਾਟ ਜਲ ਰਹੀ ਹੈ ਅਤੇ ਉਨ੍ਹਾਂ ਦਾ ਸਰੀਰ ਜਲ ਰਿਹਾ ਹੈ। ਮਾਤਾ ਪਿਤਾ ਝੱਟ ਆ ਕੇ ਇਹ ਗੱਲ ਦੇਖਦੇ ਹਨ, ਉਨ੍ਹਾਂ ਨੇ ਫੌਰਨ ਪੁਲਿਸ ਨੂੰ ਇਤਲਾਹ ਦੇ ਦਿਤੀ। ਦਰੋਗਾ ਜੀ ਨੇ ਸਾਰਾ ਮਾਮਲਾ ਦੇਖ ਕੇ ਡੀ. ਸੀ. ਅਤੇ ਐਸ.ਪੀ. ਨੂੰ ਇਤਲਾਹ ਦੇ ਦਿਤੀ। ਹੌਲੀ-ਹੌਲੀ ਇਹ ਗੱਲ ਸਾਰੇ ਸ਼ਹਿਰ ਵਿਚ ਫੈਲ ਗਈ। ਨੇੜੇ ਹੀ ਕਾਲਜ ਸੀ ਉਥੋਂ ਪ੍ਰਫੈਸਰ ਲੋਕ ਵੀ ਆ ਗਏ। ਜੋ ਸਾਇੰਸ ਵਗੈਰਾ ਦੇ ਪਰੋਫੈਸਰ ਅਤੇ ਮੈਡੀਕਲ ਡਾਕਟਰ ਸਨ ਪਰ ਕੋਈ ਵੀ ਅੰਦਾਜ਼ਾ ਨਾ ਲਾ ਸਕੇ ਕਿ ਆਦਮੀ ਦੇ ਅੰਦਰ ਜੋਤ ਹੈ ਜਿਹੜੀ ਸਰੀਰ ਜਲਾ ਦੇਵੇ। ਇਸ ਤਰ੍ਹਾਂ ਸਰੀਰ ਜਲਦਾ ਸੀ, ਡੀ.ਸੀ. ਨੇ ਅੱਗੇ ਹੋ ਕੇ ਦੇਖਣ ਦਾ ਜਤਨ ਕੀਤਾ ਕਿ ਇਸ ਜੋਤ ਵਿਚ ਕਿੰਨੀ ਕੁ ਗਰਮੀ ਹੈ ਇਹ ਕਪੜੇ ਕਿਉਂ ਨਹੀਂ ਜਲਾ ਰਹੀ। ਜਲ ਰਹੇ ਸਰੀਰ ਦੀ ਦੁਰਗੰਧੀ ਕਿਉਂ ਨਹੀਂ ਆ ਰਹੀ। ਉਨ੍ਹਾਂ ਨੇ ਉਸ ਲਾਟ ਨੂੰ ਹੱਥ ਲਾ ਕੇ ਦੇਖਿਆ ਕਿ ਕਿੰਨੀ ਕੁ ਗਰਮ ਹੈ ਉਹ ਹੈਰਾਨ ਹੋ ਗਏ ਕਿ ਉਹ ਤਾਂ ਬਰਫ ਵਾਂਗੂੰ ਠੰਢੀ ਠਾਰ ਹੈ। ਪੁਲਿਸ ਦੇ ਪਹਿਰੇ ਲਾ ਦਿਤੇ ਗਏ ਸਮਾਂ ਦੋ ਵਜੇ ਦੁਪਹਿਰ ਦਾ ਹੋ ਗਿਆ ਉਸ ਸਮੇਂ ਬਾਕੀ ਸਰੀਰ ਹੱਡੀਆਂ ਸਮੇਤ ਜਲ ਚੁਕਿਆ ਸੀ। ਇਕ ਵੀ ਹੱਡੀ ਬਾਕੀ ਨਹੀਂ ਸੀ ਰਹੀ ਸਿਰਫ ਅੱਧਾ ਪੈਰ ਬਾਕੀ ਰਹਿ ਗਿਆ। ਪੁਲਿਸ ਦੇ ਘੇਰੇ ਵਿਚੋਂ ਨਿਕਲ ਕੇ ਇਕ ਮਾਈ ਨੇ ਦੌੜ ਕੇ ਭਾਈ ਸਾਧੂ ਸਿੰਘ ਜੀ ਦੇ ਜਲ ਰਹੇ ਪੈਰ ਉਪਰ ਮੱਥਾ ਲਾ ਦਿਤਾ ਉਸੇ ਸਮੇਂ ਜੋਤ ਬੁਝ ਗਈ ਅਤੇ ਅੱਧਾ ਪੈਰ

ਉਸੇ ਤਰ੍ਹਾਂ ਪਿਆ ਰਿਹਾ। ਸ਼ਹਿਰ ਦੇ ਹਿੰਦੂ ਮੁਸਲਮਾਨ, ਗੁਰਸਿੱਖਾਂ ਨੇ ਇਸ ਨੂੰ ਮਹਾਨ ਬਜ਼ੁਰਗ ਜਾਣਦਿਆਂ ਹੋਇਆ ਇਸ ਅੱਧੇ ਪੈਰ ਨੂੰ ਬਿਵਾਨਾਂ ਵਿਚ ਰੱਖ ਕੇ ਸਾਰਿਆਂ ਨੂੰ ਦਿਖਾਇਆ ਅਤੇ ਸਾਰੇ ਸ਼ਹਿਰ ਵਿਚ ਜਲੂਸ ਕੱਢਿਆ। ਇਹ ਸਾਰੀ ਘਟਨਾ ਗਿਆਨੀ ਫੌਜਾ ਸਿੰਘ ਜੀ ਜੋ ਉਸ ਸਮੇਂ ਹਾਪੜ ਮਿਸ਼ਨ ਦੇ ਜਥੇਦਾਰ ਸਨ ਨੇ ਜਾ ਕੇ, ਦੇਖ ਕੇ, ਪਰਖ ਕੇ ਅਖਬਾਰਾਂ ਵਿਚ ਲਿਖੀ।

ਮੇਰੇ ਇਕ ਮਿਤਰ ਸਨ ਉਨ੍ਹਾਂ ਨੂੰ ਲੋਕ ਗਿਆਨੀ ਜੀ ਆਖਿਆ ਕਰਦੇ ਸਨ। ਮੈਂ ਉਨ੍ਹਾਂ ਨਾਲ ਇਸ ਮਾਮਲੇ ਤੇ ਗੱਲਬਾਤ ਕੀਤੀ ਕਿ ਗੁਰੂ ਦਸ਼ਮੇਸ਼ ਪਿਤਾ ਜੀ ਮਹਾਰਾਜ ਨੇ ਵੀ ਇਸੇ ਤਰ੍ਹਾਂ ਨਾਲ ਆਪਣੇ ਸਰੀਰ ਦਾ ਸਸਕਾਰ ਕਰਿਆ ਸੀ ਅਤੇ ਕੁਝ ਵੀ ਬਾਕੀ ਨਹੀਂ ਸੀ ਬਚਿਆ। ਉਸ ਨੇ ਕਿਹਾ ਕਿ ਨਿਹੰਗ ਸਾਧੂ ਸਿੰਘ ਦੀ ਗੱਲ ਬਿਲਕੁਲ ਗਲਤ ਹੈ ਇਹ ਗੱਲ ਬਿਲਕੁਲ ਹੀ ਨਹੀਂ ਹੋ ਸਕਦੀ। ਅਖਬਾਰ ਵੀ ਉਸ ਨੂੰ ਲਿਆ ਕੇ ਦਿਖਾਇਆ ਪਰ ਉਹ ਮੰਨਿਆ ਹੀ ਨਾ। ਕਹਿਣ ਲੱਗਿਆ ਮੇਰਾ ਤਾਂ ਇਹ ਅਸੂਲ ਹੈ ਕਿ ਜਦੋਂ ਤਕ ਮੈਂ ਅੱਖਾਂ ਨਾਲ ਦੇਖ ਕੇ ਆਪ ਨਿਰਣਾ ਨਾ ਕਰ ਲਵਾਂ ਮੈਂ ਸੁਣੀ ਸੁਣਾਈ ਗੱਲ ਤੇ ਵਿਸ਼ਵਾਸ਼ ਨਹੀਂ ਕਰਦਾ। ਮੈਂ ਹੈਰਾਨ ਸੀ ਕਿ ਇਸ ਪ੍ਰੇਮੀ ਦਾ ਗਿਆਨ ਕਿੰਨਾ ਸੀਮਤ ਹੈ। ਇਕ ਆਦਮੀ ਕਿੰਨਾ ਕੁ ਜਾਣ ਸਕਦਾ ਹੈ ਮੈਂ ਕਿਹਾ, "ਪ੍ਰੇਮੀਆ! ਕੀ ਤੂੰ ਇਹ ਮੰਨਦਾ ਹੈਂ ਕਿ ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਜੁਝਾਰ ਸਿੰਘ ਜੀ ਚਮਕੌਰ ਸਾਹਿਬ ਦੇ ਯੁੱਧ ਵਿਚ ਸ਼ਹੀਦ ਹੋਏ ਅਤੇ ਬਾਬਾ ਜ਼ੋਰਾਵਾਰ ਅਤੇ ਫਤਹਿ ਸਿੰਘ ਸਰਹੰਦ ਵਿਚ ਨੀਂਹ ਵਿਚ ਚੀਣੇ ਗਏ। ਮੈਂ ਤੇਰੇ ਤੋਂ ਇਸ ਵਾਸਤੇ ਪੁਛਦਾ ਹਾਂ ਕਿ ਤੂੰ ਇਹ ਗੱਲਾਂ ਅੱਖਾਂ ਨਾਲ ਤਾਂ ਨਹੀਂ ਦੇਖੀਆਂ, ਸੁਣੀਆਂ ਹੀ ਹੈ ਨਾ।" ਕਹਿਣ ਲੱਗਿਆ ਕਿ ਤੁਸੀਂ ਲੋਕ ਬਾਰ-ਬਾਰ ਕਹੀ ਜਾਂਦੇ ਹੋ ਇਹ ਸੁਣ ਕੇ ਕੁਝ ਮੰਨ ਹੀ ਲਈਦਾ ਹੈ। ਫੇਰ ਮੈਂ ਕਿਹਾ ਕਿ ਤੂੰ ਤਾਂ ਅੱਖਾਂ ਨਾਲ ਦੇਖੇ ਬਿਨਾਂ ਕੋਈ ਗੱਲ ਮੰਨਦਾ ਹੀ ਨਹੀਂ। ਸੋ ਅਜਿਹੀ ਛੋਟੀ ਅਕਲ ਦੇ ਬੰਦੇ ਇਸ ਸੰਸਾਰ ਵਿਚ ਹਨ ਜੋ ਸਤਿਗੁਰੂ ਦੀ ਬਾਣੀ ਜਾਂ ਹੋ ਚੁੱਕੀਆਂ ਘਟਨਾਵਾਂ ਨੂੰ ਨਹੀਂ ਮੰਨਦੇ। ਜਿਸ ਤਰ੍ਹਾਂ ਮੈਂ ਬੀਬੀ ਸੁਰਜੀਤ ਕੌਰ ਤੇ ਉਨ੍ਹਾਂ ਬਾਰੇ ਉਨ੍ਹਾਂ ਦੇ ਹੀ ਮੁਖਾਰਬਿੰਦ ਤੋਂ ਸੁਣ ਕੇ ਗੱਲ ਲਿਖੀ ਹੈ।

ਇਸ ਤਰ੍ਹਾਂ ਨਾਲ ਚੰਡੀਗੜ੍ਹ ਵਿਚ ਬੀਬੀ ਰਣਜੀਤ ਕੌਰ ਜੀ (ਲੇਖਕ ਦੀ ਪਤਨੀ) ਨੂੰ ਇਕ ਨੌਜਵਾਨ ਬੀਬੀ ਨੇ 34 ਸੈਕਟਰ ਚੰਡੀਗੜ੍ਹ ਦੇ ਗੁਰਦੁਆਰੇ ਨੂੰ ਜਾਂਦਿਆਂ ਗੱਲ ਕੀਤੀ। ਉਹ ਸਾਡੇ ਪੜੌਸ ਵਿਚ ਹੀ ਰਿਹਾ ਕਰਦੀ ਸੀ। ਗੁਰਦੁਆਰਾ ਸਾਹਿਬ ਨੂੰ ਜਦੋਂ ਉਸ ਨੇ ਜਾਣਾ ਤਾਂ ਉਸ ਦੇ ਹੱਥ ਵਿਚ ਛੋਟੀਆਂ-ਛੋਟੀਆਂ ਪੋਟਲੀਆਂ ਬੰਨ੍ਹੀਆਂ ਹੁੰਦੀਆਂ ਸਨ। ਆਮ ਤੌਰ ਤੇ ਉਹ ਐਤਵਾਰ ਨੂੰ ਲਿਜਾਇਆ ਕਰਦੀ ਸੀ। ਬੀਬੀ ਜੀ ਨੇ ਪੁਛਿਆ ਕਿ ਭੈਣ! ਮੈਂ ਕਈ ਵਾਰੀ ਦੇਖਿਆ ਹੈ ਤੂੰ ਅੱਠ-ਨੌਂ ਪੋਟਲੀਆਂ ਵਿਚ ਕੁਝ ਬੰਨ੍ਹ ਕੇ ਗੁਰਦੁਆਰੇ ਜਾ ਕੇ ਲੰਗਰ ਵਿਚ ਭੇਟਾ ਕਰਦੀ ਹੈਂ। ਇਹ ਕੀ ਗੱਲ ਹੈ? ਕਹਿਣ ਲੱਗੀ, "ਭੈਣ! ਜੇ ਤੁਸੀਂ ਇਹ ਗੱਲ ਪੁਛਣੀ ਹੈ ਤਾਂ ਗੱਲ ਲੰਮੀ ਹੈ, ਮੈਂ ਦਸਦੀ ਹਾਂ ਕਿ ਮੈਂ ਥੋੜ੍ਹਾ ਸਮਾਂ ਪਹਿਲਾਂ ਚੜ੍ਹਾਈ ਕਰ ਗਈ ਸੀ। ਜਦੋਂ ਪਰਲੋਕ ਵਿਚ ਮੈਨੂੰ ਲਿਜਾਇਆ ਜਾ ਰਿਹਾ ਸੀ ਤਾਂ ਮੈਨੂੰ ਪਿਆਸ ਲੱਗੀ। ਮੈਂ ਉਨ੍ਹਾਂ ਬੰਦਿਆਂ ਨੂੰ ਕਿਹਾ ਕਿ ਭਾਈ! ਮੈਨੂੰ ਪਿਆਸ ਲੱਗੀ ਹੈ। ਉਹ ਨਾ ਮੈਨੂੰ ਮਾਰ ਰਹੇ ਸਨ, ਨਾ ਡਰਾ ਰਹੇ ਸਨ ਸਿਰਫ ਲਈਂ ਜਾ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਬੀਬੀ! ਪਾਣੀ ਆ ਰਿਹਾ ਹੈ। ਮੈਂ ਦੇਖਿਆ ਪਾਣੀ ਆ ਗਿਆ, ਬਹੁਤ ਕਿਸਮ ਦੇ ਰੰਗ ਬਰੰਗੇ ਬਰਤਨਾਂ ਵਿਚ ਕਈ ਕਿਸਮ ਦੇ ਪਾਣੀ ਸਨ। ਮੈਂ ਜਦੋਂ ਫੜਨ ਲੱਗੀ ਤਾਂ ਉਹ ਮੇਰੇ ਹੱਥ ਤੋਂ ਉਚਾ ਉਠ ਗਿਆ। ਪੰਜ-ਚਾਰ ਵਾਰੀ ਜਦੋਂ ਮੈਂ ਐਸ ਤਰ੍ਹਾਂ ਕੀਤਾ ਤਾਂ ਮੈਂ ਕਿਹਾ ਭਾਈ! ਮੇਰੇ ਹੱਥ ਵਿਚ ਕੋਈ ਵੀ ਬਰਤਨ ਨਹੀਂ ਆਇਆ। ਮੈਂ ਕਿਹਾ ਕਿ ਪਾਣੀ ਕਿਉਂ ਮੇਰੇ ਹੱਥ ਵਿਚ ਨਹੀਂ ਆ ਰਿਹਾ? ਉਹ ਕਹਿਣ ਲੱਗੇ, "ਬੀਬੀ! ਤੂੰ ਧਰਤੀ ਨੂੰ ਛੱਡ ਚੁਕੀ ਹੈਂ ਅਤੇ ਤੂੰ ਪਰਲੋਕ ਨੂੰ ਜਾ ਰਹੀ ਹੈਂ। ਇਥੇ ਓਹੀ ਚੀਜ਼ ਮਿਲਿਆ ਕਰਦੀ ਹੈ ਜੋ ਸੰਸਾਰ ਵਿਚ ਰਹਿ ਕੇ ਦਾਨ ਕੀਤੀ ਹੋਵੇ। ਉਹ ਸੈਂਕੜੇ ਗੁਣਾਂ ਵਧ ਕੇ ਮਿਲਦੀ ਹੈ। ਉਸ ਦੇ ਬਦਲੇ ਵਿਚ ਸੈਂਕੜੇ ਗੁਣਾਂ ਸਵਰਗ ਦੇਣ ਵਾਲੇ ਸੁਖ ਮਿਲਦੇ ਹਨ। ਜਦੋਂ ਬੀਜੇ ਹੋਏ ਦਾਨ ਦੀ ਮਿਆਦ ਖਤਮ ਹੋ ਜਾਂਦੀ ਹੈ ਤਾਂ ਜੀਵ ਨੂੰ ਮੁੜ ਕੇ ਉਸਦੇ ਹੋਰ ਕਰਮ ਭੋਗਣ ਲਈ ਸੰਸਾਰ ਵਿਚ ਭੇਜ ਕੇ ਕਰਮਾਂ ਅਨੁਸਾਰ ਮਨੁੱਖ ਸਰੀਰ ਮਿਲ ਜਾਂਦਾ ਹੈ। ਮੈਂ ਬਹੁਤ ਹੈਰਾਨ ਹੋਈ। ਫੇਰ ਮੈਨੂੰ ਭੁੱਖ ਲੱਗੀ ਮੈਂ ਬੇਨਤੀ ਕੀਤੀ ਕਿ ਮੈਨੂੰ ਭੁੱਖ ਲੱਗੀ ਹੈ। ਉਸੇ ਵੇਲੇ ਖਾਣ ਦੀਆਂ ਚੀਜ਼ਾਂ ਆ ਗਈਆਂ। ਮੈਂ ਜਿਸ ਥਾਲ ਨੂੰ ਚੁਕਣ ਲੱਗਾਂ ਉਹ ਮੇਰੇ ਹੱਥੋਂ ਉਚਾ ਉਠ ਜਾਵੇ। ਮੈਂ ਫੇਰ ਬੇਨਤੀ ਕੀਤੀ ਕਿ ਮੇਰੇ ਹੱਥ ਵਿਚ ਤਾਂ ਕੁਝ ਵੀ ਨਹੀਂ ਆ ਰਿਹਾ। ਉਸ ਨੇ ਕਿਹਾ ਬੀਬੀ! ਜੋ ਧਰਤੀ ਤੇ ਬੀਜਿਆ ਹੈ ਉਹ ਸੈਂਕੜੇ ਗੁਣਾਂ ਫਲਦਾ ਹੈ ਅਤੇ ਇਹ ਵੀ ਹੁੰਦਾ ਹੈ, ਚੰਗੇ ਮਹਾਂਪੁਰਸ਼ਾਂ ਨੂੰ ਦਾਨ ਕੀਤਾ ਹੋਇਆ ਤਾਂ ਬਹੁਤ ਫਲਦਾ ਹੈ ਪਰ ਜੇ ਕਿਸੇ ਪੇਟੂ ਨੂੰ ਦਾਨ ਕੀਤਾ ਜਾਵੇ ਤਾਂ ਉਹ ਨਹੀਂ ਫਲਿਆ ਕਰਦਾ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਅਜਿਹੇ ਭਾਵਾਂ ਨੂੰ ਮੁਖ ਰਖਦੇ ਹੋਏ ਖਾਲਸੇ, ਗੁਰਸਿੱਖਾਂ ਬਾਰੇ ਫੁਰਮਾਨ ਕੀਤਾ ਹੈ -

***ਸੇਵ ਕਰੀ ਇਨਹੀ ਕੀ ਭਾਵਤ,***
***ਅਉਰ ਕੀ ਸੇਵ ਸੁਹਾਤ ਨ ਜੀ ਕੋ॥***
***ਦਾਨ ਦਯੋ ਇਨਹੀ ਕੋ ਭਲੋ***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***
***ਆਗੈ ਫਲੈ ਇਨ ਹੀ ਕੋ ਦਯੋ,***
***ਜਗ ਮੈ ਜਸੁ ਅਉਰ ਦਯੋ ਸਭ ਫੀਕੋ॥***
***ਮੋ ਗ੍ਰਹਿ ਮੈ ਤਨ ਤੇ ਮਨ ਤੇ ਸਿਰ ਲਉ***
***ਧਨ ਹੈ ਸਭ ਹੀ ਇਨਹੀ ਕੋ॥ ਸਵੱਯਾ***

ਸੋ ਉਸ ਬੀਬੀ ਨੇ ਆਪਣੀ ਗੱਲ ਜਾਰੀ ਰੱਖੀ

ਅਤੇ ਕਿਹਾ ਕਿ ਮੈਨੂੰ ਛੇਤੀ ਹੀ ਧਰਮਰਾਜ ਦੇ ਪੇਸ਼ ਕਰ ਦਿਤਾ। ਜਦੋਂ ਮੇਰਾ ਨਾਮ ਕੱਢਣ ਲੱਗੇ ਤਾਂ ਉਸ ਵੇਲੇ ਮੇਰਾ ਨਾਮ ਨਾ ਨਿਕਲਿਆ। ਮੇਰੀ ਪੜੋਸਣ ਦਾ ਨਾਮ ਨਿਕਲਿਆ ਕਿਉਂਕਿ ਮੇਰੇ ਪਤੀ ਦਾ ਹੋਰ ਨਾਮ ਸੀ ਅਤੇ ਉਸ ਦੇ ਪਤੀ ਦਾ ਹੋਰ ਨਾਮ ਸੀ। ਵੈਸੇ ਸਾਡਾ ਦੋਹਾਂ ਦਾ ਇਕ ਨਾਮ ਸੀ। ਉਹ ਸਾਡੇ ਘਰ ਦੇ ਪਿਛਲੇ ਪਾਸੇ ਰਹਿੰਦੀ ਸੀ, ਵਿਚਾਲੇ ਕੰਧ ਸੀ, ਦੋਹੀ ਪਾਸੀਂ ਵਿਹੜੇ ਸਨ। ਉਸ ਵੇਲੇ ਮੈਨੂੰ ਛੇਤੀ ਤੋਂ ਛੇਤੀ ਇਸ ਸਰੀਰ ਵਿਚ ਪ੍ਰਵੇਸ਼ ਕਰਾ ਦਿਤਾ। ਇਧਰ ਮੇਰੀਆਂ ਸੰਸਾਰ ਤੋਂ ਜਾਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਸ਼ਮਸ਼ਾਨ ਭੂਮੀ ਲਿਜਾਣ ਲਈ ਐਂਬੂਲੈਂਸ ਗੱਡੀ ਮੰਗਵਾ ਲਈ। ਮੈਂ ਅਰਥੀ ਉਤੋਂ ਵਾਹਿਗੁਰੂ-ਵਾਹਿਗੁਰੂ ਕਹਿ ਕੇ ਉਠ ਬੈਠੀ। ਪਿਛਲੇ ਪਾਸੇ ਜੋ ਬੀਬੀ ਰਹਿੰਦੀ ਸੀ ਉਹ ਚੜ੍ਹਾਈ ਕਰ ਗਈ। ਸੋ ਭੈਣ! ਮੈਂ ਸਭ ਕੁਝ ਆਪਣੇ ਅੱਖੀਂ ਦੇਖ ਕੇ ਆਈ ਹਾਂ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

***ਨਾਨਕ ਅਗੈ ਸੋ ਮਿਲੈ***
***ਜਿ ਖਟੇ ਘਾਲੇ ਦੇਇ॥ ਪੰਨਾ - 472***

***ਜੇਹਾ ਬੀਜੈ ਸੋ ਲੁਣੈ***
***ਕਰਮਾ ਸੰਦੜਾ ਖੇਤੁ॥ ਪੰਨਾ - 134***

ਹੁਣ ਮੈਂ ਸਾਰੀਆਂ ਚੀਜ਼ਾਂ ਬੀਜਦੀ ਹਾਂ। ਪੂਰਾ ਰਾਸ਼ਨ ਲੈ ਕੇ ਆਉਂਦੀ ਹਾਂ। ਇਹ ਗੱਲ ਬੀਬੀ ਜੀ ਨੇ ਮੈਨੂੰ ਆ ਕੇ ਦੱਸੀ। ਇਸ ਤਰ੍ਹਾਂ ਹੀ ਇਕ ਹੋਰ ਘਟਨਾ ਦਾ ਜ਼ਿਕਰ ਸੰਤ ਮਹਾਰਾਜ ਜੀ ਆਪਣੇ ਦੀਵਾਨਾਂ ਵਿਚ ਕਰਿਆ ਕਰਦੇ ਸਨ। ਇਹ ਉਨ੍ਹਾਂ ਦੀ ਮੇਹਰਬਾਨੀ ਸੀ ਕਿ ਉਹ ਸਾਨੂੰ ਆਪਣੇ ਦੀਵਾਨਾਂ ਵਿਚ ਅਜਿਹੀਆਂ ਘਟਨਾਵਾਂ ਬਾਰੇ ਗਿਆਤ ਕਰਾਉਂਦੇ ਸੀ। ਪਰ ਅਸੀਂ ਭੁੱਲੜ ਹਾਂ, ਸਭ ਕੁਝ ਸੁਣ ਕੇ ਵੀ ਵਿਸ਼ਵਾਸ਼ ਨਹੀਂ ਕਰਦੇ।

ਉਹ ਇਸ ਤਰ੍ਹਾਂ ਹੈ ਕਿ ਪ੍ਰਿੰਸੀਪਲ ਗੁਰਦਿਆਲ ਸਿੰਘ ਗਰੇਵਾਲ ਜੋ ਅੱਜਕਲ੍ਹ ਸੰਤ ਈਸ਼ਰ ਸਿੰਘ ਪਬਲੀਕੇਸ਼ਨ ਟਰੱਸਟ ਚਲਾ ਰਹੇ ਹਨ। ਕਾਫੀ ਵੱਡੀ ਉਮਰ ਦਾ ਸਰੀਰ ਹੈ। ਉਹ ਸੰਤ ਮਹਾਰਾਜ ਜੀ ਨਾਲ ਪਿੰਡ ਕਲਿਆਣ ਵਲ ਦੀਵਾਨ ਸੁਣਨ ਵਾਸਤੇ ਗਏ। ਸੰਤ ਮਹਾਰਾਜ ਜੀ ਦੇ ਉਹ ਕਾਫੀ ਨਿਕਟਵਰਤੀ ਸਨ। ਮਹਾਰਾਜ ਜੀ ਨੇ ਕਿਹਾ ਕਿ ਗੁਰਦਿਆਲ ਸਿੰਘ! ਤੂੰ ਅੱਜ ਦੀਵਾਨ ਪਿਛੋਂ ਇਥੇ ਰਹੀਂ ਅਤੇ ਭਾਈ ਕ੍ਰਿਪਾਲ ਸਿੰਘ ਨੂੰ ਮਿਲੀ ਜੋ ਖੇਤ ਵਿਚ ਕੁਟੀਆ ਬਣਾ ਕੇ ਰਹਿ ਰਹੇ ਹਨ। ਇਹ ਪ੍ਰੇਮੀ ਹੁਕਮ ਅਨੁਸਾਰ ਸੰਤ ਕ੍ਰਿਪਾਲ ਸਿੰਘ ਜੀ ਦੇ ਪਾਸ ਗਿਆ ਕਿਉਂਕਿ ਲੋਕ ਉਨ੍ਹਾਂ ਨੂੰ ਸੰਤ ਕਹਿਣ ਲਗ ਗਏ ਸਨ। ਉਥੇ ਜਾ ਕੇ ਮਹਾਰਾਜ ਦੀ ਦਾ ਆਦੇਸ਼ ਸੁਣਾਇਆ। ਉਨ੍ਹਾਂ ਨੇ ਆ ਕੇ ਆਦਰ ਸਤਿਕਾਰ ਨਾਲ ਪ੍ਰਿੰਸੀਪਲ ਜੀ ਨੂੰ ਬਿਠਾਇਆ ਉਹ ਇਕ ਦਮ ਜਾਣ ਗਏ ਕਿ ਸੰਤ ਮਹਾਰਾਜ ਜੀ ਨੇ ਇਨ੍ਹਾਂ ਨੂੰ ਮੇਰੇ ਕੋਲ ਕਿਉਂ ਭੇਜਿਆ ਹੈ। ਉਨ੍ਹਾਂ ਨੇ ਕਿਹਾ ਕਿ ਗਰੇਵਾਲ ਸਾਹਿਬ ਮਹਾਰਾਜ ਜੀ ਨੇ ਤੁਹਾਨੂੰ ਇਕ ਗੱਲ ਪੁਛਣ ਭੇਜਿਆ ਹੈ ਉਹ ਇਸ ਤਰ੍ਹਾਂ ਹੈ ਕਿ ਮੈਂ ਫੌਜ ਵਿਚ ਨੌਕਰੀ ਕਰਿਆ ਕਰਦਾ ਸੀ। ਚੰਗਾ ਜਵਾਨ ਸੀ, ਪਲਟਨ ਵਿਚ ਮੈਂ ਨੌਕਰੀ ਕਰਦਾ ਸੀ। ਉਨ੍ਹਾਂ ਦਿਨਾਂ ਵਿਚ ਅੰਗਰੇਜ਼ ਥੋੜ੍ਹੀ ਦੇਰ ਲਈ ਨੌਕਰੀ ਕਰਾ ਕੇ **reserve** ਤੇ ਭੇਜ ਦਿਆ ਕਰਦੇ ਸਨ। ਹਰ ਸਾਲ ਤਿੰਨ ਮਹੀਨੇ ਲਈ ਨੌਕਰੀ ਕਰਨੀ ਪੈਂਦੀ ਸੀ। ਇਸੇ ਤਰ੍ਹਾਂ ਮੈਂ ਵੀ **reserve list** ਵਿਚ ਹੋਣ ਕਰਕੇ ਘਰ ਆ ਗਿਆ। ਘਰ ਆ ਕੇ ਆਪਣਾ ਕਾਰੋਬਾਰ ਕਰ ਲਿਆ ਅਤੇ ਖੇਤੀ ਕਰਨੀ ਸ਼ੁਰੂ ਕਰ ਦਿਤੀ। ਅਚਾਨਕ ਬਿਮਾਰ ਹੋ ਕੇ ਇਕ ਦਿਨ ਮੈਂ ਸਰੀਰ ਛੱਡ ਗਿਆ। ਉਸ ਵੇਲੇ ਕੋਈ ਚੰਗੇ ਪੁਰਸ਼ ਮੈਨੂੰ ਲੈਣ ਆਏ ਸਨ। ਉਨ੍ਹਾਂ ਨੇ ਮੈਨੂੰ ਧਰਮਰਾਜ ਦੀ ਦਰਗਾਹ ਵਿਚ ਕਾਹਲੀ ਨਾਲ ਪੇਸ਼ ਕੀਤਾ। ਉਥੇ ਜਦੋਂ ਮੇਰੇ ਨਾਮ ਦੀ ਪੜਤਾਲ ਕੀਤੀ ਗਈ ਤਾਂ ਮੇਰੇ ਨਾਮ ਦੀ ਥਾਂ ਉਸੇ ਪਿੰਡ ਦੇ ਹੋਰ ਕ੍ਰਿਪਾਲ ਸਿੰਘ ਮਿਸਤ੍ਰੀ ਦਾ ਨਾਮ ਨਿਕਲਿਆ, ਉਹ ਮੈਨੂੰ ਵਾਪਸ ਕਰਨ ਲਈ ਕਹਿਣ ਲੱਗੇ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਮੈਨੂੰ ਇਥੇ ਲੈ ਤਾਂ ਆਏ ਹੀ ਹੋ, ਮੈਂ ਜਿਉਂਦਾ ਹੋ ਜਾਣਾ ਹੈ, ਫੇਰ ਮੇਰੇ ਤੋਂ ਸਾਰੇ ਪੁਛਣਗੇ ਕਿ ਧਰਮਰਾਜ ਦੀ ਦਰਗਾਹ ਕਿਹੋ ਜਿਹੀ ਹੈ, ਸੁਰਗ, ਨਰਕ ਕਿਹੋ ਜਿਹੇ ਹਨ। ਦਰਗਾਹ ਤਾਂ ਮੈਂ ਦੇਖ ਲਈ, ਨਰਕ ਵੀ ਦਿਖਾ ਦੇਵੋ। ਜਿਹੜੇ ਦੂਤ ਮੇਰੇ ਨਾਲ ਸਨ ਉਨ੍ਹਾਂ ਨੇ ਕਿਹਾ, ਠੀਕ ਹੈ, ਚਲੋ ਨਰਕਾਂ ਦੇ ਉਤੋਂ ਦੀ ਲੰਘਾ ਦਿੰਦੇ ਹਾਂ। ਜਦੋਂ ਮੈਂ ਨਰਕ ਦੇਖਿਆ ਤਾਂ ਮੈਂ ਕੰਬ ਗਿਆ ਕਿ ਉਥੇ ਚੀਕਾਂ ਪੁਕਾਰਾਂ ਹੋ ਰਹੀਆਂ ਸਨ, ਉਨ੍ਹਾਂ ਦੇ ਸਰੀਰ ਸੂਖਸ਼ਮ ਸਨ ਉਨ੍ਹਾਂ ਨੂੰ ਦੁਖ ਦੇਣ ਵਾਲੀਆਂ ਚੀਜ਼ਾਂ ਵੀ ਸੂਖਸ਼ਮ ਸਨ। ਮੱਕੇ ਮਦੀਨੇ ਦੀ ਗੋਸ਼ਟ ਵਿਚ ਪੀਰ ਰੁਕਨਲਦੀਨ ਨੇ ਸੁਰਗ ਨਰਕ ਬਾਰੇ ਜਿਹੜੇ ਗੁਰੂ ਨਾਨਕ ਪਾਤਸ਼ਾਹ ਨਾਲ ਸਵਾਲ ਕੀਤੇ ਉਹ ਸਜ਼ਾਵਾਂ ਦਿੰਦੇ ਮੈਂ ਅੱਖਾਂ ਨਾਲ ਦੇਖੇ। ਸ਼ਰਾਬਾਂ ਪੀਣ ਵਾਲਿਆਂ, ਨਸ਼ੇ ਖਾਣ ਵਾਲਿਆਂ ਦੇ ਗਲਾਂ ਵਿਚ ਗਰਮ ਕਰਕੇ ਸਿੱਕੇ ਪਾਏ ਜਾ ਰਹੇ ਸਨ। ਜੋ ਸਜ਼ਾਵਾਂ ਦਿੰਦੇ ਸਨ ਉਹ ਬਹੁਤ ਹੀ ਭਿਆਨਕ ਸਨ, ਉਨ੍ਹਾਂ ਨੂੰ ਦੇਖ ਕੇ ਤਾਂ ਐਵੇਂ ਹੀ ਕਾਂਬਾ ਚੜ੍ਹ ਜਾਂਦਾ ਸੀ। ਮੈਂ ਕਿਹਾ ਸੁਰਗ ਦਿਖਾ ਦੇਵੋ। ਉਹ ਕਹਿਣ ਲੱਗੇ, ਮਾਤਲੋਕ ਵਿਚ ਜੇ ਤੇਰਾ ਪਿੰਜਰ ਜਾਲ ਦਿਤਾ ਗਿਆ ਤਾਂ ਅਸੀਂ ਫੇਰ ਕੀ ਜਵਾਬ ਦੇਵਾਂਗੇ। ਉਨ੍ਹਾਂ ਨੇ ਫੇਰ ਕਿਹਾ ਚਲੋ ਸੁਰਗ ਦੇ ਉਤੋਂ ਦੀ ਲੰਘਾ ਲੈਂਦੇ ਹਾਂ। ਜਦੋਂ ਸਵਰਗਾਂ ਵਿਚ ਗਿਆ ਕੀ ਮੈਂ ਉਸਦੀ ਤਾਰੀਫ ਕਰਾਂ, ਬਹੁਤ ਸੁਖ ਸੀ ਉਥੇ। ਸੋ ਇਸ ਤਰ੍ਹਾਂ ਕਰਦੇ ਕਰਦੇ ਇਧਰ ਮੇਰਾ ਸਰੀਰ ਸ਼ਮਸ਼ਾਨ ਭੂਮੀ ਵਿਚ ਲੈ ਆਏ ਅਤੇ ਚਿਖਾ ਵਿਚ ਲਿਟਾ ਦਿਤਾ ਜਦੋਂ ਅਗਨ ਭੇਟ ਕਰ ਰਹੇ ਸੀ ਉਸ ਵੇਲੇ ਮੇਰੀ ਰੂਹ ਸਰੀਰ ਵਿਚ ਪਾ ਦਿਤੀ। ਮੈਂ ਝਟਕਾ ਮਾਰ ਕੇ ਲੱਕੜਾਂ ਲਾਹ ਕੇ ਉਠਣ ਲਗਿਆ। ਪਰ ਅੱਗ ਫੈਲ ਰਹੀ ਸੀ ਮੇਰੇ ਉਪਰੋਂ ਕਫਨ ਜਲਣ ਲੱਗਿਆ ਤਾਂ ਮੈਂ ਫੁਰਤੀ ਨਾਲ ਬਾਹਰ ਆ ਗਿਆ ਪਰ ਫੇਰ ਵੀ ਮੇਰੀ ਪਿੰਜਣੀ ਜਲ ਗਈ। ਉਨ੍ਹਾਂ ਨੇ ਆਪਣੀ ਪਿੰਜਣੀ ਤੋਂ ਕਪੜਾ ਲਾਹਿਆ ਅਤੇ ਕਿਹਾ ਕਿ ਗਰੇਵਾਲ ਸਾਹਿਬ!

ਹੁਣ ਤੁਹਾਨੂੰ ਯਕੀਨ ਆ ਗਿਆ ਹੋਣਾ ਹੈ ਕਿ ਸੰਤ ਮਹਾਰਾਜ ਜੀ ਜੋ ਘਟਨਾ ਦਾ ਜ਼ਿਕਰ ਕਰਦੇ ਹਨ ਉਹ ਠੀਕ ਹੈ। ਦਰਗਾਹ ਵਿਚੋਂ ਹੁਕਮ ਆਇਆ ਕਿ ਜੋ ਮਿਸਤਰੀ ਹੈ ਕ੍ਰਿਪਾਲ ਸਿੰਘ ਉਸ ਨੂੰ ਲੈ ਆਓ। ਉਹ ਥੋੜ੍ਹੀ ਦੇਰ ਪਹਿਲਾਂ ਚਿਖਾ ਵਿਚ ਪਾਉਣ ਵਾਸਤੇ ਲੱਕੜਾਂ ਪਾੜ ਰਿਹਾ ਸੀ। ਉਸ ਵੇਲੇ ਉਹ ਕਾਲ ਦਾ ਪ੍ਰੇਰਿਆ ਕਹੀ ਵਿਚ ਬਾਹਾਂ ਪਾਉਣ ਲਈ ਲੱਕੜ ਵੱਢਣ ਲਈ ਦਰਖਤ ਉਤੇ ਚੜ੍ਹ ਗਿਆ। ਜਦੋਂ ਕੁਹਾੜਾ ਚਲਾਇਆ ਤਾਂ ਉਹ ਹੇਠਾਂ ਗਿਰ ਗਿਆ ਤੇ ਸਰੀਰ ਛੱਡ ਗਿਆ। ਜਮਦੂਤ ਉਸ ਨੂੰ ਲੈ ਗਏ ਅਤੇ ਮੈਨੂੰ ਛੱਡ ਗਏ। ਜੇ ਕੋਈ ਕਹੇ ਕਿ ਇਹ ਗੱਲ ਮਨਘੜਤ ਹੈ ਤਾਂ ਪਿੰਡ ਵਾਲਿਆਂ ਨੂੰ ਪੁਛ ਲਓ। ਉਸ ਤੋਂ ਬੱਦ ਮੈਂ ਘਰ ਨਾ ਰਿਹਾ। ਮੈਂ ਕਿਹਾ ਮੈਂ ਦਰਗਾਹ ਦੇਖ ਆਇਆ ਹਾਂ, ਇਹ ਦੁਨੀਆਂ ਝੂਠੀ ਹੈ, ਕੀਤੇ ਹੋਏ ਕਰਮਾਂ ਦਾ ਲੇਖਾ ਪੱਤਾ ਦੇਣਾ ਪੈਂਦਾ ਹੈ।

ਸੋ ਭਾਈ ਗੁਰਦਿਆਲ ਸਿੰਘ ਜੀ! ਉਸ ਸਮੇਂ ਤੋਂ ਮੈਂ ਮਹਾਂਪੁਰਸ਼ਾਂ ਦੀ ਕ੍ਰਿਪਾ ਨਾਲ ਇਸ ਖੇਤ ਵਿਚ ਹੀ ਕੁਟੀਆ ਪਾ ਕੇ ਭਜਨ ਕਰਦਾ ਹਾਂ।

ਇਸ ਤਰ੍ਹਾਂ ਦੀਆਂ ਬਹੁਤ ਘਟਨਾਵਾਂ ਹੁੰਦੀਆਂ ਹੀ ਰਹਿੰਦੀਆਂ ਹਨ। ਜੇ ਕਿਸੇ ਪ੍ਰੇਮੀ ਨੇ ਹੋਰ ਵਿਸਥਾਰ ਦੇ ਨਾਲ ਜਾਨਣਾ ਹੈ ਤਾਂ ਉਹ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਲਿਖੀ ਪੁਸਤਕ ਜਿਸ ਦਾ ਨਾਮ 'ਅਣਡਿੱਠੀ ਦੁਨੀਆਂ' ਹੈ ਉਹ ਪੜ੍ਹ ਲਵੇ।

ਜਿਸ ਤਰ੍ਹਾਂ ਦੇ ਨਾਲ ਨਰਕਾਂ ਬਾਰੇ ਦਸਿਆ ਗਿਆ ਹੈ। ਇਸੇ ਤਰ੍ਹਾਂ ਨਾਲ ਸਰਵਗ ਲੋਕਾਂ ਦਾ ਵੇਰਵਾ ਵੀ ਮਹਾਂਪੁਰਸ਼ਾਂ ਤੋਂ ਸੁਣੀਦਾ ਹੈ। ਇਸੇ ਤਰ੍ਹਾਂ ਨਾਲ ਗੁਰੂ ਮਹਾਰਾਜ ਜੀ ਨੇ ਜਮ ਪੰਥ ਨੂੰ ਬਹੁਤ ਬਿਖੜਾ ਲਿਖਿਆ ਹੈ। ਉਸ ਵਿਚ ਮਿਲ ਰਹੇ ਦੁਖਾਂ ਬਾਰੇ ਵੀ ਦਸਿਆ ਹੈ –

*ਜਮ ਪੁਰਿ ਬਧੇ ਮਾਰੀਅਹਿ*
*ਬਹੁਤੀ ਮਿਲੈ ਸਜਾਇ॥* *ਪੰਨਾ - 994*

*ਜਮ ਪੁਰਿ ਘੋਰ ਅੰਧਾਰੁ*
*ਮਹਾ ਗੁਬਾਰੁ ਨਾ ਤਿਥੈ ਭੈਣ ਨ ਭਾਈ॥*
*ਪੰਨਾ - 584*

ਸੁਖਮਨੀ ਸਾਹਿਬ ਵਿਚ ਕਾਫੀ ਵਿਸਥਾਰ ਨਾਲ ਇਸ ਰਸਤੇ ਦਾ ਜ਼ਿਕਰ ਕੀਤਾ ਹੈ, ਪਹਿਲੇ ਗ੍ਰੰਥਾਂ ਵਿਚ ਨਰਕਾਂ ਦੇ ਬਾਰੇ ਹੋਰ ਵਿਸਥਾਰ ਨਾਲ ਬਹੁਤ ਸਾਰੇ ਗ੍ਰੰਥਾਂ ਵਿਚ ਲਿਖਿਆ ਗਿਆ ਹੈ ਕਿ ਕਿਸ ਕਰਮ ਨਾਲ ਕਿਸ ਨਰਕ ਵਿਚ ਵਾਸਾ ਹੁੰਦਾ ਹੈ। ਛੇ ਗਤੀਆਂ ਜੋ ਪਿਛੇ ਦਸੀਆਂ ਗਈਆਂ ਹਨ ਉਨ੍ਹਾਂ ਵਿਚੋਂ ਜੋ ਪਾਪੀਆਂ ਦੀ ਗਤੀ ਹੈ ਉਸ ਬਾਰੇ ਇਥੇ ਜ਼ਿਕਰ ਕੀਤਾ ਗਿਆ ਹੈ। ਉਨ੍ਹਾਂ ਨਰਕਾਂ ਦੀ ਅੰਸ ਮਾਤਰ ਜਾਣਕਾਰੀ ਲਈ ਵੇਰਵਾ ਮਹਾਂਪੁਰਸ਼ ਇਸ ਤਰ੍ਹਾਂ ਦਿੰਦੇ ਹਨ।

ਚੌਪਈ -੧ ਕੁੰਭੀ ਪਾਕੁ, ਪ੍ਰਥਮ ਦਿਖਲਾਵਾ॥ ਅਤਿਸ਼ਯ ਦੁਖਦਾਈ ਤਹਿ ਪਾਵਾ॥ ੨. ਦੂਸਰ ਨਰਕ ਅਬੀਚੀ ਕਹਾਵੇ॥ ਯਾਮੇਂ ਨਹਿਂ ਆਰਾਮ ਲਖਾਵੈ॥ ੩. ਅਬ ਰੌਰਵ ਕੀ ਸੁਨਿ ਲੇਹੁ ਕਥਾ॥ ਜਹਿਂ ਆਰਾਮ ਜੀਵਹਿਂ ਘੋਰਵਯਥਾ॥ ਦੋਹਾ-੪. ਚਉਥੋ ਨਰਕ ਗੁੜ ਨਾਮ ਜਸ ਤਸ ਗੁੜ ਰਸ ਓਟਾਇ॥ ਅਉਟੇ ਪ੍ਰਾਣੀ ਡਾਰਿ ਤਿਮ ਪ੍ਰਾਣ ਤਹਾ ਬਿਲਲਾਇ॥ ਚੌਪਈ-੫ ਪੰਚਮ ਕੂਪ ਨਰਕ ਕਹਾਵੈਂ॥ ਤਾਮੇਂ ਪ੍ਰਾਣੀ ਅਤਿ ਦੁਖੁ ਪਾਵੈਂ॥ ਪੀਕ ਰੱਕਤ ਕ੍ਰਿਮੀ ਤਾਮੈਂ ਡਾਵਾ॥ ਅੰਧ ਕੂਪ ਇਵ ਤਾਹਿ ਬਨਾਵਾ॥ ਕੀ ਨਹਿ ਭਗਤੀ ਨਹਿ ਦੀਖਿਆ ਲੀਨਾ॥ ਸਿਮਰਨ ਸ਼ੰਕਰ ਰਾਮ ਨ ਕੀਨਾ॥ ਸੁਨੇ ਨ ਸ਼ਰਵਣ ਵੇਦ ਪੁਰਾਨਾ॥ ਸਤਿਸੰਗਤਿ ਨਹਿ ਕੀਨਹਿ ਦਾਨਾ॥ ਦੋਹਾ-ਲੇ ਨਰ ਤਨ ਕਰਤ ਨ ਬਨਿਓ ਕਰਮ ਧਰਮ ਨ ਦਾਨ॥ ਵੇਸ਼ਯਾ ਦਾਸੀ ਪ੍ਰੇਮ ਰੱਤ ਪਰਮ ਕੂਪ ਮੇਂ ਆਨ॥ ਚੌਪਈ—੬. ਛਠਾ ਨਰਕ ਪੁਨਿ ਕੀਟ ਕਹਾਵੈ॥ ਤਾਮਹਿ ਕੀੜਾ ਬਹੁ ਬਿਲਲਾਵੈ॥ ਪਾਪੀ ਪਰਤ ਕਾਟ ਸੋ ਖਾਵੈਂ॥ ਯਾਮੈਂ ਘੋਰ ਦੁਖ ਜਨ ਪਾਵੈਂ॥ ਬਧ ਬਧ ਜੀਵ ਮੀਨ ਜੇ ਖਾਵੈਂ॥ ਕ੍ਰਮੀ ਰੂਪ ਹੋਇ ਯਾਮਹਿ ਆਵੈਂ॥ ਜੋ ਨਹਿਂ ਦਯਾ ਜੀਵ ਪਰ ਧਾਰੈ॥ ਕੀਟ ਨਰਕ ਸੋ ਜਾਵੈ ਡਾਰੈ॥ ੭. ਸਪਤਮ ਅਸ ਪਤ੍ਰ ਬੇਨ ਜਾਨਾ॥ ਤਹਾਂ ਪਾਤ ਦ੍ਵਿਧਾਰ ਬਖਾਨਾ॥ ਤਾਂ ਪਰ ਜੀਵਹਿ ਜੀਭ ਘਸਾਵੈ॥ ਕਟਿ ਕਟਿ ਤਿਨ ਪੁਨਿ ਜੁੜ ਜੁੜ ਜਾਵੈ॥ ਜੋ ਨਿਜ ਹਿਤ ਪਿਤੁ ਮਿਤ੍ਰ ਸੰਘਾਰੈ॥ ਨਿਜ ਕਰ ਕਾਟ ਹਰਤ ਤਰੁ ਡਾਰੈ॥ ਕੁਟਲ ਕੁਕਰਮੀ ਕਾਮੀ ਕ੍ਰੋਧੀ॥ ਪਰ ਨਿੰਦਕ ਗੁਰ ਬਿਪ੍ਰਵਿਰੋਧੀ॥ ਰਾਖ ਬਿਤ੍ਰ ਪੁਨਿ ਮੰਗੇ ਜੋਈ॥ ਅਸਿਪਤ੍ਰ ਪਰਤ ਨਰ ਸੋਈ॥ ੮. ਅਸਟਮ ਦਾਰਣ ਨਰਕ ਕਹਾਵੈ॥ ਮਹਾਂ ਭਯਾਨਕ ਲਖ ਭੈ ਛਾਵੈ॥ ਤਪਤ ਖੰਭੁ ਨਰ ਨਾਰ ਅਕਾਰਾ॥ ਚਹੁੰਦਿਸ ਅਗਨਿ ਕਰੇ ਧੁੰਧਕਾਰਾ॥ ਕਾਮੀ ਨਰ ਔਰ ਕਾਮਕੁ ਨਾਰੀ॥ ਮਿਲੇ ਤਿਨਹਿ ਤਹਿਂ ਪਰ ਦੁਖ ਭਾਰੀ॥ ਕਹੇਂ ਕਿ ਲੇਹੁ ਚੀਨਹੁ ਸੋਈ ਨਾਰੀ॥ ਜਿਸਕੇ ਸੰਗ ਲਗਾਈ ਯਾਰੀ॥ ੯. ਨੌਵਾਂ ਨਰਕ ਨਾਮ ਨਿਃ ਸ੍ਵਾਸਾ॥ ਘਟੇ ਜਾਂਹਿ ਤਾਂਹਿ ਨਰ ਸ੍ਵਾਸਾ।।॥ ਸੁਰ ਗੁਰ ਵਿਧਵਾ ਬ੍ਰਾਹਮਣ ਅੰਸ਼ਾ॥ ਹਰੀ ਚੁਰਾਵੈ ਜੋ ਨਰ ਬੰਸਾ॥ ਤੇ ਨਿਃ ਸ੍ਵਾਸ ਨਰਕ ਮਹਿਂ ਜਾਵੈ॥ ਕਹਤ ਨ ਬਨੇ ਜਿਉਂ ਦੁਖ ਪਾਵੈ॥ ੧੦. ਦਸਵਾਂ ਕੁਲ ਸੰਕਲ ਅਸਨਾਮਾ॥ ਤਾਂ ਮੇਂ ਘੋਰ ਦੁਖ ਅਭਿਰਾਮਾ॥ ਜੀਵ ਕੇ ਹਿੰਸਕ ਭਖਸ਼ਕ ਪ੍ਰਾਣੀ॥ ਯੇਹੀ ਨਰਕ ਮਹਿ ਡਾਰੇ ਆਨੀ॥ ਨਾਰੀ ਬਧੇ ਬ੍ਰਾਹਮਣਨ ਸਤਾਵੈ॥ ਸੋ ਸੂਚੀ ਮੁਖ ਨਰਕਹਿਂ ਜਾਵੇ॥ (੧੨) ਬਾਰਵਾਂ ਨਾਮ ਨਰਕ ਕਰ ਘੋਰਾ॥ ਮਹਾ ਭਯਾਨਕ ਤਾ ਮੈਂ ਸ਼ੋਰਾ।।॥ ਦੋਹਰਾ- ਜਿਨ ਰਸਨਾ ਹਰਿ ਨਹ ਕਢੇ ਭਾਖੇ ਕਟੁਕੁ ਕੁਬੋਲ॥ ਤਾਮੇਂ ਨਾਗ ਲਗਾਵਤੇ ਯਮ ਗਣ ਕਹੇਂ ਮੁਖ ਖੋਲ॥ ਚੌਪਈ-(੧੩) ਤੇਰਵਾਂ ਸੂਲੀ ਨਰਕ ਬਖਾਨਾ॥ ਸੂਲੀ ਮੁਖ ਤਹਿ ਹੋਤ ਮਹਾਨਾ॥ (੧੪) ਚੌਧਵਾਂ ਨਰਕ ਅਤਿ ਦੁਖਦਾਈ॥ ਅਗਨਿ ਕੁੰਡ ਨਾਮ ਸ੍ਰਤਿ ਗਾਈ॥ (੧੫) ਨਰਕ ਪੰਦਰਵਾਂ ਕੋਲੂ ਜਾਨੋ॥ ਤੇਲ ਯੰਤ੍ਰ ਤਹਿਂ ਨਾਮ ਬਖਾਨੋ॥ ਛਿਪ ਦੁਰਾਇ ਜੋ ਖੇਤਹਿ ਕਾਟੇ॥ ਤਾਤ ਮਾਤ ਕੋ ਮਾਰੇ ਡਾਟੇ॥ (੧੬) ਨਰਕ ਸੋਲਵਾਂ ਦੁਖ

ਦਾ ਨਾਮਾਂ॥ ਝੇਲ ਮਹਾਂ ਦੁਖ ਨਰ ਵਾਮਾਂ॥ ਜੇ ਨਰ ਹੈ ਮਦ ਮਾਂਸ ਆਹਾਰੀ॥ ਝੂਠੇ ਦੋਸ਼ ਲਗਾਵਹਿੰ ਭਾਰੀ (੧੭) ਨਰਕ ਸਤਾਰਵਾਂ ਹੈ ਅੰਧਕਾਰਾ॥ ਮਹਾਂ ਭਯਾਨਕ ਤਮਕ ਜਰਾਰਾ॥ (੧੮) ਨਰਕ ਅਠਾਰਵਾਂ ਨਾਮ ਵਿਲੋਚਨ॥ ਦੁਖ ਕਰ ਮੂਲ ਸਕ੍ਰਿਤ ਵਿਮੋਚਨ॥

ਜਿਸ ਤਰ੍ਹਾਂ ਦੇ ਨਾਲ ਨਰਕਾਂ ਦਾ ਹਾਲ ਲਿਖਿਆ ਗਿਆ ਹੈ ਇਸੇ ਤਰ੍ਹਾਂ ਨਾਲ ਬਹੁਤ ਸਾਰੇ ਗ੍ਰੰਥਾਂ ਵਿਚ ਸਵਰਗਾਂ ਦੀ ਗੱਲ ਵੀ ਲਿਖੀ ਗਈ ਹੈ। ਸੁਖ ਦੀ ਤੁਲਨਾ ਕਰਨ ਵਾਸਤੇ ਐਸਾ ਜ਼ਿਕਰ ਆਉਂਦਾ ਹੈ ਕਿ ਬੰਦਗੀ ਕਰਨ ਨਾਲ ਕਿੰਨਾ ਕੁ ਸੁਖ ਹੋਇਆ ਕਰਦਾ ਹੈ। ਉਸ ਦੇ ਬਾਰੇ ਐਸਾ ਵਿਚਾਰ ਹੈ ਕਿ ਜਿਸ ਰਾਜੇ ਨੂੰ ਕਦੇ ਬੁਢਾਪਾ ਨਾ ਆਵੇ, ਕਦੇ ਬੀਮਾਰੀ ਨਾ ਆਵੇ, ਕਦੇ ਉਸਦੇ ਖਜ਼ਾਨੇ ਦਾ ਧਨ ਨਾ ਮੁਕੇ, ਸਾਰੇ ਲੋਕ ਉਸ ਨੂੰ ਨੇਕ ਜਾਣ ਕੇ ਪੂਜਦੇ ਹੋਣ ਉਸ ਨੂੰ ਕਿਸੇ ਹੋਰ ਰਾਜੇ ਦਾ ਡਰ ਨਾ ਹੋਵੇ, ਉਸ ਰਾਜੇ ਨੂੰ ਜੋ ਸੁਖ ਹੁੰਦਾ ਹੈ ਉਸ ਨੂੰ ਇਕ ਯੂਨਟ ਬਣਾ ਲਵੋ। ਉਸ ਰਾਜੇ ਤੋਂ ਸੌ ਗੁਣਾਂ ਸੁਖ ਗੰਧਰਭ ਲੋਕ ਵਿਚ ਹੋਇਆ ਕਰਦਾ ਹੈ ਜਿਸ ਨੂੰ ਸਭ ਤੋਂ ਪਹਿਲਾ ਸਵਰਗ ਆਖਿਆ ਜਾਂਦਾ ਹੈ। ਇਸ ਵਿਚ ਉਹ ਪੁਰਸ਼ ਜਾਂਦੇ ਹਨ ਜਿਨ੍ਹਾਂ ਦੀ ਪੁੰਨ ਦੀ ਪੂੰਜੀ ਬਹੁਤ ਥੋੜ੍ਹੀ ਹੁੰਦੀ ਹੈ ਅਤੇ ਪਾਪ ਵੀ ਉਨ੍ਹਾਂ ਨੇ ਕੀਤੇ ਹੁੰਦੇ ਹਨ ਪਰ ਪੁੰਨ ਜ਼ਿਆਦਾ ਹੋਣ ਕਰਕੇ ਪਹਿਲਾਂ ਪੁੰਨ ਲੋਕਾਂ ਵਿਚ ਭੇਜਿਆ ਜਾਂਦਾ ਹੈ ਇਥੇ ਉਸ ਨੂੰ ਪ੍ਰਿਥਵੀ ਦੇ ਚਕਰਵਰਤੀ ਰਾਜੇ ਨਾਲੋਂ ਸੌ ਗੁਣਾਂ ਸੁਖ ਜ਼ਿਆਦਾ ਹੋਇਆ ਕਰਦਾ ਹੈ। ਜਦੋਂ ਇਸ ਸਵਰਗ ਲੋਕ ਵਿਚ ਜਾਂਦਾ ਹੈ, ਆਪਣੇ ਸੁਖਾਂ ਨੂੰ ਭੋਗ ਲੈਂਦਾ ਹੈ, ਉਸ ਵੇਲੇ ਪਾਪਾਂ ਦੇ ਫਲ ਵੀ ਭੋਗਾਏ ਜਾਂਦੇ ਹਨ। ਫਿਰ ਉਸ ਨੂੰ ਕਰਮਾਂ ਅਨੁਸਾਰ ਜੂਨੀ ਮਿਲਦੀ ਹੈ। ਇਹ ਜ਼ਰੂਰੀ ਨਹੀਂ ਕਿ ਉਸ ਨੂੰ ਮਨੁੱਖ ਜੂਨੀ ਹੀ ਪ੍ਰਾਪਤ ਹੋਵੇ। ਇਸੇ ਤਰ੍ਹਾਂ ਨਾਲ ਜੋ ਇਸ ਤੋਂ ਉਪਰਲਾ ਸਵਰਗ ਹੈ ਉਸਨੂੰ ਦੇਵ ਗੰਧਰਭ ਲੋਕ ਆਖਿਆ ਜਾਂਦਾ ਹੈ, ਉਸ ਵਿਚ ਹੋਰ 100 ਗੁਣਾਂ ਵੱਧ ਸੁਖ ਮਿਲਦਾ ਹੈ। ਇਸੇ ਤਰ੍ਹਾਂ ਨਾਲ ਜਦੋਂ ਆਪੇ ਸੁਖ ਭੋਗ ਲੈਂਦਾ ਹੈ, ਫੇਰ ਬਾਕੀ ਦੇ ਕਰਮ ਭੋਗਣ ਲਈ ਇਸ ਨੂੰ ਸੰਸਾਰ ਵਿਚ ਭੇਜ ਦਿਤਾ ਜਾਂਦਾ ਹੈ। ਇਸ ਤੋਂ ਉਪਰਲੇ ਸਵਰਗ ਨੂੰ ਪਿਤਰ ਲੋਕ ਆਖਿਆ ਜਾਂਦਾ ਹੈ ਜਿਥੇ ਉਨ੍ਹਾਂ ਪਿਤਰਾਂ ਦਾ ਵਾਸਾ ਹੁੰਦਾ ਹੈ ਜਿਹੜੇ ਸੰਸਾਰ ਵਿਚ ਆ ਕੇ ਨੇਕ ਕੰਮ ਕਰਦੇ ਹਨ, ਪੁੰਨ ਦਾਨ ਕਰਦੇ ਹਨ, ਕਿਸੇ ਦਾ ਬੁਰਾ ਨਹੀਂ ਕਰਦੇ। ਉਨ੍ਹਾਂ ਨੂੰ ਇਸ ਪਿਤਰ ਲੋਕ ਵਿਚ ਵਾਸਾ ਮਿਲਦਾ ਹੈ। ਦੇਵ ਗੰਧਰਵ ਲੋਕ ਨਾਲੋਂ ਹੋਰ ਸੌ ਗੁਣਾਂ ਵੱਧ ਸੁਖ ਪ੍ਰਾਪਤ ਹੋ ਜਾਂਦਾ ਹੈ। ਇਸ ਤੋਂ ਅਗਲੇ ਨੂੰ ਸਵਰਗ ਲੋਕ ਆਖਿਆ ਜਾਂਦਾ ਹੈ। ਇਸ ਵਿਚ ਬਹੁਤ ਜ਼ਿਆਦਾ ਪੁੰਨ ਦਾਨ ਕਰਨ ਵਾਲੇ ਵਾਸਾ ਪਾਉਂਦੇ ਹਨ ਇਨ੍ਹਾਂ ਵਿਚ ਉਹੀ ਜਾਂਦੇ ਹਨ ਜੋ ਪੁੰਨ ਤੇ ਦਾਨ ਕਾਮਨਾ ਵਸ ਹੋ ਕੇ ਕਰਦੇ ਹਨ ਅਤੇ ਇਸ ਦਾ ਬਦਲਾ ਦਰਗਾਹ ਵਿਚ ਚਾਹੁੰਦੇ ਹਨ। ਉਨ੍ਹਾਂ ਨੂੰ ਇਨ੍ਹਾਂ ਪੁੰਨ ਕਰਮਾਂ ਦਾ ਫਲ ਸੈਂਕੜੇ ਗੁਣਾਂ ਵਧ ਜਾਂਦਾ ਹੈ, ਬਹੁਤ ਸੁਖ ਭੋਗਾਏ ਜਾਂਦੇ ਹਨ। ਜਦੋਂ ਫਲ ਮੁਕ ਜਾਂਦਾ ਹੈ, ਫੇਰ ਮਾਤ ਲੋਕ ਵਿਚ ਆ ਜਾਂਦੇ ਹਨ। ਸਵਰਗ ਲੋਕ ਵਿਚ ਜਾ ਕੇ ਜੀਵ ਦੇ ਜੋ ਸੰਚਿਤ ਕਰਮ ਹਨ ਉਨ੍ਹਾਂ ਦਾ ਨਾਸ਼ ਨਹੀਂ ਹੋਇਆ ਕਰਦਾ। ਇਹ ਸੰਚਿਤ ਕਰਮ ਹਜ਼ਾਰਾਂ ਲੱਖਾਂ ਸਾਲ ਪਏ ਰਹਿੰਦੇ ਹਨ ਅਤੇ ਪਰਾਲਬਧ ਕਰਮ ਬਣ ਕੇ ਜੀਵ ਨਾਲ ਆਇਆ ਕਰਦੇ ਹਨ। ਇਸ ਤੋਂ ਬਾਅਦ ਇੰਦਰ ਲੋਕ ਹੋਇਆ ਕਰਦਾ ਹੈ ਜਿਸ ਵਿਚ ਸਵਰਗ ਲੋਕ ਤੋਂ ਸੌ ਗੁਣਾਂ ਸੁਖ ਹੋਇਆ ਕਰਦਾ ਹੈ। ਇੰਦਰ ਲੋਕ 'ਚੋਂ ਜਦੋਂ ਇੰਦਰ ਪਦਵੀ ਦਾ ਸੁੱਖ ਭੋਗ ਕੇ ਮਾਤ ਲੋਕ ਵਿਚ ਭੇਜਿਆ ਜਾਂਦਾ ਹੈ, ਇਹ ਜ਼ਰੂਰੀ ਨਹੀਂ ਕਿ ਉਸ ਨੂੰ ਮਨੁੱਖ ਜੂਨੀ ਮਿਲੇ, ਉਸ ਦੀਆਂ ਵਾਸ਼ਨਾਵਾਂ ਅਨੁਸਾਰ ਉਸ ਦੇ ਕਰਮ ਜੋ ਸੰਚਿਤ ਕਰਮ ਹਨ, ਉਨ੍ਹਾਂ ਅਨੁਸਾਰ ਸਰੀਰ ਮਿਲਦਾ ਹੈ।

ਇਕ ਐਸੀ ਕਥਾ ਆਉਂਦੀ ਹੈ ਕਿ ਇਕ ਵਾਰੀ ਸ੍ਰੀ ਰਾਮ ਚੰਦਰ ਜੀ ਮਹਾਰਾਜ ਦੇ ਸਮੇਂ ਉਨ੍ਹਾਂ ਦੇ ਦਰਬਾਰ ਵਿਚ ਅਧਿਆਤਮਕ ਵਿਚਾਰਾਂ ਹੋ ਰਹੀਆਂ ਸਨ। ਉਨ੍ਹਾਂ ਵਿਚ ਬਹੁਤ ਸਾਰੇ ਰਿਸ਼ੀ-ਮੁਨੀ ਸੰਮਿਲਤ ਸਨ ਅਤੇ ਪ੍ਰਸਿਧ ਰਿਸ਼ੀ ਵਿਸ਼ਵਾਮਿਤਰ ਵੀ ਆਏ ਹੋਏ ਸਨ। ਵਿਸ਼ਿਸ਼ਟ ਜੀ ਕਥਾ ਕਰ ਰਹੇ ਸੀ। ਤਾਂ ਅਚਾਨਕ ਸ੍ਰੀ ਰਾਮ ਚੰਦਰ ਜੀ ਤਾੜੀ ਮਾਰ ਕੇ ਉਚੀ ਸਾਰੀ ਹੱਸ ਪਏ। ਤਾਂ ਉਸ ਵੇਲੇ ਵਿਸ਼ਿਸ਼ਟ ਜੀ ਨੇ ਸਾਰਿਆਂ ਦੀ ਗਿਆਤ ਲਈ ਸ੍ਰੀ ਰਾਮ ਚੰਦਰ ਜੀ ਨੂੰ ਪੁਛਿਆ ਕਿ ਆਪ ਦੇ ਹੱਸਣ ਦਾ ਕੀ ਕਾਰਨ ਹੈ। ਇਸ ਭੇਤ ਬਾਰੇ ਸਾਰਿਆਂ ਨੂੰ ਖੋਲ੍ਹ ਕੇ ਦੱਸੋ।

ਆਪ ਨੇ ਦਸਿਆ ਕਿ ਅਸੀਂ ਤਾਂ ਉਸ ਕੀੜੇ ਵਲ ਦੇਖ ਕੇ ਹੱਸੇ ਹਾਂ ਜਿਸ ਦੀਆਂ ਦੋ ਲੱਤਾਂ ਟੁਟੀਆਂ ਹੋਈਆਂ ਹਨ। ਦੀਵਾਰ ਉਪਰ ਚੜ੍ਹਦਾ ਹੈ ਤੇ ਗਿਰ ਜਾਂਦਾ ਹੈ। ਇਹ ਅੱਜ ਤੋਂ ਪਹਿਲਾਂ 14 ਵਾਰੀ ਇੰਦ੍ਰ ਦੇ ਤਖਤ ਤੇ ਬੈਠ ਚੁਕਿਆ ਹੈ, ਪਰ ਇਹ ਵਾਸ਼ਨਾ ਦੇ ਅਧੀਨ ਹੋਇਆ ਹੋਇਆ ਨਖਿੱਧ ਜੂਨੀਆਂ ਵਿਚ ਘੁੰਮ ਰਿਹਾ ਹੈ। ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਅਸੀਂ ਇਸ ਦੀ ਮੂਰਖਮਤੀ ਤੇ ਹਸ ਰਹੇ ਹਾਂ ਕਿ ਇਸ ਨੇ 14 ਵਾਰੀ ਇੰਦਰ ਦਾ ਤਖਤ ਤਾਂ ਪ੍ਰਾਪਤ ਕਰ ਲਿਆ ਪਰ ਇਸ ਮੂਰਖ ਮਤ ਵਾਲੇ ਨੂੰ ਇਹ ਨਹੀਂ ਪਤਾ ਕਿ ਪ੍ਰਭੂ ਦਾ ਨਾਮ ਜਪ ਕੇ ਪਰਮਪਦ ਦੀ ਪ੍ਰਾਪਤੀ ਕਰਕੇ ਜਨਮ ਮਰਨ ਤੋਂ ਸਦਾ ਲਈ ਰਹਿਤ ਹੋ ਜਾਈਦਾ ਹੈ ਅਤੇ ਪਰਮ ਅਨੰਦ ਨੂੰ ਪ੍ਰਾਪਤ ਹੋ ਜਾਵੇ।

ਸੋ ਇਸ ਤਰ੍ਹਾਂ ਨਾਲ ਸਾਨੂੰ ਇਹ ਗਿਆਤ ਹੁੰਦੀ ਹੈ ਕਿ ਇੰਦਰ ਨੂੰ ਸਵਰਗ ਲੋਕ ਦੇ ਸੁਖ ਮਿਲਣ ਤੋਂ ਬਾਅਦ ਵੀ 84 ਲੱਖ ਜੂਨਾਂ ਦਾ ਗੇੜਾ ਕਟਾਇਆ ਗਿਆ। ਜਦੋਂ ਤਪ ਮੁਕ ਜਾਂਦਾ ਹੈ ਉਸ ਵੇਲੇ ਜੀਵ ਨੂੰ ਮਾਤ ਲੋਕ ਵਿਚ ਗਿਰਾ ਦਿਤਾ ਜਾਂਦਾ ਹੈ। ਇੰਦਰ ਲੋਕ ਤੋਂ ਉਪਰ ਕਰਮ ਦੇਵ ਲੋਕ ਹੋਇਆ ਕਰਦਾ ਹੈ, ਫੇਰ

ਅਜਾਨ ਦੇਵ ਲੋਕ, ਪ੍ਰਜਾਪਤ ਲੋਕ, ਬ੍ਰਹਮ ਲੋਕ, ਸ਼ਿਵ ਲੋਕ ਅਤੇ ਅਖੀਰ ਵਿਚ ਬੈਕੁੰਠ ਧਾਮ, ਵਿਸ਼ਨੂੰ ਜੀ ਮਹਾਰਾਜ ਦੇ ਲੋਕ ਦਾ ਸਵਰਗ ਪ੍ਰਾਪਤ ਹੋਇਆ ਕਰਦਾ ਹੈ।

ਗਨਕਾ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ-

*ਗਈ ਬੈਕੁੰਠਿ ਬਿਬਾਣਿ ਚੜ੍ਹਿ*
*ਨਾਉ ਨਰਾਇਣੁ ਛੋਤਿ ਅਛੋਤਾ॥*
*ਭਾਈ ਗੁਰਦਾਸ ਜੀ ਵਾਰ, 10/21*

ਪ੍ਰਭੂ ਦਾ ਨਾਮ ਜਪੇ ਤੋਂ ਬਿਨਾਂ ਅਟੱਲ ਪਦਵੀ ਪ੍ਰਾਪਤ ਨਹੀਂ ਹੋਇਆ ਕਰਦੀ। ਹੋਰ ਸਾਧਨ ਕਰਨ ਨਾਲ ਕੁਝ ਦੇਰ ਲਈ ਸਵਰਗਾਂ ਦਾ ਸੁਖ ਪ੍ਰਾਪਤੀ ਹੋ ਜਾਂਦਾ ਹੈ ਪਰ ਜਦੋਂ ਪੁੰਨ ਖਤਮ ਹੋ ਜਾਂਦੇ ਹਨ ਫੇਰ ਵਾਪਸ ਆਉਣਾ ਪੈਂਦਾ ਹੈ -

*ਇੰਦ੍ਰ ਲੋਕ ਸਿਵ ਲੋਕਹਿ ਜੈਬੋ॥*
*ਓਛੇ ਤਪ ਕਰਿ ਬਾਹੁਰਿ ਐਬੋ॥*
*ਪੰਨਾ - 692*

ਗੁਰਬਾਨੀ ਵਿਚ ਬ੍ਰਹਮ ਲੋਕ, ਸ਼ਿਵ ਲੋਕ, ਇੰਦਰ ਲੋਕ ਆਦਿ ਸਵਰਗਾਂ ਦੇ ਨਾਮ ਦਿਤੇ ਹੋਏ ਹਨ। ਜੋ ਮਾਇਆ ਮੰਡਲ ਦੇ ਅਧੀਨ ਹਨ ਇਨ੍ਹਾਂ ਸਾਰਿਆਂ ਤੋਂ ਉਪਰ ਗੁਰੂ ਦੀ ਦਰਗਾਹ ਹੈ ਜਿਸਦੇ ਬਾਰੇ ਦਸਿਆ ਜਾ ਚੁਕਿਆ ਹੈ ਕਿ ਉਥੇ ਉਹ ਪ੍ਰੇਮੀ ਜਾਂਦੇ ਹਨ ਜਿਹੜੇ ਹਰ ਵਕਤ ਗੁਰੂ ਦੀ ਅਰਾਧਨਾ ਕਰਦੇ ਹਨ। ਆਪਣੇ ਗੁਰੂ ਨੂੰ ਸਾਖਸ਼ਾਤ ਪਾਰਬ੍ਰਹਮ ਪ੍ਰਮੇਸ਼ਰ ਜਾਣਦੇ ਹਨ। ਗੁਰੂ ਦਾ ਦਿਤਾ ਮੰਤਰ ਜਿਹਭਾ ਨਾਲ ਹਰ ਸਮੇਂ ਜਪਦੇ ਹਨ, ਸੁਆਸ ਰਾਹੀਂ ਜਪਦੇ ਹਨ, ਕੰਠ ਵਿਚ, ਹਿਰਦੇ ਵਿਚ, ਪਰਾ ਬਾਣੀ ਵਿਚ, ਆਗਿਆ ਚਕਰ ਵਿਚ ਜਪਦੇ ਹਨ ਇਸ ਤਰ੍ਹਾਂ ਦਸਮ ਦੁਆਰ ਵਿਚ, ਰੋਮ-ਰੋਮ ਵਿਚ ਜਪਦੇ ਹਨ ਅਤੇ ਗੁਰੂ ਦੇ ਬਚਨਾਂ ਅਨੁਸਾਰ ਅਗਿਆਨ ਦਾ ਹਨ੍ਹੇਰਾ ਦੂਰ ਕਰਕੇ ਉਹ ਸਾਰੀ ਸ੍ਰਿਸ਼ਟੀ ਨੂੰ ਬ੍ਰਹਮ ਦੇਖਦੇ ਹਨ, ਇਕੋ ਬ੍ਰਹਮ ਦੇਖ ਕੇ ਰਾਗ ਦ੍ਵੈਸ਼ ਦੇ ਚੱਕਰ ਵਿਚੋਂ ਨਿਕਲ ਜਾਂਦੇ ਹਨ ਅਤੇ ਹਰ ਵਕਤ ਵਾਹਿਗੁਰੂ ਨੂੰ ਪਿਆਰ ਕਰਦੇ ਹਨ। ਉਨ੍ਹਾਂ ਦਾ ਜਨਮ ਮਰਨ ਖਤਮ ਹੋ ਜਾਇਆ ਕਰਦਾ ਹੈ। ਭਗਤੀ ਭਾਵ ਵਾਲਾ ਆਪਣੇ ਆਪ ਨੂੰ ਕਦੇ ਵੀ ਪ੍ਰਮੇਸ਼ਰ ਨਹੀਂ ਮੰਨਦਾ ਪਰ ਹੁੰਦਾ ਪ੍ਰਮੇਸ਼ਰ ਹੀ ਹੈ ਉਸ ਦੀ ਜੋਤ ਹੀ ਹੁੰਦੀ ਹੈ। ਆਪਣੀ ਹਉਂ ਪੂਰੀ ਤਰ੍ਹਾਂ ਨਵਿਰਤ ਕਰਕੇ ਉਸ ਵਿਚ ਲੀਨ ਹੁੰਦਾ ਹੈ। ਉਥੇ ਕਾਲ ਦੀ ਪਹੁੰਚ ਨਹੀਂ ਹੈ, ਜਿਥੇ ਪਹੁੰਚ ਕੇ ਸਦਾ ਵਾਸਤੇ ਸਾਰੇ ਦੁਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ।

*ਅੰਤਰਿ ਗੁਰੁ ਆਰਾਧਣਾ*
*ਜਿਹਵਾ ਜਪਿ ਗੁਰ ਨਾਉ॥*
*ਨੇਤ੍ਰੀ ਸਤਿਗੁਰੁ ਪੇਖਣਾ*
*ਸ੍ਰਵਣੀ ਸੁਨਣਾ ਗੁਰ ਨਾਉ॥*
*ਸਤਿਗੁਰ ਸੇਤੀ ਰਤਿਆ*
*ਦਰਗਹ ਪਾਈਐ ਠਾਉ॥*
*ਕਹੁ ਨਾਨਕ ਕਿਰਪਾ ਕਰੇ*
*ਜਿਸ ਨੋ ਏਹ ਵਥੁ ਦੇਇ॥*
*ਜਗ ਮਹਿ ਉਤਮ ਕਾਢੀਅਹਿ*
*ਵਿਰਲੇ ਕੇਈ ਕੇਇ॥ ਪੰਨਾ - 517*

ਸੁਖਮਨੀ ਸਾਹਿਬ ਵਿਚ ਇਸ ਦੇ ਬਾਰੇ ਹੋਰ ਸਪਸ਼ਟ ਕਰਦਿਆਂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਕਬਹੂ ਸਾਧਸੰਗਤਿ ਇਹੁ ਪਾਵੈ॥*
*ਉਸੁ ਅਸਥਾਨੁ ਤੇ ਬਹੁਰਿ ਨ ਆਵੈ॥*
*ਅੰਤਰਿ ਹੋਇ ਗਿਆਨ ਪਰਗਾਸੁ॥*
*ਉਸੁ ਅਸਥਾਨ ਕਾ ਨਹੀ ਬਿਨਾਸੁ॥*
*ਮਨ ਤਨ ਨਾਮਿ ਰਤੇ ਇਕ ਰੰਗਿ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥*
*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ॥*
*ਨਾਨਕ ਪ੍ਰਭ ਕੈ ਸਦ ਕੁਰਬਾਨ॥*
*ਪੰਨਾ - 278*

ਗੁਰੂ ਮਹਾਰਾਜ ਜੀ ਜਪੁਜੀ ਸਾਹਿਬ ਦੇ ਅੰਦਰ ਖੰਡਾਂ ਦਾ ਵੇਰਵਾ ਦਿੰਦੇ ਫੁਰਮਾਨ ਕਰਦੇ ਹਨ -

*ਕਰਮਖੰਡ ਕੀ ਬਾਣੀ ਜੋਰੁ॥*
*ਤਿਥੈ ਹੋਰੁ ਨ ਕੋਈ ਹੋਰੁ॥*
*ਤਿਥੈ ਜੋਧ ਮਹਾਬਲ ਸੂਰ॥*
*ਤਿਨ ਮਹਿ ਰਾਮੁ ਰਹਿਆ ਭਰਪੂਰ॥*
*ਤਿਥੈ ਸੀਤੋ ਸੀਤਾ ਮਹਿਮਾ ਮਾਹਿ॥*
*ਤਾ ਕੇ ਰੂਪ ਨ ਕਥਨੇ ਜਾਹਿ॥*
*ਨਾ ਓਹਿ ਮਰਹਿ ਨ ਠਾਗੇ ਜਾਹਿ॥*
*ਜਿਨ ਕੈ ਰਾਮੁ ਵਸੈ ਮਨ ਮਾਹਿ॥*
*ਤਿਥੈ ਭਗਤ ਵਸਹਿ ਕੇ ਲੋਅ॥*
*ਕਰਹਿ ਅਨੰਦੁ ਸਚਾ ਮਨਿ ਸੋਇ॥*
*ਸਚ ਖੰਡਿ ਵਸੈ ਨਿਰੰਕਾਰੁ॥*
*ਕਰਿ ਕਰਿ ਵੇਖੈ ਨਦਰਿ ਨਿਹਾਲ॥*
*ਤਿਥੈ ਖੰਡ ਮੰਡਲ ਵਰਭੰਡ॥*
*ਜੇ ਕੋ ਕਥੈ ਤ ਅੰਤ ਨ ਅੰਤ॥*
*ਤਿਥੈ ਲੋਅ ਲੋਅ ਆਕਾਰ॥*
*ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥*
*ਵੇਖੈ ਵਿਗਸੈ ਕਰਿ ਵੀਚਾਰੁ॥*
*ਨਾਨਕ ਕਥਨਾ ਕਰੜਾ ਸਾਰੁ॥*
*ਪੰਨਾ - 8*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਅਕਥ ਨੂੰ ਕਥਨਾ ਆਦਮੀ ਦੀ ਸ਼ਕਤੀ ਤੋਂ ਬਾਹਰ ਹੋਇਆ ਕਰਦਾ ਹੈ। ਵਾਹਿਗੁਰੂ ਜੀ ਅਗੰਮ ਅਗੋਚਰ ਹਨ ਉਨ੍ਹਾਂ ਦੀ ਕ੍ਰਿਆ ਨੂੰ ਅੱਖਰਾਂ ਵਿਚ ਸੀਮਤ ਨਹੀਂ ਕੀਤਾ ਜਾ ਸਕਦਾ। ਉਸ ਨੂੰ ਮਾਣਿਆ ਤਾਂ ਜਾ ਸਕਦਾ ਹੈ, ਵਿਆਖਿਆ ਨਹੀਂ ਕੀਤੀ ਜਾ ਸਕਦੀ। ਇਹ ਸੱਚੀ ਦਰਗਾਹ ਉਨ੍ਹਾਂ ਗੁਰਮੁਖ ਪਿਆਰਿਆਂ ਨੂੰ ਪ੍ਰਾਪਤ ਹੁੰਦੀ ਹੈ ਜਿਨ੍ਹਾਂ ਨੇ ਹਰ ਥਾਂ ਪ੍ਰਮੇਸ਼ਰ ਨੂੰ ਪਛਾਣ ਕੇ ਆਪਣਾ ਆਪਾ ਭਾਵ ਗਵਾ ਕੇ ਪ੍ਰਮੇਸ਼ਰ ਨੂੰ ਪ੍ਰਾਪਤ ਕੀਤਾ ਹੈ।

ਉਥੇ ਕਿਸ ਤਰ੍ਹਾਂ ਦਾ ਵਰਤਾਰਾ ਹੁੰਦਾ ਹੈ ਇਸ ਬਾਰੇ ਗੁਰੂ ਮਹਾਰਾਜ 'ਕਥਨਾ ਕਰੜਾ ਸਾਰੁ' ਆਖਦੇ ਹਨ।

ਜਿਨ੍ਹਾਂ ਨਰਕਾਂ ਤੇ ਸਵਰਗਾਂ ਦੇ ਜ਼ਿਕਰ ਬਾਰੇ ਉਪਰ ਦਸਿਆ ਗਿਆ ਹੈ ਇਹ ਕੋਈ ਕਲਪਤ ਕਲਪਨਾ ਨਹੀਂ ਹੈ ਪਰ ਸਤਿ ਹੋਣ ਕਰਕੇ ਸਤਿਪੁਰਸ਼ਾਂ ਨੇ ਆਪਣੇ ਅਨੁਭਵ ਦੇ ਮੁਤਾਬਕ ਇਸ ਦਾ ਵੇਰਵਾ ਦਿਤਾ ਹੈ। ਗੁਰਬਾਣੀ ਵਿਚ ਇਕੱਲੇ-ਇਕੱਲੇ ਨਰਕ ਬਾਰੇ ਨਹੀਂ ਲਿਖਿਆ, ਪਰ ਨਰਕਾਂ ਦੇ ਦੁਖਾਂ ਬਾਰੇ ਕਾਫੀ ਵਾਕਫੀਅਤ ਮਿਲਦੀ ਹੈ। ਇਹ ਵੀ ਪਤਾ ਲਗਦਾ ਹੈ ਕਿ ਨਰਕ ਵਿਚ ਕਿਸਨੂੰ ਜਾਣਾ ਪੈਂਦਾ ਹੈ ਜਿਸ ਆਦਮੀ ਨੇ ਮਾਨਸ ਜਨਮ ਧਾਰ ਕੇ ਵਿਸ਼ੇ ਵਿਕਾਰਾਂ ਵਿਚ ਪ੍ਰਵਿਰਤ ਹੋ ਕੇ ਆਪਣਾ ਜੀਵਨ ਨਸ਼ਟ ਕਰ ਦਿਤਾ, ਪ੍ਰਮੇਸ਼ਰ ਦੀ ਭਗਤੀ ਨਹੀਂ ਕੀਤੀ ਅਤੇ ਨੇਕ ਕੰਮ ਨਹੀਂ ਕੀਤੇ ਉਸ ਨੂੰ ਨਰਕ ਵਿਚ ਜਾਣਾ ਪੈਂਦਾ ਹੈ। ਭਾਵੇਂ ਉਹ ਮੁਖ ਤੋਂ ਚਾਰ ਵੇਦ ਪੜ੍ਹਦਾ ਰਿਹਾ ਹੋਵੇ, ਤਪ ਕਰ ਰਿਹਾ ਹੋਵੇ, ਤੀਰਥ ਯਾਤਰਾ ਕਰਦਾ ਰਿਹਾ ਹੋਵੇ। ਖਟ ਕਰਮ, ਪੂਜਾ ਕਰਦਾ ਰਿਹਾ ਹੋਵੇ ਜੇ ਉਸਦਾ ਪ੍ਰਮੇਸ਼ਰ ਨਾਲ ਪਿਆਰ ਨਹੀਂ ਲੱਗਿਆ ਤਾਂ ਇਹ ਨਿਰਾਰਥਕ ਰਸਮਾਂ ਹੀ ਹਨ ਇਨ੍ਹਾਂ ਰਸਮਾਂ ਨੇ ਜੀਵ ਨੂੰ ਨਰਕ ਤੋਂ ਨਹੀਂ ਬਚਾ ਸਕਣਾ।

*ਸਾਸਤ ਸਿੰਮ੍ਰਿਤਿ ਬੇਦ ਚਾਰਿ*
*ਮੁਖਾਗਰ ਬਿਚਰੇ॥*
*ਤਪੇ ਤਪੀਸਰ ਜੋਗੀਆ*
*ਤੀਰਥਿ ਗਵਨੁ ਕਰੇ॥*
*ਖਟੁ ਕਰਮਾ ਤੇ ਦੁਗੁਣੇ*
*ਪੂਜਾ ਕਰਤਾ ਨਾਇ॥*
*ਰੰਗੁ ਨ ਲਗੀ ਪਾਰਬ੍ਰਹਮ*
*ਤਾ ਸਰਪਰ ਨਰਕੇ ਜਾਇ॥*

*ਪੰਨਾ - 70*

ਭਾਵੇਂ ਕਿੱਡਾ ਹੀ ਵੱਡਾ ਧਨਾਢ ਹੋਵੇ, ਅਚਾਰਵੰਤ ਹੋਵੇ, ਉਸ ਦੀ ਸੋਭਾ ਵੀ ਹੋਵੇ, ਗੀਤ ਵੀ ਨਿਰਮਲ ਹੋਵੇ, ਰਿਸ਼ਤੇਦਾਰਾਂ ਨਾਲ ਪ੍ਰੀਤ, ਫੌਜਾਂ ਵੀ ਹੋਣ ਸਾਰੇ ਸਤਿਕਾਰ ਨਾਲ ਜੀਓ-ਜੀਓ ਕਹਿੰਦੇ ਹੋਣ ਪਰ ਜੇ ਸਾਰੀ ਜ਼ਿੰਦਗੀ ਵਾਹਿਗੁਰੂ ਨੂੰ ਭੁੱਲਿਆ ਰਿਹਾ ਅਤੇ ਇਸ ਫੋਕੇ ਭਾਵ ਤੇ ਹੀ ਰਿਹਾ ਕਿ ਮੈਂ ਕੋਈ ਪਾਪ ਨਹੀਂ ਕਰ ਰਿਹਾ ਤਾਂ ਵੀ ਉਸ ਨੂੰ ਨਰਕ ਵਿਚ ਜਾਣਾ ਪੈਂਦਾ ਹੈ। ਮਾਇਕ ਪਦਾਰਥਾਂ ਨੇ ਇਥੇ ਤਾਂ ਸੁਖ ਦਿਤਾ ਪਰ ਇਹ ਦਰਗਾਹ ਵਿਚ ਜਾ ਕੇ ਸਹਾਇਤਾ ਨਹੀਂ ਕਰਦੇ। ਇਹ ਸੁਖਾਂ ਤੋਂ ਹੀ ਨਰਕ ਪ੍ਰਾਪਤ ਹੁੰਦੇ ਹਨ -

*ਬਹੁਤੁ ਧਨਾਢਿ ਅਚਾਰਵੰਤੁ*
*ਸੋਭਾ ਨਿਰਮਲ ਰੀਤਿ॥*
*ਮਾਤ ਪਿਤਾ ਸੁਤ ਭਾਈਆ*
*ਸਾਜਨ ਸੰਗਿ ਪਰੀਤਿ॥*
*ਲਸਕਰ ਤਰਕਸਬੰਦ ਬੰਦ ਜੀਉ*
*ਜੀਉ ਸਗਲੀ ਕੀਤ॥*
*ਚਿਤਿ ਨ ਆਇਓ ਪਾਰਬ੍ਰਹਮੁ*
*ਤਾ ਖੜਿ ਰਸਾਤਲਿ ਦੀਤ॥*

*ਪੰਨਾ - 71*

ਜਿਥੇ ਭਗਤਾਂ ਅਤੇ ਪਾਪੀਆਂ ਦਾ ਨਿਰਣਾ ਕੀਤਾ ਗਿਆ ਹੈ, ਉਸ ਥਾਂ ਗੁਰਬਾਣੀ ਵਿਚ ਆਉਂਦਾ ਹੈ ਕਿ ਉਹ ਭਗਤਾਂ ਨੂੰ ਥਿਰ ਘਰ ਵਿਚ ਨਿਵਾਸ ਦਿੰਦਾ ਹੈ ਪਰ ਜੋ ਪਾਪੀ ਹਨ ਉਨ੍ਹਾਂ ਨੂੰ ਨਰਕਾਂ ਵਿਚ ਧੱਕੇ ਖਾਣੇ ਪੈਂਦੇ ਹਨ -

*ਹਰਿ ਆਪਣੀ ਭਗਤਿ ਕਰਾਇ*
*ਵਡਿਆਈ ਵੇਖਾਲੀਅਨੁ॥*
*ਆਪਣੀ ਆਪਿ ਕਰੇ ਪਰਤੀਤਿ*
*ਆਪੇ ਸੇਵ ਘਾਲੀਅਨੁ॥*
*ਹਰਿ ਭਗਤਾ ਨੋ ਦੇਇ*
*ਅਨੰਦੁ ਥਿਰੁ ਘਰੀ ਬਹਾਲਿਅਨੁ॥*
*ਪਾਪੀਆ ਨੋ ਨ ਦੇਈ ਥਿਰੁ*
*ਰਹਣਿ ਚੁਣਿ ਨਰਕ ਘੋਰਿ ਚਾਲਿਅਨੁ॥*
*ਹਰਿ ਭਗਤਾ ਨੋ ਦੇਇ ਪਿਆਰੁ*
*ਕਰਿ ਅੰਗੁ ਨਿਸਤਾਰਿਅਨੁ॥*

*ਪੰਨਾ - 91*

ਜਿਹੜੇ ਭਗਤ ਸੁੱਚੀ ਕਿਰਤ ਕਰਦੇ ਹਨ ਅਤੇ ਵਾਹਿਗੁਰੂ ਨੂੰ ਸਦਾ ਯਾਦ ਰਖਦੇ ਹਨ, ਉਹ ਵਾਹਿਗੁਰੂ ਦੇ ਨਿਜ ਘਰ ਵਿਚ ਥਾਂ ਪਾਉਂਦੇ ਹਨ, ਨਰਕਾਂ ਵਿਚ ਪਾਪੀ ਲੋਕ ਸੁੱਟ ਦਿਤੇ ਜਾਂਦੇ ਹਨ ਜੋ ਇਥੇ ਸੁਖ ਭੋਗਦੇ ਹਨ ਅਤੇ ਪ੍ਰਮੇਸ਼ਰ ਤੋਂ ਬੇਮੁਖ ਹੋਏ ਹੋਏ ਪਾਪ ਕਰਮ ਕਮਾਉਂਦੇ ਹਨ, ਉਨ੍ਹਾਂ ਨੂੰ ਸਰੀਰ ਛੱਡਣ ਤੋਂ ਬਾਅਦ ਨਰਕਾਂ ਵਿਚ ਜਾ ਕੇ ਸਜ਼ਾਵਾਂ ਭੁਗਤਣੀਆਂ ਪੈਣਗੀਆਂ, ਐਸੇ ਬਿਖਮ ਘੋਰ ਪੈਂਡੇ ਵਿਚੋਂ ਲੰਘਣਾ ਪਏਗਾ ਜਿਥੇ ਸੂਰਜ ਚੰਦ ਦੇ ਚਾਨਣ ਦਾ ਪ੍ਰਵੇਸ਼ ਨਹੀਂ।

*ਬਿਖਮ ਘੋਰ ਪੰਥਿ ਚਾਲਣਾ*
*ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ॥*
*ਮਾਇਆ ਮੋਹੁ ਤਬ ਬਿਸਰਿ ਗਇਆ*
*ਜਾਂ ਤਜੀਅਲੇ ਸੰਸਾਰੰ॥ ਪੰਨਾ - 92*

ਸੂਰਜ, ਚੰਦਰਮਾ, ਤਾਰੇ ਸਿਰਫ ਇਸ ਪ੍ਰਕ੍ਰਿਤਕ ਮੰਡਲ ਵਿਚ ਨਜ਼ਰ ਆਇਆ ਕਰਦੇ ਹਨ। ਬਾਕੀ ਤਬਕਿਆਂ ਵਿਚ ਘੁੱਪ ਹਨ੍ਹੇਰ ਹੋਇਆ ਕਰਦਾ ਹੈ। ਉਹ ਸਾਰੇ ਹਨ੍ਹੇਰ ਵਿਚ ਵਸਦੇ ਹਨ ਉਥੇ ਦੁਖ ਹੀ ਦੁਖ ਹਨ। ਉਥੇ ਸੂਖਸ਼ਮ ਦੇਹੀ ਸੰਯੁਕਤ ਜੀਵ ਨੂੰ ਇਕੱਲੇ ਜਾਣਾ ਪੈਂਦਾ ਹੈ ਅਤੇ ਜਦੋਂ ਪਾਪਾਂ ਦੀ ਪੰਡ ਲੈ ਕੇ ਜਾਂਦਾ ਹੈ ਤਾਂ ਉਸ ਦਾ ਬੋਝ ਇਸ ਨੂੰ ਚੁਕਣਾ ਔਖਾ ਹੋ ਜਾਂਦਾ ਹੈ -

*ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ*
*ਪੇਖੀਅਲੇ ਧਰਮ ਰਾਓ॥*
*ਤਹ ਕਰ ਦਲ ਕਰਨਿ ਮਹਾਬਲੀ*
*ਤਿਨ ਆਗਲੜੈ ਮੈ ਰਹਣੁ ਨ ਜਾਇ॥*

*ਪੰਨਾ - 92*

ਗੁਰਮੁਖ ਪਿਆਰੇ ਬੰਦਗੀ ਕਰਨ ਵਾਲੇ ਪ੍ਰਤੱਖ

ਰੂਪ ਵਿਚ ਦੇਖ ਲਿਆ ਕਰਦੇ ਹਨ ਕਿ ਇਹ ਜੀਵ ਕਿੰਨੇ ਦੁਖ ਝੱਲ ਕੇ ਮਹਾਂਬਲੀ ਦੇ ਵਸ ਪੈ ਕੇ ਦੁਖ ਭੋਗਦਾ ਹੈ, ਪੁਕਾਰਾਂ ਕਰਦਾ ਹੈ ਕਿਉਂਕਿ ਸਮਾਂ ਬੀਤ ਗਿਆ।

ਇਕ ਕੋਈ ਪ੍ਰੇਮੀ ਯੋਗ ਸਾਧਨ ਕਰਿਆ ਕਰਦਾ ਸੀ। ਉਸ ਦੀ ਬਿਰਤੀ ਸੂਖਸ਼ਮ ਮੰਡਲਾਂ ਵਿਚ ਪ੍ਰਵੇਸ਼ ਕਰ ਗਈ। ਉਸ ਦੀ ਪਹੁੰਚ ਧਰਮਰਾਜ ਦੀ ਦਰਗਾਹ ਤਕ ਹੋ ਗਈ। ਉਹ ਗੁਪਤ ਰੂਪ ਵਿਚ ਸੁਰਤੀ ਨੂੰ ਧਰਮਰਾਏ ਦੇ ਮੰਡਲ ਵਿਚ ਲੈ ਜਾਇਆ ਕਰਦਾ ਸੀ। ਗੁਪਤ ਰਹਿ ਕੇ ਹੀ ਦੇਖਦਾ ਸੀ ਕਿ ਇਸ ਜੀਵ ਨੂੰ ਕਿੰਨੀ ਮਾਰ ਪੈਂਦੀ ਹੈ ਅਤੇ ਇਹ ਅੱਗੇ ਜਨਮ ਧਾਰਦਾ ਹੈ ਜਾਂ ਨਰਕਾਂ ਵਿਚ ਸੁੱਟ ਦਿਤਾ ਜਾਂਦਾ ਹੈ ਪਰ ਕਿਸੇ ਨੂੰ ਦਸਿਆ ਨਹੀਂ ਸੀ ਕਰਦਾ। ਕਦੇ-ਕਦੇ ਇਸ ਤੋਂ ਇਸ ਪ੍ਰਾਪਤੀ ਨੂੰ ਜਰ ਨਾ ਹੋਣਾ। ਰਮਜ਼ ਮਾਰ ਕੇ ਦਸ ਦਿਆ ਕਰਦੇ ਸਨ। ਇਕ ਦਿਨ ਇਨ੍ਹਾਂ ਦਾ ਚਾਚਾ ਚੜ੍ਹਾਈ ਕਰ ਗਿਆ ਉਸ ਨੂੰ ਦੇਖਣ ਲਈ ਉਹ ਸੂਖਸ਼ਮ ਸਰੀਰ ਰਾਹੀਂ ਧਰਮਰਾਜ ਦੀ ਦਰਗਾਹ ਵਿਚ ਪਹੁੰਚ ਗਿਆ। ਉਥੇ ਉਸ ਨੇ ਸਭ ਕੁਝ ਦੇਖ ਲਿਆ। ਜਦੋਂ ਤਿੰਨ-ਚਾਰ ਮਹੀਨੇ ਲੰਘ ਗਏ ਉਸ ਵੇਲੇ ਉਸ ਦੇ ਚਾਚੇ ਦੇ ਪੁੱਤਰ ਭਰਾਵਾਂ ਨੇ ਪੁਛਿਆ ਕਿ ਤੁਸੀਂ ਤਾਂ ਜੋ ਰੂਹਾਂ ਇਥੋਂ ਜਾਂਦੀਆਂ ਹਨ ਉਨ੍ਹਾਂ ਨੂੰ ਦੇਖ ਲੈਂਦੇ ਹੋ। ਸਾਡਾ ਪਿਤਾ ਕਿਥੇ ਗਿਆ ਹੈ? ਤਾਂ ਉਸ ਨੇ ਕਿਹਾ ਕਲ੍ਹ ਨੂੰ ਦਸਾਂਗਾ। ਕਿਉਂਕਿ ਉਹ ਪਹਿਲਾਂ ਦੇਖ ਚੁਕਿਆ ਸੀ। ਉਸ ਨੇ ਆਪਣੀ ਸੁਰਤੀ ਇਕਾਗਰ ਕਰਕੇ ਫੇਰ ਸਾਰਾ ਦ੍ਰਿਸ਼ ਦੇਖਿਆ। ਜਦੋਂ ਧਿਆਨ ਤੋਂ ਉਠਿਆ ਤਾਂ ਉਸ ਵੇਲੇ ਆਪਣੇ ਭਰਾਵਾਂ ਨੂੰ ਕਹਿਣ ਲੱਗਿਆ ਕਿ ਭਰਾ ਜੀ! ਤੁਹਾਡੇ ਪਿਤਾ ਜੀ 40 ਮੀਲ ਦੂਰ ਇਕ ਪਿੰਡ ਵਿਚ ਗਰਭ ਵਿਚ ਪਏ ਹੋਏ ਹਨ। ਨਿਰਣਾ ਕਰਨ ਲਈ ਉਸ ਦੇ ਭਰਾ ਉਸ ਨੂੰ ਨਾਲ ਲੈ ਕੇ ਉਸ ਪਿੰਡ ਵਿਚ ਪਹੁੰਚੇ, ਜਿਥੇ ਨਵ ਵਿਆਹੀ ਬੀਬੀ ਉਸ ਘਰ ਵਿਚ ਆਈ ਸੀ। ਉਨ੍ਹਾਂ ਨੇ ਭਲੇ ਪੁਰਸ਼ ਦੇਖ ਕੇ ਇਨ੍ਹਾਂ ਨੂੰ ਬਿਠਾ ਲਿਆ ਤਾਂ ਉਸ ਵੇਲੇ ਲੜਕੇ ਦੀ ਮਾਤਾ ਨੇ ਪੁਛਿਆ ਕਿ ਤੁਸੀਂ ਕਿਸ ਤਰ੍ਹਾਂ ਆਏ ਹੋ? ਇਨ੍ਹਾਂ ਨੇ ਕਿਹਾ ਕਿ ਮਾਤਾ ਜੀ! ਸਾਡੇ ਚਾਚਾ ਜੀ ਦੀ ਰੂਹ ਤੁਹਾਡੇ ਘਰ ਗਰਭ ਵਿਚ ਆਈ ਹੋਈ ਹੈ। ਅਸੀਂ ਸਿਰਫ ਨਿਰਣਾ ਕਰਨਾ ਹੈ ਕਿ ਕੀ ਇਹ ਗੱਲ ਠੀਕ ਹੈ। ਉਸ ਨੇ ਦਸਿਆ ਕਿ ਹਾਂ, ਬਹੂ ਨੂੰ ਉਮੀਦਵਾਰੀ ਹੋਈ ਹੋਈ ਹੈ, ਚਾਰ ਮਹੀਨੇ ਹੋ ਗਏ।

ਇਸ ਗੱਲ ਦਾ ਦਰਗਾਹ ਵਿਚ ਇਕ ਦਮ ਪਤਾ ਲਗ ਗਿਆ ਕਿ ਦਰਗਾਹ ਦੇ ਭੇਤ ਕੋਈ ਜਾ ਕੇ ਦਸਦਾ ਹੈ। ਜਦੋਂ ਇਹ ਪ੍ਰੇਮੀ ਫੇਰ ਧਰਮਰਾਜ ਦੇ ਮੰਡਲ ਵਿਚ ਗਿਆ ਉਥੇ ਇਸ ਨੂੰ ਪਕੜ ਲਿਆ ਗਿਆ ਅਤੇ ਬਹੁਤ ਮਾਰ ਪਈ। ਜਿਥੇ-ਜਿਥੇ ਉਨ੍ਹਾਂ ਦੇ ਹੱਥ ਲੱਗੇ ਉਥੇ-ਉਥੇ ਸਰੀਰ ਤੇ ਫੋੜੇ ਹੋ ਗਏ। ਬਿਰਤੀ ਲਗਣ ਤੋਂ ਹਟ ਗਈ, ਥੋੜ੍ਹਾ ਬਹੁਤ ਜੋ ਰਸ ਆਉਂਦਾ ਸੀ ਉਹ ਵੀ ਜਾਂਦਾ ਰਿਹਾ। ਇਸ ਤਰ੍ਹਾਂ ਬਿਮਾਰ ਹੋ ਗਿਆ। ਮਹਾਂਪੁਰਸ਼ਾਂ ਦੇ ਡੇਰਿਆਂ ਤੇ ਗਏ, ਹਰ ਥਾਂ ਗਏ, ਕੋਈ ਮਹਾਂਪੁਰਸ਼ ਇਲਾਜ ਨਾ ਕਰੇ। ਅਖੀਰ ਕੋਈ ਦਇਆਵਾਨ ਸਾਧੂ ਮਿਲੇ ਉਨ੍ਹਾਂ ਨੇ ਕਿਹਾ ਕਾਕਾ! ਤੂੰ ਬਹੁਤ ਬੁਰੀ ਗੱਲ ਕੀਤੀ ਹੈ। ਕੋਈ ਦਰਗਾਹ ਦੇ ਭੇਤ ਨਹੀਂ ਦਸਦਾ। ਮਹਾਂਪੁਰਸ਼ ਤਾਂ ਬਹੁਤ ਉਚੇ ਮੰਡਲਾਂ ਵਿਚ ਉਡਾਰੀਆਂ ਮਾਰ ਆਉਂਦੇ ਹਨ, ਪਰ ਤੂੰ ਖਾਹਮਖਾਹ ਪ੍ਰਮੇਸ਼ਰ ਦੀ ਗੁਪਤ ਗੱਲ ਨੂੰ ਪ੍ਰਗਟ ਕੀਤਾ ਹੈ। ਉਸ ਵੇਲੇ ਉਸ ਨੇ ਆਪਣਾ ਮੰਤਰ ਦਿਤਾ ਜਿਸ ਨੂੰ ਜਪ ਕੇ ਉਸ ਦੇ ਸਰੀਰ ਦੇ ਸਾਰੇ ਫੋੜੇ ਹਟ ਗਏ ਪਰ ਧਰਮਖੰਡ ਦੇ ਮੰਡਲ ਵਿਚ ਫੇਰ ਨਹੀਂ ਜਾ ਸਕਿਆ। ਬਹੁਤ ਸਾਰੀਆਂ ਇਸ ਮੰਡਲ ਦੀਆਂ ਸਾਖੀਆਂ ਪ੍ਰਚਲਤ ਹਨ ਜਿਥੇ ਜੇ ਕੋਈ ਬੰਦਗੀ ਕਰਨ ਵਾਲਾ ਪੁਰਸ਼ ਪਹੁੰਚ ਗਿਆ ਉਸ ਦੀ ਸੇਵਾ ਹੁੰਦੀ ਹੈ। ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

***ਸਾਧਸੰਗਿ ਧਰਮ ਰਾਇ ਕਰੇ ਸੇਵਾ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ॥***

***ਪੰਨਾ - 271***

ਇਕ ਕਥਾ ਹੈ ਕਿ ਬ੍ਰਹਮਗਿਆਨੀ ਮਹਾਂਪੁਰਸ਼ ਗੁਰੂ ਨਾਨਕ ਅੰਸ ਬੇਦੀ ਕੁਲ ਦੇ ਭੂਸ਼ਣ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਪੂਰਨ ਮਹਾਂਪੁਰਸ਼ ਸਨ। ਆਪ ਦੇ ਲੰਗਰ ਵਿਚ ਭਾਈ ਭਾਗ ਸਿੰਘ ਜੀ ਸੇਵਾ ਕਰਿਆ ਕਰਦੇ ਸਨ। 13000 ਪ੍ਰੇਮੀ ਆਪ ਦੇ ਹਜ਼ੂਰ ਹਮੇਸ਼ਾ ਹੀ ਰਿਹਾ ਕਰਦਾ ਸੀ। ਬਹੁਤ ਵੱਡੇ-ਵੱਡੇ ਪਤੀਲੇ ਸਨ ਜਿਨ੍ਹਾਂ ਨੂੰ ਘੋੜੇ ਖਿਚਦੇ ਸਨ ਅਤੇ ਪੌੜੀਆਂ ਲੱਗੀਆਂ ਹੋਈਆਂ ਸਨ ਜਿਨ੍ਹਾਂ ਤੇ ਚੜ੍ਹ ਕੇ ਦਾਲਾ ਹਿਲਾਇਆ ਜਾਂਦਾ ਸੀ। ਇਹ ਸਾਰੇ ਦੇਗੇ ਬਾਬਾ ਬੀਰ ਸਿੰਘ ਜੀ ਨੂੰ ਦਿਤੇ ਗਏ। ਜਿਨ੍ਹਾਂ ਦੇ ਲੰਗਰ ਵਿਚ 50 ਸੇਵਾਦਾਰ, ਦਾਲ ਸਬਜ਼ੀਆਂ, ਪ੍ਰਸ਼ਾਦੇ ਤਿਆਰ ਕਰਦੇ ਸਨ। ਆਪ ਦੇ ਲੰਗਰ ਵਿਚ ਭਾਈ ਭਾਗ ਸਿੰਘ ਜੀ ਸੇਵਾ ਕਰਿਆ ਕਰਦੇ ਸਨ। ਉਸਦੀ ਮਾਈ ਵੀ ਆ ਕੇ ਸੇਵਾ ਕਰਦੀ ਸੀ। ਇਕ ਵਾਰੀ ਐਸਾ ਹੋਇਆ ਕਿ ਉਸ ਮਾਈ ਦਾ ਸਰੀਰ ਛੁਟ ਗਿਆ। ਭਾਈ ਭਾਗ ਸਿੰਘ ਜੀ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਆਏ, ਸਸਕਾਰ ਲਈ ਮਹਾਂਪੁਰਸ਼ਾਂ ਤੋਂ ਆਗਿਆ ਮੰਗੀ। ਮਹਾਂਪੁਰਸ਼ ਸੁਣ ਕੇ ਅੰਤਰ ਧਿਆਨ ਹੋ ਗਏ। ਭਾਈ ਭਾਗ ਸਿੰਘ ਜੀ ਨੂੰ ਆਗਿਆ ਦੇ ਦਿਤੀ ਅਤੇ ਨਾਲ ਹੀ ਕਿਹਾ ਕਿ ਸਾਡੇ ਪੁਛੇ ਬਗੈਰ ਸਸਕਾਰ ਨਹੀਂ ਕਰਨਾ। ਐਸਾ ਹੋਇਆ ਕਿ ਕਈ ਘੰਟੇ ਬਾਅਦ ਮਾਤਾ ਦੀ ਰੂਹ ਮੁਰਦਾ ਪਈ ਦੇਹੀ ਵਿਚ ਫੇਰ ਪ੍ਰਵੇਸ਼ ਕਰ ਗਈ ਉਸ ਸਮੇਂ ਆਪ ਨੇ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰਨ ਵਾਸਤੇ ਆਪਣੀ ਇੱਛਾ ਜ਼ਾਹਰ ਕੀਤੀ।

ਭਾਈ ਭਾਗ ਸਿੰਘ ਤੇ ਹੋਰ ਪ੍ਰੇਮੀ ਮਾਤਾ ਜੀ ਨੂੰ ਲੈ ਕੇ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਆ ਪਹੁੰਚੇ। ਤਾਂ ਮਾਤਾ ਜੀ ਨੂੰ ਆਪ ਨੇ ਪੁਛਿਆ ਕਿ ਦੱਸ ਮਾਤਾ ਪਰਲੋਕ ਦਾ ਹਾਲ ਜੋ ਤੇਰੇ ਨਾਲ ਵਾਪਰੀ। ਉਸ ਵੇਲੇ ਮਾਤਾ ਨੇ ਕਿਹਾ ਕਿ ਮੈਨੂੰ ਸਰੀਰ ਵਿਚੋਂ ਕੋਈ ਭਲੇ ਪੁਰਸ਼ ਹੀ ਲੈ ਗਏ। ਮੈਨੂੰ ਸਾਰਾ ਕੁਝ ਦਿਸਦਾ ਸੀ, ਉਨ੍ਹਾ

ਸਾਹਿਬ ਦੀਆਂ ਸਾਰੀਆਂ ਪਹਾੜੀਆਂ ਦੇਖ ਰਹੀ ਸੀ। ਕਿਉਂਕਿ ਮੈਂ ਬਹੁਤ ਉਚਾ ਉਡ ਰਹੀ ਸੀ, ਪਰ ਤਕਲੀਫ ਕੋਈ ਨਹੀਂ ਸੀ। ਫੇਰ ਧਰਮਰਾਜ ਦੇ ਲੈ ਗਏ ਉਥੇ ਉਨ੍ਹਾਂ ਨੇ ਹਿਸਾਬ ਕਿਤਾਬ ਦੇਖਿਆ ਤਾਂ ਮੇਰਾ ਨਾਮ ਨਾ ਨਿਕਲਿਆ, ਮੇਰੀ ਜਗ੍ਹਾ ਕਿਸੇ ਹੋਰ ਦਾ ਨਾਂ ਨਿਕਲਿਆ। ਮੇਰੇ ਪਿਤਾ ਦਾ ਹੋਰ ਨਾਮ ਸੀ ਅਤੇ ਉਸ ਦੇ ਪਿਤਾ ਦਾ ਹੋਰ ਨਾਮ ਸੀ। ਧਰਮਰਾਜ ਨੇ ਕਿਹਾ ਕਿ ਬਹੁਤ ਭਾਰੀ ਗਲਤੀ ਕੀਤੀ ਹੈ ਇਸ ਨੇ ਤਾਂ ਆਉਣਾ ਹੀ ਨਹੀਂ ਸੀ ਇਥੇ। ਇਹਨੇ ਤਾਂ ਗੁਰੂ ਦੀ ਦਰਗਾਹ ਵਿਚ ਜਾਣਾ ਸੀ। ਸਭ ਨੂੰ ਕੁਝ ਘਬਰਾਹਟ ਪੈਦਾ ਹੋ ਗਈ ਅਤੇ ਮੇਰੀ ਸੇਵਾ ਕਰਨ ਲਗ ਗਏ। ਕਦੇ ਕੁਝ ਲਿਆਉਣ-ਕਦੇ ਕੁਛ ਲਿਆਉਣ। ਧਰਮਰਾਜ ਨੇ ਕਿਹਾ ਕਿ ਬੀਬੀ! ਤੁਹਾਡਾ ਨਾਮ ਇਥੇ ਕਾਗਜ਼ਾਂ ਵਿਚ ਨਹੀਂ ਹੈ ਇਥੇ ਤਾਂ ਪਾਪੀ ਪੁੰਨੀ ਆਉਂਦੇ ਹਨ ਪੁੰਨੀਆਂ ਨੂੰ ਪੁੰਨਾਂ ਦੇ ਫਲ ਬਦਲੇ ਚੰਗੇ ਘਰ, ਸੁਖ, ਆਰਾਮ ਮਿਲਦਾ ਹੈ। ਜਿਹੜੇ ਉਸ ਤੋਂ ਜ਼ਿਆਦਾ ਪੁੰਨਾਂ ਵਾਲੇ ਆਉਂਦੇ ਹਨ ਉਹ ਸਵਰਗ ਵਿਚ ਜਾਂਦੇ ਹਨ। ਬਾਬਾ ਜੀ ਕਹਿਣ ਲੱਗੇ ਕਿ ਬੀਬਾ! ਐਂ ਦਸ ਕਿ ਧਰਮਰਾਜ ਨੇ ਸੇਵਾ ਵੀ ਕੀਤੀ? ਕਹਿਣ ਲੱਗੀ ਹਾਂ, ਮਹਾਰਾਜ! ਇਹ ਤਾਂ ਮੈਂ ਦਸ ਚੁਕੀ ਹਾਂ। ਬਾਬਾ ਜੀ ਕਹਿਣ ਲੱਗੇ ਕਿ ਗੁਰੂ ਸੇਵਾ ਦਾ, ਗੁਰੂ ਪਿਆਰਿਆਂ ਦੀ ਸੇਵਾ ਕਰਨ ਦਾ ਕਿੱਡਾ ਫਲ ਹੈ-

*ਸਾਧਸੰਗਿ ਧਰਮ ਰਾਇ ਕਰੇ ਸੇਵਾ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ॥*
*ਸਾਧੂ ਕੈ ਸੰਗਿ ਪਾਪ ਪਲਾਇਨ॥*
*ਸਾਧਸੰਗਿ ਅੰਮ੍ਰਿਤ ਗੁਨ ਗਾਇਨ॥*
*ਸਾਧ ਕੈ ਸੰਗਿ ਸ੍ਰਬ ਥਾਨ ਗੰਮਿ॥*
*ਨਾਨਕ ਸਾਧ ਕੈ ਸੰਗਿ ਸਫਲ ਜਨੰਮ॥*

*ਪੰਨਾ - 272*

ਗੁਰੂ ਮਹਾਰਾਜ ਜੀ ਨੇ ਇਹ ਵੀ ਫੁਰਮਾਨ ਕੀਤਾ ਹੈ ਕਿ ਨਰਕ ਵਿਚ ਕਿਸ ਤਰ੍ਹਾਂ ਜਾਇਆ ਜਾਂਦਾ ਹੈ। ਆਪ ਨੇ ਦਸਿਆ ਕਿ ਜਿਨ੍ਹਾਂ ਦੇ ਅੰਦਰ ਰਾਜਸੀ ਅਭਿਮਾਨ ਹੈ ਅਤੇ ਥੋੜ੍ਹੀ ਬਹੁਤ ਵੀ ਰਾਜਸੀ ਸ਼ਕਤੀ ਮਿਲ ਗਈ ਅਤੇ ਉਸ ਦੀ ਪ੍ਰਾਪਤੀ ਕਰਕੇ ਜਨਤਾ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ ਅਤੇ ਇਸੇ ਅਭਿਮਾਨ ਵਿਚ ਮਰਨ ਤੋਂ ਬਾਦ ਪਹਿਲਾਂ ਉਹ ਨਰਕਾਂ ਵਿਚ ਜਾਂਦਾ ਹੈ ਕਿਉਂਕਿ ਪ੍ਰਮੇਸ਼ਰ ਨੂੰ ਹੰਕਾਰ ਮੂਲੋਂ ਹੀ ਨਹੀਂ ਭਾਉਂਦਾ। ਨਰਕਾਂ ਪਿਛੋਂ ਉਸ ਨੂੰ ਕੁੱਤੇ ਦੀ ਜੂਨ ਵਿਚ ਪਾ ਦਿਤਾ ਜਾਂਦਾ ਹੈ। ਜਿਹੜਾ ਇਥੇ ਮਾਇਆ ਦੀਆਂ ਪਦਵੀਆਂ, ਵੱਡਾ ਵਪਾਰੀ, ਵੱਡਾ ਕੋਈ ਅਹੁਦੇਦਾਰ ਬਣ ਕੇ ਜਨਤਾ ਨੂੰ ਤੰਗ ਕਰਦਾ ਹੈ, ਅਹੰਕਾਰ ਵਿਚ ਆਇਆ ਕਿਸੇ ਨੂੰ ਗਿਣਦਾ ਨਹੀਂ ਉਸ ਨੂੰ ਦਰਗਾਹ ਵਿਚ ਖੁਆਰੀ ਹੁੰਦੀ ਹੈ। ਜੇ ਤਪਸਿਆ ਕਰਨ ਤੋਂ ਬਾਅਦ ਕੋਈ ਸਾਧਕ ਅਭਿਮਾਨ ਕਰਦਾ ਹੈ ਕਿ ਮੈਂ ਤਪ ਕੀਤਾ ਅਤੇ ਤਾਂ ਉਸ ਨੂੰ ਵੀ ਨਰਕ ਸੁਰਗ ਦੇ ਗੇੜੇ ਖਾਣੇ ਪੈਂਦੇ ਹਨ। ਜਿੰਨੀ ਦੇਰ ਤਕ ਮੋਹ ਵਿਚ ਮਗਨ ਹੈ ਉਨੀ ਦੇਰ ਤਕ ਦਰਗਾਹ ਵਿਚ ਸਜ਼ਾ ਮਿਲਦੀ ਹੈ -

*ਜਿਸ ਕੈ ਅੰਤਰਿ ਰਾਜ ਅਭਿਮਾਨੁ॥*
*ਸੋ ਨਰਕਪਾਤੀ ਹੋਵਤ ਸੁਆਨੁ॥*
*ਜੋ ਜਾਨੈ ਮੈ ਜੋਬਨਵੰਤੁ॥*
*ਸੋ ਹੋਵਤ ਬਿਸਟਾ ਕਾ ਜੰਤੁ॥*
*ਆਪਸ ਕਉ ਕਰਮਵੰਤੁ ਕਹਾਵੈ॥*
*ਜਨਮਿ ਮਰੈ ਬਹੁ ਜੋਨਿ ਭ੍ਰਮਾਵੈ॥*
*ਧਨ ਭੂਮਿ ਕਾ ਜੋ ਕਰੈ ਗੁਮਾਨੁ॥*
*ਸੋ ਮੂਰਖੁ ਅੰਧਾ ਅਗਿਆਨੁ॥*
*ਕਰਿ ਕਿਰਪਾ ਜਿਸ ਕੈ ਹਿਰਦੈ*
*ਗਰੀਬੀ ਬਸਾਵੈ॥*
*ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥*
*ਧਨਵੰਤਾ ਹੋਇ ਕਰਿ ਗਰਬਾਵੈ॥*
*ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ॥*
*ਬਹੁ ਲਸਕਰ ਮਾਨੁਖ ਊਪਰਿ ਕਰੇ ਆਸ॥*
*ਪਲ ਭੀਤਰਿ ਤਾ ਕਾ ਹੋਇ ਬਿਨਾਸ॥*
*ਸਭ ਤੇ ਆਪ ਜਾਨੈ ਬਲਵੰਤੁ॥*
*ਖਿਨ ਮਹਿ ਹੋਇ ਜਾਇ ਭਸਮੰਤੁ॥*
*ਕਿਸੈ ਨ ਬਦੈ ਆਪਿ ਅਹੰਕਾਰੀ॥ ਧਰਮ*
*ਰਾਇ ਤਿਸੁ ਕਰੇ ਖੁਆਰੀ॥*
*ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ॥*
*ਸੋ ਜਨੁ ਨਾਨਕ ਦਰਗਹ ਪਰਵਾਨੁ॥*

*ਪੰਨਾ - 278*

ਇਸੇ ਤਰ੍ਹਾਂ ਨਾਲ ਰਾਜਸੀ ਅਭਿਮਾਨ ਵਾਲੇ ਨੂੰ ਜ਼ਰੂਰ ਨਰਕ ਵਿਚ ਜਾਣਾ ਪੈਂਦਾ ਹੈ। ਕੁੱਤੇ ਦੀ ਜੂਨੀ ਮਿਲਦੀ ਹੈ। ਤਪ ਤੋਂ ਰਾਜ, ਰਾਜ ਤੋਂ ਫਿਰ ਨਰਕ ਮਿਲਦਾ ਹੈ। ਜੋ ਸੰਤਾਂ ਨੂੰ ਦੁਖੀ ਕਰਦਾ ਹੈ, ਦੇਖਿਆ ਗਿਆ ਹੈ ਕਿ ਕਈ ਮਿਸ਼ਨਰੀ ਸਕੂਲਾਂ ਵਿਚ ਬੱਚਿਆਂ ਨੂੰ, ਇਕੋ ਗੱਲ ਬਾਰ-ਬਾਰ ਪੜ੍ਹਾਉਂਦੇ ਹਨ ਕਿ ਤੁਸੀਂ ਬਾਹਰ ਜਾ ਕੇ ਸੰਤਾਂ ਬਾਰੇ ਬੋਲਣਾ ਹੈ ਕਿ ਇਹ ਆਪਣੀਆਂ ਜਾਇਦਾਦਾਂ ਬਣਾਉਂਦੇ ਹਨ, ਦੁਨੀਆਂ ਨੂੰ ਲੁਟਦੇ ਹਨ। ਪਰ ਇਹ ਪੜ੍ਹਾਉਣ ਵਾਲੇ ਭੁੱਲ ਜਾਂਦੇ ਹਨ ਕਿ ਇਹ ਬੱਚਿਆਂ ਨੂੰ ਸਿੱਧੇ ਨਰਕ ਦੇ ਟਿਕਟ ਦੁਆ ਰਹੇ ਹਨ-

*ਸੰਤ ਕੈ ਦੂਖਨਿ ਆਰਜਾ ਘਟੈ॥*
*ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ॥*
*ਸੰਤ ਕੈ ਦੂਖਨਿ ਸੁਖੁ ਸਭੁ ਜਾਇ॥*
*ਸੰਤ ਕੈ ਦੂਖਨਿ ਨਰਕ ਮਹਿ ਪਾਇ॥*

*ਪੰਨਾ - 279*

ਨਰਕ ਘੋਰ ਦੇ ਬਾਰੇ ਆਪ ਦਸਦੇ ਹਨ ਕਿ ਜੋ ਸਤਿਗੁਰੂ ਦੀ ਨਿੰਦਿਆ ਕਰਦਾ ਹੈ ਉਸ ਉਪਰ ਕਰਤਾ ਪੁਰਖ ਵਲੋਂ ਮਾਰ ਪੈਂਦੀ ਹੈ। ਵੇਲਾ ਮੁੜ ਕੇ ਹੱਥ ਨਹੀਂ ਆਉਂਦਾ। ਘੋਰ ਨਰਕ ਵਿਚ ਉਸ ਨੂੰ ਸੁਟਿਆ ਜਾਂਦਾ ਹੈ। ਨਿੰਦਕਾਂ ਦਾ ਮੂੰਹ ਕਾਲਾ ਕਰਕੇ ਅਤੇ ਚੋਰ ਵਾਂਗੂੰ ਹੱਥਾਂ ਵਿਚ ਹਥਕੜੀਆਂ ਪਾ ਕੇ ਘੋਰ ਨਰਕ ਵਿਚ ਲਿਜਾਇਆ ਜਾਂਦਾ ਹੈ। ਬਾਣੀ ਵਿਚ ਸੰਕੇਤ ਆਉਂਦੇ

ਹਨ -

*ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ*
*ਤਿਸੁ ਕਰਤਾ ਮਾਰ ਦਿਵਾਵੈ॥*
*ਫੇਰਿ ਓਹ ਵੇਲਾ ਓਸੁ ਹਥਿ ਨ ਆਵੈ*
*ਓਹੁ ਆਪਣਾ ਬੀਜਿਆ ਆਪੇ ਖਾਵੈ॥*
*ਨਰਕ ਘੋਰਿ ਮੁਹਿ ਕਾਲੈ ਖੜਿਆ*
*ਜਿਉ ਤਸਕਰੁ ਪਾਇ ਗਲਾਵੈ॥*
*ਪੰਨਾ - 303*

*ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ*
*ਸੁ ਅਉਖਾ ਜਗ ਮਹਿ ਹੋਇਆ॥*
*ਨਰਕ ਘੋਰੁ ਦੁਖ ਖੂਹੁ ਹੈ*
*ਓਥੈ ਪਕੜਿ ਓਹੁ ਢੋਇਆ॥*
*ਕੂਕ ਪੁਕਾਰ ਕੋ ਨ ਸੁਣੇ*
*ਓਹੁ ਅਉਖਾ ਹੋਇ ਹੋਇ ਰੋਇਆ॥*
*ਓਨਿ ਹਲਤੁ ਪਲਤੁ ਸਭੁ ਗਵਾਇਆ*
*ਲਾਹਾ ਮੂਲੁ ਸਭੁ ਖੋਇਆ॥*
*ਓਹੁ ਤੇਲੀ ਸੰਦਾ ਬਲਦੁ ਕਰਿ*
*ਨਿਤ ਭਲਕੇ ਉਠਿ ਪ੍ਰਭਿ ਜੋਇਆ॥*
*ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ*
*ਕਿਛੁ ਗੁਝਾ ਨ ਹੋਇਆ॥*
*ਜੈਸਾ ਬੀਜੇ ਸੋ ਲੁਣੈ*
*ਜੇਹਾ ਪੁਰਬਿ ਕਿਨੈ ਬੋਇਆ॥*
*ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ*
*ਤਿਸੁ ਸਤਿਗੁਰ ਕੇ ਚਰਣ ਧੋਇਆ॥*
*ਗੁਰ ਸਤਿਗੁਰ ਪਿਛੈ ਤਰਿ ਗਇਆ*
*ਜਿਉ ਲੋਹਾ ਕਾਠ ਸੰਗੋਇਆ॥*
*ਪੰਨਾ - 309*

ਨਿੰਦਿਆ ਕਰਨ ਦੇ ਬਹੁਤ ਹੀ ਮਾੜੇ ਫਲ ਸੁਖਮਨੀ ਸਾਹਿਬ ਵਿਚ ਬਹੁਤ ਹੀ ਖੋਲ੍ਹ ਕੇ ਗੁਰੂ ਮਹਾਰਾਜ ਜੀ ਨੇ ਦੱਸੇ ਹਨ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਨਰਕਾਂ ਵਿਚ ਬਹੁਤ ਹੀ ਦੁਖ ਹਨ ਉਥੇ ਜੋ ਅਕ੍ਰਿਤਘਣ ਹੁੰਦੇ ਹਨ ਉਨ੍ਹਾਂ ਨੂੰ ਉਸ ਵਿਚ ਸੁਟ ਦਿਤਾ ਜਾਂਦਾ ਹੈ -

*ਨਰਕ ਘੋਰ ਬਹੁ ਦੁਖ ਘਣੇ*
*ਅਕਿਰਤਘਣਾ ਕਾ ਥਾਨੁ॥*
*ਤਿਨਿ ਪ੍ਰਭਿ ਮਾਰੇ ਨਾਨਕਾ*
*ਹੋਇ ਹੋਇ ਮੁਏ ਹਰਾਮੁ॥*
*ਪੰਨਾ - 315*

ਵਾਹਿਗੁਰੂ ਦਾ ਸਿਮਰਨ ਕਰਨ ਵਾਲੇ ਨਰਕਾਂ ਵਿਚ ਨਹੀਂ ਜਾਇਆ ਕਰਦੇ, ਨਾ ਧਰਮਰਾਜ ਕੋਲ ਜਾਂਦੇ ਹਨ। ਜੇ ਚਲੇ ਵੀ ਜਾਣ ਤਾਂ ਧਰਮਰਾਜ ਆਪਣੀ ਗੱਦੀ ਤੋਂ ਉਠ ਕੇ ਜੈ ਜੈਕਾਰ ਕਰਦਾ ਹੈ ਅਤੇ ਜਮਦੂਤ ਸਾਰੇ ਨੱਠ ਜਾਂਦੇ ਹਨ ਅਤੇ ਪਤਰਾ ਵਾਚ ਜਾਂਦੇ ਹਨ -

*ਨਰਕ ਨ ਡੀਠੜਿਆ*
*ਸਿਮਰਤ ਨਾਰਾਇਣ॥*
*ਜੈ ਜੈ ਧਰਮੁ ਕਰੇ*
*ਦੂਤ ਭਏ ਪਲਾਇਣ॥ ਪੰਨਾ - 460*

ਸੋ ਇਸ ਤਰ੍ਹਾਂ ਦੇ ਨਾਲ ਜਿਨ੍ਹਾਂ ਨੇ ਪ੍ਰਭੂ ਦੀ ਓਟ ਲਈ ਹੈ ਉਹ ਇਥੇ ਵੀ ਸੁਖੀ ਹਨ, ਦਰਗਾਹ ਵਿਚ ਵੀ ਸੁੱਖੀ ਰਹਿੰਦੇ ਹਨ। ਬੇਮੁਖਾਂ ਨੂੰ ਜਮਦੂਤ ਨਰਕ ਘੋਰ ਵਿਚ ਸੁਟਦਾ ਹੈ। ਜਿਵੇਂ ਕਿ ਫੁਰਮਾਨ ਹੈ -

*ਜਿਹ ਜਨ ਓਟ ਪ੍ਰਭ ਤੇਰੀ*
*ਸੇ ਸੁਖੀਏ ਪ੍ਰਭ ਸਰਣੇ॥*
*ਜਿਹ ਨਰ ਬਿਸਰਿਆ ਪੁਰਖੁ ਬਿਧਾਤਾ*
*ਤੇ ਦੁਖੀਆ ਮਹਿ ਗਨਣੇ॥*
*ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ*
*ਤਿਹ ਮਹਾ ਅਨੰਦ ਰਸੁ ਕਰਿਆ॥*
*ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ*
*ਤੇ ਨਰਕ ਘੋਰ ਮਹਿ ਪਰਿਆ॥*
*ਪੰਨਾ - 613*

ਇਸ ਕਰਕੇ ਨਰਕ ਦਾ ਹਾਲ ਬਹੁਤ ਵਿਸਥਾਰ ਨਾਲ ਆਇਆ ਹੈ। ਸਵਰਗ ਦਾ ਵਿਸਥਾਰ ਕੋਈ ਗੁਰਬਾਣੀ ਵਿਚ ਐਨਾ ਜ਼ਿਆਦਾ ਨਹੀਂ ਮਿਲਦਾ ਕਿਉਂਕਿ ਬੰਦਗੀ ਕਰਨ ਵਾਲੇ ਗੁਰੂ ਦੀ ਦਰਗਾਹ ਵਿਚ ਜਾਇਆ ਕਰਦੇ ਹਨ। ਸਵਰਗਾਂ ਦੇ ਬਾਰੇ ਹੋਰ ਪੁਰਾਣਾਂ ਵਗੈਰਾ ਵਿਚ ਜ਼ਿਕਰ ਆਉਂਦੇ ਹਨ। ਕੁਰਾਨ ਸ਼ਰੀਫ ਵਿਚ ਵੀ ਆਉਂਦੇ ਹਨ। ਗੁਰਮੁਖਿ ਪਿਆਰੇ ਸਵਰਗ ਦੇ ਸੁਖ ਨੂੰ ਓਛਾ ਸੁਖ ਜਾਣਿਆ ਕਰਦੇ ਹਨ। ਸੋ ਗੁਰਮੁਖ ਪਿਆਰੇ ਉਸ ਅਵਸਥਾ ਨੂੰ ਲੋਚਦੇ ਹਨ ਜਿਥੋਂ ਫੇਰ ਦੁਬਾਰਾ ਗਿਰਨਾ ਨਾ ਹੋਵੇ। ਜਿਸ ਤਰ੍ਹਾਂ ਦਸਿਆ ਗਿਆ ਹੈ ਕਿ ਸਚਖੰਡ ਵਿਚ ਨਿਰੰਕਾਰ ਜੀ ਦਾ ਵਾਸਾ ਹੈ। ਉਥੇ ਸਾਰੀਆਂ ਸ੍ਰਿਸਟੀਆਂ ਤੋਂ ਭਗਤ ਜਨ ਆ ਕੇ ਨਿਵਾਸ ਕਰਦੇ ਹਨ, ਮੁਕਤੀਆਂ ਬਾਰੇ ਤਾਂ ਪਹਿਲਾਂ ਦਸਿਆ ਜਾ ਚੁਕਿਆ ਹੈ ਕਿ ਚਾਰ ਕਿਸਮ ਦੀਆਂ ਮੁਕਤੀਆਂ ਹੋਇਆ ਕਰਦੀਆਂ ਹਨ। ਉਸ ਦਰਗਾਹ ਵਿਚ ਕਿਸ ਤਰ੍ਹਾਂ ਦਾ ਵਰਤਾਰਾ ਹੈ? ਕੌਣ ਲੋਕ ਉਥੇ ਰਹਿੰਦੇ ਹਨ? ਉਥੇ ਕੀ ਦ੍ਰਿਸ਼ਟੀ ਆਉਂਦਾ ਹੈ? ਨਿਰੰਕਾਰ ਦਾ ਦੇਸ਼ ਕਿਹੋ ਜਿਹਾ ਹੈ ਕਿਉਂਕਿ ਗੁਰੂ ਤੇ ਨਿਰੰਕਾਰ ਦੀ ਦਰਗਾਹ ਇਕੋ ਹੋਇਆ ਕਰਦੀ ਹੈ। ਗੁਰੂ ਨਾਨਕ ਪਾਤਸ਼ਾਹ ਆਪ ਪ੍ਰਮੇਸ਼ਰ ਹਨ। ਗਿਣਨ ਵਾਸਤੇ ਦੱਸ ਜੋਤਾਂ ਸਨ ਪਰ ਸੀ ਇਕੋ ਹੀ ਜੋਤ। ਉਨ੍ਹਾਂ ਦੀ ਦਰਗਾਹ ਨਿਰੰਕਾਰ ਜੀ ਦੀ ਦਰਗਾਹ ਹੈ। ਕਿਉਂਕਿ ਜਿਹੋ ਜਿਹੀ ਕਿਸੇ ਦੀ ਭਾਵਨਾ ਹੈ ਨਿਰੰਕਾਰ ਭਾਵਨਾ ਪੂਰੀ ਕਰਦਾ ਹੈ, ਓਹੋ ਜਿਹਾ ਹੀ ਦ੍ਰਿਸ਼ਟੀ ਆਉਂਦਾ ਹੈ। ਹੁਣ ਹੈ ਇਹ ਵੀਚਾਰ ਕਿ ਉਥੇ ਕਿਹੋ ਜਿਹਾ ਵਰਤਾਰਾ ਵਰਤਿਆ ਜਾਂਦਾ ਹੈ। ਸਾਖੀਆਂ ਤਾਂ ਬਹੁਤ ਆਉਂਦੀਆਂ ਹਨ ਕਿ ਜੀਵ ਦਰਗਾਹ ਵਿਚ ਚਲਿਆ ਗਿਆ। ਅਸੀਂ ਅਰਦਾਸ ਕਰਦੇ ਹਾਂ ਕਿ ਆਪਣੀ ਦਰਗਾਹ ਵਿਚ ਵਾਸਾ ਦੇਵੋ, ਅਸੀਂ ਉਸ ਜੀਵ ਦੇ ਗੁਣ ਔਗੁਣ ਨਹੀਂ ਦੇਖਦੇ। ਉਹ ਦਰਗਾਹ ਕਿਹੋ ਜਿਹੀ ਹੈ, ਉਸ ਦੇ ਬਾਰੇ ਗੁਰਬਾਣੀ ਵਿਚ ਬਹੁਤ ਹੀ

ਸੰਖੇਪ ਰੂਪ ਵਿਚ ਇਸ਼ਾਰੇ ਹਨ। ਇੰਦਰ ਲੋਕ, ਸ਼ਿਵ ਲੋਕ ਬਾਰੇ ਤਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਇੰਦ੍ਰ ਲੋਕ ਸਿਵ ਲੋਕਹਿ ਜੈਬੋ॥*
*ਓਛੇ ਤਪ ਕਰਿ ਬਾਹੁਰਿ ਐਬੋ॥*
*ਕਿਆ ਮਾਂਗਉ ਕਿਛੁ ਥਿਰੁ ਨਾਹੀ॥*
*ਰਾਮ ਨਾਮ ਰਖੁ ਮਨ ਮਾਹੀ॥*

*ਪੰਨਾ - 692*

ਪਰ ਸਚਖੰਡ ਜਿਸ ਨੂੰ ਆਖਿਆ ਗਿਆ ਹੈ ਉਸ ਦੇ ਬਾਰੇ ਅੱਖਰਾਂ ਵਿਚ ਕਹਿਣਾ ਬਿਲਕੁਲ ਔਖਾ ਹੈ ਕਿਉਂਕਿ ਉਹ ਅਗੰਮ ਅਗੋਚਰ ਦਾ ਦੇਸ਼ ਹੈ। ਇਸ ਸਰੀਰ ਵਿਚ ਲੱਗੇ ਹੋਏ ਗਿਆਨ ਇੰਦਰੇ ਬਹੁਤ ਹੀ ਅਲਪੱਗ ਹਨ। ਇਹ ਤਾਂ ਸੰਸਾਰ ਵਿਚ ਹੀ ਨਹੀਂ ਦੇਖ ਸਕਦੇ ਕਿ ਕਲ੍ਹ ਨੂੰ ਕੀ ਹੋਣ ਵਾਲਾ ਹੈ। ਜਦੋਂ ਜਗਿਆਸੂ ਬੰਦਗੀ ਕਰਦਾ ਹੈ ਉਸ ਵੇਲੇ ਇਸ ਦੀ ਸੁਰਤ ਸੂਖਸ਼ਮ ਹੁੰਦੀ ਹੋਈ ਐਨੀ ਬਾਰੀਕ (ਲਤੀਫ) ਹੋ ਜਾਂਦੀ ਹੈ ਕਿ ਉਹ ਰੂਹਾਨੀ ਮੰਡਲ ਵਿਚ ਪ੍ਰਵੇਸ਼ ਕਰਨ ਦੇ ਕਾਬਲ ਹੋ ਜਾਂਦੀ ਹੈ। ਜੋ ਅਸਾਡੇ ਕੋਲ ਹੋਸ਼ ਹੈ, ਬੁੱਧੀ ਹੈ, ਇਹ ਪ੍ਰਕ੍ਰਿਤਕ ਹੈ, ਇਹ ਖਾਧ ਖੁਰਾਕ 'ਚੋਂ, ਵਾਤਾਵਰਣ 'ਚੋਂ ਉਪਜੀ ਹੋਸ਼ ਹੈ, ਇਸ ਦੀ ਉਡਾਰੀ ਪ੍ਰਕ੍ਰਿਤੀ ਤੋਂ ਅੱਗੇ ਨਹੀਂ ਜਾਂਦੀ। ਸਾਇੰਸਦਾਨਾਂ ਨੇ ਪ੍ਰਕ੍ਰਿਤੀ ਦੀ ਬਹੁਤ ਖੋਜ ਕਰ ਲਈ ਅਤੇ ਕੰਮਪਿਊਟਰ ਵਰਗੀਆਂ ਕਾਢਾਂ ਕੱਢ ਲਈਆਂ। **Remote control** ਵਰਗੇ **tool** (ਸੰਦ) ਇਨ੍ਹਾਂ ਨੂੰ ਲੱਭ ਗਏ। ਆਦਮੀ ਦੇ ਅੰਦਰਲੀਆਂ ਗੁਪਤ ਗੱਲਾਂ ਜਾਨਣ ਵਾਲੇ **detector** ਵੀ ਇਨ੍ਹਾਂ ਨੇ ਕੱਢ ਲਏ, ਕਰੋੜਾਂ ਰਕਮਾਂ ਦਾ ਇਕ ਸਕਿੰਟ ਤੋਂ ਵੀ ਘੱਟ ਸਮੇਂ ਵਿਚ ਹਿਸਾਬ ਕੱਢਣ ਵਾਲੇ ਤਰੀਕੇ ਕੱਢ ਲਏ। ਅਸਮਾਨ ਵਿਚ ਇੰਟਰਨੈਟ ਰਾਹੀਂ ਜਿਸ ਦਾ ਵੀ ਜੀ ਕਰਦਾ ਹੈ **Key** ਦੇ ਅੱਖਰ ਵਰਤ ਕੇ ਉਸ ਸੂਖਸ਼ਮ ਸੁਨੇਹੇ ਨੂੰ ਸਾਕਾਰ ਕਰ ਸਕਦਾ ਹੈ।

ਮੈਨੂੰ ਦੂਰ ਤੋਂ ਟੈਲੀਫੋਨ ਆਇਆ, ਉਥੇ ਸਾਡੀ ਹੀ ਬੀਬੀ ਬੋਲ ਰਹੀ ਸੀ। ਉਹ ਕਹਿਣ ਲੱਗੇ ਕਿ ਮਾਮਾ ਜੀ! ਅਸੀਂ ਤੁਹਾਡਾ ਕੀਰਤਨ ਹਰ ਰੋਜ਼ ਸੁਣ ਲੈਂਦੇ ਹਾਂ ਕਿਉਂਕਿ ਤੁਹਾਡੀਆਂ ਵੀਡੀਓ ਫਿਲਮਾਂ ਇੰਟਰਨੈਟ ਤੇ ਪਹੁੰਚ ਗਈਆਂ ਹਨ। ਅਸੀਂ ਸਵੇਰੇ ਉਠਦੇ ਹੀ ਲਾ ਦਿੰਦੇ ਹਾਂ। ਕਿੱਡੀ ਵੱਡੀ ਪ੍ਰਕ੍ਰਿਤਕ ਪ੍ਰਾਪਤੀ ਹੈ ਕਿ ਆਦਮੀ ਦੀ ਹੋਸ਼ ਗੁੰਮ ਹੋ ਜਾਂਦੀ ਹੈ। ਪਰ ਇਨ੍ਹਾਂ ਖੋਜਾਂ ਦੇ ਬਾਵਜੂਦ ਪ੍ਰਕ੍ਰਿਤਕ ਮੰਡਲ ਤੋਂ ਅੱਗੇ ਝਾਂਕਣ ਵਾਲੀ ਗੱਲ ਇਸ ਕੋਲ ਨਹੀਂ ਹੈ ਜੋ ਮਹਾਂਪੁਰਸ਼ਾਂ ਨੂੰ ਪ੍ਰਾਪਤ ਹੋਇਆ ਕਰਦੀ ਹੈ। ਸੰਸਾਰ ਸਾਰਾ ਤਿੰਨ **dimensions** ਵਿਚ ਵਰਤ ਰਿਹਾ ਹੈ ਅਤੇ ਮਹਾਂਪੁਰਸ਼ ਕਿੰਨੀਆਂ **dimensions** ਵਿਚ ਰਹਿੰਦੇ ਹਨ, ਇਸ ਦਾ ਅਨੁਮਾਨ ਲਾਉਣਾ ਮੁਸ਼ਕਲ ਹੈ। ਇਹ ਪ੍ਰਕ੍ਰਿਤੀ ਦੀਆਂ ਕਾਢਾਂ ਉਪਰਲੀਆਂ ਗੱਲਾਂ ਹਨ ਜਿਸ ਨੂੰ ਆਤਮਾ ਦਾ ਮੰਡਲ ਕਿਹਾ ਜਾਂਦਾ ਹੈ।

ਜਦੋਂ ਮੇਰਾ ਜਨਮ ਨਹੀਂ ਹੋਇਆ ਸੀ ਉਸ ਵੇਲੇ ਮੇਰੀ ਪਤਨੀ (ਬੀਬੀ ਰਣਜੀਤ ਕੌਰ ਜੀ) ਦੇ ਪਿਤਾ ਜੀ ਸਾਡੇ ਪਿੰਡ ਆਏ ਹੋਏ ਸਨ। ਸਾਡੇ ਮਾਤਾ ਜੀ ਨਾਲ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਮੈਂ ਆਪਣੀ ਛੁਟੀ ਬਹੁਤ ਸੋਹਣੀ ਕੱਟੀ ਹੈ। ਤੁਸੀਂ ਵੀ ਸਾਡੀ ਸੇਵਾ ਬਹੁਤ ਦੁੱਧ ਵਗੈਰਾ ਪਿਲਾ ਕੇ ਕੀਤੀ ਹੈ। ਮੈਂ ਤੁਹਾਨੂੰ ਇਕ ਭੇਤ ਦੀ ਗੱਲ ਦਸ ਰਿਹਾ ਹਾਂ। ਉਹ ਇਹ ਹੈ ਕਿ ਤੁਹਾਡੇ ਘਰ ਪੁਤਰ ਆਉਣੇ ਹਨ ਉਨ੍ਹਾਂ ਦੀ ਮੈਂ ਗੱਲ ਨਹੀਂ ਕਰਦਾ। ਉਨ੍ਹਾਂ ਤੋਂ ਪਿਛੋਂ ਅੱਜ ਤੋਂ ਅੱਠ ਸਾਲ ਬਾਅਦ ਤੁਹਾਡੇ ਘਰ ਇਕ ਪੁੱਤਰ ਆਵੇਗਾ। ਉਸੇ ਸਮੇਂ ਮੇਰੇ ਘਰ ਵੀ ਇਕ ਲੜਕੀ ਜਨਮ ਲਵੇਗੀ। ਉਨ੍ਹਾਂ ਦੋਹਾਂ ਦਾ ਸੰਜੋਗ ਹੈ। ਉਸ ਲੜਕੀ ਨੇ ਤੁਹਾਡੇ ਪੁੱਤਰ ਦੀ ਪਹਿਲੇ ਜਨਮ ਵਿਚ ਵੀ ਸੇਵਾ ਕੀਤੀ ਹੋਈ ਹੈ। ਹੁਣ ਤੁਸੀਂ ਮੇਰੀ ਸੇਵਾ ਕੁਝ ਦਿਨ ਕੀਤੀ ਹੈ, ਇਸ ਦੇ ਬਦਲੇ ਉਹ ਸਾਰੀ ਉਮਰ ਤੁਹਾਡੀ ਸੇਵਾ ਕਰੇਗੀ। ਇਨ੍ਹਾਂ ਦਾ ਸੰਜੋਗ ਧੁਰ ਦਰਗਾਹ ਤੋਂ ਲਿਖਿਆ ਹੋਇਆ ਹੈ। ਇਸ ਕਰਕੇ ਤੁਸੀਂ ਇਸ ਲੜਕੇ ਦਾ ਕਿਤੇ ਹੋਰ ਮੰਗਣਾ ਨਾ ਕਰਨਾ। ਸਾਡੇ ਮਾਤਾ ਜੀ ਦਸਿਆ ਕਰਦੇ ਸਨ ਕਿ ਤੁਹਾਡਾ ਦੋਹਾਂ ਦੇ ਜਨਮ ਬਾਰੇ ਬੀਬੀ ਰਣਜੀਤ ਕੌਰ ਦੇ ਪਿਤਾ ਜੀ ਦਸ ਗਏ ਸਨ। ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਉਹ ਕਿਹੜੀ **dimension** ਸੀ ਜਿਥੇ ਭਵਿੱਖਤ ਨੂੰ ਪੂਰੀ ਤਰ੍ਹਾਂ ਵਾਚ ਲਿਆ ਜਾਂਦਾ ਹੈ। ਮਹਾਂਪੁਰਸ਼ਾਂ ਸਾਮ੍ਹਣੇ ਭਵਿੱਖਤ ਦਾ ਕੋਈ ਪੜਦਾ ਨਹੀਂ ਰਹਿੰਦਾ। ਭੂਤਕਾਲ ਵਿਚ ਹੋ ਚੁੱਕੀ ਗੱਲ ਉਨ੍ਹਾਂ ਦੇ ਵਰਤਮਾਨ ਵਿਚ ਸਾਕਾਰ ਹੋ ਜਾਂਦੀ ਹੈ। ਭਾਰਤ ਵਾਸੀਆਂ ਨੂੰ ਇਕ ਦੋਸ਼ ਲਾਇਆ ਜਾਂਦਾ ਹੈ ਕਿ ਜੇ ਇਨ੍ਹਾਂ ਨੇ ਆਪਣਾ ਇਤਿਹਾਸ ਲਿਖਿਆ ਹੁੰਦਾ ਤਾਂ ਬਹੁਤ ਪੁਰਾਣੀ ਸੋਝੀ ਪੈ ਜਾਣੀ ਸੀ। ਉਸ ਦਾ ਕਾਰਨ ਹੈ ਕਿ ਇਨ੍ਹਾਂ ਨੂੰ ਇਤਿਹਾਸ ਲਿਖਣ ਦੀ ਲੋੜ ਨਹੀਂ ਸੀ। ਉਹ ਜਦੋਂ ਵੀ ਚਾਹੁੰਦੇ ਸਨ ਉਹ ਭੂਤਕਾਲ ਦੀ ਗੱਲ ਨੂੰ ਵਰਤਮਾਨ ਵਿਚ ਪਲਟ ਲਿਆ ਕਰਦੇ ਸਨ। ਜਿਵੇਂ ਅਸੀਂ ਫਿਲਮ ਦੇਖਦੇ ਹਾਂ, ਇਸ ਤਰ੍ਹਾਂ ਸਾਰੀਆਂ ਚੀਜ਼ਾਂ ਸਾਮ੍ਹਣੇ ਆ ਜਾਇਆ ਕਰਦੀਆਂ ਸਨ। ਫਿਲਮ **reverse** ਕਰਕੇ ਭੂਤਕਾਲ ਪਰਤੱਖ ਹੋ ਜਾਇਆ ਕਰਦਾ ਹੈ ਅਤੇ ਐਡਵਾਂਸ ਕਰਕੇ ਭਵਿੱਖਤ ਸਾਖਸ਼ਾਤ ਹੋ ਜਾਇਆ ਕਰਦਾ ਹੈ। ਜਿਸ ਨੇ ਆਤਮ ਸਾਖਸ਼ਾਤ ਕਰ ਲਿਆ ਉਸ ਨੂੰ ਸਰਬ ਵਿਦਿਆ ਦਾ ਗਿਆਨ ਆਪੇ ਹੀ ਹੋ ਜਾਇਆ ਕਰਦਾ ਹੈ ਕਿਉਂਕਿ ਸਭ ਕੁਝ ਆਤਮਾ ਵਿਚ ਹੈ ਅਤੇ ਆਤਮਾ ਸਭ ਵਿਚ ਹੈ। ਆਤਮ ਗਿਆਨੀ ਭੂਤ ਭਵਿਖਤ ਵਰਤਮਾਨ ਦੇ ਪਰਦਿਆਂ ਦੇ ਅਸਰਾਂ ਤੋਂ ਨਿਰਲੇਪ ਹੁੰਦਾ ਹੈ।

ਗੁਰੂ ਦਸ਼ਮੇਸ਼ ਪਿਤਾ ਜੀ ਬਚਿਤ੍ਰ ਨਾਟਕ ਵਿਚ ਆਪਣੇ ਵੰਸ ਪੂਰਵਜਾਂ ਬਾਰੇ ਦਸਦਿਆਂ ਹੋਇਆਂ ਫੁਰਮਾਨ ਕੀਤਾ ਹੈ ਕਿ ਪ੍ਰਭੂ ਬਲ ਨਾਲ ਮੈਂ ਉਨ੍ਹਾਂ ਦੇ ਨਾਮ ਦਸ ਰਿਹਾ ਹਾਂ ਜਿਸ ਤਰ੍ਹਾਂ ਕਿ -

*ਕਹਾ ਲਗੇ ਤੇ ਬਰਨ ਸੁਨਾਊਂ॥*

*ਤਿਨ ਕੇ ਨਾਮ ਨ ਸੰਖਯਾ ਪਾਊਂ॥*
*ਹੋਤ ਚਹੂੰ ਜੁਗ ਮੈ ਜੇ ਆਏ॥*
*ਤਿਨ ਕੇ ਨਾਮ ਨ ਜਾਤ ਗਨਾਏ॥*
*ਜੋ ਅਬ ਤਉ ਕ੍ਰਿਪਾ ਬਲ ਪਾਊਂ॥*
*ਨਾਮ ਜਥਾ ਮਤਿ ਭਾਖ ਸੁਨਾਊਂ॥*

*ਬਚਿਤ੍ਰ ਨਾਟਕ*

ਇਥੇ ਦਸ਼ਮੇਸ਼ ਪਿਤਾ ਜੀ ਕਿਸੇ ਪੁਸਤਕ ਤੋਂ ਜਾਣਕਾਰੀ ਪ੍ਰਾਪਤ ਕਰਨ ਦਾ ਬਚਨ ਨਹੀਂ ਕਰ ਰਹੇ ਪਰ ਉਹ ਬ੍ਰਹਮ ਲੀਨਤਾ 'ਚੋਂ ਪ੍ਰਾਪਤ ਸੋਝੀ ਦੇ ਬਚਨ ਪ੍ਰਗਟ ਕਰ ਰਹੇ ਹਨ। ਇਸ ਤਰ੍ਹਾਂ ਦੇ ਨਾਲ ਮਹਾਂਪੁਰਸ਼ ਸਮੇਂ ਨੂੰ ਅੱਗੇ ਪਿਛੇ ਕਰ ਲਿਆ ਕਰਦੇ ਸਨ ਜਿਸ ਦੀਆਂ ਬਹੁਤ ਉਦਾਹਰਣਾਂ ਗ੍ਰੰਥਾਂ ਵਿਚ ਮਿਲਦੀਆਂ ਹਨ।

ਕ੍ਰਿਸ਼ਨ ਮਹਾਰਾਜ ਜੀ ਅਰਜਨ ਸਮੇਤ ਮਹਾਂਭਾਰਤ ਦੇ ਮੈਦਾਨ ਵਿਚ ਯੁੱਧ ਵਾਸਤੇ ਡਟੀਆਂ ਹੋਈਆਂ ਫੌਜਾਂ ਦਾ, ਦੋਹਾਂ ਪਾਸਿਆਂ ਦਾ ਨਰੀਖਣ ਕਰ ਰਹੇ ਸਨ। ਉਸ ਵੇਲੇ ਅਰਜਨ ਸਭ ਪਾਸੀਂ ਆਪਣੇ ਰਿਸ਼ਤੇਦਾਰ ਦੇਖ ਕੇ ਸ਼ੋਕ ਵਿਚ ਆ ਗਿਆ ਅਤੇ ਆਪਣਾ ਗੰਡੀਵ ਧਨੁਸ਼ ਰਖ ਦਿਤਾ ਅਤੇ ਭਗਵਾਨ ਕ੍ਰਿਸ਼ਨ ਮਹਾਰਾਜ ਨੂੰ ਕਹਿਣ ਲੱਗਿਆ ਕਿ ਮੇਰੇ ਵਿਚ ਬਲ ਨਹੀਂ ਰਿਹਾ ਕਿ ਮੈਂ ਆਪਣੇ ਮਾਮੇ, ਚਾਚੇ, ਤਾਏ, ਮਾਮਾ ਸਹੁਰੇ ਪਿਤਾ ਨੂੰ ਮਾਰਾਂ ਅਤੇ ਇਹ ਆਪਣੇ ਰਿਸ਼ਤੇਦਾਰਾਂ ਨੂੰ ਮਾਰਨ। ਉਸ ਵੇਲੇ ਕ੍ਰਿਸ਼ਨ ਮਹਾਰਾਜ ਜੀ ਨੇ ਅਤਿ ਉਤਮ ਗਿਆਨ ਗੀਤਾ ਵਿਚ ਬਚਨ ਬਿਲਾਸ ਰਾਹੀਂ ਸੁਣਾਇਆ ਇਸੇ ਗਿਆਨ ਨੂੰ ਵੇਦ ਵਿਆਸ ਜੀ ਨੇ ਭੂਤਕਾਲ ਨੂੰ ਵਰਤਮਾਨ ਵਿਚ ਬਦਲ ਕੇ ਗੀਤਾ ਲਿਖੀ। ਇਸੇ ਤਰ੍ਹਾਂ ਨਾਲ ਜਦੋਂ ਜਨਮੇਜਾ ਨਾਲ ਬਚਨ ਬਿਲਾਸ ਕਰ ਰਹੇ ਸਨ ਤਾਂ ਜਨਮੇਜੇ ਨੇ ਜੋ ਅਰਜਨ ਦਾ ਪੋਤਾ ਸੀ, ਸ਼ਕਾਇਤ ਕੀਤੀ ਕਿ ਦਾਦਾ ਜੀ! ਆਪ ਵਰਗੇ ਮਹਾਨ ਰਿਸ਼ੀਆਂ ਦੇ ਹੁੰਦਿਆਂ ਹੋਇਆਂ, ਕ੍ਰਿਸ਼ਨ ਮਹਾਰਾਜ ਜੀ ਵਰਗੇ 16 ਕਲਾਂ ਸੰਪੂਰਨ ਅਵਤਾਰ ਹੁੰਦਿਆਂ ਹੋਇਆਂ, ਗੁਰੂ ਕ੍ਰਿਪਾਚਾਰੀਅਯ, ਗੁਰੂ ਦਰੋਣਾਚਾਰੀਆ ਦੇ ਹੁੰਦਿਆਂ ਹੋਇਆਂ ਇਹ ਮਹਾਂਭਾਰਤ ਦਾ ਯੁੱਧ ਕਿਉਂ ਲੜਨ ਦਿਤਾ। ਉਸ ਵੇਲੇ ਆਪ ਨੇ ਕਿਹਾ ਕਿ ਜਨਮੇਜਾ -

*ਹੋਣਹਾਰ ਹਿਰਦੇ ਵਸੀ*
*ਗਈ ਸਰੀਰੋਂ ਬੁੱਧ।*

ਇਹ ਯੁੱਧ ਨੇ ਹੋਣਾ ਹੀ ਸੀ, ਮੈਂ ਵੀ ਬਹੁਤ ਜ਼ੋਰ ਲਾਇਆ ਅਤੇ ਇਸ ਦੇ ਪਰਿਣਾਮਾਂ ਬਾਰੇ ਗਿਆਤ ਦਿਤੀ। ਕ੍ਰਿਸ਼ਨ ਮਹਾਰਾਜ ਜੀ ਦੂਤ ਬਣ ਕੇ ਆਏ, ਸਮਝੌਤਾ ਕਰਾਉਣ ਵਾਲੇ ਬਣ ਕੇ ਆਏ। ਪਰ ਉਨ੍ਹਾਂ ਦੀ ਕੋਈ ਗੱਲ ਨਾ ਸੁਣੀ। ਦੁਰਯੋਧਨ ਹੰਕਾਰੀ ਹੋ ਗਿਆ ਸੀ। ਉਸ ਨੇ ਇਥੋਂ ਤਕ ਕਿਹਾ ਕਿ ਕ੍ਰਿਸ਼ਨ ਮਹਾਰਾਜ ਨੂੰ ਕੈਦ ਕਰ ਦਿਓ। ਕ੍ਰਿਸ਼ਨ ਮਹਾਰਾਜ ਜੀ ਕੋਲ 4000 ਯੋਧਾ ਸੀ, ਉਹ ਉਸ ਥਾਂ ਤੋਂ ਉਠ ਕੇ ਚਲ ਕੇ ਬਾਹਰ ਆ ਗਏ। ਜਨਮੇਜਾ! ਉਸ ਸਮੇਂ ਕੌਰਵ ਕੋਈ ਗੱਲ ਨਹੀਂ ਸੀ ਸੁਣਦੇ ਕਿਉਂਕਿ ਰਾਜ ਭਾਗ ਦਾ ਹੱਕ ਪਾਂਡਵਾਂ ਦਾ ਸੀ। ਧ੍ਰਿਤਰਾਸ਼ਟਰ ਦੇ ਬੱਚਿਆਂ ਨੇ ਧੋਖੇ ਨਾਲ ਰਾਜ ਹਥਿਆ ਲਿਆ। ਪਾਂਡਵ 13 ਸਾਲ ਦਾ ਸੰਕਟਮਈ ਬਨਵਾਸ ਕੱਟ ਕੇ ਆਏ ਉਨ੍ਹਾਂ ਨੂੰ ਇਥੋਂ ਤਕ ਕਹਿ ਦਿਤਾ ਕਿ ਇਕ ਸੂਈ ਦੇ ਨੱਕੇ ਜਿੰਨਾਂ ਵੀ ਥਾਂ ਇਨ੍ਹਾਂ ਨੂੰ ਨਹੀਂ ਦੇਣਾ। ਭਾਵੇਂ ਰਾਜਾ ਧ੍ਰਿਤਰਾਸ਼ਟਰ ਸੀ ਪਰ ਹੁਕਮ ਅਭਿਮਾਨੀ ਦੁਰਯੋਧਨ ਦਾ ਹੋਇਆ ਕਰਦਾ ਸੀ। ਆਪਣੇ ਹੱਕ ਨੂੰ ਪ੍ਰਾਪਤ ਕਰਨਾ ਧਰਮ ਹੋਇਆ ਕਰਦਾ ਹੈ। ਪਾਂਡਵਾ ਦਾ ਯੁੱਧ ਕਰਨਾ ਹੱਕ ਨੂੰ ਪ੍ਰਾਪਤ ਕਰਨਾ ਸੀ। ਦੁਰਯੋਧਨ ਦਾ ਯੁਧ ਕਰਨਾ ਇਕ ਅਨੁਆਇ ਤੇ ਅਧਾਰਿਤ ਸੀ, ਸਮਝੋਤਿਆਂ ਦੇ ਹੀਲੇ ਬਹਾਨੇ ਸਭ ਖਤਮ ਹੋ ਚੁਕੇ ਸਨ। ਜਦੋਂ ਜੀਉਣ ਦਾ ਕੋਈ ਸਾਧਨ ਨਾ ਬਚੇ ਫੇਰ ਯੁੱਧ ਕਰਨਾ ਆਦਮੀ ਦਾ ਹੱਕ ਹੈ, ਇਸ ਕਰਕੇ ਇਹ ਯੁੱਧ ਹੋਇਆ। ਹੋਣਾ ਹੀ ਸੀ, ਟਲ ਨਹੀਂ ਸੀ ਸਕਣਾ।

ਰਾਜਾ ਜਨਮੇਜਾ ਕਹਿਣ ਲੱਗਾ, "ਮਹਾਂਰਿਸ਼ੀ ਜੀ! ਮੈਂ ਪੂਰੇ ਸਤਿਕਾਰ ਨਾਲ ਇਸ ਉਪਰ ਤਰਕ ਕਰਦਾ ਹਾਂ ਕਿ ਜੇ ਮੈਨੂੰ ਪਤਾ ਹੋਵੇ ਕਿ ਐਡੀ ਭਿਆਨਕ ਸਮਸਿਆ ਆ ਜਾਵੇਗੀ ਤਾਂ ਮੈਂ ਕਦੇ ਵੀ ਯੁੱਧ ਨਾ ਹੋਣ ਦਿੰਦਾ। ਸਾਡੇ ਲੋਕਾਂ ਨੂੰ ਤਾਂ ਪਤਾ ਹੀ ਨਹੀਂ ਲਗਦਾ ਇਸ ਕਰਕੇ ਅਚੇਤ ਹੀ ਦੁਖ ਵਿਚ ਆਉਣ ਵਾਲੀਆਂ ਘਟਨਾਵਾਂ ਵਿਚ ਅਸੀਂ ਫਸ ਜਾਂਦੇ ਹਾਂ।" ਜਦੋਂ ਨਾ ਮੰਨਿਆ ਤਾਂ ਵੇਦ ਵਿਆਸ ਜੀ ਬੈਠ ਗਏ। ਸੁਰਤ ਖਿਚੀ ਅਤੇ ਅਤੇ ਆਉਣ ਵਾਲਾ ਭਵਿੱਖ ਸਾਰਾ ਦੇਖ ਲਿਆ ਅਤੇ ਕਿਹਾ ਕਿ ਜਨਮੇਜਾ ਤੂੰ ਕੋਹੜੀ ਹੋ ਕੇ ਮਰੇਂਗਾ। ਇਸ ਨੇ ਕਿਹਾ ਕਿ ਕੋਹੜ ਹੋਵੇਗਾ ਕਿਵੇਂ? ਵੇਦ ਵਿਆਸ ਜੀ ਕਹਿਣ ਲੱਗੇ ਕਿ ਸਾਰੀਆਂ ਗੱਲਾਂ ਲਿਖ ਲੈ। ਅਸੀਂ ਤੈਨੂੰ ਦੱਸ ਵੀ ਜਾਵਾਂਗੇ ਪਰ ਤੂੰ ਉਸ ਤੋਂ ਉਲਟ ਚਲੇਂਗਾ। ਭਾਗਵਤ ਕਥਾ ਵੀ ਅਸੀਂ ਹੀ ਆ ਕੇ ਸੁਣਾਵੇਂਗੇ ਪਰ ਤੂੰ ਇਕ ਗੱਲ ਮੰਨਣ ਤੋਂ ਇਨਕਾਰੀ ਹੋ ਜਾਵੇਗਾ ਅਤੇ ਤੇਰੇ ਨੱਕ ਤੇ ਕੋਹੜ ਰਹਿ ਜਾਵੇਗਾ ਜਿਸ ਨਾਲ ਤੇਰੀ ਮੌਤ ਹੋ ਜਾਵੇਗੀ। ਮੈਂ ਤੈਨੂੰ ਦਸਾਂਗਾ ਵੀ ਕਿ ਇਸ ਕਥਾ ਨੂੰ ਝੂਠੀ ਨਾ ਮੰਨੀਂ ਪਰ ਤੂੰ ਹੋਣੀ ਦੇ ਵਸ ਹੋਣ ਕਰਕੇ ਨਾਂਹ ਕਰ ਦੇਣੀ ਹੈ। ਤੇਰੀ ਮੌਤ ਹੋ ਜਾਣੀ ਹੈ। ਆਪ ਨੇ ਕਿਹਾ ਕਿ ਕਾਗਜ਼ ਮੰਗਾਓ, ਲਿਖ ਲਓ। ਉਸ ਵੇਲੇ ਵੇਦ ਵਿਆਸ ਜੀ ਲਿਖਾਉਣ ਲੱਗ ਗਏ, ਆਪ ਨੇ ਕਿਹਾ ਕਿ ਰਾਜਨ! ਤੂੰ ਬਹੁਤ ਸੋਹਣੀ ਘੋੜੀ ਖਰੀਦੇਂਗਾ, ਉਸ ਉਪਰ ਚੜ੍ਹ ਕੇ ਦੱਖਣ ਦਿਸ਼ਾ ਨੂੰ ਜਾਵੇਂਗਾ, ਉਥੇ ਕੁਝ ਅਨਾਰੀਅਨ ਕੁਲ ਦੀਆਂ ਕੁਝ ਸੁੰਦਰੀਆਂ ਤੈਨੂੰ ਮਿਲਣਗੀਆਂ। ਤੂੰ ਪਾਣੀ ਦੀ ਪਿਆਸ ਬੁਝਾਉਣ ਵਾਸਤੇ ਉਨ੍ਹਾਂ ਵਿਚੋਂ ਜੋ ਸਭ ਤੋਂ ਖੂਬਸੂਰਤ ਹੋਵੇਗੀ ਉਸ ਨੂੰ ਪਾਣੀ ਲਿਆਉਣ ਲਈ ਕਹੇਂਗਾ। ਉਹ ਪਾਣੀ ਪਿਲਾਵੇਗੀ, ਤੂੰ ਪਾਣੀ ਪੀਂਦਾ-ਪੀਂਦਾ ਉਸ ਉਪਰ ਮੋਹਤ ਹੋ ਜਾਵੇਂਗਾ। ਉਹ ਵੀ ਤੇਰੇ ਉਪਰ ਮੋਹਿਤ ਹੋ ਜਾਵੇਗੀ, ਤੂੰ ਉਸ ਨੂੰ ਆਪਣੇ ਘਰ ਲੈ ਜਾਵੇਂਗਾ। ਜਿਸ ਕਰਕੇ ਆਰੀਅਨ ਤੇਰੀ ਵਿਰੋਧਤਾ ਕਰਨਗੇ ਅਤੇ ਇਸ ਸ਼ਾਦੀ

ਨੂੰ ਬਹੁਤ ਬੁਰਾ ਮੰਨਣਗੇ। ਤੂੰ ਇਸੇ ਸਬੰਧ ਵਿਚ ਕਾਲੇ ਕੰਨਾਂ ਵਾਲੇ ਚਿੱਟੇ ਘੋੜੇ ਰਾਹੀਂ ਅਸ਼੍ਵਮੇਧ ਯੱਗ ਵਾਸਤੇ ਸਾਰੇ ਦੇਸ਼ਾਂ ਵਿਚ ਇਸ ਘੋੜੇ ਨੂੰ ਫੇਰੇਂਗਾ ਕਿਸੇ ਨੇ ਇਸ ਘੋੜੇ ਦੀ ਬਾਗ ਨਹੀਂ ਫੜਨੀ। ਤੂੰ ਰਾਜਸੀ ਅਸ਼੍ਵਮੇਧ ਯੱਗ ਆਰੰਭ ਕਰ ਦੇਵੇਂਗਾ ਪਰ ਕੋਈ ਵੀ ਆਰੀਅਨ ਬ੍ਰਾਹਮਣ ਯੱਗ ਵਿਚ ਸ਼ਾਮਲ ਨਹੀਂ ਹੋਵੇਗਾ। ਉਸ ਵੇਲੇ ਵਿਦਿਆਲੇ ਤੋਂ 18 ਗੋਤਰਾਂ ਦੇ ਵਿਦਿਆਰਥੀ ਯੱਗ ਦੀ ਸੰਪੂਰਨਤਾ ਵਾਸਤੇ ਲਿਆਵੇਂਗਾ। ਕੋਈ ਐਸੀ ਘਟਨਾ ਵਾਪਰੇਗੀ ਕਿ ਤੂੰ ਉਨ੍ਹਾਂ ਸਾਰਿਆਂ ਨੂੰ ਮਾਰ ਦੇਵੇਂਗਾ, ਤੈਨੂੰ ਕੋਹੜ ਹੋ ਜਾਵੇਗਾ। ਮੈਂ ਤੈਨੂੰ ਭਗਵਤ ਦੀ ਕਥਾ ਸੁਣਾਉਣ ਆਵਾਂਗਾ, ਤੂੰ ਇਕ ਬਚਨ ਨੂੰ ਨਹੀਂ ਮੰਨੇਗਾ ਜਿਸ ਕਰਕੇ ਤੇਰੀ ਮੌਤ ਹੋ ਜਾਵੇਗੀ।

ਰਾਜਾ ਜਨਮੇਜੇ ਨੇ ਉਸੇ ਵੇਲੇ ਸੈਨਾਪਤੀ ਬੁਲਾਏ ਅਤੇ ਆਪਣੇ ਉਤੇ ਆਉਣ ਵਾਲੀ ਸਾਰੀ ਭਾਵੀ ਦੀ ਕਥਾ ਸੁਣਾਈ। ਇਸ ਤੋਂ ਬਚਣ ਲਈ ਕਿਹਾ ਕਿ ਘੋੜੇ ਨਹੀਂ ਖਰੀਦਣੇ। ਉਸ ਵੇਲੇ ਸੈਨਾਪਤੀਆਂ ਨੇ ਕਿਹਾ ਕਿ ਆਪਣੀ ਜੋ ਘੋੜਸਵਾਰ ਫੌਜ ਹੈ ਇਹ ਤੇਜ਼ੀ ਨਾਲ ਦੌੜ ਨਹੀਂ ਸਕੇਗੀ। ਜੇ ਕੋਈ ਹਮਲਾਵਰ (ਆਕਰਮਣਕਾਰੀ) ਆ ਗਿਆ ਤਾਂ ਅਸਾਨੂੰ ਯੁੱਧ ਕਰਨ ਵਿਚ ਬਹੁਤ ਮੁਸ਼ਕਲ ਹੋਵੇਗੀ। ਇਸ ਕਰਕੇ ਘੋੜੇ ਖਰੀਦਣ ਦੀ ਆਗਿਆ ਦੇ ਦੇਵੋ। ਉਸ ਵੇਲੇ ਉਨ੍ਹਾਂ ਨੇ ਘੋੜੇ ਖਰੀਦ ਲਏ। ਉਸ ਵਪਾਰੀ ਪਾਸ ਇਕ ਬਹੁਤ ਹੀ ਸੁੰਦਰ ਘੋੜੀ ਸੀ ਜੋ ਹਵਾ ਦੀ ਚਾਲ ਤੋਂ ਵੀ ਅੱਗੇ ਭਜ ਸਕਦੀ ਸੀ। ਉਸ ਘੋੜੀ ਦਾ ਕੱਦ ਕਾਠ ਬਹੁਤ ਹੀ ਢੁਕਵਾਂ ਅਤੇ ਰੰਗ ਤਿੱਖਾ ਸੀ। ਉਸ ਦੀ ਚਾਲ ਹਵਾ ਨੂੰ ਮਾਤ ਪਾਉਂਦੀ ਸੀ। ਉਹ ਘੋੜੀ ਅਜਿਹੇ ਛਲ ਵਲ ਦਿਖਾ ਰਹੀ ਸੀ, ਉਸ ਦੇ ਸੁੰਮਾਂ ਦੀ ਗਰਦ ਸੂਰਜ ਦੇ ਚਿਹਰੇ ਨੂੰ ਬੇਆਬ ਕਰ ਰਹੀ ਸੀ। ਉਸ ਨੂੰ ਦੇਖਣ ਲਈ ਸ਼ਹਿਰ ਇਕੱਠਾ ਹੋ ਗਿਆ। ਰਾਜੇ ਨੂੰ ਖਬਰ ਕੀਤੀ ਗਈ ਕਿ ਇਹੋ ਜਿਹੀ ਘੋੜੀ ਸਿਰਫ ਆਪ ਨੂੰ ਹੀ ਸ਼ੋਭਦੀ ਹੈ। ਆਪ ਉਸ ਨੂੰ ਜ਼ਰੂਰ ਲੈ ਲਵੋ ਪਰ ਸਵਾਰੀ ਉਸਦੀ ਨਾ ਕਰੋ। ਰਾਜਾ ਜਨਮੇਜਾ ਕਿਉਂਕਿ ਭਾਵੀ ਦੇ ਵਸ ਵਿਚ ਸੀ, ਉਸ ਨੇ ਬਹੁਤੀ ਵਿਚਾਰ ਨਾ ਕਰਦਿਆਂ ਉਸ ਘੋੜੀ ਨੂੰ ਵੇਖਣ ਚਲਿਆ ਗਿਆ। ਜਦੋਂ ਦੇਖਿਆ ਤਾਂ ਉਸ ਦਾ ਸਰੀਰ ਉਸ ਨੂੰ ਪਰੀਆਂ ਵਰਗਾ ਲੱਗਿਆ, ਉਸ ਵਿਚ ਹਿਰਨੀ ਜਿਹਾ ਵਲ ਛਲ ਅਤੇ ਬਿਜਲੀ ਜਿੰਨੀ ਤੇਜ਼ੀ ਸੀ। ਉਸ ਨੇ ਉਸ ਨੂੰ ਮੁੱਲ ਲੈ ਲਿਆ। ਘੋੜੀ ਉਪਰ ਤੁਰੰਤ ਸਵਾਰ ਹੋ ਗਿਆ, ਬੈਠਣ ਦੀ ਦੇਰ ਸੀ ਕਿ ਉਹ ਹਵਾ ਦੇ ਵੇਗ ਵਿਚ ਹਿਰਨ ਦੀ ਤਰ੍ਹਾਂ ਭੱਜਣ ਲੱਗੀ। ਉਹ ਇਸ ਨੂੰ ਅਜਿਹੇ ਜੰਗਲ ਵਿਚ ਲੈ ਗਈ ਜੋ ਬਹੁਤ ਹੀ ਭਿਆਨਕ ਜੰਗਲ ਸੀ ਜਿਥੇ ਕੰਡਿਆਲੇ ਬਿਰਛ ਇੰਨੇ ਜ਼ਿਆਦਾ ਸਨ ਕਿ ਰਾਜੇ ਨੂੰ ਤੁਰਨਾ ਵੀ ਕਠਿਨ ਸੀ। ਰਾਜਾ ਬਹੁਤ ਘਬਰਾਇਆ। ਇਧਰ ਉਧਰ ਨਜ਼ਰ ਮਾਰੀ ਤਾਂ ਕੀ ਦੇਖਿਆ ਇਕ ਨਵੀਂ ਨਵੇਲੀ ਛੈਲ ਛਬੀਲੀ ਕੰਵਾਰੀ ਲੜਕੀ ਜਿਸ ਦੀ ਸੁੰਦਰਤਾ ਨੂੰ ਦੇਖ ਕੇ ਸੂਰਜ ਵੀ ਮਾਤ ਪੈਂਦਾ ਸੀ। ਉਹ ਮੋਰ ਦੀ ਤਰ੍ਹਾਂ ਉਸ ਜੰਗਲ ਵਿਚ ਘੁੰਮਦੀ ਫਿਰਦੀ ਸੀ। ਉਸ ਨੇ ਰਾਜੇ ਨੂੰ ਦੇਖਿਆ। ਉਸ ਦੇ ਨੇਤਰ ਦੇਖ ਕੇ ਰਾਜਾ ਜਨਮੇਜਾ ਘਾਇਲ ਹੋ ਗਿਆ, ਸਭ ਕੁਝ ਭੁੱਲ ਗਿਆ। ਬੁੱਧੀ, ਸੰਤੋਖ, ਸੱਤਾ ਅਤੇ ਧੀਰਜ ਸਭ ਕੁਝ ਭੁੱਲ ਗਿਆ। ਬਗੈਰ ਕੁਝ ਸੋਚੇ ਸਮਝੇ ਤੋਂ ਉਸ ਲੜਕੀ ਕੋਲ ਚਲਿਆ ਗਿਆ। ਪੁੱਛਣ ਲੱਗਿਆ ਕਿ ਤੂੰ ਇਸ ਜੰਗਲ ਵਿਚ ਕਿਉਂ ਘੁੰਮ ਰਹੀ ਹੈਂ, ਉਸ ਨੇ ਅਜਿਹੇ ਭਾਵਾਂ ਵਿਚ ਗੱਲ ਕੀਤੀ ਕਿ ਰਾਜੇ ਜਨਮੇਜੇ ਦੀ ਪੂਰੀ ਤਰ੍ਹਾਂ ਨਾਲ ਮੱਤ ਮਾਰੀ ਗਈ। ਉਨ੍ਹਾਂ ਦਿਨਾਂ ਵਿਚ ਅਣਵਿਆਹੀ ਔਰਤ ਨੂੰ ਕੋਈ ਚੁੱਕ ਕੇ ਨਹੀਂ ਸੀ ਲਿਆਇਆ ਕਰਦਾ, ਵਿਆਹ ਕਰਨਾ ਲਾਜ਼ਮੀ ਹੋਇਆ ਕਰਦਾ ਸੀ। ਉਸ ਨੇ ਜੰਗਲ ਵਿਚ ਪਉਣ, ਪਾਣੀ, ਪੰਛੀਆਂ ਨੂੰ ਜਾਮਨ ਰੱਖ ਕੇ ਆਖਿਆ ਕਿ ਤੁਸੀਂ ਸਾਰੇ ਜਾਮਨ ਹੋ, ਮੈਂ ਇਸ ਨਾਲ ਸ਼ਾਦੀ ਕਰ ਰਿਹਾ ਹਾਂ। ਉਸ ਨੂੰ ਪਤਨੀ ਬਣਾ ਕੇ ਘੋੜੇ ਤੇ ਬਿਠਾ ਕੇ ਆਪਣੇ ਰਾਜ ਵਿਚ ਲੈ ਆਇਆ ਅਤੇ ਇਸ ਨੇ ਦੂਜੀਆਂ ਰਾਣੀਆਂ ਤੋਂ ਵੀ ਸੁੰਦਰ ਮਹੱਲ ਵਿਚ ਇਸ ਨੂੰ ਰੱਖਿਆ, ਉਸ ਉਤੇ ਅਜਿਹਾ ਮੋਹਤ ਹੋਇਆ ਕਿ ਇਸ ਨੇ ਰਾਜਸੀ ਕੰਮਾਂ ਨੂੰ ਵੀ ਪਿਛੇ ਪਾ ਦਿਤਾ। ਸਾਰਾ ਦਿਨ ਉਸ ਦੇ ਪਾਸ ਹੀ ਬੈਠਾ ਰਹਿੰਦਾ ਸੀ। ਇਸ ਗੱਲ ਨੂੰ ਪਰਜਾ ਨੇ ਚੰਗਾ ਨਾ ਜਾਣਿਆ ਅਤੇ ਰਾਜੇ ਦੇ ਖਿਲਾਫ ਪਰਜਾ ਵਿਦਰੋਹ ਕਰਨ ਤਕ ਤਿਆਰ ਹੋ ਗਈ। ਇਸ ਨੇ ਉਸ ਨੂੰ ਦਬਾਉਣ ਵਾਸਤੇ ਰਾਜਸੂ ਯੱਗ ਕੀਤਾ। ਸਾਰੇ ਭਾਰਤ ਵਰਸ਼ ਵਿਚ ਘੋੜਾ ਫੇਰਿਆ ਅਤੇ ਯੱਗ ਦਾ ਐਲਾਨ ਕਰ ਦਿਤਾ ਪਰ ਬ੍ਰਾਹਮਣ ਉਸ ਦੇ ਯੱਗ ਵਿਚ ਨਾ ਆਏ। ਉਹ ਵਿਦਿਆਲੇ ਵਿਚੋਂ ਪੜ੍ਹਨ ਵਾਲੇ ਬੱਚਿਆਂ ਨੂੰ ਲੈ ਆਇਆ। ਜਦੋਂ ਰਾਜਾ ਪੰਗਤਾਂ ਵਿਚ ਫਿਰ ਰਿਹਾ ਸੀ, ਉਸ ਦੀ ਰਾਣੀ ਅਨੇਕ ਤਰ੍ਹਾਂ ਦੇ ਹਾਵ ਭਾਵ, ਅਨੇਕ ਤਰ੍ਹਾਂ ਦੇ ਸੁਗੰਧੀਆਂ ਭਰੇ ਵਸਤਰਾਂ ਨਾਲ ਘੁੰਮ ਰਹੀ ਸੀ, ਉਸ ਦੀਆਂ ਪਜੇਬਾਂ ਦੀ ਛਣਕਾਰ ਇਕ ਰਾਗ ਪੈਦਾ ਕਰਦੀ ਸੀ। ਬੱਚੇ ਉਸ ਰਾਣੀ ਨੂੰ ਦੇਖ ਕੇ ਅਚਾਨਕ ਹਸ ਪਏ, ਹੱਸੇ ਤਾਂ ਉਹ ਆਪਣੀ ਕਿਸੀ ਗੱਲ ਤੇ ਸੀ ਪਰ ਰਾਣੀ ਨੂੰ ਇਸ ਤਰ੍ਹਾਂ ਭਾਸਿਆ ਕਿ ਮੈਨੂੰ ਦੇਖ ਕੇ ਹੱਸੇ ਹਨ। ਰਾਜਾ ਜਨਮੇਜਾ ਇਹ ਦੇਖ ਕੇ ਬ੍ਰਾਹਮਣ ਬੱਚਿਆਂ ਉਪਰ ਕ੍ਰੋਧਵਾਨ ਹੋ ਗਿਆ। ਜਲਾਦਾਂ ਨੂੰ ਇਸ਼ਾਰਾ ਕਰ ਦਿਤਾ ਕਿ ਸਭ ਨੂੰ ਕਤਲ ਕਰ ਦਿਤਾ ਜਾਵੇ, ਕੁਝ ਨੂੰ ਕੜਾਹਿਆਂ ਵਿਚ ਸੁੱਟ ਦਿਤਾ ਗਿਆ, ਕੁਝ ਨੂੰ ਭੱਠਾਂ ਵਿਚ ਸੁਟ ਦਿਤਾ। ਕ੍ਰੋਧ ਅਤੇ ਪਾਗਲਪਣ ਵਿਚ ਉਨ੍ਹਾਂ ਨਿਰਦੋਸ਼ੀਆਂ ਨੂੰ ਕਤਲ ਤਾਂ ਕਰਵਾ ਦਿਤਾ ਪਰ ਜਦ ਜਨਮੇਜੇ ਨੂੰ ਹੋਸ਼ ਆਈ ਤਾਂ ਬ੍ਰਹਮ ਹਤਿਆ ਦੇ ਦੰਡ ਦਾ ਖਿਆਲ ਕਰਕੇ ਕੰਬ ਉਠਿਆ। ਸੰਸਾਰ ਦੀ ਬਰਬਾਦੀ ਅਤੇ ਪਰਲੋਕ ਵਿਚ ਮੂੰਹ ਤੇ ਕਾਲਖ ਦਾ ਧਿਆਨ ਕਰਕੇ ਸੋਗਵਾਨ ਹੋ ਗਿਆ। ਸ਼ਰਮ ਦੇ ਮਾਰੇ ਉਸ ਦੀ ਗਰਦਨ ਝੁਕ ਗਈ।

ਐਨ ਉਸੇ ਵੇਲੇ ਵਿਆਸ ਜੀ ਪ੍ਰਗਟ ਹੋ ਗਏ ਅਤੇ ਕਹਿਣ ਲੱਗੇ ਕਿ ਬੇਟਾ! ਤੈਨੂੰ ਤਾਂ ਅਸੀਂ ਗੱਲ

ਸਮਝਾ ਦਿਤੀ ਸੀ, ਫੇਰ ਵੀ ਤੂੰ ਪ੍ਰਮਾਤਮਾ ਦੇ ਵਰਤ ਰਹੇ ਹੁਕਮ ਦਾ ਕੋਈ ਇਲਾਜ ਨਾ ਕਰ ਸਕਿਆ। ਉਹ ਅਤਿਅੰਤ ਸ਼ਰਮਿੰਦਗੀ ਨਾਲ ਗਿੜਗਿੜਾ ਕੇ ਬੋਲਿਆ ਕਿ ਮਹਾਰਾਜ! ਮੈਂ ਆਪਣੇ ਬਚਨਾਂ ਅਤੇ ਕਰਤੂਤ ਉਤੇ ਅਤਿਅੰਤ ਸ਼ਰਮਿੰਦਾ ਹਾਂ। ਹੁਣ ਮੈਨੂੰ ਕੋਈ ਅਜਿਹਾ ਉਪਾਓ ਦੱਸੋ ਜਿਸ ਤੋਂ ਇਸ ਬੱਜਰ ਪਾਪ ਦਾ ਪ੍ਰਾਸ਼ਚਿਤ ਹੋ ਸਕੇ ਅਤੇ ਮੈਂ ਪ੍ਰਲੋਕ ਵਿਚ ਇਸ ਪਾਪ ਦੇ ਦੰਡ ਨੂੰ ਭੁਗਤਣ ਤੋਂ ਬਚ ਜਾਵਾਂ। ਵਿਆਸ ਦੇਵ ਜੀ ਨੇ ਪ੍ਰਾਸ਼ਚਿਤ ਦੇ ਤੌਰ ਤੇ ਬਹੁਤ ਕੁਝ ਦਾਨ ਦੇਣ ਦੀ ਹਦਾਇਤ ਕੀਤੀ, ਉਸ ਵੇਲੇ ਭਾਗਵਤ ਪੁਰਾਣ ਜਿਸ ਵਿਚ ਮਹਾਂਭਾਰਤ ਦਾ ਵੀ ਹਾਲ ਹੈ, ਉਸ ਦੀ ਕਥਾ ਕਰਨ ਵਾਸਤੇ ਹੁਕਮ ਦਿਤਾ। ਉਸ ਵੇਲੇ ਵਿਆਸ ਜੀ ਨੇ ਸਨਾਤਨ ਨਾਮ ਦਾ ਸ਼ਿਸ਼ ਕਥਾ ਕਰਨ ਵਾਸਤੇ ਨਿਯੁਕਤ ਕਰ ਦਿਤਾ। ਭਗਵਤ ਪਰਾਣ ਦੀ ਕਥਾ ਸ਼ੁਰੂ ਹੋ ਗਈ। ਜਿਉਂ-ਜਿਉਂ ਰਾਜਾ ਜਨਮੇਜਾ ਸੁਣਦਾ ਗਿਆ, (ਸੁਣਿਐ ਦੂਖ ਪਾਪ ਕਾ ਨਾਸ) ਅਨੁਸਾਰ ਸਰੀਰ ਦਾ ਕੋਹੜ ਦੂਰ ਹੁੰਦਾ ਗਿਆ। ਜਿਉਂ-ਜਿਉਂ ਇਹ ਰਾਜ਼ੀ ਹੁੰਦਾ ਗਿਆ ਤਿਉਂ-ਤਿਉਂ ਨਿਯਮਪੂਰਵਕ ਰਾਜ ਪ੍ਰਬੰਧ ਵਲ ਵੀ ਇਸ ਨੇ ਧਿਆਨ ਦੇਣਾ ਸ਼ੁਰੂ ਕਰ ਦਿਤਾ। ਜਦੋਂ ਕਥਾ ਸੁਣਦੇ-ਸੁਣਦੇ ਇਹ ਜ਼ਿਕਰ ਆਇਆ ਕਿ ਭੀਮ ਦੁਸ਼ਮਣਾਂ ਵਿਚ ਘਿਰ ਗਿਆ, ਉਸ ਪਾਸ ਨਾ ਗਦਾ ਸੀ, ਨਾ ਕਮਾਨ ਸੀ, ਨਾ ਕੋਈ ਸ਼ਸ਼ਤਰ ਸੀ, ਉਸ ਵੇਲੇ ਉਸ ਨੂੰ ਹਾਥੀਆਂ ਨੇ ਘੇਰਾ ਪਾ ਲਿਆ। ਭੀਮਸੈਨ ਨੇ ਮੰਤਰ ਬਲ ਨਾਲ ਹਾਥੀ ਉਪਰਲੀ **space** ਵਿਚ ਘੁੰਮਾ ਮਾਰੇ। ਰਾਜੇ ਜਨਮੇਜੇ ਨੇ ਕਿਹਾ ਕਿ ਇਹ ਗੱਲ ਮੈਂ ਨਹੀਂ ਮੰਨ ਸਕਦਾ। ਆਦਮੀ ਵਿਚ ਐਨਾ ਬਲ ਕਿਥੋਂ ਆ ਗਿਆ ਕਿ ਹਾਥੀਆਂ ਨੂੰ ਅਸਮਾਨਾਂ ਵਿਚ ਸੁੱਟ ਦੇਵੇ। ਵੇਦ ਵਿਆਸ ਜੀ ਨੇ ਕਿਹਾ ਕਿ ਜਿਵੇਂ ਅਸੀਂ ਕਿਹਾ ਸੀ ਉਸੇ ਤਰ੍ਹਾਂ ਹੀ ਹੋਇਆ ਨਾ। ਤੂੰ ਨੱਕ ਮਾਰਿਆ, ਤੇਰੇ ਨੱਕ ਉਪਰ ਕੋਹੜ ਰਹਿ ਗਿਆ ਇਸ ਨਾਲ ਹੀ ਤੇਰੀ ਮੌਤ ਹੋਵੇਗੀ। ਗੁਰੂ ਮਹਾਰਾਜ ਜੀ ਇਸ ਦੇ ਬਾਰੇ ਫੁਰਮਾਨ ਕਰਦੇ ਹਨ ਕਿ ਕਿਸੇ ਤੋਂ ਕਿਰਤ ਨਹੀਂ ਮਿਟਾਈ ਜਾਂਦੀ, ਪਰਾਲਬਧ ਕਰਮ ਭੁਗਤਣੇ ਪੈਂਦੇ ਹਨ। ਜ਼ੋਰ ਨਾਲ ਅਸੀਂ ਪਰਾਲਬਧ ਕਰਮਾਂ ਤੋਂ ਬਚ ਨਹੀਂ ਸਕਦੇ। ਇਸ ਨੂੰ ਭਾਵੀ ਅਮੇਟ ਕਹਿੰਦੇ ਹਨ ਫੁਰਮਾਨ ਹੈ -

*ਰਾਜਾ ਜਨਮੇਜਾ ਦੇ ਮਤੀ*
*ਬਰਜਿ ਬਿਆਸਿ ਪੜਾਇਆ॥*
*ਤਿਨਿ ਕਰਿ ਜਗ ਅਠਾਰਹ*
*ਘਾਏ ਕਿਰਤੁ ਨ ਚਲੈ ਚਲਾਇਆ॥*

*ਪੰਨਾ - 1344*

ਸੋ ਇਹ ਜਨਮੇਜਾ 84 ਸਾਲ ਦਾ ਸਮਾਂ ਰਾਜ ਕਰਨ ਉਪਰੰਤ ਆਪਣੇ ਪੁੱਤਰ ਅਸਮੰਦ ਨੂੰ ਭਾਰਤ ਵਰਸ਼ ਦੀ ਰਾਜਗੱਦੀ ਤੇ ਬਿਠਾ ਕੇ ਚੜ੍ਹਾਈ ਕਰ ਗਿਆ। ਜੋ ਬਚਨ ਮੈਂ ਕਰ ਰਿਹਾ ਹਾਂ ਉਹ ਇਹ ਹੈ ਕਿ ਸਾਰਾ ਸੰਸਾਰ ਤਿੰਨ **dimensions** ਵਿਚ ਰਹਿੰਦਾ ਹੈ; ਦੇਸ਼, ਕਾਲ, ਵਸਤੂ ਪਰ ਉਹ ਕਿਹੜੀ ਅਵਸਥਾ ਹੈ ਜਿਥੇ ਭੂਤ, ਭਵਿੱਖਤ ਵੀ ਦੇਖਿਆ ਜਾ ਸਕਦਾ ਹੈ। ਭਵਿੱਖਤ ਪੁਰਾਣ ਵਿਚ ਲਿਖਿਆ ਹੋਇਆ ਸੀ ਕਿ ਜਦੋਂ ਭਾਰਤ ਵਰਸ਼ ਵਿਚ ਧਰਮ ਪਤਿਤ ਹੋਣ ਲਗ ਜਾਵੇਗਾ। ਉਸ ਵੇਲੇ ਬੇਦੀ ਵੰਸ਼ ਵਿਚ ਗੁਰੂ ਨਾਨਕ ਨਾਮ ਦੇ ਅਤਿ ਵਲੀ ਗੁਰੂ ਪ੍ਰਮੇਸ਼ਰ ਪ੍ਰਗਟ ਹੋਣਗੇ। ਇਸੇ ਤਰ੍ਹਾਂ ਨਾਲ ਬਾਈਬਲ ਵਿਚ ਲਿਖਿਆ ਹੋਇਆ ਹੈ ਕਿ ਅੱਜ ਤੋਂ ਸਤਾਰਵੀਂ ਸਦੀ ਵਿਚ ਇਕ ਬਹੁਤ ਵੱਡੇ ਅਵਤਾਰ ਆ ਰਹੇ ਹਨ ਜਿਨ੍ਹਾਂ ਦੇ ਕੰਧੇ ਉਪਰ ਕਮਾਨ ਅਤੇ ਤੀਰਾਂ ਦਾ ਭੱਥਾ ਹੋਵੇਗਾ। ਲੱਕ ਨਾਲ ਤਲਵਾਰ ਲਟਕਦੀ ਹੋਵੇਗੀ। ਸਿਰ ਉਪਰ ਕਲਗੀ, ਦਸਤਾਰ ਹੋਵੇਗੀ। ਉਨ੍ਹਾਂ ਨੂੰ ਦੁਨੀਆਂ ਸੱਚੇ ਪਾਤਸ਼ਾਹ ਕਿਹਾ ਕਰੇਗੀ। ਇਹ ਭਵਿੱਖਤ ਬਾਣੀ ਦੋ ਥਾਂ ਲਿਖੀ ਹੈ। ਦਸਵੇਂ ਪਾਤਸ਼ਾਹ ਬਾਰੇ ਪ੍ਰਤੱਖ ਰੂਪ ਵਿਚ ਹੈ ਉਹ ਕਿਹੜੀ ਸ਼ਕਤੀ ਸੀ ਜਿਸ ਕਰਕੇ 1700 ਸਾਲ ਪਹਿਲਾਂ ਹੀ ਆਪ ਦੇ ਆਗਮਨ ਬਾਰੇ ਲਿਖ ਲਿਆ।

ਪੀਰ ਭੀਖਣਸ਼ਾਹ ਜੀ ਅੰਮ੍ਰਿਤ ਵੇਲੇ ਸਮਾਧੀ ਸਥਿਤ ਬੈਠੇ ਸਨ, ਉਨ੍ਹਾਂ ਨੇ ਇਕ ਮਹਾਨ ਸਖਸ਼ ਦੇ ਦਰਸ਼ਨ ਕੀਤੇ। ਉਹ ਮਹਾਨ ਸਖਸ਼ ਪਟਨੇ ਵਿਚ ਉਤਰਿਆ। ਉਸ ਵੇਲੇ ਪੀਰ ਜੀ ਨੇ ਉਹ ਸਥਾਨ ਵੀ ਦੇਖ ਲਿਆ ਜਿਸ ਘਰ ਵਿਚ ਉਹ ਪ੍ਰਕਾਸ਼ ਉਤਰਿਆ ਅਤੇ ਦੂਸਰਿਆਂ ਨੂੰ ਵੀ ਪਛਾਣ ਲਿਆ। ਆਪ ਨੇ ਨਮਾਜ਼ ਪੱਛਮ ਵਲ ਨਹੀਂ ਪੜ੍ਹੀ, ਪੂਰਬ ਵਲ ਮੁਖ ਕਰਕੇ ਪੜ੍ਹੀ। ਮੁਰੀਦਾਂ ਦੇ ਪੁਛਣ ਤੇ ਉਨ੍ਹਾਂ ਨੇ ਦਸਿਆ ਕਿ ਸਾਧਕੋ! ਅੱਜ ਅੱਲਾਹ ਦੀ ਦਰਗਾਹ ਵਿਚੋਂ ਇਸ ਧਰਤੀ ਤੇ ਮਹਾਨ ਨੂਰ ਨੇ ਪ੍ਰਵੇਸ਼ ਕੀਤਾ ਹੈ, ਉਹ ਕਿਸਦਾ ਪੱਖ ਕਰੇਗਾ, ਇਹ ਗੱਲ ਜਾਨਣ ਦੀ ਲੋੜ ਹੈ। ਪੀਰ ਨੇ ਛੇਤੀ ਹੀ ਉਸ ਅਵਤਾਰ ਦੇ ਦਰਸ਼ਨ ਕਰਨ ਲਈ ਪ੍ਰਬੰਧ ਕਰ ਲਿਆ ਅਤੇ ਮੁਰੀਦਾਂ ਸਮੇਤ ਪਟਨੇ ਵਿਚ ਪਹੁੰਚਿਆ। ਜਿਸ ਹਵੇਲੀ ਵਿਚ ਬਾਲਕ ਰੂਪ ਵਿਚ ਆਪ ਸਨ। ਲਗਾਤਾਰ ਤਿੰਨ ਦਿਨ, ਤਿੰਨ ਰਾਤਾਂ ਭੁੱਖਾ ਪਿਆਸਾ ਬੈਠਾ ਰਿਹਾ। ਅਖੀਰ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਾਏ ਗਏ। ਉਹ ਦੋ ਬਰਤਨ ਮਠਿਆਈ ਦੇ ਢੱਕ ਕੇ ਲੈ ਆਇਆ ਸੀ। ਉਸ ਨੇ ਨੇੜੇ ਰੱਖ ਦਿਤੇ। ਗੁਰੂ ਮਹਾਰਾਜ ਜੀ ਨੇ ਇਕ ਉਲ੍ਹਾਰ ਜਿਹਾ ਖਾਧਾ ਅਤੇ ਹੱਥ ਦੋਹਾਂ ਬਰਤਨਾਂ ਉਪਰ ਰੱਖ ਦਿਤੇ। ਉਸ ਪੀਰ ਵਲ ਅਜਿਹੀ ਭੇਤ ਭਰੀ ਦ੍ਰਿਸ਼ਟੀ ਕੀਤੀ ਉਸ ਦਾ ਅੰਦਰ ਠੰਢਾ ਠਾਰ ਹੋ ਗਿਆ। ਇਕ ਅਤਿ ਮਿੱਠੀ ਸ਼ਾਂਤ ਜੋਤ ਦਾ ਲਿਸ਼ਕਾਰਾ ਵਜਿਆ ਜਿਸ ਰਾਹੀਂ ਆਪ ਨੇ ਮਹਾਨ ਭੇਤ ਨੂੰ ਜਾਣ ਲਿਆ ਕਿ ਇਹ ਹਿੰਦੂ ਸਿੱਖ ਦੋਹਾਂ ਦਾ ਸਾਂਝਾ, ਕੇਵਲ ਜ਼ੁਲਮ ਨਾਲ ਟਾਕਰਾ ਕਰਨ ਵਾਲਾ ਮਹਾਨ ਪੈਗੰਬਰ ਸੰਸਾਰ ਵਿਚ ਆਇਆ ਹੈ। ਇਹ ਸਾਰੀਆਂ ਘਟਨਾਵਾਂ ਇਸ ਕਰਕੇ ਲਿਖੀਆਂ ਹਨ ਕਿ ਸਾਡੀ ਜੋ ਦੁਨੀਆਂ ਹੈ ਇਹ ਪ੍ਰਕ੍ਰਿਤਕ ਦੁਨੀਆਂ ਹੈ ਇਥੇ ਜੋ **tools** ਅੱਖ, ਨੱਕ, ਕੰਨ ਸਾਨੂੰ ਮਿਲੇ ਹਨ ਉਹ ਪ੍ਰਕ੍ਰਿਤੀ ਤੋਂ ਅੱਗੇ ਨਹੀਂ ਜਾਣ ਅਤੇ ਦੇਖ ਸਕਦੇ। ਚਿੱਤ ਵਿਚ ਚੇਤਨਤਾ ਹੈ ਪਰ ਉਹ ਪ੍ਰਕ੍ਰਿਤੀ ਦੇ ਅਸਰ ਤੋਂ ਅੱਗੇ ਨਹੀਂ ਦੇਖ ਸਕਦੀ।

ਗੁਰੂ ਦੀ ਦਰਗਾਹ ਜਿਸਨੂੰ ਪ੍ਰਮੇਸ਼ਰ ਦੀ ਦਰਗਾਹ ਆਖਿਆ ਜਾਂਦਾ ਹੈ ਗੁਰੂ ਮਹਾਰਾਜ ਜੀ ਨੇ ਸਚਖੰਡ ਕਹਿ ਕੇ ਜਪੁਜੀ ਸਾਹਿਬ ਵਿਚ ਫੁਰਮਾਨ ਕੀਤਾ ਹੈ ਉਸਦੇ ਬਾਰੇ ਕਹਿਣਾ ਬਹੁਤ ਹੀ ਮੁਸ਼ਕਲ ਹੈ। ਕੋਈ ਸਮਰੱਥ ਪੁਰਸ਼ ਹੋਵੇ ਤਾਂ ਵੀ ਉਹ ਕਹਿ ਨਹੀਂ ਸਕਦਾ। ਉਹ ਅੱਖਰ ਨਹੀਂ ਹਨ ਜਿਸ ਨਾਲ ਉਹ ਬਿਆਨਿਆ ਜਾ ਸਕੇ। ਬਹੁਤ ਸਾਰੇ ਵਿਦਵਾਨਾਂ ਨੇ ਕਥਨ ਦਾ ਯਤਨ ਕੀਤਾ ਹੈ ਪਰ ਨਾਲ ਦੀ ਨਾਲ ਕਹਿ ਰਹੇ ਹਨ ਕਿ ਅਸੀਂ ਕੁਝ ਟੋਹਾਂ ਲਾ ਰਹੇ ਹਾਂ, ਪੂਰਾ ਅਨੁਮਾਨ ਨਹੀਂ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿਚ ਇਨ੍ਹਾਂ ਭੇਤਾਂ ਨੂੰ ਥੋੜ੍ਹਾ ਜਿਹਾ ਪ੍ਰਗਟ ਕਰਕੇ ਰੁਪਮਾਨ ਕੀਤਾ ਹੈ ਜਿਸ ਦੇ ਬਾਰੇ ਬਾਣੀ ਵਿਚ ਸੁਖ ਮਹਿਲ ਦਾ ਜ਼ਿਕਰ ਕਰਦੇ ਹੋਏ ਫੁਰਮਾਨ ਹੈ –

*ਤਹ ਪਾਵਸ ਸਿੰਧੁ ਧੂਪ ਨਹੀ ਛਹੀਆ*
*ਤਹ ਉਤਪਤਿ ਪਰਲਉ ਨਾਹੀ॥*
*ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ*
*ਸੁੰਨ ਸਮਾਧਿ ਦੋਊ ਤਹ ਨਾਹੀ।।*
*ਸਹਜ ਕੀ ਅਕਥ ਕਥਾ ਹੈ ਨਿਰਾਰੀ॥*
*ਤੁਲਿ ਨਹੀ ਚਢੈ ਜਾਇ ਨ ਮੁਕਾਤੀ*
*ਹਲੁਕੀ ਲਗੈ ਨ ਭਾਰੀ॥*
*ਅਰਧ ਉਰਧ ਦੋਊ ਤਹ ਨਾਹੀ*
*ਰਾਤਿ ਦਿਨਸੁ ਤਹ ਨਾਹੀ॥*
*ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ*
*ਸਤਿਗੁਰ ਤਹਾ ਸਮਾਹੀ॥*

*ਪੰਨਾ – 333*

ਉਸ ਸੁਖ ਮਹੱਲ ਵਿਚ, ਪ੍ਰਮੇਸ਼ਰ ਵਿਚ ਪੂਰਨ ਰੂਪ ਵਿਚ ਲੀਨਤਾ ਹੋਇਆ ਕਰਦੀ ਹੈ। ਜਿਸਦੇ ਬਾਰੇ ਫੁਰਮਾਨ ਹੈ –

*ਆਦਿ ਪੁਰਖ ਕਰਤਾਰ ਕਰਣ ਸਭ ਆਪੇ॥*
*ਸਰਬ ਰਹਿਓ ਭਰਪੂਰਿ*
*ਸਗਲ ਘਟ ਰਹਿਓ ਬਿਆਪੇ॥*
*ਬਾਪਤੁ ਦੇਖੀਐ ਜਗਤਿ ਜਾਨੈ*
*ਕਉਨੁ ਤੇਰੀ ਗਤਿ*
*ਸਰਬ ਕੀ ਰਖਾ ਕਰੈ ਆਪੇ ਹਰਿ ਪਤਿ॥*
*ਅਬਿਨਾਸੀ ਅਬਿਗਤ*
*ਆਪੇ ਆਪਿ ਉਤਪਤਿ॥*
*ਏਕੈ ਤੂਹੀ ਏਕੈ ਅਨ ਨਾਹੀ ਤੁਮ ਭਤਿ॥*
*ਹਰਿ ਅੰਤੁ ਨਾਹੀ ਪਾਰਾਵਾਰੁ*
*ਕਉਨੁ ਹੈ ਕਰੈ ਬੀਚਾਰੁ*
*ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ॥*

*ਪੰਨਾ – 1385*

ਉਹ ਥਾਂ ਦਾ ਅੰਦਾਜ਼ਾ ਕਿਸੇ ਤਰ੍ਹਾਂ ਵੀ ਨਹੀਂ ਲਾਇਆ ਜਾ ਸਕਦਾ। ਭਗਤ ਪ੍ਰਮੇਸ਼ਰ ਦਾ ਰੂਪ ਵੀ ਨਜ਼ਰ ਆਉਂਦੇ ਹਨ, ਪ੍ਰਮੇਸ਼ਰ ਵਿਚ ਲੀਨ ਵੀ ਨਜ਼ਰ ਆਉਂਦੇ ਹਨ ਅਤੇ ਸਮੁੰਦਰ ਦੀਆਂ ਲਹਿਰਾਂ ਵਾਂਗੂੰ ਵੱਖ-ਵੱਖ ਵੀ ਦਿਸਦੇ ਹਨ ਇਹ ਅਗੰਮ ਅਥਾਹ ਨੂੰ ਕੋਈ ਵਰਨਣ ਨਹੀਂ ਕਰ ਸਕਦਾ –

*ਕੁਦਰਤਿ ਹੈ ਕੀਮਤਿ ਨਹੀ ਪਾਇ॥*
*ਜਾ ਕੀਮਤਿ ਪਾਇ ਤ ਕਹੀ ਨ ਜਾਇ॥*

*ਪੰਨਾ – 84*

ਇਹ –

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*

*ਪੰਨਾ – 1*

ਦਾ ਮੰਡਲ ਹੈ। ਜਿਥੇ ਸੰਸਾਰ ਸਾਜਿਆ ਜਾ ਰਿਹਾ ਹੈ ਜਿਸ ਤਰ੍ਹਾਂ ਕਿ ਫੁਰਮਾਨ ਹੈ –

*ਸੁੰਨਿ ਕਲਾ ਅਪਰੰਪਰਿ ਧਾਰੀ॥*
*ਆਪਿ ਨਿਰਾਲਮੁ ਅਪਰ ਅਪਾਰੀ॥*
*ਆਪੇ ਕੁਦਰਤਿ ਕਰਿ ਕਰਿ ਦੇਖੈ*
*ਸੁੰਨਹੁ ਸੁੰਨੁ ਉਪਾਇਦਾ॥*
*ਪਉਣੁ ਪਾਣੀ ਸੁੰਨੈ ਤੇ ਸਾਜੇ॥*
*ਸ੍ਰਿਸਟਿ ਉਪਾਇ ਕਾਇਆ ਗੜ ਰਾਜੇ॥*
*ਅਗਨਿ ਪਾਣੀ ਜੀਉ ਜੋਤਿ ਤੁਮਾਰੀ*
*ਸੁੰਨੇ ਕਲਾ ਰਹਾਇਦਾ॥*

*ਪੰਨਾ – 1037*

ਗੁਰੂ ਮਹਾਰਾਜ ਜੀ ਇਸ ਮੰਡਲ ਬਾਰੇ ਦਸਦੇ ਗੁਰਬਾਣੀ ਵਿਚ ਫੁਰਮਾਨ ਕਰਦੇ ਹਨ ਕਿ –

*ਸਚ ਖੰਡਿ ਵਸੈ ਨਿਰੰਕਾਰੁ॥*
*ਕਰਿ ਕਰਿ ਵੇਖੈ ਨਦਰਿ ਨਿਹਾਲ॥*

*ਪੰਨਾ – 8*

ਇਹ ਖੰਡ ਐਸਾ ਹੈ ਜਿਥੋਂ ਸਾਰੇ ਬ੍ਰਹਿਮੰਡ, ਸਾਰੀਆਂ ਸ੍ਰਿਸ਼ਟੀਆਂ, ਸਾਰੇ ਜੀਵ ਜੰਤੂ ਅਨੇਕ ਰੰਗਾਂ ਵਿਚ ਇਕ ਦੂਸਰੇ ਦੇ ਅੰਤਰਗਤ ਅਤੇ ਅਨੇਕ ਅਭੌਤਿਕ ਪਦਾਰਥ ਦਿਸਦੇ ਤੇ ਭਾਸਦੇ ਹਨ। ਇਸ ਥਾਂ ਤੇ ਵਸਣ ਵਾਲੇ ਪ੍ਰਕਾਸ਼ ਦੀ ਹੋਂਦ ਵਿਚ ਭਾਸਦੇ ਹਨ ਸਰੀਰ ਉਨ੍ਹਾਂ ਦਾ ਕੋਈ ਨਹੀਂ ਹੁੰਦਾ। ਫੁਰਮਾਨ ਹੈ –

*ਕੋਟਿ ਸੂਰ ਜਾ ਕੈ ਪਰਗਾਸ॥*
*ਕੋਟਿ ਮਹਾਦੇਵ ਅਰੁ ਕਬਿਲਾਸ॥*
*ਦੁਰਗਾ ਕੋਟਿ ਜਾ ਕੈ ਮਰਦਨੁ ਕਰੈ॥*
*ਬ੍ਰਹਮਾ ਕੋਟਿ ਬੇਦ ਉਚਰੈ॥*
*ਜਉ ਜਾਚਉ ਤਉ ਕੇਵਲ ਰਾਮ॥*
*ਆਨ ਦੇਵ ਸਿਉ ਨਾਹੀ ਕਾਮ॥*
*ਕੋਟਿ ਚੰਦ੍ਰਮੇ ਕਰਹਿ ਚਰਾਕ॥*
*ਸੁਰ ਤੇਤੀਸਉ ਜੇਵਹਿ ਪਾਕ॥*
*ਨਵ ਗ੍ਰਹ ਕੋਟਿ ਠਾਢੇ ਦਰਬਾਰ॥*
*ਧਰਮ ਕੋਟਿ ਜਾ ਕੈ ਪ੍ਰਤਿਹਾਰ॥*
*ਪਵਨ ਕੋਟਿ ਚਉਬਾਰੇ ਫਿਰਹਿ॥*
*ਬਾਸਕ ਕੋਟਿ ਸੇਜ ਬਿਸਥਰਹਿ॥*
*ਸਮੁੰਦ ਕੋਟਿ ਜਾ ਕੇ ਪਾਨੀਹਾਰ॥*
*ਰੋਮਾਵਲਿ ਕੋਟਿ ਅਠਾਰਹ ਭਾਰ॥*
*ਕੋਟਿ ਕਮੇਰ ਭਰਹਿ ਭੰਡਾਰ॥*

ਕੋਟਿਕ ਲਖਮੀ ਕਰੈ ਸੀਗਾਰ॥
ਕੋਟਿਕ ਪਾਪ ਪੁੰਨ ਬਹੁ ਹਿਰਹਿ॥
ਇੰਦ੍ਰ ਕੋਟਿ ਜਾ ਕੇ ਸੇਵਾ ਕਰਹਿ॥
ਛਪਨ ਕੋਟਿ ਜਾ ਕੈ ਪ੍ਰਤਿਹਾਰ॥
ਨਗਰੀ ਨਗਰੀ ਖਿਅਤ ਅਪਾਰ॥
ਲਟ ਛੂਟੀ ਵਰਤੈ ਬਿਕਰਾਲ॥
ਕੋਟਿ ਕਲਾ ਖੇਲੈ ਗੋਪਾਲ॥
ਕੋਟਿ ਜਗ ਜਾ ਕੈ ਦਰਬਾਰ॥
ਗੰਧ੍ਰਬ ਕੋਟਿ ਕਰਹਿ ਜੈਕਾਰ॥
ਬਿਦਿਆ ਕੋਟਿ ਸਭੈ ਗੁਨ ਕਹੈ॥
ਤਊ ਪਾਰਬ੍ਰਹਮ ਕਾ ਅੰਤੁ ਨ ਲਹੈ॥
ਬਾਵਨ ਕੋਟਿ ਜਾ ਕੈ ਰੋਮਾਵਲੀ॥
ਰਾਵਨ ਸੈਨਾ ਜਹ ਤੇ ਛਲੀ॥
ਸਹਸ ਕੋਟਿ ਬਹੁਤ ਕਹਤ ਪੁਰਾਨ॥
ਦੁਰਜੋਧਨ ਕਾ ਮਥਿਆ ਮਾਨੁ॥
ਕੰਦ੍ਰਪ ਕੋਟਿ ਜਾ ਕੈ ਲਵੈ ਨ ਧਰਹਿ॥
ਅੰਤਰ ਅੰਤਰਿ ਮਨਸਾ ਹਰਹਿ॥
ਕਹਿ ਕਬੀਰ ਸੁਨਿ ਸਾਰਿਗਪਾਨ॥
ਦੇਹਿ ਅਭੈ ਪਦੁ ਮਾਂਗਉ ਦਾਨ॥

ਪੰਨਾ - 1163

ਅਤੇ ਕੁਝ ਗਿਣਤੀ ਬਾਰੇ ਭੇਤ ਦਿੰਦੇ ਹਨ ਫੁਰਮਾਨ ਕਰਦੇ ਹਨ–

ਸਤਰਿ ਸੈਇ ਸਲਾਰ ਹੈ ਜਾ ਕੇ॥
ਸਵਾ ਲਾਖੁ ਪੈਕਾਬਰ ਤਾ ਕੇ॥
ਸੇਖ ਜੁ ਕਹੀਅਹਿ ਕੋਟਿ ਅਠਾਸੀ॥
ਛਪਨ ਕੋਟਿ ਜਾ ਕੇ ਖੇਲ ਖਾਸੀ॥
ਮੋ ਗਰੀਬ ਕੀ ਕੋ ਗੁਜਰਾਵੈ॥
ਮਜਲਸਿ ਦੂਰਿ ਮਹਲੁ ਕੋ ਪਾਵੈ॥
ਤੇਤੀਸ ਕਰੋੜੀ ਹੈ ਖੇਲ ਖਾਨਾ॥
ਚਉਰਾਸੀ ਲਖ ਫਿਰੈ ਦਿਵਾਨਾਂ॥

ਪੰਨਾ - 1161

ਅਨੇਕ ਰੂਹਾਂ ਅਨੇਕ ਗ੍ਰਿਹਿਾਂ ਤੋਂ ਆਤਮਕ ਤਰੱਕੀ ਕਰਕੇ ਇਥੇ ਪਹੁੰਚਦੀਆਂ ਹਨ। ਇਸ ਥਾਂ ਉਪਰ ਜਿਨ੍ਹਾਂ ਨੇ ਇਕ ਸੁਆਸ ਵੀ ਵਾਹਿਗੁਰੂ ਨੂੰ ਨਹੀਂ ਭੁਲਾਇਆ ਜਿਨ੍ਹਾਂ ਨੇ ਸੰਸਾਰ ਵਿਚ ਇਕ ਰਸ ਬਿਰਤੀ ਰੱਖ ਕੇ ਵਾਹਿਗੁਰੂ ਦਾ ਭਜਨ ਕੀਤਾ ਹੈ ਅਤੇ ਉਸਦੀ ਦੁਨੀਆਂ ਨੂੰ ਉਸ ਦਾ ਰੂਪ ਜਾਣ ਕੇ ਭਰਮ ਤੋਂ ਰਹਿਤ ਰਹਿੰਦੇ ਹਨ, ਉਸਦਾ ਵਾਸਾ ਇਥੇ ਹੁੰਦਾ ਹੈ ਜਿਸ ਨੂੰ ਸੰਤ ਮੰਡਲ ਆਖਿਆ ਜਾਂਦਾ ਹੈ। ਇਸ ਥਾਂ ਬਾਰੇ ਫੁਰਮਾਨ ਕਰਦੇ ਹਨ –

ਸੰਤ ਮੰਡਲ ਮਹਿ ਹਰਿ ਮਨਿ ਵਸੈ॥
ਸੰਤ ਮੰਡਲ ਮਹਿ ਦੁਰਤੁ ਸਭੁ ਨਸੈ॥
ਸੰਤ ਮੰਡਲ ਮਹਿ ਨਿਰਮਲ ਰੀਤਿ॥
ਸੰਤਸੰਗਿ ਹੋਇ ਏਕ ਪਰੀਤਿ॥
ਸੰਤ ਮੰਡਲੁ ਤਹਾ ਕਾ ਨਾਉ॥
ਪਾਰਬ੍ਰਹਮ ਕੇਵਲ ਗੁਣ ਗਾਉ॥
ਸੰਤ ਮੰਡਲ ਮਹਿ ਜਨਮ ਮਰਣੁ ਰਹੈ॥
ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ॥
ਸੰਤਸੰਗਿ ਹੋਇ ਨਿਰਮਲ ਬਾਣੀ॥
ਸੰਤ ਮੰਡਲ ਮਹਿ ਨਾਮੁ ਵਖਾਣੀ॥
ਸੰਤ ਮੰਡਲ ਕਾ ਨਿਹਚਲ ਆਸਨੁ॥
ਸੰਤ ਮੰਡਲ ਮਹਿ ਪਾਪ ਬਿਨਾਸਨੁ॥
ਸੰਤ ਮੰਡਲ ਮਹਿ ਨਿਰਮਲ ਕਥਾ॥
ਸੰਤਸੰਗਿ ਹਉਮੈ ਦੁਖ ਨਸਾ॥
ਸੰਤ ਮੰਡਲ ਕਾ ਨਹੀ ਬਿਨਾਸੁ॥
ਸੰਤ ਮੰਡਲ ਮਹਿ ਹਰਿ ਗੁਣਤਾਸੁ॥
ਸੰਤ ਮੰਡਲ ਠਾਕੁਰ ਬਿਸ੍ਰਾਮੁ॥
ਨਾਨਕ ਓਤਿ ਪੋਤਿ ਭਗਵਾਨੁ॥

ਪੰਨਾ - 1146

ਇਸ ਮਹੱਲ ਦੀ ਪ੍ਰਾਪਤੀ ਪੂਰੇ ਗੁਰੂ ਤੋਂ ਹੁੰਦੀ ਹੈ ਜਿਸ ਦੇ ਬਾਰੇ ਫੁਰਮਾਨ ਹੈ –

ਪੂਰੇ ਗੁਰ ਤੇ ਪਾਈਐ
ਮਨਮੁਖਿ ਪਲੈ ਨ ਪਾਇ॥
ਧਨੁ ਵਾਪਾਰੀ ਨਾਨਕਾ
ਜਿਨਾ ਨਾਮ ਧਨੁ ਖਟਿਆ ਆਇ॥

ਪੰਨਾ - 511

ਮਹਲ ਮਹਿ ਬੈਠੇ ਅਗਮ ਅਪਾਰ॥
ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ
ਜਿਸੁ ਗੁਰ ਕਾ ਸਬਦੁ ਰਤਨੁ ਆਚਾਰ॥

ਪੰਨਾ - 1256

ਇਸ ਅਦ੍ਰਿਸ਼ ਦ੍ਰਿਸ਼ ਨੂੰ ਦੇਖਣ ਵਾਸਤੇ ਹੋਰ ਅੱਖਾਂ ਦੀ ਲੋੜ ਹੈ ਇਹ ਅੱਖਾਂ ਉਥੇ ਅੰਨ੍ਹੀਆਂ ਹਨ –

ਅਗਮ ਦ੍ਰਗਮ ਗੜਿ ਰਚਿਓ ਬਾਸ॥
ਜਾ ਮਹਿ ਜੋਤਿ ਕਰੇ ਪਰਗਾਸ॥
ਬਿਜੁਲੀ ਚਮਕੈ ਹੋਇ ਅਨੰਦੁ॥
ਜਿਹ ਪਉੜ੍ਹੇ ਪ੍ਰਭ ਬਾਲ ਗੋਬਿੰਦ॥

ਪੰਨਾ - 1162

ਉਸ ਦੇ ਬਾਰੇ ਹੋਰ ਸੋਝੀ ਦਿੰਦਿਆਂ ਹੋਇਆਂ ਫੁਰਮਾਨ ਹੈ–

ਹਰਿ ਕੇ ਸੰਗ ਬਸੇ ਹਰਿ ਲੋਕ॥
ਤਨੁ ਮਨੁ ਅਰਪਿ ਸਰਬਸੁ
ਸਭੁ ਅਰਪਿਓ ਅਨਦ ਸਹਜ ਧੁਨਿ ਝੋਕ॥
ਦਰਸਨ ਪੇਖਿ ਭਏ ਨਿਰਬਿਖਈ
ਪਾਏ ਹੈ ਸਗਲੇ ਥੋਕ॥
ਆਨ ਬਸਤੁ ਸਿਉ ਕਾਜੁ ਨ ਕਛੂਐ
ਸੁੰਦਰ ਬਦਨ ਅਲੋਕ॥
ਸਿਆਮ ਸੁੰਦਰ ਤਜਿ ਆਨ ਜੁ ਚਾਹਤ
ਜਿਉ ਕੁਸਟੀ ਤਨਿ ਜੋਕ॥
ਸੂਰਦਾਸ ਮਨੁ ਪ੍ਰਭਿ ਹਥਿ ਲੀਨੋ
ਦੀਨੋ ਇਹੁ ਪਰਲੋਕ॥ ਪੰਨਾ - 1253

ਉਸ ਗਲ ਨੂੰ ਦੇਖਣ ਉਪਰੰਤ ਗੁਰੂ ਮਹਾਰਾਜ ਜੀ ਨੇ ਸੋਦਰ ਦਾ ਸ਼ਬਦ ਉਚਾਰ ਕੇ ਅਸਾਨੂੰ ਦਸਿਆ ਕਿ ਉਥੇ ਕਿੰਨੇ ਗਾ ਰਹੇ ਹਨ, ਇਨ੍ਹਾਂ ਤੋਂ ਹੋਰ ਵਧੀਕ

ਵੀ ਗਾ ਰਹੇ ਹਨ ਜੋ ਸਿਮਰਤੀ 'ਚ ਨਹੀਂ ਆ ਰਹੇ। ਜੋ ਕੁਝ ਉਹ ਪ੍ਰਭੂ ਕਰਦਾ ਹੈ ਇਸੇ ਸ਼ਬਦ ਵਿਚ ਦਸਿਆ ਗਿਆ ਹੈ -

*ਸੋ ਦਰੁ ਕੇਹਾ ਸੋ ਘਰੁ ਕੇਹਾ*
*ਜਿਤੁ ਬਹਿ ਸਰਬ ਸਮਾਲੇ॥*
*ਵਾਜੇ ਨਾਦ ਅਨੇਕ ਅਸੰਖਾ*
*ਕੇਤੇ ਵਾਵਣਹਾਰੇ॥*
*ਕੇਤੇ ਰਾਗ ਪਰੀ ਸਿਉ ਕਹੀਅਨਿ*
*ਕੇਤੇ ਗਾਵਣਹਾਰੇ॥*
*ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ*
*ਗਾਵੈ ਰਾਜਾ ਧਰਮੁ ਦੁਆਰੇ॥*
*ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ*
*ਲਿਖਿ ਲਿਖਿ ਧਰਮੁ ਵੀਚਾਰੇ॥*
*ਗਾਵਹਿ ਈਸਰੁ ਬਰਮਾ ਦੇਵੀ*
*ਸੋਹਨਿ ਸਦਾ ਸਵਾਰੇ॥*
*ਗਾਵਹਿ ਇੰਦ ਇਦਾਸਣਿ ਬੈਠੇ*
*ਦੇਵਤਿਆ ਦਰਿ ਨਾਲੇ॥*
*ਗਾਵਹਿ ਸਿਧ ਸਮਾਧੀ ਅੰਦਰਿ*
*ਗਾਵਨਿ ਸਾਧ ਵਿਚਾਰੇ॥*
*ਗਾਵਨਿ ਜਤੀ ਸਤੀ ਸੰਤੋਖੀ*
*ਗਾਵਹਿ ਵੀਰ ਕਰਾਰੇ॥*
*ਗਾਵਨਿ ਪੰਡਿਤ ਪੜਨਿ ਰਖੀਸੁਰ*
*ਜੁਗੁ ਜੁਗੁ ਵੇਦਾ ਨਾਲੇ॥*
*ਗਾਵਹਿ ਮੋਹਣੀਆਂ ਮਨੁ ਮੋਹਨਿ*
*ਸੁਰਗਾ ਮਛ ਪਇਆਲੇ॥*
*ਗਾਵਨਿ ਰਤਨ ਉਪਾਏ*
*ਤੇਰੇ ਅਠਸਠਿ ਤੀਰਥ ਨਾਲੇ॥*
*ਗਾਵਹਿ ਜੋਧ ਮਹਾਬਲ ਸੂਰਾ*
*ਗਾਵਹਿ ਖਾਣੀ ਚਾਰੇ॥*
*ਗਾਵਹਿ ਖੰਡ ਮੰਡਲ ਵਰਭੰਡਾ*
*ਕਰਿ ਕਰਿ ਰਖੇ ਧਾਰੇ॥*
*ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ*
*ਰਤੇ ਤੇਰੇ ਭਗਤ ਰਸਾਲੇ॥*
*ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ*
*ਆਵਨਿ ਨਾਨਕੁ ਕਿਆ ਵੀਚਾਰੇ॥*
*ਸੋਈ ਸੋਈ ਸਦਾ ਸਚੁ ਸਾਹਿਬੁ*
*ਸਾਚਾ ਸਾਚੀ ਨਾਈ॥*
*ਹੈ ਭੀ ਹੋਸੀ ਜਾਇ ਨ ਜਾਸੀ*
*ਰਚਨਾ ਜਿਨਿ ਰਚਾਈ।।*
*ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ*
*ਮਾਇਆ ਜਿਨਿ ਉਪਾਈ।।*
*ਕਰਿ ਕਰਿ ਵੇਖੈ ਕੀਤਾ ਆਪਣਾ*
*ਜਿਵ ਤਿਸ ਦੀ ਵਡਿਆਈ॥*
*ਜੋ ਤਿਸੁ ਭਾਵੈ ਸੋਈ ਕਰਸੀ*
*ਹੁਕਮੁ ਨ ਕਰਣਾ ਜਾਈ।।*
*ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ*
*ਨਾਨਕ ਰਹਣੁ ਰਜਾਈ॥ ਪੰਨਾ - 6*

ਵਾਹਿਗੁਰੂ ਜੀ ਦੀ ਦਰਗਾਹ ਵਿਚ ਅਨੇਕਾਂ ਅਤੇ ਅਸੰਖਾਂ ਉਸਦੇ ਗੁਣ ਗਾਉਣ ਵਾਲੇ ਹਨ। ਪ੍ਰਕ੍ਰਿਤੀ ਦੇ ਸਾਰੇ ਤੱਤ ਉਸਦੀ ਮਹਿਮਾਂ ਨੂੰ ਗਾ ਰਹੇ ਹਨ। ਚਿਤ੍ਰਗੁਪਤ ਜੋ ਹਰ ਜੀਵ ਦਾ ਹਿਸਾਬ ਕਿਤਾਬ ਰਖਦੇ ਹਨ। ਧਰਮਰਾਜੇ ਸਮੇਤ ਈਸ਼ਰ, ਬ੍ਰਹਮਾ, ਦੇਵੀ, ਦੇਵਤੇ ਸਾਰੇ ਉਸ ਦੇ ਗੁਣ ਅਨੇਕ ਤਰੀਕਿਆਂ ਨਾਲ ਗਾ ਰਹੇ ਹਨ। ਸਮਾਧੀਆਂ ਦੇ ਵਿਚ ਸਥਿਤ ਹੋਏ ਸਿੱਧ ਲੋਕ, ਜਤੀ ਸਤੀ, ਉਹ ਯੋਧੇ ਜਿਨ੍ਹਾਂ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਆਸੁਰੀ ਸੰਪਰਦਾ ਨੂੰ ਜਿੱਤ ਲਿਆ, ਕਰਨੀ ਕਮਾਈ ਵਾਲੇ ਵਿਦਵਾਨ, ਵੱਡੇ-ਵੱਡੇ ਰਿਸ਼ੀ ਮੁਨੀ ਵੇਦਾਂ ਸਮੇਤ ਜੁਗਾਂ ਜੁਗਾਂਤਰਾਂ ਤੋਂ ਗੱਲਾਂ ਕਰ ਰਹੇ ਹਨ। ਮਨ ਨੂੰ ਮੋਹਣ ਵਾਲੀਆਂ ਮੋਹਣੀਆਂ, ਸੁਰਗ, ਧਰਤੀ ਅਤੇ ਅਕਾਸ਼, ਬੇਅੰਤ ਅਵਿਅਕਤ ਰੂਹਾਂ, 68 ਤੀਰਥਾਂ ਦੇ ਦੇਵਤੇ ਪੈਦਾ ਕੀਤੇ ਹੋਏ ਰਤਨਾਂ ਦੀ ਖੂਬਸੂਰਤੀ ਤੀਰਥਾਂ ਸਮੇਤ, ਵੱਡੇ-ਵੱਡੇ ਯੋਧੇ ਮਹਾਂਬਲੀ ਸੂਰਮੇ, ਚਾਰੇ ਖਾਣੀਆਂ, ਸਾਰੇ ਖੰਡ ਬ੍ਰਹਿਮੰਡ ਮੰਡਲ ਉਸ ਦੀ ਮਹਿਮਾਂ ਨੂੰ ਆਪਣੇ-ਆਪਣੇ ਢੰਗ ਨਾਲ ਗਾ ਰਹੇ ਹਨ। ਜੇ ਇਹ ਕਹਿ ਦੇਈਏ ਕਿ ਸਾਰਿਆਂ ਵਿਚ ਇਕੋ ਸ਼ਬਦ ਧੁਨ ਪਰੀਪੂਰਨ ਹੈ ਜਿਸ ਨੂੰ ਪੰਚ ਸ਼ਬਦ ਧੁਨ੍ਹ ਆਖਿਆ ਜਾਂਦਾ ਹੈ ਜਿਸ ਨੂੰ ਅੱਖਰਾਂ ਦੇ ਵਿਚ '੧ਓ' ਕਹਿ ਕੇ ਵਰਣਨ ਕੀਤਾ ਹੈ, ਉਸ ਧੁਨੀ ਰਾਹੀਂ ਦ੍ਰਿਸ਼ਟ ਅਦ੍ਰਿਸ਼ਟ ਜੜ੍ਹ ਜੰਗਮ ਕੁਦਰਤ ਦੀ ਹਰ ਸ਼ਕਤੀ ਇਸ ਦਰ ਤੇ ਗਾ ਰਹੀ ਹੈ, ਕਿੰਨੇ ਕੁ ਗਾ ਰਹੇ ਹਨ, ਇਸ ਦਾ ਕੋਈ ਵੀ ਅੰਦਾਜ਼ਾ ਨਹੀਂ ਲਾ ਸਕਦਾ। ਵਾਹਿਗੁਰੂ ਜੀ ਸਦਾ ਹੀ ਆਪਣੀ ਅਨੰਤ ਮਹਿਮਾ ਵਿਚ ਸਥਿਤ ਹਨ, ਬੇਅੰਤ ਕਿਸਮਾਂ ਬੇਅੰਤ ਜਿਨਸਾਂ ਦੀ ਉਤਪਤੀ ਕਰਕੇ ਆਪ ਵੇਖ ਰਿਹਾ ਹੈ ਜੋ ਉਸ ਨੂੰ ਭਾਉਂਦਾ ਹੈ ਉਸ ਦਾ ਕਰੜਾ ਹੁਕਮ ਉਸ ਦੀ ਕਾਰ ਕਮਾਉਂਦਾ ਹੈ। ਉਸ ਨਾਲ ਮੇਲ ਕਰਕੇ ਹੀ ਕੂੜ ਦੀ ਕੰਧ ਟੁੱਟ ਸਕਦੀ ਹੈ। ਇਸ ਤਰ੍ਹਾਂ ਅੱਖਰਾਂ ਵਿਚ ਉਸ ਦੀ ਮਹਿਮਾ ਅਤੇ ਉਸ ਦੇ ਸਥਾਨ ਨੂੰ ਪ੍ਰਗਟ ਕਰਨਾ ਪ੍ਰਕ੍ਰਿਤਕ ਯਤਨ ਹੈ, ਬੁੱਧੀ ਦਾ ਤਰਲਾ ਹੈ ਪਰ ਜਿਸ ਨੇ ਦੇਖ ਲਿਆ ਹੈ ਉਸ ਕੋਲ ਅੱਖਰ ਨਹੀਂ ਹੈ ਕਿ ਕੁਝ ਉਸ ਦੇ ਬਾਰੇ ਕਹਿ ਸਕੇ ਅਤੇ ਉਹ ਅਨਹਤ ਧੁਨ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ, ਰਤਿਆ ਜਾਂਦਾ ਹੈ, ਉਸ ਵਰਗਾ ਹੀ ਹੋ ਜਾਂਦਾ ਹੈ। ਸੁਣਿਆ ਦਸਿਆ ਜਾ ਹੀ ਨਹੀਂ ਸਕਦਾ, ਇਹ ਤਾਂ ਖੇਲ੍ਹ ਹੀ ਹੋ ਰਿਹਾ ਇਹ ਖੇਲ੍ਹ ਦੇ ਦੋਹੀਂ ਪਾਸੀ ਉਹ ਆਪ ਹੀ ਹੈ ਜਾਂ ਐਉਂ ਕਹਿ ਲਓ ਜਾਦੂਗਰ ਦੀ ਸ਼ਕਤੀ ਵਾਂਗੂੰ ਖੇਲ੍ਹ ਹੁੰਦੀ ਪ੍ਰਤੀਤ ਦੇ ਰਹੀ ਹੈ -

*ਬਾਜੀਗਰਿ ਜੈਸੇ ਬਾਜੀ ਪਾਈ॥*
*ਨਾਨਾ ਰੂਪ ਭੇਖ ਦਿਖਲਾਈ॥*
*ਸਾਂਗੁ ਉਤਾਰਿ ਥੰਮਿਓ ਪਾਸਾਰਾ॥*
*ਤਬ ਏਕੋ ਏਕੰਕਾਰਾ॥*
*ਕਵਨ ਰੂਪ ਦ੍ਰਿਸਟਿਓ ਬਿਨਸਾਇਓ॥*
*ਕਤਹਿ ਗਇਓ ਉਹੁ ਕਤ ਤੇ ਆਇਓ॥*
*ਜਲ ਤੇ ਊਠਹਿ ਅਨਿਕ ਤਰੰਗਾ॥*

*ਕਨਿਕ ਭੂਖਨ ਕੀਨੇ ਬਹੁ ਰੰਗਾ॥*
*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥*
*ਫਲ ਪਾਕੇ ਤੇ ਏਕੰਕਾਰਾ॥*
*ਸਹਸ ਘਟਾ ਮਹਿ ਏਕੁ ਆਕਾਸੁ॥*
*ਘਟ ਫੂਟੇ ਤੇ ਓਹੀ ਪ੍ਰਗਾਸੁ॥*
*ਭਰਮ ਲੋਭ ਮੋਹ ਮਾਇਆ ਵਿਕਾਰ॥*
*ਭ੍ਰਮ ਛੂਟੇ ਤੇ ਏਕੰਕਾਰ॥*
*ਓਹੁ ਅਬਿਨਾਸੀ ਬਿਨਸਤ ਨਾਹੀ॥*
*ਨਾ ਕੋ ਆਵੈ ਨਾ ਕੋ ਜਾਹੀ॥*
*ਗੁਰਿ ਪੂਰੈ ਹਉਮੈ ਮਲੁ ਧੋਈ॥*
*ਕਹੁ ਨਾਨਕ ਮੇਰੀ ਪਰਮ ਗਤਿ ਹੋਈ॥*
*ਪੰਨਾ - 736*

ਸੋ ਇਹ ਇਕ ਭਾਵ ਅਤੇ ਅਭਾਵ, ਅੱਖਰ ਅਤੇ ਅਨਖਸ਼ਰ ਦੀ ਪ੍ਰਕ੍ਰਿਆ ਨੂੰ ਕੌਣ ਗਾ ਸਕਦਾ ਹੈ, ਕੌਣ ਹੈ ਜੋ ਸਚਖੰਡ ਬਾਰੇ ਕਹਿ ਸਕੇ ਕਿਉਂਕਿ ਉਹ ਸਰਬ ਥਾਂ ਪਸਰਿਆ ਹੋਇਆ ਖੰਡ ਸਭ ਦੇ ਅੰਦਰ ਹੁੰਦਾ ਹੋਇਆ ਵੀ ਅਤਿ ਸੂਖਸ਼ਮ ਹੋਣ ਕਰਕੇ ਸਰੀਰਕ ਪੰਜ ਇੰਦ੍ਰੀਆਂ ਦੀ ਸੂਝ ਤੋਂ ਬਹੁਤ ਅਗਾਹਾਂ ਹੈ। ਜੇ ਇਸ ਨੂੰ ਹੋਰ ਵਧੇਰੇ ਸਮਝ ਕੇ ਦਸ ਲੈਣ ਦਾ ਯਤਨ ਕਰਨਾ ਹੈ ਤਾਂ ਇਥੇ ਇਕ ਅਨੁਭਵ ਉਚੀ ਉਡਾਰੀ ਦਾ ਅਨੁਭਵ ਦਸ ਦੇਣਾ ਕੁਥਾਹ ਨਹੀਂ ਹੋਵੇਗਾ।

ਉਸ ਦਾ ਪਿਛੋਕੜ ਇਉਂ ਹੈ ਕਿ ਪੰਜਾਬ ਦੇ ਇਕ ਪਹਾੜ ਦੇ ਦੋ ਮਹਾਰਾਜੇ ਅਤਿ ਉਚ ਕੋਟੀ ਦੇ ਗੁਰਮੁਖ ਸਨ। ਭਾਈ ਤਿਲੋਕੇ ਵਾਂਗੂੰ ਹੀ ਪਰਮ ਪਦ ਵਿਚ ਵਾਸ ਰੱਖਣ ਵਾਲੇ ਪਰਉਪਕਾਰ ਕਮਾਉਂਦਿਆਂ ਯੁੱਧ ਵਿਚ ਸ਼ਹੀਦ ਹੋ ਜਾਂਦੇ ਹਨ ਕਿਉਂਕਿ ਅਵਸਥਾ ਬਹੁਤ ਉਚੀ ਸੀ ਅਤੇ ਉਹ ਆਪਣੀ ਰਾਣੀ ਜਿਸਦਾ ਨਾਮ ਰਾਜ ਸੀ ਉਸ ਨੂੰ ਠੀਕ ਉਸੇ ਤਰ੍ਹਾਂ ਨਾਲ ਉਚੀਆਂ ਅਵਸਥਾ ਦੀ ਗਿਆਤ ਕਰਾਉਂਦੇ ਸਨ ਜਿਵੇਂ ਭਾਈ ਤਿਲੋਕਾ ਜੀ ਰਾਜਕੁਮਾਰੀ ਨੂੰ ਕਰਾ ਰਹੇ ਸਨ। ਉਹ ਜਦੋਂ ਚੜ੍ਹਾਈ ਕਰ ਗਏ ਤਾਂ ਰਾਣੀ ਰਾਜ ਨੂੰ ਬਿਰਹੋਂ ਸਹਿਣਾ ਔਖਾ ਹੋ ਗਿਆ। ਖੁਦਕਸ਼ੀ ਉਹ ਕਰ ਨਹੀਂ ਸਕਦੀ ਕਿਉਂਕਿ ਉਸ ਗੁਰਮੁਖ ਨੇ ਰਸਤਾ ਦਸ ਦਿਤਾ ਸੀ ਅਤੇ ਕਹਿ ਦਿਤਾ ਸੀ ਕਿ ਤੂੰ ਮੇਰੇ ਸਰੀਰ ਨਾਲ ਪਿਆਰ ਨਾ ਕਰ, ਮੇਰਾ ਵਾਸਾ ਸਦਾ ਹੀ ਸਚਖੰਡ ਵਿਚ ਹੀ ਹੁੰਦਾ ਹੈ ਭਾਵੇਂ ਸੰਸਾਰ ਵਿਚ ਮੈਂ ਕਾਰਜ ਕਰ ਰਿਹਾ ਹਾਂ। ਜੇ ਤੂੰ ਮੇਰੇ ਸਰੀਰ ਛੱਡਣ ਤੋਂ ਬਾਅਦ ਮੇਰੇ ਤਕ ਪਹੁੰਚਣਾ ਚਾਹੁੰਦੀ ਹੈਂ ਤਾਂ ਤੈਨੂੰ ਖਾਸ ਸੰਜਮ ਵਿਚ ਜੀਵਨ ਬਿਤਾਉਣਾ ਪਵੇਗਾ। ਉਸ ਦੇ ਸਰੀਰ ਛੱਡਣ ਤੋਂ ਬਾਦ ਰਾਣੀ ਬਹੁਤ ਵਿਰਲਾਪ ਕਰਦੀ ਹੈ, ਉਹ ਵਿਛੜੀ ਰੂਹ ਨੇ ਆਪਣੇ ਪ੍ਰੀਤਮ ਪ੍ਰਤੀ ਐਸੇ ਵੈਣ ਪਾਏ ਕਿ ਜਿਵੇਂ ਰਾਣੀ ਬੈਰਾਗ ਵਿਚ ਰੁੜੀ ਹੋਈ ਹੈ ਪੜ੍ਹਨ ਵਾਲਾ ਵੀ ਰੁੜ੍ਹ ਜਾਂਦਾ ਹੈ। 24 ਘੰਟੇ ਸਾਰੇ ਰਾਜਸੀ ਕੰਮ ਕਾਰ ਛੱਡ ਕੇ ਇਕੋ ਧੁਨ ਲਗੀ ਰਹਿੰਦੀ ਹੈ ਕਿ ਮੈਂ ਆਪਣੇ ਪ੍ਰੀਤਮ ਪਿਆਰੇ ਨੂੰ ਟੋਲ ਲਵਾਂ ਕਿਉਂਕਿ ਉਹ ਕਾਲ ਤੋਂ ਉਪਰ ਸੀ ਉਸ ਦੀ ਹੋਂਦ ਸਦੀਵੀ ਹੈ ਪਰ ਮੈਨੂੰ ਦਿਸ ਨਹੀਂ ਰਿਹਾ। ਇਸ ਕਰਕੇ ਉਹ ਬਹੁਤ ਤਰਲੇ ਲੈਂਦੀ ਹੈ, ਬੈਰਾਗ ਕਹਿਰਾਂ ਦਾ ਹੈ ਪਰ ਅਜੇ ਤੱਤ ਬੇਤੇ ਮਹਾਂਪੁਰਸ਼ ਗੁਰਮੁਖ ਦਾ ਮਿਲਾਪ ਨਾ ਹੋਣ ਕਰਕੇ ਰਾਹ ਨਹੀਂ ਲੱਭ ਰਿਹਾ। ਉਹ ਇਨ੍ਹਾਂ ਵਹਿਣਾਂ ਵਿਚ ਪਈ ਸੰਸਾਰ ਤੋਂ ਬੇਸੁਧ ਹੋ ਜਾਂਦੀ ਹੈ। ਉਸ ਦੀਆਂ ਅੰਦਰਲੀਆਂ ਸ਼ਕਤੀਆਂ ਇਕੱਠੀਆਂ ਹੋ ਕੇ ਹੰਭਲਾ ਮਾਰਦੀਆਂ ਹਨ ਅਤੇ ਉਸ ਦੀ ਸੁਰਤ ਨੂੰ ਇਕ ਉਡਾਰੀ ਵਿਚ ਅਤਿ ਉਚਾ ਲੈ ਜਾਂਦੀਆਂ ਹਨ ਜਿਸਨੂੰ ਭਾਈ ਸਾਹਿਬ ਡਾ: ਵੀਰ ਸਿੰਘ ਜੀ ਨੇ ਬਹੁਤ ਸੁੰਦਰ ਅੱਖਰਾਂ ਦੀ ਪੁਸ਼ਾਕ ਪਹਿਨਾਅ ਕੇ ਬਹੁਤ ਸੋਹਣਾ ਲਿਖਣ ਦਾ ਯਤਨ ਕੀਤਾ ਹੈ। ਉਸ ਨੂੰ ਜੇ ਮੈਂ ਆਪਣੇ ਅੱਖਰਾਂ ਵਿਚ ਬਣਾ ਕੇ ਦੱਸਾਂ ਤਾਂ ਅਧੂਰਾ ਰਹਿ ਜਾਣਾ ਹੈ। ਕਿਉਂਕਿ ਜਿਸ ਅਵਸਥਾ ਵਿਚ ਉਨ੍ਹਾਂ ਨੂੰ ਇਸ ਨੂੰ ਰੁਪਮਾਨ ਕਰਨ ਦਾ ਯਤਨ ਕੀਤਾ ਹੈ ਉਹ ਇਕ ਬਹੁਤ ਹੀ ਗਹਿਰੀ ਚੁਪ ਦੀ ਅਵਸਥਾ ਹੈ, ਮਹਾਨ ਮੌਨ ਹੈ, ਜਿਥੋਂ ਇਹ ਰੂਪ ਦੀਆਂ ਲਹਿਰਾਂ ਕਲਮ ਰਾਹੀਂ ਰੁਪਮਾਨ ਹੋਈਆਂ। ਸੋ ਉਸੇ ਤਰ੍ਹਾਂ ਹੇਠਾਂ ਲਿਖਿਆ ਜਾ ਰਿਹਾ ਹੈ। ਉਸ ਨੂੰ ਇਕ ਰੂਹ ਮਿਲ ਜਾਂਦੀ ਹੈ ਜਿਸ ਦੀ ਪਹੁੰਚ ਉਸ ਅਦਿਸ ਦੇਸ਼ ਵਿਚ, ਥਰਥਰਾਹਟ ਦੇ ਤਰਵਾਂ ਮਾਰਦੇ ਜਿਉਂਦੇ ਜਾਗਦੇ ਦੇਸ਼ ਵਿਚ ਹੋਣ ਕਰਕੇ ਉਸ ਨੂੰ ਉਸ ਉਡਾਰੀ ਵਿਚ ਸਚਖੰਡ ਤਕ ਲੈ ਜਾਂਦੀ ਹੈ -

## ਉਡਾਰੀ

*ਮਾਤਾ ਦਾ ਇਹ ਵਾਕ ਸੁਣ ਕੇ ਆਖਦੀ:-*
*'ਅੰਮੀ, ਨਹੀਓਂ ਵੱਸ ਮੇਰੇ ਕੁੱਝ ਬੀ।*
*'ਸੁਣ ਕੇ ਸਭ ਵਿਰਤਾਂਤ ਬੀਤਾ ਅੱਜ ਜੋ,*
*'ਆਪ ਤੁਸੀਂ ਲੌ ਦੇਖ ਮੇਰੀ ਬੇਵਸੀ।*
*'ਸੂਰਜ ਅੱਜ ਤ੍ਰਿਪੈਰ੍ਹ ਢਲਿਆ ਮਾਉਂ ਜੀ!*
*'ਨੀਵਾਂ ਨੀਵਾਂ ਹੋਇ ਪੱਛੋਂ ਡੁੱਬਿਆ*
*'ਲੱਥਾਂ ਦਿਹੁੰ ਬੀ ਨਾਲ ਸੂਰਜ ਲੱਥਿਆਂ।*
*'ਦੋਵੇਂ ਪੱਛੋਂ ਓਟ ਮਾਨੋਂ ਜਾ ਲੁਕੇ*
*'ਚਉਬਾਰੇ ਨਿਜ ਬੈਠ ਮੈਂ ਸਾਂ ਦੇਖਦੀ*
*'ਸ਼ਹੁਬਾਰੀ ਦੇ ਰਾਹ ਕੌਤਕ ਏਸਨੂੰ।*
*'ਸੂਰਜ ਨੂੰ ਇਉਂ ਦੇਖ ਉਹਲੇ ਹੋਂਵਦਾ,*
*'ਦਿਨ ਨੂੰ ਛਿਪਦਾ ਨਾਲ; ਸੋਚ ਵਿਚਾਰ ਕੇ,*
*'ਖੌਲਰ-ਇਕ ਘਬਰਾਇ ਹਿਰਦੇ ਉੱਠਿਆ,*
*'ਗਮ ਦੀ ਆਈ ਸੋਚ ਜਿਨ ਸਮਝਾਇਆ :-*
*ਦਿਹੁੰ ਦਾ ਕਾਰਣ ਸੀਗ ਸੂਰਜ ਸੋਹਿਣਾ*
*'ਜਦ ਸੂਰਜ ਹੈ ਆਪ ਛਿਪਿਆ ਜੱਗ ਤੋਂ*
*'ਦਿਨ ਬੀ ਛਿਪਿਆ ਨਾਲ ਕਾਰਣ ਆਪਣੇ।*
*'ਸੂਰਜ ਜਦੋਂ ਅਧਾਰ ਛਿਪਿਆ ਦੇਸ਼ ਤੋਂ*
*'ਦਿਨ ਜੋ ਸੀਗ ਅਧੇਯ ਛਿਪਿਆ ਨਾਲ ਹੀ!*
*'ਤਿਉਂ ਸੂਰਜ ਦੇ ਵਾਙ ਰਾਣਾ ਆਪ ਸੀ*
*'ਮੈਂ ਤਿਸਦੇ ਸਾਂ ਨਾਲ ਦਿਨ ਦੇ ਵਾਂਗਰੇ।*
*'ਹੁਣ ਜਦ ਛਿਪਿਆ ਕੰਤ ਉਸ ਦੇ ਨਾਲ ਹੀ*
*'ਛਿਪਣਾ ਹੈਸੀ ਜੋਗ ਮੈਨੂੰ ਨਾਰ ਨੂੰ।*
*'ਓਹ ਸੀਗਾ ਆਧਾਰ ਮੈਂ ਆਧੇਯ ਸੀ:*
*'ਜਦ ਛਿਪਿਆ ਆਧਾਰ ਨਾਲ ਅਧੇਯ ਮੈਂ*

'ਕਯੋਂ ਨਾ ਛਿਪੀਆਂ ਹਾਇ ? –ਕਯੋਂ ਹਾਂ ਜੀਂਵਦੀ ?
ਅਣਹੋਣੀ ਇਹ ਗੱਲ ਕੀਕੂੰ ਹੋ ਗਈ,
ਸੂਰਜ ਆਥਣ ਨਾਲ ਦਿਨ ਨਹਿੰ ਆਥਿਆ:
–ਰਾਣੇ ਜੀ ਦੇ ਨਾਲ ਮੈਂ ਨਾ ਕਯੋਂ ਗਈ ?
ਇਉਂ ਆਈ ਜੋ ਯਾਦ, ਪਿਛਲੇ ਰੰਗ ਦੀ,
ਥਰਰ ਥਰਰ ਥਰਰਾਇ ਕੰਬਯਾ ਕਾਲਜਾ,
ਉੱਛਲਿਆ ਕਰ ਜ਼ੋਰ ਜਾਇ ਨ ਸਾਂਭਿਆ
ਉਠਿਆ ਇੱਕ ਉਬਾਲ ਚੜ੍ਹ ਗਯਾ ਸੀਸ ਨੂੰ,
ਉੱਥੋਂ ਪਾਣੀ ਹੋਇ ਲੱਥਾ ਹੇਠ ਨੂੰ,
ਨੈਣੋਂ ਮੋਲ੍ਹੇ ਧਾਰ ਹੋਕੇ ਵੱਸਿਆ।
ਰੋ ਰੋ ਹੋਇ ਨਿਢਾਲ ਲੰਮੀ ਪੈ ਗਈ,
ਦਿਲ ਸਿਮਟੀ ਜਜ਼ਾ ਨਾਲ ਛਾਈ ਮੂਰਛਾ।
ਪਾਸ ਨ ਹੋਸੀ ਕੋਇ, ਕਿਸੇ ਨ ਦੇਖਿਆ
ਮੈਨੂੰ ਨਾ ਸੀ ਹੋਸ਼ ਕੀ ਕੁਝ ਹੋ ਰਿਹਾ
'ਵਿਚ ਮੂਰਛਾ ਮਾਉਂ! ਜੋ ਮੈਂ ਦੇਖਿਆ
ਸੋ ਕੁਝ ਐਦਾਂ ਸੀਗ, ਸੁਣ ਲੈ ਕੰਨ ਦੇ:–
ਮੈਂ ਜਾਤਾ ਛਡ ਦੇਹ ਨਿਕਲੀ ਬਾਰ੍ਹ ਹਾਂ,
'ਨਿਕਲ ਚਲੀ ਹਾਂ ਉਡ ਉਪਰ ਵਾਰ ਨੂੰ,
ਨਿਕਲ ਉਡਦੀ ਜਾਇ ਗੁੱਡੀ ਅੰਬਰੀਂ।
ਉੱਤੋਂ ਤੱਕਾਂ ਹੇਠ ਸਾਰੇ ਦੇਸ ਨੂੰ,
ਧੌਲਰ ਤੇ ਰਣਵਾਸ – ਸਾਰੇ ਮਹਲ ਨੂੰ,
ਬਨ, ਬੇਲੇ ਤੇ ਬ੍ਰਿੱਛ, ਨਦੀ, ਸਮਾਧ ਨੂੰ,
ਬਾਗ, ਬਗੀਚੇ ਨਾਲ ਨੋਕਰ, ਚਾਕਰਾਂ,
ਦਾਸ, ਦਾਸੀਆਂ, ਮਾਉਂ! ਵਿੱਚੇ ਤੁੱਧ ਨੂੰ;
ਅਪਣਾ ਦੇਹੀ ਬੁੱਤ ਪਿਆ ਜੁ ਧੌਲਰੇ;
ਸਾਰੇ ਦੇਖਾਂ ਸਾਫ, ਪੰਛੀ ਵਾਕਰੇ
ਜੋ ਉਡਦਾ ਅਸਮਾਨ ਹੇਠਾਂ ਤੱਕਦਾ।
ਅਤਿ ਅਚਰਜ ਮੈਂ ਹੋਇ ਦੇਖਾਂ ਆਪ ਨੂੰ;–
ਇਹ ਕੀ ਵਰਤਜ਼ਾ ਖੇਲ ? ਕਿੱਥੇ ਆ ਗਈ ?
ਦੇਹੀ ਪਈ ਬਿਹੋਸ਼! ਮੈਂ ਹਾਂ ਜਾਗਦੀ!
ਹੌਲੀ ਫੁੱਲੋਂ ਵੱਧ ਹਲਕੀ ਪੌਣ ਤੋਂ,
ਚਮਕਾਂ ਹੀਰੇ ਵਾਂਙ ਨਿਰਮਲ ਹੋ ਰਹੀ:
ਉਡਦੀ ਜਾਵਾਂ ਆਪ ਅਪਨੇ ਆਪ ਹੀ।
ਫਿਰ ਦੇਖਾਂ ਚਉਫੇਰ ਛਾਇਆ ਤੇਜ ਹੈ,
ਮਿੱਠਾ ਜਿਦ੍ਹਾ ਪ੍ਰਕਾਸ਼ ਬਿਜਲਯੋਂ ਸੋਹਿਣਾ,
ਅਖ ਚੁੰਧਿਆਵੇ ਨਾਹਿੰ, ਸਗੋਂ ਸੁਹਾਵਣਾ।
ਫਿਰ ਓਥੇ ਇਕ ਪੌਣ ਹਲਕੀ ਅੱਤ ਦੀ
ਸੂਖਮ ਵਾਙ ਅਕਾਸ਼ ਪਾਵੇ ਜੱਫੀਆਂ।
ਏ ਵਗਦੀ ਇਕ ਵੇਗ ਵਰਗਾ ਵਾਉ ਨਾ:
ਥਰਥਰਾਟ ਜਿਉਂ ਖਾਇ ਕੋਈ ਤਾਰ ਹੈ,
ਤਿੱਕੁਰ ਸੀ ਥਰਰਾਟ ਇਸਦਾ ਵੇਗ ਜੋ।
ਇਹ ਲੱਗੇ ਮੈਂ ਨਾਲ, ਅੰਦਰ ਬਾਹਰੇ
ਆਵੇ ਜਾਇ ਸੁਖੈਨ, ਜਫੀਆਂ ਪਾਂਵਦਾ।
ਜਦ ਮੈਂ ਉੱਚੀ ਉੱਡ ਬਹੁੜੀ ਜੀ ਚੜ੍ਹੀ,
ਦਿੱਸਣ ਵਿੱਚ ਪ੍ਰਕਾਸ਼ ਏਸ ਅਕਾਸ਼ ਦੇ
ਲੱਖਾਂ ਕ੍ਰੋੜਾਂ ਜੰਤ ਮੈਨੂੰ ਲੱਗ ਪੈ,
ਤਾਰੀਆਂ ਮੇਰੇ ਵਾਙ ਲੈ ਰਹੇ ਅੰਬਰੀਂ।

ਕੀਕੁਰ ਕਰਾਂ ਬਿਆਨ ਇਨ੍ਹਾਂ ਦੇ ਰੂਪ ਦਾ,
ਦੁਨੀਆਂ ਦੀ ਸੁਹਣੱਪ ਏਨ੍ਹਾਂ ਸਾਮ੍ਹਣੇ
ਸੀਗੀ ਕਾਈ ਮੈਲ ਜਿੱਕੁਰ ਹੋਂਵਦੀ।
ਏ ਸਨ ਸਭ ਪਰਸੰਨ, ਹਸਮੁਖ ਕੌਲ ਜਯੋਂ;
ਕਰਦੇ ਫਿਰਦੇ ਕੇਲ ਮੌਜਾਂ ਮਾਣਦੇ।
ਏਹਨਾਂ ਵਿਚੋਂ ਇੱਕ ਸੁੰਦਰ ਸੋਹਿਣੀ
ਨੱਠੀ ਦੂਰੋਂ ਆਇ ਮੈਂ ਵਲ ਧਾਉਂਦੀ,
ਆਕੇ ਲੀਤਜੁਸ ਪਾਇ ਘੁਟ ਗਲਵੱਕੜੀ।
ਕਰਦੀ ਐਦਾਂ ਪਯਾਰ, ਭੈਣਾਂ ਕਰਦੀਆਂ।
ਭੈਣੋਂ ਬੀ ਉਹ ਵੱਧ, ਅਪਨੇ ਆਪ ਦਾ
ਦੂਜਾ ਅੱਧਾ ਭਾਗ ਮੈਨੂੰ ਜਾਪਦੀ।
ਉਸਦੇ ਮਿਲਿਆਂ ਠੰਢ ਮੈਨੂੰ ਪਾ ਗਈ;
ਪਰ ਸ੍ਵਾਮੀ ਦੀ ਯਾਦ ਮੇਰੇ ਨਾਲ ਸੀ।
ਦਰਦਣ ਇਸਨੂੰ ਵੇਖ ਟੁੰਬਜਾ ਯਾਦ ਨੇ,
ਮੈਥੋਂ ਰਿਹਾ ਨ ਜਾਇ ਬਾਝੋਂ ਪੁੱਛਿਆਂ।
ਆਖਾਂ ਦੋ ਹਥ ਜੋੜ:–"ਸਜਨੀ ਪਯਾਰੀਏ!
"ਤੈਨੂੰ ਪਤਾ ਤੇ ਹੋਗ ਮੇਰੇ ਸੰਤ ਦਾ,
ਵਸਦੇ ਕਿਹੜੇ ਲੋਕ –ਕਿੱਥੇ ਆਟਿਕੇ ?"
ਸੁਣਕੇ, ਬੋਲੀ ਓਹ ਕਹਿੰਦੀ, "ਭੈਣ ਜੀ,
"ਓ ਵੱਸਣ ਸਚਖੰਡ –ਵਿੱਚ ਸਰੂਪ ਦੇ,
ਕਹਿੰਦੇ ਜਿਸ ਨਿਰਬਾਣ ਪਦ ਨਿਰੰਕਾਰ ਦਾ,
ਸਾਰੇ ਜਿਸਦਾ ਥਾਉਂ – ਕੇਂਦਰ ਜਗਤ ਜੋ।
ਹੈ ਉਹ ਥਾਉਂ ਅਥਾਉਂ ਪਰ ਸਭ ਥਾਉਂ ਹੈ।
ਭਗਤੀ ਨਿਭੀ ਅਨਿੰਨ ਤੇਰੇ ਕੰਤ ਦੀ,
ਵਸਕੇ ਵਿਚ ਇਸ ਜੱਗ ਸੁੱਚਾ ਓ ਗਿਆ,
ਲੱਗਣ ਦਿੱਤਾ ਦਾਗ ਇੱਕ ਨ ਓਸਨੇ
ਆਤਮ ਅਪਨੇ ਜੋਗ–ਨਿਰਮਲ ਰੱਖਿਆ।
ਫਿਰ ਕਰਦਾ ਉਪਕਾਰ ਛੱਡੀ ਕਾਮਨਾ
ਹੁਕਮ ਜਾਣ ਕੇ ਓਹ। ਫਿਰ ਉਨ੍ਹ ਜਾਣਿਆਂ–
ਬਲੀਦਾਨ ਹੈ "ਦੇਹ" 'ਮੇਰੀ', 'ਮੈਂ' ਸਭੀ;
ਇਸਦਾ ਕਰਨਾ ਹੋਮ –ਹਉਮੈਂ ਵਾਰਨੀ;
ਵਾਰਾ ਫੇਰਾ ਏਹ ਕਰਨਾ ਆਪਣਾ।
ਖਾਲਕ ਵਿੱਚ ਧਿਆਨ ਲਿਵ ਨੂੰ ਧਾਰਕੇ,
ਸੱਚਾ ਕਰ ਕੇ ਪਯਾਰ ਖਲਕਤ ਨਾਲ ਓ,
ਕਮਲ ਵਾਂਙ ਨਿਰਲੇਪ ਰਹਿੰਦਾ ਖਲਕ ਤੋਂ
ਖ਼ਾਲਕ ਰੂਪ ਵਿਚਾਲ ਵਾਸਾ ਪਾ ਗਿਆ।
ਉੱਥੇ ਵਸਦਾ ਨਿੱਤ ਸਦਾ ਅਨੰਦ ਹੈ।"
ਹੋ ਅਚਰਜ ਹੈਰਾਨ ਫਿਰ ਮੈਂ ਪੁੱਛਿਆ:
ਕਿੱਥੇ ਹੈ ਉਹ ਦੇਸ਼ ? ਕਿੰਨੀ ਦੂਰ ਹੈ
ਐਸ ਥਾਉਂ ਤੋਂ ਹੋਰ ? ਕਿਹੜੀ ਲਾਂਭ ਹੈ ?"
ਖਿੜ ਖਿੜ ਹੱਸੀ ਓਹ ਕਹਿੰਦੀ, "ਭੈਣ ਜੀ!
"ਦੁਨੀਆਂ ਦੇ ਵੱਸ ਤੂੰ ਤਾਂ ਹੈਂ ਪੜ੍ਹੀ
"ਜਪੁਜੀ ਬਾਣੀ ਆਪ, –ਮੰਤਰ ਰੱਬ ਦਾ ?
ਕੀ ਉਸਦੇ ਸਭ ਭੇਤ ਸਮਝੇ ਤੂੰ ਨਹੀਂ ?
ਹੋਸੀ ਤੈਨੂੰ ਯਾਦ ਪੌੜੀ ਸੈਂਤਵੀਂ,
ਲੈ ਮੈਂ ਦਿਆਂ ਸੁਣਾਇ ਸਮਝੀਂ ਭੇਤ ਨੂੰ:–
ਸਚ ਖੰਡਿ ਵਸੈ ਨਿਰੰਕਾਰੁ ॥

ਕਰਿ ਕਰਿ ਵੇਖੈ ਨਦਰਿ ਨਿਹਾਲ ॥
ਤਿਥੈ ਖੰਡ ਮੰਡਲ ਵਰਭੰਡ ॥
ਜੇ ਕੋ ਕਥੈ ਤ ਅੰਤ ਨ ਅੰਤ ॥
ਤਿਥੈ ਲੋਅ ਲੋਅ ਆਕਾਰ ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥
ਵੇਖੈ ਵਿਗਸੈ ਕਰਿ ਵੀਚਾਰ ॥
ਨਾਨਕ ਕਥਨਾ ਕਰੜਾ ਸਾਰੁ ॥ ੩੭ ॥
"ਦੇਖ, ਗੁਰੂ ਜੀ ਵਾਕ ਕੀ ਹਨ ਆਖਦੇ:
ਕਰੜਾ ਜਿੱਕੁਰ ਸਾਰ ਕਥਨਾ ਓਸਦਾ,
ਆਖਨ ਸਕਦਾ ਕੋਇ, ਸਮਝ ਨ ਆਂਵਦੀ
ਜੇ ਕੋ ਦੇਹ ਸੁਣਾਇ ਕਿਰਪਾ ਧਾਰ ਕੇ;
ਦੇਖਣ ਹੀ ਪਰਵਾਨ ਉਸਦਾ ਪਜਾਰੀਏ!
ਸੁਣਿਆਂ ਸਮਝਣ ਆਇ ਕਹਿਣਾ ਸੌਖ ਨਾ।"
ਦੋਵੇਂ ਹਥ ਮੈਂ ਜੋੜ ਕੀਤੀ ਬੇਨਤੀ :
ਗੁਰੂ ਦੁਹਾਈ ਘੱਤ ਪਾਵਾਂ ਵਾਸਤਾ,
ਦਰਸ਼ਨ ਦੇਹ ਕਰਾਇ ਸੁੰਦਰ ਦੇਸ ਦਾ
ਜਿੱਥੇ ਦੇਖਾਂ ਕੰਤ ਸਿਰ ਦਾ ਤਾਜ ਮੈਂ।"
ਸੁਣ ਕੇ ਮੇਰੇ ਵਾਕ ਚਿਹਰਾ ਵੱਟਿਆ,
ਸ਼ਰਮ ਖਾਇ ਚੁਪ ਧਾਰ ਤੱਕੀ ਹੇਠ ਨੂੰ,
ਫਿਰ ਉੱਪਰ ਨੂੰ ਦੇਖ ਆਖੇ, "ਭੈਣ ਜੀ!
ਉੱਥੇ ਪਹੁੰਚ ਨ ਸੌਖ, ਨਾ ਹੀਂ ਖੇਡ ਹੈ।
ਪਰ ਆ ਮੇਰੇ ਨਾਲ ਤਾਂਘਾਂ ਵਾਲੀਏ!
ਜਿਥੋਂ ਤਾਈਂ ਪਹੁੰਚ ਮੇਰੀ ਹੋ ਸਕੂ,
'ਲੈ ਚਲਦੀ ਹਾਂ ਨਾਲ ਓਥੋਂ ਤੀਕ ਮੈਂ।
ਇਉਂ ਕਹਿੰਦੀ ਓ ਹੋਰ ਉਡੀ ਉਪਰੇ
ਮੈਨੂੰ ਲੈ ਕੇ ਨਾਲ ਅਪਣੇ ਆਸਰੇ।
ਤ੍ਿੱਖੇ ਉੱਡਣ ਬਾਦ ਥਾਂ ਇਕ ਆ ਗਿਆ,
ਸੁੰਦਰ ਤੇ ਰਮਣੀਕ, ਸੋਭਾ ਕੀ ਕਹਾਂ!
ਚਮਕੇ ਵਾਙ ਬਲੌਰ ਧਰਤੀ ਏਸਦੀ,
ਬਨ, ਬ੍ਰਿਛ ਅਚਰਜ ਰੰਗ ਸੂਖਮ ਰੂਪ ਦੇ;
ਫਲ ਤੇ ਫੁੱਲ ਅਪਾਰ ਪਰ ਸਭ ਸੂਖਮੰ:
ਸ੍ਰਿਸ਼ਟੀ ਹੋਰੋ ਰੰਗ, ਰਚਨਾ ਹੋਰ ਸੀ।
ਮੂੰਹੋਂ ਸਕਾਂ ਨ ਆਖ, ਦੇਖੀ ਸੀ ਨਹੀਂ,
ਸੁਣੀ ਨ ਐਸੀ ਸੀਗ ਪਹਿਲੇ ਮੈਂ ਕਦੇ।
ਸਾਰੇ ਖੁਸ਼ੀ ਦਿਸੰਨ ਮੰਗਲ ਗਾਂਵਦੇ,
ਕਿਸੇ ਨ ਮੱਥੇ ਵੱਟ, ਤੀਉੜੀ ਨਾ ਕਿਸੇ,
ਭਰਵੱਟੇ ਤੇ ਨਾਹਿੰ ਬੈਠੀ ਚਿੰਤ ਸੀ।
ਸਭ ਆਨੰਦ ਅਨੰਦ ਹਸਦੇ ਖੇਡਦੇ,
ਸਾਨੂੰ ਖਿੜਦੇ ਵੇਖ, ਮਿਲਦੇ, ਪਜਾਰਦੇ
ਨਾਲੇ ਕਰਦੇ ਢੇਰ ਆਗਤ ਭਾਗਤਾਂ।
ਏਥੇ ਵਰਤਜਾ ਹੋਰ ਕੌਤਕ ਪੌਂਚ੍ਿਆਂ –
–ਸਾਡੀ ਸੂਖਮ ਦੇਹ ਪਲਟੀ ਸੀ ਗਈ–
ਹੋ ਅਤਿ ਸੂਖਮ ਹੋਰ ਬਹੁਤ ਪ੍ਰਕਾਸ਼ਦੀ;
ਸਮਝ, ਬੁੱਧ, ਬਲ, ਜ਼ੋਰ ਹੋਇਆ ਵੱਧ ਸੀ।
ਸੋਚਣ ਦੀ ਸੀ ਡੇਰ ਜੋ ਕੁਝ ਏਸ ਥਾਂ,
ਸੋਈਓ ਰਚਿਆ ਜਾਇ ਅੱਖਾਂ ਸਾਮ੍ਹਣੇ।
ਖੁਸ਼ੀ ਏਸ ਥਾਂ ਓਹ ਕਹੀ ਨ ਜਾਇ ਜੋ।

ਭਜਨ ਬਹੁਤ ਇਸ ਥਾਉਂ, ਪ੍ਰੇਮ ਅਮੁੱਲਵਾਂ।
ਜਿੱਥੋਂ ਪਹਿਲੇ ਉੱਡ ਮੈਂ ਓ ਸਾਂ ਗਏ
ਉਸ ਤੋਂ ਏਥੇ ਵੱਧ ਪ੍ਰਕਾਸ਼ ਸੁਹਾਉ ਸੀ।
ਐਸਾ ਸੁਹਣਾ ਦੇਸ ਜਾਂ ਮੈਂ ਦੇਖਿਆ
ਹਿਰਦੇ ਆਸਾ–ਜੋਸ਼ ਮੇਰੇ ਉੱਠਿਆ
ਏਥੇ ਪਤੀ ਸੁਜਾਨ ਮੈਨੂੰ ਮਿਲ ਪਊ।
ਫੁਰਨਾ ਮੇਰਾ ਦੇਖ ਬੋਲੀ ਭੈਣ ਓ :–
ਤੇਰਾ ਮੀਤ ਸੁਜਾਨ ਐਥੋਂ ਦੂਰ ਹੈ।
ਏ ਹੈ ਗਜਾਨ ਸੁ ਖੰਡ –ਮਨ ਦਾ ਥਾਉਂ ਹੈ:
ਸਮਝ ਨ ਹੈ ਇਕ ਠੌਰ –ਵਜਾਪਜਾ ਸਾਰੜੇ।"
ਮੈਂ ਉਸਦੇ ਇਹ ਵਾਕ ਸਮਝ ਨ ਸੀ ਸਕੀ।
ਫਿਰ ਉਸਨੇ ਏ ਪਾਠ ਕੀਤਾ ਪ੍ਰੇਮ ਦਾ:–
ਗਿਆਨ ਖੰਡ ਕਾ ਆਖਹੁ ਕਰਮੁ ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ੍ਹ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤ ਕੇਤੇ ਧੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਧੂ ਉਪਦੇਸ ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ
ਕੇਤੇ ਪਾਤ ਨਰਿੰਦ ॥
ਕੇਤੀਆ ਸੁਰਤੀ ਸੇਵਕ ਕੇਤੇ
ਨਾਨਕ ਅੰਤੁ ਨ ਅੰਤੁ ॥
ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥
ਤਿਥੈ ਨਾਦ ਬਿਨੋਦ ਕੋਡ ਅਨੰਦ ॥ ਪੰਨਾ – 7
ਏਸ ਉਚਾਰਣ ਨਾਲ –ਇਸ ਵਿਚ ਜੋ ਕਿਹਾ
ਸਾਰਾ ਰੂਪ ਅਨੂਪ ਦੋਹਾਂ ਭਾਂਤ ਦਾ–
ਦਿੱਸ ਪਿਆ ਤੇ ਨਾਲ ਮੈਂ ਬੀ ਹੋ ਗਈ
ਓਨ੍ਹਾਂ ਵਰਗੀ ਇੱਕ, ਸੂਖਮ ਰੂਪ ਦੀ:
ਕੀਕਰ ਕਹਾਂ ਬਨਾਇ ਜਾਚ ਨ ਆਂਵਦੀ।
ਸਾਰੇ ਸਨਗੇ ਆਪ ਜਾਣਨਹਾਰ ਏ,–
ਗਜਾਨ ਇਨ੍ਹਾਂ ਵਿਚਕਾਰ ਸੀ ਬਹੁ ਮੁੱਲਵਾਂ।
ਟਿਕੇ ਰੂਪ ਮਨ, ਮਾਉਂ! ਸਾਰੇ ਜਾਪਦੇ।
ਰਹਿਤ ਕਾਮਨਾ ਓਹ, ਪਾਵਨ ਰੂਪ ਸੇ,
ਬਲ ਬੁਧ ਨਾਲ ਸੁਹਾਉ ਵਿਚ ਆਨੰਦ ਦੇ।
ਖੱਡ ਕਾਲ ਦੀ ਏਹ ਮੇਲਣ ਜਾਣਦੇ;
ਵਿੱਥ' ਕਿ ਆਖੋ 'ਦੇਸ਼' ਜਾਣਨ ਭੇਤ ਏ।
ਧਾਰਨ ਸੁੰਦਰ ਰੂਪ ਰੂਪ ਅਰੂਪਵੇਂ,
ਮਿਲੇ ਜਗਤ ਦੇ ਨਾਲ ਜਗਤੋਂ ਵੱਖਰੇ।
ਆਖਾਂ ਕੀ ਮੈਂ ਓਹੁ ਅਸਲੀ ਹਾਲ ਤੋਂ
ਹੋਰੋਂ ਲੈ ਕੇ ਭਾਵ ਬਣਦਾ ਹੋਰ ਹੈ।
ਤਾਂਤੇ ਅਗਲਾ ਹਾਲ ਦਿਆਂ ਸੁਣਾਇ ਮੈਂ।
ਮਾਰ ਉਡਾਰੀ ਫੇਰ ਏਥੋਂ ਉੱਡੀਆਂ।
ਸੂਖਮ ਤਰਲ ਜੁ ਦੇਹ ਮੇਰੀ, ਮਾਉਂ! ਸੀ।
ਹੁਣ ਪਲਟੀ ਓ ਹੋਰ ਸੂਖਮ ਹੋ ਗਈ,
ਆਨੰਦਮਯ ਬੀ ਵੱਧ, ਵੱਧ ਤੇਜੱਸਵੀ।
ਪਹੁੰਚੇ ਸਾਂ ਇਕ ਥਾਉਂ ਉਸ ਤੋਂ ਸੋਹਿਣੇ।

ਪੌਣ ਕਿ ਕਹੋ ਅਕਾਸ਼ ਉਸ ਤੋਂ ਸੂਖਮੰ
ਏਥੇ ਸੀ ਕੁਈ ਚੀਜ਼ ਜਾਣਾਂ ਮੈਂ ਨਹੀਂ।
ਸੁੰਦਰ ਸੀ ਏ ਥਾਉਂ, ਜਾਣੋਂ ਮੈਂ ਸੁੰਦ੍ਰਤਾ
ਏਥੋਂ ਜਨਮ ਸੁ ਧਾਰ ਜਾਂਦੀ ਹੋਰ ਥੇ।
ਮੰਗਲ, ਕਹੋ ਅਨੰਦ, ਮੌਜਾਂ ਪਜਾਰੀਆਂ
ਖਿੜੀਆਂ ਵਾਂਗ ਗੁਲਾਬ ਆਪੇ ਏਸ ਥਾਂ।
ਲੋਕੀ ਕਹਿਣ ਬਿਕੁੰਠ -ਪਰ ਉਹ ਚੀਜ ਕੀ।
ਇਕ ਇਕ ਏਥੇ ਜੀਵ ਰਚੇ ਬਿਕੁੰਠ ਹੈ।
ਪ੍ਰੇਮ ਅਵਸਥਾ ਵੱਧ ਏਥੇ ਬੁਹਤ ਸੀ,
ਪਜਾਰਿਆਂ ਸੰਦੇ ਮੇਲ ਦਿੱਸਣ ਏਸ ਥਾਂ,
ਘਾੜਤ ਬਹੁਤ ਅਨੂਪ ਘੜੀਏ ਏਸ ਥਾਂ,
ਬਾਣੀ ਸੂਖਮ ਅੱਤਿ ਸੂਖਮ ਫੁਰਨਿਓਂ
ਏਥੇ ਧਾਰੇ ਰੂਪ ਬਹੁਤ ਅਨੂਪਮੰ।
ਘੜੀਆਂ ਜਾਣੀ' ਇਸ ਥਾਉਂ ਉਹ ਉਹ
ਘਾੜਤਾਂ
ਉਪਕਾਰੀ, ਸੁਖਦਾਇ, ਗਜਾਨ ਸਰੂਪ ਜੋ।
ਸੁਰਤ, ਮੱਤ, ਮਨ, ਬੁੱਧ, ਸੁਧਿ ਸਭ ਏਸ ਥਾਂ
ਘੜੀਆਂ, ਅੰਮੀ! ਜਾਣ, ਆਖ ਨ ਮੈਂ ਸਕਾਂ।
ਏਥੇ ਕਹਿੰਦੀ ਭੈਣ – "ਕੈਸਾ ਲੋਕ ਹੈ?
"ਨਾਹੀਂ ਜਾਣੀ ਲੋਕ ਖੂੰਜੇ ਹੈ ਕਿਸੇ
ਗਤੀ ਅਚਰਜ ਅਨੂਪ ਸਰਬ ਵਿਆਪ ਹੈ।"
ਸਮਝ ਨ ਆਈ ਮੂਲ ਮੈਨੂੰ ਏਸ ਦੀ।
ਫਿਰ ਇਕ ਸ਼ਬਦ ਅਲਾਪ ਓਥੇ ਹੋ ਪਿਆ।
ਉਹ ਸੀ ਅਚਰਜ ਰਾਗ ਮਗਨ ਕਰਾਂਵਦਾ।
ਮੈਂ ਸੁਣਿਆ ਉਹ ਮਾਉਂ, ਜਪੁਜੀ ਵਾਕ ਸੀ-
ਸਰਮ ਖੰਡ ਕੀ ਬਾਣੀ ਰੂਪੁ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥
ਤਾਕੀਆ ਗਲਾ ਕਥੀਆ ਨਾ ਜਾਹਿ॥
ਜੇ ਕੋ ਕਹੈ ਪਿਛੈ ਪਛੁਤਾਇ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥
ਜੋ ਕੁਝ ਇਸਦਾ ਭਾਵ ਰੂਪ ਅਰੂਪ ਹੋ
ਉੱਥੇ ਦਿੱਸੇ ਸਾਫ, ਤਦ ਮੈਂ ਸੋਚਿਆ:-
ਏਥੇ ਮੇਰਾ ਕੰਤ ਪ੍ਰੀਤਮ ਹੋਇਗਾ।"
ਫੁਰਨਾ ਮੈਨੂੰ ਏਹ ਫੁਰਦੇ ਸਾਰ ਹੀ
ਬੋਲੀ ਮੇਰੀ ਭੈਣ ਮੈਂ ਵਲ ਤੱਕ ਕੇ:-
ਫੁਰਨਾ ਤੇਰਾ ਆਪ ਏਸੇ ਥਾਉਂ ਤੇ
ਰਚ ਪਜਾਰੇ ਦਾ ਰੂਪ ਤੈਨੂੰ ਦੱਸ ਸੀ,
ਪਰ ਵਸਦਾ ਨਹਿੰ ਓਹ ਪਜਾਰੀ, ਏਸ ਥਾਂ।
ਘਾੜਤ ਬਹੁਤ ਅਨੂਪ ਘੜੀਏ ਏਸ ਥਾਂ
ਤੂੰ ਘੜ ਸਕਸੇਂ ਆਪ ਜੋ ਕੁਝ ਚਾਹਿੰ ਤੂੰ।
ਲੈ ਫੁਰਨੇ ਨੂੰ ਰੋਕ ਅੱਗੇ ਚੱਲੀਏ।"
ਡਾਢੇ ਸੁਹਣੇ ਲੋਕ ਵਸਦੇ ਏਸ ਥਾਂ
ਸੁਹਣਾ ਕਰ ਸਤਿਕਾਰ ਭਰਿਆ ਪ੍ਰੇਮ ਦਾ
ਦਿੱਤਾ ਸਾਨੂੰ ਤੋਰ ਅਪਨੇ ਦੇਸ ਤੋਂ।
ਦੋਵੇਂ ਉਡੀਆਂ ਫੇਰ ਉਚੀਆਂ ਹੋਰ ਬੀ
ਸਰਮ ਖੰਡ' ਵਿਚ ਦੇਹ ਸਾਡੀ ਸੀ ਬਣੀ

ਉਹ ਬਦਲੀ ਹੁਣ ਹੋਰ ਹੋਈ ਸੂਖਮੰ,
ਅਤਿ ਸੂਖਮ ਉਹ ਹੋਇ ਲਗੇ ਵਿਦੇਹ ਸੀ;
ਭਾਸੇ ਰੂਪ ਨ ਰੰਗ ਪਰ ਅਤਿ ਤੇਜ ਮੈ।
ਏਸ ਰੂਪ ਵਿਚ ਆਇ ਪਹੁੰਚੇ ਹੋਰ ਥਾਂ।
ਏਥੋਂ ਦਾ ਕੀ ਹਾਲ ਦੱਸਾਂ ਖੋਲ੍ਹਕੇ:
ਐਸਾ ਏਥੇ ਤੇਜ ਜਿਸਦੇ ਸਾਮ੍ਹਣੇ
ਪਹਿਲੇ ਸਾਰੇ ਤੇਜ ਦਿਸਦੇ ਮਾਤ ਸੇ।
ਆਤਮ-ਜ਼ੋਰ ਅਪਾਰ ਹੱਦੋਂ ਲੰਘਿਆ
ਏਥੇ ਕਰਦਾ ਵਾਸ ਸ਼ਕਤੀ ਵਾਲੜਾ।
ਜੋਧ ਮਹਾਂਬਲਿ ਸੂਰ ਵਸਦੇ ਏਸ ਥਾਂ
ਵਿੱਚ ਜਿਨ੍ਹਾਂ ਭਰਪੂਰ ਸਾਈਂ ਆਪ ਸੀ
ਸੁੰਦਰਤਾ ਅਤਿ ਤੀਕ ਪਹੁੰਚੀ ਏਸ ਥਾਂ,
ਰੂਪ ਅਕੱਥ ਅਪਾਰ ਲਸਦਾ ਦਿੱਸਦਾ।
ਮੌਤ ਨ ਸਕਦੀ ਪਾਇ ਫੇਰਾ ਏਸ ਥਾਂ;
ਸੱਚ ਫਿਰੇ ਪਰਧਾਨ ਕਿਹਾ ਨ ਜਾਇ ਜੋ।
ਸਰਗੁਣ ਤੋਂ ਹੈ ਪਾਰ ਮਾਨੋ ਲੋਕ ਏ
ਨਿਰਗੁਣ ਤੋਂ ਹੈ ਹੇਠ ਪਹਿਲਾ ਪੈਰ ਏ;
ਜੋ ਕੁਝ ਸੀ ਇਸ ਥਾਉਂ ਉਸਦਾ ਰੂਪ ਨਾ,
ਫਿਰ ਪਰ ਨਹੀਂ ਅਰੂਪ -ਰੂਪ ਅਰੂਪ ਸੀ।
ਕਰਮਖੰਡ' ਇਸ ਨਾਉਂ ਦਸਿਆ ਭੈਣ ਨੇ।
ਬਖਸ਼ਿਸ਼ ਫਜ਼ਲ ਅਪਾਰ ਬਰਖਾ ਵਾਕੁਰੇ
ਵਸਦਾ ਸੀ ਇਸ ਥਾਉਂ ਨਿੱਝਰ ਧਾਰ ਹੋ।
ਭਗਤੀ ਦੇ ਸਿਰਮੌਰ ਰੱਤੇ ਪ੍ਰੇਮ ਜੋੌ
ਵਸਦੇ ਸਨ ਇਸ ਲੋਕ ਸੁੰਦਰ ਅੱਤ ਦੇ:
ਕਰਦੇ ਪ੍ਰਭੁ ਨੂੰ ਪਜਾਰ ਲੇਖਯੋਂ ਪਾਰ ਹੋ।
ਮਿਟੇ ਜਿਨ੍ਹਾਂ ਸਿਰ ਲੇਖ ਹੁਏ ਅਲੇਖਵੇਂ
ਵਸਦੇ ਸੇ ਇਸ ਥਾਉਂ ਸੁੰਦਰ ਸੋਹਿਣੇ।
ਸਾਈਂ ਦਿੱਤੇ ਆਖ ਜਿਹੜੇ "ਆਪਣੇ",
ਜੋ ਸਾਈਂ ਦੇ ਦ੍ਵਾਰ ਰੱਤੇ ਪ੍ਰੇਮ ਦੇ
ਸਾਈਂ-ਸੁਜਸ ਅਪਾਰ ਕਰਦੇ ਸੇ ਰਹੇ।
ਸੱਚਾ ਸਦਾ ਅਨੰਦ ਧੋਖਜੋਂ ਰਹਤਵਾਂ,
ਨਿਰਮਲ ਤੇ ਨਿਰਦੁੰਦ ਪੂਰਨ ਮੌਜ ਦਾ
ਏਥੇ ਕਰਦਾ ਵਾਸ: ਮੇਰੀ ਅੰਮੀਏ!
ਟਿੱਕੀ ਸੂਰਜ ਦ੍ਵਾਲ ਜਿੱਕੁਰ ਤੇਜ ਦੀ
ਮੰਡਲ ਭਾਸੇ ਵੱਖ ਜੁੜਿਆ ਨਾਲ ਹੀ
ਦੇਵੇ ਹੈ ਝਲਕਾਰ ਤਿੱਕੁਰ ਲੋਕ ਏ
ਅਗਲੇ ਖੰਡ ਉਦਾਲ ਡਲ੍ਹਕਾਂ ਮਾਰਦਾ
ਰਹਬਰ ਮੇਰੀ ਭੈਣ ਮੈਨੂੰ ਦੱਸਿਆ।
ਆਖਣ ਲੱਗੀ "ਰਾਜ! ਸੁਣ ਮੈਂ ਜੋ ਕਹਾਂ।"
ਜੋ ਉਸ ਆਖਜਾ ਮਾਉਂ! ਜਪੁਜੀ ਪਾਠ ਸੀ :-
ਕਰਮ ਖੰਡ ਕੀ ਬਾਂਣੀ ਜੋਰੁ॥
ਤਿਥੈ ਹੋਰੁ ਨ ਕੋਈ ਹੋਰੁ॥
ਤਿਥੈ ਜੋਧ ਮਹਾ ਬਲ ਸੂਰ॥
ਤਿਨ ਮਹਿ ਰਾਮੁ ਰਹਿਆ ਭਰਪੂਰ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ॥
ਤਾ ਕੇ ਰੂਪ ਨ ਕਥਨੇ ਜਾਹਿ॥
ਜਿਨਕੈ ਰਾਮੁ ਵਸੈ ਮਨ ਮਾਹਿ॥

ਤਿਥੈ ਭਗਤ ਵਸਹਿ ਕੇ ਲੋਅ॥
ਕਰਹਿ ਅਨੰਦੁ ਸਚਾ ਮਨਿ ਸੋਇ॥

ਇਹ ਕੁਝ ਮੂੰਹੋਂ ਬੋਲ ਕਹਿੰਦੀ ਫੇਰ ਓ:
ਕਾਲ, ਦੇਸ ਦੀ ਕੈਦ ਵਿੱਥਾਂ ਹੱਦ ਦੀ
ਘੇਰ ਰਹੀ ਇਸ ਥਾਉਂ ਜਾਣੀਂ ਨਾ ਸਖੀ!
ਏਹ ਹੈ ਸਰਬਵਿਆਪ – ਸਾਰੇ ਪੂਰਿਆ,
ਇੱਕ ਦੇਸ ਨਾ ਏਹ, ਰਹੀਂ ਸੁਚੇਤ ਤੂੰ।”
ਪਰ ਅੰਮੀ! ਮੈਂ ਹਾਇ ਸਮਝੀ ਭੇਤ ਨਾ
ਕੀ ਕਹਿੰਦੀ ਸੀ ਓਹ ਸਜਨੀ ਸੱਚ ਦੀ।
ਪਰ ਸੀ ਓਥੇ ਸੁੱਖ ਹੱਦੋਂ ਲੰਘਿਆ।
ਫੁਰਨੇ ਤੋਂ ਬੀ ਘੱਟ ਇਕ ਆਭਾਸ ਹੋ
ਲੰਘਿਆ ਹਿਰਦੇ ਭਾਵ ਸੂਖਮ ਮੇਰਿਓਂ,–
ਮਤ ਹੋਵੇ ਇਹ ਲੋਕ ਜਿੱਥੇ ਸੋਹਿਣਾ
ਮੇਰਾ ਪ੍ਰੀਤਮ ਆਣ ਭਾਗ ਲਗਾ ਰਿਹਾ।
ਪਰ ਫੁਰਨੇ ਨੇ ਰੂਪ ਹਿਰਦੇ ਮੈਂ ਅਜੇ
ਧਾਰਜਾ ਸੀ ਨਾ ਠੀਕ ਬੋਲੀ ਉਹ ਸਖੀ :–
ਰੋਕ ਰਿਦੇ ਨੂੰ ਭੈਣ! ਨਾਹਿੰ ਤ ਆਵਸੀ
ਏਥੇ ਫੁਰਦੇ ਸਾਰ ਤੇਰਾ ਕੰਤ ਓ।
ਪਰ ਏ ਕਰਨੀ ਬਾਤ ਤੈਨੂੰ ਨਾ ਬਣੇ।
ਉਸਦਾ ਸਖੀ! ਨਿਵਾਸ ਸੱਚੇ ਖੰਡ ਹੈ।
ਮਾਯਾ ਦਾ ਪਰਭਾਵ ਪਿੱਛੇ ਰ੍ਹੈ ਗਿਆ
ਮਾਯਾ ਮੁਸ਼ਕ ਨ ਰੇਖ ਏਥੇ ਜਾਣ ਤੂੰ।
ਜੋ ਪੌਂਚ੍ਯਾ ਇਸਥਾਉਂ ਅੱਗੇ ਜਾਂਵਦਾ,
ਮੁੜ ਪਿੱਛੇ ਨਾ ਜਾਇ,–ਬਖਸ਼ਸ਼ ਲੋਕ ਏ।
ਪਿੱਛੇ ਪਿੱਛੇ ਥਾਉਂ ਦੇਖੇ ਜੋ ਤੁਸਾਂ
ਓਥੋਂ ਹੇਠਾਂ ਜਾਣ ਸਕਦਾ ਹੋਇ ਸੀ।
ਇਹ ਤੇ ਅਗਲਾ ਲੋਕ ਦੋਵੇਂ ਇੱਕ ਨੇ,
ਜੁੜੇ ਮਿਲੇ ਹਨ ਨਾਲ ਸਖੀਏ ਦੇਖ ਲੈ।
ਥਿਰ ਹੈ ਪਾਰ ਬ੍ਰੱਹਮ ਸੇਵਕ ਹੋ ਗਏ
ਥਿਰ ਉਸ ਪਜਾਰੇ ਨਾਲ ਉਸ ਵਿਚ ਜਾ
ਮਿਲੇ,
ਕੈ ਵਸਦੇ ਸਚ ਖੰਡ ਕੈ ਥਿਰ ਏਸ ਥਾਂ,
ਜਾਣੇ ਸਾਈਂ ਭੇਤ ਆਪਹਿ ਆਪਣੇ।
ਸੋ ਹੁਣ ਪਜਾਰੀ ਤਜਾਰ ਤਕੜੀ ਹੋਇਕੇ
ਅਦਬ ਪ੍ਰੇਮ ਦੇ ਨਾਲ ਆਪ ਸੁਆਰ ਕੇ
ਦੇਖ ਸਾਮ੍ਹਣੇ ਵੇਲ ਸੱਚੇ ਖੰਡ ਨੂੰ।”

## ਦਰਸ਼ਨ

ਰਾਜ ਕੌਰ ਇਹ ਆਖ ਪਾਸਾ ਪਰਤਿਆ,
ਬੈਠੀ ਸੀ ਹੁਣ ਤੀਕ ਕੁੱਛੜ–ਮਾਉਂ ਜੋ:
ਫਿਰ ਗਲਵਕੜੀ ਪਾਇ ਕੁਝ ਮੁਸਕਾਇਕੇ
ਕਹਿੰਦੀ:– ‘ਆਗਜਾ ਦੇਹੁ ਮਾਤਾ ਪਜਾਰੀਏ!
‘ਸਾਵਧਾਨ ਹੁਣ ਹੋਇ ਪੱਲਾ ਪਾ ਗਲੇ
ਮੂੰਹੋਂ ਕਰਾਂ ਉਚਾਰ ਅਗਲਾ ਹਾਲ ਮੈਂ:
ਲਈਏ ਹੋਰ ਬਣਾਇ ਬੈਠਕ ਅਦਬ ਦੀ।
ਡਾਢਾ ਹੈ ਉਹ ਹਾਲ ਤੇਜਾਂ ਵਾਲੜਾ,
ਅਤਿ ਭੈ ਅਦਬ ਸੁ ਨਾਲ ਕਹਿਣਾ ਚਾਹੀਏ:
ਸੁਣਨ ਬਣੇ ਭੈ ਨਾਲ ਅਦਬਾਂ ਨਾਲ ਓ।’
ਮਾਤਾ ਸੁਣ ਏ ਵਾਕ ਮਾਰੀ ਚੌਂਕੜੀ;
ਗਲ ਪੱਲਾ ਹਥ ਜੋੜ ਹਿਰਦੇ ਨਿੰਮ੍ਰਤਾ
ਬੈਠ ਗਈ ਸੀ ਕੋਲ ਅਦਬ ਸਰੂਪ ਹੋ।
ਜਿਵੇਂ ਅਦਬ ਦੇ ਨਾਲ ਬੈਠੀ ਰਾਜ ਸੀ!
ਹੁਣ ਖੁੱਲੇ ਬੁਲ੍ਹ ਸਿੱਪ ਨਿਕਲੇ ਵਾਕ ਏ–
ਸੁਣ ਹੇ ਪਜਾਰੀ ਮਾਉਂ! ਚੱਕੀ ਅੱਖ ਮੈਂ,
ਡਿੱਠਾ ਨੀਝ ਲਗਾਇ ਪਾਸੇ ਸਾਮ੍ਹਣੇ–
ਸੀ ਇਕ ਤੇਜ ਪ੍ਰਕਾਸ਼ –ਪੁੰਜ ਪ੍ਰਕਾਸ਼ ਦਾ–
ਬੇਹਦ ਅਗਮ ਅਥਾਹ ਪਾਰ ਉਰਾਰ ਨਾ,
ਝਲਕ ਡਲ੍ਹਕ ਚਮਕਾਰ ਜਾਇ ਨ ਝੱਲਿਆ;
ਲਹਿਰਾਂ ਖਾਵੇ ਐਉਂ ਕ੍ਰੋੜਾਂ ਬਿਜਲੀਆਂ
ਪੁੱਜ ਨ ਹੰਘਣ ਮੂਲ –ਹੋਣ ਨਿਕਾਰੀਆਂ;
ਦਮਕੇ ਦਿੱਸੇ ਸਾਫ ਮੈਨੂੰ ਸਾਮ੍ਹਣੇ।
ਚਾਨਣ ਇਹ ਨਾ ਸੀਗ ਜਿਹੜਾ ਦਿੱਸਦਾ
ਸਾਨੂੰ ਏਥੇ ਰੋਜ; ਉਹ ਵੰਨ ਹੋਰ ਦਾ।
ਖੋਲ੍ਹ ਕਹਾਂ ਕੀ ਹਾਲ ਜਾਇ ਨ ਦੱਸਿਆ
ਜੀਭ ਵਿੱਚ ਨਾ ਜ਼ੋਰ ਅੰਦਰ ਤਾਣ ਨਾਂ।
ਸਾਡੇ ਉਸਦੇ ਵਿੱਚ ਅਜਬ ਸੁਹਾਉ, ਮਾਂ!
ਸਮਝ ਅਕਲ ਤੋਂ ਦੂਰ, ਦਿੱਸੇ ਛਾਇਆ:
ਜਿੱਕੁਰ ਗਿਰਦ ਗੁਲਾਬ ਸੂਖਮ ਗੰਧ ਦਾ
ਛਾਇਆ ਰਹੇ ਸੁਹਾਉ, ਰਸੀਏ ਦੇਖਦੇ।
ਹੁਣ ਸੁਖ ਸਜਨੀ ਓਹ ਕਹਿੰਦੀ ਵਾਕ ਏ:–
ਇੱਥੋਂ ਤਾਈਂ ਪੌਂਚ੍ਹ ਮੇਰੀ ਹੋ ਸਕੀ
ਇਸ ਤੋਂ ਅੱਗੇ ਜਾਇ ਸਕਦੀ ਮੈਂ ਨਹੀਂ,
ਨਾਂ ਹੀ ਸਕਾਂ ਲਿਜਾਇ ਅੱਗੇ ਤੁੱਧ ਨੂੰ।
ਐਥੋਂ ਅੱਖਾਂ ਖੋਲ੍ਹ, ਨੀਝ ਲਗਾਇਕੇ
ਦੇਖ ਪਿਆਰਾ ਦੇਸ਼ ਅਪਣੇ ਕੰਤ ਦਾ:
ਦੇਖ ਤੇਜ ਦੀ ਵੱਲ, ਇਹ ਉਹ ਥਾਉਂ ਹੈ
ਜਿੱਥੇ ਸੂਰਤ ਸਿੰਘ ਜਾਕੇ ਵੱਸਿਆ।
ਇਹ ਹੈ ਸੱਚਾ ਖੰਡ ਮਾਯਾ ਰਹਿਤ ਹੈ;
ਆਤਮ ਸ੍ਵੱਛ ਨਿਰੋਲ ’ਨਾਤਮ (ਅਨਾਤਮ)
ਕੁੱਝ ਨਾਂ।
ਇੱਥੇ ਪਹੁਚੇ ਓਹ – ਮਾਇਆ ਰਹਿਤ ਜੋ
ਮਨ ਬੁਧਿ ਚਿਤ ਹੰਕਾਰ ਚਾਰੇ ਅੰਤਰੇ,
ਕਾਰਨ, ਲਿੰਗ ਸਥੂਲ ਤਿੰਨੇ ਦੇਹੀਆਂ,
ਲੰਘ ਇਨ੍ਹਾਂ ਨੂੰ ਸ਼ੁੱਧ ਚੇਤਨ ਹੋਇਆ।
ਜਿਨ੍ਹੇਂ ਪਛਾਤਾ ਆਪ ਅਪਣਾ ਆਪ ਹੈ,
ਆਪ ਪਛਾਨਣ ਨਾਲ ਪਾਇਆ ਮੇਲ ਹੈ;–
ਜੁੜੇ ਮਿਲੇ ਇਕ ਹੋਇ ਰਹੇ ਨ ਵੱਖਰੇ,
ਉਹ ਪਹੁੰਚੇ ਇਸ ਥਾਉਂ – ਏ ਸਚ ਖੰਡ ਹੈ।
ਵਾਸਾ ਵਿੱਚ ਸਰੂਪ ਇਸ ਥਾਂ ਹੋਂਵਦਾ।
ਏਸ ਅਵਸਥਾ ਵਿੱਚ ਪਹੁੰਚੇ ਜੋ ਨਹੀਂ,
ਪਰ ਪਹੁੰਚੇ ਤੇ ਤੁੱਲ ਜੋ ਹਨ ਹੋ ਰਹੇ
ਹਾਂ, ਹਨ ਸੱਚੇ ਲੋਕ ਰੱਤੇ ਪ੍ਰੇਮ ਦੇ,
ਮਿਲੇ ਰੱਬ ਦੇ ਨਾਲ ਵਿਛੜਨ ਨਾ ਕਦੇ।
ਉਹਨਾਂ ਦੀ ਹੈ ਪੌਂਚ੍ਹ ਐਥੋਂ ਤੀਕਰੇ

ਐਥੋਂ ਕਦਮ ਅਗੇਰ ਧਰਦੇ ਓ ਨਹੀਂ।
ਪਰ ਇਹ ਬੀ ਹੈ ਲੋਕ ਮਿਲਿਆ ਓਸਨੂੰ।
ਓਸੇ ਦਾ ਹੈ ਰੰਗ ਏਥੇ ਪਸਰਿਆ।”
ਇਹ ਸੁਣ ਮੈਨੂੰ, ਮਾਇ! ਟੁੰਬਜ਼ਾ ਪ੍ਰੇਮ ਨੇ:
-ਪ੍ਰੇਮ ਅਵਸਥਾਂ ਵਿੱਚ ਲਹਿਰਾ ਪ੍ਰੇਮ ਨੇ
ਖਾਧਾ ਕਰਕੇ ਜ਼ੋਰ ਹੋਇ ਥਰ੍ਰਾਟ ਜਜੋਂ-
ਮੈਂ ਹੋ ਪ੍ਰੇਮ ਸੁਪ੍ਰੇਮ ਤੱਕਾਂ ਪ੍ਰੇਮ ਨੂੰ।
ਨਿਉਂ ਨਿਉਂ ਕਰਾਂ ਪ੍ਰਣਾਮ ਮੈਂ ਉਸ ਤੇਜ ਨੂੰ;
ਝੁਕ ਝੁਕ ਕਰਾਂ ਨਮਾਮ ਅਪਨੀ ਭੈਣ ਨੂੰ:
ਵਾਹ ਆਗੂ ਵਾਹ ਧੰਨ ਤੂੰ ਸਦ ਧੰਨ ਹੈਂ!
ਦਿੱਤਾ ਮੈਨੂੰ ਦੱਸ ਬੇਗਮ ਹੈ ਪੁਰਾ,
ਸ਼ੁਕਰ ਕਰਾਂ ਲਖ ਵੇਰ ਸ਼ੁਕਰ ਗੁਜ਼ਾਰਦੀ,
ਡਿੱਠਾ ਸ਼ਹਿਰ ਸੁਮੇਰ ਪਜਾਰੇ ਵਾਲੜਾ।
ਵਾਰੀ ਮੈਂ ਕੁਰਬਾਨ ਨਗਰੀ ਏਸ ਤੋਂ
ਜਿੱਥੇ ਢੋਲੇ ਜਾਇ ਡੇਰਾ ਘੱਤਿਆ।
ਚਉਖੰਨੀ ਬਲਿਹਾਰ ਤੈਥੋਂ ਸ਼ੈਰ੍ਹ ਵੇ!
ਦਿੱਤਾ ਜਿਨ ਬਿਸਰਾਮ ਮੇਰੇ ਮਿੱਤ੍ਰ ਨੂੰ।
ਵਾਰੇ ਵਾਰੇ ਜਾਉਂ ਐਸੇ ਦੇਸ਼ ਤੋਂ
ਸਾਈਂ ਸਿਰ ਦੇ ਤਾਜ ਜਿਥੇਂ ਜਾ ਟਿਕੇ।
ਹੈਵੇ ਸਗਲ ਪਵਿੱਤ ਜਿੱਥੇ ਕੰਤ ਹੈ।
ਸਦਕੇ ਜਾਵਾਂ ਨਿਤ ਐਸੇ ਖੰਡ ਤੋਂ
ਜੀ ਸੁਹਣੇ ਨੇ ਜਾਇ ਜਿੱਥੇ ਲਾ ਲਿਆ।
ਹੇ ਤੂੰ ਹੰਸ ਅਵਤਾਰ ਸਰਵਰ ਏਸ ਦੇ!
ਪਹੁੰਚਜੋਂ ਅਪਨੇ ਦੇਸ਼ ਹੰਸਾਂ ਵਿੱਚ ਆ।
ਕਰਨੈਂ ਮੌਜ ਅਨੰਦ ਅਪਨੇ ਦੇਸ਼ ਤੂੰ।
ਹੋਇਆ ਨਾਲ ਅਭੇਦ ਸਿਰਜਨਹਾਰ ਦੇ,
ਨਾਲੇ ਹੋਇ ਅਭੇਦ ਨਾਲ ਪਿਆਰਿਆਂ,
ਨਾਲੇ ਹੋਕੇ ਵੱਖ ਮਿਲਿਆ ਸਾਰਿਆਂ
ਮਾਣੇਂ ਮੌਜ ਅਪਾਰ ਬ੍ਰਹਮਾਨੰਦ ਦੀ।
ਵਾਹ ਵਾ ਏਹੋ ਠੀਕ ਤੇਰਾ ਦੇਸ ਹੈ;
ਪਾ ਉਮੰਗ ਉਪਕਾਰ ਏਥੋਂ ਤੂੰ ਤੁਰਜੋਂ
ਮਾਰ ਉਡਾਰੀ ਹੇਠ ਪਹੁੰਚਜੋਂ ਭੂਮਿ ਤੇ
ਕਰਨੇ ਹਿਤ ਉਪਕਾਰ ਸਾਰੇ ਜੱਗ ਦਾ।
ਜਿੱਥੇ ਵਸਦੇ ਕਾਗ, ਉੱਲੂ, ਲੂਮੜੀ,
‘ਡੱਡੂ, ਪਾੜ੍ਹੇ, ਸ਼ੇਰ, ਸੱਪ, ਅਠੂਹਿਆਂ,
‘ਬਗਲੇ; ਹੰਸ, ਸੁ ਮੋਰ, ਤੋਤੇ, ਕੋਇਲਾਂ,
‘-ਵੱਸਣ ਕੋਲੋ ਕੋਲ ਰਹਿੰਦੇ ਗ੍ਰਾਂਢ ਹੀ
ਪਰ ਨਹਿਂ ਕਰਦੇ ਪਜਾਰ ਆਪੋ ਵਿੱਚ ਨੇ
ਇਕ ਦੂਜੇ ਨੂੰ ਖੋਹ ਰੋਜ਼ੀ ਤੋਰਦੇ।
ਗਉਂ ਨੂੰ ਰਖਦੇ ਮੁੱਖ ਧਰਤੀ ਵੱਸਦੇ;
ਗਉਂ ਦੇ ਬੱਧੇ ਸੱਭ ਲੀਕਾਂ ਕੱਢਦੇ
ਗਉਂ ਤੋਂ ਖਾਲੀ ਹੋਇ ਜਾਣਨ ਨਾ ਕਿਸੇ।
ਲੋੜ ਫਸੇ ਨੂੰ ਘੇਰ ਲਾਹਾ ਕੱਢਦੇ;
ਗਉਂ ਫਾਥੇ ਨੂੰ ਖੋਹ ਲਾਭ ਉਠਾਉਂਦੇ,
ਕਰਦੇ ਨਹੀਂ ਪਿਆਰ ਗਉਂ ਤੋਂ ਸੱਖਣਾ,
ਸ੍ਵਾਰਥ, ਗਰਜ਼ ਤਿਆਗ ਕਰਦੇ ਨਾਂ ਕਦੀ।
ਦੇਣੇ ਸੰਦਾ ਪਜਾਰ ਲੈਣਾ ਤਜਾਗ ਕੇ

ਕਰਦੇ ਕਦੀ ਨ ਏਹ ਸ੍ਵਾਰਥ ਕੁੱਠੜੇ।
ਐਸੀ ਨੀਚ; ਅਧੀਨ, ਧਰਮੋਂ ਸੱਖਣੀ
ਜਨਮਭੂਮਿ ਹੈ ਹਾਇ! ਮੇਰੀ ਨੀਚ ਦੀ,
ਜਿੱਥੇ ਆਕੇ ਆਪ ਧਰਮ ਪ੍ਰਚਾਰਿਆ।
ਤੁਸੀਂ ਹੰਸ-ਅਵਤਾਰ ਹੈਸੋ ਸੱਚ ਦੇ,
ਮੈਂ ਕਾਵਾਂ ਦੀ ਬੰਸ ਨੀਵੀਂ ਮੈਂ ਅਸਾਂ,
ਮੋਹੀ ਦੇਖ ਸਰੂਪ ਤੇਰਾ ਹੰਸ ਦਾ;
ਅਸਲਾ ਅਪਨਾ ਭੁੱਲ ਹੰਭਲਾ ਮਾਰਿਆ
ਕਿਵੇਂ ਪੌਂਚ੍ਹ ਮੈਂ ਜਾਉਂ ਤੇਰੀ ਪੌਂਚ੍ਹ ਨੂੰ।
ਕਿਰਲੀ ਸੀਗੀ ਜਾਤ, ਜੱਫਾ ਮਾਰਿਆ
ਚੰਦਨ ਦੇ ਸ਼ਹਤੀਰ ਮੂਰਖ ਮੱਤ ਮੈਂ।
ਧੰਨ ਹੰਸ ਅਵਤਾਰ! ਤੂੰ ਸਦ ਧੰਨ ਹੈਂ!
ਕਰਕੇ ਕਿਰਪਾ ਫੇਰ ਤਜ ਕੁਲ ਲਾਜ ਨੂੰ
ਕਿਰਤਾਰਥ ਕਰ ਲੀਨ ਨੀਚ ਅਜਾਨ ਮੈਂ।
ਪਰ ਮੈਂ ਮੂਰਖ ਅੱਤਿ ਸਮਝੀ ਨਾਂ ਰਤੀ।
ਸਾਂ ਮੈਂ ਕਾਲੀ ਬੰਬ, ਕਾਲੀ ਹੀ ਰਹੀ:
ਕੇਵਲ ਰੂਪ ਨਿਹਾਲ ਮੋਹੀ ਮੈਂ ਗਈ;
ਦੂਰ ਨ ਕੀਤੀ ਮੂਲ ਕਾਲਖ ਆਪਣੀ।
ਸਿੱਖੀ ਤੈਥੋਂ ਨਾਹਿਂ ਜਾਚ ਅਨੋਖੜੀ
ਦੁੱਧੋਂ ਪਾਣੀ ਅੱਡ ਕਰਨੇ ਵਾਲੜੀ।
ਤੂੰ ਲਾ ਜਤਨ ਅਪਾਰ ਮੈਨੂੰ ਜੋਗ ਦੇਂ;
ਮੈਂ ਜੋਗੋਂ ਹੋ ਦੂਰ ਰਹਾਂ ਅਜੋਗਵੀਂ।
ਮੈਂ ਸਾਕਤ ਸਾਂ ਢੀਠ ਕਾਲੀ ਕੰਬਲੀ;
ਸੀ ਮੇਰੇ ਵਿਚ ਚੁੱਕ ਦੋਸ ਨ ਸੀ ਤੁਸਾਂ;
ਰਹੀ ਪਜਾਰਦੀ ਦੇਹ, ਉੱਡੇ ਹੰਸ ਓ।
ਗਏ ਘਰਾਂ ਨੂੰ, ਛੱਡ ਕਾਗਾਂ ਦੇਸ ਨੂੰ।
ਹੰਸ ਹੰਸ ਦਾ ਮੇਲ ਹੰਸੀਂ ਜਾ ਮਿਲੇ।
ਰੋਂਦੇ ਰਹਿ ਗਏ ਕਾਉਂ ਕਰਮਾਂ ਆਪਣੇ।
ਹੰਸ ਕਾਉਂ ਦਾ ਮੇਲ ਕਦ ਤਕ ਨਿੱਭਦਾ:
ਮੂਰਖ ਹੁੰਦੇ ਕਾਉਂ ਅੰਮ੍ਰਿਤ-ਸਾਰ ਨਾ।
ਮੋਤੀ ਹੰਸਾਂ ਪਾਸ, ਅੰਮ੍ਰਿਤ ਦੇਂਵਦੇ।
“ਕਾਗਉ ਹੰਸ ਕਰੇਇ” ਗੁਰ ਸਮਰੱਥ ਹੈ।
“ਜਉ ਸਿਖਾਂ ਮੈਂ ਚੂਕ” ਸਤਿਗੁਰ ਕੀ ਕਰੇ ?
ਸਭ ਅਉਗਣ ਮੈਂ ਵਿੱਚ ਤੂੰ ਨਿਰਦੋਸ ਸੈਂ:
ਗੁਣ ਤੇਰੇ ਤੋਂ ਹਾਇ! ਰਹੀ ਅਵੇਸਲੀ;
ਕਦਰ ਨ ਪਾਈ ਮੂਲ ਤੇਰੀ ਹੰਸ ਦੀ।
ਪਰ ਤੂੰ ਹੰਸ ਅਵਤਾਰ, ਛੱਡੀ ਮੂਲ ਨਾਂ
ਹੰਸਾਂ ਵਾਲੀ ਬਾਣ ਪਰਉਪਕਾਰ ਦੀ।
ਮੇਰੇ ਜਿਹੀ ਅਜਾਣ ਨਿਰਗੁਣ ਨੀਚ ਨੂੰ
ਅੰਧ ਕੂਪ ਤੋਂ ਖਿੱਚ ਸੱਦਜਾ ਏਸ ਥਾਂ;
ਕੀਤਾ ਦੂਰ ਅਨ੍ਹੇਰ ਬਖਸ਼ਜਾ ਚਾਨਣਾ,
ਦਿੱਤਾ ਸੱਭ ਦਿਖਾਲ ਲੁਕਿਆ ਭੇਤ ਜੋ।
ਇੱਥੇ ਹੀ ਨਾ ਬੱਸ ਅਪਣੇ ਦੇਸ ਦਾ
ਦਿੱਤਾ ਰੂਪ ਦਿਖਾਲ ਨੇੜੇ ਸੱਦ ਕੇ।
ਮੈਂ ਇਸ ਲਾਇਕ ਨਾਹਿਂ, ਪਰ ਤੂੰ ਧੰਨ ਹੈਂ!
ਸਭ ਵਡਿਆਈ ਤੁੱਧ, ਤੇਰੇ ਬਿਰਦ ਨੂੰ।
ਹੰਸਾਂ ਦੀ ਇਹ ਰੀਤ ਬਿਰਦ ਓ ਆਪਣਾ

ਸਦਾ ਨਿਬਾਹੁਣ, ਐਬ ਨਹੀਂ ਚਿਤਾਰਦੇ:
ਦੇਵਣ ਪਾਰ ਲੰਘਾਇ ਲੜ ਜਿਸ ਲਾਂਵਦੇ।
ਪਰ ਤੂੰ ਕੀਤਾ ਵੱਧ ਸਭ ਤੋਂ ਵੱਧਕੇ।
ਸਾਕਤ ਤਾਰੇ ਕੌਣ ? ਕੋ ਸਮਰੱਥ ਨਾਂ,
ਸਾਕਤ ਕਰੇ ਕਦੀਕੁ ? ਮੂਲੋਂ ਨਾਂ ਕਦੀ।
ਪਾਪੀ ਤਰੇ ਅਨੇਕ, ਖੋਟੇ ਸੈ ਬਚੇ,
ਸਾਕਤ ਤਰਜੋ ਨ ਕੋਇ, ਖੋਜੋ ਪੋਥੀਆਂ।
ਐਪਰ ਦੇਖੋ ਆਣ ਉੱਚਾ ਸੋਹਿਣਾ,
ਨਾਨਕ ਬਿਰਦ' ਅਨੂਪ ਅਚਰਜ ਅੱਤ ਦਾ।
ਪੈਦਾ ਕੀਤੇ ਹੰਸ ਐਸੇ ਏਸਨੇ
ਸਾਕਤ ਨੂੰ ਲੜ ਲਾਇ ਤੋੜ ਨਿਬਾਂਹੁਦੇ,
ਲੈਂਦੇ ਆਪ ਉਬਾਰ ਭਉ ਦੇ ਸਾਗਰੋਂ।
ਧੰਨ ਧੰਨ ਸਿਰਤਾਜ ਤੂੰ ਸਦ ਧੰਨ ਹੈਂ!
ਕਿੱਥੇ ਮੇਰੀ ਭੂਮਿ ਕਿੱਥੇ ਦੇਸ ਹੈ ?
ਕਿੱਥੇ ਕਿਰਪਾ ਧਾਰ ਮੈਨੂੰ ਖਿੱਚਿਆ ?
ਕਿਸਮੂੰਹ ਸ਼ੁਕਰ ਅਲਾਉਂ ਤੁਧ ਸਲਾਹੀਆਂ,
ਕਿਸ ਮੁਖ ਸ਼ੁਕਰ ਸੁਣਾਉਂ, ਜਸ ਕਿਸ ਮੁੱਖੜੇ।
ਇੱਥੇ ਬੀ ਪਰ ਪਹੁੰਚ ਅਸਲਾ ਆਪਣਾ
ਛੁਟਦਾ ਮੈਥੋਂ ਨਾਹਿੰ, ਦੱਸੋਂ ਕੀ ਕਰਾਂ ?
ਫੁਰਨੇ ਫੁਰਦੇ, ਹਾਇ! ਸ਼ੁਕਰੋਂ ਬਾਹਿਰੇ।
ਕਰੋ ਕ੍ਰਿਪਾ ਪ੍ਰਭੁ ਆਪ ਵਿੱਚੇ ਸ਼ੁਕਰ ਦੇ
ਸ਼ੁਕਰ ਰੂਪ ਹੋ ਜਾਉਂ, ਆਪਾ ਵਿੱਸਰਾਂ;
ਮਸਤ ਸ਼ੁਕਰ ਵਿਚਕਾਰ ਕਰਦੀ ਸ਼ੁਕਰ ਮੈਂ
ਫਿਰਾਂ ਸ਼ੁਕਰ ਦੀ ਗੰਧ ਜਗਤ ਖਿਲਾਰਦੀ;
ਰਹੇ ਨ ਸ਼ੁਕਰੋਂ ਬਾਝ ਸੁਰਤੀ ਹੋਰ ਮੈਂ।
ਪੂਰੋ ਜਾਂ ਇਕ ਆਸ ਮੇਰੀ ਜੋ ਰਹੀ:
ਦੇਵੋ ਝਲਕ ਦਿਖਾਇ ਸੁੰਦਰ ਰੂਪ ਦੀ।
ਮੂੰਹ ਛੋਟੇ ਦੀ ਗੱਲ ਸਜਦੀ ਹੈ ਨਹੀਂ,
ਹੱਦ ਸ਼ੁਕਰ ਦੀ ਟੱਪ ਲੰਘਦੀ ਹੈ ਨਹੀਂ,
ਪਰ ਕੀ ਕਰਾਂ ? ਸੁਜਾਨ! ਸਾਕਤ ਭਾਰੀਆਂ,
ਸਾਕਤ ਵਾਲੀ ਬਾਣ ਛੁਟਦੀ ਹੈ ਨਹੀਂ।
ਮਿਲਦੀ ਦਾਤੋ ਦਾਤ ਰਜਦੀ ਹਾਂ ਨਹੀਂ:
ਮੰਗਾਂ ਹੋਰੋ ਹੋਰ ਤ੍ਰਿਸ਼ਨਾ ਕੁੱਠੀਆਂ।
ਤੂੰ ਹੰਸਾਂ ਤੋਂ ਵੱਧ ਕੀਤੀ ਕਾਰ ਹੈ,
ਮੈਂ ਕਾਵਾਂ ਤੋਂ ਵੱਧ ਸਾਕਤ ਨਿੱਕਲੀ,
ਸਮਝਾਂ, ਜਾਣਾਂ ਫੇਰ ਮੰਗਾਂ ਮੰਗਦੀ:
ਹਠ ਧਰਮੀ ਹੈ ਢੇਰ – ਪੱਕੀ ਢੀਠਤਾ।
ਲਟਲਟ ਬਲਦਾ ਹੱਥ ਦੀਵਾ, ਸੱਚ ਹੈ
ਫਿਰ ਡਿੱਗਾਂ ਮੈਂ ਖੂਹ; ਅਚਰਜ ਦੇਖਣਾ।
ਜੋ ਮਿਲਿਆ ਮੈਂ ਓਸ ਨ ਸ਼ੁਕਰ ਗੁਜ਼ਾਰਦੀ,
ਅਜੇ ਨ ਮਿਲਿਆ ਜੋਇ ਮੰਗਾਂ ਓਸ ਨੂੰ।
ਮੈਂ ਮੰਗਾਂ ਹੁਣ ਹਾਇ! ਦਰਸ ਪਿਆਰਿਆ!
ਦੇਵੋ ਦਰਸ ਦਿਖਾਲ ਪਜਾਰੇ ਕੰਤ ਜੀ,
ਲੇਵੋ ਘੁੰਡ ਉਤਾਰ ਚਾਨਣ ਵਾਲੜਾ,
ਤਰਸਾਂ ਦਰਸ਼ਨ ਜੋਗ, ਦਰਸ਼ਨ ਦੇ ਦਿਓ।
ਅਪਣਾ ਬਿਰਦ ਪਛਾਣ ਕਿਰਪਾ ਆਪਣੀ,
ਅਪਣੀ ਕਰਕੇ ਮੇਰ੍ਹ ਪੜਦਾ ਚੱਕ ਕੇ
'–ਕਰ ਬੁਰਕੇ ਨੂੰ ਦੂਰ– ਨੂਰ ਦਿਖਾ ਦਿਓ।

ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥
ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ॥
ਪੰਨਾ – 1100

ਸਤਿਗੁਰ ਨਾਨਕ ਦੇਵ ਸੱਤ ਸਰੂਪ ਦੀ
ਦਿਆਂ ਦੁਹਾਈ ਤੁੱਧ –ਪਾਵਾਂ ਵਾਸਤਾ–
ਤੈਨੂੰ ਉਨ੍ਹਾਂ ਨਾਲ ਜਿਹੜਾ ਪ੍ਰੇਮ ਹੈ
ਹੈ ਓਹ ਹੱਦੋਂ ਵੱਧ –ਉਸਦਾ ਅੰਤ ਨਾ,
ਉਸਦੀ ਖਾਤਰ ਕੰਤ! ਮੁੱਖ ਦਿਖਾਵਣਾ।
ਕਲਗੀਆਂ ਵਾਲਾ ਪਜਾਰ ਤੈਨੂੰ ਹੈ ਕਰੇ,
ਖਾਤਰ ਓਸ ਪਿਆਰ – ਉਸਦੇ ਵਾਸਤੇ–
ਇਕ ਦਮ ਦਰਸ ਦਿਖਾਲ, ਪਿਛੋਂ ਸੋ ਕਰੀਂ
ਭਾਣਾ ਜੋ ਕੁਝ ਹੋਇ ਸਾਈਂ! ਆਪ ਦਾ।
ਪ੍ਰੇਮ ਪ੍ਰਵਾਹ ਦੇ ਵੇਗ ਕੰਮਲੀ ਹੋ ਗਈ
ਅਦਬ, ਬਿਅਦਬ, ਅਜੋਗ ਜੋ ਮੂੰਹ ਆ ਗਿਆ
ਨਿਕਲਜਾ ਅੰਦਰ ਪਾੜ ਮਾਨੋਂ ਮੇਰਿਓਂ,
ਇਹ ਦੇਖਾਂ ਹੁਣ ਮਾਇ! ਵਰਤਜਾ ਸਾਮ੍ਹਣੇ:–
ਸੱਚਖੰਡ ਦਾ ਤੇਜ ਲਹਿਰੇ ਮਾਰਦਾ
ਦੇਕੇ ਝਲਕ ਅਨੂਪ ਝਲਕਜਾ ਐਕੁਰਾਂ
ਝੱਲਜਾ ਜਾਇ ਨ ਤੇਜ ਡਿੱਠਾ ਜਾਇ ਨਾਂ।
ਇੱਕ ਪ੍ਰਕਾਸ਼ੋਂ ਹੋਰ ਵੱਡਾ ਨਿਕਲਦਾ,
ਤੇਜੋਂ ਤੇਜ ਪ੍ਰਕਾਸ਼ ਉਮਡੀ ਆਂਵਦਾ।
ਅੰਤ ਤੇਜ ਦਾ ਤੇਜ ਝਲਕਾਂ ਮਾਰਕੇ
ਚਮਤਕਾਰ ਚਮਕਾਰ ਦੇ ਕੇ ਲਿਸ਼ਕਿਆ
ਦਿੱਤਾ ਜਿਸ ਦਿਖਲਾਇ ਅਚਰਜ ਰੂਪ ਏ:
ਤਖਤ ਇਕ ਤੇਜ ਸਰੂਪ ਉਸਤੇ ਰਾਜਦੇ
ਦਸ ਪਤਿਸ਼ਾਹੀਆਂ ਆਪ ਸਤਿਗੁਰ ਸੋਹਿਣੇ।
ਤੇਜੋਂ ਤੇਜ ਵਧੀਕ ਸਭ ਤੋਂ ਵੱਧ ਕੇ
ਗਜਾਨ ਤੇਜ ਤੋਂ ਵੱਧ ਉਨ੍ਹਾਂ ਸਰੂਪ ਸੀ।
ਦਿੱਸਣ ਇੱਕੋ ਰੂਪ ਦਸ ਭਾਸਦੇ।
ਚਰਨਾਂ ਕਮਲਾਂ ਵਿੱਚ ਮੱਤਾ ਪ੍ਰੇਮ ਦਾ
ਬਿਰਾਜ ਰਿਹਾ ਸੀ ਆਪ ਸਾਈਂ ਮੇਰੜਾ।

ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ॥
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ॥
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ॥
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ॥

ਮੋਹਿਤ ਹੋਈ, ਮਾਉਂ! ਦਰਸ਼ਨ ਦੇਖਕੇ
ਮੂਰਤ ਵਾਂਗ ਅਚੱਲ, ਮਨ ਹਰਿ ਮੈਂ ਗਿਆ,
ਭੁੱਲੀ ਅਪਣਾ ਆਪ, ਸਭ ਕੁਝ ਭੁੱਲਿਆ,
'ਮੈਂ' 'ਮੇਰੀ' ਹੇ ਮਾਉਂ! ਓਥੇ ਨਾ ਰਹੀ।
ਦੇਖਣ ਵਾਲਾ ਕੌਣ ਕਿਸ ਨੂੰ ਦੇਖਦਾ ?
ਇਤਨੀ ਵੀ ਵਿਥ ਦੂਰ ਹੋਈ ਨਾਲ ਹੀ।
ਪਰ ਇਕ ਆਵੇ ਯਾਦ ਵੇਲੇ ਓਸਦੀ:

ਇੱਕ ਦਿਸੇਂਦਾ ਆਪ ਪਜਾਰਾ ਮਿੱਤ੍ਰ ਓ;
ਦਿੱਸਣ ਵਾਲਾ ਸ੍ਵਾਦ ਭਾਸੇ ਛਾਇਆ
ਵਿੱਚ ਅਕਾਸ ਪਤਾਲ ਚਾਰ ਚੁਫੇਰੜੇ।
ਇਕ ਪਿਯ, ਇਕ ਦੀਦਾਰ ਇੱਕ ਅਨੰਦ ਸੀ;
ਤਿੰਨੇ ਇੱਕ ਸਰੂਪ ਬਣਕੇ ਇੱਕ ਹੀ
ਝਲਕਣ ਡਲ੍ਹਕਣ ਅੰਤ ਪਾਰਾਵਾਰ ਨਾ।
ਤਿੰਨੇ ਇੱਕੋ ਇੱਕ ਇੱਕੋ ਤਿੰਨ ਸੇ;
ਤਿੰਨੇ ਭਏ ਅਭੇਦ ਦਿੱਸਣ ਵੱਖਰੇ।
ਜੇ ਆਖਾਂ ਸੇ ਵੱਖ ਤਾਂ ਭੀ ਠੀਕ ਨਾਂ;
ਜੇ ਆਖਾਂ ਸੇ ਇੱਕ ਤਾਂ ਭੀ ਭੁੱਲਦੀ।
ਕਿਹਾ ਨ ਕਿਸਹੀ ਡੌਲ, ਮਾਏ! ਜਾਂਵਦਾ;
ਪਤਾ ਨ ਡਿੱਠੇ ਬਾਝ ਸਕਦਾ ਲੱਗ ਹੈ;
'ਡਿੱਠੇ ਬਾਝ ਸੁਆਦ, ਆਵੇ ਹੈ ਨਹੀਂ।'

## ਉਤਰਾਈ

ਹੁਣ ਮੱਥੇ ਹਥ ਫੇਰ 'ਉਫ' ਮੂੰਹ ਆਖ ਕੇ,
ਰਾਣੀ ਕਹਿੰਦੀ ਮਾਉਂ! ਸ਼ੁਕਰ ਅਕਾਲ ਦਾ
ਲੂੰ ਲੂੰ ਜੀਭ ਬਣਾਇ ਕਰੀਏ ਜੇ ਕਦੀ,
ਲਖ ਲਖ ਗੇੜਾ ਦੇਇ ਇਕੋ ਵਾਰ ਹੀ
ਕਰੀਏ ਸਦਾ ਉਚਾਰ – ਸਦ ਹੀ ਜੀਂਵਦੇ
ਆਖ ਨ ਸਕੀਏ ਇਕ ਕਿਣਕਾ ਮਾਤ੍ਰ ਬੀ।
ਰੇਤ ਥਲੇ ਅਸਗਾਹ ਕਿਣਕੇ ਇਕ ਦਾ
ਮੁੱਲ ਜੁ ਹੋਵੇ, ਮਾਉਂ! ਉਹ ਮੁਲ ਜਾਣ ਲੈ;
ਸ਼ੁਕਰ ਅਸਾਂ ਦਾ ਮੁੱਲ ਉਸ ਤੋਂ ਘੱਟ ਹੈ।
ਭਾਵੇਂ ਥੋੜਾ ਮੁੱਲ ਸਾਡੇ ਧੰਨਜ ਦਾ
ਤਾਂ ਬੀ ਕਰਨਾ ਜੋਗ ਸਾਨੂੰ ਹੈ ਬਣੇ।
ਸੁਣ ਹੁਣ ਅਗਲਾ ਹਾਲ, ਅੰਮੀਂ ਮੇਰੀਏ –
ਦਰਸ਼ਨ, ਜਿਸਦਾ ਹਾਲ ਚੁੱਕੀ ਆਖ ਹਾਂ,
ਮਾਨੋਂ ਸੀ ਚਮਕਾਰ ਤਿੱਖਾ ਬਿਜਲੀਓਂ,
ਬਿਜਲੀ ਲਾਵੇ ਡੇਰ ਜਦ ਹੈ ਖੇਉਂਦੀ,
ਇਸ ਦਰਸ਼ਨ ਨੇ ਢਿੱਲ ਕਰੀ ਨ ਓਤਨੀ,
ਡਾਢੀ ਕਾਹਲੀ ਨਾਲ ਉਹਲੇ ਹੋ ਗਿਆ।
ਜਾਂ ਹੋ ਭਾਸਜਾ ਓਹ ਮੈਨੂੰ ਕਾਹਿਲਾ –
ਜਾਪਜਾ ਮੈਨੂੰ ਤੇਜ ਅਖ ਪਲਕਾਰੜਾ
ਇਸ ਤੋਂ ਬਹੁਤ ਵਧੀਕ ਤਿੱਖਾ ਭਾਸਿਆ।
ਚਾਹੋ ਬਹੁਤਾ ਕਾਲ ਹੋਵੇ ਓ ਰਿਹਾ।
ਜਾਣੇ ਸਿਰਜਨਹਾਰ ਅਪਨੇ ਭੇਤ ਨੂੰ
ਅਸੀਂ ਨ ਸਕਦੇ ਜਾਣ ਕਰਨੇ ਓਸਦੇ
ਸ਼ੁਕਰ ਬਣੇ ਹੈ ਨਿੱਤ ਅਸਾਂ ਉਚਾਰਨਾ।
ਉਹਲੇ ਪਰਗਟ ਕੀਹ ਉਸਨੂੰ ਆਖਣਾ।
ਇਹ ਬੀ ਐਵੇਂ ਵਾਕ ਮੂੰਹੋਂ ਆਖੀਏ,
ਦਰਸ਼ਨ ਸਦਾ ਪ੍ਰਕਾਸ਼ ਗੁੰਮ ਨ ਹੋਂਵਦਾ।
ਨੈਣਾਂ ਸਾਡੇ ਦੋਸ਼, ਸਕਦੇ ਦੇਖ ਨਾ
ਦਰਸ਼ਨ ਸਦਾ ਪ੍ਰਕਾਸ਼ ਪਰਗਟ ਜੋ ਸਦਾ।
ਇਹ ਝਲਕਾਰਾ ਦੇਖ, ਕਿੰਨਾ ਹੀ ਸਮਾ
ਮਾਨੋਂ ਰਹੀ ਬਿਹੋਸ਼ ਯਾ ਮਦ ਮੱਤੀਆਂ
ਯਾ ਬਣ ਉਸ ਦਾ ਰੂਪ ਰਹੀ ਨ ਵੱਖਰੀ।
ਜਦ ਫਿਰ ਪੂਰੀ ਹੋਸ਼ ਪਰਤੀ, ਦੇਖਦੀ
ਲੂੰ ਲੂੰ ਹੋਇਆ ਜੀਭ, ਸ਼ੁਕਰ ਗੁਜ਼ਾਰਦਾ
ਸ਼ੁਕਰ ਸ਼ੁਕਰ ਦੀ ਵਾਜ ਚਾਰ ਚੁਫੇਰਿਓਂ
ਗੂੰਜ ਰਹੀ ਸੀ ਐਉਂ ਮਾਨੋਂ ਗਿਰਦ ਮੈਂ
ਹੋਵੇ ਸ਼ੁਕਰ ਸੰਗੀਤ ਸ਼ੁਕਰ ਸੰਗੀਤ ਹੈ।
ਕਰਮ ਖੰਡ ਦਾ ਲੋਕ ਬਖਸ਼ਸ਼ ਵਾਲੜਾ
ਸਾਰਾ ਸ਼ੁਕਰ ਸਰੂਪ ਹੋਇਆ ਜਾਪਦਾ
ਉਸ ਸ਼ੁਕਰਾਨੇ ਵਿਚ ਡਿੱਠਾ ਪਾਸ ਮੈਂ
ਸਖੀ ਸੁਹਾਵੀ ਨਾਲ ਮੇਰੇ ਹੈ ਖੜੀ
ਦੇਖ ਓਸਨੂੰ ਨਾਲ ਮੇਰੀ ਜਿੰਦੜੀ
ਡਿੱਗੀ ਚਰਨਾਂ ਵਿਚ ਧੰਨ ਧੰਨ ਆਖਦੀ
ਪਰ ਉਸ ਦੈਵੀ ਨਾਰ ਮੈਨੂੰ ਚੁੱਕ ਕੇ
ਲਾਯਾ ਗਲ ਦੇ ਨਾਲ ਕਹਿੰਦੀ, ਪਜਾਰੀਏ
ਕਿਸੇ ਵਾਸਤੇ ਕੁਝ ਕੀਤਾ ਮੈਂ ਨਹੀ;
ਕੁਈ ਨ ਕਰਨੇ ਜੋਗ ਏਥੇ ਵੱਖਰਾ;
ਕਰਦਾ ਅਪਨੇ ਨਾਲ ਸਭ ਹੀ ਹੈ ਕੁਈ,
ਜੋ ਕੁਝ ਕਰੇ ਪਿਆਰ ਦੂਏ ਨਾਲ ਹੈ।
ਤੂੰ ਨਾ ਕੋਈ ਹੋਰ – ਮੇਰਾ ਰੂਪ ਹੈਂ;
ਮੈਂ ਅਪਨੇ ਹੀ ਨਾਲ ਕੀਤਾ ਪਜਾਰ ਹੈ
ਜੋ ਕੀਤਾ ਮੈਂ ਨਾਲ ਤੇਰੇ ਪਜਾਰ ਹੈ
ਸਭ ਕੋਈ ਇਸ ਰੰਗ ਪਜਾਰੇ ਆਪ ਨੂੰ:
ਪਜਾਰਨ ਦੂ ਜੋਗ ਪਜਾਰਨ ਆਪਨੂੰ–
ਸ਼ੁਕਰ ਆਪਣਾ ਆਪ ਕਰਦਾ ਕੌਣ ਹੈ।
ਦੇਖ ਜਗਤ ਦੇ ਨਾਲ ਤੂੰ ਮੈਂ ਜੁੜ ਰਹੇ,
ਜੁੜਜਾ ਜਗਤ ਸੁ ਨਾਲ ਸਾਡੇ ਜਾਪਦਾ।
ਮਣਕੇ ਇਕੋ ਸੂਤ ਪ੍ਰੋਤੇ ਦੇਖ ਲੈ –
ਖ਼ਾਲਕ ਖ਼ਲਕਤ ਨਾਲ ਖ਼ਲਕਤ ਖਾਲਕੇ।
ਜੋ ਖਾਲਕ ਦੇ ਨਾਲ ਮੇਲਾ ਪਾਉਂਦਾ,
ਉਹ ਖਲਕਤ ਦੇ ਨਾਲ ਜੁੜ ਹੈ ਜਾਂਵਦਾ,
ਜੁੜਿਆ ਖ਼ਲਕਤ ਨਾਲ ਖ਼ਲਕੋਂ ਵੱਖ ਨਾ।
ਅਰ ਖ਼ਲਕਤ ਦੇ ਨਾਲ – ਖ਼ਾਲਕ ਵੇਖਦਾ –
ਜੋ ਜੁੜ ਜਾਵੇ, ਓਹ ਖ਼ਾਲਕ ਜਾ ਮਿਲੇ
ਪਰ ਇਕ ਨਿੱਕਾ ਭੇਦ ਭੁੱਲੀਂ ਨਾ ਕਦੀ
ਜੋ ਖ਼ਾਲਕ ਦੇ ਨਾਲ ਜੁੜਿਆ ਸੋਹਿਣਾ
ਉਹ ਖ਼ਲਕਤ ਦੇ ਨਾਲ ਜੁੜਿਆ ਜਾਣਨਾ
ਜੋ ਖ਼ਲਕਤ ਦੇ ਨਾਲ ਜੁੜਦਾ ਹੈ ਨਿਰਾ,
ਖ਼ਾਲਕ ਦੀ ਹੈ ਯਾਦ ਰਖਦਾ ਨਾਲ ਨਾ,
ਖ਼ਾਲਕ ਦੀ ਮਖ਼ਲੂਕ ਜਾਣੇ ਹੈ ਨਹੀਂ,
ਕਰਦਾ ਹੌਂ ਵਿਚ ਪਜਾਰ ਖ਼ਲਕਤ ਨਾਲ ਹੈ –
ਓ ਜਦ ਖ਼ਲਕਤ ਨਾਲ ਜੁੜ ਹੈ ਜਾਂਵਦਾ,
ਜੁੜੇ ਨ ਖ਼ਾਲਕ ਨਾਲ, ਹੈ ਉਪਕਾਰੀਆ
ਨਿਰਗੁਣ ਰੂਪ ਅਕਾਲ ਸਭ ਦਾ ਮੂਲ ਜੋ
ਉਸ ਸੰਗ ਉਸ ਦਾ ਜੋੜ ਤਦ ਤਕ ਹੋਇ ਨਾ
ਜਦ ਤਕ ਭਗਤੀ ਧਾਰ ਸੱਚੇ ਪਜਾਰ ਦੀ
ਲਿਵ ਲਾ ਕੇ ਉਸ ਨਾਲ ਉਨ੍ਹੰ ਨ ਪਜਾਰ ਦਾ।
ਪ੍ਰਭੁ ਮਿਲਿਆਂ ਸਚਖੰਡ ਮਿਲਿਆ ਜਾਣੀਏ।
ਤਾਂ ਤੇ ਖ਼ਲਕਤ ਪਜਾਰ ਕਰੀਏ ਐਕੁਰਾਂ,
ਹੁਕਮ ਓਸਦਾ ਜਾਣ, ਕੀਤੀ ਓਸਦੀ

ਉਸ ਦੇ ਬਾਲਕ ਜਾਣ ਖ਼ਲਕਤ ਸੇਂਵੀਏ।
ਲਿਵਲਾਯੇ ਪ੍ਰਭੁ ਨਾਲ ਧਜਾਨੀਏਂ ਓਸਨੂੰ।
ਉਸਨੂੰ ਮਾਲਕ ਜਾਣ ਸਦਾ ਅਰਾਧੀਏ
ਸੁਖ ਦੇਈਏ ਮਖ਼ਲੂਕ ਦਿਲ ਪਰ ਰੱਬ ਨੂੰ
ਦਿਲ ਰਗੜੇ ਰਬ ਨਾਲ, ਨਾਲ ਨ ਖ਼ਲਕ ਦੇ।
ਆਦਰਸ਼ ਹੋਵੇ ਓਹ ਅੱਖਾਂ ਸਾਮ੍ਹਣੇ,
ਉਸ ਦਾ ਪ੍ਰੇਮ ਪਿਆਰ ਦਿਲ ਦੀ ਕਾਰ ਹੋ।
ਪਰਮੇਸਰ ਦੇ ਪਯਾਰ ਵਿਚ ਪਰੋਤਿਆਂ
ਲਿਵ ਲਗਜਾਂ ਉਸ ਨਾਲ ਜੋ ਕੁਛ ਹੋਇਗਾ
ਉਸ ਮਾਲਕ ਦੇ ਨਾਲ ਮਿਲਿਆਂ ਰੱਖਸੀ!
ਕਰਮ ਕਰਤ ਨਿਹਕਾਮ ਹੋਈਏ ਐਕੁਰਾਂ।
ਕਦੀ ਨ ਜਾਈਏ ਉਕ ਨੁਕਤੇ ਏਸ ਤੋਂ।
ਪਦ ਪੂਰਨ ਤੇ ਪੌਂਚ੍ਹ ਜਦ ਹੋ ਜਾਂਵਦੀ
ਵਣ ਤਿਣ ਪਰਬਤ ਆਪ ਦਿੱਸੇ ਪਸਰਿਆ
ਘਟ ਘਟ ਜਾਪੇ ਜੋਤ ਉਸਦੀ ਵਸਦੀ
ਪੇਖਨ ਸਭ ਹੋ ਬ੍ਰਹਮ ਇਸ ਪਦ ਪੌਂਚ੍ਹਿਆਂ
ਤਦ ਵਰਤਨ ਸੰਸਾਰ ਵਿਚ ਜਿਉਂ ਚਾਹੀਏ।
ਉਸ ਦੀ ਜੋ ਹੈ ਜਾਚ ਆਪੇ ਆਉਂਦੀ
ਬ੍ਰਹਮਗਜਾਨੀ ਨੂੰ ਆਪ - ਨੇਕੀ ਜੋ ਸੁਧਾ
ਉਸ ਦੇ ਵਿਚ ਉਮਾਹ ਪਰਉਪਕਾਰ ਦਾ
ਚਸ਼ਮੇ ਵਾਂਙੂ ਹੋਇ, ਲਿਖਿਆ ਹੈ ਗੁਰੂ।
ਉਹ ਹੈ ਧਰਮ ਸੁ ਮੇਘ ਉਸ ਤੋਂ ਵਰਸਦਾ
ਧਰਮ ਮੀਂਹ ਦੇ ਵਾਙ ਛਹਿਬਰ ਲਾਇਕੇ
ਪਰ, ਇਹ ਸਾਰਾ ਭੇਤ ਗੂੜ ਰਹੱਸਜ ਹੈ,
ਉਚ ਅਭਜਾਸੀਆਂ ਜੋਗ ਹੀ ਏ ਦੱਸੀਏ:
ਸੁਰਤ ਜਿਨ੍ਹਾਂ ਦੀ ਸਾਫ਼ ਉਜਲ ਹੋ ਗਈ।
ਮੈਂ ਆਖਜਾ ਹੇ ਭੈਣ! ਇਸ ਵਿਚ ਦੋਸ਼ ਕੀ?
ਹਸ ਬੋਲੀ ਓਹ ਲੋਕ ਤੁਹਾਡੇ ਵਿਚ ਹੈ
ਖੁਦਗਰਜ਼ੀ ਦਾ ਰਾਜ, ਸ੍ਵਾਰਥ ਚੌਧਰੀ
ਕਿਸੇ ਨਾਲ ਨਹਿੰ ਕੋਈ ਕਰਦਾ ਪਯਾਰ ਹੈ।
ਦੁਖ ਓਥੇ ਪਰਧਾਨ, ਓਥੇ ਲੋੜ ਹੈ
ਪਜਾਰ ਕਰਨ ਦੀ ਢੇਰ ਦੁੱਖ ਵੰਡਾਣ ਦੀ।
ਕਰਨਾ ਚਾਹਜੇ ਪਜਾਰ ਦਰਦ ਵੰਡਾਵਣੇ।
ਹਮਦਰਦੀ ਦੀ ਲੋੜ ਡਾਢੀ ਓਸ ਥਾਂ,
ਜਗਜਾਸੂ ਨੂੰ ਜੋਗ - ਹਰ ਇਕ ਸਿੱਖ ਨੂੰ
ਏਸ ਪਜਾਰ ਤੋਂ ਮੁੱਢ ਸਿੱਖੀ ਦਾ ਕਰੇ।
ਇਸਨੂੰ ਕਹੁ ਉਪਕਾਰ ਸੇਵਾ ਆਖ ਲੈ
ਮੈਂ ਸਭ ਗੂੜ ਰਹੱਸਜ ਦੱਸੇ ਤੁੱਧ ਨੂੰ,
ਦਸਣੋਂ ਵਰਜਜਾ ਢੇਰ ਸੀ ਇਸ ਕਾਰਣੇ
ਸ੍ਵਾਰਥ ਵਾਲੇ ਲੋਕ ਕਿਧਰੇ ਲੈਣ ਨਾ
ਹੀਏ ਬਹਾਨਾ ਧਾਰ ਸੁਣ ਉਪਦੇਸ਼ ਏ।
ਬੇਦਰਦੇ ਹੋ ਫੇਰ ਆਖਣ ਨਾ ਅਸੀਂ
ਉਚ ਸੁਰਤੇ ਹਾਂ ਲੋਕ, ਸਾਡੀ ਵਿਗੜਦੀ
ਕੀਤਜਾਂ ਪਰਉਪਕਾਰ ਸੁਰਤੀ ਸੂੱਛ ਜੋ।
ਆਸਾ ਲੈਂਦੇ ਟੋਲ ਨੀਵੇਂ ਲੋਕ ਜੋ
ਉਚ ਉਪਦੇਸਾਂ ਵਿਚੁੰ, ਅਰਥ ਹਨ ਕੱਢਦੇ
ਆਪ ਨੇ ਮਤਲਬ ਜੋਗ - ਸ੍ਵਾਰਥ ਵਾਲੜੇ

ਢੱਕਣ ਅਪਣਾ ਆਪ ਦੇ ਪਰਮਾਣ ਓ
ਵਿਚੋਂ ਉਚ ਉਪਦੇਸ ਗੂੜ੍ਹ ਰਹੱਸਜ ਚੋਂ।
ਸੋ ਹੇ ਪਜਾਰੀ ਰਾਜ! ਮੈਂ ਤੂੰ ਦੋ ਨਹੀਂ
ਜਿਵੇਂ ਬ੍ਰਿੱਛ ਦੇ ਡਾਲ ਹੋਣ ਨ ਵੱਖਰੇ,
ਭਾਵੇਂ ਵੱਖ ਦਿਸੰਨ ਗਿਣਤੀ ਵੱਖਰੀ
ਅੱਡ ਅੱਡ ਪੱਤਰ ਫੁੱਲ ਫਲ ਬੀ ਵੱਖਰੇ
ਹੋਵਣ ਵੱਖੋ ਵੱਖ ਪਰ ਫਿਰ ਇਕ ਨੇ।
ਤਿਵੇਂ ਪ੍ਰਭੂ ਦੇ ਨਾਲ ਮੈਂ ਤੂੰ ਮਿਲ ਰਹੇ,
ਆਪੋ ਵਿਚ, ਉਸ ਨਾਲ, ਸਾਰੇ ਨਾਲ ਹੋ।
ਸਮਝਾਵਣ ਦੇ ਕਾਣ ਐਦਾਂ ਆਖੀਏ,
ਅਸਲ ਜਿਵੇਂ ਹੈ, ਰਾਜ! ਦੇਖਾ ਹੀ ਬਣੇ।
ਪਰ ਬਿਨ ਨਾਮ ਅਧਾਰ ਦ੍ਰਿਸ਼੍ਟਿ ਨ ਖੁਲ੍ਹਦੀ।
ਸਭ ਹਾਲਾਂ ਦੀ ਸੂਝ ਤੈਨੂੰ ਆਵਸੀ,
ਤੇਰੇ ਸਿਰ ਤੇ ਹੱਥ ਹੈ ਉਸ ਸੰਤ ਦਾ।
ਇਉਂ ਕਹਿ ਕੇ ਉਸ ਭੈਣ ਮੈਂ ਵਲ ਤੱਕਿਆ,
ਫਿਰ ਕੀਤੀ ਦੰਡੌਤ ਸੱਚੇ ਲੋਕ ਨੂੰ,
ਮੈਂ ਬੀ ਤਦ ਪਰਣਾਮ ਕੀਤਾ ਓਸਨੂੰ।
ਕੋਮਲ ਸੁਰ ਵਿਚ ਓਹ ਫਿਰ ਇਉਂ ਬੋਲਦੀ:
ਆ ਪਜਾਰੀ! ਹੁਣ ਕੂਚ ਕਰੀਏ ਚੱਲੀਏ।
ਆਖਣ ਦੀ ਸੀ ਡੇਰ ਉਸ ਦੀ, ਮਾਉਂ ਜੀ!
ਪਰਤ ਪਈਆਂ ਤਤਕਾਲ ਦੇਵੋਂ ਹੇਠ ਨੂੰ,
ਪਰ ਨੈਣਾਂ ਵਿਚਕਾਰ ਸੂਰਤ ਕੰਤ ਦੀ
ਮੇਰੇ ਰਹੀ ਬਿਰਾਜ ਮੂਰਤ ਵਾਕੁਰੇ।
ਅਪਨੇ ਵਿਚ ਸੁਗੰਧ ਨਾਲੇ ਆਉਂਦੀ
ਮੈਨੂੰ ਆਪਣੇ ਆਪ ਕੁਈ ਅਗੰਮ ਤੋਂ,
ਜਿਸਦੀ ਮਹਿੰਮਾ, ਮਾਉਂ! ਆਖ ਨ ਮੈਂ ਸਕਾਂ।
ਸਿਰ ਮਸਤਜਾ ਉਸ ਗੰਧ, ਦਰਸ਼ਨ ਨੈਨ ਸੇ,
ਕੰਨ ਮਸਤ ਸੇ ਰਾਗ ਸੁਣ ਜੋ ਸੀ ਲਿਆ,
ਜੀਭ ਸ਼ੁਕਰ ਵਿਚਕਾਰ ਮਸਤੀ ਸੀ ਗਈ,
ਹੱਥ ਮਸਤ ਇਸ ਸ੍ਵਾਦ ਜੁੜੇ ਜੁ ਕੰਤ ਪੈ,
ਮੇਰੀ ਮਸਤੀ ਦੇਹ - ਸੂਖਮ ਦੇਹ ਜੋ -
ਪਜਾਰੇ ਜੀ ਦੇ ਦੇਸ ਜਿਹੜੀ ਸੀ ਗਈ
ਰਿਦਾ ਮਸਤ ਪਾ ਮੇਲ ਪਜਾਰੇ ਕੰਤ ਦਾ -
ਮਸਤੁਲ ਮਸਤ ਸੁਜਾਣ - ਦੇਹ ਮਨ ਆਤਮਾ
ਮਸਤੀ ਸੀ ਇਕ ਰੰਗ ਚੜ੍ਹਿਆ ਸੋਹਿਣਾ
ਜਿਸ ਵਿਚ ਹੋਸ਼ ਨ ਗੁੰਮ ਅਸਲੀ ਸੀ ਹੂਈ
ਇਸ ਮਸਤੀ ਦੀ ਝੋਕ ਘਟੀ ਸੁ ਹੇਠ ਆ
ਕਰਮ ਖੰਡ ਤੋਂ ਲੰਘ ਜਦ ਆ ਪੌਂਚ੍ਹੀਆਂ
ਸ਼ਰਮ ਖੰਡ ਵਿਚਕਾਰ ਦੋਵੇਂ ਸਾਂ ਅਸੀਂ
ਹੋਇਆ ਹੋਰ ਸਰੂਪ - ਸੂਖਮਤਾ ਘਟੀ।
ਓਥੋਂ ਫੇਰ ਉਤਾਰ ਹੋਯਾ ਹੇਠ ਨੂੰ।
ਗਜਾਨਖੰਡ ਵਿਚਕਾਰ ਆਇਆਂ ਉਤਰ ਕੇ
ਹੋਰੋਂ ਹੋਇਆ ਰੂਪ ਮੇਰਾ, ਅੰਮੀਏ!
ਏਥੋਂ ਫੇਰ ਉਤਾਰ ਹੋਇਆ ਹੇਠ ਨੂੰ।
ਸ੍ਵਰਗ ਭਿਸਤ ਕੁਛ ਹੋਰ ਉਸ ਨੂੰ ਆਖ ਲੈ।
ਇਥੇ ਆ ਕੇ ਭੈਣ ਲੱਗੀ ਕਹਿਣ ਏ।
ਮੈਂ ਜਾਵਾਂ ਨਿਜ ਦੇਸ਼ ਦੇਵੋ ਆਗਿਆ,

ਤੁਸੀਂ ਕਰੋ ਪਰਵੇਸ਼ ਦੇਹੀ ਆਪਣੀ।
ਸੱਲ ਲਾਂਵੀਂ ਇਹ ਸੋਇ ਸੁਣ ਕੇ ਪਾਟਿਆ
ਹਿਰਦਾ ਹੋਇ ਕੜੱਕ ਮੇਰਾ ਟੁੱਟਿਆ,
ਦੋਵੇਂ ਜੋੜੇ ਹੱਥ ਮੈਂ ਰੋ ਆਖਿਆ
ਬਿਰਹੋਂ ਹੱਥੋਂ ਮਾਰ ਖਾਧੀ ਬਹੁਤ ਮੈਂ
ਵਿਛੋੜੇ ਨੇ ਨਿੱਤ ਕੀਤਾ ਚੂਰ ਹੈ;
ਵਿੰਜੋਗਾਂ ਨੇ ਤੀਰ ਮਾਰੇ ਵਿੰਨ੍ਹਵੇਂ
ਹਿਰਦਾ ਜਿਨ੍ਹਾਂ ਸਹਾਰ ਹੋਯਾ ਛਾਨਣੀ।
ਹੇ ਪ੍ਯਾਰੀ! ਕਰ ਪ੍ਯਾਰ, ਲੱਗਾ ਰਹਣ ਦੇ
ਸੰਜੋਗਾਂ ਦਾ ਤੇਲ ਫੱਟੀਂ ਮੇਰਿਆਂ।
ਅੱਲੇ ਹਨਗੇ ਘਾਉ, ਪੱਕੇ ਹਨ ਨਹੀਂ,
ਤੇਲ ਮੇਲ ਦਾ ਪੂੰਝ ਨੰਗੇ ਨਾ ਕਰੀਂ,
ਪਾਟ ਪੈਣਗੇ ਫੇਰ, ਵੱਡੇ ਹੋਣਗੇ
ਹੁੰਦੀ ਬਰੀ ਪਿਛਾੜ, ਭੈਣ! ਅਗਾੜ ਤੋਂ।
ਮਲ੍ਹਮ ਸੁਹਾਵੀ ਏਹ ਸੱਚੇ ਮੇਲ ਦੀ
ਫੱਟਾਂ ਤੋਂ ਨਾ ਲਾਹ - ਲੱਗੀ ਰਹਿਣ ਦੇ,
ਘਾਉ ਨ ਛੁੱਟਾ ਠੀਕ, ਸਖੀਏ ਹੈ ਅਜੇ!
ਸੁਣ ਤਰਲੇ ਦੇ ਵਾਕ ਗਲੇ ਲਗਾਇਕੇ
ਕਹਿੰਦੀ ਭੈਣ ਸੁਜਾਨ, ਮੇਰੇ ਵੱਸ ਨਾ,
ਹੈ ਇਹ ਜਿਸ ਦੇ ਵੱਸ ਉਸ ਦੀ ਹੋ ਰਹੋ,
ਚਾਹੇਂ ਜੇ ਨਿਤ ਨਿਤ ਮੇਲ ਸੁਹਾਵਣਾ।
ਰਿਦੇ ਤੁਸਾਂ ਦੇ ਪ੍ਰੇਮ ਪੈਦਾ ਹੋ ਗਿਆ
ਜੋਮ ਜੋਸ਼ ਦਾ ਪ੍ਰੇਮ ਹੈ ਇਹ ਕਹਰ ਦਾ,
ਪਰ ਹੈ ਨਿਰਮਲ ਸਾਫ ਕਾਈ ਮੈਲ ਤੋਂ।
ਪਤੀ ਨਾਲ ਹੈ ਪ੍ਰੇਮ ਪਤਿਬ੍ਰਤ ਭਾਵ ਦਾ,
ਸੰਤ ਭਾਵਨਾ ਨਾਲ ਇਸ ਦੇ ਹੈ ਮਿਲੀ।
ਪ੍ਰਭੂ-ਪ੍ਰੇਮ ਦੀ ਚਾਸ ਇਸ ਵਿਚ ਹੈ ਰਲੀ,
ਏ ਹੈ ਪ੍ਰੇਮ ਮਹਾਨ, ਇਸ ਦੀ ਆਨ ਨੂੰ
ਕਦੀ ਨ ਭੰਨੇ ਆਪ ਸੱਚਾ ਰੱਬ ਹੈ।
ਹੋਰ ਨ ਕੋਈ ਆਨ ਐਸੀ ਹੈ ਬਲੀ,
ਜੈਸੀ ਆਨ-ਪਰੇਮ ਪ੍ਰੇਮ ਸਰੂਪ ਨੂੰ;
ਇਸ ਨੂੰ ਕਦੀ ਨ ਭੰਨ ਕਰੇ ਨਿਰਾਦਰੀ:
ਲਾਜ ਬਿਰਦ ਦੀ ਜਾਣ ਇਸ ਨੂੰ ਪਾਲਦਾ।
ਕਿਰਪਾ ਹੋਈ ਅੱਜ ਏਸੇ ਕਾਰਣੇ
ਤੇਰੇ ਉਤੇ, ਜਾਣ ਪ੍ਯਾਰੀ, ਰੱਬ ਦੀ
ਡਿੱਠਾ ਤੈਂ ਚਮਕਾਰ ਗੁੱਝਾ ਜੱਗ ਤੋਂ।
ਜੇ ਚਾਹੇਂ ਇਹ ਰੰਗ ਮਾਣੇਂ ਤੂੰ ਸਦਾ,
ਕਰ ਤੂੰ ਓਹੋ ਕਾਰ ਸੁਰਤ ਸਿੰਘ ਜੋ
ਕਰਦਾ ਵਿਚ ਸੰਸਾਰ ਭੌਜਲ ਲੰਘਿਆ,
ਪਹੁੰਚਾ ਜਾ ਸਚਖੰਡ ਵਤਨ ਜੁ ਪ੍ਰੇਮ ਦਾ
ਮੈਂ ਨਾ ਤੈਥੋਂ ਦੂਰ, ਨੇੜੇ ਜਾਣ ਲੈ,
ਐਪਰ ਮਿਲਣਾ ਜਾਣ ਮੇਰਾ ਤੁੱਧ ਨੂੰ
ਹੈਵੇ ਹੁਕਮ ਅਨੁਸਾਰ ਮੇਰੇ ਵਸ ਨਾ।
ਕਹਿੰਦੀ ਐਸੇ ਵਾਕ, ਪ੍ਯਾਰੀ ਮਾਉਂ ਜੀ!
ਓਥੇ ਹੀ ਉਹ ਗੁੰਮ ਐਕੁਰ ਹੋ ਗਈ
ਜਿਵੇਂ ਦੁੱਧ ਦੀ ਛਿੱਟ ਵਿਚ ਤਲਾਉ ਦੇ
ਸਿੱਟੀ ਹੋਵੇ ਗੁੰਮ ਸਿਟਦਯਾਂ ਸਾਰ ਹੀ।

ਗਿਆ ਹਨੇਰਾ ਛਾਇ ਪਤਲੇ ਵੰਨ ਦਾ
ਚਾਰ ਚਵਫੇਰੇ, ਮਾਉਂ! ਓਸੇ ਆਨ ਹੀ।
ਇਕ ਹਨੇਰੀ ਥਾਉਂ ਆਈ ਸਾਮ੍ਹਣੇ,
ਵੜਨਾ ਉਸ ਦੇ ਵਿਚ ਮੈਨੂੰ ਪੈ ਗਿਆ।
ਫਿਰ ਜਾਪੇ ਹੈ ਇਕ ਆਈ ਕੋਠੜੀ
ਇਹ ਸੀ ਅੰਨ੍ਹ ਅੰਨ੍ਹੇਰ, ਵੜਨੀ ਪੈ ਗਈ।
ਵੜੀ ਧਸੀ ਇਸ ਵਿਚ, ਮਾਨੋ ਹੈ ਕਿਸੇ
ਮੱਲੋ ਮੱਲੀ ਧੱਕ ਅੰਦਰ ਵਾੜਿਆ
ਘੁਟਦਾ ਜਾਵੇ ਦੰਮ, ਘਾਬਰ ਮੈਂ ਗਈ
ਦਿੱਸੇ ਭਾਲੇ ਨਾਂਹ, ਲੱਗੇ ਨਾ ਪਤਾ।
ਹੋ ਚਲੀਆਂ ਬੇਹੋਸ਼ ਐਦਾਂ ਭਾਸਿਆ।
ਅੱਖਾਂ ਖੁਲ੍ਹੀਆਂ ਫੇਰ ਦੇਖਾਂ ਮੈਂ ਤਦੋਂ,
ਮਹਲ ਉਹੋ ਉਹ ਥਾਉਂ ਓਹੋ ਮੈਂ ਦੁਖੀ
ਓਹੋ ਠੀਕ ਸਰੀਰ ਜਿਸ ਵਿਚ ਰੋਂਵਦੀ
ਹੋਈ ਸਾਂ ਬੇਹੋਸ਼ - ਨੀਂਦਰ ਹੋ ਜਿਵੇਂ।
ਹੁਣ ਜਦ ਆਈ ਜਾਗ ਉਠੀ ਮੈਂ ਤਦੋਂ,
ਦੇਖਾਂ ਫੁੱਲ ਸਰੀਰ ਹੌਲਾ ਹੋ ਰਿਹਾ;
ਬਲ ਸੀ ਘਟਿਆ ਨਾਲ, ਘਾਬਰ ਸੀ ਨਹੀਂ,
ਹਿਰਦਾ ਠੰਢਾ ਠਾਰ ਖੌਲਰ ਹੈ ਨਹੀਂ,
ਪਰ ਹਰਿਆਨੀ ਘੇਰ ਲੀਤਾ ਆ ਤਦੋਂ -
ਸੀ, ਹੈ, ਹੋਊ ਕੀਹ? ਸਮਝ ਨ ਆਂਵਦੀ
ਸੁਪਨਾ ਸੀ, ਭਖਲਾਇ ਜਾਂ ਏ ਸੱਚ ਸੀ?
ਕਿਉਂ ਹੋਈ ਇਹ ਕਾਰ? ਕਿੱਕੁਰ ਹੋ ਗਈ?
ਕਿਸਨੇ ਕੀਤਾ ਏਹ? ਕਿਸ ਦੇ ਵਾਸਤੇ?
ਸਮਝ ਨ ਆਵੇ, ਸੋਚ ਮੈਂ ਬਉਰਾਨੀਆਂ।
ਕੁਛ ਚਿਰ ਸੋਚ ਵਿਚਾਰ ਕਰਦਿਆਂ ਐਕੁਰਾਂ
ਤਾਕਤ ਫਿਰ ਪਈ ਫੇਰ ਉਠੀ ਮੈਂ ਤਦੋਂ।
ਤੁਰ ਪਈ ਪਿਛਲੇ ਦਾਇ ਬਾਹਰ ਧੌਲਰੋਂ,
ਗੋਲ ਬਗੀਚੇ ਵਿਚ ਬੈਠੀ ਜਾਇਕੇ,
ਮਾਨੋਂ ਵਾਜਾਂ ਮਾਰ ਸੱਦ੍ਯਾ ਯਾਦ ਨੂੰ,
ਜੋ ਸੀ ਘੁੰਮਰ ਪਾਇ ਅੰਦਰ ਜਾਪਦੀ।
ਕਰ ਕਰ ਮੁੜ ਮੁੜ ਯਾਦ ਸਾਰੇ ਓ
ਜੋੜ ਜੋੜ ਕੇ ਨਾਲ ਪ੍ਰੋਵਾਂ ਸੰਗਲੀ,
ਅੰਤ ਬਨ ਗਈ ਸਾਫ ਲੜੀ ਖਿਆਲ ਦੀ,
ਹੋ ਬੀਤਿਆ ਸਭ ਹਾਲ ਪਰਤਖ ਹੋ ਗਿਆ।
ਵਿਚ ਸਿਮਰਤੀ ਓਹ - ਚੇਤੇ ਵਿਚ ਹਾਂ -
ਬੈਠਾ ਮੂਰਤ ਧਾਰ, ਜਿਉਂ ਮੈਂ ਦੱਸਿਆ।
ਇਸ ਵੇਲੇ ਇਕ ਦਾਸ ਆਯਾ ਡਾਕ ਲੈ,
ਜੋ ਸੀ ਕਰਦਾ ਸੇਵ ਰਾਣੇ ਦੀ ਸਦਾ,
ਭੇਤੀ ਹੈਸੀ ਏਹ ਸਾਈਂ ਸੇਵ ਦਾ।
ਮੈਂ ਇਸ ਪਾਸੋਂ ਆਪ ਪ੍ਯਾਰੇ ਕੰਤ ਦੇ।
ਪੁੱਛੇ ਗੁਪਤ ਹਵਾਲ ਸਿਮਰਨ ਵਾਲੜੇ
ਦਿਤੇ ਓਸ ਸੁਣਾਇ ਕਿਰਪਾ ਧਾਰ ਕੇ।
ਏਸ ਥਾਉਂ ਦਾ ਹਾਲ ਸੁਣ ਕੇ ਓਸ ਤੋਂ
ਮੈਂ ਆਖ੍ਯਾ ਉਸ 'ਜਾਉ ਕਰੋ ਤ੍ਯਾਰੀਆਂ,
ਓਹੋ ਸਾਜ ਸਮਾਨ ਸਾਰਾ ਲਾਵਣਾ,
ਜੋ ਪ੍ਯਾਰੇ ਦੇ ਜੋਗ ਲੌਂਦਾ ਸੈਂ ਤਦੋਂ।

*ਉਸ ਨੇ ਇਸ ਧੁਰ ਛੱਤ ਸਭ ਕੁਛ ਜੋੜਿਆ,*
*ਲੈ ਕੇ ਮੈਨੂੰ ਨਾਲ ਆਇਆ ਏਸ ਥਾਂ,*
*ਫਿਰ ਮੈਂ ਦਿਤਾ ਤੋਰ, ਵਰਜਜਾ ਉਸਨੂੰ -*
*ਦੱਸੀਂ ਕਿਸੇ ਨ ਹਾਲ ਏਥੇ ਔਣ ਦਾ,*
*ਤੂੰ ਟੁਰ ਘਰ ਨੂੰ ਜਾਉ ਆਵੀਂ ਕੱਲ ਨੂੰ।"*
*ਜਦ ਸਾਂ ਹੁਈ ਇਕੰਤ ਸ਼ੁਕਰਾਂ ਮੈਂ ਭਰੀ*
*ਦੋਵੇਂ ਹੱਥ ਸੁ ਜੋੜ ਗੋਡੇ ਟੇਕ ਕੇ*
*ਧਰ ਸੁਰਤ ਦਾ ਧਯਾਨ ਪਯਾਰੇ ਕੰਤ ਦੀ*
*ਕੀਤੀ ਬਿਨੈ ਉਚਾਰ, ਸ਼ੁਕਰ ਗੁਜ਼ਾਰਦੀ:*
*ਏਸ ਹਾਲ ਵਿਚ ਲੀਨ ਹੋਈ ਫੇਰ ਮੈਂ।*
*ਮੈਨੂੰ ਰਹੀ ਨ ਹੋਸ਼, ਇਸ ਰੰਗ ਰੱਤਿਆਂ।*
*ਸਮਾਂ ਕਿ ਮਹਲ ਕਿ ਮਾਉਂ! ਸਾਰੇ ਵਿੱਸਰੇ,*
*ਇਕ ਰੰਗ ਇਕਪਰਵਾਹ ਧਾਰਾ ਤੇਲ ਜਯੋਂ*
*ਮਨ ਹੋਯਾ ਲਿਵਲੀਨ, ਸਮਾ ਨ ਜਾਪਿਆ*
*ਲੰਘਦਾ ਕਿਹੜੇ ਦਾਉ ਹੈ ਉਹ ਜਾਂਵਦਾ।*
*ਫਿਰ ਕੁਛ ਪਰਤੀ ਹੋਸ਼ ਤਾਂ ਮੈਂ ਹੋ ਗਈ*
*ਆਪ ਸੰਗੀਤ ਸਰੂਪ,- ਗਾਵਣ ਲੱਗੀਆਂ।*
*ਮੈਨੂੰ ਯਾਦ ਨ ਮੂਲ ਮੈਂ ਕੀ ਗਾਵਿਆਂ ?*
*ਕਿੰਨਾ ਲੰਘਯਾ ਕਾਲ ? ਹੁਣ ਕੀ ਹੈ ਸਮਾਂ ?*
*ਦਿੱਤਾ ਤੁਸਾਂ ਜਗਾਇ ਤਾਂ ਮੈਂ ਜਾਗੀਆਂ।*
*ਆਪੇ ਕਿਰਪਾ ਧਾਰ ਲੱਭਾ ਹੈ ਤੁਸਾਂ।*
*ਮੈਂ ਦੋਸਣ ਹਾਂ ਠੀਕ, ਮਾਤਾ ਤੁੱਧ ਦੀ,*
*ਪਰ ਮੇਰੇ ਨਾ ਵੱਸ, ਦੇਖੋ ਆਪ ਹੀ*
*ਸੋਚ ਸਮਝ ਕੇ ਹਾਲ - ਮੇਰੀ ਬੇ ਵਸੀ।*
*ਤੂੰ ਅੰਮੀ, ਮੈਂ ਧੀਅ, ਜਾਈ ਤੇਰੀਆਂ*
*ਮਾਵਾਂ ਧੀਆਂ ਵਿਚ ਵਿੱਥ ਨ ਹੋਂਵਦੀ*
*ਧੀਆਂ ਮਾਵਾਂ ਭੇਤ ਇਕੋ ਹੋਂਵਦਾ*
*ਅੰਮੀ! ਤੂੰ ਮੈਂ ਇਕ ਦੋਵੇਂ ਇਕ ਹਾਂ।*

*(ਪੁਸਤਕ - ਰਾਣਾ ਸੂਰਤ ਸਿੰਘ ਵਿਚੋਂ ਧੰਨਵਾਦ ਸਹਿਤ)*

ਸੋ ਸ਼ਬਦ ਪੜ੍ਹਿਆ ਗਿਆ ਸੀ ਜਿਸ ਨੂੰ ਇਥੇ ਫੇਰ ਪੜ੍ਹਦੇ ਹਾਂ-

*ਧਾਰਨਾ - ਮੈਨੂੰ ਦਸਿਓ ਪਿਆਰਿਓ!*
*ਅੱਗੇ ਮੇਲਾ ਕਿਵੇਂ ਹੁੰਦੈ।*

*ਸਭਨਾ ਮਰਣਾ ਆਇਆ ਵੇਛੋੜਾ ਸਭਨਾਹ॥*
*ਪੁਛਹੁ ਜਾਇ ਸਿਆਣਿਆ*
*ਆਗੈ ਮਿਲਣੁ ਕਿਨਾਹ॥*
*ਜਿਨ ਮੇਰਾ ਸਾਹਿਬੁ ਵੀਸਰੈ*
*ਵਡੜੀ ਵੇਦਨ ਤਿਨਾਹ॥*
*ਭੀ ਸਾਲਾਹਿਹੁ ਸਾਚਾ ਸੋਇ॥*
*ਜਾ ਕੀ ਨਦਰਿ ਸਦਾ ਸੁਖੁ ਹੋਇ॥*
*ਵਡਾ ਕਰਿ ਸਾਲਾਹਣਾ ਹੈ ਭੀ ਹੋਸੀ ਸੋਇ॥*
*ਸਭਨਾ ਦਾਤਾ ਏਕੁ ਤੂ*
*ਮਾਣਸ ਦਾਤਿ ਨ ਹੋਇ॥*
*ਜੋ ਤਿਸੁ ਭਾਵੈ ਸੋ ਥੀਐ*
*ਰੰਨ ਕਿ ਰੁੰਨੈ ਹੋਇ॥*
*ਧਰਤੀ ਉਪਰਿ ਕੋਟ ਗੜ*
*ਕੇਤੀ ਗਈ ਵਜਾਇ॥*
*ਜੋ ਅਸਮਾਨਿ ਨ ਮਾਵਨੀ*
*ਤਿਨ ਨਕਿ ਨਥਾ ਪਾਇ॥*
*ਜੇ ਮਨ ਜਾਣਹਿ ਸੂਲੀਆ*
*ਕਾਹੇ ਮਿਠਾ ਖਾਹਿ॥*
*ਨਾਨਕ ਅਉਗੁਣ ਜੇਤੜੇ*
*ਤੇਤੇ ਗਲੀ ਜੰਜੀਰ॥*
*ਜੇ ਗੁਣ ਹੋਨਿ ਤ ਕਟੀਅਨਿ*
*ਸੇ ਭਾਈ ਸੇ ਵੀਰ॥*
*ਅਗੈ ਗਏ ਨ ਮੰਨੀਅਨਿ*
*ਮਾਰਿ ਕਢਹੁ ਵੇਪੀਰ॥ ਪੰਨਾ - 595*

ਮੇਲ ਉਨ੍ਹਾਂ ਦਾ ਹੁੰਦਾ ਹੈ ਜੋ ਇਥੇ ਨਾਮ ਜਪ ਕੇ ਆਪਣੀ ਹਉਂ ਨੂੰ ਪੂਰੀ ਤਰ੍ਹਾਂ ਨਾਲ ਮਿਟਾ ਦਿੰਦੇ ਹਨ। ਉਸ ਦੇਸ਼ ਦਾ ਵਾਸਾ ਪ੍ਰਾਪਤ ਕਰ ਲੈਂਦੇ ਹਨ ਜਿਥੇ ਉਹ ਗੁਰਮੁਖ ਪਿਆਰੇ ਗਏ ਹਨ ਜਿਨ੍ਹਾਂ ਨੇ ਇਸ ਸੰਸਾਰ ਵਿਚ ਆ ਕੇ ਕਰੜੀਆਂ ਘਾਲਾਂ ਘਾਲ ਕੇ ਸੰਸਾਰ ਨੂੰ ਰਾਹ ਦਿਖਾਇਆ। ਗੱਲਾਂ ਨਾਲ ਮੇਲ ਨਹੀਂ ਹੁੰਦਾ। ਜਿਹੜੇ ਆਪਣੇ ਜੀਵਨ ਨੂੰ ਔਗੁਣਾਂ ਤੋਂ ਰਹਿਤ ਰਖਦੇ ਹਨ ਉਨ੍ਹਾਂ ਵਿਚ ਗੁਣ ਪੈਦਾ ਹੋ ਕੇ ਉਚੀ ਉਡਾਰੀ ਮਾਰਨ ਲਈ ਜਿਵੇਂ ਰਾਕੇਟ ਵਿਚ **fuel** ਪੈਂਦਾ ਹੈ ਇਸ ਤਰ੍ਹਾਂ ਨਾਮ ਸ਼ਕਤੀ ਪੈਦਾ ਹੋ ਜਾਂਦੀ ਹੈ ਜੋ ਸਾਰੇ ਪਰੀਪੂਰਨ ਹੁੰਦਿਆਂ ਹੋਇਆਂ ਵੀ ਅਤਿ ਦੂਰ ਹੈ, ਉਥੇ ਪਹੁੰਚਾਉਣ ਦੀ ਸੱਤਾ 'ਨਾਮ' ਵਿਚ ਹੁੰਦੀ ਹੈ। ਜੋ ਇਸ ਤੋਂ ਬੇਮੁਖ ਹੋ ਕੇ ਆਪਣੀਆਂ ਮਰਜ਼ੀਆਂ ਕਰਦੇ ਹਨ ਉਹ ਨਰਕਾਂ ਵਿਚ ਜਾਂਦੇ ਹਨ। ਉਹ ਕਰਮ ਕਿਰਤ ਦੇ ਬੰਨ੍ਹੇ ਹੋਏ ਅਨੇਕਾਂ ਜੂਨਾਂ ਵਿਚ ਭਟਕਦੇ ਹਨ। ਕਰਮ ਕਿਰਤ ਦੀ ਨਕੇਲ ਸਭ ਦੇ ਨੱਕ ਵਿਚ ਪਈ ਹੋਣ ਕਰਕੇ ਉਹ ਕਰਮ ਕਿਰਤ ਦੇ ਮਾਰੂ ਘੇਰੇ ਤੋਂ ਬਾਹਰ ਨਹੀਂ ਜਾ ਸਕਦੇ। ਜੇ ਅਜੇ ਵੀ ਆਪਣੀ ਮਤ ਛੱਡ ਕੇ ਗੁਰੂ ਦੀ ਮਤ ਧਾਰ ਲਈ ਜਾਵੇ ਤਾਂ ਅਜੇ ਵੀ ਮਿਲਾਪ ਹੋ ਸਕਦਾ ਹੈ ਅਤੇ ਉਨ੍ਹਾਂ ਸਜਣਾਂ ਦਾ ਮਿਲਾਪ ਹੋ ਸਕਦਾ ਹੈ -

*ਸਾਜਨ ਚਲੇ ਪਿਆਰਿਆ*
*ਕਿਉ ਮੇਲਾ ਹੋਈ॥*
*ਜੇ ਗੁਣ ਹੋਵਹਿ ਗੰਠੜੀਐ*
*ਮੇਲੇਗਾ ਸੋਈ॥ ਪੰਨਾ - 729*

ਜੇ ਇਕ ਸੇਧ ਦੇ ਉਤੇ ਰਾਕੇਟ ਦਾਗਿਆ ਜਾਵੇ ਜੋ ਪਹਿਲਾਂ ਅਤਿ ਉਚਾਈਆਂ ਤੇ ਗਿਆ ਹੈ ਇਸ ਤਰ੍ਹਾਂ ਉਹ ਵੀ ਜਾ ਸਕਦਾ ਹੈ। ਇਸੇ ਤਰ੍ਹਾਂ ਨਾਲ ਪ੍ਰਮੇਸ਼ਰ ਦੀ ਯਾਦ ਬਹੁਤ ਅਤਿ ਉਚਾ ਚਰਿੱਤਰ ਅਤੇ ਆਪਣੀ ਹਉਂ ਦਾ ਪੂਰਨ ਤਿਆਗ ਇਹ ਗੈਸ ਮਿਲ ਜਾਵੇ ਤਾਂ ਇਸ ਜੀਵ ਨੂੰ ਜੀਵਪੁਣੇ ਤੋਂ ਉਚਾ ਲਿਜਾ ਕੇ ਦਰਗਾਹ ਵਿਚ ਥਾਂ ਮਿਲ ਜਾਇਆ ਕਰਦਾ ਹੈ। ਨਹੀਂ ਤਾਂ ਨਿਗੁਰਿਆਂ ਨੂੰ ਦਰਗਾਹ ਵਿਚ ਪੈਰ ਰੱਖਣ ਨੂੰ ਥਾਂ ਨਹੀਂ ਮਿਲਦੀ ਉਹ ਰੋਂਦੇ ਹਨ -

*ਨਾਨਕ ਅਉਗੁਣ ਜੇਤੜੇ*
*ਤੇਤੇ ਗਲੀ ਜੰਜੀਰ॥*

*ਜੇ ਗੁਣ ਹੋਨਿ ਤ ਕਟੀਅਨਿ*
*ਸੇ ਭਾਈ ਸੇ ਵੀਰ॥*
*ਅਗੈ ਗਏ ਨ ਮੰਨੀਅਨਿ*
*ਮਾਰਿ ਕਢਹੁ ਵੇਪੀਰ॥ ਪੰਨਾ - 595*

ਸੋ ਭਾਈ ਤਿਲੋਕਾ ਜੀ ਨੇ ਰਾਜਕੁਮਾਰੀ ਨੂੰ ਹੁਣ ਅੰਤਮ ਸੰਦੇਸ਼ ਦਿੰਦਿਆਂ ਕਿਹਾ ਕਿ ਰਾਜਕੁਮਾਰੀ ਜੀ! ਤੁਸੀਂ ਮੇਰੀ ਬਹੁਤ ਸੇਵਾ ਕੀਤੀ ਹੈ, ਮੈਨੂੰ ਬਹੁਤ ਅਪਣੱਤ ਦਿਤੀ, ਪਿਆਰ ਦਿਤਾ ਹੈ। ਮੈਂ ਗਰੀਬ ਹਾਂ, ਮਾਇਆ ਮੇਰੇ ਕੋਲ ਕੋਈ ਹੈ ਹੀ ਨਹੀਂ, ਮੈਂ ਤਾਂ ਪੈਦਲ ਸੈਂਕੜੇ ਮੀਲ ਦਾ ਪੰਧ ਕੱਟ ਰਿਹਾ ਸੀ ਪਰ ਰਾਜੇ ਹੁੰਦੇ ਹੋਏ ਵੀ ਤੁਸੀਂ ਮੇਰੀ ਉਸੇ ਜੰਗਲ ਵਿਚ ਕਾਵਾਂ ਕੁੱਤਿਆਂ ਦੇ ਖਾਣ ਤੋਂ ਬਚਾ ਕੇ ਆਪਣੇ ਪਾਸ ਲਿਆ ਕੇ ਕਿੰਨੀ ਸੇਵਾ ਕੀਤੀ ਹੈ। ਮੈਂ ਇਸ ਸ਼ੁਕਰਾਨੇ ਵਿਚ ਆਪਣੇ ਗੁਰੂ ਦੇ ਖਜ਼ਾਨੇ ਵਿਚੋਂ ਅਤਿ ਕੀਮਤੀ ਲਾਲਾਂ ਤੋਂ ਬੇਕੀਮਤਾਂ ਗਿਆਨ ਦੇਣਾ ਚਾਹੁੰਦਾ ਹਾਂ। ਤੁਸੀਂ ਹੁਣ ਉਸ ਨੂੰ ਧਿਆਨ ਨਾਲ ਸੁਣ ਲਓ ਕਿਉਂਕਿ ਹੁਣ ਤੋਂ ਪਿਛੋਂ ਤੁਹਾਡਾ ਤੇ ਮੇਰਾ ਸਰੀਰਕ ਮਿਲਾਪ ਟੁੱਟ ਜਾਣਾ ਹੈ। ਤੁਸੀਂ ਰੋਣਾ ਨਹੀਂ ਜੇ ਸਚਮੁਚ ਹੀ ਤੁਹਾਡੇ ਮਨ ਵਿਚ ਪਿਆਰ ਹੈ, ਲਗਨ ਹੈ। ਜੇ ਤੂੰ ਮੇਰੇ ਜਾਣ ਤੋਂ ਪਿਛੋਂ ਰੋਣ ਲਗ ਗਈ ਤਾਂ ਤੂੰ ਸਭ ਕੁਝ ਭੁੱਲ ਜਾਵੇਂਗੀ। ਮੈਂ ਫੇਰ ਦਸਦਾ ਹਾਂ ਕਿ ਤੂੰ ਆਤਮਾ ਹੈ, ਸਰੀਰ ਨਹੀਂ ਹੈਂ। ਮੈਂ ਹੁਣ ਹੋਰ ਖੁਲ੍ਹੇ ਅੱਖਰਾਂ ਵਿਚ ਦਸਦਾ ਹਾਂ ਕਿ ਆਤਮਾ ਅਤੇ ਬ੍ਰਹਮ ਜਿਸਦੀ ਸ਼ਕਤੀ ਨਾਲ ਸਾਰਾ ਸੰਸਾਰ ਰਚਿਆ ਨਜ਼ਰ ਆਉਂਦਾ ਹੈ ਉਹ ਵੀ ਆਤਮਾ ਦਾ ਦੂਜਾ ਨਾਮ ਹੈ। ਬ੍ਰਹਮ ਅਤੇ ਸਤਿ ਇਹ ਵੀ ਇਕੋ ਹਨ। ਇਸ ਸੱਚ ਨੂੰ ਮੇਰੇ ਸਤਿਗੁਰੂ ਨੇ ੧ਓ ਕਹਿ ਕੇ ਸਤਿ ਕਿਹਾ ਹੈ, ਉਸ ਨੇ ਹੀ ਸਾਰੀ ਸ੍ਰਿਸ਼ਟੀ ਬਣਾਈ ਹੈ ਇਸ ਕਰਕੇ ਉਹ ਕਰਤਾ ਹੈ ਘਟ-ਘਟ ਵਿਚ ਰਮਿਆ ਹੋਇਆ ਹੈ, ਤੇਰੇ ਅੰਦਰ ਮੇਰੇ ਅੰਦਰ ਪਰਬਤਾਂ, ਦਰਿਆਵਾਂ, ਪਉਣ ਪਾਣੀ, ਜੋ ਕੁਝ ਵੀ ਹੈ ਸਭ ਵਿਚ ਉਹ ਹੈ। ਸੋ ਉਸ ਨੂੰ ਪੁਰਖ ਕਿਹਾ ਹੈ। ਉਸ ਨੂੰ ਕਿਸੇ ਦਾ ਡਰ ਵੀ ਨਹੀਂ ਹੈ, ਕਿਸੇ ਨਾਲ ਉਸਦਾ ਵੈਰ ਨਹੀਂ ਹੈ, ਉਹ ਸਭ ਨੂੰ ਪਿਆਰ ਕਰਦਾ ਹੈ ਉਹ ਪ੍ਰੇਮ ਦਾ ਰੂਪ ਧਾਰ ਕੇ ਹੀ ਸੰਸਾਰ ਨੂੰ ਪਾਲਦਾ ਤੇ ਸੰਭਾਲਦਾ ਹੈ। ਇਸ ਨੂੰ ਸੁਖੀ ਬਣਾਉਣ ਵਾਸਤੇ ਆਪਣੇ ਪਿਆਰਿਆਂ ਨੂੰ ਭੇਜਦਾ ਹੈ ਅਤੇ ਉਹ ਇਨ੍ਹਾਂ ਨੂੰ ਸਮਝਾਉਂਦੇ ਹਨ। ਗਲਤ ਲੀਹਾਂ ਤੇ ਪਈਆਂ ਬੱਘੀਆਂ ਨੂੰ ਸਹੀ ਰਸਤੇ ਪਾਉਂਦੇ ਹਨ, ਇਹ ਜੋਤ ਕਦੇ ਵੀ ਖਤਮ ਨਹੀਂ ਹੁੰਦੀ, ਸਦੀਵੀ ਹੈ ਸਭ ਕੁਝ ਜਾਨਣਹਾਰ ਸਭ ਦੇ ਦਿਲਾਂ ਵਿਚ ਰਹਿਣ ਵਾਲੀ ਹੈ ਪਰ ਇਸ ਦਾ ਰੂਪ ਰੇਖ ਕੋਈ ਨਹੀਂ ਹੈ। ਜਿਵੇਂ ਤੇਰੇ ਅੰਦਰ ਗੁੱਸਾ ਆਉਂਦਾ ਹੈ, ਮਾਂ ਬਾਪ ਦਾ ਪਿਆਰ ਜਾਗਦਾ ਹੈ ਉਸ ਦਾ ਕੋਈ ਰੂਪ ਰੰਗ ਨਹੀਂ ਹੁੰਦਾ ਇਸੇ ਤਰ੍ਹਾਂ ਨਾਲ ਉਸ ਵਾਹਿਗੁਰੂ ਦਾ ਵੀ ਕੋਈ ਰੂਪ ਰੰਗ ਨਹੀਂ ਪਰ ਸਭ ਅੰਦਰ ਹੁੰਦਾ ਪ੍ਰਤੀਤ ਦਿੰਦਾ ਹੈ। ਕੁਦਰਤ ਵਿਗਸ ਰਹੀ ਹੈ, ਫੁੱਲ ਸਭ ਦੇ ਮਨਾਂ ਨੂੰ ਤ੍ਰਿਪਤੀ ਦੇ ਰਹੇ ਹਨ, ਪੰਛੀਆਂ ਦੇ ਮਿੱਠੇ ਬੋਲ ਮਨ ਨੂੰ ਖੁਸ਼ੀ ਦਿੰਦੇ ਹਨ। ਕੁਦਰਤ ਦਾ ਪਿਆਰਾ ਵਾਤਾਵਰਣ ਹਾਕਾਂ ਮਾਰ ਕੇ ਕਹਿੰਦਾ ਹੈ ਕਿ ਮੈਂ ਤੇਰੇ ਵਾਂਗੂੰ ਫਿਕਰਾਂ ਵਿਚ ਨਹੀਂ, ਮੈਂ ਆਪਣੇ ਮਾਲਕ ਦਾ ਖਿੜਾਇਆ ਹੋਇਆ ਖਿੜਦਾ ਹਾਂ ਜੋ ਕੋਈ ਮੈਨੂੰ ਮਾਰ ਦੇਵੇ ਤਾਂ ਮੇਰਾ ਉਸ ਨਾਲ ਕੋਈ ਵੈਰ ਨਹੀਂ ਹੈ। ਮੈਂ ਸਭ ਨੂੰ ਖਿੜ ਕੇ ਖਿੜਾਉਣ ਦਾ ਜਤਨ ਕਰਦਾ ਹਾਂ। ਉਹ ਸਾਰੀ ਹੋਸ਼, ਸਾਰੇ ਗਿਆਨ ਉਸ ਵਿਚੋਂ ਹੀ ਮਨੁੱਖ ਨੂੰ, ਬਨਸਪਤੀ ਨੂੰ, ਪਸ਼ੂ, ਪੰਛੀਆਂ ਨੂੰ ਪ੍ਰਾਪਤ ਹੁੰਦੇ ਹਨ। ਉਹ ਸਭ ਤੋਂ ਵੱਡਾ ਹੈ ਅਤੇ ਬਖਸ਼ਿਸ਼ ਦੀ ਮੂਰਤੀ ਹੈ। ਉਸ ਦੇ ਭੇਜੇ ਹੋਏ, ਉਸ ਦਾ ਆਪਣਾ ਹੀ ਰੂਪ ਮਹਾਂਪੁਰਸ਼ ਸਭ ਤੋਂ ਵੱਡੇ ਹੋਇਆ ਕਰਦੇ ਹਨ। ਹਨ੍ਹੇਰੇ ਵਿਚ ਰੋਸ਼ਨੀ ਕਰਨ ਕਰਕੇ ਉਨ੍ਹਾਂ ਨੂੰ ਗੁਰੂ ਆਖਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਕ੍ਰਿਪਾ ਰਾਹੀਂ ਇਸ ਜੀਵ ਨੂੰ ਸੋਝੀ ਹੁੰਦੀ ਹੈ ਕਿ ਮੈਂ ਤਾਂ ਉਸ ਦਾ ਰੂਪ ਹਾਂ, ਮੈਂ ਆਤਮਾ ਹਾਂ।

ਰਾਜਕੁਮਾਰੀ! ਜਿਵੇਂ ਤੁਸੀਂ ਕਿਹਾ ਕਿ ਜਦੋਂ ਮੈਂ ਸ਼ੀਸ਼ੇ ਸਾਮ੍ਹਣੇ ਖੜ੍ਹੀ ਹੁੰਦੀ ਹਾਂ ਤਾਂ ਮੈਂ ਉਸ ਨੂੰ ਸਰੀਰ ਨਹੀਂ ਕਹਿੰਦੀ, ਆਤਮਾ ਕਹਿੰਦੀ ਹਾਂ। ਇਹ ਗੱਲ ਓਨੀਂ ਹੀ ਗਲਤ ਹੈ ਜਿੰਨੀ ਆਪਣੇ ਆਪ ਨੂੰ ਸਰੀਰ ਸਮਝਣ ਦੀ ਹੈ। ਹੁਣ ਮੈਂ ਤੈਨੂੰ ਮਿਸਾਲ ਨਾਲ ਸਮਝਾਉਂਦਾ ਹਾਂ ਕਿ ਇਕ ਬਦਾਮ ਹੈ। ਦੱਸ ਬਦਾਮ ਵਿਚ ਕਿਹੜੀ ਸ੍ਰੇਸ਼ਠ ਚੀਜ਼ ਹੈ ਜਿਸ ਦਾ ਬਦਾਮ ਨਾਲੋਂ ਵੀ ਜ਼ਿਆਦਾ ਮੁੱਲ ਹੁੰਦਾ ਹੈ। ਕਹਿਣ ਲੱਗੀ ਕਿ ਇਹ ਤਾਂ ਮੈਂ ਚੰਗੀ ਤਰ੍ਹਾਂ ਜਾਣਦੀ ਹਾਂ ਕਿ ਉਸ ਦੀ ਕੀਮਤ ਬਦਾਮਰੋਗਨ ਕਰਕੇ ਹੈ ਜੇ ਖੁਸ਼ਕ ਹੋਵੇ ਤਾਂ ਕੋਈ ਖਾਂਦਾ ਹੈ? ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਜੇ ਬਦਾਮ ਰੋਗਨ ਹਾਸਲ ਕਰਨਾ ਹੈ ਤਾਂ ਬੂਟਾ ਲਾਇਆ ਜਾਂਦਾ ਹੈ, ਸੰਭਾਲ ਕੀਤੀ ਜਾਂਦੀ ਹੈ, ਪਾਣੀ ਦਿਤਾ ਜਾਂਦਾ ਹੈ। ਬਿਮਾਰੀਆਂ ਤੋਂ ਰਾਖੀ ਕਰਨ ਲਈ ਅਨੇਕ ਕਿਸਮ ਦੀਆਂ ਦਵਾਈਆਂ ਵਰਤੀਆਂ ਜਾਂਦੀਆਂ ਹਨ ਫੇਰ ਉਸ ਨੂੰ ਫੁੱਲ ਆਉਂਦਾ ਹੈ, ਫੁਲਾਂ ਤੋਂ ਫਲ ਬਣਦੇ ਹਨ, ਬਦਾਮਾਂ ਦੇ ਗੁੱਛੇ ਬਣ ਜਾਂਦੇ ਹਨ, ਜਦੋਂ ਪੱਕ ਜਾਂਦੇ ਹਨ ਉਨ੍ਹਾਂ ਦਾ ਕਰੜਾ ਛਿਲਕਾ ਲਾਹਿਆ ਜਾਂਦਾ ਹੈ। ਜੋ ਲਾਲ ਸੂਖਸ਼ਮ ਛਿਲਕਾ ਹੈ ਉਹ ਵੀ ਲਾਹ ਦੇਈਦਾ ਹੈ ਫੇਰ ਉਸ ਵਿਚੋਂ ਚਿੱਟਾ ਹਿੱਸਾ ਨਿਕਲ ਆਉਂਦਾ ਹੈ ਜਿਸ ਨੂੰ ਕਈ ਵੈਦ ਕੁੱਟ ਕੇ, ਮਿਸਰੀ ਰਲਾ ਕੇ ਇਕ ਅੱਧੀ ਕਾਲੀ ਮਿਰਚ ਨਾਲ ਦੇ ਕੇ ਦਵਾਈ ਦੇ ਤੌਰ ਤੇ ਉਸ ਆਦਮੀ ਨੂੰ ਦਿੰਦੇ ਹਨ ਜਿਸਦੇ ਦਿਮਾਗ ਵਿਚ ਖੁਸ਼ਕੀ ਪੈ ਗਈ ਹੋਵੇ। ਉਸ ਤੋਂ ਅਗਲੀ ਚੀਜ਼ ਜੋ ਉਸ ਵਿਚ ਹੈ ਉਹ ਹੈ ਬਦਾਮ ਰੋਗਨ। ਉਸ ਨੂੰ ਢੰਗ ਨਾਲ ਕੱਢ ਲਿਆ ਜਾਂਦਾ ਹੈ, ਬਰਤਨ ਭਰ ਲਏ ਜਾਂਦੇ ਹਨ ਅਤੇ ਫੇਰ ਉਸ ਨੂੰ ਸਾਫ ਕਰਕੇ ਸ਼ੀਸ਼ੀਆਂ ਵਿਚ ਪਾਇਆ ਜਾਂਦਾ ਹੈ। ਹਕੀਮ ਲੋਕ ਉਸ ਨੂੰ ਹੋਰ ਸ਼ੁਧ ਕਰਦੇ ਹਨ ਅਤੇ ਉਸ ਦਾ ਤੱਤ ਕੱਢ ਲੈਂਦੇ ਹਨ। ਹੁਣ ਤੁਸੀਂ ਦੱਸੋਂ ਕਿ ਜੇ ਦਰਖਤ ਕਹੇ ਕਿ ਮੈਂ ਬਦਾਮ ਰੋਗਨ ਹਾਂ ਜਾਂ ਕਰੜਾ ਛਿਲਕਾ ਕਹੇ ਕਿ ਮੈਂ ਬਦਾਮ ਰੋਗਨ ਹਾਂ, ਜਾਂ ਚਿੱਟੇ ਜਾਂ

ਲਾਲ ਹਿੱਸੇ ਵਾਲਾ ਕਹੇ ਮੈਂ ਬਦਾਮਰੋਗਨ ਹਾਂ ਇਹ ਤਾਂ ਫੇਰ ਓਹੀਓ ਭੁੱਲ ਹੋਈ ਜਿਵੇਂ ਤੁਸੀਂ ਸ਼ੀਸ਼ੇ ਸਾਮ੍ਹਣੇ ਕਪੜਿਆਂ ਸਮੇਤ ਕਹਿ ਦਿੰਦੇ ਹੋ ਮੈਂ ਆਤਮਾ ਹਾਂ। ਇਹ ਸਾਰੀਆਂ ਚੀਜ਼ਾਂ ਆਤਮਾ ਨਹੀਂ ਹਨ ਇਨ੍ਹਾਂ ਵਿਚ ਆਤਮਾ ਰਮੀ ਤਾਂ ਹੋਈ ਹੈ ਪਰ ਆਤਮਾ ਨਿਆਰੀ ਨਹੀਂ ਹੈ। ਭੁਲੇਖੇ ਵਿਚ ਇਸ ਸਭ ਕੁਝ ਨੂੰ ਆਤਮਾ ਕਹਿ ਦੇਣਾ ਭੁੱਲ ਹੋਇਆ ਕਰਦੀ ਹੈ। ਇਹ ਸਾਰਾ ਆਤਮਾ ਦਾ ਹੀ ਪਸਾਰਾ ਹੈ। ਪਰ ਇਸ ਦ੍ਰਿਸ਼ਟਮਾਨ ਦੀ ਅਤਿ ਸੂਖਸ਼ਮ ਅੰਸ, ਸਤਾ ਆਤਮਾ ਹੈ। ਜਿਸ ਤਰ੍ਹਾਂ ਬਦਾਮ ਹੈ ਉਸ ਦੇ ਤੁਸੀਂ ਦੋ ਹਿੱਸੇ ਕਰ ਦਿਓ, ਦਾਲ ਹੈ ਉਸ ਦੇ ਦੋ ਹਿੱਸੇ ਕਰ ਦਿਓ ਜੇ ਤੁਸੀਂ ਉਨ੍ਹਾਂ ਨੂੰ ਦੋ ਹਿੱਸਿਆਂ ਨੂੰ ਅੱਡ-ਅੱਡ ਬੀਜੋਂਗੇ ਤਾਂ ਉਹ ਬੂਟਾ ਨਹੀਂ ਬਣਦਾ। ਕਿਉਂਕਿ ਉਨ੍ਹਾਂ ਵਿਚ ਜੋ ਖਾਲੀ ਥਾਂ ਹੈ ਉਸੇ ਵਿਚ ਸਭ ਕੁਝ ਹੈ ਉਹ ਸਾਨੂੰ ਨਜ਼ਰ ਨਹੀਂ ਆ ਰਿਹਾ। ਜੇ ਸਾਬਤ ਦਾਣਾ ਬੀਜੋਂਗੇ ਤਾਂ ਖਾਲੀ ਥਾਂ ਵਿਚੋਂ ਬੂਟਾ ਪੈਦਾ ਹੁੰਦਾ ਹੈ। ਇਸੇ ਤਰ੍ਹਾਂ ਇਸ ਸਰੀਰ ਵਿਚ ਦਿਸਣ ਵਾਲੇ ਅਤੇ ਨਾ ਦਿਸਣ ਵਾਲੇ ਅੰਸ ਹਨ ਜਿਨ੍ਹਾਂ ਨੂੰ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ। ਪਹਿਲਾਂ ਤਾਂ ਇਹ ਸਰੀਰ ਜਿਸ ਵਿਚ ਅਕਾਸ਼, ਹਵਾ, ਅੱਗ, ਪਾਣੀ ਤੇ ਮਿੱਟੀ ਸੋਹਣੀ ਵਿਓਂਤ ਅਨੁਸਾਰ ਇਕੱਠੀ ਹੋ ਕੇ ਸੁੰਦਰ, ਅਸੁੰਦਰ ਦਿਸਣੀ ਹੈ ਫਿਰ ਪੰਜਾਂ ਤੱਤਾਂ ਦੇ ਪੱਚੀ ਅੰਸਾਂ ਤੋਂ ਉਪਜੇ ਅੱਖਾਂ ਕੰਨ, ਨੱਕ, ਜੀਭ, ਸਪਰਸ਼ ਇੰਦ੍ਰੇ ਹਨ। ਇਨ੍ਹਾਂ ਤੋਂ ਸੂਖਸ਼ਮ ਪੰਜ ਪ੍ਰਾਣ ਹਨ ਇਨ੍ਹਾਂ ਤੋਂ ਸੂਖਮ ਮਨ ਹੈ ਜਿਸ ਨੂੰ ਤੂੰ ਜਾਣਦੀ ਹੀ ਹੈਂ। ਇਹ ਹਰ ਸਮੇਂ ਕੁਝ ਨਾ ਕੁਝ ਚਿਤਵਦਾ ਹੀ ਰਹਿੰਦਾ ਹੈ। ਮਨ ਦੀ ਅਵਾਰਗੀ ਨੂੰ ਕਾਬੂ ਵਿਚ ਰੱਖਣ ਲਈ ਬੁੱਧੀ ਹੁੰਦੀ ਹੈ ਅਤੇ ਉਸ ਤੋਂ ਉਤੇ ਮਹਿਸੂਸ ਕਰਨ ਵਾਲੀ ਖੁਸ਼ੀ ਗਮੀ ਦੇ ਅਨਸਾਰੀ ਹੋ ਕੇ ਚਲਣ ਵਾਲਾ, ਚਿਤਵਨੀ ਕਰਨ ਵਾਲਾ ਚਿਤ ਹੁੰਦਾ ਹੈ, ਰਾਜਕੁਮਾਰੀ ਜੀ! ਫੇਰ ਅੱਗੇ ਇਕ ਬਹੁਤ ਮਜ਼ਬੂਤ ਪੜਦਾ ਹੈ। ਉਹ ਤੂੰ ਜਾਣਦੀ ਹੀ ਹੈਂ ਉਹ ਹੈ ਆਪਣੇ ਆਪ ਸਾਰਿਆਂ ਵੱਖ ਸਮਝ ਕੇ ਆਪਣੀ ਹੋਂਦ ਮੰਨਣੀ ਕਹਿਣ ਲੱਗੀ, ਇਥੇ ਤਾਂਈ ਤਾਂ ਮੈਂ ਚੰਗੀ ਤਰ੍ਹਾਂ ਸਮਝ ਲਿਆ। ਭਾਈ ਤਿਲੋਕਾ ਜੀ ਕਹਿਣ ਲੱਗੇ, "ਹੁਣ ਤੂੰ ਆਪਣੇ ਆਪ ਨੂੰ ਮੈਂ ਸਮਝਣ ਤਕ ਤਾਂ ਪੁੱਜ ਗਈ। ਇਹ ਏਵੇਂ ਹੈ ਜਿਵੇਂ ਆਪਾਂ ਬਦਾਮ ਦੀ ਚਿਟਿਆਈ ਤਕ ਪਹੁੰਚ ਗਏ। ਹੁਣ ਇਸ ਨੂੰ ਰਿੜਕਣਾ ਹੈ ਅਤੇ ਤੱਤ ਰੂਪ ਵਿਚ ਬਦਾਮ ਰੋਗਨ ਕੱਢਣਾ ਹੈ। ਤੇਰੇ ਸਮਝ ਵਿਚ ਕੁਝ ਆਇਆ।" ਰਾਜਕੁਮਾਰੀ ਕਹਿਣ ਲੱਗੀ, "ਕੁਝ ਕੁਝ ਆ ਗਿਆ ਇਹ ਦਸੋ ਹੁਣ ਇਸ ਤੋਂ ਅੱਗੇ ਕੀ ਹੈ। ਗਿਰੀ ਵਿਚ ਬਦਾਮ ਰੋਗਨ ਸਾਰ ਹੈ, ਤੱਤ ਹੈ। ਮੇਰੇ ਵਿਚ ਕੀ ਤੱਤ ਹੈ।" ਭਾਈ ਤਿਲੋਕਾ ਜੀ ਕਹਿਣ ਲੱਗੇ ਕਿ ਰਾਜਕੁਮਾਰੀ ਜਿਹੜਾ ਤੂੰ ਕਿਹਾ ਹੈ ਮੇਰੇ ਵਿਚ ਕੀ ਤੱਤ ਹੈ ਉਹ ਤੇਰੀ ਮੈਂ ਮੇਰੀ ਤੋਂ ਲੰਘ ਕੇ ਹੈ ਉਹ ਹੈ ਆਤਮਾ। ਜੋ ਸਾਰੇ ਪਰੀਪੂਰਨ ਹੈ। ਵਾਹਿਗੁਰੂ ਜੀ ਤੇ ਆਤਮਾ ਇਕ ਹੀ ਹਨ। ਐਉਂ ਸਮਝ ਲੈ ਕੇ ਪ੍ਰਮੇਸ਼ਰ ਤੇਰੇ ਅੰਦਰ ਅਸਲੀ ਤੱਤ ਹੈ। ਜੋ ਸਦਾ ਜਿਉਂਦਾ ਜਾਗਦਾ ਪਿਆਰ ਕਰਨ ਵਾਲਾ ਤੱਤ ਹੈ। ਹੁਣ ਆਈ ਤੇਰੀ ਸਮਝ ਵਿਚ? ਹੁਣ ਸ਼ੀਸ਼ੇ ਸਾਮ੍ਹਣੇ ਜਾ ਕੇ ਕਹਿਣ ਦੀ ਲੋੜ ਨਹੀਂ, ਤੂੰ ਇਸ ਸਰੀਰ ਦਾ ਤੱਤ ਹੈਂ, ਤੂੰ ਆਤਮਾ ਹੈਂ, ਆਤਮਾ ਇਕੋ ਹੀ ਹੈ। ਇਹ ਸਾਰੇ ਜੀਵਾਂ, ਪਸ਼ੂ, ਪੰਛੀਆਂ, ਘਾਹ-ਫੂਸ, ਬੂਟੇ, ਦਰਖਤ, ਸ਼ੇਰ, ਚੀਤੇ, ਕੁੱਤੇ, ਸੱਪ ਅਤੇ ਹੋਰ ਸਭਨਾਂ ਦ੍ਰਿਸ਼ਟਮਾਨ ਵਸਤੂਆਂ ਵਿਚ ਇਕੋ ਆਤਮਾ ਪਰੀਪੂਰਨ ਹੈ ਜਿਸ ਦੇ ਦਰਸ਼ਨਾਂ ਵਿਚ ਤੇਰੀ ਆਪਣੀ ਝੂਠੀ ਹੋਂਦ ਅੜਿੱਕਾ ਲਾ ਰਹੀ ਹੈ। ਇਸ ਨੂੰ ਮੇਰੇ ਸਤਿਗੁਰੂ ਜੀ ਹਉਮੈ ਆਖਦੇ ਹਨ। ਜਦੋਂ ਹਉਮੈ ਉਪਰ ਤੇਰੀ ਸਤਾ ਪੈਂਦੀ ਹੈ ਤਾਂ ਇਸ ਸਤਾ ਨੂੰ ਜੀਵ ਆਤਮਾ ਕਹਿੰਦੇ ਹਨ। ਤੂੰ ਯਾਦ ਰੱਖੀਂ ਕਿ ਮੈਂ ਤੈਨੂੰ ਕੀ ਦਸਿਆ ਹੈ। ਝੱਟ ਹੀ ਬੋਲ ਉਠੀ ਕਿ ਹੁਣ ਮੈਨੂੰ ਪਤਾ ਲਗ ਗਿਆ ਕਿ ਮੇਰੇ ਅੰਦਰ ਬਾਹਰ ਸਭਨਾਂ ਵਿਚ ਇਕੋ ਆਤਮਾ ਸਤਾ ਕੰਮ ਕਰ ਰਹੀ ਹੈ ਓਹੋ ਹੀ ਮੈਂ ਹਾਂ। ਜੋ ਰੂਪ ਪੰਜ ਗਿਆਨ ਇੰਦਰਿਆਂ ਬਾਦ ਜੋ ਸਤਾ ਹੈ ਉਹ ਪਰੀਪੂਰਨ ਸਤਾ ਹੈ ਉਸ ਨੂੰ ਵਾਹਿਗੁਰੂ ਜੀ ਕਿਹਾ ਜਾਂਦਾ ਹੈ, ਉਹੋ ਹੀ ਆਤਮਾ ਹੈ; ਉਹੋ ਹੀ ਤੂੰ ਹੈਂ। ਪਰ ਹੁਣ ਇਹ ਸਾਰੀਆਂ ਗੱਲਾਂ ਤੇਰੇ ਯਾਦ ਨਹੀਂ ਰਹਿਣੀਆਂ, ਤੈਨੂੰ ਮੈਂ ਇਕ ਢੰਗ ਦਸਦਾ ਹਾਂ ਕਿ ਇਸ ਪਰਮ ਸਤੱਾ ਨੂੰ ਮੇਰੇ ਸਤਿਗੁਰੂ ਜੀ ਨੇ ਵਾਹਿਗੁਰੂ ਕਿਹਾ ਹੈ। ਮੇਰੇ ਸਤਿਗੁਰੂ ਜੀ ਵੀ ਮੈਨੂੰ ਪਿਆਰ ਕਰਦੇ ਹਨ ਅਤੇ ਤੈਨੂੰ ਵੀ ਓਨਾਂ ਹੀ ਕਰਦੇ ਹਨ ਜਿੰਨਾਂ ਮੈਨੂੰ ਕਰਦੇ ਹਨ। ਉਹ ਨਿਰਾ ਹੀ ਪਿਆਰ ਦਾ ਰੂਪ ਹਨ, ਸੰਸਾਰੀ ਲੋਕ ਉਨ੍ਹਾਂ ਨੂੰ ਗੁਰੂ ਨਾਨਕ ਨਾਮ ਨਾਲ ਯਾਦ ਕਰਦੇ ਹਨ। ਉਹ ਅਨਾਮ ਹਨ, ਨਾ ਉਨ੍ਹਾਂ ਦਾ ਕੋਈ ਰੂਪ ਰੰਗ ਹੈ, ਉਹ ਨਿਆਰੇ ਹਨ ਉਹ ਆਪ ਹੀ ਪ੍ਰਮੇਸ਼ਰ ਹਨ, ਗੁਰੂ ਪ੍ਰਮੇਸ਼ਰ ਹਨ ਪਰ ਸੰਸਾਰ ਦੇ ਵਿਚ ਜੀਵਾਂ ਦੇ ਉਧਾਰ ਲਈ ਉਨ੍ਹਾਂ ਨੇ ਸਾਡੇ ਵਰਗਾ ਰੂਪ ਧਾਰਨ ਕੀਤਾ ਹੈ, ਸਾਡੇ ਵਰਗਾ ਹੀ ਪਿਆਰ ਕਰਦੇ ਹਨ। ਪਿਆਰ ਦੇ ਖਿਚੇ ਆਉਂਦੇ ਹਨ। ਉਨ੍ਹਾਂ ਨੇ ਜੋ ਸਾਡੇ ਜੀਵਨ ਉਧਾਰ ਲਈ ਰਸਤਾ ਦਿਤਾ ਹੈ ਉਹ ਬਹੁਤ ਸੁਖੈਨ ਹੈ। ਉਨ੍ਹਾਂ ਦਾ ਫੁਰਮਾਨ ਹੈ ਕਿ ਤੁਸੀਂ ਉਸ ਹਸਤੀ ਜੋ ਨਿਰਾ ਹੀ ਪਿਆਰ ਹੈ ਜਿਸ ਦਾ ਰੂਪ ਰੰਗ ਸਰੀਰ ਵਿਚ ਲੱਗੇ ਨੇਤਰਾਂ ਨਾਲ ਨਜ਼ਰ ਨਹੀਂ ਆਉਂਦਾ। ਪਰ ਵਾਹਿਗੁਰੂ ਮੰਤਰ ਜਪ ਕੇ ਜੋ ਅੱਖਾਂ ਉਪਰ ਵਿਕਾਰ ਪਿਆ ਹੋਇਆ ਹੈ, ਮਾਇਆ ਦਾ ਮੋਤੀਆਂ ਬਿੰਦ ਚੜ੍ਹਿਆ ਹੋਇਆ ਹੈ ਉਹ ਮੋਤੀਏ ਨੂੰ ਉਹ ਦੂਰ ਕਰ ਦਿੰਦਾ ਹੈ ਫੇਰ ਦ੍ਰਿਸ਼ਟੀ ਖੁਲ੍ਹ ਜਾਂਦੀ ਹੈ। ਜਿਹੜੀਆਂ ਚੀਜ਼ਾਂ ਇਨ੍ਹਾਂ ਅੱਖਾਂ ਨਾਲ ਨਜ਼ਰ ਨਹੀਂ ਆਉਂਦੀਆਂ, ਉਹ ਰੂਪਮਾਨ ਹੋ ਕੇ ਦਿਬਜ ਦ੍ਰਿਸ਼ਟ ਨਾਲ ਦੇਖੀਆਂ ਜਾਂਦੀਆਂ ਹਨ। ਤੂੰ ਮੇਰੇ ਪਿਛੋਂ ਇਸ ਮੰਤਰ ਦਾ ਜਾਪ ਕਰੀਂ, ਇਹ ਬੈਰਾਗ ਤੇਰੇ ਲਈ ਉਡਨ ਖਟੋਲੇ ਦਾ ਕੰਮ ਕਰੇਗਾ ਕਿਉਂਕਿ ਬਿਨਾਂ ਬੈਰਾਗ ਤੋਂ ਮਨ ਤੈਨੂੰ ਮਾਇਆ ਦੇ ਹੰਡੋਲਿਆਂ ਵਿਚੋਂ ਨਿਕਲਣ ਨਹੀਂ ਦੇਵੇਗਾ।

***ਬਿਨੁ ਬੈਰਾਗ ਨ ਛੂਟਸਿ ਮਾਇਆ॥***

***ਪੰਨਾ - 329***

ਸੋ ਇਸ ਵਾਹਿਗੁਰੂ ਨੂੰ ਮਿਲਾਉਣ ਵਾਲਾ ਸ਼ਬਦ

ਹੈ ਜੋ ਮੈਂ ਤੈਨੂੰ ਦਸਿਆ ਹੈ, ਇਹ ਜਿਉਂਦਾ ਜਾਗਦਾ ਸ਼ਬਦ ਹੈ, ਇਸ ਸ਼ਬਦ ਵਿਚ ਸੱਤਾ (ਐਨਰਜੀ) ਹੈ, ਇਹ ਖਿੱਚ ਪਾਉਂਦਾ ਹੈ, ਉਸ ਖਿੱਚ ਦੇ ਖਿੱਚੇ ਮੇਰੇ ਸਤਿਗੁਰੂ ਜੀ ਤੇਰੇ ਪਾਸ ਪਹੁੰਚ ਜਾਣਗੇ। ਸੋ ਮੈਂ ਤੈਨੂੰ ਰਸਤੇ ਪਾ ਦਿਤਾ ਹੈ ਕਿ ਤੂੰ ਇਸ ਸ਼ਬਦ ਬਲ ਨਾਲ ਮੇਰੇ ਪਾਸ ਪਹੁੰਚ ਜਾਵੇਂਗੀ ਜਿਥੇ ਜਾ ਕੇ ਫੇਰ ਕਦੇ ਮੌਤ ਨਹੀਂ ਆਉਣੀ, ਸਦਾ ਦਾ ਜੀਵਨ ਪ੍ਰਾਪਤ ਹੋ ਜਾਵੇਗਾ। ਪਤਾ ਲਗ ਜਾਵੇਗਾ ਤੈਨੂੰ ਕਿ ਮੈਂ ਤੈਨੂੰ ਕਹਿੰਦਾ ਸੀ ਕਿ ਤੂੰ ਆਤਮਾ ਹੈ ਸਭ ਤੂੰ ਦੇਖੇਂਗੀ ਕਿ ਇਥੇ ਆਤਮਾ ਤੋਂ ਬਗੈਰ ਹੈ ਹੀ ਕੋਈ ਨਹੀਂ।

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ*
*ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥*

*ਪੰਨਾ - 846*

ਇਸ ਵਾਸਤੇ ਸਾਧਨ ਜ਼ਰੂਰੀ ਹੈ, ਬੈਰਾਗ ਜ਼ਰੂਰੀ ਹੈ, ਜੋ ਕੁਝ ਮੇਰੇ ਤੋਂ ਸੁਣਿਆ ਹੈ ਉਸ ਤੇ ਪੂਰਨ ਵਿਸ਼ਵਾਸ਼ ਰਖੀਂ, ਪੂਰੀ ਤਰ੍ਹਾਂ ਮੰਨੀ ਜਦੋਂ ਤੂੰ ਇਸ ਤਰ੍ਹਾਂ ਕਰੇਂਗੀ ਫੇਰ ਤੈਨੂੰ ਰਸਤਾ ਖੁਲ੍ਹਦਾ ਜਾਵੇਗਾ। ਜੋ ਸ਼ਕਤੀ ਤੇਰੇ ਨਾਲ ਲੁਕ ਕੇ ਰਹਿੰਦੀ ਹੈ ਉਹ ਮੇਰੇ ਸਤਿਗੁਰੂ ਦੀ ਹੈ ਉਹ ਆਪ ਹੀ ਤੈਨੂੰ ਰਸਤਾ ਦੱਸੇਗੀ। ਇਹ ਗੱਲਾਂ ਕਰਦੇ ਹੀ ਸਨ ਕਿ ਆਪ ਨੇ ਦੋ ਹੱਥਾਂ ਨਾਲ ਆਪਣਾ ਮੂੰਹ ਢੱਕ ਲਿਆ, ਅੰਗ ਸਿਥਲ ਕਰ ਲਏ ਅਤੇ ਲੰਮੀ ਅਵਾਜ਼ ਵਿਚ ਕਿਹਾ -

'ਵਾ......ਹਿ.......ਗੁ......ਰੂ'
'ਵਾ......ਹਿ.......ਗੁ......ਰੂ'
'ਵਾ......ਹਿ.......ਗੁ......ਰੂ'
'ਵਾ......ਹਿ.......ਗੁ......ਰੂ'
'ਵਾ......ਹਿ.......ਗੁ......ਰੂ'

ਪੰਜ ਵਾਰ ਕਹਿ ਕੇ ਇਹ ਅਵਾਜ਼ ਖਾਮੋਸ਼ ਹੋ ਗਈ। ਰਾਜਕੁਮਾਰੀ ਘਬਰਾ ਗਈ ਅਤੇ ਉਸਨੇ ਇਕ ਦੋ ਅਵਾਜ਼ਾਂ ਦਿਤੀਆਂ। ਸਮਝ ਗਈ ਕਿ ਜੋ ਕਹਿੰਦੇ ਸੀ ਕਿ ਮੈਂ ਚਲੇ ਜਾਣਾ ਹੈ ਉਹ ਆਹ ਗੱਲ ਸੀ। ਉਸ ਵੇਲੇ ਉਸ ਨੇ ਐਡੇ ਜ਼ੋਰ ਦੀ ਚੀਕ ਮਾਰੀ ਕਿ ਸਾਰੇ ਮਹੱਲ ਵਿਚ ਸੁਣੀ। ਅੱਜ ਉਸ ਦੇ ਪਿਤਾ ਜੀ ਵੀ ਮਹੱਲ ਵਿਚ ਹੀ ਸਨ। ਉਹ ਆਪਣੀ ਲੜਕੀ ਦੀਆਂ ਹੀ ਗੱਲਾਂ ਕਰ ਰਹੇ ਸਨ, ਉਸ ਦੇ ਮਾਨਸਕ ਬਹਾਅ ਬਾਰੇ ਸੋਚ ਰਹੇ ਸਨ। ਜਦੋਂ ਉਨ੍ਹਾਂ ਨੇ ਅਵਾਜ਼ ਸੁਣੀ ਤਾਂ ਰਾਜ ਵੈਦ ਜੀ ਵੀ ਆ ਗਏ, ਮਾਂ ਬਾਪ ਵੀ ਆ ਗਏ, ਰਾਜਕੁਮਾਰੀ ਬੇਹੋਸ਼ ਹੋ ਚੁਕੀ ਸੀ ਅਤੇ ਦੰਦਲ ਪੈ ਚੁਕੀ ਸੀ। ਸਰੀਰ ਛੱਡਣ ਦੇ ਨੇੜੇ ਸੀ। ਵੈਦ ਜੀ ਨੇ ਤਾਕਤ ਦੇਣ ਵਾਲੀ ਦਵਾਈ ਮੂੰਹ ਵਿਚ ਪਾਈ, ਮਾਲਸ਼ ਕੀਤੀ। ਉਸ ਨੂੰ ਹੋਸ਼ ਆਈ, ਉਸ ਨੇ ਭਾਈ ਤਿਲੋਕਾ ਜੀ ਵਾਲੀ ਚਾਰਪਾਈ ਵਲ ਤੱਕਿਆ, ਫੇਰ ਬੇਹੋਸ਼ ਹੋ ਗਈ। ਇਸ ਤਰ੍ਹਾਂ ਇਕ ਘੰਟੇ ਦੀ ਜਦੋ ਜਹਿਦ ਕਰਦਿਆਂ ਵੈਦ ਜੀ ਨੇ ਰਾਜਕੁਮਾਰੀ ਨੂੰ ਹੋਸ਼ ਵਿਚ ਲਿਆਂਦਾ। ਉਸ ਲਈ ਸਾਰਾ ਸੰਸਾਰ ਬਦਲ ਚੁਕਿਆ ਸੀ, ਉਹ ਇਕ ਦਮ ਚੁੱਪ ਕਰ ਗਈ। ਵੈਦ ਜੀ ਨੇ ਭਾਈ ਤਿਲੋਕਾ ਨੂੰ ਦੇਖਿਆ ਅਤੇ ਕਿਹਾ ਕਿ ਇਹ ਪਰਦੇਸੀ ਤਾਂ ਸਰੀਰ ਛੱਡ ਗਿਆ। ਰਾਜਕੁਮਾਰੀ ਦੀ ਬੇਹੋਸ਼ੀ ਦਾ ਕਾਰਨ ਇਹੋ ਸੀ ਕਿਉਂਕਿ ਇਸ ਨੇ ਡੇਢ ਮਹੀਨੇ ਵਿਚ ਪੂਰਾ ਤਾਣ ਲਾਇਆ ਸੀ ਕਿ ਇਹ ਸਵਸਥ ਹੋ ਜਾਵੇ। ਇਸ ਦੀਆਂ ਆਸਾਂ ਸਭ ਢਹਿ ਢੇਰੀ ਹੋ ਗਈਆਂ। ਰਾਜਕੁਮਾਰੀ ਨੂੰ ਮਾਨਸਕ ਚੋਟ ਲੱਗੀ ਹੈ ਤਾਂ ਬੇਹੋਸ਼ ਹੋ ਗਈ। ਮੈਂ ਇਸ ਨੂੰ ਤਾਕਤ ਦੀਆਂ ਦਵਾਈਆਂ ਦੇਵਾਂਗਾ, ਤੁਸੀਂ ਇਸ ਨਾਲ ਪੂਰਾ ਪਿਆਰ ਕਰਨਾ, ਜੋ ਕੁਝ ਕਹਿੰਦੀ ਹੈ ਉਸੇ ਤਰ੍ਹਾਂ ਕਰਨਾ।

ਰਾਜਕੁਮਾਰੀ ਮਾਂ ਬਾਪ ਨੂੰ ਅਤਿ ਪਿਆਰੀ ਸੀ ਇਕੋ ਇਕ ਓਲਾਦ ਸੀ ਇਹੀ ਬੱਚੀ ਉਨ੍ਹਾਂ ਦੀ ਦੁਨੀਆਂ ਸੀ। ਵੱਡੀ ਤੋਂ ਵੱਡੀ ਚੀਜ਼ ਇਸ ਉਪਰ ਨਿਛਾਵਰ ਕਰਨ ਨੂੰ ਤਿਆਰ ਸਨ ਪਰ ਉਹ ਇਸ ਦੀ ਖੁਸ਼ੀ ਚਾਹੁੰਦੇ ਸਨ। ਭਾਈ ਤਿਲੋਕਾ ਜੀ ਦਾ ਸਸਕਾਰ ਬਹੁਤ ਸਤਿਕਾਰ ਦੇ ਨਾਲ ਕੀਤਾ ਗਿਆ। ਰਾਜਕੁਮਾਰੀ ਜਦੋਂ ਸਵੱਸਥ ਹੋ ਗਈ ਉਸ ਵੇਲੇ ਇਕੋ ਅਵਾਜ਼ ਇਸ ਦੇ ਅੰਦਰ ਗੂੰਜ ਉਠੀ 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਕੋਈ ਹੋਰ ਅੱਖਰ ਬੋਲਦੀ ਹੀ ਨਹੀਂ ਸੀ ਜਦੋਂ ਇਸ ਨੂੰ ਗੱਚ ਉਠਦਾ ਤਾਂ ਇਹ ਫੁਲਾਂ ਦੀ ਮਾਲਾ ਲੈ ਕੇ ਉਥੇ ਪਹੁੰਚਦੀ ਜਿਥੇ ਇਸ ਦਾ ਪਿਆਰਾ ਪਰਦੇਸੀ ਅੰਤਮ ਸਫਰ ਪੂਰਾ ਕਰਕੇ ਅਗੰਮ ਅਗੋਚਰ ਵਿਚ ਪ੍ਰਵੇਸ਼ ਕਰ ਗਿਆ ਸੀ। ਇਸ ਅਵਸਥਾ ਨੂੰ ਸੰਸਾਰ ਵਿਚ ਕੋਈ ਵੀ ਨਹੀਂ ਸਮਝ ਸਕਿਆ ਕਰਦਾ। ਇਹ ਬਿਰਹੁ ਦੀ ਅਵਸਥਾ ਐਸੀ ਹੀ ਹੈ ਕੋਈ ਬਿਰਹੁ ਵਾਲਾ ਤਾਂ ਜਾਣ ਸਕਦਾ ਹੈ ਦੂਸਰੇ ਨੂੰ ਤਾਂ ਇਸ ਦੀ ਡੂੰਘਾਈ ਦਾ, ਪੀੜਾ ਦਾ ਅਨੁਮਾਨ ਵੀ ਨਹੀਂ ਹੋ ਸਕਦਾ -

*ਧਾਰਨਾ - ਜਿਸ ਤਨ ਲੱਗੀਆਂ*
*ਸੋਈ ਤਨ ਜਾਣੇ,*
*ਕਿਸੇ ਦੀ ਲੱਗੀ ਕੌਣ ਜਾਣਦਾ।*

*ਲਾਗੀ ਹੋਇ ਸੋ ਜਾਨੈ ਪੀਰ॥*
*ਰਾਮ ਭਗਤਿ ਅਨੀਆਲੇ ਤੀਰ॥*

*ਪੰਨਾ - 327*

ਬਿਰਹਾ ਇਕ ਅਤਿ ਨਿਰਮਲ ਹਿਰਦੇ ਦਾ ਅਤਿ ਸੂਖਸ਼ਮ ਗੁਣ ਹੈ। ਜਿਸ ਤਨ ਵਿਚ ਇਹ ਬਿਰਹਾ ਉਪਜਦਾ ਹੈ ਉਹ ਤਨ ਜਿਉਂਦਾ ਜਾਗਦਾ ਹੈ। ਜਿਸ ਤਰ੍ਹਾਂ ਦੇ ਨਾਲ ਕੋਈ ਦਰਖਤ, ਬੂਟਾ ਪੂਰਨ ਰੂਪ ਦੇ ਵਿਚ ਵਧਦਾ ਫੁਲਦਾ ਹੈ, ਮੌਲਦਾ ਹੈ, ਖਿੱਚਾਂ ਪਾਉਂਦਾ ਹੈ ਇਸੇ ਤਰ੍ਹਾਂ ਨਾਲ ਜਿਸ ਤਨ ਵਿਚ ਬਿਰਹਾ ਹੁੰਦਾ ਹੈ ਉਹ ਜਿਉਂਦਾ ਜਾਗਦਾ ਤਨ ਹੁੰਦਾ ਹੈ, ਬੁਝਿਆ ਹੋਇਆ ਨਹੀਂ ਹੁੰਦਾ। ਬੁਝੇ ਹੋਏ ਤਨ ਵਿਚ ਬਿਰਹਾ ਨਹੀਂ ਉਪਜਿਆ ਕਰਦਾ, ਉਹ ਖਿੱਚ ਤੋਂ ਹੀਣਾ ਹੁੰਦਾ ਹੈ, ਉਹ ਮਾਇਆ

ਤੇ ਤ੍ਰਿਸ਼ਨਾ ਦੀ ਅਗਨ ਨੇ ਐਨਾ ਜਾਲ ਦਿਤਾ ਹੁੰਦਾ ਹੈ ਕਿ ਉਸ ਵਿਚ ਪ੍ਰੇਮ ਦਾ ਇਕ ਅੰਸ ਵੀ ਨਹੀਂ ਹੁੰਦਾ। ਉਹ ਸਿਰਫ ਆਪਣੇ ਲਈ ਜਿਉਂਦਾ ਹੈ, ਬਾਕੀਆਂ ਨਾਲ ਉਸ ਦਾ ਕੋਈ ਲਗਾਓ ਨਹੀਂ ਹੁੰਦਾ, ਪ੍ਰਮੇਸ਼ਰ ਨੂੰ ਉਹ ਜਾਣਦਾ ਨਹੀਂ ਹੈ। ਗੁਰਬਾਣੀ ਅਨੁਸਾਰ ਉਸ ਦਾ ਹਿਰਦਾ ਮਸਾਣਾਂ ਦੀ ਧਰਤੀ ਹੋਇਆ ਕਰਦਾ ਹੈ। ਮਸਾਣ ਵਿਚ ਧਰਤੀ ਜਲ ਜਾਇਆ ਕਰਦੀ ਹੈ। ਉਸ ਵਿਚ ਪੌਦਿਆਂ ਨੂੰ ਉਗਾਉਣ ਦੀ ਸ਼ਕਤੀ ਖਤਮ ਹੋ ਜਾਂਦੀ ਹੈ, ਉਸ ਜਲੀ ਹੋਈ ਧਰਤੀ ਵਿਚ ਕੋਈ ਘਾਹ ਬੂਟਾ ਹਰਾ ਨਹੀਂ ਹੋਇਆ ਕਰਦਾ। ਬੇਅੰਤ ਬਾਰਸ਼ਾਂ ਹੋਣ, ਪਾਣੀ ਉਹਦੇ ਉਤੇ ਵਗੇ, ਸ਼ਿਲਟ ਛੱਡ ਜਾਵੇ ਫੇਰ ਉਪਰਲੇ ਹਿੱਸੇ ਵਿਚ ਬੀਜ ਪੁੰਗਰ ਸਕਦਾ ਹੈ ਪਰ ਹੇਠੋਂ ਉਸਨੂੰ ਖੁਰਾਕ ਨਾ ਮਿਲਣ ਕਰਕੇ ਜਲੀ ਹੋਈ ਧਰਤੀ ਹੋਣ ਕਰਕੇ ਉਹ ਵਿਗਸਦਾ ਨਹੀਂ ਹੈ, ਮੌਲਦਾ ਨਹੀਂ ਹੈ। ਸੋ ਇਸਨੂੰ ਮਸਾਣ ਆਖਿਆ ਜਾਂਦਾ ਹੈ। ਜਿਸ ਸਰੀਰ ਵਿਚ ਬਿਰਹਾ ਨਹੀਂ ਹੈ ਉਹ ਕਿਸੇ ਕੰਮ ਦਾ ਵੀ ਸਰੀਰ ਨਹੀਂ ਹੁੰਦਾ। ਗੁਰੂ ਮਹਾਰਾਜ ਜੀ ਤਾਂ ਇਥੇ ਤਕ ਫੁਰਮਾਨ ਕਰਦੇ ਹਨ ਕਿ ਜਿਸ ਪਿੰਜਰ ਵਿਚ ਬਿਰਹਾ ਨਾ ਹੋਵੇ ਉਹ ਸਰੀਰ ਅਕਾਰਥ ਹੈ ਉਸ ਨੂੰ ਜਾਲ ਦੇਣਾ ਚਾਹੀਦਾ ਹੈ।

*ਜੋ ਸਿਰੁ ਸਾਂਈ ਨ ਨਿਵੈ*
*ਸੋ ਸਿਰੁ ਦੀਜੈ ਡਾਰਿ॥*
*ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ*
*ਸੋ ਪਿੰਜਰੁ ਲੈ ਜਾਰਿ॥ ਪੰਨਾ - 89*

ਬਾਬਾ ਫਰੀਦ ਜੀ ਜੰਗਲ ਵਿਚ ਘੋਰ ਤਪਸਿਆ ਕਰ ਰਹੇ ਸਨ, ਸਰੀਰ ਸੁਕਾ ਲਿਆ, ਕਾਵਾਂ ਨੇ ਬਹੁਤ ਠੂੰਗਾਂ ਮਾਰੀਆਂ, ਮੁਰਦਾ ਜਾਣ ਕੇ ਜਦੋਂ ਅੱਖ ਵਿਚ ਚੁੰਝ ਮਾਰਨ ਲਗਦੇ ਹਨ ਤਾਂ ਆਪ ਤਰਲਾ ਲੈਂਦੇ ਹੋਏ ਕਾਂ ਨੂੰ ਕਹਿੰਦੇ ਹਨ ਕਿ ਜਦੋਂ ਤੁਸੀਂ ਮੇਰੇ ਸਰੀਰ ਤੇ ਠੂੰਗਾਂ ਮਾਰਦੇ ਸੀ, ਮੈਂ ਤੁਹਾਨੂੰ ਕੁਝ ਨਹੀਂ ਕਿਹਾ ਕਿਉਂਕਿ ਮੇਰੇ ਵਿਚ ਕੁਝ ਕਹਿਣ ਦੀ ਸਤੱਾ ਹੀ ਨਹੀਂ ਸੀ ਰਹੀ ਪਰ ਜਦੋਂ ਤੁਸੀਂ ਮੇਰੀਆਂ ਅੱਖਾਂ ਉਤੇ ਵੀ ਚੁੰਝ ਮਾਰਨ ਲੱਗੇ ਤਾਂ ਮੈਂ ਇਹ ਤਰਲਾ ਲਿਆ ਕਿ ਜਦੋਂ ਮੈਨੂੰ ਖੁਦਾਵੰਦ ਮਿਲੇਗਾ ਉਸ ਸਮੇਂ ਮੈਨੂੰ ਉਸ ਦਾ ਦਰਸ਼ਨ ਕਿਵੇਂ ਹੋਵੇਗਾ। ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਮੇਰੀਆਂ ਅੱਖਾਂ ਖਰਾਬ ਨਾ ਕਰੋ ਉਨ੍ਹਾਂ ਨੇ ਆਪਣੇ ਸਰੀਰ ਵਲ ਦੇਖਦਿਆਂ ਕਿਹਾ -

*ਫਰੀਦਾ ਤਨੁ ਸੁਕਾ ਪਿੰਜਰੁ ਥੀਆ*
*ਤਲੀਆਂ ਖੂੰਡਹਿ ਕਾਗ॥*
*ਅਜੈ ਸੁ ਰਬੁ ਨ ਬਾਹੁੜਿਓ*
*ਦੇਖੁ ਬੰਦੇ ਕੇ ਭਾਗ॥ ਪੰਨਾ - 1382*

*ਕਾਗਾ ਕਰੰਗ ਢਢੋਲਿਆ*
*ਸਗਲਾ ਖਾਇਆ ਮਾਸੁ॥*
*ਏ ਦੁਇ ਨੈਨਾ ਮਤਿ ਛੁਹਉ*
*ਪਿਰ ਦੇਖਨ ਕੀ ਆਸ॥ ਪੰਨਾ - 1382*

ਮੇਰੀਆਂ ਦੋਵੇਂ ਅੱਖਾਂ ਸਾਬਤ ਰਹਿਣ ਦਿਓ ਤਾਂ ਕਿ ਜੀਅ ਭਰ ਕੇ ਮੈਂ ਆਪਣੇ ਪਿਆਰੇ ਦਾ ਦੀਦਾਰ ਕਰ ਸਕਾਂ, ਬਿਰਹਾ ਸਦਾ ਹੀ ਮਿਲਾਪ ਮੰਗਦਾ ਹੈ, ਬਿਰਹਾ ਤੋਂ ਬਗੈਰ ਰੂਹਾਨੀਅਤ ਦੀਆਂ ਉਚੀਆਂ ਸਿਖਰਾਂ ਤੇ ਬਿਲਕੁਲ ਨਹੀਂ ਚੜ੍ਹਿਆ ਜਾ ਸਕਦਾ। ਜਿੰਨਾਂ ਹਿਰਦੇ ਵਿਚ ਪਿਆਰ ਜ਼ਿਆਦਾ ਹੋਵੇਗਾ ਉਨੀਂ ਹੀ ਖਿੱਚ ਅੰਦਰ ਪ੍ਰਬਲ ਹੋਵੇਗੀ, ਉਸ ਦੀ ਹਾਲਤ ਨਿਰਾਲੀ ਹੋਵੇਗੀ।

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ,*
*ਓਹ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ,*
*ਓਹ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ,*
*ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ,*
*ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਬਿਰਹਾ ਦੀਆਂ ਬਹੁਤ ਹੀ ਵਚਿਤਰ ਕਹਾਣੀਆਂ ਹਨ, ਭਾਈ ਗੁਰਦਾਸ ਨੇ ਸੱਸੀ ਪੁੰਨੀ ਦਾ ਜ਼ਿਕਰ ਕਰਦਿਆਂ ਲਿਖਿਆ ਹੈ -

*ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ॥*
*ਭਾਈ ਗੁਰਦਾਸ ਜੀ, ਵਾਰ 27/1*

ਇਸ ਬਾਰੇ ਬਹੁਤ ਸਾਰੇ ਕਵੀਆਂ ਨੇ ਵੀ ਲਿਖਿਆ ਹੈ। ਹਾਸ਼ਮ ਕਵੀ ਦੀ ਲਿਖੀ ਸੱਸੀ ਪ੍ਰਸਿੱਧ ਹੈ। ਦਸਮ ਗ੍ਰੰਥ ਵਿਚ ਵੀ ਇਸ ਦਾ ਜ਼ਿਕਰ ਆਇਆ ਹੈ। ਉਹ ਇਸ ਤਰ੍ਹਾਂ ਕਿ ਸੱਸੀ ਕਪਿਲ ਮੁਨੀ ਤੇ ਰੰਭਾ ਅਪਸਰਾ ਦੀ ਓਲਾਦ ਸੀ। ਇਸ ਨੂੰ ਸਿੰਧ ਦਰਿਆ ਵਿਚ ਰੋੜ੍ਹ ਦਿਤਾ ਗਿਆ। ਸਿੰਧ ਦੇ ਰਾਜੇ ਬ੍ਰਹਮਦੱਤ ਨੇ ਦਰਿਆ ਵਿਚੋਂ ਕੱਢ ਕੇ ਇਸ ਦਾ ਪਾਲਣ ਪੋਸਣ ਕੀਤਾ। ਇਸ ਦਾ ਨਾਂ ਸਮਿਆ ਰੱਖਿਆ ਗਿਆ। ਜਦੋਂ ਇਹ ਜੁਆਨ ਹੋਈ ਤਾਂ ਰਾਜੇ ਨੇ ਪੁੰਨੂੰ ਪਾਤਸ਼ਾਹ ਵਲ ਦੂਤ ਭੇਜੇ ਕਿ ਤੂੰ ਇਸ ਨੂੰ ਵਰ ਲੈ। ਬੜੀ ਸ਼ਾਨ ਸ਼ੌਕਤ ਨਾਲ ਵਿਆਹ ਹੋਇਆ। ਜਦੋਂ ਪੁੰਨੂੰ ਤੇ ਸੱਸੀ ਆਪਣੇ ਮੁਲਖ ਪੁੱਜੇ ਤਾਂ ਪੁੰਨੂੰ ਦੀ ਪਹਿਲੀ ਪਤਨੀ ਨੂੰ ਸੌਂਕਣ ਦੇ ਆਉਣ ਦਾ ਬਹੁਤ ਦੁਖ ਪੁਜਾ। ਉਸ ਨੇ ਕਈ ਜੰਤਰ ਮੰਤਰ ਕੀਤੇ ਕਿ ਪੁੰਨੂੰ ਸੱਸੀ ਤੋਂ ਟੁੱਟ ਜਾਵੇ। ਆਖਰ ਪੁੰਨੂੰ ਨੂੰ ਮਰਵਾ ਹੀ ਦਿਤਾ। ਸੱਸੀ ਉਸ ਦੇ ਪਿਆਰ, ਬਿਰਹੁ ਵਿਚ ਡੁੱਬੀ ਹੋਈ ਉਸ ਦੀ ਕਬਰ ਤੇ ਢੇਰੀ ਹੋ ਗਈ।

ਆਮ ਪ੍ਰਚਲਤ ਕਿੱਸਿਆਂ ਵਿਚ ਕਥਾ ਨੂੰ ਹੋਰ ਤਰ੍ਹਾਂ ਲਿਖਿਆ ਗਿਆ ਹੈ। ਦਰਿਆ ਕੰਢੇ ਵਸਦੇ ਭੰਭੋਰ ਸ਼ਹਿਰ ਦੇ ਵਾਲੀ ਆਦਮ ਦੇ ਘਰ ਔਲਾਦ ਨਹੀਂ ਸੀ। ਬਹੁਤ ਮੰਨਤਾਂ ਮਨੌਤਾਂ ਕਰਨ ਪਿਛੋਂ ਇਕ ਖੂਬਸੂਰਤ ਲੜਕੀ ਨੇ ਉਸ ਦੇ ਘਰ ਜਨਮ ਲਿਆ। ਜੋਤਸ਼ੀਆਂ ਨੂੰ ਪੁਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਇਸ ਬੱਚੀ ਨੇ ਜੁਆਨ ਹੋ ਕੇ ਥਲਾਂ ਵਿਚ ਜਾ ਕੇ ਮਰਨਾ ਹੈ ਅਤੇ ਕੁਲ ਨੂੰ ਦਾਗ ਲਾਉਣ ਦੀ ਭਵਿੱਖ ਬਾਣੀ ਕਰ ਦਿਤੀ। ਰਾਜੇ ਦੀ ਸਾਰੀ ਖੁਸ਼ੀ ਗਮੀ ਵਿਚ ਬਦਲ ਗਈ। ਰਾਜੇ ਨੇ ਵਜ਼ੀਰਾਂ

ਨਾਲ ਸਲਾਹ ਕਰਨ ਉਪਰੰਤ ਬੱਚੀ ਨੂੰ ਇਕ ਸੰਦੂਕ ਵਿਚ ਬੰਦ ਕਰਕੇ ਅਨੇਕਾਂ ਗਹਿਣੇ, ਵਸਤਰ, ਧਨ, ਦੌਲਤ ਰੱਖ ਕੇ ਉਸਨੂੰ ਦਰਿਆ ਵਿਚ ਰੋੜ੍ਹ ਦਿਤਾ। ਦੇਵ ਨੇਤ ਨਾਲ ਕਾਫੀ ਦੂਰ ਜਾ ਕੇ ਇਕ ਧੋਬੀ ਕਪੜੇ ਧੋ ਰਿਹਾ ਸੀ। ਜਦੋਂ ਉਸਨੇ ਦਰਿਆ ਵਿਚ ਸੰਦੂਕ ਆਉਂਦੇ ਦੇਖਿਆ ਤਾਂ ਉਸ ਨੇ ਤੈਰ ਕੇ ਇਹ ਸੰਦੂਕ ਕੰਢੇ ਲਾ ਲਿਆ ਅਤੇ ਇਸ ਨੂੰ ਚੁੱਕ ਕੇ ਘਰ ਲੈ ਆਇਆ। ਧੋਬੀ ਦਾ ਨਾਮ ਅੱਤਾ ਸੀ। ਉਸ ਦੇ ਘਰ ਕੋਈ ਓਲਾਦ ਨਹੀਂ ਸੀ। ਜਦੋਂ ਦੋਹਾਂ ਪਤੀ ਪਤਨੀ ਨੇ ਸੰਦੂਕ ਖੋਲ੍ਹਿਆ ਤਾਂ ਇਸ ਖੂਬਸੂਰਤ ਲੜਕੀ ਦੇ ਹੁਸਨ ਨੂੰ ਦੇਖ ਕੇ ਹੈਰਾਨ ਹੋ ਗਏ ਅਤੇ ਨਾਲ ਐਨਾ ਧਨ ਦੇਖ ਵੀ ਹੈਰਾਨ ਹੋਏ। ਜਾਣ ਗਏ ਕਿ ਇਹ ਕਿਸੇ ਵੱਡੇ ਘਰ ਦੀ ਲੜਕੀ ਹੈ ਅਤੇ ਕਿਸੇ ਨੇ ਸ਼ਗਨ ਕੁਸ਼ਗਨ ਵੀਚਾਰਦਿਆਂ ਇਸ ਨੂੰ ਦਰਿਆ ਵਿਚ ਰੋੜ੍ਹ ਦਿਤਾ। ਧੋਬੀ ਧੋਬਣ ਨੇ ਇਸ ਨੂੰ ਬਹੁਤ ਪਿਆਰ ਨਾਲ ਪਾਲਿਆ, ਸੱਸੀ ਐਨੀ ਸੁੰਦਰ ਨਿਕਲੀ ਕਿ ਉਸਦਾ ਜੋਬਨ ਸੂਰਜ ਨੂੰ ਵੀ ਮਾਤ ਪਾਉਂਦਾ ਸੀ। ਭੰਬੋਰ ਸ਼ਹਿਰ ਵਿਚ ਨੁਮਾਇਸ਼ ਲੱਗੀ ਸੀ, ਸੱਸੀ ਵੀ ਉਹ ਨੁਮਾਇਸ਼ ਦੇਖਣ ਚਲੀ ਗਈ। ਉਥੇ ਇਕ ਖੂਬਸੂਰਤ ਨੌਜਵਾਨ ਦੀ ਤਸਵੀਰ ਲੱਗੀ ਹੋਈ ਸੀ। ਦੇਖਦੇ ਸਾਰੇ ਇਸ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਮੇਰਾ ਇਸ ਨਾਲ ਜਨਮਾਂ ਜਨਮਾਂਤਰਾ ਦਾ ਸਬੰਧ ਹੈ। ਇਹ ਚਿਤ੍ਰ ਕੇਚਮ ਸ਼ਹਿਰ ਦੇ ਬਲੋਚ ਸ਼ਹਿਜ਼ਾਦੇ ਪੁੰਨੂੰ ਦਾ ਸੀ। ਪੁੰਨੂੰ ਨੂੰ ਬਿਨਾਂ ਦੇਖੇ ਹੀ ਇਸ ਦੇ ਅੰਦਰ ਬਿਰਹੁ ਦਾ ਤੀਰ ਲੱਗਿਆ, ਇਸ ਨੇ ਖਾਣਾ ਪੀਣਾ ਛੱਡ ਦਿਤਾ। ਪੁੰਨੂੰ ਦੀ ਸੋਚ ਉਸ ਦੇ ਅੰਗ-ਅੰਗ ਵਿਚ ਸਮਾਅ ਗਈ ਇਹ ਸੋਚ ਕਿਸੇ ਤਰ੍ਹਾਂ ਵੀ ਉਸ ਨੂੰ ਨਾ ਭੁੱਲੇ। ਉਸ ਨੂੰ ਪਤਾ ਲਗਾ ਕਿ ਇਹ ਚਿਤ੍ਰ ਕੇਚਮ ਸ਼ਹਿਰ ਦੇ ਬਲੋਚ ਸ਼ਹਿਜ਼ਾਦੇ ਪੁੰਨੂੰ ਦਾ ਹੈ। ਅਚਾਨਕ ਕੁਝ ਸੌਦਾਗਰ ਕੇਚਮ ਦੇ ਹੀ ਭੰਬੋਰ ਵਿਚ ਆ ਗਏ। ਸੱਸੀ ਦਾ ਉਨ੍ਹਾਂ ਨਾਲ ਮਿਲਾਪ ਹੋ ਗਿਆ। ਉਸ ਨੇ ਬੇਨਤੀ ਕੀਤੀ ਕਿ ਕਿਸੇ ਤਰੀਕੇ ਨਾਲ ਪੁੰਨੂੰ ਨੂੰ ਦੱਸ ਦਿਤਾ ਜਾਵੇ ਕਿ ਮੈਂ ਉਸਨੂੰ ਅਤਿ ਦਾ ਪਿਆਰ ਕਰਦੀ ਹਾਂ। ਮੈਂ ਉਸ ਦੇ ਬਿਰਹੇ ਵਿਚ ਤੜਫ ਰਹੀ ਹਾਂ। ਪੁੰਨੂੰ ਨੇ ਸੱਸੀ ਦੀ ਗੱਲ ਸੁਣ ਕੇ ਸੱਸੀ ਨੂੰ ਮਿਲਣ ਦੀ ਤਿਆਰੀ ਕੀਤੀ। ਜਦੋਂ ਉਸ ਨੇ ਭੰਬੋਰ ਆ ਕੇ ਸੱਸੀ ਨੂੰ ਦੇਖਿਆ ਤਾਂ ਉਸ ਦਾ ਹੀ ਹੋ ਕੇ ਰਹਿ ਗਿਆ ਅਤੇ ਵਿਆਹ ਕਰਾ ਕੇ ਇਥੇ ਹੀ ਰਹਿਣਾ ਸ਼ੁਰੂ ਕਰ ਦਿਤਾ। ਰਾਜ ਭਾਗ ਦਾ ਸਾਰਾ ਧਿਆਨ ਭੁੱਲ ਗਿਆ। ਇਸ ਦੇ ਪਿਆਰ ਵਿਚ ਮਸਤ ਹੋ ਗਿਆ। ਪੁੰਨੂੰ ਦੇ ਭਰਾਵਾਂ ਨੂੰ ਪਤਾ ਲੱਗਿਆ ਤਾਂ ਉਹ ਪੁੰਨੂੰ ਨੂੰ ਟੋਲਦੇ ਹੋਏ ਸੱਸੀ ਦੇ ਬਾਗਾਂ ਵਿਚ ਆ ਗਏ, ਆ ਕੇ ਆਪਣੇ ਭਰਾ ਨੂੰ ਮਿਲੇ ਪਰ ਉਸ ਨੂੰ ਰਾਤ ਦੇ ਖਾਣੇ ਵਿਚ ਕੁਝ ਮਿਲਾ ਕੇ ਉਨ੍ਹਾਂ ਨੇ ਬੇਹੋਸ਼ ਕਰ ਲਿਆ ਅਤੇ ਉਸ ਨੂੰ ਸਾਂਢਣੀ ਤੇ ਬਿਠਾ ਕੇ ਆਪਣੇ ਦੇਸ਼ ਲੈ ਗਏ। ਜਦੋਂ ਸੱਸੀ ਦੀ ਜਾਗ ਖੁਲ੍ਹੀ ਤਾਂ ਪਤਾ ਲੱਗਿਆ ਕਿ ਉਸ ਦੇ ਭਰਾ ਉਸ ਨੂੰ ਚੁੱਕ ਕੇ ਲੈ ਗਏ। ਰਸਤੇ ਵਿਚ ਬਹੁਤ ਵੱਡਾ ਮਾਰੂਥਲ ਪੈਂਦਾ ਸੀ ਜਿਥੇ ਅਤਿ ਦੀ ਗਰਮੀ ਸੀ। ਸੱਸੀ ਉਸ ਮਾਰੂਥਲ ਵਿਚ ਨੰਗੇ ਪੈਰੀਂ ਤੁਰ ਪਈ। ਉਸ ਦੀ ਧੋਬਣ ਮਾਂ ਉਸ ਨੂੰ ਅਵਾਜ਼ਾਂ ਮਾਰ ਕੇ ਰੋਕ ਰਹੀ ਸੀ। ਪਰ ਉਸ ਦਾ ਜਵਾਬ ਸੀ –

> ***ਤੁਰਸਾਂ ਮੂਲ ਨ ਮੁੜਸਾਂ ਰਾਹੋਂ,***
> ***ਜਾਨ ਤਲੀ ਪਰ ਧਰਸਾਂ,***
> ***ਜਬ ਤਕ ਸਾਸ ਨਿਰਾਸ ਨਾ ਹੋਵਾਂ,***
> ***ਮਰਨੋਂ ਮੂਲ ਨ ਡਰਸਾਂ।***

ਸੱਸੀ ਪੁੰਨੂੰ-ਪੁੰਨੂੰ ਪੁਕਾਰਦੀ ਰੇਤ ਦੇ ਥਲਾਂ ਵਿਚ ਦੌੜਦੀ ਗਈ। ਪਾਣੀ ਤੋਂ ਬਗੈਰ ਉਸ ਦੇ ਬੁੱਲ ਸੁਕ ਰਹੇ ਸਨ ਫੇਰ ਉਸ ਦੇ ਬੁਲ੍ਹਾਂ ਤੇ ਇਕੋ ਅਵਾਜ਼ ਸੀ ਪੁੰਨੂੰ-ਪੁੰਨੂੰ। ਪੈਰ ਨੰਗੇ ਸੀ, ਮਾਰੂਥਲ ਬਹੁਤ ਤਪਿਆ ਹੋਇਆ ਸੀ, ਉਹ ਬੇਹੋਸ਼ ਹੋ ਕੇ ਗਿਰਦੀ ਸੀ ਜਦੋਂ ਹੋਸ਼ ਆਉਂਦੀ ਸੀ ਤਾਂ ਉਹ ਅਗਾਹਾਂ ਨੂੰ ਹੀ ਵਧਦੀ ਸੀ। ਅਖੀਰ ਪਿਆਸ ਅਤੇ ਗਰਮੀ ਦਾ ਸੰਕਟ ਨਾ ਸਹਿਨ ਕਰਕੇ ਬੇਹੋਸ਼ ਹੋ ਕੇ ਗਿਰ ਗਈ ਅਤੇ ਇਸੇ ਬਿਰਹੇ ਦੇ ਅਧੀਨ ਉਸ ਦੇ ਪ੍ਰਾਨ ਪੰਖੇਰੂ ਉਡ ਗਏ।

ਦੂਸਰੇ ਪਾਸੇ ਜਦੋਂ ਪੁੰਨੂੰ ਨੂੰ ਹੋਸ਼ ਆਈ ਕਿ ਇਹ ਮੈਨੂੰ ਸੱਸੀ ਕੋਲੋਂ ਲੈ ਆਏ ਹਨ, ਉਸ ਦੇ ਅੰਦਰ ਵੀ ਸੱਸੀ ਦਾ ਪਿਆਰ ਠਾਠਾਂ ਮਾਰ ਰਿਹਾ ਸੀ, ਉਹ ਵੀ ਇਸ ਮਾਰੂਥਲ ਵਲ ਨੱਸ ਤੁਰਿਆ ਅਤੇ ਸੱਸੀ ਤਕ ਪਹੁੰਚ ਗਿਆ। ਉਸ ਨੇ ਦੇਖਿਆ ਕਿ ਸੱਸੀ ਮੇਰੇ ਬਿਰਹੇ ਵਿਚ ਪ੍ਰਾਣ ਛੱਡ ਗਈ ਹੈ, ਉਸ ਨੇ ਵੀ ਉਸਦੇ ਮ੍ਰਿਤਕ ਸਰੀਰ ਪਾਸ ਆਪਣੇ ਪ੍ਰਾਣ ਛੱਡ ਦਿਤੇ ਅਤੇ ਦੋਹਾਂ ਦੀਆਂ ਉਥੇ ਕਬਰਾਂ ਬਣੀਆਂ। ਇਹ ਇਕ ਪਤੀ ਪਤਨੀ ਦੇ ਪਿਆਰ ਦੀ ਪਵਿੱਤਰ ਕਹਾਣੀ ਹੈ ਜਿਸ ਵਿਚ ਬਿਰਹਾ ਦੀ ਇੰਤਹਾਅ ਹੈ।

ਇਸੇ ਤਰ੍ਹਾਂ ਨਾਲ ਸ੍ਰੀ ਰਾਮ ਚੰਦਰ ਜੀ ਮਹਾਰਾਜ ਨੂੰ ਸੀਤਾ ਜੀ ਪੂਰਨ ਪਿਆਰ ਕਰਦੀ, ਪਿਆਰ ਵਿਚ ਲੀਨ ਰਿਹਾ ਕਰਦੀ ਸੀ। ਉਸ ਦੀ ਵੀ ਹਾਲਤ ਇਸ ਤਰ੍ਹਾਂ ਸੀ ਜਿਵੇਂ ਇਕ ਮੱਛੀ ਪਾਣੀ ਤੋਂ ਬਗੈਰ ਜਿਉਂਦੀ ਨਹੀਂ ਰਹਿੰਦੀ। ਜਦੋਂ ਸ੍ਰੀ ਰਾਮ ਚੰਦਰ ਜੀ ਨੂੰ 14 ਸਾਲ ਦਾ ਬਨਵਾਸ ਮਿਲਿਆ ਤਾਂ ਉਹ ਮਹਿਲਾਂ ਵਿਚ ਰਹਿਣ ਨੂੰ ਨਾ ਮੰਨੀ ਕਿਉਂਕਿ ਰਾਮ ਹੀ ਉਸ ਦਾ ਜੀਵਨ ਸੀ। ਦੁੱਖ ਭੁੱਖ ਤਕਲੀਫ ਉਸ ਲਈ ਕੁਝ ਵੀ ਮਾਇਨੇ ਨਹੀਂ ਸੀ ਰਖਦਾ। ਉਹ ਰਾਮ ਦੇ ਚਰਨਾਂ ਵਿਚ ਸੁੱਖ ਮਹਿਸੂਸ ਕਰਦੀ ਸੀ। ਜਦੋਂ ਰਾਵਣ ਛਲ ਕਰਕੇ ਉਸ ਨੂੰ ਚੁੱਕ ਕੇ ਲੈ ਗਿਆ ਤਾਂ ਕੁਝ ਵੀ ਪਤਾ ਨਹੀਂ ਸੀ ਲਗਦਾ ਕਿ ਸੀਤਾ ਜੀ ਨੂੰ ਕੌਣ ਲੈ ਗਿਆ। ਕਿਉਂਕਿ ਰਾਮ ਤੇ ਲਛਮਣ ਨੂੰ ਵੀ ਮਾਇਆਵੀ ਛਲ ਨਾਲ ਆਪਣੇ ਆਸਣ ਤੋਂ ਬਾਹਰ ਕੱਢ ਲਿਆ ਸੀ। ਜਦੋਂ ਵਾਪਸ ਆਏ ਤਾਂ ਦੇਖਿਆ, ਕੁਟੀਆ ਖਾਲੀ ਸੀ। ਉਸ ਸਮੇਂ ਜੋ ਬਿਰਹਾ ਸ੍ਰੀ ਰਾਮ ਚੰਦਰ ਜੀ ਅੰਦਰ ਜਾਗਿਆ ਉਸ ਦੀ ਮਿਸਾਲ ਨਹੀਂ ਮਿਲਦੀ। ਉਹ ਇਕ-ਇਕ ਪੰਛੀ, ਇਕ-ਇਕ ਵੇਲ, ਇਕ-ਇਕ ਬੂਟੇ ਤੋਂ ਪੁੱਛ ਰਹੇ ਸੀ ਕਿ ਦੱਸੋ ਤਾਂ ਸਹੀ ਕਿ ਸੀਤਾ ਜੀ ਨੂੰ ਕਿਸ

ਨੇ ਹਰਨ ਕਰ ਲਿਆ। ਸੀਤਾ ਜੀ ਆਪਣੇ ਗਹਿਣੇ ਸੁੱਟਦੇ ਗਈ। ਕੁਝ ਸੁਝ ਪੈਂਦੀ ਗਈ ਕਿ ਜਿਸ ਨੇ ਹਰਨ ਕੀਤਾ ਹੈ ਉਹ ਇਸ ਰਸਤੇ ਗਿਆ ਹੈ। ਉਹ ਰਸਤਾ ਰਾਵਣ ਦੇ ਰਾਜ ਨੂੰ ਜਾ ਰਿਹਾ ਸੀ। ਸ੍ਰੀ ਰਾਮ ਚੰਦਰ ਜੀ ਤੇ ਲਛਮਣ ਜੀ ਸੀਤਾ ਜੀ ਦੀ ਤਲਾਸ਼ ਵਿਚ ਦੂਰ ਤਕ ਗਏ। ਚਨਾਈ ਵਲ ਗਏ ਉਥੇ ਉਨ੍ਹਾਂ ਦਾ ਪਰਮ ਭਗਤ ਹਨੂੰਮਾਨ ਮਿਲਿਆ ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਐਸਾ ਫੁਰਮਾਨ ਕਰਦੇ ਹਨ ਕਿ –

*ਰਾਮੁ ਝੁਰੈ ਦਲ ਮੇਲਵੈ*
*ਅੰਤਰਿ ਬਲੁ ਅਧਿਕਾਰ॥*
*ਬੰਤਰ ਕੀ ਸੈਨਾ ਸੇਵੀਐ*
*ਮਨਿ ਤਨਿ ਜੁਝੁ ਅਪਾਰੁ॥*
*ਸੀਤਾ ਲੈ ਗਇਆ ਦਹਸਿਰੋ*
*ਲਛਮਣੁ ਮੂਓ ਸਰਾਪਿ॥*
*ਨਾਨਕ ਕਰਤਾ ਕਰਣਹਾਰੁ*
*ਕਰਿ ਵੇਖੈ ਥਾਪਿ ਉਥਾਪਿ॥*
*ਮਨ ਮਹਿ ਝੂਰੈ ਰਾਮਚੰਦੁ*
*ਸੀਤਾ ਲਛਮਣ ਜੋਗੁ॥*
*ਹਣਵੰਤਰੁ ਆਰਾਧਿਆ*
*ਆਇਆ ਕਰਿ ਸੰਜੋਗੁ॥*
*ਭੂਲਾ ਦੈਤੁ ਨ ਸਮਝਈ*
*ਤਿਨਿ ਪ੍ਰਭ ਕੀਏ ਕਾਮ॥*
*ਨਾਨਕ ਵੇਪਰਵਾਹੁ*
*ਸੋ ਕਿਰਤੁ ਨ ਮਿਟਈ ਰਾਮ॥*

*ਪੰਨਾ – 1412*

ਸ੍ਰੀ ਰਾਮ ਚੰਦਰ ਜੀ ਨੇ ਹਨੂੰਮਾਨ ਜੀ ਨੂੰ ਲੰਕਾ ਵਿਚ ਸੀਤਾ ਜੀ ਨੂੰ ਤਲਾਸ਼ ਕਰਨ ਲਈ ਭੇਜਿਆ। ਜਦੋਂ ਹਨੂੰਮਾਨ ਜੀ ਵਾਪਸ ਆ ਗਏ ਤਾਂ ਉਸ ਵੇਲੇ ਆਪ ਜੀ ਨੇ ਫੁਰਮਾਇਆ ਕਿ –

*ਔਹ ਹਨੂਮਾਨ ਕਹਿਓ ਰਘੁਬੀਰ*
*ਕਛੁ ਸੁਧ ਹੈ ਸੀਅ ਕੀ ਛਿਤ ਮਾਹੀ।*
*ਹੈ ਪ੍ਰਭ, ਲੰਕ ਕਲੰਕ ਬਿਨਾ ਸੁ ਬਸਹਿ,*
*ਤਰ ਰਾਵਣ ਬਾਗ ਕੀ ਛਾਹੀ।*
*ਜੀਵਤ ਹੈ?*
*ਕਹਿਬੇ ਹੀ ਕੋ ਨਾਥ!*
*ਸੋ ਕਿਉਂ ਨ ਮਰੀ ਹਮਰੇ ਬਿਛਰਾਹੀ?*
*ਪ੍ਰਾਨ ਵਸੇ ਪਦ ਪੰਕਜ ਮੇਂ,*
*ਜਮ ਆਵਤ ਹੈ ਪਰ ਪਾਵਤ ਨਾਹੀ।*

ਇਹ ਬਿਰਹੋਂ ਦੀ ਜੋ ਦਸ਼ਾ ਸੀ ਇਸ ਉਪਰ ਲਿਖੀ ਵਾਰਤਾ ਤੋਂ ਪਤਾ ਲਗਦਾ ਹੈ ਕਿ ਸ੍ਰੀ ਰਾਮ ਚੰਦਰ ਜੀ ਨੇ ਇਸ ਗੱਲ ਉਪਰ ਜ਼ੋਰ ਦਿਤਾ ਕਿ ਸੀਤਾ ਜੀ ਮੇਰੇ ਵਿਛੜਨ ਨਾਲ ਬਿਰਹੁ ਦੀ ਚੋਟ ਨਾਲ ਜਿਉਂਦੀ ਕਿਵੇਂ ਰਹੀ, ਮਰ ਕਿਉਂ ਨਾ ਗਈ? ਹਨੂੰਮਾਨ ਜੀ ਜਵਾਬ ਦਿੰਦੇ ਹਨ ਕਿ ਉਸ ਦੇ ਪ੍ਰਾਣ ਆਪ ਦੇ ਪਵਿੱਤਰ ਚਰਨਾਂ ਵਿਚ ਵਸਦੇ ਸਨ। ਇਸ ਕਰਕੇ ਦੂਤ ਪ੍ਰਾਣ ਲੈਣ ਤਾਂ ਆਏ ਸਨ ਪਰ ਉਨ੍ਹਾਂ ਨੂੰ ਮਿਲ ਨਾ ਸਕੇ। ਇਹ ਇਕ ਬਿਰਹੁ ਦੀ ਨਿਸ਼ਾਨੀ ਹੈ ਕਿਉਂਕਿ ਬਿਰਹੁੰ ਦੀ ਚੋਟ ਸਹਾਰਨੀ ਹੱਦ ਤੋਂ ਜ਼ਿਆਦਾ ਔਖੀ ਹੁੰਦੀ ਹੈ।

ਬਾਬਾ ਫਰੀਦ ਜੀ ਬਿਰਹੁੰ ਦੇ ਕੁੱਠੇ ਹੋਏ ਇਕ ਬਹੁਤ ਹੀ ਦਿਲ ਨੂੰ ਖਿੱਚਣ ਵਾਲੀ ਅਵਾਜ਼ ਸੁਣਦੇ ਹਨ। ਆਪ ਇਕ ਅੰਬ ਦੇ ਬੂਟੇ ਹੇਠ ਬਿਰਾਜੇ ਹੋਏ ਸਨ। ਆਪ ਦੀ ਨਿਗ੍ਹਾ ਉਚੀ ਹੋਈ ਤਾਂ ਇਕ ਛੋਟੇ ਜਿਹੇ ਕਾਲੇ ਰੰਗ ਦੇ ਪੰਛੀ ਦੀ ਅਵਾਜ਼ ਸੁਣ ਕੇ ਆਪ ਦੇ ਮੁਖ ਤੋਂ ਨਿਕਲਿਆ ਕਿ ਐ ਕੋਇਲ! ਮੈਂ ਵੀ ਕਦੇ ਬਹੁਤ ਸੁੰਦਰ ਜਵਾਨ ਸੀ, ਮੇਰੀ ਜਵਾਨੀ ਅਤੇ ਸੁੰਦਰਤਾ ਦੀ ਲੋਕ ਤਾਰੀਫ ਕਰਿਆ ਕਰਦੇ ਸਨ ਪਰ ਅੱਜ ਮੈਂ ਆਪਣੇ ਪਿਆਰੇ ਦੇ ਬਿਰਹਾ ਵਿਚ ਆਪਣਾ ਰੰਗ ਗਵਾ ਚੁਕਿਆ ਹਾਂ, ਆਪਣੀ ਸੁੰਦਰਤਾ ਗਵਾ ਚੁਕਿਆ ਹਾਂ ਅਤੇ ਮੇਰਾ ਸਰੀਰ ਹੱਡਾਂ ਦੀ ਮੁੱਠੀ ਬਣ ਕੇ ਕਾਲੇ ਰੰਗ ਵਿਚ ਦਿਸ ਰਿਹਾ ਹੈ। ਐ ਪਿਆਰੀ ਕੋਇਲ! ਤੇਰੀ ਇਸ ਹੂਕ ਵਿਚ ਵੀ ਬਿਰਹੇ ਦੀ ਅਵਾਜ਼ ਹੈ, ਬਿਰਹੇ ਦੀ ਪ੍ਰਗਟ ਹੋਂਦ ਹੈ। ਕੀ ਤੂੰ ਮੈਨੂੰ ਇਹ ਭੇਤ ਦਸ ਸਕਦੀ ਹੈਂ ਕਿ ਤੇਰਾ ਰੰਗ ਕਿਉਂ ਕਾਲਾ ਹੋ ਗਿਆ? ਉਸ ਵੇਲੇ ਕੋਇਲ ਨੇ ਕਿਹਾ ਕਿ ਬਾਬਾ ਫਰੀਦ! ਜਿਵੇਂ ਤੂੰ ਕਿਸੇ ਦੀ ਯਾਦ ਵਿਚ ਜਿਉਂਦਾ ਹੈਂ ਮੈਂ ਵੀ ਆਪਣੇ ਸਾਥੀ ਦੀ ਯਾਦ ਵਿਚ ਜੀਉ ਰਹੀ ਹਾਂ। ਸਾਰੇ ਪੰਛੀਆਂ ਦੇ ਜੋੜੇ ਹਨ ਪਰ ਮੇਰੇ ਭਾਗਾਂ ਵਿਚ ਸੰਸਾਰ ਨੂੰ ਰਚਣਹਾਰੇ ਨੇ ਜੋੜੇ ਦਾ ਮਿਲਾਪ ਨਹੀਂ ਲਿਖਿਆ। ਪਰ ਤੈਨੂੰ ਮੈਂ ਦੇਖਿਆ ਹੈ ਕਿ ਤੇਰੇ ਅੰਦਰ ਵੀ ਮੇਰੇ ਵਰਗਾ ਬਿਰਹਾ ਹੈ, ਫਰਾਕ ਹੈ, ਪਿਆਰ ਹੈ। ਸੋ ਪਿਆਰਿਆ! ਮੈਂ ਵੀ ਆਪਣੇ ਪ੍ਰੀਤਮ ਦੇ ਬਿਰਹੇ ਵਿਚ ਜਲੀ ਹੋਈ ਹਾਂ ਜਿਵੇਂ ਕਿ ਫੁਰਮਾਨ ਹੈ –

*ਕਾਲੀ ਕੋਇਲ ਤੂ ਕਿਤ ਗੁਨ ਕਾਲੀ॥*
*ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥*

*ਪੰਨਾ – 794*

ਡਾ. ਭਾਈ ਵੀਰ ਸਿੰਘ ਜੀ ਇਸ ਬਿਰਹੇ ਬਾਰੇ ਦਸਦੇ ਹਨ –

*ਸਾਬਣ ਲਾ ਲਾ ਧੋਤਾ ਕੋਲਾ*
*ਦੁੱਧ ਦਹੀਂ ਵਿਚ ਪਾਇਆ।*
*ਖੁੰਭ ਚਾੜ੍ਹ ਰੰਗਣ ਭੀ ਧਰਿਆ*
*ਰੰਗ ਨ ਏਸ ਵਟਾਇਆ॥*
*ਵਿਛੜ ਕੇ ਕਾਲਖ ਸੀ ਆਈ*
*ਬਿਨ ਮਿਲਿਆਂ ਨਹੀਂ ਲਹਿੰਦੀ*
*ਅੰਗ ਅੱਗ ਦੇ ਲਾ ਕੇ ਦੇਖੋ*
*ਚੜ੍ਹਦਾ ਰੂਪ ਸਵਾਇਆ॥*

ਗੁਰੂ ਮਹਾਰਾਜ ਜੀ ਇਕ ਥਾਂ ਤੋਂ ਲੰਘ ਰਹੇਸਨ। ਉਥੇ ਸੋਨੇ ਰੰਗੇ ਝਿਲਮਿਲ–ਝਿਲਮਿਲ ਕਰਦੇ ਕਮਲ ਦੇ ਫੁੱਲ ਸਨ। ਨਿਰਮਲ ਜਲ ਦਾ ਭੰਡਾਰ ਸੀ ਜਿਸ ਵਿਚ ਇਹ ਲਹਿਲਹਾ ਰਹੇ ਸਨ। ਕਾਫੀ ਦੇਰ ਤੋਂ ਪਿਛੋਂ ਜਦੋਂ ਗੁਰੂ ਮਹਾਰਾਜ ਜੀ ਫੇਰ ਉਥੋਂ ਦੀ ਵਾਪਸ ਲੰਘਣ ਲੱਗੇ ਆਪ ਨੇ ਕੀ ਦੇਖਿਆ ਕਿ ਕਮਲ ਫੁਲਾਂ ਦਾ ਰੰਗ ਕਾਲਾ

ਹੋ ਗਿਆ ਅਤੇ ਚਿਕੜ ਵਿਚ ਆਪਣੀ ਸੁੰਦਰਤਾ ਗਵਾ ਬੈਠੇ ਹਨ। ਉਸ ਵੇਲੇ ਆਪ ਨੇ ਪੁਛਿਆ ਕਿ ਐ ਸੁੰਦਰ ਕਮਲ! ਤੇਰੀ ਦੇਹੀ ਕਿਉਂ ਕਾਲੀ ਹੋ ਗਈ? ਉਸ ਕਮਲ ਨੇ ਕਿਹਾ ਕਿ ਮੇਰੇ ਸਰੀਰ ਵਿਚ ਬੜਾ ਭਾਰੀ ਵਿਘਨ ਪੈ ਗਿਆ ਕਿਉਂਕਿ ਮੈਂ ਆਪਣੇ ਪਿਆਰੇ ਤੋਂ ਵਿਛੜ ਗਿਆ ਹਾਂ, ਉਸ ਨੇ ਮੈਨੂੰ ਜਾਲ ਦਿਤਾ ਜੇ ਮੈਨੂੰ ਮੇਰਾ ਪਿਆਰਾ ਮਿਲ ਜਾਵੇ ਤਾਂ ਮੈਂ ਮੁੜ ਲਹਿਲਹਾ ਕੇ ਖੁਸ਼ੀਆਂ ਮਾਣ ਸਕਦਾ ਹਾਂ। ਫੁਰਮਾਨ ਹੈ –

*ਪਬਰ ਤੂੰ ਹਰੀਆਵਲਾ*
*ਕਵਲਾ ਕੰਚਨ ਵੰਨਿ॥*
*ਕੈ ਦੋਖੜੈ ਸੜਿਓਹਿ ਕਾਲੀ ਹੋਈਆ*
*ਦੇਹੁਰੀ ਨਾਨਕ ਮੈ ਤਨਿ ਭੰਗੁ॥*
*ਜਾਣਾ ਪਾਣੀ ਨਾ ਲਹਾਂ*
*ਜੈ ਸੇਤੀ ਮੇਰਾ ਸੰਗੁ॥*
*ਜਿਤੁ ਡਿਠੈ ਤਨੁ ਪਰਫੁੜੈ*
*ਚੜੈ ਚਵਗਣਿ ਵੰਨੁ॥ ਪੰਨਾ – 1412*

ਸੋ ਮਿਲਾਪ ਅਤੇ ਬਿਰਹੁ ਵਿਚ ਬੜਾ ਅੰਤਰ ਹੈ। ਅੱਕ ਦੇ ਨਾਲ ਲੱਗੀਆਂ ਹੋਈਆਂ ਖਖੜੀਆਂ ਬਹੁਤ ਹੀ ਸੋਹਣੀਆਂ ਲਗਦੀਆਂ ਹਨ ਪਰ ਜਦੋਂ ਅੱਕ ਦੇ ਨਾਲੋਂ ਟੁੱਟ ਜਾਣ ਫੇਰ ਉਹ ਫਟ ਜਾਇਆ ਕਰਦੀਆਂ ਹਨ ਉਨ੍ਹਾਂ ਵਿਚ ਜੋ ਰੂੰ ਤੋਂ ਵੀ ਹਲਕੀ ਰੂੰ ਹੁੰਦੀ ਹੈ ਉਹ ਅਸਮਾਨਾਂ ਵਿਚ ਉਡਦੀ ਹੈ ਅਤੇ ਸੈਂਕੜਿਆਂ ਹਿੱਸਿਆ ਵਿਚ ਦੂਰ-ਦੂਰ ਤਕ ਉਡ ਕੇ ਚਲੀ ਜਾਂਦੀ ਹੈ। ਸੋ ਇਸ ਬਾਰੇ ਗੁਰਬਾਣੀ ਵਿਚ ਇਸ ਤਰ੍ਹਾਂ ਫੁਰਮਾਨ ਹੈ –

*ਖਖੜੀਆ ਸੁਹਾਵੀਆ*
*ਲਗੜੀਆ ਅਕ ਕੰਠਿ॥*
*ਬਿਰਹ ਵਿਛੋੜਾ ਧਣੀ ਸਿਉ*
*ਨਾਨਕ ਸਹਸੈ ਗੰਠਿ॥ ਪੰਨਾ – 319*

ਜਿੰਨਾਂ ਚਿਰ ਅੱਕ ਨਾਲ ਜੁੜੀਆਂ ਹਨ ਉਨਾਂ ਚਿਰ ਉਨ੍ਹਾਂ ਦੀ ਸਜਾਵਟ ਹੈ ਅਤੇ ਹਰੇ ਰੰਗ ਦੀਆਂ ਜੁੜੀਆਂ ਬਹੁਤ ਸੋਹਣੀਆਂ ਲਗਦੀਆਂ ਹਨ। ਜਦੋਂ ਫੱਟ ਜਾਂਦੀਆਂ ਹਨ ਹਜ਼ਾਰਾਂ ਹਿੱਸਿਆਂ ਵਿਚ ਉਡ ਜਾਂਦੀਆਂ ਹਨ। ਸੋ ਇਸ ਤਰ੍ਹਾਂ ਨਾਲ ਬਿਰਹਾ ਬਾਰੇ ਸਾਰੇ ਮਹਾਂਪੁਰਸ਼ ਫੁਰਮਾਨ ਕਰਦੇ ਹੋਏ ਵਿਯੋਗੀ ਪੁਰਸ਼ ਦੀ ਹਾਲਤ ਦਸਦੇ ਹਨ। ਬਾਣੀ ਵਿਚ ਆਉਂਦਾ ਹੈ –

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ*
*ਮੰਤੁ ਨ ਮਾਨੈ ਕੋਇ॥*
*ਰਾਮ ਬਿਓਗੀ ਨਾ ਜੀਐ*
*ਜੀਐ ਤ ਬਉਰਾ ਹੋਇ॥*
*ਪੰਨਾ – 1368*

ਜਿਸ ਦੇ ਅੰਦਰ ਵਿਯੋਗ ਲਗ ਗਿਆ ਉਸ ਦਾ ਜੀਉਂਦਾ ਰਹਿਣ ਬਹੁਤ ਮੁਸ਼ਕਲ ਹੋਇਆ ਕਰਦਾ ਹੈ। ਗੁਰੂ ਮਹਾਰਾਜ ਜੀ ਨੇ ਤਾਂ ਇਥੋਂ ਤਕ ਫੁਰਮਾਨ ਕੀਤਾ ਹੈ –

*ਜਿਸੁ ਪਿਆਰੇ ਸਿਉ ਨੇਹੁ*
*ਤਿਸੁ ਆਗੈ ਮਰਿ ਚਲੀਐ॥*
*ਧ੍ਰਿਗੁ ਜੀਵਣੁ ਸੰਸਾਰਿ*
*ਤਾ ਕੈ ਪਾਛੈ ਜੀਵਣਾ॥ ਪੰਨਾ – 83*

ਵਿਛੋੜੇ ਨੂੰ ਇਕ ਬਹੁਤ ਵੱਡਾ ਦੁਖ ਗਿਣਿਆ ਗਿਆ ਹੈ। ਗੁਰੂ ਮਹਾਰਾਜ ਜੀ ਨੇ ਚਾਰ ਵੱਡੇ ਦੁਖ ਗਿਣਦਿਆਂ ਫੁਰਮਾਨ ਕੀਤਾ ਹੈ ਕਿ ਵਿਛੋੜੇ ਦਾ ਦੁਖ ਸਭ ਤੋਂ ਵੱਡਾ ਹੈ ਜੋ ਸਹਿਆ ਨਹੀਂ ਜਾਂਦਾ –

*ਦੁਖੁ ਵੇਛੋੜਾ ਇਕੁ ਦੁਖੁ ਭੂਖ॥*
*ਇਕੁ ਦੁਖੁ ਸਕਤਵਾਰ ਜਮਦੂਤ॥*
*ਇਕੁ ਦੁਖੁ ਰੋਗੁ ਲਗੇ ਤਨਿ ਧਾਇ॥*
*ਵੈਦ ਨ ਭੋਲੇ ਦਾਰੂ ਲਾਇ॥*
*ਪੰਨਾ – 1256*

ਆਪਣੇ ਪਿਆਰੇ ਤੋਂ ਬਗੈਰ ਬਿਰਹਾ ਧੀਰਜ ਨਹੀਂ ਧਰਦਾ, ਨੇਤਰਾਂ ਵਿਚੋਂ ਜਲ ਜਾਂਦਾ ਹੈ, ਹਉਕੇ ਆਉਂਦੇ ਹਨ, ਰੰਗ ਜਰਦ ਹੋ ਜਾਂਦਾ ਹੈ, ਖਾਣਾ ਪੀਣਾ ਘਟ ਜਾਂਦਾ ਹੈ, ਬੋਲ ਚਾਲ ਬੰਦ ਹੋ ਜਾਂਦੀ ਹੈ, ਇੰਤਜ਼ਾਰ ਵਿਚ ਰਹਿੰਦਾ ਹੈ, ਬੇਕਾਰ ਹਿਰਦਾ ਰਹਿਣ ਕਰਕੇ ਧੀਰਜ ਨਹੀਂ ਧਰਦਾ। ਇਕ ਮਹਾਂਪੁਰਸ਼ਾਂ ਨੇ ਆਪਣੇ ਮੁਰੀਦਾਂ ਨੂੰ ਸਮਝਾਉਂਦਿਆਂ ਕਿਹਾ –

*ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,*
*ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।*
*ਕਮਗੁਫਤਨੋ, ਕਮ ਖੁਰਦਨੋਂ,*
*ਖੁਆਬਸ਼ ਹਰਾਮ,*
*ਇੰਤਜ਼ਾਰੀ, ਬੇਕਰਾਰੀ, ਦਸਤਸਰ।*

ਸੱਚੇ ਪ੍ਰੇਮੀ ਨੂੰ ਪ੍ਰੀਤਮ ਨਾਲੋਂ ਵਿਛੜ ਕੇ ਜੀਉਣਾ ਬਹੁਤ ਔਖਾ ਹੋ ਜਾਂਦਾ ਹੈ ਅਤੇ ਜਿੰਨੀ ਦੇਰ ਤਕ ਆਪਣੇ ਪਿਆਰੇ ਨੂੰ ਨਹੀਂ ਮਿਲਦਾ ਓਨਾਂ ਚਿਰ ਅੰਦਰਲਾ ਬਿਰਹਾ ਕਦੇ ਧੀਰਜ ਨਹੀਂ ਧਰਦਾ, ਸਾਰੇ ਰਾਗ ਰੰਗ, ਸੰਸਾਰਕ ਜਕੜੀਆਂ ਭੁੱਲ ਜਾਂਦੀਆਂ ਹਨ –

*ਵਿਛੋੜਾ ਸੁਣੇ ਡੁਖੁ*
*ਵਿਣੁ ਡਿਠੇ ਮਰਿਓਦਿ॥*
*ਬਾਝੁ ਪਿਆਰੇ ਆਪਣੇ*
*ਬਿਰਹੀ ਨਾ ਧੀਰੋਦਿ॥ ਪੰਨਾ – 1100*

ਗੁਰੂ ਮਹਾਰਾਜ ਜੀ ਨੇ ਇਸ ਬਿਰਹਾ ਦੀ ਤਸਵੀਰ ਖਿਚਦਿਆਂ ਫੁਰਮਾਨ ਕੀਤਾ ਹੈ –

*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ॥*
*ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ*
*ਦਰਸਨ ਸੰਤ ਪਿਆਰੇ ਜੀਉ॥*
*ਹਉ ਘੋਲੀ ਜੀਉ ਘੋਲਿ ਘੁਮਾਈ ਗੁਰ*
*ਦਰਸਨ ਸੰਤ ਪਿਆਰੇ ਜੀਉ॥*
*ਸ਼ਬਦ ਹਜ਼ਾਰੇ*

ਸੋ ਇਸ ਤਰ੍ਹਾਂ ਰਾਜਕੁਮਾਰੀ ਦੇ ਅੰਦਰ ਬਿਰਹੇ ਦੀ ਕਾਂਗ ਉਠ ਖੜ੍ਹੀ ਹੋਈ। ਅਨੇਕਾਂ ਜਤਨ ਕੀਤੇ ਗਏ। ਮਾਂ ਬਾਪ ਨੇ ਉਸ ਦਾ ਦਿਲ ਲਗਾਉਣ ਵਾਸਤੇ ਸੈਰ

ਸਪਾਟੇ ਦਾ ਪ੍ਰੋਗਰਾਮ ਬਣਾਇਆ ਪਰ ਉਸ ਦੇ ਵਾਸਤੇ ਦੁਨੀਆਂ ਵਿਚ ਆਪਣੇ ਪਿਆਰੇ ਮਹਾਂਪੁਰਸ਼ਾਂ ਤੋਂ ਬਿਨਾਂ ਕੁਝ ਮਨ ਨੂੰ ਲੁਭਾਉਣ ਵਾਲੀ ਵਸਤੂ ਨਹੀਂ ਸੀ। ਉਸਦੇ ਤਾਂ ਹਰ ਸਾਹ ਵਿਚ ਉਸ ਪਿਆਰੇ ਦੀ ਖਿੱਚ ਘਰ ਗਈ ਸੀ ਅਤੇ ਅੰਦਰ ਵਾਹਿਗੁਰੂ-ਵਾਹਿਗੁਰੂ ਦੀ ਗੂੰਜ ਸਦਾ ਹੀ ਗੂੰਜਦੀ ਰਹਿੰਦੀ ਸੀ।

ਬਿਰਹੁ ਕੁੱਠੇ ਪਿਆਰੇ ਤੋਂ ਬਿਨਾਂ ਸਾਰੀ ਸੁੱਧ ਬੁੱਧ ਭੁੱਲ ਜਾਂਦੇ ਹਨ, ਦੁਨੀਆਦਾਰੀ ਦੀ ਕੋਈ ਹੋਸ਼ ਨਹੀਂ ਰਹਿੰਦੀ, ਨਾ ਹੀ ਉਸ ਦੇ ਅੱਗੇ ਕੋਈ ਪ੍ਰੋਗਰਾਮ ਹੀ ਹੁੰਦਾ ਹੈ। ਉਸ ਦੇ ਅੰਦਰ ਤਰਲੇ ਹੁੰਦੇ ਹਨ, ਹੂਕ ਹੁੰਦੀ ਹੈ ਅਤੇ ਅੰਦਰੋਂ ਅਵਾਜ਼ ਉਠਦੀ ਹੈ -

*ਹਰਿ ਹਰਿ ਸਜਣੁ ਮੇਰਾ*
*ਪ੍ਰੀਤਮੁ ਰਾਇਆ॥*
*ਕੋਈ ਆਣਿ ਮਿਲਾਵੈ*
*ਮੇਰੇ ਪ੍ਰਾਣ ਜੀਵਾਇਆ॥*
*ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ*
*ਮੈ ਨੀਰੁ ਵਹੇ ਵਹਿ ਚਲੈ ਜੀਉ॥*

*ਪੰਨਾ - 94*

ਸਰੀਰ ਵਿਚੋਂ ਨੀਂਦ ਖਤਮ ਹੋ ਜਾਂਦੀ ਹੈ, ਸਮਾਂ ਲੰਘਣ ਤੋਂ ਰੁਕ ਜਾਇਆ ਕਰਦਾ ਹੈ ਅਤੇ ਇਹ ਜੀਵਆਤਮਾ ਕੁਰਲਾਉਂਦੀ ਹੈ, ਮਨ ਵਿਚ ਆਪਣੇ ਪਿਆਰੇ ਦੇ ਦਰਸ਼ਨਾਂ ਵਾਸਤੇ ਖਿੱਚ ਬਹੁਤ ਵੱਧ ਜਾਂਦੀ ਹੈ। ਛੋਟੇ-ਛੋਟੇ ਪੰਛੀਆਂ ਦੀਆਂ ਉਦਾਹਰਣਾਂ ਦਿੰਦੇ ਹੋਏ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਮਾਈ ਮੋਰੋ ਪ੍ਰੀਤਮੁ*
*ਰਾਮੁ ਬਤਾਵਹੁ ਰੀ ਮਾਈ॥*
*ਹਉ ਹਰਿ ਬਿਨੁ ਖਿਨੁ ਪਲੁ*
*ਰਹਿ ਨ ਸਕਉ*
*ਜੈਸੇ ਕਰਹਲੁ ਬੇਲਿ ਰੀਝਾਈ॥*
*ਹਮਰਾ ਮਨੁ ਬੈਰਾਗ ਬਿਰਕਤੁ ਭਇਓ*
*ਹਰਿ ਦਰਸਨ ਮੀਤ ਕੈ ਤਾਈ॥*
*ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ*
*ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ॥*
*ਰਾਖੁ ਸਰਣਿ ਜਗਦੀਸੁਰ ਪਿਆਰੇ*
*ਮੋਹਿ ਸਰਧਾ ਪੂਰਿ ਹਰਿ ਗੁਸਾਈ॥*
*ਜਨ ਨਾਨਕ ਕੈ ਮਨਿ ਅਨਦੁ ਹੋਤ ਹੈ*
*ਹਰਿ ਦਰਸਨੁ ਨਿਮਖ ਦਿਖਾਈ॥*

*ਪੰਨਾ - 370*

ਉਸ ਨੂੰ ਸਾਰਾ ਸੰਸਾਰ ਸੁੰਨਾ ਪ੍ਰਤੀਤ ਦਿੰਦਾ ਹੈ। ਸੰਸਾਰ ਦਾ ਕੋਈ ਰਾਗ, ਰੰਗ, ਕੋਈ ਸੁੰਦਰਤਾ ਉਸ ਨੂੰ ਲੁਭਾ ਨਹੀਂ ਸਕਦੀ ਕਿਉਂਕਿ ਜਦੋਂ ਤਕ ਉਹ ਆਪਣੇ ਪਿਆਰੇ ਨਾਲ ਮਿਲਾਪ ਨਹੀਂ ਕਰ ਲੈਂਦਾ, ਓਨੀਂ ਦੇਰ ਤਕ ਉਸ ਨੂੰ ਚੈਨ ਨਹੀਂ ਆਉਂਦੀ ਜਿਵੇਂ ਕਿ ਫੁਰਮਾਨ ਹੈ -

*ਸੁਣਿ ਨਾਹ ਪ੍ਰਭੂ ਜੀਉ*
*ਏਕਲੜੀ ਬਨ ਮਾਹੇ॥*
*ਕਿਉ ਧੀਰੈਗੀ ਨਾਹ*
*ਬਿਨਾ ਪ੍ਰਭ ਵੇਪਰਵਾਹੇ॥*
*ਧਨ ਨਾਹ ਬਾਝਹੁ ਰਹਿ ਨ ਸਾਕੈ*
*ਬਿਖਮ ਰੈਣਿ ਘਣੇਰੀਆ॥*
*ਨਹ ਨੀਦ ਆਵੈ ਪ੍ਰੇਮੁ ਭਾਵੈ*
*ਸੁਣਿ ਬੇਨੰਤੀ ਮੇਰੀਆ॥*
*ਬਾਝਹੁ ਪਿਆਰੇ ਕੋਇ ਨ ਸਾਰੇ*
*ਏਕਲੜੀ ਕੁਰਲਾਏ॥*
*ਨਾਨਕ ਸਾ ਧਨ ਮਿਲੈ ਮਿਲਾਈ*
*ਬਿਨੁ ਪ੍ਰੀਤਮ ਦੁਖੁ ਪਾਏ॥*

*ਪੰਨਾ - 243*

ਸਾਰਾ ਸੰਸਾਰ ਪੁੰਨਿਆਂ ਦੇ ਚੰਦਰਮਾ ਨੂੰ ਸੀਤਲ ਆਖਦਾ ਹੈ, ਪਰ ਪ੍ਰੀਤਮ ਵਿਛੋੜੇ ਦੀ ਅਗਨੀ ਦੇ ਸਾਮ੍ਹਣੇ ਅੱਗ ਦੀ ਚੁਆਤੀ ਦੇ ਤੁਲ ਹੈ। ਇਸ ਬਿਰਹ ਪੀੜਾ ਦੀ ਅਗਨੀ ਸਰੀਰ ਵਿਚ ਅਣਗਿਣਤ ਚੰਗਿਆੜੀਆਂ ਛੱਡ ਰਹੀ ਹੈ। ਵਿਛੋੜੇ ਦੀ ਪੀੜਾ ਦੇ ਹਉਕੇ ਮਾਨੋ ਫਨੀਅਰ ਸੱਪ ਦੇ ਫੁੰਕਾਰ ਹਨ। ਇਹ ਬਿਰਹੋਂ ਦੀ ਅਗਨੀ ਇਤਨੀ ਪ੍ਰਬਲ ਹੈ ਕਿ ਇਸ ਅਗਨੀ ਨੂੰ ਛੂੰਹਦਿਆਂ ਪੱਥਰ ਪਾਟ ਕੇ ਟੋਟੇ ਹੋ ਜਾਂਦੇ ਹਨ ਅਤੇ ਬਹੁਤ ਰੋਕਦਿਆਂ ਵੀ ਛਾਤੀ ਦੋ ਟੋਟੇ ਹੋ ਰਹੀ ਹੈ। ਪਿਆਰੇ ਪ੍ਰੀਤਮ ਦੇ ਵਿਛੜਨ ਨਾਲ ਜੀਣਾ ਮਰਨਾ ਬੋਝਲ ਹੋ ਗਿਆ ਹੈ। ਪ੍ਰੇਮ ਦੀ ਪਰਤੱਗਿਆ ਪਾਲਣ ਵਿਚ ਮਾਨੋਂ ਕੋਈ ਭਾਰੀ ਭੁੱਲ ਹੋ ਗਈ ਹੈ ਜਿਸ ਕਾਰਨ ਮਨੁੱਖਾ ਜਨਮ ਨੂੰ ਲਾਜ ਲਗ ਰਹੀ ਹੈ ਭਾਵ ਜਨਮ ਬਿਰਥਾ ਜਾ ਰਿਹਾ ਹੈ।

*ਪੂਰਨਿ ਸਰਦ ਸਸਿ ਸਕਲ ਸੰਸਾਰ ਕਹੈ,*
*ਮੇਰੇ ਜਾਨੇ ਬਰ ਬੈਸੰਤਰ ਕੀ ਉਕ ਹੈ॥*
*ਅਗਨ ਅਗਨ ਤਨ ਮਧਿ ਚਿਨਗਾਰੀ ਛਾਡੈ,*
*ਬਿਰਹ ਉਸਾਸ ਮਾਨੋ ਫੰਨਗ ਕੀ ਫੂਕ ਹੈ॥*
*ਪਰਸਤ ਪਾਵਕ ਪਖਾਨ ਫੂਟਿ ਟੂਟ ਜਾਤ,*
*ਛਾਤੀ ਅਤਿ ਬਰਜਨ ਹੋਇ ਦੋਇ ਟੂਕ ਹੈ॥*
*ਪੀਯ ਕੇ ਸਿਧਾਰੇ ਭਾਰੀ ਜੀਵਨ ਮਰਨ ਭਏ,*
*ਜਨਮ ਲਜਾਯੋ ਪ੍ਰੇਮ ਨੇਮ ਚਿਤ ਚੂਕ ਹੈ॥ ੫੭੩*

ਪਿਆਰੇ ਪ੍ਰੀਤਮ ਤੋਂ ਬਿਨਾਂ ਸੁਖ ਦੇਣ ਵਾਲੀਆਂ ਸੇਜਾਂ, ਬਹੁਤ ਹੀ ਸੋਹਣੇ ਬਣੇ ਮੰਦਰ, ਘਰ ਅਤੇ ਅਨੇਕਾਂ ਹੀ ਰੂਪ ਰੰਗ ਖਿੱਚ ਨਹੀਂ ਪਾਉਂਦੇ, ਸਗਮਾਂ ਡਰਾਉਣੇ ਲਗਦੇ ਹਨ, ਜਮਦੂਤਾਂ ਵਰਗੇ ਲਗਦੇ ਹਨ। ਆਪਣੇ ਪਿਆਰੇ ਤੋਂ ਬਿਨਾਂ ਰਾਗ ਅਤੇ ਉਨ੍ਹਾਂ ਦੀਆਂ ਧੁਨੀਆਂ, ਵਾਜੇ ਗਾਜੇ, ਕਥਾ ਕਹਾਣੀਆਂ ਸਰੀਰ ਨੂੰ ਇਉਂ ਪੋਂਹਦੀਆਂ ਹਨ ਜਿਵੇਂ ਤਿੱਖੇ ਅਤੇ ਅਸਹਿ ਤੀਰ ਹਿਰਦੇ ਨੂੰ ਵਿੰਨਦੇ ਹੋਣ। ਪਿਆਰੇ ਪ੍ਰੀਤਮ ਤੋਂ ਬਿਨਾਂ ਭੋਜਨ, ਵਸਤਰ ਅਤੇ ਭਾਂਤ-ਭਾਂਤ ਦੇ ਸੁਖ, ਭਿਆਨਕ ਜ਼ਹਿਰ ਅਤੇ ਅੱਗ ਦੇ ਸਮਾਨ ਹਨ। ਜਿਵੇਂ ਪਾਣੀ ਵਿਚ ਵਿਚਰਦੀ ਮੱਛੀ ਲਈ ਪਿਆਰੇ ਪਾਣੀ ਤੋਂ ਬਿਨਾਂ ਹੋਰ ਕੋਈ ਜੀਉਣ ਦਾ ਮਨੋਰਥ ਨਹੀਂ, ਇਸੇ ਤਰ੍ਹਾਂ ਮੇਰੇ ਲਈ ਪਿਆਰੇ ਪ੍ਰੀਤਮ ਤੋਂ ਬਿਨਾਂ ਹੋਰ ਕੋਈ ਜੀਵਨ ਪ੍ਰਯੋਜਨ ਨਹੀਂ ਹੈ।

*ਬਿਨੁ ਪ੍ਰਿਯ ਸਿਹਜਾ ਭਵਨ ਆਨ ਰੂਪ ਰੰਗ,*
*ਦੇਖੀਐ ਸਕਲ ਜਮ-ਦੂਤ ਭੈ ਭਯਾਨ ਹੈ ॥*
*ਬਿਨੁ ਪ੍ਰਿਯ ਰਾਗ ਨਾਦ ਬਾਦ*
*ਗਿਆਨ ਆਨ ਕਥਾ,*
*ਲਾਗੈ ਤਨ ਤੀਛਨ ਦੁਸਹ ਉਰ ਬਾਨ ਹੈ।।*
*ਬਿਨੁ ਪ੍ਰਿਯ ਅਸਨ ਬਸਨ ਅੰਗ ਅੰਗ ਸੁਖ,*
*ਬਿਖਿਆ ਬਿਖਮੁ ਅਉ ਬੈਸੰਤਰ ਸਮਾਨ ਹੈ ॥*
*ਬਿਨੁ ਪ੍ਰਿਯ ਮਾਨੋ ਮੀਨ ਸਲਿਲ ਅੰਤਰਗਤਿ,*
*ਜੀਵਨ ਜਤਨ ਬਿਨੁ ਪ੍ਰੀਤਮ ਨ ਆਨ ਹੈ ॥ ੫੭੪*

ਸੰਸਾਰ ਮਾਇਆ ਦੇ ਸਖਤ ਸੰਗਲਾਂ ਨਾਲ ਜਕੜਿਆ ਪਿਆ ਹੈ ਇਸ ਵਿਚੋਂ ਕਿਸੇ ਢੰਗ ਨਾਲ ਵੀ ਨਿਕਲਿਆ ਨਹੀਂ ਜਾ ਸਕਦਾ ਪਰ ਇਸ ਦੇ ਬੰਧਨਾਂ ਨੂੰ ਕੱਟਣ ਵਾਲਾ ਜੋ ਕੁਹਾੜਾ ਹੈ ਉਹ ਬੈਰਾਗ ਹੈ, ਜਦੋਂ ਤਕ ਆਦਮੀ ਦੇ ਚਿਤ ਵਿਚ ਬੈਰਾਗ ਪੈਦਾ ਨਹੀਂ ਹੁੰਦਾ ਉਸ ਦਾ ਮਨ ਮਾਇਆ ਵਿਚ ਲੱਗਿਆ ਰਹਿੰਦਾ ਹੈ। ਮਾਇਆ ਦੇ ਭੋਗ ਉਸ ਨੂੰ ਆਕਰਸ਼ਤ ਕਰਦੇ ਹਨ, ਮਾਇਆ ਦੇ ਸਬੰਧ ਕਰਕੇ ਉਸਨੂੰ ਇਕ ਝੂਠੀ ਆਸ ਵਿਚ ਬੰਨ੍ਹਦੇ ਰਹਿੰਦੇ ਹਨ ਪਰ ਅੰਤ ਵਿਚ ਜੀਵ ਸੰਸਾਰ ਤੋਂ ਰੋਂਦਾ ਹੋਇਆ ਖਾਲੀ ਹੱਥ ਚਲਿਆ ਜਾਂਦਾ ਹੈ, ਕੋਈ ਵੀ ਇਸ ਦੇ ਨਾਲ ਨਹੀਂ ਜਾਂਦਾ। ਫੇਰ ਇਹ ਪਛਤਾਉਂਦਾ ਹੈ ਕਿ ਮੈਂ ਆਪਣਾ ਸਾਰਾ ਜਨਮ ਬਰਬਾਦ ਕਰ ਲਿਆ। ਪ੍ਰਭੂ ਨੂੰ ਮਿਲਣ ਵਾਸਤੇ ਮੈਂ ਮਨੁੱਖਾ ਜਨਮ ਧਾਰਿਆ ਸੀ। 84 ਲੱਖ ਜੂਨਾਂ ਦੇ ਗੇੜੇ ਜਦੋਂ ਤੋਂ ਸੰਸਾਰ ਰਚਿਆ ਓਦੋਂ ਤੋਂ ਖਾ ਰਿਹਾ ਸੀ ਪਰ ਇਹ ਮਾਇਆ ਦੇ ਮੋਹ ਵਿਚ ਆਪਣਾ ਜਨਮ ਬਿਰਥਾ ਗਵਾ ਰਿਹਾ ਹੈ। ਜਿਵੇਂ ਕਿ –

*ਕਬੀਰ ਇਹੁ ਤਨੁ ਜਾਇਗਾ*
*ਸਕਹੁ ਤ ਲੇਹੁ ਬਹੋਰਿ ॥*
*ਨਾਗੇ ਪਾਵਹੁ ਤੇ ਗਏ*
*ਜਿਨ ਕੇ ਲਾਖ ਕਰੋਰਿ ॥ ਪੰਨਾ – 1365*

ਕਬੀਰ ਇਹ ਇਸ ਮਾਇਆ ਨੇ ਮਿਤਰਤਾ ਤਾਂ ਕੀ ਕਰਨੀ ਸੀ ਇਸ ਨੇ ਅਨੇਕਾਂ ਕਸ਼ਟਾਂ ਵਿਚ ਮੈਨੂੰ ਪਾ ਦਿਤਾ। ਉਸ ਦੇ ਅਨੇਕਾਂ ਫਲ ਮੈਨੂੰ ਚਿੰਬੜ ਗਏ ਅਤੇ ਫੇਰ ਮਾਨਸ ਪਦਵੀ ਤੋਂ ਗਿਰ ਕੇ ਜੂਨਾਂ ਵਿਚ ਪੈ ਗਿਆ। ਫੇਰ ਪਤਾ ਨਹੀਂ ਕਦੋ ਅਜਿਹਾ ਸਮਾਂ ਆਵੇਗਾ, ਕਿਹੋ ਜਿਹੇ ਉਸ ਸਮੇਂ ਹਾਲਾਤ ਹੋਣਗੇ, ਕੋਈ ਸਾਧੂ, ਮਹਾਤਮਾ ਮਿਲੇਗਾ ਜਾਂ ਨਹੀਂ, ਕਿਸੇ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਪ੍ਰਾਪਤ ਹੋਵੇਗੀ ਕਿ ਨਹੀਂ, ਤਤੂ ਗਿਆਨ ਪ੍ਰਾਪਤ ਹੋਵੇਗਾ ਜਾਂ ਨਹੀਂ। ਅਨੇਕਾਂ ਕਿਸਮ ਦੇ ਸ਼ੰਕੇ ਜੀਵ ਦੇ ਮਨ ਵਿਚ ਆਉਂਦੇ ਹਨ ਅਤੇ ਮਾਇਆ ਦੇ ਵਿਚ ਲਗ ਕੇ ਇਹ ਜੋ ਕਰਮ ਕਰਦਾ ਹੈ ਉਹ ਸਾਰੇ ਇਸਨੂੰ ਭੋਗਣੇ ਪੈਂਦੇ ਹਨ। ਉਨ੍ਹਾਂ ਕਰਮਾਂ ਕਰਕੇ ਇਸ ਨੂੰ ਅਨੇਕ ਜੂਨੀਆਂ ਵਿਚ ਘੁੰਮਣਾ ਪੈਂਦਾ ਹੈ। ਗੁਰੂ ਮਹਾਰਾਜ ਜੀ ਨੇ ਤਾਂ ਇਥੋਂ ਤਕ ਫੁਰਮਾਇਆ ਹੈ ਕਿ ਇਹ ਜੋ ਮਾਇਆ ਜੀਵ ਨੂੰ ਬੰਨ੍ਹ ਰਹੀ ਹੈ ਉਹ ਆਪਣਾ ਬਹੁਤ ਹੀ ਸੁੰਦਰ ਰੂਪ ਦਿਖਾਉਂਦੀ ਹੈ, ਖਿੱਚਾਂ ਪਾਉਂਦੀ ਹੈ, ਕਿਤੇ ਸੋਹਣੇ ਬਾਗ ਬਗੀਚੇ, ਸੁੰਦਰ ਸਵਾਰੀਆਂ ਰਾਹੀਂ ਖਿਚਦੀ ਹੈ, ਕਿਤੇ ਇਹ ਰਾਜਸੀ ਸ਼ਕਤੀ ਦਿਖਾ ਕੇ ਉਚੀਆਂ ਪਦਵੀਆਂ ਦੇ ਨਸ਼ੇ ਚਾੜ੍ਹਦੀ ਹੈ। ਇਸ ਦੇ ਅਨੇਕਾਂ ਰੂਪ ਹਨ, ਅਨੇਕਾਂ ਕਰਤੱਬ ਹਨ, ਇਸ ਦਾ ਕੰਮ ਹੀ ਇਹ ਹੈ ਕਿ ਅਸਲ ਨੂੰ ਨਕਲ ਦਿਖਾਵੇ, ਅਸਲ ਚੀਜ਼ ਵਲ ਜੀਵ ਦਾ ਧਿਆਨ ਹੀ ਨਾ ਜਾਵੇ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਇਨਿ ਮਾਇਆ ਜਗਦੀਸ ਗੁਸਾਈ*
*ਤੁਮਰੇ ਚਰਨ ਬਿਸਾਰੇ ॥*
*ਕਿੰਚਤ ਪ੍ਰੀਤਿ ਨ ਉਪਜੈ ਜਨ ਕਉ*
*ਜਨ ਕਹਾ ਕਰਹਿ ਬੇਚਾਰੇ ॥*

*ਪੰਨਾ – 857*

ਗੁਰੂ ਮਹਾਰਾਜ ਜੀ ਇਸ ਜੀਵ ਨੂੰ ਸਾਵਧਾਨ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਐ ਜੀਵ! ਆਇਆ ਤਾਂ ਤੂੰ ਪ੍ਰਮੇਸ਼ਰ ਨੂੰ ਮਿਲ ਕੇ ਆਪਣੇ ਦੁਖਾਂ ਨੂੰ ਖਤਮ ਕਰਨ ਲਈ ਅਤੇ ਸਤਿ ਦਾ ਗਿਆਨ ਪ੍ਰਾਪਤ ਕਰਕੇ ਸਦਾ ਲਈ ਅਗਿਆਨ ਦਾ ਹਨ੍ਹੇਰਾ ਦੂਰ ਕਰਨ ਲਈ ਸੀ ਪਰ ਤੂੰ ਪ੍ਰਮੇਸ਼ਰ ਨੂੰ ਪਿੱਠ ਦੇ ਕੇ ਉਨ੍ਹਾਂ ਨੀਵੇਂ ਕੰਮਾਂ ਵਿਚ ਪ੍ਰਵਿਰਤ ਹੋ ਗਿਆ ਜਿਨ੍ਹਾਂ ਨੂੰ ਪਾਪ ਆਖਿਆ ਜਾਂਦਾ ਹੈ। ਉਹ ਤੂੰ ਪਾਪਾਂ ਦਾ ਕੂੜ ਕੁਬਾੜ ਐਨਾ ਇਕੱਠਾ ਕਰ ਲਿਆ ਕਿ ਉਸ ਦੀਆਂ ਤੈਹਾਂ ਦੀਆਂ ਤੈਹਾਂ ਅੰਤਸ਼ਕਰਣ ਵਿਚ ਜੰਮ ਗਈਆਂ ਜਿਸ ਸ਼ੀਸ਼ੇ ਰਾਹੀਂ ਇਸ ਨੇ ਆਪਣੇ ਅਸਲੀ ਸਰੂਪ ਆਤਮਾ ਦੇ ਦਰਸ਼ਨ ਕਰਨੇ ਸਨ ਉਥੇ ਐਨੀ ਮੈਲ ਲਗ ਗਈ, ਚਿਕੜ ਐਨਾ ਹੋ ਗਿਆ ਉਥੋਂ ਹੱਥਾਂ ਨਾਲ ਕੱਢਣਾ ਹੀ ਮੁਸ਼ਕਲ ਹੋ ਗਿਆ। ਇਹ ਸਰੀਰ ਐਨਾ ਨੀਵਾਂ ਤਲਾਅ ਹੈ ਇਸ ਵਿਚ ਹਵਾ ਦੇ ਵੇਗ ਨਾਲ ਘਾਹ, ਫੂਸ, ਮਿੱਟੀ, ਕੰਕਰ ਉਡ ਕੇ ਗਿਰ ਰਹੇ ਹਨ ਜੋ ਹਰ ਛਿਨ ਅੰਦਰ ਛੁਪੇ ਹੋਏ ਤੱਤ ਰੂਪ ਵਿਚ ਆਤਮਾ ਉਪਰ ਮੈਲ ਦੇ ਰੂਪ ਵਿਚ ਚੜ੍ਹਦੇ ਜਾਂਦੇ ਹਨ। ਮਾਇਆ ਨੇ ਤੇਰਾ ਸੁਭਾਅ ਐਸਾ ਬਣਾ ਦਿਤਾ ਹੈ ਕਿ ਤੂੰ ਕਦੇ ਵੀ ਧਿਆਨ ਨਹੀਂ ਦਿੰਦਾ ਕਿ ਮੈਂ ਇਨ੍ਹਾਂ ਕੁਬਾੜਾਂ ਨੂੰ ਨਾਲ ਦੀ ਨਾਲ ਕੱਢੀ ਜਾਵਾਂ ਪਰ ਜਦੋਂ ਤੈਨੂੰ ਸਮਝ ਆਉਂਦੀ ਹੈ ਤਾਂ ਉਸ ਵੇਲੇ ਫੇਰ ਇਹ ਐਨਾ ਇਕੱਠਾ ਹੋ ਜਾਂਦਾ ਹੈ ਕਿ ਹੱਥਾਂ ਨਾਲ ਕੱਢਣਾ ਮੁਸ਼ਕਲ ਹੋ ਜਾਂਦਾ ਹੈ। ਮਹਾਰਾਜ ਜੀ ਕਹਿੰਦੇ ਹਨ ਕਿ ਜੇ ਤੂੰ ਇਹ ਗੰਦ ਆਪਣੇ ਅੰਦਰੋਂ ਕੱਢ ਕੇ ਅੰਤਸ਼ਕਰਣ ਨੂੰ ਸਾਫ ਕਰ ਲਿਆ ਹੁੰਦਾ ਤਾਂ ਤੂੰ ਪ੍ਰਭੂ ਪ੍ਰਾਪਤੀ ਕਰਨ ਦੇ ਨੇੜੇ ਪਹੁੰਚ ਜਾਂਦਾ। ਪਰ ਹੁਣ ਤੂੰ ਆਪਣੇ ਅੰਦਰ ਐਨਾ ਕੂੜ ਕੁਬਾੜ ਸੁੱਟ ਲਿਆ ਕਿ ਇਸ ਨੂੰ ਇਕ ਜਨਮ ਵਿਚ ਸਾਫ ਕਰਨਾ ਮੁਸ਼ਕਲ ਹੈ। ਹਨ੍ਹੇਰੇ ਵਿਚ ਇਹ ਐਨੇ ਵਿਗੜੇ ਹੋਏ ਕੰਮ ਕਰਦਾ ਹੈ ਜਿਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਇਸ ਦੀਆਂ ਆਦਤਾਂ ਪੱਕ ਜਾਂਦੀਆਂ ਹਨ ਅਤੇ ਇਸ ਨੂੰ ਪ੍ਰਮੇਸ਼ਰ ਨਾਲ ਮਨ ਲਾਉਣਾ ਔਖਾ ਹੋ ਜਾਂਦਾ ਹੈ। ਸਹਿਮ, ਡਰ, ਦੁਖ ਵਿਗੜੇ ਕੰਮਾਂ ਦਾ ਸਜ਼ਾ ਪਤਾ ਨਹੀਂ ਇਸ ਨੂੰ ਕਿੰਨੇ ਕੁ ਦੁਖ ਦੇਵੇਗੀ। ਬਾਣੀ ਵਿਚ ਫੁਰਮਾਨ ਆਉਂਦਾ ਹੈ –

*ਨਾਨਕ ਇਹੁ ਤਨੁ ਜਾਲਿ*
*ਜਿਨਿ ਜਲਿਐ ਨਾਮੁ ਵਿਸਾਰਿਆ॥*
*ਪਉਦੀ ਜਾਇ ਪਰਾਲਿ*
*ਪਿਛੈ ਹਥੁ ਨ ਅੰਬੜੈ*
*ਤਿਤੁ ਨਿਵੰਧੈ ਤਾਲਿ॥*
*ਨਾਨਕ ਮਨ ਕੇ ਕੰਮ ਫਿਟਿਆ*
*ਗਣਤ ਨ ਆਵਹੀ॥*
*ਕਿਤੀ ਲਹਾ ਸਹੰਮ ਜਾ ਬਖਸੇ*
*ਤਾ ਧਕਾ ਨਹੀ॥* *ਪੰਨਾ - 789*

ਮਹਾਰਾਜ ਜੀ ਇਸ ਮਾਇਆ ਦੇ ਬਾਰੇ ਦਸਦੇ ਹਨ ਕਿ-

*ਮਾਇਆ ਹੋਈ ਨਾਗਨੀ*
*ਜਗਤਿ ਰਹੀ ਲਪਟਾਇ॥*
*ਇਸ ਕੀ ਸੇਵਾ ਜੋ ਕਰੇ*
*ਤਿਸ ਹੀ ਕਉ ਫਿਰਿ ਖਾਇ॥*
*ਪੰਨਾ - 510*

ਇਹ ਮਾਇਆ ਕਿਸੇ ਤਰੀਕੇ ਨਾਲ ਵੀ ਆਦਮੀ ਨੂੰ ਨਹੀਂ ਛੱਡਦੀ। ਗੁਰਬਾਣੀ ਵਿਚ ਦਸਿਆ ਗਿਆ ਹੈ। ਇਸ ਦੇ ਬਾਰੇ ਫੁਰਮਾਨ ਹੈ ਕਿ ਮੇਰਾ ਮਨ ਨਾ ਜੋਗ ਵਿਚ ਲੱਗਿਆ ਹੈ, ਨਾ ਧਿਆਨ ਵਿਚ ਲੱਗਿਆ ਹੈ, ਮੇਰਾ ਚਿਤ ਮਾਇਆ ਦੇ ਅਧੀਨ ਹੋਣ ਕਰਕੇ ਕਿਸ ਤਰ੍ਹਾਂ ਦੇ ਨਾਲ ਛੁਟਕਾਰਾ ਪਾਵੇਗਾ ਕਿਉਂਕਿ ਮੇਰੇ ਅੰਦਰ ਬੈਰਾਗ ਪੈਦਾ ਨਹੀਂ ਹੋਇਆ, ਬੈਰਾਗ ਤੋਂ ਬਗੈਰ ਮਾਇਆ ਤੋਂ ਛੁਟਕਾਰਾ ਨਹੀਂ ਹੋਇਆ ਕਰਦਾ। ਫੁਰਮਾਨ ਹੈ -

*ਨਾ ਮੈ ਜੋਗ ਧਿਆਨ ਚਿਤੁ ਲਾਇਆ॥*
*ਬਿਨੁ ਬੈਰਾਗ ਨ ਛੂਟਸਿ ਮਾਇਆ॥*
*ਪੰਨਾ - 329*

ਬੈਰਾਗ ਨੂੰ ਪੈਦਾ ਕਰਨ ਵਾਲੀ ਇਕੋ ਇਕ ਸ਼ਕਤੀਸ਼ਾਲ ਮਾਨਸਿਕ ਅਵਸਥਾ ਹੈ ਜਿਸ ਵਿਚ ਬਿਰਹਾ ਦੇ ਭਾਵ ਪੂਰੀ ਤਰ੍ਹਾਂ ਨਾਲ ਰਚੇ ਹੋਣ।

ਭਾਈ ਤਿਲੋਕਾ ਜੀ ਸਰੀਰ ਛੱਡ ਗਏ। ਰਾਜਕੁਮਾਰੀ ਨੂੰ ਬਹੁਤ ਸਾਰੇ ਬਚਨ ਦੱਸੇ ਗਏ ਜਿਨ੍ਹਾਂ ਰਾਹੀਂ ਕਮਾਈ ਕਰਕੇ ਉਹ ਸਚਖੰਡ ਵਿਚ ਪ੍ਰਵੇਸ਼ ਕਰ ਸਕਦੀ ਹੈ ਜਿਥੇ ਜਾ ਕੇ ਆਪਣੇ ਸਰੂਪ ਦਾ ਪੂਰਨ ਗਿਆਨ ਹੋ ਕੇ ਪੂਰਨ ਮੇਲ ਹੋ ਜਾਂਦਾ ਹੈ ਉਸ ਥਾਂ ਉਪਰ ਦੂਜਾ ਕੋਈ ਹੈ ਹੀ ਨਹੀਂ, ਆਪੇ ਹੀ ਆਪ ਹੈ ਜਿਸ ਦੇ ਬਾਰੇ ਫੁਰਮਾਨ ਹੈ -

*ਬੇਗਮ ਪੁਰਾ ਸਹਰ ਕੋ ਨਾਉ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ॥*
*ਨਾਂ ਤਸਵੀਸ ਖਿਰਾਜੁ ਨ ਮਾਲੁ॥*
*ਖਉਫੁ ਨ ਖਤਾ ਨ ਤਰਸੁ ਜਵਾਲੁ॥*
*ਅਬ ਮੋਹਿ ਖੂਬ ਵਤਨ ਗਹ ਪਾਈ॥*
*ਊਹਾਂ ਖੈਰਿ ਸਦਾ ਮੇਰੇ ਭਾਈ॥*
*ਕਾਇਮੁ ਦਾਇਮੁ ਸਦਾ ਪਾਤਿਸਾਹੀ॥*
*ਦੋਮ ਨ ਸੇਮ ਏਕ ਸੋ ਆਹੀ॥*
*ਆਬਾਦਾਨੁ ਸਦਾ ਮਸਹੂਰ॥*
*ਊਹਾਂ ਗਨੀ ਬਸਹਿ ਮਾਮੂਰ॥*
*ਤਿਉ ਤਿਉ ਸੈਲ ਕਰਹਿ ਜਿਉ ਭਾਵੈ॥*
*ਮਹਰਮ ਮਹਲ ਨ ਕੋ ਅਟਕਾਵੈ॥*
*ਕਹਿ ਰਵਿਦਾਸ ਖਲਾਸ ਚਮਾਰਾ॥*
*ਜੋ ਹਮ ਸਹਰੀ ਸੁ ਮੀਤੁ ਹਮਾਰਾ॥*
*ਪੰਨਾ - 345*

ਬੈਰਾਗ ਕਿਸ ਨੂੰ ਆਖਿਆ ਜਾਂਦਾ ਹੈ, ਇਹ ਕੀ ਹੁੰਦਾ ਹੈ? ਕਿਉਂਕਿ ਜਦੋਂ ਤਕ ਬੈਰਾਗ ਨਹੀਂ ਆਉਂਦਾ, ਮਾਇਆ ਦੇ ਕਰੜੇ ਸੰਗਲ ਟੁਟਿਆ ਨਹੀਂ ਕਰਦੇ। ਬੈਰਾਗ ਦੇ ਦੋ ਰੂਪ ਹੁੰਦੇ ਹਨ। ਪਹਿਲੇ ਵਿਚ ਵਾਹਿਗੁਰੂ ਜੀ ਦੀ ਪ੍ਰਾਪਤੀ ਦੀ ਪੂਰਨ ਇੱਛਾ ਹੁੰਦੀ ਹੈ, ਚਿਤ ਵਿਚ ਖਿੱਚ ਪਈ ਰਹਿੰਦੀ ਹੈ। ਅੱਖਾਂ ਵਿਚ ਹੰਝੂ ਵਗਦੇ ਹਨ। ਹਰ ਵਕਤ ਮਿਲਾਪ ਦੀ ਭਾਵਨਾ ਪਰਬਲ ਰਹਿੰਦੀ ਹੈ ਜਿਵੇਂ ਕਿ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ*
*ਓਹ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ*
*ਓਹ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ*
*ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ*
*ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਦੂਸਰੇ ਹਿੱਸੇ ਵਿਚ ਉਹ ਚੀਜ਼ਾਂ ਜਿਹੜੀਆਂ ਵਾਹਿਗੁਰੂ ਜੀ ਦੀ ਪ੍ਰਾਪਤੀ ਵਿਚ ਵਿਘਨਕਾਰੀ ਹੋਣ, ਉਨ੍ਹਾਂ ਦਾ ਪੂਰਨ ਰੂਪ ਵਿਚ ਤਿਆਗ ਮਨ ਵਿਚ ਪਰਪੱਕ ਹੋਇਆ ਕਰਦਾ ਹੈ। ਸੰਸਾਰ ਵਿਚ ਸੁਖਾਂ ਦੀ ਕੋਈ ਗਿਣਤੀ ਨਹੀਂ ਹੈ, ਸੰਸਾਰ ਵਿਚ ਇਛਾਵਾਂ ਦੀ ਪੂਰਤੀ ਹੋਣ ਕਰਕੇ ਥੋੜ੍ਹੀ ਦੇਰ ਲਈ ਮਨ ਵਿਚ ਸੁੱਖ ਦਾ ਝਲਕਾ ਦਿੰਦੀ ਹੈ ਅਤੇ ਆਦਮੀ ਦੇ ਮਨ ਵਿਚ ਖਿਆਲ ਹੁੰਦੇ ਹਨ ਕਿ ਜੇ ਇਹ ਛਿਨਭੰਗਰ ਵਸਤੂਆਂ ਮੈਨੂੰ ਪ੍ਰਾਪਤ ਹੋ ਜਾਣ ਤਾਂ ਮੈਂ ਸੁਖੀ ਹੋ ਜਾਵਾਂ, ਇਸ ਕਰਕੇ ਉਹ ਅਕਾਰਨ ਹੀ ਤੇਲੀ ਦੇ ਬਲਦ ਵਾਂਗ ਪੈੜ ਵਿਚ ਚਲਦਾ ਕੋਲ੍ਹੂ ਖਿੱਚਣ ਵਿਚ ਹੀ ਜੁਟਿਆ ਰਹਿੰਦਾ ਹੈ, ਸੁਖ ਇਹ ਅੱਗੇ ਹੀ ਅੱਗੇ ਵਧਦਾ ਜਾਂਦਾ ਹੈ। ਭਰਥਰੀ ਜੀ ਕਹਿੰਦੇ ਹਨ ਜਿਉਂ-ਜਿਉਂ ਅਸੀਂ ਭੋਗਾਂ ਨੂੰ ਭੋਗਦੇ ਹਾਂ, ਉਹ ਪਰਤ ਕੇ ਬੰਦੇ ਨੂੰ ਭੋਗਣੇ ਸ਼ੁਰੂ ਕਰ ਦਿੰਦੇ ਹਨ। ਆਦਮੀ ਭੋਗਾਂ ਵਿਚ ਰਚਿਆ ਹੋਇਆ ਭੋਗਾਂ ਦੇ ਅਸਰ ਨਾਲ ਗਲ ਜਾਇਆ ਕਰਦਾ ਹੈ ਜਿਵੇਂ ਕਿ-

*ਕਾਮੁ ਕ੍ਰੋਧੁ ਕਾਇਆ ਕਉ ਗਾਲੈ॥*
*ਜਿਉ ਕੰਚਨ ਸੋਹਾਗਾ ਢਾਲੈ॥*
*ਪੰਨਾ - 932*

ਕਾਮ ਭੋਗ ਪਹਿਲਾਂ ਖਿਚ ਵਾਲੇ ਪ੍ਰਤੀਤ ਦਿੰਦੇ

ਹਨ ਪਰ ਜਿਉਂ-ਜਿਉਂ ਆਦਮੀ ਇਸ ਵਿਚ ਰਚਦਾ ਜਾਂਦਾ ਹੈ ਤਿਉਂ-ਤਿਉਂ ਇਨ੍ਹਾਂ ਦੀ ਸੀਮਾ ਅੱਗੇ ਹੀ ਅੱਗੇ ਵਧਦੀ ਜਾਂਦੀ ਹੈ। ਮਾਨਸਿਕ ਭੁੱਖ ਕਦੇ ਨਹੀਂ ਉਤਰਦੀ, ਚਾਹੇ ਉਹ ਭੋਗ ਸਰੀਰਕ ਹੋਣ, ਚਾਹੇ ਮਾਨਸਿਕ ਹੋਣ, ਚਾਹੇ ਕਾਮ ਭੋਗ ਹੋਣ, ਚਾਹੇ ਉਹ ਕੰਨਾਂ ਨਾਲ ਸੁਣਨ ਵਾਲੇ ਕਾਮੁਕ ਗੀਤਾਂ ਦੇ ਰੂਪ ਵਿਚ ਭੋਗ ਹੋਣ। ਗੁਰਬਾਣੀ ਵਿਚ ਇਸ ਤਰ੍ਹਾਂ ਫੁਰਮਾਨ ਆਉਂਦਾ ਹੈ-

*ਰਸੁ ਸੁਇਨਾ ਰਸੁ ਰੁਪਾ*
*ਕਾਮਣਿ ਰਸੁ ਪਰਮਲ ਕੀ ਵਾਸੁ॥*
*ਰਸੁ ਘੋੜੇ ਰਸੁ ਸੇਜਾ ਮੰਦਰ*
*ਰਸੁ ਮੀਠਾ ਰਸੁ ਮਾਸੁ॥*
*ਏਤੇ ਰਸ ਸਰੀਰ ਕੇ*
*ਕੈ ਘਟਿ ਨਾਮ ਨਿਵਾਸੁ॥*

*ਪੰਨਾ - 15*

ਸੋ ਇਨ੍ਹਾਂ ਭੋਗਾਂ ਦੀ ਵਾਸ਼ਨਾ ਅਤੇ ਭੋਗਾਂ ਦੇ ਰਸ ਸਰੀਰ ਦੇ ਕਣ-ਕਣ ਵਿਚ ਸਮਾਅ ਜਾਂਦੇ ਹਨ। ਭਾਵੇਂ ਸਾਰੇ ਭੋਗ ਪ੍ਰਭੂ ਪਿਆਰ ਤੋਂ ਵਿਮੁਖ ਕਰਦੇ ਹਨ ਪਰ ਫੇਰ ਵੀ ਇਹ ਭੁੱਲਿਆ ਹੋਇਆ ਬੰਦਾ ਇਨ੍ਹਾਂ ਭੋਗਾਂ ਵਿਚ ਬਾਰ-ਬਾਰ ਪਰਚਦਾ ਹੈ। ਕੁੱਤੇ ਨੂੰ ਨਹੀਂ ਪਤਾ ਹੁੰਦਾ ਕਿ ਹੱਡੀ ਚੱਬਣ ਸਮੇਂ ਮੈਨੂੰ ਕਿਥੋਂ ਰਸ ਆ ਰਿਹਾ ਹੈ। ਉਹ ਹੱਡੀ ਨੂੰ ਚੱਬਦਾ ਰਹਿੰਦਾ ਹੈ। ਉਸ ਨੂੰ ਨਹੀਂ ਪਤਾ ਜੋ ਮੈਨੂੰ ਰਸ ਆ ਰਿਹਾ ਹੈ ਉਹ ਉਸ ਦੇ ਹੀ ਜਬਾੜਿਆਂ ਵਿਚੋਂ ਨਿਕਲੇ ਹੋਏ ਖੂਨ ਦਾ ਆ ਰਿਹਾ ਹੈ ਉਹ ਸਮਝਦਾ ਹੈ ਕਿ ਮੈਨੂੰ ਹੱਡੀ ਵਿਚੋਂ ਸੁਆਦ ਆ ਰਿਹਾ ਹੈ। ਇਸੇ ਤਰ੍ਹਾਂ ਨਾਲ ਭੋਗਾਂ ਵਿਚ ਗੁਲਤਾਨ ਹੋਏ ਜੀਵ ਨੂੰ ਨਹੀਂ ਪਤਾ ਹੁੰਦਾ ਕਿ ਇਹ ਸਾਰੇ ਭੋਗ ਮੈਨੂੰ ਹੀ ਭੋਗ ਰਹੇ ਹਨ ਅਤੇ ਮੈਨੂੰ ਕਮਜ਼ੋਰ ਕਰ ਰਹੇ ਹਨ, ਕਾਇਆ ਨੂੰ ਖਰਾਬ ਕਰ ਰਹੇ ਹਨ। ਇਸ ਤੋਂ ਵੀ ਵੱਧ ਜੋ ਆਪਣੇ ਸਰੂਪ ਨੂੰ ਪਛਾਨਣ ਵਾਸਤੇ ਮਾਨਸ ਜਨਮ ਧਾਰਨ ਕਰਿਆ ਹੈ, ਉਹ ਭੋਗਾਂ ਵਿਚ ਰਚਿਆ ਹੋਣ ਕਰਕੇ ਬਿਰਥਾ ਹੀ ਲੰਘਦਾ ਜਾ ਰਿਹਾ ਹੈ। ਜਿਵੇਂ ਪਹਿਲਾਂ ਵੀ ਦਸਿਆ ਸੀ ਕਿ ਸ੍ਰੀ ਰਾਮ ਚੰਦਰ ਦੇ ਦਰਬਾਰ ਵਿਚ ਕਥਾ ਹੋ ਰਹੀ ਸੀ। ਵਸ਼ਿਸ਼ਟ ਜੀ ਕਥਾ ਕਰ ਰਹੇ ਸਨ। ਅਚਾਨਕ ਸ੍ਰੀ ਰਾਮ ਚੰਦਰ ਜੀ ਜਦੋਂ ਤਾੜੀ ਮਾਰ ਕੇ ਹੱਸ ਪਏ ਤਾਂ ਵਸ਼ਿਸ਼ਟ ਜੀ ਨੇ ਆਪ ਦੇ ਹੱਸਣ ਦਾ ਕਾਰਨ ਪੁਛਿਆ। ਤਾਂ ਸ੍ਰੀ ਰਾਮ ਚੰਦਰ ਜੀ ਨੇ ਦਸਿਆ ਕਿ ਮੈਂ ਇਸ ਕੀੜੇ ਨੂੰ ਦੇਖ ਕੇ ਹਸ ਰਿਹਾ ਹਾਂ। ਜਦੋਂ ਵਸਿਸ਼ਟ ਜੀ ਨੇ ਅਸਲੀ ਭਾਵ ਪੁਛਿਆ ਤਾਂ ਸ੍ਰੀ ਰਾਮ ਚੰਦਰ ਜੀ ਨੇ ਦਸਿਆ ਕਿ ਇਸ ਕੀੜੇ ਦੀਆਂ ਦੋ ਲੱਤਾਂ ਟੁਟੀਆਂ ਹੋਈਆਂ ਹਨ ਅਤੇ ਇਹ ਕੰਧ ਉਤੇ ਚੜਦਾ ਹੈ ਤੇ ਫੇਰ ਗਿਰ ਜਾਂਦਾ ਹੈ ਪਰ ਇਸ ਦੇ ਮਨ ਵਿਚ ਪ੍ਰਬਲ ਵਾਸ਼ਨਾ ਸਮਾਈ ਹੋਈ ਹੈ ਕਿ ਮੈਂ ਇਹ 84 ਲੱਖ ਜੂਨਾਂ ਦਾ ਗੇੜਾ ਪੂਰਾ ਕਰਕੇ ਮਾਨਸ ਜਨਮ ਪ੍ਰਾਪਤ ਕਰਕੇ ਵਿਧੀ ਪੂਰਵਕ ਯੱਗ ਕਰਕੇ ਕਰੋੜਾਂ ਸਾਲ ਫੇਰ ਇੰਦਰ ਲੋਕ ਵਿਚ ਸੁਖ ਭੋਗਾਂਗਾ। ਕਹਿਣ ਲੱਗੇ ਕਿ ਇਸ ਜੀਵ ਉਪਰ ਕਿੰਨਾਂ ਭੋਗਾਂ ਦਾ ਅਸਰ ਹੁੰਦਾ ਹੈ ਅਤੇ ਇਹ ਨਖਿੱਧ ਜੂਨੀਆਂ ਵਿਚ ਪਿਆ ਹੋਇਆ ਵੀ ਆਪਣੀ ਸਿਮ੍ਰਤੀ ਭੋਗਾਂ ਦੇ ਰਸਾਂ ਦੀ ਯਾਦ ਵਿਚ ਲਾ ਰਿਹਾ ਹੈ ਅਤੇ ਇਸ ਮੂਰਖ ਨੂੰ ਇਹ ਪਤਾ ਨਹੀਂ ਕਿ ਆਪਣੇ ਸਰੂਪ ਦੀ ਪਹਿਚਾਣ ਕਰਕੇ ਪ੍ਰਮ ਪਦ ਦੀ ਪ੍ਰਾਪਤੀ ਕਰਾਂ।

ਭੋਗਾਂ ਦੀ ਲਾਲਸਾ ਇਥੇ ਹੀ ਖਤਮ ਨਹੀਂ ਹੁੰਦੀ। ਜੀਵ ਮਾਨਸ ਸਰੀਰ ਛੱਡ ਦਿੰਦਾ ਹੈ। ਪਰਲੋਕ ਵਿਚ ਜਦੋਂ ਆਪਣੇ ਕਰਮ ਭੋਗਣ ਲਈ, ਦੂਤਾਂ ਦੇ ਵਸ ਆਇਆ ਹੋਇਆ ਮੰਦੇ ਕਰਮਾਂ ਦੇ ਫਲ ਵਜੋਂ ਦੁਖ ਸਹਾਰਦਾ ਹੋਇਆ ਦਰਗਾਹ ਵਿਚ ਜਾਂਦਾ ਹੈ। ਉਸ ਨੂੰ ਆਪਣੇ ਜੀਵਨ ਕਾਲ ਵਿਚ ਕੀਤੇ ਹੋਏ ਪੁੰਨ ਕਰਮ ਯਾਦ ਆਉਂਦੇ ਹਨ। ਉਨ੍ਹਾਂ ਪੁੰਨਾਂ ਦਾ ਬਦਲਾ ਚਾਹੁੰਦਾ ਹੈ। ਕਿਸੇ ਨੂੰ ਗੰਧਰਭ ਲੋਕ ਦੀ ਪ੍ਰਾਪਤੀ ਹੋ ਜਾਂਦੀ ਹੈ। ਉਥੇ ਮਾਤ ਲੋਕ ਦੇ ਰਾਜੇ ਨਾਲੋਂ ਸੌ ਗੁਣ ਜ਼ਿਆਦਾ ਸੁਖ ਹੋਇਆ ਕਰਦਾ ਹੈ। ਕਿਸੇ ਨੂੰ ਪਿਤਰ ਲੋਕ ਦੀ ਪ੍ਰਾਪਤੀ ਹੋ ਜਾਂਦੀ ਹੈ, ਕੋਈ ਸਰਵਗ ਲੋਕ, ਇੰਦਰ ਲੋਕ, ਪ੍ਰਜਾਪਤ ਲੋਕ, ਅਜਾਨ ਦੇਵ ਲੋਕ, ਕਰਮ ਦੇਵ ਲੋਕ ਵਿਚ ਉਚੇ ਸੁਖਾਂ ਦੀ ਭਾਵਨਾ ਨਾਲ ਪਹੁੰਚਦਾ ਹੈ। ਕੋਈ ਲੱਖਾਂ ਸਾਲ ਬ੍ਰਹਮ ਲੋਕ ਦੇ ਸੁਖਾਂ ਦੀ ਲਾਲਸਾ ਨਾਲ ਉਸ ਲੋਕ ਵਿਚ ਪਹੁੰਚਦਾ ਹੈ। ਇਨ੍ਹਾਂ ਭੋਗਾਂ ਦੀ ਇਛਿਆ ਰੱਖਣ ਵਾਲਾ ਜੀਵ ਬੈਰਾਗੀ ਨਹੀਂ ਹੋਇਆ ਕਰਦਾ। ਬੈਰਾਗ ਉਸ ਨੂੰ ਆਖਦੇ ਹਨ ਜਿਹੜਾ ਇਨ੍ਹਾਂ ਸਾਰੇ ਸੁਖਾਂ ਨੂੰ ਤਿਆਗੇ ਅਤੇ ਕਿਸੇ ਭੀ ਭੋਗ ਦੀ ਮਨ ਵਿਚ ਵਾਸ਼ਨਾ ਨਾ ਰਹਿਣ ਦੇਵੇ, ਉਸ ਨੂੰ ਬੈਰਾਗ ਕਿਹਾ ਜਾਂਦਾ ਹੈ ਜਿਵੇਂ ਕਿ ਮਹਾਂਪੁਰਸ਼ਾਂ ਦਾ ਫੁਰਮਾਨ ਹੈ -

*ਬ੍ਰਹਮ ਲੋਕ ਲੌਂ ਭੋਗ ਜੋ ਚਹੈ*
*ਸਬਨ ਕੋ ਤਿਆਗ॥*
*ਵੇਦ ਅਰਥ ਗਿਆਤਾ ਮੁਨੀ*
*ਕਹਤ ਤਾਹਿ ਵੀਰਾਗ॥*

ਬ੍ਰਹਮ ਲੋਕ ਤੋਂ ਲੈ ਕੇ ਜਿੰਨੇ ਭੀ ਸੰਸਾਰ ਦੇ ਵਿਚ ਭੋਗ ਹਨ ਉਨ੍ਹਾਂ ਸਾਰਿਆਂ ਹੀ ਭੋਗਾਂ ਨੂੰ ਪੂਰਨ ਰੂਪ ਵਿਚ ਜਿਹੜਾ ਤਿਆਗਣ ਦੇ ਲਈ ਤਿਆਰ ਹੋ ਜਾਂਦਾ ਹੈ, ਉਸ ਨੂੰ ਵੇਦਾਂ ਦੇ ਅਰਥ ਭਾਵ ਨੂੰ ਜਾਨਣ ਵਾਲਾ ਮੁਨੀ ਪੁਰਸ਼ ਵਿਰਾਗੀ ਆਖਦਾ ਹੈ ਅਰਥਾਤ ਇਸੇ ਦਾ ਨਾਮ ਬੈਰਾਗ ਹੈ।

ਸੋ ਭਾਈ ਤਿਲੋਕਾ ਜੀ ਦੇ ਸਰੀਰ ਛੱਡਣ ਪਿਛੋਂ ਰਾਜਕੁਮਾਰੀ ਦੇ ਹਿਰਦੇ ਵਿਚ ਬਹੁਤ ਹੀ ਗਹਿਰੀ ਚੋਟ ਆਈ ਜਿਸ ਨੂੰ ਨਾ ਤਾਂ ਉਹ ਮੂੰਹੋਂ ਆਖ ਕੇ ਪ੍ਰਗਟ ਕਰ ਸਕਦੀ ਹੈ, ਨਾ ਹੀ ਕਿਸੇ ਹੋਰ ਹਾਵ ਭਾਵ ਨਾਲ ਪ੍ਰਗਟ ਕਰ ਸਕਦੀ ਹੈ। ਉਹ ਸੱਟ ਇਸ ਤਰ੍ਹਾਂ ਦੀ ਹੈ ਜਿਵੇਂ ਕਿਸੇ ਨੇ ਬਾਣ ਮਾਰ ਕੇ ਹਿਰਦਾ ਵਿੰਨ ਦਿਤਾ ਹੋਵੇ। ਜਿਸ ਤਰ੍ਹਾਂ ਕਿ ਸੰਕੇਤ ਆਉਂਦਾ ਹੈ -

*ਕਬੀਰ ਸਤਿਗੁਰ ਸੂਰਮੇ*

*ਬਾਹਿਆ ਬਾਨੁ ਜੁ ਏਕ॥*
*ਲਾਗਤ ਹੀ ਭੁਇ ਗਿਰਿ ਪਰਿਆ*
*ਪਰਾ ਕਰੇਜੇ ਛੇਕੁ॥ ਪੰਨਾ - 1374*

ਸੋ ਉਸਦੇ ਹਿਰਦੇ ਵਿਚ ਛੇਕ ਪੈ ਗਿਆ ਉਸ ਨੂੰ ਨਾ ਚੰਗੇ ਕਪੜੇ ਲੁਭਾਉਂਦੇ ਹਨ, ਨਾ ਸੋਹਣੇ ਘੋੜਿਆਂ ਦੀ ਸਵਾਰੀ ਮਨ ਨੂੰ ਖਿੱਚ ਪਾਉਂਦੀ ਹੈ, ਨਾ ਉਹ ਆਪਣੀਆਂ ਸਹੇਲੀਆਂ ਨੂੰ ਲੈ ਕੇ ਕਿਸ਼ਤੀਆਂ ਤੇ ਬੈਠ ਕੇ ਦਰਿਆ ਦੀਆਂ ਤਰੰਗਾਂ ਨਾਲ ਕਲੋਲ ਬਾਜੀਆਂ ਕਰਨ ਦਾ ਉਤਸ਼ਾਹ ਰਖਦੀ ਹੈ, ਨਾ ਹੀ ਸ਼ਿਕਾਰ ਨੂੰ ਜਾਂਦੀ ਹੈ, ਨਾ ਹੀ ਉਹ ਖਾਣ ਪੀਣ ਦੀ ਰੁਚੀ ਰਖਦੀ ਹੈ। ਜੋ ਮਾਂ ਬਾਪ ਪਿਆਰ ਨਾਲ ਦਿੰਦੇ ਹਨ, ਉਸ ਵਿਚੋਂ ਥੋੜ੍ਹਾ ਅੰਗੀਕਾਰ ਕਰ ਲੈਂਦੀ ਹੈ ਉਹ ਵੀ ਤਾਂ ਕਿ ਮਾਂ ਬਾਪ ਨੂੰ ਦੁਖ ਨਾ ਹੋਵੇ। ਮਾਂ ਬਾਪ ਨੂੰ ਉਸ ਦੇ ਬ੍ਰਿਹੋਂ ਦਾ ਪਤਾ ਹੈ ਉਹ ਪੂਰਾ ਯਤਨ ਕਰਦੇ ਹਨ ਕਿ ਰਾਜਕੁਮਾਰੀ ਪਹਿਲਾਂ ਦੀ ਤਰ੍ਹਾਂ ਹੋ ਜਾਵੇ। ਜਿਵੇਂ ਪਹਿਲਾਂ ਇਹ ਘੋੜਿਆਂ ਤੇ ਚੜ੍ਹ ਕੇ ਜੰਗਲੀ ਜਾਨਵਰਾਂ ਨਾਲ ਝੜੱਪਾ ਲੈਂਦੀ ਸੀ। ਉਸ ਦੇ ਮਨ ਵਿਚ 24 ਘੰਟੇ ਭਾਈ ਤਿਲੋਕਾ ਜੀ ਦੀ ਮੂਰਤੀ ਸਮਾਈ ਰਹਿੰਦੀ ਹੈ ਅਤੇ ਉਸ ਦੇ ਬਚਨ ਕਿ ਜੇ ਤੂੰ ਮੈਨੂੰ ਮਿਲਣਾ ਹੈ ਤਾਂ ਮੈਂ ਤੈਨੂੰ ਰਸਤੇ ਪਾ ਦਿੰਦਾ ਹਾਂ। ਤੂੰ ਗੁਰੂ ਨਾਨਕ ਪਾਤਸ਼ਾਹ ਵਲੋਂ ਦਸੇ ਸ੍ਰੇਸ਼ਟ ਮੰਤਰ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਦੀ ਰਿਹਾ ਕਰ। ਇਸ ਤਰ੍ਹਾਂ ਦੇ ਨਾਲ ਜੋ ਵਿਥ ਜਨਮਾਂ ਜਨਮਾਂ ਦੇ ਸੰਸਕਾਰਾਂ ਨਾਲ ਵਾਹਿਗੁਰੂ ਜੀ ਨਾਲੋਂ ਪੈ ਚੁਕੀ ਹੈ ਉਹ ਘਟਦੀ ਜਾਵੇਗੀ। ਯਾਦ ਦੇ ਪੁਲ ਨਾਲ ਮਾਇਆ ਦੀ ਜੋ ਡੂੰਘੀ ਖਾਈ ਹੈ ਉਥੇ ਪੁਲ ਬਣ ਜਾਵੇਗਾ, ਫੇਰ ਨਾਮ ਮੰਡਲ ਤਕ ਸਹਿਜੇ ਹੀ ਤੂੰ ਪਹੁੰਚ ਜਾਵੇਂਗੀ। ਮੇਰੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਪੂਰਨ ਪ੍ਰਮੇਸ਼ਰ ਹਨ ਉਹ ਜੀਵਾਂ ਦੇ ਉਧਾਰ ਲਈ ਕਲਜੁਗ ਵਿਚ ਵਿਚਰ ਰਹੇ ਹਨ। ਕਈ ਵਾਰੀ ਕਹਿਣਾ ਕਿ ਮੇਰੇ ਸਤਿਗੁਰੂ ਜੀ ਤੇਰੇ ਪਾਸ ਜ਼ਰੂਰ ਹੀ ਆਉਣਗੇ। ਮੈਂ ਤਾਂ ਇਕ ਕਿਣਕਾ ਹੀ ਉਨ੍ਹਾਂ ਤੋਂ ਪਿਆਰ ਦਾ ਲਿਆ ਹੈ ਜਿਸ ਕਰਕੇ ਤੈਨੂੰ ਮੇਰੇ ਨਾਲ ਪਿਆਰ ਹੋ ਗਿਆ। ਉਹ ਤਾਂ ਪਿਆਰ ਦਾ ਸਰੂਪ ਹੀ ਹਨ ਅਤੇ ਉਹ ਸਾਰੇ ਸੰਸਾਰ ਵਿਚ ਨਿਰਗੁਣ ਹੋ ਕੇ ਸੰਸਾਰ ਨੂੰ ਪਿਆਰਦੇ, ਸੰਭਾਲਦੇ ਹਨ ਅਤੇ ਸਰਗੁਣ ਸਰੂਪ ਵਿਚ ਜਿਵੇਂ ਤੂੰ ਤੇ ਮੈਂ ਹਾਂ ਇਸ ਸਰੂਪ ਵਿਚ ਉਹ ਪਿਆਰ ਕਰਦੇ ਹਨ ਅਤੇ ਵਿਛੜਿਆਂ ਹੋਇਆਂ ਨੂੰ ਉਨ੍ਹਾਂ ਦੇ ਪ੍ਰੀਤਮ (ਆਪਣੇ ਨਿਰਗੁਨ ਸਰੂਪ) ਨਾਲ ਮਿਲਾ ਦਿੰਦੇ ਹਨ। ਤੂੰ ਮਨ ਵਿਚ ਆਸ ਰੱਖੀਂ, ਉਹ ਜ਼ਰੂਰ ਹੀ ਤੇਰੇ ਪਾਸ ਆਉਣਗੇ ਪਰ ਤੈਨੂੰ ਜਿਵੇਂ ਦਸਿਆ ਹੈ ਕਿ ਉਨ੍ਹਾਂ ਦੇ ਦਸੇ ਮੰਤਰ ਦਾ ਜਾਪ ਕਰਦੀ ਰਹੀ, ਕਦੇ ਇਸ ਵਾਹਿਗੁਰੂ-ਵਾਹਿਗੁਰੂ ਨੂੰ ਜਪਣ ਵਲੋਂ ਭੁੱਲ ਵਿਚ ਨਾ ਆਈਂ ਫੇਰ ਉਹ ਜ਼ਰੂਰ ਹੀ ਤੇਰੇ ਪਾਸ ਆਉਣਗੇ ਅਤੇ ਤੈਨੂੰ ਆਪਣੇ ਆਤਮ ਸਰੂਪ ਦਾ ਪੂਰਨ ਗਿਆਨ ਬਖਸ਼ਣਗੇ। ਉਸ ਲੋਕ ਵਿਚ ਪਹੁੰਚਾ ਦੇਣਗੇ ਜਿਥੇ ਕਦੇ ਜੰਮਣਾ ਮਰਨਾ ਨਹੀਂ ਹੁੰਦਾ ਅਤੇ ਸਦੀਵੀ ਜੀਵਨ ਪ੍ਰਾਪਤ ਹੋ ਜਾਂਦਾ ਹੈ ਪਰ ਰਾਜਕੁਮਾਰੀ! ਇਕ ਗੱਲ ਦਾ ਤੂੰ ਧਿਆਨ ਰੱਖੀਂ ਜੇ ਤੂੰ ਉਸ ਪਰਮ ਲੋਕ ਵਿਚ ਪਹੁੰਚਣਾ ਹੈ ਤਾਂ ਤੈਨੂੰ ਆਪਣੀ ਹੋਂਦ ਮਿਟਾਉਣੀ ਪਵੇਗੀ। ਤੇਰੀ ਹੋਂਦ ਹੀ ਤੇਰੇ ਅਤੇ ਮੇਰੇ ਵਿਚ ਫਰਕ ਪਾ ਰਹੀ ਹੈ। ਇਸ ਹੋਂਦ ਨੂੰ ਮੇਰੇ ਸਤਿਗੁਰੂ ਜੀ ਹਉਮੈ ਆਖਦੇ ਹਨ। ਇਸ ਹਉਮੈ ਨੇ ਹੀ ਜੀਵ ਨੂੰ ਹਨ੍ਹੇਰੇ ਵਿਚ ਸੁੱਟ ਦਿਤਾ ਹੈ। ਸੋ ਇਹ ਬਚਨ ਰਾਜਕੁਮਾਰੀ ਨੂੰ ਮੁੜ-ਮੁੜ ਕੇ ਯਾਦ ਆ ਰਹੇ ਹਨ ਅਤੇ ਸੁਤੇ ਸਿੱਧ ਉਸ ਦੇ ਬੁਲ੍ਹ ਹਿਲਦੇ ਹਨ ਅਤੇ ਵਾਹਿਗੁਰੂ ਸ਼ਬਦ ਦਾ ਜਾਪ ਐਉਂ ਹੋਣਾ ਸ਼ੁਰੂ ਹੋ ਗਿਆ ਜਿਵੇਂ ਕਿ ਸੁਤੇ ਸਿਧ ਹੀ **Artizen well** (ਆਪੇ ਪਾਣੀ ਦੇਣ ਵਾਲੇ ਖੂਹ) ਵਿਚੋਂ ਆਪੇ ਪਾਣੀ ਨਿਕਲ ਰਿਹਾ ਹੋਵੇ ਅਤੇ ਉਸ ਦੇ ਬੁਲ੍ਹ ਸਦਾ ਹੀ ਹਿਲਦੇ ਰਹਿੰਦੇ ਸਨ। ਉਸ ਨੂੰ ਕਿਸੇ ਮਾਲਾ ਦੀ ਲੋੜ ਨਹੀਂ ਅਤੇ ਉਸ ਨੂੰ ਇਹ ਵੀ ਕਹਿਣ ਦੀ ਲੋੜ ਨਹੀਂ ਸੀ ਕਿ ਤੂੰ ਢਾਈ ਘੰਟੇ ਰੋਜ਼ ਵਾਹਿਗੁਰੂ-ਵਾਹਿਗੁਰੂ ਕਹਿ ਕੇ ਮਾਲਾ ਫੇਰਿਆ ਕਰ। ਇਸ ਦੇ ਪੂਰਬ ਜਨਮ ਦੇ ਕਰਮ ਅੰਕੁਰ ਪ੍ਰਗਟ ਹੋ ਕੇ ਤੱਤ ਬੇਤੇ ਮਹਾਂਪੁਰਸ਼ ਨਾਲ ਮਿਲਾਪ ਹੋ ਗਿਆ ਅਤੇ ਕਾਇਆ ਕਲਪ ਹੋ ਗਈ। ਰਾਜਕੁਮਾਰੀ ਨੇ ਪਿਛਲੇ ਜਨਮ ਪ੍ਰਭੂ ਦਰਸ਼ਨ ਦੀ ਤਾਂਘ ਵਿਚ ਬਤੀਤ ਕੀਤੇ ਹੋਏ ਸਨ। ਪਰ ਕੋਈ ਤੱਤ ਬੇਤਾ ਮਹਾਂਪੁਰਸ਼ ਨਹੀਂ ਸੀ ਮਿਲਿਆ ਜੋ ਉਸ ਨੂੰ ਗਿਆਨ ਕਰਾ ਦਿੰਦਾ। ਸਾਧਨ ਇਸ ਦੇ ਕੀਤੇ ਹੋਏ ਸਨ। ਜਿਵੇਂ ਮਹਾਂਪੁਰਸ਼ ਦੇ ਸਿਧਾਂਤ ਅਨੁਸਾਰ ਜੋ ਸਾਧਨ ਕਰਦਾ ਹੋਇਆ ਸਰੀਰ ਛੱਡ ਦੇਵੇ ਉਸ ਦੀ ਉਸੇ ਤਰ੍ਹਾਂ ਦੀ ਗਤੀ ਹੋਇਆ ਕਰਦੀ ਹੈ। ਪਹਿਲਾਂ ਉਹ ਬ੍ਰਹਮ ਲੋਕ ਦੇ ਸੁਖਾਂ ਨੂੰ ਭੋਗਦਾ ਹੈ ਫੇਰ ਉਹ ਪਿਛਲੀ ਕੀਤੀ ਹੋਈ ਨਾਮ ਦੀ ਕਮਾਈ ਨੂੰ ਨਾਲ ਲੈ ਕੇ ਮਾਨਸ ਸਰੀਰ ਧਾਰਦਾ ਹੈ ਅਤੇ ਕਮਾਈ ਦੇ ਬਲ ਕਰਕੇ ਨਾਮ ਜਪਦਾ ਹੈ। ਫੇਰ ਉਸ ਦੇ ਚੰਗੇ ਭਾਗ ਹੋਣ ਕਰਕੇ ਤੱਤ ਬੇਤੇ ਮਹਾਂਪੁਰਸ਼ ਦਾ ਮਿਲਾਪ ਹੋ ਜਾਇਆ ਕਰਦਾ ਹੈ ਜਿਸ ਦੇ ਮਿਲਾਪ ਨਾਲ ਮਨ ਵਿਚ ਪਿਆ ਹਨ੍ਹੇਰਾ ਪੂਰਨ ਰੂਪ ਵਿਚ ਖਤਮ ਹੋ ਜਾਂਦਾ ਹੈ। ਗਿਆਨ ਹੋਣ ਨਾਲ ਉਸ ਨੂੰ ਜਾਗ ਆ ਜਾਂਦੀ ਹੈ ਅਤੇ ਦ੍ਵੈਤ ਖਤਮ ਕਰਕੇ ਇਕੋ ਸਰੂਪ ਨੂੰ ਪ੍ਰਤੱਖ ਦੇਖ ਕੇ ਸਾਰੇ ਦੁਖਾਂ ਤੋਂ ਬਰੀ ਹੋ ਜਾਂਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥*
*ਪੰਨਾ - 204*

ਗਿਆਨ ਗੱਲਾਂ ਨਾਲ ਕਦੇ ਵੀ ਨਹੀਂ ਹੋਇਆ ਕਰਦਾ ਅਤੇ ਨਾ ਹੀ ਗੱਲਾਂ ਦਾ ਗਿਆਨ ਪ੍ਰਤੱਖ ਗਿਆਨ ਹੋਇਆ ਕਰਦਾ ਹੈ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਗਿਆਨੁ ਨ ਗਲੀਈ ਢੂਢੀਐ*
*ਕਥਨਾ ਕਰੜਾ ਸਾਰੁ ॥ ਪੰਨਾ - 465*

ਗੱਲਾਂ ਵਾਲੇ ਗਿਆਨ ਪ੍ਰਾਪਤ ਕਰਨ ਵਾਲੇ ਜਗਿਆਸੂ ਨੂੰ ਇਹ ਦਸਿਆ ਜਾਂਦਾ ਹੈ ਕਿ ਤੂੰ ਇਹ ਸਮਝ ਕਿ ਮੈਂ ਆਤਮਾ ਹਾਂ, ਮੈਂ ਸਰੀਰ ਨਹੀਂ ਹਾਂ, ਮੈਂ ਗਿਆਨ ਇੰਦ੍ਰੀਆਂ ਨਹੀਂ ਹਾਂ, ਮੈਂ ਪੰਜ ਪ੍ਰਾਣ ਨਹੀਂ ਹਾਂ, ਮੈਂ ਬੁੱਧੀ ਨਹੀਂ ਹਾਂ, ਮੈਂ ਚਿੱਤ ਨਹੀਂ ਹਾਂ, ਮੈਂ ਹੰਗਤਾ ਤੇ ਮਮਤਾ ਦਾ ਵੇੜਿਆ ਜੀਵ ਨਹੀਂ ਹਾਂ। ਮੈਂ ਸੁਧ ਆਤਮਾ ਹਾਂ, ਮੈਂ ਜੰਮਦਾ ਮਰਦਾ ਨਹੀਂ, ਸਦਾ ਪਰਮ ਸੁਖੀ ਹਾਂ, ਮੈਨੂੰ ਕਦੇ ਵਿਛੋੜਾ ਨਹੀਂ ਹੁੰਦਾ, ਮੈਂ ਸਦਾ-ਸਦਾ, ਨਿਤ ਪ੍ਰਾਪਤ ਹਾਂ। ਇਹ ਇਕ ਮੁਹਾਰਨੀ ਹੈ ਜੋ ਗਿਆਨ ਪ੍ਰਾਪਤ ਕਰਨ ਵਾਲੇ ਸਦਾ ਹੀ ਲਾਉਂਦੇ ਹਨ ਪਰ ਗੁਰਮਤਿ ਨੇ ਇਸ ਨੂੰ ਪ੍ਰਵਾਨ ਨਹੀਂ ਕੀਤਾ ਜੋ ਤੱਤ ਵਸਤੂ ਇਸ ਵਿਚ ਪਾਈ ਹੈ ਤੱਤ ਬੇਤੇ ਮਹਾਂਪੁਰਸ਼ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦੀ। ਭਾਵੇਂ ਆਤਮਾ ਨਿਤ ਪ੍ਰਾਪਤ ਹੈ ਪਰ ਜੀਵ ਦਾ ਗਿਆਨ ਉਸ ਤਕ ਪਹੁੰਚਦਾ ਨਹੀਂ ਹੈ। ਇਸ ਕਰਕੇ ਇਸ ਮਤ ਵਾਲੇ ਨੂੰ ਆਤਮਾ ਦਾ ਗਿਆਨ ਨਹੀਂ ਹੋਇਆ ਕਰਦਾ। ਚਾਹੇ ਹਜ਼ਾਰਾਂ ਸਾਲ ਕਹੀ ਜਾਓ ਕਿ ਮੈਂ ਆਤਮਾ ਹਾਂ ਤਾਂ ਵੀ ਦੇਹ ਦਾ ਅਧਿਆਸ ਨਹੀਂ ਟੁਟਿਆ ਕਰਦਾ। ਦੇਹ ਦਾ ਮਿਲਾਪ ਅਤੇ ਵਿਛੋੜਾ, ਦੇਹ ਦੀਆਂ ਪ੍ਰਾਪਤੀਆਂ ਅਤੇ ਅਪ੍ਰਾਪਤੀਆਂ, ਦੇਹ ਦੇ ਸੁਖ ਅਤੇ ਦੁਖ ਸਦਾ ਹੀ ਬਣੇ ਰਹਿੰਦੇ ਹਨ। ਇਹ ਅਧਿਆਸ ਟੁਟਿਆ ਨਹੀਂ ਕਰਦਾ। ਇਸ ਗਿਆਨ ਨੂੰ ਗੁਰੂ ਮਹਾਰਾਜ ਜੀ ਮੁਖ ਗਿਆਨੀ ਜਾਂ ਚੁੰਚ ਗਿਆਨੀ ਆਖਦੇ ਹਨ ਅਤੇ ਇਸ ਨੂੰ ਕਈ ਥਾਂ ਗੁਰਬਾਣੀ ਵਿਚ ਕਊਆ ਗਿਆਨ ਵੀ ਆਖਿਆ ਗਿਆ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਗਤ ਕਾਂ ਦੀ ਤਰ੍ਹਾਂ ਹੈ। ਇਸ ਦੀ ਚੁੰਝ ਰੂਪ ਮੂੰਹ ਵਿਚ ਗਿਆਨ ਹੈ, ਭਾਵ ਗਿਆਨ ਦੀਆਂ ਗੱਲਾਂ ਜ਼ੁਬਾਨ ਤੇ ਹਨ ਪਰ ਹਿਰਦੇ ਵਿਚ ਕੋਈ ਅਸਰ ਨਹੀਂ ਹੈ। ਹਿਰਦੇ ਵਿਚ ਵਿਸ਼ੇ ਵਿਕਾਰਾਂ, ਗੰਦ ਮੰਦ ਨੂੰ ਭੋਗਣ ਦੀ ਇੱਛਾ ਹੈ, ਅੰਦਰ ਲੋਭ ਝੂਠ ਤੇ ਅਭਿਮਾਨ ਵਿਕਾਰਾਂ ਦੇ ਢੇਰਾਂ ਦੇ ਢੇਰ ਲੱਗੇ ਹੋਏ ਹਨ। ਜਿਨ੍ਹਾਂ ਦੀ ਦੁਰਗੰਧ ਪਵਿੱਤਰ ਪਉਣ ਨੂੰ ਦੁਰਗੰਧਿਤ ਕਰ ਰਹੀ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਜਗੁ ਕਊਆ ਮੁਖਿ ਚੁੰਚ ਗਿਆਨੁ ॥*
*ਅੰਤਰਿ ਲੋਭੁ ਝੂਠੁ ਅਭਿਮਾਨੁ ॥*
*ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥*
*ਪੰਨਾ - 832*

ਹਰੀ ਦੇ ਦਰ ਤੇ ਚੁੰਚ ਗਿਆਨ ਪ੍ਰਵਾਨ ਨਹੀਂ ਹੋਇਆ ਕਰਦਾ ਕਿਉਂਕਿ ਉਸ ਥਾਂ ਉਤੇ ਕੇਵਲ ਅੰਤਸ਼ਕਰਣ ਦੀ ਸਫਾਈ ਕਿਸੇ ਗਿਣਤੀ ਵਿਚ ਪੈਂਦੀ ਹੈ। ਸੋ ਇਸ ਕਰਕੇ ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਨਾਮ ਤੋਂ ਬਗੈਰ ਕੋਈ ਕਰਮ ਲੇਖੇ ਨਹੀਂ ਪਿਆ ਕਰਦਾ। ਨਾਮ ਦੀ ਪ੍ਰਾਪਤੀ ਪੂਰੇ ਸਤਿਗੁਰੂ ਦੀ ਸੇਵਾ ਕਰਕੇ ਹੁੰਦੀ ਹੈ ਅਤੇ ਨਾਮ ਚਿਤ ਵਿਚ ਵਸ ਜਾਇਆ ਕਰਦਾ ਹੈ। ਜਦੋਂ ਪੂਰੇ ਸਤਿਗੁਰੂ ਦਾ ਮਿਲਾਪ ਹੋ ਜਾਂਦਾ ਹੈ ਤਾਂ ਉਹ ਚਿੱਤ ਵਿਚ ਨਾਮ ਦਾ ਵਾਸਾ ਕਰਾ ਦਿੰਦਾ ਹੈ ਕਿਉਂਕਿ ਨਾਮ ਤੋਂ ਬਿਨਾਂ ਸਭ ਪ੍ਰਾਪਤੀਆਂ ਝੂਠੀਆਂ ਹਨ ਅਤੇ ਜੀਵ ਨੂੰ ਫਸਾਉਣ ਵਾਲੀਆਂ ਹਨ, ਭਾਵੇਂ ਉਤੋਂ ਸਭ ਕੁਝ ਬੜਾ ਚੰਗਾ ਲਗ ਰਿਹਾ ਹੁੰਦਾ ਹੈ।

ਜੋ ਕੁਝ ਗੁਰੂ ਦਾ ਹੁਕਮ ਹੈ ਉਸ ਨੂੰ ਕਮਾਉਣਾ ਜੀਵ ਲਈ ਜ਼ਰੂਰੀ ਹੋਇਆ ਕਰਦਾ ਹੈ। ਸਹਿਜ ਅਵਸਥਾ ਵਿਚ ਪਹੁੰਚਣ ਲਈ ਅਗਿਆਨ ਦਾ ਪੂਰਨ ਤੌਰ ਤੇ ਨਾਸ਼ ਹੋ ਜਾਂਦਾ ਹੈ, ਜਿਥੇ ਆਪਣੇ ਸਰੂਪ ਦਾ ਪੂਰਨ ਜਲਾਲ ਦਗ-ਦਗ ਕਰਦਾ ਪ੍ਰਗਟ ਹੋ ਜਾਂਦਾ ਹੈ, ਉਸ ਥਾਂ ਪਹੁੰਚਣ ਲਈ ਸ਼ਬਦ ਦੀ ਕਮਾਈ ਕਰਨੀ ਪੈਂਦੀ ਹੈ ਅਤੇ ਇਸ ਸੱਚੇ ਨਾਮ ਦੀ ਵਡਿਆਈ ਦਰਗਾਹ ਵਿਚ ਪ੍ਰਵਾਨ ਹੈ। ਚੁੰਚ ਗਿਆਨੀ, ਮਹਾਂਪੁਰਸ਼ਾਂ ਦੀਆਂ ਰਚੀਆਂ ਹੋਈਆਂ ਬੇਅੰਤ ਪੁਸਤਕਾਂ ਪੜ੍ਹ ਕੇ ਘੋਟਾ ਲਾ ਲੈਂਦੇ ਹਨ ਅਤੇ ਕਾਂ ਵਾਂਗੂੰ ਕਾਂ-ਕਾਂ ਕਰਦੇ ਹੋਏ ਬ੍ਰਹਮਗਿਆਨ ਦਾ ਉਪਦੇਸ਼ ਦ੍ਰਿੜ ਕਰਾਉਂਦੇ ਹਨ ਪਰ ਆਪ ਉਸ ਅਵਸਥਾ ਤੋਂ ਪੂਰੀ ਤਰ੍ਹਾਂ ਨਾਲ ਕੋਰੇ ਹੋਇਆ ਕਰਦੇ ਹਨ। ਆਪ ਨੇ ਅਜੇ ਤਕ ਆਤਮ ਸ਼ਾਖਸ਼ਾਤਕਾਰ ਦਾ ਜਲਵਾ ਨਹੀਂ ਦੇਖਿਆ ਹੁੰਦਾ, ਉਸ ਪ੍ਰਕਾਸ਼ ਦਾ ਅਨੁਭਵ ਨਹੀਂ ਕੀਤਾ ਹੁੰਦਾ ਜਿਸ ਪ੍ਰਕਾਸ਼ ਨੂੰ ਪ੍ਰਾਪਤ ਕਰਕੇ ਫੇਰ ਅਗਿਆਨ ਦਾ ਹਨ੍ਹੇਰਾ ਨਹੀਂ ਰਹਿੰਦਾ, ਉਸ ਵਿਦਿਆ ਨੂੰ ਨਹੀਂ ਜਾਣਿਆ ਜਿਸ ਨੂੰ ਜਾਣ ਕੇ ਹੋਰ ਕਿਸੇ ਵਿਦਿਆ ਦੀ ਲੋੜ ਨਹੀਂ ਰਹਿੰਦੀ, ਉਸ ਸੁਖ ਨੂੰ ਪ੍ਰਾਪਤ ਨਹੀਂ ਕੀਤਾ ਜਿਸ ਨੂੰ ਪ੍ਰਾਪਤ ਕਰਕੇ ਕਿਸੇ ਹੋਰ ਸੁੱਖ ਦੀ ਲੋੜ ਨਹੀਂ ਰਹਿੰਦੀ ਪਰ ਉਹ ਕੇਵਲ ਵਾਚ ਗਿਆਨੀ ਹੋਣ ਕਰਕੇ ਮਹਾਂਪੁਰਸ਼ਾਂ ਦੇ ਉਚਾਰੇ ਬਚਨ ਜਗਿਆਸੂਆਂ ਨੂੰ ਸੁਣਾਉਂਦਾ ਹੈ ਆਪ ਕੁਝ ਵੀ ਬੁਝਿਆ ਨਹੀਂ ਹੈ। ਲੋਕਾਂ ਨੂੰ ਬੁਝਾਉਂਦਾ ਹੈ ਐਸਾ ਮਨ ਦਾ ਅੰਨਾ ਪੁਰਸ਼ ਕਿਸੇ ਦਾ ਕੀ ਸਵਾਰ ਸਕਦਾ ਹੈ। ਉਹ ਕਿਸੇ ਨੂੰ ਕੀ ਗਿਆਨ ਦੇ ਸਕਦਾ ਹੈ, ਕਿਸੇ ਨੂੰ ਸਤਿ ਦਾ ਰਸਤਾ ਕੀ ਦਿਖਾ ਸਕਦਾ ਹੈ। ਉਸ ਨੂੰ ਤਾਂ ਆਪ ਹੀ ਦਰਗਾਹ ਵਿਚ ਕਿਤੇ ਥਾਂ ਨਹੀਂ ਮਿਲਣਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥*
*ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ ॥*
*ਗੁਰਿ ਕਹਿਆ ਸਾ ਕਾਰ ਕਮਾਵਹੁ ॥*
*ਸਬਦੁ ਚੀਨਿ ਸਹਜ ਘਰਿ ਆਵਹੁ ॥*
*ਸਾਚੈ ਨਾਇ ਵਡਾਈ ਪਾਵਹੁ ॥*
*ਆਪਿ ਨ ਬੂਝੈ ਲੋਕ ਬੁਝਾਵੈ ॥*
*ਮਨ ਕਾ ਅੰਧਾ ਅੰਧੁ ਕਮਾਵੈ ॥*
*ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥*
*ਪੰਨਾ - 832*

ਅੰਦਰ ਦੀਆਂ ਜਾਨਣ ਵਾਲੇ ਸਤਿਗੁਰੂ ਅਤੇ

ਘਟ-ਘਟ ਵਿਚ ਵਿਆਪਕ ਵਾਹਿਗੁਰੂ ਨੂੰ ਪ੍ਰਾਪਤ ਕਰਨ ਲਈ ਸਦੀਵੀ ਉਸ ਦਾ ਨਾਮ ਜਪਣ ਦੀ ਲੋੜ ਹੈ, ਉਸ ਦੀ ਜੋਤ ਉਸ ਦੇ ਅੰਦਰ ਪੂਰਨ ਰੂਪ ਵਿਚ ਸਮਾਈ ਹੋਈ ਹੈ ਉਸ ਤੋਂ ਕੋਈ ਚੀਜ਼ ਛੁਪੀ ਹੋਈ ਨਹੀਂ ਰਹਿ ਸਕਦੀ। ਉਹ ਵਾਹਿਗੁਰੂ, ਗੁਰੂ ਦੀ ਬਾਣੀ ਨੂੰ ਪੂਰਨ ਰੂਪ ਵਿਚ ਧਾਰਨ ਕਰਕੇ, ਅਤੇ ਦ੍ਰਿੜ੍ਹਤਾ ਅਤੇ ਪ੍ਰੇਮ ਸਹਿਤ ਘਾਲ ਕਮਾਈ ਕਰਕੇ ਸਤਿਗੁਰੂ ਦੀ ਮਿਹਰ ਸਦਕੇ ਪ੍ਰਾਪਤ ਹੁੰਦਾ ਹੈ ਪਰ ਜਦੋਂ ਉਸ ਦਾ ਮਿਲਾਪ ਹੋ ਜਾਂਦਾ ਹੈ ਉਸ ਵੇਲੇ ਆਪਣੀ ਹੋਂਦ ਨਹੀਂ ਰਿਹਾ ਕਰਦੀ। ਉਹ ਪ੍ਰਮੇਸ਼ਰ ਰੂਪ ਹੀ ਹੋ ਜਾਇਆ ਕਰਦਾ ਹੈ ਜੋ ਸਦੀਵੀ ਸਤਿ ਅਵਸਥਾ ਹੈ। ਸਤਿਗੁਰੂ ਨੂੰ ਮਿਲ ਕੇ ਵੱਡੀ ਵਡਿਆਈ ਪ੍ਰਾਪਤ ਹੁੰਦੀ ਹੈ, ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ ਅਤੇ ਹਿਰਦੇ ਵਿਚ ਸਦੀਵੀ ਨਾਮ ਦੀ ਸਮਾਈ ਹੋ ਜਾਂਦੀ ਹੈ, ਨਾਮ ਵਸ ਜਾਂਦਾ ਹੈ ਅਤੇ ਨਾਮ ਸੁਖਾਂ ਦਾ ਸਮੂਹ ਹੋਣ ਕਰਕੇ ਸਾਰੇ ਸੁਖ ਉਸ ਦੇ ਪ੍ਰਾਪਤ ਹੋਇਆਂ ਪ੍ਰਾਪਤ ਹੋ ਜਾਂਦੇ ਹਨ। ਸਰੀਰ ਅਰੋਗ ਹੋ ਜਾਂਦਾ ਹੈ ਅਤੇ ਜੀਵ ਆਤਮਾ ਨਾਮ ਦੇ ਬਲ ਕਰਕੇ ਪ੍ਰਭੂ ਦੇ ਪਿਆਰ ਵਿਚ ਸਮਾਈ ਹੋਈ ਉਸ ਵਿਚ ਲੀਨ ਹੋਈ ਉਸ ਦਾ ਰੂਪ ਹੋ ਜਾਂਦੀ ਹੈ। ਗੁਰੂ ਦੀ ਮਤ, ਗੁਰੂ ਦਾ ਉਪਦੇਸ਼ ਮੰਨਣ ਨਾਲ ਜਗਿਆਸੂ ਦੀ ਕਰਨੀ ਪਵਿੱਤਰ ਹੋ ਜਾਂਦੀ ਹੈ, ਆਪਾ ਪਛਾਣ ਕਰਕੇ ਪ੍ਰਭੂ ਵਿਚ ਤਦ ਰੂਪ ਹੋ ਜਾਂਦਾ ਹੈ ਪਰਿਵਾਰ, ਸੰਗੀਆਂ ਸਾਥੀਆਂ, ਕੁਲਾਂ ਦਾ ਉਧਾਰ ਹੋ ਜਾਂਦਾ ਹੈ। ਫੁਰਮਾਨ ਹੈ -

*ਹਰਿ ਜੀਉ ਸੇਵੀਐ ਅੰਤਰਜਾਮੀ॥*
*ਘਟ ਘਟ ਅੰਤਰਿ*
*ਜਿਸ ਕੀ ਜੋਤਿ ਸਮਾਨੀ॥*
*ਤਿਸੁ ਨਾਲਿ ਕਿਆ ਚਲੈ ਪਹਨਾਮੀ॥*
*ਸਾਚਾ ਨਾਮੁ ਸਾਚੈ ਸਬਦਿ ਜਾਨੈ॥*
*ਆਪੈ ਆਪੁ ਮਿਲੈ ਚੂਕੈ ਅਭਿਮਾਨੈ॥*
*ਗੁਰਮੁਖਿ ਨਾਮੁ ਸਦਾ ਸਦਾ ਵਖਾਨੈ॥*
*ਸਤਿਗੁਰਿ ਸੇਵਿਐ*
*ਦੂਜੀ ਦੁਰਮਤਿ ਜਾਈ॥*
*ਅਉਗਣ ਕਾਟਿ ਪਾਪਾ ਮਤਿ ਖਾਈ॥*
*ਕੰਚਨ ਕਾਇਆ ਜੋਤੀ ਜੋਤਿ ਸਮਾਈ॥*
*ਸਤਿਗੁਰਿ ਮਿਲਿਐ ਵਡੀ ਵਡਿਆਈ॥*
*ਦੁਖੁ ਕਾਟੈ ਹਿਰਦੈ ਨਾਮੁ ਵਸਾਈ॥*
*ਨਾਮਿ ਰਤੇ ਸਦਾ ਸੁਖੁ ਪਾਈ॥*
*ਗੁਰਮਤਿ ਮਾਨਿਆ ਕਰਣੀ ਸਾਰੁ॥*
*ਗੁਰਮਤਿ ਮਾਨਿਆ ਮੋਖ ਦੁਆਰੁ।।*
*ਨਾਨਕ ਗੁਰਮਤਿ ਮਾਨਿਆ*
*ਪਰਵਾਰੈ ਸਾਧਾਰੁ॥* *ਪੰਨਾ - 833*

ਵਾਹਿਗੁਰੂ-ਵਾਹਿਗੁਰੂ ਦਿਨ ਰਾਤ ਕਰਨ ਦੇ ਨਾਲ ਇਹ ਜੋ ਝੂਠਾ ਆਪਾ ਹੈ ਝੂਠੀ ਮਨੌਤ ਹੈ, ਆਪਣੇ ਆਪ ਨੂੰ ਸਰੀਰ ਸਮਝਣਾ ਜਾਂ ਆਪਣੇ ਆਪ ਨੂੰ ਜੀਵ ਸਮਝਣਾ ਇਹ ਮਿਟ ਜਾਇਆ ਕਰਦਾ ਹੈ। ਹਰੀ ਪ੍ਰੇਮ ਦੇ ਗੀਤ ਗਾਉਣੇ, ਪ੍ਰਭੂ ਦੇ ਨੇੜੇ ਲਿਆਉਂਦੇ ਹਨ। ਗੁਰੂ ਦੇ ਰਾਹੀਂ ਮਨ ਵਿਚ ਜਦੋਂ ਪ੍ਰਤੀਤ ਆ ਜਾਂਦੀ ਹੈ ਕਿ ਮੈਂ ਦੇਹ ਨਹੀਂ ਹਾਂ, ਮੈਂ ਆਤਮਾ ਹਾਂ ਅਤੇ ਨਾਮ ਦੇ ਨਾਲ ਜਦੋਂ ਪਰਚਾ ਪੈ ਜਾਂਦਾ ਹੈ, ਕਾਇਆ ਕੰਚਨ ਵਰਗੀ ਅਰੋਗ ਹੋ ਜਾਂਦੀ ਹੈ, ਅੰਦਰੋਂ ਕਾਲ ਦਾ ਡਰ ਖਤਮ ਹੋਜਾਂਦਾ ਹੈ ਅਤੇ ਪ੍ਰਭੂ ਦੀ ਜੋਤ ਵਿਚ ਮਿਲ ਜਾਂਦਾ ਹੈ ਪਰ ਇਹ ਉਨ੍ਹਾਂ ਦੀ ਅਵਸਥਾ ਹੋਇਆ ਕਰਦੀ ਹੈ ਜਿਨ੍ਹਾਂ ਦਾ ਅਧਾਰ ਪ੍ਰਮੇਸ਼ਰ ਦਾ ਨਾਮ ਹੈ, ਜਿਹੜੇ ਸਭ ਵਿਚ ਰਚੇ ਹੋਏ ਪ੍ਰਮੇਸ਼ਰ ਦੇ ਨਾਮ ਦਾ ਆਸਰਾ ਅੰਦਰ ਧਾਰ ਕੇ ਰਖਦੇ ਹਨ ਅਤੇ ਪਲ ਮਾਤਰ ਵੀ ਨਾਮ ਤੋਂ ਟੁੱਟ ਕੇ ਰਹਿ ਨਹੀਂ ਸਕਦੇ। ਇਹ ਸਰੀਰ ਇਕ ਘਰ ਹੈ ਜਿਸ ਦੇ ਦਸ ਦੁਆਰ ਹਨ, ਇਸ ਵਿਚ ਪੰਜ ਚੋਰ ਇਸ ਦਾ ਘਰ ਲੁੱਟਣ ਦੇ ਦਾਅ ਵਿਚ ਰਹਿੰਦੇ ਹਨ ਅਤੇ ਜੀਵ ਉਪਰ ਆਪਣੇ ਬਾਣ ਸਿੰਨ ਕੇ ਰਖਦੇ ਹਨ ਕਿ ਕਦੋਂ ਇਸ ਨੂੰ ਹੇਠਾਂ ਸੁਟਿਆ ਜਾਵੇ। ਇਹ ਪੰਜੇ ਵਿਸ਼ੇ ਇਸ ਦਾਓ ਵਿਚ ਰਹਿੰਦੇ ਹਨ ਕਿ ਕਦੋਂ ਸਾਡਾ ਜ਼ੋਰ ਚੱਲੇ, ਇਹ ਜੀਵ ਅਵੇਸਲਾ ਹੋਵੇ ਅਤੇ ਅਸੀਂ ਇਸ ਵਿਚ ਰਚ ਜਾਈਏ।

*ਏਕੁ ਗਿਰਹੁ ਦਸ ਦੁਆਰ ਹੈ ਜਾ ਕੇ*
*ਅਹਿਨਿਸਿ ਤਸਕਰ ਪੰਚ ਚੋਰ ਲਗਈਆ॥*
*ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ*
*ਮਨਮੁਖ ਅੰਧੁਲੇ ਖਬਰਿ ਨ ਪਈਆ॥*
*ਪੰਨਾ - 833*

ਕਿਉਂਕਿ ਵਾਹਿਗੁਰੂ-ਵਾਹਿਗੁਰੂ ਨੇ ਸਾਨੂੰ ਆਪਣੇ ਘਰੋਂ ਕੱਢ ਦਿਤਾ ਅਤੇ ਇਸ ਉਪਰ ਸਾਡਾ ਜ਼ੋਰ ਨਹੀਂ ਚਲ ਰਿਹਾ। ਨਾ ਹੀ ਅਸੀਂ ਹੁਣ ਇਸ ਦੇ ਧਰਮ ਨੂੰ ਲੁੱਟ ਸਕਦੇ ਹਾਂ, ਨਾ ਇਸ ਦੇ ਨਾਮ ਧਨ ਨੂੰ ਲੁੱਟ ਸਕਦੇ ਹਾਂ, ਨਾ ਹੀ ਆਪਣਾ ਅਸਰ ਪਾ ਕੇ ਮਾਇਆ ਦੀ ਡੂੰਘੀ ਖੱਡ ਵਿਚ ਧੱਕਾ ਦੇ ਸਕਦੇ ਹਾਂ ਅਤੇ ਇਸ ਦੇ ਵਿਪਰੀਤ ਜੋ ਮਨਮੁਖ ਹੈ ਉਸ ਨੂੰ ਦਿਨ ਰਾਤ ਲੁਟਦੇ ਹਨ -

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ*
*ਬੂਝਹਿ ਕੋਇ ਨ ਸੁਣੈ ਪੂਕਾਰਾ॥*
*ਪੰਨਾ - 600*

ਨਾਮ ਜਪਣ ਵਾਲਾ ਜੋ ਸਰੀਰ ਹੈ ਇਹ ਇਕ ਤਰ੍ਹਾਂ ਨਾਲ ਸੋਨੇ ਦਾ ਕਿਲਾ ਹੈ ਇਹ ਰਤਨਾਂ ਨਾਲ ਭਰਿਆ ਪਿਆ ਹੈ, ਇਸ ਨੂੰ ਕੋਈ ਨਹੀਂ ਲੁੱਟ ਸਕਦਾ। ਪਰ ਜੋ ਅਗਿਆਨੀ ਪੁਰਸ਼ ਹੈ ਉਸ ਨੂੰ ਚੋਰ ਲੁਟੇਰੇ ਲੁੱਟਣ ਲਈ ਸਦਾ ਹੀ ਦਾਓ ਵਿਚ ਇਸ ਦੇ ਅੰਦਰ ਛੁਪੇ ਰਹਿੰਦੇ ਹਨ। ਪਰ ਜਿਸ ਦੇ ਅੰਦਰ ਵਾਹਿਗੁਰੂ-ਵਾਹਿਗੁਰੂ ਦੀ ਧੁਨੀ ਚਲ ਰਹੀ ਹੈ ਅਤੇ ਜਿਸ ਨੇ ਗੁਰੂ ਦੇ ਉਪਦੇਸ਼ ਨੂੰ ਪੂਰਨ ਰੂਪ ਵਿਚ ਕਮਾਇਆ ਹੋਇਆ ਹੈ -

*ਕੰਚਨੁ ਕੋਟੁ ਬਹੁ ਮਾਣਕਿ ਭਰਿਆ*
*ਜਾਗੇ ਗਿਆਨ ਤਤਿ ਲਿਵ ਲਈਆ॥*
*ਤਸਕਰ ਹੇਰੂ ਆਇ ਲੁਕਾਨੇ*

**ਗੁਰ ਕੈ ਸਬਦਿ ਪਕੜਿ ਬੰਧਿ ਪਈਆ॥**
**ਪੰਨਾ - 833**

ਉਹ ਆਪਣੇ ਗਿਆਨ ਦੀ ਰੋਸ਼ਨੀ ਵਿਚ ਇਨ੍ਹਾਂ ਦੇ ਟਿਕਾਣਿਆਂ ਨੂੰ ਲੱਭ ਕੇ ਕਾਬੂ ਕਰ ਲੈਂਦਾ ਹੈ ਫੇਰ ਇਨ੍ਹਾਂ ਦਾ ਵਸ ਨਹੀਂ ਚਲਦਾ।

ਵਾਹਿਗੁਰੂ ਦਾ ਨਾਮ ਜਹਾਜ਼ ਹੈ ਅਤੇ ਬੇੜਾ ਹੈ। ਇਸ ਨੂੰ ਚਲਾਉਣ ਵਾਲੀ ਗੁਰਬਾਣੀ ਹੈ, ਗੁਰੂ ਇਸ ਨੂੰ ਆਪਣਾ ਉਪਦੇਸ਼ ਬਖਸ਼ ਕੇ ਪਾਰ ਕਰਦਾ ਹੈ, ਜਮ੍ਹਾਂ ਦੇ ਜੋ ਜਗਾਤੀਏ ਬਣ ਕੇ ਇਸ ਦੇ ਪੁੰਨ ਲੁਟਦੇ ਹਨ, ਉਨ੍ਹਾਂ ਵਿਚ ਹਿੰਮਤ ਨਹੀਂ ਪੈਂਦੀ ਕਿ ਇਸ ਦੇ ਨੇੜੇ ਆ ਜਾਣ। ਕੋਈ ਚੋਰ ਇਸ ਦੇ ਨਾਮ ਧਨ ਨੂੰ ਲੁੱਟ ਨਹੀਂ ਸਕਦਾ ਕਿਉਂਕਿ ਇਸ ਦਾ ਪ੍ਰਤਾਪ ਹੀ ਐਨਾ ਹੈ ਕਿ ਇਸ ਦੇ ਨੇੜੇ ਹੀ ਨਹੀਂ ਆ ਸਕਦੇ। ਨਾਮ ਵਿਚ ਰੱਤਿਆ ਜੀਵ ਪ੍ਰਮੇਸ਼ਰ ਦੇ ਗੁਣ ਗਾਉਂਦਾ ਹੈ, ਗੁਰੂ ਦੀ ਮੰਨ ਕੇ ਇਹ ਜੀਵ ਮੇਰ ਤੇਰ ਛੱਡ ਦਿੰਦਾ ਹੈ ਅਤੇ ਨਾਮ ਧੁਨ ਰਾਹੀਂ ਆਪਣੇ ਨਿਜ ਘਰ ਦਸਮ ਦੁਆਰ ਵਿਚ ਪ੍ਰਵੇਸ਼ ਕਰ ਲੈਂਦਾ ਹੈ। ਗੁਰੂ ਦੇ ਰਾਹੀਂ ਮਨ ਇਕ ਥਾਂ ਟਿਕ ਜਾਂਦਾ ਹੈ ਅਤੇ ਵਾਹਿਗੁਰੂ ਜੀ ਨੂੰ ਗਜ ਵਜ ਕੇ ਮਿਲਿਆ ਜਾਂਦਾ ਹੈ। ਪ੍ਰਤੱਖ ਮੇਲ ਹੋ ਜਾਂਦਾ ਹੈ, ਦਰਸ਼ਨ ਦੇਖ ਕੇ ਮਨ ਵਿਚ ਤ੍ਰਿਪਤੀ ਆ ਜਾਂਦੀ ਹੈ, ਕੰਨ ਗੁਰੂ ਦੀ ਬਾਣੀ ਅਤੇ ਨਾਮ ਧੁਨ ਦੇ ਰਸ ਵਿਚ ਪੂਰੀ ਤਰ੍ਹਾਂ ਮਸਤ ਹੋ ਜਾਂਦੇ ਹਨ। ਇਹ ਜੀਵ ਆਤਮਾ ਜਿਸ ਨੂੰ ਰੂਹ ਭੀ ਆਖਿਆ ਜਾਂਦਾ ਹੈ, ਉਹ ਨਾਮ ਦੇ ਰਸ ਵਿਚ ਭਿੱਜ ਜਾਂਦਾ ਹੈ, ਪ੍ਰਸੰਨ ਹੋ ਜਾਂਦਾ ਹੈ ਅਤੇ ਇਸੇ ਨਾਮ ਦੀ ਮਸਤੀ ਵਿਚ ਹਰੀ ਨੂੰ ਯਾਦ ਕਰਦਾ ਹੈ, ਤਿੰਨੋ ਗੁਣ ਰਜੋ ਗੁਣ, ਤਮੋ ਗੁਣ ਅਤੇ ਸਤੋ ਗੁਣ ਸਦਾ ਲਈ ਦੂਰ ਹੋ ਜਾਂਦੇ ਹਨ। ਇਨ੍ਹਾਂ ਗੁਣਾਂ ਕਰਕੇ ਹੀ ਮਾਇਆ ਦਾ ਮੋਹ ਚਿੰਬੜਿਆ ਹੋਇਆ ਸੀ ਅਤੇ ਨਾਮ ਅਭਿਆਸ ਰਾਹੀਂ ਸਹਿਜ ਅਵਸਥਾ ਜਿਸ ਨੂੰ ਚੌਥਾ ਪਦ ਆਖਿਆ ਜਾਂਦਾ ਹੈ ਇਹ ਗੁਰੂ ਰਾਹੀਂ ਪ੍ਰਾਪਤ ਹੋ ਜਾਂਦੀ ਹੈ। ਦ੍ਰਿਸ਼ਟੀ ਖੁਲ੍ਹ ਜਾਂਦੀ ਹੈ ਤੇ ਸਮਤਾ ਦੀ ਬਿਰਤੀ ਪ੍ਰਾਪਤ ਹੋ ਜਾਂਦੀ ਹੈ। ਹਰ ਥਾਂ ਦੇ ਉਤੇ ਪ੍ਰਤੀਤ ਦਿੰਦਾ ਹੈ ਕਿ ਮੈਂ ਤਾਂ ਕੁਝ ਵੀ ਨਹੀਂ ਹਾਂ, ਇਹ ਤਾਂ ਮੇਰਾ ਪ੍ਰਭੂ ਸਾਰੀ ਖੇਲ੍ਹ ਕਰ ਰਿਹਾ ਹੈ। ਆਪ ਹੀ ਕਣ-ਕਣ ਵਿਚ ਪਸਰਿਆ ਹੋਇਆ ਹੈ, ਸਾਰੇ ਹੀ ਨਾਮ ਦੀ ਜੋਤ ਪਸਰੀ ਪਈ ਹੈ, ਨਾ ਸਮਝ ਵਿਚ ਆਉਣ ਵਾਲੇ ਹਰੀ ਦਾ ਗਿਆਨ ਹੋ ਜਾਂਦਾ ਹੈ, ਹਰੀ ਸਾਡਾ ਨਿਮਾਣਿਆਂ ਦਾ ਮੇਹਰਬਾਨ ਬਣ ਜਾਂਦਾ ਹੈ ਅਤੇ ਭਗਤੀ ਭਾਵ ਰਾਹੀਂ ਨਾਮ ਵਿਚ ਸਮਾ ਜਾਈਦਾ ਹੈ।

**ਹਰਿ ਹਰਿ ਨਾਮੁ ਪੋਤੁ ਬੋਹਿਥਾ**
**ਖੇਵਟੁ ਸਬਦੁ ਗੁਰੁ ਪਾਰਿ ਲੰਘਈਆ॥**
**ਜਮੁ ਜਾਗਾਤੀ ਨੇੜਿ ਨ ਆਵੈ**
**ਨਾ ਕੋ ਤਸਕਰੁ ਚੋਰੁ ਲਗਈਆ॥**
**ਹਰਿ ਗੁਣ ਗਾਵੈ ਸਦਾ ਦਿਨੁ ਰਾਤੀ**
**ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ॥**
**ਗੁਰਮੁਖਿ ਮਨੂਆ ਇਕਤੁ ਘਰਿ ਆਵੈ**
**ਮਿਲਉ ਗੁੋਪਾਲ ਨੀਸਾਨੁ ਬਜਈਆ॥**
**ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ**
**ਸ੍ਰਵਨ ਬਾਣੀ ਗੁਰ ਸਬਦੁ ਸੁਣਈਆ॥**
**ਸੁਨਿ ਸੁਨਿ ਆਤਮ ਦੇਵ ਹੈ**
**ਭੀਨੇ ਰਸਿ ਰਸਿ ਰਾਮ ਗੋਪਾਲ ਰਵਈਆ॥**
**ਤ੍ਰੈਗੁਣ ਮਾਇਆ ਮੋਹਿ ਵਿਆਪੇ**
**ਤੁਰੀਆ ਗੁਣੁ ਹੈ ਗੁਰਮੁਖਿ ਲਹੀਆ॥**
**ਏਕ ਦ੍ਰਿਸਟਿ ਸਭ ਸਮ ਕਰਿ ਜਾਣੈ**
**ਨਦਰੀ ਆਵੈ ਸਭੁ ਬ੍ਰਹਮੁ ਪਸਰਈਆ॥**
**ਰਾਮ ਨਾਮੁ ਹੈ ਜੋਤਿ ਸਬਾਈ**
**ਗੁਰਮੁਖਿ ਆਪੇ ਅਲਖੁ ਲਖਈਆ॥**
**ਨਾਨਕ ਦੀਨ ਦਇਆਲ ਭਏ ਹੈ**
**ਭਗਤਿ ਭਾਇ ਹਰਿ ਨਾਮਿ ਸਮਾਈਆ॥**
**ਪੰਨਾ - 833**

ਸੋ ਇਸ ਤਰ੍ਹਾਂ ਦੇ ਨਾਲ ਚੁੰਚ ਗਿਆਨ ਦੇ ਨਾਲ ਇਹ ਜੀਵ ਕਿਤੇ ਵੀ ਨਹੀਂ ਪਹੁੰਚ ਸਕਦਾ। ਇਸ ਦੇ ਵਾਸਤੇ ਸਾਧਨ ਕਰਨੇ ਅਵਸ਼ਕ ਹਨ। ਪਹਿਲੇ ਸਮਿਆਂ ਵਿਚ ਆਤਮਾ ਨੂੰ ਸਾਖਸ਼ਾਤ ਕਰਨ ਲਈ ਬਹੁਤ ਕਰੜੇ ਸਾਧਨ ਕਰਨੇ ਪਿਆ ਕਰਦੇ ਸਨ।

ਇਕ ਕਥਾ ਆਉਂਦੀ ਹੈ ਕਿ ਜਦੋਂ ਪ੍ਰਮੇਸ਼ਰ ਨੇ ਸੰਸਾਰ ਰਚ ਲਿਆ ਅਤੇ ਮਾਇਆ ਦਾ ਪ੍ਰਭਾਵ ਪੂਰੀ ਤਰ੍ਹਾਂ ਨਾਲ ਸੰਸਾਰ ਵਿਚ ਫੈਲਾ ਕੇ ਜੀਵ ਨੂੰ ਭੁਲਾ ਦਿਤਾ। ਉਸ ਵੇਲੇ ਅਗਿਆਨ ਵਸ ਆਏ ਹੋਏ ਜੀਵ ਦੀ ਕਲਿਆਣ ਵਾਸਤੇ ਪ੍ਰਭੂ ਨੇ ਦੇਵਤਿਆਂ ਨੂੰ ਬੁਲਾਇਆ ਅਤੇ ਕਿਹਾ ਕਿ ਸੰਸਾਰ ਵਿਚ ਇਕ ਅਤਿ ਕੀਮਤੀ ਸ਼ੈ ਹੈ ਤੁਸੀਂ ਇਸ ਨੂੰ ਉਥੇ ਛੁਪਾ ਦਿਓ, ਜਿਥੇ ਕੋਈ ਵੀ ਪਹੁੰਚ ਨਾ ਸਕੇ ਅਤੇ ਜਾਣ ਨਾ ਸਕੇ। ਇਹ ਵਸਤੂ ਸਾਰੇ ਸੁਖਾਂ ਦਾ ਮੂਲ ਹੈ ਸਾਰੇ ਗਿਆਨੀਆਂ ਦਾ ਗਿਆਨ ਹੈ, ਸਭ ਕੁਝ ਹੈ, ਸਾਰੇ ਦੁਖਾਂ ਦਾ ਖਾਤਮਾ ਕਰਨ ਨੂੰ ਸਮਰੱਥ ਹੈ, ਇਸ ਦੀ ਕੀਮਤ ਕੋਈ ਪਾ ਨਹੀਂ ਸਕਦਾ, ਇਸ ਕਰਕੇ ਇਹ ਅਤਿ ਕੀਮਤੀ ਵਸਤੂ ਉਥੇ ਛੁਪਾਓ ਜਿਥੇ ਕਿਸੇ ਦੇ ਹੱਥ ਨਾ ਆ ਸਕੇ। ਸੰਸਾਰ ਦੇ ਜੀਵ ਇਸ ਚੀਜ਼ ਨੂੰ ਪ੍ਰਾਪਤ ਕਰਨ ਲਈ ਅਨੇਕਾਂ ਯਤਨ ਕਰਨਗੇ ਅਤੇ ਇਸ ਦੀ ਖੋਜ ਕਰਨਗੇ। ਸੋ ਇਸ ਗੱਲ ਤੋਂ ਸਾਵਧਾਨ ਹੋ ਕੇ ਉਥੇ ਛਪਾਓ ਜਿਥੇ ਪਹੁੰਚਣਾ ਮੁਸ਼ਕਲ ਹੋ ਜਾਵੇ। ਉਸ ਵੇਲੇ ਦੇਵਤਿਆਂ ਨੇ ਕਿਹਾ ਕਿ ਅਸੀਂ ਡੂੰਘੇ ਸਮੁੰਦਰ ਨੂੰ ਦੇਖ ਚੁੱਕੇ ਹਾਂ, ਬਰਫਾਂ ਨਾਲ ਲੱਦੇ ਪਹਾੜ ਵੀ ਦੇਖੇ ਹਨ, ਵੱਡੀਆਂ ਡੂੰਘੀਆਂ ਖਾਈਆਂ ਵੀ ਦੇਖੀਆਂ ਹਨ ਧਰਤੀ ਦੇ ਅੰਦਰ ਵੀ ਦੇਖਿਆ ਹੈ ਜਿਥੇ ਹੁਕਮ ਹੋਵੇ ਉਥੇ ਇਸ ਨੂੰ ਰੱਖ ਦੇਈਏ। ਭਗਵਾਨ ਨੇ ਕਿਹਾ ਕਿ ਇਹ ਜੋ ਮੈਂ ਮਨੁੱਖ ਬਣਾਇਆ ਹੈ ਇਸ ਨੇ ਕੋਈ ਥਾਂ ਅਜਿਹੇ ਨਹੀਂ ਛਡਣੇ ਜਿਥੇ ਇਹ ਇਸ ਦੀ ਤਲਾਸ਼ ਨਾ ਕਰ ਸਕੇ। ਇਸ ਨੇ ਵਿਗਿਆਨ ਦੇ ਰਾਹੀਂ ਧਰਤੀ ਦਾ ਪੇਟ ਖੋਲ੍ਹ ਕੇ ਸੋਨਾ, ਚਾਂਦੀ, ਤਰਲ ਗੈਸਾਂ ਅਤੇ ਅਨੇਕ ਚੀਜ਼ਾਂ ਜਿਹੜੀਆਂ ਮੈਂ

ਗੁਪਤ ਰੱਖੀਆਂ ਹਨ ਉਹ ਕੱਢ ਕੇ ਇਸ ਨੇ ਮਾਇਆ ਦੇ ਪ੍ਰਭਾਵ ਵਿਚ ਆ ਕੇ ਆਪਣੀ ਵਰਤੋਂ ਵਿਚ ਲੈ ਲੈਣੀਆਂ ਹਨ। ਨਾ ਇਸ ਨੇ ਪਹਾੜਾਂ ਦੀਆਂ ਚੋਟੀਆਂ ਛੱਡਣੀਆਂ ਹਨ, ਇਸ ਨੇ ਯੰਤਰ ਬਣਾ ਲੈਣੇ ਹਨ ਜਿਨ੍ਹਾਂ ਨੂੰ ਹੱਥ ਵਿਚ ਲੈ ਕੇ ਡੂੰਘੀਆਂ ਖੱਡਾਂ ਵਿਚ ਪਈਆਂ ਚੀਜ਼ਾਂ ਨੂੰ ਖੋਜ ਲਵੇਗਾ। ਇਸ ਨੇ ਧਰਤੀ ਦੇ ਦੁਆਲੇ ਘੁੰਮ ਕੇ ਅਸਮਾਨਾਂ ਵਿਚ ਕੋਈ ਥਾਂ ਨਹੀਂ ਛਡਣਾ ਜਿਥੇ ਇਸ ਦੀ ਨਿਗ੍ਹਾ ਨਾ ਜਾਵੇ, ਬਾਹਰੋਂ ਤਾਂ ਇਹਨੇ ਟੋਲ੍ਹ ਲੈਣਾ ਹੈ ਪਰ ਇਹ ਚੀਜ਼ ਜੋ ਮੈਂ ਤੁਹਾਨੂੰ ਕਹਿੰਦਾ ਹਾਂ ਇਹ ਬਹੁਤ ਕੀਮਤੀ ਹੈ ਇਹ ਕਿਸੇ ਅਧਿਕਾਰੀ ਦੇ ਹੱਥ ਵਿਚ ਹੀ ਆਉਣੀ ਚਾਹੀਦੀ ਹੈ। ਉਸ ਵੇਲੇ ਦੇਵਤਿਆਂ ਨੇ ਕਿਹਾ ਕਿ ਹੇ ਕਰਨ ਕਾਰਨ ਸਮਰੱਥ ਪ੍ਰਭੂ! ਤੁਸੀਂ ਆਪ ਹੀ ਅੰਤਰਜਾਮੀ ਹੋ, ਸਾਨੂੰ ਕੋਈ ਥਾਂ ਅਜਿਹਾ ਨਹੀਂ ਮਿਲਿਆ ਜਿਥੇ ਇਸ ਅਤਿ ਕੀਮਤੀ ਚੀਜ਼ ਨੂੰ ਛੁਪਾ ਦਿਤਾ ਜਾਵੇ। ਉਸ ਵੇਲੇ ਪ੍ਰਭੂ ਨੇ ਕਿਹਾ ਕਿ ਦੇਖੋ ਜੋ ਮੈਂ ਜੀਵ ਬਣਾਇਆ ਹੈ ਇਹ ਬਾਹਰੋਂ ਤਾਂ ਸਭ ਕੁਝ ਢੂੰਡ ਸਕਦਾ ਹੈ ਪਰ ਇਸ ਨੇ ਆਪਣੇ ਅੰਦਰ ਨਹੀਂ ਢੂੰਡਣਾ, ਮੈਂ ਇਸ ਵਸਤੂ ਨੂੰ ਇਨ੍ਹਾਂ ਜੀਵਾਂ ਦੇ ਅੰਦਰ ਹੀ ਛੁਪਾ ਦਿੰਦਾ ਹਾਂ। ਉਸ ਵੇਲੇ ਦੇਵਤਿਆਂ ਨੇ ਕਿਹਾ ਕਿ ਹਜ਼ੂਰ! ਕਦੇ ਨਾ ਕਦੇ ਇਸ ਮਨੁੱਖ ਨੇ ਅੰਦਰ ਝਾਕਣਾ ਹੀ ਹੈ ਉਹ ਫੇਰ ਅੰਦਰੋਂ ਕੱਢ ਲਵੇਗਾ। ਉਸ ਵੇਲੇ ਪ੍ਰਭੂ ਨੇ ਕਿਹਾ ਕਿ ਇਸ ਨੂੰ ਮੈਂ ਪੂਰੀ ਤਰ੍ਹਾਂ ਢੱਕ ਦੇਵਾਂਗਾ। ਇਸ ਉਪਰ ਸਭ ਤੋਂ ਪਹਿਲਾਂ ਹਉਮੈ ਦੀਆਂ ਤੈਹਾਂ ਜਮਾਂ ਦੇਵਾਂਗਾ ਜਿਸ ਦੇ ਪ੍ਰਭਾਵ ਹੇਠਾਂ ਆ ਕੇ ਇਹ ਆਪਣੇ ਆਪ ਨੂੰ ਮੇਰੇ ਤੋਂ ਵੱਖ ਸਮਝਣਾ ਸ਼ੁਰੂ ਕਰ ਦੇਵੇਗਾ ਅਤੇ ਆਪਣੀ ਅਣਹੋਂਦ ਹੁੰਦੇ ਭੀ ਹੋਂਦ ਕਾਇਮ ਕਰ ਲਵੇਗਾ ਅਤੇ ਮੈਂ ਅਤੇ ਮੇਰੀ ਵਿਚ ਉਲਝ ਜਾਵੇਗਾ। ਇਸ ਨੂੰ ਰੋਗ ਲਗ ਜਾਵੇਗਾ ਜਿਸ ਨੂੰ ਹਉਮੈ ਕਿਹਾ ਜਾਂਦਾ ਹੈ। ਜਿਸ ਚੀਜ਼ ਨੂੰ ਮੈਂ ਛੁਪਾਉਣਾ ਚਾਹੁੰਦਾ ਹਾਂ ਉਹ ਮੈਂ ਆਪ ਹੀ ਹਾਂ, ਮੈਂ ਆਪ ਹੀ ਕਿਰਤ ਵਿਚ ਕਣ-ਕਣ ਵਿਚ ਆ ਕੇ ਇਸ ਨੂੰ ਸੱਤਾ ਦੇਣੀ ਹੈ ਪਰ ਇਹ ਅਗਿਆਨ ਵਸ ਹਉਮੈ ਦੇ ਅਧੀਨ ਮੈਨੂੰ ਅੰਦਰੋਂ ਨਹੀਂ ਭਾਲ ਸਕੇਗਾ ਬਾਹਰੋਂ ਇਸ ਨੂੰ ਮਾਇਕ ਸੁਖਾਂ ਦੀ ਪ੍ਰਾਪਤੀ ਹੋਵੇਗੀ ਪਰ ਇਹ ਸੰਤੁਸ਼ਟ ਨਹੀਂ ਹੋਵੇਗਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ*
*ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ*
*ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ*
*ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ॥*

*ਪੰਨਾ - 707*

ਬਾਹਰਲੀਆਂ ਪ੍ਰਾਪਤੀਆਂ ਕਰਕੇ ਇਹ ਸੁੱਖ ਦੀ ਲੋਚਾ ਰਖੇਗਾ ਅਤੇ ਉਨ੍ਹਾਂ ਛਿਨ ਭੰਗਰ ਸੁਖਾਂ ਦੇ ਅਸਰ ਹੇਠ ਆਇਆ ਹੋਇਆ ਮੇਰੇ ਤੋਂ ਬੇਮੁਖ ਰਹੇਗਾ ਪਰ ਮੈਂ ਇਸ ਦੀ ਕਲਿਆਣ ਵਾਸਤੇ ਆਪਣੇ ਅਤਿ ਪਿਆਰੇ ਸੰਤਾਂ ਨੂੰ ਇਹ ਕੰਮ ਸੌਂਪਾਂਗਾ ਕਿ ਤੁਸੀਂ ਇਸ ਜੀਵ ਨੂੰ ਝੂਠੇ ਸੁਖਾਂ ਵਿਚ ਗਲਤਾਨ ਹੋਏ ਨੂੰ ਸੱਚੇ ਸੁਖ ਦੀ ਸੋਝੀ ਦੇਵੋ। ਇਸ ਅਤਿ ਦੁਖੀ ਹੋਏ ਜੀਵ ਨੂੰ ਦੱਸੋ ਕਿ ਪਰਮ ਅਨੰਦ, ਪਰਮ ਸਤ, ਪਰਮ ਚੇਤਨ ਪ੍ਰਭੂ ਤੇਰੇ ਅੰਦਰ ਹੀ ਹੈ, ਤੇਰੀ ਉਸ ਨਾਲੋਂ ਵਿੱਥ ਤੇਰੀ ਹੰਗਤਾ ਤੇ ਮਮਤਾ ਨੇ ਪਾਈ ਹੋਈ ਹੈ। ਜਿਵੇਂ ਕਿ -

*ਸਭ ਕਿਛੁ ਘਰ ਮਹਿ ਬਾਹਰਿ ਨਾਹੀ॥*
*ਬਾਹਰਿ ਟੋਲੈ ਸੋ ਭਰਮਿ ਭੁਲਾਹੀ॥*
*ਗੁਰ ਪਰਸਾਦੀ ਜਿਨੀ ਅੰਤਰਿ ਪਾਇਆ*
*ਸੋ ਅੰਤਰਿ ਬਾਹਰਿ ਸੁਹੇਲਾ ਜੀਉ॥*

*ਪੰਨਾ - 102*

ਸੋ ਮੇਰੇ ਮਹਾਂਪੁਰਸ਼ ਇਸ ਨੂੰ ਇਸ ਗੱਲ ਦੀ ਸੋਝੀ ਦੇਣਗੇ ਕਿ ਜਿਸ ਸੁਖ ਨੂੰ ਤੂੰ ਭਾਲਦਾ ਫਿਰਦਾ ਹੈਂ ਉਹ ਤੇਰੇ ਅੰਦਰ ਹੈ। ਉਸ ਸਾਧੂ ਦੀ ਕ੍ਰਿਪਾ ਨਾਲ ਜੇ ਇਸ ਜੀਵ ਨੇ ਬਚਨ ਕਮਾ ਲਿਆ ਤਾਂ ਇਹ ਜਨਮਾਂ ਜਨਮਾਂਤਰਾਂ ਦਾ ਵਿਛੜਿਆ ਹੋਇਆ ਮਿਲ ਜਾਵੇਗਾ। ਨਾਮ ਧਿਆਉਣ ਦੇ ਨਾਲ ਇਸ ਨੂੰ ਇਹ ਮਤ ਮਿਲ ਜਾਵੇਗਾ ਜਿਸ ਨਾਲ ਇਹ ਇਸ ਗੁਪਤ ਖਜ਼ਾਨੇ ਨੂੰ ਅੰਦਰੋਂ ਹੀ ਭਾਲ ਲਵੇਗਾ।

*ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥*
*ਮਨੁ ਪੀਵੈ ਸੁਨਿ ਸਬਦੁ ਬੀਚਾਰਾ॥*
*ਅਨਦ ਬਿਨੋਦ ਕਰੇ ਦਿਨ ਰਾਤੀ*
*ਸਦਾ ਸਦਾ ਹਰਿ ਕੇਲਾ ਜੀਉ॥*
*ਜਨਮ ਜਨਮ ਕਾ ਵਿਛੁੜਿਆ ਮਿਲਿਆ॥*
*ਸਾਧ ਕ੍ਰਿਪਾ ਤੇ ਸੂਕਾ ਹਰਿਆ॥*
*ਸੁਮਤਿ ਪਾਏ ਨਾਮੁ ਧਿਆਏ*
*ਗੁਰਮੁਖਿ ਹੋਏ ਮੇਲਾ ਜੀਉ॥*
*ਜਲ ਤਰੰਗੁ ਜਿਉ ਜਲਹਿ ਸਮਾਇਆ॥*
*ਤਿਉ ਜੋਤੀ ਸੰਗਿ ਜੋਤਿ ਮਿਲਾਇਆ॥*
*ਕਹੁ ਨਾਨਕ ਭ੍ਰਮ ਕਟੇ ਕਿਵਾੜਾ*
*ਬਹੁੜਿ ਨ ਹੋਈਐ ਜਉਲਾ ਜੀਉ॥*

*ਪੰਨਾ - 102*

ਸੋ ਪ੍ਰਭੂ ਨੇ ਕਿਹਾ ਕਿ ਸਭ ਤੋਂ ਪਹਿਲਾਂ ਉਸ ਉਪਰ ਹਉਮੈ ਦਾ ਕੂੜ ਕੁਬਾੜ ਹੋਵੇਗਾ ਜੋ ਨਿਰਾ ਹੀ ਰੋਗ ਹੈ ਜੋ ਇਸ ਜੀਵ ਨੂੰ ਮੇਰੇ ਨਾਲ ਕਿਸੇ ਤਰ੍ਹਾਂ ਵੀ ਮਿਲਣ ਨਹੀਂ ਦੇਵੇਗਾ ਕਿਉਂਕਿ ਹਉਮੈ ਤੱਤ ਸਦਾ ਹੀ ਪਰੀਪੂਰਨ ਨਾਮ ਦਾ ਵਿਰੋਧੀ ਤੱਤ ਹੋਣ ਕਰਕੇ ਆਪਣੀ ਹੋਂਦ ਛੱਡਣ ਲਈ ਤਿਆਰ ਨਹੀਂ ਹੋਵੇਗਾ। ਫੇਰ ਮੈਂ ਦੂਜੀ ਤਹਿ ਇਸ ਉਪਰ ਅਗਿਆਨ ਦੀ ਲਾਉਣੀ ਹੈ। ਫੇਰ ਅਨੇਕ ਕਿਸਮ ਦੇ ਰਸ ਕੁਰਸ ਜੋ ਜੀਵ ਨੂੰ ਸਦਾ ਹੀ ਮੋਹਿਤ ਰਖਣਗੇ ਉਨ੍ਹਾਂ ਦੀ ਲਾਉਣੀ ਹੈ। ਜਿਸ ਕਰਕੇ

ਆਤਮ ਤੱਤ ਨੂੰ ਖੋਜ ਕੇ ਪ੍ਰਾਪਤ ਕਰ ਲੈਣਾ ਇਸ ਜੀਵ ਲਈ ਬਹੁਤ ਹੀ ਅਸੰਭਵ ਹੋਵੇਗਾ। ਦੇਵਤਿਆਂ ਨੇ ਕਿਹਾ ਕਿ ਹੇ ਪ੍ਰਭੂ! ਇਹ ਆਤਮ ਧਨ ਪ੍ਰਾਪਤ ਕੌਣ ਕਰਾਵੇਗਾ? ਤਾਂ ਪ੍ਰਭੂ ਨੇ ਕਿਹਾ ਕਿ ਮੇਰੇ ਵਿਚ ਅਭੇਦ ਹੋਏ ਹੋਏ ਗੁਰਮੁਖ ਇਨ੍ਹਾਂ ਤੈਹਾਂ ਨੂੰ ਖੁਣ ਕੇ ਆਤਮ ਸਾਖਸ਼ਾਤ ਕਰਾਉਣਗੇ ਜੋ ਦਰਅਸਲ ਮੈਂ ਹੀ ਸੰਤ ਰੂਪ ਵਿਚ ਹੋਵਾਂਗਾ, ਗੁਰ ਉਪਦੇਸ਼ ਕਮਾ ਕੇ ਇਹ ਜੀਵ ਦੇ ਸਾਰੇ ਭਰਮਾਂ ਦਾ ਨਾਸ਼ ਹੋਣ ਤੇ ਇਸ ਦੇ ਅਗਿਆਨ ਦਾ ਨਾਸ਼ ਹੋ ਜਾਵੇਗਾ ਅਤੇ ਫਿਰ ਇਹ ਮੇਰੀ ਜੋਤੀ ਵਿਚ ਸਮਾ ਕੇ ਪਰਮ ਸੁਖੀ ਹੋ ਜਾਵੇਗਾ ਪਰ ਇਸ ਲਈ ਖੋਜਣ ਦੀ ਅਤੀ ਲੋੜ ਹੈ। ਮੇਰੇ ਮਹਾਂਪੁਰਸ਼ ਇਸ ਨੂੰ ਉਹ ਮੰਤਰ ਦੇਣਗੇ ਜਿਸ ਦਾ ਜਾਪ ਕਰਕੇ ਇਹ ਕਰੜੀਆਂ ਤੈਹਾਂ ਵਿਚ ਵੱਡਾ ਸੁਰਾਖ (**bore**) ਕਰ ਦੇਵੇਗਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥*
*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ ਤੂ*
*ਸਚੁ ਸਚੇ ਸੇਵਾ ਤੇਰੀ ਹੋਤਿ॥*

*ਪੰਨਾ - 309*

ਇਹ ਇਕ ਅਜਿਹੀ ਕਥਾ ਹੈ ਜੋ ਪ੍ਰਤੀਕ ਰੂਪ ਦੇ ਵਿਚ ਅਸਾਨੂੰ ਇਹ ਦਸਦੀ ਹੈ ਕਿ ਵਾਹਿਗੁਰੂ ਜੀ ਤੇਰੇ ਅੰਦਰ ਸਮਾਏ ਹੋਏ ਹਨ। ਆਤਮਾ ਪ੍ਰਮਾਤਮਾ ਇਕੋ ਹੀ ਹਨ, ਇਹ ਦੋ ਨਹੀਂ ਹਨ। ਉਸ ਨੂੰ ਸਾਖਸ਼ਾਤ ਕਰਨਾ ਤੇਰਾ ਪਰਮ ਮਨੋਰਥ ਹੈ ਜਦੋਂ ਤਕ ਤੇਰਾ ਗੁਰਮੁਖ ਨਾਲ ਮਿਲਾਪ ਨਹੀਂ ਹੁੰਦਾ ਤੈਨੂੰ ਰਸਤਾ ਪ੍ਰਾਪਤ ਨਹੀਂ ਹੋਣਾ। ਸੋ ਆਤਮ ਤੱਤ ਨੂੰ ਸਾਖਸ਼ਾਤ ਕਰਨ ਲਈ ਤੱਤ ਬੇਤੇ ਮਹਾਂਪੁਰਸ਼ ਦੀ ਆਵਸ਼ਕਤਾ ਹੈ ਜਿਸ ਬਾਰੇ ਫੁਰਮਾਨ ਹੈ -

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥*

*ਪੰਨਾ - 749*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਆਤਮ ਵਸਤੂ ਇਸ ਦੇਹੀ ਦੇ ਅੰਦਰ ਛੁਪੀ ਹੋਈ ਹੈ। ਗੁਹਜ ਰਤਨ ਇਸ ਸਰੀਰ ਦੇ ਅੰਦਰ ਹਨ। ਗੁਰਮੁਖ ਅਜਿਹੀ ਸੁਮੱਤ ਦਿੰਦਾ ਹੈ ਜਿਸ ਰਾਹੀਂ ਇਹ ਜੀਵ ਅੰਦਰ ਖੁਣਨਾ ਸ਼ੁਰੂ ਕਰ ਦਿੰਦਾ ਹੈ ਅਤੇ ਆਤਮ ਵਸਤੂ ਤਕ ਪਹੁੰਚ ਜਾਂਦਾ ਹੈ। ਆਤਮ ਵਸਤੂ ਦੇ ਪ੍ਰਗਟ ਹੁੰਦਿਆਂ ਹੀ ਹਉਮੈ ਅਤੇ ਉਸ ਦੇ ਪਰਿਵਾਰ ਦੇ ਸਾਰੇ ਔਗੁਣਾਂ ਦਾ ਇਕ ਦਮ ਨਾਸ਼ ਹੋ ਜਾਂਦਾ ਹੈ। ਆਤਮ ਸ਼ਾਖਸ਼ਾਤਕਾਰ ਹੋ ਜਾਂਦਾ ਹੈ, ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਸਭ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ ਤੂੰ*
*ਸਚੁ ਸਚੇ ਸੇਵਾ ਤੇਰੀ ਹੋਤਿ।।*

*ਪੰਨਾ - 309*

ਜਦੋਂ ਤੋਂ ਸੰਸਾਰ ਰਚਿਆ ਗਿਆ ਹੈ ਉਸ ਵੇਲੇ ਤੋਂ ਹੀ ਸਤਿ ਅਤੇ ਪਰਮ ਸੁਖ ਦੀ ਖੋਜ ਇਹ ਜੀਵ ਕਰ ਰਿਹਾ ਹੈ ਇਸ ਨੇ ਬੇਅੰਤ ਜੁਗਤਾਂ, ਤਰੀਕੇ ਸਤਿ ਤਕ ਪਹੁੰਚਣ ਦੇ ਵਰਤੇ ਹਨ। ਕਈ ਬਹੁਤ ਕਰੜੇ ਹਨ, ਕਈ ਸੁਖੈਨ ਹਨ ਪਰ ਹਰ ਥਾਂ ਪ੍ਰਾਪਤੀ ਉਸ ਨੂੰ ਹੀ ਹੋਈ ਹੈ ਜਿਸ ਨੂੰ ਸਮਰੱਥ ਗੁਰੂ ਦਾ ਮਿਲਾਪ ਹੋਇਆ ਹੈ। ਸਮਰੱਥ ਗੁਰੂ ਨੇ ਸ਼ਬਦ ਦਾ ਚਾਨਣਾ ਇਸ ਦੇ ਹੱਥ ਵਿਚ ਫੜਾ ਕੇ ਇਸ ਨੂੰ ਖੋਜ ਲਈ ਤਤਪਰ ਕਰ ਦਿਤਾ।

ਸਾਧਸੰਗਤ ਜੀ! ਆਪ ਦੀ ਗਿਆਤ ਲਈ ਕੁਝ ਸਾਧਨ ਜੋ ਗੁਰੂ ਨਾਨਕ ਪਾਤਸ਼ਾਹ ਤੋਂ ਪਹਿਲਾਂ ਪ੍ਰਚਲਤ ਹਨ ਉਨ੍ਹਾਂ ਬਾਰੇ ਇਸ ਥਾਂ ਦਸਣਾ ਕੁਥਾਹ ਨਹੀਂ ਹੋਵੇਗਾ। ਜਿਨ੍ਹਾਂ ਦਾ ਵੇਰਵਾ ਅੰਕਿਤ ਕੀਤਾ ਜਾਂਦਾ ਹੈ।

ਸਤਿਜੁਗ ਵਿਚ ਉਸ ਸਮੇਂ ਦੇ ਮਨੁੱਖਾਂ ਦੀ ਮਨੋਬਿਰਤੀ ਬਹੁਤ ਉਚੀ ਸੀ, ਉਹ ਸੱਚ ਨੂੰ ਹਰ ਥਾਂ ਪਸਰਿਆ ਦੇਖਦੇ ਸਨ ਅਤੇ ਮੈਂ ਦਾ ਭਾਵ ਉਨ੍ਹਾਂ ਵਿਚ ਬਹੁਤ ਘੱਟ ਸੀ ਉਹ ਗਿਆਨ ਵਿਚ ਰਹਿੰਦੇ ਸਨ ਅਤੇ ਪ੍ਰਭੂ ਨਾਲ ਮਿਲੇ ਹੋਏ ਸਨ। ਤ੍ਰੇਤੇ ਜੁਗ ਦੇ ਵਿਚ ਜੀਵ ਦੀ ਮਨੋਬਿਰਤੀ ਖਿੰਡ ਗਈ ਅਤੇ ਇਸ ਨੇ ਯੱਗ ਵਗੈਰਾ ਕਰਨੇ ਸ਼ੁਰੂ ਕਰ ਦਿਤੇ। ਯੱਗਾਂ ਦੀ ਕੋਈ ਵੀ ਗਿਣਤੀ ਨਹੀਂ ਸੀ। ਇਨ੍ਹਾਂ ਨੂੰ ਕਰਾਉਣ ਵਾਸਤੇ ਪਰੋਹਤ ਜਮਾਤ ਹੋਂਦ ਵਿਚ ਆਈ। ਅਨੇਕ ਭਾਂਤ ਦੇ ਯੱਗ ਕਰਾਉਂਦੇ ਰਹੇ। ਲੋਕ ਸ਼ੁਭ ਕਰਮ ਕਰਦੇ ਸਨ। ਅਜੇ ਵੀ ਜੀਵ ਦਾ ਪੂਰਨ ਰੂਪ ਵਿਚ ਪਤਨ ਨਹੀਂ ਸੀ ਹੋਇਆ। ਪਰ ਉਸ ਦੇ ਅੰਦਰ ਹਉਮੈ ਦਾ ਹਨ੍ਹੇਰਾ ਕਾਫੀ ਵਧ ਚੁਕਿਆ ਸੀ ਅਤੇ ਉਸ ਨੂੰ ਸਰਬ ਰਮੀ ਹੋਈ ਆਤਮਾ ਦੀ ਥਾਂ ਆਪਣੀ ਹੋਂਦ ਦਾ ਭੁਲੇਖਾ ਪੈਣ ਲੱਗਿਆ। ਇਸ ਤਰ੍ਹਾਂ ਨਾਲ ਦੁਆਪਰ ਯੁੱਗ ਵਿਚ ਅਨੇਕ ਕਿਸਮ ਦੀ ਪੂਜਾ ਪ੍ਰਚਲਤ ਹੋਈ, ਲੋਕ ਯੱਗ ਵੀ ਕਰਦੇ ਸਨ, ਪੂਜਾ ਵੀ ਕਰਦੇ ਸਨ ਅਤੇ ਲੰਮੇ ਸਮੇਂ ਲਈ ਤਪ ਵੀ ਕਰਦੇ ਸਨ, ਮੋਹ ਮਾਇਆ ਦਾ ਅਸਰ ਅਜੇ ਪੂਰੀ ਤਰ੍ਹਾਂ ਨਾਲ ਮਨੁੱਖ ਨੂੰ ਕਾਬੂ ਨਹੀਂ ਸੀ ਕਰ ਸਕਿਆ। ਅਨੇਕ ਤਰ੍ਹਾਂ ਦੀ ਯੋਗ ਸਾਧਨਾ ਕਰਕੇ ਕਲੇਸ਼ਾਂ ਨੂੰ ਦੂਰ ਕਰਦੇ ਸਨ ਅਤੇ ਗਿਆਨ ਹੋਣ ਉਪਰੰਤ ਵਾਹਿਗੁਰੂ ਦੀ ਪ੍ਰਾਪਤੀ ਹੋ ਜਾਂਦੀ ਸੀ। ਪਰ ਹਉਮੈ ਰੋਗ ਕਰਕੇ ਪ੍ਰਭੂ ਪ੍ਰਾਪਤੀ ਦਾ ਕਾਫੀ

ਔਖਾ ਕੰਮ ਹੋ ਗਿਆ ਕਿਉਂਕਿ ਸਤਿ ਦੀ ਪਛਾਣ ਵਿਚ ਇਕ ਦੀਵਾਰ ਪੈਦਾ ਹੋ ਗਈ। ਉਸ ਦੀਵਾਰ ਨੂੰ ਤੋੜਨ ਲਈ ਗੁਰੂ ਦੀ ਮਦਦ ਦੀ ਆਵਸ਼ਕਤਾ ਵਧ ਗਈ, ਸਮੇਂ ਬਦਲ ਗਏ, ਮਨੁੱਖ ਪੂਰੀ ਤਰ੍ਹਾਂ ਨਾਲ ਹਉਮੈ ਦੇ ਹਨ੍ਹੇਰੇ ਵਿਚ ਪ੍ਰਵੇਸ਼ ਕਰ ਗਿਆ ਅਤੇ ਪੂਰੀ ਤਰ੍ਹਾਂ ਨਾਲ ਭੁੱਲ ਗਿਆ ਕਿ ਮੈਂ ਕੌਣ ਹਾਂ, ਮੇਰਾ ਅਸਲਾ ਕੀ ਹੈ, ਪ੍ਰਭੂ ਕੀ ਹੈ, ਸੰਸਾਰ ਕੀ ਹੈ, ਮੇਰਾ ਜੀਵਨ ਮਨੋਰਥ ਕੀ ਹੈ, ਇਹ ਐਨਾ ਭੁੱਲਿਆ ਕਿ ਇਸ ਨੇ ਆਪਣਾ ਜੀਵਨ ਮਨੋਰਥ ਮਾਇਆ ਇਕੱਠੀ ਕਰਨੀ ਅਤੇ ਮਾਇਆ ਦੀਆਂ ਅਨੇਕਾਂ ਪ੍ਰਾਪਤੀਆਂ ਕਰਨ ਵਿਚ ਰੁਲ ਗਿਆ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਮਨੁੱਖ ਦੀ ਸੋਚ ਪੱਧਰ ਪ੍ਰੇਤ ਦੇ ਬਰਾਬਰ ਹੋ ਗਈ।

ਸਤਿਜੁਗ ਵਿਚ ਬ੍ਰਹਮ ਦੀ ਵਿਚਾਰ ਕਰਨ ਵਾਲੇ ਪੁਰਸ਼ ਸਨ, 17 ਲੱਖ 28 ਹਜ਼ਾਰ ਸਾਲ ਦਾ ਸਮਾਂ ਸਤਿਜੁਗ ਦੇ ਪ੍ਰਭਾਵ ਵਿਚ ਲੰਘਿਆ ਅਤੇ ਇਸ ਪਿਛੋਂ ਦੁਆਪਰ ਅਤੇ ਤ੍ਰੇਤਾ ਆਏ। ਤ੍ਰੇਤੇ ਦਾ ਸਮਾਂ 12 ਲੱਖ 96 ਹਜ਼ਾਰ ਸਾਲ ਗਿਣਿਆ ਗਿਆ ਅਤੇ ਦੁਆਪਰ 8 ਲੱਖ 64 ਹਜ਼ਾਰ ਸਾਲ ਦੇ ਸਮੇਂ ਨੂੰ ਆਖਿਆ ਗਿਆ ਇਸ ਵਿਚ ਜੀਵ ਮਨੁੱਖਤਾ ਦੀ ਪੱਧਰ ਉਪਰ ਰਿਹਾ ਪਰ ਕਲਜੁੱਗ ਵਿਚ ਪੈਰ ਰਖਦੇ ਸਾਰ ਸੰਸਾਰ ਵਿਚ ਪਾਪਾਂ ਦਾ ਪਸਾਰਾ ਹੋ ਗਿਆ, ਹਰ ਧਰਮ, ਧਾਰਮਿਕ ਅਸਥਾਨਾਂ ਵਿਚ ਪਾਖੰਡ ਪ੍ਰਧਾਨ ਹੋ ਗਿਆ। ਮਦਰਾ, ਮਾਸ, ਵਿਸ਼ੇ ਭੋਗ ਆਮ ਹੋ ਗਏ ਅਤੇ ਜੀਵ ਦੀ ਬਿਰਤੀ ਭੂਤਾਂ ਪ੍ਰੇਤਾਂ ਦੇ ਬਰਾਬਰ ਹੋ ਗਈ ਜਿਵੇਂ ਕਿ ਫੁਰਮਾਨ ਹੈ -

*ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ*
*ਸਤਜੁਗਿ ਪਰਮ ਹੰਸ ਬੀਚਾਰੀ॥*
*ਦੁਆਪੁਰਿ ਤ੍ਰੇਤੈ ਮਾਣਸ ਵਰਤਹਿ*
*ਵਿਰਲੈ ਹਉਮੈ ਮਾਰੀ॥*
*ਕਲਿ ਮਹਿ ਰਾਮ ਨਾਮਿ ਵਡਿਆਈ॥*
*ਜੁਗਿ ਜੁਗਿ ਗੁਰਮੁਖਿ ਏਕੋ ਜਾਤਾ*
*ਵਿਣੁ ਨਾਵੈ ਮੁਕਤਿ ਨ ਪਾਈ॥*
*ਹਿਰਦੈ ਨਾਮੁ ਲਖੈ ਜਨੁ ਸਾਚਾ*
*ਗੁਰਮੁਖਿ ਮੰਨਿ ਵਸਾਈ॥*
*ਆਪਿ ਤਰੇ ਸਗਲੇ ਕੁਲ ਤਾਰੇ*
*ਜਿਨੀ ਰਾਮ ਨਾਮਿ ਲਿਵ ਲਾਈ॥*

*ਪੰਨਾ - 1131-32*

ਕਲਜੁਗ ਦੀ ਸਾਧਨਾ ਗੁਰੂ ਮਹਾਰਾਜ ਜੀ ਨੇ ਨਾਮ ਮਾਰਗ ਹੀ ਦਸਿਆ। ਪਹਿਲਿਆਂ ਸਮਿਆਂ ਵਿਚ ਮਨੁੱਖ ਚਾਰ ਆਸ਼ਰਮਾਂ ਵਿਚੋਂ ਲੰਘਦਾ ਸੀ, ਪਹਿਲੇ ਨੂੰ ਬ੍ਰਹਮਚਰੀਯ ਆਸ਼ਰਮ ਕਿਹਾ ਜਾਂਦਾ ਸੀ ਜਿਸ ਵਿਚ ਉਹ ਮਹਾਂਪੁਰਸ਼ਾਂ ਵਿਦਵਾਨਾਂ ਵਲੋਂ ਚਲਾਏ ਹੋਏ ਵਿਦਿਆਲਿਆਂ ਵਿਚ ਜਾ ਕੇ ਵਿਦਿਆ ਦਾ ਅਧਿਐਨ ਕਰਦਾ ਸੀ। ਦੂਸਰਾ ਆਸ਼ਰਮ 25 ਤੋਂ 50 ਸਾਲ ਦਾ ਉਹ ਸੀ ਜਿਸ ਵਿਚ ਮਨੁੱਖ ਗ੍ਰਹਿਸਤ ਵਿਚ ਪ੍ਰਵੇਸ਼ ਹੋ ਕੇ ਬਾਲ ਬੱਚੇ ਪਾਲਦਾ ਸੀ ਅਤੇ ਅਨੇਕ ਕਿਸਮ ਦੇ ਕੰਮ ਕਰਕੇ ਧਨ ਪੈਦਾ ਕਰਦਾ ਸੀ ਅਤੇ ਇਕ ਆਦਰਸ਼ਕ ਗ੍ਰਹਿਸਤੀ ਹੋ ਕੇ ਜੀਵਨ ਬਤੀਤ ਕਰਿਆ ਕਰਦਾ ਸੀ। ਇਸ ਗ੍ਰਹਿਸਤ ਆਸ਼ਰਮ ਵਿਚ ਉਸਨੂੰ ਅਨੇਕ ਕਿਸਮ ਦੇ ਕਰਮ ਆਦਿ ਕਰਨੇ ਪੈਂਦੇ ਸਨ। 50 ਤੋਂ 75 ਸਾਲ ਤਕ ਦਾ ਸਮਾਂ ਵਾਣ ਪ੍ਰਸਤ ਆਸ਼ਰਮ ਕਹਾਇਆ ਕਰਦਾ ਸੀ। ਇਸ ਵਿਚ ਗ੍ਰਹਿਸਤ ਦਾ ਪੂਰਨ ਤੌਰ ਤੇ ਤਿਆਗ ਕਰਕੇ ਸਾਰਾ ਕਾਰੋਬਾਰ ਆਪਣੇ ਬੱਚਿਆਂ ਨੂੰ ਸੰਭਾਲ ਕੇ ਸੰਸਾਰ ਵਲੋਂ ਪਿੱਠ ਮੋੜ ਕੇ ਅੰਤਰ ਖੋਜ ਕਰਨ ਲਈ ਵੱਡੇ-ਵੱਡੇ ਮਹਾਂਪੁਰਸ਼ਾਂ ਦੇ ਆਸ਼ਰਮਾਂ ਵਿਚ ਜਾ ਕੇ ਅਨੇਕ ਕਿਸਮ ਦੇ ਤਪ, ਸਾਧਨਾਵਾਂ ਰਾਹੀਂ ਅੰਤਰ ਖੋਜ ਕਰਿਆ ਕਰਦੇ ਸਨ ਅਤੇ ਗਿਆਨ ਦ੍ਰਿੜ੍ਹ ਕਰਨ ਉਪਰੰਤ 75 ਸਾਲ ਤੋਂ ਉਪਰਲੀ ਉਮਰ ਵਿਚ ਸੰਨਿਆਸੀ ਹੋ ਕੇ ਸੰਸਾਰ ਨੂੰ ਉਪਦੇਸ਼ ਦਿੰਦੇ ਸਨ। ਪਰ ਜਿਉਂ-ਜਿਉਂ ਕਲਜੁਗ ਦਾ ਅਸਰ ਵਧਦਾ ਗਿਆ ਸੰਸਾਰ ਵਿਚ ਹਨ੍ਹੇਰਾ ਪਸਰਦਾ ਗਿਆ ਅਤੇ ਪ੍ਰਭੂ ਨੂੰ ਮਿਲਣ ਦੇ ਨਵੇਂ-ਨਵੇਂ ਰਸਤੇ ਅਪਣਾਉਂਦਾ ਗਿਆ। ਬੇਅੰਤ ਕਿਸਮ ਦੇ ਰਸਤੇ ਚਲ ਪਏ ਅਤੇ ਬਹੁਤ ਕਿਸਮ ਦੇ ਮਜ਼ਹਬ ਬਣ ਗਏ। ਸੱਚ ਦੀ ਖੋਜ ਦੀ ਥਾਂ ਕਰਮ ਧਰਮ ਪ੍ਰਧਾਨ ਹੋ ਗਏ ਅਤੇ ਦੁਨੀਆਂ ਕਰਮਾਂ ਧਰਮਾਂ ਵਿਚ ਭੁੱਲ ਗਈ। ਜਿਸ ਤਰ੍ਹਾਂ ਕਿ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਲਿਖਿਆ ਹੈ -

*ਭਈ ਗਿਲਾਨਿ ਜਗਤ ਵਿਚਿ*
*ਚਾਰਿ ਵਰਨ ਆਸ੍ਰਮ ਉਪਾਏ।*
*ਦਸ ਨਾਮਿ ਸੰਨਿਆਸੀਆਂ*
*ਜੋਗੀ ਬਾਰਹ ਪੰਥਿ ਚਲਾਏ।*
*ਜੰਗਮ ਅਤੇ ਸਰੇਵੜੇ*
*ਦਗੇ ਦਿਗੰਬਰਿ ਵਾਦਿ ਕਰਾਏ।*
*ਬ੍ਰਹਮਣਿ ਬਹੁ ਪਰਕਾਰਿ ਕਰਿ*
*ਸਾਸਤ੍ਰਿ ਵੇਦ ਪੁਰਾਣਿ ਲੜਾਏ।*
*ਖਟਿ ਦਰਸਨ ਬਹੁ ਵੈਰਿ ਕਰਿ*
*ਨਾਲਿ ਛਤੀਸਿ ਪਖੰਡ ਰਲਾਏ।*
*ਤੰਤ ਮੰਤ ਰਾਸਾਇਣਾ ਕਰਾਮਾਤਿ*
*ਕਾਲਖਿ ਲਪਟਾਏ।*
*ਇਕਸਿ ਤੇ ਬਹੁ ਰੂਪਿ ਕਰਿ*
*ਰੂਪ ਕੁਰੂਪੀ ਘਣੇ ਦਿਖਾਏ।*
*ਕਲਿਜੁਗਿ ਅੰਦਰਿ ਭਰਮਿ ਭੁਲਾਏ।*

*ਭਾਈ ਗੁਰਦਾਸ ਜੀ, ਵਾਰ 1/19*

ਅਤੇ ਉਸ ਵੇਲੇ ਦੇ ਜੋ ਕਰਮ ਸਨ ਉਨ੍ਹਾਂ ਦੇ ਬਾਰੇ ਫੁਰਮਾਨ ਕਰਦਿਆਂ ਉਨ੍ਹਾਂ ਨੂੰ ਫੋਕਟ ਕਰਮ ਆਖਿਆ ਜਾਂਦਾ ਹੈ ਕਿ -

*ਕਲਿਜੁਗਿ ਬੌਧੁ ਅਉਤਾਰ ਹੈ*
*ਬੋਧ ਅਬੋਧੁ ਨ ਦ੍ਰਿਸਟੀ ਆਵੈ।*
*ਕੋਇ ਨ ਕਿਸੈ ਵਰਜਈ*
*ਸੋਈ ਕਰੇ ਜੋਈ ਮਨਿ ਭਾਵੈ॥*
*ਕਿਸੇ ਪੁਜਾਈ ਸਿਲਾ ਸੁੰਨਿ*

*ਕੋਈ ਗੋਰੀ ਮੜੀ ਪੁਜਾਵੈ।*
*ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ*
*ਕ੍ਰੋਧੁ ਬਹੁ ਵਾਦਿ ਵਧਾਵੈ।*
*ਆਪੋ ਧਾਪੀ ਹੋਇਕੈ*
*ਨਿਆਰੇ ਨਿਆਰੇ ਧਰਮ ਚਲਾਵੈ।*
*ਕੋਈ ਪੂਜੈ ਚੰਦੁ ਸੂਰੁ*
*ਕੋਈ ਧਰਤਿ ਅਕਾਸੁ ਮਨਾਵੈ।*
*ਪਉਣੁ ਪਾਣੀ ਬੈਸੰਤਰੋ*
*ਧਰਮਰਾਜ ਕੋਈ ਤ੍ਰਿਪਤਾਵੇ।*
*ਫੋਕਟਿ ਧਰਮੀ ਭਰਮਿ ਭੁਲਾਵੈ।।*
*ਭਾਈ ਗੁਰਦਾਸ ਜੀ, ਵਾਰ 1/18*

ਇਸ ਸਮੇਂ ਵਿਚ ਨਾਥਾਂ ਦੀ ਸੰਪਰਦਾ ਹਠ ਯੋਗ ਵਿਚ ਪ੍ਰਵਿਰਤ ਹੋ ਗਈ ਅਤੇ ਬਹੁਤ ਹੀ ਕਰੜੇ ਸਾਧਨ ਅਪਣਾਅ ਕੇ ਪਰਮ ਪਦ ਦੀ ਪ੍ਰਾਪਤੀ ਲਈ ਪ੍ਰਵਿਰਤ ਹੋਣ ਲੱਗੇ। ਬਹੁਤ ਸਾਰੇ ਜਗਿਆਸੂ ਪਾਤੰਜਲ ਰਿਸ਼ੀ ਦੇ ਦੱਸੇ ਹੋਏ ਰਾਜ ਯੋਗ ਦੇ ਮਾਰਗ ਨੂੰ ਅਪਣਾਉਣ ਲੱਗੇ। ਇਹ ਸਾਧਨ ਵੀ ਬਹੁਤ ਔਖੇ ਸਨ। ਜਿਵੇਂ ਕਿ ਦੱਸਿਆ ਗਿਆ ਹੈ –

*ਸੇਖਨਾਗ ਪਾਤੰਜਲ ਮਥਿਆ*
*ਗੁਰਮੁਖਿ ਸਾਸਤ੍ਰ ਨਾਗਿ ਸੁਣਾਈ।*
*ਵੇਦ ਅਥਰਬਣ ਬੋਲਿਆ ਜੋਗ*
*ਬਿਨਾ ਨਹਿ ਭਰਮੁ ਚੁਕਾਈ।*
*ਜਿਉ ਕਰਿ ਮੈਲੀ ਆਰਸੀ*
*ਸਿਕਲ ਬਿਨਾ ਨਹਿ ਮੁਖਿ ਦਿਖਾਈ।*
*ਜੋਗੁ ਪਦਾਰਥ ਨਿਰਮਲਾ*
*ਅਨਹਦ ਧੁਨਿ ਅੰਦਰਿ ਲਿਵਲਾਈ।*
*ਅਸਟਦਸਾ ਸਿਧਿ ਨਉ ਨਿਧੀ*
*ਗੁਰਮੁਖਿ ਜੋਗੀ ਚਰਨ ਲਗਾਈ।*
*ਤ੍ਰਿਹੁ ਜੁਗਾ ਕੀ ਬਾਸਨਾ*
*ਕਲਿਜੁਗ ਵਿਚਿ ਪਾਤੰਜਲਿ ਪਾਈ।*
*ਹਥੋ ਹਥੀ ਪਾਈਐ*
*ਭਗਤਿ ਜੋਗ ਕੀ ਪੂਰ ਕਮਾਈ।*
*ਨਾਮ ਦਾਨ ਇਸਨਾਨੁ ਸੁਭਾਈ॥*
*ਭਾਈ ਗੁਰਦਾਸ ਜੀ, ਵਾਰ1/14*

ਜਦੋਂ ਅਸੀਂ ਇਨ੍ਹਾਂ ਦੇ ਵੇਰਵੇ ਵਿਚ ਪੈਂਦੇ ਹਾਂ ਤਾਂ ਸਾਨੂੰ ਇਸ ਮਾਰਗ ਤੇ ਚਲਣ ਬਾਰੇ ਪਤਾ ਲਗਦਾ ਹੈ। ਯੋਗ ਸਾਧਨ ਸਾਧਣ ਲਈ ਦਸ ਨੇਮ ਹੋਇਆ ਕਰਦੇ ਹਨ ਅਤੇ ਦਸ ਯਮ ਅਪਨਾਉਣੇ ਪੈਂਦੇ ਹਨ। ਯਮ ਤੇ ਨਿਯਮ ਇਕ ਤਰ੍ਹਾਂ ਨਾਲ ਮਾਨਸਿਕ ਅਤੇ ਸਰੀਰਕ ਰਹਿਤ ਸੀ ਜਿਸ ਦੀ ਪਾਬੰਧੀ ਸਾਧਕ ਲਈ ਜ਼ਰੂਰੀ ਸੀ ਕਿਉਂਕਿ ਯੋਗ ਸਾਧਨਾ ਸਾਧਣ ਲਈ ਪੂਰੀ ਤਰ੍ਹਾਂ ਨਾਲ ਸਵੱਛ ਹੋਣਾ ਜ਼ਰੂਰੀ ਹੈ। ਉਨ੍ਹਾਂ ਦਾ ਵੇਰਵਾ ਸੰਖੇਪ ਵਿਚ ਇਸ ਤਰ੍ਹਾਂ ਹੈ ਕਿ ਯਮ ਦਸ ਪ੍ਰਕਾਰ ਦੇ ਹਨ ਜਿਨ੍ਹਾਂ ਵਿਚ ਅਹਿੰਸਾ, ਝੂਠ ਦਾ ਤਿਆਗ, ਚੋਰੀ ਨਾ ਕਰਨੀ, ਜਤ ਰੱਖਣਾ, ਧੀਰਜ, ਖਿਮਾ, ਦਇਆ, ਕੋਮਲ ਹਿਰਦਾ, ਮਰਿਆਦਾ ਸਹਿਤ ਭੋਜਨ ਛਕਣਾ ਅਤੇ ਸਰੀਰ ਨੂੰ ਹਰ ਤਰ੍ਹਾਂ ਨਾਲ ਪਵਿੱਤਰ ਰੱਖਣਾ ਜ਼ਰੂਰੀ ਹੈ। ਅਹਿੰਸਾ ਤਿੰਨ ਪ੍ਰਕਾਰ ਦੀ ਹੁੰਦੀ ਹੈ। 1. ਮਨ ਦੀ ਅਹਿੰਸਾ 2. ਬੋਲ ਦੀ ਅਹਿੰਸਾ 3. ਦੇਹ ਦੀ ਅਹਿੰਸਾ।

**1. ਮਨ ਦੀ ਅਹਿੰਸਾ** – ਮਾਨਸਿਕ ਤੌਰ ਤੇ ਕਿਸ ਦੇ ਬਾਰੇ ਬੁਰਾ ਨਾ ਸੋਚਣਾ ਅਤੇ ਇਸ ਭਾਵਨਾ ਵਿਚ ਰਹਿਣਾ–

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਕਾ ਭਲਾ।*

**2. ਵਾਕ ਦੀ ਅਹਿੰਸਾ** – ਕਦੇ ਵੀ ਕਿਸੇ ਨੂੰ ਕੌੜਾ ਤੇ ਫਿੱਕਾ ਨਾ ਬੋਲਣਾ, ਸਦਾ ਹੀ ਉਸ ਨੂੰ ਮਿੱਠੇ ਬੋਲ ਬੋਲਣੇ। ਗੁਰੂ ਮਹਾਰਾਜ ਜੀ ਵੀ ਫਿੱਕੇ ਬੋਲ ਨੂੰ ਵਰਜਦੇ ਹਨ ਅਤੇ ਫੁਰਮਾਨ ਕਰਦੇ ਹਨ ਕਿ ਫਿੱਕਾ ਬੋਲਣ ਨਾਲ ਤਨ ਤੇ ਮਨ ਦਾ ਰਸ ਖਤਮ ਹੋ ਜਾਂਦਾ ਹੈ ਅਤੇ ਆਦਮੀ ਵਿਚ ਫਿੱਕਾਪੁਣ ਆ ਜਾਂਦਾ ਹੈ। ਉਸ ਆਦਮੀ ਨੂੰ ਸਾਰੇ ਫਿੱਕਾ ਆਖਣ ਲਗ ਜਾਂਦੇ ਹਨ ਅਤੇ ਉਸ ਦੀ ਜੋ ਜਾਣ ਪਛਾਣ ਹੈ ਉਹ ਵੀ ਫਿੱਕਾ ਕਹਿ ਕੇ ਹੀ ਕੀਤੀ ਜਾਂਦੀ ਹੈ, ਉਸ ਨੂੰ ਦਰਗਾਹ ਵਿਚ ਪ੍ਰਵਾਨ ਨਹੀਂ ਕੀਤਾ ਜਾਂਦਾ, ਦਰਗਾਹ ਵਿਚੋਂ ਉਸ ਨੂੰ ਸੁੱਟ ਦਿਤਾ ਜਾਂਦਾ ਹੈ ਕਿਉਂਕਿ ਉਸ ਨੇ ਫਿੱਕਾ ਬੋਲ ਕੇ ਸੈਂਕੜੇ ਪ੍ਰਾਣੀਆਂ ਦੇ ਦਿਲ ਤੋੜੇ ਹਨ। ਦੋ ਹੀ ਤਰ੍ਹਾਂ ਦੇ ਬੋਲ ਹੁੰਦੇ ਹਨ। ਜੇ ਮਿੱਠਾ ਬੋਲਿਆ ਜਾਵੇ ਤਾਂ ਸੁਣਨ ਵਾਲੇ ਦਾ ਮਨ ਖਿੜ ਜਾਂਦਾ ਹੈ, ਉਸ ਦੇ ਵਿਚ ਅਪਣੱਤ ਤੇ ਸਨੇਹ ਪੈਦਾ ਹੁੰਦੇ ਹਨ। ਉਸ ਨੂੰ ਢਾਰਸ ਮਿਲ ਜਾਂਦੀ ਹੈ। ਉਸ ਦੇ ਹਿਰਦੇ ਵਿਚ ਸ਼ਾਂਤੀ ਆ ਜਾਂਦੀ ਹੈ। ਇਸ ਦੇ ਵਿਪਰੀਤ ਕੌੜਾ ਬੋਲਣ ਨਾਲ ਦਿਲ ਟੁੱਟ ਜਾਂਦਾ ਹੈ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

*ਨਾਨਕ ਫਿਕੈ ਬੋਲਿਐ*
*ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥*
*ਫਿਕਾ ਦਰਗਹ ਸਟੀਐ*
*ਮੁਹਿ ਥੁਕਾ ਫਿਕੇ ਪਾਇ।।*
*ਫਿਕਾ ਮੂਰਖੁ ਆਖੀਐ*
*ਪਾਣਾ ਲਹੈ ਸਜਾਇ॥ ਪੰਨਾ – 473*

*ਇਕੁ ਫਿਕਾ ਨ ਗਾਲਾਇ*
*ਸਭਨਾ ਮੈ ਸਚਾ ਧਣੀ॥*
*ਹਿਆਉ ਨ ਕੈਹੀ ਠਾਹਿ*
*ਮਾਣਕ ਸਭ ਅਮੋਲਵੇ।। ਪੰਨਾ – 1384*

**3. ਸਰੀਰਕ ਅਹਿੰਸਾ** – ਸਰੀਰਕ ਅਹਿੰਸਾ ਬਹੁਤ ਹੀ ਜ਼ਰੂਰੀ ਹੈ, ਸਰੀਰ ਕਰਕੇ ਦੂਸਰੇ ਦੀ ਮਦਦ ਕਰਨੀ, ਉਸ ਦੇ ਕਾਰਜ ਸ਼ੁਧ ਕਰਨ ਲਈ ਆਪਣਾ ਸਹਿਯੋਗ ਦੇਣਾ, ਦੁਖਾਂ ਤੇ ਸੰਕਟਾਂ ਵਿਚੋਂ ਕੱਢਣ ਲਈ ਉਸ ਨੂੰ ਅੱਛਾ ਰਸਤਾ ਦਿਖਾਉਣਾ ਜੇ ਬਿਮਾਰ ਹੋਵੇ ਤਾਂ ਉਸ ਦੀ ਸੇਵਾ ਕਰਨੀ ਸਰੀਰਕ ਅਹਿੰਸਾ ਹੋਇਆ ਕਰਦੀ ਹੈ। ਇਸ ਨੂੰ ਅਸੀਂ ਸੇਵਾ ਵੀ ਕਹਿ ਸਕਦੇ ਹਾਂ।

ਦੂਸਰੇ ਦਾ ਭਲਾ ਲੋਚਣਾ, ਇਸ ਨਾਲ ਈਰਖਾ, ਨਿੰਦਾ, ਚੁਗਲੀ ਆਦਿ ਔਗੁਣ ਆਪਣੇ ਆਪ ਹੀ ਹਟ ਜਾਇਆ ਕਰਦੇ ਹਨ। ਜਦੋਂ ਅਸੀਂ ਦੂਸਰੇ ਦਾ ਭਲਾ ਲੋਚਾਂਗੇ ਸਾਡਾ ਅੰਦਰ ਸਵੱਛ ਹੋਵੇਗਾ ਅਤੇ ਅਸੀਂ ਵਾਹਿਗੁਰੂ ਦੇ ਨੇੜੇ ਪਹੁੰਚ ਰਹੇ ਹੋਵਾਂਗੇ। ਮਨ ਕਰਕੇ ਸੰਸਾਰ ਦਾ ਭਲਾ ਮੰਗਣਾ ਆਪਣੇ ਮਨ ਵਿਚੋਂ ਵੈਰ ਭਾਵ ਅਤੇ ਅਨੇਕਾਂ ਹੋਰ ਬੁਰੀਆਂ ਗੱਲਾਂ ਕੱਢ ਦੇਣੀਆਂ ਇਸ ਕਰਕੇ ਯੋਗ ਸਾਧਣ ਲਈ ਇਹ ਯਮ ਬਹੁਤ ਜ਼ਰੂਰੀ ਹੈ।

2. ਦੂਸਰਾ ਯਮ **ਝੂਠ ਨਾ ਬੋਲੇ;** ਝੂਠ ਬੋਲਣਾ ਇਕ ਬਹੁਤ ਵੱਡਾ ਔਗੁਣ ਹੈ। ਦੁਨੀਆਂ ਨੂੰ ਧੋਖਾ ਦਿੰਦਾ ਹੈ ਅਤੇ ਆਪ ਅੰਦਰੋਂ ਫਿੱਕਾ ਹੋ ਜਾਂਦਾ ਹੈ। ਪ੍ਰਭੂ ਦਾ ਨਾਮ ਝੂਠ ਬੋਲਣ ਵਾਲੇ ਦੇ ਹਿਰਦੇ ਵਿਚ ਕਦੇ ਨਹੀਂ ਵਸ ਸਕਿਆ ਕਰਦਾ। ਉਸ ਦੀ ਆਤਮਕ ਅਵਸਥਾ ਨੀਵੀਂ ਹੋ ਜਾਂਦੀ ਹੈ ਅਤੇ ਆਪਣੇ ਆਪ ਨੂੰ ਅੰਧਕਾਰ ਵਿਚ ਸੁੱਟ ਲੈਂਦਾ ਹੈ। ਝੂਠ ਬੋਲਣ ਵਾਲਾ ਪ੍ਰਮਾਰਥ ਦੇ ਰਾਹ ਤੇ ਨਹੀਂ ਚਲ ਸਕਦਾ।

3. ਇਸੇ ਤਰ੍ਹਾਂ ਨਾਲ **ਚੋਰੀ ਨਾ ਕਰਨੀ,** ਚੋਰੀ ਕਈ ਤਰ੍ਹਾਂ ਕੀਤੀ ਜਾਂਦੀ ਹੈ ਜਿਸ ਤਰ੍ਹਾਂ ਕਿਸੇ ਨੇ ਮਿਹਨਤ ਨਾਲ ਕਮਾਈ ਕਰਕੇ ਬਹੁਤ ਸਾਰੀਆਂ ਵਸਤੂਆਂ, ਗਹਿਣੇ ਆਦਿ ਘਰ ਵਿਚ ਰੱਖੇ ਹੋਏ ਹੋਣ। ਉਨ੍ਹਾਂ ਨੂੰ ਮੌਕਾ ਪਾ ਕੇ ਚੁੱਕ ਲੈਣਾ, ਸਰੀਰਕ ਚੋਰੀ ਕਹਾਉਂਦੀ ਹੈ। ਦੂਸਰੀ ਚੋਰੀ ਕਿਸੇ ਦੀ ਕਾਬਲੀਅਤ, ਕਿਸੇ ਦੇ ਬਚਨ, ਕਿਸੇ ਦਾ ਵਖਿਆਨ ਆਪਣਾ ਬਣਾ ਕੇ ਦੂਸਰਿਆਂ ਤੋਂ ਪ੍ਰਸੰਸਾ ਲੈਣੀ, ਇਹ ਮਨ ਦੀ ਚੋਰੀ ਹੋਇਆ ਕਰਦੀ ਹੈ।

4. ਚੌਥੀ ਰਹਿਤ **'ਜਤ'** ਦੀ ਹੋਇਆ ਕਰਦੀ ਹੈ ਗੁਰੂ ਘਰ ਵਿਚ 'ਏਕਾ ਨਾਰੀ ਜਤੀ ਹੋਇ' ਦਾ ਸਿਧਾਂਤ ਹੈ। ਆਪਣੀ ਇਸਤ੍ਰੀ ਨੂੰ ਛੱਡ ਕੇ ਪਰਇਸਤ੍ਰੀ ਨੂੰ ਮਨ ਵਿਚ ਵਸਾਉਣਾ, ਇਕਾਂਤ ਵਿਚ ਉਸਦੀਆਂ ਗੱਲਾਂ ਸੁਣਨੀਆਂ, ਉਸ ਨੂੰ ਇਕਾਂਤ ਵਿਚ ਮਿਲਣਾ, ਅੰਗ ਪਰਸਣੇ, ਹਿਤ ਨਾਲ ਦੇਖਣਾ ਮਨ ਵਿਚ ਬੁਰੀ ਚਿਤਵਨੀ ਚਿਤਵਣੀ ਆਦਿ ਜਤ ਤੋੜਨ ਵਿਚ ਸਹਾਈ ਹੁੰਦੇ ਹਨ, ਇਨ੍ਹਾਂ ਤੋਂ ਬਚਣਾ ਅਤੇ ਪਰ ਨਾਰੀ ਨਾਲ ਧੀ ਤੇ ਭੈਣ ਦੀ ਦ੍ਰਿਸ਼ਟੀ ਕਰਕੇ ਵਰਤਣਾ। ਇਸ ਨਾਲ ਮਨ ਵਿਚ ਕਾਮ ਦਾ ਵਿਕਾਰ ਨਹੀਂ ਪੈਂਦਾ ਅਤੇ ਭਜਨ ਕਰਨ ਵੇਲੇ ਗਲਤ ਫੁਰਨੇ ਨਹੀਂ ਆਉਂਦੇ।

5. ਪੰਜਵਾਂ **'ਧੀਰਜ'** ਹੋਇਆ ਕਰਦਾ ਹੈ। ਆਦਮੀ ਉਪਰ ਸੰਸਾਰ ਯਾਤਰਾ ਕਰਦਿਆਂ ਕਦੇ ਦੁਖ ਵੀ ਆ ਜਾਂਦਾ ਹੈ, ਕਦੇ ਸੁਖ ਵੀ ਆ ਜਾਂਦਾ ਹੈ, ਕਦੇ ਬਹੁਤ ਮਾਇਆ ਵੀ ਆ ਜਾਂਦੀ ਹੈ, ਕਦੇ ਬਿਲਕੁਲ ਖਾਲੀ ਹੋ ਜਾਂਦਾ ਹੈ। ਅਜਿਹੇ ਸਮਿਆਂ ਵਿਚ ਧੀਰਜ ਰੱਖ ਕੇ ਚਲਣਾ ਮਾਨਸਿਕ ਉਚਤਾ ਲਈ ਬਹੁਤ ਹੀ ਲਾਭਦਾਇਕ ਹੋਇਆ ਕਰਦਾ ਹੈ। ਧੀਰਜੀ ਪੁਰਸ਼ ਬਹੁਤ ਵੱਡੇ-ਵੱਡੇ ਵਿਘਨਾਂ ਤੋਂ ਬਚ ਜਾਇਆ ਕਰਦਾ ਹੈ। ਉਸ ਨੂੰ ਸੋਚਣ ਲਈ ਸਮਾਂ ਮਿਲ ਜਾਇਆ ਕਰਦਾ ਹੈ ਅਤੇ ਜੋ ਕਾਹਲੀ ਕਰਦੇ ਹਨ ਅਤੇ ਵੀਚਾਰਾਂ ਤੋਂ ਸੁੰਨ ਹਨ ਬਹੁਤ ਸਾਰੀਆਂ ਉਲਝਣਾਂ ਉਹਦੇ ਗਲ ਵਿਚ ਪੈ ਜਾਂਦੀਆਂ ਹਨ। ਜੇ ਉਹ ਦੀਰਘ ਵੀਚਾਰ ਤੋਂ ਕੰਮ ਲਵੇ ਤਾਂ ਉਨ੍ਹਾਂ ਤੋਂ ਬਚ ਜਾਂਦਾ ਹੈ।

ਇਕ ਮਸ਼ਹੂਰ ਕਥਾ ਆਉਂਦੀ ਹੈ ਜਿਸ ਵਿਚ ਰਾਜੇ ਭੋਗ ਦਾ ਜ਼ਿਕਰ ਆਉਂਦਾ ਹੈ। ਉਹ ਇਸ ਤਰ੍ਹਾਂ ਹੈ ਕਿ ਰਾਜੇ ਭੋਜ ਉਪਰ ਕਿਸੇ ਦੂਜੇ ਰਾਜੇ ਨੇ ਆਕਰਮਣ ਕਰ ਦਿਤਾ ਉਹ ਉਸ ਨਾਲ ਯੁੱਧ ਲਈ ਯੁੱਧ ਖੇਤਰ ਵਿਚ ਗਿਆ ਹੋਇਆ ਸੀ ਪਰ ਰਾਤ ਦੇ ਸਮੇਂ ਜਦੋਂ ਜ਼ਖਮੀਆਂ ਨੂੰ ਸਾਂਭਿਆ ਜਾਂਦਾ ਸੀ ਅਤੇ ਯੁੱਧ ਬੰਦ ਹੋਇਆ ਹੁੰਦਾ ਸੀ ਤਾਂ ਉਸ ਵੇਲੇ ਉਹ ਆਪਣੇ ਸੈਨਾਪਤੀਆਂ ਨੂੰ ਦੂਸਰੇ ਦਿਨ ਦੀ ਵਿਉਂਤ ਬਣਾ ਕੇ ਆਪਣੇ ਮਹਿਲਾਂ ਵਿਚ ਵਾਪਸ ਆ ਜਾਇਆ ਕਰਦਾ ਸੀ। ਉਸ ਦੀ ਰਾਣੀ ਇੰਤਜ਼ਾਰ ਕਰਦੀ ਜਾਗਦੀ ਰਹਿੰਦੀ ਸੀ।

ਪਰ ਅੱਜ ਇਸ ਤਰ੍ਹਾਂ ਹੋਇਆ ਕਿ ਜਦੋਂ ਰਾਣੀ **bedroom** ਵਿਚ ਗਈ, ਕੀ ਦੇਖਦੀ ਹੈ ਕਿ ਪਲੰਘ ਉਪਰ ਕੋਈ ਘੂਕ ਨੀਂਦ ਵਿਚ ਸੁੱਤਾ ਪਿਆ ਹੈ। ਉਸ ਨੇ ਆਪਣਾ ਮੂੰਹ ਦੁਸ਼ਾਲੇ ਨਾਲ ਢਕਿਆ ਹੋਇਆ ਹੈ। ਰਾਣੀ ਦੇ ਮਨ ਵਿਚ ਖਿਆਲ ਆਇਆ ਕਿ ਮਹਾਰਾਜ ਅੱਜ ਜ਼ਿਆਦਾ ਥੱਕ ਗਏ ਹਨ, ਇਸ ਕਰਕੇ ਮੈਨੂੰ ਬਿਨਾਂ ਮਿਲੇ ਹੀ ਮੇਰੇ ਪਲੰਘ ਉਪਰ ਆ ਕੇ ਬਿਰਾਜ ਗਏ। ਉਹ ਵੀ ਚੁੱਪ ਚਪਾਤੇ ਜਾ ਕੇ ਕਪੜਾ ਲੈ ਕੇ ਸੌਂ ਗਈ ਅਤੇ ਉਸ ਨੂੰ ਛੇਤੀ ਹੀ ਘੂਕ ਨੀਂਦ ਆ ਗਈ। ਅੱਜ ਰਾਜਾ ਕਿਸੇ ਕਾਰਨ ਕਰਕੇ ਬਹੁਤ ਲੇਟ ਹੋ ਗਿਆ ਸੀ ਉਹ ਜਦੋਂ ਆਪਣੇ ਰੰਗ ਮਹਿਲ ਵਿਚ ਪਹੁੰਚਿਆ ਤਾਂ ਇਹ ਦੇਖ ਕੇ ਹੈਰਾਨ ਹੋ ਗਿਆ ਕਿ ਮੇਰੀ ਰਾਣੀ ਕਿਸੇ ਪਰ-ਪੁਰਸ਼ ਨਾਲ ਪਈ ਹੈ ਉਸ ਨੂੰ ਇਕ ਦਮ ਕ੍ਰੋਧ ਆ ਗਿਆ ਅਤੇ ਤਲਵਾਰ ਖਿੱਚ ਲਈ ਅਤੇ ਇਰਾਦਾ ਬਣਾ ਲਿਆ ਕਿ ਮੈਂ ਰਾਣੀ ਤੇ ਇਸ ਪੁਰਸ਼ ਦੇ ਟੁਕੜੇ-ਟੁਕੜੇ ਕਰ ਦੇਵਾਂ। ਉਸ ਦੇ ਨਾਲ ਉਸਦਾ ਵਜ਼ੀਰ ਆਇਆ ਹੋਇਆ ਸੀ, ਰਾਜੇ ਭੋਜ ਦਾ ਇਰਾਦਾ ਦੇਖ ਕੇ ਉਸ ਨੇ ਕਿਹਾ ਕਿ ਹਜ਼ੂਰ! ਆਪ ਕਾਹਲੀ ਨਾ ਕਰੋ, ਆਪਾਂ ਪਤਾ ਕਰ ਲੈਂਦੇ ਹਾਂ ਕਿ ਕੌਣ ਪਿਆ ਹੈ। ਇਸ ਸਮੇਂ ਰਾਣੀ ਨੂੰ ਅਚਾਨਕ ਜਾਗ ਆ ਗਈ ਉਹ ਕੀ ਦੇਖਦੀ ਹੈ ਕਿ ਮਹਾਰਾਜਾ ਭੋਜ ਤਾਂ ਸਾਮ੍ਹਣੇ ਖੜ੍ਹੇ ਹਨ ਅਤੇ ਹੈਰਾਨ ਹੋ ਗਈ ਕਿ ਆਹ ਕੌਣ ਹੈ ਜੋ ਸਾਡੇ ਪਲੰਘ ਉਪਰ ਆ ਕੇ ਸੌਂ ਗਿਆ। ਰਾਜਾ ਭੋਜ ਨੇ ਪੁਛਿਆ ਕਿ ਮਹਾਰਾਣੀ! ਇਹ ਕੌਣ ਪੁਰਸ਼ ਹੈ? ਐਡੀ ਵੱਡੀ ਗੁਸਤਾਖੀ ਕੀਤੀ ਗਈ ਹੈ ਮੈਂ ਇਸ ਦਾ ਯੋਗ ਦੰਡ ਦੇਵਾਂਗਾ। ਰਾਣੀ ਬਹੁਤ ਡਰ ਗਈ ਉਸ ਨੇ ਕਿਹਾ ਕਿ ਮਹਾਰਾਜ! ਜਿਵੇਂ ਤੁਹਾਨੂੰ ਪਤਾ ਨਹੀਂ ਕਿ ਇਹ ਕੌਣ ਹੈ, ਮੈਨੂੰ ਵੀ ਪਤਾ ਨਹੀਂ ਇਹ ਕੌਣ ਹੈ। ਮੈਂ ਤਾਂ ਭੁਲੇਖੇ ਵਿਚ ਆ ਗਈ ਕਿ ਤੁਸੀਂ ਜਲਦੀ ਆ ਕੇ ਜ਼ਿਆਦਾ ਥੱਕੇ ਹੋਣ ਕਰਕੇ ਸੌਂ ਗਏ। ਮੂੰਹ ਦੁਸ਼ਾਲੇ ਨਾਲ ਢਕਿਆ ਹੋਇਆ ਸੀ। ਮੈਂ ਜਗਾਉਣਾ ਮੁਨਾਸਬ ਨਾ

ਸਮਝਿਆ ਇਹ ਸੋਚ ਕੇ ਕਿ ਰਾਜਾ ਲੋਕਾਂ ਨੂੰ ਨੀਂਦ ਬਹੁਤ ਮੁਸ਼ਕਲ ਨਾਲ ਆਇਆ ਕਰਦੀ ਹੈ। ਰਾਜੇ ਤੇ ਸ਼ੇਰ ਨੂੰ ਜਗਾਉਣਾ ਮੁਸ਼ਕਲਾਂ ਖੜ੍ਹੀਆਂ ਕਰ ਦਿੰਦਾ ਹੈ। ਉਸ ਵੇਲੇ ਵਜ਼ੀਰ ਨੇ ਭੋਜ ਨੂੰ ਸਮਝਾਇਆ ਅਤੇ ਕਿਹਾ ਕਿ ਆਪ ਧੀਰਜ ਰੱਖੋ।

ਵਜ਼ੀਰ ਨੇ ਆਪ ਜਾ ਕੇ ਉਸ ਨੌਜਵਾਨ ਦੇ ਢਕੇ ਹੋਏ ਚਿਹਰੇ ਤੋਂ ਦੁਸ਼ਾਲਾ ਚੁੱਕ ਕੇ ਮੂੰਹ ਨੰਗਾ ਕਰ ਦਿਤਾ। ਸਾਰੇ ਹੈਰਾਨ ਹੋ ਗਏ ਕਿ ਇਹ ਤਾਂ ਰਾਜੇ ਭੋਜ ਦਾ ਵੱਡਾ ਰਾਜਕੁਮਾਰ ਹੈ। ਉਸ ਵੇਲੇ ਰਾਜ ਕੁਮਾਰ ਨੂੰ ਜਗਾਇਆ ਗਿਆ। ਉਸ ਨੇ ਆਪਣੇ ਮਾਤਾ ਪਿਤਾ ਨੂੰ ਨਮਸ਼ਕਾਰ ਕੀਤੀ ਅਤੇ ਇਸ ਤਰ੍ਹਾਂ ਦੇ ਨਾਲ ਸੌਣ ਦਾ ਕਾਰਨ ਦਸਦਿਆਂ ਕਿਹਾ ਕਿ ਪਿਤਾ ਜੀ! ਕਈ ਦਿਨਾਂ ਤੋਂ ਜੰਗ ਹੋ ਰਿਹਾ ਸੀ। ਅੱਜ ਅਸੀਂ ਆਪਣੇ ਮੋਰਚੇ ਜਿੱਤ ਲਏ ਸਨ ਅਤੇ ਵੈਰੀ ਨੂੰ ਦੂਰ ਭਜਾ ਦਿਤਾ ਸੀ। ਮੈਨੂੰ ਕੁਝ ਸਮਾਂ ਮਿਲਿਆ ਅਤੇ ਮੈਂ ਆਪਣੇ ਮਾਂ ਬਾਪ ਦੇ ਦਰਸ਼ਨ ਕਰਨ ਅਤੇ ਜਿੱਤ ਦੀ ਖਬਰ ਦਸ ਕੇ ਅਸ਼ੀਰਵਾਦ ਲੈਣ ਲਈ ਯੁੱਧ ਭੂਮੀ ਵਿਚੋਂ ਇਥੇ ਚਲਿਆ ਆਇਆ। ਮਾਤਾ ਜੀ ਅਜੇ ਕੰਮ ਵਿਚ ਹੀ ਰੁਝੇ ਹੋਏ ਸਨ। ਮੈਂ ਆ ਕੇ ਉਨ੍ਹਾਂ ਦੇ ਪਲੰਘ ਤੇ ਪੈ ਗਿਆ, ਪੈਂਦੇ ਨੂੰ ਮੈਨੂੰ ਨੀਂਦ ਆ ਗਈ। ਹੁਣ ਮੈਂ ਆਪ ਦੇ ਦਰਸ਼ਨ ਕਰਕੇ ਬਹੁਤ ਖੁਸ਼ ਹੋ ਗਿਆ ਹਾਂ। ਉਸ ਵੇਲੇ ਵਜ਼ੀਰ ਨੇ ਕਿਹਾ ਕਿ ਮਹਾਰਾਜ! ਦੇਖੋ ਧੀਰਜ ਕਰਨ ਦਾ ਕਿੰਨਾ ਉਚਾ ਫਲ ਮਿਲਿਆ ਹੈ। ਜੇ ਕਿਤੇ ਅਧੀਰਜੀ ਹੋ ਕੇ ਆਪ ਸ਼ਸਤਰ ਦਾ ਵਾਰ ਕਰ ਦਿੰਦੇ ਤਾਂ ਦੋਵੇਂ ਜਣੇ ਮਾਰੇ ਜਾਣੇ ਸੀ। ਪਤਾ ਲੱਗਣ ਤੇ ਆਪਾਂ ਨੂੰ ਬਹੁਤ ਪਛਤਾਉਣਾ ਪੈਣਾ ਸੀ। ਸੋ ਧੀਰਜ ਇਕ ਬਹੁਤ ਵੱਡਾ ਗੁਣ ਹੈ।

ਇਕ ਹੋਰ ਥਾਂ ਦਸਦੇ ਹਨ ਕਿ ਨਿਊਟਨ ਜੋ ਬਹੁਤ ਵੱਡਾ ਸਾਇੰਸਦਾਨ ਹੋਇਆ ਹੈ ਉਸ ਨੇ ਬਹੁਤ ਵਿਸ਼ਿਆਂ ਤੇ ਖੋਜ ਕਰਕੇ ਬਹੁਤ ਸਾਰੇ ਕਾਗਜ਼ ਆਪਣੇ ਲਿਖਣ ਵਾਲੇ ਟੇਬਲ ਉਪਰ ਰੱਖੇ ਹੋਏ ਸਨ। ਥੱਕ ਜਾਣ ਕਰਕੇ ਉਹ ਟਹਿਲਣ ਲਈ ਆਪਣੇ ਵਰਾਂਡੇ ਵਿਚ ਆਇਆ ਅਤੇ ਥੋੜ੍ਹੀ ਦੇਰ ਪਿਛੋਂ ਜਦੋਂ ਆਪਣੇ ਕਮਰੇ ਵਿਚ ਮੁੜ ਕੇ ਗਿਆ, ਕੀ ਦੇਖਦਾ ਹੈ ਕਿ ਉਸ ਟੇਬਲ ਉਪਰ ਖੋਜ ਪਤਰ ਜਲ ਰਹੇ ਹਨ ਅਤੇ ਇਕ ਬਿੱਲੀ ਜੋ ਉਸ ਨੇ ਰੱਖੀ ਹੋਈ ਸੀ ਬਹੁਤ ਹੀ ਸਹਿਮੀ ਬੈਠੀ ਹੈ। ਨਿਊਟਨ ਨੇ ਉਸ ਬਿੱਲੀ ਨੂੰ ਚੁੱਕ ਲਿਆ ਅਤੇ ਬਹੁਤ ਪਿਆਰ ਕੀਤਾ ਅਤੇ ਕਹਿਣ ਲੱਗਿਆ ਕਿ ਤੈਨੂੰ ਨਹੀਂ ਸੀ ਪਤਾ ਕਿ ਖੋਜ ਪੱਤਰ ਤਿਆਰ ਕਰਨ ਲਈ ਤੇਰੇ ਮਾਲਕ ਨੂੰ ਕਿੰਨੀਆਂ ਰਾਤਾਂ ਜਾਗਣਾ ਪਿਆ, ਕਿੰਨੇ ਘੰਟੇ ਮਿਹਨਤ ਕਰਨੀ ਪਈ ਪਰ ਤੈਨੂੰ ਕੀ ਪਤਾ ਸੀ ਕਿ ਇਹ ਕਾਗਜ਼ ਜ਼ਰੂਰੀ ਹਨ। ਤੂੰ ਅਚਾਨਕ ਪਹਿਲਾਂ ਜਿਵੇਂ ਮੇਰੇ ਪਾਸ ਆਉਂਦੀ ਸੀ ਉਸੇ ਤਰ੍ਹਾਂ ਆਈ, ਤੇਰੇ ਮਨ ਵਿਚ ਮੇਰੇ ਲਈ ਪਿਆਰ ਸੀ, ਧਮਾਕੇ ਨਾਲ ਮੋਮਬੱਤੀ ਹਿੱਲ ਗਈ ਅਤੇ ਕਾਗਜ਼ਾਂ ਨੂੰ ਅੱਗ ਲੱਗਣੀ ਕੁਦਰਤੀ ਸੀ। ਤੂੰ ਨਾ ਸਹਿਮ, ਤੇਰਾ ਮਾਲਕ ਫੇਰ ਮਿਹਨਤ ਕਰ ਲਵੇਗਾ ਅਤੇ ਖੋਜ ਪਤਰ ਤਿਆਰ ਕਰ ਲਵੇਗਾ। ਸੋ ਇਸ ਨੂੰ ਧੀਰਜ ਆਖਿਆ ਜਾਂਦਾ ਹੈ। ਦੁੱਖ-ਸੁਖ, ਹਾਨ-ਲਾਭ, ਉਪਮਾ-ਨਿੰਦਿਆ ਵਿਚ ਸਮਬਿਰਤੀ ਰਖਣੀ ਇਹ ਯੋਗ ਲਈ ਬਹੁਤ ਹੀ ਜ਼ਰੂਰੀ ਯਮ ਗਿਣਿਆ ਜਾਂਦਾ ਹੈ।

6. ਛੇਵਾਂ ਯਮ **'ਖਿਮਾ'** ਹੋਇਆ ਕਰਦੀ ਹੈ। ਇਹ ਬਹੁਤ ਵੱਡਾ ਗੁਣ ਹੋਇਆ ਕਰਦਾ ਹੈ। ਬਹੁਤ ਸੋਝੀ ਵਾਲੇ ਪੁਰਸ਼ ਹੀ ਕਰ ਸਕਦੇ ਹਨ। ਨਹੀਂ ਤਾਂ ਆਮ ਦੁਨੀਆਂ ਥੋੜ੍ਹਾ ਜਿਹਾ ਕਿਸੇ ਤੋਂ ਗਲਤ ਵਰਤਾਰਾ ਹੋ ਗਿਆ, ਉਸ ਨੂੰ ਖਿਮਾ ਨਾ ਕਰਕੇ ਉਸ ਨਾਲ ਵੈਰ ਪਾ ਬੈਠਦੇ ਹਨ ਅਤੇ ਇਸ ਭਾਵ ਵਿਚ ਬਿਰਤੀ ਖਿੰਡ ਜਾਂਦੀ ਹੈ, ਵੈਰ ਭਾਵ ਅੰਦਰ ਆਉਣ ਨਾਲ ਸਰੀਰ ਬਿਮਾਰ ਹੋ ਜਾਂਦਾ ਹੈ। ਇਸ ਦੇ ਵਿਪਰੀਤ ਖਿਮਾ ਕਰਨ ਨਾਲ ਮਨ ਖਿੜਿਆ ਰਹਿੰਦਾ ਹੈ ਅਤੇ ਮਨ ਵਿਚ ਇਕ ਨਰੋਈ ਸ਼ਕਤੀ ਪੈਦਾ ਹੁੰਦੀ ਹੈ ਜਿਸ ਨਾਲ ਭਜਨ ਬੰਦਗੀ ਦੀਆਂ ਉਚੀਆਂ ਉਡਾਰੀਆਂ ਮਾਰ ਸਕਦਾ ਹੈ।

ਦਸਿਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਆਪਣੇ ਅੰਗਰਕਸ਼ਕਾਂ ਨਾਲ ਜਾ ਰਹੇ ਸਨ ਕਿ ਅਚਾਨਕ ਇਕ ਇੱਟ ਆ ਕੇ ਉਨ੍ਹਾਂ ਦੇ ਮੋਢੇ ਤੇ ਲੱਗੀ। ਅੰਗਰਕਸ਼ਕਾਂ ਨੇ ਇਧਰ ਉਧਰ ਢੂੰਡ ਕੇ ਇਕ ਬੱਚੇ ਨੂੰ ਫੜ ਲਿਆ। ਮਹਾਰਾਜੇ ਨੇ ਦੂਰੋਂ ਦੇਖ ਕੇ ਕਿਹਾ ਕਿ ਇਸ ਬੱਚੇ ਨੂੰ ਕੁਛ ਨਾ ਕਹੋ। ਨੇੜੇ ਆਉਣ ਤੇ ਆਪ ਨੇ ਉਸ ਬੱਚੇ ਨੂੰ ਪੁਛਿਆ ਕਿ ਬੇਟਾ! ਇੱਟ ਤੂੰ ਮਾਰੀ ਹੈ? ਤਾਂ ਬੱਚਾ ਕਹਿਣ ਲੱਗਿਆ ਕਿ ਮਹਾਰਾਜ! ਮੈਂ ਤੁਹਾਡੇ ਇੱਟ ਨਹੀਂ ਮਾਰੀ ਪਰ ਮੇਰੀ ਮਾਰੀ ਹੋਈ ਇੱਟ ਤੁਹਾਡੇ ਆ ਕੇ ਜ਼ਰੂਰ ਲੱਗੀ ਹੈ। ਉਹ ਕਹਿਣ ਲੱਗਿਆ ਕਿ ਮੈਂ ਸਾਮ੍ਹਣੇ ਵਾਲੀ ਬੇਰੀ ਤੋਂ ਬੇਰ ਝਾੜ ਰਿਹਾ ਸੀ ਕੁਝ ਬੇਰ ਉਚੇ ਟਾਹਣੇ ਨੂੰ ਲੱਗੇ ਹੋਏ ਸਨ ਮੈਂ ਜ਼ੋਰ ਨਾਲ ਇੱਟ ਮਾਰੀ ਬੇਰ ਤਾਂ ਝੜ ਗਏ ਪਰ ਇੱਟ ਉਚੀ ਹੋ ਕੇ ਬਾਹਰ ਜਾ ਗਿਰੀ ਅਤੇ ਆਪ ਦੇ ਮੋਢੇ ਤੇ ਲੱਗੀ। ਮੈਂ ਖਿਮਾ ਮੰਗਦਾ ਹਾਂ, ਕ੍ਰਿਪਾ ਕਰੋ ਮੇਰਾ ਦੋਸ਼ ਮਾਫ ਕਰੋ। ਉਸ ਵੇਲੇ ਮਹਾਰਾਜਾ ਰਣਜੀਤ ਸਿੰਘ ਨੇ ਉਸ ਬੱਚੇ ਨੂੰ ਦੋ ਪਿੰਡ ਜਾਗੀਰ ਵਿਚ ਦਿੰਦਿਆਂ ਕਿਹਾ ਕਿ ਬੇਟਾ! ਇੱਟ ਸੰਭਲ ਕੇ ਮਾਰੀਦੀ ਹੈ। ਇਹ ਦੇਖਣਾ ਜ਼ਰੂਰੀ ਹੈ ਕਿ ਕਿਥੇ ਲੱਗੇਗੀ ਪਰ ਕਿਉਂਕਿ ਤੂੰ ਇੱਟਾਂ ਮਾਰ ਕੇ ਬੇਰੀ ਤੋਂ ਬੇਰ ਲੈ ਰਿਹਾ ਸੀ। ਮੈਂ ਰਾਜਾ ਹਾਂ, ਮੈਂ ਤੈਨੂੰ ਦੋ ਪਿੰਡ ਜਾਗੀਰ ਵਿਚ ਦਿੰਦਾ ਹਾਂ ਪਰ ਫੇਰ ਕਿਸੇ ਦੇ ਇੱਟ ਨਾ ਮਾਰੀਂ। ਬਹੁਤ ਹੀ ਉਚਾ ਅਸੂਲ ਹੈ ਇਸ ਦੀ ਜਿੰਨੀ ਪ੍ਰਸੰਸਾ ਕੀਤੀ ਜਾਵੇ ਥੋੜ੍ਹੀ ਹੈ ਇਹ ਚੀਜ਼ਾਂ ਚਿੱਤ ਵਿਚ ਇਕਾਗਰਤਾ ਪੈਦਾ ਕਰਦੀਆਂ ਹਨ। ਫੁਰਮਾਨ ਆਉਂਦਾ ਹੈ -

***ਫਰੀਦਾ ਬੁਰੇ ਦਾ ਭਲਾ ਕਰਿ***
***ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ ਪਲੈ***
***ਸਭੁ ਕਿਛੁ ਪਾਇ॥ ਪੰਨਾ - 1382***

ਇਕ ਵਾਰੀ ਬਾਬਾ ਫਰੀਦ ਜੀ ਆਪਣੇ ਮੁਰੀਦਾਂ ਨਾਲ ਜਾ ਰਹੇ ਸਨ ਕਿ ਇਕ ਬਹੁਤ ਹੀ ਮੂਰਖ ਬੰਦੇ ਨਾਲ ਵਾਹ ਪਿਆ, ਉਸ ਨੇ ਬਾਬਾ ਫਰੀਦ ਜੀ ਦੇ ਮੋਢੇ ਤੇ ਰੱਖੀ ਹੋਈ ਲੋਈ ਉਤਾਰ ਲਈ ਅਤੇ ਧੱਕੇ ਮਾਰੇ, ਬੁਰੇ ਭਲੇ ਸ਼ਬਦ ਵੀ ਕਹੇ। ਫਰੀਦ ਜੀ ਨੇ ਆਪਣੇ ਮੁਰੀਦਾਂ ਨੂੰ ਵਰਜ ਦਿਤਾ ਕਿ ਇਸ ਨੂੰ ਕੁਝ ਨਹੀਂ ਕਹਿਣਾ।

ਸੋ ਆਪ ਸਮਬਿਰਤੀ ਸਹਿਤ ਉਥੋਂ ਚਲੇ ਗਏ ਅੱਗੇ ਜਾ ਕੇ ਆਪ ਇਕ ਥਾਂ ਬੈਠ ਗਏ। ਆਪ ਨੇ ਦੋਵੇਂ ਹੱਥ ਜੋੜੇ ਹੋਏ ਹਨ ਅਤੇ ਆਪ ਦੇ ਨੇਤਰਾਂ ਵਿਚੋਂ ਜਲ ਜਾ ਰਿਹਾ ਹੈ। ਉਸ ਵੇਲੇ ਮੁਰੀਦਾਂ ਨੇ ਆਪ ਨੂੰ ਪੁਛਿਆ ਕਿ ਜਦੋਂ ਆਪ ਨੂੰ ਧੱਕੇ ਮਾਰੇ ਸੀ ਉਦੋਂ ਤਾਂ ਆਪ ਦੇ ਨੇਤਰਾਂ ਵਿਚ ਜਲ ਨਹੀਂ ਆਇਆ, ਹੁਣ ਕਿਉਂ ਆਇਆ ਹੈ। ਹੁਣ ਆਪ ਕੀ ਦੁਆ ਕਰ ਰਹੇ ਹੋ? ਆਪ ਨੇ ਕਿਹਾ ਕਿ ਮੈਂ ਉਸ ਪੁਰਸ਼ ਲਈ ਦੁਆ ਕਰਕੇ ਅੱਲਾਹ ਦੇ ਦਰ ਤੋਂ ਮੰਗ ਰਿਹਾ ਹਾਂ ਕਿ ਇਸ ਮਨੁੱਖ ਦਾ ਜਨਮ ਬਿਰਥਾ ਜਾ ਰਿਹਾ ਹੈ। ਇਸ ਨੂੰ ਸੋਝੀ ਦੇਹ, ਇਹ ਵੀ ਭਜਨ ਬੰਦਗੀ ਕਰਕੇ ਆਪਣੇ ਜੀਵਨ ਦਾ ਲਾਹਾ ਪ੍ਰਾਪਤ ਕਰ ਸਕੇ, ਇਸ ਦਾ ਵੀ ਭਲਾ ਹੋ ਜਾਵੇ। ਸੋ ਇਹ ਜੋ ਬੁਰੇ ਦਾ ਭਲਾ ਕਰਨ ਵਾਲੇ, ਨੁਕਸਾਨ ਪਹੁੰਚਾਉਣ ਵਾਲੇ ਨੂੰ ਖਿਮਾ ਕਰਨੀ ਇਹ ਆਮ ਮਨੁੱਖ ਦਾ ਕੰਮ ਨਹੀਂ ਹੋਇਆ ਕਰਦਾ, ਇਹ ਵੱਡੇ ਆਦਮੀਆਂ ਦੇ ਗੁਣ ਹਨ।

ਕ੍ਰਿਸ਼ਨ ਮਹਾਰਾਜ ਜੀ ਜੋ ਦੁਆਪਰ ਯੁੱਗ ਦੇ 16 ਕਲਾਂ ਸੰਪੂਰਨ ਅਵਤਾਰ ਸਨ। ਆਪ ਪਰਭਾਸ ਛੇਤਰ ਤੀਰਥ ਤੇ ਗਏ ਹੋਏ ਸਨ। ਸਾਰੀ ਕੁਲ ਦੇ ਬੰਦੇ ਦੁਰਬਾਸਾ ਰਿਸ਼ੀ ਦੇ ਸਰਾਪ ਕਰਕੇ ਆਪਸੀ ਘਰੇਲੀ ਯੁੱਧ ਵਿਚ ਮਾਰੇ ਜਾ ਚੁੱਕੇ ਸਨ। ਆਪ ਤੀਰਥ ਦੇ ਨਾਲ ਲਗਦੇ ਹੀ ਰਮਣੀਕ ਅਸਥਾਨ ਵਿਚ ਇਕ ਦਰਖਤ ਨਾਲ ਪਿੱਠ ਲਾ ਕੇ ਗੋਡੇ ਉਤੇ ਚਰਨ ਰਖੀਂ ਲੇਟੇ ਹੋਏ ਸਨ। ਇਕ ਬੱਧਕ ਨੇ ਮ੍ਰਿਗ ਜਾਣ ਕੇ ਬਾਣ ਮਾਰਿਆ। ਜਦੋਂ ਉਹ ਨੇੜੇ ਆਇਆ ਤਾਂ ਦੇਖਿਆ ਉਸ ਨੇ ਕ੍ਰਿਸ਼ਨ ਮਹਾਰਾਜ ਜੀ ਦੀ ਵੱਖੀ ਵਿਚ ਬਾਣ ਮਾਰਿਆ ਹੈ। ਉਹ ਰੋਣ ਕੁਰਲਾਉਣ ਲੱਗ ਗਿਆ, ਕ੍ਰਿਸ਼ਨ ਮਹਾਰਾਜ ਜੀ ਨੇ ਉਸ ਨੂੰ ਪਾਸ ਬੁਲਾ ਕੇ ਦਲਾਸਾ ਦਿਤਾ ਅਤੇ ਔਗੁਣ ਕੀਤਾ ਨਾ ਵਿਚਾਰਿਆ। ਬੁਰੇ ਦਾ ਭੀ ਭਲਾ ਕੀਤਾ। ਭਾਈ ਗੁਰਦਾਸ ਜੀ ਲਿਖਦੇ ਹਨ –

*ਜਾਇ ਸੁਤਾ ਪਰਭਾਸ ਵਿਚਿ*
*ਗੋਡੇ ਉਤੈ ਪੈਰ ਪਸਾਰੇ।*
*ਚਰਣ ਕਮਲ ਵਿਚਿ ਪਦਮੁ ਹੈ*
*ਝਿਲਮਿਲ ਝਲਕੈ ਵਾਂਗੀ ਤਾਰੇ।*
*ਬਧਿਕੁ ਆਇਆ ਭਾਲਦਾ*
*ਮਿਰਗੈ ਜਾਣਿ ਬਾਣੁ ਲੈ ਮਾਰੇ।*
*ਦਰਸਣ ਡਿਠੋਸੁ ਜਾਇਕੈ*
*ਕਰਣ ਪਲਾਵ ਕਰੇ ਪੂਕਾਰੇ।*
*ਗਲਿ ਵਿਚਿ ਲੀਤਾ ਕ੍ਰਿਸ਼ਨ ਜੀ*
*ਅਵਗੁਣੁ ਕੀਤਾ ਹਰਿ ਨ ਚਿਤਾਰੇ।*
*ਕਰਿ ਕਿਰਪਾ ਸੰਤੋਖਿਆ*
*ਪਤਿਤ ਉਧਾਰਣੁ ਬਿਰਦੁ ਬੀਚਾਰੇ।*
*ਭਲੇ ਭਲੇ ਕਰਿ ਮੰਨੀਅਨਿ*
*ਬੁਰਿਆਂ ਦੇ ਹਰਿ ਕਾਜ ਸਵਾਰੇ।*
*ਪਾਪ ਕਰੇਂਦੇ ਪਤਿਤ ਉਧਾਰੇ॥*

*ਭਾਈ ਗੁਰਦਾਸ ਜੀ, ਵਾਰ 10/23*

7. ਇਸ ਤੋਂ ਅੱਗੇ **'ਦਇਆ'** ਦਾ ਸੱਤਵਾਂ ਨਿਯਮ ਆਉਂਦਾ ਹੈ। ਕਿਸੇ ਨੂੰ ਦੁਖੀ ਦੇਖ ਕੇ ਉਸ ਦੀ ਸਹਾਇਤਾ ਕਰਨੀ, ਉਸ ਦਾ ਦੁਖ ਦੂਰ ਕਰਨ ਲਈ ਤਾਣ ਲਾਉਣਾ, ਕਿਸੇ ਨੂੰ ਔਕੜਾਂ ਤੇ ਵਿਘਨਾਂ ਵਿਚ ਫਸੇ ਦੇਖ ਕੇ ਜੇ ਕੁਝ ਵੀ ਨਹੀਂ ਬਣ ਸਕਦਾ ਤਾਂ ਉਸ ਦੇ ਬਾਰੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਨੀ, ਦਇਆ ਕਹਾਉਂਦੀ ਹੈ। ਦਇਆ ਅਜਿਹਾ ਗੁਣ ਹੈ ਜਿਸ ਹਿਰਦੇ ਵਿਚ ਦਇਆ ਹੋਵੇ ਉਸ ਹਿਰਦੇ ਵਿਚ ਧਰਮ ਉਤਪੰਨ ਹੋਇਆ ਕਰਦਾ ਹੈ ਜਿਵੇਂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਧੌਲੁ ਧਰਮੁ ਦਇਆ ਕਾ ਪੂਤੁ॥*

*ਪੰਨਾ – 3*

ਇਕ ਵਾਰੀ ਮਹਾਤਮਾ ਬੁੱਧ ਜੰਗਲ ਵਿਚ ਜਾ ਰਹੇ ਸਨ ਇਕ ਗਡਰੀਆ ਆਪਣੀਆਂ ਭੇਡਾਂ ਦਾ ਇੱਜੜ ਲੈ ਕੇ ਕਾਹਲੀ-ਕਾਹਲੀ ਜੰਗਲ ਵਿਚੋਂ ਨਿਕਲ ਰਿਹਾ ਸੀ ਅਤੇ ਉਹ ਸੂਰਜ ਛਿਪਣ ਤੋਂ ਪਹਿਲਾਂ-ਪਹਿਲਾਂ ਭੇਡਾਂ ਦੇ ਬਾੜੇ ਵਿਚ ਪਹੁੰਚ ਜਾਣਾ ਲੋਚਦਾ ਸੀ। ਅੱਜ ਉਸ ਨੂੰ ਕੁਝ ਦੇਰ ਲਗ ਗਈ ਅਤੇ ਉਹ ਭੇਡਾਂ ਨੂੰ ਨਠਾਈ ਆ ਰਿਹਾ ਸੀ। ਉਨ੍ਹਾਂ ਵਿਚ ਇਕ ਲੰਗੜਾ ਲੇਲਾ ਸੀ ਜਿਸ ਉਪਰ ਬਹੁਤੀ ਮਾਰ ਪੈਂਦੀ ਸੀ। ਕਿਉਂਕਿ ਉਸ ਤੋਂ ਭੇਡਾਂ ਦੇ ਬਰਾਬਰ ਨਹੀਂ ਦੌੜਿਆ ਜਾਂਦਾ ਸੀ। ਲੱਤ ਤੇ ਸੱਟ ਲੱਗਣ ਕਾਰਨ ਉਹ ਲੰਗੜਾਅ ਰਿਹਾ ਸੀ ਜਿਸ ਕਾਰਨ ਉਸ ਦੇ ਡੰਡਾ ਪੈਂਦਾ ਸੀ।

ਇਧਰ ਮਹਾਤਮਾ ਬੁੱਧ ਵੀ ਕਾਹਲੀ-ਕਾਹਲੀ ਇਸ ਇੱਜੜ ਨੂੰ ਦੇਖਦੇ ਜਾ ਰਹੇ ਸਨ। ਉਨ੍ਹਾਂ ਨੇ ਗਡਰੀਏ ਨੂੰ ਆਖਿਆ ਕਿ ਪ੍ਰੇਮੀਆ! ਜੇ ਤੂੰ ਆਗਿਆ ਦੇਵੇਂ ਤਾਂ ਮੈਂ ਇਸ ਲੰਗੜੇ ਲੇਲੇ ਨੂੰ ਚੁੱਕ ਲਵਾਂ ਕਿਉਂਕਿ ਇਸ ਤੋਂ ਭੱਜਿਆ ਨਹੀਂ ਜਾਂਦਾ। ਆਗਿਆ ਪ੍ਰਾਪਤ ਕਰਕੇ ਉਨ੍ਹਾਂ ਨੇ ਲੇਲਾ ਚੁਕ ਲਿਆ। ਪਹਿਲਾਂ ਤਾਂ ਉਹ ਲੇਲਾ ਬਹੁਤ ਡਰਿਆ ਹੋਇਆ ਸੀ, ਉਸ ਦਾ ਦਿਲ ਧੱਕ-ਧੱਕ ਕਰ ਰਿਹਾ ਸੀ ਅਤੇ ਬਹੁਤ ਪਰੇਸ਼ਾਨੀ ਮਹਿਸੂਸ ਕਰ ਰਿਹਾ ਸੀ। ਪਰ ਜਦੋਂ ਮਹਾਤਮਾ ਬੁੱਧ ਨੇ ਘੁੱਟ ਕੇ ਛਾਤੀ ਨਾਲ ਲਾਇਆ, ਅੱਖਾਂ ਤੇ ਹੱਥ ਫੇਰਿਆ, ਮੂੰਹ ਤੇ ਪਿੱਠ ਤੇ ਹੱਥ ਫੇਰਿਆ ਅਤੇ ਪੰਜ ਚਾਰ ਵਾਰੀ ਪਿਆਰ ਕੀਤਾ ਤਾਂ ਉਸ ਲੇਲੇ ਦਾ ਡਰ ਬਿਲਕੁਲ ਦੂਰ ਹੋ ਗਿਆ ਅਤੇ ਉਸ ਦੇ ਦਿਲ ਵਿਚ ਮਹਾਤਮਾ ਬੁੱਧ ਲਈ ਪਿਆਰ ਉਤਪੰਨ ਹੋ ਗਿਆ ਅਤੇ ਉਹ ਲੇਲਾ ਆਪਣਾ ਮੂੰਹ ਉਪਰ ਕਰਕੇ ਜੀਭ ਕੱਢ ਕੇ ਮਹਾਤਮਾ ਦੇ

ਹੱਥ ਨੂੰ ਚੱਟਣ ਲਗਿਆ ਅਤੇ ਉਚੀ ਗਰਦਨ ਕਰਕੇ ਮਹਾਤਮਾ ਦੇ ਮੁਖ ਨਾਲ ਆਪਣੀ ਜੀਭ ਲਾਉਣ ਲਈ ਲੋਚ ਰਿਹਾ ਸੀ। ਉਨ੍ਹਾਂ ਨੇ ਉਸ ਦੇ ਸਿਰ ਉਪਰ ਹੱਥ ਰੱਖਿਆ ਅਤੇ ਪਿਆਰ ਦਿਤਾ। ਇਸ ਤਰ੍ਹਾਂ ਮਹਾਤਮਾ ਬੁੱਧ ਉਸ ਇਜੜ ਵਾਲੇ ਨਾਲ ਉਸ ਦੇ ਬਾੜੇ ਵਿਚ ਆ ਗਏ ਸਾਰੀਆਂ ਭੇਡਾਂ ਅੰਦਰ ਚਲੀਆਂ ਗਈਆਂ। ਮਹਾਤਮਾ ਬੁੱਧ ਨੇ ਉਹ ਲੇਲਾ ਬੜਾ ਪਿਆਰ ਦੇ ਕੇ ਛੱਡ ਦਿਤਾ। ਉਸ ਦੇ ਨੇਤਰ ਚਮਕ ਰਹੇ ਸੀ ਕੋਈ ਅਜੀਬ ਕਿਸਮ ਦੀ ਹਰਕਤ ਉਹ ਕਰ ਰਿਹਾ ਸੀ। ਪੂਛ ਹਿਲਾ ਰਿਹਾ ਸੀ ਅਤੇ ਇਕ ਖਾਸ ਅੰਦਾਜ਼ ਵਿਚ ਸਿਰ ਤੇ ਕੰਨ ਹਿਲਾ ਰਿਹਾ ਸੀ ਜਿਸ ਤੋਂ ਪਤਾ ਲਗਦਾ ਸੀ ਕਿ ਉਸ ਦਾ ਮਹਾਤਮਾ ਬੁੱਧ ਨਾਲ ਪਿਆਰ ਹੋ ਗਿਆ ਹੈ ਜਦੋਂ ਮਹਾਤਮਾ ਬੁੱਧ ਡੇਰੇ ਤੋਂ ਬਾਹਰ ਨਿਕਲੇ ਤਾਂ ਉਹ ਵੀ ਨਾਲ ਆ ਗਿਆ। ਆਪ ਉਸ ਨੂੰ ਚੁੱਕ ਕੇ ਭੇਡਾਂ ਵਿਚ ਰੱਖ ਆਏ। ਪਰ ਉਹ ਬਾਰ-ਬਾਰ ਮਹਾਤਮਾ ਬੁੱਧ ਕੋਲ ਆ ਰਿਹਾ ਸੀ। ਇਸ ਸਾਰੇ ਕੌਤਕ ਨੂੰ ਗਡਰੀਆ ਦੇਖ ਰਿਹਾ ਸੀ। ਉਸ ਦੇ ਅੰਦਰ ਅਜੀਬ ਭਾਵ ਪੈਦਾ ਹੋ ਗਏ ਉਹ ਕਹਿਣ ਲੱਗਿਆ ਕਿ ਮਹਾਤਮਾ ਜੀ! ਤੁਸੀਂ ਤਾਂ ਕੋਈ ਬਹੁਤ ਵੱਡੇ ਪੁਰਸ਼ ਹੋ, ਜਿਸ ਨੂੰ ਲੇਲਾ ਵੀ ਪਿਆਰ ਕਰ ਰਿਹਾ ਹੈ ਪਰ ਮੈਂ ਮਨੁੱਖ ਹੁੰਦਾ ਹੋਇਆ ਵੀ ਤੁਹਾਡੀ ਕਦਰ ਨਹੀਂ ਕਰ ਰਿਹਾ। ਕ੍ਰਿਪਾ ਕਰੋ ਮੇਰਾ ਹਿਰਦਾ ਵੀ ਸਵੱਛ ਕਰੋ, ਮੈਨੂੰ ਵੀ ਉਹ ਗੁਣ ਦੇਵੋ ਜਿਸ ਨਾਲ ਮੈਂ ਆਪਣਾ ਜੀਵਨ ਸਵੱਛ ਕਰਾਂ।

ਉਸ ਵੇਲੇ ਮਹਾਤਮਾ ਬੁੱਧ ਨੇ ਉਸ ਨੂੰ ਬੁੱਧ ਧਰਮ ਦਾ ਉਪਦੇਸ਼ ਦਿੰਦਿਆਂ ਕਿਹਾ ਕਿ ਆਦਮੀ ਨੂੰ ਅੱਠ ਗੁਣ ਧਾਰਨੇ ਚਾਹੀਦੇ ਹਨ ਇਹ ਸੰਸਾਰ ਦੁਖਾਂ ਦਾ ਘਰ ਹੈ। ਦੁਖਾਂ ਦੀ ਜਨਮਦਾਤੀ ਵਾਸ਼ਨਾ ਹੋਇਆ ਕਰਦੀ ਹੈ। ਵਾਸ਼ਨਾ ਨੂੰ ਕਾਬੂ ਕਰਕੇ ਦੁਖਾਂ ਤੋਂ ਛੁਟਕਾਰਾ ਹੋ ਸਕਦਾ ਹੈ। ਨਿਰਵਾਣ ਪਦ ਦੀ ਪ੍ਰਾਪਤੀ ਕਰਨ ਵਾਸਤੇ ਕੁਝ ਰਹਿਤਾਂ ਹਨ ਜੋ ਮੈਂ ਤੈਨੂੰ ਦਸਦਾ ਹਾਂ ਤੂੰ ਇਨ੍ਹਾਂ ਨੂੰ ਧਾਰਨ ਕਰ। ਜਿਨ੍ਹਾਂ ਵਿਚ ਸਤਿ ਵਿਸ਼ਵਾਸ਼, ਸਤਿ ਵਿਚਾਰ, ਸਤਿ ਵਾਕ, ਸਤਿ ਕਰਮ, ਸਤਿ ਜੀਵਨ, ਸਤਿ ਪ੍ਰਯਤਨ, ਸਤਿ ਚਿੰਤਨ, ਸਤਿ ਧਿਆਨ ਹਨ ਇਨ੍ਹਾਂ ਗੁਣਾਂ ਨੂੰ ਧਾਰਨ ਕਰੇ ਅਤੇ ਉਪਦੇਸ਼ ਦਿੰਦਿਆਂ ਕਿਹਾ ਕਿ ਚਾਰ ਉਪਦੇਸ਼ ਆਪਣੇ ਹਿਰਦੇ ਵਿਚ ਵਸਾ - 1. ਇੰਦ੍ਰਿਆਂ ਨੂੰ ਕਾਬੂ ਰਖਣਾ। 2. ਆਪਣੇ ਆਪ ਨੂੰ ਜਗਾ ਕੇ ਰਖਣਾ ਅਤੇ ਆਪਣੇ ਆਪ ਦੀ ਪ੍ਰੀਖਿਆ ਕਰਦੇ ਰਹਿਣਾ। 3. ਜਿਸ ਤਰ੍ਹਾਂ ਚਿੱਕੜ ਜਲ ਨਾਲ ਦੂਰ ਹੋ ਜਾਂਦਾ ਹੈ ਇਵੇਂ ਚਿੱਤ ਤੋਂ ਵਿਕਾਰ ਮਲ ਸਾਧਨ ਕਰਨ ਨਾਲ ਹੀ ਦੂਰ ਹੋ ਜਾਂਦੇ ਹਨ। 4. ਜਿਨ੍ਹਾਂ ਦੀ ਬੋਲ ਬਾਣੀ ਅਤੇ ਕ੍ਰਿਆ, ਵਿਵਹਾਰ ਪਵਿਤਰ ਹੈ, ਉਨ੍ਹਾਂ ਨਾਲ ਸਾਰੇ ਸੁਖ ਸਰੀਰ ਦੀ ਛਾਂ ਵਾਂਗੂੰ ਨਾਲ ਰਹਿੰਦੇ ਹਨ। ਸੋ ਅਜਿਹੇ ਉਪਦੇਸ਼ ਦੇ ਕੇ ਮਹਾਤਮਾ ਬੁੱਧ ਜੀ ਨੇ ਉਸ ਨੂੰ ਬੁੱਧ ਧਰਮ ਵਿਚ ਦਾਖਲ ਕੀਤਾ। ਇਹ ਦਇਆ ਦਾ ਕਰਿਸ਼ਮਾ ਹੈ।

8. ਅੱਠਵਾਂ ਯਮ **'ਕੋਮਲ ਹਿਰਦਾ'** ਹੋਇਆ ਕਰਦਾ ਹੈ, ਕਿਸੇ ਨੂੰ ਭੁੱਲ ਕੇ ਵੀ ਬੁਰਾ ਨਾ ਕਹਿਣਾ, ਜਿੰਨਾਂ ਹੋ ਸਕੇ ਸ਼ੁਭ ਉਪਦੇਸ਼ ਦੇਣਾ ਅਤੇ ਦੂਸਰੇ ਦਾ ਭਲਾ ਕਰਨਾ।

1983 ਦੀ ਗੱਲ ਹੈ ਕਿ ਇਕ ਪ੍ਰੇਮੀ ਰਤਵਾੜਾ ਸਾਹਿਬ ਦੇ ਨੇੜੇ ਹੀ ਇਕ ਪਿੰਡ ਦਾ ਵਾਸੀ ਸੀ। ਉਹ ਅਜੇ ਬੱਚਾ ਹੀ ਸੀ ਉਹ ਅਸਾਡੇ ਪਾਸ ਮੋਹਾਲੀ ਕੋਠੀ ਆਇਆ ਅਤੇ ਆਪਣੀ ਵਿਥਿਆ ਦਸਣ ਲੱਗਿਆ। ਉਸ ਦੇ ਬੋਲਣ ਤੋਂ ਬੀਬੀ ਜੀ (ਬੀਬੀ ਰਣਜੀਤ ਕੌਰ ਜੀ) ਨੇ ਭਾਂਪ ਲਿਆ ਕਿ ਪ੍ਰੇਮੀ ਭੁੱਖਾ ਹੈ। ਜਦੋਂ ਉਸ ਤੋਂ ਪੁਛਿਆ ਤਾਂ ਉਸ ਨੇ ਕਿਹਾ ਕਿ ਮੈਂ ਅੱਜ ਕੁਝ ਭੀ ਨਹੀਂ ਛਕਿਆ, ਭੁੱਖਾ ਹੀ ਹਾਂ। ਆਪਣੀ ਹਾਲਤ ਦਸਣ ਲੱਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਪਹਿਲਾਂ ਪ੍ਰਸ਼ਾਦਾ ਛਕ ਫੇਰ ਤੇਰੀ ਵਿਥਿਆ ਸੁਣਾਂਗੇ। ਪ੍ਰਸ਼ਾਦਾ ਛਕਣ ਉਪਰੰਤ ਉਸ ਨੇ ਕਿਹਾ ਕਿ ਮੇਰਾ ਪਿਤਾ ਬਚਪਨ ਵਿਚ ਅਸਾਨੂੰ ਛੱਡ ਕੇ ਪਰਲੋਕ ਗਵਨ ਕਰ ਗਿਆ ਹੈ ਮੈਂ ਹੀ ਪਰਿਵਾਰ ਵਿਚ ਵੱਡਾ ਹਾਂ, ਮੇਰੀ ਮਾਤਾ ਅਤੇ ਮੇਰੀਆਂ ਦੋ ਭੈਣਾਂ ਹਨ। ਆਰਥਿਕ ਹਾਲਤ ਅਸਾਡੀ ਮਾੜੀ ਹੈ ਪੇਟ ਭਰ ਕੇ ਖਾਣਾ ਭੀ ਮਸਾਂ ਹੀ ਮਿਲਦਾ ਹੈ। ਉਸ ਨੇ ਬਹੁਤ ਵਿਸਥਾਰ ਨਾਲ ਆਪਣੀ ਹਾਲਤ ਦੱਸੀ। ਤੁਹਾਡੇ ਬੀਜੀ ਨੇ ਸੁਣ ਕੇ ਕਿਹਾ ਕਿ ਇਸ ਬੱਚੇ ਅਤੇ ਪਰਿਵਾਰ ਦੀ ਜ਼ਰੂਰ ਮਦਦ ਕਰੋ। ਇਸ ਪ੍ਰੇਮੀ ਨੇ ਆਪਣੀ ਯੂ.ਪੀ. ਵਿਚ ਪੂਰਨਪੁਰ ਪਾਸ ਜ਼ਮੀਨ ਦੀ ਗੱਲ ਕਰਦਿਆਂ ਕਿਹਾ ਕਿ ਮੇਰੇ ਪਿਤਾ ਪਾਸ ਉਥੇ ਜ਼ਮੀਨ ਸੀ ਜੋ ਮੇਰੇ ਚਾਚਿਆਂ ਪਾਸ ਹੈ। ਮੈਂ ਵੇਚਣੀ ਚਾਹੁੰਦਾ ਹਾਂ ਪਰ ਉਹ ਵਿਕਣ ਨਹੀਂ ਦਿੰਦੇ ਅਤੇ ਨਾ ਹੀ ਆਪ ਲੈਂਦੇ ਹਨ। ਮੈਂ ਉਸ ਨੂੰ ਵੇਚਣ ਦਾ ਢੰਗ ਦਸ ਦਿਤਾ ਅਤੇ ਮੇਰੇ ਉਥੇ ਨੇੜੇ ਚੰਗੇ ਫਾਰਮਰ ਜਾਣਨ ਵਾਲੇ ਸਨ, ਉਨ੍ਹਾਂ ਦੀ ਮਦਦ ਲੈਣ ਲਈ ਕਿਹਾ। ਉਸ ਨੇ ਇਕ ਦੋ ਚੱਕਰ ਫਾਰਮ ਤੇ ਮਾਰੇ ਪਰ ਉਹ ਕਿਵੇਂ ਭੀ ਸਫਲ ਨਾ ਹੋਵੇ।

ਇੰਨੇ ਵਿਚ 1984 ਦੇ ਦੰਗੇ ਆ ਗਏ ਉਹ ਯੂ.ਪੀ ਨੂੰ ਜਾ ਰਿਹਾ ਸੀ। ਪੂਰਨਪੁਰ ਦੇ ਸਟੇਸ਼ਨ ਤੇ ਉਤਰਦੇ ਹੀ ਉਸ ਪਿਛੇ ਜਿਵੇਂ ਸ਼ਿਕਾਰੀ ਕੁੱਤੇ ਸ਼ਿਕਾਰ ਪਿਛੇ ਧਾ ਕੇ ਪੈਂਦੇ ਹਨ, ਇਵੇਂ ਕੁਝ ਫਸਾਦੀ ਪੈ ਗਏ। ਉਹ ਭੱਜ ਕੇ ਇਕ ਠਾਕੁਰ ਦੀ ਲੱਕੜੀ ਦੀ ਟਾਲ ਵਿਚ ਵੜ ਗਿਆ। ਮਾਲਕ ਭਲਾ ਪੁਰਸ਼ ਸੀ ਅਤੇ ਦਲੇਰ ਸੀ। ਉਸ ਨੇ ਇਸ ਨੂੰ ਬਚਾਉਣ ਲਈ ਕਾਫੀ ਬਹਾਦਰੀ ਵਿਖਾਈ। ਉਹ ਭੀੜ ਖਿੰਡ ਕੇ ਕਿਸੇ ਹੋਰ ਦੇ ਪਿਛੇ ਪੈ ਗਈ। ਇਸ ਨੂੰ ਰਾਤ ਕੱਟਣ ਲਈ ਮੁਸਲਮਾਨਾਂ ਦੇ ਮਹੱਲੇ ਇਕ ਭਲੇ ਪੁਰਸ਼ ਦੇ ਘਰ ਭੇਜ ਦਿਤਾ ਜਿਥੋਂ ਮੌਕਾ ਵਿਚਾਰ ਕੇ ਇਹ ਆਪਣੇ ਫਾਰਮ ਚਲਿਆ ਗਿਆ। ਉਸ ਨੇ ਜ਼ਮੀਨ ਦਾ ਸੌਦਾ ਕਰ ਲਿਆ। ਲੈਣ ਵਾਲੇ ਡਾਢੇ ਬੰਦੇ ਸਨ ਜਿਨ੍ਹਾਂ ਤੋਂ ਭੈ ਕਰਕੇ ਇਸ ਦੇ ਚਾਚਿਆਂ ਨੇ ਖਾਸ ਰੁਕਾਵਟ ਨਾ ਪਾਈ। ਇਹ ਕੁਝ ਬਿਆਨਾਂ ਲੈ ਆਇਆ। ਜਦੋਂ ਬੀਬੀ ਜੀ ਪਾਸ ਆਇਆ ਉਨ੍ਹਾਂ ਕਾਫੀ

ਵੀਚਾਰ ਕਰਕੇ ਇਸ ਨੂੰ ਦੋ ਏਕੜ ਜ਼ਮੀਨ ਦਾ ਸੌਦਾ ਕਰਾ ਦਿਤਾ ਅਤੇ ਬਿਆਨਾ ਦੇ ਦਿਤਾ। ਯੂ.ਪੀ. ਦੀ ਜ਼ਮੀਨ ਦੇ ਪੈਸੇ ਮਿਲਣੇ ਸਨ। ਰਜਿਸਟਰੀ ਦੀ ਤਰੀਕ ਆ ਗਈ। ਇਸ ਪਾਸ ਪੈਸੇ ਨਹੀਂ ਸਨ। ਸ਼ਰਤ ਮੁਤਾਬਿਕ ਵਿਆਨਾਂ ਜ਼ਬਤ ਹੋ ਜਾਣਾ ਸੀ। ਉਹ ਬੀਜੀ ਪਾਸ ਬਹੁਤ ਰੋ ਰਿਹਾ ਸੀ ਕਿ ਮੈਂ ਮਾਰਿਆ ਗਿਆ। ਕਈ ਹਜ਼ਾਰ ਰੁਪਏ ਮਾਰੇ ਜਾਣੇ ਹਨ ਉਸ ਵੇਲੇ ਤੁਹਾਡੇ ਬੀਜੀ ਮੈਨੂੰ ਬਿਨਾਂ ਪੁਛੇ ਹੀ ਦਇਆ ਦੇ ਘਰ ਵਿਚ ਆਏ ਹੋਏ ਜੀਪ ਲੈ ਕੇ ਉਸ ਪਿੰਡ ਪਹੁੰਚੇ, ਜ਼ਮੀਨ ਵਾਲਿਆਂ ਅੱਗੇ ਇਸ ਬੱਚੇ ਦੀ ਮਜ਼ਬੂਰੀ ਦੱਸੀ ਪਰ ਉਨ੍ਹਾਂ ਇਕ ਗੱਲ ਨਾ ਮੰਨੀ। ਇੰਨੇ ਚਿਰ ਵਿਚ ਰਜਿਸਟਰੀ ਦਾ ਦਿਨ ਆ ਗਿਆ। ਉਹ ਪ੍ਰੇਮੀ ਯੂ.ਪੀ. ਤੋਂ ਹੋਰ ਪੈਸੇ ਲੈ ਕੇ ਪਹੁੰਚ ਗਿਆ ਪਰ ਕੀਮਤ ਦੇਣ ਲਈ ਅਜੇ ਕਈ ਹਜ਼ਾਰ ਰੁਪੇ ਘਟਦੇ ਸਨ। ਉਸ ਦਾ ਬਿਆਨਾਂ ਅੱਜ ਸ਼ਾਮ ਨੂੰ ਜ਼ਬਤ ਹੋ ਜਾਣਾ ਸੀ। ਤੁਹਾਡੇ ਬੀਜੀ ਪਿੰਡ ਦੇ ਸਰਪੰਚ, ਪੰਚ, ਨੰਬਰਦਾਰ ਤੇ ਹੋਰ ਚੰਗੇ ਪ੍ਰੇਮੀ ਇਕੱਠੇ ਕਰਕੇ ਸਾਰਿਆਂ ਦੇ ਸਾਮ੍ਹਣੇ ਇਸ ਬੱਚੇ ਦੀ ਗਰੀਬੀ ਬਾਰੇ ਦਸਿਆ ਗੱਲਾਂ ਬਾਤਾਂ ਵਿਚ ਦਿਨ ਲੰਘ ਗਿਆ। ਦੂਜੇ ਦਿਨ ਸਵੇਰੇ ਬਿਨਾਂ ਕੁਛ ਖਾਧੇ ਪੀਤੇ ਜੀਪ ਲੈ ਕੇ ਫੇਰ ਉਸੇ ਪਿੰਡ ਪੰਚਾਇਤ ਅਤੇ ਭਲੇ ਪੁਰਸ਼ ਇਕੱਠੇ ਕੀਤੇ। ਤੁਹਾਡੇ ਬੀਜੀ ਨੇ ਆਪਣੇ ਸਿਰ ਦਾ ਦੁਪੱਟਾ ਉਸ ਪੁਰਸ਼ ਦੇ ਪੈਰਾਂ ਤੇ ਰੱਖਿਆ ਤਾਂ ਬਹੁਤਿਆਂ ਦੀਆਂ ਅੱਖਾਂ ਵਿਚ ਦਇਆ ਕਮਾਉਣ ਵਾਲੇ ਦ੍ਰਿਸ਼ ਨੂੰ ਦੇਖ ਕੇ ਜਲ ਆ ਗਿਆ। ਵੇਚਣ ਵਾਲਾ ਜ਼ਮੀਨ ਦਾ ਮਾਲਕ ਭੀ ਪਿਘਲ ਗਿਆ ਅਤੇ ਬੀਜੀ ਨੇ ਆਪਣੇ ਪਾਸੋਂ ਕਈ ਹਜ਼ਾਰ ਰੁਪਏ ਦੇ ਕੇ ਰਜਿਸਟਰੀ ਕਰਾ ਦਿਤੀ। ਮੈਨੂੰ ਜਦੋਂ ਪਤਾ ਲੱਗਿਆ ਤਾਂ ਮੇਰੇ ਮਨ ਵਿਚ ਵੀ ਇਸ ਦਇਆ ਦੇ ਕੰਮ ਦੀ ਕਦਰ ਉਪਜੀ। ਪਰ ਮੈਂ ਖੁਸ਼ ਭੀ ਹੋਇਆ ਕਿ ਤੁਹਾਡੇ ਬੀਜੀ ਨੇ ਉਸ ਬੱਚੇ ਨੂੰ ਆਰਥਕ ਸੰਕਟ ਵਿਚੋਂ ਬਚਾ ਦਿਤਾ। ਯੂ.ਪੀ. ਦੇ ਪੈਸੇ ਉਸ ਨੂੰ ਸਮੇਂ ਪਿਛੋਂ ਮਿਲੇ ਅਸਾਡੇ ਪੈਸੇ ਸਿੰਘਾਂ ਨੇ ਉਸ ਤੋਂ ਲੈ ਲਏ।

ਇਹ ਦਇਆ ਦਾ ਕੰਮ ਸਹਿਜ ਸੁਭਾਅ ਹੀ ਹੋਇਆ ਕਿਉਂਕਿ ਉਹ ਪ੍ਰੇਮੀ ਐਨੇ ਸੰਕਟ ਵਿਚੋਂ ਬਚਾ ਲਿਆ ਪਰ ਮੁੜ ਕੇ ਉਸਦੇ ਦਰਸ਼ਨ ਅੱਜ ਤੀਕਰ ਨਹੀਂ ਹੋਏ, ਭਾਵੇਂ ਉਹ ਗੁਰਦਵਾਰਾ ਸਾਹਿਬ ਦੇ ਨੇੜਿਓਂ ਬਹੁਤ ਵਾਰੀ ਲੰਘਦਾ ਹੈ। ਤੁਹਾਡੇ ਬੀਜੀ ਨੇ ਕਦੇ ਭੀ ਉਸ ਦੇ ਰੁਖੇਪੁਣੇ ਦੀ ਸ਼ਿਕਾਇਤ ਨਹੀਂ ਕੀਤੀ। ਉਨ੍ਹਾਂ ਦਾ ਮਤ 'ਨੇਕੀ ਕਰ ਦਰਿਆ ਮੇਂ ਡਾਲ' ਸੰਸਾਰੀਆਂ ਦੀ ਰੀਤ ਹੈ 'ਨੈਂ ਲੰਘੀ ਖੁਆਜਾ ਵਿਸਰਿਆ।' ਕਿਸੇ ਬਦਲੇ ਦੀ ਭਾਵਨਾ ਬਿਨਾਂ, ਸੁਭਾਵਕ ਹੀ ਕਿਸੇ ਦੀ ਮਦਦ ਕਰਨੀ ਨੇਕ ਕਰਮ ਹੈ ਅਤੇ ਕੋਮਲ ਹਿਰਦੇ ਦੀ ਪ੍ਰਤੱਖ ਨਿਸ਼ਾਨੀ ਹੈ।

9. ਨੌਂਵਾਂ **'ਭੋਜਨ ਛਕਣ ਦੀ ਮਰਿਆਦਾ'** ਹੋਇਆ ਕਰਦੀ ਹੈ। ਭੁੱਖ ਤੋਂ ਚੌਥਾ ਹਿੱਸਾ ਘੱਟ ਛਕਣਾ। ਸਾਦਾ ਸਤੋ ਗੁਣੀ ਭੋਜਨ ਛਕਣਾ ਜੋ ਪੁਸ਼ਟਕ ਹੋਵੇ ਪਰ ਗੈਸ, ਬਾਇ, ਕਫ ਵਰਗੇ ਵਿਘਨ ਸਰੀਰ ਵਿਚ ਨਾ ਪਾਵੇ। ਮਾਸ, ਮੱਛੀ, ਅੰਡੇ ਆਦਿ ਤੋਂ ਪਰਹੇਜ਼ ਕਰਨਾ।

10. ਇਸੇ ਤਰ੍ਹਾਂ ਦਸਵਾਂ ਯਮ **'ਸਰੀਰ ਦੀ ਪਵਿੱਤਰਤਾ'** ਹੋਇਆ ਕਰਦੀ ਹੈ। ਨੇਮ ਨਾਲ ਇਸ਼ਨਾਨ ਕਰਨਾ ਅਤੇ ਵਾਕ ਦੀ ਪਵਿੱਤਰਤਾ ਮਹਾਂਪੁਰਸ਼ਾਂ ਦੇ ਬਚਨ ਪੜ੍ਹਨ ਨਾਲ, ਮਨ ਦੀ ਪਵਿੱਤਰਤਾ ਮਨ ਵਿਚੋਂ ਈਰਖਾ ਦ੍ਵੈਤ ਦੇ ਭਾਵ ਕੱਢ ਕੇ ਪਵਿੱਤਰ ਰਖਣਾ। ਬੁੱਧੀ ਦੀ ਪਵਿੱਤਰਤਾ ਸਤਿ ਸਾਸ਼ਤਰ, ਮਹਾਂਪੁਰਸ਼ਾਂ ਦੇ ਉਪਦੇਸ਼ ਪੜ੍ਹਨ ਨਾਲ ਹੋਇਆ ਕਰਦੀ ਹੈ।

ਇਹ ਉਪਰ ਦੱਸੇ ਹੋਏ 10 ਯਮ ਹਨ ਜੋ ਯੋਗ ਦੀ ਪ੍ਰਾਪਤੀ ਲਈ ਬਹੁਤ ਹੀ ਜ਼ਰੂਰੀ ਹਨ ਇਸ ਤੋਂ ਇਲਾਵਾ ਦਸ ਨੇਮ ਹੋਇਆ ਕਰਦੇ ਹਨ।

**1. ਤਪ –** ਤਪ ਕਰਨ ਵਿਚ ਤਿੰਨ ਭੇਦ ਹਨ।

**(ੳ) ਤਾਮਸੀ ਤਪ –** ਜਲ ਧਾਰੇ ਕਰਨੇ, ਅਗਨੀ ਤਾਪਣੀ, ਭੁੱਖੇ ਰਹਿਣਾ, ਸਰੀਰ ਨੂੰ ਖੜ੍ਹੇ ਰਖਣਾ, ਬਾਹਾਂ ਚੁੱਕ ਕੇ ਤਪ ਕਰਨਾ ਅਤੇ ਪੁੱਠੇ ਲਟਕਣਾ ਅਤੇ ਇਨ੍ਹਾਂ ਤਪਾਂ ਨੂੰ ਕਰਨ ਲਈ ਖੇਚਲ ਅਤੇ ਮਿਹਨਤ ਬਹੁਤ ਹੋਇਆ ਕਰਦੀ ਹੈ ਪਰ ਫਲ ਬਹੁਤ ਘੱਟ ਹੈ। ਇਸ ਤਰ੍ਹਾਂ ਸਮਝੋ ਕਿ ਇਕ ਤੂੜੀ ਦਾ ਵਪਾਰ ਕਰਨ ਵਾਲਾ ਹੈ, ਬਹੁਤ ਮਿਹਨਤ ਕਰਕੇ ਤੂੜੀ ਦੂਰ ਦੇ ਖੇਤਾਂ ਵਿਚੋਂ ਟਰੱਕਾਂ ਰਾਹੀਂ ਕੱਢ ਕੇ ਵਾਹਨ ਲੱਦ ਕੇ ਲਿਆਉਂਦਾ ਹੈ ਪਰ ਵੇਚਣ ਤੇ ਬਹੁਤ ਘੱਟ ਮੁਨਾਫਾ ਹੁੰਦਾ ਹੈ ਪਰ ਖੇਚਲ ਬਹੁਤ ਕੀਤੀ। ਇਸ ਦੇ ਮੁਕਾਬਲੇ ਤੇ ਕੋਈ ਹੀਰਿਆਂ ਦਾ ਵਪਾਰ ਕਰਦਾ ਹੈ, ਉਹ ਅਰਾਮ ਨਾਲ ਆਪਣੀ ਦੁਕਾਨ ਵਿਚ ਬੈਠਦਾ ਹੈ, ਕੋਈ ਚੰਗਾ ਗਾਹਕ ਆ ਜਾਂਦਾ ਹੈ ਤਾਂ ਇਕੋ ਹੀਰਾ ਵੇਚ ਕੇ ਉਸ ਨੂੰ ਬਹੁਤ ਮੁਨਾਫਾ ਹੋ ਜਾਂਦਾ ਹੈ। ਇਸ ਤਰ੍ਹਾਂ ਖੇਚਲ ਵੀ ਬਹੁਤ ਝੱਲਣੀ ਫਲ ਬਹੁਤ ਘੱਟ ਮਿਲਣ ਨੂੰ ਤਾਮਸੀ ਤਪ ਆਖਿਆ ਜਾਂਦਾ ਹੈ।

**(ਅ) ਰਾਜਸੀ ਤਪ –** ਕੁਕਰਮਾਂ ਤੋਂ ਆਪਣੇ ਮਨ ਨੂੰ ਬਚਾ ਕੇ ਰਖਣਾ, ਬੁਰੇ ਫੁਰਨੇ ਉਠਦੇ ਹੀ ਰੋਕਣੇ, ਮਨ ਨੂੰ ਗਲਤ ਗੱਲਾਂ ਵਿਚ ਪ੍ਰਵਿਰਤ ਹੋਣ ਤੋਂ ਰੋਕਣਾ ਅਤੇ ਸਰੀਰ ਨਾਲ ਸੇਵਾ ਕਰਨੀ, ਇਹ ਰਾਜਸੀ ਤਪ ਹੋਇਆ ਕਰਦਾ ਹੈ।

**(ੲ) ਸਾਂਤਕੀ ਤਪ –** ਇਹ ਸਭ ਤੋਂ ਸ੍ਰੇਸ਼ਟ ਹੈ, ਚਿੱਤ ਦੀਆਂ ਪੰਜ ਪ੍ਰਕਾਰ ਦੀਆਂ ਬਿਰਤੀਆਂ ਪ੍ਰਮਾਣ, ਵਿਪਰਜੇ, ਨਿੰਦ੍ਰਾ, ਵਿਕਲਪ ਅਤੇ ਸਿੰਮਰਤੀ ਹਨ ਇਨ੍ਹਾਂ ਬਿਰਤੀਆਂ ਉਪਰ ਆਪਣਾ ਕੰਟਰੋਲ ਰੱਖਣਾ ਅਤੇ ਭਜਨ ਕਰਨ ਵੇਲੇ ਮਨ ਨੂੰ ਕਿਸੇ ਪਾਸੇ ਦੌੜਨ ਨਾ ਦੇਣਾ ਇਹ ਸਾਂਤਕੀ ਤਪ ਹੋਇਆ ਕਰਦਾ ਹੈ ਇਸ ਦੇ ਫਲ ਬੇਅੰਤ ਹੋਇਆ ਕਰਦੇ ਹਨ।

2. ਦੂਸਰਾ ਨੇਮ **'ਸੰਤੋਖ'** ਕਹਾਉਂਦਾ ਹੈ ਇਸ

ਵਿਚ ਵਾਹਿਗੁਰੂ ਜੀ ਦੀ ਰਜ਼ਾ ਉਪਰ ਪੂਰੀ ਤਰ੍ਹਾਂ ਨਾਲ ਭਰੋਸਾ ਰਖਣਾ, ਮਿਹਨਤ ਕਰਕੇ ਜੋ ਕੁਝ ਵੀ ਮਿਲਦਾ ਹੈ ਉਸ ਉਪਰ ਸੰਤੁਸ਼ਟ ਰਹਿਣਾ। ਇਸ ਨੂੰ ਸੰਤੋਖ ਆਖਿਆ ਜਾਂਦਾ ਹੈ। ਇਸ ਤੋਂ ਉਚਾ ਸੰਤੋਖ ਆਪਣੀਆਂ ਵਾਸ਼ਨਾਵਾਂ ਨੂੰ ਕਾਬੂ ਕਰਨ ਦਾ ਸੰਤੋਖ ਹੋਇਆ ਕਰਦਾ ਹੈ, ਅੱਖਾਂ ਨਾਲ ਕਿਸੇ ਦਾ ਰੂਪ ਮੰਦ ਭਾਵਨਾ ਨਾਲ ਨਾ ਤਕਣਾ, ਕੰਨਾਂ ਨਾਲ ਕਿਸੇ ਦੀ ਨਿੰਦਿਆ ਨਾ ਸੁਣਨੀ, ਰਸਨਾ ਨਾਲ ਝੂਠ ਨਾ ਬੋਲਣਾ, ਸਰੀਰ ਨਾਲ ਕੋਈ ਬੁਰਾ ਕੰਮ ਨਾ ਕਰਨਾ। ਤੀਸਰਾ ਸੰਤੋਖ, ਇੰਦ੍ਰੀਆਂ ਨੂੰ ਮੰਦੇ ਕਰਮਾਂ ਤੋਂ ਰੋਕਣਾ, ਮਨ ਨੂੰ ਬੁਰੇ ਫੁਰਨਿਆਂ ਤੋਂ ਬੁੱਧੀ ਨੂੰ ਘਟੀਆਂ ਸੋਚਾਂ ਤੋਂ ਚਿੱਤ ਨੂੰ ਬੁਰੀ ਚਿਤਵਨੀ ਤੋਂ ਰੋਕ ਕੇ ਪ੍ਰਭੂ ਪਿਆਰ ਵਿਚ ਰਖਣਾ ਸੰਤੋਖ ਕਹਾਉਂਦਾ ਹੈ।

3. ਤੀਸਰਾ ਨੇਮ **'ਆਸਤਕ ਭਾਵ'** ਹੋਇਆ ਕਰਦਾ ਹੈ। ਗੁਰੂ ਦੀ ਬਾਣੀ ਉਪਰ ਪੂਰਨ ਵਿਸ਼ਵਾਸ਼ ਰਖਣਾ ਅਤੇ ਨਾਸਤਕ ਭਾਵ ਅੰਦਰ ਪੈਦਾ ਨਾ ਹੋਣ ਦੇਣਾ। ਵਾਹਿਗੁਰੂ ਜੀ ਨੂੰ ਸੰਸਾਰ ਦਾ ਕਰਤਾ ਜਾਣ ਕੇ ਹਾਜ਼ਰ ਨਾਜ਼ਰ ਦੇਖਣਾ ਉਸ ਨਾਲ ਪਿਆਰ ਕਰਨਾ, ਇਹ ਆਸਤਕ ਨੇਮ ਹੋਇਆ ਕਰਦਾ ਹੈ।

4. ਚੌਥਾ ਨੇਮ **'ਦਾਨ'** ਹੈ ਦਾਨ ਕਰਨ ਵਿਚ ਵੀ ਰਾਜਸੀ, ਤਾਮਸੀ ਅਤੇ ਸਾਂਤਕੀ ਤਿੰਨ ਭੇਦ ਹੋਇਆ ਕਰਦੇ ਹਨ।

5. ਪੰਜਵਾਂ **'ਨੇਮ'** ਪੂਜਾ ਕਹਾਉਂਦਾ ਹੈ। ਅੰਤਰ ਆਤਮੇ ਗੁਰੂ ਦਾ ਧਿਆਨ ਧਰ ਕੇ ਪੂਜਾ ਕਰਨੀ। ਜਿਸ ਨੂੰ ਅੰਤਰੰਗ ਉਪਾਸਨਾ ਵੀ ਕਹਿੰਦੇ ਹਨ।

ਇਕ ਵਾਰੀ ਕਬੀਰ ਸਾਹਿਬ ਆਪਣੇ ਗੁਰਦੇਵ ਨੂੰ ਮਿਲਣ ਗਏ, ਉਹ ਅੰਤਰੀਵੀ ਉਪਾਸਨਾ ਕਰ ਰਹੇ ਸਨ। ਕਬੀਰ ਸਾਹਿਬ ਨੇ ਉਨ੍ਹਾਂ ਦੀ ਅੰਤਰੀਵੀ ਉਪਾਸਨਾ ਨੂੰ ਦੇਖ ਲਿਆ ਉਨ੍ਹਾਂ ਦੇ ਗੁਰੂ ਪਰੇਸ਼ਾਨ ਸਨ ਕਿ ਉਨ੍ਹਾਂ ਦੀ ਉਪਾਸਨਾ ਵਿਚ ਅੱਜ ਵਿਘਨ ਪੈ ਜਾਵੇਗਾ ਕਿਉਂਕਿ ਉਨ੍ਹਾਂ ਨੇ ਇਸ਼ਟ ਦੇਵ ਦੇ ਸੀਸ ਉਪਰ ਮੁਕਟ ਰੱਖ ਦਿਤਾ ਸੀ ਪਰ ਗਲ ਵਿਚ ਮਾਲਾ ਪਾਉਣੀ ਭੁੱਲ ਗਏ। ਹੁਣ ਜੇ ਮੁਕਟ ਲਾਹੁੰਦੇ ਹਨ ਤਾਂ ਬੇਅਦਬੀ ਹੁੰਦੀ ਹੈ, ਜੇ ਮਾਲਾ ਗਲ ਵਿਚ ਨਹੀਂ ਪਾਉਂਦੇ ਹਾਂ ਉਪਾਸਨਾ ਅਧੂਰੀ ਰਹਿੰਦੀ ਹੈ। ਉਹ ਇਸ ਗੱਲ ਵਿਚ ਪਰੇਸ਼ਾਨ ਸਨ, ਕੋਈ ਹੱਲ ਨਹੀਂ ਸੀ ਲੱਭ ਰਿਹਾ। ਉਸ ਵੇਲੇ ਕਬੀਰ ਸਾਹਿਬ ਨੇ ਬਾਹਰੋਂ ਹੀ ਅਵਾਜ਼ ਦਿਤੀ ਕਿ ਗੁਰੂਦੇਵ! ਪਰੇਸ਼ਾਨ ਹੋਣ ਦੀ ਗੱਲ ਨਹੀਂ ਹੈ, ਤੁਸੀਂ ਮਾਲਾ ਦੀ ਦਿਤੀ ਹੋਈ ਗੰਢ ਖੋਲ੍ਹ ਲਵੋ, ਗਲ ਵਿਚ ਪਾ ਕੇ ਗੰਢ ਦੇ ਦੇਵੋ। ਰਾਮਾਨੰਦ ਜੀ ਨੇ ਉਸੇ ਤਰ੍ਹਾਂ ਕੀਤਾ। ਇਸ ਨੂੰ ਅੰਤਰੀਵੀ ਪੂਜਾ ਆਖਿਆ ਜਾਂਦਾ ਹੈ।

6. ਛੇਵਾਂ ਨੇਮ **ਨਿਤਨੇਮ ਨਾਲ ਪਾਠ ਕਰਨਾ,** ਸਤਿ ਬਚਨ ਪੜ੍ਹਨੇ ਅਤੇ ਉਸ ਸਿਧਾਂਤ ਨੂੰ ਹਿਰਦੇ ਵਿਚ ਵਸਾਉਣਾ ਇਸ ਨੂੰ ਪਾਠ ਆਖਦੇ ਹਨ।

7. ਸਤਵਾਂ ਨੇਮ ਆਪਣੇ ਆਪ ਨੂੰ **'ਦੰਭ ਰਹਿਤ ਰਖਣਾ'** ਕਈ ਵਾਰੀ ਸਾਧਕ ਆਪਣੀ ਮਹਿਮਾ ਕਰਾਉਣ ਲਈ ਪਾਖੰਡ ਦਾ ਆਸਰਾ ਲੈਂਦੇ ਹਨ, ਇਸ ਕਰਕੇ ਉਨ੍ਹਾਂ ਨੂੰ ਪਾਖੰਡ ਕਰਨਾ ਪੈਂਦਾ ਹੈ, ਪਾਖੰਡ ਕਰਨ ਨਾਲ ਬੜਾ ਭਾਰੀ ਦੋਸ਼ ਲਗਦਾ ਹੈ ਅਤੇ ਪਾਖੰਡੀ ਆਤਮਕ ਅਵਸਥਾ ਦੀਆਂ ਉਚੀਆਂ ਅਵਸਥਾਵਾਂ ਤੋਂ ਨੀਵਾਂ ਗਿਰ ਜਾਂਦਾ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ-

***ਭੇਖ ਦਿਖਾਇਓ ਜਗਤ ਕੋ***
***ਲੋਗਨ ਕੋ ਵਸ ਕੀਨ।***
***ਅੰਤ ਕਾਲ ਕਾਟੀ ਕਟਿਓ***
***ਬਾਸ ਨਰਕ ਮੋਹ ਲੀਨ।***

8. ਅੱਠਵਾਂ **'ਸਾਂਤਕੀ ਵਰਤ ਰਖਣਾ'** ਪੈਂਦਾ ਹੈ ਜਿਸ ਵਿਚ ਮਨ ਨੂੰ ਨੀਵਾਂ ਰਖਣਾ, ਮਿੱਠਾ ਬੋਲਣਾ, ਆਪਣੇ ਆਪ ਨੂੰ ਕੁਝ ਵੀ ਨਾ ਸਮਝ ਕੇ ਦੂਸਰਿਆਂ ਦੇ ਚਰਨਾਂ ਦਾ ਦਾਸ ਸਮਝਣਾ।

9. ਨੌਂਵਾਂ **'ਅਬੋਲ'** ਨੇਮ ਹੋਇਆ ਕਰਦਾ ਹੈ। ਪਾਠ ਕਰਨ ਸਮੇਂ, ਭਜਨ ਕਰਨ ਸਮੇਂ ਗੱਲਾਂ ਨਾ ਕਰਨੀਆਂ ਅਤੇ ਮਨ ਟਿਕਾ ਕੇ ਬਾਣੀ ਪੜ੍ਹਨੀ, ਸਿਮਰਨ ਕਰਨਾ।

10. ਦਸਵਾਂ **ਭੁੱਖੇ ਨੂੰ ਅੰਨ ਜਲ ਦੇਣਾ,** ਇਹ ਹੋਮ ਕਹਾਉਂਦਾ ਹੈ। ਇਹ ਯਮ ਤੇ ਨਿਯਮ ਜੋ ਉਪਰ ਦੱਸੇ ਹਨ ਇਹ ਭਜਨ ਕਰਨ ਲਈ ਇਕ ਆਧਾਰ (**base**) ਹੈ ਜਿਸ ਦੇ ਚਿਤ ਵਿਚ ਇਹ ਗੁਣ ਨਹੀਂ ਸਮਾਏ ਉਹ ਆਪਣੇ ਲਕਸ਼ ਉਪਰ ਨਹੀਂ ਪਹੁੰਚ ਸਕਿਆ ਕਰਦਾ।

ਯੋਗ ਦਾ ਤੀਸਰਾ ਅੰਗ **ਆਸਣ** ਹੋਇਆ ਕਰਦਾ। ਭਜਨ ਕਰਨ ਸਮੇਂ ਐਸਾ ਥਾਂ ਦੇਖਣਾ ਜਿਥੇ ਰੌਲਾ ਗੋਲਾ ਘੱਟ ਹੋਵੇ, ਜਿਥੇ ਨਾ ਬਹੁਤੀ ਸਰਦੀ ਹੋਵੇ ਅਤੇ ਨਾ ਹੀ ਬਹੁਤੀ ਗਰਮੀ ਨਾਲ ਦਮ ਘੁਟਦਾ ਹੋਵੇ। ਆਲੇ ਦੁਆਲੇ ਸੁਥਰਾ ਥਾਂ ਹੋਵੇ। ਮੱਖੀਆਂ ਮੱਛਰ ਗੰਦੇ ਥਾਂ ਤੋਂ ਉਠ ਕੇ ਸਾਧਕ ਨੂੰ ਤੰਗ ਕਰਿਆ ਕਰਦੇ ਹਨ। ਬਦਬੂਦਾਰ ਸਿੱਲ੍ਹੀ ਥਾਂ ਨਾ ਹੋਵੇ। ਅਜਿਹਾ ਸੂਛ ਥਾਂ ਭਾਲ ਕੇ ਆਸਣ ਵਿਛਾ ਕੇ ਰੀੜ੍ਹ ਦੀ ਹੱਡੀ ਸਿੱਧੀ ਕਰਕੇ ਬੈਠਣਾ ਅਤੇ ਸਰੀਰ ਦੇ ਸਾਰੇ ਅੰਗਾਂ ਨੂੰ ਖਿੱਚ ਰਹਿਤ ਕਰਨਾ ਅਤੇ ਕਿਸੇ ਕਿਸਮ ਦੀ ਖਿਚਾਵਟ ਨਾ ਮਨ ਵਿਚ ਰਹੇ ਅਤੇ ਸਾਰਾ ਸਰੀਰ ਸਿਰ ਦੀ ਚੋਟੀ ਤੋਂ ਲੈ ਕੇ ਪੈਰ ਦੇ ਅੰਗੂਠੇ ਤਕ ਇਕ-ਇਕ ਅੰਗ ਵਲ ਧਿਆਨ ਕਰਦਿਆਂ ਢਿੱਲਾ ਰਖਣਾ ਪਰ ਰੀੜ ਦੀ ਹੱਡੀ ਸਿੱਧੀ ਰਖਣੀ। ਇਸ ਤਰ੍ਹਾਂ ਆਲਸ ਰਹਿਤ ਹੋ ਕੇ ਮੰਤਰ ਦਾ ਜਾਪ ਕਰਨਾ। ਇਸ ਵਿਚ ਅਜਿਹਾ ਆਸਣ ਲਾਉਣਾ ਕਿ ਖੂਨ ਦਾ ਦਬਾਓ ਕਿਸੇ ਅੰਗ ਦੇ ਦੱਬਣ ਨਾਲ ਘੱਟ ਨਾ ਹੋਵੇ। ਉਸ ਲਈ ਪਦਮ ਆਸਣ ਜਾਂ ਸਿੱਧ ਆਸਣ ਚੰਗੇ ਗਿਣੇ ਜਾਂਦੇ ਹਨ। ਜਦੋਂ ਵੀ ਭਜਨ ਕਰਨ ਬੈਠਣਾ ਹੈ ਤਾਂ ਪੱਕੀ ਤਰ੍ਹਾਂ ਜੰਮ ਕੇ ਬੈਠਣਾ ਹੈ। ਇਹ ਨਹੀਂ ਕਿ

ਕੰਨ ਵਿਚ ਉਂਗਲੀ ਪਾ ਲਈ, ਸਿਰ ਉਪਰ ਹੱਥ ਫੇਰਨ ਲੱਗ ਗਏ, ਕਦੇ ਇਕ ਗੋਡਾ ਚੁਕ ਲਿਆ ਅਤੇ ਕਦੇ ਦੂਜਾ ਖੜ੍ਹਾ ਕਰ ਲਿਆ। ਇਹ ਸਥਿਰ ਆਸਣ ਨਹੀਂ ਹੋਇਆ ਕਰਦਾ ਪੂਰੀ ਤਰ੍ਹਾਂ ਨਾਲ ਆਸਣ ਜਮਾ ਕੇ ਅਜਿਹੇ ਢੰਗ ਨਾਲ ਬੈਠਿਆ ਜਾਵੇ ਅਤੇ ਸ਼ਬਦ ਦਾ ਜਾਪ ਕਰਦਿਆਂ ਸਰੀਰ ਨੂੰ ਭੁੱਲ ਜਾਵੇ ਅਤੇ ਸਾਰਾ ਧਿਆਨ ਗੁਰਮੰਤਰ ਵਿਚ ਲਾਵੇ।

ਭਜਨ ਕਰਨ ਲਈ ਸੁਥਰਾ ਅਸਥਾਨ ਹੋਣਾ ਚਾਹੀਦਾ ਹੈ ਜੋ ਟਿਕ ਕੇ ਬਹੁਤ ਸਮੇਂ ਵਾਸਤੇ ਸਹਿਯੋਗੀ ਹੋਵੇ। ਸਥਾਨ ਸੁਥਰਾ ਹੋਣਾ ਚਾਹੀਦਾ ਹੈ, ਕੋਈ ਕੰਕਰ, ਰੇਤ ਤੇ ਮਿੱਟੀ ਆਦਿ ਉਸ ਥਾਂ ਨਾ ਹੋਵੇ, ਅੱਗ ਤੋਂ ਵੀ ਦੂਰ ਹੋਵੇ, ਪਾਣੀ ਦਾ ਕਿਨਾਰਾ ਜਾਂ ਸੋਹਣੀਆਂ ਵੇਲਾਂ ਦੇ ਨੇੜੇ ਥਾਂ ਹੋਵੇ, ਅੱਖਾਂ ਨੂੰ ਬੁਰਾ ਲੱਗਣ ਵਾਲਾ ਥਾਂ ਨਾ ਹੋਵੇ। ਜਿਥੇ ਇਕਾਂਤ ਹੋਵੇ, ਹਵਾ ਦੇ ਤਿੱਖੇ ਝੋਂਕੇ ਲਗਣ ਤੋਂ ਰਹਿਤ ਹੋਵੇ। ਜਦੋਂ ਅਭਿਆਸ ਕਰਨ ਵੇਲੇ ਅਭਿਆਸ ਦਾ ਪ੍ਰਭਾਵ ਵਧਦਾ ਹੈ ਤਾਂ ਬਹੁਤ ਕੁਝ ਦਿਸਣਾ ਸ਼ੁਰੂ ਹੋ ਜਾਂਦਾ ਹੈ। ਜਿਸ ਤਰ੍ਹਾਂ ਪਹਿਲਾਂ ਧੁੰਧ ਦਿਸਦੀ ਹੈ, ਫੇਰ ਧੂੰਆਂ, ਸੂਰਜ, ਵਾਯੂ, ਅਗਨ, ਜੁਗਨੂੰ, ਬਿਜਲੀ, ਬਿਲੌਰ, ਚੰਦਰਮਾ ਅਤੇ ਤਾਰੇ ਨਿਰਮਲ ਆਕਾਸ਼ ਵਿਚ ਲਿਸ਼ਕਾਰੇ ਜਿਹੇ ਵਜਿਆ ਕਰਦੇ ਹਨ। ਸਾਰੇ ਰੂਪ ਦਿਸ ਕੇ ਸ਼ਾਂਤ ਹੋ ਜਾਂਦੇ ਹਨ। ਇਨ੍ਹਾਂ ਤੋਂ ਉਪਰ ਲੰਘ ਕੇ ਬ੍ਰਹਮ ਦਾ ਪ੍ਰਕਾਸ਼ ਹੁੰਦਾ ਹੈ। ਐਸਾ ਅਚਾਰੀਆਂ ਦਾ ਮਤ ਹੈ ਕਿ ਜਦੋਂ ਪ੍ਰਿਥਵੀ, ਜਲ ਤੇਜ਼ ਵਾਯੂ ਅਤੇ ਅਕਾਸ਼ ਪ੍ਰਗਟ ਹੋ ਜਾਂਦੇ ਹਨ ਤਾਂ ਉਸ ਵੇਲੇ ਪੰਜਾਂ ਤੱਤਾਂ ਉਤੇ ਫਤਹਿ ਹੋ ਜਾਂਦੀ ਹੈ। ਫੇਰ ਯੋਗੀ ਨਾ ਕਿਸੇ ਰੋਗ ਵਿਚ ਫਸਦਾ ਹੈ, ਨਾ ਬੁਢਾਪਾ ਮਹਿਸੂਸ ਕਰਦਾ ਹੈ, ਨਾ ਉਸ ਨੂੰ ਦੁਖ ਆਉਂਦਾ ਹੈ ਕਿਉਂਕਿ ਉਸ ਨੇ ਆਪਣੇ ਸਰੀਰ ਨੂੰ ਸੁਧ ਕਰ ਲਿਆ ਹੈ। ਯੋਗ ਦੇ ਬਲ ਕਰਕੇ ਸਰੀਰ ਹਲਕਾ ਹੋ ਜਾਂਦਾ ਹੈ, ਅਰੋਗ ਹੋ ਜਾਂਦਾ ਹੈ, ਵਿਸ਼ਿਆਂ ਦੀ ਲਾਲਸਾ ਹਟ ਜਾਂਦੀ ਹੈ, ਕੜਵਾਪਨ ਹਟ ਜਾਂਦਾ ਹੈ, ਆਪਣੇ ਸਰੀਰ ਦੀ ਗੰਧ ਸ਼ੁਧ ਹੁੰਦੀ ਹੈ, ਮਲਮੂਤਰ ਤੰਗ ਨਹੀਂ ਕਰਦਾ ਫੇਰ ਉਸ ਨੂੰ ਆਤਮਾ ਦੇ ਸ਼ੁਧ ਸਰੂਪ ਦਾ ਸਾਖਸ਼ਾਤਕਾਰ ਹੋ ਜਾਂਦਾ ਹੈ। ਜਿਸ ਤਰ੍ਹਾਂ ਦੇ ਨਾਲ ਇਕ ਰਤਨ ਮਿੱਟੀ ਵਿਚ ਲਿਬੜਿਆ ਪਿਆ ਹੈ ਜਦੋਂ ਉਸ ਨੂੰ ਧੋਇਆ ਜਾਂਦਾ ਹੈ ਤਾਂ ਉਹ ਤੇਜਮਈ ਹੋ ਕੇ ਚਮਕਦਾ ਹੈ, ਇਸੇ ਤਰ੍ਹਾਂ ਆਤਮ ਸ਼ਾਖਸ਼ਾਤਕਾਰ ਹੋਣ ਨਾਲ ਦੇਹੀ ਹਲਕੀ ਫੁਲਕੀ ਹੋ ਜਾਂਦੀ ਹੈ। ਇਸ ਦੀ ਪ੍ਰਾਪਤੀ ਲਈ ਆਸਣ ਬਹੁਤ ਹੀ ਸੁਥਰੇ ਥਾਂ ਲਾਉਣਾ ਚਾਹੀਦਾ ਹੈ ਕਿਉਂਕਿ ਬਹੁਤ ਦੇਰ ਤਕ ਸਾਧਨਾ ਕਰਨੀ ਪੈਂਦੀ ਹੈ। ਇਹ ਅਵਸਥਾ ਪ੍ਰਾਪਤ ਕਰਨ ਵਾਸਤੇ ਸਾਧਕ ਇਕੱਲਾ ਇਕਾਂਤ ਸਥਾਨ ਤੇ ਬੈਠ ਕੇ ਇਕਾਗਰ ਚਿੱਤ ਹੋ ਕੇ ਆਸਾ ਅਤੇ ਅੰਦੇਸੇ ਨੂੰ ਤਿਆਗ ਕੇ ਨਿਰੰਤਰ ਜੀਵ ਆਤਮਾ ਨੂੰ ਆਤਮਾ ਪ੍ਰਮਾਤਮਾ ਨਾਲ ਜੋੜੇ। ਅਸਥਾਨ ਨਾ ਅਤਿ ਉਚਾ ਹੋਣਾ ਚਾਹੀਦਾ ਹੈ, ਨਾ ਨੀਵਾਂ ਹੋਣਾ ਚਾਹੀਦਾ ਹੈ, ਸੋਹਣਾ ਵਸਤਰ ਹੇਠਾਂ ਵਿਛਾ ਕੇ ਇਕਾਗਰ ਮਨ ਕਰਕੇ ਬੈਠੇ। ਇੰਦ੍ਰੀਆਂ ਅਤੇ ਚਿੱਤ ਨੂੰ ਵਸ ਕਰਕੇ ਆਤਮ ਸੁਧੀ ਲਈ ਅਭਿਆਸ ਕਰੇ। ਸਿਰ, ਗਰਦਨ ਅਤੇ ਧੜ ਇਕ ਸੇਧ ਵਿਚ ਅਚਲ ਰੱਖ ਕੇ, ਸਥਿਰ ਰਹਿ ਕੇ, ਇਧਰ ਉਧਰ ਨਾ ਦੇਖਦਾ ਹੋਇਆ, ਨਾਸਕਾ ਦੇ ਅਗਰ ਭਾਗ ਵਿਚ ਦ੍ਰਿਸ਼ਟੀ ਰੱਖੇ ਅਤੇ ਸ਼ਾਂਤ ਚਿੱਤ, ਨਿਰਭੈ, ਬ੍ਰਹਮਚਾਰਯ-ਵਰਤ ਵਿਚ ਸਥਿਤ ਮਨ ਦਾ ਸੰਜਮ ਕਰਕੇ ਯੋਗ ਕਰੇ।

ਚੌਥਾ ਅੰਗ **'ਪ੍ਰਾਣਾਯਾਮ'** ਹੈ, ਸਰੀਰ ਵਿਚ ਬੇਅੰਤ ਨਾੜੀਆਂ ਹਨ ਇਕ ਅਨੁਮਾਨ ਅਨੁਸਾਰ 72 ਕਰੋੜ, 72 ਲੱਖ, 72 ਹਜ਼ਾਰ, 200 ਸਰੀਰ ਵਿਚ ਰਕਤ ਪਹੁੰਚਾਉਣ ਲਈ ਅਤਿ ਸੂਖਸ਼ਮ ਨਾੜੀਆਂ ਹਨ ਜਿਨ੍ਹਾਂ ਵਿਚੋਂ ਤਿੰਨ ਨਾੜੀਆਂ ਜੋ ਰੀੜ ਦੀ ਹੱਡੀ ਦੇ ਇਰਦ ਗਿਰਦ ਹਨ ਜੋ ਬਹੁਤ ਹੀ ਮਹੱਤਵਪੂਰਨ ਹਨ ਇਨ੍ਹਾਂ ਵਿਚ ਇੜਾ, ਪਿੰਗਲਾ ਅਤੇ ਸੁਖਮਨਾ ਹਨ। ਸੁਖਮਨਾ ਵਿਚਕਾਰਲੀ ਨਾੜੀ ਹੈ। ਇੜਾ ਤੇ ਪਿੰਗਲਾ ਨੂੰ ਸੂਰਜ ਨਾੜੀ ਤੇ ਚੰਦਰ ਨਾੜੀ ਵੀ ਕਿਹਾ ਜਾਂਦਾ ਹੈ। ਪ੍ਰਾਣਾਯਾਮ ਬਹੁਤ ਪ੍ਰਕਾਰ ਦਾ ਹੈ। ਛੋਟਾ ਪ੍ਰਾਣਾਯਾਮ ਵੀ ਹੈ ਅਤੇ ਦੀਰਘ ਕਾਲ ਦਾ ਪ੍ਰਾਣਾਯਾਮ ਵੀ ਹੈ ਇਸਦੇ ਅਨੇਕ ਭੇਦ ਹਨ ਇਥੇ ਮੁੱਖ ਕਰਮ ਹੈ, ਰੇਚਕ, ਪੂਰਕ, ਕੁੰਭਕ ਕਰਕੇ ਪ੍ਰਾਣਾਂ ਨੂੰ ਦਸਵੇਂ ਦੁਆਰ ਵਿਚ ਸਥਿਤ ਕਰਨਾ।

ਪੰਜਵਾਂ ਅੰਗ **'ਪ੍ਰਤਿਹਾਰ'** ਹੈ ਇਸ ਅਨੁਸਾਰ ਭਜਨ ਕਰਨ ਲਈ ਇਕਾਂਤ ਥਾਂ ਦੇਖਣੀ ਅਤੇ ਆਪਣੀਆਂ ਇੰਦ੍ਰੀਆਂ ਉਪਰ ਕਾਬੂ ਪਾਉਣਾ, ਮਨ ਨੂੰ ਵਿਕਾਰਾਂ ਤੋਂ ਰੋਕਣਾ ਅਤੇ ਬਾਰ-ਬਾਰ ਰੋਕ ਕੇ ਭਜਨ ਵਿਚ ਲਾਉਣਾ।

ਛੇਵਾਂ ਨੇਮ **'ਧਾਰਨਾ'** ਹੈ ਇਸ ਅਨੁਸਾਰ ਗੁਰੂ ਦੀ ਮੂਰਤ ਉਪਰ ਧਿਆਨ ਕੇਂਦਰਤ ਕਰਨਾ ਅਤੇ ਮਨ ਨੂੰ ਰੋਕ ਕੇ ਬਾਰ-ਬਾਰ ਉਸ ਉਪਰ ਕੇਂਦਰਤ ਕਰਨਾ। ਬਾਰਾਂ ਸੈਕਿੰਡ ਜੇ ਮਨ ਟਿਕ ਜਾਵੇ ਤਾਂ ਧਾਰਨਾ ਦੇ ਮੰਡਲ ਵਿਚ ਦਾਖਲ ਹੋਈਦਾ ਹੈ ਜੇ ਢਾਈ ਮਿੰਟ ਟਿਕ ਜਾਵੇ ਤਾਂ ਇਕ ਧਾਰਨਾ ਹੁੰਦੀ ਹੈ। 12 ਧਾਰਨਾਂ ਦਾ ਇਕ ਧਿਆਨ ਹੁੰਦਾ ਹੈ, ਛੇ ਧਿਆਨਾਂ ਦੀ ਇਕ ਛੋਟੀ ਸਮਾਧੀ ਹੁੰਦੀ ਹੈ।

ਸੱਤਵਾਂ ਅੰਗ **'ਧਿਆਨ'** ਹੁੰਦਾ ਹੈ ਆਪਣੇ ਧੇਅ ਉਤੇ ਘੱਟੋ ਘੱਟ ਅੱਧਾ ਘੰਟਾ ਧਿਆਨ ਲਗਾਉਣਾ ਹੈ, ਇਸ ਨੂੰ ਧਿਆਨ ਆਖਿਆ ਜਾਂਦਾ ਹੈ।

ਅੱਠਵਾਂ ਅੰਗ **'ਸਮਾਧੀ'** ਹੁੰਦੀ ਹੈ, ਸਮਾਧੀ ਤਿੰਨ ਕਿਸਮ ਦੀ ਹੁੰਦੀ ਹੈ। ਇਕ ਨੂੰ ਸਾ ਵਿਕਲਪ ਸਮਾਧੀ ਆਖਿਆ ਜਾਂਦਾ ਹੈ, ਜਿਸ ਵਿਚ ਧਿਆਤਾ ਧਿਆਨ ਧੇਅ ਦਾ ਗਿਆਨ ਰਹਿੰਦਾ ਹੈ। ਦੂਸਰੀ ਨਿਰਵਿਕਲਪ ਸਮਾਧੀ ਹੁੰਦੀ ਹੈ ਜਿਸ ਵਿਚ ਬ੍ਰਹਮ ਭਾਵ ਤੋਂ ਬਿਨਾਂ ਹੋਰ ਕੋਈ ਚੀਜ਼ ਧਿਆਨ ਵਿਚ ਨਹੀਂ ਰਹਿੰਦੀ। ਜੋ ਕੁਝ ਉਪਰ ਲਿਖਿਆ ਜਾ ਚੁਕਿਆ ਹੈ ਉਸ

ਨੂੰ ਰਾਜ ਯੋਗ ਆਖਿਆ ਜਾਂਦਾ ਹੈ।

ਰਾਜਯੋਗ ਵਿਚ ਪ੍ਰਾਣਾਯਾਮ ਦੇ ਬਲ ਕਰਕੇ ਪ੍ਰਾਣ ਸੁਖਮਨਾ ਨਾੜੀ ਵਿਚ ਪ੍ਰਵੇਸ਼ ਕੀਤੇ ਜਾਂਦੇ ਹਨ, ਸੁਖਮਨਾ ਨਾੜੀ ਸਾਰੇ ਸਰੀਰ ਵਿਚ ਸ੍ਰੇਸ਼ਟ ਨਾੜੀ ਹੈ, ਜਿਹੜੀ ਰੀੜ ਦੀ ਹੱਡੀ ਜਿਸ ਨੂੰ ਮੇਰੂਦੰਡ ਆਖਦੇ ਹਨ, ਵਿਚੀਂ ਹੁੰਦੀ ਹੋਈ ਉਪਰ ਚਲੀ ਗਈ ਹੈ। ਸੁਖਮਨਾ ਨਾੜੀ ਦੇ ਅੰਦਰ ਇਕ ਬਜਰ ਨਾੜੀ ਹੈ, ਬਜਰ ਦੇ ਅੰਦਰ ਚਿਤਰਨੀ ਹੈ, ਚਿਤਰਨੀ ਦੇ ਮੱਧ ਵਿਚ ਬ੍ਰਹਮ ਨਾੜੀ ਹੈ। ਇਹ ਸਭ ਨਾੜੀਆਂ ਮੱਕੜੀ ਦੇ ਜਾਲੇ ਵਾਂਗੂ ਅਤਿ ਸੂਖਸ਼ਮ ਹਨ ਜਿਨ੍ਹਾਂ ਦਾ ਗਿਆਨ ਯੋਗ ਸਾਧਨਾ ਕਰਨ ਵਾਲਿਆਂ ਨੂੰ ਹੁੰਦਾ ਹੈ। ਇਹ ਨਾੜੀਆਂ ਸਤੋ ਗੁਣੀ ਪ੍ਰਧਾਨ, ਪ੍ਰਕਾਸ਼ਮਈ ਅਤੇ ਅਦਭੁੱਤ ਸ਼ਕਤੀ ਵਾਲੀਆਂ ਹੁੰਦੀਆਂ ਹਨ। ਇਹ ਹੀ ਸੂਖਸ਼ਮ ਸਰੀਰ ਅਤੇ ਸੂਖਸ਼ਮ ਪ੍ਰਾਣ ਦੇ ਸਥਾਨ ਹਨ। ਇਨ੍ਹਾਂ ਵਿਚ ਬਹੁਤ ਸੂਖਸ਼ਮ ਸ਼ਕਤੀਆਂ ਦੇ ਕੇਂਦਰ ਹਨ ਜਿਨ੍ਹਾਂ ਵਿਚ ਹੋਰ ਅਨੇਕ ਸੂਖਸ਼ਮ ਨਾੜੀਆਂ ਮਿਲਦੀਆਂ ਹਨ। ਇਨ੍ਹਾਂ ਸ਼ਕਤੀਆਂ ਦੇ ਕੇਂਦਰਾਂ ਨੂੰ ਪਦਮ ਅਤੇ ਕਮਲ ਕਹਿੰਦੇ ਹਨ। ਆਮ ਬੋਲੀ ਵਿਚ ਇਨ੍ਹਾਂ ਨੂੰ ਚੱਕਰ ਵੀ ਆਖਦੇ ਹਨ, ਇਹ ਗਿਣਤੀ ਵਿਚ ਸੱਤ ਹਨ। 1. ਮੂਲਾਧਾਰ, 2. ਸਵਾਧਿਸ਼ਠਾਨ, 3. ਮਣੀਪੂਰਕ, 4. ਅਨਾਹਤ, 5. ਵਿਸ਼ੁੱਧ, 6. ਆਗਿਆ ਅਤੇ 7. ਸਹੰਸਰਾਰ ਕਮਲ ਹਨ। ਇਹ ਚੱਕਰ ਪੰਜਾਂ ਤੱਤਾਂ, ਪੰਜ ਤਨਮਾਤਰਾਵਾਂ, ਪੰਜ ਗਿਆਨ ਇੰਦ੍ਰੀਆਂ, ਪੰਜ ਕਰਮ ਇੰਦ੍ਰੀਆਂ, ਪੰਜ ਪ੍ਰਾਣਾਂ, ਅੰਤਸ਼ਕਰਣ, ਸਮੱਸਤ ਵਰਣਾਂ-ਸਵਰਾਂ ਅਤੇ ਸੱਤਾਂ ਲੋਕਾਂ ਦੇ ਮੰਡਲ ਹਨ। ਅਨੇਕਾਂ ਪ੍ਰਕਾਰ ਦੇ ਪ੍ਰਕਾਸ਼ ਇਨ੍ਹਾਂ ਵਿਚ ਹਨ। ਸਾਧਾਰਣ ਅਵਸਥਾ ਵਿਚ ਇਹ ਚੱਕਰ ਬਿਨਾਂ ਖਿਲੇ ਕਮਲ ਵਾਂਗੂੰ ਪੁੱਠੇ ਮੁਖ ਹੋਏ ਹੋਏ ਹਨ, ਧਿਆਨ ਦੁਆਰਾ ਸ਼ਕਤੀ ਪ੍ਰਾਪਤ ਕਰਕੇ ਇਨ੍ਹਾਂ ਵਿਚ ਹਰਕਤ ਆਉਂਦੀ ਹੈ ਅਤੇ ਇਹ ਫੇਰ ਸਿੱਧੇ ਮੁਖ ਹੋ ਜਾਂਦੇ ਹਨ ਅਤੇ ਫੇਰ ਇਨ੍ਹਾਂ ਵਿਚ ਅਲੌਕਿਕ ਸ਼ਕਤੀਆਂ ਦਾ ਪ੍ਰਕਾਸ਼ ਹੁੰਦਾ ਹੈ, ਹਰੇਕ ਚੱਕਰ ਵਿਚ ਨਾਨਾ ਪ੍ਰਕਾਰ ਦੀਆਂ ਸ਼ਕਤੀਆਂ ਹਨ। ਤਾਂਤਰਿਕ ਅਤੇ ਹਠ ਯੋਗ ਦੇ ਗ੍ਰੰਥਾਂ ਵਿਚ ਇਨ੍ਹਾਂ ਦਾ ਵਰਣਨ ਹੈ 'ਪਾਤੰਜਲ ਯੋਗ ਦਰਸ਼ਨ' ਦੇ ਮੁਤਾਬਿਕ ਸ਼ੌਂਕ ਵਾਲੇ ਜਗਿਆਸੂਆਂ ਦੀ ਜਾਣਕਾਰੀ ਵਾਸਤੇ ਵੇਰਵਾ ਦਿਤਾ ਜਾਂਦਾ ਹੈ।

**ਮੂਲਧਾਰ ਚੱਕਰ - Pelvic Plexus** ਦੇ ਸਥੂਲ ਸਰੂਪ ਤੋਂ ਇਸ ਦੇ ਸੂਖਸ਼ਮ ਸਵਰੂਪ ਦਾ ਸੰਕੇਤ ਕੀਤਾ ਜਾ ਸਕਦਾ ਹੈ। ਗੁਦਾ ਮੂਲ ਤੋਂ ਦੋ ਉਂਗਲ ਉਪਰ ਅਤੇ ਉਪਸਥ ਮੂਲ ਤੋਂ ਦੋ ਉਂਗਲ ਨੀਚੇ ਹੈ। ਰਕਤ-ਰੰਗ ਪ੍ਰਕਾਸ਼ ਨਾਲ ਉਜਵਲ ਚਾਰ ਪੰਖੜੀਆਂ ਵਾਲੇ ਕਮਲ ਦੀ ਤਰ੍ਹਾਂ ਹੈ। ਚਾਰੋਂ ਪੰਖੜੀਆਂ ਦੇ ਉਪਰ ਵੰ, ਸ਼ੰ, ਖੰ, ਸੰ ਚਾਰ ਅੱਖਰ ਹਨ। ਚਾਰ ਕੋਨਿਆਂ ਵਾਲਾ ਸਵਰਨ ਰੰਗ ਦਾ ਪ੍ਰਿਥਵੀ ਤੱਤ ਦਾ ਮੁਖ ਸਥਾਨ ਹੈ। ਤੱਤੂ ਬੀਜ 'ਲੰ' ਹੈ। ਏਰਾਵਤ ਹਾਥੀ ਦੀ ਤਰ੍ਹਾਂ ਸਾਮ੍ਹਣੇ ਵਲ ਨੂੰ ਗਤੀ ਹੈ, ਗੰਧ ਗੁਣ ਹੈ, ਨੀਚੇ ਨੂੰ ਚਲਣ ਵਾਲੇ ਅਪਾਨਵਾਯੂ ਦਾ ਮੁਖ ਸਥਾਨ ਹੈ। ਗੰਧ ਤਨਮਾਤਰਾ ਤੋਂ ਉਤਪੰਨ ਹੋਣ ਵਾਲੀ ਸੁੰਘਣ ਦੀ ਸ਼ਕਤੀ ਨਾਸਿਕਾ ਦਾ ਸਥਾਨ ਹੈ। ਪ੍ਰਿਥਵੀ ਤੱਤ ਤੋਂ ਉਤਪੰਨ ਹੋਣ ਵਾਲੀ ਮਲਤਿਆਗ ਸ਼ਕਤੀ ਗੁਦਾ ਦਾ ਸਥਾਨ ਹੈ। ਭੂ-ਲੋਕ ਹੈ। ਏਰਾਵਤ ਹਸਤੀ ਜਿਸ ਦੇ ਉਪਰ ਇੰਦਰ ਬਿਰਾਜਮਾਨ ਹੈ। ਚਤੁਰਭੁਜ ਬ੍ਰਹਮਾ ਆਪਣੀ ਸ਼ਕਤੀ ਚਤਰਭੁਜ ਡਾਕਿਨੀ ਦੇ ਨਾਲ। ਚਾਰ ਕੋਨਿਆਂ ਵਾਲਾ, ਸਵਰਨਰੰਗ ਯੰਤਰ ਹੈ। ਚਕਰ ਤੇ ਧਿਆਨ ਦਾ ਫਲ - ਅਰੋਗਤਾ, ਆਨੰਦਚਿਤ, ਵਾਕਯ, ਕਾਵਯ (ਕਵਿਤਾ), ਪ੍ਰਬੰਧ-ਦਖਸ਼ਤਾ (ਲਿਖਣ ਦੀ ਸ਼ਕਤੀ)। ਇਸ ਚੱਕਰ ਦੇ ਨੀਚੇ ਤ੍ਰਿਕੋਣ ਯੰਤਰ ਵਰਗਾ ਇਕ ਸੂਖਸ਼ਮ ਯੋਨੀਮੰਡਲ ਹੈ, ਜਿਸ ਕੇ ਮੱਧਯ ਕੋਣ ਤੋਂ ਸੁਖਮਨਾ (ਸਰਸਵਤੀ) ਨਾੜੀ, ਦਖਣੀ ਕੋਣ ਤੋਂ ਪਿੰਗਲਾ (ਯਮੁਨਾ) ਨਾੜੀ ਅਤੇ ਵਾਮ ਕੋਣ ਤੋਂ ਇੜਾ (ਗੰਗਾ) ਨਾੜੀ ਨਿਕਲਦੀ ਹੈ। ਇਸ ਲਈ ਇਸ ਨੂੰ ਮੁਕਤ ਤ੍ਰਿਵੇਣੀ ਵੀ ਆਖਦੇ ਹਨ।

ਤਾਂਤਰਿਕ ਗ੍ਰੰਥਾਂ ਵਿਚ ਦਸਿਆ ਗਿਆ ਹੈ ਕਿ ਇਸ ਯੋਨੀ ਮੰਡਲ ਦੇ ਮੱਧ ਵਿਚ ਤੇਜਮਈ ਰਕਤ ਵਰਣ ਕਲੀ ਬੀਜ ਰੂਪ ਕੰਦਰਪ ਨਾਮ ਦਾ ਸਥਿਰ ਵਾਯੂ ਵਿਦਮਾਨ ਹੈ, ਜਿਸ ਦੇ ਮੱਧ ਵਿਚ ਬ੍ਰਹਮਨਾੜੀ ਦੇ ਮੁਖ ਵਿਚ ਸਵੰਭੂ ਲਿੰਗ ਹੈ। ਇਸ ਵਿਚ ਕੁੰਡਲਨੀ ਸ਼ਕਤੀ ਸਾਢੇ ਤਿੰਨ ਕੁੰਡਲਾਂ ਵਿਚ ਲਿਪਟੀ ਹੋਈ ਸੰਖ ਦੇ ਅਕਾਰ ਦੀ ਤਰ੍ਹਾਂ ਹੈ। ਕੁੰਡਲਨੀ ਸ਼ਕਤੀ ਦਾ ਵਰਣਨ ਅੱਗੇ ਕੀਤਾ ਜਾਵੇਗਾ। ਮੂਲ ਸ਼ਕਤੀ ਅਰਥਾਤ ਕੁੰਡਲਨੀ ਸ਼ਕਤੀ ਦਾ ਆਧਾਰ ਹੋਣ ਕਰਕੇ ਇਸ ਚੱਕਰ ਨੂੰ ਮੂਲਾਧਾਰ ਕਹਿੰਦੇ ਹਨ।

**ਸਵਾਧਿਸ਼ਠਾਨ ਚੱਕਰ - Hypogastric Plexus** ਦੇ ਸਥੂਲ ਸਵਰੂਪ ਨਾਲ ਇਸ ਦੇ ਸੂਖਸ਼ਮ ਸਵਰੂਪ ਦਾ ਸੰਕੇਤ ਕੀਤਾ ਜਾ ਸਕਦਾ ਹੈ। ਮੂਲਧਾਰ ਚੱਕਰ ਤੋਂ ਦੋ ਉਂਗਲ ਉਪਰ ਪੇਡੂ ਦੇ ਕੋਲ ਇਸ ਚਕਰ ਦਾ ਸਥਾਨ ਹੈ। ਸਿੰਦੂਰੀ ਰੰਗ ਦੇ ਪ੍ਰਕਾਸ਼ ਨਾਲ ਪ੍ਰਕਾਸ਼ਿਤ ਛੇ ਪੰਖੜੀਆਂ ਵਾਲੇ ਕਮਲ ਦੇ ਸਮਾਨ ਹੈ। ਛੇ ਪੰਖੜੀਆਂ ਤੇ ਬੰ, ਭੰ, ਮੰ, ਯੰ, ਰੰ, ਲੰ ਛੇ ਅੱਖਰ ਹਨ। ਸਫੇਦ ਰੰਗ, ਅਰਧਚੰਦ੍ਰ ਆਕਾਰ ਵਾਲੇ ਜਲ ਤਤੂ ਦਾ ਮੁਖ ਸਥਾਨ ਹੈ। ਤਤੂ ਬੀਜ 'ਬੰ' ਹੈ। ਜਿਸ ਤਰ੍ਹਾਂ ਮਕਰ (ਮਗਰਮੱਛ) ਲੰਬੀ ਡੁਬਕੀ ਲਗਾਉਂਦਾ ਹੈ ਇਸੀ ਪ੍ਰਕਾਰ ਇਸ ਤਤੂ ਦੀ ਨੀਚੇ ਨੂੰ ਲੰਬੀ ਗਤੀ ਹੈ, ਗੁਣ ਰਸ ਹੈ। ਸਾਰੇ ਸਰੀਰ ਵਿਚ ਵਿਆਪਕ ਹੋ ਕੇ ਗਤੀ ਕਰਨ ਵਾਲੇ ਵਿਆਨ (ਆਉਣ ਜਾਣ ਵਾਲੇ) ਵਾਯੂ ਦਾ ਮੁਖ ਸਥਾਨ ਹੈ। ਰਸ ਤਨਮਾਤਰਾ ਤੋਂ ਉਤਪੰਨ ਸਵਾਦ ਲੈਣ ਕੀ ਸ਼ਕਤੀ ਰਸਨਾ ਦਾ ਸਥਾਨ ਹੈ। ਜਲ ਤੱਤ ਤੋਂ ਉਤਪੰਨ ਮੂਤਰ ਤਿਆਗ ਸ਼ਕਤੀ ਉਪਸਥ ਦਾ ਸਥਾਨ ਹੈ। ਭੁਵ ਲੋਕ ਹੈ, ਮਕਰ ਜਿਸ ਦੇ ਉਪਰ ਵਰੁਣ ਬਿਰਾਜਮਾਨ ਹੈ। ਵਿਸ਼ਨੂੰ ਆਪਣੀ ਚਤੁਰਭੁਜਾ ਰਾਕਿਨੀ ਸ਼ਕਤੀ ਦੇ ਨਾਲ, ਬਿਰਾਜਮਾਨ ਹੈ। ਅਰਧਚੰਦਰ ਆਕਾਰ ਸਵੇਤ ਰੰਗ ਹੈ। ਤਾਂਤਰਿਕ ਗ੍ਰੰਥਾਂ ਵਿਚ ਇਸ ਚੱਕਰ ਵਿਚ ਧਿਆਨ ਦਾ

ਫਲ ਸਿਰਜਣਾ, ਪਾਲਣਾ, ਖਤਮ ਕਰ ਦੇਣ ਦੀ ਸਮਰਥਾ ਅਤੇ ਜੀਭ ਤੇ ਸਰਸਵਤੀ ਦੇਵੀ ਦਾ ਹੋਣਾ ਦਸਿਆ ਗਿਆ ਹੈ।

**ਮਣੀਪੂਰਕ ਚਕਰ – Epigastric Plexus ਅਤੇ Solar Plexus** ਦੇ ਸਥੂਲ ਸਵਰੂਪ ਦੁਆਰਾ ਇਸ ਦੇ ਸੂਖਸ਼ਮ ਸਵਰੂਪ ਦਾ ਸੰਕੇਤ ਕੀਤਾ ਜਾ ਸਕਦਾ ਹੈ, ਸਥਾਨ ਨਾਭੀ ਮੂਲ ਹੈ, ਨੀਲੇ ਰੰਗ ਦੇ ਪ੍ਰਕਾਸ਼ ਨਾਲ ਪ੍ਰਕਾਸ਼ਿਤ ਦੱਸ ਪੰਖੜੀਆਂ ਵਾਲੇ ਕਮਲ ਦੇ ਸਮਾਨ ਹੈ। ਦਸ ਪੰਖੜੀਆਂ ਤੇ ਡੰ, ਢੰ, ਣੰ, ਤੰ, ਥੰ, ਦੰ, ਧੰ, ਨੰ, ਪੰ, ਫੰ ਇਹ ਦਸ ਅੱਖਰ ਹਨ। ਇਨ੍ਹਾਂ ਦਸ ਵਰਣਾਂ ਦੀਆਂ ਧੁਨੀਆਂ ਨਿਕਲਦੀਆਂ ਹਨ। ਰਕਤ ਰੰਗ ਤ੍ਰਿਕੋਣ ਆਕਾਰ ਵਾਲੇ ਅਗਨੀ ਤੱਤ ਦਾ ਮੁੱਖ ਸਥਾਨ ਹੈ। ਤੱਤ੍ਵ ਬੀਜ 'ਰੰ' ਹੈ। ਜਿਸ ਪ੍ਰਕਾਰ ਮੇਸ਼ (ਮੇਂਢਕ) ਉਪਰ ਨੂੰ ਉਛਲ ਕੇ ਚਲਦਾ ਹੈ, ਇਸੀ ਪ੍ਰਕਾਰ ਇਸ ਤੱਤ ਦੀ ਉਪਰ ਨੂੰ ਗਤੀ ਹੈ। ਗੁਣ ਰੂਪ ਹੈ। ਖਾਨ ਪਾਨ ਦੇ ਰਸ ਨੂੰ ਸੰਪੂਰਣ ਸਰੀਰ ਵਿਚ ਸਵ-ਸਵ-ਸਥਾਨ ਤੇ ਸਮਾਨ ਰੂਪ ਨਾਲ ਪਹੁੰਚਾਉਣ ਵਾਲੇ ਸਮਾਨ ਵਾਯੂ ਦਾ ਮੁਖ ਸਥਾਨ ਹੈ। ਰੂਪ ਤਨਮਾਤਰਾ ਤੋਂ ਉਤਪੰਨ ਦੇਖਣ ਦੀ ਸ਼ਕਤੀ ਚਖਸ਼ੂ ਦਾ ਸਥਾਨ ਹੈ। ਅਗਨੀ ਤੱਤ ਤੋਂ ਉਤਪੰਨ ਚਲਣ ਦੀ ਸ਼ਕਤੀ ਪੈਰ ਦਾ ਸਥਾਨ ਹੈ। ਸਵ ਲੋਕ ਹੈ। ਮੇਸ਼ ਜਿਸ ਦੇ ਉਪਰ ਅਗਨੀ ਦੇਵਤਾ ਬਿਰਾਜਮਾਨ ਹੈ। ਰੁਦਰ ਆਪਣੀ ਚਤੁਰਭੁਜਾ ਸ਼ਕਤੀ ਲਾਕਿਨੀ ਦੇ ਨਾਲ, ਯੰਤਰ ਤ੍ਰਿਕੋਣ ਰਕਤ ਰੰਗ ਦਾ ਹੈ। ਵਿਭੂਤੀ ਪਦ ਵਿਚ ਇਸ ਚਕਰ ਤੇ ਧਿਆਨ ਦਾ ਫਲ ਸਰੀਰਵਿਹੁ (ਸਰੀਰ ਚੱਕਰ) ਦਾ ਗਿਆਨ ਦਸਿਆ ਹੈ। ਇਸ ਵਿਚ ਧਿਆਨ ਕਰਨ ਨਾਲ ਅਜੀਰਣ ਆਦਿ ਰੋਗ ਦੂਰ ਹੁੰਦੇ ਹਨ।

**ਅਨਾਹਤ ਚੱਕਰ –** ਇਸ ਦੇ ਸੂਖਸ਼ਮ ਸਵਰੂਪ ਦਾ ਸੰਕੇਤਕ **Cardiac Plexus** ਦਾ ਸਥੂਲ ਸਵਰੂਪ ਹੈ। ਹਿਰਦੇ ਦੇ ਕੋਲ, ਸਿੰਦੂਰੀ ਰੰਗ ਦੇ ਪ੍ਰਕਾਸ਼ ਨਾਲ ਉਜਵਲ 12 ਪੰਖੜੀਆਂ ਵਾਲਾ ਕਮਲ ਹੈ। 12 ਪੰਖੜੀਆਂ ਤੇ ਕੰ, ਖੰ, ਗੰ, ਘੰ, ਙੰ, ਚੰ, ਛੰ, ਜੰ, ਝੰ, ਞੰ, ਟੰ, ਠੰ ਇਹ 12 ਅੱਖਰ ਹਨ। ਧੂਮਰ ਰੰਗ (ਧੂੰਏ ਜੈਸਾ ਰੰਗ), ਸ਼ਟਕੋਣਆਕਾਰ (ਛੇ ਕੋਨਿਆਂ ਵਾਲਾ) ਵਾਯੂ ਤਤ੍ਵ ਦਾ ਮੁਖ ਸਥਾਨ ਹੈ। ਤੱਤ ਬੀਜ 'ਯੰ' ਹੈ। ਜਿਸ ਪ੍ਰਕਾਰ ਮ੍ਰਿਗ ਤਿਰਛਾ ਚਲਦਾ ਹੈ, ਇਸੀ ਪ੍ਰਕਾਰ ਇਸ ਤਤ੍ਵ ਦੀ ਗਤੀ ਤਿਰਛੀ ਹੈ। ਗੁਣ – ਸਪਰਸ਼ ਹੈ। ਮੁਖ ਅਤੇ ਨਾਸਿਕਾ ਤੋਂ ਗਤੀ ਕਰਨ ਵਾਲੇ ਪ੍ਰਾਣ ਵਾਯੂ ਦਾ ਮੁਖ ਸਥਾਨ ਹੈ। ਸਪਰਸ਼ ਤਨਮਾਤਰਾ ਨਾਲ ਉਤਪੰਨ ਸਪਰਸ਼ ਦੀ ਸ਼ਕਤੀ ਤ੍ਵਚਾ ਦਾ ਕੇਂਦਰ ਹੈ। ਵਾਯੂ ਤਤ੍ਵ ਤੋਂ ਉਤਪੰਨ ਪਕੜਨ ਕੀ ਸ਼ਕਤੀ ਹੱਥ ਦਾ ਸਥਾਨ ਹੈ। ਮਹਲੋਕ ਹੈ, ਅੰਤਸ਼ਕਰਣ ਦਾ ਮੁਖ ਸਥਾਨ ਹੈ। ਬੀਜ ਦਾ ਵਾਹਨ ਮ੍ਰਿਗ ਹੈ। ਈਸ਼ਾਨ ਰੁਦਰ ਆਪਣੀ ਤ੍ਰਿਨੇਤਰ ਚਤੁਰਭੁਜਾ ਸ਼ਕਤੀ ਕਾਕਿਨੀ ਦੇ ਨਾਲ ਹੈ। ਖਟਕੋਣ (ਛੇ) ਆਕਾਰ ਧੂਮਰ ਰੰਗ ਹੈ। ਵਾਕਪਤਿਤ੍ਵ (ਬੋਲਣ ਦੀ ਸ਼ਕਤੀ), ਕਵਿਤ੍ਵ (ਕਵਿਤਾ) ਸ਼ਕਤੀ ਦਾ ਲਾਭ, ਜਿਤਇੰਦ੍ਰ (ਇੰਦ੍ਰੀਆਂ ਨੂੰ ਜਿਤਣਾ) ਹੋਣਾ ਆਦਿ ਤਾਂਤਰਿਕ ਗ੍ਰੰਥਾਂ ਵਿਚ ਦਸਿਆ ਗਿਆ ਹੈ। ਸ਼ਿਵ ਸਾਰ ਤੰਤਰ ਵਿਚ ਕਿਹਾ ਹੈ ਕਿ ਇਸ ਸਥਾਨ ਤੋਂ ਉਤਪੰਨ ਹੋਣ ਵਾਲੀ ਅਨਾਹਤ ਧਵਨੀ ਹੀ ਸਦਾ ਸ਼ਿਵ ਹੈ ਅਤੇ ਤ੍ਰਿਗੁਣਮਈ ਓਅੰਕਾਰ ਇਸੀ ਸਥਾਨ ਤੇ ਵਿਅਕਤ ਹੁੰਦਾ ਹੈ। ਜਿਸਨੂੰ ਸ਼ਬਦ ਬ੍ਰਹਮ ਆਖਦੇ ਹਨ, ਓਹੀ ਸਾਖਸ਼ਾਤ ਸਦਾ ਸ਼ਿਵ ਹੈ, ਓਹੀ ਸ਼ਬਦ ਅਨਾਹਤ ਚਕਰ ਵਿਚ ਹੈ। ਕਿਤੇ-ਕਿਤੇ ਇਸ ਚਕਰ ਦੇ ਨੇੜੇ ਅੱਠ ਦਲਾਂ ਦਾ ਇਕ 'ਨਿਮਨ ਮਨਸ਼ ਚਕਰ' (**Lower mind Plexus**) ਦਸਿਆ ਗਿਆ ਹੈ। ਇਸਤ੍ਰੀਆਂ ਅਤੇ ਭਗਤੀ ਭਾਵ ਵਾਲਿਆਂ ਨੂੰ ਧਿਆਨ ਕਰਨ ਲਈ ਅਨਾਹਤ ਚਕਰ ਅੱਛਾ ਯੁਕਤ ਸਥਾਨ ਹੈ।

**ਵਿਸ਼ੁਧ ਚਕਰ –** ਇਸ ਦਾ ਸੰਕੇਤਕ ਸਥੂਲ ਸਵਰੂਪ **Carotid Plexus** ਹੈ। ਕੰਠ ਦੇਸ਼ ਹੈ। ਧੂਮਰ ਅਤੇ ਧੁੰਧਲੇ ਰੰਗ ਦੇ ਪ੍ਰਕਾਸ਼ ਨਾਲ ਉਜਵਲ 16 ਪੰਖੜੀਆਂ ਵਾਲੇ ਕਮਲ ਵਰਗਾ ਹੈ। ਸੋਲ੍ਹਾਂ ਪੰਖੜੀਆਂ ਉਪਰ ਅ, ਆ, ਇ, ਈ, ਉ, ਊ, ਰਿ, ਰੀ, ਲ੍ਰਿ, ਲ੍ਰੀ, ਇ, ਏ, ਐ, ਔ, ਅੰ, ਆਂ ਅੱਖਰ ਹਨ। ਚਿਤ੍ਰ-ਵਿਚਿਤ੍ਰ (ਰੰਗ ਬਿਰੰਗੇ) ਆਕਾਰ ਅਤੇ ਅਨੇਕ ਰੰਗਾਂ ਵਾਲੇ ਅਤੇ ਪੂਰੇ ਚੰਦਰਮਾ ਦੀ ਤਰ੍ਹਾਂ ਗੋਲਾਕਾਰ ਆਕਾਸ਼ ਤਤ੍ਵ ਦਾ ਮੁਖ ਸਥਾਨ ਹੈ। ਤਤ੍ਵ ਬੀਜ 'ਹੰ' ਹੈ। ਜਿਵੇਂ ਹਾਥੀ ਘੁੰਮ-ਘੁੰਮ ਕੇ ਚਲਦਾ ਹੈ ਇਸੀ ਪ੍ਰਕਾਰ ਇਸ ਤਤ੍ਵ ਦੀ ਘੁਮਾਵ ਵਾਲੀ ਗਤੀ ਹੈ। ਸ਼ਬਦ ਗੁਣ ਹੈ। ਉਪਰ ਦੀ ਗਤੀ ਲਈ ਸਰੀਰ ਦੇ ਅੰਦਰ ਵਰਤਣ ਵਾਲੇ ਉਦਾਨ ਵਾਯੂ ਦਾ ਮੁਖ ਸਥਾਨ ਹੈ। ਸ਼ਬਦ ਤਨਮਾਤਰਾ ਤੋਂ ਉਤਪੰਨ ਸ਼ਰਵਣ ਸ਼ਕਤੀ ਸ਼ੋਤ੍ਰ ਦਾ ਸਥਾਨ ਹੈ। ਆਕਾਸ਼ ਤਤ੍ਵ ਤੋਂ ਉਤਪੰਨ ਵਾਕ ਸ਼ਕਤੀ ਬਾਣੀ ਦਾ ਸਥਾਨ ਹੈ। ਜਨ ਲੋਕ ਹੈ। ਹਸਤੀ ਜਿਸ ਦੇ ਉਪਰ ਪ੍ਰਕਾਸ਼ ਦੇਵਤਾ ਆਰੂੜ ਹੈ। ਪੰਚ ਮੁਖ ਵਾਲੇ ਸਦਾਸ਼ਿਵ ਆਪਣੀ ਸ਼ਕਤੀ ਚਤੁਰਭੁਜਾ ਸ਼ਾਕਿਨੀ ਦੇ ਨਾਲ ਹੈ। ਪੂਰੇ ਚੰਦਰਮਾ ਦੇ ਸਦ੍ਰਿਸ਼ ਗੋਲਾਕਾਰ ਅਕਾਸ਼ ਮੰਡਲ ਹੈ। ਕਵੀ, ਮਹਾਗਿਆਨੀ, ਸ਼ਾਂਤੀ ਚਿਤ, ਨਿਰੋਗ, ਸ਼ੋਕਹੀਨ ਅਤੇ ਦੀਰਘ ਜੀਵੀ ਹੋਣਾ ਦਸਿਆ ਗਿਆ ਹੈ। ਇਸ ਦਾ 'ਵਿਸ਼ੁਧ' ਨਾਮ ਰੱਖਣ ਦਾ ਇਹ ਕਾਰਣ ਦਸਿਆ ਗਿਆ ਹੈ ਕਿ ਇਸ ਸਥਾਨ ਤੇ ਮਨ ਦੀ ਸਥਿਤੀ ਹੋਣ ਨਾਲ ਮਨ ਅਕਾਸ਼ ਦੇ ਸਮਾਨ ਵਿਸ਼ੁਧ (ਨਿਰਮਲ) ਹੋ ਜਾਂਦਾ ਹੈ।

**ਆਗਿਆ ਚੱਕਰ –** ਇਸ ਦਾ ਸੰਕੇਤਕ **Medula Plexus** ਦਾ ਸਥੂਲ ਰੂਪ ਹੈ। ਦੋਨੋਂ ਭਰਵੱਟਿਆਂ ਦੇ ਵਿਚਕਾਰ ਭ੍ਰਕੁਟੀ ਦੇ ਭੀਤਰ ਹੈ। ਸਫੇਦ ਪ੍ਰਕਾਸ਼ ਸਹਿਤ ਦੋ ਪੰਖੜੀਆਂ ਵਾਲੇ ਕਮਲ ਦੇ ਸਦ੍ਰਿਸ਼ ਹੈ। ਦੋਨੋਂ ਪੰਖੜੀਆਂ ਉਪਰ ਖਜ, ਗਜ ਅੱਖਰ ਹਨ। ਇਨ੍ਹਾਂ ਦੋਨਾਂ ਪੰਖੜੀਆਂ ਦੇ ਸੰਕੇਤਕ ਪਾਸ਼ਚਾਤਯ ਵਿਗਿਆਨ (ਪੱਛਮੀ ਵਿਗਿਆਨ) ਦੇ **Pineal Gland** ਅਤੇ **Pituitary Body** ਸਮਝਣਾ ਚਾਹੀਦਾ ਹੈ, ਜਿਨ੍ਹਾਂ ਨੂੰ

ਮਨੁੱਖ ਦੇ ਮਸਤਕ ਦੇ ਭੀਤਰ ਦੋ ਨਿਰਾਰਥਕ ਰੇਤ ਨਾਲ ਢਕੇ ਹੋਏ ਮਾਸ ਪਿੰਡ ਕਿਹਾ ਗਿਆ ਹੈ। ਇਹ ਦੋਨੋਂ ਮਾਸ ਪਿੰਡ ਆਪਣੇ ਸਥਾਨ ਤੇ ਰਹਿੰਦੇ ਹੋਏ ਆਗਿਆਚਕਰ ਦੇ ਉਰਧਮੁਖ ਹੋ ਕੇ ਵਿਕਸਿਤ ਹੋਣ ਤੇ ਉਸ ਤੋਂ ਦਿਬਯ ਸ਼ਕਤੀ ਨੂੰ ਪ੍ਰਾਪਤ ਹੁੰਦੇ ਹਨ। ਲਿੰਗ ਅਰਥਾਤ ਲਿੰਗ ਆਕਾਰ ਮਹਿਤਤੂ ਹੈ। ਤਤੂ ਬੀਜ 'ਓਅੰਮ' ਹੈ, ਤਤੂ ਬੀਜ ਗਤੀ ਨਾਦ ਹੈ, ਤਪ ਲੋਕ ਹੈ। ਨਾਦ ਜਿਸ ਤੇ ਲਿੰਗ ਦੇਵਤਾ ਹੈ। ਗਿਆਨਦਾਤਾ ਸ਼ਿਵ ਆਪਣੀ ਚਾਰ ਹੱਥਾਂ ਵਾਲੀ, ਛੇ ਮੁਖ ਵਾਲੀ ਹਾਕਿਨੀ ਸ਼ਕਤੀ ਦੇ ਨਾਲ ਬਿਰਾਜਮਾਨ ਹੈ। ਲਿੰਗਆਕਾਰ ਹੈ। ਭਿੰਨ-ਭਿੰਨ ਚਕਰਾਂ ਦੇ ਧਿਆਨ ਦੁਆਰਾ ਜੋ ਫਲ ਪ੍ਰਾਪਤ ਹੁੰਦੇ ਹਨ, ਉਹ ਸਭ ਇਕ ਵਾਰੀ ਇਸ ਚਕਰ ਤੇ ਧਿਆਨ ਕਰਨ ਨਾਲ ਪ੍ਰਾਪਤ ਹੋ ਜਾਂਦੇ ਹਨ। ਇਸ ਸਥਾਨ ਤੇ ਪ੍ਰਾਣ ਅਤੇ ਮਨ ਦੇ ਸਥਿਰ ਹੋ ਜਾਣ ਨਾਲ ਸੰਪਰਗਿਆਤ ਸਮਾਧੀ ਦੀ ਯੋਗਤਾ ਹੁੰਦੀ ਹੈ। ਮੂਲਾਧਾਰ ਤੋਂ ਇੜਾ, ਪਿੰਗਲਾ ਅਤੇ ਸੁਖਮਨਾ ਅਲੱਗ-ਅਲੱਗ ਪ੍ਰਵਾਹਿਤ ਹੋ ਕੇ ਇਸ ਸਥਾਨ ਤੇ ਮਿਲਦੀਆਂ ਹਨ। ਇਸ ਲਈ ਇਨ੍ਹਾਂ ਨੂੰ ਯੁਕਤ ਤ੍ਰਿਵੇਣੀ ਵੀ ਕਹਿੰਦੇ ਹਨ।

ਇੜਾ ਨੂੰ ਗੰਗਾ ਅਤੇ ਪਿੰਗਲਾ ਨੂੰ ਯਮੁਨਾ ਅਤੇ ਇਨ੍ਹਾਂ ਦੋਨਾਂ ਦੇ ਮੱਧ ਵਿਚ ਜਾਣ ਵਾਲੀ ਨਾੜੀ ਸੁਖਮਨਾ ਨੂੰ ਸਰਸਵਤੀ ਕਹਿੰਦੇ ਹਨ। ਇਸ ਤ੍ਰਿਵੇਣੀ ਦਾ ਜਿਥੇ ਸੰਗਮ ਹੈ, ਉਸ ਨੂੰ ਤੀਰਥ ਰਾਜ ਕਹਿੰਦੇ ਹਨ।

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥*
*ਪੰਨਾ - 305*

ਇਸ ਵਿਚ ਇਸ਼ਨਾਨ ਕਰਕੇ ਸਾਰੇ ਪਾਪਾਂ ਤੋਂ ਮੁਕਤ ਹੋ ਜਾਂਦੇ ਹਨ। ਆਗਿਆਚੱਕਰ ਹੀ ਸਰਵ ਸਾਸ਼ਤਰ-ਸੰਮਤ ਹਿਰਦਾ ਹੈ। ਸਥੂਲ ਬੁੱਧੀ ਵਾਲੇ ਹੀ ਅਨਯ ਸਥੂਲ ਸਥਾਨ ਨੂੰ ਹਿਰਦਾ ਕਹਿੰਦੇ ਹਨ। ਇਹ ਆਗਿਆ ਚੱਕਰ ਸ਼ਿਵ ਨੇਤਰ (**Organ of Clair-voyance**) ਦਿਬਯ ਦ੍ਰਿਸ਼ਟੀ ਦਾ ਯੰਤਰ ਹੈ। ਪ੍ਰਾਣਤੋਸ਼ਣੀ ਤੰਤਰ ਵਿਚ ਇਕ 64 ਦਲ ਵਾਲੇ ਲਲਨਾ-ਸੰਗਿਅਕ ਚਕਰ ਦੇ ਤਾਲੂ ਵਿਚ ਅਤੇ ਇਕ ਸ਼ਤ (ਸੌ) ਦਲ ਵਾਲੇ ਗੁਰੂ ਚਕਰ ਦੀ ਅਵਸਥਿਤੀ (ਅਨਉਪਸਥਿਤੀ) ਬ੍ਰਹਮਰੰਦਰ ਵਿਚ ਦਸੀ ਹੈ ਅਤੇ ਕਿਸੀ ਕਿਸੀ ਨੇ ਸੋਮ ਚਕਰ (ਗੁਰੂ ਚਕਰ), ਮਾਨਸ ਚੱਕਰ, ਲਲਾਟ ਚਕਰ ਆਦਿ ਵੀ ਵਰਨਨ ਕੀਤਾ ਹੈ, ਪਰ ਇਹ ਸਭ ਸੱਤ ਚਕਰਾਂ ਦੇ ਹੀ ਅੰਤਰਗਤ ਹੈ। ਕ੍ਰਿਆਤਮਕ ਰੂਪ ਵਿਚ ਇਸਦੀ ਅਧਿਕ ਉਪਯੋਗਤਾ ਨਹੀਂ ਹੈ।

**ਸਹੰਸਰਾਰ ਅਤੇ ਸੁੰਨਯ ਚਕਰ** - ਇਸ ਦਾ ਸੰਕੇਤਕ ਸਥੂਲ ਰੂਪ **Cerebral Plexus** ਹੈ। ਤਾਲੂ ਦੇ ਉਪਰ ਮਸਤਕ ਵਿਚ, ਬ੍ਰਹਮਰੰਦਰ ਤੋਂ ਉਪਰ ਸਭ ਸ਼ਕਤੀਆਂ ਦਾ ਕੇਂਦਰ ਹੈ। ਨਾਨਾ ਰੰਗ ਦੇ ਪ੍ਰਕਾਸ਼ ਸਹਿਤ ਸਹੰਸਰ (ਇਕ ਹਜ਼ਾਰ) ਪੰਖੜੀਆਂ ਵਾਲੇ ਕਮਲ ਵਰਗੀ ਹੈ। ਪੰਖੜੀਆਂ ਉਪਰ 'ਅ' ਤੋਂ ਲੈ ਕੇ 'ਕਸ਼' ਤਕ ਸਭ ਸਵਰ ਅਤੇ ਵਰਣ ਹਨ। ਤਤੂਅਤੀਤ ਹੈ, ਵਿਸਰਗ ਹੈ, ਤਤੂ ਬੀਜ ਗਤੀ ਬਿੰਦੂ ਹੈ, ਸਤਿਅਮ ਲੋਕ ਹੈ। ਪਾਰਬ੍ਰਹਮ ਆਪਣੀ ਮਹਾ ਸ਼ਕਤੀ ਨਾਲ ਸਥਿਤ ਹੈ। ਪੂਰਨ ਚੰਦਰ ਸ਼ੁਭਰ (ਸਫੇਦ) ਵਰਣ ਹੈ। ਇਸ ਦਾ ਫਲ ਅਮਰ ਹੋਣਾ ਅਤੇ ਮੁਕਤੀ ਹੈ। ਇਸ ਸਥਾਨ ਉਪਰ ਪ੍ਰਾਣ ਅਤੇ ਮਨ ਦੇ ਸਥਿਰ ਹੋ ਜਾਣ ਤੇ ਸਰਬ ਵ੍ਰਿਤੀਆਂ ਦੇ ਨਿਰੋਧਰੂਪ ਅਸੰਪਰਗਿਆਤ ਸਮਾਧੀ ਦੀ ਯੋਗਤਾ ਪ੍ਰਾਪਤ ਹੁੰਦੀ ਹੈ। ਕੁਛ ਵਿਦਵਾਨਾਂ ਅਤੇ ਅਭਿਆਸੀਆਂ ਦਾ ਵਿਚਾਰ ਹੈ ਕਿ ਉਪਨਿਸ਼ਦਾਂ ਵਿਚ ਜੋ ਅਗੁੰਸ਼ਠਮਾਤਰ ਹਿਰਦਯ ਪੁਰਸ਼ ਦਾ ਸਥਾਨ ਦਸਿਆ ਗਿਆ ਹੈ, ਇਹ ਬ੍ਰਹਮਰੰਦਰ ਹੀ ਹੈ, ਜਿਸ ਦੇ ਉਪਰ ਸਹੰਸਰਾਰ ਚੱਕਰ ਹੈ ਕਿਉਂਕਿ ਇਹੀ ਅਗੁੰਸ਼ਠਮਾਤਰ ਆਕਾਸ਼ ਵਾਲਾ ਹੈ। ਇਹੀ ਚਿਤ ਦਾ ਸਥਾਨ ਹੈ, ਜਿਸ ਵਿਚ ਆਤਮਾ ਦੇ ਗਿਆਨ ਦਾ ਪ੍ਰਕਾਸ਼ ਅਤੇ ਪ੍ਰਤੀਬਿੰਬ ਪੈ ਰਿਹਾ ਹੈ ਅਤੇ ਇਸੀ ਸਥਾਨ ਕੇ ਪ੍ਰਾਣ ਅਤੇ ਮਨ ਦੇ ਸਥਿਰ ਹੋ ਜਾਣ ਤੇ ਅਸੰਪਰਗਿਆਤ ਸਮਾਧੀ ਅਰਥਾਤ ਸਰਵ ਵ੍ਰਿਤੀ ਨਿਰੋਧ ਹੁੰਦਾ ਹੈ।

ਸਰੀਰ ਵਿਚ ਜੀਵ ਆਤਮਾ ਦਾ ਕਿਹੜਾ ਸਥਾਨ ਹੈ? ਇਸ ਸਬੰਧ ਵਿਚ ਕਈ ਵਾਰੀ ਪ੍ਰਸ਼ਨ ਕੀਤੇ ਗਏ ਹਨ। ਵਾਸਤਵ ਵਿਚ ਆਤਮਾ ਦੇ ਗਿਆਨ ਦਾ ਪ੍ਰਕਾਸ਼ ਚਿਤ ਤੇ ਪੈ ਰਿਹਾ ਹੈ। ਚਿਤ ਹੀ ਕਾਰਣ ਸਰੀਰ ਹੈ। ਇਸ ਕਾਰਣ ਸਰੀਰ ਦੇ ਸਬੰਧ ਨਾਲ ਆਤਮਾ ਦੀ ਸੰਗਿਆ ਜੀਵ ਆਤਮਾ ਹੁੰਦੀ ਹੈ। ਕਾਰਣ ਸਰੀਰ ਸੂਖਸ਼ਮ ਸਰੀਰ ਵਿਚ ਵਿਆਪਕ ਹੋ ਗਿਆ ਹੈ ਅਤੇ ਸੂਖਸ਼ਮ ਸਰੀਰ ਸਥੂਲ ਸਰੀਰ ਵਿਚ। ਇਸ ਪ੍ਰਕਾਰ ਜੀਵ ਆਤਮਾ ਸਾਰੇ ਹੀ ਸਰੀਰ ਵਿਚ ਵਿਆਪਕ ਹੋ ਰਿਹਾ ਹੈ। ਫਿਰ ਵੀ ਕਾਰਯ ਭੇਦ ਨਾਲ ਇਸ ਦੇ ਕਈ ਸਥਾਨ ਦੱਸੇ ਜਾ ਸਕਦੇ ਹਨ।

ਸਵਪਨ ਅਵਸਥਾ ਵਿਚ ਜੀਵ ਆਤਮਾ ਦਾ ਸਥਾਨ ਹਿਰਦਯ ਦੇਸ਼ ਦਸਿਆ ਗਿਆ ਹੈ ਕਿਉਂਕਿ ਹਿਰਦਾ ਸਰੀਰ ਦਾ ਮੁਖ ਸਥਾਨ ਹੈ। ਇਥੋਂ ਹੀ ਸਾਰੇ ਸਰੀਰ ਵਿਚ ਨਾੜੀਆਂ ਜਾ ਰਹੀਆਂ ਹਨ। ਸਾਰੇ ਸਰੀਰ ਦਾ ਆਂਤਰਿਕ ਕੰਮ ਇਥੋਂ ਹੀ ਹੋ ਰਿਹਾ ਹੈ। ਹਿਰਦਯ ਦੀ ਗਤੀ ਰੁਕਣ ਨਾਲ ਸਾਰੇ ਸਰੀਰ ਦੇ ਕੰਮ ਬੰਦ ਹੋ ਜਾਂਦੇ ਹਨ, ਇਸ ਲਈ ਸਵਪਨ ਅਵਸਥਾ ਵਿਚ ਜੀਵ ਆਤਮਾ ਦਾ ਸਥਾਨ ਹਿਰਦਯ ਕਿਹਾ ਜਾ ਸਕਦਾ ਹੈ। ਜਿਵੇਂ ਕਿ ਉਪਨਿਸ਼ਦ ਵਿਚ ਦਸਿਆ ਗਿਆ ਹੈ -

ਜਦੋਂ ਇਹ ਪੁਰਸ਼ ਜਿਸ ਦਾ ਸੁਭਾਅ ਵਿਗਿਆਨੀ ਹੈ ਗਹਿਰੀ ਨੀਂਦ ਸੁੱਤਾ ਹੁੰਦਾ ਹੈ ਤਾਂ ਇਹ ਇਨ੍ਹਾਂ ਇੰਦ੍ਰੀਆਂ ਦੇ ਵਿਗਿਆਨ ਦੁਆਰਾ ਵਿਗਿਆਨ ਨੂੰ ਲੈ ਕੇ ਜਿਹੜਾ ਹਿਰਦੇ ਦੇ ਅੰਦਰ ਅਕਾਸ਼ ਹੈ ਉਥੇ ਆਰਾਮ ਕਰਦਾ ਹੈ।

ਸਵਪਨ ਅਵਸਥਾ ਵਿਚ ਜੀਵ ਦਾ ਸਥਾਨ ਕੰਠ ਦਸਿਆ ਗਿਆ ਹੈ, ਕਿਉਂਕਿ ਜਾਗ੍ਰਤ ਅਵਸਥਾ ਵਿਚ ਜੋ ਪਦਾਰਥ ਦੇਖੇ, ਸੁਣੇ ਜਾਂ ਭੋਗੇ ਜਾਂਦੇ ਹਨ, ਉਨ੍ਹਾਂ ਦਾ ਸੰਸਕਾਰ ਵਾਲ ਦੇ ਹਜ਼ਾਰਵੇਂ ਭਾਗ ਵਰਗੇ ਬਰੀਕ ਕੰਠ ਵਿਚ ਸਥਿਤ ਇਕ ਹਿਤਾ ਨਾਮ ਦੀ ਨਾੜੀ ਵਿਚ ਰਹਿਣਾ ਦਸਿਆ ਗਿਆ ਹੈ। ਇਸ ਲਈ ਅਨੁਭੂਤ ਪਦਾਰਥ ਅਤੇ ਉਨ੍ਹਾਂ ਦਾ ਗਿਆਨ ਸਵਪਨ ਅਵਸਥਾ ਵਿਚ ਕੰਠ ਵਿਚ ਹੁੰਦਾ ਹੈ।

ਜਾਗ੍ਰਤ ਅਵਸਥਾ ਵਿਚ ਜੀਵ ਆਤਮਾ ਬਾਹਰੀ ਇੰਦ੍ਰੀਆਂ ਦੁਆਰਾ ਬਾਹਰ ਦੇ ਵਿਸ਼ਿਆਂ ਨੂੰ ਦੇਖਦਾ ਹੈ। ਬਾਹਰੀ ਇੰਦ੍ਰੀਆਂ ਵਿਚ ਨੇਤਰ ਪ੍ਰਧਾਨ ਹੈ, ਇਸ ਲਈ ਜਾਗ੍ਰਤ ਵਿਚ ਜੀਵ ਆਤਮਾ ਦੀ ਸਥਿਤੀ ਉਪਨਿਸ਼ਦ ਵਿਚ ਨੇਤਰ ਵਿਚ ਦਸੀ ਗਈ ਹੈ। ਇਹ ਜੋ ਅੱਖ ਵਿਚ ਪੁਰਸ਼ ਦਿਸਦਾ ਹੈ, ਇਹ ਆਤਮਾ ਹੈ। ਸੰਪਰਗਿਆਤ ਸਮਾਧੀ ਵਿਚ ਜੀਵ ਆਤਮਾ ਦਾ ਸਥਾਨ ਆਗਿਆ ਚਕਰ ਕਿਹਾ ਜਾ ਸਕਦਾ ਹੈ, ਕਿਉਂਕਿ ਇਹੀ ਦਿਬਯ ਦ੍ਰਿਸ਼ਟੀ ਦਾ ਸਥਾਨ ਹੈ। ਇਸੀ ਨੂੰ ਦਿਬਯ ਨੇਤਰ ਅਤੇ ਸ਼ਿਵਨੇਤਰ ਭੀ ਕਹਿੰਦੇ ਹਨ।

ਇਸੀ ਪ੍ਰਕਾਰ ਅਸੰਪਰਗਿਆਤ ਸਮਾਧੀ ਵਿਚ ਜੀਵ ਆਤਮਾ ਦਾ ਸਥਆਨ ਬ੍ਰਹਮਰੰਦਰ ਹੈ, ਕਿਉਂਕਿ ਇਸੀ ਸਥਾਨ ਤੇ ਪ੍ਰਾਣ ਅਤੇ ਮਨ ਦੇ ਸਥਿਰ ਹੋ ਜਾਣ ਤੇ ਅਸੰਪਰਗਿਆਤ ਸਮਾਧੀ ਅਰਥਾਤ ਸਰਵ ਵ੍ਰਿਤੀ ਨਿਰੋਧ ਹੁੰਦਾ ਹੈ।

**ਕੁੰਡਲਨੀ ਸ਼ਕਤੀ** - ਪਾਠਕਾਂ ਨੂੰ ਸੁਖਮਣਾ ਨਾੜੀ ਦੀ ਮਹੱਤਤਾ ਉਸ ਦੇ ਭੀਤ ਤਿੰਨ ਸ਼ਕਤੀਸ਼ਾਲੀ ਨਾੜੀਆਂ ਦੇ ਕੇਂਦਰਾਂ ਦੇ ਵਰਣਨ ਕਰ ਦੇਣ ਨਾਲ ਉਸ ਦੀ ਜਾਣ ਪਛਾਣ ਪ੍ਰਗਟ ਹੋ ਗਈ ਹੋਵੇਗੀ। ਵਾਸਤਵ ਵਿਚ ਬ੍ਰਹਿਮੰਡ ਵਿਚ ਜਿੰਨੀਆਂ ਸ਼ਕਤੀਆਂ ਵਰਤਮਾਨ ਹਨ, ਉਨ੍ਹਾਂ ਸਭ ਨੂੰ ਈਸ਼ਵਰ ਨੇ ਸਰੀਰ ਰੂਪੀ ਪਿੰਡ ਦੇ ਇਸ ਭਾਗ ਵਿਚ ਇਕੱਤਰ ਕਰ ਦਿਤਾ ਹੈ।

*ਜੋ ਬ੍ਰਹਮੰਡੇ ਸੋਈ ਪਿੰਡੇ*
*ਜੋ ਖੋਜੈ ਸੋ ਪਾਵੈ॥ ਪੰਨਾ - 695*

ਪਰੰਤੂ ਸੁਖਮਨਾ ਨਾੜੀ ਦਾ ਮੁਖ ਤ੍ਰਿਕੋਣ ਯੋਨੀ ਮੰਡਲ ਦੇ ਮੱਧਯ ਸਥਾਨ ਤੇ ਜਿਥੋਂ ਇਹ ਮੇਰੂਦੰਡ ਦੇ ਭੀਤਰ ਹੁੰਦੀ ਹੋਈ ਉਪਰ ਨੂੰ ਚਲਦੀ ਹੈ, ਸਾਧਾਰਣ ਅਵਸਥਾ ਵਿਚ ਬੰਦ ਰਹਿੰਦਾ ਹੈ। ਇਸੀ ਕਾਰਣ ਇਸਦੀ ਸ਼ਕਤੀ ਅਵਿਕਸਿਤ ਰਹਿੰਦੀ ਹੈ ਅਤੇ ਪ੍ਰਾਣ ਸ਼ਕਤੀ ਕੇਵਲ ਇੜਾ ਅਤੇ ਪਿੰਗਲਾ ਦੁਆਰਾ ਜੋ ਇਸ ਤ੍ਰਿਕੋਣ ਮੰਡਲ ਦੇ ਵਾਮ ਅਤੇ ਦੱਖਣੀ ਭਾਗ ਤੋਂ ਉਪਰ ਵਲ ਨੂੰ ਚੱਕਰਾਂ ਨੂੰ ਛੂੰਹਦੀ ਹੋਇਆ ਚਲਦੀ ਹੈ, ਸਾਰੇ ਸਰੀਰ ਵਿਚ ਨਿਰੰਤਰ ਪ੍ਰਵਾਹਿਤ ਹੁੰਦੀ ਰਹਿੰਦੀ ਹੈ। ਇਸੀ ਤ੍ਰਿਕੋਣ ਯੋਨੀ ਮੰਡਲ ਵਿਚ ਇਕ ਅਤੀ ਸੂਖਸ਼ਮ ਬਿਜਲੀ ਵਰਗੀ ਅਦਭੁੱਤ ਦਿਬਯ-ਸ਼ਕਤੀ ਵਾਲੀ ਨਾੜੀ ਲਿਪਟੀ ਹੋਈ ਹੈ। ਇਸ ਦਾ ਦ੍ਰਿਸ਼ਟਾਂਤ ਇਕ ਐਸੀ ਸਰਪਣੀ ਨਾਲ ਦੇ ਸਕਦੇ ਹਾਂ ਜੋ ਸਾਢੇ ਤਿੰਨ ਲਪੇਟ ਖਾਏ ਹੋਏ ਆਪਣੀ ਪੂੰਛ ਨੂੰ ਮੁੱਖ ਵਿਚ ਦਬਾ ਕੇ ਸੰਖ ਦੇ ਆਕਾਰ ਵਰਗੀ ਹੋ ਕੇ ਸੌਂ ਰਹੀ ਹੈ। ਇਸੀ ਨੂੰ ਕੁੰਡਲਨੀ ਸ਼ਕਤੀ ਕਹਿੰਦੇ ਹਨ। ਇਹ ਨਾੜੀ ਬਿਨਾਂ ਪ੍ਰਯੋਗ ਦੇ ਸੁੱਤੀ ਪਈ ਰਹਿੰਦੀ ਹੈ। ਇਸ ਦਾ ਸਰੀਰ ਸਬੰਧੀ ਕੋਈ ਕੰਮ ਬਾਹਰੀ ਦ੍ਰਿਸ਼ਟੀ ਨਾਲ ਹੁੰਦਾ ਪ੍ਰਤੀਤ ਨਹੀਂ ਦਿੰਦਾ। ਇਸੀ ਕਾਰਣ ਪਾਸ਼ਚਾਤਯ (ਪੱਛਮੀ) ਸਰੀਰ ਸਾਸ਼ਤਰ ਦੇ ਵਿਦਵਾਨ (**Physiologist**) ਹੁਣ ਤਕ ਇਸ ਦਾ ਕੁਛ ਪਤਾ ਨਹੀਂ ਲਗਾ ਸਕੇ, ਪਰੰਤੂ ਪ੍ਰਾਚੀਨ, ਯੂਨਾਨ, ਰੋਮ ਆਦਿ ਦੇਸ਼ਾਂ ਦੇ ਤੱਤਵੇਤਾ ਇਸ ਗੱਲ ਤੋਂ ਜਾਣੂੰ ਸਨ ਕਿ ਭਾਰਤ ਵਰਸ਼ ਤੋਂ ਸਾਰੀਆਂ ਵਿਦਿਆਵਾਂ ਦਾ ਪ੍ਰਕਾਸ਼ ਫੈਲਿਆ ਸੀ। ਅਫਲਾਤੂ (**Plato**) ਅਤੇ ਪਾਇਥਾਗੋਰਸ (**Pythogorus**) ਵਰਗੇ ਆਤਮ ਦਰਸ਼ੀ ਵਿਦਵਾਨਾਂ ਦੇ ਲੇਖਾਂ ਵਿਚ ਇਸ ਦਾ ਇਸ ਪ੍ਰਕਾਰ ਸੰਕੇਤ ਪਾਇਆ ਜਾਂਦਾ ਹੈ ਕਿ ਨਾਭੀ ਦੇ ਕੋਲ ਇਕ ਐਸੀ ਅਦਭੁੱਤ ਸ਼ਕਤੀ ਵਿਦਮਾਨ ਹੈ, ਜੋ ਮਸਤਕ ਦੀ ਪ੍ਰਭੁਤਾ ਅਰਥਾਤ ਬੁੱਧੀ ਦੇ ਪ੍ਰਕਾਸ਼ ਨੂੰ ਉਜਵਲ ਕਰ ਦਿੰਦੀ ਹੈ ਅਤੇ ਜਿਸ ਨਾਲ ਮਨੁੱਖ ਦੇ ਅੰਦਰ ਦਿਬਯ ਸ਼ਕਤੀਆਂ ਪ੍ਰਗਟ ਹੋਣ ਲਗਦੀਆਂ ਹਨ।

ਇਸ ਤਰ੍ਹਾਂ ਯੋਗ ਸਾਧਨਾ ਕਰਕੇ ਪ੍ਰਾਣ ਸ਼ਕਤੀ ਨੂੰ ਮੂਲਧਾਰ ਚੱਕਰ ਤੋਂ ਉਚਾ ਉਠ ਕੇ ਦਸਵੇਂ ਦੁਆਰ ਤਕ ਪਹੁੰਚਿਆ ਜਾਂਦਾ ਹੈ ਅਤੇ ਇਥੇ ਤਿੰਨ ਪ੍ਰਕਾਰ ਦੀਆਂ ਸਮਾਧੀਆਂ ਵਿਸ਼ੇਸ਼ ਹਨ। ਪਹਿਲੀ ਸੰਪਰਗਿਆਤ ਸਮਾਧੀ ਕਹਾਉਂਦੀ ਹੈ। ਇਸ ਵਿਚ ਸ਼ਬਦ ਸਹਿਤ ਸਮਾਧੀ ਹੁੰਦੀ ਹੈ। ਦੂਸਰੀ ਨੂੰ ਅਸੰਪਰਗਿਆਤ ਕਹਿੰਦੇ ਹਨ। ਇਸ ਵਿਚ ਧੇਅ ਦਾ ਰੂਪ ਹੋ ਕੇ ਸਮਾਧੀ ਲੱਗਿਆ ਕਰਦੀ ਹੈ ਲੇਕਿਨ ਹੌਲੀ-ਹੌਲੀ ਧੇਅ ਵੀ ਅਲੋਪ ਹੋ ਜਾਂਦਾ ਹੈ ਅਤੇ ਆਪ ਹੀ ਧੇਅ ਬਣ ਕੇ ਸਮਾਧਿਤ ਹੁੰਦਾ ਹੈ। ਇਸਨੂੰ ਰਾਜਮੇਘ ਸਮਾਧੀ ਸਹਿਜ ਸਮਾਧ ਆਖਦੇ ਹਨ। ਇਸ ਦਾ ਮਤਲਬ ਇਹ ਹੁੰਦਾ ਹੈ ਕਿ ਜੀਵ ਹੌਲੀ-ਹੌਲੀ ਤਰੱਕੀ ਕਰਦੇ ਕਰਦੇ ਆਪਣੇ ਧੇਅ ਪ੍ਰਭੂ ਵਿਚ ਲੀਨਤਾ ਪ੍ਰਾਪਤ ਕਰ ਲੈਂਦਾ ਹੈ, ਇਹ ਸਾਧਨ ਪਹਿਲੇ ਯੁੱਗਾਂ ਵਿਚ ਬਹੁਤ ਪ੍ਰਚਲਤ ਰਿਹਾ। ਅਸਾਡੇ ਪੂਰਵਜ ਵੀ ਗੁਰੂ ਘਰ ਨਾਲ ਸਬੰਧ ਰੱਖਣ ਵਾਲੇ ਜਿਨ੍ਹਾਂ ਦੇ ਅੰਦਰ ਵਿਸ਼ੇਸ਼ ਸ਼ੌਂਕ ਹੁੰਦਾ ਸੀ ਉਹ ਭੀ ਆਗਿਆ ਚੱਕਰ ਤੋਂ ਧਿਆਨ ਲਾਉਂਦੇ ਧਿਆਤਾ ਧਿਆਨ ਧੇਅ ਦੀ ਤ੍ਰਿਕੁਟੀ ਵਿਚੋਂ ਲੰਘਦੇ ਹੋਏ ਗਿਆਤਾ ਗਿਆਨ ਗੇਅ ਦਾ ਰੂਪ ਹੁੰਦੇ ਹੋਏ ਸਹੰਸਰਾਰ ਦੇ ਸ਼ਕਤੀਆਂ ਦੇ ਮੰਡਲ ਵਿਚੋਂ ਉਚਾ ਉਠ ਕੇ ਪ੍ਰਭੂ ਦਾ ਰੂਪ ਹੀ ਹੋ ਜਾਇਆ ਕਰਦੇ ਸਨ। ਸੋ ਰਾਜ ਯੋਗ ਬਹੁਤ ਸਮੇਂ ਤਕ ਇਕ ਪ੍ਰਸਿੱਧ ਮਾਰਗ ਰਿਹਾ ਜਿਸ ਵਿਚ ਸਮ, ਦਮ, ਆਸਣ, ਪ੍ਰਾਣਾਯਾਮ, ਪ੍ਰਤਿਹਾਰ, ਧਾਰਨਾ, ਧਿਆਨ, ਸਮਾਧੀ ਦੇ ਅੱਠ ਅੰਗ ਪਾਲਣ ਕਰਦਿਆਂ ਆਪਣੀ ਕਲਿਆਣ ਲੋਚਦੇ ਸਨ। ਇਸ ਤੋਂ ਵੀ ਵਿਲੱਖਣ ਇਕ ਹੋਰ ਮਾਰਗ ਹੱਠ ਯੋਗ ਦਾ ਪ੍ਰਚਲਤ ਸੀ, ਬਹੁਤ ਸਾਰੇ ਹੋਰ ਯੋਗ ਵੀ

ਪ੍ਰਚਲਤ ਸਨ। ਜਿਨ੍ਹਾਂ ਵਿਚ 'ਲੈਅ' ਯੋਗ ਸੀ ਜਿਸ ਵਿਚ ਮਨ ਦੀਆਂ ਪੰਜੇ ਬਿਰਤੀਆਂ ਨੂੰ ਲੈ ਕੇ ਇਕਾਗਰ ਕਰਨਾ, ਦੂਜਾ ਮੰਤਰ ਯੋਗ ਗੁਰੂ ਤੋਂ ਮੰਤਰ ਲੈ ਕੇ ਆਪਣਾ ਚਿਤ ਜੋੜਨਾ ਜਿਵੇਂ ਕਿ ਮੂਲਮੰਤਰ ਨਾਲ ਆਪਣੀ ਬਿਰਤੀ ਜੋੜਨੀ। ਤੀਸਰਾ ਹਠ ਯੋਗ ਸੀ ਇਸ ਵਿਚ ਪ੍ਰਾਣਾਯਾਮ ਦਾ ਸਾਧਨ ਪ੍ਰਧਾਨ ਸੀ। ਰੇਚਕ, ਪੂਰਕ, ਕੁੰਭਕ ਕਰਦੇ ਹੋਏ ਪ੍ਰਾਣ ਦਸਵੇਂ ਦੁਆਰ ਵਿਚ ਚਾੜ੍ਹੇ ਜਾਂਦੇ ਸਨ। ਚੌਥਾ ਗਿਆਨ ਯੋਗ ਸੀ, ਵੇਦਾਂ, ਸਾਸ਼ਤਰਾਂ ਅਤੇ ਮਹਾਂਪੁਰਸ਼ ਦੇ ਸ਼ੁਭ ਬਚਨਾਂ ਰਾਹੀਂ ਪ੍ਰਾਪਤ ਹੋਏ ਗਿਆਨ ਉਤੇ ਪੂਰਨ ਨਿਸ਼ਚਾ ਰੱਖ ਕੇ ਆਪਣੀ ਬਿਰਤੀ ਨੂੰ ਜੋੜ ਕੇ ਭਾਵ ਰੂਪ ਵਿਚ ਆਪਣੀ ਦ੍ਵੈਤ ਖਤਮ ਕਰਨੀ। ਪੰਜਵਾਂ ਰਾਜ ਯੋਗ ਜੋ ਗ੍ਰਹਿਸਤ ਵਿਚ ਰਹਿ ਕੇ ਵੀ ਕੀਤਾ ਜਾ ਸਕਦਾ ਸੀ ਜਿਸ ਬਾਰੇ ਪਹਿਲਾਂ ਜ਼ਿਕਰ ਕੀਤਾ ਜਾ ਚੁਕਿਆ ਹੈ। ਇਸ ਤਰ੍ਹਾਂ ਪ੍ਰਕਾਸ਼ ਰੂਪ ਪ੍ਰਭੂ ਨੂੰ ਜੋਤੀ ਸਰੂਪ ਜਾਣ ਕੇ ਆਪਣੀ ਬਿਰਤੀ ਲੈਅ ਕਰਨੀ। ਭਗਤ ਯੋਗ ਜੋ ਗ੍ਰਹਿਸਤ ਵਿਚ ਸਹਿਜੇ ਹੀ ਕੀਤਾ ਜਾ ਸਕਦਾ ਹੈ। ਇਸ ਨੂੰ ਗੁਰੂ ਮਹਾਰਾਜ ਜੀ ਨੇ ਸ੍ਰੇਸ਼ਟ ਆਖਿਆ ਹੈ ਕਿਉਂਕਿ ਇਹ ਖਾਂਦੇ ਪੀਂਦੇ, ਪਹਿਨਦੇ, ਬੱਚੇ ਪਾਲਦੇ, ਬਿਜਨਸ ਕਰਦੇ, ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਵੀ ਕੀਤਾ ਜਾ ਸਕਦਾ ਹੈ। ਇਹ ਭਗਤ ਯੋਗ ਨੌਂ ਪ੍ਰਕਾਰ ਦਾ ਹੁੰਦਾ ਹੈ। ਇਸ ਵਿਚੋਂ ਜੇ ਇਕ ਪ੍ਰਕਾਰ ਦਾ ਵੀ ਪ੍ਰਾਪਤ ਹੋ ਜਾਵੇ ਤਾਂ ਵੀ ਪ੍ਰਭੂ ਦੇ ਦਰ ਤੇ ਪਹੁੰਚਿਆ ਜਾ ਸਕਦਾ ਹੈ। ਸੱਤਵਾਂ ਅਗਰ ਭਤ੍ਰ ਯੋਗ ਕਹਾਉਂਦਾ ਹੈ ਜਿਸ ਵਿਚ ਮੰਤਰ ਕੋਈ ਨਹੀਂ ਹੁੰਦਾ, ਕੇਵਲ ਫੋਕਾ **meditation** ਬਿਨਾਂ ਮੰਤਰ ਤੋਂ ਹੁੰਦਾ ਹੈ। ਇਹ ਇਕ ਤਰ੍ਹਾਂ ਦਾ ਤ੍ਰਾਟਕ ਹੀ ਹੁੰਦਾ ਹੈ, ਬਿਨਾਂ ਮੰਤਰ ਤੋਂ ਪ੍ਰਾਣਾਯਾਮ ਰਾਹੀਂ ਪ੍ਰਾਣ ਚੜ੍ਹਾਵੇ। ਇਕ ਮਾਨਸਿਕ ਕਸਰਤ ਹੈ। ਅੱਠਵਾਂ ਸਗਰ ਭਰਤ ਯੋਗ ਕਹਾਉਂਦਾ ਹੈ ਜਿਸ ਵਿਚ ਮੰਤਰ ਸਹਿਤ ਪ੍ਰਾਣਾਯਾਮ ਕਿਹਾ ਜਾਂਦਾ ਹੈ। ਜੇ ਆਪਾਂ ਯੋਗਾਂ ਦੀ ਗਿਣਤੀ ਕਰੀਏ ਤਾਂ ਬਹੁਤ ਕਿਸਮ ਦੇ ਯੋਗ ਭਾਰਤ ਵਿਚ ਪ੍ਰਚਲਤ ਸਨ ਅਤੇ ਸਿਆਣਿਆਂ ਨੇ ਬਹੁਤ ਲੰਮੀ ਗਿਣਤੀ ਵੀ ਗਿਣੀ ਹੈ। ਕਈ 64 ਕਿਸਮ ਦੇ ਯੋਗ ਆਖਦੇ ਹਨ। ਕਈ ਮਹਾਂਪੁਰਸ਼ 45 ਕਿਸਮ ਦੇ ਯੋਗ ਆਖਦੇ ਹਨ। ਯੋਗ ਦਾ ਅਰਥ ਜੁੜਨਾ ਹੋਇਆ ਕਰਦਾ ਹੈ। ਚਿਤ ਬਿਰਤੀਆਂ ਨੂੰ ਇਕਾਗਰ ਕਰਕੇ ਧੇਅ ਵਿਚ ਜੋੜਨ ਦਾ ਨਾਮ ਯੋਗ ਹੈ। ਜੇ ਅਸੀਂ ਯੋਗ ਦੀ ਗਿਣਤੀ ਕਰੀਏ ਤਾਂ ਰਾਜ ਯੋਗ, ਹੱਠ ਯੋਗ, ਗਿਆਨ ਯੋਗ, ਕਰਮ ਯੋਗ, ਭਗਤ ਯੋਗ, ਜਪ ਯੋਗ, ਲੈਅ ਯੋਗ, ਮੰਤਰ ਯੋਗ, ਸ਼ਬਦ ਯੋਗ, ਪ੍ਰਾਣ ਯੋਗ, ਹੰਸ ਯੋਗ, ਤੰਤ੍ਰ ਯੋਗ, ਧਿਆਨ ਯੋਗ, ਭ੍ਰਿਗੂ ਯੋਗ, ਸ਼ਿਵ ਯੋਗ, ਪਾਸ਼ਪਤ ਯੋਗ, ਪ੍ਰੇਮ ਯੋਗ, ਅਨਾਸ਼ਕਤ ਯੋਗ, ਬ੍ਰਹਮ ਯੋਗ, ਸਮਾਧ ਯੋਗ, ਨਾਮ ਕੀਰਤਨ ਯੋਗ, ਤਾਰਕ ਯੋਗ, ਪ੍ਰਸ਼ੋਤਮ ਯੋਗ, ਪ੍ਰਕ੍ਰਿਤੀ ਯੋਗ, ਭਾਵ ਯੋਗ, ਅਭਾਵ ਯੋਗ, ਸਪਰਸ਼ ਯੋਗ, ਅਸਪਰਸ਼ ਯੋਗ, ਬੁੱਧੀ ਯੋਗ, ਕ੍ਰਿਆ ਯੋਗ, ਵਿਗਿਆਨ ਯੋਗ, ਗ੍ਰਹਿਸਥ ਯੋਗ, ਪਤਿਬ੍ਰਤ ਯੋਗ, ਸਾਂਖ ਯੋਗ, ਕੁੰਡਲਨੀ ਯੋਗ, ਸੁਸ਼ਿਪਤ ਯੋਗ, ਸੁਪਨ ਯੋਗ, ਚਿੱਤ ਯੋਗ, ਇੱਛਾ ਯੋਗ, ਮਾਨਸ ਯੋਗ, ਗਿਆਨ ਇੰਦ੍ਰੇ ਯੋਗ, ਕਰਮ ਇੰਦ੍ਰੇ ਯੋਗ ਆਦਿ ਬੇਅੰਤ ਕਿਸਮ ਦੇ ਯੋਗ ਵਿਦਵਾਨਾਂ, ਮਹਾਂਪੁਰਸ਼ਾਂ ਦੇ ਦੱਸੇ ਹੋਏ ਪ੍ਰਚਲਤ ਹਨ ਇਨ੍ਹਾਂ ਵਿਚੋਂ ਹਠ ਯੋਗ ਦਾ ਕਾਫੀ ਜ਼ੋਰ ਰਿਹਾ ਹੈ, ਇਹ ਯੋਗ ਆਮ ਕਰਕੇ ਸਿੱਧ ਨਾਥ ਕਰਿਆ ਕਰਦੇ ਸਨ। ਇਸੇ ਤਰ੍ਹਾਂ ਨਾਲ ਬਹੁਤ ਸਾਰੀਆਂ ਜਪ ਕਰਨ ਦੀਆਂ ਵਿਧੀਆਂ ਪ੍ਰਚਲਤ ਸਨ, ਉਹ ਵੱਖੋ-ਵੱਖ ਲਕਸ਼ ਪ੍ਰਾਪਤ ਕਰਨ, ਵੱਖ-ਵੱਖ ਕਿਸਮਾਂ ਨਾਲ ਜਪ ਕੀਤੇ ਜਾਇਆ ਕਰਦੇ ਸਨ।

ਸੰਕਟਮੋਚਨ ਲਈ ਖਾਸ ਕਿਸਮ ਦੇ ਮੰਤਰ ਜਾਂ ਗੁਰੂ ਦੀ ਬਾਣੀ ਵਿਚੋਂ ਸ਼ਬਦ ਲੈ ਕੇ ਖਾਸ ਗਿਣਤੀ ਨਾਲ ਜਪ ਕਰਨਾ। ਸਮੇਂ ਦਾ ਵਿਧਾਨ ਵੱਖਰਾ-ਵੱਖਰਾ ਹੋਇਆ ਕਰਦਾ ਸੀ। ਕੋਈ ਸ਼ਬਦ ਅੰਮ੍ਰਿਤ ਵੇਲੇ ਕੀਤਾ ਜਾਂਦਾ ਸੀ, ਕੋਈ ਪਹਿਰ ਦੇ ਤੜਕੇ ਖਤਮ ਕਰਕੇ ਜਾਪ ਕੀਤਾ ਜਾਂਦਾ ਸੀ, ਕੋਈ ਸ਼ਬਦ ਰਾਤ ਦੇ 12 ਵਜੇ ਤੋਂ ਸ਼ੁਰੂ ਕਰਕੇ ਬ੍ਰਹਮ ਮਹੂਰਤ ਤੋਂ ਪਹਿਲਾਂ ਪਹਿਲਾਂ ਕੀਤਾ ਜਾਂਦਾ ਸੀ। ਕਈ ਪਹਿਲੀ ਰਾਤ ਵਿਚ ਜਪੇ ਜਾਂਦੇ ਸਨ ਉਨ੍ਹਾਂ ਦੀ ਗਿਣਤੀ ਉਨ੍ਹਾਂ ਦੇ ਸਥਾਨ ਵੀ ਅੱਡ-ਅੱਡ ਹੋਇਆ ਕਰਦੇ ਸਨ। ਕੋਈ ਘਰ ਵਿਚ ਜਪਿਆ ਜਾਂਦਾ ਸੀ, ਕੋਈ ਕਿਸੇ ਖੂਹ ਵਗੈਰਾ ਤੇ ਜਾ ਕੇ, ਕੋਈ ਵਗਦੇ ਪਾਣੀ ਦੇ ਕੰਢੇ ਨਹਿਰ, ਨਦੀ ਦੇ ਕੰਢੇ ਤੇ ਜਾ ਕੇ, ਕੋਈ ਮੜ੍ਹੀਆਂ ਮਸਾਣੀਆਂ ਵਿਚ, ਕੋਈ ਉਜਾੜ ਥਾਵਾਂ ਵਿਚ ਵੱਖ-ਵੱਖ ਵਿਧੀਆਂ ਨਾਲ ਜਪੇ ਜਾਂਦੇ ਸਨ। ਕੋਈ ਚੁਰਾਹੇ ਵਿਚ ਬੈਠ ਕੇ, ਕੋਈ ਕਿਸੇ ਖਾਸ ਦਰਖਤ ਥੱਲੇ ਬੈਠ ਕੇ, ਕੋਈ ਪਾਣੀ ਵਿਚ ਖੜ੍ਹੇ ਹੋ ਕੇ, ਕੋਈ ਇਕ ਲੱਤ ਦੇ ਭਾਰ ਖੜ੍ਹੇ ਹੋ ਕੇ, ਕੋਈ ਪੁੱਠੇ ਲਟਕ ਕੇ ਜਪੇ ਜਾਇਆ ਕਰਦੇ ਸਨ। ਇਨ੍ਹਾਂ ਵਿਚੋਂ ਮਸ਼ਹੂਰ ਜਾਪ ਜੋ ਆਪਣੇ ਭਲੇ ਨਾਲ ਸਬੰਧ ਰਖਦੇ ਸਨ ਉਨ੍ਹਾਂ ਵਿਚੋਂ ਸੰਕਟ ਮੋਚਨ, ਸ਼ਤਰੂ ਦਮਨ, ਕਲਿਆਣਕਾਰੀ, ਸਵੈ ਅਧਿਆਇ, ਸ੍ਵਸਤੀ ਵਾਚਨ, ਈਸ਼ਟ ਸਿੱਧੀ, ਕਾਮਯ ਕਲਪ, ਪਾਪ ਦੂਰ ਕਰਨ ਵਾਲੇ ਅੱਗ ਵਰਖਨ ਅਤੇ ਉਪਾਂਸੂ ਹੋਇਆ ਕਰਦਾ ਸੀ ਅਤੇ ਇਨ੍ਹਾਂ ਨੂੰ ਸਿੱਧ ਕਰਨ ਲਈ ਤਿੰਨ ਕਿਸਮ ਦੇ ਤਪ ਰਾਜਸੀ ਤਪ, ਤਾਂਮਸੀ ਤਪ, ਸਾਂਤਕੀ ਤਪ ਕੀਤੇ ਜਾਇਆ ਕਰਦੇ ਸਨ। ਇਨ੍ਹਾਂ ਜਾਪਾਂ ਨੂੰ ਗੁਰਮਤਿ ਬਿਲਕੁਲ ਹੀ ਪ੍ਰਵਾਨ ਨਹੀਂ ਕਰਦੀ ਕਿਉਂਕਿ ਇਹ ਇਕ ਤਰ੍ਹਾਂ ਨਾਲ ਰਿਧੀਆਂ ਸਿਧੀਆਂ ਅਤੇ ਆਪਣੇ ਨਿਜ ਲਈ ਫਲਾਂ ਦੀ ਪ੍ਰਾਪਤੀ ਨਾਲ ਸਬੰਧ ਰਖਦੇ ਸਨ। ਹਠ ਯੋਗ ਅਤੇ ਇਹ ਜਪ ਤਪ ਅਨੇਕ ਕਿਸਮ ਦੇ ਸਾਧਨ ਆਮ ਤੌਰ ਤੇ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਲਈ ਕੀਤੇ ਜਾਇਆ ਕਰਦੇ ਸਨ। ਸਿਧੀਆਂ ਦੀ ਗਿਣਤੀ 18 ਗਿਣੀ ਜਾਂਦੀ ਹੈ। ਵੈਸੇ ਤਾਂ ਬਹੁਤ ਤਰ੍ਹਾਂ ਦੀਆਂ ਸਿਧੀਆਂ ਹਨ ਪਰ 18 ਮੰਨੀਆਂ ਹੋਈਆਂ ਹਨ।

1. **ਅਣਿਮਾ ਸਿੱਧੀ** – ਪ੍ਰਮਾਣੂ ਦਾ ਰੂਪ ਧਾਰ ਕੇ ਹਰ ਥਾਂ ਵਿਚ ਪ੍ਰਵੇਸ਼ ਕਰ ਲੈਣਾ। ਇਤਿਹਾਸ ਵਿਚ ਬਹੁਤ ਥਾਂ ਜ਼ਿਕਰ ਆਉਂਦਾ ਹੈ ਕਿ ਜਦੋਂ ਸਿੱਧ ਨਾਥ ਗੁਰੂ ਮਹਾਰਾਜ

ਜੀ ਨਾਲ ਭੇਂਟ ਕਰਦੇ ਸਨ ਤਾਂ ਅਧਿਆਤਮਕ ਵਿਚਾਰ ਤਾਂ ਬਹੁਤ ਹੀ ਘੱਟ ਕਰਦੇ ਸਨ, ਉਸ ਦੀ ਥਾਂ ਸਿੱਧੀਆਂ ਦੇ ਮੁਕਾਬਲੇ ਬਹੁਤ ਕਰਿਆ ਕਰਦੇ ਸਨ। ਭਾਈ ਗੁਰਦਾਸ ਜੀ ਨੇ ਇਸ ਦੇ ਬਾਰੇ ਅੰਕਿਤ ਕੀਤਾ ਹੈ –

*ਇਹਿ ਸੁਣਿ ਬਚਨ ਜੋਗੀਸਰਾ*
*ਮਾਰਿ ਕਿਲਕ ਬਹੁ ਰੂਇ ਉਠਾਈ।*
*ਖਟਿ ਦਰਸਨ ਕਉ ਖੇਦਿਆ*
*ਕਲਿਜੁਗਿ ਨਾਨਕ ਬੇਦੀ ਆਈ।*
*ਸਿਧਿ ਬੋਲਨਿ ਸਭਿ ਅਵਖਧੀਆਂ*
*ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।*
*ਰੂਪ ਵਟਾਏ ਜੋਗੀਆਂ*
*ਸਿੰਘ ਬਾਘਿ ਬਹੁ ਚਲਿਤ ਦਿਖਾਈ।*
*ਇਕਿ ਪਰਿ ਕਰਿ ਕੈ ਉਡਰਨਿ*
*ਪੰਖੀ ਜਿਵੈ ਰਹੇ ਲੀਲਾਈ।*
*ਇਕਨਾ ਨਾਗ ਹੋਇ ਪਉਣ ਛੋੜਿਆ*
*ਇਕਨਾ ਵਰਖਾ ਅਗਨਿ ਵਸਾਈ।*
*ਤਾਰੇ ਤੋੜੇ ਭੰਗਰਿਨਾਥ ਇਕ ਚੜਿ*
*ਮਿਰਗਾਨੀ ਜਲੁ ਤਰਿ ਜਾਈ।*
*ਸਿਧਾਂ ਅਗਨਿ ਨ ਬੁਝੈ ਬੁਝਾਈ॥*
*ਭਾਈ ਗੁਰਦਾਸ ਜੀ, ਵਾਰ 1/41*

ਸੋ ਸਿੱਧੀਆਂ 18 ਕਿਸਮ ਦੀਆਂ ਪ੍ਰਵਾਨ ਹਨ ਜਿਨ੍ਹਾਂ ਵਿਚ ਅਣਮਾ ਪ੍ਰਮਾਣੂ ਦਾ ਰੂਪ ਧਾਰ ਕੇ ਕਿਸੇ ਦੀ ਨਿਗ੍ਹਾ ਵਿਚ ਨਾ ਆਉਣਾ।

2. ਦੂਸਰੀ **ਮਹਿਮਾ ਸਿੱਧੀ** ਹੋਇਆ ਕਰਦੀ ਹੈ। ਆਪਣੇ ਸਰੀਰ ਨੂੰ ਐਡਾ ਵੱਡਾ ਬਣਾ ਲੈਣਾ ਜਿਸ ਤਰ੍ਹਾਂ ਦੇ ਨਾਲ ਬਲ ਰਾਜੇ ਨੂੰ ਛਲਣ ਆਏ ਭਗਵਾਨ ਨੇ ਢਾਈ ਕਰਮਾਂ ਧਰਤੀ ਮੰਗ ਕੇ ਆਪਣਾ ਤਨ ਐਡਾ ਵੱਡਾ ਬਣਾ ਲਿਆ ਕਿ ਸਾਰੀ ਧਰਤੀ ਦੋ ਕਦਮਾਂ ਵਿਚ ਮਿਣ ਲਈ।

*ਬਲਿ ਰਾਜਾ ਘਰਿ ਆਪਣੈ*
*ਅੰਦਰਿ ਬੈਠਾ ਜਗੁ ਕਰਾਵੈ।*
*ਬਾਵਨ ਰੂਪੀ ਆਇਆ*
*ਚਾਰਿ ਵੇਦ ਮੁਖਿ ਪਾਠ ਸੁਣਾਵੈ।*
*ਰਾਜੇ ਅੰਦਰਿ ਸਦਿਆ*
*ਮੰਗ ਸੁਆਮੀ ਜੋ ਤੁਧ ਭਾਵੈ।*
*ਅਛਲੁ ਛਲਣਿ ਤੁਧੁ ਆਇਆ*
*ਸੁਕ੍ਰ ਪਰੋਹਿਤੁ ਕਹਿ ਸਮਝਾਵੈ।*
*ਕਰਉ ਅਢਾਈ ਧਰਤਿ ਮੰਗਿ*
*ਪਿਛਹੁ ਦੇ ਤ੍ਰਿਹੁ ਲੋਅ ਨ ਮਾਵੈ।*
*ਦੁਇ ਕਰਵਾਂ ਕਰਿ ਤਿੰਨ ਲੋਅ*
*ਬਲਿ ਰਾਜਾ ਲੈ ਮਗਰੁ ਮਿਣਾਵੈ।*
*ਬਲਿ ਛਲਿ ਆਪੁ ਛਲਾਇਅਨੁ*
*ਹੋਇ ਦਇਆਲੁ ਮਿਲੈ ਗਲਿ ਲਾਵੈ।*
*ਦਿਤਾ ਰਾਜੁ ਪਤਾਲ ਦਾ*
*ਹੋਇ ਅਧੀਨੁ ਭਗਤਿ ਜਸੁ ਗਾਵੈ।*
*ਹੋਇ ਦਰਵਾਨ ਮਹਾਂ ਸੁਖੁ ਪਾਵੈ॥*
*ਭਾਈ ਗੁਰਦਾਸ ਜੀ, ਵਾਰ 10/3*

3. ਤੀਸਰੀ **ਗਰਿਮਾ ਸਿੱਧੀ** ਹੋਇਆ ਕਰਦੀ ਹੈ ਉਹ ਹੈ ਕਿ ਐਨਾ ਬਲੀ ਹੋ ਜਾਣਾ ਕਿ ਕਿਸੇ ਤੋਂ ਉਸ ਦੇ ਸਰੀਰ ਦਾ ਇਕ ਅੰਗ ਵੀ ਹਿੱਲਾ ਨਾ ਹੋਣਾ ਜਿਵੇਂ ਅੰਗਦ ਨੇ ਲੰਕਾ ਦੇ ਯੁੱਧ ਸਮੇਂ ਆਪਣਾ ਪੈਰ ਰੱਖ ਦਿਤਾ ਪਰ ਕਿਸੇ ਤੋਂ ਵੀ ਪੈਰ ਨਾ ਚੁਕ ਹੋਇਆ।

4. **ਲਘਿਮਾ ਸਿੱਧੀ** ਹੈ ਭਾਰੀ ਦੇਹ ਤੋਂ ਹਲਕੀ ਫੁਲਕੀ ਦੇਹ ਬਣਾ ਲੈਣੀ।

5. **ਪ੍ਰਾਪ੍ਤਿ ਸਿੱਧੀ** ਅਨੁਸਾਰ ਜਿਸ ਚੀਜ਼ ਦੀ ਇਛਿਆ ਧਾਰਨ ਕਰੋ ਓਹੀ ਪ੍ਰਾਪਤ ਹੋ ਜਾਂਦੀ ਹੈ।

6. **ਪ੍ਰਾਕਾਮਜ ਸਿੱਧੀ**–ਸਾਰਿਆਂ ਦੇ ਮਨ ਦੀ ਜਾਣ ਲੈਣੀ।

7. **ਈਸ਼ਿਤਾ ਸਿੱਧੀ** – ਸਭ ਨੂੰ ਪ੍ਰੇਰਨਾ ਕਰਕੇ ਆਪਣੀ ਮਨ ਇੱਛਤ ਚੀਜ਼ ਹਾਸਲ ਕਰ ਲੈਣੀ।

8. **ਵਸ਼ਿਤਾ** ਹੈ ਸਭ ਨੂੰ ਆਪਣੀ ਆਗਿਆ ਵਿਚ ਕਰ ਲੈਣਾ। ਪੂਰੀ ਤਰ੍ਹਾਂ ਕਾਬੂ ਕਰ ਲੈਣਾ।

9. **ਅਨੂਰਮਿ** ਇਸ ਵਿਚ ਭੁੱਖ ਪਿਆਸ ਆਦਿ ਸਾਰੀਆਂ ਵਾਸਨਾਵਾਂ ਨੂੰ ਕਾਬੂ ਕਰ ਲੈਣਾ ਅਤੇ ਮਹੀਨਿਆ ਬੱਧੀ ਨਾ ਕੁਝ ਖਾਣਾ, ਨਾ ਪੀਣਾ, ਗੁਫਾਵਾਂ ਵਿਚ ਬੈਠ ਜਾਣਾ, ਭੁੱਖ ਤ੍ਰੇਹ ਨੂੰ ਕਾਬੂ ਕਰ ਲੈਣਾ।

10. **ਦੂਰ ਸਰਵਣ** – ਦੂਰ ਬੈਠਿਆਂ ਹੀ ਜਿਸ ਦੀ ਵੀ ਚਾਹੇ ਸਾਰੀ ਗੱਲ ਸੁਣ ਲੈਣੀ।

11. **ਦੂਰ ਦਰਸ਼ਨ** – ਦੂਰ ਬੈਠਿਆਂ ਹੀ ਆਪਣੇ ਨੇਤਰਾਂ ਨਾਲ ਦੇਖ ਲੈਣਾ। ਜੇ ਕੋਈ ਆਪਣੇ ਵਲ ਚਲਿਆ ਆਉਂਦਾ ਹੈ ਉਸ ਨੂੰ ਦੂਰ ਆਉਂਦੇ ਨੂੰ ਦੇਖ ਕੇ ਪਹਿਲਾਂ ਹੀ ਸਾਰਾ ਪ੍ਰਬੰਧ ਕਰ ਲੈਣਾ। ਦੂਰ ਦੇ ਨਜ਼ਾਰੇ ਆਪਣੀਆਂ ਅੱਖਾਂ ਨਾਲ ਵੇਖਣੇ।

ਇਸ ਦੇ ਬਾਰੇ ਇਕ ਕਥਾ ਹੈ ਕਿ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਇਕ ਦਿਨ ਲਾਂਗਰੀ ਸਿੰਘ ਨੂੰ ਕਹਿਣ ਲੱਗੇ ਕਿ ਅੱਜ ਇਕ ਹਜ਼ਾਰ ਪ੍ਰਾਣੀ ਦਾ ਲੰਗਰ ਤਿਆਰ ਕਰਨਾ ਹੈ। ਕੜਾਹ ਪ੍ਰਸ਼ਾਦ ਬਣਾਉਣਾ ਹੈ। ਉਸ ਵੇਲੇ ਲਾਂਗਰੀ ਸਿੰਘ ਨੇ ਅਰਜ਼ ਕੀਤੀ ਕਿ ਮਹਾਰਾਜ! ਲੰਗਰ ਵਿਚ ਘੀ ਜਦੋਂ ਨਵਾਂ ਆਵੇਗਾ ਉਸ ਵੇਲੇ ਹੀ ਪ੍ਰਸ਼ਾਦ ਬਣ ਸਕਦਾ ਹੈ ਤਾਂ ਬਾਬਾ ਜੀ ਕਹਿਣ ਲੱਗੇ ਕਿ ਤੁਸੀਂ ਨਾਲ ਵਗਦੀ ਕਲਪਾਣੀ ਨਦੀ ਵਿਚੋਂ ਤਿੰਨ ਪੀਪੇ ਉਧਾਰੇ ਲੈ ਆਓ, ਜਦੋਂ ਆਪਣਾ ਘੀ ਆ ਜਾਵੇਗਾ ਫੇਰ ਵਾਪਸ ਕਰ ਦੇਣੇ। ਸੋ ਲਾਂਗਰੀਆਂ ਨੇ ਉਸੇ ਤਰ੍ਹਾਂ ਵੱਡੇ ਕੜਾਹਿਆਂ ਵਿਚ ਲੰਗਰ ਤਿਆਰ ਕਰਨਾ ਸ਼ੁਰੂ ਕਰ ਦਿਤਾ ਅਤੇ ਨਦੀ ਵਿਚੋਂ ਤਿੰਨ ਪੀਪੇ ਘੀ (ਪਾਣੀ) ਦੇ ਲਿਆ ਕੇ ਪ੍ਰਸ਼ਾਦ ਤਿਆਰ ਕਰ ਲਿਆ। ਦੁਪਹਿਰ ਹੋਣ ਤੇ ਇਕ ਪੂਰੀ ਫੌਜ ਬਾਬਾ ਜੀ ਦੇ ਦਰਸ਼ਨਾਂ ਨੂੰ ਆ ਗਈ। ਲੰਗਰ ਪਹਿਲਾਂ ਹੀ ਤਿਆਰ ਸੀ। ਸੋ

ਲੰਗਰ ਸਭ ਨੂੰ ਵਰਤਾ ਦਿਤਾ ਗਿਆ। ਜਦੋਂ ਲੰਗਰ ਵਰਤ ਗਿਆ ਇਕ ਪ੍ਰੇਮੀ ਤਿੰਨ ਪੀਪੇ ਘੀ ਦੇ ਲੈ ਕੇ ਆਇਆ ਅਤੇ ਉਸ ਨੇ ਬਾਬਾ ਜੀ ਨੂੰ ਆ ਕੇ ਬੇਨਤੀ ਕੀਤੀ ਕਿ ਬਾਬਾ ਜੀ ਨਦੀ ਬਹੁਤ ਚੜ੍ਹ ਗਈ ਸੀ ਇਸ ਕਰਕੇ ਖਿਮਾ ਕਰਨਾ ਮੈਂ ਸਮੇਂ ਸਿਰ ਨਾ ਆ ਸਕਿਆ। ਬਾਬਾ ਜੀ ਨੇ ਲੰਗਰ ਦੇ ਸ੍ਰੀ ਮਾਨ ਜੀ ਨੂੰ ਕਿਹਾ ਕਿ ਤੁਸੀਂ ਇਹ ਤਿੰਨ ਪੀਪੇ ਨਦੀ ਤੋਂ ਉਧਾਰੇ ਲਏ ਸੀ, ਜਾਓ ਵਾਪਸ ਕਰ ਆਓ।

ਇਕ ਵਾਰੀ ਇਸੇ ਤਰ੍ਹਾਂ ਮੇਰੇ ਨਾਲ ਵੀ ਹੋਇਆ ਮੈਂ ਚੰਡੀਗੜ੍ਹ ਤੋਂ ਸੰਤ ਮਹਾਰਾਜ ਜੀ ਦੇ ਦਰਸ਼ਨ ਕਰਨ ਦਾ ਫੁਰਨਾ ਬਣਾਇਆ ਅਤੇ ਸਵੇਰੇ ਹੀ 11 ਸੈਕਟਰ ਤੋਂ 17 ਸੈਕਟਰ ਬੱਸ ਸਟੈਂਡ ਤੇ ਮੈਂ ਪਹੁੰਚ ਗਿਆ। ਉਥੇ ਜਲੰਧਰ, ਲੁਧਿਆਣੇ ਜਾਣ ਵਾਲੀਆਂ ਬੱਸਾਂ ਦੀਆਂ ਬਹੁਤ ਵੱਡੀਆਂ ਲਾਇਨਾਂ ਲੱਗੀਆਂ ਹੋਈਆਂ ਸਨ। ਕੁਝ ਬੱਸਾਂ ਬੰਦ ਹੋਣ ਨਾਲ ਟਰੈਫਿਕ ਬਹੁਤ ਇਕੱਠਾ ਹੋਇਆ ਸੀ। ਮੈਨੂੰ ਲਾਈਨ ਵਿਚ ਖੜ੍ਹੇ ਨੂੰ ਸਾਢੇ ਨੌਂ ਵਜ ਗਏ, ਮੈਂ ਇਹ ਸੋਚ ਕੇ ਕਿ ਮੈਂ ਹੁਣ ਸੰਤ ਮਹਾਰਾਜ ਜੀ ਨੂੰ ਮਿਲ ਨਹੀਂ ਸਕਣਾ, ਮੈਂ ਆਪਣੇ ਘਰ ਵਲ ਨੂੰ ਵਾਪਸ ਤੁਰ ਪਿਆ। ਰਸਤੇ ਵਿਚ ਸੋਹਣਾ ਜਿਹਾ ਥਾਂ ਦੇਖ ਕੇ ਜੋ ਉਸ ਸਮੇਂ ਉਜਾੜ ਹੀ ਹੁੰਦਾ ਸੀ। ਉਥੇ ਇਕ ਡੂੰਘੇ ਨਾਲੇ ਦੇ ਕੰਢੇ ਇਕ ਸੰਘਣੇ ਦਰਖਤ ਥੱਲੇ ਬੈਠ ਗਿਆ। ਡੇਢ ਘੰਟੇ ਪਿਛੋਂ ਘਰ ਨੂੰ ਚੱਲਿਆ, ਜਦੋਂ ਮੈਂ ਅੰਦਰ ਵੜਨ ਲੱਗਿਆ ਉਸੇ ਸਮੇਂ ਰਾੜਾ ਸਾਹਿਬ ਤੋਂ ਜੀਪ ਆ ਗਈ ਜਿਸ ਨੂੰ ਬਹਾਦਰ ਸਿੰਘ ਚਲਾਇਆ ਕਰਦਾ ਸੀ। ਬਾਬੂ ਰਲਾ ਸਿੰਘ ਜੀ ਉਸ ਵਿਚੋਂ ਉਤਰੇ ਅਤੇ ਮੈਨੂੰ ਅਵਾਜ਼ ਦੇ ਕੇ ਕਹਿਣ ਲੱਗੇ ਕਿ ਹੁਣ ਤੁਸੀਂ ਅੰਦਰ ਨਾ ਜਾਵੋ, ਸੰਤ ਮਹਾਰਾਜ ਜੀ ਨੇ ਤੁਹਾਨੂੰ ਬੁਲਾਇਆ ਹੈ, ਇੰਨੇ ਨੂੰ ਦੋਨੋਂ ਪ੍ਰੇਮੀ ਅੰਦਰ ਆ ਗਏ, ਜਲ ਪਾਣੀ ਉਪਰੰਤ ਉਨ੍ਹਾਂ ਨੇ ਸਾਰੀ ਗੱਲ ਦਸੀ ਕਿ ਰਾਤ ਸੰਤ ਮਹਾਰਾਜ ਜੀ ਨੇ ਸਾਨੂੰ ਹੁਕਮ ਕੀਤਾ ਸੀ ਕਿ ਸਵੇਰੇ ਹੀ ਮੈਨੂੰ ਲੈ ਆਓ ਪਰ ਫੇਰ ਅਚਾਨਕ ਹੀ ਉਨ੍ਹਾਂ ਨੇ ਕਿਹਾ ਕਿ ਇੰਤਜ਼ਾਰ ਕਰੋ, ਫੇਰ ਸਾਢੇ ਨੌਂ ਵਜੇ ਦਿਨੇ ਹੁਕਮ ਦਿਤਾ ਕਿ ਜਾਓ ਹੁਣ ਲੈ ਕੇ ਆਓ। ਮੈਂ ਸਾਰੀ ਗੱਲ ਸਮਝ ਲਈ ਸੀ ਕਿ ਮੈਨੂੰ ਬੱਸ ਸਟੈਂਡ ਤੇ ਜਾਂਦੇ ਨੂੰ ਸੰਤ ਮਹਾਰਾਜ ਜੀ ਨੇ ਦੇਖ ਲਿਆ ਸੀ ਅਤੇ ਜੀਪ ਨੂੰ ਰੋਕ ਦਿਤਾ ਸੀ। ਪਰ ਜਦੋਂ ਬੱਸ ਸਟੈਂਡ ਤੋਂ ਤੁਰਿਆ ਤਾਂ ਉਸ ਵੇਲੇ ਉਨ੍ਹਾਂ ਨੇ ਬਾਬੂ ਰਲਾ ਸਿੰਘ ਜੀ ਨੂੰ ਭੇਜ ਦਿਤਾ। ਇਸ ਤਰ੍ਹਾਂ ਦੀਆਂ ਬਹੁਤ ਮਹਾਂਪੁਰਸ਼ਾਂ ਦੀਆਂ ਆਮ ਹੀ ਕਥਾਵਾਂ ਹੋਇਆ ਕਰਦੀਆਂ ਹਨ। ਦੂਰ ਤੋਂ ਹੋਣ ਵਾਲੀਆਂ ਗੱਲਾਂ ਪਹਿਲਾਂ ਹੀ ਜਾਣ ਜਾਂਦੇ ਸਨ। ਇਹ ਗੁਰਸਿੱਖਾਂ ਵਿਚ ਆਮ ਹੀ ਹੋਇਆ ਕਰਦਾ ਸੀ ਕਿਉਂਕਿ ਬੰਦਗੀ ਕਰਦੇ ਸਨ, ਬੋਲ ਬਾਣੀ ਦੇ ਪੱਕੇ ਸਨ, ਅੰਮ੍ਰਿਤ ਵੇਲੇ ਜਾਗਦੇ ਸਨ ਅਤੇ ਨਾਮ ਬਾਣੀ ਦਾ ਜਾਪ ਕਰਦੇ ਸਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਰਿਧੀਆਂ ਸਿਧੀਆਂ ਬੰਦਗੀ ਕਰਨ ਵਾਲਿਆਂ ਦੇ ਪਿਛੇ ਲੱਗੀਆਂ ਫਿਰਦੀਆਂ ਹਨ ਉਥੇ ਸਹਿਜ ਵਿਚ ਹੀ ਦਾਸੀਆਂ ਬਣ ਕੇ ਸੇਵਾ ਕਰਦੀਆਂ ਹਨ।

12. **ਮਨੋਵੇਗ ਸਿੱਧੀ** ਰਾਹੀਂ ਮਨ ਦੇ ਫੁਰਨੇ ਨਾਲ ਹੀ ਜਿਥੇ ਵੀ ਜਾਣਾ ਹੋਵੇ ਉਸ ਥਾਂ ਪਹੁੰਚ ਜਾਇਆ ਕਰਦੇ ਹਨ। ਉਸ ਦੇ ਬਾਰੇ ਗੁਰਸਿੱਖ ਇਤਿਹਾਸਾਂ ਅੰਦਰ ਆਮ ਹੀ ਸਾਧਾਰਣ ਰੂਪ ਵਿਚ ਜ਼ਿਕਰ ਆਉਂਦਾ ਹੈ ਕਿ ਜਿਥੇ ਜੀਅ ਚਾਹੇ ਬੰਦਗੀ ਕਰਨ ਵਾਲੇ ਉਥੇ ਪਹੁੰਚ ਜਾਇਆ ਕਰਦੇ ਸਨ। ਜਿਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਵੇਲੇ ਮੂਲਾ ਦੂਰ ਤੋਂ ਹੀ ਵਾਹਿਗੁਰੂ ਕਹਿੰਦੇ ਸਾਰ ਆਪਣੇ ਘਰ ਸਿਆਲਕੋਟ ਪਹੁੰਚ ਗਿਆ।

13. **ਕਾਮ ਰੂਪ** ਸਿੱਧੀ ਵਿਚ ਜੋ ਵੀ ਸਰੂਪ ਧਾਰਨ ਕਰਨਾ ਚਾਹੁੰਦਾ ਹੈ ਓਹੀ ਧਾਰਨ ਕੀਤਾ ਜਾ ਸਕਦਾ ਹੈ। ਚਾਹੇ ਸ਼ੇਰ ਦਾ ਸਰੂਪ ਧਾਰਨ ਕਰ ਲਵੇ, ਚਾਹੇ ਸੱਪ ਦਾ, ਚਾਹੇ ਬਹੁਤ ਵੱਡੇ ਜਾਨਵਰ ਦਾ, ਜਿਹੋ ਜਿਹਾ ਜੀਅ ਚਾਹੇ ਓਹੋ ਜਿਹਾ ਰੂਪ ਧਾਰਨ ਕਰ ਸਕਦਾ ਹੈ। ਇਸ ਸਬੰਧ ਵਿਚ ਅਨੇਕ ਸਾਖੀਆਂ ਹਨ।

ਜਿਵੇਂ ਕਿ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਵੇਲੇ ਵਰਤਿਆ। ਗੁਰੂ ਛੇਵੇਂ ਪਾਤਸ਼ਾਹ ਨੂੰ ਜਹਾਂਗੀਰ ਨੇ ਗਵਾਲੀਅਰ ਦੇ ਕਿਲੇ ਵਿਚ ਵਲ ਛਲ ਕਰਕੇ ਭੇਜ ਦਿਤਾ। ਜਦੋਂ ਸਮਾਂ ਕਾਫੀ ਲੰਘ ਗਿਆ ਅਤੇ ਆਪ ਬਾਹਰ ਨਾ ਆਏ ਤਾਂ ਉਸ ਸਮੇਂ ਬਾਬਾ ਬੁੱਢਾ ਜੀ ਦੀ ਰਜ਼ਾ ਦੇ ਨਾਲ ਦੋ ਗੁਰਸਿੱਖਾਂ ਨੇ ਸ਼ੇਰ ਦਾ ਰੂਪ ਧਾਰਨ ਕਰਕੇ ਰਾਤ ਸਮੇਂ ਜਹਾਂਗੀਰ ਨੂੰ ਮਨੁੱਖ ਬੋਲੀ ਵਿਚ ਕਿਹਾ ਕਿ ਤੂੰ ਗੁਰੂ ਮਹਾਰਾਜ ਜੀ ਨੂੰ ਕਿਲੇ ਤੋਂ ਬਾਹਰ ਲਿਆ ਨਹੀਂ ਅਸੀਂ ਤੇਰਾ ਨੁਕਸਾਨ ਕਰ ਦੇਵਾਂਗੇ। ਇਸ ਤਰ੍ਹਾਂ ਨਾਲ ਹੋਰ ਵੀ ਬਹੁਤ ਸਾਰਿਆਂ ਗੁਰਸਿੱਖਾਂ ਦੀਆਂ ਸਾਖੀਆਂ ਆਉਂਦੀਆਂ ਹਨ ਜਿਸ ਅਨੁਸਾਰ ਜਿਹੋ ਜਿਹਾ ਸਰੂਪ ਧਾਰਨ ਕਰਨਾ ਚਾਹੇ ਧਾਰਨ ਕਰ ਸਕਦਾ ਹੈ।

14. **ਪਰਕਾਇ ਪ੍ਰਵੇਸ਼** ਉਹ ਸਿੱਧੀ ਹੁੰਦੀ ਹੈ ਜਿਸ ਰਾਹੀਂ ਜਿਸ ਦੇਹ ਵਿਚ ਕੋਈ ਪ੍ਰਵੇਸ਼ ਕਰਨਾ ਚਾਹੇ ਉਸ ਦੇਹ ਵਿਚ ਜਿਵੇਂ ਭੂਤ ਪ੍ਰੇਤ ਪ੍ਰਵੇਸ਼ ਕਰਦੇ ਹਨ ਉਸ ਤਰ੍ਹਾਂ ਪ੍ਰਵੇਸ਼ ਕੀਤਾ ਜਾ ਸਕਦਾ ਹੈ। ਜਿਵੇਂ ਕਿ ਮਛੰਦਰ ਨਾਥ ਜੀ ਨੇ ਲੰਕਾ ਦੇ ਰਾਜੇ ਅਮਰੂ ਦੇ ਸਰੀਰ ਛੱਡਣ ਉਪਰੰਤ ਆਪਣਾ ਸਰੀਰ ਇਕ ਗੁਫਾ ਵਿਚ ਰੱਖ ਕੇ ਪਹਿਲਾਂ ਬੰਦ ਕਰ ਦਿਤਾ ਅਤੇ ਆਪ ਰਾਜੇ ਦੇ ਮ੍ਰਿਤਕ ਸਰੀਰ ਵਿਚ ਪ੍ਰਵੇਸ਼ ਕਰਕੇ 14 ਸਾਲ ਉਸ ਦੇ ਸਰੀਰ ਵਿਚ ਰਿਹਾ। ਗੋਰਖ ਨੇ ਆ ਕੇ ਉਸ ਨੂੰ ਉਸ ਦੇਹ ਵਿਚੋਂ ਬਾਹਰ ਕੱਢਿਆ।

15. **ਸੁਛੰ ਮ੍ਰਿਤਯੂ** ਸਿੱਧੀ ਰਾਹੀਂ ਆਪਣੀ ਇੱਛਾ ਨਾਲ ਜਦੋਂ ਜੀਅ ਚਾਹੇ, ਜਿਸ ਤਰੀਕੇ ਨਾਲ ਚਾਹੇ ਸਰੀਰ ਛੱਡ ਦਿਤਾ ਜਾਂਦਾ ਹੈ ਜਿਸ ਬਾਰੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

**ਗੁਰਮੁਖਿ ਆਵੈ ਜਾਇ ਨਿਸੰਗ॥**
**ਪੰਨਾ - 932**

ਜਿਸ ਤਰ੍ਹਾਂ ਕਿ ਜਦੋਂ ਗੁਰੂ ਮਹਾਰਾਜ ਜੀ ਨੰਦੇੜ ਸਾਹਿਬ ਗਏ ਹੋਏ ਸਨ ਇਕ ਦਿਨ ਜਦੋਂ ਆਪ ਪ੍ਰਸ਼ਾਦਾ ਛਕ ਕੇ ਬਿਰਾਜੇ ਉਸ ਵੇਲੇ ਮਾਰੂ ਰਾਗ ਦੇ ਕੁਝ ਸ਼ਬਦਾਂ ਦੀ ਅਵਾਜ਼ ਗੁਰੂ ਮਹਾਰਾਜ ਜੀ ਨੇ ਸੁਣੀ। ਸੇਵਾਦਾਰ ਤੋਂ ਪੁਛਿਆ ਕਿ ਇਹ ਸ਼ਬਦ ਇਸ ਮੌਕੇ ਤੇ ਕਿਉਂ ਪੜ੍ਹੇ ਜਾ ਰਹੇ ਹਨ। ਉਸ ਵੇਲੇ ਉਸ ਨੇ ਦਸਿਆ ਕਿ ਮਹਾਰਾਜ! ਭਾਈ ਦਇਆ ਸਿੰਘ ਜੀ ਚੜ੍ਹਾਈ ਕਰ ਗਏ ਹਨ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਭਾਈ ਦਇਆ ਸਿੰਘ ਜੀ ਸਾਨੂੰ ਪੁਛ ਕੇ ਤਾਂ ਗਏ ਨਹੀਂ। ਉਨ੍ਹਾਂ ਨੂੰ ਕਹੋ ਸਾਨੂੰ ਮਿਲ ਕੇ ਜਾਣ। ਉਸ ਵੇਲੇ ਗੁਰਸਿੱਖ ਨੇ ਭਾਈ ਦਇਆ ਸਿੰਘ ਜੀ ਦੇ ਚਰਨਾਂ ਵਲ ਖੜ੍ਹੇ ਹੋ ਕੇ ਬੇਨਤੀ ਕੀਤੀ ਕਿ ਤੁਹਾਨੂੰ ਮਹਾਰਾਜ ਜੀ ਨੇ ਯਾਦ ਕੀਤਾ ਹੈ। ਉਸੇ ਵੇਲੇ ਭਾਈ ਦਇਆ ਸਿੰਘ ਜੀ ਆਪਣੇ ਕੁਸ਼ਾ ਦੇ ਆਸਣ ਤੋਂ ਉਠ ਕੇ ਨਾਲ ਤੁਰ ਪਏ ਅਤੇ ਗੁਰੂ ਮਹਾਰਾਜ ਜੀ ਨੂੰ ਨਮਸ਼ਕਾਰ ਕੀਤੀ ਅਤੇ ਬਹੁਤ ਹੀ ਬੈਰਾਗ ਕੀਤਾ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਤੁਸੀਂ ਸਾਨੂੰ ਮਿਲ ਕੇ ਨਹੀਂ ਗਏ? ਆਪ ਨੇ ਕਿਹਾ ਕਿ ਮਹਾਰਾਜ ਜੀ! ਇਧਰ ਵੀ ਆਪ ਦਾ ਹੁਕਮ ਸੀ, ਉਧਰ ਵੀ ਆਪ ਦਾ ਹੁਕਮ ਸੀ। ਦੋਹੀਂ ਪਾਸੀਂ ਆਪ ਹੀ ਹੋ। ਇਸ ਕਰਕੇ ਆਪ ਦਾ ਹੁਕਮ ਹੀ ਅਜਿਹਾ ਸੀ ਕਿ ਹੁਣੇ ਚਲੋ। ਗੁਰੂ ਮਹਾਰਾਜ ਜੀ ਨੇ ਪੁਛਿਆ ਕਿ ਕਿਥੋਂ ਮੁੜ ਕੇ ਆਏ ਹੋਂ? ਤਾਂ ਭਾਈ ਦਇਆ ਸਿੰਘ ਜੀ ਨੇ ਦਸਿਆ ਕਿ ਧਰਮ ਖੰਡ, ਸਰਮਖੰਡ, ਗਿਆਨਖੰਡ, ਕਰਮਖੰਡ 'ਚੋਂ ਲੰਘ ਕੇ ਜਦੋਂ ਸਚਖੰਡ ਵਿਚ ਪ੍ਰਵੇਸ਼ ਕਰਨ ਲੱਗਿਆ ਤਾਂ ਉਸ ਵੇਲੇ ਆਪ ਦਾ ਹੁਕਮ ਸੇਵਾਦਾਰ ਨੇ ਸੁਣਾਇਆ। ਸੋ ਆਪ ਦੇ ਚਰਨਾਂ ਵਿਚ ਹਾਜ਼ਰ ਹੋਇਆ ਹਾਂ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਸਾਡਾ ਸੰਦੇਸ਼ਾ ਲੈ ਜਾਓ, ਜਿਸ ਵਿਚ ਇਸ ਤਰ੍ਹਾਂ ਹੈ ਕਿ ਜੋ ਸੰਦੇਸ਼ਾ ਦਿਤਾ ਗਿਆ ਉਹ ਮਾਛੀਵਾੜੇ ਵਿਚ ਸ਼ਹੀਦ ਰੂਹਾਂ ਰਾਹੀਂ ਵੀ ਦਿਤਾ ਸੀ -

**ਮਿਤ੍ਰ ਪਿਆਰ ਨੂੰ ਹਾਲ ਮੁਰੀਦਾਂ ਦਾ ਕਹਣਾ॥**
**ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,**
**ਨਾਗ ਨਿਵਾਸਾਂ ਦੇ ਰਹਣਾ॥**
**ਸੂਲ ਸੁਰਾਹੀ ਖੰਜਰ ਪਿਆਲਾ,**
**ਬਿੰਗ ਕਸਾਈਆਂ ਦਾ ਸਹਣਾ॥**
**ਯਾਰੜੇ ਦਾ ਸਾਨੂੰ ਸਥਰ ਚੰਗਾ,**
**ਭਠ ਖੇੜਿਆਂ ਦਾ ਰਹਣਾ॥**

**ਪਾਤਸ਼ਾਹੀ ੧੦**

ਭਾਈ ਦਇਆ ਸਿੰਘ ਜੀ ਆਪਣੇ ਆਸਣ ਤੇ ਵਾਪਸ ਜਾ ਕੇ ਲੰਮੇ ਪੈ ਗਏ ਅਤੇ ਸਰੀਰ ਛੱਡ ਕੇ ਸਚਖੰਡ ਨੂੰ ਪਿਆਨੇ ਕਰ ਗਏ। ਗੁਰੂ ਦਸ਼ਮੇਸ਼ ਪਿਤਾ ਜੀ ਵੀ 20 ਦਿਨਾਂ ਪਿਛੋਂ ਆਪਣਾ ਬਚਿਤਰ ਨਾਟਕ ਸਮਾਪਤ ਕਰਕੇ ਆਪਣੇ ਨਿਰਗੁਣ ਸਰੂਪ ਵਿਚ ਪ੍ਰਵੇਸ਼ ਕਰ ਗਏ।

ਇਸੇ ਤਰ੍ਹਾਂ ਨਾਲ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਜਦੋਂ ਆਪ ਨੇ ਸਰੀਰ ਛੱਡਣ ਲਈ ਸੰਗਤਾਂ ਨੂੰ ਬੁਲਾ ਲਿਆ। ਸੰਗਤਾਂ ਵਿਚ ਬਹੁਤ ਬਿਰਹੋਂ ਦੇਖ ਕੇ ਆਪ ਨੂੰ ਭਾਈ ਲਾਲ ਸਿੰਘ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ! ਆਉਣਾ ਜਾਣਾ ਤਾਂ ਆਪ ਦੇ ਹੱਥ ਵਿਚ ਹੈ, ਕਾਲ ਦੀ ਕੋਈ ਪੇਸ਼ ਨਹੀਂ ਜਾਇਆ ਕਰਦੀ ਇਸ ਕਰਕੇ ਆਪ ਸਰੀਰ ਨਾ ਛੱਡੋ। ਤਾਂ ਬਾਬਾ ਜੀ ਨੇ ਕਿਹਾ ਕਿ ਅਸੀਂ ਤਾਂ ਗੁਰੂ ਘਰ ਦੀ ਜੋ ਮਰਿਆਦਾ ਹੈ ਉਸ ਦਾ ਪਾਲਣ ਕਰਦੇ ਹਾਂ। ਇਕ ਵਿਉਂਤ ਹੈ ਕਿ ਤੁਸੀਂ ਸਾਡੇ ਥਾਂ ਚਲੇ ਜਾਣਾ। ਅਸੀਂ ਤੁਹਾਡੇ ਥਾਂ ਦੋ ਸਾਲ, ਦੋ ਮਹੀਨੇ, 2 ਦਿਨ ਜੋ ਬਕਾਇਆ ਹਨ ਉਦੋਂ ਚਲੇ ਜਾਵਾਂਗੇ। ਸੋ ਇਸੇ ਤਰ੍ਹਾਂ ਹੋਇਆ। ਭਾਈ ਲਾਲ ਸਿੰਘ ਜੀ ਸਰੀਰ ਛੱਡ ਗਏ ਅਤੇ ਬਾਬਾ ਜੀ ਨੇ ਦੋ ਸਾਲ ਦੋ ਮਹੀਨੇ ਦੋ ਦਿਨ ਬਾਦ ਸੈਦੂ ਜਾ ਕੇ ਆਪਣਾ ਪੰਜ ਭੂਤਕ ਚੋਲਾ ਛੱਡਿਆ। ਇਸ ਤਰ੍ਹਾਂ ਨਾਲ ਅਨੇਕਾਂ ਸਾਖੀਆਂ ਹਨ।

ਭਾਈ ਜੀਵਨ ਜੀ ਗੁਰੂ ਸਤਵੇਂ ਪਾਤਸ਼ਾਹ ਵੇਲੇ ਸਿੱਖ ਸਨ। ਇਕ ਵਾਰੀ ਬ੍ਰਾਹਮਣ ਦਾ ਲੜਕਾ ਚਲਾਣਾ ਕਰ ਗਿਆ। ਉਹ ਬਾਰ-ਬਾਰ ਬੇਨਤੀਆਂ ਕਰਨ ਲੱਗਿਆ ਕਿ ਇਸ ਨੂੰ ਜਿਉਂਦਾ ਕਰ ਦਿਓ ਅਤੇ ਚਿਖਾ ਬਣਾ ਲਈ ਕਿ ਜੇ ਇਹ ਜਿਉਂਦਾ ਨਾ ਹੋਇਆ ਤਾਂ ਮੈਂ ਇਸ ਚਿਖਾ ਵਿਚ ਜਲ ਜਾਵਾਂਗਾ। ਮਸੰਦ ਵੀ ਗੁਰੂ ਮਹਾਰਾਜ ਜੀ ਨੂੰ ਕਹਿਣ ਲੱਗੇ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਜੇ ਆਪਾਂ ਇਸ ਤਰ੍ਹਾਂ ਮੁਰਦੇ ਜੀਉਂਦੇ ਕਰਨ ਲਗ ਗਏ, ਮੁਗਲਾਂ ਦਾ ਰਾਜ ਹੈ ਉਨ੍ਹਾਂ ਸਭ ਨੇ ਆਪਣੇ-ਆਪਣੇ ਮੁਰਦੇ ਚੁੱਕ ਕੇ ਇਥੇ ਲਿਆਉਣਾ ਸ਼ੁਰੂ ਕਰ ਦੇਣਾ ਹੈ, ਇਸ ਤਰ੍ਹਾਂ ਮਰਿਆਦਾ ਵਿਗੜ ਜਾਵੇਗੀ। ਜੇ ਐਨੀ ਇਸ ਨਾਲ ਹਮਦਰਦੀ ਹੈ ਤਾਂ ਕੋਈ ਆਪਣੇ ਪ੍ਰਾਣ ਦੇ ਕੇ ਇਸ ਨੂੰ ਬਚਾ ਸਕਦਾ ਹੈ। ਉਸ ਵੇਲੇ ਭਾਈ ਜੀਵਨ ਜੀ ਉਠੇ, ਘਾਹ ਇਕੱਠਾ ਕੀਤਾ ਉਸ ਉਪਰ ਆਪਣਾ ਸਰੀਰ ਛੱਡ ਦਿਤਾ ਅਤੇ ਬ੍ਰਾਹਮਣ ਦਾ ਲੜਕਾ ਜਿਉਂਦਾ ਹੋ ਗਿਆ। ਸੋ ਅਜਿਹੀਆਂ ਬਹੁਤ ਸਾਖੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਸਵੈ ਇਛਿਆ ਨਾਲ ਸਰੀਰ ਛੱਡ ਦੇਣਾ ਨਾਮ ਜਪਣ ਵਾਲਿਆਂ ਲਈ ਆਮ ਗੱਲ ਹੋਇਆ ਕਰਦੀ ਹੈ।

16. **ਸੁਰ ਕਰੀੜਾ ਸਿੱਧੀ** - ਇਸ ਵਿਚ ਜੋ ਸਾਧਕ ਹੈ ਉਹ ਇਸ ਮਾਤਲੋਕ ਵਿਚ ਆਪਣੇ ਪੰਜ ਭੂਤਕ ਸਰੀਰ ਨੂੰ ਸੂਖਸ਼ਮ ਬਣਾ ਕੇ ਦੇਵ ਲੋਕ ਵਿਚ ਪ੍ਰਵੇਸ਼ ਕਰਕੇ ਅਪਛਰਾਵਾਂ ਦੇ ਨਾਲ ਕਰੀੜਾ ਕਰਦਾ ਹੈ। ਦੇਵਤਿਆਂ ਨਾਲ ਮਿਲ ਕੇ ਖੇਲ੍ਹਦਾ ਹੈ।

17. **ਸੰਕਲਪ ਸਿੱਧੀ** - ਕੋਈ ਵੀ ਸੰਕਲਪ ਕਰ ਲਵੇ ਉਹ ਪੂਰਾ ਹੋ ਜਾਂਦਾ ਹੈ। ਆਮ ਮਹਾਂਪੁਰਸ਼ਾਂ ਦੇ ਜੀਵਨ ਵਿਚ ਪੜ੍ਹੀਦਾ ਹੈ ਕਿ ਆਪ ਨੇ ਸੰਕਲਪ ਕਰ ਲਿਆ ਅਤੇ ਉਹ ਪੂਰਾ ਹੋ ਗਿਆ।

18. **ਅਪ੍ਰਤਿਹਤਗਤਿ** – ਉਹ ਜਿਥੇ ਵੀ ਜੀਅ ਚਾਹੇ ਉਸ ਥਾਂ ਚਲੇ ਜਾਂਦੇ ਹਨ। ਕੋਈ ਬੰਦ ਦਰਵਾਜਾ, ਪਹਿਰੇਦਾਰ ਰੁਕਾਵਟ ਨਹੀਂ ਪਾ ਸਕਦਾ। ਸੋ ਇਸ ਤਰ੍ਹਾਂ ਇਹ ਸਾਰੀਆਂ ਸਿੱਧੀਆਂ ਬੇਅੰਤ ਕਿਸਮ ਦੇ ਸਾਧਨਾ ਨਾਲ ਪ੍ਰਾਪਤ ਹੋ ਜਾਇਆ ਕਰਦੀਆਂ ਹਨ ਪਰ ਗੁਰਮਤਿ ਅਨੁਸਾਰ ਗੁਰਸਿੱਖ ਇਨ੍ਹਾਂ ਸਿੱਧੀਆਂ ਦੀ ਕੋਈ ਵੀ ਲੋਚਾ ਨਹੀਂ ਕਰਦੇ। ਇਹ ਆਪ ਹੀ ਪਿਛੇ ਲਗ ਤੁਰਦੀਆਂ ਹਨ ਅਤੇ ਬੇਨਤੀਆਂ ਕਰਦੀਆਂ ਹਨ ਕਿ –

*ਬ੍ਰਹਮ ਬਿੰਦੈ ਤਿਸ ਦਾ ਬ੍ਰਹਮਤੁ ਰਹੈ*
*ਏਕ ਸਬਦਿ ਲਿਵ ਲਾਇ॥*
*ਨਵਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥*

*ਪੰਨਾ – 649*

ਰਿਧੀ ਉਸ ਨੂੰ ਆਖਿਆ ਜਾਂਦਾ ਹੈ ਜਿਸ ਅਨੁਸਾਰ ਅੰਨ ਦੀ ਤੋਟ ਨਾ ਆਵੇ, ਇਹ ਆਮ ਤੌਰ ਤੇ ਗੁਰੂ ਕੇ ਲੰਗਰਾਂ ਵਿਚ ਵਰਤਦੀ ਹੈ।

ਸੰਤ ਮਹਾਰਾਜ ਦੇ ਜੀਵਨ ਵਿਚ ਇਕ ਘਟਨਾ ਆਉਂਦੀ ਹੈ ਕਿ ਇਕ ਵਾਰੀ ਆਪ ਨੇ ਜਿਸ ਵਕਤ ਬਹੁਤ ਲੰਮਾ ਮੌਨ ਰੱਖਿਆ ਹੋਇਆ ਸੀ। ਉਸ ਵੇਲੇ ਗੁਜਰਾਂਵਾਲ ਤੋਂ ਕੁਝ ਪ੍ਰੇਮੀ ਜਰਗ ਤੋਂ ਪ੍ਰਚੌਣੀ (ਮਾਕਾਣ) ਦਿੰਦੇ ਹੋਏ ਰਾੜਾ ਸਾਹਿਬ ਆ ਗਏ। ਆਪ ਨੇ ਸਹਿਜ ਹੀ ਹੁਕਮ ਦੇ ਦਿਤਾ ਕਿ ਕੜਾਹ ਪ੍ਰਸ਼ਾਦ ਵਰਤਾਓ। ਉਸ ਵੇਲੇ ਲਾਂਗਰੀ ਸਿੰਘ ਨੇ ਦੇਖਿਆ ਕਿ ਬਾਟੇ ਵਿਚ ਪ੍ਰਸ਼ਾਦ ਤਾਂ ਥੋੜ੍ਹਾ ਹੈ। ਇਹ ਤਾਂ ਸੌ ਤੋਂ ਵੱਧ ਬੰਦੇ ਹਨ। ਉਸ ਨੇ ਮਹਾਰਾਜ ਜੀ ਪਾਸ ਬੇਨਤੀ ਕੀਤੀ ਤਾਂ ਮਹਾਰਾਜ ਜੀ ਨੇ ਉਸ ਨੂੰ ਬਾਬਾ ਕਿਸ਼ਨ ਸਿੰਘ ਜੀ ਮਹਾਰਾਜ ਪਾਸ ਭੇਜ ਦਿਤਾ। ਉਨ੍ਹਾਂ ਨੇ ਬਾਟੇ ਉਪਰ ਆਪਣਾ ਰੁਮਾਲ ਪਾਉਂਦਿਆਂ ਹੀ ਉਚਾਰਨ ਕੀਤਾ –

*ਤਿਚਰੁ ਮੂਲਿ ਨ ਥੁੜੀਦੋ*
*ਜਿਚਰੁ ਆਪਿ ਕ੍ਰਿਪਾਲੁ॥*
*ਸਬਦੁ ਅਖੁਟੁ ਬਾਬਾ ਨਾਨਕਾ*
*ਖਾਹਿ ਖਰਚਿ ਧਨੁ ਮਾਲੁ॥*

*ਪੰਨਾ – 1426*

ਉਹ ਸੌ ਪ੍ਰੇਮੀ ਰੱਜ ਕੇ ਕੜਾਹ ਪ੍ਰਸ਼ਾਦ ਛਕ ਗਏ। ਨੇੜੇ ਪਿੰਡਾਂ ਦੇ ਲੜਕੇ ਪਸ਼ੂ ਚਰਾ ਰਹੇ ਸਨ, ਉਨ੍ਹਾਂ ਨੂੰ ਪਤਾ ਲੱਗਿਆ ਕਿ ਅੱਜ ਡੇਰੇ ਵਿਚ ਕੜਾਹ ਪ੍ਰਸ਼ਾਦ ਵਰਤ ਰਿਹਾ ਹੈ, ਉਹ ਵੀ ਅਤੇ ਉਨ੍ਹਾਂ ਦੀ ਗੀਸੋ ਗੀਸੀ ਹੋਰ ਵੀ ਆ ਗਏ, ਉਸ ਵੇਲੇ ਸਭ ਨੇ ਪ੍ਰਸ਼ਾਦ ਛਕਿਆ। ਜਦੋਂ ਸਭ ਨੇ ਛਕ ਲਿਆ ਤਾਂ ਮਹਾਂਪੁਰਸ਼ਾਂ ਨੇ ਆਪਣਾ ਰੁਮਾਲ ਬਾਟੇ ਤੋਂ ਚੁਕਿਆ ਅਤੇ ਲਾਂਗਰੀ ਸਿੰਘ ਹੈਰਾਨ ਹੋ ਗਿਆ ਕਿ ਨਾ ਪ੍ਰਸ਼ਾਦ ਘਟਿਆ, ਨਾ ਵਧਿਆ ਹੈ ਤੇ ਐਨੇ ਪ੍ਰੇਮੀ ਛਕ ਵੀ ਗਏ ਹਨ।

ਦਸਮੇਸ਼ ਪਿਤਾ ਜੀ ਗੋਪਾਲ ਮੋਚਨ ਤੀਰਥ ਤੇ ਗਏ। ਉਥੇ ਸਿਧਾਂ ਨੂੰ ਵੀ ਪਤਾ ਲੱਗਿਆ ਕਿ ਗੁਰੂ ਨਾਨਕ ਮਹਾਰਾਜ ਜੀ ਨੇ ਦਸਵੇਂ ਜਾਮੇ ਵਿਚ ਪ੍ਰਵੇਸ਼ ਕਰ ਲਿਆ ਹੈ। ਉਹ ਇਸ ਤੀਰਥ ਤੇ ਆਏ ਹੋਏ ਹਨ। ਉਹ ਇਹ ਜਾਨਣਾ ਚਾਹੁੰਦੇ ਸੀ ਕਿ ਇਨ੍ਹਾਂ ਵਿਚ ਵੀ ਸ਼ਕਤੀ ਹੈ ਜਾਂ ਨਹੀਂ। ਗੁਰੂ ਨਾਨਕ ਨੂੰ ਤਾਂ ਉਹ ਜਾਣਦੇ ਹੀ ਸਨ। ਹੁਣ ਵੀ ਉਹ ਦੇਖਣਾ ਚਾਹੁੰਦੇ ਸਨ। ਉਨ੍ਹਾਂ ਦਾ ਜੋ ਮੁਖੀ ਸੀ ਉਸ ਦਾ ਨਾਮ ਚੰਦਨ ਸਿੱਧ ਸੀ। ਲੰਗਰ ਵਿਚ ਆ ਕੇ 50 ਸਾਥੀਆਂ ਨਾਲ ਬੈਠ ਗਿਆ। ਵੱਡੀਆਂ-ਵੱਡੀਆਂ ਦੇਹਾਂ ਕਰ ਲਈਆਂ। ਲਾਂਗਰੀ ਸਿੰਘ ਦਾਲਾ ਪ੍ਰਸ਼ਾਦਾ ਦੀਆਂ ਅਵਾਜ਼ਾਂ ਦਿੰਦੇ ਪ੍ਰਸ਼ਾਦੇ ਵਰਤਾਈ ਗਏ। ਦਾਲਾਂ ਦੇ ਕੜਾਹੇ ਖਾਲੀ ਹੋਣੇ ਸ਼ੁਰੂ ਹੋ ਗਏ। ਉਸ ਵੇਲੇ ਲਾਂਗਰੀ ਸਿੰਘ ਨੇ ਗੁਰੂ ਦਸ਼ਮੇਸ਼ ਪਿਤਾ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ! ਚੰਦਨ ਸਿੱਧ ਲੰਗਰ ਵਿਚ ਤੋਟ ਪਾਉਣੀ ਚਾਹੁੰਦਾ ਹੈ ਉਸ ਵੇਲੇ ਆਪ ਨੇ ਭਾਈ ਦਇਆ ਸਿੰਘ ਜੀ ਨੂੰ ਕਿਹਾ ਕਿ ਤੁਸੀਂ ਪ੍ਰਸ਼ਾਦੇ ਛਕਾਓ। ਭਾਈ ਦਇਆ ਸਿੰਘ ਜੀ ਨੇ ਅਰਦਾਸ ਕੀਤੀ –

***ਤਿਚਰੁ ਮੂਲਿ ਨ ਥੁੜੀਦੋ***
***ਜਿਚਰੁ ਆਪਿ ਕ੍ਰਿਪਾਲੁ॥***
***ਸਬਦੁ ਅਖੁਟੁ ਬਾਬਾ ਨਾਨਕਾ***
***ਖਾਹਿ ਖਰਚਿ ਧਨੁ ਮਾਲੁ॥***

*ਪੰਨਾ – 1426*

ਜਦੋਂ ਆਪ ਨੇ ਪ੍ਰਸ਼ਾਦਿਆਂ ਵਾਲਾ ਟੋਕਰਾ ਲੈ ਕੇ ਇਕ-ਇਕ-ਇਕ ਪ੍ਰਸ਼ਾਦਾ, ਵਾਹਿਗੁਰੂ ਪ੍ਰਸ਼ਾਦਾ-ਵਾਹਿਗੁਰੂ ਪ੍ਰਸ਼ਾਦਾ ਕਹਿ ਕੇ ਸਭ ਦੀ ਥਾਲੀ ਵਿਚ ਰੱਖ ਦਿਤਾ ਅਤੇ ਨਾਲ ਹੀ ਦਾਲ ਦੀ ਇਕ-ਇਕ ਕੱੜਛੀ ਭੀ ਵਾਹਿਗੁਰੂ ਦਾਲਾ ਕਹਿ ਕੇ ਪਾ ਦਿਤੀ। ਫੇਰ ਕੀ ਸੀ ਉਹ ਸਾਰੇ ਸਿੱਧ ਹਾਰ ਗਏ, ਥੱਕ ਗਏ ਪਰ ਉਹ ਇਕ-ਇਕ ਪ੍ਰਸ਼ਾਦਾ ਹੀ ਮੁਕਣ ਵਿਚ ਨਾ ਆਇਆ। ਉਸ ਵੇਲੇ ਉਨ੍ਹਾਂ ਦੇ ਮੁਖੀ ਚੰਦਨ ਨੇ ਸਮਝਿਆ ਕਿ ਗੁਰੂ ਮਹਾਰਾਜ ਆਪ ਲੰਗਰ ਵਿਚ ਆਏ ਹੋਏ ਹਨ। ਉਨ੍ਹਾਂ ਨੇ ਜਾ ਕੇ ਭਾਈ ਦਇਆ ਸਿੰਘ ਜੀ ਨਾਲ ਬਚਨ ਬਿਲਾਸ ਕੀਤੇ ਤਾਂ ਉਨ੍ਹਾਂ ਤੋਂ ਪਤਾ ਲੱਗਿਆ। ਜਦੋਂ ਭਾਈ ਦਇਆ ਸਿੰਘ ਜੀ ਨੇ ਕਿਹਾ ਕਿ ਮੈਂ ਤਾਂ ਗੁਰੂ ਮਹਾਰਾਜ ਜੀ ਦਾ ਸਿੱਖ ਹਾਂ। ਉਸ ਵੇਲੇ ਉਸ ਨੇ ਸ਼ਰਧਾ ਸਹਿਤ ਆ ਕੇ ਗੁਰੂ ਮਹਾਰਾਜ ਜੀ ਅੱਗੇ ਨਮਸ਼ਕਾਰ ਕੀਤੀ ਕਿ ਪਾਤਸ਼ਾਹ! ਤੁਸੀਂ ਧੰਨ ਹੋ। ਅਸੀਂ ਸਦਾ ਹੀ ਭੁਲਾਂ ਕਰਦੇ ਆਏ ਹਾਂ। ਪਹਿਲਾਂ ਗੁਰੂ ਨਾਨਕ ਪਾਤਸ਼ਾਹ ਨਾਲ ਵੀ ਰਿੱਧੀਆਂ ਸਿਧੀਆਂ ਦਾ ਮੁਕਾਬਲਾ ਕਰਦੇ ਰਹੇ, ਅੱਜ ਸਾਡੇ ਮਨ ਵਿਚ ਆਇਆ ਕਿ ਗੁਰੂ ਨਾਨਕ ਗੱਦੀ ਦੀ ਪਰਖ ਕਰੀਏ ਪਰ ਆਪ ਤਾਂ ਅਗਾਧ ਬੋਧ ਹੋ। ਆਪ ਦੇ ਗੁਰਸਿੱਖਾਂ ਦੀ ਸ਼ਕਤੀ ਸਾਮ੍ਹਣੇ ਹੀ ਸਾਡੀ ਕੋਈ ਪੇਸ਼ ਨਹੀਂ ਜਾਂਦੀ। ਇਨ੍ਹਾਂ ਸਾਰੀਆਂ ਸ਼ਕਤੀਆਂ ਵਾਸਤੇ ਕੋਈ ਵੀ ਗੁਰਸਿੱਖ ਚਿਲੇ ਨਹੀਂ ਸੀ ਕਟਿਆ ਕਰਦਾ, ਨਾ ਹੀ ਕੋਈ ਤੰਤਰ, ਮੰਤਰ ਰਾਹੀਂ ਕੁਝ ਕਰਿਆ ਕਰਦਾ ਸੀ। ਸਗਮਾਂ ਇਨ੍ਹਾਂ ਵਲ ਪਿੱਠ ਕਰਕੇ ਰਖਦੇ ਸਨ। ਕੁਦਰਤੀ

ਹੀ ਨਾਮ ਦੇ ਜਾਪ ਕਰਕੇ ਇਹ ਸ਼ਕਤੀਆਂ ਪਿਛੇ ਲਗ ਤੁਰਦੀਆਂ ਸਨ।

ਇਨ੍ਹਾਂ ਤੋਂ ਇਲਾਵਾ ਗੁਰੂ ਮਹਾਰਾਜ ਜੀ ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਹਠ ਯੋਗ ਬਹੁਤ ਪ੍ਰਚਲਤ ਸੀ ਜੋ ਗੋਰਖਨਾਥ ਅਤੇ ਉਸ ਦੇ ਪੰਥ ਦੇ ਸਿੱਧ, ਕਰਿਆ ਕਰਦੇ ਸਨ, ਉਸ ਦੇ ਬਾਰੇ ਵੀ ਦਸਣਾ ਕੋਈ ਕੁਥਾਂ ਨਹੀਂ ਹੋਵੇਗਾ, ਉਨ੍ਹਾਂ ਦੀ ਕ੍ਰਿਆ ਬਹੁਤ ਸਖਤ ਹੋਇਆ ਕਰਦੀ ਸੀ। ਜੋ ਸਾਧਾਰਨ ਗ੍ਰਹਿਸਤੀ ਲਈ ਪੂਰਨ ਰੂਪ ਵਿਚ ਅਸੰਭਵ ਸੀ।

ਗੁਰੂ ਨਾਨਕ ਪਾਤਸ਼ਾਹ ਦਾ ਜਦੋਂ ਸੰਸਾਰ ਵਿਚ ਪ੍ਰਕਾਸ਼ ਹੋਇਆ ਉਸ ਵੇਲੇ ਸੂਫੀ ਪੀਰ ਅਤੇ ਗੋਰਖਨਾਥ ਨੂੰ ਮੰਨਣ ਵਾਲੇ ਸਿੱਧ ਆਪਣੇ ਮਤਾਂ ਦਾ ਪ੍ਰਚਾਰ ਭਾਰਤ ਵਿਚ ਕਰ ਰਹੇ ਸਨ, ਪਹਿਲਾਂ ਉਹ ਸਖਤ ਤਪ ਕਰਿਆ ਕਰਦੇ ਸਨ ਜਿਵੇਂ ਕਿ ਬਾਬਾ ਫਰੀਦ ਜੀ ਨੇ 24 ਸਾਲ ਬਹੁਤ ਸਖਤ ਤਪ ਕੀਤਾ, ਸਰੀਰ ਸੁੱਕ ਗਿਆ ਪੁਠੇ ਲਟਕਦੇ ਰਹੇ ਇਥੋਂ ਤਕ ਕਿ ਬਾਬਾ ਫਰੀਦ ਨੂੰ ਕਾਂ ਮੁਰਦਾ ਸਮਝ ਕੇ ਠੂੰਗਾਂ ਮਾਰ ਕੇ ਮਾਸ ਕਟਦੇ ਸਨ ਫੇਰ ਜਦੋਂ ਉਨ੍ਹਾਂ ਨੂੰ ਸੋਝੀ ਪਈ ਤਾਂ ਮੁਰਸ਼ਦ-ਏ-ਕਾਮਲ ਬੁਖਤਿਆਰ ਕਾਕੀ ਹਜ਼ਰਤ ਜੀ ਦੀ ਸ਼ਰਨ ਵਿਚ ਆ ਕੇ ਉਨ੍ਹਾਂ ਤੋਂ ਉਪਦੇਸ਼ ਲਿਆ ਅਤੇ 14 ਸਾਲ ਮਹਾਨ ਸੇਵਾ ਕਰਕੇ ਪਰਮ ਪਦ ਦੀ ਪ੍ਰਾਪਤੀ ਕੀਤੀ। ਉਸ ਦੇ ਵਿਪਰੀਤ ਗੋਰਖਨਾਥ ਦੇ ਅਨੁਆਈ ਜਿਨ੍ਹਾਂ ਨੂੰ ਲੋਕ ਆਮ ਤੌਰ ਉਪਰ ਸਿੱਧ ਆਖਿਆ ਕਰਦੇ ਸੀ। ਬੁੱਧ ਧਰਮ ਦੀ ਮਹਾਂਯਾਂਨ ਸ਼ਾਖਾ ਵਿਚੋਂ ਸਨ। ਇਹ ਨਾਥ ਸੰਪਰਦਾ ਭਾਰਤ ਵਰਸ਼ ਦੇ ਪੂਰਬੀ ਭਾਗਾਂ ਵਿਚ ਬਹੁਤ ਦੇਰ ਤੋਂ ਚਲਿਆ ਆ ਰਿਹਾ ਸੀ ਜਿਨ੍ਹਾਂ ਵਿਚ ਬਹੁਤ ਹੀ ਮਿਲਾਵਟਾਂ ਆ ਗਈਆਂ। ਮਹਾਤਮਾ ਬੁੱਧ ਦੇ ਉਚੇ ਅਸੂਲਾਂ ਨੂੰ ਛੱਡ ਕੇ ਇਹ ਤਾਂਤਰਿਕ ਬਣ ਗਏ ਅਤੇ ਇਥੋਂ ਤਕ ਇਨ੍ਹਾਂ ਦੀ ਇਕ ਸੰਪਰਦਾ ਬਹੁਤ ਹੀ ਨਖਿੱਧ ਅਵਸਥਾ ਵਿਚ ਆ ਗਈ ਜਿਸਨੂੰ ਵਾਮਚਾਰੀ, ਜਾਂ ਵਾਮ ਮਾਰਗੀ, ਅਘੋਰ ਪੰਥੀ, ਚੋਲੀ ਪੰਥੀ ਆਦਿ ਆਖਦੇ ਹਨ। ਇਹ ਲੋਕ ਬਿਹਾਰ ਤੋਂ ਲੈ ਕੇ ਆਸਾਮ ਤਕ ਫੈਲੇ ਹੋਏ ਸਨ ਅਤੇ ਆਮ ਲੋਕ ਇਨ੍ਹਾਂ ਨੂੰ ਸਿੱਧ ਆਖਿਆ ਕਰਦੇ ਸਨ। ਇਨ੍ਹਾਂ ਵਿਚੋਂ ਹੀ ਗੋਰਖਨਾਥ ਨੂੰ ਮੰਨਣ ਵਾਲੇ 84 ਸਿੱਧ ਹੋਏ ਇਹ ਤਾਂਤਰਿਕ ਯੋਗੀ ਅਲੌਕਿਕ ਸ਼ਕਤੀਆਂ ਸੰਪੰਨ ਸਨ, ਇਹ ਆਪਣੀਆਂ ਰਿਧੀਆਂ ਸਿੱਧੀਆਂ ਲਈ ਪ੍ਰਸਿੱਧ ਸਨ ਅਤੇ ਆਮ ਜਨਤਾ ਨੂੰ ਸਿਧੀਆਂ ਵਿਖਾ ਕੇ ਆਪਣੇ ਵਸ ਵਿਚ ਕਰ ਲੈਂਦੇ ਸਨ। ਆਪਣੇ ਵੱਡੇ ਬਜ਼ੁਰਗਾਂ ਤੋਂ ਇਕ ਗੱਲ ਸੁਣਦੇ ਆ ਰਹੇ ਹਾਂ ਕਿ ਜਦੋਂ ਇਨ੍ਹਾਂ ਸਿਧਾਂ ਦੀਆਂ ਜਮਾਤਾਂ ਪਿੰਡਾਂ ਵਿਚ ਜਾਂਦੀਆਂ ਤਾਂ ਉਸ ਵੇਲੇ ਇਹ ਘਰਾਂ ਵਿਚ ਆ ਕੇ ਕਾੜਨੀਆਂ ਵਿਚ ਕੜਨ ਲਈ ਜੋ ਦੁਧ ਹਾਰਿਆਂ ਵਿਚ ਰਖੇ ਹੁੰਦੇ ਸਨ ਉਹ ਸਾਰੇ ਦੇ ਸਾਰੇ ਆਪਣੇ ਬਰਤਨਾਂ ਵਿਚ ਪਾ ਕੇ ਲੈ ਜਾਂਦੇ ਸਨ, ਘਰ ਦੇ ਮਾਲਕ ਦੇਖਦੇ ਹੀ ਰਹਿ ਜਾਂਦੇ ਸਨ। ਇਨ੍ਹਾਂ ਨੂੰ ਜੇ ਕਿਸੇ ਕਪੜੇ ਦੀ ਲੋੜ ਹੁੰਦੀ ਉਹ ਵੀ ਆਪ ਹੀ ਚੁੱਕ ਲਿਆ ਕਰਦੇ ਸਨ। 84 ਸਿਧਾਂ ਦੇ ਨਾਮ ਵਖਰੇ-ਵਖਰੇ ਹਨ, ਕਈ ਲਿਖਾਰੀਆਂ ਦਾ ਉਨ੍ਹਾਂ ਦੇ ਨਾਮਾਂ ਤੇ ਮਤਭੇਦ ਭੀ ਹੈ ਪਰ ਪ੍ਰਚਲਤ ਨਾਮ ਜੋ ਮਿਲਦੇ ਹਨ ਉਨ੍ਹਾਂ ਦਾ ਵੇਰਵਾ ਦਿਤਾ ਹੋਇਆ ਮਿਲਦਾ ਹੈ ਜੋ ਨਿਮਨ ਅਨੁਸਾਰ ਹੈ -

1. ਊਰਮਿ 2. ਅਸੁਨਾਥ 3. ਅਸੁਰਵਿਨਾਸੀ 4. ਅਨਹਦ ਸ਼ਬਦੀ 5. ਅਬਿਨਾਸੀ 6. ਅਮਰਨਿਧਿ 7. ਅਮ੍ਰਿਤ ਭੋਗੀ 8. ਆਨੰਦਰੂਪੀ 9. ਆਪਸ੍ਵਰੂਪੀ 10. ਔਘੜ 11. ਈਸ਼੍ਵਰ 12. ਏਕਰੰਗੀ 13. ਏਕਾਂਗੀ 14. ਏਕਾਂਤਵਾਸੀ 15. ਸਮਾਰਤ 16. ਸਰਸ੍ਵਤੀ 17. ਸਾਗਰ 18. ਸਿਧਸੈਨ 19. ਸੀਤਲ 20. ਸੁਰਤਿ ਸਿਧ 21. ਸ਼ੰਕਰ 22. ਸੰਭਾਲਕਾ 23. ਸ਼ੰਭੂ 24. ਸੂਰਸਿਧ 25. ਹਨੀਫਾ 26. ਹਰਸਨਿਧ 27. ਕਨਕ 28. ਕਨੀਫਾ 29. ਕਮਲਸੈਨ 30. ਕਰਮਨਾਸੀ 31. ਕਲਾ ਵਿਲਾਸੀ 32. ਕਲੇਸ਼ਨਾਸੀ 33. ਕਾਲੇਂਦ੍ਰ 34. ਕੇਲਿਕਰਨ 35. ਕੇਵਲਕਰਮੀ 36. ਕ੍ਰਿਸ਼ਨ ਕੁਮਾਰ 37. ਖਲਕਨਿਧਿ 38. ਖਿੰਥੜ 39. ਗਗਨਵਾਸੀ 40. ਗਿਰਿਬੋਧ 41. ਗੁਫਾਬਾਸੀ 42. ਗੋਪਾਲ 43. ਗੋਵਰਧਨ 44. ਘਨਾਨੰਦੀ 45. ਚਤੁਰਬੈਨ 46. ਚਲਨਿਧਿ, 47. ਜਾਲਕ 48. ਗਿਰਧਰ, 49. ਜੋਗ ਅਨੂਪੀ 50. ਜੋਤਿਮਗਨ 51. ਜੋਤਿਲਗਨ 52. ਝੰਗਰ 53. ਤਪਨ 54. ਤਰੰਗੀ 55. ਦਰਸ਼ਨ ਜੋਤਿ 56 ਦੁਖਨਾਸੀ 57. ਧੂਰਮ 58. ਨਿਤਯਸਿਧ 59. ਨਿਰਤ 60. ਪਰਵਤ 61. ਪਲਕਨਿਧਿ 62 ਪਲਾਸਭੋਗੀ 63. ਪੂਰਨ 64. ਪ੍ਰਾਣਨਾਥ 65. ਬਿਹੰਗਮਜੋਗੀ 66. ਬਿੰਬਸਾਰ 67. ਬਿਮਲਜੋਤਿ 68. ਬ੍ਰਹਮ 69. ਬ੍ਰਹਮਭੋਗੀ 70. ਬ੍ਰਹਮਯੋਗੀ 71. ਭਰਥਰਿ 72. ਭੂਤ ਨਾਥ 73. ਭੰਗਰ 74. ਮਹਾ ਯੋਗੀ 75. ਮਗਨਧਾਰ 76. ਮੁਕਤੇਸ਼੍ਵਰ 77. ਮੂਲਮੰਤਰੀ 78. ਯੋਗਨਿਧਿ 79. ਰਾਮਸਿਧ 80. ਰੰਗਨਾਥ, 81. ਲੋਹਾਰੀਪਾ 82. ਲੰਗਰ 83. ਵਿਸ਼ਨਪਤਿ 84. ਵਚਿਤਰਕਰਮੀ।

'ਗੁਰੂ ਨਾਨਕ ਸ਼ਬਦ ਰਤਨਾਕਰ' ਵਿਚ ਲਿਖੇ ਨਾਵਾਂ ਦਾ ਵੇਰਵਾ ਹੋਰ ਤਰ੍ਹਾਂ ਹੈ ਜੋ ਇਥੇ ਲਿਖਣਾ ਜ਼ਰੂਰੀ ਨਹੀਂ ਹੈ। ਇਨ੍ਹਾਂ ਸਿੱਧਾਂ ਵਿਚ ਨੌਂ ਨਾਥਾਂ ਨੂੰ ਵੱਡਾ ਗਿਣਿਆ ਜਾਂਦਾ ਸੀ 1. ਪ੍ਰਾਨ ਨਾਥ, 2. ਗੋਪੀ ਨਾਥ, 3. ਸੂਰਤ ਨਾਥ, 4. ਗੋਰਖ ਨਾਥ, 5. ਮਛੰਦਰ ਨਾਥ, 6. ਮੰਗਲ ਨਾਥ, 7. ਚਰਪਟ ਨਾਥ, 8. ਚੰਬਾ ਨਾਥ, 9. ਘੁਘੂ ਨਾਥ। ਇਨ੍ਹਾਂ ਤੋਂ ਇਲਾਵਾ ਹੋਰ ਨੌਂ ਨਾਥ ਵੀ ਮੰਨੇ ਜਾਂਦੇ ਹਨ - 1. ਆਦਿ ਨਾਥ, ਸ਼ਿਵ ਜੀ ਦਾ ਅਵਤਾਰ; 2. ਮਛੰਦਰ ਨਾਥ, ਮੱਛੀ ਦੇ ਪੇਟੋਂ ਮਾਇਆ ਦਾ ਅਵਤਾਰ। 3. ਉਦੇ ਨਾਥ, ਪਾਰਬਤੀ ਦਾ ਅਵਤਾਰ, ਆਈ ਪੰਥ ਇਸ ਦੇ ਨਾਮ ਤੇ ਤੁਰਿਆ। ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਨੇ ਵੀ ਫ਼ੁਰਮਾਨ ਕੀਤਾ ਹੈ -

*ਆਈ ਪੰਥੀ ਸਗਲ ਜਮਾਤੀ*
*ਮਨਿ ਜੀਤੈ ਜਗੁ ਜੀਤੁ॥*
*ਆਦੇਸੁ ਤਿਸੈ ਆਦੇਸੁ॥*

*ਆਦਿ ਅਨੀਲੁ ਅਨਾਦਿ ਅਨਾਹਤਿ*
*ਜੁਗੁ ਜੁਗੁ ਏਕੋ ਵੇਸੁ॥ ਪੰਨਾ - 6*

4. ਸੰਤੋਖ ਨਾਥ, ਵਿਸ਼ਨੂੰ ਦਾ ਅਵਤਾਰ 5. ਕੰਥੜ ਨਾਥ, ਗਣੇਸ਼ ਦਾ ਅਵਤਾਰ; 6. ਸਤਿ ਨਾਥ, ਬ੍ਰਹਮਾ ਦਾ ਅਵਤਾਰ; 7. ਅਚੰਭ ਨਾਥ, ਚੰਬੇ ਦਾ ਰਾਜਾ ਤੇ ਪਰਬਤ ਦਾ ਅਵਤਾਰ 8. ਚੌਰੰਜੀ ਨਾਥ, ਪੂਰਨ ਭਗਤ ਮਹਾਰਾਜਾ ਸਾਲਬਾਹਨ ਦਾ ਪੁਤਰ 9. ਗੋਰਖ ਨਾਥ ਮਹਾਂਦੇਵ ਦਾ ਅਵਤਾਰ ਕਿਹਾ ਜਾਂਦਾ ਸੀ। ਹੋਰ ਵੇਰਵੇ ਨਾਲ ਪੜ੍ਹਨ ਲਈ ਸ੍ਰੀ ਜਪੁਜੀ ਸਾਹਿਬ ਦੀ ਅੱਠਵੀਂ ਪਉੜੀ ਦਾ ਟੀਕਾ ਜੋ ਸਚਖੰਡ ਨਿਵਾਸੀ ਸੰਤ ਗੁਰਬਚਨ ਸਿੰਘ ਜੀ ਖਾਲਸਾ ਤੋਂ ਵਰੋਸਾਏ ਹੋਏ ਸੰਤ ਕਰਤਾਰ ਸਿੰਘ ਜੀ ਖਾਲਸਾ ਨੇ ਪ੍ਰਕਾਸ਼ ਕਰਾਇਆ ਹੈ, ਪੜ੍ਹਿਆ ਜਾ ਸਕਦਾ ਹੈ।

ਇਹ ਸਾਰੇ ਸਿੱਧ ਅਤੇ ਨਾਥ ਰਾਜ ਯੋਗ ਦੀ ਸਾਧਨਾ ਕਰਦੇ ਹੋਏ ਹੱਠ ਯੋਗ ਦੀ ਸਾਧਨਾ ਜ਼ਿਆਦਾ ਕਰਦੇ ਸਨ, ਇਹ ਪ੍ਰਾਣਾਯਾਮ ਕਰਿਆ ਕਰਦੇ ਸਨ। ਜਦੋਂ ਗੁਰੂ ਨਾਨਕ ਪਾਤਸ਼ਾਹ ਜੀ ਸੁਮੇਰ ਪ੍ਰਬਤ ਤੇ ਜਾ ਕੇ ਇਨ੍ਹਾਂ ਨੂੰ ਮਿਲੇ ਉਸ ਵੇਲੇ ਇਨ੍ਹਾਂ ਨੇ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਪ੍ਰਾਣਾਯਾਮ ਤੋਂ ਪ੍ਰਾਪਤ ਹੋਈ ਸਿੱਧੀਆਂ ਦਾ ਬਲ ਵਿਖਾਉਣ ਲਈ ਪਹਾੜੀ ਦੀ ਜੜ੍ਹ ਵਿਚ ਝੀਲ ਵਿਚੋਂ ਪਾਨੀ ਲਿਆਉਣ ਲਈ ਖੱਪਰ ਦਿਤਾ। ਗੁਰੂ ਮਹਾਰਾਜ ਜੀ ਨੂੰ ਕਿਹਾ ਕਿ ਹੇਠਾਂ ਜਾ ਕੇ ਪਾਣੀ ਦਾ ਖਪਰ ਭਰ ਲਿਆਵੋ। ਗੁਰੂ ਨਾਨਕ ਪਾਤਸ਼ਾਹ ਜਦੋਂ ਉਥੋਂ ਪਹੁੰਚਦੇ ਹਨ ਤਾਂ ਦੇਖਿਆ ਕਿ ਤਾਲ ਵਿਚ ਪਾਣੀ ਤਾਂ ਹੈ ਨਹੀਂ, ਉਸ ਦੀ ਥਾਂ ਹੀਰੇ ਮੋਤੀ ਜਵਾਹਰਾਤ ਭਰੇ ਪਏ ਹਨ। ਉਸ ਵੇਲੇ ਆਪ ਵਾਪਸ ਆ ਗਏ ਅਤੇ ਆ ਕੇ ਗੋਰਖਨਾਥ ਨੂੰ ਖੱਪਰ ਮੋੜ ਦਿਤਾ ਅਤੇ ਕਿਹਾ ਕਿ ਨਾਥ ਜੀ! ਉਥੇ ਪਾਣੀ ਦੀ ਥਾਂ ਤੁਹਾਡੀ ਮਾਇਆ ਵਰਤ ਰਹੀ ਹੈ, ਇਹ ਮਾਇਆ ਮੋਹ ਹੈ, ਰਿਧੀਆਂ ਸਿਧੀਆਂ ਦਾ ਪ੍ਰਗਟਾਵਾ ਹੈ, ਇਨ੍ਹਾਂ ਸ਼ਕਤੀਆਂ ਦੀ ਪਰਮੇਸ਼ਰ ਦੇ ਨਾਮ ਤਕ ਪਹੁੰਚ ਨਹੀਂ ਹੋ ਸਕਦੀ ਅਤੇ ਤੱਤ ਗਿਆਨ ਦੇ ਰਸਤੇ ਵਿਚ ਬੜੀ ਭਾਰੀ ਰੁਕਾਵਟ ਬਣ ਜਾਂਦੀਆਂ ਹਨ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਸ ਘਟਨਾ ਬਾਰੇ ਇਸ ਤਰ੍ਹਾਂ ਲਿਖਿਆ ਹੈ -

*ਸਿਧੀ ਮਨੇ ਬੀਚਾਰਿਆ*
*ਕਿਵੈ ਦਰਸਨ ਏ ਲੇਵੈ ਬਾਲਾ।*
*ਐਸਾ ਜੋਗੀ ਕਲੀ ਮਹਿ ਹਮਰੈ*
*ਪੰਥ ਕਰੇ ਉਜਿਆਲਾ।*
*ਖਪਰ ਦਿਤਾ ਨਾਥ ਜੀ*
*ਪਾਣੀ ਭਰਿ ਲੈਵਣਿ ਉਠਿ ਚਾਲਾ।*
*ਬਾਬਾ ਆਇਆ ਪਾਣੀਐ*
*ਡਿਠੇ ਰਤਨ ਜਵਾਹਰ ਲਾਲਾ।*
*ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ*
*ਝਲੇ ਗੁਰੂ ਦੀ ਝਾਲਾ॥*
*ਫਿਰਿ ਆਇਆ ਗੁਰ ਨਾਥ ਜੀ*
*ਪਾਣੀ ਠਉੜ ਨਹੀ ਉਸਿ ਤਾਲਾ।*
*ਸਬਦਿ ਜਿਤੀ ਸਿਧਿ ਮੰਡਲੀ*
*ਕੀਤੋਸੁ ਅਪਣਾ ਪੰਥੁ ਨਿਰਾਲਾ।*
*ਕਲਿਜੁਗਿ ਨਾਨਕ ਨਾਮੁ ਸੁਖਾਲਾ।*
*ਭਾਈ ਗੁਰਦਾਸ ਜੀ, ਵਾਰ 1/31*

ਗੁਰੂ ਨਾਨਕ ਪਾਤਸ਼ਾਹ ਜੀ ਨੇ ਉਨ੍ਹਾਂ ਨੂੰ ਦਸਿਆ ਕਿ ਨਾਥ ਜੀ! ਅਸਲ ਚੀਜ਼ ਜੋ ਸਮਝਣ ਵਾਲੀ ਹੈ ਕਿ ਸੰਸਾਰ ਵਿਚ ਹਰ ਥਾਂ ਉਤੇ ਪ੍ਰਭੂ ਪ੍ਰਤੱਖ ਰੂਪ ਵਿਚ ਬਿਰਾਜ ਰਹੇ ਹਨ। ਇਕਨਾਂ ਨੂੰ ਪ੍ਰਕ੍ਰਿਤੀ ਦੇ ਓਹਲੇ ਨਜ਼ਰ ਆਉਂਦਾ ਹੈ, ਇਕ ਪ੍ਰਕ੍ਰਿਤੀ ਵਿਚ ਹੀ ਸਾਰੇ ਰਮਿਆ ਹੋਇਆ ਪ੍ਰਭੂ ਦੇਖਦੇ ਹਨ। ਇਸ ਦਾ ਜੋ ਜੀਵ ਭਾਵ ਹੈ ਉਹ ਕੂੜ ਹੈ। ਇਹ ਕੇਵਲ ਆਤਮਾ ਦੀ ਸੱਤਾ ਜਦੋਂ ਪ੍ਰਕ੍ਰਿਤੀ ਉਤੇ ਪੈਂਦੀ ਹੈ ਤਾਂ ਜੋ ਚੇਤਨਤਾ ਇਸ ਸਰੀਰ ਦੇ ਅੰਦਰ ਆਉਂਦੀ ਹੈ, ਉਹ ਆਪਣੇ ਆਪ ਨੂੰ ਆਤਮਾ ਤੋਂ ਵਖਰਾ ਸਮਝ ਕੇ ਵਖਰੀ ਹੋ ਜਾਂਦੀ ਹੈ ਅਤੇ ਜੀਵ ਉਪਾਧੀ ਧਾਰਨ ਕਰਕੇ ਆਪਣਾ ਪਰਪੰਚ ਰਚ ਲੈਂਦਾ ਹੈ ਅਤੇ ਇਥੋਂ ਤਕ ਗਿਰਾਵਟ ਆਉਂਦੀ ਹੈ ਕਿ ਆਪਣੇ ਆਪ ਨੂੰ ਮਹਾਂ ਦੁਰਗੰਧ ਭਰੀ ਸਾਢੇ ਤਿੰਨ ਹੱਥ ਦੀ ਦੇਹ ਮੰਨਦਾ ਹੈ ਅਤੇ ਦੇਹ ਅਧਿਆਸ ਵਿਚ ਪ੍ਰੱਪੱਕ ਹੋ ਕੇ ਸੰਸਾਰ ਵਿਚ ਬਿਰਤੀ ਰਚ ਜਾਂਦੀ ਹੈ ਅਤੇ ਭੁੱਲ ਜਾਂਦਾ ਹੈ ਕਿ ਮੇਰਾ ਸਰੂਪ ਕੀ ਹੈ। ਪੁਸਤਕਾਂ ਪੜ੍ਹਨ ਨਾਲ, ਬਚਨ ਸੁਣਨ ਨਾਲ ਸਰੂਪ ਸਾਖਸ਼ਾਤਕਾਰ ਨਹੀਂ ਹੁੰਦਾ ਕਿਉਂਕਿ ਇਕ ਵੱਡੀ ਦੀਵਾਰ ਜਿਸ ਨੂੰ ਹਉਮੈ ਆਖਦੇ ਹਨ ਉਹ ਜੀਵ ਅਤੇ ਪ੍ਰਭੂ ਵਿਚ ਖੜੀ ਹੋ ਗਈ ਹੈ ਉਹ ਪ੍ਰਭੂ ਦੇ ਦਰਸ਼ਨ ਨਹੀਂ ਹੋਣ ਦਿੰਦੀ ਅਤੇ ਇਹ ਜੀਵ ਵਖਰਾ ਹੋ ਜਾਂਦਾ ਹੈ ਅਤੇ ਇਸੇ ਘਟ-ਘਟ ਰਵੇ ਪ੍ਰਭੂ ਨੂੰ ਸੰਸਾਰ ਮੰਨਣਾ ਸ਼ੁਰੂ ਕਰ ਦਿੰਦਾ ਹੈ। ਆਪਣੇ ਆਪ ਨੂੰ ਜੀਵ ਆਤਮਾ ਵੀ ਨਹੀਂ ਮੰਨਦਾ, ਆਤਮ ਸਰੂਪ ਤਾਂ ਇਸ ਨੇ ਕਿਵੇਂ ਮੰਨਣਾ ਸੀ। ਹਉਮੈ ਦੀ ਦੀਵਾਰ ਕਿਸੇ ਤਰ੍ਹਾਂ ਵੀ ਨਹੀਂ ਟੁਟਦੀ। ਇਹ ਜੀਵ ਤੰਤਰ, ਮੰਤਰ ਦੇ ਸਾਧਨ ਨਾਲ, ਰਿਧੀਆਂ ਸਿੱਧੀਆਂ ਦਾ ਮਾਰਗ ਅਪਣਾਉਂਦਾ ਹੋਇਆ ਕਿਸੇ ਤਰ੍ਹਾਂ ਵੀ ਪਰਮਪਦ ਦੀ ਨਿਰਵਾਣ ਅਵਸਥਾ ਤਕ ਨਹੀਂ ਪਹੁੰਚ ਸਕਦਾ ਅਤੇ ਇਸ ਨੂੰ ਬਾਰ-ਬਾਰ ਜੰਮਣਾ ਮਰਨਾ ਪੈਂਦਾ ਹੈ। ਇਹ ਰਿਧੀਆਂ ਸਿਧੀਆਂ, ਮਹਾਂ ਮੋਹ ਹੋਣ ਕਰਕੇ ਆਪਣੇ ਪਰਿਵਾਰ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਆਸਾ, ਅੰਦੇਸਾ, ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਦੀਆਂ ਆਕਰਸ਼ਕ ਖਿਚਾਂ ਭਰੇ ਭਾਵਾਂ ਵਿਚੋਂ ਨਹੀਂ ਨਿਕਲਣ ਦਿੰਦੀਆਂ ਅਤੇ ਇਸ ਤਰ੍ਹਾਂ ਇਹ ਆਤਮ ਤੱਤ, ਜੀਵ ਦੀ, ਉਪਾਧੀ ਧਾਰਨ ਕਰਕੇ ਅਨੰਤ ਸਮੇਂ ਤੋਂ ਜੰਮਣ ਮਰਨ ਦੇ ਚੱਕਰ ਵਿਚ ਪਿਆ ਹੈ, ਦੁਖੀ ਹੋ ਰਿਹਾ ਹੈ।

ਨਾਥ ਜੀ! ਤੁਹਾਡੀਆਂ ਰਿਧੀਆਂ ਸਿਧੀਆਂ, ਇਹ ਮਾਇਆ ਆਪਣਾ ਵਿਕਰਾਲ ਸਰੂਪ ਛੁਪਾ ਕੇ ਮੋਹਣਾ ਰੂਪ ਵਿਖਾ ਕੇ ਸੰਸਾਰ ਨੂੰ ਮੂਰਛਤ ਕਰ ਰਹੀ ਹੈ। ਐਸੇ ਭਿਆਨਕ ਛੁਪੇ ਹੋਏ ਰੂਪ ਦੀ ਖਿੱਚ ਵਿਚ ਭੁੱਲ ਗਏ

ਹੋਂ ਅਤੇ ਇਸ ਵਿਚ ਤੁਸੀਂ ਪਰਚੇ ਹੋਏ ਹੋ। ਇਹ ਨਾ ਤੁਹਾਡੀ ਕਲਿਆਣ ਕਰ ਸਕਦੀ ਹੈ, ਨਾ ਹੀ ਜਿਨ੍ਹਾਂ ਨੂੰ ਤੁਸੀਂ ਦਿਖਾਉਂਦੇ ਹੋ ਉਨ੍ਹਾਂ ਦੀ ਕਲਿਆਣ ਕਰ ਸਕਦੀਆਂ ਹਨ। ਕਲਿਆਣ ਕਰਨ ਦੀ ਸਮਰਥਾ ਕੇਵਲ ਪ੍ਰਭੂ ਨਾਮ ਵਿਚ ਹੈ ਜੋ ਬਹੁਤ ਹੀ ਸੁਖਾਲਾ ਸਾਧਨ ਹੈ ਤੁਹਾਡੇ ਜੋ ਸਾਧਨ ਹਨ ਉਹ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਹਨ। ਉਹ ਜੀਵਨ ਦਾ ਬਹੁਤ ਕੀਮਤੀ ਹਿੱਸਾ ਖਰਚ ਕਰਾ ਦਿੰਦੇ ਹਨ। ਇਕ-ਇਕ ਸਿੱਧੀ ਪ੍ਰਾਪਤ ਕਰਨ ਲਈ ਕਿੰਨੇ-ਕਿੰਨੇ ਸਾਲ ਲਗਦੇ ਹਨ ਪਰ ਨਾਮ ਅਜਿਹੀ ਸ਼ਕਤੀ ਹੈ ਜਿਸਦੇ ਪਿਛੇ ਸੰਸਾਰ ਦੀਆਂ ਸਾਰੀਆਂ ਰਿਧੀਆਂ ਸਿਧੀਆਂ ਲਗੀਆਂ ਫਿਰਦੀਆਂ ਹਨ ਪਰ ਨਾਮੀ ਪੁਰਸ਼ ਇਨ੍ਹਾਂ ਵਲ ਅੱਖ ਭਰ ਕੇ ਵੀ ਨਹੀਂ ਦੇਖਦਾ, ਇਹ ਉਸ ਦੀ ਆਪਣੇ ਆਪ ਸੇਵਾ ਕਰਦੀਆਂ ਹਨ। ਤੁਹਾਡੀਆਂ ਪ੍ਰਾਪਤ ਕਰਨ ਵਾਲੀਆਂ ਸਿੱਧੀਆਂ ਤਾਂ ਬਹੁਤ ਥੋੜ੍ਹੀਆਂ ਹਨ ਪਰ ਨਾਮ ਨਾਲ ਜੋ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ ਉਨ੍ਹਾਂ ਦੀ ਕੋਈ ਗਿਣਤੀ ਨਹੀਂ। ਸਾਧਸੰਗਤ ਜੀ! ਇਤਿਹਾਸ ਵਿਚ ਆਉਂਦਾ ਹੈ ਗੁਰੂ ਹਰਿਰਾਇ ਸਾਹਿਬ ਜੀ ਨੇ ਔਰੰਗਜ਼ੇਬ ਪਾਸ ਆਪਣੀ ਥਾਂ ਆਪਣੇ ਪੁਤਰ ਰਾਮਰਾਇ ਜੀ ਨੂੰ ਉਸ ਦੇ ਬੁਲਾਏ ਜਾਣ ਤੇ ਭੇਜ ਦਿਤਾ ਜਿਸ ਨੇ ਉਥੇ ਬਹੁਤ ਸਿਧੀਆਂ ਦਿਖਾਈਆਂ। ਇਤਿਹਾਸਕਾਰਾਂ ਨੇ 72 ਸਿਧੀਆਂ ਦਾ ਜ਼ਿਕਰ ਕੀਤਾ ਹੈ ਜੋ ਇਸ ਪ੍ਰਕਾਰ ਹਨ –

1. ਪਹਿਲੇ ਦਿਨ ਆਪਣੇ ਮੁਰਸ਼ਦ ਪੀਰ ਮੁਅੱਜ਼ ਅਲਫ ਸਾਨੀ ਤੇ ਸ਼ਾਹੀ ਕਾਜ਼ੀ ਨੂੰ ਔਰੰਗੇ ਨੇ ਰਾਮਰਾਇ ਜੀ ਦੇ ਪਰਖਣ ਵਾਸਤੇ ਭੇਜਿਆ, ਰਾਮਰਾਇ ਜੀ ਨੇ ਰਸਦ ਵਿਚੋਂ ਸਭ ਚੀਜ਼ ਉਨ੍ਹਾਂ ਨੂੰ ਦੇ ਕੇ ਜਿਹੜਾ ਬੱਕਰਾ ਰਸਦ ਨਾਲ ਔਰੰਗੇ ਨੇ ਭੇਜਿਆ ਸੀ ਉਸ ਵਿਚੋਂ ਭੀ ਚੌਥਾ ਹਿੱਸਾ ਪੀਰ ਤੇ ਕਾਜ਼ੀ ਨੂੰ ਦਿਤਾ, ਅਗਲੇ ਦਿਨ ਸਵੇਰੇ ਹੀ ਔਰੰਗੇ ਨੇ ਇਕ ਹੋਰ ਬੱਕਰਾ ਚੋਬਦਾਰ ਦੇ ਹੱਥ ਭੇਜ ਕੇ ਆਖਿਆ ਉਹ ਬਕਰਾ ਰਾਤੀਂ ਭੁੱਲ ਕੇ ਸ਼ਹਿਜ਼ਾਦੇ ਦਾ ਆਪ ਨੂੰ ਦਿਤਾ ਗਿਆ ਹੈ, ਹੁਣ ਸ਼ਹਿਜ਼ਾਦਾ ਓਹੀ ਮੰਗਦਾ ਹੈ, ਹੋਰ ਲੈਂਦਾ ਨਹੀਂ, ਤੁਸੀਂ ਇਹ ਰੱਖ ਲਵੋ ਉਹ ਦੇ ਦਿਓ। ਰਾਮਰਾਇ ਜੀ ਨੇ ਬਾਦਸ਼ਾਹ ਦਾ ਕਪਟ ਪਛਾਣ ਕੇ ਉਸ ਬਕਰੇ ਨੂੰ ਤਿੰਨ ਹਿੱਸੇ ਸੁਰਜੀਤ ਕਰਕੇ ਭਾਈ ਤਾਰੇ ਨੂੰ ਚੋਬਦਾਰ ਦੇ ਨਾਲ ਦੇ ਕੇ ਔਰੰਗੇ ਪਾਸ ਕਚਹਿਰੀ ਵਿਚ ਭੇਜ ਦਿਤਾ, ਜਿਸਨੂੰ ਦੇਖ ਕੇ ਸਭ ਲੋਕ ਹੈਰਾਨ ਹੋ ਗਏ। ਬਾਦਸ਼ਾਹ ਨੇ ਚੌਥੀ ਲੱਤ ਨਾ ਹੋਣ ਦਾ ਕਾਰਨ ਪੁਛਿਆ ਤਾਂ ਭਾਈ ਤਾਰੇ ਨੇ ਆਖਿਆ ਚੌਥਾ ਹਿੱਸਾ ਆਪ ਦੇ ਪੀਰ ਤੇ ਕਾਜ਼ੀ ਨੇ ਖਾਧਾ ਹੈ, ਉਹ ਉਨ੍ਹਾਂ ਤੋਂ ਸਾਬਤ ਕਰਾ ਲਓ। ਉਨ੍ਹਾਂ ਨੂੰ ਸੱਦਣ ਵਾਸਤੇ ਚੋਬਦਾਰ ਘੱਲਿਆ। ਪੀਰ ਇਹ ਗੱਲ ਸੁਣਦੇ ਸਾਰ ਹੀ ਸ਼ਰਮਿੰਦਾ ਹੋ ਗਿਆ। ਕਾਜ਼ੀ ਬਹੁਤ ਸ਼ਰਮਿੰਦਾ ਹੋਇਆ, ਔਰੰਗੇ ਨੇ ਠੀਕ ਗੁਰੂ ਨਾਨਕ ਦੇ ਘਰ ਨੂੰ ਭੰਨਣ ਘੜਨ ਸਮਰੱਥ ਮੰਨਿਆ।

2. ਔਰੰਗੇ ਨੇ ਮੁਲਾਕਾਤ ਕਰਨ ਸਮੇਂ ਬਾਗ ਵਿਚ ਖੂਹੇ ਉਤੇ ਫਰਸ਼ ਕਰਾਇਆ, ਰਾਮਰਾਇ ਉਸ ਉਤੇ ਅਡੋਲ ਬੈਠ ਰਹੇ।

3. ਕਾਜ਼ੀਆਂ ਦੇ ਕਹੇ ਜ਼ਹਿਰ ਦੀ ਪੁਸ਼ਾਕ ਪਹਿਨਾਈ ਕੁਛ ਅਸਰ ਨਾ ਹੋਇਆ।

4. ਔਰੰਗੇ ਦੇ ਪੁਛਣੇ ਪਰ ਉਸ ਦੀ ਪਿਆਰੀ ਬੇਗਮ ਦੇ ਗੁਪਤ ਚਿੰਨ੍ਹ ਦੱਸੇ।

5. ਸ਼ਾਹ ਦੀ ਇੱਛਾ ਤੇ ਪਦਮਨੀ ਵਿਖਾਈ।

6. ਔਰੰਗੇ ਨੇ ਆਖਿਆ ਨਾਨਕ ਸ਼ਾਹ ਨੇ ਲੱਖਾਂ ਤਬਕ ਦੱਸੇ ਹਨ, ਤੁਸੀਂ ਦੋ ਚੰਦ ਹੀ ਦਿਖਾ ਦਿਓ, ਉਸੇ ਰਾਤ ਨੂੰ ਦੋ ਚੰਦ ਇਕੋ ਜਿਹੇ ਪ੍ਰਕਾਸ਼ ਦੇ ਹੋਏ ਇਕ ਪੂਰਬ ਦੂਜਾ ਪੱਛਮ ਵਲ ਦਿਖਾ ਦਿਤਾ।

7. ਬਾਦਸ਼ਾਹੀ ਕਾਜ਼ੀ ਦੇ ਪੁਛੇ ਤੋਂ ਉਸਦੇ ਘਰ ਦਿਆਂ ਦੀ ਕੁਟਲਤਾ ਦੱਸੀ।

8. ਬਾਦਸ਼ਾਹ ਨੇ ਪੁਛਿਆ ਏਸ ਗੱਭਣ ਘੋੜੀ ਦੇ ਕੀ ਜੰਮੇਗਾ, ਇਨ੍ਹਾਂ ਕੁਮੈਤ ਬਛੇਰਾ ਦਸਿਆ ਸੋਈ ਸੱਚ ਹੋਇਆ।

9. ਵਜ਼ੀਰ ਦੀ ਇਸਤ੍ਰੀ ਨੂੰ ਬੇਟੀਆਂ ਹੁੰਦੀਆਂ ਸਨ, ਗੁਰੂਕਿਆਂ ਦੇ ਬਚਨ ਨਾਲ ਪੁੱਤਰ ਹੋਣ ਲਗ ਪਏ।

10. ਇਕ ਦਿਨ ਬਾਦਸ਼ਾਹ ਨੇ ਪਾਲਕੀ ਬਿਨਾਂ ਕਹਾਰਾਂ ਦੇ ਭੇਜ ਕੇ ਆਖਿਆ। ਏਸ ਉਤੇ ਅਸਵਾਰ ਹੋ ਕੇ ਕਲ੍ਹ ਨੂੰ ਕਚਹਿਰੀ ਵਿਚ ਆ ਕੇ ਦਰਸ਼ਨ ਦੇਣਾ। ਰਾਮਰਾਇ ਉਸ ਵਿਚ ਬੈਠ ਕੇ ਪਾਲਕੀ ਚਲਾ ਲਿਆਏ, ਸ਼ਹਿਰੀ ਕਚਹਿਰੀ ਦੇ ਲੋਕ ਦੇਖ ਕੇ ਹੱਕੇ ਬੱਕੇ ਹੋ ਗਏ।

11. ਬਾਦਸ਼ਾਹ ਤੇ ਵਜ਼ੀਰ ਨੇ ਸ਼ਾਹੀ ਖਜ਼ਾਨੇ ਦਾ ਸ਼ੁਮਾਰ ਪੁਛਿਆ ਤਾਂ ਰਾਮਰਾਇ ਜੀ ਨੇ ਜਿਸ-ਜਿਸ ਸੰਨ ਦੇ ਜਿਤਨੇ-ਜਿਤਨੇ ਰੁਪਏ ਮੋਹਰਾਂ ਰਤਨ ਸਨ ਸਭ ਵੱਖਰੇ-ਵੱਖਰੇ ਕਹਿ ਸੁਣਾਏ।

12. ਸ਼ਿਕਾਰ ਜਾਣ ਲੱਗੇ ਔਰੰਗੇ ਨੇ ਪੁਛਿਆ ਕਿ ਕੀ ਸ਼ਿਕਾਰ ਲੱਭੇਗਾ? ਰਾਮਰਾਇ ਜੀ ਨੇ ਆਖਿਆ ਕਿ ਇਕ ਸ਼ੇਰ ਟੱਕਰੇਗਾ, ਦੋ ਆਦਮੀਆਂ ਨੂੰ ਮਾਰ ਕੇ ਚਲਾ ਜਾਊ ਹੋਰ ਕੁਛ ਨਹੀਂ ਲੱਭੇਗਾ, ਓਹੋ ਹੋਈ।

13. ਔਰੰਗੇ ਨੇ ਆਪਣੇ ਬਾਜ਼ ਦਾ ਜੋ ਉਸ ਨੂੰ ਬਹੁਤ ਪਿਆਰਾ ਸੀ ਪਿਛਲਾ ਜਨਮ ਪੁਛਿਆ ਤਾਂ ਇਨ੍ਹਾਂ ਨੇ ਸ਼ਾਹਜਹਾਂ ਦਾ ਵਜ਼ੀਰ ਦਸਿਆ। ਇਕ ਦਿਨ ਉਸ ਬਾਦਸ਼ਾਹ ਵਾਸਤੇ ਬਹੁਤ ਚੰਗਾ ਮਾਸ ਰਿੱਝਾ, ਲੈ ਕੇ ਆਉਣ ਲੱਗਾ, ਤੇ ਰਾਹ ਵਿਚ ਹੀ ਵੈਰੀ ਨੇ ਕਤਲ ਕਰ ਦਿਤਾ, ਮਾਸ ਖਵਾਉਣ ਦੀ ਵਾਸ਼ਨਾ ਵਿਚੇ ਹੀ ਰਹੀ, ਏਸ ਕਰਕੇ ਇਹ ਤੁਹਾਨੂੰ ਹੁਣ ਮਾਸ ਖੁਵਾਉਂਦਾ ਹੈ। ਜਦ ਸਾਰੇ ਪਤੇ ਲਗ ਗਏ ਤਾਂ ਨਿਸ਼ਚਾ ਹੋਇਆ।

14. ਬਾਦਸ਼ਾਹ ਨੇ ਆਪਣਾ ਜਨਮ ਪੁਛਿਆ ਤਾਂ ਗੁਰੂਕਿਆਂ ਨੇ ਆਖਿਆ ਤੂੰ ਪਿਛਲੇ ਜਨਮ ਬਘਿਆੜ ਸੀ, ਹਲਕ ਗਿਆ, ਖਲਕਤ ਤੇਰੇ ਪਿਛੇ ਉਠ ਪਈ,

ਕਈ ਦਿਨਾਂ ਵਿਚ ਤੈਨੂੰ ਇਕ ਸੰਤ ਦੇ ਝੁੰਭੜੇ ਪਾਸ ਘੇਰ ਕੇ ਮਾਰਿਆ, ਉਸੇ ਤਰ੍ਹਾਂ ਤੂੰ ਖਲਕਤ ਨੂੰ ਦੁਖ ਦੇ ਰਿਹਾ ਹੈਂ, ਉਸ ਸੰਤ ਦੇ ਦਰਸ਼ਨ ਅੰਤ ਸਮੇਂ ਹੋਣ ਕਰਕੇ ਬਾਦਸ਼ਾਹ ਹੋ ਗਿਆ ਹੈਂ, ਜਦੋਂ ਉਹ ਸਾਰੇ ਪਤੇ ਪੂਰੇ ਪੂਰੇ ਲਗ ਗਏ ਤਾਂ ਸੱਚ ਮੰਨਿਆ।

15. ਔਰੰਗੇ ਨੇ ਬਹਿਸ਼ਤ ਦੇ ਫਲ ਮੰਗੇ। ਰਾਮਰਾਇ ਜੀ ਨੇ ਲੰਮਾ ਹੱਥ ਕਰਕੇ ਫੜ ਕੇ ਬਾਦਸ਼ਾਹ ਨੂੰ ਦੇ ਕੇ ਆਖਿਆ ਕਿ ਤੈਨੂੰ ਬਹਿਸ਼ਤ ਦੇ ਫਲ ਖਾਣੇ ਦਾ ਹੁਕਮ ਨਹੀਂ ਜਦ ਉਹ ਖਾਣ ਲੱਗਾ ਤਾਂ ਹੱਥਾਂ ਵਿਚੋਂ ਅਲੋਪ ਹੋ ਗਏ।

16. ਬਾਦਸ਼ਾਹ ਤੇ ਕਈ ਅਮੀਰਾਂ ਦੀ ਬੇਨਤੀ ਮੰਨ ਕੇ ਰੁਮਾਲ ਆਪਣੇ ਹੱਥ ਦਾ ਦਿਤਾ, ਜਿਸ ਜਿਸ ਨੇ ਦਾੜ੍ਹੀ ਉਤੇ ਫੇਰਿਆ ਕਾਲੀ ਸ਼ਾਹ ਹੋ ਗਈ, ਉਹ ਵਸਮਾਂ ਲਾਉਣੋਂ ਛੁਟੇ, ਵਰਿਹਾਂ ਦਿਨ ਕਾਲੇ ਰੰਗ ਦੀਆਂ ਰਹੀਆਂ।

17. ਇਕ ਦਿਨ ਜਮਨਾ ਕਿਨਾਰੇ ਫਿਰਦਿਆਂ ਹੋਇਆਂ ਬਾਦਸ਼ਾਹ ਨੇ ਆਖਿਆ ਬਿਨਾਂ ਬੇੜੀ ਪਾਰ ਕਰੋ, ਛੇਤੀ ਸ਼ਿਕਾਰ ਕਰੀਏ। ਰਾਮਰਾਏ ਜੀ ਜਲ ਵਿਚ ਜਾ ਖੜੋਤੇ, ਗਿੱਟੇ-ਗਿੱਟੇ ਪਾਣੀ ਹੋ ਗਿਆ।

18. ਇਕ ਦਿਨ ਗੜੇ ਪਏ, ਬਾਦਸ਼ਾਹ ਸ਼ਿਕਾਰ ਵਿਚ ਸੀ, ਗੁਰੂਕਜਾਂ ਅੱਗੇ ਬੇਨਤੀ ਕੀਤੀ, ਗੜੇ ਇਕ ਤਾਲ ਵਿਚ ਪਵਾ ਦਿਤੇ, ਖੇਤੀਆਂ, ਫੌਜਾਂ ਬਚ ਰਹੀਆਂ।

19. ਔਰੰਗਾ ਬੋਲਿਆ, ਹਿੰਦੂਆਂ ਦੀਆਂ ਪੁਸਤਕਾਂ ਵਿਚ ਰਾਮ ਰਾਵਣ ਤੇ ਕੌਰਵਾਂ ਪਾਂਡਵਾਂ ਦੇ ਜੰਗ ਵਿਚ ਅਸਮਾਨ ਪਰ ਚੜ੍ਹ ਕੇ ਪੱਥਰ, ਅਗਨੀ, ਜਲ ਦੀ ਵਰਖਾ ਕਰਨੀ, ਪਾਤਾਲ ਵਿਚੋਂ ਬਬਰ ਵਾਹਨ ਸ਼ੇਰ ਪਾਸੋਂ ਮਣੀ ਲੈ ਆਇਆ, ਇਹੋ ਜਿਹੀਆਂ ਗੱਲਾਂ ਝੂਠ ਬਹੁਤ ਹਨ, ਰਾਮਰਾਇ ਜੀ ਨੇ ਜਮਨਾ ਦੀ ਬਰੇਤੀ ਵਿਚ ਪੱਥਰ ਅਤੇ ਅੱਗ ਦੀ ਵਰਸ਼ਾ ਦਿਖਾਈ।

20. ਸਭ ਦੇ ਦੇਖਦਿਆਂ ਪਤਾਲ ਵਿਚ ਧੱਸ ਗਏ, ਮਣੀ ਲੈ ਆਏ, ਜਿਸ ਦਾ ਰਾਤ ਨੂੰ ਚਾਨਣਾ ਹੋ ਗਿਆ ਪਰ ਦਿੱਬ ਹੋ ਗਈ।

21. ਕਾਜ਼ੀਆਂ ਦੇ ਕਹੇ ਖੂਨੀ ਹਾਥੀ ਰਾਮਰਾਇ ਦੀ ਅਸਵਾਰੀ ਨੂੰ ਭੇਜ ਦਿਤਾ, ਉਹ ਇਨ੍ਹਾਂ ਅੱਗੇ ਬੱਕਰੀ ਵਰਗਾ ਹੋ ਤੁਰਿਆ।

22. ਕਚਹਿਰੀ ਵਿਚ ਇਕ ਦਿਨ ਇਕ ਬਾਦਸ਼ਾਹੀ ਮੌਲਵੀ ਨੇ ਗੁਰੂ ਨਾਨਕ ਜੀ ਦੀ ਕੁਛ ਨਿੰਦਿਆ ਕੀਤੀ, ਰਾਮਰਾਇ ਜੀ ਨੇ ਬਚਨ ਕੀਤਾ ਕਿ ਤੇਰੀ ਜ਼ੁਬਾਨ ਛੇਕ ਹੋ ਕੇ ਬੰਦ ਹੋ ਜਾਣ ਦੇ ਯੋਗ ਹੈ, ਓਹੋ ਹੋਇਆ, ਉਸ ਦੀ ਜੀਭ ਵਿਚ ਛੇਕ ਹੋ ਕੇ ਬੋਲਣੋਂ ਰਹਿ ਚੁਕੀ। ਉਸ ਦਿਨ ਤੋਂ ਕਦੇ ਕੋਈ ਇਨ੍ਹਾਂ ਦੇ ਸਾਮ੍ਹਣੇ ਗੁਰੂ ਜੀ ਦੀ ਬਾਬਤ ਮੰਦ ਬਚਨ ਨਾ ਬੋਲਿਆ।

23. ਇਕ ਦਿਨ ਕਤਕ ਵਿਚ ਟਿੱਡ ਆਈ, ਲੋਕ ਦਹਿਲ ਪਏ ਕਿ ਖੇਤੀਆਂ ਖਾ ਜਾਊ, ਔਰੰਗੇ ਦੇ ਕਹਿਣ ਤੇ ਰਾਮਰਾਇ ਜੀ ਨੇ ਹਿਮਾਲਿਆ ਦੇ ਪਰਬਤਾਂ ਵਲ ਤੋਰ ਛਡੀ।

24. ਇਕ ਵਾਰੀ ਨੁਰੰਗੇ ਦੇ ਪੁੱਤਰ ਨੂੰ ਬਹੁਤ ਤਾਪ ਚੜ੍ਹ ਪਿਆ, ਜਦ ਕਿਸੇ ਹਕੀਮ ਤੋਂ ਨਾ ਹਟਿਆ ਤਾਂ ਇਨ੍ਹਾਂ ਨੇ ਸਤਿਨਾਮ ਗਲ ਬਨ੍ਹਾ ਕੇ ਹਟਾ ਦਿਤਾ।

25. ਇਕ ਦਿਨ ਸਾਰੀ ਕਚਹਿਰੀ ਨੂੰ ਦਿਨੇ ਤਾਰੇ ਦਿਖਾਏ।

26. ਔਰੰਗੇ ਨੇ ਵੱਡੇ-ਵੱਡੇ ਚੌਂਪੜ ਦੇ ਖਿਲਾਰੀ ਬੁਲਾ ਕੇ ਸ਼ਰਤ ਲਾ ਕੇ ਖਿਡਾਏ, ਰਾਮਰਾਇ ਜੀ ਨੇ 12 ਬਾਜ਼ੀਆਂ ਵਿਚ 12 ਹਜ਼ਾਰ ਮੋਹਰ ਔਰੰਗੇ ਦੀ ਜਿੱਤੀ।

27. ਮੁਲਕ ਵਿਚ ਮਹਾਂਮਰੀ ਦੀ ਮਰਜ਼ ਅਜਿਹੀ ਕੜਕੀ ਕਿ ਹਜ਼ਾਰਾਂ ਲੋਕ ਰੋਜ਼ ਮਰਨ ਲੱਗੇ। ਔਰੰਗੇ ਦੇ ਬੇਨਤੀ ਕਰਨ ਤੇ ਰਾਮਰਾਇ ਜੀ 'ਸਤਿਨਾਮ' ਲਿਖ ਲਿਖ ਦੇਣ ਲੱਗੇ, ਜਿਸ ਦੇ ਗਲ ਬੰਨ੍ਹਿਆ ਗਿਆ, ਬਚ ਰਿਹਾ।

28. ਇਕ ਦਿਨ ਸ਼ਿਕਾਰ ਵਿਚ ਔਰੰਗੇ ਨੇ ਧੁੱਪ ਨਾਲ ਵਿਆਕੁਲ ਹੋ ਕੇ ਛਾਂ ਮੰਗੀ, ਇਨ੍ਹਾਂ ਨੇ ਮੇਘ ਮਾਲਾ ਫੈਲਾ ਦਿਤੀ।

29. ਬਾਦਸ਼ਾਹੀ ਬੇਗਮ ਨੂੰ ਆਉਲਾ ਪੈ ਗਿਆ। ਜਦ ਹੋਰ ਕਿਵੇਂ ਖਲਾਸੀ ਨਾ ਹੋਈ ਤਾਂ ਇਨ੍ਹਾਂ ਸਤਿਨਾਮ ਥਾਲੀ ਵਿਚ ਪਿਲਾਇਆ। ਬਹਾਦਰ ਸ਼ਾਹ ਜੰਮ ਪਿਆ, ਉਹ ਤਾਂਹੀਓ ਗੁਰੂ ਘਰ ਦਾ ਵਿਰੋਧੀ ਨਹੀਂ ਹੋਇਆ।

30. ਪਹਿਲਵਾਨ ਘੁੱਲੇ, ਸ਼ੇਰ ਅਫਗਾਨ ਦਾ ਬੇਟਾ ਔਜਬੇਗ ਜੋ ਰੁਸਤਮ ਦਾ ਖਤਾਬ ਲੈ ਚੁਕਾ ਸੀ, ਗੁਰੂ ਕੇ ਸੇਵਕ ਸਹਿਜੇ ਬੈਰਾੜ ਨੇ ਢਾਹ ਲਿਆ ਜੋ ਉਸ ਅੱਗੇ ਚਿੜੀ ਜਿਤਨਾ ਸੀ।

31. ਅਲਾਉਦੀਨ ਉਮਰਾ ਇਕ ਦਿਨ ਆਪਣੀ ਬਹਾਦਰੀ ਦੀ ਵਡਿਆਈ ਕਰ ਰਿਹਾ ਸੀ, ਰਾਮਰਾਇ ਜੀ ਨੇ ਇਕ ਜੱਟ ਸਿੱਖ ਨਾਲ ਲੜਾ ਦਿਤਾ, ਉਸ ਨੇ ਉਸ ਦੀ ਢਾਲ ਤਲਵਾਰ ਖੋਹ ਕੇ ਗੋਡਿਆਂ ਹੇਠ ਲੈ ਲਈ।

32. ਪੀਰ ਗੌਂਸ ਮੁਹੰਮਦ ਜੋ ਸਮਾਧੀ ਲਾ ਕੇ ਕਈ-ਕਈ ਦਿਨ ਬੈਠਾ ਰਹਿੰਦਾ ਸੀ, ਇਕ ਦਿਨ ਬਾਦਸ਼ਾਹ ਦੇ ਰੂਬਰੂ ਗਰਬ ਰਿਹਾ ਸੀ ਕਿ ਮਰਨਾ ਮੇਰੇ ਵਸ ਹੈ, ਅਜੇ 30 ਵਰ੍ਹੇ ਹੋਰ ਦੇਹ ਰਖਾਂਗਾ। ਰਾਮਰਾਇ ਜੀ ਬੋਲੇ ਤੂੰ ਪਰਸੋਂ ਨੂੰ ਮਰਨਾ ਹੈ, ਸੋਈ ਸੱਚ ਹੋਇਆ, ਤੀਜੇ ਦਿਨ ਮਰ ਗਿਆ, ਇਹ ਗੱਲ ਸਾਰੇ ਸ਼ਹਿਰ ਵਿਚ ਘੁੰਮ ਗਈ।

33. ਔਰੰਗੇ ਦੀ ਬੇਟੀ ਨੂੰ ਖੋਜਾ ਕੁਛੜ ਲੈ ਕੇ ਖਿਡਾ ਰਿਹਾ ਸੀ, ਰਾਮਰਾਇ ਜੀ ਨੇ ਦੇਖ ਕੇ ਆਖਿਆ ਕਿ ਇਹ ਲੜਕਾ ਕਿਸਦਾ ਹੈ? ਖੋਜੇ ਨੇ ਬਾਦਸ਼ਾਹ ਵਲ ਇਸ਼ਾਰਾ ਕਰਕੇ ਦੇਖਿਆ ਤਾਂ ਅੰਗ ਛੋਕਰੇ ਦੇ ਹੋ ਗਏ, ਸਭ ਦੇਖਣ ਵਾਲੇ ਹੈਰਾਨ ਰਹਿ ਗਏ।

34. ਇਕ ਦਿਨ ਬਾਦਸ਼ਾਹ ਦੇ ਪੁਛਣ ਤੇ ਜੋ ਜੋ ਕੁਛ ਉਸ ਨੇ ਰਾਤ ਨੂੰ ਜਾਗਦੇ ਹੋਏ ਕੰਮ ਕੀਤੇ ਉਹ

ਭੀ ਦੱਸੇ ਅਤੇ ਸੁਫਨੇ ਵਿਚ ਮੱਛੀਆਂ ਮਾਰਦਾ ਫਿਰਦਾ ਦਸਿਆ, ਓਹ ਸਹੀ ਮੰਨ ਗਿਆ।

35. ਇਕ ਦਿਨ ਬਾਦਸ਼ਾਹ ਤੇ ਕਈ ਉਮਰਾਹ ਰਾਮਰਾਇ ਸਮੇਤ ਬੇੜੀ ਵਿਚ ਚੜ੍ਹੇ ਹੋਏ ਜਮਨਾ ਵਿਚ ਸੈਰ ਕਰ ਰਹੇ ਸਨ ਤਾਂ ਕਿਸ਼ਤੀ ਧਾਰ ਮੂੰਹੋਂ ਆ ਕੇ ਡੁੱਬਣ ਲੱਗੀ। ਰਾਮਰਾਇ ਜੀ ਨੇ ਛਟੀ ਮਾਰੀ ਬੇੜੀ ਕਿਨਾਰੇ ਜਾ ਲੱਗੀ।

36. ਇਕ ਦਿਨ ਕਚਹਿਰੀ ਵਿਚ ਬੈਠੇ-ਬੈਠੇ ਰਾਮਰਾਇ ਜੀ ਗੁਪਤ ਹੋ ਗਏ, ਉਹ ਸਭ ਨੂੰ ਦੇਖਣ ਉਨ੍ਹਾਂ ਨੂੰ ਕੋਈ ਨਾ ਦੇਖੇ।

37. ਇਕ ਦਿਨ ਔਰੰਗੇ ਨੇ ਆਖਿਆ, ਬਾਬੇ ਨਾਨਕ ਦਾ ਪਲ ਵਿਚ ਸਾਥੀਆਂ ਸਮੇਤ ਹਜ਼ਾਰਾਂ ਕੋਹਾਂ ਜਾਣਾ ਲਿਖਿਆ ਹੈ, ਅਸੀਂ ਕਿਵੂੰ ਮੰਨੀਏ? ਰਾਮਰਾਇ ਜੀ ਨੇ ਆਖਿਆ ਕਿ ਤੂੰ ਦਸ ਤੈਨੂੰ ਕਿਥੇ ਪੁਚਾਵਾਂ? ਉਹ ਬੋਲਿਆ ਮੱਕੇ। ਜਦ ਔਰੰਗੇ ਨੇ ਅੱਖਾਂ ਮੀਟ ਕੇ ਖੋਲ੍ਹੀਆਂ ਤਾਂ ਰਾਮਰਾਇ ਜੀ ਸਮੇਤ ਆਪ ਨੂੰ ਮੱਕੇ ਬੈਠਾ ਦੇਖਿਆ, ਨਮਾਜ਼ ਪੜ੍ਹੀ ਤੇ ਕਾਹਬੇ ਦੀ ਯਾਤਰਾ ਕੀਤੀ, ਨਿਸ਼ਾਨੀਆਂ ਲੈ ਕੇ ਅੱਖਾਂ ਮੀਟੀਆਂ ਤਾਂ ਦਿੱਲੀ ਬੈਠੇ ਦੇਖਿਆ ਓਥੋਂ ਦੇ ਪਤੇ ਹਾਜੀਆਂ ਨੂੰ ਦੱਸੇ ਦਿਖਾਏ, ਸਭ ਸਹੀ ਮੰਨ ਗਏ।

38. ਇਕ ਵਾਰੀ ਔਰੰਗੇ ਦੀ ਬੇਨਤੀ ਮੰਨ ਕੇ ਉਸ ਨੂੰ ਸਾਰੇ ਦੇਸ਼ ਦੇ ਕਿਲਿਆਂ ਵਿਚ ਫੇਰ ਲਿਆਏ। ਇਹ ਸਭੋ ਕੁਛ ਦੇਖ ਆਏ, ਕਿਲੇਦਾਰਾਂ ਨੇ ਉਨ੍ਹਾਂ ਨੂੰ ਨਾ ਦੇਖਿਆ ਔਰੰਗਜ਼ੇਬ ਨੇ ਉਨ੍ਹਾਂ ਨੂੰ ਖਤ ਲਿਖੇ ਤਾਂ ਉਹ ਹੈਰਾਨ ਰਹਿ ਗਏ।

39. ਔਰੰਗੇ ਦੀਆਂ ਅੱਖਾਂ ਵਿਚ ਲੋਕਾਂਜਨ ਪਵਾ ਦਿਤਾ, ਮਹਿਲਾਂ ਵਿਚੋਂ ਬੇਗਮਾਂ ਦੇ ਜ਼ੇਵਰ ਚੁਕ ਲਿਆਇਆ ਤੇ ਜੋ ਜੋ ਕੰਮ ਕਰਦੀਆਂ ਸਨ ਦੇਖ ਆਇਆ, ਏਸ ਨੂੰ ਕਿਸੇ ਨਾ ਦੇਖਿਆ।

40. ਇਕ ਸਮੇਂ ਰਾਮਰਾਇ ਤੇ ਬਾਦਸ਼ਾਹ ਤੁਰੇ ਜਾਂਦੇ ਸਨ, ਇਕ ਬੁੱਢੀ ਨੂੰ ਚੀਕਾਂ ਮਾਰ ਮਾਰ ਕੇ ਰੋਂਦੀ ਦੇਖ ਕੇ ਪੁਛਿਆ ਤਾਂ ਉਸ ਨੇ ਆਖਿਆ ਕਿ ਮੇਰਾ ਰੰਡੀ ਦਾ ਇਕਲੋਤਾ ਪੁੱਤਰ ਮਰ ਗਿਆ, ਦੱਬਣ ਲੈ ਗਏ ਹਨ। ਰਾਮਰਾਇ ਜੀ ਬੋਲੇ ਫਿਕਰ ਨਾ ਕਰ, ਮਰਿਆ ਨਹੀਂ। ਉਧਰ ਜਦ ਉਸ ਨੂੰ ਕਬਰ ਵਿਚ ਪਾਉਣ ਲੱਗੇ ਤਾਂ ਅੱਖਾਂ ਖੋਲ੍ਹ ਆਇਆ, ਮੋੜ ਕੇ ਘਰ ਲੈ ਆਏ, ਰਾਜ਼ੀ ਹੋ ਗਿਆ।

41. ਇਕ ਗਊ ਮਰੀ ਪਈ ਸੀ, ਉਸ ਦਾ ਵੱਛਾ ਭੁੱਖਾ ਅਰੜਾਵੇ, ਇਨ੍ਹਾਂ ਨੂੰ ਤਰਸ ਆਇਆ ਗਊ ਜਿਵਾ ਦਿਤੀ।

42. ਕਾਜ਼ੀਆਂ ਨੇ ਕਚਹਿਰੀ ਵਿਚ ਆਖਿਆ ਨਾਨਕ ਸ਼ਾਹ ਨੇ 'ਕੇਤੇ ਇੰਦ ਚੰਦ ਸੂਰ' ਕਿਹਾ ਹੈ ਸੂਰਜ ਪ੍ਰਤੱਖ ਦਿਖਾ ਦਿਤੇ, ਜਿਨ੍ਹਾਂ ਨੂੰ ਦੇਖ ਕੇ ਸਾਰੀ ਕਚਹਿਰੀ ਹੈਰਾਨ ਹੋ ਗਈ।

43. ਔਰੰਗੇ ਦੀ ਤਸਬੀ ਵੱਡੇ-ਵੱਡੇ ਕੀਮਤੀ ਮੋਤੀਆਂ ਦੀ ਜਾਂਦੀ ਰਹੀ, ਅਨੇਕ ਲੋਕ ਫੜੇ ਗਏ, ਰਾਮਰਾਇ ਜੀ ਨੂੰ ਪੁਛਿਆ ਤਾਂ ਇਨ੍ਹਾਂ ਆਖਿਆ ਸਭ ਤੋਂ ਛੋਟੀ ਬੇਗਮ ਦੇ ਸੰਦੂਕਚੇ ਵਿਚ ਪਈ ਹੈ, ਔਰੰਗੇ ਨੇ ਜਾ ਕੱਢੀ।

44. ਇਕ ਦਿਨ ਜੋ ਕੁਛ ਔਰੰਗੇ ਨੇ ਮਹਿਲਾਂ ਵਿਚ ਖਾਧਾ ਸੀ, ਉਸ ਦੇ ਪੁਛਣੇ ਪਰ ਸਭ ਕੁਝ ਰਾਮਰਾਇ ਜੀ ਨੇ ਦਸ ਦਿਤਾ।

45. ਇਕ ਦਿਨ ਕਾਬਲ ਦੇ ਕਾਲੇ ਅੰਗੂਰ ਆਦਿਕ ਤਾਜ਼ੇ ਮੇਵੇ ਬਾਦਸ਼ਾਹ ਨੇ ਮੰਗੇ, ਆਪ ਨੇ ਬਕਸ ਵਿਚੋਂ ਕੱਢ ਕੇ ਅਨੇਕ ਅਮੀਰਾਂ ਸਮੇਤ ਬਾਦਸ਼ਾਹ ਨੂੰ ਖਵਾਏ।

46. ਇਕ ਪਿੱਪਲ ਕਿਲੇ ਦੇ ਬੂਹੇ ਅੱਗੇ ਵੱਡੇ ਵਿਸਤਾਰ ਵਾਲਾ ਸੀ, ਸੈਂਕੜੇ ਲੋਕ ਉਸ ਦੀ ਛਾਇਆ ਵਿਚ ਆਰਾਮ ਪਾਉਂਦੇ, ਉਹ ਸੁਕ ਗਿਆ ਸੀ, ਰਾਮ ਰਾਇ ਜੀ ਨੇ ਜਲ ਛਿੜਕ ਕੇ ਹਰਾ ਭਰਾ ਕਰ ਦਿਖਾਇਆ।

47. ਇਕ ਦਿਨ ਔਰੰਗੇ ਨੇ ਆਖਿਆ ਮੈਨੂੰ ਹੰਸ ਦਿਖਾਓ, ਰਾਮਰਾਇ ਜੀ ਨੇ ਜੁਮੇਂ ਮਸੀਤ ਦੇ ਵਿਚ ਤਾਲ ਕਿਨਾਰੇ ਮੋਤੀ ਖਿੰਡਵਾ ਦਿਤੇ, ਦੋ ਜੋੜੇ ਹੰਸਾਂ ਦੇ ਆਏ ਮੋਤੀ ਚੁਗ ਕੇ ਉਡ ਗਏ, ਔਰੰਗੇ ਸਮੇਤ ਸਭ ਅਮੀਰ ਖੁਸ਼ੀ ਹੋਏ।

48. ਕਿਸੇ ਅੰਗਰੇਜ਼ ਸੌਦਾਗਰ ਨੇ ਜੋੜੀ ਗਜ ਮੋਤੀਆਂ ਦੀ ਢਾਈ ਲੱਖ ਨੂੰ ਵੇਚੀ ਦੂਜੇ ਦਿਨ ਰਾਮਰਾਇ ਜੀ ਨੂੰ ਕਚਹਿਰੀ ਵਿਚ ਦਿਖਾਏ, ਇਨ੍ਹਾਂ ਨੇ ਉਹ ਬਨਾਵਟੀ ਦੱਸੇ, ਜਦ ਨਿਰਣਾ ਹੋਇਆ ਤਾਂ ਠੀਕ ਉਹ ਝੂਠੇ ਤੇ ਸੁੱਚੇ ਮੋਤੀ ਸੌਦਾਗਰ ਪਾਸੋਂ ਨਿਕਲੇ ਜੋ ਉਸਨੇ ਬਦਲਾ ਲਏ ਸਨ।

49. ਇਕ ਦਿਨ ਯੋਗ ਵਿਦਿਆ ਦਾ ਜ਼ਿਕਰ ਚਲਿਆ ਤਾਂ ਭਾਵੇਂ ਰਾਮਰਾਇ ਜੀ ਸਿੱਖੇ ਨਹੀਂ ਸਨ ਪਰ ਗਿਆਰ੍ਹਾਂ ਦਿਨ ਸਮਾਧੀ ਲਾ ਕੇ ਬੈਠੇ ਰਹੇ।

50. ਇਕ ਦਿਨ ਬਾਦਸ਼ਾਹ ਦਾ ਘੋੜਾ ਮੂੰਹ ਤਾਣਾ ਹੋ ਕੇ ਜਮਨਾ ਦੇ ਡੂੰਘੇ ਜਲ ਵਿਚ ਲੈ ਵੜਿਆ, ਡੁੱਬਣ ਲੱਗੇ ਨੇ ਪੁਕਾਰ ਕੀਤੀ, ਗੁਰੂ ਜੀ ਰੱਖ ਲਓ। ਰਾਮਰਾਇ ਜੀ ਨੇ ਚੁਟਕੀ ਮਾਰੀ, ਘੋੜਾ ਉਛਲ ਕੇ ਬਾਹਰ ਲੈ ਆਇਆ।

51. ਰਾਮਰਾਇ ਜੀ ਨੂੰ ਕਚਹਿਰੀ ਵਿਚ ਬਾਦਸ਼ਾਹ ਦੇ ਪਾਸ ਚੌਂਕੀ ਸੂਜਨੀ ਵਾਲੀ ਮਿਲਿਆ ਕਰਦੀ ਸੀ, ਇਕ ਦਿਨ ਕਾਜ਼ੀਆਂ ਨੇ ਸੂਜਨੀ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਤਰੇ ਰੱਖ ਦਿਤੇ, ਰਾਮਰਾਇ

ਜੀ ਨੇ ਮੱਥਾ ਟੇਕੇ ਕੇ ਪਤਰੇ ਚੁਕ ਲਏ ਤੇ ਸੂਜਨੀ ਉਤੇ ਬੈਠ ਗਏ।

52. ਇਕ ਦਿਨ ਕਾਜੀਆਂ ਨੇ ਔਰੰਗੇ ਨੂੰ ਸਿਖਾ ਕੇ ਚੌਂਕੀ ਚੁਕਾ ਦਿਤੀ, ਖਾਲੀ ਸੂਜਨੀ ਫਰਸ ਉਤੇ ਰਹਿਣ ਦਿਤੀ ਇਹ ਗਏ ਤਾਂ ਸੂਜਨੀ ਆਪੇ ਚੌਂਕੀ ਤੋਂ ਭੀ ਉਚੀ ਹੋ ਗਈ, ਰਾਮਰਾਇ ਜੀ ਉਸ ਉਤੇ ਜਾ ਬੈਠੇ। ਲੋਕ ਦੇਖ ਕੇ ਹੱਕੇ ਬੱਕੇ ਰਹਿ ਗਏ।

53. ਇਕ ਦਿਨ ਔਰੰਗੇ ਦੇ ਬੇਨਤੀ ਕਰਨ ਤੇ ਦਰਿਆਈ ਘੋੜਾ ਮੰਗਾ ਦਿਤਾ।

54. ਬਾਦਸ਼ਾਹ ਨੇ ਸਵਾ ਲੱਖ ਨੂੰ ਮੋਤੀਆਂ ਦਾ ਕੰਠਾ ਨਾਮ ਜੜਾਉ ਖਰੀਦਿਆ, ਰਾਮਰਾਇ ਜੀ ਦੇ ਗਲ ਪਾ ਦਿਤਾ, ਇਨ੍ਹਾਂ ਨੇ ਅੱਗੇ ਇਕ ਬੇਨਵਾ ਫਕੀਰ ਦੇ ਸੁਆਲ ਕਰਨੇ ਪਰ ਉਸ ਨੂੰ ਦੇ ਦਿਤਾ। ਕਾਜ਼ੀ ਨੇ ਚੁਗਲੀ ਖਾਧੀ, ਆਪ ਦੀ ਬਖਸ਼ੀਸ਼ ਪਲੀਤ ਸਮਝ ਕੇ ਕਿਸੇ ਨੂੰ ਦੇ ਛੱਡੀ, ਕਚਹਿਰੀ ਵਿਚ ਬਾਦਸ਼ਾਹ ਨੇ ਦੇਖਣਾ ਚਾਹਿਆ ਤਾਂ ਰਾਮਰਾਇ ਜੀ ਨੇ ਆਪਣੇ ਗਲ ਵਿਚ ਦਿਖਾ ਦਿਤਾ, ਚੁਗਲ ਸ਼ਰਮਿੰਦੇ ਹੋਏ।

55. ਔਰੰਗਾ ਬੋਲਿਆ ਕ੍ਰਿਸ਼ਨ ਦਾ ਗੋਵਰਧਨ ਚੁਕਣਾ ਹਿੰਦੂਆਂ ਨੇ ਝੂਠੇ ਲਿਖ ਰੱਖਿਆ ਹੈ, ਰਾਮਰਾਇ ਜੀ ਨੇ ਸ਼ਾਹੀ ਮਸੀਤ ਜੋ ਕਿਲੇ ਵਿਚ ਹੈ। ਆਪਣੀ ਛਟੀ ਦੀ ਨੋਕ ਉਤੇ ਚੁਕ ਕੇ ਦਿਖਾ ਦਿਤੀ।

56. ਔਰੰਗੇ ਨੂੰ ਖਬਰ ਲੱਗੀ ਕਿ ਇਕ ਕੇਹਰ ਗੰਗਾ ਪਾਰ ਆਇਆ ਹੈ, ਉਸ ਦਾ ਸ਼ਿਕਾਰ ਕਰਨ ਗਏ ਤਾਂ ਰਾਮਰਾਇ ਜੀ ਅੱਗੋ ਉਸ ਉਤੇ ਅਸਵਾਰ ਹੋਏ ਆਉਂਦੇ ਦੇਖੇ ਤਾਂ ਬਾਦਸ਼ਾਹ ਉਸੇ ਥਾਉਂ ਤੋਂ ਮੁੜ ਆਇਆ।

57. ਕਾਜ਼ੀ ਆਖਣ ਲੱਗੇ ਨਾਨਕ ਸ਼ਾਹ ਦੇ ਪੈਰਾਂ ਨਾਲ ਮੱਕੇ ਦਾ ਫਿਰਣਾ ਸਿੱਖਾਂ ਨੇ ਝੂਠ ਲਿਖ ਰੱਖਿਆ ਹੈ ਅਜਿਹੀ ਪੋਥੀ ਸੜਵਾ ਦੇਣੀ ਚਾਹੀਏ, ਰਾਮਰਾਇ ਜੀ ਨੇ ਜਿਧਰ-ਜਿਧਰ ਛਟੀ ਫੇਰੀ ਮਸੀਤ ਉਧਰੇ-ਉਧਰੇ ਫਿਰਦੀ ਦਿਸੀ, ਜਿਸ ਤੋਂ ਕਾਬੇ ਦਾ ਫਿਰਨਾ ਭੀ ਉਨ੍ਹਾਂ ਨੂੰ ਮੰਨਣਾ ਪਿਆ।

58. ਇਕ ਦਿਨ ਬਾਦਸ਼ਾਹ ਨੇ ਕਾਜ਼ੀਆਂ ਦੇ ਆਖੇ ਲੱਗ ਕੇ ਰਾਮਰਾਇ ਜੀ ਨੂੰ ਕੋਠੜੀ ਵਿਚ ਕੈਦ ਕਰ ਦਿਤਾ, ਜਦੋਂ ਬਾਦਸ਼ਾਹ ਬਾਹਰ ਗਿਆ ਤਾਂ ਅੱਗੇ ਰਾਮਰਾਇ ਜੀ ਘੋੜੇ ਉਤੇ ਚੜ੍ਹੇ ਆਉਂਦੇ ਮਿਲੇ, ਮੁੜ ਕੇ ਕੋਠੜੀ ਵਿਚ ਦੇਖਿਆ ਤਾਂ ਉਥੇ ਬੈਠੇ ਸਨ, ਡੇਰੇ ਆਦਮੀ ਭੇਜੇ ਉਥੇ ਬਿਰਾਜੇ ਹੋਏ ਦੇਖ ਆਏ।

59. ਇਕ ਦਿਨ ਖਾਣਾ ਖੁਵਾਉਣ ਵਾਸਤੇ ਰਾਮਰਾਇ ਜੀ ਨੂੰ ਔਰੰਗੇ ਨੇ ਬੁਲਾਇਆ, ਰਾਮਰਾਇ ਜੀ ਦੇ ਸਾਮ੍ਹਣੇ ਜਿਤਨੇ ਖਾਣੇ ਆਏ, ਚਾਵਲ ਕੀੜੇ ਤੇ ਬੋਟੀਆਂ ਡੱਡਾਂ ਹੋ ਕੇ ਤੁਰ ਪਏ।

60. ਔਰੰਗਜ਼ੇਬ ਦੀ ਬੇਟੀ ਜੇਬੁੱਲਨਸਾਂ ਨੂੰ ਵੀਹਲ ਉਠਿਆ ਹੋਰ ਕਿਵੇਂ ਆਰਾਮ ਨਾ ਹੋਇਆ, ਰਾਮਰਾਇ ਜੀ ਦੀ ਛਟੀ ਪੇਟ ਉਤੇ ਫੇਰੀ ਤਾਂ ਸੁਖੀ ਹੋਈ।

61. ਇਕ ਦਿਨ ਸ਼ਿਕਾਰ ਗਏ, ਸ਼ੇਰ ਨਿਕਲਿਆ, ਉਸ ਨੇ ਦੌੜ ਕੇ ਆ ਕੇ ਰਾਮਰਾਇ ਜੀ ਦੇ ਚਰਨਾਂ ਉਤੇ ਮੱਥਾ ਟੇਕਿਆ, ਔਰੰਗੇ ਦੇ ਪੁਛਣ ਤੇ ਇਨ੍ਹਾਂ ਦਸਿਆ ਕਿ ਇਹ ਪਿਛਲੇ ਜਨਮ ਗੁਰੂ ਕਾ ਸਿੱਖ ਸੀ, ਮਰਨ ਲੱਗੇ ਨੂੰ ਮਾਸ ਰਿਝਦੇ ਦਾ ਮੁਸਕ ਆਇਆ, ਇਸ ਕਰਕੇ ਮਾਸ ਖਾਣ ਦੀ ਵਾਸ਼ਨਾ ਫੁਰੀ ਸ਼ੇਰ ਹੋ ਗਿਆ, ਪਰ ਗੁਰੂ ਕੀ ਬਾਣੀ ਦੇ ਪ੍ਰਤਾਪ ਤੋਂ ਗਿਆਤਾ ਬਣੀ ਰਹੀ।

62. ਔਰੰਗੇ ਦੀ ਬੇਟੀ ਰੋਸ਼ਨਆਰਾ ਦੇ ਸੰਤਾਨ ਨਹੀਂ ਸੀ ਹੁੰਦੀ, ਇਨ੍ਹਾਂ ਦੀ ਕ੍ਰਿਪਾ ਤੋਂ ਹੋਈ।

63. ਇਕ ਦਿਨ ਔਰੰਗੇ ਨੇ ਸ਼ਰਾਬ ਦੀ ਸੁਰਾਹੀ ਰਾਤ ਨੂੰ ਗੁਰੂ ਕੇ ਲੰਗਰ ਵਿਚ ਰਖਾ ਦਿਤੀ, ਸਵੇਰੇ ਹੀ ਰਾਮਰਾਇ ਜੀ ਪਾਸ ਗਿਆ, ਨਾਲ ਲੈ ਕੇ ਇਧਰ ਫਿਰ ਕੇ ਪੁਛਿਆ ਇਸ ਸੁਰਾਹੀ ਵਿਚ ਕੀ ਹੈ, ਇਨ੍ਹਾਂ ਆਖਿਆ ਦੁਧ, ਸੋ ਦੁਧ ਹੀ ਨਿਕਲਿਆ।

64. ਇਕ ਦਿਨ ਜਦ ਰਾਮਰਾਇ ਜੀ ਕਿਲੇ ਵਿਚੋਂ ਆਏ ਤਾਂ ਸ਼ਾਹੀ ਦਰਵਾਜ਼ੇ ਨੂੰ ਸਵਾ ਮਣ ਦਾ ਜੰਦਰਾ ਲਾ ਰੱਖਿਆ, ਇਨ੍ਹਾਂ ਸੋਟੀ ਲਾਈ ਤਾਂ ਜੰਦਰਾ ਲਹਿ ਕੇ ਡਿੱਗ ਪਿਆ।

65. ਇਕ ਦਿਨ ਸੈਰ ਕਰਦੇ ਹੋਏ ਮੱਘਰ ਦੇ ਮਹੀਨੇ ਬਾਗ ਵਿਚ ਗਏ ਤਾਂ ਔਰੰਗੇ ਨੇ ਅੰਬ ਮੰਗੇ, ਓਸੇ ਘੜੀ ਅੰਬ ਲੱਗੇ ਹੋਏ ਤੁੜਵਾ ਕੇ ਖਵਾਏ, ਬਾਕੀ ਬੇਗਮਾਂ ਦੇ ਮਹਿਲਾਂ ਵਿਚ ਤੇ ਅਮੀਰਾਂ ਦੇ ਘਰ ਔਰੰਗੇ ਨੇ ਭੇਜ ਦਿਤੇ।

66. ਔਰੰਗੇ ਦਾ ਖੋਜਾ ਗੰਜਾ ਸੀ, ਉਸ ਨੇ ਆ ਕੇ ਬੇਨਤੀ ਕੀਤੀ, ਰਾਮਰਾਇ ਜੀ ਨੇ ਉਸ ਦੇ ਸਿਰ ਉਤੇ ਛਟੀ ਫੇਰੀ ਕੇਸ ਉਗ ਪਏ।

67. ਇਕ ਵਾਰੀ ਵਰਖਾ ਦੀ ਭਾਰੀ ਲੋੜ ਪਈ, ਔਰੰਗੇ ਦੇ ਬੇਨਤੀ ਕਰਨ ਤੇ ਰਾਮਰਾਇ ਜੀ ਨੇ ਅੱਠ ਦਿਨ ਵਰਖਾ ਕਰਾਈ, ਫੇਰ ਉਸ ਨੇ ਪੈਰੀਂ ਪੈ ਕੇ ਹਟਵਾਈ।

68. ਔਰੰਗੇ ਨੇ ਸੱਪ ਰਗੜਾ ਕੇ ਭਾਂਡੇ ਵਿਚ ਬੰਦ ਕਰਕੇ ਰਾਮਰਾਇ ਜੀ ਪਾਸ ਭੇਜ ਦਿਤੇ। ਸ਼ਾਹੀ ਕਾਜ਼ੀ ਲੈ ਕੇ ਆਇਆ ਜਦੋਂ ਇਨ੍ਹਾਂ ਨੇ ਕਢਾਏ ਤਾਂ ਜੜਾਉ ਜ਼ੇਵਰ ਬੇਗਮਾਂ ਦੇ ਨਿਕਲੇ।

69. ਕਾਜ਼ੀ ਨੇ ਕਾਜ਼ਨ ਵਾਸਤੇ ਗਹਿਣਿਆਂ ਦਾ ਸਵਾਲ ਕੀਤਾ ਤਾਂ ਇਨ੍ਹਾਂ ਦੇ ਦਿਤੇ। ਘਰ ਜਾ ਕੇ ਕੱਢਣ ਲੱਗਾ ਤਾਂ ਸੱਪ ਨਿਕਲੇ, ਕਾਜ਼ੀ ਦੋ ਪੁਤਰਾਂ ਸਮੇਤ ਉਨ੍ਹਾਂ ਦੇ ਕੱਟਣ ਤੇ ਮਰ ਗਿਆ।

70. ਇਕ ਦਿਨ ਸ਼ਿਕਾਰ ਗਏ। ਬਾਦਸ਼ਾਹ ਚਿੜੀਆਂ ਫੜ ਕੇ ਉਨ੍ਹਾਂ ਦੀਆਂ ਹੌਲਾਂ ਭੁੰਨ ਕੇ ਖਾਣ ਲੱਗਿਆ, ਬੋਲਿਆ, ਇਨ੍ਹਾਂ ਚਿੜੀਆਂ ਨੂੰ ਭੀ ਕੋਈ ਜਿਉਂਦਿਆਂ ਕਰ ਸਕਦਾ ਹੈ? ਰਾਮਰਾਇ ਜੀ ਬੋਲੇ 'ਮਾਰੇ ਮਾਰ ਜੀਵਾਲੇ ਸੋਈ' ਗੁਰੂ ਕਾ ਬਚਨ ਹੈ, ਈਸ਼ਵਰ ਨੂੰ ਸਭੇ ਸਮਰਥਾਂ ਹਨ, ਜਦ ਉਸ ਨੇ ਹਠ ਕੀਤਾ ਤਾਂ ਆਪ ਨੇ ਸਤਿਨਾਮ ਕਹਿ ਕੇ ਜਲ ਛਿੜਕਿਆ, ਭੁਰਰੈਂ ਹੋ ਕੇ ਸਭ ਉਡ ਗਈਆਂ।

71. ਇਕ ਦਿਨ ਸ਼ਿਕਾਰ ਗਏ। ਧੁੱਪ ਲੱਗੀ ਤਾਂ ਕੈਂਦੂ ਦਰਖਤ ਦੀ ਛਾਇਆ ਵਿਚ ਜੋ ਬਹੁਤ ਗਾੜ੍ਹੀ ਹੁੰਦੀ ਹੈ ਬਾਦਸ਼ਾਹ ਉਤਰ ਬੈਠਾ, ਕੈਂਦੂ ਦੇ ਫਲ ਦੇਖ ਕੇ ਔਰੰਗੇ ਨੇ ਆਖਿਆ ਅਸੀਂ ਸੁਣਿਆ ਹੈ ਨਾਨਕ ਸ਼ਾਹ ਨੇ ਰੀਠੇ ਮਿੱਠੇ ਕਰਕੇ ਜੋਗੀਆਂ ਨੂੰ ਖਲਾਏ ਸਨ, ਤੁਸੀਂ ਕੈਂਦੂ ਦੇ ਅੰਗੂਰ ਕਰ ਦਿਓ। ਰਾਮਰਾਇ ਜੀ ਨੇ ਕੈਂਦੂ ਹਲੂਣਿਆ, ਕਾਬਲੀ ਅੰਗੂਰ ਬਦਾਨਾ ਬੇਅੰਤ ਝੜ ਪਏ, ਔਰੰਗੇ ਸਮੇਤ ਝੱਬ ਸਭ ਅਮੀਰਾਂ ਤੇ ਨਫਰਾਂ ਨੇ ਖਾਧੇ, ਟੋਕਰੀ ਭਰਾ ਕੇ ਬੇਗਮਾਂ ਵਾਸਤੇ ਭੇਜ ਦਿਤੇ।

72. ਇਕ ਦਿਨ ਕਚਹਿਰੀ ਵਿਚ ਖਾਣਿਆਂ ਦੀ ਗੱਲ ਚੱਲੀ ਤਾਂ ਵਜ਼ੀਰ ਨੇ ਆਖਿਆ ਪੇੜੇ ਮਥਰਾ ਦੇ, ਝਿੰਜੜਵੜੇ ਸਨਾਮ ਦੇ, ਰੇਉੜੀ ਰੋਹਤਕ ਦੀ, ਕਚੌੜੀ ਪਟਨੇ ਦੀ, ਕੜਾਹ ਅੰਮ੍ਰਿਤਸਰ ਦਾ, ਗਨੇਰੀ ਸਹਾਰਨਪੁਰ ਦੀ, ਅੰਬ ਮਾਲਵੇ ਦਾ, ਪਾਨ ਨਾਗਪੁਰ ਦਾ, ਇਹ ਚੰਗੇ ਹੁੰਦੇ ਹਨ। ਬਾਦਸ਼ਾਹ ਨੇ ਰਾਮਰਾਇ ਜੀ ਨੂੰ ਆਖਿਆ, ਗੁਰੂ ਜੀ! ਇਕ ਦਿਨ ਇਹ ਸਭ ਚੀਜ਼ਾਂ ਖੁਵਾ ਦਿਓ। ਆਪ ਨੇ ਚਾਦਰ ਤਣਵਾ ਕੇ ਇਹ ਸਭ ਚੀਜ਼ਾਂ ਕੱਢ ਦਿਤੀਆਂ। ਕਹਿੰਦੇ ਹਨ ਕਿ ਸ੍ਰੀ ਰਾਮਰਾਇ ਜੀ ਨੇ ਕਰਾਮਾਤਾਂ ਤਾਂ ਹੋਰ ਭੀ ਬਹੁਤ ਦਿਖਾਈਆਂ, ਪਰ ਇਹ ਬਹੱਤਰ ਬਹੁਤ ਮਸ਼ਹੂਰ ਹਨ।

ਹਠ ਯੋਗ ਵਿਚ ਸੁਖਮਨਾ ਨਾੜੀ ਰਾਹੀਂ ਪ੍ਰਾਣ ਦਸਵੇਂ ਦੁਆਰ ਵਿਚ ਲਿਜਾਂਦੇ ਹਾਂ ਵੇਦਾਂ ਅਨੁਸਾਰ ਆਦਮੀ ਦੇ ਅੰਦਰ 72 ਕਰੋੜ, 72 ਲੱਖ, 72 ਹਜ਼ਾਰ, 210 ਨਾੜੀਆਂ ਹਨ ਜਿਨ੍ਹਾਂ ਵਿਚੋਂ 10 ਨਾੜੀਆਂ ਪ੍ਰਾਣਾਯਾਮ ਕਰਨ ਲਈ ਸਹਾਇਕ ਹਨ। ਨੱਕ ਦੇ ਖੱਬੇ ਪਾਸੇ ਇੜਾ, ਸੱਜੇ ਪਾਸੇ ਪਿੰਗਲਾ ਨਾੜੀ ਹੈ, ਦੋਨਾਂ ਦੇ ਵਿਚ ਵਾਲੀ ਨਾੜੀ ਨੂੰ ਸੁਖਮਨਾ ਨਾੜੀ ਆਖਦੇ ਹਨ। ਸੱਜੇ ਨੇਤਰ ਵਿਚ ਗੰਧਾਰੀ ਨਾੜੀ ਅਤੇ ਖੱਬੇ ਵਿਚ ਹਸਤਿ ਜਿਹਵਾ ਨਾੜੀ ਹੈ। ਸੱਜੇ ਕੰਨ ਵਿਚ ਪੂਸ਼ਾ ਨਾੜੀ ਅਤੇ ਖੱਬੇ ਵਿਚ ਪਜਸ੍ਵਿਨੀ ਨਾੜੀ ਹੈ ਲਿੰਗ ਵਿਚ ਅਲੰਬਸਾ ਨਾੜੀ ਹੈ। ਗੁਦਾ ਵਿਚ ਲਕਵਾ ਨਾੜੀ ਹੈ ਸੰਖਨੀ ਨਾੜੀ ਨਾਭੀ ਵਿਚ ਹੈ। ਕਈ ਤਰ੍ਹਾਂ ਦੇ ਕਠਨ ਪ੍ਰਾਣਾਯਾਮ ਹਨ ਪਰ ਅਸਲੀ ਦੋ ਹਨ ਅਰਥਾਤ ਚੰਦ੍ਰਾਂਗ ਅਤੇ ਸੂਰਯਾਂਗ ਪ੍ਰਾਣਾਯਾਮ। ਪਹਿਲਾ ਹੈ ਕਿ ਇੜਾ ਦੇ ਰਸਤੇ 16 ਵਾਰ ਓਅੰ ਦਾ ਜਾਪ ਕਰਕੇ ਹੌਲੀ-ਹੌਲੀ ਪ੍ਰਾਣਾਂ ਨੂੰ ਅੰਦਰ ਖਿਚਣਾ ਯਾਨਿ ਪੂਰਕ ਕਰਨਾ। 64 ਵਾਰੀ ਓਅੰ ਦਾ ਜਪ ਕਰਕੇ ਸ੍ਵਾਸ ਨੂੰ ਰੋਕਣਾ ਕੁੰਭਕ ਕਰਨਾ ਅਤੇ 32 ਵਾਰ ਸ੍ਵਾਸਾਂ ਨਾਲ ਬਾਹਰ ਛੱਡਣਾ। ਦੂਸਰਾ ਸੂਰਯਾਂਗ ਪ੍ਰਾਣਾਯਾਮ ਪਿੰਗਲਾ ਦੇ ਰਸਤੇ (ਚੰਦ੍ਰਾਂਗ ਦੀ ਰੀਤੀ ਅਨੁਸਾਰ) ਪੂਰਕ ਕਰਕੇ ਕੁੰਭਕ ਪਿਛੋਂ ਇੜਾ ਦੁਆਰਾ ਛੱਡ ਦੇਣਾ।

ਮੂਲਾਧਾਰ ਤੋਂ ਲੈ ਕੇ ਬ੍ਰਹਮ ਰੰਧ੍ਰ ਤਕ ਸੂਰਯ ਪ੍ਰਭਾ ਦੇ ਸਮਾਨ ਸੁਖਮਨਾ ਨਾੜੀ ਰਹਿੰਦੀ ਹੈ। ਉਸ ਦੇ ਮੱਧ ਵਿਚ ਕ੍ਰੋੜਾਂ ਬਿਜਲੀਆਂ ਦੇ ਪ੍ਰਕਾਸ਼ ਦੇ ਸਮਾਨ ਅਤਿ ਸੁਖਸ਼ਮ ਰੂਪ ਵਿਚ ਕੁੰਡਲਿਨੀ ਨਾਮ ਇਕ ਸ਼ਕਤੀ ਹੈ। ਉਸ ਸ਼ਕਤੀ ਦੇ ਦਰਸ਼ਨ ਮਾਤਰ ਨਾਲ ਹੀ ਸਾਰੇ ਪਾਪ ਅਤੇ ਅਗਿਆਨ ਨਾਸ਼ ਹੋ ਜਾਂਦੇ ਹਨ। ਪ੍ਰਾਣਾਯਾਮ ਦੇ ਬਲ ਕਰਕੇ ਭੁਜੰਗਾ ਨਾੜੀ ਜਿਸ ਵਿਚ ਸੁਖਮਨਾ ਦਾ ਦਰਵਾਜ਼ਾ ਕਿਵਾੜ ਰੂਪ ਹੋ ਕੇ ਬੰਦ ਕੀਤਾ ਹੋਇਆ ਹੈ, ਪਰ੍ਹੇ ਹਟ ਜਾਂਦੀ ਹੈ ਅਤੇ ਸੁਖਮਨਾ ਦੁਆਰਾ ਦਸਵੇਂ ਦੁਆਰ ਵਿਚ ਪ੍ਰਾਣਾਂ ਦੀ ਗਤੀ ਹੋ ਜਾਂਦੀ ਹੈ। ਇਕ ਹੰਸ ਪ੍ਰਾਣਾਯਾਮ ਹੈ ਜਿਸਦੀ ਇਹ ਚਾਲ ਹੈ ਇਕਾਗਰ ਮਨ ਹੋ ਕੇ ਸ੍ਵਾਸ ਦੇ ਬਾਹਰ ਜਾਣ ਤੇ ਹਕਾਰ ਦਾ ਅਤੇ ਅੰਦਰ ਜਾਣ ਤੇ ਸਕਾਰ ਦਾ ਸਿਮਰਨ ਕਰਨਾ। ਇਸ ਤਰ੍ਹਾਂ 60 ਘੜੀਆਂ ਵਿਚ 21600 ਵਾਰ ਜਪ ਹੋ ਜਾਂਦਾ ਹੈ। ਇਸ ਦਾ ਨਾਮ ਅਜਪਾ ਜਾਪ ਯਾਨਿ ਅਜਪਾ ਗਾਇਤ੍ਰੀ ਹੈ। ਪ੍ਰਾਪਤੀ ਨਾਮ ਸਰਣਾਗਤੀ ਦਾ ਹੈ, ਕਰਮ ਯੋਗ ਹੈ ਯਾਨਿ ਕ੍ਰਿਆ ਯੋਗ ਹੈ।

*ਨਿਵਲੀ ਕਰਮ ਭੁਅੰਗਮ ਭਾਠੀ॥*
*ਰੇਚਕ ਪੂਰਕ ਕੁੰਭ ਕਰੈ॥*

*ਪੰਨਾ – 1343*

ਕ੍ਰਿਆ ਛੇ ਪ੍ਰਕਾਰ ਦੀ ਹੁੰਦੀ ਹੈ – 1. ਧੋਤੀ, 2. ਨੇਤੀ, 3. ਬਸਤੀ, 4. ਤ੍ਰਾਟਕ, 5. ਨਿਵਲੀ, 6. ਕਪਾਲ ਭਾਤੀ।

**1. ਧੋਤੀ** – ਚਾਰ ਉਂਗਲ ਚੌੜੀ 15 ਗਿੱਠ ਲੰਬੀ ਬਰੀਕ ਕਪੜੇ ਦੀ ਪੱਟੀ ਕੋਸੇ ਪਾਣੀ ਦੇ ਵਿਚ ਭਿਓਂ ਕੇ ਇਕ-ਇਕ ਗਿੱਠ ਰੋਜ਼ ਨਿਗਲਣ ਦਾ ਅਭਿਆਸ ਕਰਨਾ ਅਤੇ 15 ਦਿਨ ਵਿਚ ਇਹ ਸਾਰਾ ਕਪੜਾ ਨਿਗਲ ਜਾਣਾ ਪਿਛਲਾ ਕਿਨਾਰਾ ਦੰਦਾਂ ਵਿਚ ਮਜ਼ਬੂਤ ਰਖਣਾ ਅਤੇ ਪੱਟੀ ਨੂੰ ਹੌਲੀ-ਹੌਲੀ ਬਾਹਰ ਕੱਢਣਾ। ਇਸ ਤਰ੍ਹਾਂ ਕਰਨ ਨਾਲ ਅੰਤੜੀਆਂ ਦੀ ਸਫਾਈ ਹੋ ਜਾਂਦੀ ਹੈ।

**2. ਨੇਤੀ** – ਇਕ ਗਿੱਠ ਲੰਬਾ ਸੂਤ ਦਾ ਧਾਗਾ ਬਰੀਕ ਅਤੇ ਮੁਲਾਇਮ ਲੈ ਕੇ ਪੂਰਕ ਕਰਕੇ ਨੱਕ ਦੇ ਰਸਤੇ ਵਿਚ ਚੜ੍ਹਾ ਕੇ ਪ੍ਰਾਣਾਂ ਦੇ ਬਲ ਨਾਲ ਉਸ ਨੂੰ ਮੂੰਹ ਦੇ ਰਸਤੇ ਪਾ ਕੇ ਦੋਨੋਂ ਤਰਫ ਤੋਂ ਪਕੜ ਕੇ ਅੰਦਰ ਸਾਫ ਕਰਨਾ।

**3. ਬਸਤੀ** – ਨਾਭੀ ਤਕ ਪਾਣੀ ਵਿਚ ਬੈਠ ਕੇ ਛੇ ਉਂਗਲ ਲੰਮੀ ਇਕ ਉਂਗਲ ਮੋਟੀ ਬਾਂਸ ਦੀ ਨਲਕੀ ਲੈ ਕੇ ਚਾਰ ਉਂਗਲ ਗੁਦਾ ਵਿਚ ਪ੍ਰਵੇਸ਼ ਕਰਨੀ

ਅਤੇ ਪ੍ਰਾਣਾਂ ਦੇ ਬਲ ਨਾਲ ਜਲ ਖਿੱਚ ਕੇ ਅੰਤੜੀਆਂ ਸਾਫ ਕਰਨੀਆਂ।

4. **ਤ੍ਰਾਟਕ** – ਨੇਤਰਾਂ ਦੀ ਟਿਕਟਿਕੀ ਕਿਸੀ ਖਾਸ ਚੀਜ਼ ਤੇ ਲਾ ਕੇ ਉਦੋਂ ਤਕ ਇਕ ਰਸ ਦੇਖਦੇ ਰਹਿਣਾ ਜਦੋਂ ਤਕ ਨੇਤਰਾਂ ਦੀ ਦ੍ਰਿਸ਼ਟੀ ਥੱਕ ਕੇ ਪਾਣੀ ਨਾ ਨਿਕਲ ਆਵੇ ਉਸ ਨੂੰ ਤ੍ਰਾਟਕ ਕਹਿੰਦੇ ਹਨ। ਇਹ ਤ੍ਰਾਟਕ ਨੇਤਰਾਂ ਦੇ ਰੋਗਾਂ ਨੂੰ ਦੂਰ ਕਰਨ ਵਾਲਾ ਹੈ ਅਤੇ ਨਿੰਦਰਾ ਅਤੇ ਆਲਸ ਆਦਿ ਤਮੋ ਗੁਣ ਦੀ ਬਿਰਤੀ ਨੂੰ ਤੋੜਨ ਵਾਲਾ ਹੈ। ਇਸ ਨੂੰ ਇਸ ਤਰ੍ਹਾਂ ਸੰਭਾਲ ਕੇ ਰੱਖੇ ਜਿਸ ਤਰ੍ਹਾਂ ਸੋਨੇ ਦੀ ਸੰਦੂਕੜੀ ਸੰਭਾਲ ਕੇ ਰੱਖੀ ਜਾਂਦੀ ਹੈ। ਇਸ ਦੇ ਅਭਿਆਸ ਦਾ ਅਸਥਾਨ ਨਾਸਕਾ ਦੇ ਵਿਚ ਵਾਲੇ ਸਥਾਨ ਭਵਾਂ ਦੇ ਮੱਧ ਭਾਗ ਵਿਚ ਕੀਤਾ ਜਾਂਦਾ ਹੈ।

5. **ਨਿਉਲੀ** – ਦੋਨੋਂ ਮੋਢੇ ਨੀਚੇ ਕਰਕੇ ਪਿੱਠ ਨੂੰ ਸਿਧਾ ਕਰਕੇ ਸਾਵਧਾਨ ਬੈਠਣਾ, ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ ਖੱਬੇ, ਉਪਰ ਨੀਚੇ ਇਸ ਪ੍ਰਕਾਰ ਹਿਲਾਉਣਾ ਜਿਵੇਂ ਮਟਕੀ ਵਿਚ ਦਹੀ ਰਿੜਕਣ ਸਮੇਂ ਹੁੰਦਾ ਹੈ।

6. **ਕਪਾਲ ਭਾਤੀ** – ਲੁਹਾਰ ਦੀ ਧੌਂਕਣੀ ਦੇ ਸਮਾਨ ਰੇਚਕ ਪੂਰਕ ਦੁਆਰਾ ਪ੍ਰਾਣਾਂ ਨੂੰ ਬਾਰ-ਬਾਰ ਚੜ੍ਹਾਉਣਾ ਉਤਾਰਨਾ।

ਹੱਠ ਯੋਗੀ ਦੀਆਂ ਪੰਜ ਮੁਦਰਾ ਹੋਇਆ ਕਰਦੀਆਂ ਹਨ–

1. **ਖੇਚਰੀ** – ਤਾਲੂਏ ਨਾਲ ਜ਼ੁਬਾਨ ਲਾ ਕੇ ਜੋਗ ਦਾ ਰਸ ਲੈਣ ਵਾਲੀ ਸ਼ਕਤੀ – ਫਲ – 1. ਅਕਾਸ਼ ਵਿਚ ਵਿਚਰਨ ਵਾਲਿਆਂ ਨੂੰ ਵੇਖ ਲੈਣਾ, 2. ਅਕਾਸ਼ ਵਿਚ ਵਿਚਰਨ ਦੀ ਸ਼ਕਤੀ ਹੋ ਜਾਣੀ।

2. **ਭੂਚਰੀ** – ਭਰਵੱਟਿਆਂ ਵਿਚ ਨਿਗ੍ਹਾ ਟਿਕਾ ਲੈਣੀ – ਫਲ – ਪ੍ਰਿਥਵੀ ਤੇ ਵਿਚਰਨ ਦੀ ਤਾਕਤ ਹੋ ਜਾਣੀ।

3. **ਚਰਚਰੀ** – ਤ੍ਰਿਕੁਟੀ ਵਿਚ ਸੁਰਤ ਨੂੰ ਟਿਕਾ ਲੈਣਾ। ਫਲ – ਜਲ ਵਿਚ ਵਿਚਰਨ ਦੀ ਸ਼ਕਤੀ ਹੋ ਜਾਣੀ।

4. **ਅਗੋਚਰੀ** – ਛੇ ਚੱਕਰਾਂ ਦੀ ਕੈਦ ਤੋਂ ਪਰ੍ਹੇ ਹੋਣਾ– ਦਸਵੇਂ ਦੁਆਰ ਵਿਚ ਪ੍ਰਵੇਸ਼ ਹੋਣ ਦਾ ਸਮਾਂ, ਦਸਵੇਂ ਦੁਆਰ ਦੇ ਸਹੰਸਰਾਰ ਦਲ ਕਮਲ ਨੂੰ ਵੇਖ ਲੈਣਾ।

5. **ਉਨਮਨੀ** – ਆਪਣੇ ਸਰੀਰ ਦੇ ਅੰਦਰ ਦਸਵੇਂ ਦੁਆਰ ਵਿਚ ਤਾਲੂ ਅਸਥਾਨ ਦੁਆਰਾ ਸੁਆਸਾਂ ਨੂੰ ਕੱਢ ਕੇ, ਖਿੱਚ ਕੇ ਬ੍ਰਹਮ ਲੋਕ ਦੀ ਪ੍ਰਾਪਤੀ ਕਰਨੀ – ਦਸਵੇਂ ਦੁਆਰ ਵਿਚ ਚੇਤਨ ਦੀ ਲਾਟ ਨਾਲ ਮਿਲਣਾ – ਬ੍ਰਹਮ ਰੰਧ੍ਰ ਨੂੰ ਭੰਨ ਕੇ ਬ੍ਰਹਮ ਲੋਕ ਵਿਚ ਪ੍ਰਾਪਤ ਹੋਣਾ।

ਕਲਜੁਗ ਦਾ ਸਮਾਂ ਚਲ ਰਿਹਾ ਹੈ ਜਿਸ ਵਿਚ ਪ੍ਰਕ੍ਰਿਤੀ ਨੇ ਸਾਇੰਸ ਦੇ ਅਧਾਰ ਤੇ ਅਨੇਕਾਂ ਹੀ ਰੂਪ ਧਾਰੇ ਹੋਏ ਹਨ। ਟੈਲੀਵੀਜ਼ਨਾਂ ਰਾਹੀਂ ਅਨੇਕ ਚਿਤਰ ਟੈਲੀਵੀਜ਼ਨ ਵਿਚ ਦੇਖੇ ਜਾਂਦੇ ਹਨ। ਕੰਮਪਿਊਟਰ ਸਾਇੰਸ ਨੇ ਹੈਰਾਨੀ ਜਨਕ ਤਰੱਕੀ ਕਰ ਲਈ ਹੈ। ਬੰਦੇ ਦੀ ਸੁਵਿਧਾ ਵਾਸਤੇ ਬਹੁਤ ਹੀ ਸਹੂਲਤਾਂ ਪੈਦਾ ਕਰ ਦਿਤੀਆਂ ਹਨ। ਜੀਵ ਇਨ੍ਹਾਂ ਸਾਰੀਆਂ ਨੂੰ ਦੇਖ ਕੇ ਮੋਹਤ ਹੁੰਦਾ ਰਹਿੰਦਾ ਹੈ ਅਤੇ ਨਾ ਹੀ ਉਹ ਰਾਜ ਯੋਗ, ਹਠ ਯੋਗ ਕਰਨ ਦਾ ਸਾਧਨ ਕਰ ਸਕਦਾ ਹੈ ਅਤੇ ਨਾ ਹੀ ਹੋਰ ਪਿਛੇ ਲਿਖੇ ਯੋਗ ਸਾਧਨ ਸਾਧ ਸਕਦਾ ਹੈ। ਇਸ ਕੋਲ ਸਮਾਂ ਬਹੁਤ ਹੀ ਘੱਟ ਹੋ ਗਿਆ। ਇਨ੍ਹਾਂ ਸਾਰੀਆਂ ਅਵਸਥਾਵਾਂ ਨੂੰ ਅਨੁਭਵ ਕਰਦਿਆਂ ਗੁਰੂ ਨਾਨਕ ਪਾਤਸ਼ਾਹ ਨੇ ***'ਕਲਜੁਗ ਨਾਨਕ ਨਾਮ ਸੁਖਾਲਾ'*** ਦਾ ਮਾਰਗ ਸੰਸਾਰ ਨੂੰ ਦਿਤਾ। ਇਸ ਮਾਰਗ ਤੇ ਚਲਣ ਲਈ ਨਾ ਗ੍ਰਹਿਸਤ ਛੱਡਣ ਦੀ ਲੋੜ ਹੈ, ਨਾ ਹੀ ਆਪਣਾ ਆਰਾਮ ਤੇ ਸੁੱਖ ਛੱਡ ਕੇ ਜੰਗਲਾਂ ਵਿਚ ਜਾਣ ਦੀ ਲੋੜ ਹੈ, ਸਿਰਫ ਜੀਵਨ ਨੂੰ ਸੰਜਮ ਵਿਚ ਲਿਆ ਕੇ ਗੁਰਬਾਣੀ ਦੇ ਪ੍ਰਕਾਸ਼ ਵਿਚ ਜੀਵਨ ਬਤੀਤ ਕਰਦਿਆਂ ਪੂਰੇ ਸਤਿਗੁਰੂ ਦੀ ਜੁਗਤ ਨੂੰ ਵਰਤਦਿਆਂ ਜੀਵ ਦੀ ਕਲਿਆਣ ਹੋ ਜਾਂਦੀ ਹੈ –

***ਨਾਨਕ ਸਤਿਗੁਰਿ ਭੇਟਿਐ***
***ਪੂਰੀ ਹੋਵੈ ਜੁਗਤਿ॥***
***ਹਸੰਦਿਆ ਖੇਲੰਦਿਆ ਪੈਨੰਦਿਆ***
***ਖਾਵੰਦਿਆ ਵਿਚੇ ਹੋਵੈ ਮੁਕਤਿ॥***

***ਪੰਨਾ – 522***

ਸਾਡਾ ਪ੍ਰਮ ਮਨੋਰਥ ਹਉਮੈ ਰੋਗ ਨੂੰ ਕੱਟ ਕੇ ਆਪਣੇ ਆਤਮ ਸਰੂਪ ਦਾ ਸਾਖਸ਼ਾਤ ਕਰਨਾ ਹੈ, ਜਿਸ ਕਰਕੇ ਇਸ ਜੀਵ ਦੀ ਝੂਠੀ ਹੋਂਦ ਖਤਮ ਹੋਇਆ ਕਰਦੀ ਹੈ ਇਹ ਅਸਲੀ ਰੂਹ ਆਤਮਾ ਨੂੰ ਪਹਿਚਾਣ ਲੈਂਦਾ ਹੈ। ਆਤਮਾ ਪ੍ਰਮਾਤਮਾ, ਬ੍ਰਹਮ, ਸੱਚ, ਏਕੰਕਾਰ ਇਕੋ ਹੀ ਹਨ ਕੇਵਲ ਨਾਮ ਵੱਖਰੇ-ਵੱਖਰੇ ਪਏ ਹੋਏ ਹਨ। ਜਿਵੇਂ ਅਸੀਂ ਇਕੋ ਚੀਜ਼ ਨੂੰ ਤਰਬੂਜ਼ ਆਖਦੇ ਹਾਂ, ਹਿੰਦਵਾਣਾ ਆਖਦੇ ਹਾਂ, **Water melon** ਆਦਿ ਆਖਦੇ ਹਾਂ। ਇਸੇ ਤਰ੍ਹਾਂ ਨਾਲ ਵਾਹਿਗੁਰੂ ਅਤੇ ਆਤਮਾ ਇਕੋ ਹੀ ਹਨ, ਬ੍ਰਹਮ ਵਖਰਾ ਨਹੀਂ ਹੈ। ਗੁਰਮਤਿ ਮਾਰਗ ਤੇ ਚਲਣ ਲਈ ਅਵਗੁਣ ਤਿਆਗ ਕੇ ਗੁਣ ਧਾਰਨ ਕਰਨੇ ਪੈਂਦੇ ਹਨ ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਇਆ ਹੈ –

***ਵਿਣੁ ਗੁਣ ਕੀਤੇ ਭਗਤਿ ਨ ਹੋਇ॥***

***ਪੰਨਾ – 4***

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅੰਦਰ ਇਕ ਕਰਮ ਉਹ ਆਉਂਦੇ ਹਨ ਜਿਹੜੇ ਸਾਨੂੰ ਕਰਨੇ ਬਹੁਤ ਹੀ ਜ਼ਰੂਰੀ ਹਨ ਜਿਵੇਂ ਕਿ ਅੰਮ੍ਰਿਤ ਵੇਲੇ ਉਠਣਾ,

ਇਸ਼ਨਾਨ ਕਰਨਾ, ਬਾਣੀ ਦਾ ਪਾਠ ਕਰਨਾ, ਸਤਿਸੰਗ ਵਿਚ ਜਾਣਾ, ਸੇਵਾ ਕਰਨਾ, ਆਪਣੀ ਕਮਾਈ ਵਿਚੋਂ ਦਸਵੰਧ ਦਾਨ ਕਰਨਾ, ਦੂਸਰਿਆਂ ਦਾ ਭਲਾ ਕਰਨਾ, ਵੈਰ, ਵਿਰੋਧ, ਕਾਮ, ਕ੍ਰੋਧ, ਲੋਭ, ਮੋਹ ਤੋਂ ਹਮੇਸ਼ਾ ਹੀ ਬਚ ਕੇ ਰਹਿਣਾ। ਇਹ ਸਾਰੇ ਯਮ ਤੇ ਨਿਯਮ ਹਨ ਜੋ ਧਾਰਨੇ ਕਰਨੇ ਬਹੁਤ ਜ਼ਰੂਰੀ ਹਨ। ਜਿਸ ਤਰ੍ਹਾਂ ਗੁਰੂ ਦਸ਼ਮੇਸ਼ ਪਿਤਾ ਜੀ ਨੇ ਫੁਰਮਾਨ ਕੀਤਾ ਹੈ -

*ਰੇ ਮਨ ਐਸੋ ਕਰ ਸੰਨਿਆਸਾ॥*
*ਬਨ ਸੇ ਸਦਨ ਸਭੈ ਕਰ ਸਮਝਹੁ*
*ਮਨ ਹੀ ਮਾਹਿ ਉਦਾਸਾ॥*
*ਜਤ ਕੀ ਜਟਾ ਜੋਗ ਕੋ ਮੰਜਨ*
*ਨੇਮ ਕੇ ਨਖਨ ਬਢਾਓ।*
*ਗਿਆਨ ਗੁਰੂ ਆਤਮ ਉਪਦੇਸਹੁ*
*ਨਾਮ ਬਿਭੂਤ ਲਗਾਓ।*
*ਅਲਪ ਅਹਾਰ ਸੁਲਪ ਸੀ ਨਿੰਦ੍ਰਾ*
*ਦਯਾ ਛਿਮਾ ਤਨ ਪ੍ਰੀਤਿ॥*
*ਸੀਲ ਸੰਤੋਖ ਸਦਾ ਨਿਰਬਾਹਿਬੋ*
*ਹ੍ਵੈਬੋ ਤ੍ਰਿਗੁਣ ਅਤੀਤਿ॥*
*ਕਾਮ ਕ੍ਰੋਧ ਹੰਕਾਰ ਲੋਭ ਹਠ*
*ਮੋਹ ਨ ਮਨ ਸਿਉ ਲਯਾਵੈ॥*
*ਤਬ ਹੀ ਆਤਮ ਤਤ ਕੋ ਦਰਸੇ*
*ਪਰਮ ਪੁਰਖ ਕਹਿ ਪਾਵੈ॥*
*ਰਾਮਕਲੀ ਪਾਤਸ਼ਾਹੀ ੧੦*

ਇਹ ਸਾਰੇ ਗੁਣ ਧਾਰਨ ਕਰਕੇ ਸੰਸਾਰ ਵਿਚ ਰਹਿੰਦਿਆਂ ਹੋਇਆਂ ਸੰਸਾਰੀ ਜੀਵਾਂ ਨਾਲ ਆਪਣੀ ਵਰਤਣ ਬੈਰਾਗ ਦੀ ਰਖਣੀ ਅਤੇ ਭਗਤੀ ਮਾਰਗ ਨੂੰ ਅਪਨਾਉਣਾ ਹੈ ਜਿਸ ਦੇ ਬਾਰੇ ਵੇਰਵੇ ਸਹਿਤ ਮਹਾਂਪੁਰਸ਼ਾਂ ਨੇ ਦਸਿਆ ਹੈ -

*ਸ੍ਵਣ, ਸਿਮਰਨ ਕੀਰਤਨ*
*ਪਾਦਸੇਵ ਅਰਚਾਨ॥*
*ਦਾਸਾ ਸਖਪਨ ਬੰਦਨਾ*
*ਸਰਬ ਨਿਵੇਦਨ ਜਾਨ॥*

ਮਹਾਂਪੁਰਸ਼ਾਂ ਨੇ ਭਗਤ ਅਸਟਾਂਗ ਯੋਗ ਬਾਰੇ ਫੁਰਮਾਨ ਕਰਦਿਆਂ ਦਸਿਆ ਹੈ -

1. **ਯਮ** - ਮਨ ਨੀਵਾਂ ਰਖਣਾ - ਆਪਣੇ ਗੁਣਾਂ ਤੋਂ ਸਦਾ ਨਿਰਮਾਣ ਰਹਿਣਾ।

2. **ਨੇਮ** - ਨੇਮ ਨਾਲ ਗੁਰਬਾਣੀ, ਸਤਿ ਸਾਸ਼ਤਰ ਪੜ੍ਹਨਾ ਤੇ ਸੁਣਨਾ, ਵੀਚਾਰ ਕਰਨਾ, ਜੀਵਨ ਉਸ ਮੁਤਾਬਿਕ ਗੁਜ਼ਾਰਨਾ।

3. **ਇਕਾਂਤ ਦੇਸ਼** - ਸਭ ਵਿਚ ਇਕੋ ਅਕਾਲ ਪੁਰਖ ਜਾਨਣਾ, ਮਨ ਦੀਆਂ ਵਾਸ਼ਨਾਂ ਸੂਖਮ ਕਰਨੀਆਂ ਅਤੇ ਆਤਮ ਵਿਚਾਰ ਵਿਚ ਜੁੜਨਾ।

4. **ਆਸਨ** - ਅਕਾਲ ਪੁਰਖ ਵਿਚ ਚਿਤ ਬਿਰਤੀ ਇਸਥਿਤ ਕਰਨਾ।

5. **ਪ੍ਰਾਣਾਯਾਮ - ਪੂਰਕ** - ਗੁਰੂ ਦੇ ਬਚਨ ਸੁਣ ਕੇ ਸਾਰੇ ਅੰਦਰ ਖਿਚ ਲੈਣੇ, ਧਾਰਨ ਕਰਨੇ।

**ਕੁੰਭਕ** - ਆਤਮ ਵਸਤੂ ਵਿਚ ਰਿਦਾ ਇਸਥਿਤ ਰਖਣਾ।

**ਰੇਚਕ** - ਤਿਆਗਣ ਯੋਗ ਵਸਤੂਆਂ ਦਾ ਤਿਆਗ ਕਰਨਾ - ਨਿੰਦਾ, ਕਾਮ, ਈਰਖਾ, ਚੋਰੀ, ਝੂਠ, ਆਲਸ, ਵੈਰ, ਵਿਰੋਧ, ਕਾਮੁਕ ਬਿਰਤੀ, ਲੋਭ ਆਦਿ।

6. **ਧਿਆਨ** - ਬਾਣੀ ਪੜ੍ਹਨ ਸੁਣਨ ਸਮੇਂ ਗੁਰੂ ਬਚਨਾਂ ਵਿਚ ਧਿਆਨ ਰੱਖਣਾ, ਮਨ ਦੌੜਨ ਨਾ ਦੇਣਾ।

7. **ਧਾਰਨਾ** - ਮਨ ਨੂੰ ਬਾਰ-ਬਾਰ ਰੋਕ ਕੇ ਸ਼ਬਦ ਵਿਚ ਲਾਉਣਾ ਅਤੇ ਭਾਵ ਲੀਨ ਹੋ ਕੇ ਲੀਨਤਾ ਪ੍ਰਾਪਤ ਕਰਨੀ।

8. **ਸਮਾਧ** - ਹਉਮੈ ਮੇਟ ਕੇ ਪੂਰਾ ਪ੍ਰਮੇਸ਼ਰ ਵਿਚ ਸਮਾਵੇ। ਉਸ ਨੂੰ ਹਰ ਥਾਂ ਰਮਿਆ ਅਨੁਭਵ ਕਰਦਾ ਰਹੇ।

ਸੋ ਇਸ ਤਰ੍ਹਾਂ ਦਾ ਭਗਤੀ ਦਾ ਜੀਵਨ ਜਿਉਂਦਿਆਂ ਨਿਸ਼ਚੇ ਵਿਚ ਗਿਆਨ ਰਖਣਾ ਹੈ ਕਿ ਇਸ ਸੰਸਾਰ ਵਿਚ ਵਾਹਿਗੁਰੂ ਜੀ ਆਪਣੀ ਮਹਿਮਾ ਵਿਚ ਆਪ ਸਥਿਤ ਹਨ। ਆਪ ਹੀ ਆਪਣੇ ਆਪ ਤੋਂ ਪਸਾਰਾ ਕੀਤਾ ਹੋਇਆ ਹੈ। ਆਪ ਹੀ ਬਾਹਰ ਹਨ, ਆਪ ਹੀ ਘਟ-ਘਟ ਵਿਚ ਵਿਆਪਕ ਹਨ ਉਨ੍ਹਾਂ ਬਿਨਾਂ ਹੋਰ ਕੋਈ ਨਹੀਂ ਹੈ ਬਾਣੀ ਵਿਚ ਫੁਰਮਾਨ ਹੈ -

*ਪਾਰਬ੍ਰਹਮ ਕੇ ਸਗਲੇ ਠਾਉ॥*
*ਜਿਤੁ ਜਿਤੁ ਘਰਿ ਰਾਖੈ*
*ਤੈਸਾ ਤਿਨ ਨਾਉ॥ ਪੰਨਾ - 275*

ਗੁਰਮਤਿ ਅਨੁਸਾਰ ਗੁਰਮੁਖ ਦੀ ਸੰਗਤ ਜਿਸ ਦੇ ਅੰਦਰੋਂ ਪੰਜਾਂ ਭਰਮਾਂ ਦਾ ਨਾਸ਼ ਹੋ ਚੁਕਿਆ ਹੋਵੇ ਅਤੇ ਜਿਸ ਦੇ ਨੇਤਰਾਂ ਨੇ ਪ੍ਰਤੱਖ ਰੂਪ ਵਿਚ ਵਾਹਿਗੁਰੂ ਦਾ ਰੂਪ ਦੇਖ ਲਿਆ ਅਤੇ ਜਿਨ੍ਹਾਂ ਉਪਰ ਕਦੇ ਵੀ ਭੁੱਲ ਕੇ ਅਗਿਆਨ ਦਾ ਪੜਦਾ ਨਾ ਪੈਂਦਾ ਹੋਵੇ ਉਸ ਦੀ ਸੰਗਤ ਲਈ ਬਾਰ-ਬਾਰ ਕਿਤੇ ਸੰਤ, ਸਾਧੂ, ਮਹਾਂਪੁਰਖ ਗੁਰਮੁਖ ਅੱਖਰ ਆਖ ਕੇ ਪ੍ਰੇਰਨਾ ਦਿਤੀ ਗਈ ਹੈ। ਸੋ ਗੁਰੂ ਘਰ ਵਿਚ 'ਨਾਮ ਯੋਗ' ਪ੍ਰਧਾਨ ਹੈ। ਸਾਰੀ ਬਾਣੀ ਦੇ ਅੰਦਰ ਨਾਮ ਜਪਣ ਲਈ ਬਾਰ-ਬਾਰ ਤਾਕੀਦ ਕੀਤੀ ਗਈ ਹੈ। ਨਾਮ ਕਿਸ ਤਰ੍ਹਾਂ ਜਪਣਾ ਹੈ ਇਸ ਉਪਰ ਅਨੇਕ ਮਹਾਂਪੁਰਸ਼ਾਂ ਨੇ ਆਪਣੇ ਅਨੁਭਵ ਪ੍ਰਗਟ ਕਰਦਿਆਂ ਪੁਸਤਕਾਂ ਲਿਖੀਆਂ ਹਨ ਜੋ ਗੁਰਬਾਣੀ ਦੀ ਹੀ ਵਿਆਖਿਆ ਦੇ ਰੂਪ ਵਿਚ ਹਨ।

ਉਪਰ ਬਹੁਤ ਹੀ ਵਿਆਖਿਆ ਸਹਿਤ ਆਤਮ ਮਾਰਗ ਦਾ ਵਰਣਨ ਕੀਤਾ ਗਿਆ ਹੈ। ਇਸ ਪ੍ਰਸੰਗ ਵਿਚ ਰਾਜਕੁਮਾਰੀ ਅਤੇ ਭਾਈ ਤਿਲੋਕਾ ਜੀ ਦਾ ਜ਼ਿਕਰ ਕੀਤਾ ਜਾ ਰਿਹਾ ਸੀ। ਸਹਿਜ ਸੁਭਾਅ ਇਸ ਮਾਰਗ ਨੂੰ ਸਮਝਣ ਲਈ ਉਪਰ ਬਹੁਤ ਸਾਰੀ ਵਾਧੂ ਵਿਆਖਿਆ ਕੀਤੀ ਗਈ ਹੈ।

ਭਾਈ ਤਿਲੋਕਾ ਜੀ ਸਰੀਰ ਛੱਡ ਚੁਕੇ ਹਨ। ਰਾਜਕੁਮਾਰੀ ਦੇ ਸਾਰੇ ਆਸਰੇ ਢਹਿ ਢੇਰੀ ਹੋ ਗਏ ਹਨ ਉਸ ਨੂੰ ਕੁਝ ਵੀ ਨਹੀਂ ਸੁਝਦਾ, ਉਸ ਦਾ ਖਾਣਾ ਪੀਣਾ, ਉਠਣਾ, ਸੌਣਾ, ਜਾਗਣਾ ਕਿਸੇ ਨਿਯਮ ਵਿਚ ਨਹੀਂ ਰਿਹਾ। ਉਹ ਪੂਰਨ ਰੂਪ ਵਿਚ ਉਦਾਸ ਹੈ ਅਤੇ ਇਕੋ ਖਿਆਲ ਉਸ ਦੇ ਅੰਦਰ ਕੰਮ ਕਰ ਰਿਹਾ ਹੈ ਕਿ ਹੁਣ ਮੈਂ ਕੀ ਕਰਾਂ ਕਿਉਂਕਿ ਬਿਰਹੇ ਦੀ ਚੋਟ ਸਹਿਣੀ ਸਭ ਤੋਂ ਔਖੀ ਹੈ। ਬਾਣੀ ਵਿਚ ਆਉਂਦਾ ਹੈ -

*ਜਿਸੁ ਪਿਆਰੇ ਸਿਉ ਨੇਹੁ*
*ਤਿਸੁ ਆਗੈ ਮਰਿ ਚਲੀਐ॥*
*ਧ੍ਰਿਗੁ ਜੀਵਣੁ ਸੰਸਾਰਿ*
*ਤਾ ਕੈ ਪਾਛੈ ਜੀਵਣਾ॥* *ਪੰਨਾ - 83*

ਰਾਜਕੁਮਾਰੀ ਦੇ ਬਾਰ-ਬਾਰ ਇਕ ਗੱਲ ਯਾਦ ਆ ਰਹੀ ਹੈ ਕਿ ਮੈਨੂੰ ਭਾਈ ਤਿਲੋਕਾ ਜੀ ਕਹਿੰਦੇ ਸਨ ਕਿ ਤੂੰ ਆਤਮਾ ਹੈਂ ਜੇ ਤੂੰ ਮੈਨੂੰ ਮਿਲਣਾ ਚਾਹੁੰਦੀ ਹੈਂ ਤਾਂ ਤੂੰ ਅਖੰਡ ਰੂਪ ਵਿਚ 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਕਹਿਣਾ ਸ਼ੁਰੂ ਕਰ ਦੇ। ਤੈਨੂੰ ਉਹ ਰਸਤਾ ਮਿਲ ਜਾਵੇਗਾ ਜਿਥੇ ਪ੍ਰਵਾਨ ਰੂਹਾਂ ਜਾ ਕੇ ਵਸਿਆ ਕਰਦੀਆਂ ਹਨ। ਇਹ ਗੱਲ ਉਸ ਨੂੰ ਢਾਰਸ ਦਿੰਦੀ ਹੈ ਕਿ ਭਾਈ ਤਿਲੋਕਾ ਜੀ ਦਾ ਬਚਨ ਕੋਈ ਵੀ ਵਿਅਰਥ ਨਹੀਂ ਹੈ। ਉਹ ਮਹਾਂਪੁਰਸ਼ ਸਨ, ਬਹੁਤ ਵੱਡੇ ਸਨ, ਜਿਨ੍ਹਾਂ ਦੀ ਮਹਿਮਾ ਬਾਰੇ ਮੈਂ ਕੁਝ ਨਹੀਂ ਜਾਣ ਸਕਦੀ। ਉਨ੍ਹਾਂ ਦੀ ਵਡੱਤਣ ਦਾ ਮੈਂ ਅੰਦਾਜ਼ਾ ਨਹੀਂ ਲਾ ਸਕਦੀ। ਅੰਦਰ ਹੀ ਅੰਦਰ ਇਰਾਦਾ ਕਰ ਲਿਆ ਕਿ ਮੈਂ ਵਾਹਿਗੁਰੂ ਵਾਹਿਗੁਰੂ ਕਹਿਣਾ ਨਹੀਂ ਛੱਡਣਾ। ਭਾਈ ਤਿਲੋਕਾ ਜੀ ਸਤਿਵਾਦੀ ਸਨ, ਮੈਂ ਜ਼ਰੂਰ ਉਥੇ ਪਹੁੰਚ ਜਾਵਾਂਗੀ ਜਿਥੇ ਉਹ ਪ੍ਰਦੇਸੀ ਵਸਿਆ ਹੈ। ਉਨ੍ਹਾਂ ਨੇ ਮੈਨੂੰ ਢਾਰਸ ਦਿਤੀ ਸੀ ਕਿ ਗੁਰੂ ਨਾਨਕ ਪਾਤਸ਼ਾਹ ਤੇਰੇ ਕੋਲ ਜ਼ਰੂਰ ਆਉਣਗੇ ਅਤੇ ਉਹ ਤੈਨੂੰ ਆਤਮ ਸਾਖਸ਼ਾਤਕਾਰ ਕਰਾ ਦੇਣਗੇ। ਫੇਰ ਤੈਨੂੰ ਪਤਾ ਲਗ ਜਾਵੇਗਾ ਕਿ ਮੈਂ ਆਤਮਾ ਹਾਂ, ਮੈਂ ਬ੍ਰਹਮ ਹਾਂ। ਸੋ ਉਸ ਨੇ ਬੋਲਣਾ-ਚਾਲਣਾ, ਸੈਰ ਸਪਾਟੇ ਕਰਨੇ ਸਾਰੇ ਬੰਦ ਕਰ ਦਿਤੇ। ਉਸ ਦੀਆਂ ਪੁਰਾਣੀਆਂ ਸਖੀਆਂ ਸਹੇਲੀਆਂ ਉਸ ਪਾਸ ਆਉਂਦੀਆਂ ਹਨ ਅਤੇ ਅਨੇਕ ਕਿਸਮ ਦੇ ਹਾਵ ਭਾਵ ਕਰਦੀਆਂ ਉਸ ਦੀ ਬਿਰਤੀ ਨੂੰ ਬਾਹਰ ਖਿੱਚਣ ਦਾ ਯਤਨ ਕਰਦੀਆਂ ਹਨ ਪਰ ਉਸ ਨੇ ਆਪਣੀ ਬਿਰਤੀ ਨੂੰ ਐਸਾ ਨਿਰਣੇ ਪੂਰਵਕ ਇਸ ਖਿਆਲ ਵਿਚ ਜਮਾ ਲਿਆ ਹੈ ਜਿਸ ਉਪਰ ਕਿਸੇ ਦਾ ਕੋਈ ਅਸਰ ਨਹੀਂ ਹੁੰਦਾ। ਉਸ ਦੇ ਅੰਦਰ ਇਕੋ ਅਵਾਜ਼ ਭਾਵੇਂ ਉਹ ਬੋਲੇ ਭਾਵੇਂ ਨਾ ਬੋਲੇ ਵਾਹਿਗੁਰੂ-ਵਾਹਿਗੁਰੂ ਦੀ ਆ ਰਹੀ ਹੈ। ਉਸ ਲੜੀ ਵਿਚ ਉਹ ਕੋਈ ਵੀ ਵਿਘਨ ਨਹੀਂ ਪੈਣ ਦੇਣਾ ਚਾਹੁੰਦੀ। ਜਦੋਂ ਤਕ ਉਹ ਜਾਗਦੀ ਹੈ ਉਹ ਇਸ ਧੁਨ ਨੂੰ ਇਕ ਰਸ ਜਾਰੀ ਰਖਦੀ ਹੈ, ਇਸ ਤਰ੍ਹਾਂ ਸਹਿਜੇ ਹੀ ਉਸ ਦੀ ਕ੍ਰਿਆ ਨਾਮ ਜਪਣ ਦੀ ਹੋ ਗਈ। ਹੁਣ ਉਹ ਕਦੇ-ਕਦੇ ਉਸ ਜੰਗਲ ਵਿਚ ਪਹੁੰਚ ਜਾਂਦੀ ਹੈ ਜਿਥੇ ਉਸ ਨੇ ਭਾਈ ਤਿਲੋਕੇ ਨੂੰ ਚੀਤਾ ਸਮਝ ਕੇ ਤੀਰ ਮਾਰਿਆ ਸੀ। ਉਥੇ ਉਸ ਦੀ ਕੀ ਹਾਲਤ ਹੁੰਦੀ ਹੈ ਉਸ ਨੂੰ ਵਰਣਨ ਕਰਨਾ ਬਹੁਤ ਮੁਸ਼ਕਲ ਹੈ। ਉਸ ਦੇ ਸਾਮ੍ਹਣੇ ਉਹ ਦ੍ਰਿਸ਼ ਆ ਜਾਂਦਾ ਹੈ ਜਦੋਂ ਉਸ ਨੇ ਕਮਾਨ ਵਿਚੋਂ ਸ਼ੂਕਦਾ ਬਾਣ ਚੀਤੇ ਦੇ ਭੁਲੇਖੇ ਭਾਈ ਤਿਲੋਕੇ ਦੇ ਮਾਰ ਦਿਤਾ ਸੀ। ਉਹ ਦ੍ਰਿਸ਼ ਉਸ ਦੀਆਂ ਅੱਖਾਂ ਤੋਂ ਓਹਲੇ ਨਹੀਂ ਹੁੰਦਾ। ਉਸ ਦੇ ਹੰਝੂ ਆਪ ਮੁਹਾਰੇ ਵਗਦੇ ਹਨ, ਐਨਾ ਗੱਚ ਉਠਦਾ ਹੈ ਕਿ ਹਉਕੇ ਆਉਂਦੇ ਹਨ ਅਤੇ ਮੱਲੋ ਮੱਲੀ ਉਚੀ-ਉਚੀ ਰੋਣ ਲੱਗ ਜਾਂਦੀ ਹੈ। ਇਸ ਦੀ ਹਾਲਤ ਨੂੰ ਮਾਂ ਬਾਪ ਤੱਕ ਰਹੇ ਹਨ। ਬਹੁਤ ਵਾਰੀ ਉਨ੍ਹਾਂ ਨੇ ਯਤਨ ਕੀਤਾ ਕਿ ਕਿਸੇ ਤਰ੍ਹਾਂ ਭਾਈ ਤਿਲੋਕੇ ਨੂੰ ਇਹ ਭੁੱਲ ਜਾਵੇ ਪਰ ਇਹ ਸਾਰੇ ਯਤਨ ਨਿਰਮੂਲ ਹੀ ਰਹੇ। ਅਖੀਰ ਉਸ ਨੇ ਆਪਣੇ ਮਾਤਾ ਪਿਤਾ ਨੂੰ ਕਿਹਾ ਕਿ ਜੇ ਤੁਸੀਂ ਮੈਨੂੰ ਖੁਸ਼ ਦੇਖਣਾ ਚਾਹੁੰਦੇ ਹੋ ਤਾਂ ਜਿਸ ਥਾਂ ਮੈਂ ਉਸ ਪ੍ਰਦੇਸੀ ਨੂੰ ਮਾਰਿਆ ਸੀ ਉਥੇ ਛੇ ਫੁੱਟ ਮੁਰੱਬਾ ਦਾ ਮੱਠ ਬਣਾ ਦੇਵੋ ਜਿਸ ਦੇ ਅੰਦਰ ਬੈਠ ਕੇ ਮੈਂ ਵਾਹਿਗੁਰੂ ਨੂੰ ਅਵਾਜ਼ਾਂ ਮਾਰਾਂ ਅਤੇ ਮੇਰੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਨੂੰ ਮੈਂ ਅਜੇ ਤਕ ਨਹੀਂ ਡਿੱਠਾ ਪਰ ਜਿਸ ਗੁਰਮੁਖ ਪਿਆਰੇ ਨੇ ਅਛੋਪਲੇ ਹੀ ਮੇਰਾ ਉਨ੍ਹਾਂ ਨਾਲ ਪਿਆਰ ਪਾ ਦਿਤਾ ਹੈ, ਉਨ੍ਹਾਂ ਨੂੰ ਯਾਦ ਕਰਾਂ। ਮੈਨੂੰ ਆਸ ਹੈ ਕਿ ਉਹ ਇਕ ਦਿਨ ਜ਼ਰੂਰ ਆਉਣਗੇ। ਉਹ ਕਿਤੇ ਵੀ ਹੋਣ ਸਭ ਦੀ ਗੱਲ ਜਾਣ ਲੈਂਦੇ ਹਨ। ਪਿਤਾ ਜੀ, ਮਾਤਾ ਜੀ! ਤੁਸੀਂ ਮੇਰੀ ਮਦਦ ਕਰੋ। ਮੈਨੂੰ ਹੋਰ ਵਹਿਣਾ ਵਿਚ ਨਾ ਪਾਓ। ਮੈਨੂੰ ਇਥੇ ਸੁਖ ਹੈ, ਤੁਹਾਨੂੰ ਇਹ ਹੰਝੂ ਦਿਸਦੇ ਹਨ, ਮੇਰੇ ਅੰਦਰ ਬੈਚੇਨੀ ਨਹੀਂ ਹੈ, ਮੈਂ ਘਬਰਾਈ ਹੋਈ ਨਹੀਂ ਹਾਂ, ਡਰੀ ਹੋਈ ਵੀ ਨਹੀਂ ਹਾਂ ਪਰ ਮੈਂ ਵਿਛੜੀ ਹੋਈ ਹਾਂ। ਤੁਸੀਂ ਦੇਖਦੇ ਹੀ ਹੋ ਜਦੋਂ ਕੂੰਜ ਡਾਰ ਨਾਲੋਂ ਵਿਛੜ ਜਾਂਦੀ ਹੈ ਕਿਸ ਤਰ੍ਹਾਂ ਕੁਰਲਾਹਟ ਪਾਉਂਦੀ ਹੈ। ਮੈਂ ਵੀ ਇਸੇ ਤਰ੍ਹਾਂ ਵਿਛੜੀ ਹੋਈ ਹਾਂ ਪਰ ਉਸ ਨੇ ਮੈਨੂੰ ਆਸਰਾ ਦਿਤਾ ਹੈ ਕਿ ਮੇਰੇ ਸਤਿਗੁਰੂ ਤੈਨੂੰ ਮਿਲਾ ਦੇਣਗੇ। ਤੂੰ ਵਾਹਿਗੁਰੂ-ਵਾਹਿਗੁਰੂ ਕਰ। ਹੁਣ ਮੈਂ ਪੂਰਨ ਇਕਾਂਤ ਵਿਚ ਇਸ ਵਾਹਿਗੁਰੂ ਨੂੰ ਆਪਣੇ ਅੰਦਰ ਵਸਾ ਲੈਣਾ ਚਾਹੁੰਦੀ ਹਾਂ। ਮਾਂ ਬਾਪ ਮੰਨ ਗਏ ਅਤੇ ਉਨ੍ਹਾਂ ਨੇ ਉਸੇ ਜੰਗਲ ਵਿਚ ਛੇ ਫੁੱਟ ਮੁਰੱਬੇ ਦਾ ਮੱਠ ਬਣਵਾ ਦਿਤਾ ਜਿਸ ਵਿਚ ਹਵਾ ਆਉਣ ਜਾਣ ਦਾ ਪੂਰਾ ਪ੍ਰਬੰਧ ਕਰ ਦਿਤਾ। ਹੁਣ ਰਾਜਕੁਮਾਰੀ ਪਹਿਲਾਂ ਵਾਂਗੂੰ ਘੂਕ ਨੀਂਦ ਵਿਚ ਨਹੀਂ ਸੌਂਦੀ ਹੈ, ਪਹਿਲਾਂ ਉਸ ਨੂੰ ਪਤਾ ਹੀ ਨਹੀਂ ਸੀ ਕਿ ਰਾਤ ਕੀ ਹੁੰਦੀ ਹੈ। ਉਹ ਖੜ੍ਹੇ ਸੂਰਜ ਸੌਂ ਜਾਂਦੀ ਸੀ ਅਤੇ ਜਦੋਂ ਸੂਰਜ ਇਕ ਨੇਜਾ ਭਰ ਉਪਰ ਆ ਜਾਂਦਾ ਸੀ ਉਸ ਵੇਲੇ ਉਠਦੀ ਸੀ। ਫੇਰ ਕਿਤੇ ਜਾ ਕੇ ਇਸ਼ਨਾਨ ਕਰਨਾ, ਤਿਆਰ ਹੋਣਾ, 10-11 ਵਜ ਜਾਣੇ। ਐਨੇ ਨੂੰ ਸਹੇਲੀਆਂ ਨੇ ਆ ਜਾਣਾ, ਘੋੜੇ ਤਿਆਰ ਹੋ ਜਾਣੇ, ਕਾਠੀਆਂ ਪੈ ਜਾਣੀਆਂ, ਥੋੜ੍ਹਾ ਖਾ ਪੀ ਕੇ ਘੋੜਿਆਂ ਉਪਰ ਪਲਾਕੀਆਂ ਮਾਰਨੀਆਂ ਅਤੇ ਘੋੜਿਆਂ ਦੀਆਂ ਅਨੇਕ ਕਿਸਮ ਦੀਆਂ ਚਾਲਾਂ

ਚਲਾਉਂਦੀਆਂ ਕਦੇ ਘਣੇ ਵਣਾਂ ਵਿਚ, ਕਦੇ ਰੋਹੀਆਂ ਵਿਚ ਦੌੜਦੀਆਂ ਕਦੇ ਨਾਲ ਲਗਦੀ ਨਦੀ ਵਿਚ ਜਾ ਕੇ ਕਿਸ਼ਤੀਆਂ ਚਲਾਉਂਦੀਆਂ, ਕਦੇ ਨਦੀ ਦੇ ਨਾਲ ਲਗਦੀ ਤਲਾਅ ਵਿਚ ਤੈਰਦੀਆਂ। ਦੌੜਨਾ, ਕੁਦਣਾ, ਭੱਜਣਾ ਰੋਜ਼ ਦੀ ਕ੍ਰਿਆ ਸੀ ਪਰ ਹੁਣ ਇਕ ਦਮ ਹੀ ਸਭ ਕੁਛ ਬਦਲ ਗਿਆ, ਉਸ ਨੇ ਅੰਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਨਾ, ਸਵੱਛ ਆਸਣ ਉਪਰ ਸਿੱਧੇ ਹੋ ਕੇ ਬੈਠ ਜਾਣਾ, ਪੂਰੀ ਸਾਵਧਾਨੀ ਨਾਲ ਬੈਠਣਾ, ਰੀੜ ਦੀ ਹੱਡੀ 90 ਡਿਗਰੀ ਤੇ ਸਿਧੀ ਰਖਣੀ ਕਿਉਂਕਿ ਜਦੋਂ ਨਾਮ ਚਲਦਾ ਹੈ ਤਾਂ ਸਰੀਰ ਦੇ ਸਾਰੇ ਵਲ ਨਿਕਲ ਜਾਇਆ ਕਰਦੇ ਹਨ। ਉਸ ਪਿਛੋਂ ਨੇਤਰ ਬੰਦ ਕਰ ਲੈਣੇ ਅਤੇ ਵਾਹਿਗੁਰੂ ਮੰਤਰ ਦੀ ਧੁਨ, ਰਸਨਾ ਨਾਲ ਜਪਣਾ ਅਤੇ ਇਸ ਤਰ੍ਹਾਂ ਸੂਖਸ਼ਮ ਅਵਾਜ਼ ਨੂੰ ਆਪਣੇ ਕੰਨਾਂ ਰਾਹੀਂ ਸੁਣਦੇ ਜਾਣਾ। ਬਿਰਤੀ ਕਿਸੇ ਪਾਸੇ ਹਿਲਣ ਨਾ ਦੇਣੀ ਅਤੇ ਨਾ ਹੀ ਮਨ ਨੂੰ ਉਡਾਰੀ ਮਾਰਨ ਦੇਣੀ ਕਿਉਂਕਿ ਪ੍ਰਬਲ ਬੈਰਾਗ ਹੋਣ ਨਾਲ ਮਨ ਦੀਆਂ ਉਡਾਰੀਆਂ ਸੀਮਤ ਹੋ ਜਾਂਦੀਆਂ ਹਨ। ਫੇਰ ਮਾਂ ਬਾਪ ਨੂੰ ਪਿਆਰ ਕਰਨਾ ਉਨ੍ਹਾਂ ਨੇ ਹੈਰਾਨ ਹੋ ਜਾਣਾ ਕਿ ਇਸ ਬੱਚੀ ਦੇ ਅੰਦਰ ਪਿਆਰ ਦਾ ਸੋਮਾ ਹੀ ਪੈਦਾ ਹੋ ਗਿਆ ਹੈ। ਇਸ ਦੇ ਨੇਤਰਾਂ ਵਿਚ ਕਿੰਨੀ ਖਿੱਚ ਹੈ, ਬੋਲ ਵਿਚ ਕਿੰਨੀ ਮਿਠਾਸ ਹੈ। ਉਨ੍ਹਾਂ ਨੇ ਪ੍ਰਸੰਨ ਹੋ ਜਾਣਾ। ਉਨ੍ਹਾਂ ਤੋਂ ਆਗਿਆ ਲੈ ਕੇ ਇਸ ਨੇ ਜੰਗਲ ਵਿਚ ਚਲੇ ਜਾਣਾ ਅਤੇ ਮੱਠ ਵਿਚ ਬੈਠ ਜਾਣਾ। ਇਕ ਨਿਗ੍ਹਾ ਭਰ ਕੇ ਜੰਗਲ ਦੇ ਸਾਰੇ ਵਾਤਾਵਰਣ ਨੂੰ ਦੇਖਣਾ ਅਤੇ ਫੇਰ ਭਾਈ ਤਿਲੋਕਾ ਜੀ ਦਾ ਵਜੂਦ ਸਾਮ੍ਹਣੇ ਆ ਜਾਣਾ ਅਤੇ ਉਸ ਨੂੰ ਨੇਤਰਾਂ ਵਿਚ ਵਸਾ ਕੇ ਅੱਖਾਂ ਬੰਦ ਕਰ ਲੈਣੀਆਂ ਜਿਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ, ਜਿਸ ਨੂੰ ਆਗਿਆ ਚੱਕਰ ਆਖਿਆ ਜਾਂਦਾ ਹੈ, ਉਥੇ ਉਸ ਨੂੰ ਸ਼ਰਧਾਪੂਰਵਕ ਬਿਰਾਜਮਾਨ ਜਾਣ ਕੇ ਹਾਜ਼ਰ ਨਾਜ਼ਰ ਜਾਣਨਾ, ਵਾਹਿਗੁਰੂ ਮੰਤਰ ਦਾ ਜਾਪ ਕਰਨਾ। ਸੁਰਤ ਅੰਦਰ ਜੁੜ ਜਾਣੀ, ਫੁਰਨੇ ਖਤਮ ਹੋ ਜਾਣੇ, ਸਮਾਂ ਭੁੱਲ ਜਾਣਾ, ਦੇਸ਼, ਕਾਲ, ਵਸਤੂ ਦਾ ਪਤਾ ਨਾ ਰਹਿਣਾ ਜੇ ਪਤਾ ਸੀ ਤਾਂ ਇਕੋ ਸੀ ਕਿ ਅੰਦਰ ਧੁਨ ਚਲ ਰਹੀ ਹੈ। ਵਾਹਿਗੁਰੂ-ਵਾਹਿਗੁਰੂ ਦੀ ਉਸ ਧੁਨ ਨੂੰ ਲਗਾਤਾਰ ਬਿਨਾਂ ਜੀਭ ਹਿਲਾਇਆਂ ਸੁਣਦੇ ਰਹਿਣਾ।

ਨਾਮ ਸਿਮਰਨ ਲਈ ਮਹਾਂਪੁਰਸ਼ ਬਹੁਤ ਹੀ ਸੌਖੇ ਤਰੀਕੇ ਨਾਲ ਅਨੇਕਾਂ ਜੁਗਤੀਆਂ ਦਾ ਪ੍ਰਯੋਗ ਕਰਨਾ ਦਸ ਦਿੰਦੇ ਹਨ। ਜਿਹੋ ਜਿਹੀ ਜਗਿਆਸੂ ਦੀ ਬੁੱਧੀ ਹੁੰਦੀ ਹੈ ਜਿਹੋ ਜਿਹੀ ਉਸ ਦੇ ਅੰਦਰ ਵਾਹਿਗੁਰੂ ਦੇ ਮਿਲਾਪ ਦੇ ਪਿਆਰ ਦੀ ਤੜਪ ਹੁੰਦੀ ਹੈ ਉਸ ਤਰ੍ਹਾਂ ਦੇ ਨਾਲ ਹੀ ਉਹ ਸੁਖੈਨ ਜੁਗਤੀ ਦਸ ਦਿਆ ਕਰਦੇ ਹਨ। ਪਹਿਲਾਂ ਪਹਿਲਾਂ ਆਦਮੀ ਦਾ ਮਨ ਮਲੀਨ ਹੁੰਦਾ ਹੈ ਉਸ ਵਿਚ ਅਨੇਕਾਂ ਸੰਸਕਾਰਾਂ ਦੀ ਮੈਲ ਭਰੀ ਹੋਣ ਕਰਕੇ ਉਸ ਦਾ ਅੰਤਸ਼ਕਰਣ ਅਤਿ ਮੈਲਾ ਹੋ ਜਾਂਦਾ ਹੈ, ਇਹ ਮੈਲ ਕੱਟਣ ਲਈ ਬਹੁਤ ਸਾਰੇ ਸਾਧਨ ਕਰਨੇ ਪੈਂਦੇ ਹਨ ਜਿਨ੍ਹਾਂ ਨੂੰ ਕਰਮ ਆਖਿਆ ਜਾਂਦਾ ਹੈ। ਕਰਮ ਕਈ ਕਿਸਮ ਦੇ ਹਨ ਇਕ ਉਹ ਕਰਮ ਹਨ ਜਿਹੜੇ ਕਰਮ ਕਰਕੇ ਅਸੀਂ ਕਿਸੇ ਫਲ ਦੀ ਇਛਿਆ ਰਖਦੇ ਹਨ ਜਿਵੇਂ ਇੱਛਾ ਸਹਿਤ ਹਰ ਰੋਜ਼ ਆਪਣੇ ਇਸ਼ਟ ਦੇ ਦਰਸ਼ਨ ਕਰਨ ਜਾਣਾ। ਕਿਸੇ ਮੰਤਰ, ਬਾਣੀ ਆਦਿ ਦੇ ਗਿਣਵੇਂ ਪਾਠ ਖਾਸ ਢੰਗ ਵਰਤ ਕੇ ਕਰਨੇ, ਇੱਛਾ ਸਹਿਤ ਦਾਨ ਦੇਣਾ, ਕਾਮਨਾ ਵਸ ਸੇਵਾ ਕਰਨੀ, ਤੀਰਥ ਯਾਤਰਾਵਾਂ ਕਰਨੀਆਂ, ਜਗਰਾਤੇ ਕਟਣੇ, ਘਰ ਵਿਚ ਕੀਰਤਨ, ਪਾਠ ਕਰਾਉਣੇ, ਹੋਰ ਇੱਛਿਆ ਪੂਰਤੀ ਲਈ ਕਰਮ ਕਰਨੇ ਇਹ ਸਾਰੇ ਫਲ ਪ੍ਰਦਾਤਾ ਹੁੰਦੇ ਹਨ। ਇਹ ਕਰਮ ਅਸਾਡੇ ਹਿਰਦੇ ਹੀ ਮੈਲ ਨੂੰ ਦੂਰ ਨਹੀਂ ਕਰਦੇ, ਪਰ ਚੰਗਾ ਮੰਦਾ ਫਲ ਦਿੰਦੇ ਹਨ। ਫਲ ਦੀ ਪ੍ਰਾਪਤੀ ਸਰੀਰ ਦੇ ਹੁੰਦਿਆਂ ਹੋਇਆਂ ਵੀ ਪ੍ਰਾਪਤ ਹੋ ਜਾਂਦੀ ਹੈ ਅਤੇ ਸਰੀਰ ਛੱਡਣ ਉਪਰੰਤ ਅਵਿਅਕਤ ਲੋਕਾਂ ਵਿਚ ਸੂਖਸ਼ਮ ਦੇਹ ਨੂੰ ਵੀ ਪ੍ਰਾਪਤ ਹੋ ਜਾਇਆ ਕਰਦੀ ਹੈ ਜਿਸ ਬਾਰੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

> ***ਪੁੰਨ ਦਾਨੁ ਜੋ ਬੀਜਦੇ***
> ***ਸਭ ਧਰਮਰਾਇ ਕੈ ਜਾਈ॥***
>
> ***ਪੰਨਾ - 1414***

ਕਿਉਂਕਿ ਸਕਾਮ ਕਰਮ ਅਵੱਸ਼ ਹੀ ਫਲ ਦਿੰਦੇ ਹਨ ਇਸ ਜੀਵ ਨੂੰ ਭੋਗਣੇ ਹੀ ਪੈਂਦੇ ਹਨ। ਇਹ ਹਰ ਰੋਜ਼ ਕਰਨ ਵਾਲੇ ਕਰਮ 'ਕ੍ਰਿਆਮਾਨ ਕਰਮ' ਕਹਾਉਂਦੇ ਹਨ। ਇਨ੍ਹਾਂ ਵਿਚ ਆਪਣੀ ਮਾਇਆ ਵਿਚੋਂ ਸੁਵਿਧਾ ਸਹਿਤ ਕੁਝ ਮਾਇਆ ਕੱਢ ਕੇ ਨੇਕ ਕੰਮਾਂ ਵਿਚ ਵਰਤਣੀ, ਕੋਈ ਧਰਮ ਅਸਥਾਨ, ਪੂਜਾ ਅਸਥਾਨ, ਹਸਪਤਾਲ, ਸਕੂਲ, ਸੜਕ ਆਦਿ ਬਣਵਾਉਣੇ। ਭੁੱਖਿਆਂ ਨੂੰ ਪ੍ਰਸ਼ਾਦਾ ਛਕਾਉਣਾ, ਨੰਗਿਆਂ ਨੂੰ ਵਸਤਰ ਦੇਣੇ, ਲੋੜਵੰਦ ਬਿਮਾਰਾਂ ਨੂੰ ਦਵਾਈ ਦੇ ਕੇ ਉਨ੍ਹਾਂ ਦੀ ਸਹਾਇਤਾ ਕਰਨੀ, ਕਿਸੇ ਦੇ ਕਾਰਜ ਨੂੰ ਸਫਲ ਕਰਨ ਲਈ ਆਪਣੀ ਬੁੱਧੀ ਦਾ ਤਾਣ ਲਾਉਣਾ ਜਾਂ ਸਰੀਰਕ ਤੌਰ ਤੇ ਬਿਮਾਰ ਦੀ ਮਦਦ ਕਰਨਾ ਆਦਿ ਅਨੇਕਾਂ ਕਰਮ ਹਨ। ਇਨ੍ਹਾਂ ਤੋਂ ਇਲਾਵਾ ਅਧਿਆਤਮਕ ਕਰਮ ਹੋਇਆ ਕਰਦੇ ਹਨ ਜਿਹੜੇ ਕਰਨ ਉਪਰੰਤ ਅਸੀਂ ਉਨ੍ਹਾਂ ਦਾ ਫਲ ਚਾਹੁੰਦੇ ਹਾਂ, ਅਸੀਂ ਚਾਹੁੰਦੇ ਹਾਂ ਕਿ ਦਰਗਾਹ ਵਿਚ ਮੈਨੂੰ ਜਮਾਂ ਦਾ ਡਰ ਨਾ ਰਹੇ ਅਤੇ ਮੈਂ ਨਰਕ ਵਿਚ ਨਾ ਜਾਵਾਂ, ਇਸ ਸੰਸਾਰ ਵਿਚ ਕਰਮ ਕਰਕੇ ਮੇਰਾ ਜਸ ਹੋਵੇ ਅਤੇ ਮੈਨੂੰ ਇਸ ਦਾ ਫਲ ਮਿਲੇ, ਕੋਈ ਮੈਨੂੰ ਦੁਖ ਨਾ ਹੋਵੇ, ਮੈਂ ਸੁਖੀ ਰਹਾਂ, ਸੰਸਾਰ ਵਿਚ ਮੇਰਾ ਮਾਣ ਹੋਵੇ ਇਨ੍ਹਾਂ ਸਾਰੇ ਕਰਮਾਂ ਨੂੰ ਸਕਾਮ ਕਰਮ ਕਿਹਾ ਜਾਂਦਾ ਹੈ। ਇਨ੍ਹਾਂ ਕਰਮਾਂ ਵਿਚ ਜੋ ਕਰਮ ਕਰੀਦੇ ਹਨ ਉਹ ਵੇਖਣ ਨੂੰ ਸ਼ੁਭ ਹਨ, ਬਹੁਤ ਅੱਛੇ ਹਨ ਜਿਵੇਂ ਕਿਸੇ ਤੀਰਥ ਤੇ ਜਾ ਕੇ ਚਿਲੇ ਕਟਣੇ, ਮੰਤਰ ਸਹਿਤ ਇਸ਼ਨਾਨ ਕਰਨੇ, ਗਿਣਵੇਂ ਰੂਪ ਵਿਚ ਵਿਧੀ ਪੂਰਵਕ ਪਾਠ ਦਾਨ ਕਰਨੇ, ਇੱਛਾ ਸਹਿਤ ਸੇਵਾ ਕਰਨੀ, ਇਹ ਦਰਗਾਹ ਵਿਚ ਪਹੁੰਚਾਉਣ ਦੀ ਸਮਰਥਾ ਰਖਦੇ ਹਨ ਪਰ ਕਾਮਨਾ ਸਹਿਤ

ਹੋਣ ਕਰਕੇ ਗਿਆਨ ਨਹੀਂ ਦੇ ਸਕਦੇ। ਇਨ੍ਹਾਂ ਦਾ ਅੰਤਸ਼ਕਰਣ ਦੀ ਮੈਲ ਦੂਰ ਕਰਨ ਨਾਲ ਕੋਈ ਸਬੰਧ ਨਹੀਂ ਹੁੰਦਾ। ਇਹ ਤਾਂ ਇਕ ਤਰ੍ਹਾਂ ਦੀ ਖੇਤੀ ਹੁੰਦੀ ਹੈ। ਅਸੀਂ ਬੀਜ ਪਾਉਂਦੇ ਹਾਂ, ਫਲ ਪ੍ਰਾਪਤ ਕਰ ਲੈਂਦੇ ਹਾਂ ਇਸ ਤਰ੍ਹਾਂ ਸਕਾਮ ਕਰਮ ਸਮੇਂ ਅਨੁਸਾਰ ਫਲ ਦਿੰਦੇ ਹਨ ਭਾਵੇਂ ਉਦੋਂ ਹੀ ਭੋਗ ਲਈਏ ਜਾਂ ਸਰੀਰ ਛੱਡਣ ਉਪਰੰਤ ਸਵਰਗ ਵਿਚ ਜਾਂ ਅਗਲੇ ਜਨਮ ਵਿਚ ਚੰਗੇ ਘਰਾਂ ਵਿਚ ਜਨਮ ਲੈ ਕੇ ਭੋਗ ਲਈਏ। ਅਗਲਾ ਜਨਮ ਸੁਖ ਪੂਰਵਕ ਹੋਇਆ ਕਰਦਾ ਹੈ। ਸਾਡੇ ਵਿਸ਼ਵਾਸ਼ ਇਸ ਤਰ੍ਹਾਂ ਦੇ ਹੀ ਬਣੇ ਹੋਏ ਹਨ। ਇਕ ਉਦਾਹਰਣ ਨਾਲ ਗੱਲ ਸਮਝ ਆ ਜਾਵੇਗੀ।

ਭਾਰਤ ਵਰਸ਼ ਵਿਚ ਇਕ ਬਹੁਤ ਬੁੱਧੀਵਾਨ ਬਾਦਸ਼ਾਹ ਹੋਇਆ ਹੈ ਜਿਸ ਦਾ ਨਾਮ ਅਕਬਰ ਸੀ। ਉਸ ਨੇ ਆਪਣੇ ਰਾਜ ਵਿਚ ਜਨਤਾ ਨੂੰ ਬਹੁਤ ਹੀ ਸੁਖ ਦੇਣ ਵਾਲੀਆਂ ਗੱਲਾਂ ਕੀਤੀਆਂ। ਉਸ ਦਾ ਮਹਾਂਪੁਰਸ਼ਾਂ ਅਤੇ ਸਤਿ ਸਾਸ਼ਤਰਾਂ ਉਤੇ ਵਿਸ਼ਵਾਸ਼ ਸੀ। ਉਸ ਦੇ ਅੰਦਰ ਦ੍ਵੈਤ ਦੀ ਹੋਂਦ ਬਹੁਤ ਹੀ ਘੱਟ ਸੀ। ਉਹ ਆਪਣੇ ਜੀਵਨ ਵਿਚ ਗੁਰੂ ਅਮਰਦਾਸ ਜੀ ਮਹਾਰਾਜ ਨੂੰ ਗੋਇੰਦਵਾਲ ਸਾਹਿਬ ਆ ਕੇ ਮਿਲਿਆ। ਉਸ ਦੇ ਬਾਰੇ ਬਹੁਤ ਸਾਰੀਆਂ ਕਥਾਵਾਂ ਸਿਖਿਆ ਦੇਣ ਵਾਲੀਆਂ ਹਨ ਜਿਨ੍ਹਾਂ ਵਿਚੋਂ ਇਕ ਦਾ ਵਰਣਨ ਇਥੇ ਕੀਤਾ ਜਾਂਦਾ ਹੈ। ਉਸ ਦੇ ਪਾਸ ਨੌਂ ਰਤਨ ਸਨ ਜੋ ਆਪਣੀ ਵਿਦਵਤਾ ਵਿਚ ਨਿਪੁੰਨ ਸਨ। ਉਨ੍ਹਾਂ ਵਿਚੋਂ ਇਕ ਦਾ ਨਾਮ ਬੀਰਬਲ ਸੀ। ਉਸ ਨੂੰ ਹਾਜ਼ਰ ਜਵਾਬ ਕਿਹਾ ਜਾਂਦਾ ਹੈ ਉਸ ਦੇ ਲਤੀਫੇ ਆਮ ਪ੍ਰਚਲਤ ਹਨ। ਇਕ ਵਾਰੀ ਅਕਬਰ ਨੇ ਬੀਰਬਲ ਨੂੰ ਕਿਹਾ ਕਿ ਮੈਂ ਚਾਰ ਕਿਸਮ ਦੇ ਬੰਦੇ ਦੇਖਣਾ ਚਾਹੁੰਦਾ ਹਾਂ ਉਹ ਹਨ-

1. ਤਿੰਨ ਜਨਮ ਦਾ ਧਨੀ ਹੋਵੇ।
2. ਜੋ ਹੁਣ ਸੁਖੀ ਹੋਵੇ ਤੇ ਅੱਗੇ ਜਾ ਕੇ ਦੁਖੀ ਹੋਵੇ
3. ਜੋ ਹੁਣ ਦੁਖੀ ਹੈ ਅਤੇ ਅੱਗੇ ਜਾ ਕੇ ਸੁਖੀ ਹੋਵੇ
4. ਜੋ ਤਿੰਨ ਜਨਮਾਂ ਦਾ ਕੰਗਾਲ ਹੋਵੇ।

ਇਹ ਬੰਦੇ ਮੈਨੂੰ ਇਕ ਹਫਤੇ ਦੇ ਅੰਦਰ-ਅੰਦਰ ਲਿਆ ਕੇ ਦਿਖਾ। ਬੀਰਬਲ ਕਾਫੀ ਸਿਆਣਾ ਸੀ ਉਸ ਨੇ ਚਾਰ ਬੰਦੇ ਨਿਯਤ ਸਮੇਂ ਵਿਚ ਬਾਦਸ਼ਾਹ ਦੇ ਸਾਮ੍ਹਣੇ ਪੇਸ਼ ਕਰ ਦਿਤੇ। ਪਹਿਲਾਂ ਇਕ ਸ਼ਾਹੂਕਾਰ ਨੂੰ ਪੇਸ਼ ਕੀਤਾ। ਉਸ ਨੇ ਕਿਹਾ ਕਿ ਮਹਾਰਾਜ! ਇਹ ਤਿੰਨ ਜਨਮ ਦਾ ਅਮੀਰ ਪੁਰਸ਼ ਹੈ। ਕਿਉਂ ਹੈ? ਕਿਉਂਕਿ ਇਸ ਨੇ ਪਿਛਲੇ ਜਨਮ ਵਿਚ ਐਨਾ ਪੁੰਨ ਦਾਨ ਕੀਤਾ ਕਿ ਹੁਣ ਉਸ ਪੁੰਨ ਦੇ ਬਦਲੇ ਇਸ ਨੂੰ ਸੁੰਦਰ ਸਰੀਰ ਮਿਲਿਆ ਹੋਇਆ ਹੈ, ਬੇਅੰਤ ਜਾਇਦਾਦ ਹੈ, ਲੋਕਾਂ ਵਿਚ ਸੇਠ ਕਹਾਉਂਦਾ ਹੈ, ਹੁਣ ਇਸ ਨੇ ਆਪਣੇ ਕਮਾਏ ਧਨ ਵਿਚੋਂ ਤੀਰਥ ਸਥਾਨਾਂ ਤੇ ਛੇਤਰ (ਲੰਗਰ) ਲਵਾਏ ਹੋਏ ਹਨ। ਬਿਮਾਰਾਂ ਦੀ ਮਦਦ ਲਈ ਆਪਣੇ ਖਰਚੇ ਉਪਰ ਹਸਪਤਾਲ ਖੋਲ੍ਹੇ ਹੋਏ ਹਨ, ਯਾਤਰੂਆਂ ਦੇ ਰਹਿਣ ਲਈ ਧਰਮਸ਼ਾਲਾ ਬਣਵਾਈਆਂ ਹੋਈਆਂ ਹਨ। ਨੰਗਿਆਂ ਨੂੰ ਇਹ ਵਸਤਰ ਦਿੰਦਾ ਹੈ, ਲੋੜਵੰਦਾਂ ਦੀ ਲੋੜ ਮਹਿਸੂਸ ਕਰਕੇ ਉਨ੍ਹਾਂ ਨੂੰ ਕਈ ਵਾਰੀ ਮਾਇਆ ਵੀ ਦੇ ਦਿੰਦਾ ਹੈ। ਟੁੱਟੇ-ਫੁੱਟੇ ਰਸਤਿਆਂ ਨੂੰ ਇਹ ਆਪਣੀ ਮਾਇਆ ਲਾ ਕੇ ਠੀਕ ਕਰਾਉਂਦਾ ਹੈ, ਇਸ ਦਾ ਇਨ੍ਹਾਂ ਕਰਮਾਂ ਕਰਕੇ ਜਸ ਹੋ ਰਿਹਾ ਹੈ। ਇਹ ਪਹਿਲੇ ਜਨਮ ਦਾ ਧਨੀ ਸੀ ਇਸ ਕਰਕੇ ਇਸ ਨੂੰ ਇਸ ਜਨਮ ਵਿਚ ਕੀਤੇ ਹੋਏ ਦਾਨ ਦੀ ਮਾਇਆ ਵਧ ਕੇ ਪ੍ਰਾਪਤ ਹੋ ਰਹੀ ਹੈ। ਹੁਣ ਇਹ ਦਾਨ ਕਰਦਾ ਹੈ ਅਤੇ ਇਸਦਾ ਫਲ ਇਸ ਨੂੰ ਅਗਲੇ ਜਨਮ ਵਿਚ ਵੀ ਮਿਲਣਾ ਹੈ। ਇਹ ਅਗਲੇ ਜਨਮ ਵਿਚ ਵੀ ਧਨੀ ਪੁਰਸ਼ ਹੋਵੇਗਾ। ਕਿਉਂਕਿ ਬੀਜਿਆ ਹੋਇਆ ਦਾਨ ਸਾਧਾਰਣ ਅਵਸਥਾ ਵਿਚ ਆਪਣਾ ਫਲ ਨਸ਼ਟ ਨਹੀਂ ਕਰਦਾ। ਦਾਨ ਤਾਂ ਹੀ ਨਸ਼ਟ ਹੁੰਦਾ ਹੈ ਜਦੋਂ ਆਪਣੇ ਕੀਤੇ ਦਾਨ ਦਾ ਦਾਨੀ ਪੁਰਸ਼ ਵਿਖਾਵਾ ਕਰਦਾ ਹੈ, ਜਸ ਦੀ ਇਛਿਆ ਰਖਦਾ ਹੈ ਜਾਂ ਦਾਨ ਦੇਣ ਪਿਛੋਂ ਅਭਿਮਾਨ ਕਰਦਾ ਹੈ ਅਜਿਹੀ ਹਾਲਤ ਵਿਚ ਦਾਨ ਦਾ ਫਲ ਨਸ਼ਟ ਹੋ ਜਾਂਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਤੀਰਥ ਬਰਤ ਅਰੁ ਦਾਨ ਕਰਿ*
*ਮਨ ਮੈ ਧਰੈ ਗੁਮਾਨੁ ॥*
*ਨਾਨਕ ਨਿਹਫਲ ਜਾਤ ਤਿਹ*
*ਜਿਉ ਕੁੰਚਰ ਇਸਨਾਨੁ ॥*

*ਪੰਨਾ – 1428*

ਅਕਬਰ ਬਾਦਸ਼ਾਹ ਦੇ ਸਾਮ੍ਹਣੇ ਉਸ ਨੇ ਦੂਸਰਾ ਪੁਰਸ਼ ਕੰਗਾਲ ਪੇਸ਼ ਕੀਤਾ ਅਤੇ ਕਿਹਾ ਕਿ ਮਹਾਰਾਜ! ਇਹ ਕੰਗਾਲ ਪੁਰਸ਼ ਹੈ। ਇਸ ਕੋਲ ਇਕ ਡੰਗ ਦੀ ਰੋਟੀ ਖਾਣ ਦਾ ਵੀ ਸਾਧਨ ਨਹੀਂ ਹੈ, ਨਾ ਹੀ ਮੌਸਮ ਦੇ ਹਿਸਾਬ ਨਾਲ ਇਸ ਕੋਲ ਪਹਿਨਣ ਲਈ ਕਪੜੇ ਹਨ, ਨਾ ਹੀ ਇਸ ਕੋਲ ਕੋਈ ਘਰ ਹੈ, ਜਿਥੇ ਦੇਖਦਾ ਹੈ ਰੈਣ ਬਸੇਰਾ ਕਰ ਲੈਂਦਾ ਹੈ। ਆਪਣੀ ਭੁੱਖ ਦੀ ਨਵਿਰਤੀ ਲਈ ਦਰ ਦਰ ਮੰਗਦਾ ਫਿਰਦਾ ਹੈ, ਠੋਕਰਾਂ ਖਾਂਦਾ ਹੈ। ਹੁਣ ਇਸ ਕੋਲ ਧਨ ਨਹੀਂ ਹੈ ਅਤੇ ਇਸ ਵਿਚ ਅੱਗੇ ਦਾਨ ਬੀਜਣ ਦੀ ਕੋਈ ਸਮਰਥਾ ਨਹੀਂ ਹੈ। ਮਾਇਆ ਨਾ ਹੋਣ ਕਰਕੇ ਨਾ ਕਿਸੇ ਅਤਿਥੀ ਦੀ ਸੇਵਾ ਕਰ ਸਕਦਾ ਹੈ, ਨਾ ਲੰਗਰਾਂ ਵਿਚ ਦਾਨ ਦੇ ਸਕਦਾ ਹੈ, ਵਸਤਰ ਨਾ ਹੋਣ ਕਰਕੇ ਕੋਈ ਵਸਤਰ ਨਹੀਂ ਦਾਨ ਕਰ ਸਕਦਾ, ਇਸ ਕਰਕੇ ਇਹ ਸਕਾਮ ਕਰਮਾਂ ਤੋਂ ਖਾਲੀ ਹੈ ਅੱਗੇ ਲਈ ਬੀਜ ਸਕਣ ਦੀ ਇਸ ਪਾਸ ਸਮਰਥਾ ਨਹੀਂ ਹੈ। ਇਸ ਨੂੰ ਅੱਗੇ ਵੀ ਕੋਈ ਫਲ ਨਹੀਂ ਮਿਲਣਾ। ਇਸ ਦਾ ਖੇਤ ਰੂਪ ਤਨ, ਦਾਨ ਬੀਜਣ ਤੋਂ ਅਸਮਰਥ ਹੈ। ਇਸ ਕਰਕੇ ਇਹ ਤਿੰਨ ਜਨਮਾਂ ਦਾ ਕੰਗਾਲ ਹੈ।

ਬੀਰਬਲ ਨੇ ਤੀਜੇ ਨੰਬਰ ਉਪਰ ਇਕ ਵੇਸ਼ਵਾ ਦਿਖਾਈ ਅਤੇ ਨਾਲ ਹੀ ਕਿਹਾ ਕਿ ਮਹਾਰਾਜ! ਇਹ ਇਕ ਵੇਸ਼ਵਾ ਹੈ ਇਹ ਬਹੁਤ ਸੁੰਦਰ ਗਾਉਂਦੀ ਹੈ, ਅਵਾਜ਼ ਇਸਦੀ ਲੋਕਾਂ ਨੂੰ ਮੋਂਹਦੀ ਹੈ, ਸੁੰਦਰ ਹੋਣ ਕਰਕੇ

ਇਹ ਵਿਭਚਾਰਾਂ ਵਿਚ ਪਈ ਹੋਈ ਹੈ। ਵੱਡੇ-ਵੱਡੇ ਧਨੀ ਪੁਰਸ਼ ਇਸ ਕੋਲ ਜਾਂਦੇ ਹਨ। ਜਿਸ ਕਰਕੇ ਇਸ ਨੇ ਆਪਣੀ ਰਿਹਾਇਸ਼ ਲਈ ਬਹੁਤ ਸੋਹਣੀਆਂ ਕੋਠੀਆਂ ਬਣਾਈਆਂ ਹੋਈਆਂ ਹਨ, ਉਨ੍ਹਾਂ ਨੂੰ ਸੁੰਦਰ ਬਣਾਉਣ ਵਾਸਤੇ ਸਜਾਵਟ ਦੀਆਂ ਅਨੇਕਾਂ ਚੀਜ਼ਾਂ ਲਾਈਆਂ ਹੋਈਆਂ ਹਨ। ਮਹਾਰਾਜ! ਹੁਣ ਮਾਇਆ ਦੇ ਬਲ ਕਰਕੇ ਇਹ ਸਰੀਰਕ ਸੁਖਾਂ ਵਿਚ ਪ੍ਰਵਿਰਤ ਹੈ ਪਰ ਜਦੋਂ ਇਸ ਨੇ ਸਰੀਰ ਛੱਡ ਦੇਣਾ ਹੈ ਉਸ ਵੇਲੇ ਇਸ ਨੂੰ ਆਪਣੇ ਕੀਤੇ ਹੋਏ ਪਾਪਾਂ ਦੀ ਸਜ਼ਾ ਨਰਕ ਪ੍ਰਾਪਤ ਹੋਣ ਨਾਲ ਮਿਲੇਗੀ। ਜਿਥੇ ਇਹ ਅਤਿ ਦੁਖੀ ਹੋਵੇਗੀ ਅਤੇ ਜਦੋਂ ਇਸ ਨੂੰ ਮਾਨਸ ਜਨਮ ਦੁਬਾਰਾ ਮਿਲਿਆ ਉਸ ਵੇਲੇ ਪਾਪਾਂ ਦੇ ਬਲ ਕਰਕੇ ਰੋਗਾਂ ਵਾਲਾ ਸਰੀਰ ਪ੍ਰਾਪਤ ਹੋਵੇਗਾ। ਸੁੰਦਰਤਾ ਦੀ ਇਸ ਨੇ ਗਲਤ ਵਰਤੋਂ ਕੀਤੀ ਹੈ, ਇਸ ਕਰਕੇ ਇਹ ਕਰੂਪ ਹੋਵੇਗੀ। ਕੋਈ ਇਸ ਦੇ ਨੇੜੇ ਨਹੀਂ ਲੱਗੇਗਾ, ਦੁਖੀ ਹੋਵੇਗੀ। ਇਹ ਹੁਣ ਸੁਖੀ ਹੈ, ਅਗਲੇ ਜਨਮ ਵਿਚ ਦੁਖੀ ਹੋਵੇਗੀ।

ਚੌਥੇ ਨੰਬਰ ਤੇ ਉਸ ਨੇ ਤਪ ਕਰਦੇ ਤਪਸਵੀ ਨੂੰ ਪੇਸ਼ ਕਰਦਿਆਂ ਕਿਹਾ ਕਿ ਇਹ ਤਪਸਵੀ ਮਨ ਵਿਚ ਇਛਿਆ ਰੱਖ ਕੇ ਤਪ ਕਰ ਰਿਹਾ ਹੈ। ਤਪ ਦਾ ਫਲ ਰਾਜ ਹੋਇਆ ਕਰਦਾ ਹੈ ਇਹ ਹੁਣ ਆਪਣੇ ਸਰੀਰ ਨੂੰ ਦੁਖ ਦੇ ਰਿਹਾ ਹੈ, ਪਾਣੀ ਵਿਚ ਖੜ੍ਹਦਾ ਹੈ, ਧੂਣੀਆਂ ਤਾਪਦਾ ਹੈ, ਕੰਡਿਆਂ ਉਪਰ ਸੌਂਦਾ ਹੈ, ਗਰਮੀ ਸਰਦੀ ਦੇ ਦੁਖ ਸਹਿੰਦਾ ਹੈ, ਭੁਖਾ ਰਹਿੰਦਾ ਹੈ ਹੁਣ ਇਹ ਦੁਖੀ ਹੈ ਪਰ ਅਗਲੇ ਜਨਮ ਵਿਚ ਇਹ ਰਾਜ ਭੋਗੇਗਾ ਇਸ ਕਰਕੇ ਇਹ ਸੁਖੀ ਹੋਵੇਗਾ।

ਸੋ ਇਸ ਤਰ੍ਹਾਂ ਦੇ ਨਾਲ ਜੋ ਵੀ ਕਰਮ ਕਾਮਨਾ ਰੱਖ ਕੇ ਕੀਤੇ ਜਾਂਦੇ ਹਨ ਉਹ ਆਦਮੀ ਦੇ ਅੰਤਸ਼ਕਰਣ ਵਿਚੋਂ ਮੈਲ ਦੂਰ ਕਰਨ ਵਿਚ ਸਮਰਥ ਨਹੀਂ ਹੋਇਆ ਕਰਦੇ, ਉਹ ਕੇਵਲ ਇਛਿਆ ਮੁਤਾਬਿਕ ਫਲ ਦਿਆ ਕਰਦੇ ਹਨ। ਕੁਝ ਕਰਮਾਂ ਦੇ ਫਲ ਤਾਂ ਉਹ ਇਥੇ ਸਰੀਰ ਦੇ ਹੁੰਦਿਆਂ ਇਸ ਸੰਸਾਰ ਵਿਚ ਹੀ ਭੋਗ ਲੈਂਦੇ ਹਨ, ਕੁਝ ਸ਼ੁਭ ਕਰਮਾਂ ਦਾ ਫਲ ਇਸ ਨੂੰ ਸਵਰਗ ਲੋਕਾਂ ਵਿਚ ਭੋਗਣਾ ਪੈਂਦਾ ਹੈ। ਸੋ ਇਸ ਕਰਕੇ ਇਹ **ਸਕਾਮ ਕਰਮ** ਇਕ ਤਰ੍ਹਾਂ ਨਾਲ ਉਸ ਕਿਸਾਨ ਵਰਗੇ ਹਨ ਜਿਹੜਾ ਆਪਣੀ ਜ਼ਮੀਨ ਨੂੰ ਚੰਗੀ ਤਰ੍ਹਾਂ ਵਾਹ ਸੰਵਾਰ ਕੇ, ਪੱਧਰ ਕਰਕੇ ਪਾਣੀ ਦੇ ਕੇ ਫਸਲ ਬੀਜਦਾ ਹੈ ਉਸ ਵਿਚੋਂ ਨਦੀਣ ਕੱਢ ਕੇ ਫਸਲ ਨੂੰ ਵਧਾਉਂਦਾ ਹੈ ਅਤੇ ਸਮਾਂ ਆਉਣ ਤੇ ਫਸਲ ਵੱਢ ਕੇ ਉਸ ਦਾ ਸੁਖ ਪਾਉਂਦਾ ਹੈ। ਇਸੇ ਤਰ੍ਹਾਂ ਸਕਾਮੀ ਪੁਰਸ਼ ਕਰਮਾਂ ਦਾ ਫਲ ਭੋਗਣ ਲਈ ਜੰਮਦਾ ਤੇ ਮਰਦਾ ਰਹਿੰਦਾ ਹੈ।

ਦੂਸਰੇ ਕਰਮ ਉਹ ਹੋਇਆ ਕਰਦੇ ਹਨ ਜਿਨ੍ਹਾਂ ਨੂੰ **ਨਿਸ਼ਕਾਮ ਕਰਮ** ਕਿਹਾ ਜਾਂਦਾ ਹੈ। ਇਹ ਕਰਮ ਕਰਨ ਵਾਲਾ ਪੁਰਸ਼ ਆਪਣੇ ਕੀਤੇ ਹੋਏ ਕਰਮਾਂ ਦਾ ਕਰਤਾ ਬਿਲਕੁਲ ਹੀ ਨਹੀਂ ਬਣਦਾ। ਉਨ੍ਹਾਂ ਦੇ ਮਨ ਵਿਚ ਭਾਵਨਾ ਹੁੰਦੀ ਹੈ ਕਿ ਮੇਰਾ ਸਰੀਰ ਕਿਸੇ ਚੰਗੇ ਲੇਖੇ ਵਿਚ ਲਗ ਜਾਵੇ, ਉਹ ਆਪਣੇ ਕਰਮ ਕਰਨ ਉਪਰੰਤ ਆਪਣੇ ਆਪ ਨੂੰ ਕਰਤਾ ਨਹੀਂ ਮੰਨਦਾ, ਕਰਤਾ ਭਾਵ ਗਵਾ ਕੇ ਕੀਤੇ ਹੋਏ ਕਰਮਾਂ ਨੂੰ ਗੁਰੂ ਦੇ ਸਮਰਪਣ ਕਰ ਦਿੰਦਾ ਹੈ ਅਤੇ ਕੋਈ ਵੀ ਵਾਸ਼ਨਾ ਮਨ ਵਿਚ ਨਹੀਂ ਰਖਦਾ, ਕਿਸੇ ਫਲ ਦੀ ਇਛਿਆ ਉਸ ਦੇ ਮਨ ਵਿਚ ਨਹੀਂ ਹੁੰਦੀ। ਇਨ੍ਹਾਂ ਨੂੰ ਨਿਸ਼ਕਾਮ ਕਰਮ ਕਿਹਾ ਜਾਂਦਾ ਹੈ ਉਹ ਸਹਿਜ ਸੁਭਾਅ ਹੀ ਆਪਣੇ ਧਰਮ ਅਨੁਸਾਰ ਨਿਤਨੇਮ ਕਰਦਾ ਹੈ, ਸੇਵਾ ਕਰਦਾ ਹੈ, ਦਾਨ ਦਿੰਦਾ ਹੈ, ਲੋੜਵੰਦਾਂ ਦੀ ਸਹਾਇਤਾ ਕਰਦਾ ਹੈ ਪਰ ਬਦਲੇ ਵਿਚ ਕੁਝ ਨਹੀਂ ਮੰਗਦਾ। ਉਸ ਦੀ ਬਿਰਤੀ 'ਨੇਕੀ ਕਰ ਦਰਿਆ ਮੇਂ ਡਾਲ' ਵਾਲੀ ਹੁੰਦੀ ਹੈ। ਉਹ ਇਹੀ ਕਹਿੰਦਾ ਹੈ ਕਿ ਕਰਮ ਸੁਭਾਅ ਮੁਤਾਬਿਕ ਹੋ ਰਹੇ ਹਨ। ਰਜੋ ਗੁਣ ਤਮੋ ਗੁਣ, ਸਤੋ ਗੁਣ ਦਾ ਪ੍ਰਭਾਵ ਆਦਮੀ ਨੂੰ ਕਰਮਾਂ ਵਿਚ ਪ੍ਰਵਿਰਤ ਕਰਦਾ ਹੈ। ਸੋ ਮੈਂ ਤਾਂ ਕੁਝ ਵੀ ਨਹੀਂ ਕਰ ਰਿਹਾ। ਸੋ ਇਸ ਤਰ੍ਹਾਂ ਦੇ ਕੀਤੇ ਹੋਏ ਕਰਮ ਫਲੀਭੂਤ ਹੋਇਆ ਕਰਦੇ ਹਨ। ਇਨ੍ਹਾਂ ਦਾ ਫਲ ਇਹ ਹੁੰਦਾ ਹੈ ਕਿ ਜਨਮਾਂ ਜਨਮਾਂਤਰਾਂ ਦੀ ਪਈ ਹੋਈ ਮੈਲ ਦੂਰ ਹੋ ਜਾਂਦੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਜਨਮ ਜਨਮ ਕੀ ਇਸੁ ਮਨ ਕਉ***
***ਮਲੁ ਲਾਗੀ ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵਈ***
***ਜੇ ਸਉ ਧੋਵਣਿ ਪਾਹੁ ॥ ਪੰਨਾ - 651***

ਨਿਸ਼ਕਾਮ ਰਹਿ ਕੇ ਬਾਣੀ ਪੜ੍ਹਨ ਨਾਲ, ਸੇਵਾ ਕਰਨ ਨਾਲ ਆਪਣੇ ਇਸ਼ਟ ਦੇਵ ਦੇ ਨੇਮ ਬਧ ਦਰਸ਼ਨ ਕਰਨ ਨਾਲ, ਕੀਰਤਨ ਕਥਾ ਵਾਰਤਾ ਸੁਣਨ ਨਾਲ, ਗੁਰ ਧਾਮਾਂ ਦੀਆਂ ਯਾਤਰਾਵਾਂ ਕਰਨ ਨਾਲ, ਇਸ ਜੀਵ ਦੇ ਅੰਤਰਸ਼ਕਰਣ ਵਿਚੋਂ ਮੈਲ ਦੂਰ ਹੋਣੀ ਸ਼ੁਰੂ ਹੋ ਜਾਂਦੀ ਹੈ। ਜਿਉਂ-ਜਿਉਂ ਬਾਣੀ ਪੜ੍ਹਦਾ ਹੈ, ਤਿਉਂ-ਤਿਉਂ ਅੰਤਸ਼ਕਰਣ ਵਿਚ ਨਿਰਮਲਤਾ ਆਉਣੀ ਸ਼ੁਰੂ ਹੋ ਜਾਂਦੀ ਹੈ। ਇਸ ਦੇ ਗਿਆਨ ਵਿਚ ਵਾਧਾ ਹੋਣਾ ਸ਼ੁਰੂ ਹੋ ਜਾਂਦਾ ਹੈ। ਵਾਸ਼ਨਾਵਾਂ ਕਾਬੂ ਵਿਚ ਰਹਿੰਦੀਆਂ ਹਨ, ਅਤੇ ਅੰਦਰ ਕੁਝ ਸੁਖ ਮਹਿਸੂਸ ਕਰਦਾ ਹੈ, ਕੁਝ ਜੀਵਨ ਦਾ ਰਸ ਆਉਂਦਾ ਹੈ ਅਤੇ ਇਹ ਕਰਮ ਆਪਣਾ ਫਲ ਦੇ ਕੇ ਇਸ ਨੂੰ ਪ੍ਰਭੂ ਪਿਆਰ ਵਿਚ ਪ੍ਰਵਿਰਤ ਕਰਦੇ ਹਨ। ਇਹ ਸਭ ਤੋਂ ਸ੍ਰੇਸ਼ਟ ਕਰਮ ਹੋਇਆ ਕਰਦੇ ਹਨ ਕਿਉਂਕਿ ਕਰਮਾਂ ਦਾ ਫਲ ਜੀਵ ਨੂੰ ਅਵੱਸ਼ ਭੋਗਣਾ ਪੈਂਦਾ ਹੈ। ਜੇ ਉਹ ਕਰਮ ਨਿਸ਼ਕਾਮ ਭਾਵਨਾ ਨਾਲ ਕਰੇ, ਆਪਣਾ ਫਰਜ਼ ਸਮਝ ਕੇ ਕਰੇ ਅਤੇ ਕਰਮਾਂ ਦਾ ਕਰਤਾਪੁਣਾ ਮਨ ਵਿਚ ਆਉਣ ਨਾ ਦੇਵੇ ਤਾਂ ਉਸ ਦਾ ਅੰਤਸ਼ਕਰਣ ਨਿਰਮਲ ਹੋ ਕੇ ਪ੍ਰਭੂ ਮਿਲਾਪ ਲਈ ਬਹੁਤ ਹੀ ਸਹਾਇਤਾ ਕਰਦਾ ਹੈ। ਇਹ ਕਰਮ ਕੋਈ ਫਲ ਨਹੀਂ ਦਿੰਦੇ, ਇਹ ਕੇਵਲ ਅੰਤਸ਼ਕਰਣ ਸ਼ੁਧ ਕਰਕੇ ਪ੍ਰਭੂ ਰਸਤੇ ਵਿਚ ਲਾਉਂਦੇ ਹਨ।

ਤੀਸਰੇ **ਸੰਚਿਤ ਕਰਮ** ਹੁੰਦੇ ਹਨ ਇਹ ਕਰਮ

ਪਹਿਲਾਂ ਕ੍ਰਿਆਮਾਨ ਕਰਮ ਕਹਾਉਂਦੇ ਹਨ। ਉਨ੍ਹਾਂ ਕ੍ਰਿਆਮਾਨ ਕਰਮਾਂ ਦਾ ਫਲ ਕੁਝ ਜਿਉਂਦੇ-ਜਿਉਂਦੇ ਭੋਗ ਲਈਦਾ ਹੈ, ਜੋ ਬਾਕੀ ਹੈ ਉਸ ਜੀਵ ਦੇ ਕਰਮਾਂ ਦੇ ਖਾਤੇ ਵਿਚ ਜਮਾਂ ਹੋ ਜਾਂਦਾ ਹੈ ਉਨ੍ਹਾਂ ਕਰਮਾਂ ਨੂੰ ਭੋਗਣ ਲਈ ਉਸ ਨੂੰ ਬਾਰ-ਬਾਰ ਜਨਮ ਲੈਣਾ ਪੈਂਦਾ ਹੈ। ਇਹ ਸੰਚਿਤ ਕਰਮ ਬੈਂਕ ਬੈਲੇਂਸ ਵਾਂਗੂ ਸੁਰਖਸ਼ਿਤ ਪਏ ਰਹਿੰਦੇ ਹਨ। ਦੇਸ਼, ਕਾਲ, ਵਸਤੂ ਦੇ ਅਨੁਕੂਲ ਇਨ੍ਹਾਂ ਕਰਮਾਂ ਦਾ ਫਲ ਜੀਵ ਪ੍ਰਾਲਬਧ ਕਰਮਾਂ ਦੇ ਰੂਪ ਵਿਚ ਭੋਗਦਾ ਹੈ।

ਚੌਥਾ **ਪਰਾਲਬਧ ਕਰਮ** ਹੋਇਆ ਕਰਦੇ ਹਨ ਇਸ ਵਰਗ ਵਿਚ ਜੋ ਕਰਮ ਆਉਂਦੇ ਹਨ ਇਨ੍ਹਾਂ ਦਾ ਬੀਜ ਤਾਂ ਪਹਿਲਿਆਂ ਜਨਮਾਂ ਵਿਚ ਸੁਕਾਮ ਕਰਮਾਂ ਦੇ ਰੂਪ ਵਿਚ ਬੀਜਿਆ ਜਾ ਕੇ, ਪਹਿਲਿਆਂ ਜਨਮਾਂ ਵਿਚ ਭੋਗਿਆ ਜਾਣ ਕਰਕੇ ਸੰਚਤ ਕਰਮ ਬਣ ਗਏ। ਸੰਚਤ ਕਰਮਾਂ ਦੇ ਰੂਪ ਵਿਚ ਅਣਭੋਗਿਆਂ ਕਰਮਾਂ ਨਾਲ ਹੀ ਕਰਮਾਂ ਦੇ ਸਟੋਰ ਵਿਚ ਜਮ੍ਹਾਂ ਹੋ ਗਏ। ਜਦੋਂ ਜੀਵ ਨੇ ਮਰਨ ਪਿਛੋਂ ਨਵਾਂ ਜਨਮ ਧਾਰਿਆ ਉਸ ਸਮੇਂ ਉਸ ਜੀਵ ਜੀਵ ਦੇ ਜੀਵਨ ਕਾਲ ਵਿਚ ਭੋਗਣ ਲਈ ਜੀਵ ਦੇ ਨਾਲ ਹੀ ਕਰਮ ਆ ਜਾਂਦੇ ਹਨ ਇਨ੍ਹਾਂ ਨੂੰ ਪ੍ਰਾਲਬਧ ਕਰਮ ਕਿਹਾ ਜਾਂਦਾ ਹੈ। ਇਹ ਪਰਾਲਬਧ ਕਰਮ ਸੁੱਖ ਵੀ ਦਿੰਦੇ ਹਨ, ਦੁਖ ਵੀ ਦਿੰਦੇ ਹਨ, ਮੇਲ ਵੀ ਕਰਾਉਂਦੇ ਹਨ, ਵਿਛੋੜੇ ਵੀ ਕਰਾ ਦਿੰਦੇ ਹਨ, ਸੁਖ ਦੁਖ ਇਨ੍ਹਾਂ ਕਰਮਾਂ ਅਨੁਸਾਰ ਹੀ ਆਉਂਦੇ ਹਨ। ਸੰਜੋਗ ਵਿਜੋਗ ਇਨ੍ਹਾਂ ਕਰਮਾਂ ਦੇ ਫਲ ਕਰਕੇ ਹੋਂਦ ਵਿਚ ਆਉਂਦਾ ਹੈ। ਇਹ ਅਵੱਸ਼ ਹੀ ਭੋਗਣੇ ਪੈਂਦੇ ਹਨ। ਈਸ਼ਵਰ ਕੋਟੀ ਦੀ ਅਵਸਥਾ ਮਾਣਦੇ ਹੋਏ, ਈਸ਼ਰ ਕੋਟੀ ਵਿਚ ਹੁੰਦਿਆਂ ਹੋਇਆਂ ਭੀ ਭੋਗਣੇ ਪੈਂਦੇ ਹਨ। ਇਨ੍ਹਾਂ ਨੂੰ ਗੁਰੂ ਮਹਾਰਾਜ ਨੇ ਕਿਰਤ ਕਰਮ ਕਿਹਾ ਹੈ ਅਤੇ ਕਿਹਾ ਹੈ ਕਿ ਕਿਰਤ ਕਰਮ ਮਿਟਾਏ ਨਹੀਂ ਜਾ ਸਕਦੇ ਜਿਵੇਂ ਕਿ ਫੁਰਮਾਨ ਹੈ -

*ਰਾਜਾ ਜਨਮੇਜਾ ਦੇ ਮਤੀ*
*ਬਰਜਿ ਬਿਆਸਿ ਪੜਾਇਆ॥*
*ਤਿਨਿ ਕਰਿ ਜਗ ਅਠਾਰਹ ਘਾਏ*
*ਕਿਰਤੁ ਨ ਚਲੈ ਚਲਾਇਆ॥*

*ਪੰਨਾ - 1344*

ਪਰਾਲਬਧ ਕਰਮਾਂ ਦੇ ਅਨੁਸਾਰ ਆਦਮੀ ਦੁਖੀ ਸੁਖੀ ਹੁੰਦਾ ਹੈ। ਸੋ ਕੁਝ ਕਰਮ ਅਜਿਹੇ ਕੀਤੇ ਜਾਂਦੇ ਹਨ ਜੋ ਸਾਸ਼ਤ੍ਰ ਵਿਰੁੱਧ ਹੁੰਦੇ ਹਨ, ਉਨ੍ਹਾਂ ਨੂੰ ਨਖਿੱਧ ਕਰਮ ਆਖਿਆ ਜਾਂਦਾ ਹੈ। ਇਹ ਉਹ ਕਰਮ ਹੋਇਆ ਕਰਦੇ ਹਨ ਜਿਨ੍ਹਾਂ ਦੇ ਬਾਰੇ ਅਧਿਆਤਮਵਾਦ ਦੀਆਂ ਪੁਸਤਕਾਂ, ਮਹਾਂਪੁਰਸ਼ ਨਾ ਕਰਨ ਨੂੰ ਕਹਿੰਦੇ ਹਨ, ਇਹ ਨਖਿੱਧ ਕਰਮ ਦੁਖ ਦਾ ਕਾਰਨ ਹੋਇਆ ਕਰਦੇ ਹਨ ਅਤੇ ਆਦਮੀ ਪ੍ਰਮੇਸ਼ਰ ਦੀ ਭਗਤੀ ਵਲ ਕਿਸੇ ਤਰ੍ਹਾਂ ਨਹੀਂ ਲਗ ਸਕਿਆ ਕਰਦਾ। ਕਿਸੇ ਪੂਰਨ ਮਹਾਂਪੁਰਸ਼ ਦੇ ਹਿਰਦੇ ਵਿਚ ਦਇਆ ਉਤਪੰਨ ਹੋ ਜਾਵੇ ਤਾਂ ਹੋ ਸਕਦਾ ਹੈ ਕਿ ਇਨ੍ਹਾਂ ਨਖਿੱਧ ਕਰਮਾਂ ਨੂੰ ਨਸ਼ਟ ਕਰਨ ਵਾਸਤੇ ਉਸ ਤੋਂ ਨਾਮ ਜਪਾ ਲਵੇ, ਸੇਵਾ ਕਰਾ ਲਵੇ ਅਤੇ ਉਸਦੀਆਂ ਵਾਸ਼ਨਾਵਾਂ ਕਾਬੂ ਕਰਾ ਕੇ ਪ੍ਰਭੂ ਸਿਮਰਨ ਦਾ ਫਲ ਦੇ ਕੇ ਨਖਿੱਧ ਕਰਮਾਂ ਵਿਚੋਂ ਕੱਢ ਲਵੇ। ਜਿਵੇਂ ਮਹਾਂਪੁਰਸ਼ਾਂ ਨੇ ਗਨਕਾ ਨੂੰ ਇਕ ਤੋਤਾ ਦੇ ਕੇ ਉਸ ਦੇ ਨਖਿੱਧ ਕਰਮਾਂ ਦਾ ਫਲ, ਬਿਲਕੁਲ ਖਤਮ ਕਰ ਦਿਤਾ। ਸੋ ਇਸ ਤਰ੍ਹਾਂ ਨਾਲ ਕਰਮ ਅਤੇ ਸੁਕਰਮ ਦਾ ਚੱਕਰ ਚਲਦਾ ਰਹਿੰਦਾ ਹੈ। ਜਦੋਂ ਜੀਵ ਦੇ ਭਾਗ ਜਾਗਦੇ ਹਨ ਉਸ ਵੇਲੇ ਕੋਈ ਪੂਰਨ ਪੁਰਸ਼ ਮਿਲ ਜਾਂਦਾ ਹੈ ਜੋ ਉਸ ਨੂੰ ਪ੍ਰਮੇਸ਼ਰ ਵਲ ਲਾ ਕੇ ਉਸ ਦੀ ਸੁੱਤੀ ਸੁਰਤ ਨੂੰ ਜਗਾ ਦਿੰਦਾ ਹੈ ਅਤੇ ਮਨ ਵਿਚ ਪਏ ਹਨ੍ਹੇਰੇ ਨੂੰ ਖਤਮ ਕਰ ਦਿੰਦਾ ਹੈ ਜਿਵੇਂ ਕਿ ਮਹਾਂਵਾਕ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥*

*ਪੰਨਾ - 204*

ਸੋ ਇਸ ਤਰ੍ਹਾਂ ਮਹਾਂਪੁਰਸ਼ ਦਇਆ ਦੇ ਘਰ ਆ ਕੇ ਜੀਵ ਨੂੰ ਭਗਤੀ ਵਿਚ ਲਾ ਦਿੰਦੇ ਹਨ ਅਤੇ ਬਹੁਤ ਹੀ ਸੁਖੈਨ ਰਸਤਾ ਪ੍ਰਮੇਸ਼ਰ ਪ੍ਰਾਪਤੀ ਦਾ ਉਸ ਨੂੰ ਦਸ ਦਿੰਦੇ ਹਨ ਬਾਣੀ ਵਿਚ ਪ੍ਰਸ਼ਨ ਆਉਂਦਾ ਹੈ -

*ਕਿਤੁ ਬਿਧੀਐ ਕਿਤੁ ਸੰਜਮਿ ਪਾਈਐ॥*
*ਕਹੁ ਸੁਰਜਨ ਕਿਤੁ ਜੁਗਤੀ ਧਿਆਈਐ॥*

*ਪੰਨਾ - 822*

ਗੁਰੂ ਮਹਾਰਾਜ ਜੀ ਉਤਰ ਦਿੰਦੇ ਫੁਰਮਾਉਂਦੇ ਹਨ -

*ਰਸਨਾ ਉਚਰੰਤਿ ਨਾਮੰ ਸ੍ਰਵਣੰ*
*ਸੁਨੰਤਿ ਸਬਦ ਅੰਮ੍ਰਿਤਹ॥*
*ਨਾਨਕ ਤਿਨ ਸਦ ਬਲਿਹਾਰੰ*
*ਜਿਨਾ ਧਿਆਨੁ ਪਾਰਬ੍ਰਹਮਣਹ॥*

*ਪੰਨਾ - 709*

ਜਪ ਕਰਨ ਦੀਆਂ ਤਿੰਨ ਜੁਗਤੀਆਂ ਪ੍ਰਧਾਨ ਹਨ ਜਿਨ੍ਹਾਂ ਨੂੰ ਗਿਆਨ, ਧਿਆਨ ਅਤੇ ਸਿਮਰਨ ਕਿਹਾ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਦਸਿਆ ਹੈ -

*ਗਿਆਨੁ ਧਿਆਨੁ ਸਿਮਰਣੁ ਜੁਗਤਿ*
*ਕੂੰਜ ਕੂਰਮ ਹੰਸ ਵੰਸ ਵਧੰਦਾ।*

*ਭਾਈ ਗੁਰਦਾਸ ਜੀ, ਵਾਰ 16/13*

ਕੂੰਜ ਵਾਂਗੂੰ ਸਿਮਰਨ ਕਰਨਾ। ਜਿਸ ਬਾਰੇ ਪ੍ਰਸਿੱਧ ਹੈ ਕਿ ਸਰਦੀਆਂ ਵਿਚ ਜਦੋਂ ਉਤਰ ਵਿਚ ਬਰਫਾਂ ਪੈਂਦੀਆਂ ਹਨ ਤਾਂ ਉਹ ਆਂਡੇ ਦੇ ਕੇ ਸੁਰਖਸ਼ਤ ਥਾਵਾਂ ਤੇ ਰੱਖ ਕੇ ਆਪ ਸਮਾਂ ਬਿਤਾਉਣ ਲਈ ਭਾਰਤ ਵਰਸ਼ ਵਲ ਉਡਾਰੀਆਂ ਲਾਉਂਦੀਆਂ ਹਨ ਜਿਥੇ ਬਰਫ ਨਹੀਂ ਪੈਂਦੀ। ਪਾਣੀ ਵਿਚ ਆ ਕੇ ਉਤਰ ਜਾਂਦੀਆਂ ਹਨ ਉਹ ਆਪਣੇ ਆਂਡਿਆਂ ਨੂੰ ਹਰ ਵਕਤ ਯਾਦ ਰਖਦੀਆਂ ਹਨ ਅਤੇ ਅੰਡੇ ਵਿਚੋਂ ਬੱਚਾ ਨਿਕਲਣ ਪਿਛੋਂ ਬੱਚੇ ਨੂੰ ਖਿਲਾਉਣ, ਪਿਲਾਉਣ ਅਤੇ ਉਡਾਉਣ ਦੀ ਸਿਖਿਆ

ਯਾਦ ਸ਼ਕਤੀ ਰਾਹੀਂ ਹੀ ਦਿੰਦੀਆਂ ਹਨ। ਇਸ ਨੂੰ ਵਾਤਸਲ ਪਿਆਰ ਆਖਿਆ ਜਾਂਦਾ ਹੈ। ਇਸ ਸਿਮਰਨ ਕ੍ਰਿਆ ਵਿਚ ਐਨੀ ਸ਼ਕਤੀ ਹੈ ਜਿਸ ਬਾਰੇ ਗੁਰੂ ਮਹਾਰਾਜ ਜੀ ਨੇ ਦਸਿਆ ਹੈ –

*ਊਡੇ ਊਡਿ ਆਵੈ ਸੈ ਕੋਸਾ*
*ਤਿਸੁ ਪਾਛੈ ਬਚਰੇ ਛਰਿਆ॥*
*ਤਿਨ ਕਵਣੁ ਖਲਾਵੈ ਕਵਣੁ ਚੁਗਾਵੈ*
*ਮਨ ਮਹਿ ਸਿਮਰਨੁ ਕਰਿਆ॥*

*ਪੰਨਾ – 10*

ਸੋ ਦੂਸਰੀ ਅਵਸਥਾ ਧਿਆਨ ਦੀ ਹੋਇਆ ਕਰਦੀ ਹੈ। ਕੱਛੂ ਬਾਰੇ ਇਹ ਪ੍ਰਸਿੱਧ ਹੈ ਕਿ ਜਦੋਂ ਉਸ ਨੇ ਅੰਡੇ ਦੇਣੇ ਹੁੰਦੇ ਹਨ ਤਾਂ ਉਹ ਸਮੁੰਦਰ ਵਿਚੋਂ ਨਿਕਲ ਕੇ ਬਰੇਤੀ ਵਿਚ ਟੋਆ ਪੁੱਟ ਲੈਂਦਾ ਹੈ ਅਤੇ ਉਸ ਵਿਚ ਅੰਡੇ ਦੇ ਕੇ ਢੱਕ ਕੇ ਆਪ ਪਾਣੀ ਵਿਚ ਆ ਜਾਂਦਾ ਹੈ। ਉਥੇ ਉਹ ਧਿਆਨ ਨਾਲ ਹੀ ਆਂਡਿਆਂ ਦਾ ਸੇਵਨ ਕਰਦਾ ਹੈ। ਧਿਆਨ ਇਕ ਬਹੁਤ ਪ੍ਰਬਲ ਸ਼ਕਤੀ ਹੈ ਜਿਸ ਨੂੰ ਪ੍ਰਾਪਤ ਹੋ ਜਾਵੇ ਉਹ ਬਹੁਤ ਅਲੌਕਿਕ ਕਰਮ ਕਰ ਸਕਦਾ ਹੈ। ਸੋ ਧਿਆਨ ਨਾਲ ਬੱਚਿਆਂ ਨੂੰ ਆਂਡਿਆਂ ਵਿਚੋਂ ਕੱਢ ਕੇ ਧਿਆਨ ਨਾਲ ਹੀ ਉਨ੍ਹਾਂ ਨੂੰ ਪ੍ਰੇਰਨਾ ਦਿੰਦਾ ਹੈ ਕਿ ਉਨਾਂ ਖੁਸ਼ਕੀ ਵਲ ਨੂੰ ਨਹੀਂ ਜਾਣਾ, ਇਸ ਦੇ ਵਿਪਰੀਤ ਪਾਣੀ ਵਲ ਜਾਣਾ ਹੈ। ਕੋਈ ਬੱਚਾ ਧਰਤੀ ਵਲ ਨਹੀਂ ਆਉਂਦਾ ਉਹ ਆਪਣੇ ਆਪ ਹੀ ਪਾਣੀ ਵਲ ਖਿਚਿਆ ਤੁਰਿਆ ਜਾਂਦਾ ਹੈ।

ਤੀਸਰੀ ਗਿਆਨ ਸ਼ਕਤੀ ਹੈ ਇਸ ਨੂੰ ਹੰਸ ਦੀ ਕ੍ਰਿਆ ਨਾਲ ਤੁਲਨਾ ਦਿਤੀ ਹੈ। ਹੰਸ ਵਿਚ ਇਹ ਸੁਭਾਅ ਹੈ ਕਿ ਜੇ ਉਸ ਨੂੰ ਦੁਧ ਪਿਲਾਇਆ ਜਾਵੇ ਤਾਂ ਉਹ ਦੁਧ ਵਿਚ ਰਲਿਆ ਪਾਣੀ ਨਹੀਂ ਪੀਂਦਾ। ਉਸ ਦੀ ਚੁੰਝ ਵਿਚ ਖਟਾਸ ਹੈ ਉਹ ਦੁਧ ਵਿਚ ਚੁੰਝ ਡੁਬੋ ਦਿੰਦਾ ਹੈ, ਥੋੜ੍ਹੀ ਦੇਰ ਲਈ ਪਿਛੇ ਹਟ ਕੇ ਬੈਠ ਜਾਂਦਾ ਹੈ। ਕੁਝ ਦੇਰ ਬਾਦ ਦੁੱਧ ਫਟ ਜਾਂਦਾ ਹੈ ਅਤੇ ਫੁੱਟੀਆਂ ਬਣ ਜਾਂਦੀਆਂ ਹਨ ਅਤੇ ਪਾਣੀ ਅਲੱਗ ਹੋ ਜਾਂਦਾ ਹੈ। ਹੰਸ ਫੁੱਟੀਆਂ ਖਾ ਲੈਂਦਾ ਹੈ ਅਤੇ ਪਾਣੀ ਛੱਡ ਦਿੰਦਾ ਹੈ।

ਇਸੇ ਤਰ੍ਹਾਂ ਸੰਸਾਰ ਵਿਚ ਚੇਤਨ ਤੱਤ ਅਤੇ ਪ੍ਰਕ੍ਰਿਤੀ ਦੁੱਧ ਅਤੇ ਪਾਣੀ ਵਾਂਗੂ ਰਲੇ ਹੋਏ ਹਨ। ਗਿਆਨਵਾਨ ਪੁਰਸ਼ ਪ੍ਰਕ੍ਰਿਤੀ ਨੂੰ ਚੇਤਨ ਸਤਾ ਨਾਲੋਂ ਨਿਖੇੜ ਕੇ ਆਪਣੀ ਸੂਝ ਸਤਾ ਨੂੰ ਪ੍ਰਭੂ ਦੇ ਗਿਆਨ ਵਿਚ ਲਾਉਂਦਾ ਹੈ। ਉਸ ਦਾ ਗਿਆਨ ਪ੍ਰਾਪਤ ਕਰਕੇ ਉਸ ਵਿਚ ਆਪਣੀ ਹਸਤੀ ਲਿਵਲੀਨ ਕਰ ਦਿੰਦਾ ਹੈ। ਕਿਉਂਕਿ ਸਤ ਨੂੰ ਪਹਿਚਾਣ ਲੈਂਦਾ ਹੈ ਜੀਵ ਭਾਵ, ਸੰਸਾਰ ਭਾਵ ਅਤੇ ਈਸ਼ਵਰ ਭਾਵ ਖਤਮ ਕਰਕੇ ਇਕੋ ਚੇਤਨ ਸਤ ਦੀ ਸੋਝੀ ਹੋ ਜਾਂਦੀ ਹੈ। ਇਹ ਤਿੰਨ ਜੁਗਤਾਂ ਹਨ ਇਸ ਦੇ ਅਧਿਕਾਰੀ ਉਤਮ, ਕਨਿਸ਼ਟ ਅਤੇ ਮੱਧਮ ਹੋਇਆ ਕਰਦੇ ਹਨ। ਸ੍ਰੇਸ਼ਟ ਸਾਧਕ ਅਵਸਥਾ ਭੇਦ ਨਾਲ ਪਰਖੇ ਜਾਂਦੇ ਹਨ।

ਕਨਿਸ਼ਟ ਸਾਧਕਾਂ ਵਾਸਤੇ ਸਿਮਰਨ ਕਰਨਾ ਬਹੁਤ ਹੀ ਜ਼ਰੂਰੀ ਹੈ। ਉਹ ਨਾ ਧਿਆਨ ਦੇ ਅਤੇ ਨਾ ਹੀ ਗਿਆਨ ਦੇ ਅਧਿਕਾਰੀ ਹੁੰਦੇ ਹਨ। ਇਸ ਕਰਕੇ ਪਹਿਲਾਂ ਉਨ੍ਹਾਂ ਨੂੰ ਸ਼ੁਭ ਕਰਮ ਕਰਨ ਦੀ ਸਿੱਖਿਆ ਦਿਤੀ ਜਾਂਦੀ ਹੈ। ਗੁਰਬਾਣੀ, ਗੀਤਾ, ਗਾਇਤ੍ਰੀ, ਨਮਾਜ਼ ਆਦਿ ਦੇ ਨਿਤਨੇਮ ਕਰਨ ਦੀ ਬਹੁਤ ਅਵੱਸ਼ਕ ਤਰਜੀਹ ਦਿਤੀ ਜਾਂਦੀ ਹੈ ਅਤੇ ਸ਼ਰ੍ਹਾ ਦੇ ਘੇਰੇ ਵਿਚ ਆਉਣ ਵਾਲੀਆਂ ਰਹਿਤਾਂ ਕੁਰਹਿਤਾਂ ਨੂੰ ਬਹੁਤ ਸਖਤੀ ਨਾਲ ਪਾਲਣਾ ਪੈਂਦਾ ਹੈ।

ਸੋ ਇਨ੍ਹਾਂ ਕਨਿਸ਼ਟ ਅਧਿਕਾਰੀਆਂ ਵਾਸਤੇ ਸਿਮਰਨ ਦੀਆਂ ਬਹੁਤ ਅਵਸਥਾਵਾਂ ਹਨ। ਪਹਿਲਾਂ ਮਾਲਾ ਦੀ ਮਦਦ ਨਾਲ ਦਿਤੇ ਹੋਏ ਮੰਤਰ ਦਾ ਜਾਪ ਘੱਟੋ-ਘੱਟ ਢਾਈ ਘੰਟੇ ਕਰਨਾ। ਜਦੋਂ ਇਹ ਜਾਪ ਚਲ ਪਵੇ, ਫੇਰ ਮਾਲਾ ਤੋਂ ਬਿਨਾਂ ਕੇਵਲ ਰਸਨਾ ਨਾਲ ਜਾਪ ਕਰਨਾ। ਫੇਰ ਮਧਮਾਂ ਬਾਣੀ, ਪਸੰਤੀ ਬਾਣੀ ਅਤੇ ਪਰਾ ਬਾਣੀ ਦੇ ਜਾਪ ਦੀ ਸੋਝੀ ਆ ਜਾਂਦੀ ਹੈ। ਜਿਨ੍ਹਾਂ ਨੂੰ ਹਿਰਦੇ ਵਿਚ, ਨਾਭੀ ਵਿਚ ਬਿਨਾਂ ਰਸਨਾ ਤੋਂ ਜਪਣਾ ਇਸ ਕ੍ਰਿਆ ਨੂੰ ਅਜਪਾ ਜਾਪ ਕਿਹਾ ਜਾਂਦਾ ਹੈ। ਇਹ ਜਾਪ ਸਿਮਰਨ ਨਵਧਾ ਭਗਤੀ ਵਿਚ ਗਿਣਿਆ ਜਾਂਦਾ ਹੈ। ਭਗਤੀ ਦੋ ਪ੍ਰਕਾਰ ਦੀ ਹੁੰਦੀ ਹੈ ਪਰਾ ਭਗਤੀ ਅਤੇ ਅਪਰਾ ਭਗਤੀ।

ਪਰਾ ਭਗਤੀ ਹਰ ਵਕਤ ਪ੍ਰਮੇਸ਼ਰ ਨੂੰ ਯਾਦ ਰਖਣਾ, ਕਿਸੇ ਸਮੇਂ ਵੀ ਨਾ ਭੁੱਲਣਾ ਅਤੇ ਉਸ ਨੂੰ ਹਰ ਥਾਂ ਹਾਜ਼ਰ ਨਾਜ਼ਰ ਦੇਖਣ ਵਾਲੀ ਬਿਰਤੀ ਉਸ ਨੂੰ ਪ੍ਰਾਪਤ ਹੁੰਦੀ ਹੈ। ਇਸ ਦਾ ਅਧਿਕਾਰੀ ਗਿਆਨੀ ਪੁਰਸ਼ ਹੁੰਦਾ ਹੈ ਸ਼ੁਰੂ-ਸ਼ੁਰੂ ਵਿਚ ਲੱਗਿਆ ਹੋਇਆ ਸਾਧਕ ਭਗਤੀ ਤੋਂ ਖਾਲੀ ਹੁੰਦਾ ਹੈ ਕਿਉਂਕਿ ਉਸ ਨੇ ਅਜੇ ਬਹੁਤ ਸਾਰੀਆਂ ਮੰਜ਼ਲਾਂ ਤਹਿ ਕਰਨੀਆਂ ਹੁੰਦੀਆਂ ਹਨ। ਪਰਾ ਭਗਤੀ ਨੂੰ ਅਨਿੰਨ ਭਗਤੀ ਵੀ ਆਖਿਆ ਜਾਂਦਾ ਹੈ। ਜਿਵੇਂ ਕਬੀਰ ਜੀ, ਧੰਨਾ ਜੀ, ਸੈਣ ਜੀ, ਬੇਣੀ ਭਗਤ ਜੀ ਆਦਿ। ਜਿਹੜੇ ਪ੍ਰਮੇਸ਼ਰ ਨੂੰ ਅਨੰਨ ਪਿਆਰ ਕਰਦੇ ਸਨ। ਪਰਾ ਭਗਤੀ ਵਾਲੇ ਪ੍ਰਮੇਸ਼ਰ ਤੋਂ ਭਿੰਨ ਨਹੀਂ ਹੋਇਆ ਕਰਦੇ। ਇਹ ਪ੍ਰਮੇਸ਼ਰ ਨੂੰ ਬਹੁਤ ਪਿਆਰੇ ਹੋਇਆ ਕਰਦੇ ਹਨ। ਇਹ ਆਪਣੇ ਜੀਵਨ ਸਮੇਂ ਵਿਚ ਪ੍ਰਮੇਸ਼ਰ ਨਾਲ ਜੁੜੇ ਰਹਿੰਦੇ ਹਨ ਅਤੇ ਸਰੀਰਕ ਜੀਵਨ ਦੇ ਅੰਤ ਹੋਣ ਤੇ ਪ੍ਰਭੂ ਦੇ ਦਰ ਤੇ ਪ੍ਰਵਾਨ ਰੂਹਾਂ ਕਰਕੇ ਮੰਨੀਆਂ ਜਾਂਦੀਆਂ ਹਨ। ਇਹ ਬੇਗਮਪੁਰੇ ਸ਼ਹਿਰ ਦੇ ਵਾਸੀ ਹੋ ਜਾਂਦੇ ਹਨ ਇਨ੍ਹਾਂ ਨੂੰ ਹੀ ਬਾਣੀ ਵਿਚ ਇਸ ਤਰ੍ਹਾਂ ਕਿਹਾ ਗਿਆ ਹੈ –

*ਦਾਸ ਅਨਿੰਨ ਮੇਰੋ ਨਿਜ ਰੂਪ॥*
*ਦਰਸਨ ਨਿਮਖ ਤਾਪ ਤ੍ਰਈ ਮੋਚਨ*
*ਪਰਸਤ ਮੁਕਤਿ ਕਰਤ ਗ੍ਰਿਹ ਕੂਪ॥*
*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ॥*

*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*
*ਮੈ ਗੁਨ ਬੰਧ ਸਗਲ ਕੀ ਜੀਵਨਿ*
*ਮੇਰੀ ਜੀਵਨਿ ਮੇਰੇ ਦਾਸ॥*
*ਨਾਮਦੇਵ ਜਾ ਕੈ ਜੀਅ ਐਸੀ*
*ਤੈਸੋ ਤਾ ਕੈ ਪ੍ਰੇਮ ਪ੍ਰਗਾਸ॥*
*ਪੰਨਾ - 1252*

ਇਸ ਭਗਤੀ ਦਾ ਅਧਿਕਾਰ ਬਹੁਤ ਹੀ ਉਤਮ ਜਗਿਆਸੂ ਨੂੰ ਪ੍ਰਾਪਤ ਹੁੰਦਾ ਹੈ।

ਦੂਸਰੀ ਜੋ ਹੈ ਉਹ ਅਪਰਾ ਭਗਤੀ ਹੈ ਇਸ ਨੂੰ ਬਿਰਲ ਭਗਤੀ ਵੀ ਆਖਦੇ ਹਨ। ਇਸ ਅਵਸਥਾ ਦਾ ਭਗਤ ਪ੍ਰਮੇਸ਼ਰ ਤੋਂ ਕੁਝ ਨਾ ਕੁਝ ਮੰਗਦਾ ਹੀ ਰਹਿੰਦਾ ਹੈ ਅਤੇ ਜੇ ਉਸ ਨੂੰ ਪ੍ਰਾਪਤ ਨਾ ਹੋਵੇ ਤਾਂ ਸਧਨੇ ਵਾਂਗੂੰ ਉਲਾਂਭੇ ਵੀ ਦੇਣ ਲਗ ਜਾਂਦਾ ਹੈ ਅਤੇ ਇਸ ਵਿਚ ਅਰਥਾ, ਅਰਥੀ, ਆਤਰ ਕਿਸਮ ਦੇ ਭਗਤ ਹੋਇਆ ਕਰਦੇ ਹਨ। ਇਸ ਭਗਤੀ ਦੇ ਤਿੰਨ ਭੇਦ ਹਨ ਉਤਮ, ਮੱਧਮ ਅਤੇ ਕਨਿਸ਼ਟ। ਭਗਤੀ ਨੌਂ ਪ੍ਰਕਾਰ ਦੀ ਹੋਇਆ ਕਰਦੀ ਹੈ। ਜਿਸ ਵਿਚ ਸਰਵਣ, ਸਿਮਰਨ, ਕੀਰਤਨ, ਪਾਦ ਸੇਵਨ, ਪੂਜਨ, ਧਿਆਨ, ਸਖਾ ਭਾਵ ਆਦਿ ਭਗਤੀ ਹੋਇਆ ਕਰਦੀ ਹੈ। ਵਾਹਿਗੁਰੂ ਦੇ ਨਾਮ ਨੂੰ ਹਰ ਵਕਤ ਸੁਣਨਾ ਇਹ ਇਕ ਭਗਤੀ ਹੁੰਦੀ ਹੈ। ਜ਼ੁਬਾਨ ਦੇ ਨਾਲ ਹਰ ਵਕਤ ਨਾਮ ਜਪਣਾ, ਹਿਰਦੇ ਵਿਚ ਯਾਦ ਕਰਨਾ, ਆਪਣੇ ਸਤਿਗੁਰੂ ਦੀ ਸੇਵਾ ਕਰਨੀ, ਆਪਣੇ ਸਤਿਗੁਰੂ ਦੀ ਅਨੇਕ ਕਿਸਮ ਦੀ ਸਮਗੱਰੀ ਨਾਲ ਪੂਜਾ ਕਰਨੀ, ਉਸ ਦੇ ਅਦਬ ਵਿਚ ਰਹਿਣਾ, ਭੈ ਦੀਆਂ ਸਲਾਈਆਂ ਨਾਲ ਨੇਤਰਾਂ ਵਿਚ ਸੁਰਮਾ ਪਾਉਣਾ, ਆਪਣੇ ਆਪ ਨੂੰ ਦਾਸ ਜਾਨਣਾ, ਗੋਲਾ ਹੋ ਕੇ ਕਿਸੇ ਫਲ ਦੀ ਇਛਿਆ ਨਾ ਰਖਦੇ ਹੋਏ ਸੇਵਾ ਤੇ ਸਿਮਰਨ ਕਰਨਾ। ਆਪਣੇ ਆਪ ਨੂੰ ਵਾਹਿਗੁਰੂ ਦੀ ਸੇਵਾ ਵਿਚ ਸ਼ਰਨਾਗਤ ਹੋ ਕੇ, ਸ਼ਰਨ ਵਿਚ ਆਇਆ ਜਾਣ ਕੇ ਕਰਨੀ, ਉਸ ਤੇ ਭਰੋਸਾ ਰਖਣਾ। ਇਸ ਤਰ੍ਹਾਂ ਭਗਤੀ ਕਰਦੇ ਕਰਦੇ ਵਿਵੇਕ ਮੰਡਲ ਵਿਚ ਸੁਰਤ ਪਹੁੰਚ ਜਾਇਆ ਕਰਦੀ ਹੈ ਜਿਥੇ ਆਤਮਾ ਤੇ ਅਨਾਤਮਾ ਦਾ ਵਿਵੇਕ ਕਰਕੇ ਅਨਾਤਮਾ ਨੂੰ ਛੱਡ ਦਿਤਾ ਜਾਂਦਾ ਹੈ ਅਤੇ ਪ੍ਰਭੂ ਜਿਸ ਨੂੰ ਆਤਮਾ ਜਾਂ ਬ੍ਰਹਮ ਕਿਹਾ ਜਾਂਦਾ ਹੈ ਉਸ ਨੂੰ ਹਰ ਥਾਂ ਹਾਜ਼ਰ ਨਾਜ਼ਰ ਜਾਣ ਕੇ ਆਪਣਾ ਆਪਾ ਉਸ ਵਿਚ ਲੀਨ ਕਰ ਦਿੰਦਾ ਹੈ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -

*ਕਛੂ ਆਂਡਾ ਧਿਆਨੁ ਧਰਿ ਕਰਿ*
*ਪਰਪਕੁ ਨਦੀ ਵਿਚਿ ਆਣੈ।*
*ਕੂੰਜ ਰਿਦੈ ਸਿਮਰਣੁ ਕਰੈ*
*ਲੈ ਬਚਾ ਉਡਦੀ ਅਸਮਾਣੈ।*
*ਬਤਕ ਬਚਾ ਤੁਰਿਤੁਰਾ*
*ਜਲ ਥਲ ਵਰਤੈ ਸਹਜਿ ਵਿਡਾਣੈ।*
*ਕੋਇਲ ਪਾਲੈ ਕਾਵਣੀ*
*ਮਿਲਦਾ ਜਾਇ ਕੁਟੰਬ ਸਿਞਾਣੈ।*
*ਹੰਸ ਵੰਸੁ ਵਸਿ ਮਾਨਸਰਿ ਮਾਣਕ*
*ਮੋਤੀ ਚੋਗ ਚੁਗਾਣੈ।*
*ਗਿਆਨ ਧਿਆਨਿ ਸਿਮਰਣਿ ਸਦਾ*
*ਸਤਿਗੁਰ ਸਿਖੁ ਰਖੈ ਨਿਰਬਾਣੈ।*
*ਭੂਤ ਭਵਿਖਹੁ ਵਰਤਮਾਨ*
*ਤ੍ਰਿਭਵਣ ਸੋਝੀ ਮਾਣੁ ਨਿਮਾਣੇ।*
*ਜਾਤੀ ਸੁੰਦਰ ਲੋਕੁ ਨ ਜਾਣੈ॥*
*ਭਾਈ ਗੁਰਦਾਸ ਜੀ, ਵਾਰ 11/9*

ਗੁਰੂ ਮਹਾਰਾਜ ਜੀ ਨੇ ਸਿਮਰਨ ਭਗਤੀ ਬਾਰੇ ਸੁਖਮਨੀ ਸਾਹਿਬ ਦੀ ਪਹਿਲੀ ਅਸਟਪਦੀ ਵਿਚ ਬਹੁਤ ਵਿਸਥਾਰ ਨਾਲ ਅਸਾਡੇ ਭਲੇ ਲਈ ਫੁਰਮਾਨ ਕੀਤਾ ਹੈ -

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥*
*ਪ੍ਰਭ ਕੈ ਸਿਮਰਨਿ ਭਉ ਨ ਬਿਆਪੈ॥*
*ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ॥*
*ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ॥*
*ਸਰਬ ਨਿਧਾਨ ਨਾਨਕ ਹਰਿ ਰੰਗਿ॥*
*ਪੰਨਾ - 262*

ਸੋ ਇਸ ਤਰ੍ਹਾਂ ਦੇ ਨਾਲ ਰਾਜਕੁਮਾਰੀ ਸਿਮਰਨ ਭਗਤੀ ਵਿਚ ਤਤਪਰ ਹੋ ਕੇ ਨਿਯਤ ਸਮੇਂ ਤੇ ਆਪਣੇ ਘਰੋਂ ਜੰਗਲ ਵਲ ਨੂੰ ਚਲੀ ਜਾਂਦੀ ਹੈ ਅਤੇ ਮੱਠ ਵਿਚ ਬੈਠ ਕੇ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਦੀ ਹੈ। ਜਦੋਂ ਅਸੀਂ ਸਿਮਰਨ ਦੀ ਕ੍ਰਿਆ ਵਿਚ ਪ੍ਰਵਿਰਤ ਹੁੰਦੇ ਹਾਂ ਤਾਂ ਪਹਿਲਾਂ-ਪਹਿਲਾਂ ਜਦੋਂ ਅਸਾਡਾ ਮਨ ਨਹੀਂ ਲਗਦਾ ਅਤੇ ਅਸੀਂ ਆਪਣੇ ਮਨ ਨੂੰ ਬੰਨ੍ਹ ਕੇ ਰਖਦੇ ਹਾਂ। ਉਸ ਤੋਂ ਜ਼ਰੂਰ ਹੀ ਸਿਮਰਨ ਕਰਾਉਣਾ ਹੈ ਤਾਂ ਮਾਲਾ ਦੀ ਗਿਣਤੀ ਨਾਲ ਮਨ ਨੂੰ ਬੰਨ੍ਹ ਦਿਤਾ ਜਾਂਦਾ ਹੈ। ਆਮ ਤੌਰ ਤੇ ਢਾਈ ਪੱਕੀਆਂ ਮਾਲਾ ਗੁਰਮੰਤਰ ਦੀਆਂ ਹਰ ਰੋਜ਼ ਜਪਣ ਦਾ ਵਿਧਾਨ ਹੈ ਪਰ ਜਦੋਂ ਸੁਰਤ ਵਿਚ ਇਹ ਰਸ ਸਮਾਅ ਜਾਂਦਾ ਹੈ ਫੇਰ ਗਿਣਤੀ ਮਿਣਤੀ ਦੀ ਲੋੜ ਮੁਕ ਜਾਂਦੀ ਹੈ। ਫੇਰ ਸੁਰਤੀ ਸ਼ਬਦ ਨੂੰ ਫੜ ਲੈਂਦੀ ਹੈ ਅਤੇ ਉਸ ਸ਼ਬਦ ਦੇ ਰਸ ਨੂੰ, ਉਸ ਦੀ ਸੱਤਾ ਨੂੰ, ਅਨੁਭਵ ਕਰਦੇ ਅੱਗੇ ਵਧਣਾ ਸ਼ੁਰੂ ਕਰ ਦਿੰਦੇ ਹਨ ਅਤੇ ਅਜਿਹੀ ਅਵਸਥਾ ਆ ਜਾਂਦੀ ਹੈ ਕਿ ਵਾਹਿਗੁਰੂ-ਵਾਹਿਗੁਰੂ ਕਰਦਿਆਂ, ਰਸਨਾ ਹਿਲਣ ਤੋਂ ਹਟ ਜਾਂਦੀ ਹੈ ਕੋਈ ਹਰਕਤ ਨਹੀਂ ਕਰਦੀ ਪਰ ਜੋ ਜਾਪ ਰਸਨਾ ਕਰ ਰਹੀ ਹੈ ਉਹ ਇਸ ਦੇ ਅੰਦਰ ਆਪਣੇ ਆਪ ਹੀ ਹੋ ਰਿਹਾ ਹੈ। ਉਸ ਦੀਆਂ ਚੁੰਬਕਮਈ ਲਹਿਰਾਂ ਹਿਰਦੇ ਵਿਚ ਮਹਿਸੂਸ ਹੁੰਦੀਆਂ ਹਨ ਖਿਚ ਪੈਂਦੀ ਹੈ, ਨੇਤਰਾਂ ਵਿਚ ਜਲ ਆਉਂਦਾ ਹੈ, ਮਿਲਾਪ ਦੀ ਇੱਛਾ ਪ੍ਰਬਲ

ਹੁੰਦੀ ਹੈ।

ਭਗਤੀ ਕੀ ਹੈ? ਇਸ ਨੂੰ ਸਮਝ ਲੈਣਾ ਸਾਧਕ ਲਈ ਬਹੁਤ ਹੀ ਜ਼ਰੂਰੀ ਹੈ।

ਇਕ ਵਾਰੀ ਇਕ ਗੁਰਸਿੱਖ ਗੁਰੂ ਅੰਗਦ ਪਾਤਸ਼ਾਹ ਦੇ ਹਜ਼ੂਰ ਹਾਜ਼ਰ ਹੋਇਆ। ਉਸ ਨੇ ਕਿਹਾ ਕਿ ਸੱਚੇ ਪਾਤਸ਼ਾਹ! ਬਹੁਤ ਕਿਸਮ ਦੇ ਯੋਗ ਅਧਿਆਤਮਕ ਮਾਰਗ ਵਿਚ ਪ੍ਰਚਲਤ ਹਨ ਗੁਰਮਤਿ ਮਾਰਗ ਰਾਹੀਂ ਆਪ ਫੁਰਮਾਨ ਕਰਦੇ ਹੋ ਕਿ ਕਲਜੁਗ ਦੇ ਸਮੇਂ ਵਿਚ ਪ੍ਰਮੇਸ਼ਰ ਦੀ ਪ੍ਰਾਪਤੀ ਲਈ ਭਗਤ ਯੋਗ ਸਭ ਤੋਂ ਸ੍ਰੇਸ਼ਟ ਸਾਧਨ ਹੈ, ਰਾਜ ਯੋਗ ਵਿਚ ਪ੍ਰਾਣਾਯਾਮ ਕਰਨਾ ਸਾਧਨ ਹੈ। ਪ੍ਰਾਣ, ਉਪਾਨ, ਵਾਯੂ ਰਾਹੀਂ ਭੁਜੰਗਾ ਨਾੜੀ ਦਾ ਮੂੰਹ ਖੋਲ੍ਹ ਕੇ ਸੁਖਮਨਾ ਨਾੜੀ ਵਿਚ ਪ੍ਰਾਣ ਪ੍ਰਵੇਸ਼ ਕਰਦੇ ਹਨ, ਕੁੰਡਲਨੀ ਸ਼ਕਤੀ ਜਾਗਦੀ ਹੈ ਅਤੇ ਇਸਦੀ ਮਦਦ ਨਾਲ ਸੁਖਮਨਾ ਨਾੜੀ ਦੇ ਚੱਕਰ ਭੇਦੇ ਜਾਂਦੇ ਹਨ ਜੋ ਅਤਿ ਸੁਖਸ਼ਮ ਹਨ ਜਿਥੇ ਖਾਸ ਰੰਗ ਦੇ ਫੁੱਲ, ਖਾਸ ਵਰਣਾਂ ਦੀ ਧੁਨ ਅਤੇ ਦੇਵਤੇ ਨਜ਼ਰ ਆਉਂਦੇ ਹਨ। ਪਹਿਲਾਂ ਮੂਲਧਾਰ ਚੱਕਰ, ਸਵਾਧਿਸ਼ਠਾਨ ਚੱਕਰ, ਮਣੀਪੂਰਕ ਚੱਕਰ, ਅਨਾਹਤ ਚੱਕਰ, ਵਿਸ਼ੁਧ ਅਤੇ ਆਗਿਆ ਚੱਕਰ ਵਿਚ ਪ੍ਰਾਣ ਤ੍ਰਿਕੁਟੀ ਨੂੰ ਵੇਧ ਕੇ ਸਹੰਸਰਾਰ ਦਲ ਕਮਲ ਮੰਡਲ ਵਿਚੋਂ ਹੁੰਦੇ ਹੋਏ ਦਸਵੇਂ ਦੁਆਰ ਵਿਚ ਪਹੁੰਚਦੇ ਹਨ, ਆਗਿਆ ਚੱਕਰ ਤਕ ਭਿੰਨ-ਭਿੰਨ ਦੇਵਤਿਆਂ ਦੇ ਦਰਸ਼ਨ ਹੁੰਦੇ ਹਨ। ਸੱਚੇ ਪਾਤਸ਼ਾਹ! ਸਾਡੇ ਲਈ ਆਪ ਸਭ ਦੇਵਾਂ ਤੋਂ ਵੱਡੇ ਦੇਵ ਹੋ। ਅਸੀਂ ਤਾਂ ਕੇਵਲ ਆਪ ਦੇ ਹੀ ਦਰਸ਼ਨ ਹਰ ਥਾਂ ਚਾਹੁੰਦੇ ਹਾਂ। ਸੋ ਸਾਡੇ ਲਈ ਇਹ ਦੇਵ ਦਰਸ਼ਨ ਕੋਈ ਮਹੱਤਤਾ ਨਹੀਂ ਰਖਦੇ। ਤੁਸੀਂ ਸਾਨੂੰ ਅਕਾਲ ਪੁਰਖ ਦੇ ਲੜ ਲਾਇਆ ਹੈ, ਜੋ ਜਾਗ੍ਰਤ ਜੋਤ ਹਨ, ਘਟ ਘਟ ਵਿਚ ਵਿਆਪਕ ਹਨ, ਸਾਡਾ ਮਨ ਤਾਂ ਆਪ ਦੇ ਦਰਸ਼ਨ ਨਾਲ ਹੀ ਪਤੀਜਦਾ ਹੈ। ਦੂਸਰੀ ਇਹ ਭੀ ਬੇਨਤੀ ਹੈ, "ਗੁਰੂ ਮਹਾਰਾਜ ਜੀ! ਅਸੀਂ ਗ੍ਰਿਹਿਸਤੀ, ਕਿਰਤ ਕਰਨ ਵਾਲੇ ਬੰਦੇ ਹਾਂ, ਬਹੁਤ ਮਿਹਨਤ ਨਾਲ ਕਮਾ ਕੇ ਪਰਿਵਾਰ ਦਾ ਨਿਰਬਾਹ ਕਰਦੇ ਹਾਂ, ਕੰਮ ਕਰਦੇ ਹੋਏ ਥੱਕ ਜਾਂਦੇ ਹਾਂ, ਪ੍ਰਾਣਾਯਾਮ ਕਰਨ ਲਈ ਬਹੁਤ ਵਾਧੂ ਸਮਾਂ ਚਾਹੀਦਾ ਹੈ ਅਤੇ ਇਹ ਵੀ ਸੁਣਿਆ ਹੈ ਕਿ ਇਸ ਦਾ ਸਾਧਨ ਕਈ ਬਹਿਰੰਗ ਸਾਧਨ ਕਰਕੇ ਫਲੀਭੂਤ ਹੁੰਦਾ ਹੈ ਜਿਵੇਂ ਕਿ ਧੋਤੀ, ਨੇਤੀ, ਬਸਤੀ, ਤ੍ਰਾਟਕ, ਨਿਵਲੀ, ਕਪਾਲਭਾਤੀ ਦੇ ਸਾਧਨ ਕਰਨੇ ਪੈਂਦੇ ਹਨ। ਇਹ ਸਾਧਨ ਗ੍ਰਿਹਿਸਤੀਆਂ ਲਈ ਕਰਨੇ ਅਤਿ ਕਠਨ ਹਨ। ਪ੍ਰਾਣਾਯਾਮ ਦੀ ਕਠਨ ਕ੍ਰਿਆ ਅਤੇ ਬ੍ਰਹਮਚਰੀਆ ਔਖੇ ਸਾਧਨ ਹਨ।

ਕਲਜੁਗ ਵਿਚ ਗਿਆਨ ਨਾਲੋਂ ਵੀ ਸ੍ਰੇਸ਼ਟ ਸਾਧਨ ਭਗਤੀ ਦਾ ਆਪ ਦਸਿਆ ਕਰਦੇ ਹੋ। ਸਿੱਖਾਂ ਨੇ ਨਿੰਮਰਤਾ ਪੂਰਵਕ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਭਗਤੀ ਤੋਂ ਬਿਨਾਂ ਹੋਰ ਸਾਧਨ ਕਲਜੁੱਗ ਵਿਚ ਕਰਨੇ ਜਿਵੇਂ ਅਸੀਂ ਬੇਨਤੀ ਕਰ ਚੁੱਕੇ ਹਾਂ, ਬਹੁਤ ਹੀ ਕਠਨ ਹਨ ਅਤੇ ਆਪ ਫੁਰਮਾਨ ਕਰਦੇ ਹੋ ਕਿ ਕਲਜੁਗ ਵਿਚ ਗਿਆਨ ਨਾਲੋਂ ਵੀ ਸ੍ਰੇਸ਼ਟ ਸਾਧਨ ਭਗਤੀ ਦਾ ਹੈ। ਸੱਚੇ ਪਾਤਸ਼ਾਹ! ਸਾਨੂੰ ਇਹ ਪਤਾ ਨਹੀਂ ਕਿ ਭਗਤੀ ਕਿਵੇਂ ਕੀਤੀ ਜਾਂਦੀ ਹੈ। ਇਹ ਬਚਨ ਸੁਣ ਕੇ ਗੁਰੂ ਮਹਾਰਾਜ ਜੀ ਨੇ ਦਸਿਆ ਜਿਵੇਂ ਕਿ ਫੁਰਮਾਨ ਹੈ -

***ਭਗਤਿ ਨਵੈ ਪਰਕਾਰਾ॥***
***ਪੰਡਿਤੁ ਵੇਦੁ ਪੁਕਾਰਾ॥ਪੰਨਾ - 71***

ਸਾਸ਼ਤਰਾਂ ਅਨੁਸਾਰ ਭਗਤੀ ਨੌਂ ਪ੍ਰਕਾਰ ਦੀ ਗਿਣੀ ਜਾਇਆ ਕਰਦੀ ਹੈ ਜੋ ਕਰਮਵਾਰ ਨਾਮ - ਸਰਵਣ ਭਗਤੀ, ਕੀਰਤਨ ਭਗਤੀ, ਸਿਮਰਨ ਭਗਤੀ, ਅਰਦਾਸ ਭਗਤੀ, ਪਾਦ ਸੇਵਨ, ਅਰਚਣ, ਦਾਸਾ ਭਾਵ, ਸਖਾ ਭਾਵ ਆਤਮ ਨਿਵੇਦਨ ਜਿਸਨੂੰ ਪ੍ਰੇਮਾ ਭਗਤੀ ਵੀ ਆਖਦੇ ਹਨ। ਇਸ ਦੇ ਦੋ ਭੇਦ ਹਨ ਇਕ ਪਰਾ ਹੈ ਅਤੇ ਇਕ ਅਪਰਾ ਹੈ।

ਥੋੜ੍ਹਾ ਵੇਰਵਾ ਇਸ ਤਰ੍ਹਾਂ ਨਾਲ ਹੈ ਕਿ ਪਹਿਲੀ ਨੂੰ ਸ਼ਰਨਾਗਤ ਭਗਤੀ ਆਖਦੇ ਹਨ। ਉਸ ਅਨੁਸਾਰ ਸੰਸਾਰ ਦੇ ਸਾਰੇ ਰਿਸ਼ਤੇ ਨਾਤੇ, ਕੁਟੰਬ ਦੇ ਪਿਆਰ ਛੱਡ ਕੇ ਕੇਵਲ ਪ੍ਰਭੂ ਦੀ ਸ਼ਰਨ ਆਉਣਾ ਪੈਂਦਾ ਹੈ ਜਿਵੇਂ ਕਿ -

***ਲੋਗ ਕੁਟੰਬ ਸਭਹੁ ਤੇ ਤੋਰੈ***
***ਤਉ ਆਪਨ ਬੇਢੀ ਆਵੈ ਹੋ॥***
***ਪੰਨਾ - 657***

ਜਿਹੜੇ ਵਾਹਿਗੁਰੂ ਜੀ ਦੀ ਸ਼ਰਨ ਆ ਜਾਂਦੇ ਹਨ, ਉਹ ਇਸ ਭਵਜਲ ਨੂੰ ਪਾਰ ਕਰ ਲੈਂਦੇ ਹਨ। ਗੁਰੂ ਨੌਵੇਂ ਪਾਤਸ਼ਾਹ ਸਮਰਪਣ ਭਗਤੀ ਬਾਰੇ ਫੁਰਮਾਨ ਕਰਦੇ ਹਨ -

***ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥***
***ਜਿਹ ਸਿਮਰਤ ਗਨਕਾ ਸੀ ਉਧਰੀ***
***ਤਾ ਕੋ ਜਸੁ ਉਰ ਧਾਰੋ॥***
***ਅਟਲ ਭਇਓ ਧ੍ਰੂ ਜਾ ਕੈ ਸਿਮਰਨਿ***
***ਅਰੁ ਨਿਰਭੈ ਪਦੁ ਪਾਇਆ॥***
***ਦੁਖ ਹਰਤਾ ਇਹ ਬਿਧਿ ਕੋ ਸੁਆਮੀ***
***ਤੈ ਕਾਹੇ ਬਿਸਰਾਇਆ॥***
***ਜਬ ਹੀ ਸਰਨਿ ਗਹੀ ਕਿਰਪਾ ਨਿਧਿ***
***ਗਜ ਗਰਾਹ ਤੇ ਛੂਟਾ॥***
***ਮਹਮਾ ਨਾਮ ਕਹਾ ਲਉ ਬਰਨਉ***
***ਰਾਮ ਕਹਤ ਬੰਧਨ ਤਿਹ ਤੂਟਾ॥***
***ਅਜਾਮਲੁ ਪਾਪੀ ਜਗੁ ਜਾਨੇ***
***ਨਿਮਖ ਮਾਹਿ ਨਿਸਤਾਰਾ॥***
***ਨਾਨਕ ਕਹਤ ਚੇਤ ਚਿੰਤਾਮਨਿ***
***ਤੈ ਭੀ ਉਤਰਹਿ ਪਾਰਾ॥***
***ਪੰਨਾ - 632***

ਪ੍ਰਭੂ ਦੀ ਮਾਇਆ ਬਹੁਤ ਬਲਵਾਨ ਹੈ, ਵੱਡੇ-ਵੱਡੇ ਗਿਆਨੀ ਧਿਆਨੀ ਮਾਇਆ ਦੇ ਜਾਲ ਵਿਚ ਫਸ ਜਾਂਦੇ ਹਨ ਅਤੇ ਪਤਿਤ ਹੋ ਜਾਂਦੇ ਹਨ। ਪ੍ਰਭੂ ਦੇ ਪਿਆਰ ਵਿਚ ਸਭ ਤੋਂ ਗਿਰਾਉਣ ਵਾਲੀ ਜੋ ਬਿਰਤੀ ਹੈ ਉਹ

ਅਹੰਭਾਵ ਦੀ ਹੈ। ਸ਼ਰਨਾਗਤ ਭਗਤੀ ਵਿਚ ਅਭਿਮਾਨ ਦੀ ਸਮਾਈ ਨਹੀਂ ਹੈ।

ਭਾਈ ਜੋਗਾ ਸਿੰਘ ਪਿਸ਼ੌਰ ਵਾਲੇ ਗੁਰੂ ਦਸ਼ਮੇਸ਼ ਪਿਤਾ ਜੀ ਦੇ ਬਹੁਤ ਹੀ ਕਰਨੀ ਕਮਾਈ ਵਾਲੇ ਗੁਰਸਿੱਖ ਸਨ ਪਰ ਜਦੋਂ ਉਨ੍ਹਾਂ ਨੇ ਦੋ ਲਾਵਾਂ ਵਿਚੇ ਛੱਡ ਕੇ ਗੁਰੂ ਮਹਾਰਾਜ ਵਲ ਨੂੰ ਪੈਰ ਪੁਟਿਆ ਤਾਂ ਲਾਹੌਰ ਲੰਘ ਕੇ ਉਨ੍ਹਾਂ ਦੇ ਮਨ ਵਿਚ ਇਹ ਗੱਲ ਆਉਣ ਲਗ ਗਈ ਕਿ ਕੋਈ ਸਿੱਖ ਅਜਿਹਾ ਨਹੀਂ ਜੋ ਮੇਰੇ ਵਰਗੀ ਕਰਨੀ ਕਮਾਈ ਵਾਲਾ ਹੋਵੇ ਜਿਸ ਨੇ ਸੁੰਦਰ ਨਾਰੀ ਨੂੰ ਵਿਅਹੁੰਦਿਆਂ-ਵਿਆਹੁੰਦਿਆਂ ਵਿਚੇ ਛੱਡ ਦਿਤਾ ਹੋਵੇ।

***ਹਰਿ ਜੀਉ ਅਹੰਕਾਰੁ ਨ ਭਾਵਈ***
***ਵੇਦ ਕੂਕਿ ਸੁਣਾਵਹਿ॥ ਪੰਨਾ-1089***

ਜਦੋਂ ਉਹ ਹੁਸ਼ਿਆਰਪੁਰ ਪਹੁੰਚਦੇ ਹਨ ਤਾਂ ਸਾਰੇ ਗਿਆਨ ਧਿਆਨ ਭੁੱਲ ਗਏ। ਗੁਰੂ ਮਹਾਰਾਜ ਜੀ ਹਿਰਦੇ ਵਿਚੋਂ ਭੁਲ ਗਏ ਕਿਉਂਕਿ ਜਿਥੇ ਅਭਿਮਾਨ ਹੈ ਉਥੇ ਪ੍ਰਭੂ ਅਲੋਪ ਹੋ ਜਾਂਦਾ ਹੈ। ਪ੍ਰਭੂ ਦਾ ਵਾਸਾ ਅਤਿ ਨਿਰਮਲ ਥਾਂ ਹੁੰਦਾ ਹੈ, ਅਭਿਮਾਨ ਅਤਿ ਮੈਲਾ ਹੋਣ ਕਰਕੇ ਸੁਰਤ ਨੂੰ ਨੀਚੇ ਗਿਰਾ ਦਿੰਦਾ ਹੈ। ਇਸ ਦੂਸ਼ਤ ਵਾਤਾਵਰਨ ਵਿਚ ਹਉਮੈ ਦੇ ਪਰਵਾਰ ਦਾ ਵਾਸਾ ਹੁੰਦਾ ਹੈ, ਸੋ ਇਸ ਤਰ੍ਹਾਂ ਕਹਿ ਦਿੰਦੇ ਹਾਂ ਕਿ ਪ੍ਰਭੂ ਅਲੋਪ ਹੋ ਗਏ। ਉਸ ਅਭਿਮਾਨ ਨੇ ਇਕ ਮਹਾਂ ਦੁਰਗੰਧ ਭਰੀ ਕਰੂਪ ਵੇਸਵਾ ਉਪਰ ਇਸ ਨੂੰ ਮੋਹਿਤ ਕਰ ਦਿਤਾ ਜਿਸਦਾ ਨਾ ਕੋਈ ਚਲਣ ਸੀ, ਜਿਸਦਾ ਕੰਮ ਮਾਇਆ ਪ੍ਰਾਪਤ ਕਰਨ ਲਈ ਸਰੀਰ ਵੇਚਣਾ ਸੀ। ਬੁੱਧੀ ਉਪਰ ਮਾਇਆ ਨੇ ਘੇਰਾ ਪਾ ਲਿਆ ਜਿਸ ਕਾਰਨ ਬਾਰ-ਬਾਰ ਇਹ ਵੇਸਵਾ ਦੇ ਦੁਆਰੇ ਤੇ ਚੱਕਰ ਲਾਉਂਦਾ ਹੈ ਪਰ ਗੁਰੂ ਮਹਾਰਾਜ ਜੀ ਸ਼ਰਨਾਗਤ ਭਗਤੀ ਜਾਣਦਿਆਂ ਹੋਇਆਂ ਸਾਰੀ ਰਾਤ ਉਥੇ ਆਪ ਪਹਿਰਾ ਦਿੰਦੇ ਰਹੇ, ਜਦੋਂ ਇਹ ਕੋਲ ਗਿਆ ਤਾਂ ਗੁਰੂ ਮਹਾਰਾਜ ਜੀ ਨੇ ਇਸ ਨੂੰ ਕਿਹਾ ਕਿ ਦੇਖਣ ਨੂੰ ਤਾਂ ਤੂੰ ਗੁਰੂ ਦਾ ਸਿੱਖ ਲਗਦਾ ਹੈਂ ਪਰ ਤੇਰੀ ਕਰਤੂਤ ਤੋਂ ਐਸ ਤਰ੍ਹਾਂ ਲਗਦਾ ਹੈ ਕਿ ਨਾ ਤੂੰ ਕਦੇ ਨਾਮ ਸਿਮਰਨ ਕਰਿਆ ਹੈ, ਨਾ ਨਾਮ ਜਪਿਆ ਹੈ। ਇਸ ਦੇ ਵਿਪਰੀਤ ਤੂੰ ਗੰਦ ਮੰਦ ਦੇ ਥੈਲੇ ਰੂਪ ਦੁਰਗੰਧ ਭਰੀ ਮਲੀਨ ਵੇਸਵਾ ਦੇ ਉਪਰ ਮੋਹਿਤ ਹੋਇਆ ਹੋਇਆ ਪਤਿਤ ਹੋ ਕੇ ਨਰਕਾਂ ਵਿਚ ਗਿਰਨ ਲਈ ਬਾਰ-ਬਾਰ ਯਤਨ ਕਰ ਰਿਹਾ ਹੈਂ।

ਸ਼ਰਨਾਗਤ ਭਗਤੀ ਵਿਚ ਜਗਿਆਸੂ ਪ੍ਰਭੂ ਵਲ ਨੂੰ ਵਧਦਾ ਹੈ ਅਤੇ ਉਹ ਆਪਣੇ ਲਕਸ਼ ਤੇ ਪਹੁੰਚ ਜਾਇਆ ਕਰਦਾ ਹੈ। ਇਸ ਦੇ ਵਿਪਰੀਤ ਬੁੱਧੀ ਮੰਡਲ ਦਾ ਗਿਆਨੀ ਮਾਇਆ ਦੇ ਹੱਥ ਵਿਚ ਖਿਡੌਣਾ ਬਣ ਜਾਂਦਾ ਹੈ। ਜਿਵੇਂ ਬਿੱਲੀ ਚੂਹੇ ਨੂੰ ਮਾਰਨ ਤੋਂ ਪਹਿਲਾਂ ਉਸ ਨਾਲ ਖੇਲ੍ਹਦੀ ਹੈ, ਇਸੇ ਤਰ੍ਹਾਂ ਬੁੱਧੀ ਮੰਡਲ ਵਾਲਾ ਮਾਇਆ ਦੇ ਵਾਰ ਨੂੰ ਰੋਕ ਨਹੀਂ ਸਕਦਾ ਪਰ ਭਗਤੀ ਕਰਨ ਵਾਲਾ ਮਾਇਆ ਤੋਂ ਰਹਿਤ ਹੋ ਜਾਂਦਾ ਹੈ।

ਇਸ ਸ਼ਰਨਾਗਤ ਭਗਤੀ ਨੂੰ ਪ੍ਰਪੱਤੀ ਭਗਤੀ ਵੀ ਕਹਿ ਦਿੰਦੇ ਹਨ। ਵੇਦਾਂ ਸਾਸ਼ਤਰਾਂ ਦਾ ਮਤ ਹੈ ਕਿ ਪ੍ਰਪੱਤੀ ਭਗਤੀ ਹੀ ਮਾਇਆ ਦੇ ਜਾਲ ਤੋਂ ਬਾਹਰ ਆਉਣ ਦਾ ਰਾਹ ਕੱਢਦੀ ਹੈ। ਗਿਆਨੀ ਇਸ ਮਾਇਆ ਜਾਲ ਵਿਚ ਉਲਝ ਜਾਂਦੇ ਹਨ। ਗਿਆਨੀ ਦੇ ਚਿੱਤ ਵਿਚ ਅਭਿਮਾਨ ਦੀ ਭਾਵਨਾ ਰਹਿੰਦੀ ਹੈ, ਉਹ ਮੁੱਖ ਨਾਲ ਤਾਂ ਅਹੰ ਬ੍ਰਹਮਅਸਵੀ ਆਖਦਾ ਹੈ, ਆਪਣੇ ਆਪ ਨੂੰ ਗਿਆਨੀ ਜਾਣਦਾ ਹੈ ਪਰ ਮੁਖ ਗਿਆਨੀ ਹੋਣ ਕਰਕੇ ਹਉਮੈ ਗਰਭ ਵਿਚ ਲਪੇਟੇ ਅਤੇ ਬ੍ਰਹਮਅਸਮੀ ਕਹਿ ਰਹੇ ਹਨ -

***ਏਕੋ ਏਕੁ ਕਹੈ ਸਭੁ ਕੋਈ***
***ਹਉਮੈ ਗਰਬੁ ਵਿਆਪੈ॥***
***ਅੰਤਰਿ ਬਾਹਰਿ ਏਕੁ ਪਛਾਣੈ***
***ਇਉ ਘਰੁ ਮਹਲੁ ਸਿਞਾਪੈ॥***
***ਪੰਨਾ - 930***

ਸ਼ਰਨਾਗਤ ਭਗਤੀ ਦੇ ਮਾਰਗ ਤੇ ਚਲ ਨਹੀਂ ਸਕਦਾ। ਇਸ ਭਗਤੀ ਰਾਹੀਂ ਸਾਧਕ ਜੋ ਜੋ ਵੀ ਸ਼ੁਭ ਕਰਮ ਕਰਦਾ ਹੈ ਉਹ ਆਪਣੇ ਕੀਤੇ ਹੋਏ ਸਾਰੇ ਕਰਮ ਵਾਹਿਗੁਰੂ ਦੇ ਅਰਪਣ ਕਰ ਦਿੰਦਾ ਹੈ। ਇਸ ਤਰ੍ਹਾਂ ਕਰਮਾਂ ਦੇ ਸ਼ੁਭ ਅਤੇ ਅਸ਼ੁਭ ਫਲ ਦੇ ਬੰਧਨ ਉਸ ਨੂੰ ਜਕੜ ਨਹੀਂ ਸਕਦੇ।

ਗੀਤਾ ਵਿਚ ਫੁਰਮਾਨ ਆਉਂਦਾ ਹੈ ਕਿ ਹੇ ਕੁੰਤੀ ਪੁੱਤਰ! ਤੂੰ ਜੋ ਕੁਝ ਕਰਦਾ ਹੈਂ, ਜਪ ਤਪ, ਦਾਨ ਕਰਦਾ ਹੈਂ ਉਹ ਸਭ ਮੈਨੂੰ ਅਰਪਣ ਕਰ ਦੇ। ਇਸ ਤਰ੍ਹਾਂ ਸਭ ਬੰਧਨਾਂ ਤੋਂ ਆਪਣੇ ਆਪ ਨੂੰ ਮੁਕਤ ਕਰ ਦੇ, ਇਸ ਤਰ੍ਹਾਂ ਸਾਰੇ ਕਰਮਾਂ ਦੇ ਫਲ ਦੇ ਬੰਧਨ ਤੋਂ ਤੂੰ ਮੁਕਤ ਹੋ ਕੇ ਸੰਨਿਆਸਯੋਗ ਦੀ ਭਾਵਨਾ ਨਾਲ ਮੈਨੂੰ ਪ੍ਰਾਪਤ ਕਰੇਂਗਾ। ਜਿਹੜਾ ਭਗਤ ਇਸ ਭਗਤੀ ਦੇ ਮਾਰਗ ਤੇ ਚਲਦਾ ਹੈ ਉਸਦੇ ਚਿੱਤ ਵਿਚ ਕੋਈ ਅਧਿਕਾਰ ਦੀ ਭਾਵਨਾ ਨਹੀਂ ਹੋਇਆ ਕਰਦੀ, ਨਾ ਹੀ ਜ਼ਿੰਮੇਵਾਰੀ ਦੀ ਭਾਵਨਾ ਦਾ ਭਾਵ ਉਸ ਦੇ ਮਨ ਵਿਚ ਰਹਿੰਦਾ ਹੈ ਕਿਉਂਕਿ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਦੀਆਂ ਭਾਵਨਾ ਪ੍ਰਭੂ ਨੂੰ ਸੌਂਪ ਦਿੰਦਾ ਹੈ ਅਤੇ ਅਧਿਕਾਰ ਦੀ ਭਾਵਨਾ ਤੋਂ ਮੁਕਤ ਹੋ ਜਾਂਦਾ ਹੈ। ਸ਼ਰਨਾਗਤ ਭਗਤੀ ਵਾਲੇ ਨੂੰ ਕਰਤੱਵ ਦਾ ਕੋਈ ਬੰਧਨ ਨਹੀਂ ਰਿਹਾ ਕਰਦਾ ਪਰ ਯਾਦ ਰਹੇ ਕਿ ਕੇਵਲ ਅਧਿਆਤਮਵਾਦੀ ਬਿਰਤੀ ਵਾਲਾ ਹੀ ਇਸ ਸਮਰਪਣ ਭਗਤੀ ਨੂੰ ਕਰ ਸਕਦਾ ਹੈ।

**ਸਰਵਣ ਭਗਤੀ** - ਇਹ ਭਗਤੀ ਸਾਧਾਰਣ ਵਿਅਕਤੀ ਵਾਸਤੇ ਦਸੀ ਗਈ ਗਈ ਹੈ ਜਿਹੜੇ ਪ੍ਰੇਮੀ ਗੁਰਬਾਣੀ ਪੜ੍ਹਦੇ ਹਨ, ਅਰਥ ਭਾਵਨਾ ਆਪਣੇ ਹਿਰਦੇ ਵਿਚ ਵਸਾਉਂਦੇ ਹਨ, ਉਨ੍ਹਾਂ ਲਈ ਇਹ ਭਗਤੀ ਹੁੰਦੀ ਹੈ ਪਰ ਜਿਹੜੇ ਵਿਅਕਤੀ ਪੜ੍ਹੇ ਲਿਖੇ ਨਹੀਂ ਹੁੰਦੇ, ਉਹ ਸ਼ਰਧਾ ਨਾਲ ਦੂਜਿਆਂ ਤੋਂ ਸਤਿ ਸਾਸ਼ਤਰ, ਬਾਣੀ ਦੇ ਭਾਵ, ਗੁਰ ਇਤਿਹਾਸ ਬਾਰੇ ਸੁਣਦੇ ਹਨ, ਸੁਣਨ ਨਾਲ ਉਨ੍ਹਾਂ ਦਾ ਮਨ ਈਸ਼ਵਰ ਭਗਤੀ ਵਲ ਲਗਦਾ ਹੈ, ਉਹ ਜੇ ਸ਼ੁਧ ਭਾਵਨਾ ਨਾਲ ਪ੍ਰਭੂ ਦੀ ਭਗਤੀ ਕਰਦੇ ਹਨ ਤਾਂ

ਉਹ ਵੀ ਸੰਸਾਰ ਸਾਗਰ ਤੋਂ ਪਾਰ ਹੋ ਜਾਂਦੇ ਹਨ। ਇਹ ਵੀ ਮਤ ਹੈ ਕਿ ਸਰਵਣ ਭਗਤੀ ਤੇ ਚਲਣ ਵਾਲੇ ਵਿਅਕਤੀ ਜ਼ਰੂਰੀ ਨਹੀਂ ਕਿ ਅਨਪੜ੍ਹ ਹੋਣ। ਜਿਹੜੇ ਪ੍ਰੇਮੀ ਗੁਰਬਾਣੀ ਦੇ ਗੂੜ੍ਹ ਰਹੱਸ ਭਾਵਾਂ ਨੂੰ ਪੜ੍ਹੇ ਹੋਣ ਦੇ ਬਾਵਜੂਦ ਵੀ ਨਹੀਂ ਸਮਝ ਸਕਦੇ ਉਨ੍ਹਾਂ ਲਈ ਇਹ ਸਰਵਣ ਭਗਤੀ ਹੋਰ ਸਹਾਇਤਾ ਕਰਦੀ ਹੈ। ਭਾਗਵਤ ਆਦਿ ਪੁਰਾਣਾਂ ਵਿਚ ਨਵਧਾ ਭਗਤੀ ਵਿਚੋਂ ਪਹਿਲਾ ਸਥਾਨ ਦਿਤਾ ਗਿਆ ਹੈ। ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਪ੍ਰਭੂ ਦੇ ਗੁਣ ਅਤੇ ਕੀਰਤਨ ਸੁਣਨ ਨਾਲ ਉਨ੍ਹਾਂ ਦਾ ਵੀ ਉਧਾਰ ਹੋ ਜਾਇਆ ਕਰਦਾ ਹੈ।

**ਕੀਰਤਨ ਭਗਤੀ** – ਇਸ ਦੀ ਵੀ ਬਹੁਤ ਵੱਡੀ ਮਹੱਤਤਾ ਹੈ ਗੁਰੂ ਮਹਾਰਾਜ ਜੀ ਤਾਂ ਇਸ ਨੂੰ ਕਲਜੁਗ ਦੇ ਸਾਧਨਾਂ ਵਿਚੋਂ ਸਭ ਤੋਂ ਸ੍ਰੇਸ਼ਟ ਸਾਧਨ ਮੰਨਦੇ ਹਨ।

*ਕਲਜੁਗ ਮਹਿ ਕੀਰਤਨੁ ਪਰਧਾਨਾ।।*
*ਗੁਰਮੁਖਿ ਜਪੀਐ ਲਾਇ ਧਿਆਨਾ॥*
*ਆਪਿ ਤਰੈ ਸਗਲੇ ਕੁਲ ਤਾਰੇ ਹਰਿ*
*ਦਰਗਹ ਪਤਿ ਸਿਉ ਜਾਇਦਾ॥*

*ਪੰਨਾ – 1076*

ਇਸ ਦੇ ਦੋ ਭੇਦ ਹੋਇਆ ਕਰਦੇ ਹਨ ਇਕ ਤਾਂ ਇਕੱਠੇ ਹੋ ਕੇ ਕੇਵਲ ਪ੍ਰਭੂ ਦੇ ਨਾਮ ਦਾ ਹੀ ਕੀਰਤਨ ਕਰਨਾ ਅਤੇ ਉਸਦਾ ਨਾਮ ਉਚਾਰਨ ਕਰਦੇ ਰਹਿਣਾ। ਦੂਸਰਾ ਵਾਹਿਗੁਰੂ ਦੇ ਦੈਵੀ ਗੁਣਾਂ ਦਾ ਧਿਆਨ ਰਖਦੇ ਹੋਏ ਹਿਰਦੇ ਦੀ ਪੂਰੀ ਲਗਨ ਅਨੁਸਾਰ ਕੀਰਤਨ ਕਰਨਾ ਅਤੇ ਕੀਰਤਨ ਦਾ ਰੂਪ ਹੀ ਬਣ ਜਾਣਾ। ਅਸਲ ਵਿਚ ਕੀਰਤਨ ਭਗਤੀ ਦਾ ਜੋ ਅਰਥ ਲਾਇਆ ਜਾਂਦਾ ਹੈ ਉਹ ਹੈ ਵਾਹਿਗੁਰੂ ਦੇ ਗੁਣ ਗਾਉਣੇ। ਇਹ ਪਹਿਲੇ ਨਾਲੋਂ ਸ੍ਰੇਸ਼ਟ ਹੈ। ਇਸ ਭਗਤੀ ਨਾਲ ਛੇਤੀ ਹੀ ਅੰਤਸ਼ਕਰਣ ਸ਼ੁਧ ਹੋ ਜਾਂਦਾ ਹੈ। ਵਾਹਿਗੁਰੂ ਜੀ ਦੇ ਨਾਮ ਦਾ ਕੀਰਤਨ, ਨਾਮ ਦੀ ਮਹਿਮਾ ਨਾਲ ਜੁੜਿਆ ਹੋਇਆ ਹੈ, ਕਈ ਮਹਾਂਪੁਰਸ਼ਾਂ ਦਾ ਤਾਂ ਮਤ ਹੈ ਜਿਵੇਂ ਸੰਤ ਤੁਲਸੀ ਦਾਸ ਜੀ ਕਹਿੰਦੇ ਹਨ ਕਿ ਰਾਮ ਤੋਂ ਰਾਮ ਦਾ ਨਾਮ ਵੱਡਾ ਹੈ। ਗੁਰੂ ਮਹਾਰਾਜ ਜੀ ਦਾ ਵੀ ਇਹੀ ਮਤ ਹੈ –

*ਊਚੇ ਊਪਰਿ ਊਚਾ ਨਾਉ॥*

*ਪੰਨਾ – 5*

ਕਿਉਂਕਿ ਪ੍ਰਮੇਸ਼ਰ ਨਾਲ ਥੋੜ੍ਹੇ ਵਿਅਕਤੀ ਹੀ ਮਿਲੇ ਹਨ ਪਰ ਵਾਹਿਗੁਰੂ ਨਾਮ ਜਪ ਕੇ ਜੀਵ ਸੰਸਾਰ ਸਾਗਰ ਤੋਂ ਪਾਰ ਹੋ ਜਾਂਦਾ ਹੈ। ਇਸ ਦੇ ਦੋ ਰੂਪ ਹਨ ਇਕ ਵਿਅਕਤੀਗਤ ਹੈ ਦੂਸਰਾ ਸਮਾਜਿਕ ਹੈ। ਪਰ ਕਲਜੁੱਗ ਵਿਚ ਕੀਰਤਨ ਭਗਤੀ ਕੀਤੀ ਜਾਂਦੀ ਹੈ, ਉਸ ਵਿਚ ਬੜੇ ਪਰਿਵਰਤਨ ਦੀ ਲੋੜ ਹੈ। ਅਸਾਡੇ ਗੁਰਦਵਾਰਿਆਂ ਵਿਚ ਮਾਸਿਕ ਤਨਖਾਹਾਂ ਦੇ ਕੇ ਕੀਰਤਨੀਏ ਰੱਖੇ ਜਾਂਦੇ ਹਨ। ਉਹ ਕੀਰਤਨ ਨੂੰ ਇਕ ਆਰਟ ਦੀ ਤਰ੍ਹਾਂ ਪੇਸ਼ ਕਰਦੇ ਹਨ। ਕੀਰਤਨ ਦੇ ਗਹਿਰੇ ਭਾਵਾਂ ਵਿਚ ਨਹੀਂ ਜਾਂਦੇ। ਸਰੋਤਿਆਂ ਉਤੇ, ਉਸਦਾ, ਜੇ ਲਗਨ ਵਾਲੇ ਹੋਣ ਤਾਂ ਬਹੁਤ ਅਸਰ ਪੈਂਦਾ ਹੈ। ਸੋ ਇਹ ਸਮਾਜਿਕ ਕੀਰਤਨ ਦੀ ਪਰੰਪਰਾ ਹਰ ਥਾਂ ਚਲਦੀ ਹੈ ਜਿਸ ਅਨੁਸਾਰ ਕੁਝ ਸ਼ਰਧਾਲੂ ਲੋਕ ਆਪਣੇ ਧਰਮ ਅਸਥਾਨਾਂ ਵਿਚ ਕੀਰਤਨ ਸੁਣਦੇ ਹਨ, ਕਰਦੇ ਹਨ। ਕੀਰਤਨ ਵਿਚ ਇਕਾਗਰਤਾ ਬਹੁਤ ਹੀ ਛੇਤੀ ਆਉਂਦੀ ਹੈ ਅਤੇ ਕੀਰਤਨ ਦਾ ਰਸ ਮਾਣਦਿਆਂ ਤਮੋ ਗੁਣੀ ਤੇ ਰਜੋ ਗੁਣੀ ਬੁੱਧੀ ਦਾ ਨਾਸ਼ ਹੋ ਜਾਂਦਾ ਹੈ। ਸਤੋ ਗੁਣ ਦਾ ਪ੍ਰਭਾਵ ਛਾ ਜਾਂਦਾ ਹੈ ਉਸ ਵਿਚ ਦੈਵੀ ਗੁਣ ਛਾ ਜਾਂਦੇ ਹਨ। ਭਗਤੀ ਪਰੰਪਰਾ ਵਿਚ ਕੀਰਤਨ ਭਗਤੀ ਦਾ ਵਿਸ਼ੇਸ਼ ਥਾਂ ਹੈ। ਕੀਰਤਨ ਬਾਣੀ ਦਾ ਰੂਪ ਹੋ ਕੇ ਕੀਤਾ ਜਾਂਦਾ ਹੈ। ਇਹ ਕਿਸੇ ਰੂਪ ਵਿਚ ਵੇਚ ਕੇ ਨਹੀਂ ਕੀਤਾ ਜਾਂਦਾ ਕਿਉਂਕਿ ਇਹ ਅਮੁੱਲੀ ਦਾਤ ਹੈ।

ਸਿੱਖ ਜਗਤ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਜਿਹੇ ਮਹਾਨ ਪੁਰਸ਼ ਹੋਏ ਹਨ ਜਿਨ੍ਹਾਂ ਨੂੰ ਕੀਰਤਨ ਕਰਦਿਆਂ ਸੁਧ ਬੁੱਧ ਭੁਲ ਜਾਂਦੀ ਸੀ ਅਤੇ 10-12-15 ਘੰਟੇ ਕੀਰਤਨ ਕਰਕੇ ਸਰੋਤਿਆਂ ਦੀਆਂ ਸੁਰਤਾਂ ਬਹੁਤ ਉਚੀਆਂ ਲੈ ਜਾਂਦੇ ਸਨ। ਜਿਹੜੇ ਕੀਰਤਨੀਏ ਕੀਰਤਨ ਦਾ ਸਮਾਂ ਨਿਯਤ ਕਰਦੇ ਹਨ ਅਤੇ ਇਕ-ਇਕ ਘੰਟੇ ਦਾ 10-15 ਹਜ਼ਾਰ ਲੈਂਦੇ ਹਨ। ਗਾਉਣ ਲਈ ਗਲੇ ਬਹੁਤ ਸੋਹਣੇ ਹੁੰਦੇ ਹਨ, ਵਾਜਿਆਂ ਦੀਆਂ ਟਿਊਨਾਂ ਬਹੁਤ ਸੋਹਣੀਆਂ ਲਗਦੀਆਂ ਹਨ ਪਰ ਉਹ ਆਪ ਖਾਲੀ ਰਹਿ ਜਾਂਦੇ ਹਨ ਕਿਉਂਕਿ ਉਨ੍ਹਾਂ ਨੇ ਆਪਣੀ ਮਹਾਨ ਕਰਨੀ ਕਮਾਈ ਨੂੰ ਕੁਝ ਦਮੜਿਆਂ ਦੇ ਬਦਲੇ ਵੇਚ ਦਿਤਾ। ਉਨ੍ਹਾਂ ਦੇ ਪੱਲੇ ਕੁਝ ਨਹੀਂ ਰਹਿੰਦਾ।

**ਵੰਦਨ ਭਗਤੀ** – ਦੋ ਪ੍ਰਕਾਰ ਦੀ ਹੁੰਦੀ ਹੈ। ਪਹਿਲੇ ਪ੍ਰਕਾਰ ਅਨੁਸਾਰ ਭਗਤ ਈਸ਼ਵਰ ਦੀ ਵੰਦਨਾ ਜਾਂ ਪ੍ਰਾਥਨਾ ਕਰਦਾ ਹੈ ਅਤੇ ਦੂਜੇ ਪ੍ਰਕਾਰ ਦੀ ਵੰਦਨ ਭਗਤੀ ਅਨੁਸਾਰ ਭਗਤ ਈਸ਼ਵਰ ਨੂੰ ਆਪਣੇ ਸਾਮ੍ਹਣੇ ਹਾਜ਼ਰ ਨਾਜ਼ਰ ਸਮਝ ਕੇ ਨਮਸਕਾਰਾਂ ਕਰਦਾ ਹੈ। ਇਨ੍ਹਾਂ ਦੋਨਾਂ ਪ੍ਰਕਾਰਾਂ ਵਿਚ ਨਿਮਰਤਾ ਦੀ ਭਾਵਨਾ ਭਰੀ ਰਹਿੰਦੀ ਹੈ। ਭਗਤ ਵਿਚ ਆਪਣੀ ਹੋਂਦ ਦੀ ਭਾਵਨਾ ਪੂਰੀ ਤਰ੍ਹਾਂ ਅਣਹੋਂਦ ਵਿਚ ਬਦਲੀ ਹੁੰਦੀ ਹੈ। ਆਪਣੇ ਗੁਰੂ ਅਤੇ ਮਹਾਂਪੁਰਸ਼ਾਂ ਨੂੰ ਵੰਦਨਾ ਕਰਨਾ ਇਸ ਭਗਤੀ ਦਾ ਅੰਗ ਹੈ ਇਸ ਨਾਲ ਚਿੱਤ ਸ਼ੁੱਧ ਅਤੇ ਪਵਿੱਤਰ ਹੋ ਜਾਂਦਾ ਹੈ। ਸਾਧਕ ਸਰਲਤਾ ਵਿਚ ਆ ਜਾਂਦਾ ਹੈ। ਵਾਹਿਗੁਰੂ ਉਤੇ ਸੰਤਾਂ ਉਤੇ ਸ਼ਰਧਾ ਵਧ ਜਾਂਦੀ ਹੈ ਅਤੇ ਇਸ ਵਿਚ ਬੜਾ ਖਤਰਨਾਕ ਅੰਗ ਵੀ ਹੈ ਕਿ ਬਹੁਤ ਸਾਰੇ ਪਾਖੰਡੀ ਵਿਅਕਤੀ ਭੋਲੇ ਭਾਲੇ ਭਗਤਾਂ ਦੀ ਇਸ ਭਾਵਨਾ ਨੂੰ ਤੱਕ ਕੇ ਉਨ੍ਹਾਂ ਨੂੰ ਧੋਖਾ ਦੇ ਦਿੰਦੇ ਹਨ।

**ਚਿੰਤਨ ਭਗਤੀ** – ਇਸ ਨੂੰ ਸਿਮਰਨ ਭਗਤੀ ਵੀ ਆਖਿਆ ਜਾਂਦਾ ਹੈ। ਇਸ ਵਿਚ ਪ੍ਰਭੂ ਦੇ ਨਾਮ ਦਾ ਸਿਮਰਨ ਬਾਰ-ਬਾਰ ਰਟਣ ਕਰਨਾ ਪੈਂਦਾ ਹੈ, ਪ੍ਰਭੂ ਦੀ ਯਾਦ ਆਪਣੇ ਹਿਰਦੇ ਵਿਚ ਸ਼ੁਭ ਭਾਵਨਾ ਨਾਲ

ਵਧਾਉਂਦਾ ਹੈ। ਸਿਮਰਨ ਭਗਤੀ ਵਿਚ ਲੱਗਿਆ ਪ੍ਰਾਣੀ ਦੁਨੀਆਂ ਦੇ ਝੰਜਟਾਂ ਵਿਚ ਨਹੀਂ ਫਸਦਾ। ਉਸ ਦਾ ਸਾਰਾ ਵਿਹਾਰ ਵਾਹਿਗੁਰੂ ਜੀ ਉਪਰ ਅਧਾਰਿਤ ਹੁੰਦਾ ਹੈ, ਜਿਸ ਕਰਕੇ ਵਾਹਿਗੁਰੂ ਜੀ ਆਪ ਹੀ ਉਸ ਦੀ ਪਾਲਣਾ ਕਰਦੇ ਹਨ, ਰੋਜ਼ੀ ਰੋਟੀ ਦਾ ਪ੍ਰਬੰਧ ਕਰਦੇ ਹਨ, ਕਦੇ ਵੀ ਉਸ ਦੀ ਹਾਰ ਨਹੀਂ ਹੋਣ ਦਿੰਦੇ ਕਿਉਂਕਿ ਸਿਮਰਨ ਕਰਨ ਵਾਲੇ ਭਗਤ ਕੇਵਲ ਵਾਹਿਗੁਰੂ ਜੀ ਨੂੰ ਹੀ ਆਪਣਾ ਸਹਾਰਾ ਮੰਨਦੇ ਹਨ।

ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ ਕਿ ਹੇ ਅਰਜਨ! ਜਿਹੜੇ ਵਿਅਕਤੀ ਲਗਾਤਾਰ ਮੇਰਾ ਚਿੰਤਨ ਕਰਦੇ ਹੋਏ ਮੇਰੀ ਉਪਾਸ਼ਨਾ ਕਰਦੇ ਹਨ ਉਨ੍ਹਾਂ ਦੇ ਸਾਰੇ ਕੰਮ ਨੇਪਰੇ ਚਾੜ੍ਹਨ ਦਾ ਪ੍ਰਬੰਧ ਮੈਂ ਆਪ ਹੀ ਕਰਦਾ ਹਾਂ। ਉਹ ਪ੍ਰਭੂ ਕਿਤੇ ਆਪਣੇ ਭਗਤਾਂ ਦੇ ਰਹਿਣ ਲਈ ਛਪਰ ਬਣਵਾ ਰਿਹਾ ਹੈ, ਕਿਤੇ ਦੇਹੁਰੇ ਦਾ ਮੂੰਹ ਫੇਰ ਰਿਹਾ ਹੈ, ਪ੍ਰਹਿਲਾਦ ਦੀ ਰਕਸ਼ਾ ਕਰਨ ਵਾਸਤੇ ਅੱਧਾ ਸ਼ੇਰ ਅਤੇ ਅੱਧਾ ਨਰ ਦਾ ਸਰੀਰ ਧਾਰਨ ਕਰਕੇ ਹਰਨਾਖਸ਼ ਨੂੰ ਮਾਰ ਰਿਹਾ ਹੈ, ਕਿਤੇ ਧਰੂ ਦੇ ਪਾਸ ਜਾ ਕੇ ਉਸਨੂੰ ਪਿਆਰ ਕਰਕੇ ਸੰਸਾਰ ਦਾ ਰਾਜ ਕਰਨ ਲਈ ਕਹਿ ਰਿਹਾ ਹੈ, ਕਿਤੇ ਕਬੀਰ ਦਾ ਯੱਗ ਕਰਨ ਲਈ ਸਾਰੀ ਸਮੱਗਰੀ ਲੈ ਕੇ ਯੱਗਸ਼ਾਲਾ ਵਿਚ ਪਹੁੰਚ ਕੇ ਆਪ ਹੀ ਯੱਗ ਸੰਪੂਰਨ ਕਰ ਰਿਹਾ ਹੈ, ਕਿਤੇ ਸੈਣ ਦੀ ਥਾਂ ਰਾਜੇ ਦੀ ਮਾਲਸ਼ ਕਰਕੇ ਰੋਗ ਮਿਟਾ ਰਿਹਾ ਹੈ। ਕਿਤੇ ਭਾਈ ਧਿੰਗ ਦੀ ਥਾਂ ਜਾ ਕੇ ਵਿਆਹ ਸ਼ਾਦੀ ਦੇ ਕੰਮ ਨੇਪਰੇ ਚਾੜ੍ਹ ਰਿਹਾ ਹੈ, ਕਿਤੇ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਦੀ ਥਾਂ ਡਿਊਟੀ ਦੇ ਰਿਹਾ ਹੈ। ਕਿਤੇ ਵੇਣੀ ਭਗਤ ਦੇ ਘਰ ਰਾਸ਼ਨ ਅਤੇ ਬੇਅੰਤ ਨਕਦੀ ਦੇ ਕੇ ਸੁੰਦਰ ਮੰਦਰਾਂ ਦੀ ਰਚਨਾ ਅੱਖ ਦੇ ਪਲਕਾਰ ਵਿਚ ਕਰ ਰਿਹਾ ਹੈ, ਕਿਤੇ ਬਾਬੇ ਫਰੀਦ ਜੀ ਦੀ ਮਾਤਾ ਨੂੰ ਇਕ ਡੰਗ ਦਾ ਰਾਸ਼ਨ ਦੇ ਕੇ ਘਰ ਭਰ ਰਿਹਾ ਹੈ। ਕਿਤੇ ਦਿਆਲਤਾ ਦੇ ਘਰ ਵਿਚ ਆ ਕੇ ਧੰਨੇ ਨੂੰ ਕਹਿ ਰਿਹਾ ਹੈ ਕਿ ਧੰਨਿਆ! ਤੂੰ ਜੋ ਸਿਮਰਨ ਭਗਤੀ ਕਰਦਾ ਹੈਂ ਉਹ ਕਰਦਾ ਰਹਿ ਤੇਰੇ ਖੇਤਾਂ ਨੂੰ ਪਾਣੀ ਵੀ ਮੈਂ ਦੇਵਾਂਗਾ, ਬਲਦ ਵੀ ਮੈਂ ਹੀ ਹੱਕਾਂਗਾ, ਮੈਂ ਹੀ ਨੱਕੇ ਛਡਾਂਗਾ। ਧੰਨੇ ਨੇ ਗੰਨਾ ਪੁੱਟਿਆ ਉਹ ਬਹੁਤ ਹੀ ਮਿੱਠਾ ਲੱਗਿਆ ਉਹ ਗੰਨੇ ਦੀ ਪੋਰੀ ਤੋੜ ਕੇ ਕਹਿ ਰਿਹਾ ਹੈ ਕਿ ਭਗਵਾਨ! ਗੰਨਾ ਬਹੁਤ ਮਿੱਠਾ ਹੈ, ਜੂਠੀ ਪੋਰੀ ਮੈਂ ਤੋੜ ਦਿਤੀ ਹੈ ਹੁਣ ਇਹ ਗੰਨਾ ਤੁਸੀਂ ਚੂਪੋ, ਪ੍ਰੇਮ ਵਸ ਆਏ ਪ੍ਰਭੂ ਗੰਨਾ ਚੂਪ ਰਹੇ ਹਨ। ਕਿਤੇ ਸ਼ਿਵਰੀ ਦੀ ਕੁਟੀਆ ਵਿਚ ਜੂਠੇ ਕੀਤੇ ਬੇਰ ਬੜੇ ਪ੍ਰੇਮ ਨਾਲ ਛਕ ਰਿਹਾ ਹੈ। ਕਿਤੇ ਬਿਦਰ ਦਾ ਅਲੂਣਾ ਸਾਗ ਮਸਤ ਹੋ ਕੇ ਛਕ ਰਿਹਾ ਹੈ, ਕਿਤੇ ਮਾਤਾ ਦੇ ਮਿੱਸੇ ਪ੍ਰਸ਼ਾਦੇ ਗੁਰੂ ਹਰਿਰਾਇ ਜੀ ਦੇ ਰੂਪ ਵਿਚ ਦਰਵਾਜ਼ੇ ਅੱਗੇ ਖੜ੍ਹੇ ਘੋੜੇ ਤੇ ਬੈਠੇ ਹੀ ਛਕ ਰਹੇ ਹਨ। ਕਿਤੇ ਭਾਈ ਰੂਪੇ ਅਤੇ ਭਾਈ ਸਾਧੂ ਦਾ ਠੰਢਾ ਜਲ ਪੀਣ ਲਈ ਅਤਿ ਦੀ ਗਰਮੀ ਵਿਚ 40 ਕੋਹਾਂ ਉਤੇ ਪਾਣੀ-ਪਾਣੀ ਦੀ ਅਵਾਜ਼ ਲਾ ਰਿਹਾ ਹੈ ਅਤੇ ਬੇਹੋਸ਼ ਹੋ ਚੁਕੇ ਭਗਤਾਂ ਦੇ ਮੂੰਹ ਤੇ ਛਿੱਟੇ ਮਾਰ ਕੇ ਉਨ੍ਹਾਂ ਨੂੰ ਹੋਸ਼ ਵਿਚ ਲਿਆ ਰਿਹਾ ਹੈ। ਕੁੰਨੇ ਦਾ ਪਾਣੀ ਪੀ ਕੇ ਖੰਡਾਂ ਬ੍ਰਹਿਮੰਡਾਂ ਦਾ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਦੇ ਰੂਪ ਵਿਚ ਕਹਿ ਰਿਹਾ ਹੈ ਕਿ ਭਾਈ ਰੂਪਾ! ਅਜਿਹਾ ਠੰਢਾ ਜਲ ਅਸੀਂ ਅੱਜ ਤਕ ਨਹੀਂ ਪੀਤਾ ਕਿਉਂਕਿ ਜਦੋਂ ਸਿਮਰਨ ਕਰਨ ਵਾਲਾ ਪ੍ਰਭੂ ਰਸ ਵਿਚ ਲੀਨ ਹੋ ਜਾਂਦਾ ਹੈ ਉਹ ਸਾਰੇ ਕੰਮ ਪ੍ਰਭੂ ਉਪਰ ਛੱਡ ਦਿੰਦਾ ਹੈ, ਪ੍ਰਭੂ ਉਨ੍ਹਾਂ ਦੇ ਸਾਰੇ ਕੰਮ ਅਨੇਕ ਰੂਪ ਧਾਰ ਕੇ ਕਰਦਾ ਹੈ।

*ਅਪੁਨੇ ਸੇਵਕ ਕੀ ਆਪੇ ਰਾਖੈ*
*ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ*
*ਤਤਕਾਲ ਹੋਇ ਆਵੈ॥*
*ਤਿਸੁ ਸੇਵਕ ਕੈ ਹਉ ਬਲਿਹਾਰੀ*
*ਜੋ ਅਪਨੇ ਪ੍ਰਭ ਭਾਵੈ॥*
*ਤਿਸ ਕੀ ਸੋਇ ਸੁਣੀ ਮਨੁ ਹਰਿਆ*
*ਤਿਸੁ ਨਾਨਕ ਪਰਸਣਿ ਆਵੈ॥*

*ਪੰਨਾ - 403*

ਸੋ ਇਸ ਤਰ੍ਹਾਂ ਦੇ ਨਾਲ ਸਿਮਰਨ ਭਗਤੀ ਨੂੰ ਬਹੁਤ ਹੀ ਮਹੱਤਤਾ ਦਿਤੀ ਗਈ ਹੈ। ਅਜਿਹੇ ਭਗਤ ਹਰ ਵਕਤ ਪ੍ਰਭੂ ਦੇ ਪਿਆਰ ਵਿਚ ਰਹਿੰਦੇ ਹਨ, ਆਪਣੇ ਲੌਕਿਕ ਵਿਹਾਰ ਸਿੱਧ ਕਰਨ ਲਈ ਕਿਸੇ ਤਰ੍ਹਾਂ ਦੀ ਚਤੁਰਾਈ ਨਹੀਂ ਕਰਦੇ, ਕੇਵਲ ਈਸ਼ਵਰ ਦੇ ਸਹਾਰੇ ਰਹਿੰਦੇ ਹਨ। ਇਸੇ ਕਰਕੇ ਵਾਹਿਗੁਰੂ ਨੂੰ ਪ੍ਰਤੱਖ ਰੂਪ ਧਾਰ ਕੇ ਉਨ੍ਹਾਂ ਦੇ ਕੰਮ ਕਰਨੇ ਪੈਂਦੇ ਹਨ।

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ॥*

*ਪੰਨਾ - 638*

ਸਿਮਰਨ ਭਗਤੀ ਰਾਹੀਂ ਸਾਧਕ ਦੀ ਸੁਰਤ ਆਪਣੇ ਅੰਦਰ ਹੀ ਚੜ੍ਹਾਈ ਕਰਦੀ ਹੈ ਅਤੇ ਈਸ਼ਵਰ ਨੂੰ ਅੰਦਰੋਂ ਹੀ ਪ੍ਰਾਪਤ ਕਰਕੇ ਪ੍ਰਤੱਖ ਗਿਆਨ ਦਾ ਅਨੁਭਵ ਕਰਦੀ ਹੈ। ਭਗਤ ਨੂੰ ਵਾਹਿਗੁਰੂ ਜੀ ਦੀ ਦਰਗਾਹ ਵਿਚ ਮੁਕਤੀ ਜ਼ਰੂਰ ਹੀ ਮਿਲਦੀ ਹੈ ਜਿਵੇਂ ਕਿ ਫ਼ੁਰਮਾਨ ਹੈ -

*ਅੰਤਰਿ ਗੁਰੁ ਆਰਾਧਣਾ*
*ਜਿਹਵਾ ਜਪਿ ਗੁਰ ਨਾਉ॥*
*ਨੇਤ੍ਰੀ ਸਤਿਗੁਰੁ ਪੇਖਣਾ*
*ਸ੍ਰਵਣੀ ਸੁਨਣਾ ਗੁਰ ਨਾਉ॥*
*ਸਤਿਗੁਰ ਸੇਤੀ ਰਤਿਆ*
*ਦਰਗਹ ਪਾਈਐ ਠਾਉ॥*
*ਕਹੁ ਨਾਨਕ ਕਿਰਪਾ ਕਰੇ*
*ਜਿਸ ਨੋ ਏਹ ਵਥੁ ਦੇਇ॥*
*ਜਗ ਮਹਿ ਉਤਮ ਕਾਢੀਅਹਿ*
*ਵਿਰਲੇ ਕੇਈ ਕੇਇ॥ ਪੰਨਾ - 517*

ਗੁਰੂ ਅੰਗਦ ਪਾਤਸ਼ਾਹ ਜੀ ਨੇ ਨੌਧਾ ਭਗਤੀ

ਬਾਰੇ ਦਸਦਿਆਂ ਫੁਰਮਾਨ ਕੀਤਾ ਕਿ ਗੁਰਸਿਖਾ! ਵਾਹਿਗੁਰੂ ਜੀ ਭਗਤੀ ਤੇ ਛੇਤੀ ਰੀਝਦੇ ਹਨ ਕਿਉਂਕਿ ਭਗਤੀ ਕਰਦਾ-ਕਰਦਾ ਭਗਤ ਪ੍ਰੇਮ ਵਿਚ ਲੀਨ ਹੋ ਜਾਂਦਾ ਹੈ। ਵਾਹਿਗੁਰੂ ਜੀ ਆਪ ਹੀ ਪ੍ਰੇਮ ਰੂਪ ਹੋ ਕੇ ਸੰਸਾਰ ਦੀ ਸੰਭਾਲ ਕਰਦੇ ਹਨ। ਭਗਤੀ ਰਾਹੀਂ ਹੀ ਗਿਆਨ ਦੀ ਸੋਝੀ ਪ੍ਰਾਪਤ ਹੋਇਆ ਕਰਦੀ ਹੈ। ਭਗਤੀ ਬਿਨਾਂ ਗਿਆਨ ਸਖਣਾ ਹੈ ਪਰ ਇਸ ਵਿਚ ਬਹੁਤ ਖਤਰਾ ਹੁੰਦਾ ਹੈ। ਜਗਿਆਸੂ ਮੂੰਹ ਨਾਲ ਤਾਂ ਕਹਿੰਦਾ ਹੈ ਕਿ ਮੈਂ ਬ੍ਰਹਮ ਹਾਂ ਪਰ ਆਪਣੀ 'ਮੈਂ' ਸੁਰਖਸ਼ਤ ਰੱਖ ਕੇ ਕਹਿੰਦਾ ਹੈ ਪਰ ਉਹ ਵਾਚ ਗਿਆਨੀ ਹੁੰਦਾ ਹੈ। ਗੁਰੂ ਮਹਾਰਾਜ ਇਸ ਨੂੰ ਮੁਰਦੇ ਨਾਲ ਤੁਲਨਾ ਦਿੰਦੇ ਹੋਏ ਫੁਰਮਾਨ ਕਰਦੇ ਹਨ –

*ਅਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ॥*

*ਪੰਨਾ – 253*

ਮਹਾਰਾਜ ਜੀ ਕਹਿਣ ਲੱਗੇ ਕਿ ਪਿਆਰਿਆ! ਜੇ ਇਨ੍ਹਾਂ ਵਿਚੋਂ ਇਕ ਭਗਤੀ ਵੀ ਪ੍ਰਾਪਤ ਹੋ ਜਾਵੇ ਤਾਂ ਵੀ ਜੀਵ ਦੀ ਕਲਿਆਣ ਹੋਣ ਵਿਚ ਕੋਈ ਸ਼ੱਕ ਨਹੀਂ ਹੋਇਆ ਕਰਦਾ।

ਭਾਈ ਤਿਲੋਕਾ ਜੀ ਨੇ ਰਾਜਕੁਮਾਰੀ ਨੂੰ ਸਹਿਜ ਨਾਲ ਸਿਮਰਨ ਭਗਤੀ ਵਿਚ ਜੋੜ ਦਿਤਾ। ਉਸ ਦੇ ਅੰਦਰ ਜੋ ਬਿਰਹਾ ਉਤਪੰਨ ਹੋਇਆ ਉਹ ਬਹੁਤ ਭਾਗਸ਼ੀਲ ਸਾਧਕਾਂ ਦੇ ਮਨ ਵਿਚ ਹੋਇਆ ਕਰਦਾ ਹੈ। ਉਹ ਆਪਣੇ ਨਿਤਨੇਮ ਅਨੁਸਾਰ ਜੰਗਲ ਵਿਚ, ਆਪਣੇ ਮੱਠ ਵਿਚ ਜਾਂਦੀ ਹੈ। ਪਹਿਲਾਂ-ਪਹਿਲਾਂ ਉਸ ਨੂੰ ਕੋਈ ਰਸ ਨਹੀਂ ਸੀ ਆਇਆ ਕਰਦਾ ਪਰ ਹੁਣ ਜਦੋਂ ਰਸਨਾ ਦੇ ਨਾਲ ਸਿਮਰਨ ਕਰਦੀ ਹੈ ਤਾਂ ਉਸ ਦੇ ਅੰਦਰ ਰਸ ਪੈਦਾ ਹੋ ਜਾਂਦਾ ਹੈ। ਗੁਰਮੰਤਰ ਸਿਰਫ ਅੱਖਰਾਂ ਦਾ ਹੀ ਜੋੜ ਨਹੀਂ ਹੁੰਦਾ, ਇਸ ਵਿਚ ਅਥਾਹ ਐਨਰਜੀ ਹੋਇਆ ਕਰਦੀ ਹੈ ਅਤੇ ਇਸ ਦੀ ਮਹਿਮਾ ਅਪਰ ਅਪਾਰ ਹੈ। ਨਾਮ ਅਭਿਆਸ, ਕਮਾਈ ਕਰਕੇ ਆਪਣੇ ਆਪ ਚਲਦਾ ਰਹਿੰਦਾ ਹੈ। ਮਨ ਥਿਰ ਹੋ ਜਾਂਦਾ ਹੈ, ਸਾਰੇ ਦੁਖਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ, ਮਹਾਂ ਰੋਗ ਜਿਸ ਨੂੰ ਹਉਮੈ ਰੋਗ ਕਹਿੰਦੇ ਹਨ, ਉਸ ਦਾ ਨਾਸ਼ ਹੋ ਜਾਂਦਾ ਹੈ। ਮਨ ਮਵਾਸੀ ਰਾਜਾ ਆਪਣੀ ਸਾਰੀ ਫੌਜ ਦੇ ਸਮੇਤ ਵਸ ਵਿਚ ਆ ਜਾਂਦਾ ਹੈ। ਅੰਮ੍ਰਿਤ ਰਸ ਦਾ ਸੰਚਾਰ ਹਿਰਦੇ ਵਿਚ ਹੋਣਾ ਸ਼ੁਰੂ ਹੋ ਜਾਂਦਾ ਹੈ, ਤ੍ਰਿਸ਼ਨਾ ਦੀ ਅੱਗ ਖਤਮ ਹੋ ਜਾਂਦੀ ਹੈ। ਦਰਗਾਹ ਵਿਚ ਨਿਵਾਸ ਮਿਲ ਜਾਂਦਾ ਹੈ, ਕੋਟ ਅਪਰਾਧ ਮਾਫ ਹੋ ਜਾਂਦੇ ਹਨ, ਮਨ ਸੀਤਲ ਹੋ ਜਾਂਦਾ ਹੈ, ਜੋਤ ਦਾ ਪ੍ਰਕਾਸ਼ ਹੋ ਜਾਂਦਾ ਹੈ, ਵਾਹਿਗੁਰੂ ਜੀ ਪ੍ਰਤੱਖ ਹੋ ਜਾਂਦੇ ਹਨ, ਤ੍ਰਿਸ਼ਨਾ ਦੀ ਅਗਨ ਉਸ ਨੂੰ ਨਹੀਂ ਪੋਹਦੀ, ਕਾਲ ਦਾ ਡਰ ਨਹੀਂ ਰਹਿੰਦਾ, ਸਾਰੇ ਧੰਨ-ਧੰਨ ਕਹਿੰਦੇ ਹਨ, ਸਮੱਸਿਆਵਾਂ ਦੂਰ ਹੋ ਜਾਂਦੀਆਂ ਹਨ, ਅੰਦਰ ਅਨਹਦ ਧੁਨ ਦਾ ਅਨੰਦ ਮਾਣਦਾ ਹੈ, ਕਮਲ ਸਿੱਧਾ ਹੋ ਜਾਂਦਾ ਹੈ, ਗੁਰੂ ਦੀ ਸ਼ੁਭ ਦ੍ਰਿਸ਼ਟੀ ਹੋ ਜਾਂਦੀ ਹੈ, ਅਖੰਡ ਕੀਰਤਨ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰੂ ਮਹਾਰਾਜ ਜੀ ਨੇ ਬਹੁਤ ਵਿਸਥਾਰ ਨਾਲ ਫੁਰਮਾਨ ਕੀਤਾ ਹੈ –

*ਜਾਸੁ ਜਪਤ ਭਉ ਅਪਦਾ ਜਾਇ॥*
*ਧਾਵਤ ਮਨੂਆ ਆਵੈ ਠਾਇ॥*
*ਜਾਸੁ ਜਪਤ ਫਿਰਿ ਦੂਖੁ ਨ ਲਾਗੈ॥*
*ਜਾਸੁ ਜਪਤ ਇਹ ਹਉਮੈ ਭਾਗੈ॥*
*ਜਾਸੁ ਜਪਤ ਵਸਿ ਆਵਹਿ ਪੰਚਾ॥*
*ਜਾਸੁ ਜਪਤ ਰਿਦੈ ਅੰਮ੍ਰਿਤੁ ਸੰਚਾ॥*
*ਜਾਸੁ ਜਪਤ ਇਹ ਤ੍ਰਿਸਨਾ ਬੁਝੈ॥*
*ਜਾਸੁ ਜਪਤ ਹਰਿ ਦਰਗਹ ਸਿਝੈ॥*
*ਜਾਸੁ ਜਪਤ ਕੋਟਿ ਮਿਟਹਿ ਅਪਰਾਧ॥*
*ਜਾਸੁ ਜਪਤ ਹਰਿ ਹੋਵਹਿ ਸਾਧ॥*
*ਜਾਸੁ ਜਪਤ ਮਨੁ ਸੀਤਲੁ ਹੋਵੈ॥*
*ਜਾਸੁ ਜਪਤ ਮਲੁ ਸਗਲੀ ਖੋਵੈ॥*
*ਜਾਸੁ ਜਪਤ ਰਤਨੁ ਹਰਿ ਮਿਲੈ॥*
*ਬਹੁਰਿ ਨ ਛੋਡੈ ਹਰਿ ਸੰਗਿ ਹਿਲੈ॥*
*ਜਾਸੁ ਜਪਤ ਕਈ ਬੈਕੁੰਠ ਵਾਸੁ॥*
*ਜਾਸੁ ਜਪਤ ਸੁਖ ਸਹਿਜ ਨਿਵਾਸੁ॥*
*ਜਾਸੁ ਜਪਤ ਇਹ ਅਗਨਿ ਨ ਪੋਹਤ॥*
*ਜਾਸੁ ਜਪਤ ਇਹੁ ਕਾਲੁ ਨ ਜੋਹਤ॥*
*ਜਾਸੁ ਜਪਤ ਤੇਰਾ ਨਿਰਮਲ ਮਾਥਾ॥*
*ਜਾਸੁ ਜਪਤ ਸਗਲਾ ਦੁਖੁ ਲਾਥਾ॥*
*ਜਾਸੁ ਜਪਤ ਮੁਸਕਲੁ ਕਛੂ ਨ ਬਨੈ॥*
*ਜਾਸੁ ਜਪਤ ਸੁਣਿ ਅਨਹਤ ਧੁਨੈ॥*
*ਜਾਸੁ ਜਪਤ ਇਹ ਨਿਰਮਲ ਸੋਇ॥*
*ਜਾਸੁ ਜਪਤ ਕਮਲੁ ਸੀਧਾ ਹੋਇ॥*
*ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ॥*
*ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ॥*
*ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ॥*
*ਕਹੁ ਨਾਨਕ ਜਿਸੁ ਸਤਿਗੁਰੁ ਪੂਰਾ॥*

*ਪੰਨਾ – 236*

ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਪ੍ਰਭੂ ਦਾ ਨਾਮ ਬਾਰ-ਬਾਰ ਜਪਿਆ ਜਾਵੇ ਜਿਵੇਂ ਕਿ –

*ਬਾਰੰ ਬਾਰ ਬਾਰ ਪ੍ਰਭੁ ਜਪੀਐ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥*

*ਪੰਨਾ – 286*

ਇਸ ਦੇ ਵਿਪਰੀਤ ਜਿਸ ਦੇ ਮੁਖ ਤੋਂ ਨਾਮ ਦਾ ਉਚਾਰਨ ਨਹੀਂ ਹੁੰਦਾ, ਉਸ ਦੇ ਬਾਰੇ ਫੁਰਮਾਨ ਹੈ ਕਿ ਉਹ ਮੁੱਖ ਡਰਾਉਣੇ ਹਨ ਜੋ ਸਦਾ ਨਾਮ ਨੂੰ ਭੁੱਲੇ ਰਹਿੰਦੇ ਹਨ, ਉਨ੍ਹਾਂ ਨੂੰ ਇਥੇ ਵੀ ਦੁਖ ਮਿਲਦੇ ਹਨ, ਦਰਗਾਹ ਵਿਚ ਪੈਰ ਰੱਖਣ ਨੂੰ ਥਾਉਂ ਨਹੀਂ ਮਿਲਦਾ, ਫੇਰ ਜਿੰਦ ਰੋਂਦੀ ਹੈ, ਕੁਰਲਾਉਂਦੀ ਹੈ ਫੇਰ ਉਸ ਦੀ ਕੋਈ ਗੱਲ ਨਹੀਂ ਸੁਣਦਾ।

ਫਰੀਦਾ ਤਿਨਾ ਮੁਖ ਡਰਾਵਣੇ
ਜਿਨਾ ਵਿਸਾਰਿਓਨੁ ਨਾਉ।।
ਐਥੈ ਦੁਖ ਘਣੇਰਿਆ ਅਗੈ
ਠਉਰ ਨ ਠਾਉ॥ ਪੰਨਾ - 1383

ਆਪੀਨੈ ਭੋਗ ਭੋਗਿ ਕੈ
ਹੋਇ ਭਸਮੜਿ ਭਉਰੁ ਸਿਧਾਇਆ।।
ਵਡਾ ਹੋਆ ਦੁਨੀਦਾਰੁ
ਗਲਿ ਸੰਗਲ ਘਤਿ ਚਲਾਇਆ॥
ਅਗੈ ਕਰਣੀ ਕੀਰਤਿ ਵਾਚੀਐ
ਬਹਿ ਲੇਖਾ ਕਰਿ ਸਮਝਾਇਆ॥
ਥਾਉ ਨ ਹੋਵੀ ਪਉਦੀਈ
ਹੁਣਿ ਸੁਣੀਐ ਕਿਆ ਰੂਆਇਆ॥
ਮਨਿ ਅੰਧੈ ਜਨਮੁ ਗਵਾਇਆ॥
ਪੰਨਾ - 464

ਐਸਾ ਵੀ ਫੁਰਮਾਨ ਹੈ ਕਿ ਜੋ ਰਸਨਾ ਨਾਮ ਨਹੀਂ ਜਪਦੀ ਉਸ ਨੂੰ ਕੱਟ ਦੇਣਾ ਚਾਹੀਦਾ ਹੈ -

ਰੇ ਜਿਹਬਾ ਕਰਉ ਸਤ ਖੰਡ॥
ਜਾਮਿ ਨ ਉਚਰਸਿ ਸ੍ਰੀ ਗੋਬਿੰਦ॥
ਪੰਨਾ - 1163

ਨੈਣ ਨ ਦੇਖਹਿ ਸਾਧ
ਸਿ ਨੈਣ ਬਿਹਾਲਿਆ॥
ਕਰਨ ਨ ਸੁਨਹੀ ਨਾਦੁ
ਕਰਨ ਮੁੰਦਿ ਘਾਲਿਆ॥
ਰਸਨਾ ਜਪੈ ਨ ਨਾਮੁ
ਤਿਲੁ ਤਿਲੁ ਕਰਿ ਕਟੀਐ॥
ਹਰਿਹਾਂ ਜਬ ਬਿਸਰੈ ਗੋਬਿਦ ਰਾਇ
ਦਿਨੋ ਦਿਨੁ ਘਟੀਐ॥ ਪੰਨਾ - 1363

ਵਿਸਰਨ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

ਇਕੁ ਤਿਲੁ ਪਿਆਰਾ ਵੀਸਰੈ
ਰੋਗੁ ਵਡਾ ਮਨ ਮਾਹਿ॥
ਕਿਉ ਦਰਗਹ ਪਤਿ ਪਾਈਐ
ਜਾ ਹਰਿ ਨ ਵਸੈ ਮਨ ਮਾਹਿ॥
ਗੁਰਿ ਮਿਲਿਐ ਸੁਖੁ ਪਾਈਐ
ਅਗਨਿ ਮਰੈ ਗੁਣ ਮਾਹਿ॥
ਮਨ ਰੇ ਅਹਿਨਿਸਿ ਹਰਿ ਗੁਣ ਸਾਰਿ॥
ਜਿਨ ਖਿਨੁ ਪਲੁ ਨਾਮੁ ਨ ਵੀਸਰੈ
ਤੇ ਜਨ ਵਿਰਲੇ ਸੰਸਾਰਿ॥
ਪੰਨਾ - 21

ਨਾਮ ਜਪਣ ਲਈ ਕੋਈ ਵੇਲਾ ਵਕਤ ਨਹੀਂ ਹੁੰਦਾ ਅਤੇ ਦਿਨ ਰਾਤ ਇਕ ਕਰਕੇ ਜਪਿਆ ਜਾਂਦਾ ਹੈ ਕਿਉਂਕਿ ਇਕ ਤਿਲ ਵਿਸਰਨ ਨਾਲ ਹੀ ਸਾਰੇ ਵਿਘਨ ਆ ਜਾਂਦੇ ਹਨ ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਉਹ ਭਗਤੀ ਕੀ ਹੋਈ, ਜਿਸ ਵਿਚ ਪ੍ਰਮੇਸ਼ਰ ਵਿਸਰ ਜਾਵੇ। ਫੁਰਮਾਨ ਹੈ -

ਜੇ ਵੇਲਾ ਵਖਤੁ ਵੀਚਾਰੀਐ
ਤਾ ਕਿਤੁ ਵੇਲਾ ਭਗਤਿ ਹੋਇ॥
ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ॥
ਇਕੁ ਤਿਲੁ ਪਿਆਰਾ ਵਿਸਰੈ
ਭਗਤਿ ਕਿਨੇਹੀ ਹੋਇ॥
ਮਨੁ ਤਨੁ ਸੀਤਲੁ ਸਾਚ ਸਿਉ
ਸਾਸੁ ਨ ਬਿਰਥਾ ਕੋਇ॥ ਪੰਨਾ- 35

ਅਤੇ ਨਾਲ ਹੀ ਕਿਹਾ ਹੈ ਪਿਆਰਿਓ! ਸਮਾਂ ਬਹੁਤ ਹੀ ਸੀਮਤ ਹੈ, ਇਹ ਕੋਈ ਪਤਾ ਨਹੀਂ ਕਿਸ ਵੇਲੇ ਕਾਲ ਦਾ ਗੁਲੇਲਾ ਲਗ ਜਾਵੇ। ਫੇਰ ਜੀਵ ਸੰਸਾਰ ਤੋਂ ਪਛਤਾਉਂਦਾ ਜਾਂਦਾ ਹੈ। ਇਸ ਕਰਕੇ -

ਹਰਿ ਸੇਵਹੁ ਖਿਨੁ ਖਿਨੁ
ਢਿਲ ਮੂਲਿ ਨ ਕਰਿਹੁ
ਜਿਤੁ ਅਸਥਿਰੁ ਜੁਗੁ ਜੁਗੁ ਹੋਵਹੁ॥
ਹਰਿ ਸੇਤੀ ਸਦ ਮਾਣਹੁ ਰਲੀਆ
ਜਨਮ ਮਰਣ ਦੁਖ ਖੋਵਹੁ॥
ਪੰਨਾ - 77

ਸਦਾ ਸਦਾ ਸਿਮਰਿ ਦਿਨੁ ਰਾਤਿ॥
ਊਠਤ ਬੈਠਤ ਸਾਸਿ ਗਿਰਾਸਿ॥
ਪੰਨਾ - 971

ਜਗਿਆਸੂ ਲਈ ਤਾਕੀਦ ਹੈ ਕਿ ਵਕਤ ਸੰਭਾਲੇ -

ਇਕੁ ਦਮੁ ਸਾਚਾ ਵੀਸਰੈ
ਸਾ ਵੇਲਾ ਬਿਰਥਾ ਜਾਇ॥
ਸਾਹਿ ਸਾਹਿ ਸਦਾ ਸਮਾਲੀਐ
ਆਪੇ ਬਖਸੇ ਕਰੇ ਰਜਾਇ॥
ਪੰਨਾ - 506

ਬੰਦਗੀ ਕਰਨ ਵਾਲਾ ਨਾਮ ਤੋਂ ਬਗੈਰ ਕੁਝ ਨਹੀਂ ਮੰਗਦਾ। ਜੇ ਸਾਰੇ ਸੰਸਾਰ ਨੂੰ ਸੋਨਾ ਵੀ ਬਣਾ ਦਿਤਾ ਜਾਵੇ ਤਾਂ ਉਹ ਅੱਖ ਭਰ ਕੇ ਵੀ ਨਹੀਂ ਦੇਖਦਾ ਕਿਉਂਕਿ ਨਾਮ ਅਮੋਲਾ ਹੈ -

ਸਾਈ ਨਾਮੁ ਅਮੋਲੁ
ਕੀਮ ਨ ਕੋਈ ਜਾਣਦੋ॥
ਜਿਨਾ ਭਾਗ ਮਥਾਹਿ
ਸੇ ਨਾਨਕ ਹਰਿ ਰੰਗੁ ਮਾਣਦੋ॥
ਪੰਨਾ - 81

ਜਿਨ ਸਰਧਾ ਰਾਮ ਨਾਮਿ ਲਗੀ ਤਿਨ
ਦੂਜੈ ਚਿਤੁ ਨ ਲਾਇਆ ਰਾਮ॥
ਜੇ ਧਰਤੀ ਸਭ ਕੰਚਨੁ ਕਰਿ ਦੀਜੈ
ਬਿਨੁ ਨਾਵੈ ਅਵਰੁ ਨ ਭਾਇਆ ਰਾਮੁ॥
ਪੰਨਾ - 444

ਜ਼ੁਬਾਨ ਦੇ ਨਾਲ ਨਾਮ ਜਪਣਾ, ਸ੍ਵਾਸ ਨਾਲ ਨਾਮ ਜਪਣਾ ਉਸ ਦਾ ਬਾਰ-ਬਾਰ ਬਾਣੀ ਵਿਚ ਜ਼ਿਕਰ ਆਉਂਦਾ ਹੈ।

ਊਠਤ ਬੈਠਤ ਸੋਵਤ ਧਿਆਈਐ॥
ਮਾਰਗਿ ਚਲਤ ਹਰੇ ਹਰਿ ਗਾਈਐ॥
ਪੰਨਾ - 386

*ਸਾਸ ਸਾਸ ਸਾਸ ਹੈ ਜੇਤੇ*
*ਮੈ ਗੁਰਮਤਿ ਨਾਮੁ ਸਮਾਰੇ॥*
*ਸਾਸੁ ਸਾਸੁ ਜਾਇ ਨਾਮੈ ਬਿਨੁ*
*ਸੋ ਬਿਰਥਾ ਸਾਸੁ ਬਿਕਾਰੇ॥*

*ਪੰਨਾ - 981*

ਸਭ ਤੋਂ ਸੁਖੈਨ ਰਸਤਾ ਸੁਰਤਿ ਸਬਦਿ ਮਾਰਗ ਦਾ ਹੈ ਇਸ ਮਾਰਗ ਤੇ ਚਲਣ ਲਈ ਅੰਤਰੀਵ ਅਤੇ ਬਾਹਰੀ ਰਹਿਤਾਂ ਰਖਣੀਆਂ ਪੈਂਦੀਆਂ ਹਨ, ਜੀਵਨ ਨੂੰ ਪੂਰਨ ਸੰਜਮ ਵਿਚ ਲਿਆਉਣਾ ਪੈਂਦਾ ਹੈ। ਇਛਿਆਵਾਂ, ਵਾਸ਼ਨਾਵਾਂ, ਸੰਸਾਰਕ ਲਗਾਓ ਛੱਡ ਕੇ ਪੂਰੇ ਤਾਣ ਨਾਲ ਇਸ ਰਸਤੇ ਤੇ ਚਲਣਾ ਪੈਂਦਾ ਹੈ। ਹੌਲੀ-ਹੌਲੀ ਸ਼ਬਦ ਸੁਰਤ ਨਾਲ ਮਿਲ ਜਾਂਦਾ ਹੈ। ਸ਼ਬਦ ਕਿਉਂਕਿ ਪ੍ਰਭੂ ਦੁਆਰ ਤੋਂ ਆਉਂਦਾ ਹੈ ਅਤੇ ਸੁਰਤ ਨੂੰ ਖਿੱਚ ਕੇ ਲੈ ਜਾਂਦਾ ਹੈ ਅਤੇ ਪ੍ਰਤੱਖ ਰੂਪ ਵਿਚ ਦਿਖਾ ਦਿੰਦਾ ਹੈ ਕਿ ਤੂੰ ਪੰਜ ਤੱਤ ਦਾ ਸਰੀਰ ਨਹੀਂ ਹੈਂ, ਨਾ ਹੀ ਪੰਜਾਂ ਤੱਤਾਂ ਵਿਚੋਂ ਤੂੰ ਹਵਾ, ਅੱਗ, ਪਾਣੀ, ਮਿੱਟੀ ਅਤੇ ਅਕਾਸ਼ ਹੈਂ, ਨਾ ਹੀ ਸਰੀਰ ਦੀ ਕੋਈ ਕਰਮ ਇੰਦਰੀ ਹੈਂ ਅਤੇ ਨਾ ਹੀ ਕੋਈ ਗਿਆਨ ਇੰਦਰੀ - ਅੱਖ, ਨੱਕ, ਕੰਨ, ਮੂੰਹ ਰਸਨਾ ਆਦਿ ਹੈਂ, ਨਾ ਹੀ ਤੂੰ ਮਾਸ ਦਾ ਲੋਥੜਾ ਹੈਂ, ਨਾ ਹੀ ਦਿਲ ਹੈਂ, ਤੂੰ ਚੇਤਨ ਸ਼ਕਤੀ ਹੈਂ, ਪੰਜਾਂ ਪ੍ਰਾਣਾਂ ਵਿਚੋਂ ਪ੍ਰਾਣ, ਅਪਾਨ, ਸਮਾਨ, ਵਿਆਨ, ਓਦਾਨ, ਵਿਚੋਂ ਕੋਈ ਵੀ ਪ੍ਰਾਣ ਨਹੀਂ ਹੈਂ। ਇਹ ਤੇਰੀ ਸੱਤਾ ਪ੍ਰਾਪਤ ਕਰਕੇ ਸਰੀਰ ਨੂੰ ਚਲਾਉਂਦੇ ਹਨ। ਤੇਰਾ ਸਰੀਰ ਤੇਰੇ ਤੋਂ ਸੱਤਾ ਪ੍ਰਾਪਤ ਕਰਕੇ ਸੰਸਾਰ ਨੂੰ ਚਲਾ ਰਿਹਾ ਹੈ, ਨਾ ਹੀ ਤੂੰ ਮਨ ਹੈਂ, ਸਾਰੇ ਫੁਰਨੇ ਤੇਰੀ ਸੱਤਾ ਕਰਕੇ ਹੁੰਦੇ ਹਨ, ਨਾ ਹੀ ਤੂੰ ਬੁੱਧੀ ਹੈਂ ਤੈਥੋਂ ਬੁੱਧੀ ਚੇਤਨ ਸੱਤਾ ਕਰਕੇ ਨਿਰਣਾ ਕਰਦੀ ਹੈ। ਤੂੰ ਚੇਤਨ ਸਤਾ ਹੈ ਅਤੇ ਜੋ ਤੂੰ ਇਹ ਕਹਿੰਦਾ ਹੈਂ ਕਿ ਮੈਂ ਹਾਂ, ਇਨ੍ਹਾਂ ਸਭ ਕੁਝ ਤੋਂ ਉਤੇ ਹਾਂ ਉਹ ਵੀ ਤੂੰ ਨਹੀਂ ਹੈਂ ਕਿਉਂਕਿ ਸਤਾ ਪ੍ਰਾਪਤ ਕਰਕੇ ਤੇਰੀ ਹੋਸ਼ ਆਪਣੇ ਆਪ ਨੂੰ ਵਖਰਾ ਮੰਨ ਰਹੀ ਹੈ ਅਤੇ ਤੂੰ ਆਤਮ ਪਦ ਤੋਂ ਉਤਰ ਕੇ ਜੀਵ ਬਣ ਗਿਆ ਹੈਂ। ਆਤਮਾ ਨੂੰ ਵਖਰਾ ਕਰਕੇ ਇਹ ਸਿਮਰਨ ਦਾ ਬਲ, ਸਬਦ ਸੁਰਤ ਦਾ ਪ੍ਰਕਾਸ਼ ਇਸ ਦਾ ਜੀਵ ਭਾਵ ਹੀ ਖਤਮ ਕਰ ਦਿੰਦਾ ਹੈ। ਫੇਰ ਇਸ ਦੇ ਅੰਦਰ 'ਮੈਂ' ਹੀ (ਪ੍ਰਮੇਸ਼ਰ) ਹਾਂ, ਇਹ ਗੁਹਝ ਭੇਦ ਨਾ ਹੀ ਗੱਲਾਂ ਨਾਲ ਸਮਝ ਆਉਂਦਾ ਹੈ, ਨਾ ਹੀ ਹੋਰ ਸਾਧਨ ਕਰਕੇ ਆਉਂਦਾ ਹੈ ਇਹ ਤਾਂ ਜਦੋਂ ਸਮਰਥ ਗੁਰੂ ਨਾਮ ਦੀ ਚਾਬੀ ਲਾਉਂਦਾ ਹੈ, ਉਸ ਵੇਲੇ ਅੰਦਰਲੇ ਗਿਆਨ ਰਾਹੀਂ, ਨਾਮ ਰਾਹੀਂ ਪ੍ਰਤੱਖ ਰੂਪ ਵਿਚ ਪ੍ਰਗਟ ਹੋ ਜਾਂਦਾ ਹੈ। ਫੇਰ ਪਤਾ ਲਗਦਾ ਹੈ ਕਿ ਮੈਂ ਆਪ ਹੀ (ਪ੍ਰਭੂ) ਸਾਰੇ ਰੂਪਾਂ ਰੰਗਾਂ ਵਿਚ ਖੇਲ੍ਹ ਰਿਹਾ ਹਾਂ ਜਿਵੇਂ ਕਿ -

*ਏਕ ਮੂਰਤ ਅਨੇਕ ਦਰਸਨ*
*ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ*
*ਅੰਤ ਕੋ ਫਿਰ ਏਕ॥*

ਇਹ ਵਿਸਥਾਰਪੂਰਵਕ ਵਿਚਾਰ ਅਧਿਆਤਮ ਮਾਰਗ ਨੂੰ ਚੰਗੀ ਤਰ੍ਹਾਂ ਸਮਝਣ ਲਈ ਕੀਤੀ ਗਈ ਹੈ। ਅਸੀਂ ਇਸ ਦੇ ਸਾਧਨ ਪੱਖ ਉਪਰ ਵਿਚਾਰ ਕਰ ਰਹੇ ਹਾਂ ਜਿਸ ਨੂੰ ਅਸੀਂ ਇਕ ਰਾਜਕੁਮਾਰੀ ਦੀ ਸ਼ਰਧਾ ਭਰੀ ਭਗਤੀ, ਸਿਮਰਨ ਭਗਤੀ ਰਾਹੀਂ ਰੂਪਮਾਨ ਕਰਨਾ ਚਾਹੁੰਦੇ ਹਾਂ।

ਰਾਜਕੁਮਾਰੀ ਨੂੰ ਅਜਿਹੀ ਦ੍ਰਿੜ੍ਹ ਲਗਣ ਲੱਗੀ ਕਿ ਬੈਰਾਗ ਦੇ ਪ੍ਰਬਲ ਵੇਗ ਰਾਹੀਂ ਸੰਸਾਰ ਦੇ ਰੁਝੇਵਿਆਂ ਵਿਚੋਂ ਇਕ ਦਮ ਨਿਕਲ ਗਈ ਜਿਵੇਂ ਕਿ ਕਿਸੇ ਨੇ ਕੈਂਚੀ ਨਾਲ ਸੂਤ ਦੇ ਸਾਰੇ ਜਾਲ ਨੂੰ ਕੱਟ ਦਿਤਾ ਹੋਵੇ।

ਰਾਜਕੁਮਾਰੀ ਦੇ ਅੰਦਰ ਜਿਉਂ-ਜਿਉਂ ਗੁਰਮੰਤਰ ਦਾ ਜਾਪ ਵਧਦਾ ਜਾ ਰਿਹਾ ਹੈ ਤਿਉਂ-ਤਿਉਂ ਉਸ ਦੇ ਅੰਤਸ਼ਕਰਣ ਵਿਚੋਂ ਮੈਲਾਂ ਖਤਮ ਹੋ ਰਹੀਆਂ ਹਨ ਅਤੇ ਪ੍ਰਭੂ ਦਾ ਪਿਆਰ ਉਸਦੇ ਹਿਰਦੇ ਵਿਚ ਆਪ ਮੁਹਾਰੇ ਝਰਨਾਟਾਂ ਦਿੰਦਾ ਹੈ। ਹੁਣ ਉਸ ਦੇ ਅੰਦਰਲੀ ਖਿੱਚ ਜੋ ਪਹਿਲਾਂ ਸੰਸਾਰ ਨਾਲ ਪਾਈ ਹੋਈ ਸੀ ਮਾਂ ਬਾਪ ਨਾਲ ਅਤਿ ਦਾ ਪਿਆਰ ਸੀ, ਉਹ ਰੂਪ ਬਦਲ ਰਿਹਾ ਹੈ। ਇਨ੍ਹਾਂ ਪਿਆਰਿਆਂ ਦੀਆਂ ਪੀਡੀਆਂ ਗੰਢਾਂ ਢਿੱਲੀਆਂ ਹੁੰਦੀਆਂ ਜਾ ਰਹੀਆਂ ਹਨ ਅਤੇ ਉਹ ਇਨ੍ਹਾਂ ਖਿੱਚਾਂ ਵਿਚੋਂ ਨਿਕਲ ਕੇ ਪ੍ਰਭੂ ਵਲ ਨੂੰ ਵਧ ਰਹੀ ਹੈ ਹੁਣ ਉਸ ਦੀ ਅਵਸਥਾ ਇਸ ਤਰ੍ਹਾਂ ਹੀ ਹੋ ਰਹੀ ਹੈ -

*ਲੋਗ ਕੁਟੰਬ ਸਭਹੁ ਤੇ ਤੋਰੈ*
*ਤਉ ਆਪਨ ਬੇਢੀ ਆਵੈ ਹੋ॥*

*ਪੰਨਾ - 657*

ਹੁਣ ਉਹ ਸੋਚਦੀ ਹੈ ਕਿ ਭਾਈ ਤਿਲੋਕਾ ਜਿਸ ਨੂੰ ਵਾਹਿਗੁਰੂ ਕਹਿੰਦਾ ਸੀ ਅਤੇ ਇਹ ਕਹਿੰਦਾ ਸੀ ਕਿ ਜਿਉਂ-ਜਿਉਂ ਤੂੰ ਵਾਹਿਗੁਰੂ-ਵਾਹਿਗੁਰੂ ਕਹੇਂਗੀ ਉਹ ਤੇਰੇ ਬਹੁਤ ਨੇੜੇ ਹੁੰਦਾ ਜਾਵੇਗਾ ਉਹ ਤੈਨੂੰ ਪਿਆਰ ਕਰੇਗਾ ਕਿਉਂਕਿ ਵਾਹਿਗੁਰੂ ਪਿਆਰ ਦਾ ਰੂਪ ਹੈ -

*ਜਤ੍ਰ ਤਤ੍ਰ ਦਿਸਾ ਵਿਸਾ*
*ਹੁਇ ਫੈਲਿਓ ਅਨੁਰਾਗ॥*

*ਜਾਪੁ ਸਾਹਿਬ*

ਸੋ ਉਸ ਨੂੰ ਵਿਸ਼ਵਾਸ਼ ਆ ਰਿਹਾ ਹੈ ਕਿ ਮੇਰੇ ਵਾਹਿਗੁਰੂ ਜੀ ਮੈਨੂੰ ਦੇਖ ਰਹੇ ਹਨ ਭਾਵੇਂ ਮੈਂ ਉਨ੍ਹਾਂ ਨੂੰ ਦੇਖ ਨਹੀਂ ਰਹੀ। ਉਹ ਮੇਰੇ ਨਾਲ ਪਿਆਰ ਕਰ ਰਹੇ ਹਨ।

ਸਾਧਸੰਗਤ ਜੀ! ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਉਸ ਪਿਆਰੇ ਨੂੰ ਸਦਾ ਹੀ ਮਨ ਵਿਚ ਵਸਾ, ਉਸ ਨੂੰ ਪਿਆਰ ਨਾਲ ਖਿੱਚ, ਫੇਰ ਤੈਨੂੰ ਉਹ ਆਪਣੀ ਦਰਗਾਹ ਵਿਚ ਵਾਸਾ ਦੇ ਦੇਵੇਗਾ।

*ਧਾਰਨਾ - ਦਰਗਹ ਮਿਲਦੈ ਥਾਉਂ,*
*ਗੁਰਾਂ ਨਾਲ ਰੱਤਿਆਂ*

*ਅੰਤਰਿ ਗੁਰੁ ਆਰਾਧਣਾ*
*ਜਿਹਵਾ ਜਪਿ ਗੁਰ ਨਾਉ॥*
*ਨੇਤ੍ਰੀ ਸਤਿਗੁਰੁ ਪੇਖਣਾ*
*ਸ੍ਰਵਣੀ ਸੁਨਣਾ ਗੁਰ ਨਾਉ॥*

*ਸਤਿਗੁਰ ਸੇਤੀ ਰਤਿਆ*
*ਦਰਗਹ ਪਾਈਐ ਠਾਉ॥*
*ਕਹੁ ਨਾਨਕ ਕਿਰਪਾ ਕਰੇ*
*ਜਿਸ ਨੋ ਏਹ ਵਥੁ ਦੇਇ॥*
*ਜਗ ਮਹਿ ਉਤਮ ਕਾਢੀਅਹਿ*
*ਵਿਰਲੇ ਕੇਈ ਕੇਇ॥ ਪੰਨਾ - 517*

ਗੁਰਾਂ ਨੇ ਰੱਤੇ ਇਥੇ ਆਖਿਆ ਹੈ, ਰਤਾ ਉਹ ਹੁੰਦਾ ਹੈ ਜੋ ਗੁਰੂ ਦੇ ਹੁਕਮ ਵਿਚ ਚਲਦਾ ਹੈ, ਮੁਖੜਾ ਨਹੀਂ ਮੋੜਦਾ ਭਾਵੇਂ ਕੋਈ ਤਕਲੀਫ ਵੀ ਆ ਜਾਵੇ, ਉਹ ਮੇਂਹਣਾ ਨਹੀਂ ਮਾਰਦਾ ਜਿਵੇਂ ਕਿ ਫ਼ੁਰਮਾਨ ਹੈ -

*ਰਤੇ ਸੇਈ ਜਿ ਮੁਖੁ ਨ ਮੋੜੰਨਿ*
*ਜਿਨੀ ਸਿਞਾਤਾ ਸਾਈ।।*
*ਝੜਿ ਝੜਿ ਪਵਦੇ ਕਚੇ ਬਿਰਹੀ*
*ਜਿਨਾ ਕਾਰਿ ਨ ਆਈ॥ ਪੰਨਾ- 1424*

ਟੁੱਟਿਆ ਹੋਇਆ ਪਿਆਰ ਵਾਹਿਗੁਰੂ ਤਕ ਨਹੀਂ ਪਹੁੰਚਾ ਸਕਿਆ ਕਰਦਾ, ਵਾਹਿਗੁਰੂ ਜੀ ਸਾਰੀ ਸ੍ਰਿਸ਼ਟੀ ਵਿਚ ਪਰੀਪੂਰਨ ਹਨ ਅਤੇ ਪਿਆਰ ਕਰਨ ਵਾਲਾ ਉਨ੍ਹਾਂ ਨੂੰ ਹਰ ਰੂਪ ਰੰਗ ਵਿਚ ਪ੍ਰਤੱਖ ਅਨੁਭਵ ਕਰਦਾ ਹੈ ਜਿਸ ਦੇ ਬਾਰੇ ਫੁਰਮਾਨ ਹੈ-

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ*
*ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ*
*ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥*
*ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ*
*ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥*
*ਪੰਨਾ - 922*

ਪ੍ਰਮੇਸ਼ਰ ਦੇ ਪਿਆਰ ਵਾਲਾ ਜਦੋਂ ਸੰਸਾਰ ਤੋਂ ਜਾਂਦਾ ਹੈ ਉਸਦੀ ਅਵਸਥਾ ਨਿਆਰੀ ਹੋ ਜਾਇਆ ਕਰਦੀ ਹੈ, ਉਸਦੇ ਜਨਮ ਮਰਨ ਦਾ ਪੜਦਾ ਖਤਮ ਹੋ ਜਾਂਦਾ ਹੈ ਜਿਵੇਂ ਕਿ -

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ ਕੀ ਕਥਾ ਨਿਰਾਰੀ ਰੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ॥ ਪੰਨਾ - 855*

ਉਸ ਦੀ ਅਵਸਥਾ ਵਾਹਿਗੁਰੂ ਵਰਗੀ ਹੋ ਜਾਇਆ ਕਰਦੀ ਹੈ ਹਰ ਵਕਤ ਉਸ ਦੇ ਨਾਮ ਵਿਚ ਲੀਨ ਹੋ ਕੇ ਆਪਣਾ ਆਪਾ ਭਾਵ ਗੁਆ ਦਿੰਦਾ ਹੈ।

*ਧਾਰਨਾ - ਅਨਹਤ ਸੁੰਨ ਰਤੇ ਸੇ ਕੈਸੇ,*
*ਜਿਸ ਤੇ ਉਪਜੇ ਤਿਸ ਹੀ ਜੈਸੇ।*

ਪ੍ਰਭੂ ਪਿਆਰਿਆਂ ਦਾ ਬੋਲਣਾ, ਤੱਕਣਾ, ਸੋਚਣਾ, ਬਿਲਕੁਲ ਸੰਸਾਰੀਆਂ ਤੋਂ ਵਿਲੱਖਣ ਹੋਇਆ ਕਰਦਾ ਹੈ, ਉਨ੍ਹਾਂ ਦੀ ਚਾਲ ਸੰਸਾਰ ਵਿਚ ਨਿਰਾਲੀ ਹੁੰਦੀ ਹੈ ਪਰ ਇਹ ਰਸਤਾ ਬਹੁਤ ਹੀ ਬਿਖਮ ਹੈ ਕਿਉਂਕਿ ਸੰਸਾਰ ਦਾ ਹਰ ਕਦਮ ਉਲਾਰ ਵਲ ਹੈ, ਰੇੜ੍ਹ ਵਲ ਹੈ, ਪਿਆਰ ਵਾਲੇ ਦਾ ਹਰ ਕਦਮ ਉਪਰ ਵਲ ਹੈ, ਉਹ ਚੜ੍ਹਾਈ ਚੜ੍ਹਦਾ ਹੈ। ਲਭ, ਲੋਭ ਅਹੰਕਾਰ ਸਾਰਿਆਂ ਨਾਲੋਂ ਵਾਹ ਤੋੜ ਲੈਂਦਾ ਹੈ, ਇਸ ਮਾਰਗ ਨੂੰ ਗੁਰੂ ਮਹਾਰਾਜ ਜੀ ਖੰਡੇ ਤੋਂ ਤਿੱਖੀ ਵਾਲ ਤੋਂ ਨਿੱਕੀ ਆਖਦੇ ਹਨ। ਜੁਗਾਂ ਜੁਗਾਤਰਾਂ ਤੋਂ ਸੰਸਾਰ ਵਿਚ ਨਾਮ ਜਪਣ ਵਾਲਿਆਂ ਦੀ ਚਾਲ ਨਿਆਰੀ ਰਹੀ। ਸੰਸਾਰ ਅੰਨ੍ਹੇ ਵਾਹ ਨਰਕਾਂ ਨੂੰ ਜਾ ਰਿਹਾ ਹੈ, ਸੁਰਗਾਂ ਨੂੰ ਜਾ ਰਿਹਾ ਹੈ ਪਰ ਭਗਤ ਨਿਰਵਾਣ ਪਦ ਦੀ ਪ੍ਰਾਪਤੀ ਕਰਕੇ ਪ੍ਰਭੂ ਵਿਚ ਲੀਨ ਹੋ ਜਾਂਦੇ ਹਨ -

*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ॥*
*ਨਾਨਕ ਪ੍ਰਭ ਕੈ ਸਦ ਕੁਰਬਾਨ॥*
*ਪੰਨਾ - 278*

ਪ੍ਰਭੂ ਵਿਚ ਅਭੇਦ ਹੋ ਜਾਂਦੇ ਹਨ -

*ਭਗਤਾ ਕੀ ਚਾਲ ਨਿਰਾਲੀ॥*
*ਚਾਲਾ ਨਿਰਾਲੀ ਭਗਤਾਹ ਕੇਰੀ*
*ਬਿਖਮ ਮਾਰਗਿ ਚਲਣਾ॥*
*ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ*
*ਬਹੁਤੁ ਨਾਹੀ ਬੋਲਣਾ॥*
*ਖੰਨਿਅਹੁ ਤਿਖੀ ਵਾਲਹੁ ਨਿਕੀ*
*ਏਤੁ ਮਾਰਗਿ ਜਾਣਾ॥*
*ਗੁਰ ਪਰਸਾਦੀ ਜਿਨੀ ਆਪੁ ਤਜਿਆ*
*ਹਰਿ ਵਾਸਨਾ ਸਮਾਣੀ॥*
*ਕਹੈ ਨਾਨਕੁ ਚਾਲ ਭਗਤਾ*
*ਜੁਗਹੁ ਜੁਗੁ ਨਿਰਾਲੀ॥ ਪੰਨਾ - 918*

ਗੁਰੂ ਦਸ਼ਮੇਸ਼ ਪਿਤਾ ਜੀ ਨੇ ਫੁਰਮਾਨ ਕੀਤਾ ਹੈ ਕਿ ਪ੍ਰਭੂ ਪਿਆਰ ਦੇ ਵਸ ਹੋ ਕੇ ਮਿਲਦਾ ਹੈ ਜਿੰਨਾਂ ਚਿਰ ਹਿਰਦੇ ਵਿਚ ਪਿਆਰ ਪੈਦਾ ਨਹੀਂ ਹੁੰਦਾ, ਨਾਮ ਦਾ ਰਸ ਬਹੁਤ ਹੀ ਘੱਟ ਆਇਆ ਕਰਦਾ ਹੈ। ਪਿਆਰ ਇਕ ਐਸੀ ਐਨਰਜੀ ਹੈ ਜੋ ਸਰੀਰ ਦੇ ਰੋਮ-ਰੋਮ ਨੂੰ ਕਿਸੇ ਅਥਾਹ ਅਨੰਦ ਵਿਚ ਲੈ ਜਾਂਦੀ ਹੈ। ਪਿਆਰ ਕਰਨ ਵਾਲਾ ਆਪਣੇ ਪ੍ਰੀਤਮ ਨੂੰ ਹਰ ਥਾਂ ਹਰ ਸਮੇਂ ਹਾਜ਼ਰ ਨਾਜ਼ਰ ਜਾਣਦਾ ਹੈ। ਜਦੋਂ ਉਹ ਭਜਨ ਕਰਦਾ ਹੈ, ਨਾਮ ਜਪਦਾ ਹੈ ਉਸ ਵੇਲੇ ਉਹ ਪੱਕੇ ਵਿਸ਼ਵਾਸ਼ ਵਿਚ ਹੁੰਦਾ ਹੈ ਕਿ ਮੇਰੇ ਪ੍ਰਭੂ ਮੈਨੂੰ ਵੇਖ ਰਹੇ ਹਨ, ਮੇਰੇ ਨਾਲ ਹਨ, ਭਾਵੇਂ ਮੈਨੂੰ ਦਿਸਦੇ ਨਹੀਂ ਹਨ ਪਰ ਮਹਾਂਪੁਰਸ਼ ਕਹਿੰਦੇ ਹਨ -

*ਜਹ ਜਹ ਪੇਖਉ ਤਹ ਹਜੂਰਿ*
*ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ*
*ਮਨ ਸਦਾ ਧਿਆਈ॥*

*ਈਤ ਊਤ ਨਹੀ ਬੀਛੁੜੈ*
*ਸੋ ਸੰਗੀ ਗਨੀਐ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ॥*
*ਪ੍ਰਤਿਪਾਲੈ ਅਪਿਆਉ ਦੇਇ*
*ਕਛੁ ਊਨ ਨ ਹੋਈ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥*
*ਪੰਨਾ - 677*

*ਪੇਖਤ ਸੁਨਤ ਸਦਾ ਹੈ ਸੰਗੇ*
*ਮੈ ਮੂਰਖ ਜਾਨਿਆ ਦੂਰੀ ਰੇ॥*
*ਪੰਨਾ - 612*

ਜਦੋਂ ਇਸ ਤਰ੍ਹਾਂ ਦਾ ਭਾਵ ਹਿਰਦੇ ਵਿਚ ਹੋਵੇ ਫੇਰ ਸੁਰਤ ਵਿਚ ਰਸ ਆ ਜਾਇਆ ਕਰਦਾ ਹੈ। ਇਸ ਦੇ ਵਿਪਰੀਤ ਜਦੋਂ ਤਕ ਪ੍ਰਭੂ ਦੀ ਹੋਂਦ ਨੂੰ ਮਹਿਸੂਸ ਨਹੀਂ ਕਰਦਾ ਅਤੇ ਵਾਹਿਗੁਰੂ ਜੀ ਦਾ ਨਾਮ ਜਪਦਿਆਂ ਇਹ ਮਹਿਸੂਸ ਨਹੀਂ ਕਰਦਾ ਕਿ ਉਹ ਮੇਰੇ ਹਿਰਦੇ ਦੇ ਧੁਰ ਅੰਦਰਲੀ ਡੂੰਘਿਆਈ ਨੂੰ ਪੂਰੀ ਤਰ੍ਹਾਂ ਜਾਣਦੇ ਹਨ ਉਨੀਂ ਦੇਰ ਤਕ ਇਸ ਦੇ ਅੰਦਰ ਨਾ ਅਦਬ ਪੈਦਾ ਹੁੰਦਾ ਹੈ ਜਿਸ ਨੂੰ ਭੈ ਕਹਿੰਦੇ ਹਨ -

*ਇਆਨੜੀਏ ਮਾਨੜਾ ਕਾਇ ਕਰੇਹਿ॥*
*ਆਪਨੜੈ ਘਰਿ ਹਰਿ*
*ਰੰਗੋ ਕੀ ਨ ਮਾਣੇਹਿ॥*
*ਸਹੁ ਨੇੜੈ ਧਨ ਕੰਮਲੀਏ*
*ਬਾਹਰੁ ਕਿਆ ਢੂਢੇਹਿ॥*
*ਭੈ ਕੀਆ ਦੇਹਿ ਸਲਾਈਆ*
*ਨੈਣੀ ਭਾਵ ਕਾ ਕਰਿ ਸੀਗਾਰੋ॥*
*ਤਾ ਸੋਹਾਗਣਿ ਜਾਣੀਐ ਲਾਗੀ*
*ਜਾ ਸਹੁ ਧਰੇ ਪਿਆਰੋ॥ ਪੰਨਾ - 722*

ਨਾਮ ਤਾਂ ਸਾਰੇ ਹੀ ਜਪਦੇ ਹਨ ਪਰ ਇਸ ਵਿਚ ਬੜੇ ਜਬਰਦਸਤ ਭੇਦ ਹਨ। ਜਦੋਂ ਤਕ ਨਾਮ ਤੇ ਨਾਮੀ ਮਨ ਵਿਚ ਨਹੀਂ ਵਸਦਾ ਉਨੀਂ ਦੇਰ ਤਕ ਮਿਹਨਤ ਜ਼ਿਆਦਾ ਹੁੰਦੀ ਹੈ ਫਲ ਘੱਟ ਹੁੰਦਾ ਹੈ। ਜਿਹੜਾ ਨਾਮ ਹਾਜ਼ਰੀ ਦੇ ਵਿਚ ਪੂਰਨ ਇਕਾਗਰਤਾ ਦੇ ਨਾਲ ਅਫੁਰ ਅਵਸਥਾ ਵਿਚ ਜਪਿਆ ਜਾਂਦਾ ਹੈ ਉਹ ਫਲੀਭੂਤ ਹੁੰਦਾ ਹੈ -

*ਕਬੀਰ ਰਾਮ ਕਹਨ ਮਹਿ ਭੇਦੁ ਹੈ*
*ਤਾ ਮਹਿ ਏਕੁ ਬਿਚਾਰੁ॥*
*ਸੋਈ ਰਾਮੁ ਸਭੈ ਕਹਹਿ*
*ਸੋਈ ਕਉਤਕਹਾਰ॥ ਪੰਨਾ - 1374*

ਮਾਤਾ ਲੋਈ ਜੀ ਨੇ ਸਾਧੂ ਮਹਾਂਪੁਰਸ਼ਾਂ ਦੀ ਸੇਵਾ ਕਰਦਿਆਂ ਆਪਣੇ ਪਤੀਵਰਤਾ ਧਰਮ ਨੂੰ ਪਾਲਣ ਕਰਦਿਆਂ ਸੇਵਾ ਰਾਹੀਂ, ਸਿਮਰਨ ਕੀਤਾ ਅਤੇ ਮਹਾਂਪੁਰਸ਼ਾਂ ਦੇ ਬਚਨਾਂ ਅਨੁਸਾਰ ਪ੍ਰਮੇਸ਼ਰ ਨੂੰ ਹਰ ਥਾਂ ਹਾਜ਼ਰ ਨਾਜ਼ਰ ਦੇਖਿਆ ਅਤੇ ਇਸ ਅਨਾਤਮ ਵਿਚ ਆਤਮ ਤੱਤ ਨੂੰ ਪਛਾਣਿਆ ਅਤੇ ਨਾਮ ਦੀ ਅਉਧ ਨੂੰ ਪ੍ਰਾਪਤ ਕੀਤਾ।

ਉਨ੍ਹਾਂ ਬਾਰੇ ਜ਼ਿਕਰ ਆਉਂਦਾ ਹੈ ਕਿ ਇਕ ਵਾਰੀ ਕੋਈ ਰਾਜਾ ਜਿਸ ਨੂੰ ਕੁਸ਼ਟ ਹੋਇਆ ਹੋਇਆ ਸੀ ਉਹ ਕਬੀਰ ਸਾਹਿਬ ਪਾਸ ਆਉਂਦਾ ਹੈ, ਦੇਵ ਨੇਤ ਨਾਲ ਆਪ ਕਈ ਦਿਨਾਂ ਵਾਸਤੇ ਬਾਹਰ ਗਏ ਹੋਏ ਸਨ। ਉਸ ਰਾਜੇ ਨੇ ਮਾਤਾ ਲੋਈ ਜੀ ਨੂੰ ਆਪਣੀ ਸਰੀਰਕ ਦਸ਼ਾ ਦੱਸੀ ਅਤੇ ਕਿਹਾ ਕਿ ਮੈਂ ਬਹੁਤ ਦੁਖੀ ਹਾਂ, ਮੈਨੂੰ ਤਾਂ ਤੁਸੀਂ ਵੀ ਕਬੀਰ ਸਾਹਿਬ ਦਾ ਰੂਪ ਹੀ ਨਜ਼ਰ ਆਉਂਦੇ ਹੋਂ, ਕ੍ਰਿਪਾ ਕਰੋ, ਮੇਰਾ ਦੁਖ ਦੂਰ ਕਰੋ। ਮਾਤਾ ਜੀ ਨੇ ਕਿਹਾ ਕਿ ਜੋ ਕੰਮ ਭਗਤ ਜੀ ਦੇ ਕਰਨ ਵਾਲਾ ਹੈ ਉਹ ਆਪ ਹੀ ਕਰਦੇ ਹਨ। ਮੇਰੀ ਤਾਂ ਡਿਊਟੀ ਆਏ ਗਏ ਮਹਾਂਪੁਰਸ਼ਾਂ ਦੀ ਸੇਵਾ ਕਰਨਾ, ਪ੍ਰਸ਼ਾਦ ਪਾਣੀ ਤਿਆਰ ਕਰਕੇ ਦੇਣਾ, ਘਰ ਸੰਭਾਲਣ ਵਿਚ ਲੱਗੀ ਹੋਈ ਹੈ। ਘਰ ਵਿਚ ਮੈਂ ਝਾੜੂ ਬਹਾਰੀ ਕਰਦੀ ਹਾਂ, ਮੈਂ ਕੀ ਜਾਣਾ ਬਿਮਾਰੀ ਕਿਵੇਂ ਦੂਰ ਹੁੰਦੀ ਹੈ ਪਰ ਉਸ ਰਾਜੇ ਦੀ ਦੀਨ ਦਸ਼ਾ ਦੇਖ ਕੇ ਆਪ ਦੇ ਮਨ ਵਿਚ ਰਹਿਮ ਆ ਗਿਆ। ਸੋਚਿਆ ਕਿ ਨਾਮ ਤਾਂ ਅਮੁੱਲ ਹੈ ਇਸ ਦੀ ਕੀਮਤ ਸੰਸਾਰ ਵਿਚ ਕੋਈ ਪਾ ਨਹੀਂ ਸਕਦਾ। ਪਰਉਪਕਾਰ ਕਰਨਾ ਭਲੇ ਪੁਰਸ਼ਾਂ ਦੇ ਕਾਰਜ ਖੇਤਰ ਵਿਚ ਆਉਂਦਾ ਹੈ। ਕਿਉਂ ਨਾ ਇਸ ਰਾਜੇ ਦਾ ਰੋਗ ਹਟਾ ਦਿਤਾ ਜਾਵੇ। ਪਰਉਪਕਾਰ ਅਧੀਨ ਹੋ ਕੇ ਮਾਤਾ ਜੀ ਨੇ ਕਿਹਾ ਕਿ ਰਾਜਨ! ਸਾਮ੍ਹਣੇ ਬੈਠੋ, ਮਾਤਾ ਲੋਈ ਜੀ ਆਪ ਵੀ ਆਸਣ ਉਪਰ ਬੈਠ ਗਏ। ਪੂਰੇ ਜਲਾਲ ਵਿਚ ਆ ਕੇ ਰਾਜੇ ਨੂੰ ਕਿਹਾ ਕਿ ਕਹੁ ਰਾਮ-ਕਹੁ ਰਾਮ-ਕਹੁ ਰਾਮ। ਤਿੰਨ ਵਾਰੀ ਰਾਮ ਕਹਾ ਦਿਤਾ ਅਤੇ ਕਿਹਾ ਕਿ ਜਾ ਕੇ ਇਸ਼ਨਾਨ ਕਰਕੇ, ਵਸਤਰ ਬਦਲ ਲੈ। ਪ੍ਰਮੇਸ਼ਰ ਦਾ ਭਜਨ ਕਰਿਆ ਕਰੀਂ ਤੈਨੂੰ ਦੁਖ, ਪਾਪ ਕਰਮਾਂ ਕਰਕੇ ਪ੍ਰਾਪਤ ਹੋਇਆ ਹੈ। ਜੋ ਤੈਨੂੰ ਰਾਮ ਨਾਮ ਦਸਿਆ ਹੈ ਇਸ ਦਾ ਅਖੰਡ ਜਾਪ ਕਰੀਂ, ਤੇਰਾ ਰੋਗ ਦੂਰ ਹੋ ਜਾਵੇਗਾ, ਦਰਗਾਹ ਵਿਚ ਭਲਾ ਹੋ ਜਾਵੇਗਾ।

ਰਾਜਾ ਇਸ਼ਨਾਨ ਕਰਕੇ ਆਇਆ, ਕੀ ਦੇਖਦਾ ਹੈ ਕਿ ਉਹ ਅਰੋਗ ਹੋ ਗਿਆ। ਉਸ ਰਾਜੇ ਨੇ ਆਪਣੇ ਸਾਰੇ ਕਰਮਚਾਰੀਆਂ ਨੂੰ ਨਾਮ ਦੀ ਮਹਿਮਾ ਬਾਰੇ ਦਸਿਆ। ਇਹ ਸਾਰੀ ਗੱਲ ਸਾਰੇ ਕਾਸ਼ੀ ਸ਼ਹਿਰ ਵਿਚ ਫੈਲ ਗਈ। ਕੱਟੜ ਲੋਕ ਹੈਰਾਨ ਹੋ ਗਏ ਕਿ ਅੱਗੇ ਤਾਂ ਕਬੀਰ ਹੀ ਮਾਣ ਨਹੀਂ ਸੀ ਹੁਣ ਇਕ ਲੋਈ ਵੀ ਪੈਦਾ ਹੋ ਗਈ, ਅੱਗੇ ਤਾਂ ਓਹੀ ਨਹੀਂ ਸੀ ਹਾਰਦਾ। ਸਾਰੇ ਸ਼ਹਿਰ ਵਿਚ ਗੱਲ ਫੈਲ ਗਈ। ਜਦੋਂ ਕਬੀਰ ਸਾਹਿਬ ਜੀ ਵਾਪਸ ਆਉਂਦੇ ਹਨ ਤਾਂ ਸਾਰੇ ਆਖ ਰਹੇ ਹਨ ਧੰਨ ਲੋਈ-ਧੰਨ ਲੋਈ। ਕਬੀਰ ਸਾਹਿਬ ਨੇ ਸੋਚਿਆ ਕਿ ਲੋਈ ਜੀ ਨੇ ਉਹ ਕਿਹੜਾ ਕੰਮ ਕਰ ਦਿਤਾ ਜਿਸ ਕਰਕੇ ਧੰਨ ਲੋਈ ਹੋ ਰਿਹਾ ਹੈ। ਆਪ ਘਰ ਆ ਗਏ, ਆਪ ਨੂੰ ਕੁਝ ਨਰਾਜ਼ਗੀ ਹੋ ਗਈ ਕਿ ਲੋਈ ਨੇ ਤਿੰਨ ਵਾਰੀ ਰਾਮ ਕਹਾ ਕੇ ਕੋਹੜ ਦੂਰ ਕਰ ਦਿਤਾ, ਐਨਾ ਸਸਤਾ ਰਾਮ ਦਾ ਨਾਮ ਲਾ ਦਿਤਾ।

ਗੁਰਬਾਣੀ ਵਿਚ ਆਉਂਦਾ ਹੈ ਕਿ ਨਾਮ ਦੀ

ਮਹਿਮਾ ਭਗਤਾਂ ਦੇ ਹਿਰਦੇ ਵਿਚ ਵਸਦੀ ਹੈ।

*ਨਾਮ ਕੀ ਮਹਿਮਾ ਸੰਤ ਰਿਦ ਵਸੈ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥*
*ਸੰਤ ਕਾ ਸੰਗੁ ਵਡਭਾਗੀ ਪਾਈਐ॥*
*ਸੰਤ ਕੀ ਸੇਵਾ ਨਾਮੁ ਧਿਆਈਐ॥*
*ਨਾਮ ਤੁਲਿ ਕਛੁ ਅਵਰੁ ਨ ਹੋਇ॥*
*ਨਾਨਕ ਗੁਰਮੁਖਿ ਨਾਮੁ*
*ਪਾਵੈ ਜਨੁ ਕੋਇ॥ ਪੰਨਾ - 265*

ਘਰ ਆ ਕੇ ਮਾਤਾ ਲੋਈ ਜੀ ਨੇ ਦੇਖਿਆ ਕਿ ਕਬੀਰ ਸਾਹਿਬ ਮੇਰੇ ਨਾਲ ਨਰਾਜ਼ ਹਨ। ਆਪ ਨੇ ਕਾਰਨ ਪੁਛਿਆ ਤਾਂ ਕਬੀਰ ਸਾਹਿਬ ਨੇ ਦਸਿਆ ਕਿ ਤਿੰਨ ਵਾਰੀ ਰਾਮ ਕਿਉਂ ਕਹਾਇਆ। ਤਾਂ ਮਾਤਾ ਲੋਈ ਜੀ ਨੇ ਕਿਹਾ ਕਿ ਮਹਾਰਾਜ! ਪਹਿਲੀ ਵਾਰ ਰਾਮ ਤਾਂ ਕਹਾਇਆ ਕਿ ਉਸ ਦੇ ਸਾਰੇ ਪਾਪ ਨਸ਼ਟ ਹੋ ਜਾਣ ਜਿਸ ਕਰਕੇ ਉਸ ਨੂੰ ਰੋਗ ਹੋਇਆ। ਦੂਜੀ ਵਾਰ ਰੋਗ ਦੂਰ ਹੋ ਜਾਣ ਲਈ ਕਹਾਇਆ। ਤੀਸਰਾ ਮੰਤਰ ਦੇ ਰੂਪ ਵਿਚ ਦੇ ਕੇ ਹਦਾਇਤ ਦਿਤੀ ਹੈ ਕਿ ਮੰਤਰ ਦਾ ਜਾਪ ਕਰੇ, ਪੂਜਾ ਵਿਚ ਨਿਆ ਕਰੇ। ਪੂਰਾ ਸ਼ਬਦ ਇਸ ਤਰ੍ਹਾਂ ਹੈ -

*ਕਰਵਤੁ ਭਲਾ ਨ ਕਰਵਟ ਤੇਰੀ॥*
*ਲਾਗੁ ਗਲੇ ਸੁਨੁ ਬਿਨਤੀ ਮੇਰੀ॥*
*ਹਉ ਵਾਰੀ ਮੁਖੁ ਫੇਰਿ ਪਿਆਰੇ॥*
*ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥*
*ਜਉ ਤਨੁ ਚੀਰਹਿ ਅੰਗੁ ਨ ਮੋਰਉ॥*
*ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥*
*ਹਮ ਤੁਮ ਬੀਚੁ ਭਇਓ ਨਹੀ ਕੋਈ॥*
*ਤੁਮਹਿ ਸੁ ਕੰਤ ਨਾਰਿ ਹਮ ਸੋਈ॥*
*ਕਹਤੁ ਕਬੀਰੁ ਸੁਨਹੁ ਰੇ ਲੋਈ॥*
*ਅਬ ਤੁਮਰੀ ਪਰਤੀਤਿ ਨ ਹੋਈ॥*
*ਪੰਨਾ - 484*

ਸੋ ਇਸ ਤਰ੍ਹਾਂ ਨਾਲ ਨਾਮ ਜਪਦਿਆਂ-ਜਪਦਿਆਂ ਨਾਮ ਦੀ ਸ਼ਕਤੀ ਪ੍ਰਵੇਸ਼ ਕਰ ਜਾਂਦੀ ਹੈ ਅਤੇ ਨਾਮ ਕੌਤਕਹਾਰ ਬਣ ਜਾਂਦਾ ਹੈ ਕਿਉਂਕਿ ਇਹ ਅੱਖਰ ਨਹੀਂ ਹੋਇਆ ਕਰਦੇ, ਇਸ ਵਿਚ ਸ਼ਕਤੀ ਹੁੰਦੀ ਹੈ। ਅਨੇਕਾਂ ਮਹਾਂਪੁਰਸ਼ਾਂ ਨੇ ਨਾਮ ਜਪਿਆ ਹੈ। ਜਿਵੇਂ ਕਿ ਭਾਈ ਗੜ੍ਹੀਆ ਜੀ ਛੇਵੇਂ ਪਾਤਸ਼ਾਹ ਦੀ ਆਗਿਆ ਨਾਲ ਕਸ਼ਮੀਰ ਵਿਚ ਦਸਵੰਧ ਲੈਣ ਲਈ ਵੱਡੇ ਪੀਰ ਦੌਲੇ ਸ਼ਾਹ ਪਾਸ ਗੁਜਰਾਤ ਠਹਿਰ ਜਾਂਦੇ ਹਨ। ਪੀਰ ਨੇ ਬੇਨਤੀ ਕੀਤੀ ਕਿ ਸੁਖਮਨੀ ਸਾਹਿਬ ਦਾ ਪਾਠ ਸੁਣਾਓ। ਭਾਈ ਗੜ੍ਹੀਆ ਜੀ ਪੀਰ ਦੌਲੇ ਸ਼ਾਹ ਪਾਸ ਛੇ-ਸੱਤ ਦਿਨ ਠਹਿਰੇ। ਜਦੋਂ ਵਿਦਾ ਕਰਨ ਲੱਗਿਆ ਤਾਂ ਉਸ ਨੇ ਦੇਖਿਆ ਕਿ ਭਾਈ ਗੜ੍ਹੀਆ ਜੀ ਨੇ ਟੁੱਟੀ ਹੋਈ ਜੁੱਤੀ ਪਾਈ ਹੋਈ ਹੈ। ਉਹ ਛਿੱਤਰ ਤੁਰਨ ਵੇਲੇ ਧੂੜ ਉਡਾ ਰਹੇ ਹਨ ਜੋ ਉਨ੍ਹਾਂ ਦੇ ਵਸਤਰਾਂ ਤੇ ਪੈ ਰਹੀ ਹੈ। ਜਦੋਂ ਚੋਲੇ ਵਲ ਦੇਖਿਆ ਤਾਂ ਉਹ ਵੀ ਥਾਂ-ਥਾਂ ਤੋਂ ਫਟਿਆ ਪਿਆ ਹੈ, ਟਾਕੀਆਂ ਲੱਗੀਆਂ ਹੋਈਆਂ ਹਨ। ਉਸ ਵੇਲੇ ਪੀਰ ਜੀ ਦੇ ਮਨ ਵਿਚ ਆਇਆ ਕਿ ਮਹਾਰਾਜ ਪਾਸ ਅਨੇਕਾਂ ਗੁਰਸਿਖਾਂ ਦੇ ਆਉਣ ਕਰਕੇ ਇਨ੍ਹਾਂ ਗੁਰਸਿਖਾਂ ਨੂੰ ਵਸਤਰ ਵਗੈਰਾ ਨਹੀਂ ਮਿਲਦੇ। ਤਾਂ ਪੀਰ ਨੇ ਕਿਹਾ ਕਿ ਭਾਈ ਗੜ੍ਹੀਆ ਜੀ, ਮੈਂ ਆਪ ਨੂੰ ਕੋਈ ਮਾਇਆ, ਸਿਰੋਪਾ ਨਹੀਂ ਦਿਤਾ, ਆਪ ਕ੍ਰਿਪਾ ਕਰਕੇ ਉਹ ਖੇਤ ਵਿਚੋਂ ਡਲਾ ਚੁਕ ਲਵੋ। ਉਸ ਨਾਲ ਉਸ ਨੂੰ ਵੇਚ ਕੇ ਆਪਣੇ ਵਸਤਰ ਖਰੀਦ ਲਵੋ। ਜਦੋਂ ਭਾਈ ਗੜ੍ਹੀਏ ਨੇ ਦੇਖਿਆ ਕਿ ਪੀਰ ਜੀ ਨੇ ਆਪਣੀ ਸ਼ਕਤੀ ਨਾਲ ਮਿੱਟੀ ਦਾ ਡਲਾ ਸੋਨਾ ਦਾ ਬਣਾ ਦਿਤਾ ਹੈ ਤਾਂ ਇਹ ਸਮਝ ਗਏ ਕਿ ਇਨ੍ਹਾਂ ਦੇ ਮਨ ਵਿਚ ਖਿਆਲ ਹੈ ਕਿ ਗੁਰੂ ਦੇ ਸਿੱਖ ਗਰੀਬੀ ਦੇ ਮਾਰੇ ਹੋਏ ਹਨ ਅਤੇ ਇਨ੍ਹਾਂ ਨੂੰ ਪਤਾ ਨਹੀਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਜੋ ਮੰਤਰ ਗੁਰਸਿੱਖਾਂ ਨੂੰ ਦਿਤਾ ਹੈ ਉਸ ਵਿਚ ਅਥਾਹ ਸ਼ਕਤੀ ਹੈ। ਉਸ ਵੇਲੇ ਸਹਿਜ ਨਾਲ ਹੀ ਆਪ ਖੇਤ ਵਲ ਝਾਕੇ ਅਤੇ ਪੁਛਿਆ ਕਿ ਕਿਸ ਡਲੇ ਦੀ ਗੱਲ ਕਰਦੇ ਹੋ, ਪੀਰ ਜੀ, ਜਿਸ ਨੂੰ ਮੈਂ ਚੁੱਕ ਲਵਾਂ? ਪੀਰ ਦੇਖਦਾ ਹੈ ਤਾਂ ਸਾਰੇ ਖੇਤ ਦੇ ਡਲੇ ਝਿਲਮਿਲ-ਝਿਲਮਿਲ ਕਰ ਰਹੇ ਹਨ ਅਤੇ ਭਾਈ ਗੜ੍ਹੀਆ ਨੇ ਸਾਰਾ ਖੇਤ ਆਪਣੀ ਸ਼ਕਤੀ ਨਾਲ ਸੋਨੇ ਦਾ ਬਣਾ ਦਿਤਾ ਤਾਂ ਪੀਰ ਜੀ ਨੇ ਕਿਹਾ ਕਿ ਆਪ ਧੰਨ ਹੋ, ਧੰਨ ਆਪ ਦਾ ਗੁਰੂ ਹੈ। ਐਨੀਆਂ ਸ਼ਕਤੀਆਂ ਹੁੰਦੇ ਹੋਏ ਵੀ ਆਪ ਆਪਣੇ ਆਪ ਨੂੰ ਕਿਵੇਂ ਅਲੇਪ ਰੱਖ ਰਹੇ ਹੋ।

ਸੋ ਇਹ ਨਾਮ ਦੀਆਂ ਸ਼ਕਤੀਆਂ ਹਨ ਜੋ ਨਾਮ ਜਪਣ ਵਾਲਿਆਂ ਨੂੰ ਸੁਤੇ ਹੀ ਪ੍ਰਾਪਤ ਹੋ ਜਾਇਆ ਕਰਦੀਆਂ ਹਨ।

ਰਾਜਕੁਮਾਰੀ ਰਸਨਾ ਦੇ ਨਾਲ ਨਾਮ ਜਪਣ ਵਾਸਤੇ ਇਕ ਚਿਤ ਇਕ ਮਨ ਹੋ ਕੇ ਉਸ ਨਵੇਂ ਬਣੇ ਮੱਠ ਵਿਚ ਆਸਣ ਲਾ ਕੇ ਬੈਠ ਜਾਂਦੀ ਹੈ। ਇਕ ਦ੍ਰਿਸ਼ਟੀ ਨਾਲ ਪਹਿਲਾਂ ਸਾਰੇ ਵਣ ਦੇ ਫਲਦਾਰ ਅਤੇ ਦੂਸਰੇ ਬੂਟਿਆਂ ਨੂੰ ਨਿਗ੍ਹਾ ਵਿਚ ਲਿਆਉਂਦੀ ਹੈ, ਫੇਰ ਜੋ ਪੰਛੀ, ਹਰਨ, ਵਗੈਰਾ ਨੇੜੇ ਘੁੰਮਦੇ ਹਨ ਉਨ੍ਹਾਂ ਨੂੰ ਦੇਖਦੀ ਹੈ, ਫੇਰ ਪ੍ਰਭੂ ਦੀ ਹਾਜ਼ਰੀ ਹਰ ਥਾਂ ਮਹਿਸੂਸ ਕਰਕੇ ਨਾਮ ਸਿਮਰਨ ਵਿਚ ਜੁਟ ਜਾਂਦੀ ਹੈ। ਰਸਨਾ ਨਾਲ ਨਾਮ ਜਦੋਂ ਜਪੀਦਾ ਹੈ ਸਮਾਂ ਪਾ ਕੇ ਬੁਲ੍ਹ ਹਿਲਦੇ ਰਹਿ ਜਾਂਦੇ ਹਨ। ਰਸਨਾ ਵੀ ਚਲਦੀ ਹੈ ਪਰ ਹੁਣ ਅਵਾਜ਼ ਬਾਹਰ ਸੁਣਾਈ ਨਹੀਂ ਦਿੰਦੀ। ਪਹਿਲਾਂ ਜਦੋਂ ਬੈਖਰੀ ਬਾਣੀ ਵਿਚ ਵਾਹਿਗੁਰੁ-ਵਾਹਿਗੁਰੁ ਕਰਦੀ ਸੀ, ਉਸ ਧੁਨ ਦੀ ਅਵਾਜ਼ ਬਾਹਰ ਸੁਣਦੀ ਸੀ ਉਸ ਧੁਨ ਵਿਚ ਮਸਤ ਹੋ ਜਾਂਦੀ ਸੀ। ਹੁਣ ਉਹ ਧੁਨ ਅੰਦਰ ਪ੍ਰਵੇਸ਼ ਕਰ ਗਈ। ਹੁਣ ਬੁਲ੍ਹ ਹਿਲਦੇ ਨੇ, ਰਸਨਾ ਵੀ ਹਿਲਦੀ ਹੈ। ਹੁਣ ਉਹ ਵਾਹਿਗੁਰੂ ਮੰਤਰ ਨੂੰ ਆਪ ਕੰਨਾਂ ਨਾਲ ਸੁਣਦੀ ਹੈ। ਇਸ ਨੂੰ ਨਾਮ ਸੁਣਨਾ ਕਿਹਾ ਜਾਂਦਾ ਹੈ, ਇਸ ਵਿਚ ਬਹੁਤ ਬਰਕਤਾਂ ਹਨ। ਚਾਰ ਪਉੜੀਆਂ ਜਪੁਜੀ ਸਾਹਿਬ ਦੀਆਂ ਸੁਣਿਐ ਨੂੰ ਪ੍ਰਗਟ ਕਰਦੀਆਂ ਹਨ। ਜਾਪ ਦੀਆਂ ਚਾਰ ਅਵਸਥਾਵਾਂ ਗਿਣੀਆਂ ਜਾਂਦੀਆਂ ਹਨ। ਪਹਿਲੀ ਨੂੰ

ਬੈਖਰੀ ਬਾਣੀ ਦਾ ਜਾਪ ਕਿਹਾ ਜਾਂਦਾ ਹੈ। ਦੂਸਰੀ ਨੂੰ ਮਧਮਾ ਬਾਣੀ ਦਾ ਜਾਪ ਕਿਹਾ ਜਾਂਦਾ ਹੈ। ਤੀਸਰੀ ਨੂੰ ਪਸੰਤੀ ਬਾਣੀ ਕਿਹਾ ਜਾਂਦਾ ਹੈ, ਚੌਥੀ ਨੂੰ ਪਰਾ ਬਾਣੀ ਕਿਹਾ ਜਾਂਦਾ ਹੈ।

ਸੋ ਇਹ ਜਾਪ ਦੀਆਂ ਕਿਸਮਾਂ ਹਨ ਜੋ ਦੋ ਹਿੱਸਿਆਂ ਵਿਚ ਆਉਂਦੀਆਂ ਹਨ। ਇਕ ਨੂੰ ਵਾਚਕ ਕਿਹਾ ਜਾਂਦਾ ਹੈ, ਦੂਸਰੇ ਨੂੰ ਮਾਨਸਕ ਕਿਹਾ ਜਾਂਦਾ ਹੈ। ਉਚੀ-ਉਚੀ ਨਾਮ ਜਪਣ ਨੂੰ ਬੈਖਰੀ ਬਾਣੀ ਦਾ ਜਾਪ ਕਿਹਾ ਜਾਂਦਾ ਹੈ ਅਤੇ ਖਿਆਲ ਨਾਲ ਨਾਮ ਜਪਣਾ ਮਾਨਸਕ ਜਾਪ ਹੋਇਆ ਕਰਦਾ ਹੈ। ਮਾਨਸਕ ਜਾਪ ਵੀ ਮੰਨਣ ਤੇ ਧਿਆਨ ਦੇ ਭੇਦ ਨਾਲ ਦੋ ਪ੍ਰਕਾਰ ਦਾ ਹੁੰਦਾ ਹੈ। ਉਚੀ ਜਾਪ ਕਰਨ ਨਾਲੋਂ ਉਪਾਂਸੂ ਜਾਪ ਦਾ ਹਜ਼ਾਰ ਗੁਣਾਂ ਅਧਿਕ ਫਲ ਹੈ। ਐਸਾ ਵੀ ਮਹਾਂਪੁਰਸ਼ਾਂ ਦਾ ਵਿਚਾਰ ਹੈ ਕਿ ਬੈਖਰੀ ਬਾਣੀ ਵਿਚ, ਮਧਮਾ ਬਾਣੀ ਵਿਚ ਕੀਤੇ ਜਾਪ ਤੋਂ ਸੌ ਗੁਣਾਂ ਫਲ ਹੁੰਦਾ ਹੈ। ਪਸੰਤੀ ਬਾਣੀ ਅਤੇ ਬੈਖਰੀ ਬਾਣੀ ਵਿਚ ਕੀਤਾ ਹੋਇਆ ਜਾਪ 10,000 ਗੁਣਾਂ ਫਲ ਦਿੰਦਾ ਹੈ ਅਤੇ ਪਰਾ ਬਾਣੀ ਵਿਚ ਮਹਾਨ ਮੋਨ ਦੀ ਅਵਸਥਾ ਵਿਚ ਜੋ ਨਾਮ ਧੁਨ ਚਲਦੀ ਹੈ ਉਸ ਦਾ ਫਲ ਇਕ ਲੱਖ ਗੁਣਾਂ ਹੋਇਆ ਕਰਦਾ ਹੈ। ਇਹ ਅਨੁਭਵੀ ਮਹਾਂਪੁਰਸ਼ ਚੰਗੀ ਤਰ੍ਹਾਂ ਜਾਣਦੇ ਹਨ ਜੋ ਇਸ ਤਰ੍ਹਾਂ ਦੇ ਨਾਲ ਜਾਪ ਕਰਦੇ ਹਨ। ਜਦੋਂ ਮਨ ਦੇ ਵਿਚ ਮੰਤਰ ਸਥਿਤ ਹੋ ਜਾਂਦਾ ਹੈ ਤਾਂ ਮੰਤਰ ਵਿਚ ਮਨ ਸਥਿਤ ਹੋ ਜਾਂਦਾ ਹੈ। ਜਾਪ ਅਤੇ ਜਪਣ ਵਾਲਾ ਇਕ ਹੋ ਜਾਂਦਾ ਹੈ। ਇਕ ਸੂਫੀ ਫਕੀਰ ਆਪਣੇ ਸ਼ਿਸ਼ ਨੂੰ ਸਮਝਾ ਰਹੇ ਹਨ ਕਿ ਜਦੋਂ ਧਿਆਨ ਕਰਨ ਵਾਲਾ, ਪ੍ਰਮੇਸ਼ਰ ਅਤੇ ਬਿਰਤੀ ਇਕ ਰੂਪ ਵਿਚ ਲੈਅ ਹੋ ਜਾਂਦੇ ਹਨ ਅਤੇ ਧਿਆਤਾ ਧਿਆਨ ਧੇਅ ਇਕੋ ਹੀ ਪ੍ਰਤੀਤ ਹੋਣ ਤਾਂ ਇਸ ਤਰ੍ਹਾਂ ਬੰਦਗੀ ਹੁੰਦੀ ਹੈ। ਕੇਵਲ ਜ਼ੁਬਾਨ ਨਾਲ ਅੱਲਾਹ ਕਹਿਣਾ ਇਹ ਬੰਦਗੀ ਨਹੀਂ ਹੈ।

*ਜ਼ਾਕਰੋ ਮਫਕੂਰ ਜ਼ਿਕ੍ਰ ਆਮਦ ਦੱਰਯਕੇ।*
*ਨਾ ਹਮੀ ਜ਼ਿਕ੍ਰੀ ਕਿ ਬਾਸ਼ਦ ਬਰ ਜ਼ਬਾਂ।*

ਰਾਜਕੁਮਾਰੀ ਹਰ ਰੋਜ਼ ਸਮੇਂ ਸਿਰ ਉਸ ਮੱਠ ਵਿਚ ਪਹੁੰਚ ਜਾਂਦੀ ਹੈ। ਪਹਿਲਾਂ-ਪਹਿਲਾਂ ਉਹ ਸਿਰਫ ਦੋ ਢਾਈ ਘੰਟੇ ਹੀ ਬੈਠਦੀ ਸੀ, ਹੁਣ ਜਦੋਂ ਨਾਮ ਦਾ ਰਸ ਆ ਗਿਆ, ਸਰੀਰ ਹੁਲਾਰੇ ਲੈਣ ਲਗ ਗਿਆ, ਝਰਨਾਟਾਂ ਆਉਂਦੀਆਂ ਹਨ, ਹੁਣ ਉਸ ਦਾ ਨਾਮ ਦੇ ਜਾਪ ਨੂੰ ਛੱਡਣ ਨੂੰ ਦਿਲ ਨਹੀਂ ਕਰਦਾ ਹੁਣ ਇਹ ਨਾਮ ਹੌਲੀ-ਹੌਲੀ ਸਹਿਜ ਨਾਲ ਸੁਆਸ ਉਪਰ ਆ ਗਿਆ। ਹੁਣ ਅੰਦਰ ਨੂੰ ਸੁਆਸ ਜਾਂਦਾ ਹੈ ਤਾਂ ਵੀ ਵਾਹਿਗੁਰੂ ਮੰਤਰ ਦਾ ਮਾਨਸਿਕ ਉਚਾਰਨ ਹੋ ਰਿਹਾ ਹੈ। ਜਦੋਂ ਬਾਹਰ ਨੂੰ ਆਉਂਦਾ ਹੈ ਤਾਂ ਵੀ ਵਾਹਿਗੁਰੂ ਮੰਤਰ ਦਾ ਉਚਾਰਨ ਹੋ ਰਿਹਾ ਹੈ। ਇਸ ਤਰ੍ਹਾਂ ਨਾਮ ਰਸ ਵਿਚ ਵਾਧਾ ਹੋ ਗਿਆ ਅਤੇ ਸੁਰਤੀ ਲਗਣ ਲਗ ਗਈ। ਹੁਣ ਕੋਈ ਫੁਰਨਾ ਨਹੀਂ ਆਉਂਦਾ। ਸੁਆਸ ਅੰਦਰ ਨੂੰ ਜਾਂਦੇ ਹਨ ਤਾਂ ਵੀ ਨਾਮ ਦਾ ਭਰਿਆ ਹੋਇਆ ਜਾਂਦਾ ਹੈ, ਬਾਹਰ ਨੂੰ ਆਉਂਦਾ ਹੈ ਤਾਂ ਵੀ ਨਾਮ ਦਾ ਭਰਿਆ ਹੋਇਆ ਆਉਂਦਾ ਹੈ। ਗੁਰੂ ਮਹਾਰਾਜ ਜੀ ਹੁਕਮ ਦਿੰਦੇ ਹਨ-

*ਧਾਰਨਾ - ਸੁਆਸ ਸੁਆਸ ਦੇ ਗੇੜੇ*
*ਜਪ ਲਓ ਵਾਹਿਗੁਰੂ*

*ਪੂਰੇ ਗੁਰ ਕਾ ਸੁਨਿ ਉਪਦੇਸੁ॥*
*ਪਾਰਬ੍ਰਹਮੁ ਨਿਕਟਿ ਕਰਿ ਪੇਖੁ॥*
*ਸਾਸਿ ਸਾਸਿ ਸਿਮਰਹੁ ਗੋਬਿੰਦ॥*
*ਮਨ ਅੰਤਰ ਕੀ ਉਤਰੈ ਚਿੰਦ॥*
*ਆਸ ਅਨਿਤ ਤਿਆਗਹੁ ਤਰੰਗ॥*
*ਸੰਤ ਜਨਾ ਕੀ ਧੂਰਿ ਮਨ ਮੰਗ॥*
*ਆਪੁ ਛੋਡਿ ਬੇਨਤੀ ਕਰਹੁ॥*
*ਸਾਧਸੰਗਿ ਅਗਨਿ ਸਾਗਰੁ ਤਰਹੁ॥*
*ਹਰਿ ਧਨ ਕੇ ਭਰਿ ਲੇਹੁ ਭੰਡਾਰ॥*
*ਨਾਨਕ ਗੁਰ ਪੂਰੇ ਨਮਸਕਾਰ॥*
*ਪੰਨਾ - 295*

ਹੁਣ ਸੁਆਸ ਕੋਈ ਵੀ ਖਾਲੀ ਨਹੀਂ ਰਹਿੰਦਾ। ਜਦੋਂ ਘਰ ਤੋਂ ਚਲਦੀ ਹੈ ਉਸ ਵੇਲੇ ਤੋਂ ਹੀ ਸੁਆਸਾਂ ਉਪਰ ਨਾਮ ਦਾ ਨਿਵਾਸ ਹੋ ਜਾਂਦਾ ਹੈ। ਇਥੇ ਮੈਂ ਇਕ ਗੱਲ ਦਸ ਦੇਣੀ ਚਾਹੁੰਦਾ ਹਾਂ ਕਿ ਸੁਆਸ-ਸੁਆਸ ਦੇ ਨਾਮ ਜਪਣ ਵਿਚ ਪ੍ਰਾਣਾਯਾਮ ਦੀ ਮਰਿਆਦਾ ਬਹੁਤ ਸਹਿਯੋਗ ਦਿੰਦੀ ਹੈ।

ਇਹ ਸਾਰੀਆਂ ਜੁਗਤੀਆਂ ਸਾਧਨਾਂ ਸੰਪੰਨ ਮਹਾਂਪੁਰਸ਼ ਪਾਸ ਹੋਇਆ ਕਰਦੀਆਂ ਹਨ। ਉਹ ਜਗਿਆਸੂ ਦੀ ਅਵਸਥਾ ਦੇਖ ਕੇ ਅਤੇ ਉਸ ਦਾ ਅਧਿਕਾਰ ਪਰਖ ਕੇ ਲੋੜੀਂਦੀ ਜੁਗਤੀ ਦਸ ਕੇ ਉਸ ਨੂੰ ਨਾਮ ਜਪਣ ਲਾ ਦਿੰਦੇ ਹਨ। ਜੁਗਤ ਕਹਿ ਲਓ ਜਾਂ ਫਾਰਮੂਲਾ ਕਹੋ ਇਹ ਹਰ ਕਾਰਜ ਵਿਚ ਸਹਾਇਤਾ ਕਰਿਆ ਕਰਦਾ ਹੈ। ਤੁਸੀਂ ਇਕ ਐਲਜੈਬਰੇ ਦਾ ਸਵਾਲ ਕੱਢਣਾ ਹੋਵੇ ਜੇ ਫਾਰਮੂਲਾ ਨਾ ਪਤਾ ਹੋਵੇ ਤਾਂ ਬਹੁਤ ਸਮਾਂ ਨਸ਼ਟ ਹੋ ਜਾਂਦਾ ਹੈ ਅਤੇ ਸਹੀ ਉਤਰ ਵੀ ਨਹੀਂ ਮਿਲਦਾ। ਇਸੇ ਤਰ੍ਹਾਂ ਨਾਮ ਜਾਪ ਵਿਚ ਮਹਾਂਪੁਰਸ਼ਾਂ ਦੀ ਸਹਾਇਤਾ ਦੀ ਅਤੇ guidance ਦੀ ਲੋੜ ਰਹਿੰਦੀ ਹੈ। ਗੁਰੂ ਪਾਤਸ਼ਾਹ ਜੀ ਨੇ ਇਸੇ ਲਈ ਫੁਰਮਾਨ ਕੀਤਾ ਹੈ ਕਿ -

*ਜਨੁ ਨਾਨਕੁ ਧੂੜਿ ਮੰਗੈ*
*ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*
*ਪੰਨਾ - 306*

*ਕਬੀਰ ਸੇਵਾ ਕਉ ਦੁਇ ਭਲੇ*
*ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ*
*ਸੰਤੁ ਜਪਾਵੈ ਨਾਮੁ॥ ਪੰਨਾ - 1373*

ਪ੍ਰਾਣਾਯਾਮ ਪ੍ਰਾਣਾਂ ਨੂੰ ਸੰਤੁਲਨ ਵਿਚ ਲਿਆ ਕੇ ਸੁਰਤੀ ਨੂੰ ਇਕਾਗਰ ਕਰਨ ਦੀ ਇਕ ਵਿਦਿਆ ਹੈ। ਇਸ ਵਿਚ ਛੋਟਾ ਪ੍ਰਾਣਾਯਾਮ, ਮੱਧਮ ਪ੍ਰਾਣਾਯਾਮ ਅਤੇ

ਵਿਚਲਾ ਪ੍ਰਾਣਾਯਾਮ ਅਤੇ ਲੰਮਾ ਪ੍ਰਾਣਾਯਾਮ ਚਾਰ ਭੇਦ ਹਨ। ਪਹਿਲਾਂ-ਪਹਿਲਾਂ ਸਾਧਕ ਦੀ ਸੁਰਤੀ ਨਹੀਂ ਲੱਗਿਆ ਕਰਦੀ ਕਿਉਂਕਿ ਕਰੋੜਾਂ ਸਾਲ ਤੋਂ ਮਨ ਅਵਾਰਾ ਘੁੰਮਦਾ ਹੈ। ਉਹ ਬਾਰ-ਬਾਰ ਬਾਹਰ ਦੌੜਦਾ ਹੈ। ਅੰਦਰ ਟਿਕਾਉਣ ਲਈ ਜ਼ਰੂਰੀ ਹੈ ਕਿ ਕੋਈ ਸਾਧਨ ਵਰਤਿਆ ਜਾਵੇ, ਮਨ ਸੁਆਸ ਦੀ ਸਵਾਰੀ ਕਰਦਾ ਹੈ। ਇਉਂ ਸਮਝੋ ਕਿ ਮਨ ਦਾ ਘੋੜਾ ਸੁਆਸ ਹੈ। ਜੇ ਘੋੜੇ ਦੀਆਂ ਬਾਗਾਂ ਫੜ ਲਈਆਂ ਜਾਣ ਤਾਂ ਸਵਾਰ ਵੀ ਉਥੇ ਹੀ ਰੁਕ ਜਾਂਦਾ ਹੈ। ਇਸ ਕਰਕੇ ਇਸ ਅਵਸਥਾ ਵਿਚ ਛੋਟੇ ਪ੍ਰਾਣਾਯਾਮ ਦੀ ਜਾਂ ਮੱਧਮ ਪ੍ਰਾਣਾਯਾਮ ਦੀ ਅਵਸ਼ਕਤਾ ਹੋਇਆ ਕਰਦੀ ਹੈ। ਸੁਆਸ ਨਾਲ ਜਪੇ ਹੋਏ ਨਾਮ ਨੂੰ ਸੁਰਤ ਨੂੰ ਪੂਰੀ ਤਰ੍ਹਾਂ ਇਕਾਗਰ ਕਰਕੇ ਅੰਦਰ ਸੁਣਨਾ ਹੈ। ਇਸ ਤਰ੍ਹਾਂ ਸੁਣਦੇ-ਸੁਣਦੇ ਨਾਮ ਐਨਰਜੀ ਨਾਮ ਸ਼ਕਤੀ, ਧੁਨ ਪੈਦਾ ਕਰਦੀ ਪ੍ਰਤੀਤ ਦਿੰਦੀ ਹੈ। ਉਹ ਧੁਨ ਬਹੁਤ ਰਸੀਲੀ ਹੁੰਦੀ ਹੈ ਜਦੋਂ ਉਸ ਨੂੰ ਬਹੁਤ ਗਹਿਰਾ ਲੈ ਜਾਈਏ ਤਾਂ ਆਪਣੇ ਸਰੀਰ ਦਾ ਚੇਤਾ ਭੁੱਲ ਜਾਂਦਾ ਹੈ, ਆਲੇ ਦੁਆਲੇ ਦੇ ਵਾਤਾਵਰਣ ਬਾਰੇ ਕੁਝ ਵੀ ਗਿਆਤ ਨਹੀਂ ਰਹਿੰਦੀ। ਨਾ ਉਥੇ ਕੋਈ ਸਮੇਂ ਦਾ ਪਤਾ ਰਹਿੰਦਾ ਹੈ, ਨਾ ਦੁਨੀਆਂ ਦਾ ਪਤਾ ਲਗਦਾ ਹੈ, ਬਿਰਤੀ ਇਕਾਗਰ ਹੋ ਕੇ ਨਾਮ ਦਾ ਰੂਪ ਬਣ ਜਾਂਦੀ ਹੈ, ਨਾਮ ਧੁਨ ਸੰਗੀਤਮਈ ਧੁਨ ਬਣ ਕੇ ਮਨ ਨੂੰ ਪੋਂਹਦੀ ਹੈ। ਇਸ ਤਰ੍ਹਾਂ ਸੁਰਤ ਸੁਆਸ ਤੋਂ ਵਖਰੀ ਹੋ ਜਾਇਆ ਕਰਦੀ ਹੈ ਹੁਣ ਸੁਆਸ ਨਾਲ ਨਾਮ ਨਹੀਂ ਜਪਿਆ ਜਾ ਰਿਹਾ, ਕੋਈ ਪਤਾ ਨਹੀਂ ਕਿ ਸੁਆਸ ਆਉਂਦਾ ਹੈ ਜਾਂ ਰੁਕਿਆ ਪਿਆ ਹੈ। ਜੇ ਪਤਾ ਰਹਿ ਜਾਂਦਾ ਹੈ ਤਾਂ ਕੇਵਲ ਇਹ ਪਤਾ ਹੈ ਕਿ ਨਾਮ ਦੀ ਧੁਨ ਚਲ ਰਹੀ ਹੈ ਇਸ ਇਕਾਗਰਤਾ ਵਿਚ ਜੋ ਸੁਆਸ ਦੀ ਅਵਾਜ਼ ਹੈ ਧੀਮੀ ਤੋਂ ਧੀਮੀ ਅਵਾਜ਼ ਉਹ ਵੀ ਵਿਘਨਕਾਰੀ ਹੋ ਜਾਇਆ ਕਰਦੀ ਹੈ। ਇਸ ਕਰਕੇ ਸੁਰਤ ਨੂੰ ਸੁਆਸ ਤੋਂ ਉਪਰ ਚੁਕਣਾ ਪੈਂਦਾ ਹੈ ਅਤੇ ਹੁਣ ਸੁਰਤ ਅਤੇ ਨਾਮ ਇਕ ਹੋ ਜਾਂਦੇ ਹਨ। ਹੁਣ ਇਸ ਮਾਰਗ ਵਿਚ ਅਸਾਨੂੰ ਭੁਜੰਗਾ ਨਾੜੀ ਅਤੇ ਆਗਿਆ ਚੱਕਰ, ਸਵਾਧਿਸ਼ਠਾਨ ਚੱਕਰ, ਮਣੀਪੂਰਕ, ਅਨਾਹਤ ਅਤੇ ਵਿਸ਼ੁੱਧ ਚੱਕਰ ਵੇਧਨ ਦੀ ਕੋਈ ਵੀ ਲੋੜ ਨਹੀਂ ਰਹਿੰਦੀ ਜਿਉਂ-ਜਿਉਂ ਸੁਰਤ ਇਕਾਗਰ ਹੁੰਦੀ ਜਾਂਦੀ ਹੈ ਤਿਉਂ-ਤਿਉਂ ਇਸ ਤਰ੍ਹਾਂ ਮਹਿਸੂਸ ਹੋਣ ਲਗ ਜਾਂਦਾ ਹੈ ਕਿ ਕੋਈ ਸ਼ਕਤੀ ਇਸ ਧੁਨ ਦੀ ਸਹਾਇਕ ਹੋ ਕੇ ਉਪਰ ਨੂੰ ਉਠਾ ਰਹੀ ਹੈ। ਜੇ ਫੁਰਨਾ ਕਰਕੇ ਜਾਣਿਆ ਜਾਵੇ ਕਿ ਇਹ ਕੁੰਡਲਨੀ ਸ਼ਕਤੀ ਹੈ ਅਤੇ ਸੁਰਤ ਅਨੇਕ ਕਿਸਮ ਦੇ ਪ੍ਰਕਾਸ਼ ਦੇਖਣ ਲਗ ਜਾਂਦੀ ਹੈ ਤਾਂ ਸੁਰਤ ਵਿਚ ਖਿੰਡਾਓ ਆ ਜਾਂਦਾ ਹੈ। ਸੁਰਤ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਛੱਡ ਕੇ ਇਸ ਧੁਨ ਵਿਚੋਂ ਪ੍ਰਤੀਤ ਹੁੰਦੀ ਸ਼ਕਤੀ ਦੇ ਕਾਰਨ ਆਪਣੇ ਆਪ ਹੀ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਵਾਲੀ ਥਾਂ ਜਿਸ ਨੂੰ ਆਗਿਆ ਚੱਕਰ ਆਖਦੇ ਹਨ ਇਥੇ ਆ ਕੇ ਟਿਕ ਜਾਂਦੀ ਹੈ, ਇਸ ਥਾਂ ਦੋ ਕਿਸਮ ਦੀ ਹਾਲਤ ਅਨੁਭਵ ਹੁੰਦੀ ਹੈ ਇਕ ਤਾਂ ਨਾਮ ਧੁਨ ਦੇ ਰਸੀਲੇ ਅਸਰ ਵਿਚ ਗੜੂੰਦ ਹੋਈ ਰਹਿੰਦੀ ਹੈ, ਦੂਸਰੀ ਅਵਸਥਾ ਇਥੇ ਸਾਕਾਰ ਦੇ ਧਿਆਨ ਦੀ ਪੈਦਾ ਹੁੰਦੀ ਹੈ। ਧੁਨ ਦਾ ਧਿਆਨ ਬਹੁਤ ਸ੍ਰੇਸ਼ਟ ਹੈ ਪਰ ਭਗਤੀ ਮਾਰਗ ਵਿਚ ਗੁਰੂ ਦਾ ਧਿਆਨ ਵੀ ਬਹੁਤ ਜ਼ਰੂਰੀ ਹੈ। ਗੁਰੂ ਦਾ ਪਿਆਰ, ਗੁਰੂ ਦੇ ਦਰਸ਼ਨ, ਗੁਰੂ ਦੇ ਵਜੂਦ ਨਾਲ ਸਾਂਗੋਪਾਂਗ ਹੋਣਾ ਅਸਾਡੇ ਸੁਭਾਅ ਨੂੰ ਬਹੁਤ ਪੋਂਹਦਾ ਹੈ। ਅਸੀਂ ਇਕ ਨਵਾਂ ਤਜਰਬਾ ਅਨੁਭਵ ਕਰਦੇ ਹਾਂ। ਗੁਰੂ ਸਾਖਸ਼ਾਤਕਾਰ ਰੂਪ ਵਿਚ ਨਜ਼ਰੀਂ ਪੈਂਦੇ ਹਨ। ਇਥੇ ਮੈਂ ਇਕ ਗੱਲ ਦਸ ਦੇਣੀ ਚਾਹੁੰਦਾ ਹਾਂ ਕਿ ਇਸ ਗੱਲ ਦਾ ਨਿਰਣਾ ਮਹਾਤਮਾ ਲਾਉਂਦੇ ਹਨ ਕਿ ਇਸ ਸਾਧਕ ਨੂੰ ਕੇਵਲ ਸ਼ਬਦ ਧੁਨ ਨਾਲ ਹੀ ਜੋੜ ਕੇ ਉਪਰ ਚੜ੍ਹਾਉਣਾ ਹੈ ਜਾਂ ਕਿਸੇ ਵਜੂਦ ਦਾ ਧਿਆਨ ਧਰਾ ਕੇ ਉਸ ਨੂੰ ਭਗਵਾਨ ਦੇ ਨੇੜੇ ਪਹੁੰਚਾਉਣਾ ਹੈ। ਆਗਿਆ ਚੱਕਰ ਗੁਰੂ ਅਤੇ ਜੀਵ ਦਾ ਸਥਾਨ ਹੈ ਜਦੋਂ ਕਿ ਹੇਠਲੇ ਪੰਜ ਚੱਕਰ ਗਣੇਸ਼ ਜੀ, ਬ੍ਰਹਮਾ ਜੀ, ਵਿਸ਼ਨੂੰ ਜੀ, ਸ਼ਿਵ ਜੀ, ਬ੍ਰਹਿਸਪਤਿ ਆਦਿ ਦੇ ਚੱਕਰ ਹਨ ਅਤੇ ਗੁਰੂ ਹਮੇਸ਼ਾ ਹੀ ਪਾਰਬ੍ਰਹਮ ਪ੍ਰਮੇਸ਼ਰ ਹੋਇਆ ਕਰਦਾ ਹੈ ਜਿਵੇਂ ਕਿ ਫੁਰਮਾਨ ਹੈ-

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥ ਪੰਨਾ - 442*
*ਗੁਰੁ ਪਰਮੇਸਰੁ ਏਕੋ ਜਾਣੁ॥*
*ਪੰਨਾ - 864*

ਇਥੇ ਗੁਰੂ ਉਪਰ ਕਿਸੇ ਕਿਸਮ ਦਾ ਵੀ ਸ਼ੰਕਾ ਨਹੀਂ ਹੋਇਆ ਕਰਦਾ। ਸਤਿ ਰੂਪ ਵਿਚ ਗੁਰੂ ਪ੍ਰਮੇਸ਼ਰ ਹੀ ਹੁੰਦਾ ਹੈ ਭਾਵੇਂ ਦੇਵਤੇ ਦਾ ਧਿਆਨ ਹੈ, ਭਾਵੇਂ ਗੁਰੂ ਦਾ ਧਿਆਨ ਹੈ, ਭਾਵੇਂ ਮੌਜੂਦਾ ਸੰਤ ਦਾ ਧਿਆਨ ਹੈ, ਉਹ ਇਕ ਪ੍ਰਤੀਕ ਹੋਇਆ ਕਰਦਾ ਹੈ ਜਿਸ ਰਾਹੀਂ ਅਸੀਂ ਸਰਗੁਣ ਅਸਥਾਨ ਤੋਂ ਉਠ ਕੇ ਨਿਰਗੁਣ ਵਿਚ ਜਿਥੇ ਕੋਈ ਰੂਪ ਰੰਗ ਰੇਖ ਭੇਖ ਨਹੀਂ ਹੋਇਆ ਕਰਦਾ ਉਥੇ ਪ੍ਰਵੇਸ਼ ਕਰਨਾ ਹੈ। ਇਸ ਅਸਥਾਨ ਤੇ ਜਦੋਂ ਸੁਖਮਤਾ ਦੇ ਨਾਲ ਸੁਰਤ ਟਿਕਾ ਲਈ ਜਾਵੇ ਤਾਂ ਨਾਲ ਲਗਦਾ ਹੀ ਤ੍ਰਿਕੁਟੀ ਅਸਥਾਨ ਹੈ, ਇਸ ਨੂੰ ਪਹਿਲੀ ਤ੍ਰਿਕੁਟੀ ਆਖਦੇ ਹਨ। ਇਹ ਧਿਆਤਾ ਧਿਆਨ, ਧੇਅ ਦੀ ਤ੍ਰਿਕੁਟੀ ਹੋਇਆ ਕਰਦੀ ਹੈ। ਇਕ ਧਿਆਨ ਕਰਨ ਵਾਲਾ, ਇਕ ਜਿਸ ਦਾ ਧਿਆਨ ਧਰਿਆ ਜਾਂਦਾ ਹੈ, ਇਕ ਜੋ ਸਾਧਨ ਹੈ, ਜਿਸ ਨੂੰ ਧੇਅ ਆਖਦੇ ਹਨ। ਤਿੰਨ ਚੀਜ਼ਾਂ ਹੋਣ ਕਰਕੇ ਇਨ੍ਹਾਂ ਨੂੰ ਤ੍ਰਿਕੁਟੀ ਆਖਦੇ ਹਨ। ਇਸ ਥਾਂ ਭਗਤੀ ਮਾਰਗ ਵਿਚ ਸਾਧਨ ਕਰਨਾ ਹਦ ਤੋਂ ਜ਼ਿਆਦਾ ਜ਼ਰੂਰੀ ਹੈ ਕਿਉਂਕਿ ਸਾਧਕ ਦੇ ਮਨ ਵਿਚ ਤਿੰਨ ਵੱਡੇ ਦੋਸ਼ ਹਨ ਜਿਨ੍ਹਾਂ ਕਰਕੇ ਇਹ ਪ੍ਰਭੂ ਨਾਲੋਂ ਵਿਛੜਿਆ ਹੋਇਆ ਹੈ - ਮਲ, ਵਿਖਸ਼ੇਪ ਅਤੇ ਆਵਰਨ। ਮਲ ਦੇ ਦੋਸ਼ ਨੂੰ ਅਸੀਂ ਨਿਸ਼ਕਾਮ ਕਰਮਾਂ ਰਾਹੀਂ ਦੂਰ ਕਰਦੇ ਹਾਂ ਜਿਸ ਦੇ ਬਾਰੇ ਬਹੁਤ ਹੀ ਵਿਸਥਾਰ ਨਾਲ ਪਿਛੇ ਦਸਿਆ ਜਾ ਚੁਕਿਆ ਹੈ। ਦੂਸਰਾ ਦੋਸ਼ ਮਨ ਦੀ ਵਿਖਸ਼ੇਪਤਾ ਦਾ ਹੈ। ਇਸ ਨੂੰ ਦੂਰ ਕਰਨ ਲਈ

ਉਪਾਸ਼ਨਾ ਜ਼ਰੂਰੀ ਹੈ। ਉਪਾਸ਼ਨਾ ਦੇ ਬਾਰੇ ਜਦੋਂ ਅਸੀਂ ਮਹਾਂਪੁਰਸ਼ਾਂ ਦੇ ਜੀਵਨ ਪੜ੍ਹਦੇ ਹਾਂ ਤਾਂ ਸਿਧਾਂਤਕ ਸਚਾਈਆਂ ਦੀ ਸਾਨੂੰ ਗਿਆਤ ਹੁੰਦੀ ਹੈ ਤਾਂ ਅਸੂਲ ਇਹ ਹੋਇਆ ਕਰਦਾ ਹੈ ਕਿ ਜਦੋਂ ਸਾਧਕ, ਸਿੱਖ ਚਿਤ ਇਕਾਗਰ ਕਰਕੇ ਆਪਣੇ ਗੁਰੂ ਨਾਲ ਧਿਆਨ ਜੋੜਦਾ ਹੈ ਤਾਂ ਉਸਦੀ ਅਰਦਾਸ ਗੁਰੂ ਤਕ ਪਹੁੰਚਦੀ ਹੈ ਅਤੇ ਉਸ ਦੀ ਧਿਆਨ ਸ਼ਕਤੀ ਦੀ ਐਨਰਜੀ ਗੁਰੂ ਪਾਸ ਪ੍ਰਤੱਖ ਰੂਪ ਵਿਚ ਪਹੁੰਚ ਜਾਇਆ ਕਰਦੀ ਹੈ। ਗੁਰੂ ਐਸੇ ਸਾਧਕ ਦੀ ਭਾਵਨਾ ਨੂੰ ਪੂਰਨ ਰੂਪ ਵਿਚ ਜਾਣਦੇ ਹੋਏ ਉਸ ਦੀ ਰਖਸ਼ਾ ਕਰਦੇ ਹਨ।

ਗੁਰ ਇਤਿਹਾਸ ਵਿਚ ਆਉਂਦਾ ਹੈ ਕਿ ਮੱਖਣਸ਼ਾਹ ਲੁਬਾਣਾ ਆਪਣੇ ਜਹਾਜ਼ਾਂ ਵਿਚ ਮਾਲ ਭਰ ਕੇ ਸੰਗਲਾਦੀਪ ਵਿਚ ਵਪਾਰ ਕਰਨ ਦੇ ਅਦੇਸ਼ ਨਾਲ ਸਮੁੰਦਰ ਵਿਚ ਜਾ ਰਿਹਾ ਸੀ। ਉਸ ਨੇ ਤੁਰਨ ਤੋਂ ਪਹਿਲਾ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਪਰ ਰਸਤੇ ਵਿਚ ਉਸ ਦਾ ਬੇੜਾ ਡਾਵਾਂਡੋਲ ਹੋ ਗਿਆ। ਮਲਾਹਾਂ ਨੇ ਬਹੁਤ ਦੇਵੀ ਦੇਵਤੇ ਸ਼ਕਤੀਆਂ, ਖਵਾਜਾ ਖਿਜਰ ਮਨਾਏ ਪਰ ਜਹਾਜ਼ ਬਰੇਤੇ ਵਲ ਨੂੰ ਵਧ ਰਿਹਾ ਸੀ। ਜਵਾਹਰਭਾਟਾ ਆਏ ਸਮੇਂ ਜੇ ਜਹਾਜ਼ ਬਰੇਤੇ ਵਲ ਵਧ ਜਾਵੇ ਤਾਂ ਜਵਾਹਰਭਾਟਾ ਉਤਰਨ ਸਮੇਂ ਉਸ ਜਹਾਜ਼ ਨੂੰ ਬਰੇਤੇ ਤੇ ਹੀ ਠਹਿਰਨਾ ਪੈਂਦਾ ਹੈ। ਇਹ ਭੀ ਪਤਾ ਨਹੀਂ ਕਿ ਕਦ ਦੂਜੀ ਵਾਰੀ ਜਵਾਹਰਭਾਟਾ ਆਵੇ ਤੇ ਉਹ ਜਹਾਜ਼ ਸਮੁੰਦਰ ਵਿਚ ਲਿਜਾ ਸਕੇ।

ਉਸ ਸਮੇਂ ਮੱਖਣਸ਼ਾਹ ਲੁਬਾਣੇ ਨੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਕੀਤੀ ਉਸ ਨੂੰ ਐਨੀ ਗਿਆਤ ਸੀ ਕਿ ਗੁਰੂ ਨਾਨਕ ਪਾਤਸ਼ਾਹ ਦਾ ਅੱਠਵਾਂ ਸਰੂਪ ਗੁਰੂ ਹਰਿ ਕ੍ਰਿਸ਼ਨ ਮਹਾਰਾਜ ਦਾ ਹੈ, ਉਸ ਨੇ 500 ਮੋਹਰ ਇਸ ਕਾਰਜ ਨੂੰ ਸਫਲ ਹੋਣ ਤੇ ਧੰਨਵਾਦ ਵਜੋਂ ਭੇਟਾ ਕਰਨ ਦੀ ਸੁਖਣਾ ਸੁਖੀ। ਜਹਾਜ਼ ਗਹਿਰੇ ਸਮੁੰਦਰ ਵਿਚ ਹੋ ਗਿਆ। ਵਪਾਰ ਕਰਕੇ ਉਸ ਨੂੰ ਬਹੁਤ ਮੁਨਾਫਾ ਹੋਇਆ। ਸੱਚਾ ਗੁਰਸਿੱਖ ਸੀ ਗੁਰੂ ਦਾ ਦਸਵੰਧ ਅਤੇ ਸੁਖਣਾ ਦੇਣ ਲਈ ਉਹ ਪੰਜਾਬ ਵਿਚ ਆਇਆ। ਉਸ ਨੂੰ ਪਤਾ ਲੱਗਿਆ ਕਿ ਗੁਰੂ ਤਾਂ ਜੋਤੀ ਜੋਤ ਸਮਾਅ ਗਏ ਹਨ, ਹੁਣ ਅਗਲੇ ਗੁਰੂ ਦਾ ਕੁਝ ਵੀ ਪਤਾ ਨਹੀਂ ਲਗਦਾ। ਗੁਰੂ ਗੁਪਤ ਹੋ ਗਿਆ ਅਤੇ ਬਾਬੇ ਬਕਾਲੇ ਵਿਚ ਗੁਰੂ ਦੀ ਹੋਂਦ ਲਈ ਅੱਠਵੇਂ ਪਾਤਸ਼ਾਹ ਬਚਨ ਕਰ ਗਏ ਹਨ। ਉਥੇ ਆ ਕੇ ਜਦੋਂ ਦੇਖਦਾ ਹੈ ਤਾਂ ਗੱਦੀਆਂ ਲਾਈ 22 ਗੁਰੂ ਬੈਠੇ ਹਨ। ਏਜੰਟ ਰੱਖੇ ਹੋਏ ਹਨ ਅਤੇ ਹਰ ਕੋਈ ਇਹੀ ਆਖ ਰਿਹਾ ਹੈ ਕਿ ਮੇਰਾ ਗੁਰੂ ਪੂਰਨ ਹੈ। ਉਹ ਏਜੰਟ ਜਿਨ੍ਹਾਂ ਨੂੰ ਮਸੰਦ ਆਖਿਆ ਜਾਂਦਾ ਹੈ 22 ਨਵੇਂ ਬਣਿਆਂ ਗੁਰੂਆਂ ਕੋਲ ਜਗਿਆਸੂ ਨੂੰ ਲੈ ਜਾਂਦੇ ਹਨ। ਮੱਖਣਸ਼ਾਹ ਦੀ ਇਸ ਤਰ੍ਹਾਂ ਨਾਲ ਤਸੱਲੀ ਨਾ ਹੋਣ ਕਰਕੇ ਉਸ ਦੇ ਮਨ ਵਿਚ ਆਇਆ ਕਿ ਪਰਖ ਕੇ ਗੁਰੂ ਲੱਭ ਲਿਆ ਜਾਵੇ, ਉਸ ਨੇ ਦੋ ਮੋਹਰਾਂ ਹਰ ਗੁਰੂ ਅੱਗੇ ਰੱਖ ਕੇ ਮੱਥਾ ਟੇਕਣਾ ਸ਼ੁਰੂ ਕਰ ਦਿਤਾ। ਉਸ ਨੇ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ! ਤੁਸੀਂ ਮੇਰੀ ਸੁਖਣਾ ਬਾਰੇ ਮੈਨੂੰ ਗਿਆਤ ਕਰਾ ਕੇ ਭੇਟਾ ਕਰਾ ਲਵੋ। ਅਖੀਰ ਉਸ ਦੀ ਸ਼ਰਧਾ ਅਤੇ ਖੋਜ ਨੂੰ ਫਲ ਲੱਗਿਆ। ਉਸ ਨੂੰ ਪਤਾ ਲੱਗਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਇਥੇ ਗੁਪਤ ਰੂਪ ਵਿਚ ਆਪਣੇ ਭੋਰੇ ਵਿਚ ਰਹਿ ਰਹੇ ਹਨ ਉਨ੍ਹਾਂ ਪਾਸ ਵੀ ਉਹ ਪਹੁੰਚਿਆ, ਪੰਜ ਮੋਹਰਾਂ ਭੇਟ ਕੀਤੀਆਂ।

ਹੁਣ ਗੁਰੂ ਮਹਾਰਾਜ ਨੂੰ ਇਹ ਸਮੱਸਿਆ ਸੀ ਕਿ ਜੇ ਅਸੀਂ ਨਹੀਂ ਦਸਦੇ ਤਾਂ ਇਸ ਸਿੱਖ ਦੀ ਸ਼ਰਧਾ ਟੁੱਟ ਜਾਵੇਗੀ। ਦਸਣਾ ਉਹ ਚਾਹੁੰਦੇ ਨਹੀਂ ਸਨ ਕਿਉਂਕਿ ਸਾਰੇ ਗੁਰੂਆਂ ਨੇ ਵਿਰੋਧੀ ਬਣ ਜਾਣਾ ਸੀ ਅਤੇ ਖੇਚਲਾਂ ਸ਼ੁਰੂ ਹੋ ਜਾਣੀਆਂ ਸਨ। ਜਦੋਂ ਇਸ ਨੇ ਪੰਜ ਮੋਹਰਾਂ ਰੱਖੀਆਂ ਤਾਂ ਆਪ ਨੇ ਇਸ ਨੂੰ ਬਿਰਦ ਪਛਾਣਦਿਆਂ ਕਿਹਾ ਕਿ 500 ਸੁੱਖ ਕੇ ਪੰਜ ਦੇ ਰਿਹਾ ਹੈਂ? ਸਾਨੂੰ ਮਾਇਆ ਦੀ ਭੁੱਖ ਨਹੀਂ। ਜੇ ਅਸੀਂ ਤੈਨੂੰ ਨਾ ਦਸਿਆ ਤਾਂ ਤੂੰ ਅਸ਼ਰਧਕ ਹੋ ਕੇ ਚਲਿਆ ਜਾਵੇਂਗਾ। ਸੋ ਗੁਰੂ ਸਿੱਖ ਨਾਲ ਅੰਤਰ ਆਤਮੇ ਪਰਤੱਖ ਰੂਪ ਵਿਚ ਵਰਤਦਾ ਹੈ।

ਇਸੇ ਤਰ੍ਹਾਂ ਨਾਲ ਗੁਰੂ ਇਤਿਹਾਸ ਵਿਚ ਇਕ ਸਾਖੀ ਆਉਂਦੀ ਹੈ ਕਿ ਗੁਰੂ ਸਤਵੇਂ ਪਾਤਸ਼ਾਹ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸੰਗਤ ਵਿਚ ਆਪਣੀ ਗੱਦੀ ਤੇ ਸ਼ਸੋਭਤ ਹੋ ਕੇ ਸ੍ਵੈ ਸਰੂਪ ਵਿਚ ਲੀਨ ਹੋ ਗਏ। ਜਦੋਂ ਕੀਰਤਨ ਦਾ ਭੋਗ ਪਿਆ, ਉਸ ਵੇਲੇ ਆਪ ਨੇ ਨੇਤਰ ਨਾ ਖੋਲ੍ਹੇ। ਸਾਰੇ ਗੁਰਸਿੱਖ ਇੰਤਜ਼ਾਰ ਕਰ ਰਹੇ ਸਨ, ਆਪ ਨੇ ਦਿਨ ਦੇ ਚਾਰ ਵਜੇ ਨੇਤਰ ਖੋਲ੍ਹ ਕੇ ਕਿਹਾ, ਧੰਨ ਸਿੱਖੀ-ਧੰਨ ਸਿੱਖੀ। ਉਸ ਵੇਲੇ ਮੁਖੀ ਗੁਰਸਿੱਖਾਂ ਨੇ ਕਿਹਾ ਕਿ ਪਾਤਸ਼ਾਹ! ਇਸ ਧੰਨ ਸਿੱਖੀ ਕਹਿਣ ਵਿਚ ਕੀ ਭੇਦ ਹੈ। ਤਾਂ ਪਾਤਸ਼ਾਹ ਨੇ ਕਿਹਾ ਕਿ ਪਿਆਰਿਓ! ਪਿਸ਼ਾਵਰ ਵਿਚ ਭਾਈ ਗੋਂਦਾ ਨਾਮ ਦਾ ਜੋ ਸਿੱਖ ਹੈ ਉਸ ਨੇ ਅਸਾਡੇ ਚਰਨ ਧਿਆਨ ਸ਼ਕਤੀ ਨਾਲ ਫੜ ਰੱਖੇ ਸਨ ਜੇ ਅਸੀਂ ਆਪਣੇ ਚਰਨ ਛੁਡਾਉਂਦੇ ਤਾਂ ਉਸ ਦੀ ਸੁਰਤੀ ਨੂੰ ਖੇਦ ਪਹੁੰਚਣਾ ਸੀ। ਹੁਣ ਉਹ ਸਮਾਧੀ ਤੋਂ ਉਥਾਨ ਹੋਇਆ ਹੈ, ਉਹ ਤੁਰਿਆ ਹੈ ਤਾਂ ਅਸੀਂ ਵੀ ਸਾਵਧਾਨ ਹੋਏ ਹਾਂ।

ਇਸ ਤਰ੍ਹਾਂ ਗੁਰੂ ਦਸ਼ਮੇਸ਼ ਪਿਤਾ ਜੀ ਦੇ ਜੀਵਨ ਵਿਚ ਵੀ ਐਸੀਆਂ ਕਥਾਵਾਂ ਆਉਂਦੀਆਂ ਹਨ। ਗੁਰੂ ਛੇਵੇਂ ਪਾਤਸ਼ਾਹ ਦੇ ਇਤਿਹਾਸ ਵਿਚ ਵੀ ਭਾਈ ਬਿਧੀ ਚੰਦ ਦੇ ਧਿਆਨ ਦੀ ਕਥਾ ਆਉਂਦੀ ਹੈ। ਸੋ ਧਿਆਨ ਧਰਨਾ ਜ਼ਰੂਰੀ ਹੋਇਆ ਕਰਦਾ ਹੈ। ਇਸ ਸਾਰੀ ਕ੍ਰਿਆ ਨੂੰ ਉਪਾਸਨਾ ਕਹਿੰਦੇ ਹਨ। ਇਕ ਨੂੰ ਬਾਹਰੀ ਉਪਾਸਨਾ ਕਹਿੰਦੇ ਹਨ ਜੋ ਬਾਹਰੀ ਫੁੱਲ ਆਦਿ ਲੈ ਕੇ ਆਪਣੇ ਇਸ਼ਟ ਦੀ ਪੂਜਾ ਕਰਨੀ। ਇਕ ਉਹ ਹੋਇਆ ਕਰਦੀ ਹੈ ਜਿਸ ਨੂੰ ਮਾਨਸਕ ਉਪਾਸਨਾ ਕਹਿੰਦੇ ਹਨ। ਉਹ ਸੁਰਤੀ ਨਾਲ ਹੀ ਆਪਣੇ ਗੁਰੂ ਨੂੰ ਫੁਲਾਂ ਨਾਲ ਲੱਦੇ ਸੁੰਦਰ ਪਲੰਘ ਤੇ ਬਿਰਾਜਮਾਨ ਕਰਕੇ ਆਪ ਦੋਵੇਂ ਹੱਥ ਜੋੜ ਕੇ

ਮਾਨਸਕ ਤੌਰ ਤੇ ਧਰ ਕੇ, ਪ੍ਰਕਰਮਾ ਕਰਕੇ ਸੀਸ ਭੇਟ ਜਾਂ ਕੋਈ ਉਤਮ ਵਸਤੂ ਭੇਟ ਕਰਕੇ ਪੂਰਨ ਨਿਮਰਤਾ ਸਹਿਤ ਮਾਨਸਿਕ ਤੌਰ ਤੇ ਗੁਰੂ ਦੇ ਸਾਮ੍ਹਣੇ ਭੁੰਜੇ ਦਰੀ, ਕਾਰਪੈਟ ਤੇ ਬੈਠ ਕੇ ਪ੍ਰੇਮ ਸਹਿਤ ਉਨ੍ਹਾਂ ਦੇ ਚਰਨਾਂ ਦਾ ਧਿਆਨ ਧਰ ਲਿਆ ਜਾਂਦਾ ਹੈ। ਸਾਰੇ ਸਰੀਰ ਤੇ ਟਿਕਟਿਕੀ ਲਗਾ ਕੇ ਹੱਥ ਬੰਨ੍ਹ ਕੇ ਅਤੀ ਨਿਮਰਤਾ ਅਤੇ ਪ੍ਰੇਮ ਸਹਿਤ ਧਿਆਨ ਧਰ ਲਿਆ ਜਾਂਦਾ ਹੈ। ਉਪਾਸਨਾ ਦੀਆਂ ਹੋਰ ਕ੍ਰਿਆਵਾਂ ਚੌਰ ਕਰਨਾ ਆਦਿ ਵੀ ਕੀਤੀਆਂ ਜਾਂਦੀਆਂ ਹਨ।

ਇਕ ਵਾਰੀ ਕਬੀਰ ਸਾਹਿਬ ਜੀ ਆਪਣੇ ਗੁਰੂ ਦੇ ਦਰਸ਼ਨ ਕਰਨ ਆਏ। ਉਥੇ ਆ ਕੇ ਪੁਛਿਆ। ਸੇਵਾਦਾਰਾਂ ਨੇ ਕਿਹਾ ਕਿ ਅੱਜ ਬਹੁਤ ਦੇਰ ਹੋ ਗਈ, ਗੁਰੂ ਜੀ ਸੰਗਤ ਵਿਚ ਨਹੀਂ ਆਏ। ਉਹ ਉਪਾਸਨਾ ਕਰਨ ਗਏ ਸਨ, ਕੋਈ ਵੀ ਖਬਰ ਅੰਦਰੋਂ ਨਹੀਂ ਆਈ। ਉਸ ਵੇਲੇ ਕਬੀਰ ਸਾਹਿਬ ਉਸੇ ਥਾਂ ਚਲੇ ਗਏ ਜਿਥੇ ਰਾਮਾਨੰਦ ਜੀ ਉਪਾਸਨਾ ਕਰ ਰਹੇ ਸਨ। ਦਰਵਾਜ਼ੇ ਅੱਗੇ ਬੈਠ ਗਏ, ਅੰਤਰ ਧਿਆਨ ਹੋ ਕੇ ਆਪ ਨੇ ਦੇਖਿਆ ਕਿ ਰਾਮਾਨੰਦ ਜੀ ਜੋ ਉਨ੍ਹਾਂ ਦੇ ਸਤਿਗੁਰੂ ਸਨ ਇਕ ਉਲਝਣ ਵਿਚ ਉਲਝੇ ਹੋਏ ਹਨ। ਉਹ ਇਹ ਸੀ ਕਿ ਉਨ੍ਹਾਂ ਨੇ ਮਾਨਸਕ ਉਪਾਸਨਾ ਕਰਦਿਆਂ ਧਿਆਨ ਵਿਚ ਆਪਣੇ ਇਸ਼ਟ ਨੂੰ ਇਸ਼ਨਾਨ ਕਰਾ ਕੇ, ਸੁਗੰਧੀਆਂ ਵਗੈਰਾ ਲਾ ਕੇ ਮੁਕਟ ਰੱਖ ਦਿਤਾ ਪਰ ਆਪ ਮਾਲਾ ਪਾਉਣੀ ਭੁੱਲ ਗਏ। ਹੁਣ ਜੇ ਮੁਕਟ ਲਾਹੁੰਦੇ ਹਨ ਤਾਂ ਬੇਅਦਬੀ ਹੁੰਦੀ ਹੈ, ਜੇ ਮਾਲਾ ਨਹੀਂ ਪਾਉਂਦੇ ਤਾਂ ਉਪਾਸਨਾ ਅਧੂਰੀ ਰਹਿੰਦੀ ਹੈ। ਇਸ ਸੰਕਟ ਦਾ ਹੱਲ ਉਨ੍ਹਾਂ ਨੂੰ ਕੋਈ ਵੀ ਨਜ਼ਰ ਨਹੀਂ ਸੀ ਆ ਰਿਹਾ। ਉਸ ਵੇਲੇ ਕਬੀਰ ਸਾਹਿਬ ਜੀ ਨੇ ਉਚੀ ਬੋਲਦਿਆਂ ਦਸਿਆ ਕਿ ਹੇ ਗੁਰਦੇਵ! ਆਪ ਜੀ ਨੂੰ ਮੁਕਟ ਉਤਾਰਨ ਦੀ ਲੋੜ ਨਹੀਂ ਆਪ ਮਾਲਾ ਦੀ ਗੰਢ ਖੋਲ੍ਹ ਕੇ ਪਾ ਦੇਵੋ। ਸੋ ਰਾਮਾਨੰਦ ਜੀ ਨੇ ਉਸੇ ਤਰ੍ਹਾਂ ਕੀਤਾ।

ਸੋ ਇਨ੍ਹਾਂ ਮਹਾਂਪੁਰਸ਼ਾਂ ਦੇ ਜੀਵਨਾਂ ਤੋਂ ਪਤਾ ਲਗਦਾ ਹੈ ਕਿ ਸਾਕਾਰ ਦਾ ਧਿਆਨ ਵੀ ਧਰਿਆ ਜਾਇਆ ਕਰਦਾ ਸੀ। ਜਗਿਆਸੂ ਨੂੰ ਨਿਰਗੁਣ ਬ੍ਰਹਮ ਦਾ ਕੋਈ ਗਿਆਨ ਨਹੀਂ ਹੁੰਦਾ ਅਤੇ ਨਾ ਕੋਈ ਜਾਣ ਪਛਾਣ ਹੁੰਦੀ ਹੈ ਅਤੇ ਨਾ ਹੀ ਨਿਰਗੁਣ ਦਾ ਪਿਆਰ ਆ ਸਕਦਾ ਹੈ। ਐਸਾ ਬਾਣੀ ਵਿਚ ਫੁਰਮਾਨ ਆਉਂਦਾ ਹੈ -

***ਬਿਨੁ ਦੇਖੇ ਉਪਜੈ ਨਹੀ ਆਸਾ॥***
***ਪੰਨਾ - 1167***

ਇਸ ਕਰਕੇ ਪਹਿਲੀ ਅਵਸਥਾ ਵਿਚ ਪਿਆਰ ਲਈ ਅਸਾਨੂੰ ਆਪਣੇ ਤੋਂ ਵਖਰੀ ਪਰਮ ਹਸਤੀ ਦੀ ਅਵਸ਼ਕਤਾ ਹੈ। ਗੁਰੂ ਦੀ ਹਸਤੀ ਸਭ ਤੋਂ ਸ੍ਰੇਸ਼ਟ ਅਤੇ ਸਭ ਤੋਂ ਪਵਿੱਤਰ ਹੋਇਆ ਕਰਦੀ ਹੈ। ਇਸ ਕਰਕੇ ਗੁਰੂ ਦਾ ਧਿਆਨ ਸ੍ਰੇਸ਼ਟ ਮੰਨਿਆ ਗਿਆ ਹੈ। ਜਿਵੇਂ ਮੈਂ ਪਹਿਲਾਂ ਦੱਸ ਚੁਕਿਆ ਹਾਂ ਕਿ ਅਵਸਥਾ ਭੇਦ ਨਾਲ ਧਿਆਨ ਦੀ ਕ੍ਰਿਆ ਹੋਇਆ ਕਰਦੀ ਹੈ। ਜੇ ਤਾਂ ਨਾਮ ਧੁਨ ਦੇ ਧਿਆਨ ਵਿਚ ਪ੍ਰਮੇਸ਼ਰ ਦੀ ਪਰੀਪੂਰਨਤਾ ਆਪਣੇ ਅੰਦਰ ਬਾਹਰ ਹਰ ਥਾਂ ਅਨੁਭਵ ਹੋ ਰਹੀ ਹੈ ਤਾਂ ਧੁਨ ਦਾ ਧਿਆਨ, ਜਿਸ ਨੂੰ ਸ਼ਬਦ ਦਾ ਧਿਆਨ ਆਖਦੇ ਹਨ ਉਹ ਵੀ ਠੀਕ ਹੈ। ਜੇ ਪ੍ਰਭੂ ਨੂੰ ਜੋਤੀ ਸਰੂਪ ਜਾਣ ਕੇ ਜੋਤੀ ਦਾ ਧਿਆਨ ਹਿਰਦੇ ਵਿਚ ਸਮਾਇਆ ਹੋਇਆ ਹੈ ਅਤੇ ਜੋਤ ਜਗ ਰਹੀ ਹੈ, ਜੋਤ ਨੂੰ ਪ੍ਰਤੀਕ ਬਣਾ ਕੇ ਉਸ ਵਿਚੋਂ ਪ੍ਰਮੇਸ਼ਰ ਦੀ ਪੂਰਨ ਹਾਜ਼ਰੀ ਦਾ ਅਨੁਭਵ ਹੋ ਰਿਹਾ ਹੈ, ਇਹ ਵੀ ਠੀਕ ਹੈ। ਇਹ ਵੀ ਸੂਖਸ਼ਮ ਧਿਆਨ ਹਨ, ਇਨ੍ਹਾਂ ਉਪਰ ਬਹੁਤ ਉਚ ਦਰਜੇ ਦੇ ਜਗਿਆਸੂ ਹੀ ਚਲ ਸਕਦੇ ਹਨ। ਆਮ ਜਗਿਆਸੂ ਜੋ ਭਗਤੀ ਭਾਵ ਵਿਚ ਗੁਰੂ ਨੂੰ ਸਭ ਤੋਂ ਉਪਰ ਦੇਖਦਾ ਹੈ ਉਸ ਨੂੰ ਉਸ ਧਿਆਨ ਵਿਚ ਸੰਤੁਸ਼ਟੀ ਆਉਂਦੀ ਹੈ।

***ਧਾਰਨਾ - ਧਰੀਏ ਮਨ ਵਿਚ ਧਿਆਨ,***
***ਗੁਰਾਂ ਦੀ ਮੂਰਤ ਦਾ***

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥***
***ਗੁਰ ਕੇ ਚਰਨ ਰਿਦੈ ਲੈ ਧਾਰਉ॥***
***ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ॥***
***ਪੰਨਾ - 864***

ਧਿਆਨ ਰਾਹੀਂ ਸਾਧਕ ਉਸ ਸਮੇਂ ਸਮਾਧੀ ਵਿਚ ਪਹੁੰਚਦਾ ਹੈ ਜਦੋਂ ਧਿਆਤਾ, ਧਿਆਨ, ਧੇਅ ਇਕ ਹੋ ਕੇ ਤ੍ਰਿਕੁਟੀ ਟੁੱਟ ਜਾਵੇ ਫੇਰ ਉਸ ਦੀ ਸਾਵਿਕਲਪ ਸਮਾਧ ਲਗ ਜਾਇਆ ਕਰਦੀ ਹੈ।

ਭਾਈ ਸੰਤੋਖ ਸਿੰਘ ਜੀ ਨੇ ਗੁਰੂ ਹਰਿਰਾਇ ਸਾਹਿਬ ਜੀ ਦੇ ਜੀਵਨ ਵਿਚ ਭਾਈ ਗੋਂਦੇ ਦੇ ਧਿਆਨ ਮਗਨ ਹੋਣ ਦੀ ਕਥਾ ਬਹੁਤ ਹੀ ਉਤਸ਼ਾਹਜਨਕ ਲਿਖੀ ਹੈ।

## ਭਾਈ ਗੋਂਦੇ ਦਾ ਧਜਾਨ ਮਗਨ ਚਰਨੀਂ ਲਿਵਲੀਨ ਹੋਣਾ

ਦੋਹਰਾ॥ ਭਾਈ ਗੋਂਦਾ ਗੁਰ ਭਗਤ ਗੁਰ ਮੂਰਤਿ ਕੋ ਧਜਾਨ। ਦਰਸਹਿ ਦਰਸ਼ਨ ਰਿਦੇ ਮਹਿਂ ਸਦਾ ਨੇਮ ਇਮ ਜਾਨਿ॥੧॥ ਚੌਪਈ॥ ਸ਼੍ਰੀ ਸਤਿਗੁਰ ਪੂਰਨ ਹਰਿਰਾਇ। ਕਿਤਿਕ ਸਮੇਂ ਢਿਗ ਸੇਵ ਕਮਾਇ॥ ਭਏ ਪ੍ਰਸੰਨ ਏਕ ਦਿਨ ਹੇਰਾ। ਕਹਜੋ ਬਾਕ ਸ਼੍ਰੀ ਮੁਖ ਤਿਸ ਬੇਰਾ॥੨॥ 'ਕਾਬਲ ਕੇਰ ਵਲਾਇਤ ਜੋਇ। ਤਹਿਂ ਕੀ ਸੰਗਤਿ ਸਿਖ ਸਭਿ ਕੋਇ। ਤਹਾਂ ਰਹਹੁ ਸਭਿ ਕੀ ਸੁਧ ਲੇਹੁ। ਸਿੱਖੀ ਕੋ ਉਪਦੇਸ਼ ਕਰੇਹੁ॥੩॥ ਤਹਿਂ ਕੀ ਜੋ ਗੁਰ ਕਾਰ ਅਸ਼ੇਸ਼। ਕਰਹੁ ਸਕੇਲਨਿ ਸਗਰੇ ਦੇਸ਼। ਸੰਤ, ਅਥਿਤ, ਸਿੱਖਜਨਿ ਅਚਵਾਵਹੁ। ਗੁਰ ਕੀ ਦੇਗ ਬਿਸਾਲ ਚਲਾਵਹੁ॥੪॥ ਸੋ ਮੁਜਰੇ (ਸਫਲੀ ਹੋ ਜਾਏਗੀ) ਸਗਰੀ ਪਰ ਜਾਇ। ਅਪਰ ਦੇਗ ਜੇਤਿਕ ਸਮੁਦਾਇ (ਦੇਗ ਤੋਂ ਹੋਰ ਜੋ ਵਧੇ)॥ ਸਕਲ ਹਜ਼ੂਰ ਪਠਾਵਨ ਕਰੋ। ਸਿੱਖ ਸੰਗਤਿ ਤੇ ਜੇਤਿਕ ਧਰੋ (ਲਵੋ)॥੫॥ ਸੁਨਿ ਆਗਜ਼ਾ ਕੋ

ਹੁਇ ਕਰਿ ਬਿਦਾ। ਬੇਦਨ ਕਰਿ ਗਮਨ੍ਯੋ ਸੋ ਤਦਾ। ਜਾਇ ਵਲਾਇਤ ਮੈਂ ਤਬਿ ਰਹ੍ਯੋ। ਸਭਿ ਸੰਗਤ ਤੇ ਧਨ ਕੋ ਲਹ੍ਯੋ॥੬॥ ਸਿੱਖ ਅਖਿੱਤਨਿ ਜਿਤਿਕ ਅਚਾਵਹਿ। ਸੋ ਸਗਰੀ ਗੁਰ ਮੁਜਰੇ ਪਾਵਹਿ। ਧਰਮਸਾਲ ਕਾਬਲ ਮਹਿਂ ਕੀਨਸਿ। ਤਹਿਂ ਕੋ ਛੁਧਿਤ ਰਹਨਿ ਨਹਿਂ ਦੀਨਸਿ॥੭॥ ਸਤਿਗੁਰ ਪ੍ਰੇਮ ਕਰੇ ਨਿਤ ਮਾਤਾ। (ਪ੍ਰੇਮ ਕਾਰਨ ਵਿਚ ਨਿਤ ਮਸਤ ਰਹੇ।) ਸੱਤਿਨਾਮ ਸਿਮਰਤਿ ਸੁਖਦਾਤਾ। ਧ੍ਯਾਨ ਪਰਾਯਨ ਰਹਿ ਅਧਿਕਾਈ। ਬਹੁ ਚਿਰ ਰਾਖਹਿ ਬ੍ਰਿੱਤਿ ਟਿਕਾਈ॥੮॥ ਪ੍ਰੇਮ ਭਗਤਿ ਤਿਸ ਕੀ ਬਡਿ ਜਾਣੀ। ਸ਼੍ਰੀ ਸਤਿਗੁਰ ਕੇ ਮਨ ਮਹਿਂ ਭਾਣੀ। ਸਭ ਮਾਂਹਿ ਸ਼੍ਰੀ ਬਦਨ ਬਖਾਣੀ। 'ਗੋਂਦਾ ਸੇਵਤਿ ਪ੍ਰੀਤਿ ਮਹਾਣੀ॥੯॥ ਦਿਨ ਪ੍ਰਤਿ ਧਰੈ ਧ੍ਯਾਨ ਗੁਰੁ ਮੂਰਤਿ। ਅੰਗ ਪ੍ਰਤ੍ਯੰਗ ਜਥਾ ਸ਼ੁਭ ਸੂਰਤਿ। ਨੇਮ ਕਰਤਿ ਸੋ ਜਿਤਿਕ ਸਮੇਂ ਕੋ। ਧਰੈ ਧ੍ਯਾਨ ਗੁਰ ਚਰਨਨਿ ਮੈਂ ਕੋ॥੧੦॥ ਇਕ ਦਿਨ ਗੋਂਦੇ ਮੱਜਨ ਠਾਨਾ। ਪ੍ਰਥਮੈ ਸ੍ਰੀ ਜਪੁ ਪਾਠ ਬਖਾਨਾ। ਪੁਨ ਸਤਿਗੁਰ ਕੋ ਲਾਯਹੁ ਧ੍ਯਾਨਾ। ਬਢ੍ਯੋ ਅਨੰਦ ਬ੍ਰਿਤੀ ਠਹਿਰਾਨਾ॥੧੧॥ ਧ੍ਯਾਨ ਬਿਖੈ ਗੁਰ ਕੇ ਨਿਜ ਹਾਥ। ਪਦ ਅਰਬਿੰਦ ਗਹੇ ਰਤਿ ਸਾਥ (ਪ੍ਰੇਮ ਨਾਲ)। ਇਸ ਅਨੰਦ ਮੈਂ ਲੈ ਹੁਇ ਗਯੋ ਨਿਰਬਿਕਲਪ ਸਮਾਧਿ (ਉਹ ਸਮਾਧੀ ਜਿਸ ਵਿਚ ਗ੍ਯਾਤਾ ਤੇ ਗ੍ਯੇਯ ਵਿਚ ਅੰਤਰ ਨਾ ਰਹੇ) ਥਿਤ ਠਯੋ॥੧੨॥ ਨਹਿਂ ਸਰੀਰ ਕੀ ਸੁਧ ਕੁਛ ਰਹੀ। ਨਿਸ਼ਚਲਤਾ ਐਸੀ ਤਿਨ ਗਹੀ। ਸੁਨਹਿ ਨ ਦੇਖਹਿ; ਪਰਸ ਨ ਜਾਨੈ। ਰਸਨਾ, ਘ੍ਰਾਨ (ਸੁੰਘਣ ਦੀ ਸ਼ਕਤੀ) ਬਿਸ਼ਯ ਨਹਿਂ ਮਾਨੈ॥੧੩॥ ਟਿਕੀ ਬ੍ਰਿੱਤਿ ਮਹਿਂ ਭਯੋ ਅਨੰਦ। ਕਰ ਮਹਿਂ ਗਹਿ ਗੁਰ ਪਦ ਅਰਬਿੰਦ। ਅਚਲ ਹੋਇ ਕਰਿ ਬੈਠ੍ਯੋ ਰਹ੍ਯੋ। ਅਪਰ ਨ ਕਿਨਹੂੰ ਤਿਨ ਕੁਛ ਕਹ੍ਯੋ॥੧੪॥ ਗੁਰ ਦਰਸ਼ਨ ਮਹਿਂ ਗਯੋ ਸਮਾਇ। ਸਾਗਰ ਬਿਖੈ ਬੂੰਦ ਕੇ ਭਾਇ। ਸ਼੍ਰੀ ਕੀਰਤਿਪੁਰਿ ਗੁਰ ਹਰਿਰਾਇ। ਸਿੰਘਾਸਨ ਪਰ ਥਿਰੇ ਸੁਹਾਇ॥੧੫॥ ਦੋਨੋਂ ਚਰਨ ਇਕੱਤ੍ਰਹਿ ਕਰੇ। ਬੈਠਿ ਰਹੇ ਨਹਿਂ ਹਲਿਬੋ ਧਰੇ। ਭਈ ਭੋਰ ਤੇ ਨਿਸ਼ਚਲ ਭਏ। ਜਬਿ ਦੁਇ ਜਾਮ ਬੀਤ ਦਿਨ ਗਏ॥੧੬॥ ਗੁਹਜ ਬਾਤ ਨਹਿਂ ਕਿਨਹੂੰ ਜਾਨੀ। ਥਿਰੇ ਸਮੀਪ ਮੌਨਤਾ ਠਾਨੀ। ਤ੍ਯਾਰ ਅਹਾਰ ਅਨੇਕ ਪ੍ਰਕਾਰੇ। ਆਨਿ ਰਸੋਈਆ ਖਰੋ ਅਗਾਰੇ॥੧੭॥ ਹਾਥ ਜੋਰਿ ਅਰਦਾਸ ਬਖਾਨੀ। ਗੁਰ ਮਹਾਰਾਜ ਨ ਬੋਲੇ ਬਾਨੀ। ਪਿਖਿ ਸੁਭਾਇ ਕੋ ਬਿਸਮੈ ਹੋਏ। ਸਤਿਗੁਰ ਕਿਸ ਕੀ ਦਿਸ਼ਿ ਨਹਿਂ ਜੋਏ॥੧੮॥ ਲੀਲ੍ਹਾ ਮਹਾਂ ਪ੍ਰੇਮ ਕੀ ਸ੍ਵਾਮੀ (ਸ੍ਵਾਮੀ ਦੀ)। ਕੌਨ ਲਖੈ ਬਿਨ ਅੰਤਰਜਾਮੀ। ਦੁਇ ਘਟਿ ਕਾ ਬਿਤ ਗਏ ਪਿਛਾਰੀ। ਪੁਨ ਸੇਵਕ ਅਰਦਾਸ ਉਚਾਰੀ॥੧੯॥ ਸਤਿਗੁਰ ਨਹੀਂ ਕਹ੍ਯੋ ਕਛੁ ਫੇਰੇ। ਬੈਠਿ ਰਹੇ ਸਭਿ ਬਿਸਮ ਬਡੇਰੇ। ਚਤੁਰ ਘਟੀ ਬੀਤੇ ਪੁਨ ਦਾਸ। ਹਾਥ ਜੋਰਿ ਕੀਨਸਿ ਅਰਦਾਸ॥੨੦॥ 'ਸਿੱਧ (ਤਿਆਰ ਕੀਤਾ ਹੋਇਆ) ਅੰਨ ਸਭਿ ਸੀਤਲ ਭਯੋ। ਰਾਵਰਿ ਬਿਨ ਕਿਨਹੂੰ ਨਹਿਂ ਖਯੋ। ਹੁਕਮ ਆਪ ਕੋ ਹੋਇ ਸੁ ਕਰੈਂ। ਬਰਤਹਿ ਦੇਗ ਕਿਧੋਂ ਇਮ ਧਰੈਂ'॥੨੧॥ ਸੁਨਿ ਗੁਰ ਤਸ਼ਨਿ ਕਰਿ ਤਿਸ ਕਾਲਾ। ਰਹੇ ਸਿੰਘਾਸਨ ਅਚਲ ਕ੍ਰਿਪਾਲਾ। ਦੋਇ ਘਟੀ ਦਿਨ ਰਹ੍ਯੋ ਸੁ ਜਾਇ (ਜਾਂ ਦੋ ਘੜੀ ਦਿਨ ਰਹਿਆ ਭਾਵ ਬਾਕੀ ਰਹਿ ਗਿਆ)। ਕਹ੍ਯੋ ਬਹੁਰ ਸੇਵਕ ਸਮੁਦਾਇ॥੨੨॥ 'ਗੁਰੂ ਗਰੀਬ ਨਿਵਾਜ ਕ੍ਰਿਪਾਲਾ! ਲੀਲ੍ਹਾ ਤੁਮਰੀ ਅਧਿਕ ਬਿਸਾਲਾ। ਹਮ ਅਲਪੱਗ ਜੀਵ ਕ੍ਯਾ ਜਾਨੈਂ। ਬਿਨਾ ਆਪ ਕੇ ਕਰੇ ਬਖਾਨੈ॥੨੩॥ ਸਰਬ ਦ੍ਯੋਸ ਬੈਠ੍ਯੋ ਸੁ ਬਿਤਾਯੋ। ਰਾਵਰ ਨੇ ਪਗ ਨਹੀਂ ਹਿਲਾਯੋ। ਦੇਗ ਬਿਖੈ ਭੋਜਨ ਸਭਿਤ੍ਯਾਰ। ਧਰ੍ਯੋ ਰਹ੍ਯੋ ਸੋ ਤਿਸੀ ਪ੍ਰਕਾਰ॥੨੪॥ ਸਿੱਖ੍ਯਨਿ ਕੇਰ ਸੰਦੇਹ ਮਹਾਨਾ। ਕ੍ਯਾ ਕਾਰਨ ਭਾ ਕਰਹੁ ਬਖਾਨਾ।' ਦਾਸਨਿ ਕੀ ਸੁਨਿ ਕੈ ਅਰਦਾਸ। ਬਿਕਸਤਿ ਮੁਖਿ ਤੇ ਕੀਨਿ ਪ੍ਰਕਾਸ਼॥੨੫॥ 'ਕਾਬਲ ਮਹਿਂ ਗੋਂਦਾ ਸਿਖ ਰਹੇ। ਧਰੇ ਧ੍ਯਾਨ ਦੋਨੋ ਪਦ ਗਹੇ। ਕਿਸ ਬਿਧਿ ਤਿਸ ਤੇ ਚਰਨ ਛੁਟਾਵੈਂ। ਬਿਨਾ ਛੁਟੇ ਕਿਮ ਲੰਗਰ ਜਾਵੈਂ॥੨੬॥ ਰਹ੍ਯੋ ਉਡੀਕਤਿ ਛੋਰਹਿ ਮੋਹੀ। ਦ੍ਰਿਢ ਗਹਿ ਰਾਖ੍ਯੋ ਤ੍ਯਾਗ ਨ ਹੋਹੀ'। ਜਬਿ ਸੰਧ੍ਯਾ ਹੋਈ ਦਿਨ ਗ੍ਯੋ। ਤਬਿ ਗੋਂਦਾ ਜਾਗਤਿ ਤਹਿਂ ਭਯੋ॥੨੭॥ ਛੁਟੀ ਸਮਾਇਧ ਦੇਹਿ ਸੁਧ ਹੋਈ। ਤਜੇ ਚਰਨ ਗੁਰ ਕੇ ਤਬਿ ਦੋਈ। ਉਠਿ ਕਰਿ ਗਮਨੇ ਸ਼੍ਰੀ ਹਰਿਰਾਇ। ਸਦਾ ਪ੍ਰੇਮ ਬਸਿ ਜਿਨਹੁ ਸੁਭਾਇ॥੨੮॥ ਸਿਖ ਬਿਸਮਾਦ ਰਹੇ ਸੁਨਿ ਦੇਖਿ। ਜਾਨ੍ਯੋ ਸਿਖ ਕੋ ਪ੍ਰੇਮ ਵਿਸ਼ੇਸ਼। ਕ੍ਰਿਪਾਸਿੰਧੁ ਲੰਗਰ ਮਹਿਂ ਆਏ। ਭੋਜਨ ਅਨਿਕ ਪ੍ਰਕਾਰ ਬ੍ਰਤਾਏ॥੨੯॥ ਸੰਗਤਿ, ਸੇਵਕ, ਸਿੱਖ੍ਯਨਿ, ਸੂਰਨਿ (ਸੂਰਮਿਆਂ ਨੇ)। ਕਰ੍ਯੋ ਅਹਾਰ ਛੁਧਿਤ ਸੰਪੂਰਨ। ਸੁਨਿ ਸਤਿਗੁਰ ਤੇ ਸਰਬ ਬ੍ਰਿਤਾਂਤ। ਸਭਿ ਸੰਗਤਿ ਜਾਨ੍ਯੋ ਬੱਖ੍ਯਾਤ॥੩੦॥ — ਨਿਰਨੈ ਕਰੈਂ ਜਿ ਗੋਂਦਾ ਆਵੈ। ਮਿਲਿ ਬੂਝੈਂ ਸੋ ਸਕਲ ਬਤਾਵੈ–। ਕੇਤਿਕ ਦ੍ਯੋਸ ਬਹੁਰ ਥਿਤਿ ਗਏ। ਗੋਂਦਾ ਬਡ ਸੰਗਤਿ ਸੰਗ ਲਏ॥੩੧॥ ਜਿਤੇ ਵਿਲਾਇਤ ਕੇ ਸਿਖ ਬ੍ਰਿੰਦ॥ ਲੇ ਕਰਿ ਅਪਨੇ ਸੰਗ ਬਿਲੰਦ। ਚਲਿ ਕਾਬਲ ਤੇ ਦਰਸ਼ਨ ਕਾਰਨ। ਆਵਤਿ ਕਰਤੇ ਸ਼ਬਦ ਉਚਾਰਨ॥੩੨॥ ਪ੍ਰੇਮ ਭਰੇ ਬਹੁ ਆਇ ਪਹੂੰਚੇ। ਸਤਿਗੁਰ ਪ੍ਰੇਮ ਜਿਨਹੁ ਮਨ ਰੂਚੇ। ਕੀਰਤਿਪੁਰਿ ਮਹਿਂ ਆਨਿ ਪ੍ਰਵੇਸ਼ੇ। ਸੰਗਤਿ ਬ੍ਰਿੰਦ ਅਕੋਰ ਵਿਸ਼ੇਸ਼ੇ॥੩੩॥ ਸ਼੍ਰੀ ਸਤਿਗੁਰ ਥਿਤ ਸਭਾ ਮਝਾਰੇ। ਦਰਸ਼ਨ ਕਰ੍ਯੋ ਆਨਿ ਸਿਖ ਸਾਰੇ। ਢੁਰਤਿ ਚਮਰ ਦੁਇ ਦਿਸ਼ਿ ਬਹੁ ਸੇਤ (ਚਿੱਟਾ)। ਉਡਹਿ ਮਰਾਲ ਤਥਾ ਛਬਿ ਦੇਤਿ॥੩੪॥ ਗਾਇਂ ਰਬਾਬੀ ਰਾਗ ਅਨੇਕ। ਸੁੰਦਰ ਸ਼ਬਦ ਬਿਸਾਲ ਬਿਬੇਕ। ਜੋਧਾ ਬ੍ਰਿੰਦ ਸਭਾ ਸਭਿ ਭਰੀ। ਛਰੀਦਾਰ (ਚੋਬਦਾਰ) ਕੰਚਨ ਕੀ ਜਰੀ॥੩੫॥ ਕਰਤਿ ਮੇਵਰੇ ਸਿਖ ਅਰਦਾਸ। ਪੁਰਹਿਂ ਕਾਮਨਾ ਸਤਿਗੁਰ ਪਾਸ। ਕਾਬਲ ਕੀ ਸੰਗਤਿ ਤਿਸ ਕਾਲ। ਦਰਸਤਿ ਭੇ ਧਰਿ ਭੇਟ ਬਿਸਾਲ॥੩੬॥ ਗੋਂਦਾ ਮੁੱਖ੍ਯ ਜਿਨਹੁ ਕੇ ਮਾਂਹਿ। ਆਇ ਮਿਲੇ ਬੈਠੇ ਪੁਨ ਪਾਹਿ। ਖੁਸ਼ੀ ਕ੍ਰਿਪਾਲ ਸਰਬ ਪਰ ਕਰੀ। ਰਿਦੇ ਕਾਮਨਾ ਜਸ ਜਸ ਪੁਰੀ॥੩੭॥ ਤਬਿ ਸਿੱਖ੍ਯਨ ਸੋ ਬਾਤ ਚਲਾਈ। 'ਕਿਮ ਸਮਾਧਿ ਗੋਂਦੇ ਸੁ ਲਗਾਈ?' ਸੁਨਿ ਕਾਬਲ ਕੇ ਸਿੱਖ੍ਯ ਅਲਾਵੈਂ। ਜੋ ਤਿਸ ਕੇ ਨਿਤ ਪਾਸ

ਰਹਾਵੈਂ ॥੩੮॥ 'ਇਕ ਦਿਨ ਬੈਠਯੋ ਕਰਿ ਇਸ਼ਨਾਨ। ਮੂੰਦਿ ਬਿਲੋਚਨ ਲਾਯਹੁ ਧ੍ਯਾਨ। ਸਭਿ ਦਿਨ ਬੀਤ ਗਯੋ ਥਿਤ ਬੈਸਾ। ਨਹਿਂ ਸੁਧਿ ਤਨ ਕੀ ਲਘੁ, ਗਿਰ ਜੈਸਾ (ਤਨ ਦੀ ਥੋੜ੍ਹੀ ਬੀ ਸੁਧ ਨਾ ਸੀ ਤੇ ਆਉਂ ਅਹਿੱਲ ਬੈਠਾ ਰਿਹਾ ਜਿਵੇਂ ਪਰਬਤ)॥੩੯॥ ਨਹੀਂ ਕਹਯੋ ਕਿਸ ਨੇ ਇਹ ਭਾਂਤੀ। ਬਿਨ ਅਹਾਰ ਇੰਦ੍ਰੈ ਮਨ ਸ਼ਾਂਤੀ॥ ਸੂਰਜ ਅਸਤ ਭਯੋ ਤਿਸ ਕਾਲ। ਤਬਿ ਹੋਯੋ ਤਨ ਸੁਧ ਕੇ ਨਾਲ॥੪੦॥ ਇਮ ਹੋਈ ਇਕ ਦਿਨ ਧ੍ਰਮਸਾਲ। ਚਾਰਹੁਂ ਜਾਮ ਸਮਾਧਿ ਬਿਸਾਲ। ਤੁਮ ਕਿਮ ਬੂਝਤਿ ਦੇਹੁ ਸੁਨਾਈ?। ਕਿਸ ਪ੍ਰਕਾਰ ਸੁਧ ਇਹ ਠਾਂ ਆਈ'॥੪੧॥ ਸੁਨਿ ਕੈ ਤਿਨ ਸਭਿ ਕਹਯੋ ਬ੍ਰਿਤਾਂਤ। ਜਿਮ ਸਤਿਗੁਰ ਕੀਨਸਿ ਬੱਖ੍ਯਾਤ। 'ਚਾਰ ਜਾਮ ਬੈਠੇ ਹੀ ਰਹੇ। ਕਹਿਤ ਭਏ-ਹਮਰੇ ਪਦ ਗਹੇ॥੪੨॥ ਕਿਮ ਲੰਗਰ ਮਹਿਂ ਕਰਹਿਂ ਪਯਾਨਾ। ਥਿਰੇ ਸਿੰਘਾਸਨ ਕ੍ਰਿਪਾ ਨਿਧਾਨਾ।' ਸੁਨਿ ਦੁਹਿਦਿਸ਼ਿ ਕੇ ਸਭਿ ਬਿਰਤਾਂਤ। ਬਿਸਮੈ ਹੋਏ ਲਖਿ ਸਿੱਧਾਂਤ॥੪੩॥ 'ਸਤਿਗੁਰ ਮਹਿਮਾ ਮਹਾਂ ਮਹਾਨੇ। ਕ੍ਯਾ ਅਲਪੱਗ੍ਯ ਜੀਵ ਹਮ ਜਾਨੇਂ'। ਭਾਈ ਗੋਂਦੇ ਕੀ ਬਡਿਆਈ। ਭਈ ਅਧਿਕ ਸ਼੍ਰੀ ਮੁਖ ਤੇ ਗਾਈ॥੪੪॥ ਪ੍ਰੇਮ ਅਧੀਨ ਪ੍ਰਮੇਸ਼ੁਰ ਜਾਨਾ। ਨਿਤ ਪ੍ਰੇਮੀ ਕੇ ਬਸੀ ਮਹਾਨਾ। ਅਸ ਪ੍ਰਭੁ ਕੋ ਜੋ ਮਨਹੁ ਬਿਸਾਰੇ। ਮਾਨੁਖ ਜਨਮ ਜਗਤ ਸੇ ਹਾਰੇ॥੪੫॥

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ)*

ਧਿਆਨ ਦੇ ਤਿੰਨ ਭੇਦ ਹੁੰਦੇ ਹਨ ਪਹਿਲਾ ਪ੍ਰਤੀਕ ਧਿਆਨ ਹੁੰਦਾ ਹੈ, ਦੂਸਰਾ ਸੰਪਤ ਅਤੇ ਤੀਸਰਾ ਅਹੰਗ੍ਰਹਿ ਧਿਆਨ ਹੁੰਦਾ ਹੈ।

ਪ੍ਰਤੀਕ ਧਿਆਨ ਉਸ ਨੂੰ ਆਖਦੇ ਹਨ ਜਿਸ ਵਿਚ ਧੇਅ ਵਿਚ ਸੰਪੂਰਨ ਰੂਪ ਨਾਲ ਈਸ਼ਵਰ ਬੁੱਧੀ ਹੋਇਆ ਕਰਦੀ ਹੈ ਜਿਵੇਂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਈਸ਼ਵਰ ਬੁੱਧੀ ਕਰਕੇ ਜੋ ਪ੍ਰਤੱਖ ਰੂਪ ਵਿਚ ਸਰੂਪ ਰੁਮਾਲਿਆਂ, ਮੰਜੀ ਸਾਹਿਬ ਆਦਿ ਨਾਲ ਦ੍ਰਿਸ਼ਟਮਾਨ ਹੋ ਰਿਹਾ ਹੈ। ਇਸ ਵਿਚ ਗੁਰੂ ਨਾਨਕ ਬੁਧੀ ਧਾਰਨ ਕਰਕੇ ਧਿਆਨ ਕਰਨਾ। ਇਸ ਨੂੰ ਕੇਵਲ ਰੁਮਾਲੇ ਅਤੇ ਮੰਜੀ ਸਾਹਿਬ, ਪਾਲਕੀ ਆਦਿ ਨਾ ਜਾਣ ਕੇ ਇਸ ਦੇ ਅੰਤਰੀਵ ਬਾਣੀ ਦੇ ਅੱਖਰਾਂ ਵਿਚ ਗੁਰੂ ਨਾਨਕ ਰੂਪ ਬੁੱਧੀ ਧਾਰਨ ਕਰਨੀ।

ਸੰਪਤ ਧਿਆਨ ਉਸ ਨੂੰ ਆਖਿਆ ਜਾਂਦਾ ਹੈ ਜਿਸ ਵਿਚ ਧੇਅ ਦੇ ਪ੍ਰਤੱਖ ਰੂਪ ਦਾ ਤਿਆਗ ਕਰਕੇ ਜਿਵੇਂ ਕਿ ਗੁਰੂ ਦਾ ਪ੍ਰਤੱਖ ਰੂਪ ਮਨੁੱਖ ਸਰੀਰ ਹੋਇਆ ਕਰਦਾ ਹੈ, ਇਸ ਨੂੰ ਛੱਡ ਕੇ ਗੁਰੂ ਨੂੰ ਪ੍ਰਮੇਸ਼ਰ ਜਾਣ ਕੇ ਧਿਆਨ ਧਰਨਾ। ਮੋਖ ਪੰਥਕ ਗ੍ਰੰਥ ਆਧਿਆਤਮਕ ਮਾਰਗ ਵਿਚ ਪ੍ਰਥਮ ਹੈ, ਉਸ ਵਿਚ ਲਿਖਿਆ ਹੈ ਕਿ –

*ਜੋ ਗੁਰਮੇਂ ਨਰ ਬੁਧਿ ਤਿਆਗੇ।*
*ਦੇਵ ਜਾਨ ਤਾਂ ਕੇ ਪਦ ਲਾਗੇ।*
*ਦਿਯੂ ਪਰਜਨ੍ਯ ਭੂਮੀ ਕੇ ਮਾਂਹਿ।*
*ਅਰ ਪੁਰਸ਼ ਯੋਸ਼ਿਤਾ ਕੇ ਮਾਂਹਿ।*
*ਦਿਯੂ ਆਦਿਕ ਕੀ ਬੁਧਿ ਉਠਾਵੈ।*
*ਅਗਨੀ ਬੁਧੀ ਕਰਤਾ ਕੋ ਧਿਆਵੇ।*
*ਯਹ ਸੰਪਤ ਉਪਾਸਨਾ ਗਾਈ।*
*ਪਹਿਲੇ ਪ੍ਰਤੀ ਕਹਿ ਦਿਯੋਂ ਦਿਖਾਈ॥*
*ਮੋਖ ਪੰਥ*

*ਗੁਰ ਕੋ ਕੀਜੇ ਡੰਡਵਤ*
*ਕੋਟ ਕੋਟ ਪਰਣਾਮ॥*
*ਕੀਟ ਨ ਜਾਨੇ ਭ੍ਰਿੰਗ ਕੋ*
*ਗੁਰ ਕਰ ਲੇ ਆਪ ਸਮਾਨ।*
*ਗੁਰ ਕੋ ਮਾਨੁਸ਼ ਜਾਨ ਲੇ*
*ਤੇ ਨਰ ਕਹੀਐ ਅੰਧ।*
*ਹੋਯ ਦੁਖੀ ਸੰਸਾਰ ਮੇਂ ਆਗੇ*
*ਜਨਮ ਕਾ ਫੰਧ।*
*ਗੁਰ ਕੋ ਮਾਨਸ ਮਾਨਤੇ*
*ਚਰਨਾਂਮ੍ਰਿਤ ਕੋ ਪਾਨ।*
*ਤੇ ਨਰ ਨਰਕੇ ਜਾਇੰਗੇ*
*ਜਨਮ ਜਨਮ ਹੋਏ ਸ੍ਵਾਨ।*
*ਗੁਰ ਬਿਨ ਮਾਲਾ ਫੇਰਤੇ*
*ਗੁਰ ਬਿਨ ਦੇਤੇ ਦਾਨ।*
*ਗੁਰ ਬਿਨ ਦਾਨੁ ਹਰਾਮ ਹੈ*
*ਜਾਇ ਪੂਛੋ ਬੇਦ ਪੁਰਾਨ।*
*ਜੈਸੋ ਤੈਸੋ ਪਾਤਕੀ ਆਵੇ ਗੁਰ ਕੀ ਓਟ।*
*ਗਾਂਠੀ ਬਾਂਧੀ ਸੰਤ ਸੇ*
*ਨਾ ਪਰਖਿਓ ਖਰ ਖੋਟ।*
*ਬੜੇ ਬੜਾਈ ਪਾਯ ਕਰ*
*ਰੋਮ ਰੋਮ ਅਹੰਕਾਰ।*
*ਸਤਗੁਰ ਕੇ ਪਰਚੇ ਬਿਨਾ*
*ਚਾਰੋਂ ਬਰਨ ਚਮਾਰ।*

ਗੁਰੂ ਹੀ ਬ੍ਰਹਮ ਹੈ ਗੁਰੂ ਹੀ ਵਿਸ਼ਨੂੰ ਹੈ, ਗੁਰੂ ਹੀ ਸਦਾ ਅਚੁਤ ਹੈ, ਗੁਰੂ ਤੋਂ ਵੱਡਾ ਸਾਰੇ ਸੰਸਾਰ ਵਿਚ ਕੋਈ ਵੀ ਨਹੀਂ ਹੈ, ਜਿਹੋ ਜਿਹਾ ਗੁਰੂ ਹੈ ਉਹੋ ਜਿਹਾ ਈਸ਼ਵਰ ਹੈ, ਜਿਹੋ ਜਿਹਾ ਈਸ਼ਵਰ ਹੈ ਉਹ ਜਿਹਾ ਗੁਰੂ ਹੈ। ਗੁਰੂ ਮਹਾਨ ਭਗਤ ਵਿਚ ਪੂਜਣ ਯੋਗ ਹੈ ਅਤੇ ਗੁਰੂ ਅਤੇ ਈਸ਼ਵਰ ਵਿਚ ਕੋਈ ਭੇਦ ਨਹੀਂ। ਗੁਰੂ ਨਾਲ ਪ੍ਰੇਮ ਕਰਨ ਨਾਲ ਸਾਖਸ਼ਾਤ ਪ੍ਰਭੂ ਪ੍ਰਸੰਨ ਹੁੰਦਾ ਹੈ। ਜੋ ਸੇਵਕ ਗੁਰੂ ਅਗਿਆਨ ਨਾਲ ਗੁਰੂ ਦਾ ਅਨਿਸ਼ਟ ਕਰਦੇ ਹਨ। ਸੋ ਅਨਿਸ਼ਟ ਵਾਲੇ ਸਿੱਖ ਜਦੋਂ ਤਕ ਪੰਜ ਭੂਤ ਹਨ ਤਦ ਤਕ ਨਰਕ ਵਿਚ ਗੋਤੇ ਖਾਂਦੇ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਗੁਰੁ ਪਰਮੇਸਰੁ ਏਕ ਹੈ*
*ਸਭ ਮਹਿ ਰਹਿਆ ਸਮਾਇ॥*
*ਜਿਨ ਕਉ ਪੂਰਬਿ ਲਿਖਿਆ*
*ਸੇਈ ਨਾਮੁ ਧਿਆਇ॥*
*ਨਾਨਕ ਗੁਰ ਸਰਣਾਗਤੀ*
*ਮਰੈ ਨ ਆਵੈ ਜਾਇ॥ ਪੰਨਾ – 53*

*ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ॥*
*ਦੂਜਾ ਥਾਉ ਨ ਕੋ ਸੁਝੈ*
*ਗੁਰ ਮੇਲੇ ਸਚੁ ਸੋਇ॥*
*ਸਗਲ ਪਦਾਰਥ ਤਿਸੁ ਮਿਲੇ*
*ਜਿਨਿ ਗੁਰੁ ਡਿਠਾ ਜਾਇ॥*
*ਗੁਰ ਚਰਣੀ ਜਿਨ ਮਨੁ ਲਾਗਾ*
*ਸੇ ਵਡਭਾਗੀ ਮਾਇ॥*
*ਗੁਰੁ ਦਾਤਾ ਸਮਰਥੁ ਗੁਰੁ*
*ਗੁਰੁ ਸਭ ਮਹਿ ਰਹਿਆ ਸਮਾਇ॥*
*ਗੁਰੁ ਪਰਮੇਸਰੁ ਪਾਰਬ੍ਰਹਮੁ*
*ਗੁਰੁ ਡੁਬਦਾ ਲਏ ਤਰਾਇ॥*

*ਪੰਨਾ - 49*

ਸੋ ਤੀਸਰਾ ਧਿਆਨ ਹੋਇਆ ਕਰਦਾ ਹੈ ਅਹੰਗ੍ਰਹਿ ਧਿਆਨ। ਇਹ ਪ੍ਰਭੂ ਨੂੰ ਹਰ ਥਾਂ ਹਾਜ਼ਰ ਨਾਜ਼ਰ ਜਾਣ ਕੇ ਉਸ ਦਾ ਧਿਆਨ ਹਿਰਦੇ ਵਿਚ ਧਾਰਨ ਕਰਨਾ ਪਰ ਇਹ ਕ੍ਰਿਆ ਗਿਆਨ ਵਿਚ ਸ਼ਾਮਲ ਹੋ ਜਾਂਦੀ ਹੈ। ਸੋ ਧਿਆਨ ਸ਼ਕਤੀ ਦੇ ਨਾਲ ਬਿਰਤੀ ਪੂਰਨ ਰੂਪ ਵਿਚ ਇਕਾਗਰ ਹੋ ਕੇ ਹਰ ਥਾਂ ਉਪਰ ਗੁਰੂ ਦੇ ਵਜੂਦ ਨੂੰ ਅਨੁਭਵ ਕਰਦੀ ਹੈ। ਗੁਰੂ ਨਾਲ ਐਨਾ ਪਿਆਰ ਪੈਦਾ ਹੋ ਜਾਂਦਾ ਹੈ ਕਿ ਆਪਣਾ ਸਰੀਰ ਹੀ ਉਸ ਵਿਚ ਲੈਅ ਹੋ ਜਾਂਦਾ ਹੈ। ਉਥੇ ਕੇਵਲ ਗੁਰੂ ਹੀ ਰਹਿ ਜਾਂਦਾ ਹੈ ਜਦੋਂ ਇਹ ਅਵਸਥਾ ਪ੍ਰਾਪਤ ਹੋ ਜਾਵੇ ਉਸ ਸਮੇਂ ਪਹਿਲੀ ਤ੍ਰਿਕੁਟੀ ਵਿਚੋਂ ਸੁਰਤ ਉਪਰਲੇ ਮੰਡਲਾਂ ਵਿਚ ਪ੍ਰਵੇਸ਼ ਕਰ ਲੈਂਦੀ ਹੈ। ਇਸ ਅਵਸਥਾ ਵਿਚ ਸਾਧਕ ਦੀ ਸੁਰਤੀ ਬਹੁਤ ਹੀ ਸੂਖਸ਼ਮ ਹੋ ਜਾਇਆ ਕਰਦੀ ਹੈ। ਸਾਰੇ ਫੁਰਨੇ ਖਤਮ ਹੋ ਜਾਂਦੇ ਹਨ। ਸਾਧਨਾ ਸਮੇਂ ਇਰਧ ਗਿਰਦ ਦਾ ਕੋਈ ਵੀ ਗਿਆਨ ਨਹੀਂ ਰਹਿੰਦਾ, ਕੋਈ ਵੀ ਫੁਰਨਾ ਨਹੀਂ ਉਠਦਾ, ਮਹਾਨ ਅਨੰਦ ਨਾਲ ਸਰੀਰ ਪੂਰਨ ਰੂਪ ਵਿਚ ਖੇੜਾ ਮਹਿਸੂਸ ਕਰਦਾ ਹੈ, ਵਿਗਾਸ ਹੀ ਵਿਗਾਸ ਉਸ ਨੂੰ ਅਨੁਭਵ ਹੁੰਦਾ ਹੈ।

ਰਾਜਕੁਮਾਰੀ ਆਪਣੇ ਨੇਮ ਦੇ ਨਾਲ ਉਸ ਮੱਠ ਵਿਚ ਬੈਠ ਕੇ ਨਾਮ ਵਿਚ ਲੀਨ ਹੋ ਜਾਂਦੀ ਹੈ, ਉਸ ਦੀ ਅੰਦਰਲੀ ਅਵਸਥਾ ਬਹੁਤ ਸੂਖਸ਼ਮ ਭਾਵਾਂ ਵਾਲੀ ਹੋ ਗਈ, ਹੁਣ ਉਸ ਨੂੰ ਕੋਈ ਵੀ ਬੁਰਾ ਨਹੀਂ ਲਗਦਾ। ਗੁਰੂ ਨਾਨਕ ਪਾਤਸ਼ਾਹ ਨੂੰ ਉਹ ਭਾਵੇਂ ਜਾਣਦੀ ਨਹੀਂ ਪਰ ਉਨ੍ਹਾਂ ਦੀ ਹੋਂਦ ਨੂੰ ਅੰਦਰ ਵਸਾ ਕੇ ਧਿਆਨ ਧਰਦੀ ਹੈ। ਇਹ ਅਵਸਥਾ ਦਿਨੋ ਦਿਨ ਵਧਦੀ ਤੁਰੀ ਜਾ ਰਹੀ ਹੈ। ਹੁਣ ਰਾਜਕੁਮਾਰੀ ਵਾਸਤੇ ਕੋਈ ਬੰਧਸ਼ ਨਹੀਂ ਉਹ ਮਾਂ ਬਾਪ ਨੂੰ ਬਹੁਤ ਪਿਆਰ ਕਰ ਰਹੀ ਹੈ ਕਿਉਂਕਿ ਉਸ ਦੇ ਅੰਦਰ ਨਿਰਾ ਪਿਆਰ ਹੀ ਪਿਆਰ ਹੈ। ਮਾਂ ਬਾਪ ਵੀ ਉਸ ਦੇ ਅੰਦਰ ਪਿਆਰ ਦੀ ਅਵਸਥਾ ਨੂੰ ਅਨੁਭਵ ਕਰਦੇ ਹਨ। ਹੁਣ ਉਹ ਸਵੇਰ ਵੇਲੇ ਜਾ ਕੇ ਕਈ ਵਾਰੀ ਦੁਪਹਿਰ ਨੂੰ ਵਾਪਸ ਨਹੀਂ ਆਉਂਦੀ। ਉਸ ਵੇਲੇ ਉਸ ਦੀ ਮਾਤਾ ਨੇ ਕਿਸੇ ਸੁਚੱਜੀ ਗੋਲੀ ਦੇ ਹੱਥ ਪ੍ਰਸ਼ਾਦਾ ਭੇਜ ਦੇਣਾ। ਜੰਗਲ ਦੇ ਰਸਤੇ ਦੀ ਰੱਖਿਆ ਕਰਨ ਲਈ ਸੁਚੱਜੇ ਤੇ ਸੋਝੀਵਾਨ ਸਿਪਾਹੀਆਂ ਦੀ ਗਾਰਦ ਲੱਗੀ ਹੋਈ ਸੀ ਜਿਹੜੀ ਇਸ ਗੱਲ ਦੇ ਧਿਆਨ ਵਿਚ ਰਹਿੰਦੀ ਸੀ ਕਿ ਕੋਈ ਚੋਰ-ਚਕਾਰ ਧਾੜਵੀ ਹਨ। ਇਸ ਜੰਗਲ ਵਿਚ ਪ੍ਰਵੇਸ਼ ਨਾ ਕਰੇ ਅਤੇ ਕੋਈ ਜੰਗਲੀ ਜਾਨਵਰ ਰਾਜ ਕੁਮਾਰੀ ਦੇ ਮੱਠ ਵਲ ਨਾ ਜਾਵੇ ਇਸ ਗੱਲ ਤੋਂ ਉਹ ਸਦਾ ਹੀ ਸਾਵਧਾਨ ਰਹਿੰਦੇ ਸਨ। ਇਸ ਤਰ੍ਹਾਂ ਕਰਦੀ ਨੂੰ ਉਸ ਨੂੰ ਢਾਈ ਸਾਲ ਲੰਘ ਗਏ। ਰਾਜਕੁਮਾਰੀ ਦੇ ਹਿਰਦੇ ਵਿਚ ਅਨੰਦ ਹੀ ਅਨੰਦ ਪ੍ਰਵੇਸ਼ ਕਰ ਗਿਆ। ਉਸ ਦੇ ਅੰਦਰ ਇਕ ਖੁਮਾਰੀ ਚੜ੍ਹੀ ਰਹਿੰਦੀ ਹੈ ਜੋ ਉਸ ਨੇ ਪਹਿਲਾਂ ਕਦੇ ਅਨੁਭਵ ਨਹੀਂ ਸੀ ਕੀਤੀ। ਹੁਣ ਉਸ ਨੂੰ ਨਾਮ ਰਸਨਾ ਨਾਲ ਜਪਣ ਦੀ ਲੋੜ ਨਹੀਂ ਸੀ, ਨਾਮ ਦੀ ਧੁਨ ਉਸ ਦਾ ਜੀਵਨ ਬਣ ਚੁਕੀ ਸੀ। ਇਸ ਧੁਨ ਦੇ ਅਲੋਪ ਹੋਣ ਨੂੰ ਉਹ ਮਰ ਜਾਣ ਦੇ ਬਰਾਬਰ ਸਮਝਦੀ ਸੀ। ਗੁਰੂ ਮਹਾਰਾਜ ਜੀ ਦਾ ਵੀ ਫੁਰਮਾਨ ਹੈ -

*ਆਖਾ ਜੀਵਾ ਵਿਸਰੈ ਮਰਿ ਜਾਉ॥*

*ਪੰਨਾ - 9*

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥*

*ਪੰਨਾ - 142*

ਗੁਰੂ ਮਹਾਰਾਜ ਜੀ ਨੇ ਅਸਲ ਜੀਵਨ ਤਾਂ ਉਸ ਨੂੰ ਹੀ ਕਿਹਾ ਹੈ ਜਿਸ ਸਰੀਰ ਦੇ ਅੰਦਰ ਨਾਮ ਦੀ ਰੌ ਰੁਮਕ ਰਹੀ ਹੈ। ਧਨ ਪਦਾਰਥਾਂ ਨੂੰ ਆਪ ਨੇ ਕੋਈ ਮਹਾਨਤਾ ਨਹੀਂ ਦਿਤੀ।

*ਅਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ॥*

*ਪੰਨਾ - 253*

ਹੁਣ ਰਾਜਕੁਮਾਰੀ ਵਿਸ਼ੇਸ਼ ਸਮੇਂ ਲਈ ਅੰਤਰਮੁਖ ਹੀ ਰਹਿੰਦੀ ਹੈ, ਗੱਲਬਾਤ ਬਹੁਤ ਘੱਟ ਕਰਦੀ ਹੈ। ਜੇ ਮਾਤਾ ਪਿਤਾ ਨੇ ਲਾਡ ਵਿਚ ਆ ਕੇ ਇਹ ਗੱਲ ਕਹਿ ਦਿਤੀ ਕਿ ਬੇਟੀ ਅੱਗੇ ਤੂੰ ਬਹੁਤ ਗੱਲਾਂ ਕਰਦੀ ਸੀ, ਜੰਗਲ ਦੀਆਂ ਐਨੀਆਂ ਘਟਨਾਵਾਂ ਸੁਣਾਇਆ ਕਰਦੀ ਸੀ, ਅਸੀਂ ਸੁਣ-ਸੁਣ ਕੇ ਥੱਕ ਜਾਂਦੇ ਸੀ। ਪਰ ਹੁਣ ਕੀ ਗੱਲ ਹੈ ਜਦੋਂ ਅਸੀਂ ਸੋਚਦੇ ਹਾਂ ਕਿ ਤੂੰ ਬਹੁਤ ਗਹਿਰੀ ਉਦਾਸੀ ਵਿਚ ਜਾ ਚੁਕੀ ਹੈਂ। ਇਹ ਸਾਡੇ ਤੋਂ ਸਹੀ ਨਹੀਂ ਜਾਂਦੀ ਕਿਉਂਕਿ ਤੇਰੇ ਅੰਦਰ ਇਕ ਐਸਾ ਜੀਵਨ ਆ ਗਿਆ ਜਿਸ ਨਾਲ ਹੁਣ ਤੇਰੇ ਚਿਹਰੇ ਨੂੰ ਦੇਖ ਕੇ ਖਿੱਚ ਪੈਂਦੀ ਹੈ, ਤੇਰੇ ਨੈਣਾਂ ਵਲ ਦੇਖਿਆ ਨਹੀਂ ਜਾਂਦਾ, ਤੂੰ ਸਾਨੂੰ ਮਹਾਂ ਪਵਿੱਤਰ ਲਗਦੀ ਹੈਂ। ਇਕ ਦਿਨ ਅਸੀਂ ਰਾਜ ਪੰਡਤ ਜੀ ਨਾਲ ਗੱਲ ਕੀਤੀ ਸੀ ਕਿ ਪੰਡਤ ਜੀ! ਤੁਸੀਂ ਵੀ ਵਿਦਵਾਨ ਹੋ, ਤੁਸੀਂ ਰਾਜਕੁਮਾਰੀ ਨੂੰ ਦੇਖਦੇ ਹੋ ਤੁਹਾਡਾ ਕੀ ਅਨੁਮਾਨ ਹੈ। ਉਸ ਵੇਲੇ ਰਾਜ ਪੰਡਤ ਜੀ ਨੇ ਕਿਹਾ ਕਿ ਰਾਜਕੁਮਾਰੀ ਹੁਣ ਉਸ ਦੁਨੀਆਂ ਵਿਚ ਨਹੀਂ ਰਹੀ ਜਿਸ ਵਿਚ ਆਪਾਂ ਰਹਿ ਰਹੇ ਹਾਂ। ਇਸ ਦਾ

ਵਾਸਾ ਕਿਸੇ ਅਲੋਕਿਕ ਸੰਸਾਰ ਵਿਚ ਹੋ ਚੁਕਿਆ ਹੈ ਜਿਸ ਵਿਚ ਵੱਡੇ-ਵੱਡੇ ਸਾਧਕ ਜੋਗੀ ਨਿਵਾਸ ਕਰਦੇ ਹਨ। ਮੈਂ ਵੀ ਰਾਜਕੁਮਾਰੀ ਦੀ ਬਦਲਦੀ ਹਾਲਤ ਨੂੰ ਗਹੁ ਨਾਲ ਵਾਚ ਰਿਹਾ ਹਾਂ। ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਉਸ ਦੇ ਚਿਹਰੇ ਉਪਰ ਕੋਈ ਉਦਾਸੀ ਦਾ ਚਿੰਨ ਨਹੀਂ ਹੈ। ਉਸ ਦੀ ਅਵਸਥਾ ਬੀਤਰਾਗ ਪੁਰਸ਼ਾਂ ਵਰਗੀ ਹੁੰਦੀ ਜਾ ਰਹੀ ਹੈ ਜੋ ਸਦਾ ਹੀ ਅਨੰਦ ਵਿਚ ਰਹਿੰਦੇ ਹਨ। ਇਹਦੇ ਅੰਦਰ ਕੋਈ ਪ੍ਰਕਾਸ਼ ਹੋ ਰਿਹਾ ਹੈ। ਭਾਈ ਤਿਲੋਕਾ ਜੀ ਜੋ ਆਪ ਦੇ ਮਹਿਲਾਂ ਵਿਚ ਕੁਝ ਦਿਨ ਬਿਮਾਰ ਹੋ ਕੇ ਰਹੇ ਸਨ ਉਨ੍ਹਾਂ ਨੇ ਇਸ ਬੀਬਾ ਨੂੰ ਬਹੁਤ ਉਚ ਕੋਟੀ ਦੇ ਭੇਤ ਦੱਸੇ ਹੋਏ ਹਨ। ਆਤਮਾ ਬਾਰੇ ਸੋਝੀ ਨਾ ਵਿਦਵਾਨਾਂ ਨੂੰ ਆਉਂਦੀ ਹੈ, ਨਾ ਕਥਾਕਾਰਾਂ ਨੂੰ ਕੁਝ ਪਤਾ ਲਗਦਾ ਹੈ ਪਰੰਤੂ ਰਾਜਕੁਮਾਰੀ ਜੀ ਆਤਮਾ ਬਾਰੇ ਸਭ ਕੁਝ ਜਾਣ ਗਏ ਹਨ ਅਤੇ ਜੋ ਸਾਧਨ ਇਨ੍ਹਾਂ ਨੇ ਸ਼ੁਰੂ ਕਰਿਆ ਹੈ ਇਸ ਨੂੰ 'ਨਾਮ ਮਾਰਗ' ਕਿਹਾ ਜਾਂਦਾ ਹੈ। ਇਹ ਜੋਗੀਸ਼ਰਾਂ ਵਾਂਗੂੰ ਕੋਈ ਜੋਗ ਨਹੀਂ ਕਰਦੀ ਜਾਂ ਤਪੀਆਂ ਵਾਂਗੂੰ ਤਪ ਨਹੀਂ ਸਹਿ ਰਹੀ, ਇਹ ਕਿਸੇ ਮਹਾਨ ਉਚੇ ਮਾਰਗ ਤੇ ਚਲ ਰਹੀ ਹੈ ਜਿਸ ਦੀ ਸੋਝੀ ਨਾ ਮੈਨੂੰ ਲਗਦੀ ਹੈ ਨਾ ਹੀ ਸੰਸਾਰ ਨੂੰ ਹੈ। ਤੁਸੀਂ ਫਿਕਰ ਨਾ ਕਰੋ ਜੋ ਰਾਜਕੁਮਾਰੀ ਨੇ ਰਾਹ ਅਪਣਾਇਆ ਹੈ ਉਹ ਬਹੁਤ ਹੀ ਉਤਮ ਹੈ।

ਮਾਤਾ ਪਿਤਾ ਉਸ ਨੂੰ ਬਹੁਤ ਪਿਆਰ ਕਰ ਰਹੇ ਹਨ ਉਸ ਨੂੰ ਕੋਈ ਬੰਦਸ਼ ਨਹੀਂ ਜਿਵੇਂ ਉਹ ਚਾਹੁੰਦੀ ਹੈ ਉਸ ਵਿਚ ਮਾਂ ਬਾਪ ਸਹਿਮਤ ਹਨ। ਹੁਣ ਕਈ ਵਾਰੀ ਐਸਾ ਹੁੰਦਾ ਹੈ। ਰਾਜਕੁਮਾਰੀ ਸੂਰਜ ਛੁਪੇ ਤੇ ਆਪਣੇ ਆਪ ਵਾਪਸ ਨਹੀਂ ਆਉਂਦੀ। ਉਸ ਵੇਲੇ ਮਸਾਲਾਂ ਲੈ ਕੇ ਸੇਵਾਦਾਰ ਪਾਲਕੀ ਲੈ ਜਾਂਦੇ ਹਨ ਅਤੇ ਰਾਜਕੁਮਾਰੀ ਨੂੰ ਬੇਨਤੀ ਕਰਕੇ ਉਸ ਵਿਚ ਬਿਠਾ ਕੇ ਜੰਗਲ ਵਿਚੋਂ ਲੰਘ ਕੇ ਰਾਜ ਮਹਿਲਾਂ ਵਿਚ ਲਿਆਇਆ ਕਰਦੇ ਸਨ। ਪਹਿਲਾਂ ਉਸ ਨੂੰ ਐਨੀ ਭੁੱਖ ਲੱਗਿਆ ਕਰਦੀ ਸੀ ਕਿ ਜੇ ਦੋ ਮਿੰਟ ਵੀ ਖਾਣ ਨੂੰ ਨਾ ਮਿਲੇ ਤਾਂ ਉਹ ਆਸਮਾਨ ਸਿਰ ਉਪਰ ਚੁਕ ਲੈਂਦੀ ਸੀ। ਪਰ ਹੁਣ ਉਸ ਦੀ ਭੁੱਖ ਪਤਾ ਨਹੀਂ ਕਿਥੇ ਚਲੀ ਗਈ। ਉਹ ਕਿਸੇ ਅਕਹਿ ਰਸ ਵਿਚ ਸਦਾ ਹੀ ਲੀਨ ਰਹਿੰਦੀ ਹੈ। ਉਸ ਦਾ ਜੀਵਨ ਨਿਤ ਪ੍ਰਤੀ ਸਹਿਜ ਵਲ ਨੂੰ ਤੁਰ ਰਿਹਾ ਹੈ। ਗੁਰੂ ਨਾਨਕ ਦੇ ਅਣਡਿੱਠੇ ਵਜੂਦ ਦਾ ਧਿਆਨ ਧਰਦੀ ਹੈ ਅਤੇ ਉਸ ਦੇ ਪਿਆਰ ਵਿਚ ਅੱਖਾਂ ਵਿਚੋਂ ਹੰਝੂਆਂ ਦੀ ਝੜੀ ਲਗ ਜਾਂਦੀ ਹੈ ਅਤੇ ਉਸ ਵਿਚ ਬੇਨਤੀ ਭਰੀ ਖਿੱਚ ਹੁੰਦੀ ਹੈ ਕਿ ਮੇਰੇ ਸਾਹਿਬ! ਮੇਰੀਆਂ ਅੱਖਾਂ ਤੇਰੇ ਦਰਸ਼ਨਾਂ ਨੂੰ ਤਰਸ ਰਹੀਆਂ ਹਨ। ਕ੍ਰਿਪਾ ਕਰਕੇ ਮੈਨੂੰ ਦਰਸ਼ਨ ਦਿਖਾ, ਹੁਣ ਮੈਂ ਉਸ ਪਪੀਹੇ ਵਾਂਗੂੰ ਹਾਂ ਜਿਸ ਨੂੰ ਸਵਾਂਤੀ ਬੂੰਦ ਨਾ ਮਿਲਣ ਕਰਕੇ ਤਪਤ ਮਹਿਸੂਸ ਹੋ ਰਹੀ ਹੈ ਪਰ ਨਾਮ ਦਾ ਅਧਾਰ ਹੋਣ ਕਰਕੇ ਇਹ ਬੈਰਾਗ ਉਸਦੀ ਸੁਰਤ ਨੂੰ ਉਚਾ ਹਲੂਣਾ ਦੇ ਜਾਇਆ ਕਰਦਾ ਹੈ। ਐਸੀ ਅਵਸਥਾ ਆ ਗਈ ਕਿ ਉਸ ਨੂੰ ਮਹਿਸੂਸ ਹੋ ਰਿਹਾ ਹੈ ਕਿ ਮੇਰੇ ਰੋਮ-ਰੋਮ ਵਿਚੋਂ ਨਾਮ ਦੀ ਸੰਗੀਤਮਈ ਧੁਨੀ ਨਿਕਲ ਰਹੀ ਹੈ।

ਇਕ ਬਹੁਤ ਹੀ ਮਨਮੋਹਣੀ ਕਿਸਮ ਦੀ ਧੁਨ ਉਸ ਦੇ ਅੰਦਰ ਪੈਦਾ ਹੋ ਗਈ ਜਿਸ ਦੇ ਨਾਲ ਅਨੇਕਾਂ ਵਾਜੇ ਬਿਨਾਂ ਵਜਾਏ ਹੀ ਵਜ ਰਹੇ ਹਨ, ਉਸ ਵਿਚ ਵਾਹਿਗੁਰੂ ਮੰਤਰ ਦਾ ਕੀਰਤਨ ਹੋ ਰਿਹਾ ਹੈ। ਉਸ ਧੁਨ ਦੀ ਖੁਮਾਰੀ ਵਿਚ ਉਹ ਘੰਟਿਆਂ ਬੱਧੀ ਬਿਨਾਂ ਹੱਥ ਪੈਰ ਹਿਲਾਏ ਅਫੁਰ ਹੋ ਕੇ ਬੈਠੀ ਰਹਿੰਦੀ ਸੀ। ਇਹ ਰੋਮ-ਰੋਮ ਵਿਚੋਂ ਉਠ ਰਹੀ ਧੁਨ ਅੱਗੇ ਵਧੀ, ਹੁਣ ਉਸ ਨੂੰ ਆਪਣੇ ਮੱਠ ਵਿਚੋਂ ਹੀ ਸੰਗੀਤਮਈ ਧੁਨ ਵਾਹਿਗੁਰੂ ਨਾਮ ਦੀ ਆ ਰਹੀ ਹੈ। ਇਕ ਦਿਨ ਇਥੋਂ ਤਕ ਹੈਰਾਨ ਹੋਈ ਕਿ ਦਰਖਤਾਂ ਨਾਲ ਛੋਂਹਦੀ ਹਵਾ ਦੀ ਅਵਾਜ਼ ਵਿਚ ਉਸ ਨੂੰ ਨਾਮ ਦੀ ਧੁਨ ਸੁਣ ਰਹੀ ਸੀ। ਉਹ ਹੈਰਾਨ ਹੋ ਕੇ ਤਕ ਰਹੀ ਹੈ ਕਿ ਇਹ ਦਰਖਤਾਂ ਨੂੰ ਜੀਭਾਂ ਕਿਥੋਂ ਲਗ ਗਈਆਂ। ਇਹ ਤਾਂ ਸਾਰੇ ਨਾਮ ਜਪ ਰਹੇ ਹਨ, ਮੇਰੇ ਮੱਠ ਵਿਚੋਂ ਨਾਮ ਧੁਨ ਆ ਰਹੀ ਹੈ। ਦਰਖਤਾਂ ਦੇ ਪੱਤੇ-ਪੱਤੇ ਵਿਚੋਂ ਨਾਮ ਦੀ ਫੁਹਾਰ ਪ੍ਰਗਟ ਹੋ ਰਹੀ ਹੈ ਜੇ ਕੋਈ ਜੰਗਲ ਦਾ ਪੰਛੀ ਬੋਲਦਾ ਹੈ ਉਸ ਦੇ ਬੋਲ ਵਿਚ ਵੀ ਨਾਮ ਧੁਨ ਹੀ ਸੁਣ ਰਹੀ ਹੈ।

ਸੋ ਸਾਧਸੰਗਤ ਜੀ! ਇਹ ਉਹ ਅਵਸਥਾਵਾਂ ਹਨ ਜੋ ਵੱਡੇ-ਵੱਡੇ ਯੋਗੀਆਂ ਨੂੰ ਵੀ ਪ੍ਰਾਪਤ ਨਹੀਂ ਹੋਇਆ ਕਰਦੀਆਂ। ਗੁਰੂ ਮਹਾਰਾਜ ਜੀ ਬਾਣੀ ਵਿਚ ਫੁਰਮਾਨ ਕਰਦੇ ਹਨ -

***ਧਾਰਨਾ- ਰੋਮ-ਰੋਮ ਹਰਿ ਧਿਆਵੇ***
***ਗੁਰਮੁਖ ਪਿਆਰੇ ਦਾ***

***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥***
***ਪੰਨਾ - 941***

ਜਦੋਂ ਬਿਰਤੀ ਅਜਪਾ ਜਾਪ ਵਿਚ ਪਹੁੰਚਦੀ ਹੈ ਜਿਥੇ ਨਾ ਬੁਲ੍ਹ ਹਿਲਦੇ ਹਨ ਨਾ ਜ਼ੁਬਾਨ ਹਿਲਦੀ ਹੈ, ਨਾ ਜਾਪ ਲਈ ਕੋਈ ਮਿਹਨਤ ਕਰਨੀ ਪੈਂਦੀ ਹੈ, ਸਗੋਂ ਇਸ ਦੇ ਵਿਪਰੀਤ ਨਾਮ ਦੀ ਫੁਹਾਰ ਇਸ ਤਰ੍ਹਾਂ ਚਲਣੀ ਸ਼ੁਰੂ ਹੋ ਜਾਂਦੀ ਹੈ ਜਿਵੇਂ ਕੋਈ ਫੁਹਾਰਾ ਚਲ ਰਿਹਾ ਹੋਵੇ। ਬਗੈਰ ਜਪਣ ਤੋਂ ਜੋ ਧੁਨ ਨਾਮ ਦੀ ਸੁਣਾਈ ਦਿੰਦੀ ਹੈ ਮਹਾਰਾਜ ਜੀ ਉਸ ਬਾਰੇ ਫੁਰਮਾਨ ਕਰਦੇ ਹਨ -

***ਅਜਪਾ ਜਾਪੁ ਨ ਵੀਸਰੈ***
***ਆਦਿ ਜੁਗਾਦਿ ਸਮਾਇ॥***
***ਪੰਨਾ - 1291***

ਇਸ ਅਵਸਥਾ ਵਿਚ ਫੁਰਨੇ ਨਹੀਂ ਉਠਦੇ, ਮਨ ਅਫੁਰ ਹੋ ਜਾਂਦਾ ਹੈ। ਆਪਣੇ ਆਪ ਹੀ ਨਾਮ ਦੀ ਧੁਨ ਸੁਣਾਈ ਦਿੰਦੀ ਹੈ। ਫੇਰ ਇਉਂ ਲਗਦਾ ਹੈ ਜਿਵੇਂ ਚਸ਼ਮੇ ਵਿਚੋਂ ਪਾਣੀ ਬਹੁਤ ਉਚਾ ਉਠ ਰਿਹਾ ਹੋਵੇ ਉਸ ਵੇਲੇ ਹਰ ਰੋਮ ਇਉਂ ਪ੍ਰਤੀਤ ਦਿੰਦਾ ਹੈ ਜਿਵੇਂ ਇਸ ਨੂੰ ਜ਼ੁਬਾਨ ਲਗ ਗਈ ਹੋਵੇ। ਸਾਰੇ ਰੋਮਾਂ 'ਚੋਂ ਨਾਮ ਦੀ ਧੁਨ ਸੁਣ ਰਹੀ ਹੋਵੇ। ਉਸ ਵੇਲੇ ਜੰਗਲਾਂ ਦੇ ਜਾਨਵਰ, ਪਸ਼ੂ, ਪੰਛੀ

ਸਭ ਨਾਮ ਜਪਦੇ ਪ੍ਰਤੀਤ ਦਿੰਦੇ ਹਨ।

*ਧਾਰਨਾ - ਨਾਮ ਹਰੀ ਦਾ ਜਪਦੇ,*
*ਸਾਰੇ ਵਣਾਂ ਦੇ ਪੰਖੇਰੂ।*

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥*
*ਪੰਨਾ - 1265*

*ਫਰੀਦਾ ਹਉ ਬਲਿਹਾਰੀ*
*ਤਿਨਾ ਪੰਖੀਆ ਜੰਗਲਿ ਜਿੰਨਾ ਵਾਸੁ॥*
*ਕਕਰੁ ਚੁਗਨਿ ਥਲਿ ਵਸਨਿ*
*ਰਬ ਨ ਛੋਡਨਿ ਪਾਸੁ॥ ਪੰਨਾ - 1383*

ਜਿਉਂ-ਜਿਉਂ ਇਹ ਅਵਸਥਾ ਵਧਦੀ ਤੁਰੀ ਜਾ ਰਹੀ ਹੈ ਫੇਰ ਇਹੀ ਨਾਮ ਦੀ ਧੁਨੀ ਧਰਤੀ ਵਿਚੋਂ, ਅਕਾਸ਼ ਵਿਚੋਂ, ਦਰਖਤਾਂ ਵਿਚੋਂ, ਸਾਰੀ ਕੁਦਰਤ ਵਿਚੋਂ ਪ੍ਰਤੱਖ ਰੂਪ ਵਿਚ ਸੁਣਾਈ ਦੇਣ ਲਗ ਜਾਂਦੀ ਹੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ- ਨਾਮ ਹਰੀ ਦਾ ਜਪਦੀ,*
*ਕੁਦਰਤ ਸਾਰੀ-ਕੁਦਰਤ ਸਾਰੀ।*

*ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ*
*ਸਭ ਹਰਿ ਹਰਿ ਨਾਮੁ ਧਿਆਵੈ ਰਾਮ॥*
*ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ*
*ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ॥*
*ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ*
*ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ॥*
*ਨਾਨਕ ਤੇ ਹਰਿ ਦਰਿ ਪੈਨਾਇਆ ਮੇਰੀ ਜਿੰਦੁੜੀਏ*
*ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ॥*
*ਪੰਨਾ - 540*

ਇਹ ਉਚੀਆਂ ਅਵਸਥਾਵਾਂ ਵੱਡੇ-ਵੱਡੇ ਸਾਧਕਾਂ ਨੂੰ ਵੀ ਪ੍ਰਾਪਤ ਨਹੀਂ ਹੋਇਆ ਕਰਦੀਆਂ। ਇਹ ਕੋਈ ਖਿਆਲੀ ਅਵਸਥਾਵਾਂ ਨਹੀਂ ਹਨ ਇਹ ਪ੍ਰਤੱਖ ਰੂਪ ਵਿਚ ਹਨ ਕਿਉਂਕਿ ਸਾਰੇ ਸੰਸਾਰ ਵਿਚ ਨਾਮ ਹੀ ਧੁਨੀ ਰੂਪ ਹੋ ਕੇ ਪਸਰਿਆ ਹੋਇਆ ਹੈ। ਉਸ ਦੇ ਆਸਰੇ ਹੀ ਸਾਰੇ ਖੰਡ ਬ੍ਰਹਿਮੰਡ ਆਪਣੀ ਕ੍ਰਿਆ ਕਰ ਰਹੇ ਹਨ ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਨਾਮ ਕੇ ਧਾਰੇ ਸਗਲੇ ਜੰਤ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ॥*
*ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥*
*ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥*
*ਨਾਮ ਕੇ ਧਾਰੇ ਆਗਾਸ ਪਾਤਾਲ॥*
*ਨਾਮ ਕੇ ਧਾਰੇ ਸਗਲ ਆਕਾਰ॥*
*ਨਾਮ ਕੇ ਧਾਰੇ ਪੁਰੀਆ ਸਭ ਭਵਨ॥*
*ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥*
*ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥*
*ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥*
*ਪੰਨਾ - 284*

ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ -

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋਹ ਰਹਾ॥*

ਇਸ ਤਰ੍ਹਾਂ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ-

*ਨਿਰੰਕਾਰੁ ਆਕਾਰੁ ਹੋਇ*
*ਏਕੰਕਾਰੁ ਅਪਾਰੁ ਸਦਾਇਆ॥*
*ਏਕੰਕਾਰਹੁ ਸਬਦ ਧੁਨਿ*
*ਓਅੰਕਾਰ ਅਕਾਰੁ ਬਣਾਇਆ॥*
*ਭਾਈ ਗੁਰਦਾਸ ਜੀ, ਵਾਰ 26/2*

ਇਸ ਸ਼ਬਦ ਧੁਨ ਤੋਂ ਹੀ ਸਾਰੀ ਸ੍ਰਿਸ਼ਟੀ ਵਜੂਦ ਵਿਚ ਆਈ। ਇਹ ਧੁਨੀ ਅਖੰਡ ਹੈ ਇਸ ਦੇ ਆਸਰੇ ਸਾਰੇ ਖੰਡ ਬ੍ਰਹਿਮੰਡ ਕਰਾਰੇ ਹੁਕਮ ਵਿਚ ਬਿਨਾਂ ਰੋਕ ਟੋਕ ਪੂਰੀ ਨਿਪੁੰਨਤਾ ਦੇ ਨਾਲ ਕ੍ਰਿਆ ਕਰ ਰਹੇ ਹਨ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥*
*ਪੰਨਾ - 3*

ਇਕ ਕਵਾਓ ਹੋਇਆ। ਸ਼ਬਦ ਦੀ ਧੁਨ ਦਾ ਉਚਾਰਨ ਹੋਇਆ ਇਸ ਦੇ ਆਸਰੇ ਹੀ ਸਾਰੀਆਂ ਸ੍ਰਿਸ਼ਟੀਆਂ ਵਜੂਦ ਵਿਚ ਆਈਆਂ ਜਿਵੇਂ ਕਿ -

*ਏਕ ਕਵਾਵੈ ਤੇ ਸਭਿ ਹੋਆ॥*
*ਪੰਨਾ - 1003*

ਉਹ ਸ਼ਬਦ ਪ੍ਰਗਟ ਹੋ ਗਿਆ ਜਿਸਦੇ ਬਾਰੇ ਫੁਰਮਾਨ ਹੈ -

*ਧਾਰਨਾ - ਵਾਹਵਾ-ਵਾਹਵਾ*
*ਬਜਰ ਕਪਾਟ ਖੁਲ੍ਹ ਗਏ।*
*ਮਨ ਚੜ੍ਹਿਆ ਦਸਵੇਂ ਦੁਆਰੇ*

*ਧਾਵਤੁ ਥੰਮਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ॥*
*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮਿ ਰਹਾਇਆ॥*
*ਤਹ ਅਨੇਕ ਵਾਜੇ ਸਦਾ ਅਨਦੁ ਹੈ*
*ਸਚੇ ਰਹਿਆ ਸਮਾਏ॥*
*ਇਉ ਕਹੈ ਨਾਨਕੁ ਸਤਿਗੁਰਿ ਮਿਲਿਐ*
*ਧਾਵਤੁ ਥੰਮਿਆ ਨਿਜ ਘਰਿ ਵਸਿਆ ਆਏ॥*
*ਪੰਨਾ - 441*

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ॥*
*ਤਿਥੈ ਊਂਘ ਨ ਭੁਖ ਹੈ*
*ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ॥*
*ਪੰਨਾ - 1414*

ਸੋ ਇਨ੍ਹਾਂ ਉਚੇ ਮੰਡਲਾਂ ਵਿਚ ਰਾਜਕੁਮਾਰੀ ਦੀ ਸੁਰਤੀ ਪ੍ਰਵੇਸ਼ ਕਰ ਗਈ ਹੁਣ ਕਦੇ-ਕਦੇ ਉਸ ਨੂੰ ਐਸਾ ਮਹਿਸੂਸ ਹੋਇਆ ਕਰੇ, ਮੱਠ ਦੇ ਅੰਦਰ ਬੈਠੀ ਹੀ ਅਨੁਭਵ ਕਰਿਆ ਕਰੇ ਕਿ ਉਸ ਦੀ ਨਿਗ੍ਹਾ ਦੂਰ ਤਕ ਪਹੁੰਚ ਗਈ, ਕੋਈ ਰੁਕਾਵਟ ਉਸ ਦੇ ਅੱਗੇ ਨਹੀਂ ਆਉਂਦੀ। ਉਹ ਹੋਣ ਵਾਲੀਆਂ ਸਾਰੀਆਂ ਗੱਲਾਂ ਵੇਖ ਲੈਂਦੀ ਹੈ। ਕਈ ਵਾਰੀ ਉਸ ਨੇ ਆਪਣੀ ਮਾਤਾ ਨੂੰ ਦਸਿਆ ਕਿ ਕਿ ਮਾਤਾ! ਮੈਨੂੰ ਐਉਂ ਨਜ਼ਰੀ ਆਇਆ ਹੈ, ਥੋੜ੍ਹੇ ਸਮੇਂ ਬਾਦ ਉਹ ਗੱਲ ਪ੍ਰਤੱਖ ਹੋ ਜਾਣੀ। ਮਾਤਾ ਨੇ ਹੈਰਾਨ ਹੋ ਜਾਣਾ, ਉਸ ਨੇ ਰਾਜਕੁਮਾਰੀ ਦੇ ਪਿਤਾ ਨੂੰ ਦਸਣਾ ਕਿ ਆਪਣੀ ਬੇਟੀ ਤਾਂ ਔਲੀਆ ਹੋ ਗਈ ਹੈ। ਆਪਾਂ ਨੂੰ ਤਾਂ ਪਤਾ ਨਹੀਂ ਲਗਦਾ ਜੋ ਗੱਲ ਕਲ੍ਹ ਨੂੰ ਹੋਣ ਵਾਲੀ ਹੈ ਪਰ ਉਹ ਸਹਿਜ ਨਾਲ ਹੀ ਹੋਣ ਤੋਂ ਪਹਿਲਾਂ ਦਸ ਦਿੰਦੀ ਹੈ ਕਿ ਮੈਨੂੰ ਐਉਂ ਦਿਸਿਆ ਹੈ। ਉਸ ਦਾ ਪਿਤਾ ਬਹੁਤ ਪ੍ਰਸੰਨ ਹੋਇਆ। ਉਸ ਨੇ ਪੰਡਤ ਨਾਲ ਗੱਲ ਕੀਤੀ ਤਾਂ ਪੰਡਤ ਜੀ ਨੇ ਦਸਿਆ ਕਿ ਇਹ ਬੀਬੀ ਯੋਗੀ ਹੈ। ਯੋਗ ਵਿਚ ਜਦੋਂ ਸਿੱਧੀ ਮੰਡਲ ਵਿਚ ਸੁਰਤ ਪਹੁੰਚਦੀ ਹੈ, ਉਸ ਵੇਲੇ ਉਸ ਨੂੰ ਹੋਣ ਵਾਲੀਆਂ ਗੱਲਾਂ ਦਾ ਪਹਿਲਾਂ ਹੀ ਪਤਾ ਲਗ ਜਾਂਦਾ ਹੈ। ਇਸ ਦੀ ਸੁਰਤ ਬਹੁਤ ਉਚੀ ਪਹੁੰਚ ਚੁਕੀ ਹੈ ਇਸ ਦੇ ਅੱਗੇ ਕੋਈ ਪੜਦਾ ਨਹੀਂ ਰਿਹਾ ਇਸ ਦੀ ਦ੍ਰਿਸ਼ਟੀ ਦਿਬਯ ਦ੍ਰਿਸ਼ਟ ਵਿਚ ਪਲਟ ਰਹੀ ਹੈ। ਭਜਨ ਕਰਨਾ, ਨਾਮ ਜਪਣਾ ਰਾਜਕੁਮਾਰੀ ਦਾ ਇਕ ਤਰ੍ਹਾਂ ਨਾਲ ਜੀਵਨ ਹੀ ਬਣ ਚੁਕਿਆ ਹੈ। ਹੁਣ ਉਸ ਵਿਚ ਸਹਿਜ ਦੇ ਹੁਲਾਰੇ ਆ ਰਹੇ ਹਨ। ਹੁਣ ਭਾਵੇਂ ਉਹ ਮੱਠ ਵਿਚ ਜਾਵੇ ਜਾਂ ਨਾ ਜਾਵੇ ਉਸ ਦੇ ਰੰਗ ਵਿਚ ਕੋਈ ਫਰਕ ਨਹੀਂ ਪਰ ਉਹ ਪੂਰੇ ਨੇਮ ਨਾਲ ਜਾ ਰਹੀ ਹੈ।

ਅੱਜ ਪੂਰੇ ਚਾਰ ਸਾਲ ਇਕ ਟੱਕ ਭਗਤੀ ਕਰਦਿਆਂ ਲੰਘ ਗਏ। ਅੱਜ ਜਦੋਂ ਘਰ ਆਈ, ਮਾਤਾ ਪਿਤਾ ਨੂੰ ਮਿਲੀ, ਉਸ ਪਿਛੋਂ ਪਲੰਘ ਤੇ ਬਿਰਾਜ ਗਈ, ਉਸ ਨੇ ਹੋਰ ਇਕ ਅਵਸਥਾ ਨੂੰ ਅਨੁਭਵ ਕੀਤਾ ਕਿ ਉਸ ਦਾ ਸਰੀਰ ਘੂਕ ਨੀਂਦ ਵਿਚ ਚਲਿਆ ਗਿਆ ਹੈ ਪਰ ਉਹ ਜਾਗ ਰਹੀ ਹੈ ਉਸੇ ਤਰ੍ਹਾਂ ਨਾਲ ਅਖੰਡ ਧੁਨੀ ਉਸ ਦੇ ਅੰਦਰ ਚਲ ਰਹੀ ਹੈ। ਉਹ ਆਲੇ ਦੁਆਲੇ ਤੋਂ ਬੇਖਬਰ ਨਹੀਂ ਹੈ। ਕੋਈ ਐਸੀ ਚੀਜ਼ ਹੈ ਜਿਸ ਨਾਲ ਉਹ ਸਰੀਰ ਨੂੰ ਵੀ ਦੇਖ ਰਹੀ ਹੈ ਕਿ ਉਹ ਸੁੱਤਾ ਪਿਆ ਹੈ। ਜੋ ਵੀ ਗੱਲਬਾਤ ਹੋ ਰਹੀ ਹੈ ਉਸ ਨੂੰ ਵੀ ਸੁਣ ਰਹੀ ਹੈ। ਇਹ ਅਵਸਥਾ ਬਹੁਤ ਭਜਨ ਕਰਨ ਨਾਲ ਆਇਆ ਕਰਦੀ ਹੈ ਜਦੋਂ ਜਗਿਆਸੂ ਸਰੀਰਕ ਨੀਂਦ ਬਹੁਤ ਹਦ ਤਕ ਘਟਾ ਲੈਂਦੇ ਹਨ ਪਰ ਨੀਂਦ ਦੇ ਘੱਟ ਹੋ ਜਾਣ ਦਾ ਉਸ ਦੇ ਸਰੀਰ ਉਪਰ ਕੋਈ ਵੀ ਅਸਰ ਨਹੀਂ ਪਿਆ ਕਰਦਾ। ਥੋੜ੍ਹੀ ਨੀਂਦ ਨਾਲ ਕੋਈ ਥਕੇਵਾਂ ਅਕੇਵਾਂ ਨਹੀਂ ਹੁੰਦਾ, ਕੋਈ ਬਿਮਾਰੀ, ਮਾਲੀ ਖੋਲੀਏ ਵਰਗੀ ਨਹੀਂ ਲਗਦੀ ਪਰ ਇਕ ਅਨੁਭਵ ਅੰਦਰ ਆ ਜਾਂਦਾ ਹੈ ਕਿ ਘੂਕ ਨੀਂਦ ਵਿਚ ਪਿਆ ਆਪਣੇ ਸਰੀਰ ਨੂੰ ਦੇਖਦਾ ਹੈ ਪਰ ਆਪ ਪੂਰਨ ਜਾਪ ਵਿਚ ਉਸ ਮਹਾਨ ਰਸ ਨੂੰ ਮਾਣ ਰਿਹਾ ਹੁੰਦਾ ਹੈ। ਇਰਧ-ਗਿਰਦ ਦਾ ਉਸ ਨੂੰ ਸਾਰਾ ਪਤਾ ਹੁੰਦਾ ਹੈ ਆਪਣੇ ਸਰੀਰ ਨੂੰ ਵੀ ਦੇਖਦਾ ਹੈ। ਉਸ ਸਮੇਂ ਜੇ ਬਾਣੀ ਪੜ੍ਹਨ ਲੱਗੇ ਤਾਂ ਉਸ ਦੀ ਰਫਤਾਰ ਤਿੰਨ ਗੁਣਾਂ ਵਧ ਜਾਂਦੀ ਹੈ। ਤਿੰਨ ਘੰਟੇ ਦਾ ਪਾਠ ਇਕ ਘੰਟੇ ਵਿਚ ਕਰ ਲੈਂਦਾ ਹੈ। ਬਾਣੀ ਬਹੁਤ ਹੀ ਸਾਫ ਉਚਾਰਨ ਹੁੰਦੀ ਹੈ ਉਸ ਵਿਚ ਕੋਈ ਗਲਤੀ ਨਹੀਂ ਹੁੰਦੀ। ਇਹ ਸੁਜਾਗ ਅਵਸਥਾ ਹੈ ਇਸ ਨੂੰ ਮਨੋਵਿਗਿਆਨੀ ਨਹੀਂ ਸਮਝ ਸਕਦੇ। ਮਨੋਵਿਗਿਆਨੀ ਇਸ ਨੂੰ ਬੇਸੁਰਤੀ ਦੀ ਅਵਸਥਾ ਆਖਦੇ ਹਨ ਕਿਉਂਕਿ ਉਨ੍ਹਾਂ ਨੇ ਇਹ ਅਵਸਥਾ ਮਾਣੀ ਨਹੀਂ, ਉਸ ਦਾ ਅਨੁਭਵ ਉਨ੍ਹਾਂ ਨੂੰ ਨਹੀਂ ਹੋਇਆ ਹੁੰਦਾ। ਬੰਦਗੀ ਕਰਨ ਵਾਲਿਆਂ ਨੂੰ ਇਸ ਦਾ ਅਨੁਭਵ ਹੋਇਆ ਕਰਦਾ ਹੈ, ਉਹ ਸਦਾ ਹੀ ਜਪਦੇ ਹਨ ਜਿਵੇਂ ਕਿ -

***ਅਹਿਨਿਸਿ ਜਾਗੈ ਨੀਦ ਨ ਸੋਵੈ ॥***

***ਪੰਨਾ - 993***

ਪਰਮ ਸੰਤ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਮੇਰੇ ਨਾਲ ਇਕ ਵਾਰੀ ਗੱਲ ਕਰਦਿਆਂ ਫੁਰਮਾਨ ਕੀਤਾ ਕਿ ਅਸੀਂ ਸਰੀਰ ਨੂੰ ਪੰਜ ਮਿੰਟ ਯੋਗਿਕ ਨੀਂਦ ਦਿਵਾ ਦਿੰਦੇ ਸੀ ਪਰ ਆਪ ਅਸੀਂ ਨਹੀਂ ਸੌਂਦੇ ਸੀ। ਇਹ ਇਕ ਅਵਸਥਾ ਹੁੰਦੀ ਹੈ -

***ਅਹਿਨਿਸਿ ਜਾਗੈ ਨੀਦ ਨ ਸੋਵੈ ॥***
***ਸੋ ਜਾਣੈ ਜਿਸੁ ਵੇਦਨ ਹੋਵੈ ॥***
***ਪ੍ਰੇਮ ਕੇ ਕਾਨ ਲਗੇ ਤਨ ਭੀਤਰਿ***
***ਵੈਦੁ ਕਿ ਜਾਣੈ ਕਾਰੀ ਜੀਉ ॥***
***ਜਿਸ ਨੋ ਸਾਚਾ ਸਿਫਤੀ ਲਾਏ ॥***
***ਗੁਰਮੁਖਿ ਵਿਰਲੇ ਕਿਸੈ ਬੁਝਾਏ ॥***
***ਅੰਮ੍ਰਿਤ ਕੀ ਸਾਰ ਸੋਈ ਜਾਣੈ***
***ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥***

***ਪੰਨਾ - 993***

ਇਹ ਜਾਪ ਨਾ ਤਾਂ ਸਰੀਰ ਉਪਰ ਕੋਈ ਅਸਰ ਪਾਇਆ ਕਰਦਾ ਹੈ, ਨਾ ਕੋਈ ਥਕੇਵਾਂ ਹੁੰਦਾ ਹੈ, ਇਹ ਅਹਿਨਿਸ ਜਾਗਣ ਦੀ ਅਵਸਥਾ ਪ੍ਰਾਪਤ ਹੋ ਜਾਇਆ ਕਰਦੀ ਹੈ, ਇਸ ਵਿਚ ਪੜ੍ਹੀ ਹੋਈ ਬਾਣੀ ਪੂਰਨ ਰੂਪ ਵਿਚ ਸ਼ੁੱਧ ਪੜ੍ਹੀ ਜਾਂਦੀ ਹੈ ਅਤੇ ਜਪੇ ਹੋਏ ਨਾਮ ਵਿਚ ਮਹਾਨ ਰਸ ਅਨੁਭਵ ਹੋਇਆ ਕਰਦਾ ਹੈ। ਇਹੋ ਅਵਸਥਾ ਹੈ ਜਿਸ ਸਮੇਂ ਸਰੀਰ ਦੇ ਸਾਰੇ ਸੈਲ ਦੋਸ਼ ਰਹਿਤ, ਪਰਮ ਪਵਿੱਤਰ ਹੋ ਜਾਇਆ ਕਰਦੇ ਹਨ। ਕੋਈ ਬੀਮਾਰੀ ਨੇੜੇ ਨਹੀਂ ਆਉਂਦੀ ਅਤੇ ਕੰਚਨ ਵਰਗੀ ਕਾਇਆਂ ਹੋ ਜਾਇਆ ਕਰਦੀ ਹੈ। ਕਾਇਆਂ ਵਿਚੋਂ ਆਪਣੇ ਆਪ ਸੁਗੰਧੀ, ਗੁਲਾਬ ਦੇ ਫੁਲਾਂ ਵਰਗੀ ਜਾਂ ਚੰਬੇਲੀ ਦੇ ਫੁਲਾਂ ਵਰਗੀ ਆਪਣੇ ਆਪ ਨੂੰ ਮਹਿਸੂਸ ਹੁੰਦੀ ਹੈ।

ਇਹ ਅਵਸਥਾ ਰਾਜਕੁਮਾਰੀ ਨੂੰ ਪ੍ਰਾਪਤ ਹੋ ਚੁਕੀ

ਹੈ ਅੱਜ ਜਿਸ ਵਕਤ ਉਹ ਪਲੰਘ ਤੇ ਬਿਰਾਜੀ ਉਸ ਵੇਲੇ ਉਸ ਦੀ ਮਾਤਾ ਉਸ ਦੇ ਨੇੜੇ ਹੀ ਸੁੱਤੀ ਜਾਣ ਕੇ ਗੱਲਾਂ ਕਰ ਰਹੀ ਸੀ। ਰਾਜਕੁਮਾਰੀ ਹੈਰਾਨ ਸੀ ਕਿ ਉਹ ਸੁੱਤੇ ਪਏ ਸਰੀਰ ਨੂੰ ਵੀ ਦੇਖ ਰਹੀ ਹੈ, ਆਪਣੇ ਮਾਤਾ, ਪਿਤਾ ਦੀਆਂ ਗੱਲਾਂ ਵੀ ਸੁਣ ਰਹੀ ਹੈ। ਕਈ ਪ੍ਰੇਮੀ ਇਸ ਨੂੰ ਸੁਤ ਅਨੀਂਦੀ ਅਵਸਥਾ ਵੀ ਆਖਦੇ ਹਨ। ਇਹ ਸੁਤ ਅਨੀਂਦੀ ਅਵਸਥਾ ਨਹੀਂ ਹੋਇਆ ਕਰਦੀ, ਰੂਹ ਕਦੇ ਨਹੀਂ ਸੌਂਦੀ, ਸਦਾ ਜਾਗਦੀ ਹੈ। ਰੂਹ ਨੂੰ ਸਰੀਰਕ ਨੀਂਦ ਨਹੀਂ ਆਇਆ ਕਰਦੀ ਪਰ ਉਸ ਨੂੰ ਅਗਿਆਨ ਦੀ ਨੀਂਦ ਆ ਜਾਇਆ ਕਰਦੀ ਹੈ। ਅਗਿਆਨ ਦੀ ਨੀਂਦ ਵਿਚ ਆ ਕੇ ਉਹ ਸੰਸਾਰ ਦੇ ਸੁਪਨੇ ਵਿਚ ਉਲਝੀ ਰਹਿੰਦੀ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਵੇਂ ਰਾਤ ਦਾ ਸੁਪਨਾ ਹੁੰਦਾ ਹੈ ਇਵੇਂ ਹੀ ਇਹ ਸੰਸਾਰ ਵੀ ਸੁਪਨਾ ਹੀ ਹੈ।

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥***

***ਪੰਨਾ - 808***

ਰਾਜਕੁਮਾਰੀ ਦੇ ਮਾਤਾ ਪਿਤਾ ਗੱਲਾਂ ਕਰ ਰਹੇ ਹਨ ਕਿ ਹੁਣ ਚਾਰ ਸਾਲ ਬੀਤ ਚੁੱਕੇ ਹਨ ਜਦੋਂ ਭਾਈ ਤਿਲੋਕਾ ਜੀ ਸਰੀਰ ਛੱਡ ਗਏ ਸਨ। ਰਾਜਕੁਮਾਰੀ ਦੀ ਜੋ ਹਾਲਤ ਦੇਖਦੇ ਹਾਂ, ਉਹ ਸਾਡੀ ਸਮਝ ਤੋਂ ਬਾਹਰ ਹੈ, ਜਦੋਂ ਪੰਡਤ ਜੀ ਨੂੰ ਪੁਛਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਤੁਸੀਂ ਕੋਈ ਫਿਕਰ ਨਾ ਕਰੋ, ਰਾਜਕੁਮਾਰੀ ਬਹੁਤ ਉਚੀਆਂ ਅਵਸਥਾਵਾਂ ਵਿਚ ਖੇਲ੍ਹ ਰਹੀ ਹੈ। ਜਿਥੇ ਵੱਡੇ-ਵੱਡੇ ਜੋਗੀਸ਼ਰ ਵੀ ਨਹੀਂ ਪਹੁੰਚ ਸਕਦੇ ਇਸ ਦਾ ਤਪ ਇਕ ਦਿਨ ਫਲ ਦੇਵੇਗਾ। ਉਸ ਵੇਲੇ ਉਸ ਦੇ ਪਿਤਾ ਜੀ ਕਹਿਣ ਲੱਗੇ ਕਿ ਰਾਣੀ ਸਾਹਿਬਾ! ਹੁਣ ਰਾਜਕੁਮਾਰੀ ਜੁਆਨ ਹੋ ਚੁਕੀ ਹੈ, ਭਲੇ ਬੁਰੇ ਦੀ ਪੂਰਨ ਰੂਪ ਵਿਚ ਇਸ ਨੂੰ ਸਮਝ ਆ ਚੁਕੀ ਹੈ। ਇਹ ਇਕੱਲੀ ਹੋਣ ਕਰਕੇ ਮੌਜੂਦਾ ਰੰਗਾਂ ਵਿਚ ਖੇਲ੍ਹ ਰਹੀ ਹੈ। ਪ੍ਰਮੇਸ਼ਰ ਨੇ ਇਸਤ੍ਰੀ ਤੇ ਮਰਦ ਜੋੜੇ ਬਣਾਏ ਹਨ, ਇਸ ਨੂੰ ਜਦੋਂ ਗ੍ਰਿਹਸਤੀ ਜੀਵਨ ਵਿਚ ਪੈਣਾ ਪੈ ਗਿਆ ਤਾਂ ਇਨ੍ਹਾਂ ਵਹਿਣਾਂ ਵਿਚੋਂ ਇਹ ਆਪ ਨਿਕਲ ਆਵੇਗੀ। ਆਪਾਂ ਇਸਦੀ ਸ਼ਾਦੀ ਕਿਸੇ ਚੰਗੇ ਰਾਠ ਘਰਾਣੇ ਵਿਚ ਕਰ ਦੇਈਏ, ਬਾਲ ਬੱਚੇ ਹੋ ਜਾਣਗੇ ਇਹ ਉਨ੍ਹਾਂ ਵਿਚ ਪਰਚ ਜਾਵੇਗੀ ਅਤੇ ਉਹ ਬਾਲ ਬੱਚੇ ਸਾਡੇ ਪਾਸ ਵੀ ਆ ਜਾਇਆ ਕਰਨਗੇ ਅਤੇ ਸਾਡਾ ਵੀ ਦਿਲ ਲਗ ਜਾਇਆ ਕਰੇਗਾ। ਆਪਣੇ ਘਰ ਹੋਰ ਓਲਾਦ ਨਹੀਂ ਹੈ। ਇਸ ਕਰਕੇ ਇਸ ਗੱਲ ਦੀ ਚਿੰਤਾ ਮੈਨੂੰ ਬਹੁਤ ਰਹਿੰਦੀ ਹੈ। ਇਸ ਤਰ੍ਹਾਂ ਗ੍ਰਿਹਸਤ ਦੀਆਂ ਗੱਲਾਂਬਾਤਾਂ ਕਰਦੇ ਉਹ ਵੀ ਉਠ ਕੇ ਆਪਣੇ ਕਮਰਿਆਂ ਵਿਚ ਬਿਰਾਜ ਗਏ।

ਸਵੇਰ ਹੋਈ, ਰਾਜਕੁਮਾਰੀ ਨੇ ਜੰਗਲ ਵਿਚ ਜਾਣ ਤੋਂ ਪਹਿਲਾਂ ਮਾਤਾ ਨੂੰ ਕਿਹਾ ਕਿ ਮਾਤਾ! ਪਿਤਾ ਜੀ ਜੋ ਬਚਨ ਕਰ ਰਹੇ ਸਨ, ਉਹ ਮੈਂ ਸਾਰੇ ਸੁਣ ਲਏ ਹਨ। ਰਾਣੀ ਕਹਿਣ ਲੱਗੀ ਕਿ ਬੇਟੀ! ਤੂੰ ਤਾਂ ਬਹੁਤ ਦੂਰ ਪਈ ਸੀ ਅਤੇ ਘੂਕ ਨੀਂਦ ਵਿਚ ਪਈ ਸੀ, ਤੂੰ ਸਾਡੀਆਂ ਗੱਲਾਂ ਕਿਵੇਂ ਸੁਣ ਲਈਆਂ? ਰਾਜਕੁਮਾਰੀ ਕਹਿਣ ਲੱਗੀ, "ਮਾਤਾ ਜੀ! ਇਹ ਵਾਹਿਗੁਰੂ-ਵਾਹਿਗੁਰੂ ਕਹਿਣ ਨਾਲ ਮੇਰੇ ਅੰਦਰ ਕੁਝ ਇਸ ਤਰ੍ਹਾਂ ਪ੍ਰਤੀਤ ਦੇ ਰਿਹਾ ਹੈ ਕਿ ਮੇਰਾ ਸਰੀਰ ਤਾਂ ਸੌਂ ਜਾਂਦਾ ਹੈ ਪਰ ਮੈਂ ਜਾਗਦੀ ਰਹਿੰਦੀ ਹਾਂ, ਮੈਨੂੰ ਸਾਰਾ ਆਲੇ ਦੁਆਲੇ ਦਾ ਪਤਾ ਰਹਿੰਦਾ ਹੈ। ਮੈਂ ਦੇਖਿਆ ਕਿ ਜੇ ਹੁਣ ਮੇਰੇ ਮਨ ਵਿਚ ਗੱਲ ਆ ਜਾਵੇ ਤਾਂ ਉਹ ਥੋੜ੍ਹੇ ਸਮੇਂ ਪਿਛੋਂ ਪ੍ਰਤੱਖ ਹੋ ਜਾਂਦੀ ਹੈ। ਮੈਂ ਤਾਂ ਆਪ ਹੈਰਾਨ ਹਾਂ ਕਿ ਮੈਨੂੰ ਕਿਵੇਂ ਪਹਿਲਾਂ ਪਤਾ ਲਗ ਜਾਂਦਾ ਹੈ। ਮੈਂ ਤੁਹਾਨੂੰ ਬੇਨਤੀ ਕਰਦੀ ਹਾਂ ਕਿ ਤੁਸੀਂ ਮੇਰਾ ਵਿਆਹ ਨਾ ਕਰਨਾ, ਮੈਨੂੰ ਵਿਆਹ ਦੀ ਕਿੰਚਤ ਮਾਤਰ ਵੀ ਲੋੜ ਨਹੀਂ ਹੈ। ਮੇਰੇ ਲਈ ਸੰਸਾਰ ਸੰਸਾਰ ਨਹੀਂ ਰਿਹਾ, ਮੈਨੂੰ ਤਾਂ ਵਾਹਿਗੁਰੂ ਦਾ ਸਰੂਪ ਹੀ ਸਾਰੇ ਦਿਸਣ ਲਗ ਗਿਆ। ਜਿਸ ਦੇ ਅੰਦਰ ਵੀ ਮੈਂ ਦੇਖਦੀ ਹਾਂ ਉਸ ਦੇ ਅੰਦਰ ਮੈਨੂੰ ਵਾਹਿਗੁਰੂ ਦੀ ਜੋਤ ਜਗਦੀ ਨਜ਼ਰੀਂ ਆਉਂਦੀ ਹੈ। ਮੈਨੂੰ ਉਹ ਚੰਗਾ ਮਨੁੱਖ ਭਾਈ ਤਿਲੋਕਾ ਹਰ ਚੀਜ਼ ਵਿਚੋਂ ਝਲਕਾਰੇ ਮਾਰਦਾ ਨਜ਼ਰ ਆਉਂਦਾ ਹੈ।" ਮਾਤਾ! ਮੈਂ ਕੋਈ ਖਿਆਲਾਂ ਦੀ ਗੱਲ ਨਹੀਂ ਕਰ ਰਹੀ ਇਹ ਸਭ ਪ੍ਰਤੱਖ ਵਿਚ ਹੁੰਦਾ ਮੈਨੂੰ ਦਿਸਦਾ ਹੈ। ਹੁਣ ਤੁਸੀਂ ਮੇਰਾ ਵਿਆਹ ਨਾ ਕਰਨਾ, ਤੁਸੀਂ ਮੇਰਾ ਵਿਆਹ ਕਿਉਂ ਕਰ ਰਹੇ ਹੋ? ਮੈਂ ਤੁਹਾਨੂੰ ਕੋਈ ਬਦਨਾਮੀ ਖੱਟ ਕੇ ਨਹੀਂ ਲਿਆ ਰਹੀ, ਮੇਰੇ ਅੰਦਰ ਤਾਂ ਹਰ ਸਮੇਂ ਖੁਸ਼ੀਆਂ ਦੇ ਉਲਾਰ ਉਠਦੇ ਹਨ ਜੋ ਝੱਲੇ ਨਹੀਂ ਜਾਂਦੇ, ਕਦੇ ਮੈਨੂੰ ਉਦਾਸੀ ਨਹੀਂ ਆਉਂਦੀ ਜੇ ਤੁਸੀਂ ਮੇਰਾ ਵਿਆਹ ਕਰ ਦਿਤਾ ਤਾਂ ਮੈਂ ਉਦਾਸ ਹੋ ਜਾਵਾਂਗੀ, ਤੁਸੀਂ ਮੇਰੇ ਮਾਂ ਬਾਪ ਹੋਂ, ਤੁਹਾਡਾ ਕਹਿਣਾ ਤਾਂ ਮੈਂ ਨਹੀਂ ਮੋੜਦੀ ਪਰ ਤੁਸੀਂ ਮੇਰੇ ਖਿਆਲਾਂ ਦਾ ਧਿਆਨ ਰੱਖੋ। ਤੁਹਾਨੂੰ ਕੀ ਲੋੜ ਪੈ ਗਈ, ਮੇਰਾ ਵਿਆਹ ਕਰਨੀ ਦੀ। ਉਸ ਵੇਲੇ ਮਾਂ ਨੇ ਕਿਹਾ ਕਿ ਬੇਟਾ! ਤੇਰਾ ਪਿਤਾ ਬਹੁਤ ਚੰਗਾ ਹੈ। ਜੇ ਤੂੰ ਚਾਰ ਘੜੀਆਂ ਨਾ ਆਵੇ ਤਾਂ ਉਹ ਇਧਰ ਉਧਰ ਫਿਰਨ ਲਗ ਜਾਂਦੇ ਹਨ। ਤੂੰ ਦੇਖਿਆ ਹੋਣਾ ਹੈ ਕਿ ਕਈ ਵਾਰੀ ਆਪ ਤੇਰੇ ਮੱਠ ਤਕ ਪਹੁੰਚਦੇ ਹਨ ਅਤੇ ਤੈਨੂੰ ਮਿਲਦੇ ਹਨ ਅਤੇ ਕਈ ਵਾਰੀ ਕਹਿੰਦੇ ਹਨ ਕਿ ਜਦੋਂ ਮੈਂ ਬੇਟੀ ਨੂੰ ਮਿਲਦਾ ਹਾਂ ਪਤਾ ਨਹੀਂ ਮੈਨੂੰ ਕੀ ਹੋ ਜਾਂਦਾ ਹੈ, ਇਕ ਲਹਿਰ ਮੇਰੇ ਅੰਦਰ ਆ ਕੇ ਟਕਰਾਉਂਦੀ ਹੈ ਅਤੇ ਮੇਰੀਆਂ ਸਾਰੇ ਦਿਨ ਦੀਆਂ ਉਦਾਸੀਆਂ, ਝੁੰਜਲਾਹਟਾਂ ਖਤਮ ਹੋ ਜਾਂਦੀਆਂ ਹਨ ਅਤੇ ਕਹਿਣ ਲੱਗੇ, ਮੈਂ ਵੀ ਬੇਟੀ ਵਾਂਗੂੰ ਵਾਹਿਗੁਰੂ ਵਾਹਿਗੁਰੂ ਕਰਨ ਲੱਗ ਜਾਂਦਾ ਹਾਂ।

ਪਰ ਬੇਟੀ! ਤੂੰ ਜਾਣਦੀ ਹੈਂ ਕਿ ਇਹ ਮਰਦ ਹਨ ਇਹ ਸਖਤਾਈ ਵਿਚ ਆ ਜਾਇਆ ਕਰਦੇ ਹਨ। ਅਹਿਲਕਾਰ ਵਗੈਰਾ ਸਾਰੇ ਤੇਰੇ ਪਿਤਾ ਨੂੰ ਇਕ ਗੱਲ ਕਹਿ ਰਹੇ ਹਨ ਕਿ ਜੇ ਪਹਿਲੀ ਰਾਣੀ ਵਿਚੋਂ ਨਰ ਓਲਾਦ ਨਹੀਂ ਹੋਈ ਤਾਂ ਦੂਸਰਾ ਵਿਆਹ ਕਰਾ ਲਵੋ। ਰਾਜੇ ਕੰਨਾਂ ਦੇ ਕੱਚੇ ਹੋਇਆ ਕਰਦੇ ਹਨ। ਜੇ ਮੇਰੇ ਉਪਰ ਕੋਈ ਹੋਰ ਰਾਣੀ ਆ ਗਈ ਤਾਂ ਉਸ ਨੇ ਆਪਣੇ ਹਾਵ ਭਾਵ ਦਿਖਾ ਕੇ ਤੇਰੇ ਪਿਤਾ ਨੂੰ ਵਸ ਕਰ ਲੈਣਾ

ਹੈ। ਮੇਰੀ ਜ਼ਿੰਦਗੀ ਤਾਂ ਸੌਂਕਣ ਸਾੜਿਆਂ ਵਿਚ ਲੰਘ ਜਾਣੀ ਹੈ ਕਿਉਂਕਿ ਆਪਣੇ ਘਰ ਹੁਣ ਪੁੱਤਰ ਦੀ ਲੋੜ ਹੈ ਜਿਸ ਨੂੰ ਰਾਜ ਭਾਗ ਸੌਂਪਿਆ ਜਾਵੇ। ਪਤਾ ਨਹੀਂ ਜੇ ਤੇਰੇ ਉਪਰ ਵੀ ਰਾਜ ਭਾਗ ਦੀ ਜ਼ਿੰਮੇਵਾਰੀ ਆਈ ਤਾਂ ਤੂੰ ਤਾਂ ਸਾਧੂਆਂ ਵਾਲੇ ਵਹਿਣ ਵਿਚ ਪਈ ਹੋਈ ਹੈਂ।

ਉਸ ਵੇਲੇ ਰਾਜਕੁਮਾਰੀ ਨੇ ਕਿਹਾ ਕਿ ਮਾਤਾ! ਮੈਂ ਤੈਨੂੰ ਦਸਿਆ ਨਹੀਂ ਕਿ ਜਦੋਂ ਮੈਂ ਮੱਠ ਵਿਚ ਬੈਠੀ ਸੀ ਇਕ ਬਹੁਤ ਹੀ ਸੁੰਦਰ ਸਰੂਪ ਵਾਲਾ ਬੱਚਾ ਮੈਨੂੰ ਸੌਂਪਿਆ ਗਿਆ। ਉਹ ਮੈਨੂੰ ਉਸ ਪ੍ਰਦੇਸੀ ਵਰਗਾ ਹੀ ਸਰੂਪ ਨਜ਼ਰ ਆਇਆ। ਉਹ ਇਸ ਤਰ੍ਹਾਂ ਭੇਤ ਭਰੀ ਨਿਗ੍ਹਾ ਨਾਲ ਮੇਰੇ ਵਲ ਝਾਕ ਰਿਹਾ ਸੀ, ਜਿਵੇਂ ਕਿ ਭਾਈ ਤਿਲੋਕਾ ਹੀ ਹੋਵੇ। ਮੈਂ ਸੋਚ ਰਹੀ ਸੀ ਕਿ ਭਾਈ ਤਿਲੋਕਾ ਕਿਥੋਂ ਆ ਗਿਆ। ਉਹ ਵੀਰ ਮੈਨੂੰ ਫੜਾ ਦਿਤਾ। ਮਾਤਾ ਉਸ ਵੇਲੇ ਤੋਂ ਮੇਰਾ ਜੀਅ ਖੁਸ਼ੀ ਨਾਲ ਭਰ ਗਿਆ ਅਤੇ ਮੈਨੂੰ ਭਰੋਸਾ ਹੈ ਕਿ ਇਸੇ ਸਾਲ ਅੰਦਰ ਆਪਣੇ ਘਰ ਵੀਰ ਆਉਣ ਵਾਲਾ ਹੈ ਉਹ ਰਾਜ ਭਾਗ ਸਾਂਭੇਗਾ, ਮੈਂ ਉਸ ਪਾਸ ਜ਼ਿੰਦਗੀ ਕੱਟਾਂਗੀ। ਮਾਂ ਇਹ ਗੱਲ ਸੁਣ ਕੇ ਬਹੁਤ ਖੁਸ਼ ਹੋ ਗਈ। ਉਸ ਨੇ ਕਿਹਾ ਕਿ ਇਸ ਦੀਆਂ ਗੱਲਾਂ ਠੀਕ ਹੋ ਜਾਂਦੀਆਂ ਹਨ। ਉਹ ਇਹ ਖੁਸ਼ੀ ਦੀ ਗੱਲ ਸੁਣਾਉਣ ਆਪਣੇ ਪਤੀ ਪਾਸ ਗਈ। ਉਸ ਨੇ ਦਸਿਆ ਕਿ ਬੀਬਾ ਨੇ ਜੋ ਸਉਰ ਲਾਇਆ ਹੈ ਉਸ ਨੇ ਕਿਹਾ ਕਿ ਇਕ ਵੀਰ ਆਪਣੇ ਘਰ ਆਵੇਗਾ। ਜੋ ਬਹੁਤ ਹੀ ਸੁੰਦਰ ਤੇ ਪਿਆਰਾ ਹੋਵੇਗਾ। ਉਸ ਦਾ ਪਿਤਾ ਵੀ ਬਹੁਤ ਪ੍ਰਸੰਨ ਹੋਇਆ। ਰਾਣੀ ਨੇ ਕਿਹਾ ਕਿ ਮੈਨੂੰ ਉਸ ਨੇ ਬਹੁਤ ਦ੍ਰਿੜ੍ਹਤਾ ਨਾਲ ਕਿਹਾ ਕਿ ਮਾਤਾ! ਤੂੰ ਵਿਸ਼ਵਾਸ਼ ਰਖ, ਉਹ ਛੇਤੀ ਹੀ ਆ ਰਿਹਾ ਹੈ। ਦੋਨੋਂ ਬਹੁਤ ਪ੍ਰਸੰਨ ਹੋ ਗਏ।

ਸਾਧਸੰਗਤ ਜੀ! ਇਹ ਮੰਡਲ ਹੈ ਜਿਸ ਨੂੰ ਸਹੰਸਰਾਰ ਦਲ ਦਾ ਮੰਡਲ ਕਿਹਾ ਜਾਂਦਾ ਹੈ। ਜਦੋਂ ਸੁਰਤ ਉਚਾ ਉਠ ਕੇ ਦਸਵੇਂ ਦੁਆਰ ਵਲ ਨੂੰ ਜਾਂਦੀ ਹੈ, ਇਥੇ ਰਿਧੀਆਂ ਸਿੱਧੀਆਂ ਦੀਆਂ ਸ਼ਕਤੀਆਂ ਆ ਜਾਂਦੀਆਂ ਹਨ। ਪਰ ਇਥੇ ਸ਼ਕਤੀਆਂ ਕਈ ਵਾਰੀ ਖਤਰਨਾਕ ਵੀ ਬਣ ਜਾਂਦੀਆਂ ਹਨ। ਜੇ ਸਾਧਕ ਇਨ੍ਹਾਂ ਦੇ ਪ੍ਰਯੋਗ ਵਿਚ ਲਗ ਜਾਵੇ ਤਾਂ ਸਾਧਕ ਦੀ ਰੂਹਾਨੀ ਤਰੱਕੀ ਰੁਕ ਜਾਂਦੀ ਹੈ। ਪਿਛੇ ਮੈਂ ਬਹੁਤ ਹੀ ਵਿਸਥਾਰ ਨਾਲ ਦਸਿਆ ਹੈ ਕਿ ਰਾਮਰਾਇ ਜੀ ਨੇ ਔਰੰਗਜ਼ੇਬ ਨੂੰ 72 ਸ਼ਕਤੀਆਂ ਦਿਖਾਈਆਂ। ਨਾਮ ਮਾਰਗ ਵਿਚ ਇਨ੍ਹਾਂ ਸ਼ਕਤੀਆਂ ਨੂੰ ਪਾਉਣ ਲਈ ਕੋਈ ਵਿਸ਼ੇਸ਼ ਸਾਧਨ ਨਹੀਂ ਕਰਨਾ ਪੈਂਦਾ, ਇਹ ਆਪਣੇ ਹੀ ਪਿਛੇ ਲਗ ਤੁਰਦੀਆਂ ਹਨ।

*ਬ੍ਰਹਮੁ ਬਿੰਦੈ ਤਿਸਦਾ ਬ੍ਰਹਮਤੁ ਰਹੈ*
*ਏਕ ਸਬਦਿ ਲਿਵ ਲਾਇ॥*
*ਨਵਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥*
*ਪੰਨਾ - 649*

ਰਿਧੀਆਂ ਸਿੱਧੀਆਂ ਆਪਣੇ ਆਪ ਹੀ ਬੰਦਗੀ ਕਰਨ ਵਾਲਿਆਂ ਦੇ ਪਿਛੇ ਲੱਗੀਆਂ ਫਿਰਦੀਆਂ ਹਨ। ਰਾਜਕੁਮਾਰੀ ਦੀ ਸੁਰਤ ਰਿਧੀਆਂ ਸਿਧੀਆਂ ਵਿਚੋਂ ਲੰਘ ਗਈ ਉਸ ਨੇ ਭਵਿੱਖ ਨੂੰ ਸਹਿਜ ਨਾਲ ਹੀ ਵਾਚ ਲਿਆ। ਉਸ ਨੂੰ ਉਹ ਅਵਸਥਾ ਪ੍ਰਾਪਤ ਹੋ ਗਈ ਜਿਥੇ ਪਹੁੰਚ ਕੇ ਸਾਧਕ ਜੇ ਸੌ ਸਾਲ ਪਹਿਲਾਂ ਦੀ ਗੱਲਾਂ ਦੇਖਣੀਆਂ ਚਾਹੇ ਤਾਂ ਉਹ ਫਿਲਮ ਦੀ ਤਰ੍ਹਾਂ ਉਸ ਦੇ ਸਾਮ੍ਹਣੇ ਆ ਜਾਂਦੀ ਹੈ। ਜੇ ਅੱਗੇ ਹੋਣ ਵਾਲੀਆਂ ਗੱਲਾਂ ਦੇਖਣੀਆਂ ਚਾਹੇ ਤਾਂ ਉਹ ਵੀ ਪਹਿਲਾਂ ਹੀ ਦੇਖ ਲੈਂਦਾ ਹੈ। ਉਸ ਵਲ ਧਿਆਨ ਦੇਣ ਲਗ ਜਾਵੇ ਤਾਂ ਬੰਦਗੀ ਦਾ ਰਸ ਘਟ ਜਾਂਦਾ ਹੈ, ਜੋਤ ਬੁਝ ਜਾਂਦੀ ਹੈ, ਨਾਮ ਦਾ ਝਲਕਾਰਾ ਧੀਮਾ ਪੈ ਜਾਂਦਾ ਹੈ ਉਸ ਨੂੰ ਪਛਤਾਉਣਾ ਪੈਂਦਾ ਹੈ, ਫੇਰ ਰੋਂਦਾ ਹੈ ਕਿਉਂਕਿ ਇਹ ਨਾਮ ਦੀਆਂ ਵੈਰਨਾਂ ਹਨ -

*ਰਿਧਿ ਸਿਧਿ ਸਭੁ ਮੋਹੁ ਹੈ*
*ਨਾਮੁ ਨ ਵਸੈ ਮਨਿ ਆਇ॥*
*ਪੰਨਾ - 593*

ਮਹਾਰਾਜ ਜੀ ਨੇ ਤਾਂ ਨਾਮ ਵਿਸਾਰਨ ਵਾਲੀਆਂ ਸਾਰੀਆਂ ਚੀਜ਼ਾਂ ਨੂੰ ਧਿਰਕਾਰ ਕਿਹਾ ਹੈ। ਦੁਨੀਆਂ ਦੀਆਂ ਸਾਰੀਆਂ ਪ੍ਰਾਪਤੀਆਂ ਨਾਮ ਦੇ ਸਾਮ੍ਹਣੇ ਕੁਝ ਵੀ ਨਹੀਂ। ਜੇ ਨਾਮ ਭੁੱਲ ਜਾਵੇ ਤਾਂ ਇਨ੍ਹਾਂ ਦਾ ਮੁੱਲ ਕੌਡੀ ਵੀ ਨਹੀਂ ਹੋਇਆ ਕਰਦਾ। ਅਧਿਆਤਮਵਾਦ ਵਿਚ ਜੇ ਕਿਸੇ ਚੀਜ਼ ਦਾ ਮੁੱਲ ਹੈ ਤਾਂ ਨਾਮ ਦਾ ਹੈ -

*ਮੋਤੀ ਤ ਮੰਦਰ ਊਸਰਹਿ*
*ਰਤਨੀ ਤ ਹੋਹਿ ਜੜਾਉ॥*
*ਕਸਤੂਰਿ ਕੁੰਗੂ ਅਗਰਿ ਚੰਦਨਿ*
*ਲੀਪਿ ਆਵੈ ਚਾਉ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ*
*ਚਿਤਿ ਨ ਆਵੈ ਨਾਉ॥*
*ਹਰਿ ਬਿਨੁ ਜੀਉ ਜਲਿ ਬਲਿ ਜਾਉ॥*
*ਮੈ ਆਪਣਾ ਗੁਰੁ ਪੂਛਿ ਦੇਖਿਆ*
*ਅਵਰੁ ਨਾਹੀ ਥਾਉ॥ ਪੰਨਾ - 14*

ਹੁਣ ਰਾਜਕੁਮਾਰੀ ਦੀ ਅਵਸਥਾ ਰੂਹਾਨੀ ਤੌਰ ਤੇ ਕਾਫੀ ਉਚੀ ਹੋ ਗਈ। ਉਸ ਦੇ ਅੰਦਰ ਨਾਮ ਧੁਨ ਸਦਾ ਹੀ ਚਲਦੀ ਰਹਿੰਦੀ ਹੈ। ਅੱਜ ਉਸ ਨੂੰ ਅਭਿਆਸ ਕਰਦਿਆਂ ਸਾਢੇ ਚਾਰ ਸਾਲ ਹੋ ਚੁੱਕੇ ਹਨ। ਉਸ ਦੇ ਅੰਦਰ ਬਹੁਤ ਸਾਰੀਆਂ ਸ਼ਕਤੀਆਂ ਆ ਰਹੀਆਂ ਹਨ ਪਰ ਉਹ ਕਿਸੇ ਵਲ ਵੀ ਧਿਆਨ ਨਹੀਂ ਦੇ ਰਹੀ। ਇਕੋ ਲਗਨ ਹੈ ਉਸ ਨੂੰ ਕਿ ਕਿਸ ਤਰ੍ਹਾਂ ਦੇ ਨਾਲ ਮੈਂ ਉਸ ਦੇਸ਼ ਵਿਚ ਪਹੁੰਚਾਂ ਜਿਸ ਦੇਸ਼ ਬਾਰੇ ਭਾਈ ਤਿਲੋਕਾ ਜੀ ਚੰਗਾ ਮਨੁੱਖ ਉਸ ਨੂੰ ਦੱਸ ਕੇ ਗਿਆ ਸੀ। ਸੰਸਾਰ ਦੀ ਕੋਈ ਵਸਤੂ ਉਸ ਨੂੰ ਲੁਭਾਇਮਾਨ ਨਹੀਂ ਕਰ ਰਹੀ। ਅਨਹਦ ਸ਼ਬਦ ਦੀਆਂ ਧੁਨਾਂ ਅਨੇਕ ਵਾਜਿਆਂ ਸਹਿਤ ਉਠ ਰਹੀਆਂ ਹਨ। ਇਹੋ ਵਾਹਿਗੁਰੂ ਮੰਤਰ ਉਨ੍ਹਾਂ ਧੁਨਾਂ ਨਾਲ ਰਲ ਕੇ ਐਨਾ ਸੰਗੀਤਮਾਈ ਹੋ ਰਿਹਾ ਹੈ ਕਿ ਉਸ

ਦਾ ਰਸ ਅਤੇ ਉਸ ਦਾ ਅਨੰਦ ਸਹਿਣਾ ਸਰੀਰਕ ਸ਼ਕਤੀ ਤੋਂ ਬਾਹਰ ਹੈ, ਕਈ ਵਾਰੀ ਅਚਾਨਕ ਉਸ ਦੇ ਅੰਦਰ ਐਸਾ ਪ੍ਰਕਾਸ਼ ਆ ਜਾਂਦਾ ਹੈ ਜਿਸ ਵਿਚ ਨਾ ਹੀ ਕੋਈ ਕੰਧ ਹੈ, ਨਾ ਕੋਈ ਫਸਲ ਹੈ, ਨਾ ਹੀ ਕੋਈ ਜੰਗਲ ਪਰਦਾ ਕਰ ਸਕਦਾ ਹੈ। ਉਹ ਸਹਿਜ ਨਾਲ ਹੀ ਦੂਰ ਤਕ ਦੇਖ ਲੈਂਦੀ ਹੈ ਪਰ ਉਸ ਨੂੰ ਪਤਾ ਨਹੀਂ ਲਗਦਾ ਕਿ ਇਹ ਕੀ ਹੈ? ਅਨਹਦ ਧੁਨੀ ਵਿਚ ਉਹ ਮਸਤ ਹੈ ਬਿਨਾਂ ਵਜਾਇਆਂ ਵਾਜੇ ਉਸ ਦੇ ਅੰਦਰ ਵਜਦੇ ਹਨ। ਉਸ ਵਿਚ ਉਹ ਲੀਨ ਹੋ ਜਾਂਦੀ ਹੈ, ਲੀਨਤਾ ਉਸ ਨੂੰ ਖੁਮਾਰੀ ਚੜ੍ਹਾ ਦਿੰਦੀ ਹੈ ਉਸ ਦੇ ਜੀਵਨ ਵਿਚ ਹੁਣ ਕੋਈ ਕਾਹਲ ਨਹੀਂ ਰਹੀ। ਇਕੋ ਲਹਿਰ ਹੈ ਕਿ ਮੈਂ ਕਦੋਂ ਉਸ ਦੇਸ਼ ਨੂੰ ਦੇਖਾਂ ਅਤੇ ਕਿਵੇਂ ਮੈਂ ਅਨੁਭਵ ਕਰਾਂ ਕਿ ਮੈਂ ਆਤਮਾ ਹਾਂ। ਰਿਧੀਆਂ ਸਿੱਧੀਆਂ ਦੇ ਮੰਡਲਾਂ ਵਿਚੋਂ ਲੰਘਣਾ ਜਗਿਆਸੂ ਲਈ ਬਹੁਤ ਹੀ ਮੁਸ਼ਕਲ ਹੋਇਆ ਕਰਦਾ ਹੈ ਪਰ ਜੇ ਅੰਦਰ ਪ੍ਰੇਮ ਹੋਵੇ, ਬੈਰਾਗ ਹੋਵੇ ਅਤੇ ਸੱਚੀ ਲਗਨ ਹੋਵੇ ਅਤੇ ਆਪਣੇ ਲਕਸ਼ ਦਾ ਪੂਰਾ ਗਿਆਨ ਹੋਵੇ ਉਹ ਸਾਧਕ ਇਨ੍ਹਾਂ ਵਲ ਅੱਖ ਭਰ ਕੇ ਵੀ ਨਹੀਂ ਤਕਦਾ। ਇਸ ਮੰਡਲ ਨੂੰ ਸਹੰਸਰਾਰ ਮੰਡਲ ਆਖਿਆ ਜਾਂਦਾ ਹੈ ਜੋ ਲੰਘਣਾ ਬਹੁਤ ਮੁਸ਼ਕਲ ਹੈ।

ਮਹਾਂਪੁਰਸ਼ਾਂ ਨੇ ਇਕ ਵਾਰੀ ਸਹਿਜ ਨਾਲ ਬਚਨ ਕਰਦਿਆਂ ਦਸਿਆ ਕਿ ਜਦੋਂ ਰਿਧੀ ਸਿੱਧੀ ਪ੍ਰਗਟ ਹੁੰਦੀ ਹੈ ਉਸ ਸਮੇਂ ਪਹਿਲਾਂ ਅਵਾਜ਼ ਦੇ ਕੇ ਆਪਣੇ ਬਾਰੇ ਜਾਣਕਾਰੀ ਦਿੰਦੀ ਹੈ। ਲੁਭਾਉਣ ਦਾ ਪੂਰਾ ਜਤਨ ਲਾਉਂਦੀ ਹੈ ਫੇਰ ਇਹ ਸੁੰਦਰ ਇਸਤ੍ਰੀਆਂ ਦੇ ਰੂਪ ਵਿਚ ਰੂਪਮਾਨ ਹੋ ਕੇ ਬੇਨਤੀਆਂ ਕਰਦੀ ਹੈ ਕਿ ਮੇਰਾ ਪ੍ਰਯੋਗ ਕਰੋ। ਪਰ ਜੇ ਅਤਿ ਦੀ ਦ੍ਰਿੜ੍ਹ ਲਗਨ ਆਪਣੇ ਧੇਅ ਤਕ ਪਹੁੰਚਣ ਦੀ ਸਾਧਕ ਦੇ ਚਿਤ ਵਿਚ ਹੋਵੇ ਤਾਂ ਫਿਰ ਇਹ ਦਾਸੀ ਬਣ ਕੇ ਬਿਨਾਂ ਕੋਈ ਵਿਘਨ ਪਾਏ, ਸੇਵਾ ਕਰਦੀ ਹੈ।

ਰਾਜਕੁਮਾਰੀ ਕੋਈ ਯੋਗ ਸਾਧਨ ਨਹੀਂ ਕਰ ਰਹੀ, ਉਹ ਕੇਵਲ ਸ਼ਬਦ ਨਾਲ ਸੁਰਤ ਜੋੜ ਕੇ ਸ਼ਬਦ ਸ਼ਕਤੀ ਨਾਲ ਅੱਗੇ ਵਧ ਰਹੀ ਹੈ। ਥੋੜ੍ਹੇ ਦਿਨ ਪਹਿਲਾਂ ਉਸ ਨੇ ਆਉਣ ਵਾਲੇ ਜੀਵ ਦੀ ਸ਼ਕਲ, ਸੂਰਤ, ਰੰਗ ਨੂੰ ਪ੍ਰਤੱਖ ਰੂਪ ਵਿਚ ਤਕ ਲਿਆ। ਉਸ ਦੇ ਅੰਦਰ ਦ੍ਰਿੜ੍ਹ ਨਿਸ਼ਚਾ ਹੋ ਗਿਆ ਕਿ ਮੈਂ ਪੰਜਾਂ ਤੱਤਾਂ ਵਿਚੋਂ ਕੋਈ ਵੀ ਤੱਤ ਨਹੀਂ ਹਾਂ, ਨਾ ਮੈਂ ਪੰਜਾਂ ਪ੍ਰਾਣਾਂ ਵਿਚੋਂ ਕੋਈ ਪ੍ਰਾਣ ਹਾਂ, ਨਾ ਮਨ ਹਾਂ, ਨਾ ਬੁੱਧੀ ਹਾਂ, ਨਾ ਚਿੱਤ ਹਾਂ ਪਰ ਇਕ ਭੁਲੇਖਾ ਜੋ ਅਜੇ ਤਕ ਦੂਰ ਨਹੀਂ ਹੋਇਆ ਉਹ ਆਪਣੀ ਹੋਂਦ ਬਾਰੇ ਹੈ। ਕਿਉਂਕਿ ਇਹ ਭੁਲੇਖਾ ਦੇਹ ਨੇ ਪਾਇਆ ਹੋਇਆ ਹੈ ਜਦੋਂ ਵੀ ਆਪਣਾ ਧਿਆਨ ਆਉਂਦਾ ਹੈ ਕਿ ਉਹ ਆਪਣੇ ਆਪ ਨੂੰ ਇਕ ਹੋਂਦ ਅਨੁਭਵ ਕਰਦੀ ਹੋਈ ਦੇਹ ਵਲ ਝੁਕਦੀ ਹੈ। ਭਾਈ ਤਿਲੋਕਾ ਜੀ ਨੇ ਉਸ ਨੂੰ ਕਿਹਾ ਸੀ ਕਿ ਤੂੰ ਲੰਮੀ ਨਦਰ ਨਾਲ ਦੇਖ, ਤੂੰ ਦੇਹ ਨਹੀਂ ਹੈਂ, ਤੂੰ ਨਿਮਾਣੀ ਨਿਤਾਣੀ ਹੋਂਦ ਨਹੀਂ ਹੈਂ, ਤੂੰ ਸਭ ਕੁਝ ਕਰ ਸਕਣ ਦੀ ਸਮਰੱਥਾ ਵਾਲੀ ਆਤਮਾ ਹੈਂ, ਤੂੰ ਇਕ ਹੈਂ, ਪਰ ਅਨੇਕ ਹੋ ਜਾਣਾ ਵੀ ਤੇਰਾ ਆਪਣਾ ਹੀ ਕੌਤਕ ਹੈ, ਤੂੰ ਅਨੇਕ ਹੋ ਕੇ ਵੰਡੀ ਨਹੀਂ ਜਾਂਦੀ ਕਿਉਂਕਿ ਮੂਲ ਇਕ ਹੈ। ਜਦੋਂ ਉਸ ਦੀ ਸੁਰਤੀ ਟਿਕ ਜਾਂਦੀ ਹੈ, ਨਾਮ ਰਸ ਵਿਚ ਬਹੁਤ ਗਹਿਰੀ ਚਲੀ ਜਾਂਦੀ ਹੈ ਉਸ ਵੇਲੇ ਉਸ ਦੇ ਅੰਦਰ ਭਾਈ ਤਿਲੋਕਾ ਜੀ ਦੇ ਬਚਨ ਸਾਖਸ਼ਾਤਕਾਰ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਇਕ-ਇਕ ਬਚਨ ਪੂਰੇ ਜੋਬਨ ਵਿਚ ਉਸ ਦੇ ਸਾਮ੍ਹਣੇ ਹੁੰਦਾ ਹੈ, ਹੁਣ ਅਭਿਆਸ ਕਰਨ ਸਮੇਂ ਉਸ ਦੀ ਸੁਰਤੀ ਇਕ ਦਮ ਕਿਸੇ ਅਕਹਿ ਰਸ ਵਿਚ ਲੀਨ ਹੋ ਜਾਂਦੀ ਹੈ। ਅਨਹਦ ਸ਼ਬਦਾਂ ਦੀ ਝਨਕਾਰ ਉਸ ਨੂੰ ਹੋਰ ਵੀ ਅਨੰਦਿਤ ਕਰਦੀ ਹੈ। ਉਸ ਦੇ ਅੰਦਰ ਹਨ੍ਹੇਰਾ ਨਹੀਂ ਹੈ, ਸੂਰਜ ਤੋਂ ਵੀ ਵੱਧ ਪ੍ਰਕਾਸ਼ ਸਦੀਵੀ ਹੀ ਰਹਿੰਦਾ ਹੈ ਪਰ ਅਜੇ ਤਕ ਉਸ ਨੂੰ ਇਹ ਪਤਾ ਨਹੀਂ ਲੱਗਿਆ ਕਿ ਮੈਂ ਕੌਣ ਹਾਂ। ਅਨੇਕਾਂ ਅਨੁਮਾਨ, ਅਨੇਕਾਂ ਅੰਦਾਜ਼ੇ, ਅਨੇਕਾਂ ਸੋਚਾਂ ਉਸ ਦੇ ਮਨ ਵਿਚ ਆ ਕੇ ਵਾਰੀ-ਵਾਰੀ ਲੰਘ ਜਾਂਦੀਆਂ ਹਨ। ਉਹ ਕਈ ਵਾਰੀ ਸੋਚਦੀ ਹੈ ਕਿ ਮੈਂ ਆਤਮਾ ਹਾਂ, ਸਰੀਰ ਨਹੀਂ ਹਾਂ ਪਰ 'ਸਰੀਰ ਹਾਂ' ਦਾ ਅਧਿਆਸ ਅਜੇ ਤੀਕਰ ਟੁੱਟ ਨਹੀਂ ਸਕਿਆ। ਇਸਤ੍ਰੀ-ਮਰਦ ਦਾ ਭਾਵ ਅਜੇ ਤੀਕਰ ਉਸ ਦੇ ਅੰਦਰ ਬਣਿਆ ਰਹਿੰਦਾ ਹੈ। ਇਹੋ ਆਤਮ ਵਸਤੂ ਹੈ ਜਿਸ ਦੇ ਪ੍ਰਾਪਤ ਹੋਏ ਬਿਨਾਂ ਰੂਹਾਨੀ ਅੰਧਕਾਰ ਬਣਿਆ ਰਹਿੰਦਾ ਹੈ। ਇਸ ਪ੍ਰਾਪਤੀ ਦੀ ਕੁੰਜੀ ਸਮਰੱਥ ਸਤਿਗੁਰੂ ਦੇ ਹੱਥ ਹੈ, ਉਹ ਵਿਖਾ ਦਿੰਦਾ ਹੈ, ਪਰਤੱਖ ਰੂਪ ਵਿਚ ਅਨੁਭਵ ਹੁੰਦਾ ਹੈ ਕਿ ਮੈਂ ਆਤਮਾ ਹਾਂ, ਗੁਰੂ ਬਿਨਾਂ ਇਹ ਅਵਸਥਾ ਆਪਣੇ ਆਪ ਪਰਤੱਖ ਨਹੀਂ ਹੋਇਆ ਕਰਦੀ।

ਰਾਜਕੁਮਾਰੀ ਜਦੋਂ ਜੰਗਲ 'ਚੋਂ ਉਠ ਕੇ ਘਰ ਜਾਂਦੀ ਹੈ ਤਾਂ ਉਸ ਨੂੰ ਕੋਈ ਵੀ ਫਰਕ ਨਹੀਂ ਪੈਂਦਾ। ਹੁਣ ਉਸਦੀ ਬਿਰਤੀ ਪ੍ਰਪੱਕ ਹੋ ਚੁਕੀ ਹੈ। ਅੱਗੇ ਵਾਂਗੂੰ ਉਹ ਅੰਮ੍ਰਿਤ ਵੇਲੇ ਹੀ ਜੰਗਲ ਵਲ ਨੂੰ ਨਹੀਂ ਆਉਂਦੀ, ਕਈ ਵਾਰੀ ਮਾਂ ਦੇ ਪਾਸ ਬੈਠ ਜਾਂਦੀ ਹੈ, ਮਾਤਾ ਨੂੰ ਪਿਆਰ ਕਰਦੀ ਹੈ ਅਤੇ ਬਚਨ ਕਰਦੀ ਹੈ ਕਿ ਮਾਂ! ਆਪਾਂ ਇਹ ਸਰੀਰ ਨਹੀਂ ਹਾਂ, ਇਹ ਸਰੀਰ ਤਾਂ ਆਪਾਂ ਨੂੰ ਜੋ ਸੰਸਾਰ ਦੇ ਵਿਚ ਪ੍ਰਮੁੱਖ ਕਾਰਜ ਹੈ ਉਸ ਦੀ ਪ੍ਰਾਪਤੀ ਲਈ ਮਿਲਿਆ ਹੈ। ਆਪਾਂ ਇਸ ਵਿਚ ਰਹਿਣ ਵਾਲੇ ਹਾਂ ਇਹ ਸਦਾ ਅਸਾਡੇ ਨਾਲ ਨਹੀਂ ਰਹਿਣਾ। ਇਸ ਦੇ ਆਪਾਂ ਤਿੰਨ ਰੂਪ ਦੇਖੇ ਹਨ, ਪਹਿਲਾਂ ਇਹ ਸਰੀਰ ਬਚਪਨ ਵਿਚ ਸੀ, ਫੇਰ ਪੂਰਨ ਜੁਆਨੀ ਵਿਚ ਹੋ ਗਿਆ ਅਤੇ ਇਸ ਤੋਂ ਪਿਛੋਂ ਬੁਢੇਪੇ ਵਿਚ ਹੋ ਕੇ ਇਹ ਕਮਜ਼ੋਰ ਹੋ ਜਾਂਦਾ ਹੈ ਅਤੇ ਆਪਾਂ ਜਿਹੜੇ ਇਸ ਵਿਚ ਰਹਿੰਦੇ ਹਾਂ, ਉਹ ਛੱਡ ਜਾਂਦੇ ਹਾਂ। ਮਾਤਾ! ਉਹ ਚੰਗਾ ਮਨੁੱਖ (ਭਾਈ ਤਿਲੋਕਾ) ਸਦਾ ਹੀ ਇਹ ਕਹਿੰਦਾ ਰਹਿੰਦਾ ਸੀ ਕਿ ਤੂੰ ਸਰੀਰ ਨਹੀਂ ਹੈਂ, ਤੂੰ ਆਤਮਾ ਹੈਂ ਤੈਨੂੰ ਕੋਈ ਵੀ ਲੋੜ ਨਹੀਂ ਹੈ, ਤੂੰ ਸਾਰੀਆਂ ਲੋੜਾਂ ਤੋਂ ਉਤੇ ਹੈਂ, ਤੈਨੂੰ ਕੋਈ ਡਰ ਨਹੀਂ ਹੈ, ਤੂੰ ਨਿਰਭਉ ਹੈਂ, ਤੇਰਾ ਕਿਸੇ ਨਾਲ ਵੈਰ ਨਹੀਂ ਹੈ ਕਿਉਂਕਿ ਬਾਕੀ ਸਰੀਰਾਂ ਵਿਚ ਵੀ ਤੂੰ ਹੀ ਕੰਮ ਕਰ ਰਹੀ ਹੈਂ। ਮਾਤਾ! ਉਹ ਐਨਾ ਚੰਗਾ ਮਨੁੱਖ

ਸੀ ਕਿ ਉਹ ਝੂਠ ਨਹੀਂ ਸੀ ਬੋਲਦਾ, ਝੂਠ ਵਲ ਨੂੰ ਭੁੱਲ ਕੇ ਵੀ ਨਹੀਂ ਸੀ ਜਾਂਦਾ। ਉਸਦਾ ਵਜੂਦ ਪਿਆਰ ਦਾ ਬਣਿਆ ਹੋਇਆ ਸੀ, ਉਸ ਦੇ ਮਨ ਵਿਚ ਨਫਰਤ ਨਹੀਂ ਸੀ। ਕਿੱਡਾ ਉਚਾ ਸੀ ਮਾਤਾ! ਮੈਂ ਉਸ ਦੇ ਤੀਰ ਮਾਰਿਆ ਮੈਂ ਕਿੱਡਾ ਬੁਰਾ ਕੰਮ ਕਰਿਆ ਹੈ, ਮੈਂ ਉਸ ਨੂੰ ਕਿਹਾ ਕਿ ਓਹੀ ਤੀਰ ਹੁਣ ਤੂੰ ਮੇਰੇ ਮਾਰ ਤਾਂ ਮੇਰੇ ਮਨ ਵਿਚ ਸ਼ਾਂਤੀ ਆਵੇਗੀ। ਉਹ ਸਦਾ ਹੀ ਕਹਿੰਦਾ ਸੀ ਕਿ ਨਾ ਹੀ ਕੋਈ ਸੰਸਾਰ ਵਿਚ ਕਿਸੇ ਨੂੰ ਦੁਖ ਦਿੰਦਾ ਹੈ, ਨਾ ਸੁੱਖ ਦਿੰਦਾ ਹੈ, ਇਥੇ ਤਾਂ ਇਕ ਖੇਲ੍ਹ ਹੋ ਰਹੀ ਹੈ। ਪਹਿਲਾਂ ਆਤਮਾ ਸ਼ਕਤੀ ਮਾਇਆ ਦੇ ਮੰਡਲ ਵਿਚ ਆ ਕੇ ਜੀਵ ਆਤਮਾ ਬਣ ਗਈ, ਫੇਰ ਹੇਠਾਂ ਨੂੰ ਤਿਲਕਦੀ ਹੋਈ ਆਹ ਸਰੀਰ ਅਨੁਭਵ ਕਰਨ ਲੱਗੀ। ਇਹ ਸਰੀਰ ਕਰਮਾਂ ਦਾ ਬੰਨ੍ਹਿਆ ਹੋਇਆ ਚਲਦਾ ਹੈ। ਕਰਮਾਂ ਨੂੰ ਹੁਕਮ ਦੀ ਸਤਾ ਪ੍ਰਾਪਤ ਹੁੰਦੀ ਹੈ ਤਾਂ ਕਰਮ ਆਪਣਾ ਕੰਮ ਕਰਦੇ ਹਨ ਜੇ ਕਿਸੇ ਨੂੰ ਦੁਖ ਦੇਣਾ ਹੋਵੇ ਤਾਂ ਦੁਖ ਦਿੰਦੇ ਹਨ। ਜੇ ਸੁਖ ਦੇਣਾ ਹੋਵੇ ਤਾਂ ਸੁਖ ਮਿਲ ਜਾਂਦਾ ਹੈ। ਪਰ ਇਨ੍ਹਾਂ ਨੂੰ ਸੱਤਾ ਦੇਣ ਵਾਲੀ ਆਤਮਾ ਹੈ। ਆਤਮਾ ਰਾਹੀਂ ਇਹ ਹੁਕਮ ਸਾਰੀ ਕ੍ਰਿਆ ਨੂੰ ਨਿਭਾਉਣ ਦੀ ਸੱਤਾ ਰਖਦਾ ਹੈ। ਆਪਣੇ ਹੀ ਕੀਤੇ ਹੋਏ ਕਰਮ ਜਦੋਂ ਆਪ ਨੂੰ ਹੀ ਫਲ ਦਿੰਦੇ ਹਨ ਉਸ ਵੇਲੇ ਉਹ ਦੂਜਿਆਂ ਨੂੰ ਦੋਸ਼ ਦਿੰਦਾ ਹੈ। ਉਹ ਇਹ ਵੀ ਕਹਿੰਦਾ ਸੀ ਕਿ ਗੁਰੂ ਨਾਨਕ ਪਾਤਸ਼ਾਹ ਜੋ ਸੰਸਾਰ ਨੂੰ ਸੁਖੀ ਕਰਨ ਵਾਸਤੇ, ਸੰਸਾਰ ਨੂੰ ਅੰਧਕਾਰ ਵਿਚੋਂ ਕੱਢਣ ਵਾਸਤੇ ਸਾਰੀ ਦੁਨੀਆਂ ਦਾ ਭ੍ਰਮਣ ਕਰਦੇ ਰਹੇ ਉਹ ਇਸ ਤਰ੍ਹਾਂ ਕਹਿੰਦੇ ਹਨ -

> *ਦਦੈ ਦੋਸੁ ਨ ਦੇਊ ਕਿਸੈ*
> *ਦੋਸੁ ਕਰੰਮਾ ਆਪਣਿਆ॥*
> *ਜੋ ਮੈ ਕੀਆ ਸੋ ਮੈ ਪਾਇਆ*
> *ਦੋਸੁ ਨ ਦੀਜੈ ਅਵਰ ਜਨਾ॥*
>
> *ਪੰਨਾ - 433*

ਸੋ ਮਾਤਾ! ਉਹ ਹਮੇਸ਼ਾ ਹੀ ਜਦੋਂ ਵੀ ਮੈਂ ਉਸ ਪਾਸ ਬਿਮਾਰਦਾਰੀ ਕਰਨ ਵਾਸਤੇ ਕੁਰਸੀ ਤੇ ਬੈਠੀ ਹੁੰਦੀ ਸਾਂ, ਇਕੋ ਗੱਲ ਕਹਿੰਦਾ ਸੀ ਕਿ ਰਾਜਕੁਮਾਰੀ! ਤੂੰ ਕੁਝ ਵੀ ਨਹੀਂ ਕੀਤਾ। ਇਹ ਤਾਂ ਮੇਰੇ ਕਰਮਾਂ ਨਾਲ ਹੀ ਸਭ ਕੁਝ ਹੋਇਆ ਹੈ। ਐਉਂ ਵੀ ਆਖਿਆ ਕਰਦਾ ਸੀ ਕਿ ਮੈਂ ਆਤਮਾ ਹਾਂ, ਮੇਰੇ ਤੀਕਰ ਕੋਈ ਦੁੱਖ, ਕੋਈ ਸੁਖ ਦੁਨੀਆਂ ਵਿਚੋਂ ਨਹੀਂ ਪਹੁੰਚ ਸਕਦਾ, ਮੈਂ ਆਪ ਹੀ ਸੁਖ ਸਰੂਪ ਹਾਂ। ਅਜਿਹੇ ਬਚਨ ਮਾਤਾ, ਮੇਰੇ ਅੰਦਰ ਆਉਣੇ ਸ਼ੁਰੂ ਹੋ ਗਏ ਹਨ। ਮੈਂ ਕੁਝ ਪੜ੍ਹੀ ਹੋਈ ਤਾਂ ਹਾਂ ਨਹੀਂ ਇਹ ਗੱਲਾਂ ਪੜ੍ਹਾਈਆਂ ਹੀ ਨਹੀਂ ਜਾਂਦੀਆਂ ਪਰ ਮੈਨੂੰ ਹੁਣ ਨਿਸ਼ਚਾ ਹੋ ਗਿਆ ਹੈ ਕਿ ਮੈਂ ਸਰੀਰ ਤੋਂ ਉਚੇਰੀ ਹਾਂ। ਮਾਤਾ ਨੇ ਬਹੁਤ ਹੀ ਧਿਆਨ ਨਾਲ ਸੁਣਨਾ ਅਤੇ ਪਿਆਰ ਨਾਲ ਕਲਾਵੇ ਵਿਚ ਲੈ ਲੈਣਾ ਅਤੇ ਨਾਲ ਹੀ ਕਹਿਣਾ ਕਿ ਮੇਰੀ ਬੱਚੀ ਹੁਣ ਤਾਂ ਬਹੁਤ ਵੱਡੀ ਯੋਗੀਆਂ ਤੋਂ ਵੀ ਉਚੀ ਹੋ ਗਈ ਹੈ। ਬਿਨਾਂ ਪੜ੍ਹੇ ਹੀ ਇਹਦੇ ਅੰਦਰ ਗਿਆਨ ਦੀਆਂ ਗੱਲਾਂ ਚਲ ਰਹੀਆਂ ਹਨ। ਰਾਜਕੁਮਾਰੀ ਕਹਿਣ ਲੱਗੀ, "ਮਾਤਾ! ਮੈਂ ਇਕ ਹੋਰ ਗੱਲ ਦਸਾਂ, ਇਕ ਦਿਨ ਮੈਂ ਭਜਨ ਕਰਦੀ-ਕਰਦੀ ਇਸ ਸਰੀਰ ਵਿਚੋਂ ਨਿਕਲ ਗਈ। ਮੈਂ ਕੀ ਦੇਖਿਆ ਮੈਂ ਤਾਂ ਨਿਰਾ ਹੀ ਪ੍ਰਕਾਸ਼ ਹਾਂ, ਮੈਂ ਆਪਣੇ ਸਾਰੇ ਅੰਗ ਦੇਖਾਂ, ਮਾਤਾ! ਨਿਰਾ ਨੂਰ ਹੀ ਦ੍ਰਿਸ਼ਟੀ ਪਵੇ, ਉਂਞ ਮੈਨੂੰ ਆਪਣੇ ਸਾਰੇ ਅੰਗ ਭੀ ਉਸ ਨੂਰ ਵਿਚ ਝਾਉਲਾ ਮਾਰਨ। ਫੇਰ ਮੇਰਾ ਸਾਰਾ ਵਜੂਦ ਨੂਰ ਹੀ ਬਣ ਜਾਵੇ। ਮੈਨੂੰ ਪਤਾ ਲਗੇ ਮੈਂ ਰੂਪ, ਰੰਗ ਕਿਸੇ ਸ਼ਕਲ ਦੀ ਬੰਦਸ਼ ਵਿਚ ਨਹੀਂ ਹਾਂ। ਨਿਰਾ ਹੀ ਗਿਆਨ ਹਾਂ, ਅੰਧਕਾਰ ਦੀ ਮੇਰੇ ਵਿਚ ਕੋਈ ਵੀ ਅੰਸ ਨਹੀਂ ਹੈ। ਮੈਨੂੰ ਆਪਣਾ ਆਪ ਸਰੀਰ ਵਰਗਾ ਵੀ ਲੱਗੇ ਅਤੇ ਕਦੇ ਝੌਲਾ ਵਜੇ ਕਿ ਮੈਂ ਤਾਂ ਨਿਰਾ ਪ੍ਰਕਾਸ਼ ਹੀ ਹਾਂ। ਕਦੇ ਮੈਨੂੰ ਲੱਗੇ ਕਿ ਮੈਂ ਇਕ ਹਾਂ ਕਦੇ ਮੈਨੂੰ ਆਪਣਾ ਆਪ ਹੀ ਲੱਗੇ ਕਿ ਮੈਂ ਅਨੇਕ ਹਾਂ। ਮਾਤਾ! ਮੈਂ ਹਲਕੀ ਫੁਲਕੀ ਹੋ ਗਈ। ਨਿਰੀ ਹੀ ਸੂਰਜ ਦੀ ਰੋਸ਼ਨੀ ਵਰਗੀ ਅਤੇ ਮਾਤਾ! ਸੂਰਜ ਦੀ ਰੋਸ਼ਨੀ ਤਾਂ ਤਪਦੀ ਹੈ ਪਰ ਮੈਂ ਠੰਢੀ ਠਾਰ ਸੀ, ਸੂਰਜ ਦੀ ਰੋਸ਼ਨੀ ਵਿਚ ਝਾਕਿਆਂ ਨਹੀਂ ਜਾਂਦਾ, ਮੇਰੀ ਰੋਸ਼ਨੀ ਬਹੁਤ ਹੀ ਮਿੱਠੀ ਸੀ। ਮੈਨੂੰ ਤਾਂ ਐਉਂ ਲਗਦਾ ਸੀ ਕਿ ਮੈਂ ਸਾਰਾ ਪਿਆਰ ਹੀ ਹਾਂ, ਪਤਾ ਨਹੀਂ ਇਹ ਪਿਆਰ ਹੀ ਆਤਮਾ ਹੋਵੇ ਪਰ ਮੈਂ ਇਹ ਦੇਖਿਆ ਕਿ ਮੇਰੇ ਵਰਗੀਆਂ ਹੋਰ ਆਤਮਾਵਾਂ ਵੀ, ਹੋਰ ਜੋਤਾਂ ਵੀ ਇਸ ਬ੍ਰਹਿਮੰਡ ਵਿਚ ਤਾਰਿਆਂ ਵਾਂਗੂੰ ਡਲਕ ਰਹੀਆਂ ਸਨ ਪਰ ਮੈਂ ਨਿਰਣਾ ਨਹੀਂ ਕਰ ਸਕੀ ਕਿ ਉਹ ਇਕ ਸਨ ਜਾਂ ਅਨੇਕ ਸਨ। ਉਹ ਸਾਰੀਆਂ ਇਕ ਵਿਚੋਂ ਨਿਕਲਦੀਆਂ ਸਨ। ਵੱਖ-ਵੱਖਰੀਆਂ ਦਿਸਦੀਆਂ ਸਨ ਪਰ ਅੱਖ ਦੇ ਪਲਕਾਰੇ ਵਿਚ ਇਕੋ ਜੋਤ ਵਿਚ ਲੀਨ ਹੋ ਜਾਂਦੀਆਂ ਸਨ। ਮੈਂ ਅਸਮਾਨ ਵਿਚ ਉਡੀ ਫਿਰਦੀ ਸਾਂ, ਮੈਂ ਦੇਖ ਰਹੀ ਸੀ ਕਿ ਅਸਮਾਨ ਚੰਦਰਮਾ, ਸੂਰਜਾਂ, ਤਾਰਿਆਂ ਨਾਲ ਭਰਿਆ ਪਿਆ ਹੈ। ਪੂਰੀ ਤੇਜ਼ੀ ਦੇ ਨਾਲ ਇਹ ਤਾਰੇ ਸਤਾਰੇ ਚਮਕ ਰਹੇ ਹਨ। ਮਾਤਾ! ਆਪਣਾ ਅਸਮਾਨ ਕੀ ਹੈ? ਆਪਾਂ ਇਨ੍ਹਾਂ ਸਰੀਰਕ ਅੱਖਾਂ ਨਾਲ ਦੇਖਦੇ ਹਾਂ ਤਾਂ ਬਹੁਤ ਹੀ ਮੱਧਮ ਜਿਹਾ ਹਨ੍ਹੇਰਾ ਦਿਸਦਾ ਹੈ। ਪਤਾ ਨਹੀਂ ਇਨ੍ਹਾਂ ਅੱਖਾਂ ਵਿਚ ਦੇਖਣ ਦੀ ਪੂਰੀ ਤਰ੍ਹਾਂ ਨਾਲ ਸ਼ਕਤੀ ਨਹੀਂ ਪਰ ਜੋ ਮੈਂ ਸੂਰਜ, ਤਾਰੇ ਦੇਖ ਰਹੀ ਸੀ ਉਨ੍ਹਾਂ ਦੀ ਜੋਤੀ ਅਤਿ ਤੀਖਣ ਸੀ, ਹਨ੍ਹੇਰੇ ਨਾਮ ਦੀ ਕੋਈ ਚੀਜ਼ ਹੈ ਹੀ ਨਹੀਂ ਸੀ। ਉਨ੍ਹਾਂ ਤੋਂ ਵੀ ਮੈਂ ਉਪਰ ਲੰਘ ਗਈ ਮੈਨੂੰ ਇਹ ਅਸਮਾਨ ਹੇਠਾਂ ਦਿਸਣ ਲਗ ਗਿਆ। ਉਥੇ ਝਿਲਮਿਲਕਾਰ ਹੋ ਰਹੀ ਸੀ। ਆਪਣੇ ਵਰਗੀਆਂ ਹੋਰ ਆਤਮਾਵਾਂ ਉਡਾਰੀਆਂ ਮਾਰਦੀਆਂ, ਕਲੋਲਾਂ ਕਰਦੀਆਂ ਮੈਂ ਵੇਖ ਰਹੀ ਸੀ। ਮਾਤਾ! ਉਥੇ ਜੋ ਆਤਮਾਵਾਂ ਨਜ਼ਰੀ ਪਈਆਂ ਉਹ ਨਾ ਹੀ ਇਸਤ੍ਰੀਆਂ ਸਨ, ਨਾ ਮਰਦ ਸਨ ਕੇਵਲ ਜੋਤਾਂ ਸਨ। ਬਹੁਤ ਚਿਰ ਮੈਂ ਦੂਰ-ਦੂਰ ਤਕ ਗਈ ਇਹ ਪਸਾਰਾ ਹੋਰ ਅੱਗੇ-ਅੱਗੇ ਪਸਰਿਆ ਹੋਇਆ ਸੀ ਜਿਸਦੀ ਗਿਣਤੀ ਮਿਣਤੀ ਕੋਈ ਨਹੀਂ ਸੀ ਕਰ ਸਕਦਾ।

ਫੇਰ ਮੈਂ ਆਪਣੇ ਸਰੀਰ ਨੂੰ, ਆਪਣੇ ਮੱਠ ਨੂੰ, ਆਪਣੇ ਜੰਗਲ ਨੂੰ, ਆਪਣੇ ਰਾਜ ਨੂੰ, ਆਪਣੇ ਰਾਜ ਦੀਆਂ ਹੱਦਾਂ ਨੂੰ, ਆਪਣੇ ਪੰਜਾਬ ਭਰ ਨੂੰ ਬਹੁਤ ਉਚੀ ਉਚਾਈ ਤੋਂ ਦੇਖ ਰਹੀ ਸੀ। ਮੇਰਾ ਸਰੀਰ ਮੁਰਦਾ ਹੋ ਕੇ ਲੰਮਾ ਨਹੀਂ ਸੀ ਪਿਆ ਉਹ ਸਮਾਧੀ ਵਿਚ ਸੀ। ਮੇਰੇ ਵਿਚੋਂ ਇਕ ਬਹੁਤ ਹੀ ਚਮਕੀਲੀ ਤਾਰ ਉਸ ਸਰੀਰ ਨਾਲ ਜੁੜੀ ਹੋਈ ਸੀ, ਮੈਂ ਸਰੀਰ ਦਾ ਧਿਆਨ ਕੀਤਾ ਅਤੇ ਇਕ ਦਮ ਇਸ ਵਿਚ ਪ੍ਰਵੇਸ਼ ਕਰ ਗਈ। ਮਾਤਾ! ਮੈਨੂੰ ਇਸ ਗੱਲ ਦਾ ਕੁਝ ਭੇਤ ਨਹੀਂ ਲਗਿਆ ਕਿ ਇਹ ਕੀ ਸੀ।"

ਉਸ ਵੇਲੇ ਮਾਤਾ ਨੇ ਕਿਹਾ ਕਿ ਬੀਬਾ! ਆਪਣੇ ਰਾਜ ਪੰਡਤ ਜੀ ਬਹੁਤ ਹੀ ਵਿਦਵਾਨ ਹਨ, ਚਾਰੇ ਵੇਦਾਂ, ਸਾਰੇ ਸਾਸ਼ਤਰਾਂ, ਧਰਮ ਗ੍ਰੰਥਾਂ ਦੇ ਇਹ ਕੇਵਲ ਜਾਣੂੰ ਹੀ ਨਹੀਂ ਹਨ ਇਹ ਵੀ ਤੇਰੇ ਵਾਂਗੂੰ ਅੰਮ੍ਰਿਤ ਵੇਲੇ ਉਠ ਕੇ ਸੁਰਤ ਇਕਾਗਰ ਕਰਦੇ ਹਨ ਅਤੇ ਬਹੁਤ-ਬਹੁਤ ਚਿਰ ਸਮਾਧੀ ਵਿਚ ਬੈਠੇ ਰਹਿੰਦੇ ਹਨ, ਹੋ ਸਕਦਾ ਹੈ ਇਨ੍ਹਾਂ ਗੱਲਾਂ ਦਾ ਉਤਰ ਸ਼ਾਇਦ ਇਨ੍ਹਾਂ ਕੋਲ ਹੋਵੇ, ਇਹ ਤੈਨੂੰ ਦਸ ਦੇਣਗੇ। ਇਸ ਤਰ੍ਹਾਂ ਬਚਨ ਬਿਲਾਸ ਹੁੰਦੇ ਰਹਿੰਦੇ ਸਨ। ਪਿਤਾ ਨਾਲ ਵੀ ਅਜਿਹੇ ਬਚਨ ਕਰਦੀ ਸੀ ਅਤੇ ਪਿਤਾ ਹੈਰਾਨ ਹੋ ਜਾਂਦਾ ਸੀ ਕਿ ਮੇਰੀ ਬੱਚੀ ਤਾਂ ਬਹੁਤ ਸੂਝ ਵਾਲੀ ਹੋ ਗਈ ਹੈ ਪਰ ਪਿਤਾ ਨੂੰ ਅੰਦਰਲੀਆਂ ਖੇਡਾਂ ਦਾ ਪਤਾ ਨਾ ਹੋਣ ਕਰਕੇ ਉਹ ਹਸ ਛਡਦਾ ਸੀ ਜਾਂ ਉਠ ਕੇ ਪਿਆਰ ਕਰ ਲੈਂਦਾ ਸੀ। ਪਰ ਉਸ ਦੇ ਕੰਮਾਂ ਵਿਚ ਕੋਈ ਦਖਲ ਅੰਦਾਜ਼ੀ ਨਹੀਂ ਸੀ ਕਰਦਾ। ਉਹ ਬਾਗ ਵਿਚ ਨਿਵੇਕਲੇ ਥਾਂ ਜਾਂ ਬਾਗ ਵਿਚ ਹੀ ਬੈਠ ਜਾਇਆ ਕਰਦੀ ਸੀ। ਪਿਤਾ ਨੇ ਉਸ ਦੇ ਬੈਠਣ ਵਾਸਤੇ ਕਈ ਥੜ੍ਹੇ ਬਣਵਾ ਦਿਤੇ ਸਨ ਅਤੇ ਉਪਰ ਛਤਰੀਆਂ ਲਾਈਆਂ ਹੋਈਆਂ ਸਨ ਜਿਸ ਨਾਲ ਰਾਜਕੁਮਾਰੀ ਦੀ ਧੁੱਪ ਅਤੇ ਮੀਂਹ ਤੋਂ ਰਖਿਆ ਹੋ ਜਾਂਦੀ ਸੀ। ਕੋਈ ਪੰਛੀ ਵਿੱਠ ਵਗੈਰਾ ਭੀ ਨਹੀਂ ਕਰ ਸਕਦਾ ਸੀ।

ਅੱਜ ਸਵੇਰੇ-ਸਵੇਰੇ ਮਾਤਾ ਨੇ ਕਿਹਾ ਬੇਟੀ! ਅੱਜ ਪੰਡਤ ਜੀ ਨੇ ਸੁਨੇਹਾ ਭੇਜਿਆ ਹੈ ਕਿ ਮੈਂ ਰਾਜਕੁਮਾਰੀ ਨਾਲ ਕੁਝ ਬਚਨ ਕਰਨੇ ਚਾਹੁੰਦਾ ਹਾਂ। ਬੇਟਾ! ਮੈਂ ਤੇਰੀਆਂ ਗੱਲਾਂ ਉਨ੍ਹਾਂ ਨੂੰ ਦਸੀਆਂ ਸਨ ਉਹ ਬਹੁਤ ਹੀ ਹੈਰਾਨ ਹੋ ਰਹੇ ਸਨ ਕਿ ਇਸ ਬੱਚੀ ਨੂੰ ਤਾਂ ਬਹੁਤ ਉਚੀਆਂ ਯੋਗਿਕ ਅਵਸਥਾਵਾਂ ਪ੍ਰਾਪਤ ਹੋ ਚੁਕੀਆਂ ਹਨ, ਇਹ ਦਸਵੇਂ ਦੁਆਰ ਦੇ ਮੰਡਲ ਵਿਚ ਪਹੁੰਚਣ ਵਾਲੀ ਹੀ ਹੈ। ਤੁਸੀਂ ਕੋਈ ਫਿਕਰ ਨਾ ਕਰੋ। ਇਹ ਬਹੁਤ ਸੋਹਣੇ ਮਾਰਗ ਤੇ ਤੁਰੀ ਜਾ ਰਹੀ ਹੈ ਜਿਹੜਾ ਉਹ ਮਰਦ ਜ਼ਖਮੀ ਹੋ ਕੇ ਘਰ ਵਿਚ ਆਇਆ ਸੀ ਉਹ ਕੋਈ ਪੂਰਨ ਬੀਤਰਾਗ ਪੁਰਸ਼ ਸੀ। ਬ੍ਰਹਮ ਦੀ ਲਖਤਾ ਵਾਲਾ ਸੀ, ਉਹ ਗੱਲਾਂ ਵਾਲਾ ਕੋਈ ਫੁਕਰਾ ਨਹੀਂ ਸੀ, ਉਸ ਦਾ ਜੋ ਸਤਿਗੁਰੂ ਹੈ ਉਹ ਪੂਰਾ ਹੈ, ਉਹ ਰਾਜਕੁਮਾਰੀ ਨੂੰ ਸਤਿਗੁਰੂ ਦੀ ਸੋਝੀ ਦੇ ਗਿਆ ਅਤੇ ਵਿਸ਼ਵਾਸ਼ ਵਿਚ ਪਾ ਗਿਆ ਹੈ ਕਿ ਉਹ ਆ ਕੇ ਜ਼ਰੂਰ ਦਰਸ਼ਨ ਦੇਣਗੇ। ਮਹਾਰਾਣੀ ਸਾਹਿਬਾ! ਇਹ ਬੱਚੀ ਉਸ ਸਤਿਗੁਰੂ ਨੂੰ ਖਿਚਾਂ ਪਾ ਰਹੀ ਹੈ, ਉਹ ਸਮਰੱਥ ਹਨ, ਛੇਤੀ ਹੀ ਇਥੇ ਇਸ ਦੇ ਪਿਆਰ ਦੇ ਬੱਝੇ ਪਹੁੰਚ ਜਾਣਗੇ। ਆਪਣੇ ਹੀ ਪਰਗਣੇ ਤੋਂ ਥੋੜ੍ਹੀ ਦੂਰ ਦੋ ਸਿੱਖ ਰਹਿੰਦੇ ਹਨ ਜਿਨ੍ਹਾਂ ਵਿਚੋਂ ਇਕ ਦਾ ਨਾਮ ਭਾਈ ਫਿਰਨਾ ਹੈ ਦੂਜੇ ਦਾ ਨਾਮ ਭਾਈ ਜੋਧ ਹੈ। ਉਨ੍ਹਾਂ ਦੇ ਪਾਸ ਬਹੁਤ ਸਾਰੇ ਗੁਰਸਿੱਖ ਆਉਂਦੇ ਜਾਂਦੇ ਰਹਿੰਦੇ ਹਨ ਇਕ ਦਿਨ ਉਹ ਮੇਰੇ ਪਾਸ ਆਏ ਸਨ, ਉਨ੍ਹਾਂ ਨੇ ਮੈਨੂੰ ਪੁਛਿਆ ਸੀ ਕਿ ਪੰਡਤ ਜੀ! ਕਈ ਸਾਲ ਹੋਏ ਅਸਾਨੂੰ ਮਿਲਣ ਵਾਸਤੇ ਕੁਝ ਬ੍ਰਹਮ ਅਵਸਥਾ ਦੇ ਮਾਨਣ ਵਾਲੇ ਗੁਰਮੁਖ ਪਿਆਰੇ ਆਏ ਸਨ ਅਤੇ ਉਨ੍ਹਾਂ ਨੇ ਦਸਿਆ ਸੀ ਕਿ ਉਨ੍ਹਾਂ ਦਾ ਲੜਕਾ ਜਿਸ ਦਾ ਨਾਮ ਭਾਈ ਤਿਲੋਕਾ ਸੀ ਇਸੇ ਜੰਗਲ ਵਿਚ ਇਕ ਰਾਜਕੁਮਾਰੀ ਦੇ ਹੱਥੋਂ ਮਾਰਿਆ ਗਿਆ ਸੀ, ਕੀ ਤੁਹਾਨੂੰ ਕੋਈ ਪਤਾ ਹੈ? ਤਾਂ ਮੈਂ ਉਨ੍ਹਾਂ ਨੂੰ ਐਨਾ ਹੀ ਦਸਿਆ ਸੀ ਕਿ ਪੰਜ ਸਾਲ ਪਹਿਲਾਂ ਐਸੀ ਘਟਨਾ ਵਿਆਪੀ ਸੀ। ਉਨ੍ਹਾਂ ਨੇ ਦਸਿਆ ਸੀ ਕਿ ਉਹ ਗੁਰੂ ਨਾਨਕ ਮਹਾਰਾਜ ਜੀ ਦੇ ਸਿੱਖ ਹਨ। ਗੁਰੂ ਨਾਨਕ ਸਾਹਿਬ ਸੰਸਾਰ ਦਾ ਉਧਾਰ ਕਰਨ ਲਈ ਕਲਜੁੱਗ ਵਿਚ ਨਾਮ ਯੋਗ, ਸੁਰਤ ਸ਼ਬਦ ਦਾ ਮਾਰਗ ਦਸਣ ਲਈ ਜੀਵਾਂ ਨੂੰ ਸਾਧਨਾ ਵਿਚ ਲਾ ਰਹੇ ਹਨ। ਤੁਸੀਂ ਚਿੰਤਾ ਨਾ ਕਰੋ ਇਹ ਰਾਜਕੁਮਾਰੀ ਬਹੁਤ ਸੋਹਣੇ ਰਸਤੇ ਚਲ ਰਹੀ ਹੈ। ਤੁਸੀਂ ਜੇ ਕਲ੍ਹ ਨੂੰ ਆ ਜਾਵੋਂ ਤਾਂ ਮੈਂ ਵੀ ਰਾਜਕੁਮਾਰੀ ਨਾਲ ਕੁਝ ਬਚਨ ਕਰਨੇ ਚਾਹੁੰਦਾ ਹਾਂ।

ਦੂਸਰੇ ਦਿਨ ਸਤਿਸੰਗ ਵਿਚ ਇਸ ਪੰਡਤ ਜੀ ਕੋਲ ਰਾਜਕੁਮਾਰੀ ਅਤੇ ਉਸ ਦੀ ਮਾਤਾ ਮਹਾਰਾਣੀ ਆ ਕੇ ਹਾਜ਼ਰ ਹੋਏ। ਉਸ ਵੇਲੇ ਉਸ ਵਿਦਵਾਨ ਪੰਡਤ ਨੇ ਰਾਜਕੁਮਾਰੀ ਨਾਲ ਬਚਨ ਕੀਤੇ ਜਿਸ ਤੋਂ ਉਹ ਭਾਂਪ ਗਿਆ ਕਿ ਉਹ ਨੌਜਵਾਨ ਲੜਕਾ ਪੂਰਨ ਰੂਪ ਵਿਚ ਆਤਮ ਦਰਸੀ ਸੀ, ਉਸ ਵੇਲੇ ਉਸ ਨੇ ਰਾਜਕੁਮਾਰੀ ਨੂੰ ਪੁਛਿਆ ਕਿ ਉਹ ਆਪ ਨੂੰ ਕੀ ਦਸ ਕੇ ਗਏ ਹਨ? ਰਾਜਕੁਮਾਰੀ ਨੇ ਦਸਿਆ ਕਿ ਉਹ ਮੈਨੂੰ ਦਸ ਕੇ ਗਏ ਸਨ ਕਿ ਤੂੰ ਆਤਮਾ ਹੈਂ। ਕਹਿਣ ਲੱਗੀ ਮੈਂ ਪਹਿਲੀ ਵਾਰੀ ਹੀ ਇਸ ਤਰ੍ਹਾਂ ਸੁਣਿਆ ਸੀ। ਉਨ੍ਹਾਂ ਨੇ ਕਿਹਾ ਕਿ ਤੈਨੂੰ ਕਿਸੇ ਤੋਂ ਪ੍ਰੇਮ ਲੈਣ ਦੀ ਲੋੜ ਨਹੀਂ, ਤੂੰ ਆਪ ਹੀ ਪ੍ਰੇਮ ਹੈਂ, ਤੇਰੇ ਕੋਈ ਸਬੰਧੀ ਨਹੀਂ, ਤੂੰ ਸਭ ਦੇ ਅੰਦਰ ਵਸਦੀ ਹੈਂ, ਬਾਹਰ ਵਸਦੀ ਹੈਂ, ਉਸ ਵੇਲੇ ਮੈਂ ਬਹੁਤ ਘਬਰਾ ਗਈ ਅਤੇ ਮੈਂ ਡਰ ਕੇ ਚੀਕ ਮਾਰੀ ਕਿ ਇਹ ਕੀ ਕਹਿ ਰਿਹਾ ਹੈ। ਪਰ ਉਹ ਬਹੁਤ ਹੀ ਉਚਾ ਪੁਰਸ਼ ਸੀ, ਉਹ ਕਦੇ ਝੂਠ ਨਹੀਂ ਸੀ ਬੋਲਦਾ ਪਰ ਮੈਂ ਹੈਰਾਨ ਬਹੁਤ ਹੋ ਰਹੀ ਸੀ ਕਿ ਮੈਂ ਤਾਂ ਮਾਤਾ ਪਿਤਾ ਨੂੰ ਪਿਆਰ ਕਰਦੀ ਹਾਂ, ਇਨ੍ਹਾਂ ਬਿਨਾਂ ਮੈਂ ਜਿਉਂਦੀ ਨਹੀਂ ਰਹਿ ਸਕਦੀ। ਮੈਂ ਖੇਡਾਂ ਵਿਚ ਅਨੰਦ ਲੈਂਦੀ ਹਾਂ ਉਹ ਕਹਿੰਦਾ ਸੀ ਤੈਨੂੰ ਕਿਸੇ ਚੀਜ਼ 'ਚੋਂ ਅਨੰਦ ਲੈਣ ਦੀ ਲੋੜ ਨਹੀਂ, ਤੂੰ ਆਪ ਹੀ ਅਨੰਦ ਹੈਂ।

ਉਸ ਵੇਲੇ ਪੰਡਤ ਜੀ ਨੇ ਸਾਰੀ ਗੱਲ ਸੁਣ ਕੇ ਕਿਹਾ ਕਿ ਰਾਜਕੁਮਾਰੀ ਜੀ! ਉਹ ਮਹਾਨ ਪੁਰਸ਼ ਸੀ,

ਐਡੀ ਛੋਟੀ ਉਮਰ ਵਿਚ ਸਤਿ ਗਿਆਨ ਉਸ ਨੂੰ ਪ੍ਰਾਪਤ ਸੀ, ਇਹ ਉਸ ਦੇ ਗੁਰੂ ਦੀ ਪੂਰਨ ਕ੍ਰਿਪਾਲਤਾ ਹੈ। ਇਹ ਵੱਡੇ-ਵੱਡੇ ਯੋਗੀਆਂ ਨੂੰ, ਵੱਡੇ-ਵੱਡੇ ਜਪੀਆਂ ਨੂੰ, ਜਪ ਕਰਕੇ ਅਤੇ ਬਹੁਤ ਵਿਚਾਰ ਕਰਨ ਵਾਲੇ ਵਿਦਵਾਨਾਂ ਨੂੰ ਜਿਨ੍ਹਾਂ ਨੇ ਵੇਦਾਂ ਸ਼ਾਸ਼ਤਰਾਂ ਦਾ ਅਧਿਐਨ ਕੀਤਾ ਹੈ, ਉਨ੍ਹਾਂ ਨੂੰ ਵੀ ਪ੍ਰਾਪਤ ਨਹੀਂ ਹੁੰਦੀ। ਉਹ ਇਕ ਮਹਾਨ ਯੋਗੀ ਸੀ, ਆਤਮ ਦਰਸ਼ੀ ਸੀ, ਬ੍ਰਹਮ ਦੇ ਗਿਆਨ ਨਾਲ ਪੂਰੀ ਤਰ੍ਹਾਂ ਰੁਸ਼ਨਾਇਆ ਹੋਇਆ ਬ੍ਰਹਮਗਿਆਨੀ ਸੀ। ਰਾਜਕੁਮਾਰੀ ਹੈਰਾਨ ਸੀ ਕਿ ਇਹ ਵੀ ਓਹੀ ਗੱਲ ਕਹਿੰਦਾ ਹੈ ਜੋ ਮੇਰੇ ਮਨ ਵਿਚ ਹੈ। ਪੰਡਤ ਜੀ ਨੇ ਕਹਿਣਾ ਸ਼ੁਰੂ ਕੀਤਾ ਕਿ ਰਾਜਕੁਮਾਰੀ ਜੀ! ਇਹ ਜੋ ਤੁਸੀਂ ਸੰਸਾਰ ਦੇਖ ਰਹੇ ਹੋਂ, ਇਸ ਦੇ ਬਾਰੇ ਵੇਦਾਂ ਨੇ, ਸਾਸ਼ਤਰਾਂ ਨੇ ਆਪਣੇ-ਆਪਣੇ ਮਤ ਦਿਤੇ ਹੋਏ ਹਨ, ਵੇਦਾਂ ਦਾ ਜੋ ਮਤ ਹੈ ਉਹ ਸਰਵ ਸ੍ਰੇਸ਼ਟ ਹੈ। ਉਨ੍ਹਾਂ ਅਨੁਸਾਰ ਇਹ ਸੰਸਾਰ ਪਹਿਲਾਂ ਨਹੀਂ ਸੀ ਸੰਸਾਰ ਤੋਂ ਪਹਿਲਾਂ ਕੇਵਲ ਪਾਰਬ੍ਰਹਮ ਪ੍ਰਮੇਸ਼ਰ ਆਪਣੇ ਸਰੂਪ ਵਿਚ ਆਪ ਹੀ ਸਥਿਤ ਸੀ। ਉਸ ਤੋਂ ਇਸ ਸੰਸਾਰ ਦੀ ਉਤਪਤੀ ਹੋਈ ਉਸ ਨੂੰ ਓਅੰਕਾਰ ਕਿਹਾ ਜਾਂਦਾ ਹੈ, ਓਅੰਕਾਰ ਹੀ ਬ੍ਰਹਮ ਹੈ, ਸਾਰੀਆਂ ਉਪਨਿਸ਼ਦਾਂ ਨੇ ਸਰਗੁਣ ਸਰੂਪ ਮੰਨਿਆ ਹੈ। ਉਹ ਆਪ ਹੀ ਖੇਲ੍ਹ ਕਰ ਰਿਹਾ ਹੈ। ਸਾਰੀਆਂ ਦਿਸ਼ਾਵਾਂ ਸੱਜੇ, ਖੱਬੇ, ਹੇਠ, ਉਤੇ ਉਸ ਦਾ ਹੀ ਪਸਾਰਾ ਹੈ। ਜੋ ਕੁਝ ਦੇਖ ਰਹੇ ਹੋ, ਜੋ ਕੁਝ ਜਾਣਿਆ ਹੈ ਉਹ ਸਭ ਕੁਝ ਬ੍ਰਹਮ ਹੀ ਹੈ। ਆਪ ਹੀ ਕਾਰਨ ਕਰਨ ਹੈ, ਉਹ ਸਰਬ ਰੂਪ ਹੋ ਕੇ ਆਪ ਹੀ ਆਪਣੇ ਆਪ ਨੂੰ ਦੇਖ ਰਿਹਾ ਹੈ, ਗੁਰਬਾਣੀ ਅਨੁਸਾਰ ਫੁਰਮਾਨ ਹੈ -

*ਏਕ ਮੂਰਤ ਅਨੇਕ ਦਰਸਨ*
*ਕੀਨ ਰੂਪ ਅਨੇਕ।।*
*ਖੇਲ ਖੇਲ ਅਖੇਲ ਖੇਲਨ*
*ਅੰਤ ਕੋ ਫਿਰ ਏਕ॥* ਜਾਪੁ ਸਾਹਿਬ

*ਪਾਰਬ੍ਰਹਮ ਕੇ ਸਗਲੇ ਠਾਉ॥*
*ਜਿਤੁ ਜਿਤੁ ਘਰਿ ਰਾਖੈ*
*ਤੈਸਾ ਤਿਨ ਨਾਉ॥*
*ਆਪੇ ਕਰਨ ਕਰਾਵਨ ਜੋਗੁ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ॥*
*ਪਸਰਿਓ ਆਪਿ ਹੋਇ ਅਨਤ ਤਰੰਗ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ।।*
*ਜੈਸੀ ਮਤਿ ਦੇਇ ਤੈਸਾ ਪਰਗਾਸ॥*
*ਪਾਰਬ੍ਰਹਮੁ ਕਰਤਾ ਅਬਿਨਾਸ॥*
*ਸਦਾ ਸਦਾ ਸਦਾ ਦਇਆਲ।।*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥*

ਪੰਨਾ - 275

ਆਪ ਹੀ ਸੁਣਨ ਵਾਲਾ ਹੈ ਆਪ ਹੀ ਸੁਣਾਉਣ ਵਾਲਾ ਹੈ, ਉਸ ਤੋਂ ਬਿਨਾਂ ਇਥੇ ਕੋਈ ਹੋਰ ਨਹੀਂ ਹੈ। ਗੁਰਬਾਣੀ ਦਾ ਮਤ ਹੈ -

*ਜੀਅ ਜੰਤ ਕੇ ਠਾਕੁਰਾ*
*ਆਪੇ ਵਰਤਣਹਾਰ॥*
*ਨਾਨਕ ਏਕੋ ਪਸਰਿਆ*
*ਦੂਜਾ ਕਹ ਦ੍ਰਿਸਟਾਰ॥* ਪੰਨਾ - 292

*ਆਪ ਕਥੈ ਆਪਿ ਸੁਨਨੈਹਾਰੁ॥*
*ਆਪਹਿ ਏਕੁ ਆਪਿ ਬਿਸਥਾਰੁ॥*
*ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥*
*ਆਪਨੈ ਭਾਣੈ ਲਏ ਸਮਾਏ॥*
*ਤੁਮ ਤੇ ਭਿੰਨ ਨਹੀ ਕਿਛੁ ਹੋਇ॥*
*ਆਪਨ ਸੂਤਿ ਸਭੁ ਜਗਤੁ ਪਰੋਇ॥*
*ਜਾ ਕਉ ਪ੍ਰਭ ਜੀਉ ਆਪਿ ਬੁਝਾਏ॥*
*ਸਚੁ ਨਾਮੁ ਸੋਈ ਜਨੁ ਪਾਏ॥*
*ਸੋ ਸਮਦਰਸੀ ਤਤ ਕਾ ਬੇਤਾ॥*
*ਨਾਨਕ ਸਗਲ ਸ੍ਰਿਸਟਿ ਕਾ ਜੇਤਾ॥*

ਪੰਨਾ - 292

ਅੰਦਰ ਬਾਹਰ ਵਣਾਂ, ਤ੍ਰਿਣਾਂ, ਪਹਾੜਾਂ, ਦਰਿਆਵਾਂ, ਸੂਰਜ, ਚੰਦਰਮਾ 'ਚ ਜੋ ਵੀ ਦ੍ਰਿਸ਼ਟਮਾਨ ਨਜ਼ਰ ਆ ਰਿਹਾ ਹੈ ਉਹ -

*ਏਕੋ ਏਕੁ ਏਕੁ ਹਰਿ ਆਪਿ॥*
*ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥*
*ਅਨਿਕ ਬਿਸਥਾਰ ਏਕ ਤੇ ਭਏ॥*
*ਏਕੁ ਅਰਾਧਿ ਪਰਾਛਤ ਗਏ॥*
*ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ॥*
*ਗੁਰ ਪ੍ਰਸਾਦਿ ਨਾਨਕ ਇਕੁ ਜਾਤਾ॥*

ਪੰਨਾ - 289

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥*

ਪੰਨਾ - 294

ਸਾਰੀਆਂ ਜੋਤਾਂ ਦੀ ਜੋਤ, ਸਾਰੇ ਗਿਆਨਾਂ ਦਾ ਗਿਆਨ, ਸਾਰੇ ਧਿਆਨਾਂ ਦਾ ਧਿਆਨ ਸਾਰੀਆਂ ਖੂਬਸੂਰਤੀਆਂ ਦੀ ਖੂਬਸੂਰਤੀ ਦੀ ਜਿੰਦ ਜਾਨ ਇਹ ਬ੍ਰਹਮ ਆਪ ਹੀ ਹੈ।

*ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥*
*ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ॥*
*ਨਮੋ ਅੰਧਕਾਰੇ ਨਮੋ ਤੇਜ ਤੇਜੇ॥*
*ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ॥*

ਜਾਪੁ ਸਾਹਿਬ

ਉਪਨਿਸ਼ਦਾਂ ਅਨੁਸਾਰ ਬ੍ਰਹਮ ਦਾ ਜੋ ਦੇਖਣ

ਵਾਲਾ ਸਰੂਪ ਹੈ ਉਹ ਸਾਰੀਆਂ ਜੋਤੀਆਂ ਦੀ ਜੋਤ ਹੈ। ਅੱਖਾਂ ਉਸ ਜੋਤ ਨੂੰ ਦੇਖ ਨਹੀਂ ਸਕਦੀਆਂ, ਕੇਵਲ ਅਨੁਭਵ ਦੀਆਂ ਅੱਖਾਂ ਨਾਲ ਉਸ ਦਾ ਅਨੁਭਵ ਕੀਤਾ ਜਾਂਦਾ ਹੈ। ਉਹ ਕੋਈ ਜੜ੍ਹ ਤੇ ਮੁਰਦਾ ਚੀਜ਼ ਨਹੀਂ ਹੈ। ਉਹ ਆਪ ਪ੍ਰਕਾਸ਼ ਹੈ, ਗਿਆਨ ਸਰੂਪ ਹੈ, ਉਸ ਦੀ ਜੋਤ ਨਾਲ ਹੀ ਸਾਰੀਆਂ ਚੇਤਨ ਵਸਤੂਆਂ ਜੋ ਸਾਨੂੰ ਦਿਸਦੀਆਂ ਹਨ ਕ੍ਰਿਆ ਕਰ ਰਹੀਆਂ ਹਨ। ਜੋ ਜੜ੍ਹ ਵਸਤੂਆਂ ਵੀ ਸਾਨੂੰ ਨਜ਼ਰ ਆਉਂਦੀਆਂ ਹਨ ਉਨ੍ਹਾਂ ਦੀ ਸ਼ਕਲ ਸੂਰਤ ਉਸ ਮਰਿਆਦਾ ਦੇ ਵਿਚ ਬੰਨੀ ਹੋਈ ਕਾਇਮ ਰਹਿੰਦੀ ਹੈ। ਕਣ-ਕਣ ਵਿਚ ਉਹ ਸਮਾਇਆ ਹੋਇਆ ਹੈ। ਬ੍ਰਹਮ ਹੀ ਆਤਮ ਸਰੂਪ ਹੈ, ਇਸ ਨੂੰ ਹੀ ਆਤਮਾ ਕਿਹਾ ਜਾਂਦਾ ਹੈ। ਇਹ ਕੇਵਲ ਅੱਖਾਂ ਦਾ ਹੇਰ ਫੇਰ ਹੈ ਪਰ ਬ੍ਰਹਮ ਅਤੇ ਆਤਮਾ ਇਕੋ ਹੀ ਹਨ। ਆਤਮਾ ਦਾ ਸਬੰਧ ਅੱਖਾਂ, ਨੱਕ, ਕੰਨ, ਧਰਮ, ਅਧਰਮ, ਪ੍ਰਿਥਵੀ, ਜਲ ਸਭ ਨਾਲ ਹੈ, ਇਹ ਆਤਮਾ ਹੀ ਬ੍ਰਹਮ ਹੈ ਜੋ ਵਿਅਕਤੀ ਆਤਮਾ ਤੇ ਬ੍ਰਹਮ ਨੂੰ ਇਕ ਰੂਪ ਜਾਣਦਾ ਹੈ ਉਸ ਦੇ ਅੰਦਰ ਪੂਰਨ ਨਿਸ਼ਚਾ ਹੈ, ਉਹ ਪ੍ਰਾਣ ਛੱਡਣ ਉਪਰੰਤ ਬ੍ਰਹਮ ਵਿਚ ਹੀ ਲੀਨ ਹੋ ਜਾਂਦਾ ਹੈ। ਪਹਾੜਾਂ ਤੇ ਚਲਦੀਆਂ ਨਦੀਆਂ ਅਨੇਕ ਰੂਪ, ਰੰਗ ਧਾਰਨ ਕਰਦੀਆਂ ਹਨ। ਕੋਈ ਨਦੀ ਬਰਫ ਵਰਗੀ ਠੰਢੀ ਹੈ, ਕੋਈ ਥੋੜ੍ਹੀ ਗਰਮ ਹੈ, ਕਿਸੇ ਦਾ ਰੰਗ ਅਸਮਾਨ ਵਰਗਾ ਨੀਲਾ ਹੈ, ਕਿਸੇ ਦਾ ਲਾਲ ਹੈ, ਇਹ ਸਾਰੀਆਂ ਵਗਦੀਆਂ ਨਦੀਆਂ ਸਾਗਰ ਵਿਚ ਮਿਲ ਜਾਂਦੀਆਂ ਹਨ ਤਾਂ ਇਹ ਆਪਣਾ ਨਾਮ ਰੂਪ ਛੱਡ ਕੇ ਸਾਗਰ ਹੀ ਬਣ ਜਾਂਦੀਆਂ ਹਨ ਜਿਵੇਂ ਆਪਣੇ ਕੋਲ ਝਨਾਅ ਨਦੀ ਵਗਦੀ ਹੈ, ਇਹ ਜਦੋਂ ਪੰਚ ਨਦ ਵਿਚ ਪਹੁੰਚਦੀ ਹੈ ਤਾਂ ਸਿੰਧ ਦੇ ਇਲਾਕੇ ਵਿਚ ਇਸ ਦਾ ਨਾਮ ਬਦਲ ਜਾਂਦਾ ਹੈ। ਹੋਰ ਛੋਟੀਆਂ-ਛੋਟੀਆਂ ਨਦੀਆਂ ਜੋ ਸਤਲੁਜ, ਰਾਵੀ, ਬਿਆਸ, ਜਿਹਲਮ ਇਹ ਵੀ ਚਲਦੀਆਂ ਚਲਦੀਆਂ ਜਦੋਂ ਪੰਜ ਨਦ ਪਹੁੰਚਦੀਆਂ ਹਨ ਇਨ੍ਹਾਂ ਦਾ ਨਾਮ ਖਤਮ ਹੋ ਜਾਂਦਾ ਹੈ, ਇਨ੍ਹਾਂ ਦਾ ਨਾਮ ਸਿੰਧ ਹੋ ਜਾਂਦਾ ਹੈ ਜਦੋਂ ਇਹ ਦਰਿਆ ਕਰਾਚੀ ਪਾਸ ਜਾ ਕੇ ਸਮੁੰਦਰ ਵਿਚ ਮਿਲਦਾ ਹੈ ਫਿਰ ਇਸ ਦਾ ਨਾਮ ਸਿੰਧ ਵੀ ਖਤਮ ਹੋ ਜਾਂਦਾ ਹੈ ਇਵੇਂ ਜੀਵ ਆਤਮਾਵਾਂ ਵਖਰੀਆਂ-ਵੱਖਰੀਆਂ ਨਜ਼ਰ ਆਉਂਦੀਆਂ ਹਨ।

ਇਹ ਜਦੋਂ ਸਾਧਨ ਕਰਕੇ, ਜੀਵ ਭਾਵ ਖਤਮ ਕਰਕੇ ਪ੍ਰਭੂ ਵਿਚ ਲੀਨ ਹੋ ਜਾਂਦੀਆਂ ਹਨ ਉਸ ਵੇਲੇ ਕੇਵਲ ਬ੍ਰਹਮ ਹੀ ਹੋਇਆ ਕਰਦਾ ਹੈ। ਇਹ ਕੇਵਲ ਵੱਖਰੇ-ਵੱਖਰੇ ਨਾਮ ਕਰਕੇ ਵੱਖਰਾ ਲਗਦਾ ਹੈ, ਸਾਰੇ ਹੀ ਬ੍ਰਹਮ ਹੈ। ਆਪਣੀ ਆਤਮਾ ਵਿਚ ਬ੍ਰਹਮ ਭਾਵ ਵਾਲਾ ਯੋਗੀ ਬ੍ਰਹਮਗਿਆਨੀ ਕਿਹਾ ਜਾਂਦਾ ਹੈ। ਬ੍ਰਹਮ ਅਤੇ ਓਅੰਕਾਰ ਇਕੋ ਚੀਜ਼ ਹੈ। ਬ੍ਰਹਮ ਨੂੰ ਅੱਖਰ ਕਿਹਾ ਗਿਆ ਹੈ। ਅੱਖਰ ਓਅੰਕਾਰ ਦਾ ਹੀ ਰੂਪ ਹੈ। ਭੂਤ, ਭਵਿਖਤ, ਵਰਤਮਾਨ ਕਾਲ ਵਿਚ ਜੋ ਕੁਝ ਹੋ ਚੁਕਿਆ ਹੈ, ਹੁਣ ਹੈ, ਅਗੇ ਨੂੰ ਹੋਵੇਗਾ ਉਹ ਤਿੰਨੋ ਕਾਲਾਂ ਵਿਚ ਓਅੰਕਾਰ ਬ੍ਰਹਮ ਹੀ ਹੈ, ਇਹ ਅਕਾਸ਼ ਦੀ ਤਰ੍ਹਾਂ ਵਿਆਪਕ ਹੈ। ਇਸੇ ਓਅੰਕਾਰ ਨੂੰ ਸਤਿ ਆਖਿਆ ਹੈ, ਸਤਿ ਹੀ ਸੱਚ ਹੈ, ਇਹ ਦੇਸ਼ ਕਾਲ, ਵਸਤੂ ਤੋਂ ਪਰ੍ਹੇ ਹੈ। ਬ੍ਰਹਮ ਹੀ ਪੂਰਨ ਸਤਿ ਹੈ, ਹੋਰ ਹੋਂਦਾਂ ਸਭ ਝੂਠੀਆਂ ਹਨ, ਬਿਨਸਨਹਾਰ ਹਨ ਇਸ ਸਤਿ ਵਿਚੋਂ ਪ੍ਰਗਟ ਹੁੰਦੀਆਂ ਹਨ। ਇਸ ਵਿਚ ਹੀ ਲੀਨ ਹੋ ਜਾਂਦੀਆਂ ਹਨ। ਇਹ ਬ੍ਰਹਮ ਸਾਰੀਆਂ ਹੋਂਦਾਂ ਦਾ ਅਧਾਰ ਹੈ ਇਹ ਸਤਿ ਜੜ੍ਹ ਚੇਤਨ ਸਤਾ ਦਾ ਸਾਰ ਹੈ। ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਨ ਕੀਤਾ ਹੈ -

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*
*ਪੰਨਾ - 1*

ਇਸ ਸਤਿ ਦੀ ਸਤਾ ਹੀ ਗਿਆਨ ਹੈ, ਸੈਭੰ ਹੈ, ਸਾਡੀਆਂ ਗਿਆਨ ਇੰਦੀਆਂ ਵਿਚ ਅੱਖ, ਨੱਕ, ਕੰਨ, ਜੀਭ ਵਿਚ ਜੋ ਸ਼ਕਤੀ ਕੰਮ ਕਰ ਰਹੀ ਹੈ ਉਹ ਸਾਰੀ ਹੀ ਬ੍ਰਹਮ ਸ਼ਕਤੀ ਹੈ। ਇਸ ਕਰਕੇ ਕਿਹਾ ਜਾਂਦਾ ਹੈ ਕਿ ਉਹ ਦੇਖਦਾ ਵੀ ਆਪ ਹੈ, ਸੁਣਦਾ ਵੀ ਆਪ ਹੈ ਕਿਉਂਕਿ ਉਸ ਦੀ ਸ਼ਕਤੀ ਤੋਂ ਬਗੈਰ ਇਹ ਇੰਦ੍ਰੀਆਂ ਜੜ੍ਹ ਹਨ, ਇਹ ਸਾਰੇ ਸੰਸਾਰ ਦਾ ਅਧਾਰ ਬ੍ਰਹਮ ਹੀ ਹੈ, ਬ੍ਰਹਮ ਦੇ ਦੋ ਰੂਪ ਹਨ ਉਹ ਸਰਗੁਣ ਵੀ ਹੈ, ਨਿਰਗੁਣ ਵੀ ਹੈ। ਜੋ ਕੁਝ ਵੀ ਸੰਸਾਰ ਵਿਚ ਨਜ਼ਰ ਆ ਰਿਹਾ ਹੈ ਇਹ ਸਮੁੱਚਾ ਰੂਪ ਸਰਗੁਣ ਹੈ। ਇਹ ਸਰਗੁਣ ਹੁੰਦਾ ਹੋਇਆ ਵੀ ਨਿਰਗੁਣ ਹੈ। ਸਤਿ, ਚਿਤ, ਅਨੰਦ ਹੈ, ਸੰਸਾਰ ਦਾ ਮੂਲ ਕਾਰਨ ਹੈ। ਇਸ ਦੇ ਮੂਰਤ ਅਤੇ ਅਮੂਰਤ ਦੋ ਰੂਪ ਹਨ, ਪਰ ਹੈ ਇਹ ਇਕ ਹੀ, ਸਾਰੇ ਸੰਸਾਰ ਦਾ ਮੂਲ ਕਾਰਨ ਹੋਣ ਕਰਕੇ ਅਧਾਰ ਭੀ ਹੈ। ਇਹ ਸਰਗੁਣ ਰੂਪ ਵਿਚ ਵੀ ਨਜ਼ਰ ਆਉਂਦਾ ਹੈ, ਨਿਰਗੁਣ ਵਿਚ ਇਹ ਅਗੰਮ ਅਤੇ ਅਗੋਚਰ ਹੈ। ਮਨੁੱਖੀ ਗਿਆਨ ਰਾਹੀਂ ਨਾ ਹੀ ਸਰਗੁਣ ਨੂੰ ਜਾਣਿਆ ਜਾ ਸਕਦਾ ਹੈ ਅਤੇ ਨਾ ਹੀ ਨਿਰਗੁਣ ਸਰੂਪ ਦਾ ਕੋਈ ਗਿਆਨ ਹੋ ਸਕਦਾ ਹੈ। ਇਸ ਨੂੰ ਅਨੁਭਵ ਕਰਨ ਵਾਲਾ ਇੰਦਰਾ ਅਨੁਭਵ ਹੀ ਹੈ ਇਹ ਅਨੁਭਵ ਪ੍ਰਕਾਸ਼ ਹੈ।

ਸੋ ਜਗਤ ਦੀ ਮੂਲ ਸਤਾ ਸਤਿ ਹੈ, ਸਤਿ ਆਪਣੀ ਸਤਾ ਵਾਸਤੇ ਕਿਸੇ ਹੋਰ ਉਪਰ ਨਿਰਭਰ ਨਹੀਂ ਹੈ, ਇਸ ਸਤਿ ਵਿਚੋਂ ਸਾਰੇ ਤੱਤ ਪ੍ਰਗਟ ਹਨ ਇਸ ਦੇ ਅਨੇਕ ਸਰੂਪਾਂ ਵਿਚ ਕਿਸੇ ਤਰ੍ਹਾਂ ਦਾ ਵੀ ਕੋਈ ਵਿਰੋਧ ਨਹੀਂ ਹੈ ਕਿਉਂਕਿ ਇਹ ਸਤਿ ਦੇਸ਼, ਕਾਲ, ਵਸਤੂ ਤੋਂ ਪਹਿਲਾਂ ਆਪੇ ਹੀ ਸੀ ਇਹ ਨਿਰਗੁਣ ਸਰੂਪ ਸੀ, ਨਿਰੰਕਾਰ ਸੀ ਜਦੋਂ ਪਸਾਰਾ ਹੋਇਆ। ਸਾਧਸੰਗਤ ਜੀ! ਭਾਈ ਗੁਰਦਾਸ ਜੀ ਦਸਦੇ ਹਨ -

*ਨਿਰੰਕਾਰੁ ਆਕਾਰੁ ਹੋਇ*
*ਏਕੰਕਾਰੁ ਅਪਾਰੁ ਸਦਾਇਆ॥*
*ਏਕੰਕਾਰਹੁ ਸਬਦ ਧੁਨਿ*
*ਓਅੰਕਾਰ ਅਕਾਰੁ ਬਣਾਇਆ॥*
*ਭਾਈ ਗੁਰਦਾਸ ਜੀ, ਵਾਰ 26/2*

ਸੋ ਇਹ ਸਤਿ ਹੁਣ ਵੀ ਹੈ ਅੱਗੇ ਨੂੰ ਵੀ ਹੋਵੇਗਾ, ਇਕ ਰਸ ਹੈ ਅਬਦਲ ਹੈ, ਸਦੀਵੀ ਹੈ, ਕਦੇ ਵੀ ਇਹ ਘਟਦਾ ਵਧਦਾ ਨਹੀਂ ਹੈ। ਇਸ ਸਤਿ ਨੂੰ ਏਕਮੇਵ ਏਕੰ+ਏਵੰ ਅਤੇ ਅਦ੍ਵਿਤੀਯ ਅਥਵਾ ਹੋਰ ਕੋਈ ਨਹੀਂ ਸੀ ਆਪੇ ਆਪ ਹੀ ਸੀ। ਸਤਿ ਨੂੰ ਆਤਮਾ ਦਾ ਹੀ ਰੂਪ ਮੰਨਿਆ ਗਿਆ ਹੈ। ਆਤਮ ਸ਼ਬਦ ਸੁਧ ਚੇਤਨ ਵਾਸਤੇ ਵਰਤਿਆ ਜਾਂਦਾ ਹੈ। ਸਤਿ ਆਪਣੇ ਸਰੂਪ ਦੇ ਆਪਣੇ ਮੂਲ ਤੱਤ ਤੋਂ ਵਖਰਾ ਨਹੀਂ ਹੈ ਅਤੇ ਜਗਤ ਦਾ ਮੂਲ ਕਾਰਨ ਇਕ ਹੀ ਹੈ ਅਤੇ ਇਹ ਕਾਰਨ ਚੇਤਨਾ ਵਾਲਾ ਹੈ, ਵਿਚਾਰ ਸ਼ਕਤੀ ਵਾਲਾ ਹੈ, ਵਿਚਾਰ ਨਾਲ ਹੀ ਜਗਤ ਦੀ ਰਚਨਾ ਕਰਦਾ ਹੈ, ਸਤਿ ਤੱਤ ਆਤਮਾ ਹੈ, ਬ੍ਰਹਮ ਹੀ ਸਤਿ ਹੈ ਮੂਲ ਸੱਤਾ ਹੀ ਬ੍ਰਹਮ ਹੈ। ਜਿਹੜਾ ਬ੍ਰਹਮ ਨੂੰ ਅਸਤਿ ਸਮਝਦਾ ਹੈ ਉਹ ਆਪ ਹੀ ਅਸਤਿ ਹੋ ਜਾਇਆ ਕਰਦਾ ਹੈ। ਜਿਹੜਾ ਸਤਿ ਸਮਝਦਾ ਹੈ ਉਹ ਸਤਿ ਰੂਪ ਹੋ ਜਾਇਆ ਕਰਦਾ ਹੈ। ਬ੍ਰਹਮ ਅਦ੍ਵੈਤ ਸਤਿ ਹੈ, ਇਸ ਵਿਚ ਕਿਸੇ ਦੂਜੇ ਨੂੰ ਦਾਖਲ ਹੋਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਇਹੀ ਸਤਿ ਜੀਵ ਰੂਪ ਹੋ ਕੇ ਸਾਰੇ ਸਰੀਰਾਂ ਨੂੰ ਆਪੋ ਆਪਣੇ ਥਾਂ ਸਤਾ ਦੇ ਰਿਹਾ ਹੈ। ਜੀਵ ਮਾਇਆ ਦੇ ਅਸਰ ਦੇ ਅਧੀਨ ਹੋਣ ਕਰਕੇ ਆਪਣੇ ਆਪ ਨੂੰ ਆਤਮਾ ਤੋਂ ਵਖਰਾ ਸਮਝ ਕੇ ਜੀਵ+ਆਤਮਾ=ਜੀਵ ਆਤਮਾ ਦੀ ਉਪਾਧੀ ਧਾਰਨ ਕਰ ਲੈਂਦਾ ਹੈ ਅਤੇ ਉਥੋਂ ਪ੍ਰਕ੍ਰਿਤੀ ਨਾਲ ਮਿਲ ਕੇ ਐਨਾ ਨੀਵਾਂ ਚਲਿਆ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਪੰਜਾਂ ਤੱਤਾਂ, 25 ਪ੍ਰਕ੍ਰਿਤੀਆਂ, ਪੰਜ ਪ੍ਰਾਣਾਂ, ਮਨ, ਚਿਤ, ਬੁੱਧ ਨੂੰ ਧਾਰਨ ਕੀਤੀ ਹੋਈ ਦੇਹ ਮੰਨਦਾ ਹੈ ਜਿਵੇਂ ਕਾਰ ਦਾ ਡਰਾਈਵਰ ਆਪਣੇ ਚਾਲਕ ਸਰੂਪ ਨੂੰ ਭੁੱਲ ਕੇ ਕਾਰ ਹੀ ਮੰਨੇ ਜਾਂ ਕਿਸੇ ਮਹੱਲ ਵਿਚ ਰਹਿਣ ਵਾਲੇ ਆਪਣੇ ਪੰਜਾਂ ਤੱਤਾਂ ਦੇ ਬਣੇ ਸਰੀਰ ਨੂੰ ਭੁੱਲ ਕੇ ਇੱਟ, ਸੀਮਿੰਟ, ਲਕੜੀ, ਸ਼ੀਸ਼ੇ ਆਦਿ ਨਾਲ ਬਣਾਈ ਜੜ ਕੋਠੀ ਹੀ ਸਮਝੇ। ਇਹ ਇਸ ਦਾ ਅਗਿਆਨ ਹੈ। ਇਹ ਆਪਣੇ ਅਸਲ ਸਰੂਪ ਨੂੰ ਪਛਾਣਦਾ ਨਹੀਂ। ਆਤਮਾ ਦੀ ਜਿਹੜੀ ਚੇਤਨਾ, ਇਨ੍ਹਾਂ ਇੰਦ੍ਰਿਆਂ ਵਿਚੋਂ ਵਰਤਦੀ ਹੈ, ਇਸੇ ਚੇਤਨਾ ਨੂੰ ਜੀਵ ਆਖਦੇ ਹਨ ਪਰ ਇਹ ਬ੍ਰਹਮ ਸਤੱਾ ਤੋਂ ਕਿਸੇ ਹਾਲਤ ਵਿਚ ਵੀ ਵਖਰੀ ਨਹੀਂ ਹੈ। ਮੰਡੂਕ ਉਪਨਿਸ਼ਦ ਅਨੁਸਾਰ ਇਹ ਆਤਮਾ ਮਨੁੱਖ ਦੀ ਖੋਪਰੀ ਰਾਹੀਂ ਜੋ ਦਰਾਰ ਹੈ ਜਿਸ ਨੂੰ ਬ੍ਰਹਮ ਰੁੰਦਰ ਆਖਿਆ ਜਾਂਦਾ ਹੈ, ਉਸ ਰਾਹੀਂ ਸਰੀਰ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਗੀਤਾ ਵਿਚ ਇਸ ਚੇਤਨ ਸਤੱਾ ਨੂੰ 'ਰਾਮ ਕੀ ਅੰਸ' ਆਖਿਆ ਜਾਂਦਾ ਹੈ।

***ਕਹੁ ਕਬੀਰ ਇਹੁ ਰਾਮ ਕੀ ਅੰਸੁ॥***
***ਜਸ ਕਾਗਦ ਪਰ ਮਿਟੈ ਨ ਮੰਸੁ॥***
***ਪੰਨਾ - 871***

ਜਿਵੇਂ ਸੂਰਜ ਦਾ ਪ੍ਰਤੀਬਿੰਬ ਸੂਰਜ ਤੋਂ ਵੱਖਰਾ ਨਹੀਂ ਹੈ। ਇਸ ਤਰ੍ਹਾਂ ਘੜੇ ਦਾ ਆਕਾਸ਼, ਮੱਟ ਦਾ ਆਕਾਸ਼, ਮੇਘਾ ਆਕਾਸ਼, ਮਹਾਂ ਆਕਾਸ਼ ਤੋਂ ਕਿਸੇ ਤਰ੍ਹਾਂ ਵੀ ਵੱਖਰੇ ਨਹੀਂ ਹਨ। ਇਵੇਂ ਹੀ ਜੀਵ ਤੱਤ ਸਤਿ ਤੱਤ ਤੋਂ ਕਿਸੇ ਤਰ੍ਹਾਂ ਵੀ ਵਖਰਾ ਨਹੀਂ ਹੈ। ਸਤਿ ਆਪ ਹੀ ਜੀਵ ਰੂਪ ਹੋ ਕੇ ਭੌਤਿਕ ਤੱਤਾਂ ਵਿਚ ਕ੍ਰਿਆ ਪੈਦਾ ਕਰਦਾ ਹੈ। ਸਤਿ ਦਾ ਇਕ ਸਰੂਪ ਸਮਸ਼ਟੀ ਹੈ, ਉਹ ਸਮਸ਼ਟਤਾ ਕਰਕੇ ਇਕ ਮੁਕੰਮਲ ਹੋਂਦ ਹੈ, ਇਕਾਈ ਹੈ। ਜਗਤ ਪ੍ਰਭੂ, ਆਤਮ ਰੂਪ ਹੋ ਕੇ ਦਿਸਦਾ ਹੈ ਇਕ ਵਿਅਸ਼ਟੀ ਹੋ ਕੇ ਜੀਵ ਰੂਪ ਧਾਰਨ ਕਰਦਾ ਹੈ। ਉਸ ਦੀ ਸੱਤਾ ਕਰਕੇ ਹੀ ਜੀਵ ਰੂਪ ਹੈ, ਨਾਮ ਹੈ ਅਤੇ ਅਨੇਕ ਹੈ -

***ਏਕ ਮੂਰਤਿ ਅਨੇਕ ਦਰਸਨ***
***ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ***
***ਅੰਤ ਕਉ ਫਿਰ ਏਕ॥ ਜਾਪੁ ਸਾਹਿਬ***

ਪਾਣੀ ਵਿਚ ਨਮਕ ਦਿਸਦਾ ਨਹੀਂ ਪਰ ਉਸਦਾ ਨਮਕੀਨ ਪੁਣਾ ਨਮਕ ਕਰਕੇ ਹੈ। ਇਵੇਂ ਹੀ ਸਾਰੇ ਸਰੀਰਾਂ ਵਿਚ ਸਤਿ ਦਿਸਦਾ ਨਹੀਂ ਪਰ ਸਤਿ ਵਿਆਪਕ ਹੈ ਅਤੇ ਸਤ ਕਰਕੇ ਹੀ ਸਰੀਰ ਦੀ ਜੜ੍ਹਤਾ ਚੇਤੰਨ ਪ੍ਰਤੀਤ ਹੋ ਰਹੀ ਹੈ। ਸੰਸਾਰ ਦੀ ਹੋਂਦ ਕੇਵਲ ਇਸੇ ਆਤਮਾ ਕਰਕੇ ਕਾਇਮ ਹੈ। ਜਿਵੇਂ ਪਾਣੀ ਦਾ ਨਮਕੀਨਪੁਣਾ ਨਮਕ ਆਸਰੇ ਹੈ। ਸਾਧਨਾ ਨਾਲ ਇਹ ਅਨੁਭਵ ਪ੍ਰਾਪਤ ਹੁੰਦਾ ਹੈ। ਸਤਿ ਸਾਰੇ ਸਜੀਵ ਅਤੇ ਨਿਰਜੀਵ ਪਦਾਰਥਾਂ ਵਿਚ ਇਕ ਰਸ ਵਿਆਪਕ ਹੈ ਜਿਵੇਂ ਬਨਸਪਤੀ ਵਿਚ ਅਗਨ, ਦੁਧ ਵਿਚ ਘੀ ਹੁੰਦਾ ਹੈ। ਇਸ ਤੱਤ ਚੇਤਨ ਕਰਕੇ ਵਿਸ਼ਵ ਦੀ ਹੋਂਦ, ਸਤਿ ਕਰਕੇ ਹੀ ਜਾਣੀ ਜਾਂਦੀ ਹੈ।

***ਸਗਲ ਬਨਸਪਤਿ ਮਹਿ ਬੈਸੰਤਰੁ***
***ਸਗਲ ਦੂਧ ਮਹਿ ਘੀਆ॥***
***ਊਚ ਨੀਚ ਮਹਿ ਜੋਤਿ ਸਮਾਣੀ***
***ਘਟਿ ਘਟਿ ਮਾਧਉ ਜੀਆ॥***
***ਪੰਨਾ - 617***

ਪੰਡਤ ਜੀ ਕਹਿਣ ਲੱਗੇ ਕਿ ਓਦਾਲਕ ਰਿਸ਼ੀ ਸ੍ਵੈਤਕੇਤੂ ਨੂੰ ਪੁਛਦੇ ਹਨ ਕਿ ਤੈਨੂੰ ਉਸ ਆਦੇਸ਼ ਜਾਂ ਉਪਦੇਸ਼ ਦਾ ਪਤਾ ਹੈ ਜਿਸ ਨਾਲ ਬਗੈਰ ਸੁਣੇ ਸੁਣਿਆ ਜਾਂਦਾ ਹੋਵੇ, ਬਗੈਰ ਵਿਚਾਰ ਕੀਤੇ ਵਿਚਾਰਿਆ ਜਾਂਦਾ ਹੋਵੇ, ਅਤੇ ਬਿਨਾਂ ਜਾਣੇ ਹੀ ਜਾਣਿਆ ਜਾਂਦਾ ਹੋਵੇ।

ਰਿਸ਼ੀ ਨੇ ਕਿਹਾ ਜਿਵੇਂ ਮਿਟੀ ਦੇ ਭਾਂਡੇ ਮਿੱਟੀ ਹੀ ਹੁੰਦੇ ਹਨ, ਮਿੱਟੀ ਦਾ ਗਿਆਨ ਹੋਣ ਨਾਲ ਮਿੱਟੀ ਨਾਲ ਬਣੇ ਪਦਾਰਥਾਂ ਦਾ ਆਪੇ ਹੀ ਗਿਆਨ ਹੋ ਜਾਂਦਾ ਹੈ। ਇਵੇਂ ਹੀ ਸਤਿ ਦੇ ਗਿਆਨ ਹੋਣ ਨਾਲ ਆਪੇ ਗਿਆਨ ਹੋ ਜਾਂਦਾ ਹੈ। ਕਿਉਂਕਿ ਸਾਰਾ ਦ੍ਰਿਸ਼ਟਮਾਨ ਸਤਿ ਵਿਚੋਂ ਹੀ ਹੋਂਦ ਵਿਚ ਆਇਆ ਹੈ, ਵਿਸ਼ਵ ਦੇ ਸਾਰੇ ਪਦਾਰਥਾਂ ਪਿਛੇ ਇਕ ਸੱਤ ਤੱਤ ਹੀ ਹੈ। ਸਤਿ ਆਪਣੀ ਸਤਾ ਦੇ ਅਧਾਰ ਤੇ ਸਭ ਦੀ ਸਤਾ ਦਾ ਮੂਲ ਰੂਪ ਹੈ। ਪਰ ਸਤਿ ਆਪਣੇ ਵਿਚ ਸਭ ਪ੍ਰਕਾਰ ਦੇ ਲੌਕਿਕ ਅਤੇ ਅਲੌਕਿਕ ਭੇਦਾਂ ਤੋਂ ਪਰ੍ਹੇ ਹੈ। ਇਸ ਨੇ ਆਪਣੇ ਆਪ ਤੋਂ ਹੀ ਸਥੂਲ ਤੱਤਾਂ ਦੀ ਉਤਪਤੀ ਕੀਤੀ ਹੈ, ਇਹੋ ਤੱਤ ਬ੍ਰਹਮ ਹੈ, ਆਤਮਾ ਹੈ, ਏਕੰਕਾਰ

ਹੈ, ਓਅੰਕਾਰ ਹੈ। ਵਾਹਿਗੁਰੂ ਇਸ ਵਿਚ ਗਿਆਨ ਸ਼ਕਤੀ ਅਤੇ ਵਿਚਾਰ ਸ਼ਕਤੀ ਵੀ ਹੈ। ਸਾਰੀਆਂ ਸ਼ਕਤੀਆਂ ਹਨ, ਸਤਿ ਹੀ ਸਭ ਦਾ ਸਾਰ ਹੈ।

ਪੰਡਤ ਜੀ ਕਹਿਣ ਲੱਗੇ, ਵਿਸ਼ਵ ਵਿਚ ਆਤਮ-ਅਨਾਤਮ ਦੋ ਪਦਾਰਥ ਹਨ। ਅਨਾਤਮਾ ਦੀ ਰਚਨਾ ਮਾਇਆ ਤੋਂ ਹੋਈ। ਆਤਮਾ ਸਦੀਵ ਕਾਲ ਤੋਂ ਅਨਾਦੀ ਹੈ। ਸਿਰਫ ਇਹੋ ਆਤਮਾ ਹੀ ਵਿਸ਼ਵ ਦੀ ਇਕੱਲੀ ਸਚਾਈ ਹੈ। ਆਤਮਾ ਸ਼ੁਧ ਚੇਤਨ, ਬ੍ਰਹਮ ਹੈ, ਈਸ਼ਰ, ਪ੍ਰਮਾਤਮਾ, ਜਗਤ ਰਚਨਾ ਤੋਂ ਪਹਿਲਾਂ ਵੀ ਸੀ, ਜਦੋਂ ਜਗਤ ਨਹੀਂ ਰਹਿਣਾ, ਇਹੋ ਆਤਮਾ ਹੀ ਹੋਵੇਗੀ। ਆਤਮਾ ਸਭ ਵਿਚ ਵਿਆਪਕ ਅਤੇ ਵਰਤਮਾਨ ਹੈ, ਇਹ ਅਨਾਮ ਤੱਤ ਨੂੰ ਸਮਝਣ ਲਈ ਗੱਲਬਾਤ ਵਿਚ ਲਿਆਉਣ ਲਈ ਇਸ ਦਾ ਨਾਮ ਆਤਮਾ ਰੱਖਿਆ ਗਿਆ ਹੈ।

ਆਤਮਾ ਸੁਧ ਚੇਤਨ ਤੱਤ ਹੈ, ਚੇਤਨਾ ਆਤਮਾ ਦਾ ਵਖਰਾ ਗੁਣ ਨਹੀਂ ਹੈ, ਗਿਆਨ ਆਤਮਾ ਦਾ ਵਖਰਾ ਗੁਣ ਨਹੀਂ ਹੈ, ਆਤਮਾ ਆਪ ਹੀ ਗਿਆਨ ਸਰੂਪ ਤੇ ਚੇਤਨ ਸਰੂਪ ਹੈ ਨਿਰਗੁਣ ਤੱਤ ਹੋਣ ਕਰਕੇ ਪ੍ਰਕ੍ਰਿਤਕ ਅਤੇ ਅਪ੍ਰਕ੍ਰਿਤਕ ਗੁਣਾਂ ਤੋਂ ਪਰ੍ਹੇ ਹੈ ਫੇਰ ਵੀ ਸਾਰੀ ਪ੍ਰਕ੍ਰਿਤੀ ਦਾ ਅਧਾਰ ਹੈ। ਸਾਰੇ ਜੀਵਾਂ ਦਾ ਚੇਤਨ ਅਧਾਰ ਹੈ, ਸਾਰੇ ਜੀਵਾਂ ਵਿਚ ਜੋ ਚੇਤਨਤਾ ਹੈ, ਆਤਮਾ ਕਰਕੇ ਹੈ। ਚੇਤਨ ਹੋਣ ਕਰਕੇ ਆਤਮਾ ਗਿਆਨ ਸਰੂਪ ਹੈ, ਆਤਮਾ ਗਿਆਨ ਦਾ ਵਿਸ਼ਾ ਨਹੀਂ ਕਿਉਂਕਿ ਆਪ ਹੀ ਗਿਆਨ ਹੈ, ਗਿਆਨ ਸਰੂਪ ਹੁੰਦੀ ਹੋਈ ਵੀ ਇਹ ਜੋਤ ਸਰੂਪ ਹੈ। ਸੂਰਜ, ਚੰਦ, ਤਾਰਿਆਂ ਦੀ ਜੋਤੀ ਆਤਮਾ ਕਰਕੇ ਹੈ, ਆਤਮਾ ਸਭ ਦਾ ਅਧਾਰ ਹੈ, ਸਾਰੇ ਤੱਤਾਂ ਨੂੰ ਕੇਵਲ ਇਕ ਆਤਮਾ ਦਾ ਅਧਾਰ ਹੈ।

ਆਤਮਦਰਸ਼ੀ ਪੁਰਸ਼ ਕਿਸੇ ਨੂੰ ਘਿਰਣਾ ਨਹੀਂ ਕਰਦਾ, ਸਭ ਨੂੰ ਆਤਮ ਜੋਤ ਹੀ ਤਕਦਾ ਹੈ ਉਹ ਆਪਣੇ ਆਪ ਨੂੰ ਆਤਮਾ ਤੋਂ ਵਖਰਾ ਨਹੀਂ ਜਾਣਦਾ, ਆਪਣੇ ਆਪ ਨੂੰ ਸਰਬ ਆਤਮਾ ਹੀ ਸਮਝਦਾ ਹੈ। ਸਾਰੇ ਪ੍ਰਕ੍ਰਿਤਕ ਤੇ ਅੰਦਰਲੇ ਤੱਤਾਂ ਦਾ ਅਧਾਰ ਆਤਮਾ ਹੈ। ਆਤਮਾ ਦੇ ਅਧਾਰ ਕਰਕੇ ਹੀ ਸੰਸਾਰ ਹੈ, ਸਾਰਿਆਂ ਦੀ ਹੋਂਦ ਦਾ ਅਧਾਰ ਆਤਮਾ ਹੀ ਹੈ।

ਪੰਡਤ ਜੀ ਕਹਿਣ ਲੱਗੇ, "ਰਾਜਕੁਮਾਰੀ ਜੀ! ਵੇਦਾਂ ਦੀ ਵਿਦਿਆ ਦੀ ਭਾਰਤ ਵਰਸ਼ ਦੇ ਮਹਾਨ ਰਿਸ਼ੀਆਂ ਨੇ ਸਾਰਾ ਜੀਵਨ ਇਕਾਂਤ ਅਵਸਥਾ ਵਿਚ ਲਾ ਕੇ ਅੰਦਰਲੀ ਖੋਜ ਕੀਤੀ। ਬ੍ਰਿਹਦਾਰਣਿਅਕ ਉਪਨਿਸ਼ਦ ਅਨੁਸਾਰ ਫੁਰਮਾਨ ਹੈ ਕਿ ਜੋ ਪ੍ਰਿਥਵੀ ਵਿਚ ਰਹਿ ਕੇ ਉਸ ਨੂੰ ਨਿਅੰਤਰਣ ਵਿਚ ਰਖਦਾ ਹੈ, ਉਹ ਤੇਰਾ ਆਤਮਾ ਹੈ। ਇਸ ਤਰ੍ਹਾਂ ਨਾਲ ਜਲ, ਵਾਯੂ, ਅਗਨੀ, ਸੂਰਜ, ਚੰਦ, ਤਾਰੇ, ਆਕਾਸ਼, ਤੇਜ ਵਿਚ ਰਹਿਣ ਵਾਲਾ ਅਤੇ ਇਨ੍ਹਾਂ ਦੀ ਹੋਂਦ ਰੱਖ ਕੇ ਕਾਰਬਾ ਲੈਣ ਵਾਲਾ ਤੂੰ ਆਪ ਹੈਂ, ਆਤਮਾ ਹੀ ਹੈਂ। ਤੂੰ ਆਪਣੇ ਇਸ ਉਚੇ ਪਦ ਤੋਂ ਗਿਰ ਕੇ ਅਗਿਆਨ ਵਸ ਪਹਿਲਾਂ ਪੰਜ ਤੱਤਾਂ ਦੀ ਨਾਮ, ਰੂਪ, ਸਬੰਧਾਂ ਵਾਲੀ, ਕਰਮ ਚੱਕਰ ਵਿਚ ਗ੍ਰਹਿਸਤ ਦੇਹ ਮੰਨਦਾ ਹੈ, ਫੇਰ ਹੋਰ ਉਚਾ ਉਠ ਕੇ ਆਪਣਾ ਵਖਰਾਪੁਣ ਕਾਇਮ ਰਖਦਾ ਹੋਇਆ ਜੀਵ ਆਤਮਾ ਮੰਨਦਾ ਹੈਂ। ਤੇਰੇ ਸਰੂਪ ਬਾਰੇ ਚਾਰੇ ਵੇਦ ਉਪਨਿਸ਼ਦਾਂ, ਧਾਰਮਕ ਗ੍ਰੰਥ ਅਤੇ ਤੱਤ ਵੇਤੇ ਮਹਾਂਪੁਰਸ਼ ਦਸਦੇ ਹਨ ਪਰ ਤੂੰ ਆਪਣੇ ਤੱਤ ਆਤਮ ਸਰੂਪ ਨੂੰ ਨਾ ਮੰਨ ਕੇ ਦੇਹ ਮੰਦਾ ਹੈਂ ਪਰ ਅਸਲ ਸਰੂਪ ਤੇਰਾ ਆਤਮਾ ਹੀ ਹੈ। ਇਸੇ ਤਰ੍ਹਾਂ ਆਤਮਾ ਤੇਰੇ ਸਰੀਰ ਦੇ ਅੰਗਾਂ ਅੱਖਾਂ, ਨੱਕ, ਕੰਨ, ਜੀਭ ਵਿਚ ਰਹਿਣ ਵਾਲਾ ਹੈ ਜੋ ਸਾਰੇ ਸਰੀਰ ਨੂੰ ਨਿਅੰਤਰਣ ਵਿਚ ਰਖਦਾ ਹੈ, ਜਿਹਦਾ ਆਪਣੇ ਥਾਂ ਆਪਣਾ ਕੰਮ ਕਰਦਾ ਹੈ। ਦਿਲ ਆਪਣੇ ਥਾਂ ਸਾਰੇ ਸਰੀਰ ਵਿਚ ਖੂਨ ਨੂੰ ਘੁੰਮਾਉਂਦਾ ਹੈ, ਦਿਮਾਗ ਆਪਣੇ ਥਾਂ ਸਰੀਰ ਨੂੰ ਕਾਬੂ ਕਰਦਾ ਹੈ। ਇਨ੍ਹਾਂ ਸਾਰਿਆਂ ਨੂੰ ਸਤਾ ਦੇਣ ਵਾਲੀ ਸ਼ਕਤੀ ਆਤਮਾ ਹੈ। ਹੱਥ ਪੈਰ ਆਪਣਾ ਕੰਮ ਕਰ ਰਹੇ ਹਨ। ਇਸ ਆਤਮਾ ਨੂੰ ਵੇਖਿਆ ਨਹੀਂ ਜਾ ਸਕਦਾ ਪਰ ਇਹ ਸਭ ਨੂੰ ਵੇਖਦਾ ਹੈ। ਇਸ ਨੂੰ ਸੁਣਿਆ ਨਹੀਂ ਜਾ ਸਕਦਾ, ਇਹ ਸਭ ਨੂੰ ਸੁਣਦਾ ਹੈ। ਇਸ ਦਾ ਮੰਨਣ ਕਿਸੇ ਸਰੂਪ ਦੀ ਉਪਾਧੀ ਦੇ ਕੇ ਨਹੀਂ ਕੀਤਾ ਜਾ ਸਕਦਾ ਪਰ ਇਹ ਸਭ ਦਾ ਮੰਨਣ ਕਰਦਾ ਹੈ। ਇਹ ਜਾਣਿਆ ਨਹੀਂ ਜਾ ਸਕਦਾ।

*ਨਹੀ ਜਾਨ ਜਾਈ ਕਛੂ ਰੂਪ ਰੇਖੰ॥*
*ਕਹਾ ਬਾਸ ਤਾਕੋ ਫਿਰੈ ਕਉਨ ਭੇਖੰ॥*
*ਕਹਾ ਨਾਮ ਤਾਕੋ ਕਹਾ ਕੈ ਕਹਾਵੈ॥*
*ਕਹਾ ਮੈ ਬਖਾਨੋ ਕਹੇ ਮੋ ਨ ਆਵੈ॥*
*ਅਕਾਲ ਉਸਤਤਿ*

ਪਰ ਆਪ ਸਭ ਨੂੰ ਜਾਣਦਾ ਹੈ। ਇਸ ਆਤਮਾ ਤੋਂ ਇਲਾਵਾ ਕੋਈ ਹੋਰ ਦੇਖਣ ਵਾਲਾ, ਸੁਣਨ ਵਾਲਾ, ਬੋਲਣ ਵਾਲਾ, ਜਾਨਣ ਵਾਲਾ ਨਹੀਂ ਹੈ। ਇਹ ਸਾਰੀ ਕ੍ਰਿਆ ਆਤਮਾ ਹੀ ਕਰਦੀ ਹੈ। ਇਹ ਅੰਤਰਜਾਮੀ ਹੈ, ਕਾਲ ਰਹਿਤ ਅਕਾਲ ਹੈ। ਇਸ ਤੋਂ ਬਿਨਾਂ ਸਭ ਦੁਖ ਰੂਪ ਜੜ੍ਹ ਹੈ, ਵਿਸ਼ਵ ਦੇ ਸਾਰੇ ਭੌਤਿਕ ਤੱਤਾਂ ਅਤੇ ਸਾਰੇ ਅਧਿਆਤਮਕ ਤੱਤਾਂ ਉਪਰ ਇਹ ਤੇਰੀ ਆਤਮਾ ਹੀ ਯਾਨੀ ਕਿ ਤੂੰ ਹੀ ਕਾਬੂ ਰਖਦੀ ਹੈ। ਭੌਤਿਕ ਤੱਤਾਂ ਵਿਚ ਪ੍ਰਮਾਣੂਆਂ ਦਾ ਸਮੂੰਹ ਕਿਵੇਂ ਇਕੱਠਾ ਹੋ ਕੇ ਰੂਪ ਧਾਰਨ ਕਰਦਾ ਹੈ ਅਤੇ ਇਸ ਰੂਪ ਨੂੰ ਕਾਇਮ ਕਰਨ ਵਾਸਤੇ ਸਾਰੇ ਪ੍ਰਮਾਣੂਆਂ ਨੂੰ ਰੂਪਮਾਨ ਕਰਨ ਵਾਲਾ, ਅਨੇਕਾਂ ਰੰਗਾਂ, ਰੂਪਾਂ, ਜਿਨਸਾਂ ਵਿਚ ਰੂਪਮਾਨ ਕਰਕੇ ਅਨੇਕਤਾ ਪੈਦਾ ਕਰਨ ਵਾਲਾ ਤੂੰ ਆਤਮਾ ਹੀ ਹੈ ਜਾਂ ਤੇਰਾ ਆਤਮਾ ਹੀ ਹੈ। ਇਸ ਅੰਤਰਜਾਮੀ ਆਤਮਾ ਦੇ ਸਰੂਪ ਨੂੰ ਕੋਈ ਨਹੀਂ ਸਮਝ ਸਕਦਾ। ਇਹ ਅਗੰਮ ਹੈ, ਅਗੋਚਰ ਹੈ ਪਰ ਇਹ ਸਭ ਨੂੰ ਸਮਝ ਰਹੀ ਹੈ। ਇਹ ਆਤਮਾ ਸਦੀਵ ਆਪਣੇ ਆਪ ਨੂੰ ਜਾਣਦਾ ਹੈ, ਜੀਵ ਵਾਂਗੂੰ ਭੁੱਲਦਾ ਨਹੀਂ। ਮਾਇਆ ਇਸ ਦੀ ਆਪਣੀ ਰਚਨਾ ਹੋਣ ਕਰਕੇ ਇਸ ਉਪਰ ਭੁੱਲ ਦਾ ਅਸਰ ਨਹੀਂ ਕਰਦੀ। ਸਾਰੇ

ਜੜ੍ਹ ਚੇਤਨ, ਦੇਵ, ਅਦੇਵ ਪਦਾਰਥਾਂ ਤੇ ਕਾਬੂ ਰਖਦੀ ਹੈ। ਆਤਮਾ ਜਨਮ ਮਰਨ ਵਿਚ ਨਹੀਂ ਆਉਂਦੀ ਪਰ ਜੋ ਕੁਛ ਪੈਦਾ ਹੁੰਦਾ ਹੈ ਉਹ ਮਰਦਾ ਹੈ, ਆਤਮਾ ਅਜਨਮਾ ਹੈ। ਇਹ ਆਤਮਾ ਜਨਮ ਮਰਨ ਰਹਿਤ ਨਿਤ ਨਵਾਂ ਹੈ -

*ਸਾਹਿਬੁ ਮੇਰਾ ਨੀਤ ਨਵਾ*
*ਸਦਾ ਸਦਾ ਦਾਤਾਰੁ॥ ਪੰਨਾ - 660*

ਜਿਵੇਂ ਧਰਤੀ ਵਿਚੋਂ ਸਾਰੇ ਰੁਖ, ਬ੍ਰਿਖ, ਘਾਹ, ਫੂਸ, ਫਸਲਾਂ ਪੈਦਾ ਹੁੰਦੀਆਂ ਹਨ, ਇਸ ਵਿਚ ਹੀ ਸਮਾਅ ਜਾਂਦੀਆਂ ਹਨ। ਇਹ ਆਤਮਾ ਜਨਮ ਮਰਨ ਤੋਂ ਰਹਿਤ, ਨਿਤ ਨਵਾਂ, ਅਬਿਨਾਸੀ ਹੈ। ਕਿਤੋਂ ਆਉਂਦਾ ਜਾਂਦਾ ਨਹੀਂ।

*ਓਹੁ ਅਬਿਨਾਸੀ ਬਿਨਸਤ ਨਾਹੀ॥*
*ਨਾ ਕੋ ਆਵੈ ਨ ਕੋ ਜਾਹੀ॥*
*ਗੁਰਿ ਪੂਰੈ ਹਉਮੈ ਮਲੁ ਧੋਈ॥*
*ਕਹੁ ਨਾਨਕ ਮੇਰੀ ਪਰਮ ਗਤਿ ਹੋਈ॥*
*ਪੰਨਾ - 736*

ਆਤਮਾ ਨੂੰ ਕੋਈ ਮਾਰ ਨਹੀਂ ਸਕਦਾ। ਆਤਮਾ ਜਨਮ ਮਰਨ ਵਿਕਾਰ ਰਹਿਤ ਹੈ। ਇਸ ਉਪਰ ਪ੍ਰਕ੍ਰਿਤੀ ਦੀ ਕਿਸੇ ਘਟਨਾ ਦਾ ਕੋਈ ਅਸਰ ਨਹੀਂ ਹੁੰਦਾ। ਇਹ ਅਜਰ, ਅਮਰ ਹੈ, ਅੰਮ੍ਰਿਤ ਹੈ।

ਆਤਮਾ ਨੂੰ ਹੀ ਵਿਸ਼ਵ ਪੁਰਸ਼ ਕਿਹਾ ਗਿਆ ਹੈ, ਸਾਰਾ ਵਿਸ਼ਵ ਇਸ ਆਤਮਾ ਦਾ ਹੀ ਸਰੀਰ ਹੈ। ਸੋ ਆਤਮਾ ਵਿਆਪਕ ਤੱਤ ਮੰਨਿਆ ਗਿਆ ਹੈ। ਆਤਮਾ ਤੋਂ ਹੀ ਅਕਾਸ਼ ਦੀ ਉਤਪਤੀ ਹੋਈ, ਅਕਾਸ਼ ਵਿਆਪਕ ਹੈ, ਸੋ ਆਤਮਾ ਭੀ ਵਿਆਪਕ ਹੈ। ਆਤਮਾ ਵਿਵਹਾਰ ਤੋਂ ਪਰ੍ਹੇ ਹੈ, ਆਤਮਾ ਸਰਬ ਰੂਪ ਜੋ ਸਰਬ ਵਿਆਪਕ ਸਭ ਕੁਝ ਹੁੰਦਾ ਹੋਏ ਵੀ ਨਿਰਗੁਣ ਅਤੇ ਨਿਰੰਜਨ ਹੁੰਦੇ ਹੋਏ ਅਤੀਂਦਰੀ ਤੱਤ ਮੰਨਿਆ ਗਿਆ ਹੈ। ਸਾਰੇ ਵੇਦਾਂ, ਧਰਮ ਸ਼ਾਸ਼ਤਰਾਂ ਦਾ ਮਹਾਂਪੁਰਸ਼ਾਂ ਦਾ ਮਤ ਹੈ ਕਿ ਸੰਸਾਰ ਦਾ ਪਸਾਰਾ ਆਤਮਾ ਤੋਂ ਹੀ ਹੋਇਆ ਹੈ ਜਿਵੇਂ ਕਿ ਮਹਾਰਾਜ ਜੀ ਦਸਦੇ ਹਨ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ*
*ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥*
*ਪੰਨਾ - 846*

ਆਤਮਾ ਤੋਂ ਸੂਖਮ ਭੂਤ ਹੋਂਦ ਵਿਚ ਆਏ, ਉਸ ਤੋਂ ਸਥੂਲ ਸ਼ਬਦ, ਸਪਰਸ਼, ਰੂਪ, ਰਸ, ਗੰਧ ਤੋਂ ਅਕਾਸ਼ ਹਵਾ, ਤੇਜ, ਪਾਣੀ ਤੇ ਮਿੱਟੀ ਹੋਏ। ਇਸੇ ਆਤਮਾ ਨੂੰ ਬ੍ਰਹਮ ਜਾਂ ਸਤ ਕਿਹਾ ਜਾਂਦਾ ਹੈ, ਇਹ ਸਾਰੇ ਪਸਾਰੇ ਦਾ ਮੂਲ ਕਾਰਨ ਹੈ। ਆਤਮਾ ਤੋਂ ਹੀ ਜੜ੍ਹ ਚੇਤਨ ਦੀ ਅਵਿਅਕਤੀ ਹੈ। ਯੋਗੀਆਂ ਦਾ ਮਤ ਹੈ ਕਿ ਸਾਰੇ ਪਸਾਰੇ ਵਿਚ ਪਰੀਪੂਰਨ ਹੁੰਦਾ ਹੋਇਆ ਇਹ ਆਤਮਾ ਮਨੁੱਖ ਦੇ ਹਿਰਦੇ ਵਿਚ ਨਿਵਾਸ ਕਰਦਾ ਹੈ। ਯੋਗੀ ਸਾਧਨ ਕਰ ਕਰ ਕੇ ਸਰੀਰ ਦੇ ਚੱਕਰ ਵੇਧ ਕੇ ਇਸ ਆਤਮਾ ਦਾ ਦਰਸ਼ਨ ਹਿਰਦੇ ਵਿਚ ਕਰਦੇ ਹਨ ਜੋ ਗਿਆਨ ਸਰੂਪ ਹੁੰਦਾ ਹੋਇਆ ਵੀ ਜੋਤੀ ਸਰੂਪ ਨਜ਼ਰੀਂ ਆਉਂਦਾ ਹੈ। ਇਹ ਨਿਰਗੁਣ ਆਤਮਾ ਹੁੰਦਾ ਹੋਇਆ ਜੋਤ ਰੂਪ ਧਾਰਨ ਕਰਕੇ ਮਨੁੱਖਾਂ ਦੇ ਹਿਰਦੇ ਵਿਚ ਪ੍ਰਗਟ ਹੁੰਦਾ ਹੈ ਜਿਵੇਂ ਮਹਾਨ ਸੂਰਜ ਦਾ ਪ੍ਰਤੀਬਿੰਬ ਇਕ ਚੁੰਘੜੇ ਪਾਣੀ ਵਿਚ ਪਰ ਇਹ ਆਤਮਾ ਹੁੰਦੇ ਹੋਏ ਹਰ ਵਿਅਕਤੀ ਦੇ ਹਿਰਦੇ ਵਿਚ ਪ੍ਰਗਟ ਨਹੀਂ ਹੁੰਦਾ। ਪ੍ਰਭੂ ਨੇ ਮਨੁੱਖ ਸਰੀਰ ਦੀ ਰਚਨਾ ਕਰਦੇ ਹੋਏ ਮਨੁੱਖ ਸਰੀਰ ਦੇ ਦਰਵਾਜ਼ੇ ਬਾਹਰ ਨੂੰ ਖੋਲ੍ਹ ਦਿਤੇ। ਇਹ ਜੀਵ ਬਾਹਰ ਨੂੰ ਦੇਖਦਾ ਹੈ, ਸੁਣਦਾ ਹੈ, ਬੋਲਦਾ ਹੈ, ਬਾਹਰ ਨੂੰ ਹੀ ਸਪਰਸ਼ ਮਹਿਸੂਸ ਕਰਦਾ ਹੈ ਪਰ ਇਹ ਸਭ ਚੀਜ਼ਾਂ ਆਤਮਾ ਕਰਕੇ ਹੀ ਹਨ ਪਰ ਆਪਣੇ ਅੰਦਰ ਆਤਮਾ ਨੂੰ ਨਹੀਂ ਦੇਖਦਾ ਕਿਉਂਕਿ ਆਤਮ ਪ੍ਰਾਪਤੀ ਲਈ ਜੋ ਰਹਿਤਾਂ ਹਨ ਜੋ ਸਾਧਨ ਹਨ ਉਹ ਇਸ ਮਨੁੱਖ ਨੇ ਨਹੀਂ ਕੀਤੇ। ਜੇ ਇਸ ਮਨੁੱਖ ਦੇ ਅੰਦਰ ਦਰਸ਼ਨ ਦੀ ਦ੍ਰਿੜ੍ਹ ਇੱਛਾ ਹੋਵੇ, ਇੰਦ੍ਰੀਆਂ ਨੂੰ ਬਾਹਰੋਂ ਹਟਾਵੇ, ਸਮਰੱਥ ਗੁਰੂ ਦੇ ਦਸੇ ਮਾਰਗ ਅਨੁਸਾਰ ਦ੍ਰਿੜ੍ਹਤਾ ਸਹਿਤ ਸਾਧਨ ਕਰੇ। ਇੱਛਾ ਸ਼ਕਤੀ ਸੁਰਤ ਨਾਲ ਸਬੰਧ ਰਖਦੀ ਹੈ, ਇੰਦ੍ਰਿਆਂ ਤੇ ਕਾਬੂ ਪਾਉਣਾ ਕ੍ਰਿਆਤਮਕ ਹੈ, ਬਿਨਾਂ ਵਿਵੇਕ ਬੈਰਾਗ ਦੇ, ਬਿਨਾਂ ਯੋਗ ਸਾਧਨਾ ਦੇ, ਅਤੇ ਪੂਰਨ ਤੱਤ ਬੇਤੇ ਮਹਾਂਪੁਰਸ਼ਾਂ ਦੀ ਦਇਆ ਤੋਂ ਬਿਨਾਂ, ਦਰਸ਼ਨ ਨਹੀਂ ਹੋਇਆ ਕਰਦਾ।

ਸੋ ਰਾਜਕੁਮਾਰੀ ਜੀ ਜੋ ਆਪਾਂ ਨੇ ਵਿਚਾਰ ਕੀਤੀ ਹੈ ਉਹ ਇਹ ਹੈ ਕਿ ਜਗਤ ਦਾ ਮੂਲ ਤੱਤ ਇਕੋ ਸਤਿ ਹੈ, ਇਸ ਨੂੰ ਭਾਵੇਂ ਆਤਮਾ ਕਹੋ, ਭਾਵੇਂ ਬ੍ਰਹਮ ਕਹੋ ਜਾਂ ਕੋਈ ਹੋਰ ਨਾਮ ਦੇਵੋ ਕਿਉਂਕਿ ਇਹ ਅਨਾਮ ਹੈ। ਆਪਣੀ ਸੁਵਿਧਾ ਲਈ ਨਾਮ ਰਖਦੇ ਹਾਂ ਪਰ ਉਹ ਹੈ ਆਤਮਾ ਹੀ। ਆਤਮਾ ਚੇਤਨ ਤੱਤ ਹੈ, ਇਹ ਬ੍ਰਹਮ ਹੈ ਆਤਮ ਤੱਤ ਹੀ ਬ੍ਰਹਮ ਹੈ, ਸਿਰਫ ਸ਼ਬਦਾਂ ਦਾ ਫਰਕ ਹੈ। ਤੇਰਾ ਸ਼ੁਧ ਚੇਤਨ ਸਰੂਪ ਆਤਮਾਂ ਹੀ ਹੈ, ਤੂੰ ਆਪ ਹੀ ਆਤਮਾ ਪ੍ਰਮਾਤਮਾਂ ਹੈਂ, ਤੇਰੇ ਬਿਨਾਂ ਹੋਰ ਕੋਈ ਨਹੀਂ ਹੈ।

ਜੀਵ+ਆਤਮਾ=ਜੀਵ ਆਤਮਾ ਇਹ ਜੀਵਾਂ ਵਿਚ ਪ੍ਰਾਣਧਾਰੀਆਂ ਵਿਚ ਆਤਮਾ ਤੱਤ ਦੀ ਪ੍ਰਤੀਨਿਧਤਾ ਕਰਦਾ ਹੈ। ਅਸਲ ਵਿਚ ਪ੍ਰਾਣਧਾਰੀ ਆਤਮਾ ਨੂੰ ਜੀਵ ਆਤਮਾ ਕਿਹਾ ਜਾਂਦਾ ਹੈ। ਤੱਤ ਦ੍ਰਿਸ਼ਟੀ ਕਰਕੇ ਆਤਮਾ ਅਤੇ ਜੀਵ ਆਤਮਾ ਵਿਚ ਕੋਈ ਭੇਦ ਨਹੀਂ, ਵਿਵਹਾਰ ਵਿਚ ਭੇਦ ਹੈ ਕਿਉਂਕਿ ਜੀਵ ਆਪਣੇ ਕਰਮਾਂ ਦੇ ਫਲ ਭੋਗਦਾ ਹੈ। ਆਤਮਾ ਸੁਧ ਚੇਤਨ ਤੱਤ ਦੀ ਪ੍ਰਤੀਨਿਧਤਾ ਕਰਦਾ ਹੈ ਜੀਵ ਆਪਣੇ ਕਰਮਾਂ ਅਨੁਸਾਰ ਜੰਮਦਾ ਮਰਦਾ ਹੈ, ਕਦੇ ਨਰਕਾਂ ਵਿਚ, ਕਦੇ ਸੁਰਗਾਂ ਵਿਚ ਜਾਂਦਾ ਹੈ ਅਤੇ ਅਨੇਕ ਜੂਨਾਂ ਵਿਚ ਚਲਿਆ ਜਾਂਦਾ ਹੈ।

***ਪੰਖੀ ਬਿਰਖ ਸੁਹਾਵੜੇ***

*ਊਡਹਿ ਚਹੁ ਦਿਸਿ ਜਾਹਿ॥*
*ਜੇਤਾ ਊਡਹਿ ਦੁਖ ਘਣੇ*
*ਨਿਤ ਦਾਝਹਿ ਤੈ ਬਿਲਲਾਹਿ॥*
*ਪੰਨਾ - 66*

ਆਤਮਾ ਨੂੰ ਹੀ ਮਨ ਅਤੇ ਪ੍ਰਾਣ ਤੇ ਸਰੀਰ ਦਾ ਨੇਤਾ ਕਿਹਾ ਜਾਂਦਾ ਹੈ। ਆਤਮਾ ਹੀ ਸਰੀਰ ਵਿਚ ਜੀਵ ਰੂਪ ਨਾਲ ਵਰਤਦਾ ਹੈ ਜੀਵ ਪ੍ਰਾਣਧਾਰੀ ਆਤਮਾ ਦਾ ਹੀ ਨਾਮ ਹੈ। ਅਨੇਕ ਸਰੀਰ ਹੋਣ ਕਰਕੇ ਜੀਵਾਂ ਦੀ ਅਨੇਕਤਾ ਪ੍ਰਤੀਤ ਦਿੰਦੀ ਹੈ ਪਰ ਸਰਬ ਭੂਤਾਂ ਦਾ ਆਤਮਾ ਇਕੋ ਹੀ ਹੈ। ਵਿਵਹਾਰਕ ਦ੍ਰਿਸ਼ਟੀ ਨਾਲ ਜੀਵ ਅਲੱਗ-ਅਲੱਗ ਪ੍ਰਤੀਤ ਦਿੰਦੇ ਹਨ, ਆਤਮਕ ਦ੍ਰਿਸ਼ਟੀ ਨਾਲ ਆਤਮਾ ਅਤੇ ਜੀਵ ਆਤਮਾ ਵਿਚ ਕੋਈ ਭੇਦ ਨਹੀਂ।

ਸਾਰੇ ਭੂਤਾਂ ਅਤੇ ਅਭੂਤਾਂ ਵਿਚ ਇਕੋ ਆਤਮਾ ਸਰਬ ਵਿਆਪਕ ਹੁੰਦੀ ਹੋਈ ਈਸ਼ਵਰ ਹੈ, ਆਤਮਾ ਤੇ ਈਸ਼ਵਰ ਲਈ ਵੱਖਰੇ-ਵੱਖਰੇ ਸ਼ਬਦ ਵਰਤੇ ਜਾਂਦੇ ਹਨ ਪਰ ਇਹ ਇਕੋ ਚੇਤਨ ਤੱਤ ਹੀ ਹੈ। ਆਤਮਾ ਸਰਬੱਗ ਹੈ, ਸਭ ਕੁਛ ਜਾਣਦਾ ਹੈ, ਆਤਮਾ ਹੀ ਪ੍ਰਮਾਤਮਾ ਹੈ, ਇਸ ਆਤਮਾ ਤੋਂ ਅੱਗੇ ਹੋਰ ਕੁਝ ਵੀ ਨਹੀਂ। ਇਸ ਜੀਵ ਆਤਮਾ ਦੇ ਮੰਡਲ ਵਿਚ ਰਹਿੰਦਿਆਂ, ਜੀਵ-ਆਤਮਾ ਹੁੰਦਾ ਹੋਇਆ ਇਹ ਜੀਵ ਤੱਤ ਵੇਤੇ ਮਹਾਂਪੁਰਸ਼ ਦੇ ਦੱਸੇ ਮਾਰਗ ਅਨੁਸਾਰ ਆਤਮ ਚਿੰਤਨ ਕਰਕੇ ਆਪਣੇ ਆਪ ਨੂੰ ਆਤਮ ਨਿਸ਼ਚੇ ਕਰਦਾ ਹੈ। ਆਤਮਾ ਅਨੰਦ ਸਰੂਪ ਹੈ, ਰਸ ਰੂਪ ਹੈ, ਇਸ ਰਸ ਰੂਪ ਆਤਮਾ ਨੂੰ ਪ੍ਰਾਪਤ ਕਰਕੇ ਜੀਵ ਵੀ ਅਨੰਦ ਰੂਪ ਹੋ ਜਾਂਦਾ ਹੈ। ਪੰਜਾਂ ਕੋਸ਼ਾਂ ਵਿਚੋਂ ਅਨੰਦ ਕੋਸ਼ ਵਾਲੀ ਅਵਸਥਾ ਨੂੰ ਸਭ ਤੋਂ ਉਚੀ ਕਹਿੰਦੇ ਹਨ। ਬ੍ਰਹਮ ਅਤੇ ਆਤਮਾ ਇਕ ਹਨ ਉਹ ਸਤ, ਚਿਤ, ਅਨੰਦ ਹੈ। ਸਹਜ ਹੀ ਹਿਰਦੇ ਵਿਚ ਅਨੰਦ ਦਾ ਅਨੁਭਵ ਆਤਮਾ ਦੀ ਅਨਭੂਤੀ ਦਾ ਚਿੰਨ ਹੈ। ਜੀਵਨ ਦੇ ਸਾਰੇ ਅਨੰਦ ਇਕ ਆਤਮਾ ਕਰਕੇ ਹਨ।

ਆਤਮਾ ਸਰਬ ਵਿਆਪੀ ਚੇਤਨ ਤੱਤ ਹੈ, ਆਤਮਾ ਆਪ ਹੀ ਆਪਣੇ ਵਿਚੋਂ ਸਾਰੇ ਭੌਤਕ ਤੱਤਾਂ ਨੂੰ ਪ੍ਰਗਟ ਕਰਦਾ ਹੈ। ਇਹੀ ਬ੍ਰਹਮ ਹੈ, ਇਹੀ ਪ੍ਰਮਾਤਮਾ ਹੈ ਇਹ ਜੀਵ ਰੂਪ ਧਾਰਦਾ ਹੈ ਸਭ ਦੇ ਹਿਰਦਿਆਂ ਵਿਚ ਵਾਸ ਕਰਦਾ ਹੈ। ਇਸ ਆਤਮਾ ਦੀ ਸਤਾ ਸਤ, ਚਿਤ, ਅਨੰਦ ਅਤੇ ਰਸ ਰੂਪ ਹੈ। ਸਭ ਦੇ ਅੰਦਰ ਬਾਹਰ ਵਿਆਪਕ ਹੈ। ਇਹੋ ਸਾਰੇ ਭੌਤਕ ਅਭੌਤਕ ਤੱਤਾਂ ਤੇ ਪੂਰਨ ਨਿਅੰਤਰਣ ਰਖਦਾ ਹੈ। ਸਭ ਇਸ ਦੇ ਹੁਕਮ ਵਿਚ ਹਨ, ਆਤਮਾ ਦੀ ਮਹਿਮਾ ਦੇ ਹੀ ਦਰਸ਼ਨ ਹੁੰਦੇ ਹਨ। ਯੋਗੀ ਆਤਮ ਜੋਤ ਦੇ ਦਰਸ਼ਨ ਕਰਦੇ ਹਨ। ਸ੍ਵੈ ਪ੍ਰਕਾਸ਼ਕ ਜੋਤਾਂ ਦੀ ਜੋਤ ਆਤਮਾ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ-

*ਜੈਸੇ ਏਕ ਆਗ ਤੇ ਕਨੂਕਾ*
*ਕੋਟ ਆਗ ਉਠੇ*
*ਨਿਆਰੇ ਨਿਆਰੇ ਹੋਇ ਕੈ*
*ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ*
*ਅਨੇਕ ਧੂਰ ਪੂਰਤ ਹੈ*
*ਧੂਰਿ ਕੇ ਕਨੂਕਾ*
*ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ*
*ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ*
*ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ*
*ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ*
*ਤਾਹੀ ਮੈ ਸਮਾਹਿੰਗੇ॥ ਅਕਾਲ ਉਸਤਤਿ*

ਗੀਤਾ ਅਨੁਸਾਰ ਸਰੀਰ ਆਤਮਾ ਨਹੀਂ ਜਨਮ ਮਰਨ, ਦੁਖ, ਸੁਖ, ਖੁਸ਼ੀ, ਗਮੀ ਦਾ ਸਬੰਧ ਸਰੀਰ ਨਾਲ ਹੈ। ਆਤਮਾ ਅਮਰ ਹੈ, ਸਨਾਤਨ ਤੱਤ ਹੈ। ਜਲ, ਵਾਯੂ, ਅਗਨ, ਸਸ਼ਤਰ, ਅਸਤਰ, ਆਤਮਾ ਤੇ ਕੋਈ ਅਸਰ ਨਹੀਂ ਪਾਉਂਦੇ। ਇਹ ਅਕਾਸ਼ ਦੀ ਤਰ੍ਹਾਂ ਸ਼ੁਧ ਵਿਆਪਕ ਅਤੇ ਨਿਰਵਿਕਾਰ ਹੈ। ਆਤਮਾ ਨਾ ਕਿਸੇ ਨੂੰ ਮਾਰਦਾ ਹੈ, ਨਾ ਮਰਦਾ ਹੈ। ਅਗਿਆਨੀ ਇਸ ਭਾਵ ਤੋਂ ਅਣਜਾਣ ਹਨ।

ਕੋਈ ਵੀ ਜੀਵ ਇਕ ਪਲ ਲਈ ਵੀ ਕਰਮ ਤੋਂ ਬਿਨਾਂ ਨਹੀਂ ਰਹਿ ਸਕਦਾ। ਉਸ ਦਾ ਬੋਲਣਾ, ਚਲਣਾ, ਸੁੰਘਣਾ, ਸਪਰਸ਼ ਕਰਨਾ, ਸੋਚਣਾ ਸਾਰੇ ਹੀ ਕਰਮ ਹਨ ਜੋ ਇੰਦ੍ਰੀਆਂ ਦੇ ਪ੍ਰਭਾਵ ਕਰਕੇ ਹੁੰਦੇ ਹੀ ਰਹਿੰਦੇ ਹਨ। ਇੰਦ੍ਰੀਆਂ ਤੇ ਕਾਬੂ ਪਾ ਕੇ ਨਿਸ਼ਕਾਮ ਕਰਮ ਕਰਨ ਵਾਲਾ ਯੋਗੀ ਹੋਇਆ ਕਰਦਾ ਹੈ। ਦਿਖਾਵੇ ਵਾਸਤੇ ਕਰਮ ਕਰਨ ਵਾਲੇ ਪਾਖੰਡੀ ਹਨ। ਸਾਰੇ ਕੀਤੇ ਹੋਏ ਕਰਮ, ਬੰਧਨਾਂ ਵਿਚ ਬੰਨ੍ਹਦੇ ਹਨ। ਆਤਮ ਗਿਆਨੀ ਵਾਸਤੇ ਕਰਮ, ਸੁਕਰਮ ਦਾ ਕੋਈ ਵਿਧਾਨ ਨਹੀਂ। ਜਗਤ ਵਿਚ ਅਕਰਮ ਵਿਕਰਮ ਵਰਤਦੇ ਹਨ, ਵਿਕਰਮ ਅਸ਼ੁਭ ਕਰਮ, ਸੁਕਰਮ ਸ਼ੁਭ ਕਰਮ, ਅਕਰਮ ਕਰਮਾਂ ਦੇ ਅਭਾਵ ਨੂੰ ਆਖਦੇ ਹਨ। ਜਿਹੜੇ ਪ੍ਰਾਣੀ ਕਰਮ ਵਿਚ ਅਕਰਮ ਅਤੇ ਅਕਰਮ ਵਿਚ ਕਰਮ ਦੇ ਭਾਵ ਨੂੰ ਸਮਝਦੇ ਹਨ, ਓਹੀ ਬੁੱਧੀਮਾਨ ਹੈ, ਉਹ ਕਰਮ ਦੇ ਬੰਧਨ ਤੋਂ ਮੁਕਤ ਹੈ। ਗਿਆਨ ਦੀ ਅਗਨ ਜਦੋਂ ਅੰਦਰ ਪ੍ਰਚੰਡ ਹੋ ਜਾਂਦੀ ਹੈ, ਉਸ ਸਮੇਂ ਸਾਰੇ ਕਰਮਾਂ ਦੇ ਵਿਕਾਰਾਂ ਨੂੰ ਭਸਮ ਕਰ ਦਿੰਦੀ ਹੈ ਅਤੇ ਗਿਆਨ ਵਰਗੀ ਪਵਿੱਤਰ ਚੀਜ਼ ਉਸ ਨੂੰ ਪ੍ਰਾਪਤ ਹੋ ਜਾਂਦੀ ਹੈ।

ਦੇਖਦੇ, ਸੁਣਦੇ, ਸੁੰਘਦੇ, ਵਿਚਾਰਦੇ ਹੋਏ ਭੀ ਆਤਮਾ ਨੂੰ ਨਿਰਲੇਪ ਸਮਝਣ ਵਾਲਾ ਪ੍ਰਾਣੀ ਸੰਸਾਰ ਵਿਚ ਇਸ ਤਰ੍ਹਾਂ ਨਿਰਲੇਪ ਰਹਿੰਦਾ ਹੈ ਜਿਵੇਂ ਪਾਣੀ ਵਿਚ ਕਮਲ ਰਿਹਾ ਕਰਦਾ ਹੈ। ਇਹ ਆਤਮ ਗਿਆਨੀ ਹੀ ਸੱਚਾ ਸੰਨਿਆਸੀ ਹੈ। ਕਰਮਾਂ ਦੇ ਤਿਆਗ ਕਰਨ ਵਾਲੇ ਸੰਨਿਆਸੀ ਨਹੀਂ ਹੋਇਆ ਕਰਦਾ ਕਰਮਾਂ ਦੇ ਫਲ ਦਾ ਤਿਆਗ ਮਾਨਸਕ ਤਿਆਗ ਕਰਨ ਦਾ ਸੱਚਾ ਰੂਪ

ਹੈ। ਸੰਨਿਆਸੀ ਨਿਸ਼ਕਾਮ ਕਰਮ ਕਰਨ ਵਾਲਾ ਯੋਗੀ ਹੈ।

ਆਤਮਾ ਨੂੰ ਪ੍ਰਾਪਤ ਕਰਨ ਦੇ ਸੰਸਾਰ ਵਿਚ ਬੇਅੰਤ ਮਾਰਗ ਹਨ ਪਰ ਜੋ ਆਤਮ ਅਭਿਆਸ ਕਰਦਾ ਹੈ ਉਹ ਸੱਚ ਦੀ ਪ੍ਰਾਪਤ ਕਰ ਲਿਆ ਕਰਦਾ ਹੈ, ਆਤਮਾ ਤੋਂ ਸਾਰੇ ਪਦਾਰਥਾਂ ਦਾ ਵਿਸਥਾਰ ਹੁੰਦਾ ਹੈ। ਉਸ ਅਬਿਨਾਸ਼ੀ ਨੂੰ ਕੋਈ ਵੀ ਨਾਸ਼ ਨਹੀਂ ਕਰ ਸਕਦਾ। ਇਹ ਆਤਮਾ ਨਾ ਕਿਸੇ ਨੂੰ ਮਾਰਦਾ ਹੈ, ਨਾ ਕਦੇ ਮਰਦਾ ਹੈ। ਕਪੜੇ ਬਦਲਣ ਵਾਂਗੂ ਆਤਮਾ ਦੂਜੀ ਦੇਹ ਧਾਰਨ ਕਰ ਲੈਂਦਾ ਹੈ। ਇਸ ਜੀਵ-ਆਤਮਾ ਨੂੰ ਸ਼ਸਤਰ ਕੱਟ ਨਹੀਂ ਸਕਦੇ, ਅੱਗ ਜਾਲ ਨਹੀਂ ਸਕਦੀ, ਧੁੱਪ ਸੁਕਾ ਨਹੀਂ ਸਕਦੀ, ਪਾਣੀ ਇਸ ਨੂੰ ਗਿੱਲਾ ਨਹੀਂ ਕਰ ਸਕਦਾ, ਇਹ ਨਿਤ, ਸਰਬ ਵਿਆਪਕ, ਸਥਿਰ, ਅਚਲ ਅਤੇ ਸਨਾਤਨ ਹੈ। ਆਤਮਾ ਅਵਿਅਕਤ ਹੈ, ਅਚਿੰਤ ਹੈ ਅਤੇ ਅਵਿਕਾਰੀ ਹੈ ਇਹ ਇਕ ਹੁੰਦਾ ਹੋਇਆ ਅਨੇਕ ਹੈ, ਅਨੇਕ ਹੁੰਦਾ ਹੋਇਆ ਇਕ ਹੈ। ਜਿਵੇਂ ਕਿ ਫੁਰਮਾਨ ਹੈ -

*ਏਕ ਹੈ ਅਨੇਕ ਹੈ ਅਨੇਕ ਹੈ*
*ਫਿਰ ਏਕ ਹੈ॥ ਜਾਪੁ ਸਾਹਿਬ*

ਇਹ ਆਤਮਾ ਸਾਰੇ ਵਿਕਾਰਾਂ ਤੋਂ ਪਰ੍ਹੇ ਨਿਤ, ਸ਼ੁਧ, ਬੁੱਧ ਤੇ ਮੁਕਤ ਸੁਭਾਅ ਵਾਲਾ ਹੈ। ਆਤਮਾ ਸਰੀਰ ਤੋਂ ਵਖਰਾ ਤੱਤ ਹੈ। ਸਰੀਰ ਇੰਦ੍ਰੀਆਂ ਮਨ ਬੁੱਧੀ ਆਦਿ ਪ੍ਰਕ੍ਰਿਤੀ ਦੇ ਵਿਕਾਰ ਹਨ। ਇਨ੍ਹਾਂ ਵਿਚ ਸਦਾ ਹੀ ਬਦਲ ਜਾਣ ਦਾ ਵਿਕਾਰ ਸਮਾਇਆ ਹੋਇਆ ਹੈ। ਪ੍ਰਕ੍ਰਿਤੀ ਦੇ ਅਕਾਰ ਵਿਚ ਦੇਸ਼, ਕਾਲ, ਵਸਤੂ ਦੇ ਪ੍ਰਭਾਵ ਅੰਦਰ ਹੋਣ ਕਰਕੇ ਸਦਾ ਪਰਿਵਰਤਨ ਹੁੰਦਾ ਰਹਿੰਦਾ ਹੈ ਇਸ ਦੇ ਵਿਪਰੀਤ ਆਤਮ ਸ਼ੁਧ ਚੇਤਨ ਤੱਤ ਹੈ। ਆਤਮ ਦੇ ਸ਼ੁਧ ਸਰੂਪ ਉਪਰ ਪ੍ਰਕ੍ਰਿਤੀ ਦੇ ਕਿਸੇ ਵੀ ਤੱਤ ਦਾ ਕੋਈ ਵਿਕਾਰ ਨਹੀਂ ਪੈਂਦਾ। ਆਤਮਾ ਇਕ ਰੂਪ ਹੋਣ ਕਰਕੇ ਸਾਰੇ ਪ੍ਰਕ੍ਰਿਤਕ ਬੰਧਨਾਂ ਤੋਂ ਨਿਆਰਾ ਤੇ ਨਿਰਲੇਪ ਹੈ।

ਇਸ ਆਤਮਾ ਦਾ ਸਾਖਸ਼ਾਤ ਕਰਨ ਲਈ ਸੱਚ ਨੂੰ ਧਾਰਨ ਕਰਨ ਦੀ ਸ਼ਕਤੀ ਹੋਣੀ ਚਾਹੀਦੀ ਹੈ। ਦ੍ਰਿੜ੍ਹਤਾ ਹੋਣੀ ਚਾਹੀਦੀ ਹੈ। ਪ੍ਰਪੱਕ ਸ਼ਰਧਾ ਹੋਣੀ ਚਾਹੀਦੀ ਹੈ। ਗੁਰੂ ਦੇ ਵਾਕ, ਵੇਦ ਵਾਕ ਸਮਝਣੇ ਚਾਹੀਦੇ ਹਨ ਯਾਨਿ ਕਿ ਗੁਰਬਾਣੀ ਉਪਰ ਸ਼ਰਧਾ ਹੋਣੀ ਚਾਹੀਦੀ ਹੈ। ਸ਼ਰਧਾ ਵਾਲੇ ਹਿਰਦੇ ਵਿਚ ਆਤਮ ਪ੍ਰਕਾਸ਼ ਹੁੰਦਾ ਹੈ, ਸ਼ੱਕੀ ਹਿਰਦੇ ਵਿਚ ਨਹੀਂ ਹੁੰਦਾ। ਬ੍ਰਹਮਗਿਆਨੀ ਆਤਮ ਸਤਾ ਪ੍ਰਾਪਤ ਕਰਕੇ ਕਰਮ ਬੰਧਨਾਂ ਦੀ ਸਮਾਪਤੀ ਕਰ ਦਿੰਦਾ ਹੈ। ਗਿਆਨ ਹੋਣ ਤੇ ਵਿਅਕਤੀ ਆਤਮਾ ਵਿਚ ਸਭ ਅਤੇ ਸਭ ਨੂੰ ਆਤਮਾ ਵਿਚ ਵੇਖਦਾ ਹੈ। ਆਤਮਾ ਦ੍ਰਿਸ਼ਟੀ ਹੀ ਆਤਮ ਗਿਆਨ ਦਾ ਰੂਪ ਹੈ ਜਿਵੇਂ ਕਰੋੜਾਂ ਮਣ ਲੱਕੜਾਂ ਨੂੰ ਅਗਨ ਭਸਮ ਕਰ ਦਿੰਦੀ ਹੈ ਇਵੇਂ ਆਤਮ ਗਿਆਨ ਸਾਰੇ ਪਾਪਾਂ ਦਾ, ਸਾਰੇ ਚੰਗੇ ਮੰਦੇ ਕਰਮਾਂ ਦਾ ਨਾਸ਼ ਕਰ ਦਿੰਦਾ ਹੈ। ਆਤਮਾ ਗਿਆਨ ਨਾਲ ਸਰਬ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਆਤਮ ਗਿਆਨ ਜਾਂ ਗਿਆਨ ਯੋਗ ਸਾਧਨਾ ਬਿਨਾਂ, ਆਤਮ ਚਿੰਤਨ ਬਿਨਾਂ, ਆਤਮ ਤੱਤ ਹਿਰਦੇ ਵਿਚ ਪ੍ਰਗਟ ਨਹੀਂ ਹੁੰਦਾ, ਯੋਗੀ ਦੇ ਹਿਰਦੇ ਵਿਚ ਇਹ ਜੋਤ ਦੇ ਸਰੂਪ ਵਿਚ ਪ੍ਰਗਟ ਹੁੰਦਾ ਹੈ।

ਬ੍ਰਹਮ ਹੀ ਯਥਾਰਥ ਗਿਆਨ ਦਾ ਵਿਸ਼ਾ ਹੈ ਇਸ ਬ੍ਰਹਮ ਨੂੰ ਜਾਣ ਕੇ ਅਮ੍ਰਿਤ (ਮ੍ਰਿਤੂ ਰਹਿਤ ਅਵਸਥਾ) ਦੀ ਪ੍ਰਾਪਤੀ ਕਰਦਾ ਹੈ ਜਿਸ ਅਵਸਥਾ ਨੂੰ ਮ੍ਰਿਤੂ ਪਹੁੰਚ ਹੀ ਨਹੀਂ ਸਕਦੀ। ਬ੍ਰਹਮ ਹੀ ਸਭ ਦੀ ਸੱਤਾ ਦਾ ਅਧਾਰ ਹੈ, ਬ੍ਰਹਮ ਨੂੰ ਹੀ ਵਿਸ਼ਵ ਪੁਰਸ਼, ਕਰਤਾ ਪੁਰਖ ਆਖਿਆ ਜਾਂਦਾ ਹੈ, ਇਹੋ ਨਿਰਭਉ ਹੈ, ਨਿਰਵੈਰ ਹੈ, ਸ਼ਬਦ ਹੈ ਸਾਰਾ ਵਿਸ਼ਵ ਹੈ। ਇਸ ਵਿਸ਼ਵ ਪੁਰਖ ਦੇ ਅਨੇਕ ਹੱਥ, ਪੈਰ, ਅੱਖ, ਕੰਨ, ਹਿਰਦੇ ਹਨ ਪਰ ਪਰ ਆਤਮ ਦ੍ਰਿਸ਼ਟੀ ਨਾਲ ਕੋਈ ਵੀ ਨਹੀਂ ਹੈ। ਜਿਵੇਂ ਕਿ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ -

*ਸਹਸ ਤਵ ਨੈਨ*
*ਨਨ ਨੈਨ ਹਹਿ ਤੋਹਿ ਕਉ*
*ਸਹਸ ਮੂਰਤਿ ਨਨਾ ਏਕ ਤੁੋਹੀ॥*
*ਸਹਸ ਪਦ ਬਿਮਲ*
*ਨਨ ਏਕ ਪਦ ਗੰਧ ਬਿਨੁ*
*ਸਹਸ ਤਵ ਗੰਧ ਇਵ ਚਲਤ ਮੋਹੀ॥*
*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸ ਦੈ ਚਾਨਣਿ*
*ਸਭ ਮਹਿ ਚਾਨਣੁ ਹੋਇ॥*
*ਗੁਰ ਸਾਖੀ ਜੋਤਿ ਪਰਗਟੁ ਹੋਇ॥*
*ਪੰਨਾ - 13*

ਵੇਖਣ, ਸੁਣਨ, ਪਕੜਣ, ਚਲਣ, ਵਿਚਾਰਨ ਦੀਆਂ ਸਾਰੀਆਂ ਸ਼ਕਤੀਆਂ ਬ੍ਰਹਮ ਦੀਆਂ ਹਨ। ਉਹ ਸਾਰੀਆਂ ਇੰਦ੍ਰੀਆਂ ਤੋਂ ਰਹਿਤ ਹਨ। ਸਾਰੀਆਂ ਇੰਦ੍ਰੀਆਂ ਦੇ ਗੁਣਾਂ ਦਾ ਅਕਾਸ਼ ਬ੍ਰਹਮ ਹੈ। ਉਹ ਸੰਗ ਰਹਤ ਹੈ, ਸਭ ਦਾ ਪਾਲਕ ਹੈ, ਨਿਰਗੁਣ ਹੈ, ਸਾਰੇ ਗੁਣਾਂ ਦਾ ਅਧਾਰ ਹੈ। ਬ੍ਰਹਮ ਸਾਰੇ ਭੂਤਾਂ, ਪ੍ਰਾਣੀਆਂ ਅਤੇ ਤੱਤਾਂ ਦੇ ਬਾਹਰ ਤੇ ਅੰਦਰ ਹੈ। ਉਹ ਅਚਰ, ਅਚਲ ਹੈ, ਗਤੀਸ਼ੀਲ ਨਹੀਂ ਹੈ। ਅਤਿ ਸੂਖਸ਼ਮ ਹੋਣ ਦੇ ਕਾਰਨ ਉਸ ਨੂੰ ਜਾਣਿਆ ਨਹੀਂ ਜਾ ਸਕਦਾ। ਉਹ ਦੂਰ ਭੀ ਹੈ ਨੇੜੇ ਭੀ ਹੈ। ਅਗਿਆਨੀਆਂ ਲਈ ਹਮੇਸ਼ਾ ਪਰ੍ਹੇ ਹੈ ਗਿਆਨੀ ਉਸ ਨੂੰ ਆਪਣੇ ਹਿਰਦੇ ਵਿਚ ਅਨੁਭਵ ਕਰਦਾ ਹੈ। ਸਾਰੇ ਜੀਵਾਂ ਦਾ ਉਤਪਾਤਾ, ਨਿਰਮਾਤਾ, ਪਾਲਕ, ਵਿਨਾਸ਼ਕ ਹੈ ਉਹ ਸਾਰਿਆਂ ਦੀ ਜੋਤ ਹੈ। ਅੰਧਕਾਰ ਤੋਂ ਪਰ੍ਹੇ ਹੈ, ਉਹ ਬ੍ਰਹਮ ਗਿਆਨ ਸਰੂਪ ਹੈ, ਗਿਆਨ ਦਾ ਵਿਸ਼ਾ ਨਹੀਂ ਹੈ ਅਤੇ ਗਿਆਨ ਦੁਆਰਾ ਪ੍ਰਾਪਤ ਕਰਨ ਯੋਗ ਹੈ। ਸਭ ਦੇ ਹਿਰਦਿਆਂ ਵਿਚ ਵਾਸਾ ਕਰਦਾ ਹੈ। ਬ੍ਰਹਮ ਸਭ ਵਿਚ ਵਿਆਪਕ ਹੈ, ਆਪ ਹੀ ਨਿਰਗੁਣ ਹੈ, ਆਪ ਹੀ ਸਰਗੁਣ ਹੈ।

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ*

*ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥*
*ਪੰਨਾ - 846*

ਰਾਜਕੁਮਾਰੀ ਨੇ ਇਹ ਬਚਨ ਬਹੁਤ ਹੀ ਧਿਆਨ ਨਾਲ ਸਰਵਣ ਕੀਤੇ, ਹੁਣ ਉਸ ਨੂੰ ਇਕ-ਇਕ ਬਚਨ ਜੋ ਭਾਈ ਤਿਲੋਕਾ ਜੀ ਨੇ ਸਹਿਜ ਨਾਲ ਹੀ ਦੱਸੇ ਸਨ ਉਨ੍ਹਾਂ ਉਪਰ ਪੂਰੀ ਨਿਸ਼ਠਾ ਆ ਗਈ। ਪੰਡਤ ਜੀ ਨੇ ਰਾਜਕੁਮਾਰੀ ਨੂੰ ਕਿਹਾ ਕਿ ਬੇਟੀ! ਤੂੰ ਜੋ ਸਾਧਨ ਕਰ ਰਹੀ ਹੈਂ ਇਹ ਬਹੁਤ ਹੀ ਉਚਾ ਸਾਧਨ ਤੈਨੂੰ ਭਾਈ ਤਿਲੋਕਾ ਜੀ ਦਸ ਗਏ ਹਨ ਅਤੇ ਤੇਰੇ ਅੰਦਰ ਪ੍ਰਬਲ ਬੈਰਾਗ ਪੈਦਾ ਕਰ ਗਏ ਹਨ। ਕਿੱਡੀ ਲਗਨ ਹੈ ਕਿ ਪੰਜ ਸਾਲ ਬੀਤਣ ਉਪਰੰਤ ਵੀ ਤੇਰੇ ਅੰਦਰ ਸ਼ੰਕਾ ਨਹੀਂ ਆਇਆ ਅਤੇ ਨਾ ਹੀ ਤੇਰਾ ਵਿਸ਼ਵਾਸ਼ ਟੁੱਟਿਆ ਹੈ। ਮੈਂ ਤੈਨੂੰ ਅਸ਼ੀਰਵਾਦ ਦਿੰਦਾ ਹਾਂ ਕਿ ਤੂੰ ਇਸੇ ਤਰ੍ਹਾਂ ਦ੍ਰਿੜ੍ਹਤਾ ਨਾਲ ਲੱਗੀ ਰਹੇਂ। ਮੈਂ ਤੈਨੂੰ ਆਤਮਾ ਬਾਰੇ ਦਸਿਆ ਹੈ, ਉਹ ਮੈਂ ਤੈਨੂੰ ਵਿਦਿਆ ਬਲ ਕਰਕੇ ਦਸਿਆ ਹੈ। ਸਾਧਨ ਤਾਂ ਮੈਂ ਵੀ ਕਰ ਰਿਹਾ ਹਾਂ ਪਰ ਮੈਂ ਵੀ ਹਾਲੇ ਇਥੇ ਤਕ ਪਹੁੰਚਿਆ ਨਹੀਂ। ਤੇਰੇ ਵਿਚ ਦ੍ਰਿੜ੍ਹ ਲਗਨ ਹੈ, ਮੈਂ ਤੈਨੂੰ ਦਸਦਾ ਹਾਂ ਕਿ ਤੈਨੂੰ ਛੇਤੀ ਹੀ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਹੋਣਗੇ ਅਤੇ ਉਹ ਤੈਨੂੰ ਆਤਮਾ ਪ੍ਰਤੱਖ ਕਰਕੇ ਦਿਖਾ ਦੇਣਗੇ ਅਤੇ ਤੂੰ ਸਚਿਆਰ ਹੋ ਜਾਵੇਂਗੀ, ਉਸ ਸਮੇਂ ਤੂੰ ਇਸ ਸਰੀਰ ਵਿਚ ਵਰਤ ਰਹੀ ਜੋ 'ਮੈਂ' ਸਮਝਦੀ ਹੈਂ ਇਹ ਨਹੀਂ ਰਹਿਣੀ, ਤੂੰ ਆਪ ਹੀ ਵਿਸ਼ਵ ਪੁਰਸ਼ ਦਾ ਪਦ ਪ੍ਰਾਪਤ ਕਰ ਲਵੇਂਗੀ। ਉਹ ਆਪ ਹੀ ਬ੍ਰਹਮ ਰੂਪ ਹਨ ਉਹ ਤੈਨੂੰ ਵੀ ਬ੍ਰਹਮ ਸਰੂਪ ਹੀ ਬਣਾ ਦੇਣਗੇ। ਜੋ ਬਚਨ ਮੈਨੂੰ ਮਹਾਰਾਣੀ ਜੀ ਨੇ ਦੱਸੇ ਹਨ ਜੋ ਤੂੰ ਸਮੇਂ-ਸਮੇਂ ਇਨ੍ਹਾਂ ਨਾਲ ਕਰਦੀ ਰਹਿੰਦੀ ਹੈ ਮੈਂ ਇਸ ਅਨੁਭਵ ਵਿਚ ਆ ਗਿਆ ਕਿ ਜੋ ਤੇਰੀਆਂ ਸਰੀਰ ਤੋਂ ਵੱਖ ਹੋ ਕੇ ਜੋ ਉਡਾਰੀਆਂ ਹਨ ਉਹ ਬਹੁਤ ਹੀ ਅਸੀਮਤ ਹਨ ਪਰ ਗੁਰੂ ਤੋਂ ਬਗੈਰ ਜੀਵ ਭਾਵ ਕਿਸੇ ਤਰ੍ਹਾਂ ਨਾਲ ਨਹੀਂ ਟੁਟਿਆ ਕਰਦਾ। ਕੇਵਲ ਸਮਰੱਥ ਗੁਰੂ ਹੈ ਜੋ ਆਤਮਾ ਤੇ ਪ੍ਰਮਾਤਮਾ ਨੂੰ ਨਿਆਰੇ-ਨਿਆਰੇ ਕਰਕੇ ਅਸਲ ਸਰੂਪ ਦੀ ਸੋਝੀ ਕਰਾ ਦਿੰਦਾ ਹੈ।

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਪੰਨਾ - 306*

ਵਿਵਹਾਰਕ ਰੂਪ ਵਿਚ ਓਹੋ ਬ੍ਰਹਮਗਿਆਨ ਦੇ ਮਹਾਂ ਪ੍ਰਕਾਸ਼ ਵਿਚ ਉਹ ਕਾਰਜ ਕਰਦਾ ਹੈ ਜੋ ਸਰਬੱਤ ਦੇ ਭਲੇ ਲਈ ਹੋਇਆ ਕਰਦਾ ਹੈ ਕਿਉਂਕਿ ਸਾਰਿਆਂ ਵਿਚ ਉਸ ਨੂੰ ਆਪਣਾ ਆਪ ਦਿਸ ਰਿਹਾ ਹੁੰਦਾ ਹੈ।

ਬ੍ਰਹਮ ਨੇਤਰੀ, ਬ੍ਰਹਮ ਸਰੋਤਰੀ, ਬ੍ਰਹਮ ਬਕਤਾ ਪੁਰਸ਼ ਸਦਾ ਹੀ ਸਤਿ ਵਿਚ ਨਿਵਾਸ ਕਰਨ ਵਾਲੇ ਪੁਰਸ਼ ਹੋਇਆ ਕਰਦੇ ਹਨ। ਅਜਿਹਾ ਉਪਦੇਸ਼ ਸੁਣ ਕੇ ਰਾਜਕੁਮਾਰੀ ਨੇ ਜਦੋਂ ਇਨ੍ਹਾਂ ਬਚਨਾਂ ਦੀ ਤੁਲਨਾ ਭਾਈ ਤਿਲੋਕਾ ਜੀ ਦੇ ਬਚਨਾਂ ਨਾਲ ਕੀਤੀ ਤਾਂ ਉਸ ਨੂੰ ਆਪਣੇ ਮਾਰਗ ਦੀ ਨਿਸ਼ਠਾ ਉਤੇ ਪੂਰਨ ਵਿਸ਼ਵਾਸ਼ ਹੋ ਗਿਆ। ਹੁਣ ਉਹ ਨਾਮ ਜਪਣ ਦੇ ਨਾਲ ਹੀ ਵਿਵੇਕ ਮੰਡਲ ਵਿਚ ਵਾਸਾ ਕਰ ਗਈ। ਗੁਰੂ ਵਾਲਾ ਹੋ ਕੇ ਨਾਮ ਜਪਣ ਤੇ ਬਾਣੀ ਕਮਾਉਣ ਨਾਲ ਸਚਖੰਡ ਵਿਚ ਵਾਸਾ ਹੋ ਜਾਇਆ ਕਰਦਾ ਹੈ ਅਤੇ ਚਾਰ ਤਰ੍ਹਾਂ ਦੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ ਪਰ ਗੁਰੂ ਕ੍ਰਿਪਾ ਤੋਂ ਬਗੈਰ ਅਭੇਦ ਅਵਸਥਾ, ਜੀਵਨ ਮੁਕਤੀ ਦੀ ਪ੍ਰਾਪਤ ਨਹੀਂ ਹੋਇਆ ਕਰਦੀ।

ਰਾਜਕੁਮਾਰੀ ਦੇ ਅੰਦਰ ਹੁਣ ਬਹੁਤ ਖਿੱਚ ਪੈਦਾ ਹੋ ਗਈ, ਪ੍ਰੇਮ ਪ੍ਰਬਲ ਹੋ ਗਿਆ, ਉਹ ਸਦਾ ਹੀ ਅਨੇਕ ਭਾਵਾਂ ਨਾਲ ਆਪਣੇ ਅੰਦਰਲੇ ਸਨੇਹ ਭਰੇ ਸੰਦੇਸ਼ ਹੰਝੂਆਂ ਰਾਹੀਂ ਅੰਦਰੋਂ ਮਹਾਰਾਜ ਜੀ ਵਲ ਨੂੰ ਭੇਜ ਰਹੀ ਹੈ।

*ਧਾਰਨਾ - ਢੰਗ ਬਿਕਦੇ ਹੋਣ ਬਜਾਰੀਂ,*
*ਗੁਰਾਂ ਨੂੰ ਉਡ ਕੇ ਮਿਲਾਂ ਪਿਆਰਿਓ!*

*ਤੂ ਚਉ ਸਜਣ ਮੈਡਿਆ*
*ਡੇਈ ਸਿਸੁ ਉਤਾਰਿ॥*
*ਨੈਣ ਮਹਿੰਜੇ ਤਰਸਦੇ*
*ਕਦਿ ਪਸੀ ਦੀਦਾਰੁ॥ ਪੰਨਾ - 1094*

ਰਾਜਕੁਮਾਰੀ ਦੀ ਸੁਰਤ ਅਤਿ ਉਚੀਆਂ ਉਚਾਈਆਂ ਵਿਚ ਪ੍ਰਵੇਸ਼ ਕਰ ਗਈ, ਅਨੇਕ ਵਾਜੇ, ਅਨੇਕ ਧੁਨਾਂ, ਅਨੇਕ ਦਰਸ਼ਨ ਇਸ ਅਵਸਥਾ ਵਿਚ ਹੋ ਰਹੇ ਹਨ, ਉਸ ਨੂੰ ਦਸਵੇਂ ਦੁਆਰ ਦਾ ਵਾਸਾ ਪ੍ਰਾਪਤ ਹੋ ਗਿਆ। ਉਸ ਥਾਂ ਅਨੇਕ ਸ਼ਬਦ ਜਿਸ ਦੇ ਬਾਰੇ ਫੁਰਮਾਨ ਆਉਂਦੇ ਹਨ -

*ਨਉ ਦਰ ਠਾਕੇ ਧਾਵਤੁ ਰਹਾਏ॥*
*ਦਸਵੈ ਨਿਜ ਘਰਿ ਵਾਸਾ ਪਾਏ॥*
*ਓਥੈ ਅਨਹਦ ਸਬਦ ਵਜਹਿ*
*ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ॥*
*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ*
*ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ॥*
*ਪੰਨਾ - 124*

ਇਹ ਸ਼ਬਦ ਆਉਂਦਾ ਹੈ -

*ਧਾਵਤ ਥੰਮਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ॥*
*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮਿ ਰਹਾਇਆ॥*
*ਤਹ ਅਨੇਕ ਵਾਜੇ*
*ਸਦਾ ਅਨਦੁ ਹੈ ਸਚੇ ਰਹਿਆ ਸਮਾਇ॥*
*ਇਉ ਕਹੈ ਨਾਨਕੁ*

ਸਤਿਗੁਰਿ ਮਿਲਿਐ
ਧਾਵਤੁ ਥੰਮਿਆ
ਨਿਜ ਘਰਿ ਵਸਿਆ ਆਏ॥
ਪੰਨਾ - 441

ਇਹ ਬਚਨ ਇਸ ਨੇ ਇਸ ਥਾਂ ਦੇ ਵਾਸਾ ਪਾਉਣ ਬਾਰੇ ਪਹਿਲਾਂ ਸੁਣੇ ਹੋਏ ਹੀ ਸਨ, ਹੁਣ ਪ੍ਰਤੱਖ ਰੂਪ ਵਿਚ ਇਹ ਇਸ ਸਰੀਰ ਰੂਪੀ ਘਰ ਵਿਚ ਉਸ ਜੋਤ ਸਰੂਪ ਤੱਤ ਨੂੰ ਚਿੰਤਨ ਕਰ ਰਹੀ ਹੈ ਜੋ ਸਾਰਿਆਂ ਵਿਚ ਵਸ ਰਿਹਾ ਹੈ ਜਿਵੇਂ ਕਿ -

ਨਉ ਦਰਵਾਜੇ ਕਾਇਆ ਕੋਟੁ ਹੈ
ਦਸਵੈ ਗੁਪਤੁ ਰਖੀਜੈ॥
ਬਜਰ ਕਪਾਟ ਨ ਖੁਲਨੀ
ਗੁਰ ਸਬਦਿ ਖੁਲੀਜੈ॥
ਅਨਹਦ ਵਾਜੇ ਧੁਨਿ ਵਜਦੇ
ਗੁਰ ਸਬਦਿ ਸੁਣੀਜੈ॥
ਤਿਤੁ ਘਟ ਅੰਤਰਿ ਚਾਨਣਾ
ਕਰਿ ਭਗਤਿ ਮਿਲੀਜੈ॥
ਸਭ ਮਹਿ ਏਕੁ ਵਰਤਦਾ
ਜਿਨਿ ਆਪੇ ਰਚਨ ਰਚਾਈ॥
ਪੰਨਾ - 954

ਇਸ ਕਾਇਆ ਕੋਟ ਦੇ ਨੌਂ ਦਰਵਾਜ਼ੇ ਪ੍ਰਗਟ ਹਨ ਜੋ ਦਸਵਾਂ ਦੁਆਰ ਹੈ, ਉਹ ਬੰਦ ਹੈ। ਉਸ ਉਪਰ ਅਗਿਆਨ ਦੇ ਬਜਰ ਕਪਾਟ, ਆਸਾ ਤੇ ਅੰਦੇਸੇ ਰੂਪੀ ਪਟ ਜੜੇ ਹੋਏ ਹਨ। ਗੁਰੂ ਦੇ ਸ਼ਬਦ ਦੀ ਕਮਾਈ ਦੇ ਨਾਲ ਇਹ ਦਰਵਾਜ਼ੇ ਖੁਲ੍ਹ ਜਾਇਆ ਕਰਦੇ ਹਨ। ਇਹ ਥਾਂ ਅਕਾਲ ਪੁਰਖ ਜੀ ਨੇ ਆਤਮਾ (ਆਪਣੇ) ਦੇ ਰਹਿਣ ਦੀ ਰੱਖੀ ਹੈ, ਜਿਥੇ ਗੁਰੂ ਦੇ ਜੋਤ ਸਰੂਪ ਦੇ ਦਰਸ਼ਨ ਹੁੰਦੇ ਹਨ -

ਜਗਤੁ ਉਪਾਇ ਖੇਲੁ ਰਚਾਇਆ॥
ਪਵਣੈ ਪਾਣੀ ਅਗਨੀ ਜੀਉ ਪਾਇਆ॥
ਦੇਹੀ ਨਗਰੀ ਨਉ ਦਰਵਾਜੇ
ਸੋ ਦਸਵਾ ਗੁਪਤੁ ਰਹਾਤਾ ਹੇ॥
ਪੰਨਾ - 1031

ਹੁਣ ਇਸ ਨੂੰ ਹਰ ਚੀਜ਼ ਵਿਚੋਂ ਨਾਮ ਧੁਨ ਸੁਣ ਰਹੀ ਹੈ। ਅਕਾਸ਼, ਤਾਰੇ, ਪਤਾਲ, ਸਮੁੰਦਰ ਸਭ ਦੇ ਅੰਦਰ ਇਹ ਇਕੋ ਆਤਮਾ ਨੂੰ ਅਨੁਭਵ ਕਰ ਰਹੀ ਹੈ, ਆਤਮ ਚਿੰਤਨ ਕਰ ਰਹੀ ਹੈ। ਸੁਖਮਨੀ ਸਾਹਿਬ ਦੇ ਅੰਦਰ ਇਸੇ ਤੱਤ ਵਲ ਇਸ਼ਾਰਾ ਕਰਕੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

ਸੋ ਅੰਤਰਿ ਸੋ ਬਾਹਰਿ ਅਨੰਤ॥
ਘਟਿ ਘਟਿ ਬਿਆਪਿ ਰਹਿਆ ਭਗਵੰਤ॥
ਧਰਨਿ ਮਾਹਿ ਆਕਾਸ ਪਇਆਲ॥
ਸਰਬ ਲੋਕ ਪੂਰਨ ਪ੍ਰਤਿਪਾਲ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥
ਜੈਸੀ ਆਗਿਆ ਤੈਸਾ ਕਰਮੁ॥
ਪਉਣ ਪਾਣੀ ਬੈਸੰਤਰ ਮਾਹਿ॥
ਚਾਰਿ ਕੁੰਟ ਦਹ ਦਿਸੇ ਸਮਾਹਿ॥
ਤਿਸ ਤੇ ਭਿੰਨ ਨਹੀ ਕੋ ਠਾਉ॥
ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥
ਪੰਨਾ - 294

ਇਥੇ ਨਾਮ ਦੀ ਪਰਿਭਾਸ਼ਾ ਬਦਲ ਜਾਂਦੀ ਹੈ। ਪਹਿਲਾਂ ਨਾਮ ਵਾਹਿਗੁਰੂ-ਵਾਹਿਗੁਰੂ ਕਰਕੇ ਜਪਿਆ ਜਾਂਦਾ ਸੀ, ਹੁਣ ਸ਼ਬਦ ਹੇਠਾਂ ਰਹਿ ਗਿਆ ਅਤੇ ਆਤਮ ਤੱਤ ਦੀ ਵਿਚਾਰ ਪ੍ਰਥਮ ਸਾਧਨਾ ਦੇ ਰੂਪ ਵਿਚ ਹੋਣ ਲੱਗੀ। ਵਾਹਿਗੁਰੂ ਦੇ ਨਾਮ ਦਾ ਪ੍ਰਤੱਖ ਰੂਪ ਆਤਮ ਤੱਤ ਬ੍ਰਹਮ, ਵਾਹਿਗੁਰੂ, ਪ੍ਰਮਾਤਮਾ ਹੈ ਹੁਣ ਉਹ ਅੱਖਰਾਂ ਦਾ ਮੁਹਤਾਜ ਨਾ ਰਿਹਾ, ਅਨੁਭਵ ਦਾ ਵਿਸ਼ਾ ਬਣ ਗਿਆ, ਅੱਖਰ ਖਿਰ ਜਾਂਦੇ ਹਨ ਪਰ ਉਹ ਅੱਖਰਾਂ ਵਿਚ ਸਮਾਇਆ ਹੋਇਆ ਤੱਤ ਰੂਪਮਾਨ ਹੋ ਕੇ ਥਿਰ ਰਹਿੰਦਾ ਹੈ।

ਅੱਖਰ ਇਥੇ ਤਕ ਪਹੁੰਚਾਉਂਦੇ ਹਨ। ਹੁਣ ਸੁਧ ਅਨੁਭਵ ਪ੍ਰਤੱਖ ਰੂਪ ਵਿਚ ਦੇਖਦੀ ਹੈ ਕਿ ਇਥੇ ਮੇਰਾ ਕੋਈ ਵਜੂਦ ਨਹੀਂ ਹੈ, ਮੈਂ ਆਪਣੇ ਆਪ ਨੂੰ ਦੇਹ, ਜੀਵ-ਆਤਮਾ ਵਰਗੀ ਹੋਂਦ ਮੰਨਦੀ ਰਹੀ, ਇਹ ਮੇਰੀ ਬੜੀ ਭਾਰੀ ਭੁੱਲ ਸੀ ਇਹ ਤਾਂ ਅਣਹੋਈ ਗੱਲ ਹੀ ਸੀ।

ਮੈਂ ਤਾਂ ਕਦੇ ਹੋਈ ਹੀ ਨਹੀਂ ਇਹ ਤਾਂ ਸਾਰੇ ਵਾਹਿਗੁਰੂ ਜੀ ਹੀ ਹਨ ਜਿਸ ਨੂੰ 'ਮੈਂ' 'ਮੈਂ' ਕਹਿੰਦੇ ਹਨ, ਤੂੰ ਕਹਿੰਦਾ ਹੈਂ, ਇਹ ਕਹਿੰਦਾ ਹੈ, ਇਥੇ, ਉਥੇ ਕਹਿੰਦੇ ਹਾਂ, ਇਹ ਕੁਝ ਵੀ ਨਹੀਂ ਹੈ, ਇਹ ਤਾਂ ਸਭ ਭਰਮ ਭੁਲੇਖੇ ਹਨ, ਇਥੇ ਤਾਂ ਅਖੰਡ ਰੂਪ ਵਿਚ ਵਾਹਿਗੁਰੂ ਜੀ ਆਪ ਹੀ ਹਨ। ਇਸ ਵੇਲੇ ਦੀ ਅਵਸਥਾ ਨੂੰ ਪੜ੍ਹੋ -

ਧਾਰਨਾ - ਗੁਰਾਂ ਨੇ ਮੇਰੇ ਓ ਨੈਣ ਖੋਲ੍ਹ ਤੇ,
ਮੈਨੂੰ ਸਾਰੀਆਂ ਘਟਾਂ
ਦੇ ਵਿਚ ਦਿਸਿਆ

ਗੁਰਹਿ ਦਿਖਾਇਓ ਲੋਇਨਾ॥
ਈਤਹਿ ਊਤਹਿ ਘਟਿ ਘਟਿ
ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥
ਪੰਨਾ - 407

ਹੁਣ ਮੈਂ ਦੇ ਵਿਚ ਮੈਂ ਨਾ ਰਹੀ, ਮੈਂ ਤੂੰ ਦੇ ਵਿਚ ਲੀਨ ਹੋ ਗਈ ਇਸ ਗਿਆਨ ਨੂੰ ਪ੍ਰਤੱਖ ਰੂਪ ਵਿਚ ਤੱਤ ਬੇਤੇ ਮਹਾਂਪੁਰਸ਼ ਸਮਰੱਥ ਗੁਰੂ ਦੀ ਕ੍ਰਿਪਾ ਦੇ ਨਾਲ ਮੈਂ 'ਚੋਂ ਕੱਢ ਕੇ ਤੂੰ ਹੀ ਬਣਾ ਦਿੰਦੇ ਹਨ।

ਕਬੀਰ ਤੂੰ ਤੂੰ ਕਰਤਾ
ਤੂ ਹੂਆ ਮੁਝ ਮਹਿ ਰਹਾ ਨ ਹੂੰ॥
ਜਬ ਆਪਾ ਪਰ ਕਾ ਮਿਟਿ ਗਇਆ
ਜਤ ਦੇਖਉ ਤਤ ਤੂ॥ ਪੰਨਾ - 1375

ਇਸ ਅਵਸਥਾ ਵਿਚ ਮਨ ਅਮਨ ਹੋ ਗਿਆ। ਫੁਰਨੇ ਖਤਮ ਹੋ ਗਏ, ਜੀਵਨ ਸਹਿਜ ਵਿਚ ਆ ਗਿਆ ਜੋ ਕੁਝ ਹੋ ਰਿਹਾ ਹੈ ਹੋ ਹੀ ਰਿਹਾ ਹੈ, ਵਿਵਹਾਰ ਵਿਚ

ਜੋ ਕਰਤਵ ਜੋ ਇਸ ਸਰੀਰ ਦੇ ਕਰਨ ਯੋਗ ਹੈ ਉਹ ਕੀਤਾ ਜਾ ਰਿਹਾ ਹੈ, ਕਿਸੇ ਫਲ ਦੀ ਇੱਛਾ ਨਹੀਂ, ਕੁਝ ਕਰਨ ਦੀ ਇੱਛਾ ਨਹੀਂ, ਸਭ ਕੁਝ ਆਪਣੇ ਆਪ ਹੁਕਮ ਵਿਚ ਹੋ ਰਿਹਾ ਹੈ, ਇਕੋ ਤੱਤ ਨਜ਼ਰ ਆ ਰਿਹਾ ਹੈ ਜਿਸ ਦੇ ਬਾਰੇ ਫੁਰਮਾਨ ਹੈ -

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ॥*
*ਤਿਥੈ ਊਂਘ ਨ ਭੁਖ ਹੈ*
*ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ॥*
*ਪੰਨਾ - 1414*

ਹੁਣ ਬੀਬੀ ਨੂੰ ਛੇ ਸਾਲ ਇਸੇ ਮੱਠ ਵਿਚ ਬੈਠਦਿਆਂ ਲੰਘ ਗਏ ਅਤੇ ਅਨੁਭਵ ਵਿਚ ਪ੍ਰਕਾਸ਼ ਹੋ ਗਿਆ ਇਕੋ ਆਤਮਾ ਦੇ ਝਲਕਾਰੇ ਸਭ ਥਾਵਾਂ ਤੋਂ ਵਜਣ ਲਗ ਗਏ। ਅੱਜ ਇਹ ਸਵੇਰੇ ਹੀ ਅੰਮ੍ਰਿਤ ਵੇਲੇ ਮੱਠ ਵਿਚ ਜਾ ਕੇ ਬੈਠ ਗਈ। ਪਿਆਰ ਤੇ ਬੈਰਾਗ ਦਾ ਐਨਾ ਹੜ੍ਹ ਆ ਗਿਆ ਕਿ ਨੇਤਰਾਂ ਵਿਚੋਂ ਜਲ ਸਮਾਪਤ ਨਹੀਂ ਹੋ ਰਿਹਾ। ਇਕੋ ਲਗਨ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨਾਂ ਦੇ ਸਮੁੰਦਰ ਦੀ ਲਹਿਰ ਵਾਂਗੂੰ ਉਠੀ ਹੋਈ ਹੈ।

ਸਾਧਸੰਗਤ ਜੀ! ਨਿਰਾ ਗਿਆਨ ਫੋਕਾ ਹੋਇਆ ਕਰਦਾ ਹੈ, ਉਸ ਵਿਚ ਰਸ ਨਹੀਂ ਹੋਇਆ ਕਰਦਾ ਜਦੋਂ ਭਗਤ ਸਹਿਜ ਗਿਆਨ ਵਿਚ ਪਹੁੰਚਦਾ ਹੈ ਤਾਂ ਉਹ ਰਸ ਵਿਚ ਲੀਨ ਹੋਇਆ ਕਰਦਾ ਹੈ, ਉਹ ਗੁਰੂ ਨੂੰ ਪ੍ਰਤੱਖ ਰੂਪ ਵਿਚ ਪਾਰਬ੍ਰਹਮ ਪ੍ਰਮੇਸ਼ਰ ਸਰਬ ਥਾਂ ਰਮਿਆ ਹੋਇਆ ਤਕਦਾ ਹੈ। ਉਹ ਇਹ ਨਹੀਂ ਕਹਿੰਦਾ ਕਿ ਮੈਂ ਰੱਬ ਹਾਂ, ਉਹ ਆਪਣੇ ਸਤਿਗੁਰੂ ਨੂੰ ਕਹਿੰਦਾ ਹੈ ਕਿ ਤੇਰੇ ਬਿਨਾਂ ਸੰਸਾਰ ਵਿਚ ਕੋਈ ਨਹੀਂ ਹੈ ਤੂੰ ਆਪ ਹੀ ਪਾਰਬ੍ਰਹਮ ਪ੍ਰਮੇਸ਼ਰ ਹੈ, ਸਾਰੇ ਰੂਪਾਂ ਰੰਗਾਂ ਵਿਚ ਤੂੰ ਹੀ ਹੈਂ। ਆਪਣੇ ਆਪ ਨੂੰ ਇੰਨਾਂ ਹੀ ਸਿਰਫ ਕਹਿੰਦਾ ਹੈ ਜਿਸ ਨੂੰ ਮੈਂ ਆਪਣੇ ਤੋਂ ਵੱਖਰਾ ਸਮਝਦਾ ਸੀ, ਇਹ ਵੀ ਆਪ ਹੀ ਹੈ। ਇਸ ਤਰ੍ਹਾਂ ਨਿਰਮਲ ਹੰਗਤਾ ਵੀ ਗਾਇਬ ਹੋ ਜਾਂਦੀ ਹੈ ਅਤੇ ਪਰਮ ਤੱਤ ਵਿਚ ਸਮਾਈ ਹੋ ਜਾਂਦੀ ਹੈ। ਅੱਜ ਪਿਆਰ ਵਿਚ ਬੈਠੀ ਨੂੰ ਹਨ੍ਹੇਰਾ ਹੋਣ ਵਾਲਾ ਹੋ ਗਿਆ, ਥੋੜ੍ਹੀ ਦੇਰ ਨੂੰ ਕੀ ਦੇਖਦੀ ਹੈ ਕਿ ਕੁਝ ਬਿਰਹੁੰ ਕੁੱਠੇ ਪ੍ਰੇਮੀ ਮਸਾਲਾਂ ਲਈਂ ਹੱਥ ਵਿਚ ਇਸ ਦੇ ਮੱਠ ਵਲ ਨੂੰ ਆ ਰਹੇ ਹਨ ਅਤੇ ਧਾਰਨਾ ਆ ਰਹੀ ਹੈ-

*ਧਾਰਨਾ - ਗੁਰਾਂ ਦੇ ਦਰਸ਼ਨ ਤਾਈਂ*
*ਮੇਰਾ ਮਨ ਲੋਚਦੈ*

*ਤੂ ਚਉ ਸਜਣ ਮੈਡਿਆ*
*ਡੇਈ ਸਿਸੁ ਉਤਾਰਿ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥*
*ਪੰਨਾ - 1094*

*ਜੇ ਤੂ ਵਤਹਿ ਅੰਙਣੇ*

*ਹਭ ਧਰਤਿ ਸੁਹਾਵੀ ਹੋਇ॥*
*ਹਿਕਸੁ ਕੰਤੈ ਬਾਹਰੀ ਮੈਡੀ*
*ਵਾਤ ਨ ਪੁਛੈ ਕੋਇ॥* *ਪੰਨਾ - 1095*

ਅਵਾਜ਼ ਕੰਨਾਂ ਵਿਚ ਪਈ ਹਿਰਦਾ ਵਿੰਨਿਆ ਗਿਆ, ਖਿੱਚ ਪੈ ਗਈ, ਨੇਤਰਾਂ 'ਚੋਂ ਜਲ ਵਹਿਣਾ ਸ਼ੁਰੂ ਹੋ ਗਿਆ। ਅੰਦਰ ਕਿਸੇ ਅਣਡਿੱਠੇ ਦਰਸ਼ਨਾਂ ਦੀ ਲੋਚਾ ਜਾਗ ਉਠੀ, ਰੋਮ-ਰੋਮ ਵਿਚੋਂ ਝਰਨਾਟਾਂ ਆ ਰਹੀਆਂ ਹਨ, ਇਹ ਸ਼ਬਦ ਸੁਣ ਕੇ ਸ਼ਬਦ ਦਾ ਹੀ ਰੂਪ ਹੋ ਗਈ। ਹੰਝੂਆਂ ਦੀ ਝੜੀ ਲਗ ਗਈ, ਐਨੇ ਨੂੰ ਮਾਂ ਬਾਪ ਦੋਨੋਂ ਹੀ ਆ ਗਏ। ਆ ਕੇ ਰੋਸ਼ਨੀ ਕੀਤੀ, ਮਿਸਾਲ ਦੇ ਨਾਲ ਦੇਖਿਆ ਕਿ ਬੀਬਾ ਨਾ ਕੁਝ ਸੁਣਦੀ ਹੈ, ਨਾ ਹਿਲਦੀ ਹੈ, ਇਸ ਦੇ ਅੱਖਾਂ ਵਿਚੋਂ ਲਗਾਤਾਰ ਹੰਝੂਆਂ ਦੀ ਝੜੀ ਵਗ ਰਹੀ ਹੈ। ਅੱਜ ਮਾਂ ਬਾਪ ਦੇ ਆਏ ਤੇ ਬੋਲੀ ਨਹੀਂ, ਹਉਕੇ ਆ ਰਹੇ ਹਨ, ਜੰਗਲ ਵਿਚੋਂ ਹੀ ਫੇਰ ਅਵਾਜ਼ ਸੁਣੀ-

*ਧਾਰਨਾ - ਕਦੋਂ ਹੋਣਗੇ ਦੀਦਾਰੇ*
*ਤੇਰੇ ਅੱਖੀਆਂ ਤਰਸਦੀਆਂ*

ਫੇਰ ਅਗਲੀ ਧਾਰਨਾ ਸੁਣੀ।

*ਧਾਰਨਾ - ਸਾਰੀ ਧਰਤੀ ਪਵਿੱਤਰ ਹੋ ਜਾਵੇ*
*ਮੇਰੇ ਵਿਹੜੇ ਆਜਾ ਮਾਲਕਾ*

ਬਿਰਹੁੰ ਹੰਝੂਆਂ ਦਾ ਰੂਪ ਹੋ ਕੇ ਫੇਰ ਵਹਿ ਤੁਰਿਆ। ਅੱਜ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨਾਂ ਦੀ ਖਿੱਚ ਪੂਰੇ ਜੋਬਨ ਉਪਰ ਆਈ ਹੋਈ ਹੈ। ਅੱਜ ਰਾਜਕੁਮਾਰੀ ਬੋਲ ਨਹੀਂ ਰਹੀ। ਮਾਤਾ ਪਿਤਾ ਨਾ ਬੁਲਾਉਣ ਦੀ ਕੋਸ਼ਿਸ਼ ਕਰਦੇ ਹਨ। ਉਹ ਸਮਝਦੇ ਸਨ ਕਿ ਇਹ ਕਿਸੇ ਰੰਗ ਵਿਚ ਰੰਗੀ ਹੋਈ ਹੈ। ਦੋ ਗਰਾਹੀਆਂ ਛਕੀਆਂ ਤੇ ਪੈ ਗਈ। ਨੀਂਦ ਘਟ ਗਈ, ਭੁੱਖ ਘਟ ਗਈ। ਅੰਮ੍ਰਿਤ ਵੇਲੇ ਉਠੀ, ਇਸ਼ਨਾਨ ਕਰਕੇ ਕੋਈ ਹਾਰ ਸ਼ਿੰਗਾਰ ਨਹੀਂ ਲਾਇਆ, ਸਾਦੇ ਕਪੜਿਆਂ ਵਿਚ ਹੀ ਫੇਰ ਮੱਠ ਵਲ ਨੂੰ ਚਲ ਪਈ। ਥੋੜ੍ਹਾ ਸਮਾਂ ਹੀ ਗੁਜਰਿਆ ਸੀ, ਉਸ ਵੇਲੇ ਫੇਰ ਕੁਝ ਬੰਦੇ ਫਿਰਦੇ ਦੇਖੇ। ਜੋ ਕੁਝ ਗਾ ਰਹੇ ਸਨ, ਪਰ ਬੋਲ ਵਿਚ ਬੜੀ ਹੂਕ ਸੀ, ਖਿੱਚ ਸੀ, ਸ਼ਬਦ ਸਨ -

*ਧਾਰਨਾ - ਦਰਸ਼ਨ ਸਾਹਿਬਾ ਤੇਰਾ*
*ਮੈਂ ਦੇਖ ਦੇਖ ਜੀਵਾਂ।*
*ਦੇਖ-ਦੇਖ ਜੀਵਾਂ - 2, 4.*

*ਦਰਸਨੁ ਦੇਖਿ ਜੀਵਾ ਗੁਰ ਤੇਰਾ॥*
*ਪੂਰਨ ਕਰਮੁ ਹੋਇ ਪ੍ਰਭ ਮੇਰਾ॥*
*ਇਹ ਬੇਨੰਤੀ ਸੁਣਿ ਪ੍ਰਭ ਮੇਰੇ॥*
*ਦੇਹਿ ਨਾਮੁ ਕਰਿ ਅਪਣੇ ਚੇਰੇ॥*
*ਅਪਣੀ ਸਰਣਿ ਰਾਖੁ ਪ੍ਰਭ ਦਾਤੇ॥*
*ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ॥*
*ਸੁਨਹੁ ਬਿਨਉ ਪ੍ਰਭ ਮੇਰੇ ਮੀਤਾ॥*
*ਚਰਣ ਕਮਲ ਵਸਹਿ ਮੇਰੈ ਚੀਤਾ॥*
*ਨਾਨਕੁ ਏਕ ਕਰੈ ਅਰਦਾਸਿ॥*
*ਵਿਸਰੁ ਨਾਹੀ ਪੂਰਨ ਗੁਣਤਾਸਿ॥*
*ਪੰਨਾ - 742*

ਇਹ ਸੁਣਦੇ ਸਾਰ ਰਾਜਕੁਮਾਰੀ ਉਚੀ-ਉਚੀ ਰੋਣ ਲਗ ਪਈ। ਸੁਣਨ ਵਾਲਾ ਨੇੜੇ ਕੋਈ ਨਹੀਂ ਸੀ,

ਜੀਅ ਭਰ ਕੇ ਰੋਈ। ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਤੋਂ ਅਣਜਾਣ ਸੀ ਪਰ ਇਸ ਨੂੰ ਇਹ ਪਤਾ ਸੀ ਕਿ ਉਹ ਨਿਰਾ ਨੂਰ ਹਨ, ਉਨ੍ਹਾਂ ਦੇ ਦਰਸ਼ਨ ਝੱਲੇ ਨਹੀਂ ਸੀ ਜਾਂਦੇ, ਅੰਦਰੋਂ ਪੂਰੀ ਆਸ ਵਿਚ ਸੀ ਕਿ ਜਿਵੇਂ ਮੈਂ ਟੋਲ੍ਹ ਰਹੀ ਹਾਂ, ਇਹ ਵੀ ਕਹਿ ਰਹੇ ਹਨ, ਤੇਰੇ ਦਰਸ਼ਨ ਨੂੰ ਦੇਖ ਕੇ ਮੈਂ ਜੀਉਂਦਾ ਹਾਂ। ਜੇ ਦਰਸ਼ਨ ਨਹੀਂ ਹੁੰਦੇ ਤਾਂ ਇਸ ਦੇ ਵਿਪਰੀਤ ਮੈਂ ਮਰ ਜਾਂਦਾ ਹਾਂ। ਕਈ ਦਿਨਾਂ ਤੋਂ ਇਹ ਗੁਰਸਿੱਖ ਜੰਗਲ ਵਿਚ ਫਿਰ ਰਹੇ ਸਨ ਪਰ ਇਨ੍ਹਾਂ ਨੂੰ ਇਹ ਮੱਠ ਨਹੀਂ ਸੀ ਲੱਭ ਰਿਹਾ ਜਿਸ ਥਾਂ ਇਹ ਰਾਜਕੁਮਾਰੀ ਨਾਮ ਯੋਗ ਵਿਚ ਰੰਗੀ ਜਪ ਤਪ ਕਰ ਰਹੀ ਸੀ। ਗੁਰੂ ਨਾਨਕ ਪਾਤਸ਼ਾਹ ਨੂੰ ਖਿੱਚ ਰਹੀ ਸੀ। ਮੁਖੀ-ਮੁਖੀ ਗੁਰਸਿੱਖਾਂ ਨੂੰ ਦਰਸ਼ਨਾਂ ਦੀ ਖਿੱਚ ਨੇ ਬਿਹਬਲ ਕੀਤਾ ਹੋਇਆ ਸੀ ਕਿਉਂਕਿ ਉਨ੍ਹਾਂ ਨੂੰ ਪਤਾ ਲਗ ਗਿਆ ਸੀ ਕਿ ਗੁਰੂ ਨਾਨਕ ਪਾਤਸ਼ਾਹ ਆਪਣੀ ਲੰਮੀ ਉਦਾਸੀ ਕਰਕੇ ਪੰਜਾਬ ਵਿਚ ਪਹੁੰਚ ਗਏ ਹਨ। ਉਹ ਝਨਾਅ ਦਰਿਆ ਦੇ ਕੰਢੇ ਉਪਰ ਵਲ ਨੂੰ ਜਾ ਰਹੇ ਹਨ। ਦਰਸ਼ਨ ਕੁੱਠੇ ਬੇਬੇ ਨਾਨਕੀ ਜੀ ਪਾਸ ਗਏ, ਉਨ੍ਹਾਂ ਵਿਚ ਭਾਈ ਭਗੀਰਥ ਆਦਿ ਗੁਰਸਿੱਖ ਸਨ। ਬੇਬੇ ਜੀ ਨੂੰ ਪੁਛਿਆ ਕਿ ਤੁਸੀਂ ਹੀ ਕੁਝ ਦੱਸੋ ਤਾਂ ਉਨ੍ਹਾਂ ਨੇ ਕਿਹਾ ਕਿ ਮੇਰੇ ਅੰਦਰ ਜੋ ਗੱਲ ਆ ਰਹੀ ਹੈ ਕਿ ਉਹ ਇਹ ਹੈ ਕਿ ਕੋਈ ਪ੍ਰੇਮੀ ਉਨ੍ਹਾਂ ਨੂੰ ਪੂਰਨ ਰੂਪ ਵਿਚ ਬਿਰਹੁ ਕੁੱਠਾ ਹੋ ਕੇ ਖਿੱਚ ਰਿਹਾ ਹੈ। ਤੁਸੀਂ ਝਨਾਅ ਦੇ ਕੰਢੇ ਜਿਸ ਦੀ ਉਡਦੀ-ਉਡਦੀ ਖਬਰ ਮੇਰੇ ਤਕ ਪਹੁੰਚੀ ਹੈ, ਜਾਓ ਅਤੇ ਮੇਰੇ ਪਾਰਬ੍ਰਹਮ ਰੂਪ ਵੀਰ ਨੂੰ ਟੋਲ੍ਹ ਕੇ ਮੈਨੂੰ ਦਰਸ਼ਨ ਦੇਣ ਲਈ ਵੀ ਬੇਨਤੀ ਕਰ ਦੇਣਾ। ਜਦੋਂ ਉਹ ਇਸ ਇਲਾਕੇ ਵਿਚ ਪਹੁੰਚੇ, ਗੁਰਮੁਖ ਪਿਆਰਿਆਂ ਨੂੰ ਮਿਲੇ ਤਾਂ ਗੱਲਾਂ ਕਰਦੇ-ਕਰਦੇ ਇਸ ਗੱਲ ਦੀ ਸੂਹ ਮਿਲੀ ਜੋ ਕੁਝ ਵਿੱਥ ਤੇ ਵੱਡਾ ਭਾਰੀ ਜੰਗਲ ਹੈ, ਉਸ ਵਿਚ ਗੁਰਸਿੱਖ ਇਕ ਰਾਜਕੁਮਾਰੀ ਦੇ ਹੱਥੋਂ ਸ਼ੇਰ ਦੇ ਭੁਲੇਖੇ ਵਿਚ ਮਾਰਿਆ ਗਿਆ ਸੀ। ਇਹ ਵੀ ਸੂਹ ਪਹੁੰਚੀ ਕਿ ਉਸ ਦਿਨ ਤੋਂ ਹੀ ਉਹ ਗੁਰੂ ਨਾਨਕ ਪਾਤਸ਼ਾਹ ਦੀ ਯਾਦ ਵਿਚ ਉਸ ਮੱਠ ਵਿਚ ਬੈਠੀ ਖਿੱਚ ਪਾ ਰਹੀ ਸੀ। ਸਾਰੇ ਗੁਰਮੁਖਾਂ ਨੇ ਵਿਚਾਰਿਆ ਕਿ ਪਤਿਤਾਂ ਦਾ ਉਧਾਰ ਕਰਨ ਵਾਲੇ ਸਤਿਗੁਰੂ ਜੀ ਜ਼ਰੂਰ ਉਸ ਮੱਠ ਵਿਚ ਜਾਣਗੇ।

ਕਦੇ ਕਦੇ ਮੱਠ ਵਲ ਨੂੰ ਆਉਂਦੀ ਹੋਈ ਆਪਣੇ ਛੋਟੇ ਵੀਰ ਨੂੰ ਵੀ ਨਾਲ ਲੈ ਆਉਂਦੀ ਸੀ ਜਿਸ ਦੀ ਸ਼ਕਲ ਸੂਰਤ, ਖਾਸ ਕਰਕੇ ਨੇਤਰ ਭਾਈ ਤਿਲੋਕਾ ਜੀ ਨਾਲ ਰਲਦੇ ਸਨ, ਇਸ ਨੂੰ ਓਹੇ ਜਿਹਾ ਹੀ ਪ੍ਰਤੀਤ ਦਿੰਦੇ ਸਨ। ਰਾਜਕੁਮਾਰੀ ਉਸ ਨੂੰ ਬਹੁਤ ਪਿਆਰ ਕਰਿਆ ਕਰਦੀ ਸੀ ਅਤੇ ਵਾਹਿਗੁਰੂ-ਵਾਹਿਗੁਰੂ ਕਹਿ ਕੇ ਉਸ ਨੂੰ ਨਾਮ ਧੁਨ ਸੁਣਾਇਆ ਕਰਦੀ ਸੀ। ਦਾਸੀਆਂ ਕਈ ਵਾਰੀ ਨਾਲ ਆਇਆ ਕਰਦੀਆਂ ਸਨ। ਉਹ ਆਪਣੇ ਛੋਟੇ ਵੀਰ ਨੂੰ ਥੋੜ੍ਹੀ ਦੇਰ ਰੱਖ ਕੇ ਦਾਸੀਆਂ ਰਾਹੀਂ ਘਰ ਭੇਜ ਦਿਆ ਕਰਦੀ ਸੀ, ਮਾਂ ਬਾਪ ਰਾਜਕੁਮਾਰੀ ਨੂੰ ਇਕ ਮਹਾਨ ਪਵਿੱਤਰ ਦੇਵੀ ਦੇ ਰੂਪ ਵਿਚ ਮੰਨ ਰਹੇ ਸਨ, ਕੋਈ ਐਸੀ ਗੱਲ ਨਹੀਂ ਸੀ ਕਹਿ ਰਹੇ ਜਿਸ ਤੋਂ ਰਾਜਕੁਮਾਰੀ ਨੂੰ ਕੋਈ ਖੇਦ ਹੋਵੇ ਪਰ ਅੱਜਕਲ੍ਹ ਜੋ ਉਸਦਾ ਵਿਹਾਰ ਸੀ ਉਸ ਨੂੰ ਵੇਖ ਕੇ ਕਈ ਵਾਰੀ ਚਿੰਤਾਤੁਰ ਹੋ ਜਾਂਦੇ ਸਨ ਕਿਉਂਕਿ ਉਹ ਕਈ ਕਈ ਦਿਨ ਬੈਰਾਗ ਵਿਚ ਹਉਕੇ ਲੈਂਦੀ ਰਹਿੰਦੀ ਸੀ। ਅੱਜ ਸਵੇਰੇ ਹੀ ਉਹ ਘਰੋਂ ਸਾਦੇ ਕਪੜਿਆਂ ਵਿਚ ਨਿਕਲ ਕੇ ਜੰਗਲ ਵਿਚ ਆ ਗਈ ਉਸ ਦੇ ਨੇਤਰਾਂ 'ਚੋਂ ਹੰਝੂਆਂ ਦਾ ਹੜ੍ਹ ਥੰਮਿਆ ਨਹੀਂ ਸੀ ਜਾ ਰਿਹਾ ਅਤੇ ਬਾਰ-ਬਾਰ ਆਪਣੇ ਭਾਵਾਂ ਨੂੰ ਯਾਦ ਦੀ ਡੋਰੀ ਰਾਹੀਂ ਆਪਣੇ ਪਿਆਰੇ ਗੁਰੂ ਨਾਨਕ ਵਲ ਭੇਜ ਰਹੀ ਸੀ, ਹੁਣ ਉਸ ਦੀ ਐਸੀ ਅਵਸਥਾ ਹੋ ਗਈ ਸੀ ਕਿ ਫੁਰਮਾਨ ਹੈ –

*ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ*
*ਜਿਉ ਬਿਨੁ ਅਮਲੈ ਅਮਲੀ ਮਰਿ ਗਈਆ॥*
*ਜਿਨ ਕਉ ਪਿਆਸ ਹੋਇ ਪ੍ਰਭ ਕੇਰੀ*
*ਤਿਨ ਅਵਰੁ ਨ ਭਾਵੈ*
*ਬਿਨੁ ਹਰਿ ਕੋ ਦੁਈਆ॥*
*ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ*
*ਹਉ ਤਿਸੁ ਵਿਟਹੁ*
*ਬਲਿ ਬਲਿ ਘੁਮਿ ਗਈਆ॥*
*ਅਨੇਕ ਜਨਮ ਕੇ ਵਿਛੁੜੇ ਜਨ ਮੇਲੇ*
*ਜਾ ਸਤਿ ਸਤਿ ਸਤਿਗੁਰ ਸਰਣਿ ਪਵਈਆ॥*
*ਪੰਨਾ – 836*

ਸਚਮੁੱਚ ਉਸਦਾ ਹਿਰਦਾ ਗੁਰੂ ਦੇ ਦਰਸ਼ਨ ਲਈ ਉਛਲ ਰਿਹਾ ਸੀ ਹੁਣ ਸਾਂਭਿਆ ਸਾਂਭ ਨਹੀਂ ਸੀ ਹੁੰਦਾ ਕਿਉਂਕਿ ਜਦੋਂ ਬੈਰਾਗ ਪ੍ਰਬਲ ਹੋ ਜਾਂਦਾ ਹੈ ਉਸ ਵੇਲੇ ਹਿਰਦਾ ਉਛਲਦਾ ਹੈ, ਅਨੇਕਾਂ ਭਾਵ ਹਿਰਦੇ ਵਿਚ ਆਉਂਦੇ ਹਨ, ਉਨ੍ਹਾਂ ਦਾ ਪ੍ਰਗਟਾਵਾ ਬੋਲੀ ਰਾਹੀਂ ਨਹੀਂ ਹੋਇਆ ਕਰਦਾ, ਨਾ ਸਮਝ ਵਿਚ ਆਉਣ ਵਾਲਾ ਹੈ, ਉਹ ਬੋਲੀ ਚੁੱਪ ਹੈ, ਉਹ ਅੱਖਾਂ ਰਾਹੀਂ ਦਸਿਆ ਜਾਂਦਾ ਹੈ, ਅੱਖਾਂ ਵਿਚੋਂ ਹੰਝੂਆਂ ਦੀ ਝੜੀ ਲਗ ਜਾਂਦੀ ਹੈ ਜੋ ਹੌਲੀ-ਹੌਲੀ ਹਵਾ ਵਿਚ ਰਲ ਜਾਂਦੀ ਹੈ। ਇਹ ਹਵਾ ਪਿਆਰੇ ਦੇ ਦੇਸ਼ ਵਲ ਜਾ ਰਹੀ ਹੁੰਦੀ ਹੈ। ਇਸ ਵਿਚ ਬੜਾ ਪਿਆਰ ਭਰਿਆ ਬਿਰਹਾ ਆਪਣੇ ਪ੍ਰੀਤਮ ਵਲ ਨੂੰ ਭੇਜਿਆ ਜਾਂਦਾ ਹੈ –

*ਸੇਜ ਏਕ ਏਕੋ ਪ੍ਰਭੁ ਠਾਕੁਰੁ ਮਹਲੁ ਨ*
*ਪਾਵੈ ਮਨਮੁਖ ਭਰਮਈਆ॥*
*ਗੁਰੁ ਗੁਰੁ ਕਰਤ ਸਰਣਿ ਜੇ ਆਵੈ ਪ੍ਰਭੁ*
*ਆਇ ਮਿਲੈ ਖਿਨੁ ਢੀਲ ਨ ਪਈਆ॥*
*ਪੰਨਾ – 837*

ਸੋ ਇਸ ਤਰ੍ਹਾਂ ਦੇ ਸੁਨੇਹੇ ਭੇਜਦੀ ਹੈ ਹੇ ਪ੍ਰਭੂ! ਮੈਂ ਉਡੀਕ ਰਹੀ ਹਾਂ, ਮੇਰੀ ਉਡੀਕ ਨੂੰ ਫਲ ਲਾ, ਮੈਂ ਅਨਜਾਣ ਹਾਂ ਮੈਨੂੰ ਨਹੀਂ ਪਤਾ ਕਿ ਕਿਸ ਤਰ੍ਹਾਂ ਦਾ ਵੇਸ ਭੂਸ਼ਣ ਕਰਾਂ ਜੋ ਤੈਨੂੰ ਭਾ ਜਾਵੇ। ਕਪੜੇ ਲੀੜੇ ਮੈਨੂੰ ਅੱਛੇ ਨਹੀਂ ਲਗਦੇ, ਉਨ੍ਹਾਂ ਤੋਂ ਮੈਨੂੰ ਕੋਈ ਸੁਖ ਨਹੀਂ ਮਿਲਦਾ। ਮੈਂ ਆਪਣਾ ਸਭ ਕੁਝ ਅਰਪਣ ਕਰਨ ਨੂੰ ਤਿਆਰ ਹਾਂ, ਕੋਈ ਮੇਰੇ ਪ੍ਰੀਤਮ ਨੂੰ ਮਿਲਾ ਦੇਵੇ, ਮੇਰਾ ਬਿਰਹੁ ਦਾ ਗਹਿਰਾ ਪਿਆਰ ਠੀਕ ਹੋ ਜਾਵੇ –

*ਹਉ ਮਨੁ ਅਰਪੀ ਸਭੁ ਤਨੁ ਅਰਪੀ*
*ਅਰਪੀ ਸਭਿ ਦੇਸਾ॥*

*ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ*
*ਜੋ ਪ੍ਰਭ ਦੇਇ ਸਦੇਸਾ॥*
*ਅਰਪਿਆ ਤ ਸੀਸੁ ਸੁਥਾਨਿ*
*ਗੁਰ ਪਹਿ ਸੰਗਿ ਪ੍ਰਭੂ ਦਿਖਾਇਆ॥*
*ਖਿਨ ਮਾਹਿ ਸਗਲਾ ਦੂਖੁ ਮਿਟਿਆ*
*ਮਨਹੁ ਚਿੰਦਿਆ ਪਾਇਆ॥*

*ਪੰਨਾ - 247*

ਨੀਰ ਨੇਤਰਾਂ ਵਿਚੋਂ ਵਹਿ-ਵਹਿ ਕੇ ਚਲ ਰਿਹਾ ਹੈ ਅਤੇ ਆਸ ਰਖਦੀ ਹੈ ਕਿ ਕੋਈ ਮੇਰਾ ਸੁਨੇਹਾ ਦੇ ਦੇਵੇ। ਮੈਨੂੰ ਨਹੀਂ ਪਤਾ ਕਿ ਗੁਰੂ ਨਾਨਕ ਪਾਤਸ਼ਾਹ ਕਿਹੋ ਜਿਹੇ ਹਨ। ਜੇ ਪਤਾ ਹੋਵੇ ਤਾਂ ਮੈਂ ਪੈਰਾਂ ਨਾਲ ਨਾ ਚਲਦੀ ਸਿਰ ਦੇ ਭਾਰ ਚਲਦੀ।-

*ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥*
*ਕੋਈ ਆਣਿ ਮਿਲਾਵੈ*
*ਮੇਰੇ ਪ੍ਰਾਣ ਜੀਵਾਇਆ॥*
*ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ*
*ਮੈ ਨੀਰੁ ਵਹੇ ਵਹਿ ਚਲੈ ਜੀਉ॥*

*ਪੰਨਾ - 94*

ਸੋ ਇਸ ਤਰ੍ਹਾਂ ਦੇ ਨਾਲ ਅੱਜ ਫਿਰ ਦੂਰ ਤੋਂ ਬਿਰਹੁੰ ਕੁਠਿਆਂ ਦੀ ਅਵਾਜ਼ ਕੰਨਾਂ ਵਿਚ ਪਈ। ਇਸ ਨੂੰ ਪ੍ਰਤੀਤ ਦਿਤਾ ਕਿ ਇਹ ਅਵਾਜ਼ ਜਿਸ ਨੂੰ ਹੁਣ ਇਹ ਸਮਝ ਰਹੀ ਸੀ ਕਿ -

*ਧਾਰਨਾ - ਹਰਿ ਦਰਸ਼ਨ ਕੀ ਆਸਾ,*
*ਮੇਰੇ ਮਨ ਹਰਿ ਦਰਸ਼ਨ ਕੀ ਆਸਾ*

*ਪੰਥੁ ਨਿਹਾਰੈ ਕਾਮਨੀ ਲੋਚਨ*
*ਭਰੀ ਲੇ ਉਸਾਸਾ॥*
*ਉਰ ਨਾ ਭੀਜੈ ਪਗੁ ਨ ਖਿਸੈ*
*ਹਰਿ ਦਰਸਨ ਕੀ ਆਸਾ॥*
*ਉਡਹੁ ਨ ਕਾਗਾ ਕਾਰੇ॥*
*ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ॥*

*ਪੰਨਾ - 338*

ਕਾਂ ਅੱਗੇ ਕੀਤਾ ਹੋਇਆ ਤਰਲਾ ਸੁਣ ਰਹੀ ਹੈ ਕਿ ਇਹ ਵੀ ਮੇਰੇ ਵਰਗੇ ਬਿਰਹੁੰ ਕੁੱਠੇ ਪ੍ਰੇਮੀ ਹੋਣਗੇ। ਉਨ੍ਹਾਂ ਨੂੰ ਹੁਣ ਘਣੇ ਜੰਗਲਾਂ ਵਿਚ ਸਫੈਦ ਮੱਠ ਨਜ਼ਰ ਪੈ ਗਿਆ। ਉਹ ਉਧਰ ਨੂੰ ਆ ਰਹੇ ਹਨ।

ਰਾਜਕੁਮਾਰੀ ਨੇ ਦੇਖਿਆ ਕਿ ਕੁਝ ਪ੍ਰੇਮੀ ਜਿਨ੍ਹਾਂ ਦੇ ਬੋਲ ਵਿਚ ਐਨਾ ਬਿਰਹਾ ਤੇ ਖਿੱਚ ਹੈ ਜੋ ਸਹਿਨ ਨਹੀਂ ਕੀਤਾ ਜਾ ਸਕਦਾ, ਉਹ ਮੱਠ ਕੋਲ ਆ ਗਏ। ਉਨ੍ਹਾਂ ਨੇ ਦੇਖਿਆ ਕਿ ਮੱਠ ਵਿਚ ਕੋਈ ਧਿਆਨ ਵਿਚ ਮਗਨ ਦੇਵੀ ਬੈਠੀ ਹੈ ਜਿਸਦੇ ਨੇਤਰ ਜਲ ਨਾਲ ਗਿੱਲੇ ਹੋਏ ਹੋਏ ਹਨ ਉਨ੍ਹਾਂ ਵਿਚ ਸਭ ਤੋਂ ਸ੍ਰੇਸ਼ਟ ਪੁਰਸ਼ ਨੇ ਪੁਛਿਆ ਕਿ ਬੀਬਾ! ਤੂੰ ਦਸ ਸਕਦੀ ਹੈਂ ਕਿ ਕੀ ਇਹ ਮੱਠ ਓਹੀ ਹੈ ਜਿਥੇ ਛੇ ਸਾਲ ਪਹਿਲਾਂ ਭਾਈ ਭਗੀਰਥ ਦੇ ਪੁਤਰ ਭਾਈ ਤਿਲੋਕਾ ਨੂੰ ਸ਼ੇਰ ਦੇ ਭੁਲੇਖੇ ਇਕ ਰਾਜਕੁਮਾਰੀ ਨੇ ਆਪਣਾ ਨਿਸ਼ਾਨਾ ਬਣਾ ਲਿਆ ਸੀ? ਐਨਾ ਕਹਿਣ ਦੀ ਦੇਰ ਸੀ ਕਿ ਹੁਣ ਉਸ ਤੋਂ ਆਪਣਾ ਆਪ ਕਾਬੂ ਨਹੀਂ ਰਹਿ ਸਕਿਆ। ਉਹ ਪੂਰੇ ਜ਼ੋਰ ਨਾਲ ਉਚੀ-ਉਚੀ ਰੋਣ ਲਗ ਗਈ। ਭਾਈ ਭਗੀਰਥ ਜੀ ਨੇ ਸਿਰ ਤੇ ਪਿਆਰ ਦਿਤਾ ਅਤੇ ਕਿਹਾ ਕਿ ਬੇਟੀ! ਜੇਰਾ ਕਰ। ਹੁਣ ਬੋਲਣ ਨੂੰ ਜੀਅ ਕਰਦਾ ਹੈ, ਪਰ ਬੋਲ ਨਹੀਂ ਸਕਦੀ, ਟੁੱਟੇ ਫੁੱਟੇ ਬੋਲਾਂ ਵਿਚ ਕਿਹਾ ਕਿ ਹਾਂ ਇਹ ਓਹੀ ਥਾਂ ਹੈ ਕਿ ਜਿਥੇ ਮੇਰੇ ਨਿਭਾਗਣ ਦੇ ਹੱਥੋਂ ਇਕ ਮਹਾਨ ਸੰਤ ਸ਼ੇਰ ਦੇ ਭੁਲੇਖੇ ਮਾਰਿਆ ਗਿਆ ਸੀ। ਉਸੇ ਦਿਨ ਤੋਂ ਮੈਂ ਬੈਠੀ ਆਪਣੇ ਨਿਭਾਗ ਕਰਮਾਂ ਦਾ ਪ੍ਰਾਸ਼ਚਿਤ ਕਰ ਰਹੀ ਹਾਂ। ਐਨੇ ਨੂੰ ਕੀ ਦੇਖਦੇ ਹਨ ਕਿ ਰਾਜਕੁਮਾਰੀ ਦੇ ਮਾਤਾ ਪਿਤਾ ਬਹੁਤ ਕਾਹਲੀ ਨਾਲ ਪਹੁੰਚ ਰਹੇ ਹਨ। ਉਹ ਹੈਰਾਨ ਹੋਏ ਕਿ ਇਹ ਚੰਗੇ ਲੱਗਣ ਵਾਲੇ ਪੁਰਸ਼ ਇਥੇ ਕਿਸ ਤਰ੍ਹਾਂ ਪਹੁੰਚ ਗਏ ਅਤੇ ਮੱਠ ਦੇ ਅੰਦਰ ਕੀ ਦੇਖਦੇ ਹਨ ਕਿ ਰਾਜਕੁਮਾਰੀ! ਹਉਕੇ ਲੈ ਰਹੀ ਹੈ ਕੋਈ ਗੱਲ ਸਮਝ ਨਹੀਂ ਪੈ ਰਹੀ। ਉਸ ਵੇਲੇ ਬਾਹਰੋਂ ਆਏ ਸੱਜਣਾਂ ਨੇ ਦਸਿਆ ਕਿ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਦੂਰ ਦਰਾਜ਼ ਦੀ ਉਦਾਸੀ ਤੋਂ ਵਾਪਸ ਪੰਜਾਬ ਪਹੁੰਚ ਗਏ ਹਨ ਅਤੇ ਸਾਨੂੰ ਸੂਹ ਮਿਲੀ ਹੈ ਕਿ ਉਹ ਜੰਗਲ ਵਲ ਨੂੰ ਜਾ ਰਹੇ ਹਨ। ਜਿਥੇ ਛੇ ਸਾਲ ਪਹਿਲਾਂ ਇਕ ਰਾਜਕੁਮਾਰੀ ਦੇ ਹੱਥੋਂ ਇਹ ਜੋ ਬਜ਼ੁਰਗ ਹਨ ਜਿਨ੍ਹਾਂ ਦਾ ਨਾਮ ਭਾਈ ਭਗੀਰਥ ਹੈ ਉਨ੍ਹਾਂ ਦਾ ਪ੍ਰਮ ਬੀਤਰਾਗ, ਬ੍ਰਹਮ ਗਿਆਨ ਦੀ ਅਵਸਥਾ ਨੂੰ ਮਾਨਣ ਵਾਲਾ ਹੋਣ ਹਾਰ ਪੁੱਤਰ ਮਾਰਿਆ ਗਿਆ ਸੀ। ਸਾਨੂੰ ਇਹ ਪਤਾ ਵੀ ਲੱਗਿਆ ਕਿ ਉਹ ਰਾਜਕੁਮਾਰੀ ਉਸੇ ਸਮੇਂ ਤੋਂ ਉਸੇ ਥਾਂ ਘੋਰ ਤਪ ਕਰ ਰਹੀ ਹੈ। ਤਪ ਤਾਂ ਅਸੀਂ ਕਹਿ ਨਹੀਂ ਸਕਦੇ ਪਰ ਦ੍ਰਿੜ੍ਹ ਲਗਣ ਨਾਲ ਭਾਈ ਤਿਲੋਕਾ ਵਲੋਂ ਦਸਿਆ ਮਾਰਗ ਮਨ ਵਿਚ ਵਸਾ ਕੇ ਨਾਮ ਸਿਮਰਨ ਕਰ ਰਹੀ ਹੈ। ਅੱਜ ਸਾਨੂੰ ਇਹ ਥਾਂ ਲੱਭ ਗਿਆ, ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਇਸ ਥਾਂ ਜ਼ਰੂਰ ਪਹੁੰਚਣਗੇ ਕਿਉਂਕਿ ਇਹ ਉਨ੍ਹਾਂ ਦਾ ਬਿਰਦ ਹੈ, ਉਸ ਥਾਂ ਜ਼ਰੂਰ ਪਹੁੰਚਦੇ ਹਨ, ਆਪਣੇ ਸੇਵਕਾਂ ਦੇ ਕਾਰਜ ਰਾਸ ਕਰਦੇ ਹਨ, ਸੁਮੱਤ ਦਿੰਦੇ ਹਨ ਅਤੇ ਜੋ ਕਮੀਆਂ ਹਨ, ਉਹ ਪੂਰੀਆਂ ਕਰਕੇ ਉਸ ਨੂੰ ਪ੍ਰਭੂ ਦੀ ਜੋਤ ਨਾਲ ਮਿਲਾ ਦਿੰਦੇ ਹਨ। ਫਿਰ ਕਹਿਣ ਲੱਗੇ ਅਸੀਂ ਬੀਬਾ ਨੂੰ ਪੁਛਿਆ ਕਿ ਕੀ ਇਹ ਓਹੀ ਥਾਂ ਤਾਂ ਨਹੀਂ ਜਿਥੇ ਰਾਜਕੁਮਾਰੀ ਦੇ ਹੱਥੋਂ ਭਾਈ ਤਿਲੋਕਾ ਜੀ ਸ਼ੇਰ ਦੇ ਭੁਲੇਖੇ ਮਾਰੇ ਗਏ ਸਨ। ਐਨਾ ਸੁਣਦੇ ਹੀ ਰਾਜਕੁਮਾਰੀ ਜੀ ਉਸ ਸਮੇਂ ਤੋਂ ਹੀ ਬਹੁਤ ਗਹਿਰੀ ਸੱਟ ਖਾ ਕੇ ਘਾਇਲ ਹੋ ਗਈ ਅਤੇ ਇਨ੍ਹਾਂ ਦੇ ਹੰਝੂਆਂ ਦੀ ਝੜੀ ਬੰਦ ਨਹੀਂ ਹੋ ਰਹੀ। ਭਾਈ ਭਗੀਰਥ ਜੀ ਦੇ ਦਰਸ਼ਨ ਕਰਕੇ ਅਤੇ ਹੋਰ ਪਰਮ ਅਵਸਥਾਵਾਂ ਦੇ ਪ੍ਰਾਪਤ ਕਰਨ ਵਾਲੇ ਗੁਰਸਿੱਖਾਂ ਦੇ ਦਰਸ਼ਨ ਕਰਕੇ, ਜਿਨ੍ਹਾਂ ਦੇ ਦਰਸ਼ਨਾਂ ਵਿਚ ਕੁਦਰਤੀ ਖਿੱਚ ਸੀ, ਰਾਜਾ ਤੇ ਰਾਣੀ ਦਾ ਮਨ ਵੀ ਦਰੱਵ ਗਿਆ। ਕਿਉਂਕਿ ਰਾਜਕੁਮਾਰੀ ਦੇ ਬਿਰਹੁੰ ਦਾ ਜੋ ਦੁੱਖ ਸੀ ਉਸ ਨੂੰ ਸਹਿਨ ਨਹੀਂ ਸੀ ਕਰ ਸਕਦੇ ਅਤੇ ਭਾਈ ਤਿਲੋਕਾ ਜੀ ਦੀ ਯਾਦ ਉਨ੍ਹਾਂ ਦੇ ਹਿਰਦੇ ਵਿਚ ਕਿਸੇ ਤਰ੍ਹਾਂ ਘਟ ਨਹੀਂ ਸੀ ਹੋਈ। ਪਹਿਲਾਂ ਤਾਂ ਉਸ ਨੂੰ ਉਹ ਇਕ ਸਾਧਾਰਨ ਵਿਅਕਤੀ ਹੀ ਸਮਝਦੇ ਸਨ ਪਰ ਜਿਉਂ-ਜਿਉਂ ਰਾਜਕੁਮਾਰੀ ਜੀ ਨੇ ਦਸਿਆ, ਪੰਡਤ ਜੀ ਨੇ ਵੀ ਦਸਿਆ ਤਾਂ ਉਸ ਵੇਲੇ ਤੋਂ ਇਨ੍ਹਾਂ ਦਾ ਭਾਈ ਤਿਲੋਕਾ ਜੀ ਨਾਲ ਪਿਆਰ ਹੋ ਗਿਆ। ਰਾਜਾ ਰਾਣੀ ਦੇ ਨੇਤਰਾਂ

ਵਿਚੋਂ ਵੀ ਜਲ ਵਹਿ ਤੁਰਿਆ ਅਤੇ ਉਹ ਵੀ ਬੋਲ ਨਾ ਸਕੇ। ਗੁਰੂ ਨਾਨਕ ਦੇ ਦਰਸ਼ਨਾਂ ਦੀ ਤਾਂਘ ਉਨ੍ਹਾਂ ਦੇ ਅੰਦਰ ਵੀ ਬਹੁਤ ਲੱਗੀ ਹੋਈ ਸੀ। ਅਚਾਨਕ ਭਾਈ ਭਗੀਰਥ ਜੀ ਨੇ ਪਿਛੇ ਮੁੜ ਕੇ ਦੇਖਿਆ ਤਾਂ ਹੈਰਾਨ ਹੋ ਗਏ ਕਿ ਗੁਰੂ ਨਾਨਕ ਪਾਤਸ਼ਾਹ, ਭਾਈ ਮਰਦਾਨਾ ਤੇ ਭਾਈ ਬਾਲਾ ਜੀ ਸਮੇਤ ਬਹੁਤ ਕਾਹਲੀ-ਕਾਹਲੀ ਇਸ ਪਾਸੇ ਹੀ ਆ ਰਹੇ ਸਨ। ਇਹ ਗੱਲ ਭਾਈ ਭਗੀਰਥ ਜੀ ਗੁਪਤ ਨਾ ਰਖ ਸਕੇ ਉਨ੍ਹਾਂ ਦੇ ਮੂੰਹੋਂ ਨਿਕਲ ਗਿਆ ਕਿ ਗੁਰੂ ਨਾਨਕ ਪਾਤਸ਼ਾਹ ਜੀ ਆ ਗਏ। ਦੇਖਦੇ-ਦੇਖਦੇ ਆਪ ਉਸ ਥਾਂ ਪਹੁੰਚ ਗਏ, ਸਾਰੇ ਗੁਰਸਿੱਖਾਂ ਦੇ ਨੇਤਰਾਂ ਵਿਚ ਜਲ ਸੀ ਅਤੇ ਉਹ ਸਤਿਗੁਰੂ ਦੇ ਚਰਨਾਂ ਉਪਰ ਲੇਟ ਗਏ। ਰਾਜਾ ਅਤੇ ਰਾਣੀ ਰਾਜਕੁਮਾਰੀ ਦੇ ਮਾਤਾ ਪਿਤਾ ਵੀ ਬਿਰਹੁੰ ਭਿੰਨੇ ਹੋਏ ਨੇਤਰਾਂ ਨਾਲ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਨੂੰ ਧੋ ਰਹੇ ਸਨ। ਰਾਜਕੁਮਾਰੀ ਨੇ ਜਦੋਂ ਨੇਤਰ ਖੋਲ੍ਹ ਕੇ ਤੱਕਿਆ ਤਾਂ ਕੀ ਦੇਖਦੀ ਹੈ ਕਿ ਨਿਰਾ ਨੂਰ ਹੀ ਨੂਰ ਜੋ ਸਾਰੇ ਜੰਗਲ ਵਿਚ ਫੈਲਿਆ ਹੋਇਆ ਹੈ, ਪੱਤਿਆਂ ਵਿਚ ਨਜ਼ਰ ਆ ਰਿਹਾ ਹੈ, ਖਾਲੀ ਥਾਂ ਵਿਚ ਨਜ਼ਰ ਆ ਰਿਹਾ ਹੈ ਸਭਨਾਂ ਵਿਚ ਦੇਖ ਰਹੀ ਹੈ, ਇਸ ਦਰਸ਼ਨ ਦੀ ਤਾਬ ਨਾ ਲਿਆ ਕੇ ਉਸ ਦੀ ਚੇਤਨ ਸਤਾ ਮੱਧਮ ਪੈ ਗਈ ਅਤੇ ਚੇਤਨ ਸ਼ਕਤੀ ਜਾਂਦੀ ਰਹੀ। ਉਸ ਵਿਚ ਬੁੱਝਣ ਸ਼ਕਤੀ ਦੀ ਸੂਝ ਬੂਝ ਨਾ ਰਹੀ, ਅਕਲ ਸ਼ਕਤੀ ਵਿਚੋਂ ਚਤੁਰਾਈ ਸਿਆਣਪ ਜਾਂਦੀ ਰਹੀ। ਖਿਆਲ ਸ਼ਕਤੀ ਵਿਚੋਂ ਹੋਰ ਪਾਸਿਆਂ ਦਾ ਧਿਆਨ ਮੁਕ ਗਿਆ ਅਤੇ ਗੱਲ ਦੀ ਤਹਿ ਤਕ ਪਹੁੰਚਣ ਵਾਲੀ ਸ਼ਕਤੀ ਵਿਚੋਂ ਉਹ ਦਸ਼ਾ ਜਾਂਦੀ ਰਹੀ। ਧੀਰਜ ਦਾ ਧੀਰਜਪੁਣਾ ਅਤੇ ਹੰਕਾਰ ਦਾ ਹੰਕਾਰਪੁਣਾ, ਮੈਂ ਦਾ ਮੈਂ ਪੁਣਾ ਜਾਂਦਾ ਰਿਹਾ। ਮਾਇਕ ਪ੍ਰੀਤੀ ਵੀ ਨਾ ਰਹੀ, ਕੇਵਲ ਗੁਰੂ ਪਾਰਬ੍ਰਹਮ ਦੀ ਪ੍ਰੀਤੀ ਵਿਚ ਹੀ ਸੱਚੀ ਸੁੱਚੀ ਮਾਣ-ਪ੍ਰਤਿਸ਼ਟਾ ਪ੍ਰਗਟ ਹੋ ਗਈ। ਸਤਿਗੁਰੂ ਦਾ ਦਰਸ਼ਨ ਵਿਸਮਾਦ ਕਰਨ ਵਾਲਾ, ਅਚੰਭੇ ਤੋਂ ਵੀ ਅਚੰਭਤ ਕਰਨ ਵਾਲਾ, ਹੈਰਾਨੀ ਅਸਚਰਜਤਾ ਵਿਚ ਲੀਨ ਕਰਨ ਵਾਲਾ ਦੇਖਦੇ ਸਾਰ ਸੁਧ ਬੁਧ ਗਵਾ ਕੇ ਧਰਤੀ ਉਪਰ ਗਿਰ ਗਈ। ਭਾਈ ਗੁਰਦਾਸ ਜੀ ਇਸ ਅਵਸਥਾ ਬਾਰੇ ਫੁਰਮਾਨ ਕਰਦੇ ਹਨ -

*ਦਰਸਨ ਦੇਖਤ ਹੀ*
*ਸੁਧਿ ਕੀ ਨ ਸੁਧਿ ਰਹੀ,*
*ਬੁਧਿ ਕੀ ਨ ਬੁਧਿ ਰਹੀ,*
*ਮਤਿ ਮੈ ਨ ਮਤਿ ਹੈ॥*
*ਸੁਰਤਿ ਮੈ ਨ ਸੁਰਤਿ*
*ਅਉ ਧਿਆਨ ਮੈ ਨ ਧਿਆਨੁ ਰਹਿਓ,*
*ਗਿਆਨ ਮੈ ਨ ਗਿਆਨ ਰਹਿਓ,*
*ਗਤਿ ਮੈ ਨ ਗਤਿ ਹੈ॥*
*ਧੀਰਜ ਤੋ ਧੀਰਜ,*
*ਗਰਬ ਕੋ ਗਰਬੁ ਗਇਓ,*
*ਰਤਿ ਮੈ ਨ ਰਤਿ ਰਹੀ,*
*ਪਤਿ ਰਤਿ ਪਤਿ ਹੈ॥*
*ਅਦਭੁਤ ਪਰਮਦਭੁਤ, ਬਿਸਮੈ ਬਿਸਮ,*
*ਅਸਚਰਜੈ ਅਸਚਰਜ, ਅਤਿ ਅਤਿ ਹੈ॥੯॥*

**ਕੱਬਿਤ ਸਵੱਯੇ, ਭਾਈ ਗੁਰਦਾਸ ਜੀ**

ਗੁਰੂ ਨਾਨਕ ਪਾਤਸ਼ਾਹ ਜੀ ਸਾਰਿਆਂ ਨੂੰ ਛੱਡ ਕੇ ਰਾਜਕੁਮਾਰੀ ਦੇ ਛੋਟੇ ਜਿਹੇ ਮੱਠ ਵਿਚ ਪ੍ਰਵੇਸ਼ ਕਰਕੇ ਬੈਠੇ ਹਨ, ਰਾਜਕੁਮਾਰੀ ਦਾ ਸੀਸ ਚੁਕ ਕੇ ਉਨ੍ਹਾਂ ਨੇ ਆਪਣੀ ਗੋਦੀ ਵਿਚ ਰੱਖਿਆ ਹੋਇਆ ਹੈ ਅਤੇ ਉਨ੍ਹਾਂ ਦਾ ਮਹਾਨ ਪਵਿੱਤਰ ਥਰਾਹਟਾਂ ਦੇਣ ਵਾਲਾ ਦਸਤੇ (ਹਥ) ਮੁਬਾਰਕ ਰਾਜਕੁਮਾਰੀ ਦੇ ਸੀਸ ਉਤੇ ਰੱਖਿਆ, ਉਂਗਲੀਆਂ ਸੀਸ ਉਪਰ ਫਿਰ ਰਹੀਆਂ ਹਨ। ਉਸ ਦੀ ਸੁਰਤ ਦਸਮ ਦੁਆਰ ਵਿਚ ਲੀਨ ਹੋਈ ਪਈ ਹੈ। ਉਸ ਅਸਥਾਨ ਦੀ ਮਹਿਮਾ ਕਹੀ ਨਹੀਂ ਜਾ ਸਕਦੀ ਜੋ ਜੋਤੀ ਉਸ ਨੂੰ ਦਸਮ ਦੁਆਰ ਵਿਚ ਪ੍ਰਗਟ ਹੋ ਕੇ ਦਿਸ ਰਹੀ ਹੈ ਉਸ ਦੀ ਕੋਈ ਤੁਲਨਾ ਨਹੀਂ ਕਰ ਸਕਦਾ। ਇਹ ਤਾਂ ਸਤਿਗੁਰੂ ਹੀ ਕਿਸੇ ਨੂੰ ਦਰਸ਼ਨ ਕਰਾਵੇ ਤਾਂ ਉਸ ਨੂੰ ਹੀ ਇਹ ਸ਼ੋਝੀ ਹੈ। ਅਨਹਦ ਸ਼ਬਦਾਂ ਦੀਆਂ ਧੁਨੀਆਂ ਜੋ ਅਨੰਦ ਦੇ ਰਹੀਆਂ ਹਨ, ਸਤਿਗੁਰੂ ਦੀ ਕ੍ਰਿਪਾ ਨਾਲ ਹੀ ਉਸ ਵਿਚ ਲਿਵ ਲਗਦੀ ਹੈ। ਇਸ ਅਵਸਥਾ ਨੂੰ ਰਾਜਕੁਮਾਰੀ ਮਾਣ ਰਹੀ ਹੈ। ਸਤਿਗੁਰੂ ਰਾਹੀਂ ਉਸ ਦਾ ਅਨੁਭਵ ਹੋਇਆ ਕਰਦਾ ਹੈ। ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ -

*ਦਸਮ ਸਥਾਨ ਕੇ ਸਮਾਨਿ*
*ਕਉਨ ਭਉਨ ਕਹੌ,*
*ਗੁਰਮਖਿ ਪਾਵੈ ਸੁ ਤਉ,*
*ਅਨਤ ਨ ਪਾਵਈ॥*
*ਉਨਮਨੀ ਜੋਤਿ ਪਟੰਤਰ ਦੀਜੈ*
*ਕਉਨ ਜੋਤਿ,*
*ਦਇਆ ਕੈ ਦਿਖਾਵੈ ਜਾਹੀ,*
*ਤਾਹੀ ਬਨਿ ਆਵਈ॥*
*ਅਨਹਦ ਨਾਦ ਸਮਸਰਿ ਨਾਦ ਬਾਦ ਕਉਨ,*
*ਸ੍ਰੀ ਗੁਰੂ ਸੁਨਾਵੈ ਜਾਹਿ,*
*ਸੋਈ ਲਿਵ ਲਾਵਈ॥*
*ਨਿਝਰ ਅਪਾਰ ਧਾਰ*
*ਤੁਲਿ ਨ ਅੰਮ੍ਰਿਤ ਰਸ,*
*ਅਪਿਉ ਪੀਆਵੈ ਜਾਹਿ,*
*ਤਾਹੀ ਮੈ ਸਮਾਵਈ॥੧੦॥*

**ਕੱਬਿਤ ਸਵੱਯੇ, ਭਾਈ ਗੁਰਦਾਸ ਜੀ**

ਉਨਮਨੀ ਜੋਤ ਜਗ ਮਗ ਕਰ ਰਹੀ ਹੈ। ਮੇਰੇ ਸਤਿਗੁਰੂ ਦੇ ਛੋਂਹਦਿਆਂ ਹੀ ਬਜਰ ਕਪਾਟ ਖੁਲ੍ਹ ਗਏ। ਅਨਹਦ ਵਿਚ ਲਿਵ ਲਗ ਗਈ, ਨਿਝਰ ਧਾਰ ਅੰਮ੍ਰਿਤ ਦੀ ਵਗ ਤੁਰੀ ਜਿਵੇਂ ਕਿ ਫੁਰਮਾਨ ਹੈ -

*ਗੁਰ ਸਿਖ ਸੰਧਿ ਮਿਲੇ,*
*ਬੀਸ ਇਕ ਈਸ ਈਸ,*
*ਇਤ ਤੇ ਉਲੰਘਿ,*
*ਉਤ ਜਾਇ ਠਹਰਾਵਈ॥*
*ਚਰਮ-ਦ੍ਰਿਸਟਿ ਮੂੰਦ,*
*ਪੇਖੈ ਦਿਬ-ਦ੍ਰਿਸਟਿ ਕੈ,*
*ਜਗਮਗ ਜੋਤਿ ਉਨਮਨੀ ਸੁਧਿ ਪਾਵਈ॥*
*ਸੁਰਤਿ ਸੰਕੋਚਤ ਹੀ,*
*ਬਜਰ ਕਪਾਟ ਖੋਲਿ,*

*ਨਾਦ ਬਾਦ ਪਰੈ,*
*ਅਨਹਤ ਲਿਵ ਲਾਵਈ॥*
*ਬਚਨ ਬਿਸਰਜਿਤ*
*ਅਨ ਰਸ ਰਹਿਤ ਹੁਇ,*
*ਨਿਝਰ ਅਫਾਰ ਧਾਰ*
*ਅਪਿਉ ਪੀਆਵਈ॥੧੧॥*

*ਕਬਿੱਤ ਸਵੱਯੇ, ਭਾਈ ਗੁਰਦਾਸ ਜੀ*

ਇਸ ਤਰ੍ਹਾਂ ਦਾ ਦਰਸ਼ਨ ਬਹੁਤ ਹੀ ਅਲੌਕਿਕ ਹੈ ਇਹ ਅਵਸਥਾ ਬਹੁਤ ਹੀ ਸੁਭਾਗੇ ਗੁਰਮੁਖਾਂ ਨੂੰ ਪ੍ਰਾਪਤ ਹੋਇਆ ਕਰਦੀ ਹੈ। ਗੁਰਮਤਿ ਸਹਿਜ ਯੋਗ ਵਿਚ ਹੱਠ ਯੋਗ ਦੀ ਸਾਧਨਾ ਦੀ ਕੋਈ ਥਾਂ ਨਹੀਂ ਹੈ। ਇਹ ਪਿਆਰ ਪ੍ਰੇਮ ਤੇ ਸਿਮਰਨ ਦਾ ਮਾਰਗ ਹੈ। ਗੁਰਮੁਖ ਪਿਆਰੇ ਜਿਨ੍ਹਾਂ ਨੇ ਗੁਰਮਤਿ ਦੇ ਚਾਨਣੇ ਵਿਚ ਘਾਲ ਕਮਾਈਆਂ ਕੀਤੀਆਂ ਹੁੰਦੀਆਂ ਹਨ ਉਨ੍ਹਾਂ ਨੂੰ ਇਹ ਅਵਸਥਾਵਾਂ ਪ੍ਰਾਪਤ ਹੋਇਆ ਕਰਦੀਆਂ ਹਨ। ਭਾਈ ਤਿਲੋਕਾ ਜੀ ਨੇ ਇਸ ਰਾਜਕੁਮਾਰੀ ਨੂੰ ਨਾਮ ਮਾਰਗ ਦੀ ਸੋਝੀ ਦਿਤੀ ਸੀ ਜਿਸ ਕਰਕੇ ਇਹ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਦੇ ਸਾਰ ਉਚੀ ਅਵਸਥਾ ਵਿਚ ਪਹੁੰਚ ਗਈ, ਇਸ ਦੇ ਬਾਰੇ ਐਸਾ ਫੁਰਮਾਨ ਕਰਦੇ ਹਨ ਕਿ ਸਬਦ ਸੁਰਤ ਅਬਿਨਾਸੀ ਦੇ ਪ੍ਰਾਣ ਜਦੋਂ ਨਾਭ ਨਿਵਾਸ ਦੇ ਠਹਿਰਾਓ ਵਿਚ ਸੁਖ ਮਾਣ ਰਹੇ ਹੁੰਦੇ ਹਨ ਤਾਂ ਇਕ ਦਮ ਇਹ ਅਵਸਥਾ ਆ ਜਾਂਦੀ ਹੈ ਕਿ ਜਿਵੇਂ ਮੱਛੀ ਪਾਣੀ ਵਿਚੋਂ ਉਛਲ ਕੇ ਦੂਰ ਛਾਲ ਮਾਰਦੀ ਹੈ, ਇਸ ਤਰ੍ਹਾਂ ਸੁਰਤ ਰੂਪ ਮੱਛੀ ਸੁਆਸਾਂ ਨੂੰ ਬਾਹਰ ਤੋਂ ਅੰਦਰ ਵਲ ਉਲਟਾ ਕੇ, ਪਵਨ ਵਰਗੇ ਚੰਚਲ ਮਨ ਨੂੰ ਮੱਛੀ ਦੀ ਚੰਚਲ-ਚਾਲ ਵਾਂਗ ਸਤਿਗੁਰੂ ਦੇ ਸ਼ਬਦ ਨਾਲ ਪਰਚਾ ਪਾਉਣ ਕਰਕੇ ਪਰਮ ਪਦ ਪਾਉਣ ਕਾਰਨ ਪ੍ਰਾਪਤ ਹੁੰਦੀ ਹੈ। ਫੇਰ ਇੜਾ, ਪਿੰਗਲਾ, ਸੁਖਮਨਾ ਨਾੜੀਆਂ ਹੀ ਰਸ ਭਰਪੂਰ ਹੋ ਜਾਂਦੀਆਂ ਹਨ ਅਤੇ ਤੇਜਮਈ ਚਾਨਣੇ ਨਾਲ ਜਗਮਗਾ ਉਠਦੀਆਂ ਹਨ। ਚੰਦਰਮਾ ਨਾੜੀ ਬੰਨ ਲਗਾ ਦਿੰਦੀ ਹੈ ਅਤੇ ਅੰਮ੍ਰਿਤ ਦਾ ਰਸ ਪ੍ਰਾਪਤ ਹੁੰਦਾ ਹੈ। ਆਦਿ ਨਾਲ ਆਦਿ ਮਿਲ ਕੇ, ਜਲ ਨਾਲ ਜਲ ਮਿਲ ਕੇ ਸਹਿਜ ਸੁਖ ਵਿਚ ਸਮਾਈ ਹੋ ਜਾਂਦੀ ਹੈ ਜਿਵੇਂ ਕਿ ਫੁਰਮਾਨ ਹੈ

*ਉਲਟਿ ਪਵਨ ਮਨ*
*ਮੀਨ ਕੀ ਚਪਲ ਗਤਿ,*
*ਸਤਿਗੁਰ ਪਰਚੇ ਪਰਮ ਪਦ ਪਾਏ ਹੈ॥*
*ਸੂਰ ਸਰ ਸੋਖਿ,*
*ਪੋਖਿ ਸੋਮ ਸਰ ਪੂਰਨ ਕੈ,*
*ਬੰਧਨ ਦੈ ਮ੍ਰਿਤ ਸਰ ਅਪਿਅ ਪੀਆਏ ਹੈ॥*
*ਅਜਰਹਿ ਜਾਰਿ,*
*ਮਾਰਿ ਅਮਰਹਿ ਭ੍ਰਾਂਤਿ ਛਾਡਿ,*
*ਅਸਥਿਰ ਕੰਧ ਹੰਸ ਅਨਤ ਨ ਧਾਏ ਹੈ॥*
*ਆਦੈ ਆਦਿ ਨਾਦੈ ਨਾਦਿ*
*ਸਲਿਲੈ ਸਲਿਲ ਮਿਲਿ,*
*ਬ੍ਰਹਮੈ ਬ੍ਰਹਮ ਮਿਲਿ*
*ਸਹਜਿ ਸਮਾਏ ਹੈ॥੧੬॥*

*ਕਬਿੱਤ ਸਵੱਯੇ, ਭਾਈ ਗੁਰਦਾਸ ਜੀ*

ਇਸ ਧਿਆਨ ਵਿਚ, ਇਸ ਅਵਸਥਾ ਵਿਚ ਵੱਡੇ ਯੋਗੀ ਜਨ ਨਹੀਂ ਪਹੁੰਚ ਸਕਿਆ ਕਰਦੇ, ਇਹ ਬਹੁਤ ਹੀ ਦੁਰਲੱਭ ਹੈ, ਕਿਸੇ ਤਰ੍ਹਾਂ ਵੀ ਨਹੀਂ ਜਾਣੀ ਨਹੀਂ ਜਾਂਦੀ। ਇਹ ਉਚ ਅਵਸਥਾ ਨੂੰ ਕੇਵਲ ਪੂਰਾ ਸਤਿਗੁਰੂ ਹੀ ਜਣਾ ਸਕਦਾ ਹੈ ਜਿਵੇਂ ਕਿ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -

*ਸਿਧ ਨਾਥ ਜੋਗੀ*
*ਜੋਗ-ਧਿਆਨ ਮੈ ਨ ਆਨ ਸਕੇ,*
*ਬੇਦ ਪਾਠ ਕਰਿ ਬ੍ਰਹਮਾਦਿਕ ਨ ਜਾਨੇ ਹੈ॥*
*ਅਧਯਾਤਮ ਗਿਆਨ ਕੈ*
*ਨ ਸਿਵ ਸਨਕਾਦਿ ਪਾਏ,*
*ਜੋਗ ਭੋਗ ਮੈ ਨ ਇੰਦ੍ਰਾਦਿਕ ਪਹਿਚਾਨੇ ਹੈ॥*
*ਨਾਮ ਸਿਮਰਨ ਕੈ*
*ਸੇਖਾਦਿਕ ਨ ਸੰਖਯਾ ਜਾਨੀ,*
*ਬ੍ਰਹਮਚਰਜ ਨਾਰਦਾਦਿਕ ਹਿਰਾਨੇ ਹੈ॥*
*ਨਾਨਾ ਅਵਤਾਰ ਕੈ ਅਪਾਰ ਕੋ*
*ਨ ਪਾਰ ਪਾਇਓ,*
*ਪੂਰਨ ਬ੍ਰਹਮ ਗੁਰ ਸਿਖ*
*ਮਨਿ ਮਾਨੇ ਹੈ।।੨੧॥*

*ਕਬਿੱਤ ਸਵੱਯੇ, ਭਾਈ ਗੁਰਦਾਸ ਜੀ*

ਗੁਰੂ ਮਹਾਰਾਜ ਜੀ ਨੇ ਪਿਆਰ ਦੇ ਕੇ ਬੀਬਾ ਨੂੰ ਸੁਰਜੀਤ ਕੀਤਾ, ਚੇਤੰਨਤਾ ਦਾ ਹੁਲਾਰਾ ਆਇਆ, ਸੁਰਤ ਪਰਤੀ ਅਤੇ ਦਰਸ਼ਨ ਦੀ ਤਾਬ ਲੈ ਆਉਣ ਦੀ ਸ਼ਕਤੀ ਆਪ ਨੇ ਬਖਸ਼ੀ। ਇਸ ਤਰ੍ਹਾਂ ਬਹੁਤ ਦੇਰ ਤਕ ਗੁਰੂ ਮਹਾਰਾਜ ਜੀ ਬੀਬਾ ਨੂੰ ਪਿਆਰ ਦਿੰਦੇ ਰਹੇ ਅਤੇ ਉਸ ਦੇ ਅੰਤਰੀਵੀ ਨੈਣ ਖੁਲ੍ਹ ਦਿਤੇ। ਹੁਣ ਜਦੋਂ ਉਹ ਨੇਤਰ ਖੋਲ੍ਹ ਕੇ ਤਕਦੀ ਹੈ ਤਾਂ ਗੁਰੂ ਨਾਨਕ ਸਰੂਪ ਤਕਦੀ-ਤਕਦੀ ਉਨ੍ਹਾਂ ਨੂੰ ਨਿਰਾ ਹੀ ਨੂਰ ਦੇਖ ਰਹੀ ਹੈ, ਓਹੀ ਨੂਰ ਆਪਣੇ ਅੰਦਰ ਵੀ ਤਕ ਰਹੀ ਹੈ ਅਤੇ ਵਣ, ਤ੍ਰਿਣ, ਪਰਬਤ, ਘਾਹ, ਫੂਸ ਹਰ ਥਾਂ ਉਤੇ ਨੂਰ ਦੀ ਝਲਕਾਰ ਵਜ ਰਹੀ ਹੈ।

ਉਸ ਵੇਲੇ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਬੇਟੀ! ਦੇਖ ਤੂੰ ਸਰੀਰ ਨਹੀਂ ਹੈਂ, ਸਰੀਰ ਤੇਰੇ ਰਹਿਣ ਦੀ ਥਾਂ ਹੈ, ਤੂੰ ਜੀਵ ਆਤਮਾ ਨਹੀਂ ਹੈਂ, ਜੀਵ ਉਪਾਧੀ ਮਾਇਆ ਦੇ ਪਾਏ ਹੋਏ ਅਗਿਆਨ ਕਰਕੇ ਪ੍ਰਤੀਤ ਦਿੰਦੀ ਹੈ ਤੂੰ ਨਿਰਾ ਨੂਰ ਹੈਂ, ਤੂੰ ਆਤਮਾ ਹੈਂ, ਬ੍ਰਹਮ ਹੈਂ। ਤੂੰ ਛੋਟੀ ਜਿਹੀ ਮੈਂ ਨਹੀਂ ਹੈਂ, ਪਰ ਸਾਰੇ ਬ੍ਰਹਿਮੰਡ ਵਿਚ ਫੈਲੀ ਹੋਈ ਆਤਮਾ ਹੈਂ, ਆਪਣੇ ਸਰੂਪ ਨੂੰ ਪਛਾਣ। ਪਿਆਰਾ ਬੇਟਾ ਭਾਈ ਤਿਲੋਕਾ ਤੈਨੂੰ ਸਭ ਕੁਝ ਸਮਝਾ ਗਏ ਸੀ, ਇੰਨੇ ਨੂੰ ਰਾਜਕੁਮਾਰੀ ਉਸੇ ਰਸ ਵਿਚ ਲੀਨ ਅਜੇ ਤਕ ਬੋਲ ਨਹੀਂ ਸਕੀ ਅਤੇ ਨਾ ਹੀ ਕੋਈ ਆਦਰ ਸਤਿਕਾਰ ਦੇ ਬਚਨ ਕਹਿ ਸਕੀ ਸੀ। ਉਸ ਦੀ ਹੋਂਦ ਹੀ ਖਤਮ ਹੋ ਗਈ। ਉਸ ਵਿਚੋਂ ਮੈਂ ਭਾਵ ਪੂਰੀ ਤਰ੍ਹਾਂ ਜਾਂਦਾ ਰਿਹਾ। ਉਹ ਸਚਿਆਰ ਹੋ ਗਈ, ਕੀ ਵੇਖਦੀ ਹੈ ਕਿ ਇਸ ਸੰਸਾਰ ਵਿਚ ਇਕੋ ਹੁਕਮ ਵਰਤ ਰਿਹਾ ਨਜ਼ਰ ਆ ਰਿਹਾ ਹੈ, ਉਸ ਹੁਕਮ ਵਿਚ ਚੱਲਣ ਵਾਲੇ ਸਚਿਆਰ ਹੋ ਜਾਂਦੇ ਹਨ। ਅਗਿਆਨ ਅਤੇ ਕੂੜ ਨੇ ਹਉਮੈ ਦੀ ਕਰਾਰੀ ਭੀਤ ਖੜ੍ਹੀ ਕੀਤੀ ਹੋਈ ਹੈ ਉਹ ਇਸ ਗਿਆਨ

ਦੇ ਉਦੈ ਹੁੰਦੇ ਹੀ ਛਿਨ ਭਿੰਨ ਹੋ ਜਾਂਦੀ ਹੈ। ਦ੍ਵੈਤ ਕਿਤੇ ਵੀ ਨਹੀਂ ਰਹਿੰਦੀ, ਦਿਸਦਾ ਕੀ ਹੈ? ਹਰ ਥਾਂ ਉਪਰ ਤੂੰ ਹੀ ਤੂੰ, ਇਕੋ ਨੂਰ ਜੋ ਪਿਆਰਾਂ ਦਾ ਭਰਿਆ ਹੋਇਆ ਹੈ, ਗੁਰੂ ਨਾਨਕ ਉਸੇ ਨੂਰ ਦਾ ਪ੍ਰਤੀਕ ਨਜ਼ਰ ਆ ਰਿਹਾ ਹੈ ਜੋ ਕੁਝ ਉਸ ਨੇ ਪਾਉਣਾ ਸੀ ਪਾ ਲਿਆ। ਉਸ ਨੂੰ ਆਪਣੇ ਸਤਿਗੁਰੂ ਹੀ ਨਜ਼ਰ ਆ ਰਹੇ ਹਨ, ਘਟ-ਘਟ ਵਿਚ ਰਮੇ ਹੋਏ। ਕੋਈ ਥਾਂ ਐਸਾ ਨਹੀਂ ਜਿਥੇ ਉਹ ਨਜ਼ਰੀਂ ਨਾ ਆਉਣ। ਗੁਰੂ ਨਾਨਕ ਪਾਤਸ਼ਾਹ ਉਸ ਦੇ ਮਨ ਦੀ ਸਾਰੀ ਅਵਸਥਾ ਨੂੰ ਸਮਝ ਰਹੇ ਸਨ ਅਤੇ ਕਿਹਾ ਕਿ ਬੇਟਾ! ਜੋ ਤੂੰ ਹੁਣ ਅਨੁਭਵ ਕਰ ਰਹੀ ਹੈਂ, ਇਹੋ ਆਤਮਾ ਹੈ, ਇਸ ਆਤਮਾ ਦਾ ਵਾਸਾ ਹੀ ਸਚਿਆਰ ਬਣਾਉਂਦਾ ਹੈ, ਇਕੋ ਆਤਮਾ ਆਪਣਾ ਖੇਲ੍ਹ ਕਰ ਰਹੀ ਹੈ।

ਆਪਣੀ ਕ੍ਰਿਪਾ ਕਰਕੇ ਇਹ ਗਿਆਨ ਦ੍ਰਿੜ੍ਹ ਕਰਾ ਦਿਤਾ, ਨਿਸ਼ਚੇ ਕਰਾ ਦਿਤਾ ਅਤੇ ਕਿਹਾ ਕਿ ਇਸ ਅਜ਼ਲੀ ਹੁਕਮ ਵਿਚ ਆਪਣੇ ਜੀਵਨ ਨੂੰ ਤੋਰਨਾ ਹੈ। ਵਾਹਿਗੁਰੂ ਜੀ ਸਰਬ ਕਲਾ ਸਮਰੱਥ ਹਨ, ਇਕੱਲਾ-ਇਕੱਲਾ ਜੀਵ ਹੁਕਮ ਵਿਚ ਚਲ ਰਿਹਾ ਹੈ। ਸੁਜਾਨ ਸਤਿਗੁਰੂ ਜੀ ਨੇ ਇਸ ਸਰੀਰ ਵਿਚ ਹੀ ਉਹ ਘਰ ਦਿਖਾ ਦਿਤਾ ਜਿਸ ਬਾਰੇ ਗੁਰਬਾਣੀ ਵਿਚ ਫੁਰਮਾਨ ਆਉਂਦਾ ਹੈ -

*ਘਰ ਮਹਿ ਘਰੁ ਦੇਖਾਇ ਦੇਇ ਸੋ*
*ਸਤਿਗੁਰ ਪੁਰਖੁ ਸੁਜਾਣੁ॥*
*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ*
*ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ*
*ਸਾਚਿ ਤਖਤਿ ਸੁਲਤਾਨੁ॥*
*ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ*
*ਮਨਸਾ ਮਨਹਿ ਸਮਾਇ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ॥*
*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ॥*
*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ॥ ਪੰਨਾ - 1291*

ਹੁਣ ਗੁਰੂ ਨਾਨਕ ਪਾਤਸ਼ਾਹ ਨੇ ਸਾਰਿਆਂ ਨੂੰ ਪਿਆਰ ਦਿਤਾ। ਭਾਈ ਭਗੀਰਥ, ਭਾਈ ਜੋਧ ਅਤੇ ਭਾਈ ਫਿਰਨਾ ਆਦਿ ਗੁਰਸਿੱਖਾਂ ਤੋਂ ਸੁਖ ਸਾਂਦ ਪੁਛੀ ਅਤੇ ਰਾਜਾ ਰਾਣੀ ਨੂੰ ਪਿਆਰ ਦਿਤਾ। ਪਿਆਰ ਦਿੰਦੇ ਸਾਰ ਰਾਜਾ ਅਤੇ ਰਾਣੀ ਦੇ ਅਗਿਆਨ ਦੇ ਛੋੜ ਕੱਟੇ ਗਏ, ਅਗਿਆਨ ਦਾ ਹਨ੍ਹੇਰਾ ਇਕ ਦਮ ਦੂਰ ਹੋ ਗਿਆ। ਜਿਸ ਆਤਮਾ ਦਾ ਜ਼ਿਕਰ ਰਾਜਕੁਮਾਰੀ ਮਾਤਾ ਪਿਤਾ ਨਾਲ ਕਰਿਆ ਕਰਦੀ ਸੀ, ਉਹ ਪ੍ਰਤੱਖ ਰੂਪ ਵਿਚ ਉਨ੍ਹਾਂ ਨੂੰ ਪ੍ਰਗਟ ਕਰਕੇ ਦਿਖਾ ਦਿਤੀ। ਅਨੁਭਵ ਵਿਚ ਪ੍ਰਕਾਸ਼ ਕਰਾ ਦਿਤਾ, ਮੇਹਰ ਹੋ ਗਈ।

ਹੁਣ ਰਾਜਾ ਰਾਣੀ ਨੇ ਬੇਨਤੀ ਕੀਤੀ ਕਿ ਮਹਾਰਾਜ! ਜੰਗਲ ਵਿਚ ਬੈਠੇ ਹਾਂ ਥੋੜ੍ਹੀ ਦੂਰ ਹੀ ਲੰਘ ਕੇ ਰਾਜ ਮਹਿਲ ਆ ਜਾਣੇ ਹਨ ਜੋ ਆਪ ਦੇ ਹੀ ਹਨ, ਉਨ੍ਹਾਂ ਨੂੰ ਪਵਿੱਤਰ ਕਰੋ ਅਤੇ ਉਥੇ ਨਿਵਾਸ ਕਰੋ। ਐਨਾ ਚਿਰ ਲੰਘਦੇ ਸਾਰ ਉਸ ਰਾਜੇ ਨੇ ਗੁਪਤ ਰੂਪ ਵਿਚ ਆਪਣੇ ਸੇਵਕਾਂ ਨੂੰ ਕਹਿ ਦਿਤਾ ਸੀ ਕਿ ਸਵਾਰੀਆਂ ਲੈ ਕੇ ਆਉਣ, ਉਸ ਵੇਲੇ ਸਵਾਰੀਆਂ ਪਹੁੰਚ ਗਈਆਂ ਅਤੇ ਗੁਰੂ ਮਹਾਰਾਜ ਜੀ ਨੂੰ ਉਨ੍ਹਾਂ ਵਿਚ ਸਵਾਰ ਕਰਕੇ ਮਹਿਲਾਂ ਵਿਚ ਲੈ ਆਂਦਾ। ਜੋ ਖੁਸ਼ੀਆਂ ਉਸ ਪਰਿਵਾਰ ਨੂੰ ਮਿਲੀਆਂ ਉਹ ਕਹਿਣ ਤੋਂ ਬਾਹਰ ਹਨ, ਦਸੀਆਂ ਨਹੀਂ ਜਾਂਦੀਆਂ। ਜੋ ਅਨੰਦ ਉਨ੍ਹਾਂ ਨੇ ਮਾਣਿਆ ਉਸ ਨੂੰ ਉਹ ਵੀ ਨਹੀਂ ਦਸ ਸਕੇ।

ਗੁਰੂ ਮਹਾਰਾਜ ਜੀ ਪਿਆਰ ਦੇ ਬੰਨ੍ਹੇ ਹੋਏ ਕਈ ਮਹੀਨੇ ਉਥੇ ਸਤਿਸੰਗ ਕਰਦੇ ਰਹੇ। ਇਸ ਸਮੇਂ ਵਿਚ ਦੂਰ-ਦੂਰ ਤੋਂ ਜਗਿਆਸੂ ਜਨ ਸੁਣ-ਸੁਣ ਕੇ ਗੁਰਮਤਿ ਦੇ ਧਾਰਨੀ ਬਣਦੇ ਰਹੇ। ਗੁਰੂ ਮਹਾਹਾਜ ਜੀ ਨੇ ਅਪਾਰ ਕ੍ਰਿਪਾ ਕਰਕੇ ਉਨ੍ਹਾਂ ਨੂੰ ਭਵਸਾਗਰ ਤੋਂ ਪਾਰ ਕਰਾ ਦਿਤਾ ਅਤੇ ਗੁਰਸਿੱਖੀ ਮੰਡਲ ਤਿਆਰ ਹੋ ਗਿਆ। ਉਸ ਵੇਲੇ ਮਹਾਰਾਜ ਜੀ ਨੇ ਰਾਜਾ ਰਾਣੀ ਨੂੰ ਬੁਲਾਇਆ ਅਤੇ ਕਿਹਾ ਕਿ ਇਹ ਜੋ ਤੁਹਾਨੂੰ ਨਰ ਔਲਾਦ ਦੇ ਦਿਤੀ ਹੈ, ਇਹ ਬੱਚਾ ਗੁਰਸਿੱਖ ਬਣੇਗਾ ਅਤੇ ਗੁਰਮਤਿ ਕਮਾਈ ਕਰਕੇ ਆਪ ਵੀ ਨਾਮ ਜਪੇਗਾ ਅਤੇ ਇਸ ਰਾਜ ਵਿਚ ਭੁੱਲੇ ਭਟਕਿਆਂ ਨੂੰ ਪ੍ਰਭੂ ਦੇ ਲੜ ਲਾਉਂਦਾ ਰਹੇਗਾ। ਬੀਬਾ ਨੂੰ ਇਹ ਬਹੁਤ ਪਿਆਰ ਕਰੇਗਾ। ਸੋ ਇਸ ਕਰਕੇ ਹੁਣ ਤੁਸੀਂ ਰਾਜਕੁਮਾਰੀ ਨੂੰ ਮੰਗਣ ਵਿਆਹੁਣ ਦੀ ਕੋਈ ਗੱਲ ਨਾ ਸੋਚੋ ਤਾਂ ਚੰਗਾ ਹੀ ਰਹੇਗਾ ਕਿਉਂਕਿ ਇਸ ਦੀ ਜੋ ਅਵਸਥਾ ਹੈ ਬੀਤਰਾਗ ਪੁਰਸ਼ਾਂ ਵਾਲੀ ਹੋ ਗਈ। ਇਹ ਸੰਗਤ ਨੂੰ ਸਾਂਭੇਗੀ ਅਤੇ ਆਪਣੇ ਜੀਵਨ ਕਾਲ ਵਿਚ ਲੱਖਾਂ ਪ੍ਰਾਣੀਆਂ ਨੂੰ ਪ੍ਰਭੂ ਦਾ ਰਸਤਾ ਦਸੇਗੀ। ਇਸ ਲਈ ਤੁਸੀਂ ਵੱਖਰਾ ਸਤਿਸੰਗ ਘਰ ਬਣਾ ਕੇ ਦੇ ਦੇਵੋ, ਆਪ ਵੀ ਸਿਮਰਨ ਕਰੋ ਅਤੇ ਪ੍ਰਜਾ ਨੂੰ ਵੀ ਇਸ ਰਸਤੇ ਤੇ ਲਾਓ। ਇਸ ਤਰ੍ਹਾਂ ਸੁਖਾਂ ਦੀ ਵਰਸ਼ਾ ਹੁੰਦੀ ਰਹੇਗੀ ਅਤੇ ਇਸ ਤਰ੍ਹਾਂ ਸਚਿਆਰ ਜੀਵਨ ਦੀ ਪ੍ਰਾਪਤੀ ਬੀਬਾ ਨੂੰ ਤਾਂ ਹੋਈ ਹੋਈ ਹੀ ਹੈ, ਇਸ ਰਾਹੀਂ ਅਨੇਕ ਪ੍ਰਾਣੀਆਂ ਨੂੰ ਵੀ ਹੋਵੇਗੀ। ਸੱਚ ਨੂੰ ਅੱਖੋਂ ਓਹਲੇ ਕਰਕੇ ਆਪਣੇ ਆਪ ਨੂੰ ਜੀਵ ਸਮਝਣਾ, ਇਹ ਕੂੜ ਦੀ ਦੀਵਾਰ ਹੈ ਜਦੋਂ ਹੁਕਮ ਨਾਲ ਇਕ ਹੋ ਜਾਂਦਾ ਹੈ ਅਤੇ ਆਪਣੀ ਹਉਮੈ ਨੂੰ ਗਵਾ ਕੇ ਆਪਣੇ ਅੰਦਰ ਇਕ ਪ੍ਰਕਾਸ਼ ਨੂੰ ਤਕਦਾ ਹੈ, ਦੂਜਾ ਦ੍ਰਿਸ਼ਟੀ ਵਿਚ ਨਹੀਂ ਆਉਂਦਾ। ਉਸ ਵੇਲੇ ਦਾ ਜੋ ਜੀਵਨ ਹੋਇਆ ਕਰਦਾ ਹੈ ਉਸ ਨੂੰ ਸਚਿਆਰ ਜੀਵਨ ਕਿਹਾ ਜਾਂਦਾ ਹੈ, ਬ੍ਰਹਮਗਿਆਨੀ ਵੀ ਕਿਹਾ ਜਾਂਦਾ ਹੈ। ਗੁਰਮਤਿ ਕਿਸੇ ਖੇਚਲ ਭਰੇ ਸਾਧਨ ਨੂੰ ਨਹੀਂ ਅਪਣਾਉਂਦੀ। ਸਗੋਂ ਸਹਿਜ ਨਾਲ ਹੀ ਕਿਰਤ ਕਰਦਿਆਂ, ਆਪਣੇ ਸਾਰੇ ਫਰਜ਼ ਪੂਰੇ ਕਰਦਿਆਂ, ਸੱਚ ਨੂੰ ਪਛਾਣ ਕੇ ਹੁਕਮ ਰਜ਼ਾ ਵਿਚ ਚਲ ਕੇ ਜੋ ਜੀਵਨ ਜੀਵਿਆ

ਜਾਂਦਾ ਹੈ ਉਹ ਸਚਿਆਰ ਜੀਵਨ ਹੋਇਆ ਕਰਦਾ ਹੈ। ਸੋ ਜਦੋਂ ਅੰਦਰ ਸੱਚ ਆ ਗਿਆ, ਸੱਚਾ ਨਾਮ ਉਸ ਦੇ ਮੁੱਖ ਤੋਂ ਬੋਲਿਆ ਜਾਂਦਾ ਹੈ ਉਹ ਆਪ ਸੱਚ ਦੇ ਮਾਰਗ ਤੇ ਚਲਦਾ ਹੈ ਅਤੇ ਹੋਰ ਸੰਸਾਰ ਨੂੰ ਵੀ ਚਲਾਉਂਦਾ ਹੈ। ਜਿਵੇਂ ਕਿ ਫੁਰਮਾਨ ਹੈ -

*ਜਿਸ ਦੈ ਅੰਦਰਿ ਸਚੁ ਹੈ*
*ਸੋ ਸਚਾ ਨਾਮੁ ਮੁਖਿ ਸਚੁ ਅਲਾਏ॥*
*ਓਹੁ ਹਰਿ ਮਾਰਗਿ ਆਪਿ ਚਲਦਾ*
*ਹੋਰਨਾ ਨੋ ਹਰਿ ਮਾਰਗਿ ਪਾਏ॥*
*ਪੰਨਾ - 140*

ਬਾਬਾ ਫਰੀਦ ਜੀ ਵੀ ਫੁਰਮਾਨ ਕਰਦੇ ਹਨ -

*ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥*
*ਜਿਨ ਮਨਿ ਹੋਰੁ ਮੁਖਿ ਹੋਰੁ*
*ਸਿ ਕਾਂਢੇ ਕਚਿਆ॥*
*ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥*
*ਵਿਸਰਿਆ ਜਿਨ ਨਾਮੁ*
*ਤੇ ਭੁਇ ਭਾਰੁ ਥੀਏ॥*
*ਆਪਿ ਲੀਏ ਲੜਿ ਲਾਇ*
*ਦਰਿ ਦਰਵੇਸ ਸੇ॥*
*ਤਿਨ ਧੰਨੁ ਜਣੇਦੀ ਮਾਉ*
*ਆਏ ਸਫਲੁ ਸੇ॥*
*ਪਰਵਦਗਾਰ ਅਪਾਰ ਅਗਮ ਬੇਅੰਤ ਤੂ॥*
*ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥*
*ਪੰਨਾ - 488*

ਹੁਣ ਗੁਰੂ ਮਹਾਰਾਜ ਜੀ ਸਾਰਿਆਂ ਨੂੰ ਸੁਮੱਤ ਦੇ ਕੇ ਪਿਆਰ ਦੇ ਕੇ ਜਦੋਂ ਤੁਰਨ ਦੀ ਤਿਆਰੀ ਕਰਨ ਲੱਗੇ ਉਸ ਵੇਲੇ ਰਾਜਕੁਮਾਰੀ ਦੀ ਹਾਲਤ ਦੇਖੀ ਨਹੀਂ ਸੀ ਜਾਂਦੀ। ਉਸ ਦੇ ਅੰਦਰ ਐਨਾ ਬੈਰਾਗ ਠਾਠਾਂ ਮਾਰ ਰਿਹਾ ਸੀ ਕਿ ਉਹ ਇਕ ਪਲ ਵਾਸਤੇ ਵੀ ਗੁਰੂ ਦੇ ਵਿਛੋੜੇ ਨੂੰ ਨਹੀਂ ਸੀ ਸਹਿਨ ਕਰ ਸਕਦੀ ਜਿਵੇਂ ਕਿ ਫੁਰਮਾਨ ਹੈ -

*ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ*
*ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ*
*ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ*
*ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ।। ਪੰਨਾ - 708*

ਉਸ ਵੇਲੇ ਉਸ ਦੇ ਮੁਖ ਤੋਂ ਆਪਣੇ ਆਪ ਹੀ ਨਿਕਲ ਗਿਆ -

*ਧਾਰਨਾ - ਝੱਲਿਆ ਨਹੀਂ ਜਾਣਾ ਸਾਹਿਬਾ,*
*ਤੇਰਾ ਵਿਛੋੜਾ।*

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥*
*ਬਾਝੁ ਪਿਆਰੇ ਆਪਣੇ*
*ਬਿਰਹੀ ਨਾ ਧੀਰੋਦਿ॥*
*ਪੰਨਾ - 1100*

ਸਾਰਿਆਂ ਦੇ ਨੇਤਰਾਂ ਵਿਚੋਂ ਜਲ ਵਹਿਣਾ ਸ਼ੁਰੂ ਹੋ ਗਿਆ ਕਿ ਪਤਾ ਨਹੀਂ ਫੇਰ ਕਦੋਂ ਦਰਸ਼ਨ ਹੋਣ, ਕਦੋਂ ਗੁਰੂ ਨਾਨਕ ਪਿਆਰੇ ਪਿਆਰ ਦੇ ਖਿੱਚੇ ਹੋਏ ਆਉਣ ਬਹੁਤ ਹੀ ਔਖਾ ਹੋ ਗਿਆ। ਵਿਛੋੜੇ ਦੀ ਗੱਲ ਸੁਣਦੇ ਸਾਰ ਹੀ ਦੁਖ ਮਹਿਸੂਸ ਹੋਣਾ ਸ਼ੁਰੂ ਹੋ ਜਾਂਦਾ ਹੈ ਪਰ ਜਿਨ੍ਹਾਂ ਦਾ ਪ੍ਰਤੱਖ ਰੂਪ ਵਿਚ ਵਿਛੋੜਾ ਹੋ ਗਿਆ ਉਹ ਸਹਿਨ ਨਹੀਂ ਕਰ ਸਕਦੇ। ਕਿਉਂਕਿ ਜੋ ਬਿਰਹੀ ਪੁਰਸ਼ ਹੈ ਉਸ ਨੂੰ ਜੀਉਣਾ ਬਹੁਤ ਔਖਾ ਹੋ ਜਾਂਦਾ ਹੈ -

*ਧਾਰਨਾ-ਨਾ ਜੀਵੇ ਕੋਈ ਰਾਮ ਦਾ ਵਿਜੋਗੀ,*
*ਰਾਮ ਦਾ ਵਿਜੋਗੀ,*

*ਕਬੀਰ ਬਿਰਹੁ ਭੁਯੰਗਮੁ*
*ਮਨਿ ਬਸੈ ਮੰਤੁ ਨ ਮਾਨੈ ਕੋਇ॥*
*ਰਾਮ ਬਿਓਗੀ ਨਾ ਜੀਐ*
*ਜੀਐ ਤ ਬਉਰਾ ਹੋਇ॥ ਪੰਨਾ - 1368*

ਇਸ ਤਰ੍ਹਾਂ ਦੇ ਨਾਲ ਬਿਰਹੁੰ ਦੀ ਪੀੜ ਝੱਲਣੀ ਸਭ ਤੋਂ ਔਖੀ ਹੋਇਆ ਕਰਦੀ ਹੈ। ਮੱਛੀ ਨੂੰ ਪਾਣੀ ਨਾ ਮਿਲੇ, ਪਪੀਹੇ ਨੂੰ ਸਵਾਂਤੀ ਬੂੰਦ ਨਾ ਮਿਲੇ ਤਾਂ ਉਸ ਦਾ ਅੰਤ ਹੋ ਜਾਇਆ ਕਰਦਾ ਹੈ। ਇਸ ਵੇਲੇ ਜਿਹੜੀ ਹਾਲਤ ਰਾਜਕੁਮਾਰੀ ਦੀ ਹੋ ਰਹੀ ਹੈ ਉਹ ਕਹਿਣ ਸੁਣਨ ਤੋਂ ਬਾਹਰ ਹੈ, ਉਸ ਲਈ ਜੀਉਣਾ ਹੁਣ ਔਖਾ ਹੋ ਗਿਆ -

*ਧਾਰਨਾ - ਮੈਨੂੰ ਗੁਰਾਂ ਤੋਂ ਬਗੈਰ ਜੀਉਣਾ*
*ਔਖਾ, ਕੀਹਨੂੰ ਦਸਾਂ ਦੁਖ ਆਪਣਾ*

*ਸਖੀ ਸਹੇਲੀ ਗਰਬਿ ਗਹੇਲੀ॥*
*ਸੁਣਿ ਸਹ ਕੀ ਇਕ ਬਾਤ ਸੁਹੇਲੀ॥*
*ਜੋ ਮੈ ਬੇਦਨ ਸਾ ਕਿਸੁ ਆਖਾ ਮਾਈ।।*
*ਹਰਿ ਬਿਨੁ ਜੀਉ ਨ ਰਹੈ*
*ਕੈਸੇ ਰਾਖਾ ਮਾਈ॥ ਪੰਨਾ - 990*

ਗੁਰੂ ਮਹਾਰਾਜ ਜੀ ਰਾਜ ਮਹਿਲਾਂ ਤੋਂ ਚਲਦੇ-ਚਲਦੇ ਸ਼ਹਿਰ ਦੀ ਜੂਹ ਤੋਂ ਬਾਹਰ ਪਹੁੰਚ ਗਏ। ਕਈ ਮੀਲ ਦਾ ਪੈਂਡਾ ਸੰਗਤਾਂ ਨੇ ਹੰਝੂ ਸੁਟਦਿਆਂ ਬੈਰਾਗ ਵਿਚ ਪੂਰਾ ਕੀਤਾ। ਗੁਰੂ ਮਹਾਰਾਜ ਜੀ ਦਾ ਕਈ ਮਹੀਨੇ ਦਾ ਕੀਤਾ ਹੋਇਆ ਸਤਿਸੰਗ ਸੁਣ ਕੇ ਵਿਛੜਨਾ ਹੁਣ ਹਦ ਤੋਂ ਜ਼ਿਆਦਾ ਔਖਾ ਹੋ ਗਿਆ। ਗੁਰੂ ਮਹਾਰਾਜ ਹੱਦ ਉਪਰ ਜਾ ਕੇ ਖੜ੍ਹੇ ਹੋ ਗਏ, ਸਭ ਨੇ ਬਾਰ-ਬਾਰ ਨਮਸ਼ਕਾਰ ਕੀਤੀ। ਗੁਰੂ ਮਹਾਰਾਜ ਨੇ ਸਮਝਾਇਆ ਕਿ ਇਸ ਵੇਲੇ ਸੰਸਾਰ ਵਿਚ ਕੂੜ ਦਾ ਹਨ੍ਹੇਰਾ ਛਾਇਆ ਹੋਇਆ ਹੈ, ਕਲਜੁਗ ਵਿਚ ਸਾਰੇ ਕਰਮ ਧਰਮ ਭ੍ਰਿਸ਼ਟ ਹੋ ਗਏ ਹਨ, ਅਨੇਕਾਂ ਨਿਰਾਰਥਕ ਕ੍ਰਿਆਵਾਂ ਵਿਚ ਜੀਵ ਸਮਾਂ ਗੁਆ ਰਹੇ ਹਨ ਅਨੇਕ ਧਰਮਾਂ ਦੀਆਂ ਸੰਪਰਦਾਵਾਂ ਤੁਰ ਪਈਆਂ ਹਨ, ਕੋਈ ਕੁਛ ਕਹਿ ਰਿਹਾ ਹੈ, ਕੋਈ ਕੁਛ ਕਹਿ ਰਿਹਾ ਹੈ। ਜੀਵ ਨੂੰ ਕੋਈ ਸੋਝੀ ਨਹੀਂ ਰਹੀ। ਤੁਸੀਂ ਗੁਰਬਾਣੀ ਪੜ੍ਹਨਾ, ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ, ਫੇਰ ਇਕ ਮਨ ਇਕ ਚਿਤ ਹੋ ਕੇ ਢਾਈ ਘੰਟੇ ਸਿਮਰਨ ਕਰਨਾ, ਗੁਰਮੰਤਰ ਜੋ ਤੁਹਾਨੂੰ

ਦਿਤਾ ਹੈ ਉਸ ਦਾ ਜਾਪ ਕਰਨਾ। ਫਿਰ ਧਰਮਸਾਲ ਵਿਚ ਜਾ ਕੇ ਕੀਰਤਨ ਕਰਨਾ, ਉਸ ਉਪਰੰਤ ਰਾਜਕੁਮਾਰੀ ਬਾਰੇ ਇਹ ਫੁਰਮਾਨ ਹੋਇਆ ਹੈ ਕਿ ਸਤਿ ਦਾ ਪ੍ਰਕਾਸ਼ ਤੁਹਾਡੇ ਤਕ ਪਹੁੰਚਾਉਂਦੀ ਰਹੇਗੀ। ਤੁਸੀਂ ਰਾਜਕੁਮਾਰੀ ਦਾ ਪੂਰਾ ਸਤਿਕਾਰ ਕਰਨਾ ਹੈ, ਇਸ ਤਰ੍ਹਾਂ ਆਪ ਸਿਮਰਨ ਕਰਦਿਆਂ ਇਸ ਨੇ ਦੂਸਰਿਆਂ ਨੂੰ ਇਸ ਰਾਹ ਤੇ ਚਲਾਉਣਾ ਹੈ। ਕਲਜੁਗ ਵਿਚ ਇਕੋ ਇਕ ਸਾਧਨ ਨਾਮ ਮਾਰਗ ਹੈ ਜਿਸ ਨਾਲ ਸ਼ਬਦ ਰਾਹੀਂ ਜੀਵ ਦਾ ਪ੍ਰਮੇਸ਼ਰ ਨਾਲ ਮਿਲਾਪ ਹੋ ਜਾਂਦਾ ਹੈ। ਸ਼ਬਦ ਰਾਹੀਂ ਹੀ ਪਤਾ ਲੱਗੇਗਾ ਕਿ ਗੁਰੂ ਨਿਰਾ ਹੀ ਪਿਆਰ ਦਾ ਰੂਪ ਹੋਇਆ ਕਰਦਾ ਹੈ, ਫੇਰ ਵਿਛੋੜੇ ਦਾ ਦੁਖ ਥੋੜ੍ਹਾ ਹੋ ਜਾਵੇਗਾ। ਗੁਰੂ ਦੇ ਸਰੀਰ ਨਾਲ ਪਿਆਰ ਨਾ ਕਰੋ, ਗੁਰੂ ਜੋਤ ਨਾਲ ਪਿਆਰ ਕਰੋ। ਸਰੀਰ ਬਿਨਸਦੇ ਬਣਦੇ ਰਹਿੰਦੇ ਹਨ। ਜੋਤ ਦਾ ਵਿਨਾਸ਼ ਨਹੀਂ ਹੋਇਆ ਕਰਦਾ। ਸੋ ਇਸ ਕਰਕੇ ਤੁਸੀਂ ਸਾਡੇ ਸਰੀਰ ਦਾ ਮੋਹ ਨਾ ਕਰੋ।

ਰਾਜਕੁਮਾਰੀ ਨੂੰ ਮਹਾਰਾਜ ਜੀ ਨੇ ਪਿਆਰ ਦਿਤਾ ਅਤੇ ਉਸ ਅੰਦਰ ਪੂਰਨ ਗਿਆਨ ਦਾ ਪ੍ਰਕਾਸ਼ ਕਰਕੇ ਉਸ ਨੂੰ ਬਿਰਹੁੰ ਪੀੜਾ ਤੋਂ ਉਪਰ ਚੁਕ ਦਿਤਾ। ਸਾਰੀ ਸੰਗਤ ਦੋਵੇਂ ਹੱਥ ਬੰਨ੍ਹ ਕੇ ਖੜ੍ਹੀ ਹੈ, ਰਾਜਕੁਮਾਰੀ ਦੇ ਮਾਤਾ ਪਿਤਾ ਬਾਰ-ਬਾਰ ਨਮਸ਼ਕਾਰਾਂ ਕਰ ਰਹੇ ਹਨ। ਹੰਝੂਆਂ ਦੀ ਝੜੀ ਲੱਗੀ ਹੋਈ ਹੈ, ਗੁਰੂ ਮਹਾਰਾਜ ਜੀ ਅਸ਼ੀਰਵਾਦ ਦੇ ਕੇ ਉਸ ਥਾਂ ਤੋਂ ਚਲ ਪੈਂਦੇ ਹਨ। ਰਾਜਕੁਮਾਰੀ ਦੇ ਮਾਤਾ ਪਿਤਾ ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਕੋਈ ਸਵਾਰੀ ਆਪ ਵਾਸਤੇ ਮੰਗਾ ਦਿੰਦੇ ਹਾਂ ਜਿਸ ਉਪਰ ਬੈਠ ਕੇ ਆਪ ਅਗਲਾ ਸਫਰ ਤਹਿ ਕਰ ਸਕੋ। ਆਪ ਨੇ ਰਾਜਾ ਰਾਣੀ ਨੂੰ ਕਿਹਾ ਕਿ ਅਸੀਂ ਪ੍ਰਭੂ ਦੇ ਹੁਕਮ ਵਿਚ, ਉਸ ਦੀ ਰਜ਼ਾ ਅਨੁਸਾਰ ਉਥੇ-ਉਥੇ ਜਾ ਰਹੇ ਹਾਂ ਜਿਥੇ-ਜਿਥੇ ਸਾਨੂੰ ਭੇਜਿਆ ਜਾ ਰਿਹਾ ਹੈ। ਸਵਾਰੀ ਦੀ ਸਾਨੂੰ ਕੋਈ ਲੋੜ ਨਹੀਂ, ਬਿਖੜੇ ਥਾਵਾਂ, ਦਰਿਆਵਾਂ, ਖੱਡਿਆਂ ਵਿਚੋਂ ਸਾਨੂੰ ਲੰਘਣਾ ਪੈਂਦਾ ਹੈ, ਸਵਾਰੀਆਂ ਉਸ ਥਾਂ ਨਹੀਂ ਜਾ ਸਕਦੀਆਂ। ਸੋ ਗੁਰੂ ਮਹਾਰਾਜ ਜੀ ਪੈਦਲ ਹੀ ਚਲੇ ਗਏ। ਸਾਰੀ ਸੰਗਤ ਉਨ੍ਹਾਂ ਵਲ ਦੇਖ ਰਹੀ ਹੈ, ਸੌ ਕੁ ਕਦਮਾ ਚਲਣ ਪਿਛੋਂ ਭਾਈ ਬਾਲਾ ਮਰਦਾਨਾ, ਤੇ ਗੁਰੂ ਮਹਾਰਾਜ ਨੇ ਖੜ੍ਹੋ ਕੇ ਨੀਝ ਲਾ ਕੇ ਸਾਰਿਆਂ ਵਲ ਦੇਖਿਆ ਅਤੇ ਸਾਰਿਆਂ ਨੂੰ ਖੁਸ਼ੀਆਂ ਦਿੰਦੇ ਵਿਦਾ ਹੋ ਗਏ।

ਨਗਰ ਵਾਸੀਆਂ ਨੇ ਸ਼ਬਦ ਨੂੰ ਆਪਣਾ ਅਧਾਰ ਬਣਾਇਆ ਅਤੇ ਸਤਿਸੰਗ ਦੇ ਆਸਰੇ ਆਪਣੇ ਜੀਵਨ ਨੂੰ ਸੋਧ ਦਿੰਦੇ ਹੋਏ ਘਾਲ ਕਮਾਈ ਕਰਦਿਆਂ ਗੁਰੂ ਦੇ ਦੱਸੇ ਰਾਹ ਤੇ ਤੁਰਨਾ ਸ਼ੁਰੂ ਕੀਤਾ।

ਅਜਿਹੇ ਅਨੇਕ ਕੌਤਕ ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਵਿਚ ਹੋਏ ਜਿਨ੍ਹਾਂ ਦੇ ਬਾਰੇ ਲਿਖਣਾ ਬਹੁਤ ਮੁਸ਼ਕਲ ਹੈ। ਇਹ ਵੀ ਇਕ ਪ੍ਰੀਤ ਕਹਾਣੀ ਹੈ, ਸੱਚੇ ਪਿਆਰ ਦੀ, ਜਿਸ ਵਿਚ ਕਿਸੇ ਮਾੜੇ ਜਜ਼ਬੇ ਦੀ ਕੋਈ ਵੀ ਅੰਸ਼ ਨਹੀਂ ਸੀ, ਨਿਰੀ ਸੁੱਚ ਹੀ ਸੁਚ ਸੀ, ਸੱਚੀ ਲਗਨ, ਸੱਚਾ ਪਿਆਰ, ਸੱਚੀ ਆਸ, ਸੱਚੀ ਮਰਿਆਦਾ ਸੀ, ਉਸ ਸੱਚੀ ਰਹਿਤ ਨੇ, ਸੱਚ ਦੇ ਵਾਹਦ ਸਰੂਪ ਪਾਰਬ੍ਰਹਮ ਪ੍ਰਮੇਸ਼ਰ ਸਰੂਪ ਨੇ ਗੁਰੂ ਨਾਨਕ ਪਾਤਸ਼ਾਹ ਦੇ ਸਰੀਰ ਵਿਚੋਂ ਦਰਸ਼ਨ ਕਰਾ ਦਿਤੇ। ਸੱਚ ਨੂੰ ਜਾਨਣ ਲਈ ਰਹਿਤਾਂ ਹੋਇਆਂ ਕਰਦੀਆਂ ਹਨ, ਅਸੀਂ ਵੀ ਉਸ ਸਤਿ ਨੂੰ ਜਾਨਣਾ ਹੈ, 'ਕਿਵ ਸਚਿਆਰਾ ਹੋਈਐ ?' ਦਾ ਪ੍ਰਤੱਖ ਅਨੁਭਵ ਕਰਨਾ ਹੈ ਤਾਂ ਵਿਚਾਰ ਨਾਲ ਪੜ੍ਹੋ। ਵੀਚਾਰੋ, ਅਪਣਾਓ।

*ਸਚੁ ਤਾ ਪਰੁ ਜਾਣੀਐ*
*ਜਾ ਰਿਦੈ ਸਚਾ ਹੋਇ॥*
*ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥*
*ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥*
*ਨਾਉ ਸੁਣਿ ਮਨੁ ਰਹਸੀਐ*
*ਤਾ ਪਾਏ ਮੋਖ ਦੁਆਰੁ॥*
*ਸਚੁ ਤਾ ਪਰੁ ਜਾਣੈ ਜਾ ਜੁਗਤਿ ਜਾਣੈ ਜੀਉ॥*
*ਧਰਤਿ ਕਾਇਆ ਸਾਧਿ ਕੈ*
*ਵਿਚਿ ਦੇਇ ਕਰਤਾ ਬੀਉ॥*
*ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥*
*ਦਇਆ ਜਾਣੈ ਜੀਅ ਕੀ*
*ਕਿਛੁ ਪੁੰਨੁ ਦਾਨੁ ਕਰੇਇ।।*
*ਸਚੁ ਤਾਂ ਪਰੁ ਜਾਣੀਐ*
*ਜਾ ਆਤਮ ਤੀਰਥਿ ਕਰੇ ਨਿਵਾਸ।।*
*ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥*
*ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ।।*
*ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥*
*ਪੰਨਾ - 468*

ਵਾਹਿਗੁਰੂ ਜੀ ਕ੍ਰਿਪਾ ਕਰਨ ਅਤੇ ਅਸਾਨੂੰ ਭੀ ਕੂੜ ਦੀ ਦੀਵਾਰ ਤੋੜ ਕੇ ਸਚਿਆਰ ਬਣਾ ਦੇਣ। ਇਹ ਅਰਦਾਸ ਹੈ।

# ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

## ਦੇ ਬਾਨੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| ਪੁਸਤਕ ਦਾ ਨਾਮ | ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|---|
| 1. ਸੁਰਤਿ ਸਬਦਿ ਮਾਰਗ | 120/- | 70/- | 150/- |
| 2. ਕਿਵ ਕੂੜੈ ਤੁਟੈ ਪਾਲਿ | 40/- | 35/- | 70/- |
| 3. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- | 270/- |
| 4. ਕਿਵ ਸਚਿਆਰਾ ਹੋਈਐ - 1 | 30/- | 35/- | 80/- |
| 5. ਕਿਵ ਸਚਿਆਰਾ ਹੋਈਐ - 2 | 60/- | 65/- | 80/- |
| 6. ਕਿਵ ਸਚਿਆਰਾ ਹੋਈਐ - 3 | 100/- | 100/- | 110/- |
| 7. ਹੋਵੈ ਅਨੰਦੁ ਘਣਾ | 25/- | 30/- | |
| 8. ਚਉਥੈ ਪਹਰਿ ਸਬਾਹ ਕੈ | 55/- | 60/- | 70/- |
| 9. ਸੁਰਤਿਆਂ ਉਪਜੈ ਚਾਉ | 55/- | 60/- | |
| 10. ਬਾਬਾਣੀਆਂ ਕਹਾਣੀਆਂ | 50/- | 50/- | |
| 11. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- | 10/- |
| 12. ਅੰਮ੍ਰਿਤ ਫੁਹਾਰ | 10/- | 10/- | |
| 13. ਅਗੰਮ ਅਗੋਚਰ ਦਾ ਮਾਰਗ | 60/- | 70/- | |
| 14. ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- | |
| 15. ਅਮਰ ਜੋਤਾਂ | 15/- | 15/- | 20/- |
| 16. ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | | |
| 17. ਅਮਰ ਗਾਥਾ | 100/- | 100/- | |
| 18. ਧਰਮ ਯੁਧ ਕੇ ਚਾਇ | 50/- | | |
| 19. ਪਵਿੱਤਰ ਪੈਂਡਾ | 25/- | | |
| 20. ਭਗਤ ਪ੍ਰਹਿਲਾਦ | 10/- | 10/- | |
| 21. ਵੈਸਾਖੀ | 10/- | 10/- | |
| 22. ਰਾਜ ਯੋਗ | 40/- | | |
| 23. ਸਾਜਨ ਚਲੇ ਪਿਆਰਿਆ | 10/- | 10/- | |

| ਪੁਸਤਕ ਦਾ ਨਾਮ | ਪੰਜਾਬੀ | ਅੰਗਰੇਜ਼ੀ |
|---|---|---|
| 24. ਅਬਿਨਾਸੀ ਜੋਤ ਭਾਗ - 1 | 90/- | 90/- |
| 25. ਅਬਿਨਾਸੀ ਜੋਤ ਭਾਗ - 2 | 90/- | 90/- |
| 26. ਰੂਹਾਨੀ ਗੁਲਦਸਤਾ ਭਾਗ - 1 | 60/- | 60/- |
| 27. ਰੂਹਾਨੀ ਗੁਲਦਸਤਾ ਭਾਗ - 2 | 60/- | 60/- |
| 28. ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 29. ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 30. ਗੁਰੂ ਅਮਰਦਾਸ ਪਰਸੀਐ | 50/- | |
| 31. ਭਗਵਤ ਗੀਤਾ.............। | 100/- | |
| 32. ਅਨੰਦਮਈ ਜੀਵਨ ਜਾਚ | 50/- | |
| 33. ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 25/- | |
| 34. ਅਨੁਭਵੀ ਪ੍ਰਵਚਨ | 50/- | |
| 35. ਰਿਸ਼ੀਆ ਮੁਨੀਆਂ ਦਾ ਬ੍ਰਹਮਗਿਆਨ | 35/- | |
| 36. ਅੰਦਰਲੀ ਖੋਜ | 130/- | |
| 37. ਸਿਮਰਤ ਕਹਾਂ ਨਹੀਂ | 135/- | 200/- |
| 38. ਰੂਹਾਨੀ ਪ੍ਰਵਚਨ | 35/- | |
| 39. 'ਸੇਵਾ ਸਿਮਰਨ ਜੁਗਤੀਆਂ' | 250/- | |
| 40. 'ਮਾਨੁਖ ਤਨ ਦਾ ਪ੍ਰਯੋਜਨ' | 160/- | |
| 41. 'ਯੋਗਾ ਉਪਰ ਲੈਕਚਰ' | 30/- | |
| 42. 'ਕਰਮ ਬੰਧਨ ਤੋਂ ਮੁਕਤੀ' | 30/- | |
| 43. ਜੀਵਨ ਜੁਗਤਿ | 300/- | |
| 44. ਮਾਰਗ ਚੋਣ | 60/- | |
| 45. ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ , ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਉਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9592009106, 9417214379 ਤੇ**

**ਸੁਚਿਤ ਕਰ ਸਕਦੇ ਹੋ ।**

**Bank : Oriental Bank of Commerce**
**A/c No. 11962011005435 A/c VGRMCT/Atam Marg**
**Rtgs/Neft Ifsc Code: ORBC0101196**

**Our Address: VGRMCT,**
Gurdwara Ishar Parkash, Ratwara Sahib,
(Near Chandigarh) P.o. Mullanpur Garibdas,
Teh. Kharar, Distt. S.A.S Nagar (Mohali) 140901, Pb. India

## ਸੰਸਥਾ ਦੇ ਉਦੇਸ਼

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਰਾਹੀਂ ਪ੍ਰੇਰਣਾ ਦੇ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸ਼ਬਦ ਗੁਰੂ ਦੇ ਲੜ ਲਾਉਣਾ।
2. ਗੁਰਮਤਿ ਦੇ ਗੂੜ੍ਹ ਸਿਧਾਂਤਾਂ ਨੂੰ ਨਿਰੂਪਣ ਕਰਨ ਲਈ, ਧਾਰਮਿਕ ਵਿਦਿਆ ਅਤੇ ਗੁਰਮਤਿ ਸੰਗੀਤ (ਕੀਰਤਨ) ਲਈ ਵਿਦਿਆਲੇ ਖੋਲ੍ਹਣਾ।
3. ਸਿੱਖ ਇਤਿਹਾਸ ਅਤੇ ਸਮੂਹ ਮਹਾਂਪੁਰਸ਼ਾਂ ਦੇ ਜੀਵਨ ਤੇ ਹੋਰ ਧਰਮਾਂ ਦੇ ਅਧਿਐਨ ਸਬੰਧੀ ਵਿਦਿਅਕ ਅਦਾਰਾ ਸਥਾਪਿਤ ਕਰਨਾ।
4. ਵਿਦਿਆ ਅਤੇ ਖੇਡਾਂ ਦੇ ਖੇਤਰ ਵਿਚ ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫੇ ਦੇਣੇ। ਉੱਚ ਦਰਜੇ ਦੀ ਵਿਦਿਆ ਲਈ ਸਕੂਲ ਅਤੇ ਕਾਲਜ ਖੋਲ੍ਹਣੇ।
5. ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਕਰਨ ਲਈ ਹਰਿਆਲੀ ਭਰਪੂਰ ਕਰਨਾ।
6. ਗਰੀਬ, ਅਪਾਹਜ, ਬੇਸਹਾਰਾ ਅਤੇ ਆਰਥਿਕ ਤੌਰ 'ਤੇ ਪਛੜੇ ਹੋਏ ਵਰਗਾਂ ਲਈ ਲੋੜੀਂਦੀ ਸਹਾਇਤਾ ਦੇਣਾ।
7. ਸਮਾਜ ਦੇ ਸਾਰੇ ਵਰਗਾਂ ਦੇ ਲੋੜਵੰਦਾਂ ਲਈ ਫਰੀ ਦਵਾਈਆਂ ਅਤੇ ਡਾਕਟਰੀ ਸਹਾਇਤਾ ਦਾ ਪ੍ਰਬੰਧ ਕਰਨਾ।
8. ਲੋੜਵੰਦ ਪਰਿਵਾਰਾਂ ਦੇ ਬੱਚੇ-ਬੱਚੀਆਂ ਦੀਆਂ ਸ਼ਾਦੀਆਂ ਲਈ ਆਰਥਿਕ ਸਹਾਇਤਾ ਤੇ ਲੋੜੀਂਦੀਆਂ ਵਸਤਾਂ ਦਾ ਪ੍ਰਬੰਧ ਕਰਨਾ।
9. ਮਰੀਜ਼ਾਂ ਦੇ ਸੁਚੱਜੇ ਇਲਾਜ ਲਈ ਆਧੁਨਿਕ ਤਕਨੀਕ ਨਾਲ ਲੈਸ ਹਸਪਤਾਲ ਸਥਾਪਿਤ ਕਰਨਾ।
10. ਕੁਦਰਤੀ ਆਫਤਾਂ ਸਮੇਂ ਲੋੜਵੰਦਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਨੀ।
11. ਭਰੂਣ ਹੱਤਿਆ ਦੇ ਘੋਰ ਪਾਪ ਤੋਂ ਬਚਣ ਲਈ ਸਮਾਜ ਨੂੰ ਗੁਰਮਤਿ ਸਿਧਾਂਤਾਂ ਰਾਹੀਂ ਜਾਗਰੂਕ ਕਰਕੇ ਇਸਨੂੰ ਠੱਲ੍ਹ ਪਾਉਣੀ।
12. ਨੌਜਵਾਨਾਂ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਤੋਂ ਛੁਟਕਾਰਾ ਦਿਵਾ ਕੇ ਉਹਨਾਂ ਨੂੰ ਸਿੱਖੀ ਦੇ ਅਮੀਰ ਵਿਰਸੇ ਨਾਲ ਜੋੜਨਾ।
13. ਦੇਸ਼ ਤੇ ਵਿਦੇਸ਼ ਵਿਚ ਗੁਰਮਤਿ ਕੈਂਪਾਂ ਰਾਹੀਂ ਬੱਚਿਆਂ ਨੂੰ ਸਿੱਖੀ ਵਿਰਸੇ ਨਾਲ ਜੋੜਨਾ।
14. ਰੁਜਗਾਰ ਪੱਖੋਂ ਆਤਮ ਨਿਰਭਰ ਬਣਨ ਲਈ ਵੱਖ-ਵੱਖ ਕਿੱਤਾਮਈ ਕੋਰਸਾਂ ਦੀ ਫਰੀ ਸਿਖਲਾਈ ਦੇਣੀ।

# ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਪੱਕੇ ਦੀਵਾਨ ਅਤੇ ਸਾਲਾਨਾ

# ਗੁਰਮਤਿ ਸਮਾਗਮ

### ਗੁਰੂ ਸਾਹਿਬਾਨ ਦੇ ਪ੍ਰਕਾਸ਼ ਪੁਰਬ, ਗੁਰਗੱਦੀ ਪੁਰਬ, ਜੋਤੀ ਜੋਤ ਅਤੇ ਸ਼ਹੀਦੀ ਦਿਵਸ

1. **ਮਹੀਨੇ ਦਾ ਪਹਿਲਾ ਐਤਵਾਰ ਬਲੌਂਗੀ (ਮੋਹਾਲੀ) ਤੇ ਬਾਕੀ ਤਿੰਨ ਐਤਵਾਰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ। (ਸਮਾਂ - 12.00 ਵਜੇ ਤੋਂ 4.00 ਵਜੇ ਤੱਕ ।)**
2. **ਸੰਗਰਾਂਦ - ਰਤਵਾੜਾ ਸਾਹਿਬ (ਸਮਾਂ ਸਵੇਰੇ 5.30 ਵਜੇ ਤੋਂ 8.30 ਵਜੇ ਤੱਕ)**
3. **ਪੂਰਨਮਾਸ਼ੀ - ਰਤਵਾੜਾ ਸਾਹਿਬ (ਸਮਾਂ - ਦੁਪਹਿਰ 12.00 ਤੋਂ 4.00 ਵਜੇ ਤੱਕ)**
4. **ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।**
5. **ਪੂਰਨਮਾਸ਼ੀ - ਨਿਰਮਲ ਡੇਰਾ ਹਿਰਦਾਪੁਰ ਖੇੜੀ (ਨੇੜੇ ਬਿੰਦਰਖ), (ਸਮਾਂ - ਸ਼ਾਮ 6.00 ਤੋਂ ਰਾਤ 12.00 ਵਜੇ ਤੱਕ)**

## ਸਾਲਾਨਾ ਗੁਰਮਤਿ ਸਮਾਗਮ

6. **ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਪਵਿੱਤਰ ਜਨਮ ਦਿਹਾੜਾ - 17 ਜੂਨ**

7. **ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦਾ ਪਵਿੱਤਰ ਜਨਮ ਦਿਹਾੜਾ - 8 ਅਗਸਤ**

8. **ਸੱਚਖੰਡ ਵਾਸੀ ਸ਼੍ਰੀ ਮਾਨ ਸੰਤ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਅਤੇ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦੀ ਮਿੱਠੀ ਯਾਦ ਵਿਚ 'ਮਹਾਨ ਗੁਰਮਤਿ ਰੂਹਾਨੀ ਸਮਾਗਮ' - 30, 31 ਅਕਤੂਬਰ ਅਤੇ 1 ਨਵੰਬਰ**

## ਸੰਸਥਾ ਵਲੋਂ ਸੰਚਾਲਿਤ ਵੱਖ-ਵੱਖ ਅਦਾਰੇ ਅਤੇ ਉਨ੍ਹਾਂ ਰਾਹੀਂ ਚੱਲ ਰਹੀਆਂ ਸੇਵਾਵਾਂ

**ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ** - ਰੋਜ਼ਾਨਾ ਹੁੰਦੇ ਨਿਤਨੇਮ, ਨਾਮ-ਅਭਿਆਸ, ਗੁਰਬਾਣੀ ਦੇ ਪਾਠ, ਵਿਆਖਿਆ, ਕੀਰਤਨ ਆਸਾ ਦੀ ਵਾਰ, ਦੇਸ਼-ਪ੍ਰਦੇਸ਼ ਵਿਚੋਂ ਸੰਗਤਾਂ ਵੱਲੋਂ ਕਰਵਾਏ ਜਾਂਦੇ ਸਹਿਜ ਤੇ ਅਖੰਡ ਪਾਠ ਸਾਹਿਬ, ਅੰਮ੍ਰਿਤ ਸੰਚਾਰ, ਗੁਰਪੁਰਬ, ਗੁਰਮਤਿ ਕੈਂਪ, ਦੇਸ਼ਾਂ-ਵਿਦੇਸ਼ਾਂ ਵਿਚ ਧਾਰਮਿਕ ਦੀਵਾਨ ਸਜਾਉਣੇ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਦੇ ਹਨ।

**ਆਤਮ ਮਾਰਗ** - ਗੁਰਮਤਿ ਸਿਧਾਂਤਾਂ ਦੇ ਪ੍ਰਸਾਰ ਲਈ ਰੂਹਾਨੀ ਮਹੀਨਾ ਵਾਰ ਮੈਗਜ਼ੀਨ, ਅਪ੍ਰੈਲ **1995** ਤੋਂ ਸੰਚਾਲਿਤ (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ), ਪੁਸਤਕਾਂ, ਆਡੀਉ, ਵੀਡੀਉ ਸੀਡੀਜ਼।

## ਵਿਦਿਅਕ ਅਦਾਰੇ

1. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ (ਛਭਸ਼ਓ)
2. ਮਾਤਾ ਸਾਹਿਬ ਕੌਰ ਫਰੀ ਸਿਲਾਈ ਸੈਂਟਰ - ਇਸ ਵਿਚ ਇਲਾਕੇ ਦੀਆਂ ਬੀਬੀਆਂ ਨੂੰ ਬਿਨਾਂ ਫੀਸ ਤੋਂ ਸਿਲਾਈ, ਕਢਾਈ ਅਤੇ ਬੁਣਤੀ ਇਤਿਆਦਿ ਵਿਚ ਨਿਪੁੰਨਤਾ ਅਤੇ ਆਤਮ ਨਿਰਭਰ ਹੋਣ ਦੀ ਯੋਗਤਾ ਦਿਤੀ ਜਾਂਦੀ ਹੈ। ਇਸ ਸਮੇਂ 100 ਤੋਂ ਵੱਧ ਬੀਬੀਆਂ ਸਿੱਖਿਆ ਲੈ ਰਹੀਆਂ ਹਨ ਜਿਨ੍ਹਾਂ ਦਾ ਟਰਾਂਸਪੋਰਟ ਪ੍ਰਬੰਧ ਵੀ ਸੰਸਥਾ ਵਲੋਂ ਫਰੀ ਕੀਤਾ ਜਾ ਰਿਹਾ ਹੈ।
3. ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ (ਫਸ਼ਓਭ)
4. ਮਾਤਾ ਰਣਜੀਤ ਕੌਰ ਕਾਲਜ ਆਫ ਨਰਸਿੰਗ
5. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ (ਬੀ.ਐਡ ਕਾਲੇਜ)

   ਇਨ੍ਹਾਂ ਅਦਾਰਿਆਂ ਵਿਚ ਬੱਚਿਆਂ ਨੂੰ ਉਚੇਰੀ ਵਿਦਿਆ ਦੇ ਨਾਲ-ਨਾਲ ਧਾਰਮਿਕ ਵਿਦਿਆ ਤੇ ਸੁਚੱਜਾ ਸਫਲ ਜੀਵਨ ਜਿਉਣ ਦੀ ਕਲਾ ਵੀ ਸਿਖਾਈ ਜਾਂਦੀ ਹੈ।
6. **ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ** - ਇਸ ਹਸਪਤਾਲ ਵਿਚ ਮਾਹਿਰ ਡਾਕਟਰ ਆਪਣੀਆਂ ਸੇਵਾਵਾਂ ਦੇ ਰਹੇ ਹਨ। ਇਥੇ ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ 'ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।
7. **ਸੰਤ ਵਰਿਆਮ ਸਿੰਘ ਅਕਾਲ ਬਿਰਧ ਆਸ਼ਰਮ** - ਬੇਸਹਾਰਾ ਅਤੇ ਲੋੜਵੰਦ ਬਜ਼ੁਰਗਾਂ ਲਈ ਯੋਗ ਰਿਹਾਇਸ਼, ਲੋੜੀਂਦੇ ਵਸਤਰ ਅਤੇ ਲੰਗਰ ਦਾ ਪ੍ਰਬੰਧ ਹੈ।

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

**ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।**

✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 year | Rs. 750/750 | |
| 5 Year | Rs. 1200/1220 | |
| life | Rs. 3000/3020 | |

**Foreign Membership**

| | Annual | Life |
|---|---|---|
| U.S.A. | 60 US$ | 600 US$ |
| U.K. | 40 $ | 400 $ |
| Europe | 50 Euro | 500 Euro |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ

| ਜਨਵਰੀ | ਫਰਵਰੀ | ਮਾਰਚ | ਅਪ੍ਰੈਲ | ਮਈ | ਜੂਨ | ਜੁਲਾਈ | ਅਗਸਤ | ਸਤੰਬਰ | ਅਕਤੂਬਰ | ਨਵੰਬਰ | ਦਸੰਬਰ |
|---|---|---|---|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ | ☐ | ☐ | ☐ | ☐ |

ਨਾਮ/Nameਅਤੇ ਪਤਾ/Address..................................................................................................................

.................................................................................................................................

.....................................Pin Code...................Phone/Mobile No.......................................... E-mail :..................................

ਮੈਂ.....................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ.........................ਰਾਹੀਂ ਭੇਜ ਰਿਹਾ ਹਾਂ।

ਦਸਖਤ...............................

ਇਹ ਪੁਸਤਕ 'ਕਿਵ ਸਚਿਆਰਾ ਹੋਈਐ' ਪਹਿਲਾਂ, ਏਸੇ ਨਾਮ ਹੇਠ ਛਪ ਚੁੱਕੇ, ਤਿੰਨ ਭਾਗਾਂ ਦਾ ਸੰਗ੍ਰਹਿ ਹੈ। 'ਕਿਵ ਸਚਿਆਰਾ ਹੋਈਐ' ਦਾ ਪਹਿਲਾ ਭਾਗ ਦਸੰਬਰ 1996 ਵਿਚ, ਦੂਜਾ ਭਾਗ ਸਤੰਬਰ 1997 ਵਿਚ ਅਤੇ ਤੀਜਾ ਭਾਗ ਸਤੰਬਰ 1998 ਅਤੇ ਦੂਜਾ ਐਡੀਸ਼ਨ ਫਰਵਰੀ 2000 ਵਿਚ ਛਾਪਿਆ ਗਿਆ ਸੀ। ਆਤਮ ਮਾਰਗ ਅਦਾਰੇ ਨੇ ਇਸ ਨੂੰ ਇਕੋ ਪੁਸਤਕ ਵਿਚ ਛਾਪਣ ਦਾ ਉਪਰਾਲਾ ਕੀਤਾ ਹੈ ਜੋ ਬਹੁਤ ਸ਼ਲਾਘਾਯੋਗ ਹੈ। ਇਨ੍ਹਾਂ ਤਿੰਨਾਂ ਪੁਸਤਕਾਂ ਵਿਚ ਆਤਮਾ ਅਤੇ ਪ੍ਰਮਾਤਮਾ ਦੇ ਵਿਛੋੜੇ ਅਤੇ ਮੁੜ ਮਿਲਣ ਦੀ ਤਾਂਘ ਅਤੇ ਬਿਹਬਲਤਾ ਨੂੰ ਦਰਸਾ ਕੇ ਮਿਲਾਪ ਦੇ ਸਾਧਨ ਬੜੀ ਸਰਲ ਤੇ ਸੁਖੈਨ ਬੋਲੀ ਵਿਚ ਦਸੇ ਹਨ ਜਿਸ ਨੂੰ ਸਾਧਾਰਨ ਤੋਂ ਸਾਧਾਰਨ ਜਗਿਆਸੂ ਵੀ ਸਮਝ ਸਕਦਾ ਹੈ। ਪਰ ਵਿਚਾਰ ਐਨੇ ਡੂੰਘੇ ਹਨ ਕਿ ਵਿਦਵਾਨ ਤੋਂ ਵਿਦਵਾਨ ਜਗਿਆਸੂ ਵੀ ਆਪਣੇ ਗਿਆਨ ਦੇ ਘੇਰੇ ਨੂੰ ਹੋਰ ਵਿਸ਼ਾਲ ਹੁੰਦਾ ਮਹਿਸੂਸ ਕਰਦਾ ਹੈ।

ਪਹਿਲੀ ਪੁਸਤਕ ਵਿਚ ਦੋ ਦੀਵਾਨ, ਦੂਜੀ ਵਿਚ ਅਗਲੇ ਦੋ ਦੀਵਾਨ ਅਤੇ ਤੀਜੀ ਵਿਚ ਉਸ ਤੋਂ ਅਗਲੇ ਦੋ ਦੀਵਾਨ, ਕੁਲ ਛੇ ਦੀਵਾਨ ਦਿਤੇ ਗਏ ਹਨ।

ਮੂਲ ਰੂਪ ਵਿਚ ਵਿਸ਼ਾ ਇਕ ਹੀ ਹੈ - ਕਿਵ ਸਚਿਆਰਾ ਹੋਈਐ? ਜ਼ਿੰਦਗੀ ਦਾ ਵੀ ਪ੍ਰਸ਼ਨ ਇਕੋ ਹੀ ਹੈ, ਅਸੀਂ ਕਿਵੇਂ ਸਚਿਆਰਾ ਬਣਨਾ ਹੈ, ਬਾਕੀ ਸਾਰਾ ਕੂੜ ਦਾ ਹੀ ਪਸਾਰਾ ਹੈ, ਤੁਧ ਬਾਝ ਕੂੜੋ ਕੂੜ, ਲੇਖੇ ਦੀ ਗੱਲ ਵੀ ਇਕੋ ਹੈ ਬਾਕੀ ਸਭ ਹਉਮੈ ਵਿਚ ਝੱਖ ਮਾਰਨ ਵਾਲੀ ਗੱਲ ਹੈ (ਨਾਨਕ ਲੇਖੈ ਇਕ ਗਲ ਹੋਰ ਹਉਮੈ ਝਖਣਾ ਝਾਖ।) ਇਸ ਵਿਚ ਕੋਈ ਸੰਦੇਹ ਨਹੀਂ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਅੰਗਾਂ ਦਾ ਸਾਰ 'ਜਪੁ' ਬਾਣੀ ਵਿਚ ਪ੍ਰਾਪਤ ਹੈ ਅਤੇ ਜਪੁ ਦਾ ਵਿਸ਼ਾ ਜਪੁਜੀ ਦੀ ਪਹਿਲੀ ਪਉੜੀ ਵਿਚ ਹੀ ਇਕ ਪ੍ਰਸ਼ਨ ਰਾਹੀਂ ਉਠਾਇਆ ਗਿਆ ਹੈ -

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਅੰਗ- 1

ਅਤੇ ਇਸ ਦਾ ਸਮਾਧਾਨ ਵੀ ਨਾਲ ਹੀ ਦਸ ਦਿਤਾ ਹੈ -

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ਅੰਗ - 1

ਸਾਰੀ ਹੁਕਮ ਦੀ ਹੀ ਖੇਡ ਹੈ। ਸਭ ਕੁਝ ਹੁਕਮ ਵਿਚ ਹੋ ਰਿਹਾ ਹੈ - ਸਾਰੀ ਰਚਨਾ ਹੁਕਮ ਵਿਚ ਹੋਈ - ਸਾਰੇ ਜੀਆਂ ਜੰਤ ਹੁਕਮ ਵਿਚ ਪੈਦਾ ਹੁੰਦੇ ਹਨ, ਕਿਰਿਆਸ਼ੀਲ ਹੁੰਦੇ, ਦੁਖ-ਸੁਖ ਭੋਗਦੇ, ਉਤਮ ਨੀਚ ਸਦਾਇੰਦੇ, ਜੀਵਨ ਯਾਤਰਾ ਸੰਪੰਨ ਕਰਦੇ ਹਨ ਪਰ ਦੈਵੀ ਹੁਕਮ ਨੂੰ ਬੁੱਝਣ ਵਾਲਾ ਹੀ 'ਹਉਮੈ' ਤੋਂ ਮੁਕਤ ਹੋ ਕੇ ਸਚਿਆਰ ਪਦ ਨੂੰ ਪ੍ਰਾਪਤ ਹੁੰਦਾ ਹੈ, ਐਸਾ ਗੁਰੂ ਨਾਨਕ ਦੇਵ ਜੀ ਨੇ ਅਗਲੀ ਦੂਜੀ ਪਉੜੀ ਵਿਚ ਹੀ ਦਸ ਦਿਤਾ ਹੈ -

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ ਅੰਗ - 1



ਸੱਚਖੰਡ ਵਾਸੀ
ਸੰਤ ਬਾਬਾ ਵਰਿਆਮ ਸਿੰਘ ਜੀ



ਸੱਚਖੰਡ ਵਾਸੀ
ਮਾਤਾ ਰਣਜੀਤ ਕੌਰ ਜੀ